


ਸਿੱਖ ਇਤਿਹਾਸ ਵਿਚ ਅੱਜ ਦਾ ਦਿਨ

(ਜਨਵਰੀ ਤੋਂ ਜੂਨ)

ਡਾ. ਹਰਜਿੰਦਰ ਸਿੰਘ ਦਿਲਗੀਰ



SIKH ITIHAAS VICH AJJ DA DIN

(The day today in Sikh History, Volume 1, January to June)
By

Dr Harjinder Singh Dilgeer

ISBN 2-930-247-55-X

First Edition : January 2015

Published by:
The Sikh University Press

Distributors:
SINGH BROTHERS
City Centre, (Opposite Main Bus Stand), Amritsar.
singhbro@vsnl.com

Printed at:
PRINTWELL, Focal Point, Industrial Area, Amritsar

Price: Rs 400

ਬੀਬੀ ਜਗਮੋਹਣ ਕੌਰ

ਦੀ ਸਮਰਪਿਤ ਭਾਵਨੀ

ਦੇ ਨਾਂ

ਪੇਸ਼ਕਾਰੀ

'ਸਿੱਖ ਤਵਾਰੀਖ਼ ਵਿਚ ਅਜ ਦਾ ਦਿਨ' ਰੋਜ਼ਾਨਾ ਸਪੋਕਸਮੈਨ ਵਿਚ ਪਿਛਲੇ ਤਿੰਨ ਸਾਲ ਤੋਂ ਛਪ ਰਹੀ ਹੈ। ਕਨੇਡਾ, ਇੰਗਲੈਂਡ ਤੇ ਅਮਰੀਕਾ ਦੇ ਕਈ ਰੇਡੀਓਜ਼ ਤੋਂ ਵੀ ਇਸ ਨੂੰ ਪੜ੍ਹ ਕੇ ਸੁਣਾਇਆ ਜਾਂਦਾ ਹੈ। ਇਸ ਨੂੰ ਪੜ੍ਹ ਸੁਣ ਕੇ ਸੈਂਕੜੇ ਪਾਠਕਾਂ ਦੇ ਫ਼ੋਨ ਆਉਂਦੇ ਰਹਿੰਦੇ ਹਨ। ਬਹੁਤ ਸਾਰੇ ਟੀਚਰ, ਪਰਚਾਰਕ ਤੇ ਕਥਾਕਾਰ ਇਸ ਤੋਂ ਬਹੁਤ ਫ਼ਾਇਦਾ ਉਠਾਉਂਦੇ ਹਨ। ਉਹ ਇਸ ਨੂੰ ਪੜ੍ਹ ਕੇ ਉਸ ਦਿਨ ਆਪਣੇ ਵਿਦਿਆਰਥੀਆਂ ਅਤੇ ਸਰੋਤਿਆਂ ਨੂੰ ਨਵੀਂ ਨਵੀਂ ਜਾਣਕਾਰੀ ਨਾਲ ਸਰੋਬਰ ਕਰਦੇ ਰਹਿੰਦੇ ਹਨ। ਉਨ੍ਹਾਂ ਵਿਚੋਂ ਕਈਆਂ ਨੇ ਮੰਗ ਕੀਤੀ ਸੀ ਕਿ ਇਸ ਨੂੰ ਕਿਤਾਬੀ ਰੂਪ ਵਿਚ ਚਾਪਿਆ ਜਾਏ। ਉਸ ਨੂੰ ਕਬੂਲ ਕਰਦਿਆਂ ਇਹ ਸਮੱਗਰੀ ਕਿਤਾਬੀ ਰੂਪ ਵਿਚ ਪੇਸ਼ ਕਰਦਿਆਂ ਮੈਨੂੰ ਬਹੁਤ ਖ਼ੁਸ਼ੀ ਹੋ ਰਹੀ ਹੈ।

ਇਸ ਵਿਚਲੀ ਜਾਣਕਾਰੀ ਸੰਖੇਪ ਹੈ; ਪਰ ਇਸ ਦੇ ਨਾਲ-ਨਾਲ ਮੁਕੰਮਲ 'ਸਿੱਖ ਤਵਾਰੀਖ਼' ਅਤੇ 'ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ' ਪੜ੍ਹਨ ਨਾਲ ਤਕਰੀਬਨ ਸਾਰਾ ਮਸਲਾ ਹੱਲ ਹੋ ਜਾਂਦਾ ਹੈ।

ਇਨ੍ਹਾਂ ਸਾਲਾਂ ਵਿਚ ਅਤੇ ਇਸ ਨਵੇਂ ਐਡੀਸ਼ਨ ਦੀ ਤਿਆਰੀ ਦੌਰਾਨ ਬਹੁਤ ਸਾਰੇ ਸੱਜਣਾਂ ਨੇ ਆਪਣੀ ਮੁਹੱਬਤ ਨਾਲ ਮੇਰੀ ਜ਼ਿੰਦਗੀ ਨੂੰ ਸਰਸ਼ਾਰ ਕੀਤਾ ਹੈ; ਮੈਂ ਉਨ੍ਹਾਂ ਦੀ ਮੁਹੱਬਤ ਦੇ ਰਤਨਾਂ ਅਤੇ ਹੀਰਿਆਂ ਦੇ ਖ਼ਜ਼ਾਨੇ ਦਾ ਕਰਜ਼ਾ ਨਹੀਂ ਉਤਾਰ ਸਕਦਾ। ਮੈਂ ਇਸ 'ਕਬੂਲਨਾਮੇ' ਵਿਚ ਸਿਰਫ਼ ਉਨ੍ਹਾਂ ਨੂੰ ਯਾਦ ਹੀ ਕਰ ਸਕਦਾ ਹਾਂ:

ਡਾ: ਦਰਸ਼ਨ ਸਿੰਘ ਤੇ ਪ੍ਰੋ: ਪ੍ਰਕਾਸ਼ ਕੌਰ (ਚੰਡੀਗੜ੍ਹ), ਸ: ਗੁਰਵਿੰਦਰ ਸਿੰਘ ਸ਼ਾਮਪੁਰਾ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਜੋਗਿੰਦਰ ਸਿੰਘ, ਬੀਬੀ ਜਗਜੀਤ ਕੌਰ ਤੇ ਨਿਮਰਤ ਕੌਰ (ਤਿੰਨੇ ਸਪੋਕਸਮੈਨ), ਸ. ਗੁਰਿੰਦਰਪਾਲ ਸਿੰਘ ਧਨੌਲਾ; ਬੈਲਜੀਅਮ ਤੋਂ: ਸ. ਸੁਰਜੀਤ ਸਿੰਘ ਫਦੌੜੀ; ਸਪੇਨ ਤੋਂ: ਸ. ਕੁਲਵਿੰਦਰ ਸਿੰਘ ਜਾਡਲਾ; ਕਨੇਡਾ ਤੋਂ: ਡਾ: ਅਵਤਾਰ ਸਿੰਘ ਸੇਖੋਂ ਐਡਮੰਟਨ, ਸ: ਜੋਗਿੰਦਰ ਸਿੰਘ ਵਿਨੀਪੈੱਗ, ਸ: ਗੁਰਪ੍ਰੀਤ ਸਿੰਘ ਟਰਾਂਟੋ, ਸ. ਜਗਤਾਰ ਸਿੰਘ ਸੰਧੂ, ਸ: ਸੁਖਮਿੰਦਰ ਸਿੰਘ ਚੀਮਾ, ਸ, ਦਲਜੀਤ ਸਿੰਘ ਸੰਧੂ, ਸ ਸੁੱਚਾ ਸਿੰਘ ਪੁਰੇਵਾਲ, ਸ. ਸਤਨਾਮ ਸਿੰਘ ਜੌਹਲ, ਡਾ: ਪੂਰਨ ਸਿੰਘ (ਸਾਰੇ ਸਰੀ-ਵੈਨਕੂਵਰ), ਮਨਦੀਪ ਸਿੰਘ ਵਰਨਨ, 'ਜੱਸੀ ਸਿੰਘ' ਐਬਟਸਫ਼ੋਰਡ; ਅਮਰੀਕਾ ਤੋਂ: ਸ. ਕੁਲਵੰਤ ਸਿੰਘ ਸੈਨ ਹੋਜ਼ੇ; ਅਸਟਰੇਲੀਆ ਤੋਂ: ਸ. ਗੁਰਮੀਤ ਸਿੰਘ ਤੇ ਸ. ਹਿਰਦੇਪਾਲ ਸਿੰਘ ਪਰਮਾਰ ਬੱਡੋਂ; ਉਤਰਾਖੰਡ ਤੋਂ ਸ. ਅਮਰਜੀਤ ਸਿੰਘ ਚੰਦੀ; ਮੋਹਾਲੀ ਤੋਂ ਸ. ਸਤਨਾਮ ਸਿੰਘ ਪਾਉਂਟਾ ਸਾਹਿਬ, ਡਾ: ਤਰਲੋਚਨ ਸਿੰਘ, ਸ. ਜਸਬਿੰਦਰ ਸਿੰਘ ਡੁਬਈ, ਸ. ਰਜਿੰਦਰ ਸਿੰਘ ਖਾਲਸਾ ਪੰਚਾਇਤ, ਕਰਨਲ ਗੁਰਦੀਪ ਸਿੰਘ, ਸ. ਸੁਖਦੇਵ ਸਿੰਘ ਮੋਹਾਲੀ ਤੇ ਗਿਆਨੀ ਅਮਰੀਕ ਸਿੰਘ ਸੋਲਖੀਆਂ; ਚੰਡੀਗੜ੍ਹ ਤੋਂ ਭੈਣ ਬੀਬੀ ਪਰਮਿੰਦਰ ਕੌਰ ਸੰਧੂ (ਪੰਮੀ ਸਿੱਧੂ), ਸ. ਰਜਿੰਦਰ ਸਿੰਘ ਖਾਲਸਾ ਪੰਚਾਇਤ ਤੇ ਸ: ਅਮਰਜੀਤ ਸਿੰਘ ਧਵਨ (ਐਲ.ਆਈ.ਸੀ), ਬਟਾਲਾ ਤੋਂ ਡਾ: ਕੁਲਵਿੰਦਰ ਸਿੰਘ ਬਾਜਵਾ, ਦਿੱਲੀ ਤੋਂ ਸ: ਤਰਸੇਮ ਸਿੰਘ ਚੇਅਰਮੈਨ ਤੇ ਸ. ਕੁਲਮੋਹਨ ਸਿੰਘ; ਅਤੇ, ਮੇਰੇ ਪਿਆਰੇ ਵਿਦਿਆਰਥੀ ਤੇ ਦੋਸਤ: ਸ. ਪ੍ਰੀਤਮ ਸਿੰਘ ਮਟਵਾਣੀ (ਮੋਗਾ), ਸ. ਕੰਵਲਜੀਤ ਸਿੰਘ ਕੁੰਡਲ, ਬੱਸੀ ਪਠਾਣਾਂ ਤੋਂ ਬੀਬਾ ਜਗਮੋਹਣ ਕੌਰ ਤੇ ਬੀਬਾ ਸਰਬਜੀਤ ਕੌਰ। ਇਸ ਤੋਂ ਇਲਾਵਾ ਸ. ਗੁਰਸਾਗਰ ਸਿੰਘ (ਸਿੰਘ ਬਰਦਰਜ਼), ਸ. ਗੁਰਿੰਦਰ ਸਿੰਘ (ਪ੍ਰਿੰਟਵੈੱਲ), ਡਾ. ਦਵਿੰਦਰਪਾਲ ਸਿੰਘ (ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ) ਤੇ ਉਨ੍ਹਾਂ ਸਾਰਿਆਂ ਦਾ ਵੀ ਸ਼ੁਕਰੀਆ ਜਿਨ੍ਹਾਂ ਦੇ ਨਾਂ ਇਥੇ ਲਿਖਣੇ ਭੁੱਲ ਗਿਆ ਹੋਵਾਂਗਾ।

ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), ਪੰਥ ਰਤਨ ਸ. ਮਹਿੰਦਰ ਸਿੰਘ ਜੋਸ਼ (ਮੋਹਾਲੀ), ਫ਼ਖ਼ਰ-ਇ-ਕੌਮ ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ), ਸ: ਰਘਬੀਰ ਸਿੰਘ ਸਮੇਂਥ (ਟਰਾਂਟੋ, ਕਨੇਡਾ), ਗਿਆਨੀ ਸੁਰਿੰਦਰ ਸਿੰਘ (ਫ਼ੇ ਫ਼ੇਜ਼ ਮੋਹਾਲੀ), ਜੋ ਹੁਣ ਸਾਡੇ ਵਿਚ ਨਹੀਂ ਰਹੇ, ਨੇ ਬੜਾ ਨਿੱਘਾ ਪਿਆਰ ਦਿੱਤਾ, ਉਨ੍ਹਾਂ ਦੀ ਯਾਦ ਇਸ ਦਿਲ ਵਿਚ ਹਮੇਸ਼ਾ ਕਾਇਮ ਰਹੇਗੀ

22 ਅਕਤੂਬਰ 2014, ਇੰਗਲੈਂਡ

(ਡਾ:ਹਰਜਿੰਦਰ ਸਿੰਘ
ਦਿਲਗੀਰ)

hsdilgeer@yahoo.com

1 ਜਨਵਰੀ

1806: ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚ ਅਹਿਦਨਾਮਾ ਹੋਇਆ

ਦਸੰਬਰ 1805 ਵਿਚ ਮਰਹੱਟਾ ਜਸਵੰਤ ਸਿੰਘ ਰਾਓ ਹੋਲਕਰ ਦੀ ਅੰਗਰੇਜ਼ਾਂ ਨਾਲ ਅਣਬਣ ਹੋ ਗਈ ਅਤੇ ਫਿਰ ਲੜਾਈ ਵੀ ਹੋਈ। ਉਹ ਲਾਰਡ ਲੇਕ ਤੋਂ ਹਾਰ ਕੇ ਪੰਜਾਬ ਨੂੰ ਦੌੜਿਆ। ਉਸ ਨੇ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ 'ਤੇ ਚੋਖੀ ਰਕਮ ਭੇਟ ਕੀਤੀ। ਉਧਰ ਜਦ ਹੋਲਕਰ ਦੇ ਪੁੱਜਣ ਦੀ ਖ਼ਬਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੀ ਤਾਂ ਉਸ ਨੇ ਸਰਬੱਤ ਖਾਲਸਾ ਬੁਲਾ ਕੇ ਬਾਕੀ ਮਿਸਲਾਂ ਤੋਂ ਉਸ (ਹੋਲਕਰ) ਦਾ ਸਾਥ ਦੇਣ ਜਾਂ ਨਾ ਦੇਣ ਬਾਰੇ ਰਾਏ ਪੁੱਛੀ। ਇਸ ਇਕੱਠ ਵਿਚ ਬਹੁਤ ਥੋੜ੍ਹੇ ਸਿੱਖ ਜਰਨੈਲ ਪੁੱਜੇ। ਫਿਰ ਵੀ ਵਿਚਾਰਾਂ ਹੋਈਆਂ ਅਤੇ ਗੁਰਮਤੇ ਮੁਤਾਬਿਕ ਰਣਜੀਤ ਸਿੰਘ ਨੇ ਹੋਲਕਰ ਦਾ ਸਾਥ ਤਾਂ ਨਾ ਦਿੱਤਾ ਪਰ ਕਪੂਰਥਲਾ ਰਿਆਸਤ ਦੇ ਰਾਜਾ ਫ਼ਤਹਿ ਸਿੰਘ ਨੂੰ ਵਿਚ ਪਾ ਕੇ ਹੋਲਕਰ ਦਾ ਅੰਗਰੇਜ਼ਾਂ ਨਾਲ ਸਮਝੌਤਾ ਜ਼ਰੂਰ ਕਰਵਾ ਦਿਤਾ। *(ਪਰ, ਇਸ ਤੋਂ ਬਾਅਦ ਰਣਜੀਤ ਸਿੰਘ ਨੇ ਸਰਬੱਤ ਖਾਲਸਾ ਦਾ ਇਕੱਠ ਹੀ ਨਹੀਂ ਹੋਣ ਦਿਤਾ। ਉਂਞ ਵੀ ਉਹ ਸਿੱਖ ਮਿਸਲਾਂ ਦੇ ਇਲਾਕੇ ਖੋਹਣ ਲਗ ਪਿਆ ਸੀ ਤੇ ਜੇ ਉਹ ਸਰਬਤ ਖਾਲਸਾ ਬੁਲਾਉਂਦਾ ਤਾਂ ਪਹਿਲਾਂ ਆਪਣੀਆਂ ਇਨ੍ਹਾਂ ਹਰਕਤਾਂ ਵਾਸਤੇ ਜਵਾਬ-ਦੇਹ ਹੁੰਦਾ। ਸ਼ਾਇਦ ਉਸ ਮਿਸਲਾਂ-ਮਾਰੂ ਰਾਜੇ ਦੇ ਸੱਦੇ 'ਤੇ ਕੋਈ ਸਿੱਖ ਜਰਨੈਲ ਆਉਂਦਾ ਵੀ ਨਾ)।*

ਇਸ ਮੌਕੇ 'ਤੇ ਪਹਿਲੀ ਜਨਵਰੀ 1806 (10 ਸ਼ਵਾਲ 1220 ਹਿਜਰੀ) ਦੇ ਦਿਨ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਫ਼ਤਹਿ ਸਿੰਘ ਆਹਲੂਵਾਲੀਆ ਅਤੇ ਅੰਗਰੇਜ਼ਾਂ (ਉਸ ਵੇਲੇ ਈਸਟ ਇੰਡੀਆ ਕੰਪਨੀ) ਵਿਚਕਾਰ 'ਦੋਸਤੀ' ਦਾ ਇਕ ਅਹਿਦਨਾਮਾ ਵੀ ਹੋਇਆ। ਈਸਟ ਇੰਡੀਆ ਕੰਪਨੀ ਵੱਲੋਂ ਜਾਹਨ ਮਾਲਕਮ (ਜਿਸ ਨੇ ਮਗਰੋਂ ਸਿੱਖ ਹਿਸਟਰੀ ਵਿਗਾੜਨ ਵਿਚ ਵੱਡਾ ਰੋਲ ਅਦਾ ਕੀਤਾ), ਨੇ ਫ਼ੌਜ ਦੇ ਮੁਖੀ ਲਾਰਡ ਲੇਕ ਅਤੇ ਸਰ ਜਾਹਨ ਬਾਰਲੋ ਗਵਰਨਰ ਜਨਰਲ ਦੇ ਨੁਮਾਇੰਦੇ ਵਜੋਂ ਦਸਤਖ਼ਤ ਕੀਤੇ ਸਨ। ਇਸ ਅਹਿਦਨਾਮੇ ਮੁਤਾਬਿਕ 1. ਹੋਲਕਰ ਦੀਆਂ ਫ਼ੌਜਾਂ ਇਕ ਦਮ ਅੰਮ੍ਰਿਤਸਰ ਤੋਂ ਚਲੀਆਂ ਜਾਣਗੀਆਂ ਅਤੇ ਅੰਗਰੇਜ਼ੀ ਫ਼ੌਜਾਂ ਉਨ੍ਹਾਂ ਤੇ ਹਮਲਾ ਨਹੀਂ ਕਰਨਗੀਆਂ। 2. ਅੰਗਰੇਜ਼ਾਂ ਅਤੇ ਹੋਲਕਰ ਵਿਚਕਾਰ ਸਮਝੌਤਾ ਕਰਵਾਇਆ ਜਾਵੇਗਾ। ਇਸ ਦੇ ਨਾਲ ਹੀ ਜੇ ਮਹਾਰਾਜਾ ਰਣਜੀਤ ਸਿੰਘ ਅਤੇ ਫ਼ਤਹਿ ਸਿੰਘ ਅੰਗਰੇਜ਼ਾਂ ਦੇ ਦੁਸ਼ਮਣਾਂ ਦੀ ਮਦਦ ਨਾ ਕਰਨਗੇ ਤਾਂ ਅੰਗਰੇਜ਼ ਕਦੇ ਵੀ ਸਿੱਖ ਰਿਆਸਤਾਂ ਵਲ ਮੂੰਹ ਨਹੀਂ ਕਰਨਗੇ।

1936: ਕ੍ਰਿਪਾਨ ਪਹਿਨਣ ਦੀ ਅਜ਼ਾਦੀ ਵਾਸਤੇ ਮੋਰਚਾ ਸ਼ੁਰੂ ਹੋਇਆ

ਜਦੋਂ ਮੁਸਲਮਾਨਾਂ ਨੇ ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ ਲਾਹੌਰ 'ਤੇ ਕਬਜ਼ੇ ਵਾਸਤੇ ਐਜੀਟੇਸ਼ਨ ਕੀਤੀ ਤਾਂ ਸਰਕਾਰ ਨੇ ਦਫ਼ਾ 144 ਲਾ ਦਿੱਤੀ ਅਤੇ ਸਿੱਖਾਂ ਦੀ ਕਿਰਪਾਨ 'ਤੇ ਵੀ ਪਾਬੰਦੀ ਲਾ ਦਿੱਤੀ। ਇਸ ਨਾਲ ਸਿੱਖ ਜਜ਼ਬਾਤ ਭੜਕ ਪਏ। ਕੁਝ ਸਿੱਖ ਕਿਰਪਾਨ ਦੇ ਦੋਸ਼ ਵਿਚ ਗ੍ਰਿਫ਼ਤਾਰ ਵੀ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਇਕ ਸਾਂਝੀ ਮੀਟਿੰਗ ਨੇ 26 ਅਗਸਤ 1935 ਦੇ ਦਿਨ ਮੰਗ ਕੀਤੀ ਕਿ ਵੱਡੀ ਕਿਰਪਾਨ ਬਾਰੇ ਸਰਕਾਰੀ ਐਲਾਨ ਵਾਪਸ ਲਿਆ ਜਾਵੇ ਅਤੇ ਦੋ ਕਿਰਪਾਨਾਂ (ਛੋਟੀਆਂ) ਦੀ ਪਾਬੰਦੀ ਵੀ ਗ਼ਲਤ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਐਲਾਨ ਕੀਤਾ ਗਿਆ ਕਿ ਕਿਰਪਾਨ ਸਬੰਧੀ ਪਾਬੰਦੀਆਂ ਸਿੱਖ ਧਰਮ ਵਿਚ ਦਖ਼ਲ ਹਨ ਤੇ ਇਸ ਦੀ ਮੁਖ਼ਾਲਫ਼ਤ ਕੀਤੀ ਜਾਵੇਗੀ। ਅਚਾਨਕ ਉਸੇ ਦਿਨ ਹੀ ਕਿਰਪਾਨ ਵਾਲੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕੀਤੇ ਸਿੱਖ ਬਿਨਾਂ ਜ਼ਮਾਨਤਾਂ ਤੋਂ ਰਿਹਾ ਕਰ ਦਿੱਤੇ ਗਏ ਅਤੇ ਮੁਕੱਦਮੇ ਮੁਲਤਵੀ ਕਰ ਦਿੱਤੇ ਗਏ। ਫਿਰ 25 ਸਤੰਬਰ 1935 ਨੂੰ ਪੰਜਾਬ ਸਰਕਾਰ

ਨੇ ਐਲਾਨ ਕੀਤਾ ਕਿ ਪੰਜਾਬ ਵਿਚ ਕਿਰਪਾਨ ਦੀ ਖੁਲ੍ਹ ਕਰ ਦਿੱਤੀ ਗਈ ਹੈ ਅਤੇ ਹਰ ਕੋਈ ਕਿਰਪਾਨ ਰੱਖ ਸਕਦਾ ਹੈ।

1 ਦਸੰਬਰ 1935 ਨੂੰ ਭਾਟੀ ਦਰਵਾਜ਼ੇ (ਲਾਹੌਰ) ਦੇ ਅੰਦਰ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਸਾਦ ਹੋਇਆ ਜਿਸ ਨੇ ਸਾਰੇ ਸ਼ਹਿਰ ਨੂੰ ਲਪੇਟ ਵਿਚ ਲੈ ਲਿਆ। ਬਹੁਤ ਸਾਰੇ ਸਿੱਖ ਅਤੇ ਮੁਸਲਮਾਨ ਜ਼ਖ਼ਮੀ ਹੋਏ। ਸਰਕਾਰ ਨੇ ਦਫ਼ਾ 144 ਲਗਾ ਦਿੱਤੀ। ਇਸ ਦੇ ਨਾਲ ਹੀ 2 ਦਸੰਬਰ ਨੂੰ ਕਿਰਪਾਨ 'ਤੇ ਫੇਰ ਪਾਬੰਦੀ ਲਾ ਦਿੱਤੀ ਗਈ। 13 ਦਸੰਬਰ ਨੂੰ ਸਿੱਖ ਆਗੂਆਂ ਦਾ ਇਕ ਡੈਪੂਟੇਸ਼ਨ ਗਵਰਨਰ ਪੰਜਾਬ ਨੂੰ ਮਿਲਿਆ। ਇਸ ਵਿਚ ਸ:ਬ: ਮਹਿਤਾਬ ਸਿੰਘ, ਡਾਕਟਰ ਕਰਤਾਰ ਸਿਘ, ਉੱਜਲ ਸਿੰਘ, ਸਰ ਬੂਟਾ ਸਿੰਘ, ਸੇਵਾ ਰਾਮ ਸਿੰਘ (ਰਿਟਾਇਰਡ ਸੈਸ਼ਨ ਜੱਜ) ਅਤੇ ਡਾਕਟਰ ਰਣਧੀਰ ਸਿੰਘ ਆਦਿ ਸ਼ਾਮਿਲ ਸਨ। ਇਸ ਡੈਪੂਟੇਸ਼ਨ ਨੇ ਮੰਗ ਕੀਤੀ ਕਿ: ਕਿਰਪਾਨ ਤੋਂ ਪਾਬੰਦੀ ਚੁਕ ਲਈ ਜਾਵੇ। ਪਰ ਸਰਕਾਰ ਨੇ ਇਹ ਮੰਨਣ ਤੋਂ ਨਾਂਹ ਕਰ ਦਿੱਤੀ।

30 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਕਿਰਪਾਨ ਵਾਸਤੇ ਪਹਿਲੀ ਜਨਵਰੀ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਸ਼ਹੀਦ ਗੰਜ ਦੇ ਮੋਰਚੇ ਬਾਰੇ ਕਮੇਟੀ ਵਿਚ ਸਰਮੁਖ ਸਿੰਘ ਚਮਕ, ਹਰਨਾਮ ਸਿੰਘ ਐਡਵੋਕੇਟ ਅਤੇ ਗੁਰਮੁਖ ਸਿੰਘ ਮੁਸਾਫ਼ਿਰ ਲਏ ਗਏ। ਕਿਰਪਾਨ ਦੇ ਮੋਰਚੇ ਵਾਸਤੇ ਕਮੇਟੀ ਵਿਚ ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ ਅਤੇ ਜ: ਤੇਜਾ ਸਿੰਘ ਰੱਖੇ ਗਏ। ਇਸ ਕਮੇਟੀ ਨੇ ਪਹਿਲੀ ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਤੋਂ ਜਥੇ ਭੇਜਣ ਦਾ ਐਲਾਨ ਕਰ ਦਿੱਤਾ। ਪਹਿਲੀ ਜਨਵਰੀ 1936 ਨੂੰ ਪਹਿਲਾ ਜਥਾ ਬੂਟਾ ਸਿੰਘ ਐਮ.ਐਲ.ਸੀ. ਦੀ ਅਗਵਾਈ ਵਿਚ ਗਿਆ।

1986: ਮਸ਼ਹੂਰ ਕੀਰਤਨੀਏ ਦਰਸ਼ਨ ਸਿੰਘ (ਪ੍ਰੋ.) ਨੂੰ ਹਰਿਆਣਾ ਪੁਲਸ ਨੇ ਅਗਵਾ ਕੀਤਾ

ਪਹਿਲੀ ਜਨਵਰੀ 1986 ਦੇ ਦਿਨ, ਪੰਜਾਬ ਦੇ ਚੀਫ਼ ਮਨਿਸਟਰ ਸੁਰਜੀਤ ਬਰਨਾਲੇ ਅਤੇ ਹਰਿਆਣਾ ਦੇ ਚੀਫ਼ ਮਨਿਸਟਰ ਭਜਨ ਲਾਲ ਦੀ ਮਿਲੀ ਭੁਗਤ ਨਾਲ, ਮਸ਼ਹੂਰ ਸਿੱਖ ਕੀਰਤਨੀਏ ਰਾਗੀ ਦਰਸ਼ਨ ਸਿੰਘ ਨੂੰ ਪੰਜਾਬ ਦੀ ਹਦੂਦ ਵਿਚੋਂ ਜ਼ੀਰਕਪੁਰ ਤੋਂ ਹਰਿਆਣਾ ਪੁਲੀਸ ਅਗਵਾ ਕਰ ਕੇ ਲੈ ਗਈ। ਉਨ੍ਹਾਂ ਨੂੰ ਦਸ ਜੂਨ 1985 ਨੂੰ ਦਰਜ ਹੋਈ ਇਕ ਐਫ਼. ਆਈ. ਆਰ. ਦੀ ਬਿਨਾ ਉੱਤੇ ਗ੍ਰਿਫ਼ਤਾਰ ਕੀਤਾ ਗਿਆ। ਐਫ਼.ਆਈ.ਆਰ. ਮੁਤਾਬਿਕ ਉਨ੍ਹਾਂ ਨੇ ਦਰਬਾਰ ਸਾਹਿਬ ਉਤੇ ਹਮਲੇ ਬਾਰੇ ਵੈਰਾਗਮਈ ਕੀਰਤਨ ਕੀਤਾ ਸੀ ਜਿਸ ਵਿਚ ਇੰਦਰਾ ਗਾਂਧੀ ਦੇ ਜ਼ੁਲਮਾਂ ਅਤੇ ਜ਼ੈਲ ਸਿੰਘ ਦੀ ਬੇਗ਼ੈਰਤੀ ਦੀ ਨਿੰਦਾ ਕੀਤੀ ਸੀ। ਇਸ ਸਬੰਧ ਵਿਚ ਇਕ ਕੇਸ ਹਰਿਆਣੇ ਦੇ ਜ਼ਾਲਮ ਚੀਫ਼ ਮਨਿਸਟਰ ਨੇ ਪ੍ਰੋ ਦਰਸ਼ਨ ਸਿੰਘ ਦੇ ਖ਼ਿਲਾਫ਼ ਦਰਜ ਕੇ ਉਸ ਨੂੰ 'ਮਜ਼ਾ ਚਖਾਉਣ' ਦੀ ਸਾਜ਼ਿਸ਼ ਘੜੀ ਸੀ।

ਇਹ ਗ੍ਰਿਫ਼ਤਾਰੀ ਜ਼ੀਰਕਪੁਰ ਤੋਂ ਪੰਜਾਬ ਦੀ ਹੱਦ ਵਿਚੋਂ ਕੀਤੀ ਗਈ ਸੀ। ਪੰਜਾਬ ਦੇ ਕੁਝ ਅਫ਼ਸਰਾਂ ਨੇ ਵੀ ਇਹ ਮੰਨਿਆ ਵੀ ਕਿ ਹਰਿਆਣਾ ਪੁਲੀਸ ਨੇ ਪ੍ਰੋ: ਨੂੰ ਅਗਵਾ ਕੀਤਾ ਹੈ। ਇਹ ਚਰਚਾ ਕੁਝ ਚਿਰ ਚੱਲਿਆ ਕਿ ਪੰਜਾਬ ਸਰਕਾਰ ਵੱਲੋਂ ਹਰਿਆਣਾ ਪੁਲੀਸ ਦੇ ਕੁਝ ਸਿਪਾਹੀਆਂ ਉੱਤੇ ਅਗਵਾ ਦਾ ਮੁਕੱਦਮਾ ਕੀਤਾ ਗਿਆ ਹੈ। ਕੁਝ ਅਕਾਲੀਆਂ ਦੇ ਰਾਗੀ ਦਰਸ਼ਨ ਸਿੰਘ ਦੇ ਹੱਕ ਵਿਚ ਬਿਆਨ ਵੀ ਆਏ। ਪਰ ਇਹ ਸਾਰੇ ਬਿਆਨ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਸਤੇ ਹੀ ਸਨ। ਉਸ ਦਾ 13 ਜਨਵਰੀ ਤਕ ਦਾ ਰੀਮਾਂਡ ਲੈ ਲਿਆ ਗਿਆ।

1987: ਨਾਮੀ ਖਾੜਕੂ ਜਰਨੈਲ ਰੌਸ਼ਨ ਸਿੰਘ ਬੈਰਾਗੀ ਨੂੰ ਪੁਲਸ ਨੇ ਕਤਲ ਕੀਤਾ

ਸੰਨ 1987 ਚੜ੍ਹਦਿਆਂ ਹੀ ਬਰਨਾਲਾ ਸਰਕਾਰ ਨੇ ਸਿੱਖਾਂ ਨੂੰ ਨਕਲੀ ਮੁਕਾਬਲੇ ਬਣਾ ਕੇ ਮਾਰਨ ਦੇ ਜ਼ੁਲਮ ਦਾ ਸਿਖਰ ਲੈ ਆਂਦਾ। ਪਹਿਲੀ ਜਨਵਰੀ ਦੇ ਦਿਨ ਪੁਲੀਸ ਨੇ ਨਾਮੀ ਜਰਨੈਲ ਰੌਸ਼ਨ ਸਿੰਘ ਬੈਰਾਗੀ ਨੂੰ ਕਤਲ ਕਰ ਦਿੱਤਾ ਅਤੇ ਉਸ ਦਾ ਮੇਹਦਾ ਚਾਕ ਕਰ ਕੇ, ਪੱਥਰ ਬੰਨ੍ਹ ਕੇ, ਉਸ ਦੀ ਲਾਸ਼ ਬਿਆਸ ਦਰਿਆ ਵਿਚ ਰੋੜ੍ਹ ਦਿੱਤੀ। ਇਸ 'ਤੇ ਪਰਦਾ ਪਾਉਣ ਵਾਸਤੇ ਪੁਲੀਸ ਨੇ ਇਹ ਡਰਾਮਾ ਰਚਿਆ ਕਿ ਬੈਰਾਗੀ ਬਿਆਸ ਦਰਿਆ ਕੋਲ ਬੁਲਟ ਪਰੂਫ਼ ਕਾਰ ਵਿਚੋਂ ਦੌੜ ਗਿਆ ਹੈ।

1987: ਨਾਭਾ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਕੋਸ਼ਿਸ਼ ਦੇ ਨਾਂ 'ਤੇ ਬਲਵਿੰਦਰ ਸਿੰਘ ਤੇ ਰਾਮ ਸਿੰਘ ਕਤਲ ਕੀਤੇ ਗਏ

ਪਹਿਲੀ ਜਨਵਰੀ 1987 ਦੇ ਦਿਨ ਨਾਭਾ ਜੇਲ ਵਿਚੋਂ ਸਿੱਖਾਂ ਵੱਲੋਂ ਫਰਾਰ ਹੋਣ ਦੇ ਨਾਂ 'ਤੇ ਗੋਲੀਆਂ ਚਲਾ ਕੇ ਦੋ ਸਿੱਖਾਂ ਬਲਵਿੰਦਰ ਸਿੰਘ ਤੇ ਰਾਮ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਖ਼ਜ਼ਾਨ ਸਿੰਘ, ਬਲਵਿੰਦਰ ਸਿੰਘ, ਮੇਜਰ ਸਿੰਘ, ਗੁਰਬੰਤ ਸਿੰਘ, ਤਰਸੇਮ ਸਿੰਘ, ਸ਼ਮਿੰਦਰ ਸਿੰਘ ਤੇ ਕਾਲਾ ਸਿੰਘ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ ਗਿਆ। ਮਗਰੋਂ ਉਨ੍ਹਾਂ ਉਤੇ ਦਫ਼ਾਵਾਂ 302, 224, 353, 511 ਹੇਠ ਕੇਸ ਵੀ ਦਰਜ ਦਰ ਲਏ ਗਏ। ਨਾਭਾ ਜੇਲ ਵਿਚ ਬੰਦ 392 ਕੈਦੀਆਂ ਵਿਚੋਂ 342 ਖਾੜਕੂ ਸਿੱਖ ਸਨ।

1988: ਭੁਪਿੰਦਰ ਸਿੰਘ ਭਿੱਤਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜਨਵਰੀ 1988 ਦੇ ਦਿਨ ਪੁਲਸ ਨੇ ਭੁਪਿੰਦਰ ਸਿੰਘ ਭਿੱਤਾ (ਪਿੰਡ ਬਰਾੜ, ਨੇੜੇ ਅਜਨਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕਰਨੈਲ ਸਿੰਘ ਜੱਟਾਂ ਵਾਲੀ ਤੇ ਬਲਵਿੰਦਰ ਸਿੰਘ ਬਿੰਦਰ ਨੱਥੂਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਕਰਨੈਲ ਸਿੰਘ ਉਰਫ਼ ਕਾਲੀਆ (ਵਾਸੀ ਜੱਟਾ ਵਾਲੀ, ਨੇੜੇ ਮੱਲਣਵਾਲ, ਫ਼ੀਰੋਜ਼ਪੁਰ) ਤੇ ਬਲਵਿੰਦਰ ਸਿੰਘ ਬਿੰਦਰ (ਵਾਸੀ ਨੱਥੂਵਾਲਾ, ਫਰੀਦਕੋਟ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਮਨਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜਨਵਰੀ 1993 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ (ਪੁਤਰ ਸੁੱਚਾ ਸਿੰਘ, ਵਾਸੀ ਅਲੀਪੁਰ ਅਰਾਈਆਂ, ਨੇੜੇ ਪਟਿਆਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2 ਜਨਵਰੀ

1925: ਕਨੇਡੀਅਨ ਸ਼ਹੀਦੀ ਜਥਾ ਗ੍ਰਿਫ਼ਤਾਰੀ ਦੇਣ ਵਾਸਤੇ ਜੈਤੋ ਨੂੰ ਚੱਲਿਆ

ਜੈਤੋ ਮੋਰਚੇ ਵਾਸਤੇ ਪਹਿਲਾ ਸ਼ਹੀਦੀ ਜਥਾ 9 ਫ਼ਰਵਰੀ 1924 ਦੇ ਦਿਨ ਚੱਲਿਆ ਸੀ ਜਿਸ 'ਤੇ 21 ਫ਼ਰਵਰੀ ਨੂੰ ਗੋਲੀ ਚਲਾ ਕੇ ਦਰਜਨਾਂ ਸਿੱਖ ਸ਼ਹੀਦ ਕਰ ਦਿੱਤੇ ਗਏ ਸਨ। ਦੂਜਾ ਪੰਜ ਸੌ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ 1924 ਨੂੰ ਗਿਆ। ਇਸ ਮਗਰੋਂ ਤੀਜਾ ਜਥਾ 22 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਜਥਿਆਂ ਦਾ ਜਾਣਾ

ਪੰਜਾਬ ਦੇ ਜ਼ਿਲ੍ਹਿਆਂ ਤੱਕ ਹੀ ਮਹਿਦੂਦ ਨਹੀਂ ਸੀ ਰਿਹਾ। 29 ਜੂਨ 1924 ਨੂੰ ਬੰਗਾਲ ਦੇ ਇਕ ਸੌ ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਨੂੰ ਜੈਤੋ ਵਿਚ ਵਰਤੇ ਸਾਕੇ ਦੀ ਚਰਚਾ ਏਨੀ ਜ਼ਿਆਦਾ ਹੋ ਗਈ ਸੀ ਕਿ ਪ੍ਰਦੇਸੀ ਵਸਦੇ ਸਿੱਖ ਵੀ ਜੈਤੋ ਨੂੰ ਜਣ ਵਾਲੇ ਜਥਿਆਂ ਵਿਚ ਸ਼ਾਮਿਲ ਹੋਣ ਲਈ ਅੰਮ੍ਰਿਤਸਰ ਪੁੱਜੇ। ਕੈਨੇਡਾ ਦਾ ਯਾਰ੍ਹਾਂ ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਵੈਨਕੂਵਰ ਤੋਂ ਚੱਲਿਆ, ਜੋ 14 ਸਤੰਬਰ ਨੂੰ ਕਲਕੱਤੇ ਉੱਤਰਿਆ ਅਤੇ ਕਈ ਵੱਡੇ-ਵੱਡੇ ਸ਼ਹਿਰਾਂ ਤੋਂ ਹੁੰਦਾ ਹੋਇਆ 28 ਸਤੰਬਰ ਨੂੰ ਅੰਮ੍ਰਿਤਸਰ ਪੁੱਜਾ ਤੇ ਅਤੇ 2 ਜਨਵਰੀ 1925 ਨੂੰ ਜੈਤੋ ਵਾਸਤੇ ਚੱਲ ਪਿਆ।

1978: ਹਰਿਆਣਾ ਪੁਲਸ ਨੇ ਪੁੰਡਰੀ ਵਿਚ 4 ਬੇਗੁਨਾਹ ਨਿਹੰਗ ਮਾਰੇ

2 ਜਨਵਰੀ 1978 ਦੇ ਦਿਨ ਹਰਿਆਣਾ ਵਿਚ ਫ਼ਿਰਕੂ ਹਿੰਦੂ ਪੁਲਸੀਆਂ ਨੇ ਬਿਨਾ ਕਿਸੇ ਕਾਰਨ ਤੋਂ ਨਿਹੰਗਾਂ ਤੇ ਗੋਲੀਆਂ ਚਲਾ ਕੇ ਚਾਰ ਨੂੰ ਮਾਰ ਦਿੱਤਾ। ਇਸ ਵੇਲੇ ਸੈਂਟਰ ਵਿਚ ਜਨਤਾ ਪਾਰਟੀ ਤੇ ਹਰਿਆਣਾ ਵਿਚ ਚੌਧਰੀ ਦੇਵੀ ਲਾਲ ਦੀ ਸਰਕਾਰ ਸੀ। ਸਿੱਖਾਂ ਦੇ ਕਤਲ ਦਾ ਬਹੁਤ ਸ਼ੋਰ ਉਠਿਆ ਤਾਂ ਦੇਵੀ ਲਾਲ ਨੇ ਅਕਾਲੀ ਆਗੂਆਂ ਨਾਲ ਰਾਬਤਾ ਕਰ ਕੇ ਨਿਹੰਗਾਂ ਦੇ ਵਾਰਸਾਂ ਨੂੰ ਮੋਟੀ ਰਕਮ ਮੁਆਵਜ਼ੇ ਵਜੋਂ ਦੇ ਕੇ ਮੋਰਚਾ ਲੱਗਣੋਂ ਬਚਾਅ ਲਿਆ।

1987: ਨਾਮੀ ਜਰਨੈਲ ਮਨਜੀਤ ਸਿੰਘ ਭਿੰਦੀ ਨੂੰ ਪੁਲਸ ਨੇ ਕਤਲ ਕੀਤਾ

2 ਜਨਵਰੀ 1987 ਦੇ ਦਿਨ ਨਾਮੀ ਜਰਨੈਲ ਮਨਜੀਤ ਸਿੰਘ ਭਿੰਦੀ (ਕੋਟ ਮਹਾਂ ਸਿੰਘ ਅੰਮ੍ਰਿਤਸਰ) ਨੂੰ ਪੁਲੀਸ ਨੇ ਮਨਜੀਤ ਸਿੰਘ ਨੂੰ ਵੀ ਰੌਸ਼ਨ ਲਾਲ ਬੈਰਾਗੀ ਵਾਂਗ ਕਤਲ ਕੀਤਾ। ਉਸ ਤੋਂ ਬਾਅਦ ਉਸ ਦਾ ਮੇਹਦਾ ਚਾਕ ਕਰ ਕੇ, ਪੱਥਰ ਬੰਨ੍ਹ ਕੇ, ਉਸ ਦੀ ਲਾਸ਼ ਬਿਆਸ ਦਰਿਆ ਵਿਚ ਰੋੜ੍ਹ ਦਿੱਤੀ। ਇਸ 'ਤੇ ਪਰਦਾ ਪਾਉਣ ਵਾਸਤੇ ਪੁਲੀਸ ਨੇ ਉਸ ਦੀ ਫ਼ਰਾਰੀ ਦਾ ਨਾਟਕ ਰਚਾਇਆ ਗਿਆ ਅਤੇ ਉਹ ਵੀ ਬਿਆਸ ਦਰਿਆ ਉੱਤੇ।

1991: ਕਸ਼ਮੀਰ ਸਿੰਘ ਅਤੇ ਕੁਲਦੀਪ ਸਿੰਘ ਗੜਗੱਜ ਵੀਰਮ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜਨਵਰੀ 1991 ਦੇ ਦਿਨ ਪੁਲਸ ਨੇ ਕਸ਼ਮੀਰ ਸਿੰਘ (ਪੁਤਰ ਗੁਲਜ਼ਾਰ ਸਿੰਘ, ਵਾਸੀ ਦੰਦੇੜ, ਜ਼ਿਲ੍ਹਾ ਅੰਮ੍ਰਿਤਸਰ) ਅਤੇ ਕੁਲਦੀਪ ਸਿੰਘ ਗੜਗੱਜ (ਪੁੱਤਰ ਭੁਪਿੰਦਰ ਸਿੰਘ, ਵੀਰਮ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਬੀਰ ਸਿੰਘ ਬੀਰਾ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜਨਵਰੀ 1992 ਦੇ ਦਿਨ ਪੁਲੀਸ ਨੇ ਬਲਬੀਰ ਸਿੰਘ ਉਰਫ਼ ਬੀਰਾ (ਪੁਤਰ ਕਰਤਾਰ ਸਿੰਘ, ਵਾਸੀ ਜਾਮਾਰਾਏ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

1993: ਬਲਜੀਤ ਸਿੰਘ, ਨਸੀਬ ਸਿੰਘ, ਹਰਿੰਦਰ ਸਿੰਘ ਭਿੰਦਾ ਤੇ ਦਰਸ਼ਨ ਸਿੰਘ ਤਖਾਣਬਧ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜਨਵਰੀ 1993 ਦੇ ਦਿਨ ਪੁਲੀਸ ਨੇ ਬਲਜੀਤ ਸਿੰਘ (ਪੁਤਰ ਅਜਮੇਰ ਸਿੰਘ, ਵਾਸੀ ਲਸ਼ਕਰੀ ਨੰਗਲ, ਅੰਮ੍ਰਿਤਸਰ), ਨਸੀਬ ਸਿੰਘ, ਹਰਿੰਦਰ ਸਿੰਘ ਭਿੰਦਾ ਅਤੇ ਦਰਸ਼ਨ ਸਿੰਘ ਤਖਾਣਬਧ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਗੁਰਦੇਵ ਸਿੰਘ ਕਾਓਂਕੇ ਨੂੰ ਸ਼ਹੀਦ ਕਰ ਦਿੱਤਾ ਗਿਆ

ਪਹਿਲੀ ਅਤੇ ਦੋ ਜਨਵਰੀ 1993 ਦੀ ਰਾਤ ਨੂੰ ਜਥੇਦਾਰ ਗੁਰਦੇਵ ਸਿੰਘ ਕਾਓਂਕੇ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਦੀਆਂ ਦੋਹਾਂ ਲੱਤਾਂ ਨੂੰ ਸਵਰਨ ਘੋਟਨਾ, ਹਰਭਗਵਾਨ ਸੋਢੀ ਤੇ ਗੁਰਦੀਪ ਸਿੰਘ ਪੁਲਸੀਆਂ ਨੇ ਦੋ ਜੀਪਾਂ ਨਾਲ ਬੰਨ੍ਹ ਕੇ ਜੀਪਾਂ ਚਲਾ ਕੇ ਉਸ ਦਾ ਜਿਸਮ ਦੀ ਹਿੱਸਿਆਂ ਵਿਚ ਪਾੜ ਦਿੱਤਾ ਗਿਆ। ਮਗਰੋਂ ਪੰਜਾਬ ਹਾਈ ਕੋਰਟ ਦੇ ਹੁਕਮਾਂ ਹੇਠ ਇਨਕੁਆਇਰੀ ਵਾਸਤੇ ਤਿਵਾੜੀ ਕਮਿਸ਼ਨ ਕਾਇਮ ਕੀਤਾ ਗਿਆ।ਮੁਜਰਮਾਂ ਨੂੰ ਸਜ਼ਾਵਾਂ ਦੇਣ ਦਾ ਤਾਂ ਸਵਾਲ ਹੀ ਨਹੀਂ ਸੀ ਇਸ ਕਮਿਸ਼ਨ ਦੀ ਰਿਪੋਰਟ ਨੂੰ ਅਕਾਲੀ ਅਖਵਾਉਂਦੇ ਪ੍ਰਕਾਸ਼ ਸਿੰਘ ਬਾਦਲ ਨੇ ਰਲੀਜ਼ ਤਕ ਨਹੀਂ ਕੀਤਾ।

3 ਜਨਵਰੀ

1588: ਅੰਮ੍ਰਿਤਸਰ ਸਰੋਵਰ ਵਿਚ ਦਰਬਾਰ ਸਾਹਿਬ ਦੀ ਨੀਂਹ ਰੱਖੀ ਗਈ

ਗੁਰੂ ਅਰਜਨ ਸਾਹਿਬ ਨੇ 1581 ਵਿਚ ਗੁਰਗੱਦੀ ਦੀ ਸੇਵਾ ਸੰਭਾਲੀ ਤੇ ਇਸ ਦੇ ਨਾਲ ਹੀ ਉਹ ਨਵੇਂ ਵਸਾਏ ਨਗਰ_ਵਚ ਆ ਵਸੇ। ਉਨ੍ਹਾਂ ਨੇ 1586 ਵਿਚ ਗੁਰੂ ਦਾ ਚੱਕ ਨਗਰ ਵਿਚ ਅੰਮ੍ਰਿਤਸਰ ਸਰੋਵਰ ਨੂੰ ਪੱਕਿਆਂ ਕਰਵਾਇਆ (ਮਗਰੋਂ ਨਗਰ ਦਾ ਨਾਂ ਇਸ ਸਰੋਵਰ ਕਰ ਕੇ ਅੰਮ੍ਰਿਤਸਰ ਹੀ ਮਸ਼ਹੂਰ ਹੋ ਗਿਆ)। ਦੋ ਸਾਲ ਮਗਰੋਂ 1588 ਵਿਚ ਸੰਤੋਖਸਰ ਸਰੋਵਰ ਵੀ ਪੱਕਾ ਹੋ ਗਿਆ। 3 ਜਨਵਰੀ 1588 ਦੇ ਦਿਨ ਆਪ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਹਿਬ ਦੀ ਨੀਂਹ ਰੱਖੀ। ਮਗਰੋਂ 1810 ਵਿਚ ਅੰਗਰੇਜ਼ਾਂ ਨੇ ਇਕ ਸਾਜ਼ਸ਼ੀ ਮੁਸਲਮਾਨ ਲਿਖਾਰੀ ਬੂਟੇ ਸ਼ਾਹ ਰਾਹੀਂ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਨੇ ਰੱਖੀ ਸੀ। ਕਈ ਭੋਲੇ ਸਿੱਖ ਲੇਖਕਾਂ ਨੇ ਵੀ ਇਸ ਐਂਟੀ-ਸਿੱਖ ਪ੍ਰਾਪੇਗੰਡੇ ਨੂੰ ਅੱਖਾਂ ਮੀਟ ਕੇ ਕਬੂਲ ਕਰ ਲਿਆ। ਬੂਟੇ ਸ਼ਾਹ ਤੋਂ ਪਹਿਲਾਂ ਕਿਸੇ ਵੀ ਸਿੱਖ ਸੋਮੇ ਵਿਚ ਮੀਆਂ ਮੀਰ ਦਾ ਜ਼ਿਕਰ ਤਕ ਨਹੀਂ ਹੈ। ਹੋਰ ਤਾਂ ਹੋਰ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਵਿਚ ਵੀ ਇਹੀ ਲਿਖਦਾ ਹੈ ਕਿ ਦਰਬਾਰ ਸਾਹਿਬ ਦੀ ਨੀਂਹ ਗੁਰੂ ਸਾਹਿਬ ਨੇ ਆਪ ਰੱਖੀ ਸੀ।

1661: ਗੁਰੂ ਤੇਗ਼ ਬਹਾਦਰ ਪ੍ਰਯਾਗ (ਹੁਣ ਅਲਾਹਾਬਾਦ) ਪੁੱਜੇ

ਕੀਰਤਪੁਰ ਵਿਚ ਗੁਰੂ ਹਰਿਰਾਇ ਸਾਹਿਬ ਗੁਰਗੱਦੀ ਦੀ ਸੇਵਾ ਨੂੰ ਨਿਭਾ ਰਹੇ ਸਨ ਅਤੇ ਮਾਝੇ ਵਿਚ (ਗੁਰੂ) ਤੇਗ਼ ਬਹਾਦਰ ਸਾਹਿਬ ਧਰਮ ਪਰਚਾਰ ਵਿਚ ਆਪਣਾ ਰੋਲ ਅਦਾ ਕਰ ਰਹੇ ਸਨ। ਵਿਚ-ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਵੀ ਹੋ ਆਇਆ ਕਰਦੇ ਸਨ। ਜੂਨ 1656 ਵਿਚ ਆਪ ਗੁਰੂ ਹਰਿਰਾਇ ਜੀ ਨੂੰ ਮਿਲਣ ਵਾਸਤੇ ਕੀਰਤਪੁਰ ਗਏ ਹੋਏ ਸਨ। ਉਨ੍ਹੀਂ ਦਿਨੀਂ ਆਗਰਾ, ਕਾਸ਼ੀ (ਬਨਾਰਸ/ ਵਾਰਾਨਸੀ), ਮਿਰਜ਼ਾਪੁਰ, ਪ੍ਰਯਾਗ (ਅਲਾਹਾਬਾਦ) ਤੋਂ ਇਲਾਵਾ ਗਯਾ, ਪਟਨਾ, ਢਾਕਾ ਅਤੇ ਅਸਾਮ ਤੋਂ ਵੀ ਬਹੁਤ ਸਾਰੀਆਂ ਸੰਗਤਾਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨਾਂ ਵਾਸਤੇ ਆਈਆਂ ਹੋਈਆਂ ਸਨ। ਇਨ੍ਹਾਂ ਸੰਗਤਾਂ ਨੇ ਉਨ੍ਹਾਂ ਨੂੰ ਅਰਜ਼ ਕੀਤੀ ਕਿ ਉਹ ਧਰਮ ਪਰਚਾਰ ਵਾਸਤੇ ਉਨ੍ਹਾਂ ਦੇ ਇਲਾਕਿਆਂ ਵਿਚ ਦਰਸ਼ਨ ਦੇਣ। ਪਰ ਗੁਰੂ ਹਰਿਰਾਇ ਸਾਹਿਬ ਨੇ ਉਨ੍ਹਾਂ ਨੂੰ ਦਸਿਆ ਕਿ ਕੀਰਤਪੁਰ ਸਾਹਿਬ ਵਿਚ ਸੰਗਤਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਇਸ ਕਰ ਕੇ ਉਥੋਂ ਚਲੇ ਜਾਣ ਨਾਲ ਦੂਰ-ਦੁਰਾਡੀਆਂ ਸੰਗਤਾਂ ਨੂੰ ਬੜੀ ਮੁਸ਼ਕਿਲ ਹੋਵੇਗੀ। ਪੂਰਬ ਦੀਆਂ ਸੰਗਤਾਂ ਨੇ ਬਹੁਤ ਜ਼ੋਰ ਦਿਤਾ ਤਾਂ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਚਾਚਾ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਆਖਿਆ ਕਿ ਉਹ ਪੂਰਬ ਵਿਚ ਜਾ ਕੇ ਸੰਗਤਾਂ ਵਿਚ ਧਰਮ ਪਰਚਾਰ ਦੀ ਸੇਵਾ ਨਿਭਾਉਣ। ਪਹਿਲਾਂ ਤਾਂ ਗੁਰੂ ਤੇਗ਼ ਬਹਾਦਰ ਸਾਹਿਬ

ਨੇ ਮਾਝੇ ਤੋਂ ਦੂਰ ਜਾਣਾ ਮਨਜ਼ੂਰ ਨਾ ਕੀਤਾ, ਪਰ ਸੰਗਤਾਂ ਵਲੋਂ ਵਾਰ-ਵਾਰ ਅਰਜ਼ ਕੀਤੇ ਜਾਣ ਤੇ ਉਨ੍ਹਾਂ ਨੇ ਪੂਰਬ ਦਾ ਦੌਰਾ ਕਰਨਾ ਮੰਨ ਲਿਆ।

ਗੁਰੂ ਤੇਗ਼ ਬਹਾਦਰ ਸਾਹਿਬ 9 ਜੂਨ 1656 ਦੇ ਦਿਨ ਕੀਰਤਪੁਰ ਸਾਹਿਬ ਤੋਂ ਪੂਰਬ ਵੱਲ ਦੇ ਲੰਬੇ ਦੌਰੇ 'ਤੇ ਚਲ ਪਏ। ਉਨ੍ਹਾਂ ਦਾ ਪਰਵਾਰ ਅਤੇ ਦਰਬਾਰੀ ਸਿੱਖਾਂ ਦਾ ਇਕ ਵਡਾ ਜੱਥਾ ਵੀ ਉਨ੍ਹਾਂ ਦੇ ਨਾਲ ਗਿਆ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਵਿਚ ਇੰਵ ਮਿਲਦਾ ਹੈ:

"ਗੁਰੂ ਤੇਗ਼ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ, ਸੋਢੀ ਖਤਰੀ, ਬਾਸੀ ਕੀਰਤਪੁਰ, ਪਰਗਣਾ ਕਹਿਲੂਰ, ਸੰਮਤ ਸਤਰਾਂ ਸੈ ਤੇਰਾਂ, ਅਸਾੜ੍ਹ ਪ੍ਰਵਿਸ਼ਟੇ ਗਿਆਰਾਂ, ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ, ਇਸਤਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤਰੀ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਸੂਰਜ ਮੱਲ ਜੀ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ, ਚੇਲੇ ਗੁਰਦਿਤਾ ਜੀ ਕੇ, ਮਾਤਾ ਗੁਜਰੀ ਜੀ ਆਈ ਇਸਤਰੀ ਗੁਰੂ ਤੇਗ਼ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿੱਖੀ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਬ੍ਰਾਹਮਣ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਮੂਲ ਚੰਦ ਜਲਾਹਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈ ਦਾਸ ਪੁਆਰ ਬਲਉਂਤ ਕਾ, ਚਉਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ । ਹੋਰ ਸਿਖ ਫ਼ਕੀਰ ਆਏ।"

ਕੀਰਤਪੁਰ ਤੋਂ ਚਲ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਥਾ ਮਲਕਪੁਰ ਰੰਘੜਾਂ, ਕੋਟਲਾ ਨਿਹੰਗ ਖ਼ਾਨ, ਲਖਨੌਰ, ਪੰਜੋਖੜਾ ਤੇ ਕੁਰੂਕਸ਼ੇਤਰ ਦੇ ਇਲਾਕੇ ਵਿਚ ਧਰਮ ਪਰਚਾਰ ਕਰਦਾ ਹੋਇਆ 29 ਮਾਰਚ 1657 ਦੇ ਦਿਨ (ਵਿਸਾਖ ਦੀ ਪਹਿਲੀ ਨੂੰ) ਹਰਦੁਆਰ ਪੁੱਜਾ। ਇਸ ਮਗਰੋਂ ਆਪ ਗਯਾ ਅਤੇ ਪਟਨਾ ਵੀ ਗਏ ਤੇ ਉਥੋਂ ਪਰਚਾਰ ਕਰਦੇ ਕਰਦੇ ਗੁਰੂ ਜੀ 3 ਜਨਵਰੀ 1661 ਦੇ ਦਿਨ ਅਲਾਹਾਬਾਦ ਪੁੱਜੇ।

1666: ਗੁਰੂ ਤੇਗ਼ ਬਹਾਦਰ ਦਿੱਲੀ ਤੋਂ ਆਗਰਾ ਵਲ ਰਵਾਨਾ ਹੋਏ

ਅਕਤੂਬਰ 1665 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਨੂੰ, ਧਮਤਾਨ ਤੋਂ ਗ੍ਰਿਫ਼ਤਾਰ ਕਰ ਕੇ, ਦਿੱਲੀ ਪਹੁੰਚਾਇਆ ਗਿਆ ਤੇ 8 ਨਵੰਬਰ 1665 ਦੇ ਦਿਨ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ; ਔਰੰਗਜ਼ੇਬ ਨੇ ਪਹਿਲਾਂ ਤਾਂ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਪਰ ਮਗਰੋਂ ਰਾਮ ਸਿੰਹ ਮਿਰਜ਼ਾ ਦੇ ਕਹਿਣ 'ਤੇ ਗੁਰੂ ਸਾਹਿਬ ਅਤੇ ਸਿੱਖਾਂ ਨੂੰ ਮਿਰਜ਼ਾ ਦੀ ਮਿਸਲ (ਹਿਰਾਸਤ) ਵਿਚ ਭੇਜ ਦਿਤਾ। ਕੰਵਰ ਰਾਮ ਸਿੰਹ ਨੇ ਗੁਰੂ ਸਾਹਿਬ ਨੂੰ 31 ਦਸੰਬਰ 1665 ਦੇ ਦਿਨ ਰਿਹਾ ਕਰ ਦਿੱਤਾ। 31 ਦਸੰਬਰ 1665 ਨੂੰ ਰਿਹਾਈ ਮਗਰੋਂ ਗੁਰੂ ਸਾਹਿਬ ਤਿੰਨ ਦਿਨ ਰਾਜਾ ਰਾਮ ਸਿੰਹ ਮਿਰਜ਼ਾ ਦੇ ਘਰ ਵਿਚ ਰਹੇ। 3 ਜਨਵਰੀ 1666 ਦੇ ਦਿਨ ਗੁਰੂ ਸਾਹਿਬ ਪੂਰਬ ਵਿਚ ਧਰਮ ਪ੍ਰਚਾਰ ਵਾਸਤੇ ਨਿਕਲੇ ਅਤੇ ਪਹਿਲੇ ਪੜਾਅ ਵਜੋਂ ਆਗਰਾ ਵਲ ਚਲ ਪਏ।

1791: ਭੰਗਾ ਸਿੰਘ ਨੇ ਅੰਗਰੇਜ਼ ਕਰਨਲ ਸਟੂਅਰਟ ਨੂੰ ਗ੍ਰਿਫ਼ਤਾਰ ਕੀਤਾ ਤੇ ਰਿਹਾਈ ਵਾਸਤੇ 2 ਲੱਖ ਰੁਪੈ ਮੰਗੇ, ਮਗਰੋਂ 9 ਮਹੀਨੇ ਬਾਅਦ ਬੇਗਮ ਸਮਰੂ ਨੇ 24 ਅਕਤੂਬਰ ਨੂੰ ਰਿਹਾ ਕਰਵਾਇਆ

ਜਨਵਰੀ 1791 ਵਿਚ ਬਘੇਲ ਸਿੰਘ ਕਰੋੜਸਿੰਘੀਆ ਮਿਸਲ ਦਾ ਇਕ ਜਰਨੈਲ ਭੰਗਾ ਸਿੰਘ, ਥਾਨੇਸਰ (ਹੁਣ ਕੁਰੂਕਸ਼ੇਤਰ) ਰਿਆਸਤ ਦਾ ਨਾਜ਼ਮ ਸੀ, ਇਕ ਦਿਨ ਉਹ 1000 ਫ਼ੌਜ

ਲੈ ਕੇ ਗੰਗਾ ਦਰਿਆ ਦੇ ਦੂਜੇ ਪਾਰ ਨਿਕਲ ਗਿਆ ਅਤੇ ਉਸ ਇਲਾਕੇ ਨੂੰ ਆਪਣੀ ਹਕੂਮਤ ਦੇ ਮਾਤਹਿਤ ਕਰ ਲਿਆ। ਉਹ 3 ਜਨਵਰੀ ਦੇ ਦਿਨ ਅਨੂਪ ਸ਼ਹਿਰ ਰਿਆਸਤ ਦੀ ਹਦੂਦ ਵਿਚ ਦਾਖ਼ਿਲ ਹੋ ਗਿਆ। ਇਸ ਸਮੇਂ ਅੰਗਰੇਜ਼ਾਂ ਨੇ ਇਸ ਸ਼ਹਿਰ ਵਿਚ ਆਪਣੀ ਛਾਉਣੀ ਕਾਇਮ ਕੀਤੀ ਹੋਈ ਸੀ ਜਿਸ ਦਾ ਮੁਖੀ ਲੈਫ਼ਟੀਨੈਂਟ ਕਰਨਲ ਰਾਬਰਟ ਸਟੂਅਰਟ ਸੀ। ਉਸ ਦਿਨ ਸਟੂਅਰਟ ਘੋੜੇ 'ਤੇ ਸਵਾਰ ਹੋ ਕੇ ਇਕੱਲਾ ਹੀ ਘੁੰਮ ਰਿਹਾ ਸੀ ਤਾਂ ਸੈਰ ਕਰਦੇ ਕਰਦੇ ਉਸ ਦਾ ਸਾਹਮਣਾ 50 ਲੁਟੇਰਿਆਂ ਦੇ ਇਕ ਟੋਲੇ ਨਾਲ ਹੋ ਗਿਆ। ਏਨੇ ਚਿਰ ਵਿਚ ਹੀ ਜਰਨੈਲ ਭੰਗਾ ਸਿੰਘ ਵੀ ਉਥੇ ਪੁਜ ਗਿਆ। ਉਸ ਨੂੰ ਅਸਲੀਅਤ ਪਤਾ ਲਗੀ ਤਾਂ ਉਸ ਨੇ ਲੁਟੇਰਿਆਂ ਨੂੰ ਮਾਰਨ ਦਾ ਹੁਕਮ ਦੇ ਦਿੱਤਾ। ਇਸ 'ਤੇ ਉਹ ਭੱਜ ਗਏ। ਇਸ ਮਗਰੋਂ ਭੰਗਾ ਸਿੰਘ ਨੇ ਸਟੂਅਰਟ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਅਤੇ ਅੰਗਰੇਜ਼ਾਂ ਨੂੰ ਪੈਗ਼ਾਮ ਭੇਜ ਦਿੱਤਾ ਕਿ ਜੇ ਉਹ ਸਟੂਅਰਟ ਨੂੰ ਰਿਹਾ ਕਰਵਾਉਣਾ ਚਾਹੁੰਦੇ ਹਨ ਤਾਂ 2 ਲੱਖ ਰੁਪੈ ਭੇਟਾ ਕਰਨ। ਜਦ ਇਹ ਪੈਗ਼ਾਮ ਗਵਰਨਰ ਜਨਰਲ ਕਾਰਨਵਾਲਿਸ ਨੂੰ ਮਿਲਿਆ ਤਾਂ ਉਸ ਨੇ ਇਹ ਰਕਮ ਦੇਣ ਤੋਂ ਨਾਂਹ ਕਰ ਦਿੱਤੀ। ਕੁਝ ਅੰਗਰੇਜ਼ ਅਫ਼ਸਰਾਂ ਨੇ ਆਪਣੇ ਵੱਲੋਂ ਪੈਸੇ ਇਕੱਠੇ ਕਰ ਕੇ ਦੇਣ ਦੀ ਪੇਸ਼ਕਸ਼ ਕੀਤੀ ਪਰ ਇਸ ਨੂੰ ਵੀ ਕਾਰਨਵਾਲਿਸ ਨੇ ਠੁਕਰਾ ਦਿੱਤਾ; ਉਹ ਸਮਝਦਾ ਸੀ ਕਿ ਪੈਸੇ ਦੇ ਕੇ ਜਰਨੈਲ ਨੂੰ ਛੁਡਵਾਉਣਾ ਅੰਗਰੇਜ਼ਾਂ ਦੀ ਬੇਇਜ਼ਤੀ ਮੰਨੀ ਜਾਵੇਗੀ। ਉਸ ਨੇ ਇਹ ਨਹੀਂ ਸੋਚਿਆ ਕਿ ਜੇ ਸਿੱਖਾਂ ਨੇ ਉਸ ਨੂੰ ਮਾਰ ਦਿੱਤਾ ਤਾਂ ਕਿਹੜੀ ਘਟ ਹੇਠੀ ਹੋਣੀ ਸੀ ਤੇ ਨਾਲੇ ਇਕ ਬੰਦੇ ਦੀ ਜਾਨ ਵੀ ਤਾਂ ਜਾਣੀ ਸੀ। ਅੰਗਰੇਜ਼ਾਂ ਨੇ ਥਾਨੇਸਰ 'ਤੇ ਹਮਲਾ ਵੀ ਨਾ ਕੀਤਾ। ਇੰਞ ਸਟੂਅਰਟ ਤਕਰੀਬਨ 9 ਮਹੀਨੇ ਭੰਗਾ ਸਿੰਘ ਦੀ ਕੈਦ ਵਿਚ ਥਾਨੇਸਰ ਵਿਚ ਰਿਹਾ। ਇਸ ਦੌਰਾਨ ਅੰਗਰੇਜ਼ਾਂ ਨੇ ਭੰਗਾ ਸਿੰਘ ਨੂੰ ਕਈ ਵਾਰ ਚਿੱਠੀਆਂ ਲਿਖੀਆਂ ਤੇ ਸਟੂਅਰਟ ਨੂੰ ਰਿਹਾ ਕਰਨ ਵਾਸਤੇ ਕਿਹਾ। ਪਰ ਭੰਗਾ ਸਿੰਘ ਨੇ ਸਾਫ਼ ਜਵਾਬ ਲਿਖ ਭੇਜਿਆ ਕਿ ਉਹ ਸਟੂਅਰਟ ਨੂੰ ਇਵਜ਼ਾਨਾ ਲਏ ਬਿਨਾਂ ਹਰਗਿਜ਼ ਰਿਹਾ ਨਹੀਂ ਕਰੇਗਾ। ਉਧਰ ਸਿੱਖਾਂ ਨੇ ਸਟੂਅਰਟ ਨੂੰ ਸ਼ਾਹੀ ਕੈਦੀ ਵਜੋਂ ਪੂਰੀ ਮਹਿਮਾਨ ਨਿਵਾਜ਼ੀ ਵਿਚ ਰੱਖਿਆ। ਕੁਝ ਮਹੀਨੇ ਬੀਤਣ ਮਗਰੋਂ ਅੰਗਰੇਜ਼ਾਂ ਨੇ ਆਪ ਜਾਂ ਬੂੜੀਆ ਰਿਆਸਤ ਦੇ ਰਾਏ ਸਿੰਘ ਨੇ ਵੀ ਭੰਗਾ ਸਿੰਘ ਨੂੰ ਸਟੂਅਰਟ ਦੀ ਰਿਹਾਈ ਵਾਸਤੇ ਅਰਜ਼ ਕੀਤੀ; ਉਹ ਖ਼ੁਦ ਆਪ ਥਾਨੇਸਰ ਵੀ ਗਿਆ। ਪਰ ਭੰਗਾ ਸਿੰਘ ਨੇ ਬਿਨਾ ਪੈਸੇ ਲਏ ਛੱਡਣ ਤੋਂ ਨਾਂਹ ਕਰ ਦਿੱਤੀ।ਅਖ਼ੀਰ ਮੇਰਠ ਦੇ ਨੇੜੇ ਦੀ ਸਰਧਾਨਾ ਰਿਆਸਤ ਦੀ ਬੇਗ਼ਮ ਜੋਆਨਾ ਨੋਬਿਲੀਸ ਸੌਂਬਰੇ ਸਮਰੂ (ਜੋ ਫ਼ਰਜ਼ਾਨਾ ਜ਼ੇਬੂ ਨਿਸਾ ਅਤੇ ਬੇਗ਼ਮ ਸਮਰੂ ਵਜੋਂ ਵੀ ਮਸ਼ਹੂਰ ਸੀ) ਥਾਨੇਸਰ ਗਈ ਤੇ ਭੰਗਾ ਸਿੰਘ ਨੂੰ ਮਿਲੀ। ਉਸ ਨੇ ਰਿਹਾਈ ਦੀ ਰਕਮ ਘਟਾਉਣ ਵਾਸਤੇ ਬੇਨਤੀ ਕੀਤੀ। ਅਖ਼ੀਰ 60000 ਤੇ ਸਮਝੌਤਾ ਹੋ ਗਿਆ ਜੋ ਉਸ ਨੇ ਅਦਾ ਕਰ ਦਿੱਤੇ ਅਤੇ 24 ਅਕਤੂਬਰ 1791 ਦੇ ਦਿਨ ਸਟੂਅਰਟ ਨੂੰ ਰਿਹਾ ਕਰਵਾ ਕੇ ਲੈ ਗਈ।

1961: ਮਾਸਟਰ ਤਾਰਾ ਸਿੰਘ ਨੂੰ ਰਿਹਾ ਕੀਤਾ ਗਿਆ

18 ਦਸੰਬਰ 1960 ਦੇ ਦਿਨ ਫ਼ਤਹਿ ਸਿੰਘ ਨੇ ਪੰਜਾਬੀ ਸੂਬੇ ਵਾਸਤੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਪਰ ਨਹਿਰੂ ਨੇ ਪੰਜਾਬੀ ਸੂਬਾ ਬਣਾਉਣ ਦੀ ਗੱਲ ਸੁਣਨ ਤੋਂ ਵੀ ਨਾਂਹ ਕਰ ਦਿੱਤੀ । ਇਸ ਦੌਰਾਨ 31 ਦਸੰਬਰ ਦੇ ਦਿਨ ਨਹਿਰੂ ਨੇ ਇਕ ਬਿਆਨ ਵਿਚ ਕਿਹਾ ਸੀ ਪੰਜਾਬੀ ਸੂਬਾ ਤਾਂ ਬਣਿਆ ਹੋਇਆ ਹੈ। ਪੰਜਾਬ ਪੰਜਾਬੀ ਸੂਬਾ ਹੀ ਹੈ ਤੇ ਇਸ ਦੀ ਮੁਖ ਬੋਲੀ ਪੰਜਾਬੀ ਹੈ। ਅਕਾਲੀਆਂ ਵਲੋਂ ਸਰੂਪ ਸਿੰਘ ਐਮ.ਐਲ.ਏ. ਨੂੰ ਨਹਿਰੂ ਕੋਲ ਭੇਜਿਆ ਗਿਆ ਤਾਂ ਜੋ ਨਹਿਰੂ 31 ਦਸੰਬਰ ਨੂੰ ਦਿੱਲੀ ਵਿਚ ਕੀਤੀ ਉਹ ਤਕਰੀਰ ਜਿਸ ਵਿਚ ਉਸ ਨੇ ਕਿਹਾ ਸੀ ਕਿ "ਸਾਰਾ ਪੰਜਾਬ ਹੀ ਪੰਜਾਬੀ ਸੂਬਾ ਹੈ ਕਿਉਂਕਿ ਇਸ ਦੀ ਪ੍ਰਧਾਨ ਬੋਲੀ ਪੰਜਾਬੀ ਹੈ" ਦੋਹਰਾ ਦੇਵੇ ਤਾਂ ਜੋ ਇਸ ਬਹਾਨੇ ਫ਼ਤਹਿ ਸਿੰਘ ਦਾ ਵਰਤ ਤੁੜਵਾਇਆ ਜਾ ਸਕੇ। ਮੋਰਚਾ ਕਮੇਟੀ ਨੇ

2 ਜਨਵਰੀ 1961 ਨੂੰ ਅਕਾਲ ਤਖ਼ਤ 'ਤੇ ਅਕਾਲੀ ਦਲ ਦਾ ਜਨਰਲ ਇਜਲਾਸ ਸੱਦ ਲਿਆ। ਪਰ ਇਸ ਮੌਕੇ 'ਤੇ ਕਿਸੇ ਨੇ ਵੀ ਨਹਿਰੂ ਦੇ ਇਸ ਬਿਆਨ ਦੇ ਅਧਾਰ 'ਤੇ ਵਰਤ ਛੁਡਾਣ ਦੀ ਗੱਲ ਨਾ ਮੰਨੀ। ਅਗਲੇ ਦਿਨ ਫਿਰ ਮੀਟਿੰਗ ਹੋਈ ਪਰ ਕਿਸੇ ਵੀ ਇਹ ਗਲ ਨਾ ਮੰਨੀ। ਸਿਰਫ਼ ਮੋਰਚਾ ਕਮੇਟੀ ਤੇ ਬੇਦੀ ਰਛਪਾਲ ਸਿੰਘ ਹੀ ਇਸ ਵਾਸਤੇ ਰਾਜ਼ੀ ਸਨ।

ਸਰਕਾਰ ਨੇ ਮਾਸਟਰ ਤਾਰਾ ਸਿੰਘ ਰਾਹੀ ਇਸ ਵਰਤ ਨੂੰ ਖ਼ਤਮ ਕਰਵਾਉਣ ਦਾ ਸੋਚਿਆ ਅਤੇ 3-4 ਜਨਵਰੀ 1961 ਦੀ ਵਿਚਕਾਰਲੀ ਰਾਤ ਨੂੰ ਮਾਸਟਰ ਤਾਰਾ ਸਿੰਘ ਨੂੰ ਧਰਮਸਾਲਾ ਜੇਲ੍ਹ ਤੋਂ ਰਿਹਾ ਕਰ ਕੇ ਦਰਬਾਰ ਸਾਹਿਬ ਗੁਰੂ ਰਾਮਦਾਸ ਸਰਾਂ ਦੇ ਫਾਟਕ ਤੇ ਲਿਆ ਖੜਾ ਕੀਤਾ ਗਿਆ।

1985: ਰਾਜੀਵ ਨੇ ਪੰਜਾਬ ਬਾਰੇ 3 ਮੈਂਬਰੀ ਪੈਨਲ ਬਣਾਇਆ

1984 ਦੇ ਦੋ ਘੱਲੂਘਾਰਿਆਂ (ਜੂਨ ਅਤੇ ਨਵੰਬਰ) ਮਗਰੋਂ ਜਦ ਸਾਰੇ ਸੀਨੀਅਰ ਅਕਾਲੀ ਆਗੂ ਜੇਲ੍ਹਾਂ ਵਿਚ ਸਨ ਤਾਂ ਪਰਾਈਮ ਮਨਿਸਟਰ ਰਾਜੀਵ ਗਾਂਧੀ ਨੇ ਆਪਣੇ ਖ਼ਾਸ ਸਾਥੀਆਂ ਅਰੁਣ ਸਿੰਘ, ਅਰਣੂ ਨਹਿਰੂ ਵਰਗਿਆਂ ਦੀ ਡਿਊਟੀ ਲਾਈ ਕਿ ਉਹ ਅਜਿਹੇ ਬੰਦੇ ਢੂੰਢਣ ਜੋ ਜੇਲ੍ਹਾਂ ਵਿਚ ਬੈਠੇ ਅਕਾਲੀ ਆਗੂਆਂ ਨੂੰ ਸਰਕਾਰ ਨਾਲ ਗਲਬਾਤ ਕਰਨ ਵਾਸਤੇ ਮਨਾ ਸਕਣ। ਇਸ ਕੋਸ਼ਿਸ਼ ਵਿਚ ਸੁਰਜੀਤ ਬਰਨਾਲਾ, ਬਲਵੰਤ ਸਿੰਘ ਸੁਲਤਾਨਪੁਰੀ, ਮਨਜੀਤ ਖਹਿਰਾ, ਬਲਵੰਤ ਸਿੰਘ ਰਾਮੂਵਾਲੀਆ, ਪ੍ਰੋ: ਅਤਰ ਸਿੰਘ, ਪ੍ਰਿਥੀਪਾਲ ਸਿੰਘ ਕਪੂਰ ਅਤੇ ਬਰਜਿੰਦਰ ਸਿੰਘ ਹਮਦਰਦ ਨੇ ਰਾਜੀਵ ਗਾਂਧੀ ਦੇ ਏਲਚੀਆਂ ਦਾ ਪੂਰਾ-ਪੂਰਾ ਸਾਥ ਦਿੱਤਾ। ਇਹ ਲੋਕ ਦਸੰਬਰ 1984 ਵਿਚ ਅਕਾਲੀ ਆਗੂਆਂ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂਆਂ ਨੂੰ ਮਿਲੇ ਪਰ ਜੇਲ੍ਹੀਂ ਬੈਠੇ ਆਗੂਆਂ ਨੇ ਰਿਹਾਈ ਤੋਂ ਪਹਿਲਾਂ ਕੋਈ ਵੀ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਦੂਜੇ ਪਾਸੇ, ਰਾਜੀਵ ਅਜੇ ਅਕਾਲੀ ਆਗੂਆਂ ਨੂੰ ਰਿਹਾ ਕਰਨਾ ਨਹੀਂ ਚਾਹੁੰਦਾ ਸੀ।

3 ਜਨਵਰੀ 1985 ਨੂੰ ਰਾਜੀਵ ਨੇ ਪੰਜਾਬ ਬਾਰੇ ਇਕ ਤਿਨ ਮੈਂਬਰੀ ਪੈਨਲ ਬਣਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਅਰੁਣ ਸਿੰਘ, ਅਰਣੂ ਨਹਿਰੂ ਤੇ ਅਰਜਨ ਸਿੰਘ ਸ਼ਾਮਿਲ ਸਨ। ਇਹ ਪੈਨਲ ਭਾਵੇਂ ਕੋਈ ਵੱਡੀ ਕਾਮਯਾਬੀ ਹਾਸਿਲ ਨਾ ਕਰ ਸਕਿਆ, ਪਰ ਇਸ ਨਾਲ ਬਰਨਾਲਾ, ਬਲਵੰਤ ਸਿੰਘ, ਮਨਜੀਤ ਖਹਿਰਾ, ਰਾਮੂਵਾਲੀਆ, ਅਤਰ ਸਿੰਘ ਤੇ ਪ੍ਰਿਥੀਪਾਲ ਸਿੰਘ ਕਪੂਰ, ਅਰਜਨ ਸਿੰਹ ਅਤੇ ਕਾਂਗਰਸ ਪਾਰਟੀ ਦੇ ਬਹੁਤ ਨੇੜੇ ਆ ਗਏ।

1991: ਸਵਿੰਦਰ ਸਿੰਘ ਸੋਹਲ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜਨਵਰੀ 1991 ਦੇ ਦਿਨ ਪੁਲਸ ਨੇ ਸਵਿੰਦਰ ਸਿੰਘ ਸੋਹਲ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਤਨਾਮ ਸਿੰਘ ਤੇ ਪਿੰਦਾ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜਨਵਰੀ 1992 ਦੇ ਦਿਨ ਪੁਲਸ ਨੇ ਸਤਨਾਮ ਸਿੰਘ (ਪੁਤਰ ਸੱਜਣ ਸਿੰਘ, ਵਾਸੀ ਕਮੇਲ) ਅਤੇ ਪਿੰਦਾ (ਪੁੱਤਰ ਲਾਲ ਸਿੰਘ, ਵਾਸੀ ਕਮੇਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੁਖਦੇਵ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜਨਵਰੀ 1993 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ (ਪੁਤਰ ਕਰਮ ਸਿੰਘ, ਵਾਸੀ ਚਾਚੋਵਾਲੀ, ਨੇੜੇ ਜੈਂਤੀਪੁਰ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

4 ਜਨਵਰੀ

1980: ਤੇਰਾਂ ਸਿੱਖਾਂ ਦੇ ਕਤਲ ਵਿਚ ਨਿਰੰਕਾਰੀ ਮੁਖੀ ਤੇ ਹੋਰ ਬਰੀ ਹੋਏ

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਵੱਲੋਂ ਕੀਤੇ ਗਏ ਸਿੱਖ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਪੰਜਾਬ ਤੋਂ ਬਾਹਰ ਹਰਿਆਣਾ (ਕਰਨਾਲ) ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਹ ਮੁਕੱਦਮਾ ਮਿਸਟਰ ਆਰ.ਐਸ.ਗੁਪਤਾ ਐਡੀਸ਼ਨਲ ਸੈਸ਼ਨ ਜੱਜ ਕੋਲ ਸੀ। ਇਸ ਮੁਕੱਦਮੇ ਵਿਚ ਬਾਦਲ ਸਰਕਾਰ ਦੇ ਵਕੀਲਾਂ ਨੇ ਕਮਜ਼ੋਰ ਕੇਸ ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਇਹ ਵੀ ਚਰਚਾ ਚਲ ਪਿਆ ਸੀ ਕਿ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਆਪਣੇ ਆਪ ਨੂੰ ਅਤੇ 61 ਹੋਰ ਮੁਜਰਮਾਂ ਨੂੰ ਸਿੱਖਾਂ ਦੇ ਕਤਲ ਤੋਂ ਪੂਰੀ ਤਰਾਂ ਬਰੀ ਕਰਵਾਉਣ ਵਾਸਤੇ ਜੱਜ ਗੁਪਤਾ ਨੂੰ ਇਕ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੀ ਹੈ। 4 ਜਨਵਰੀ 1980 ਨੂੰ ਗੁਪਤੇ ਨੇ ਇਨ੍ਹਾਂ ਮੁਜਰਮਾਂ ਨੂੰ 'ਬਰੀ' ਕਰਨ ਦਾ ਫ਼ੈਸਲਾ ਦੇ ਦਿੱਤਾ। ਅਕਾਲੀ ਅਖਵਾਉਂਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਤੱਕ ਦਾਇਰ ਨਾ ਕੀਤੀ। ਸਿੱਖਾਂ ਦੇ ਕਾਤਲਾਂ ਨੂੰ ਬਰੀ ਕਰਨ, ਅਕਾਲੀ ਸਰਕਾਰ ਵੱਲੋਂ ਅਪੀਲ ਦਾਇਰ ਨਾ ਕਰਨ, ਫ਼ਿਰਕੂ ਹਿੰਦੂਆਂ ਵੱਲੋਂ ਨਿਰੰਕਾਰੀਆਂ ਦੀ ਰਿਹਾਈ ਸਮੇਂ ਖ਼ੁਸ਼ੀਆਂ ਮਨਾਉਣ ਅਤੇ ਲੱਡੂ ਵੰਡਣ ਦੀਆਂ ਘਟਨਾਵਾਂ ਨਾਲ ਹਰ ਸਿੱਖ ਦਾ ਦਿਲ ਤੜਪ ਉੱਠਿਆ। ਸਿੱਖ ਆਲਮ, ਸਿੱਖ ਵਿਦਿਆਰਥੀ, ਜੁਝਾਰੂ ਸਿੱਖ ਅਤੇ ਸਾਰੀ ਸਿੱਖ ਕੌਮ ਸੋਗ, ਰੰਜ, ਗੁੱਸੇ, ਰੋਹ ਤੇ ਸੋਚ ਵਿਚ ਪੈ ਗਈ।

1990: ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਕਤਲ ਕੀਤਾ ਗਿਆ

ਜਥੇਦਾਰ ਜਗਦੇਵ ਸਿੰਘ ਖੁੱਡੀਆਂ ਇਕ ਬਹੁਤ ਇਮਾਨਦਾਰ ਅਕਾਲੀ ਆਗੂ ਸਨ। ਉਹ ਸਦਾ ਪੰਥ ਵਾਸਤੇ ਕੁਰਬਾਨੀਆਂ ਕਰਦੇ ਰਹੇ ਸਨ। 1989 ਦੀਆਂ ਚੋਣਾਂ ਵਿਚ ਉਹ ਫ਼ਰੀਦਕੋਟ ਸੀਟ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੂੰ ਅਗਵਾ ਕਰ ਕੇ 4 ਜਨਵਰੀ 1990 ਨੂੰ ਕਤਲ ਕਰ ਕੇ ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿੱਤੀ ਸੀ। ਇਹ ਆਮ ਚਰਚਾ ਸੀ ਕਿ ਪੁਲੀਸ ਨੇ ਉਨ੍ਹਾਂ ਨੂੰ ਕਤਲ ਕੀਤਾ ਹੈ। ਦੂਜੇ ਪਾਸੇ ਉਨ੍ਹਾਂ ਦੇ ਇਕ ਸਾਥੀ ਐਮ.ਪੀ. ਨੇ ਨਵੰਬਰ 2011 ਵਿਚ ਇਸ ਲੇਖਕ ਨੂੰ ਦੱਸਿਆ ਕਿ ਕਤਲ ਵਾਲੇ ਦਿਨ ਜਥੇਦਾਰ ਖੁੱਡੀਆਂ ਨੂੰ ਭਾਈ ਗੁਰਜੀਤ ਸਿੰਘ ਅਤੇ ਗੁਰਨਾਮ ਸਿੰਘ ਬੁੰਡਾਲਾ (ਉਰਫ਼ ਜੱਲਾਦ) ਘਰੋਂ ਬੁਲਾ ਕੇ ਲੈ ਗਏ ਸਨ ਤੇ ਇਸ ਮਗਰੋਂ ਉਹ ਘਰ ਵਾਪਿਸ ਨਹੀਂ ਮੁੜੇ ਤੇ ਉਨ੍ਹਾਂ ਦੀ ਲਾਸ਼ ਨਹਿਰ ਵਿਚੋਂ ਮਿਲੀ ਸੀ।

1991: ਸਵਿੰਦਰ ਸਿੰਘ ਛਿੰਦਾ ਮੁੱਦਕੀ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ ਉਰਫ਼ ਛਿੰਦਾ, ਵਾਸੀ ਮੁੱਦਕੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜਸਵੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜਨਵਰੀ 1993 ਦੇ ਦਿਨ ਪੰਜਾਬ ਪੁਲਸ ਨੇ ਜਸਵੀਰ ਸਿੰਘ (ਪੁਤਰ ਭੁਪਿੰਦਰ ਸਿੰਘ, ਵਾਸੀ ਪੰਡੋਰੀ ਬੀਬੀ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਸੁਖਦੇਵ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜਨਵਰੀ 1994 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ (ਪੁਤਰ ਕਰਤਾਰ ਸਿੰਘ, ਵਾਸੀ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2010: ਪੁਰੇਵਾਲ ਦੇ ਕੈਲੰਡਰ ਦਾ ਭੋਗ ਪਾ ਦਿੱਤਾ

ਪਾਲ ਸਿੰਘ ਪੁਰੇਵਾਲ ਦੇ 1998 ਦੇ ਬਣਾਏ ਕੈਲੰਡਰ ਨੂੰ 2003 ਵਿਚ ਲਾਗੂ ਕੀਤਾ ਗਿਆ ਸੀ; ਪਰ, 4 ਜਨਵਰੀ 2010 ਦੇ ਦਿਨ ਇਸ ਵਿਚ ਵੱਡੀਆਂ ਤਬਦੀਲੀਆਂ ਕਰ ਕੇ ਇਸ ਦਾ ਅਮਲੀ ਰੂਪ ਵਿਚ ਭੋਗ ਪਾ ਦਿੱਤਾ ਗਿਆ।

5 ਜਨਵਰੀ

1924: ਭਾਈ ਫੇਰੂ ਮੋਰਚੇ ਵਿਚ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ

ਭਾਈ ਫੇਰੂ (1640-1706), ਜਿਸ ਦਾ ਅਸਲ ਨਾਂ ਸੰਗਤ ਸਿੰਘ ਸੀ, ਭਾਈ ਬਿੰਨਾ ਉੱਪਲ ਦਾ ਪੁੱਤਰ ਸੀ। ਉਸ ਦੀ ਯਾਦ ਵਿਚ ਗੁਰਦੁਆਰਾ ਪਿੰਡ ਅੰਬਮਾੜੀ (ਜ਼ਿਲਾ ਲਾਹੌਰ) ਜੋ ਛਾਂਗਾ ਮਾਂਗਾ ਸਟੇਸ਼ਨ ਤੋਂ 15 ਕਿਲੋਮੀਟਰ ਦੂਰ ਹੈ, ਵਿਚ ਬਣਿਆ ਹੋਇਆ ਸੀ।

ਭਾਈ ਫੇਰੂ ਦੀ ਯਾਦ ਵਿਚ ਬਣੇ ਗੁਰਦੁਆਰੇ ਦਾ ਨਾਂ 'ਤੇ 2750 ਏਕੜ ਜ਼ਮੀਨ ਸੀ। ਗੁਰਦੁਆਰਾ ਸੁਧਾਰ ਲਹਿਰ ਦੌਰਾਨ, ਇੱਥੋਂ ਦੇ ਮਹੰਤ ਕਿਸ਼ਨ ਦਾਸ ਨੇ 21 ਦਸੰਬਰ 122 ਨੂੰ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ ਤੇ ਕਮੇਟੀ ਨੂੰ 28 ਦਸੰਬਰ ਨੂੰ ਕਮੇਟੀ ਨੂੰ ਪ੍ਰਬੰਧ ਸੌਂਪ ਵੀ ਦਿੱਤਾ। ਉਸ ਨੂੰ 400 ਰੁਪੈ ਮਹੀਨਾ ਅਤੇ ਖਾਣੇ ਵਾਸਤੇ ਰਸਦ ਮਿਲਣ ਲਗ ਪਈ। ਦਸੰਬਰ 1923 ਵਿਚ ਮਹੰਤ ਨਰੈਣੂ ਦੇ ਭਰਾ ਪਾਲਾ ਰਾਮ ਨੇ ਕਿਸ਼ਨ ਦਾਸ ਨੂੰ ਫੁਸਲਾ ਕੇ ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ ਦਾਅਵਾ ਕਰਵਾ ਦਿੱਤਾ। 7 ਦਸੰਬਰ 1923 ਨੂੰ ਪੁਲੀਸ ਨੇ ਮੈਨੇਜਰ ਜਗਤ ਸਿੰਘ ਤੇ 10 ਹੋਰ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਜਦੋਂ ਕੇਸ ਅਦਾਲਤ ਵਿਚ ਗਿਆ ਤਾਂ ਡੀ.ਸੀ. ਕੁਝ ਨਾ ਕਰ ਸਕਿਆ ਕਿਉਂਕਿ ਇੰਤਕਾਲ ਕਦੋਂ ਦਾ ਸ਼੍ਰੋਮਣੀ ਕਮੇਟੀ ਦੇ ਨਾਂ ਹੋ ਚੁਕਾ ਸੀ ਤੇ ਜ਼ਮੀਨ ਨਵੇਂ ਮੁਜਾਰਿਆਂ ਨੂੰ ਦਿੱਤੀ ਜਾ ਚੁਕੀ ਸੀ।

ਦੂਜੇ ਪਾਸੇ ਸਰਕਾਰ ਨੇ ਗ੍ਰਿਫ਼ਤਾਰ ਸਿੱਖਾਂ ਨੂੰ ਛੱਡਣ ਤੋਂ ਨਾਂਹ ਕਰ ਦਿੱਤੀ। ਇਸ 'ਤੇ ਸ਼੍ਰੋਮਣੀ ਕਮੇਟੀ ਨੇ 5 ਜਨਵਰੀ 1924 ਤੋਂ ਮੋਰਚਾ ਲਾ ਦਿੱਤਾ। ਹੁਣ ਹਰ ਰੋਜ਼ 25 ਸਿੱਖਾਂ ਦ ਜਥਾ ਗ੍ਰਿਫ਼ਤਾਰੀ ਦੇਣ ਲਗ ਪਿਆ। (ਪਰ 20 ਸਤੰਬਰ 1925 ਦੇ ਦਿਨ ਗੁਰਦੁਆਰੇ ਵਿਚ ਇਕ ਕਤਲ ਹੋ ਗਿਆ ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਮੋਰਚਾ ਬੰਦ ਕਰ ਦਿੱਤਾ। ਪਰ ਇਨ੍ਹੀਂ ਦਿਨੀਂ ਹੀ ਗੁਰਦੁਆਰਾ ਐਕਟ ਬਣ ਗਿਆ ਤੇ ਇਹ ਝਗੜਾ ਵੀ ਮੁੱਕ ਗਿਆ ਇਸ ਮੋਰਚੇ ਵਿਚ ਵੀ ਚਾਰ ਹਜ਼ਾਰ ਦੇ ਕਰੀਬ ਸਿੱਖ ਗ੍ਰਿਫ਼ਤਾਰ ਹੋਏ ਸਨ)।

ਭਾਈ ਫੇਰੂ ਕੌਣ ਸੀ?: 8 ਫ਼ਰਵਰੀ ਤੋਂ 14 ਫ਼ਰਵਰੀ 1698 ਤਕ ਸਿੱਖਾਂ ਦੇ ਕਈ ਜੱਥੇ ਅਨੰਦਪੁਰ ਸਾਹਿਬ ਆਉਂਦੇ ਰਹੇ। ਇਸ ਮੌਕੇ 'ਤੇ ਧਾਰਮਿਕ ਪ੍ਰੋਗਰਾਮ ਦੇ ਨਾਲ-ਨਾਲ ਖੇਡਾਂ, ਕੁਸ਼ਤੀਆਂ, ਗਤਕਾ, ਘੋੜ-ਸਵਾਰੀ, ਨੇਜ਼ਾਬਾਜ਼ੀ ਤੇ ਤਲਵਾਰ-ਅੰਦਾਜ਼ੀ ਦੇ ਮੁਕਾਬਲੇ ਵੀ ਹੁੰਦੇ ਰਹੇ। ਵਿਚਕਾਰ ਕੁਝ ਮੌਕਿਆਂ 'ਤੇ ਭੰਡ ਵੀ ਆਪਣਾ ਫ਼ਨ ਵਿਖਾਉਂਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ, ਇਕ ਮੌਕੇ 'ਤੇ, ਭੰਡਾਂ ਨੇ ਇਨ੍ਹਾਂ ਮਸੰਦਾਂ ਦੀਆਂ ਕਰਤੂਤਾਂ ਦੀ ਨਕਲ ਲਾ ਕੇ ਦਿਖਾਈ। ਉਨ੍ਹਾਂ ਨੇ ਮਸੰਦਾਂ ਨੂੰ ਲੁਟੇਰੇ, ਠੱਗ, ਹੈਂਕੜਬਾਜ਼, ਕੁਰਪਟ, ਬਦ-ਇਖ਼ਲਾਕ ਅਤੇ

ਐਯਾਸ਼ ਜਿਹੇ ਦਿਖਾਇਆ। ਉਸ ਵੇਲੇ ਗੁਰੂ ਸਾਹਿਬ ਕੋਲ ਭਾਈ ਨਾਨੂ ਰਾਮ ਦਿਲਵਾਲੀ ਬੈਠਾ ਸੀ। ਉਸ ਨੇ ਗੁਰੂ ਸਾਹਿਬ ਨੂੰ ਮਸੰਦਾਂ ਬਾਰੇ ਕੁਝ ਹੋਰ ਵਾਕਫ਼ੀ ਵੀ ਦਿੱਤੀ। ਇਹ ਸਾਰਾ ਕੁਝ ਸੁਣ ਕੇ ਗੁਰੂ ਸਾਹਿਬ ਦੇ ਰੌਂਗਟੇ ਖੜ੍ਹੇ ਹੋ ਗਏ। ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਬੁਲਾਇਆ ਜਾਏ। ਭਾਈ ਆਲਮ ਚੰਦ (ਸਿੰਘ) 'ਨੱਚਣਾ' ਨਾਲ ਚਾਰ ਹੋਰ ਸਿੰਘ ਭੇਜੇ ਗਏ ਤਾਂ ਜੋ ਉਹ ਮਸੰਦਾਂ ਨੂੰ ਅਨੰਦਪੁਰ ਸਾਹਿਬ ਲਿਆ ਕੇ ਗੁਰੂ ਸਾਹਿਬ ਅੱਗੇ ਪੇਸ਼ ਕਰਨ। ਕੁਝ ਹੀ ਦਿਨਾਂ ਵਿਚ ਸਾਰੇ ਮਸੰਦ ਅਨੰਦਪੁਰ ਸਾਹਿਬ ਪਹੁੰਚ ਗਏ।

ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ ਕੀਤੀ। ਜਿਹੜੇ ਮਸੰਦ ਬੇਈਮਾਨ ਤੇ ਮੁਜਰਿਮ ਸਨ, ਉਨ੍ਹਾਂ ਨੂੰ ਮੌਕੇ 'ਤੇ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਵੱਡੇ ਮੁਜਰਮਾਂ ਨੂੰ ਸਜ਼ਾਏ-ਮੌਤ ਸੁਣਾਈ ਗਈ। ਇਸ ਸਜ਼ਾ 'ਤੇ ਅਮਲ ਵੀ, ਉਥੇ ਹੀ ਤੇ ਉਸੇ ਵੇਲੇ ਹੀ, ਕੀਤਾ ਗਿਆ। ਕੁਝ ਮਸੰਦ ਇਸ ਇਮਤਿਹਾਨ ਵਿਚੋਂ ਸੁਰਖ਼ਰੂ ਹੋ ਕੇ ਨਿਕਲੇ। ਇਨ੍ਹਾਂ ਨੂੰ ਗੁਰੂ ਸਾਹਿਬ ਵੱਲੋਂ ਸਿਰੋਪਾਓ ਭੇਟ ਕੀਤੇ ਗਏ। ਇਨ੍ਹਾਂ ਵਿਚ ਭਾਈ ਬਖ਼ਤ ਮੱਲ ਸੂਰੀ (ਜਲਾਲਪੁਰ ਜੱਟਾਂ) ਤੇ ਭਾਈ ਸੰਗਤ/ਫੇਰੂ (ਮੀਆਂ ਕੀ ਮੌੜ, ਲਾਹੌਰ) ਵੀ ਸ਼ਾਮਿਲ ਸਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਮੰਸਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ। ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧੀ ਗੁਰੂ ਦਰਬਾਰ ਨੂੰ ਭੇਜੇ। ਉਨ੍ਹਾਂ ਐਲਾਨ ਕੀਤਾ ਕਿ ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ। ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਿੱਖ ਸੰਗਤਾਂ ਨੂੰ ਅਕਾਲ ਪੁਰਖ ਦੀ ਰਿਆਇਆ ਬਣਾਉਣ ਦਾ ਐਲਾਨ ਕਰ ਦਿਤਾ।

ਭਾਈ ਫੇਰੂ ਦੀ ਇਕ ਹੋਰ ਗੱਲ ਕਮਾਲ ਦੀ ਸੀ ਕਿ ਉਹ ਬਹੁਤ ਭਲੇ ਸ਼ਖ਼ਸ਼ ਸਨ। 1698 ਵਿਚ ਜਦ ਸਿੱਖ ਉਨ੍ਹਾਂ ਕੋਲ ਪੁੱਜੇ ਤੇ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਹੁਕਮ ਸੁਣਾਇਆ ਗਿਆ ਸੀ ਤਾਂ ਉਨ੍ਹਾਂ ਕਿਹਾ ਕਿ ਫਿਰ ਮੇਰੀਆਂ ਮੁਸ਼ਕਾਂ ਬੰਨ੍ਹ ਕੇ ਲੈ ਚਲੋ, ਮੈਂ ਤਿਆਰ ਹਾਂ ਪਰ ਸਿੱਖਾਂ ਨੇ ਕਿਹਾ ਕਿ 'ਅਸੀਂ ਜਾਣਦੇ ਹਾਂ ਕਿ ਤੁਸੀਂ ਸੱਚੇ ਸੁੱਚੇ ਹੋ ਇਸ ਕਰ ਕੇ ਅਸੀਂ ਮੁਸ਼ਕਾਂ ਨਹੀਂ ਬੰਨ੍ਹਾਂਗੇ।' ਇਸ ਤੇ ਭਾਈ ਫੇਰੂ ਨੇ ਆਪ ਆਪਣੇ ਦੁਆਲੇ ਰੱਸੇ ਬੰਨ੍ਹੇ ਤੇ ਉਨ੍ਹਾਂ ਨਾਲ ਅਨੰਦਪੁਰ ਪੁਜ ਗਏ। ਉਹ ਗੁਰੂ ਜੀ ਦੇ ਦਰਬਾਰ ਵਿਚ ਆਪਣੀ ਦਾੜ੍ਹੀ ਹੱਥ ਵਿਚ ਫੜ ਕੇ ਇਕ ਮੁਜਰਿਮ ਵਾਂਗ ਹਾਜ਼ਰ ਹੋਏ। ਜਦ 'ਦਾੜ੍ਹੀ ਹੱਥ ਵਿਚ ਫੜਨ' ਵਾਲੀ ਸਾਰੀ ਕਹਾਣੀ ਗੁਰੂ ਜੀ ਨੂੰ ਦੱਸੀ ਗਈ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ 'ਸੱਚੀ ਦਾੜ੍ਹੀ' ਦਾ ਖ਼ਿਤਾਬ ਦਿੱਤਾ ਸੀ।

1991: ਦਵਿੰਦਰ ਸਿੰਘ ਰੋਪੜ ਤੇ ਸੁਲੱਖਣ ਸਿੰਘ ਰੋਵਲ ਨਕਲੀ ਮੁਕਾਬਲੇ ਵਿਚ ਸ਼ਹੀਦ

5 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ (ਪੁਤਰ ਗੁਰਦੇਵ ਸਿੰਘ, ਵਾਸੀ ਢੰਗਰਾਲੀ, ਜ਼ਿਲ੍ਹਾ ਰੋਪੜ) ਤੇ ਸੁਲੱਖਣ ਸਿੰਘ ਰੋਵਲ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਰਜਨ ਸਿੰਘ ਤੇ ਬਲਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

5 ਜਨਵਰੀ 1992 ਦੇ ਦਿਨ ਪੰਜਾਬ ਪੁਲਸ ਨੇ ਸੁਰਜਨ ਸਿੰਘ (ਪੁਤਰ ਸੁਰੇਣ ਸਿੰਘ, ਵਾਸੀ ਤਿੱਬੜ, ਜ਼ਿਲ੍ਹਾ ਗੁਰਦਾਸਪੁਰ) ਅਤੇ ਬਲਜੀਤ ਸਿੰਘ (ਪੁਤਰ ਕੁੰਨਨ ਸਿੰਘ, ਵਾਸੀ ਜਾਗਰੀਆਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਅਵਤਾਰ ਸਿੰਘ ਤਾਰੀ, ਸਰਬਜੀਤ ਸਿੰਘ, ਬਲਜੀਤ ਸਿੰਘ, ਜਗਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

5 ਜਨਵਰੀ 1993 ਦੇ ਦਿਨ ਪੰਜਾਬ ਪੁਲਸ ਨੇ ਅਵਤਾਰ ਸਿੰਘ ਤਾਰੀ, ਸਰਬਜੀਤ ਸਿੰਘ, ਬਲਜੀਤ ਸਿੰਘ ਤੇ ਜਗਬੀਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

6 ਜਨਵਰੀ

1923: ਬਬਰ ਅਕਾਲੀ ਦਲੀਪ ਸਿੰਘ ਗੋਸਲ, ਕਰਮ ਸਿੰਘ ਝਿੰਗੜ ਤੇ ਆਤਮਾ ਸਿੰਘ ਬੀਕਾ ਗ੍ਰਿਫ਼ਤਾਰ ਕੀਤੇ ਗਏ

6 ਜਨਵਰੀ 1923 ਦੇ ਦਿਨ ਕਿਹਰ ਸਿੰਘ ਝਿੰਗੜ ਦੀ ਗ਼ਦਾਰੀ ਕਾਰਨ ਤਿੰਨ ਸੀਨੀਅਰ ਬਬਰ ਅਕਾਲੀ ਦਲੀਪ ਸਿੰਘ ਗੋਸਲ, ਕਰਮ ਸਿੰਘ ਝਿੰਗੜ ਤੇ ਆਤਮਾ ਸਿੰਘ ਬੀਕਾ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਬਬਰ ਸਰਗਰਮੀਆਂ ਕਰਨ 5-5 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਮਗਰੋਂ ਜਦੋਂ ਬਬਰ ਸਾਜ਼ਸ ਕੇਸ ਚਲਾਇਆ ਗਿਆ ਤਾਂ ਉਨ੍ਹਾਂ 'ਤੇ ਦੋਬਾਰਾ ਮੁਕੱਦਮਾ ਚਲਾਇਆ ਗਿਆ ਅਤੇ 'ਕਾਲੇ ਪਾਣੀ' (ਅੰਡੇਮਾਨ ਜੇਲ੍ਹ ਵਿਚ) ਭੇਜਣ ਦੀ ਸਜ਼ਾ ਦਿਤੀ ਗਈ।

1973: ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦਾ ਪਹਿਲੀ ਵਾਰ ਪ੍ਰਧਾਨ ਬਣਿਆ

ਮਾਰਚ 1972 ਦੀਆਂ ਅਸੈਂਬਲੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜ਼ਬਰਦਸਤ ਹਾਰ ਨਾਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਚ ਨਮੋਸ਼ੀ ਆਉਣੀ ਲਾਜ਼ਮੀ ਸੀ। ਅਕਾਲੀ ਦਲ ਵਲੋਂ ਪੰਜਾਬ ਦੀ ਖ਼ੁਸ਼ਹਾਲੀ ਵਿਚ ਜਮ੍ਹਾਂ-ਪੱਖੀ ਰੋਲ ਅਦਾ ਕੀਤੇ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਹਾਰ ਦਾ ਕਾਰਨ ਵਰਕਰਾਂ ਦਾ ਪੁਰਾਣੀ ਲੀਡਰਸ਼ਿਪ ਤੋਂ ਯਕੀਂ ਉਠ ਚੁਕਿਆ ਸੀ। ਉਹ ਮਹਿਸੂਸ ਕਰਦੇ ਸਨ ਕਿ ਇਹ ਆਗੂ ਕੌਮ ਦਾ ਕੁਝ ਨਹੀਂ ਸੰਵਾਰ ਸਕਦੇ। ਆਮ ਅਕਾਲੀ ਵਰਕਰ ਚਾਹੁੰਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨੌਜਵਾਨ ਆਗੂਆਂ ਕੋਲ ਹੋਣੀ ਚਾਹੀਦੀ ਹੈ। ਕੁਝ ਅਕਾਲੀ ਆਗੂਆਂ ਨੇ ਚੋਣਾਂ ਵਿਚ ਹੋਈ ਹਾਰ ਨੂੰ ਫ਼ਤਹਿ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ, 17 ਮਾਰਚ 1972 ਦੇ ਦਿਨ ਨੌਜਵਾਨ ਆਗੂ ਗੁਰਚਰਨ ਸਿੰਘ ਟੌਹੜਾ ਨੇ ਫ਼ਤਹਿ ਸਿੰਘ ਤੋਂ ਮੰਗ ਕੀਤੀ ਉਹ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਵੇ। ਮਜਬੂਰ ਹੋ ਕੇ 19 ਮਾਰਚ ਨੂੰ ਫ਼ਤਹਿ ਸਾਹਿਬ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। ਉਸ ਨੇ 25 ਮਾਰਚ ਨੂੰ ਮੋਹਣ ਸਿੰਘ ਤੁੜ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਾ ਦਿੱਤਾ। ਮਗਰੋਂ 11 ਅਕਤੂਬਰ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਤੁੜ ਨੂੰ ਰਸਮੀ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ।

ਫ਼ਤਹਿ ਸਿੰਘ ਨੂੰ ਆਸ ਸੀ ਕਿ ਜਨਰਲ ਇਜਲਾਸ 'ਚ ਉਸ ਨੂੰ ਸਰਪ੍ਰਸਤ, ਚੇਅਰਮੈਨ ਜਾਂ ਕੁਝ ਅਜਿਹਾ 'ਰਸਮੀ ਸਨਮਾਨ' ਜ਼ਰੂਰ ਦਿੱਤਾ ਜਾਏਗਾ, ਪਰ ਜਦੋਂ ਅਜਿਹਾ ਕੁਝ ਨਾ ਹੋਇਆ ਤਾਂ ਫ਼ਤਹਿ ਸਿੰਘ ਨੂੰ ਬੜਾ ਸਦਮਾ ਲਗਾ। ਇਸ ਬੇਇਜ਼ਤੀ ਨੇ ਉਸ ਦਾ ਦਿਲ ਤੋੜ ਦਿੱਤਾ। ਇਸ ਵੇਲੇ ਉਹ ਇਕ ਨਿੰਮੋਝੂਣਾ, ਉਦਾਸ, ਹਾਰਿਆ ਹੋਇਆ, ਬੇਬਸ, ਮੁਰਝਾਇਆ, ਬੇਦਿਲ, ਬੇਜਾਨ ਤੇ ਬਦਨਾਮ ਸ਼ਖ਼ਸ ਸੀ। ਇਸ ਹਾਲਤ ਵਿਚ ਉਹ 20 ਦਿਨ ਵੀ ਨਾ ਕੱਢ ਸਕਿਆ। 30 ਅਕਤੂਬਰ ਦੇ ਦਿਨ ਉਸ ਦੀ ਮੌਤ ਹੋ ਗਈ। ਉਸ ਦਾ ਯਾਰ, ਸ਼੍ਰੋਮਣੀ

ਕਮੇਟੀ ਦਾ ਪ੍ਰਧਾਨ ਚੰਨਣ ਸਿੰਘ ਵੀ, ਉਸ ਤੋਂ 24 ਦਿਨ ਮਗਰੋਂ, 23 ਨਵੰਬਰ ਨੂੰ ਦੁਨੀਆਂ ਛੱਡ ਗਿਆ।

ਚੰਨਣ ਸਿੰਘ ਦੇ ਟੁਰ ਜਾਣ ਪਿੱਛੋਂ 6 ਜਨਵਰੀ 1973 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਗੁਰਚਰਨ ਸਿੰਘ ਟੌਹੜਾ ਨੇ ਸੰਭਾਲੀ। ਟੌਹੜਾ ਦੇ ਆਉਣ ਨਾਲ ਗੁਰਦੁਆਰਿਆਂ ਵਿਚ ਬਹੁਤ ਸਾਰੇ ਸਾਬਕਾ ਕਮਿਊਨਿਸਟਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ। ਇਹ ਕਾਮਰੇਡ ਹਰਕਿਸ਼ਨ ਸੁਰਜੀਤ ਤੇ ਟੌਹੜਾ ਦੀ ਦੋਸਤੀ ਕਾਰਨ ਨੌਕਰੀਆਂ ਹਾਸਿਲ ਕਰ ਸਕੇ ਸਨ। ਇਨ੍ਹਾਂ ਵਿਚੋਂ ਬਹੁਤ ਹਮੇਸ਼ਾ ਵਾਸਤੇ ਟੌਹੜਾ ਦੇ ਵਫ਼ਾਦਾਰ ਬਣੇ ਰਹੇ। ਇਨ੍ਹਾਂ ਵਿਚ ਬਲਵੰਤ ਸਿੰਘ ਰਾਮੂੰਵਾਲੀਆ ਤੇ ਗੁਰਮੀਤ ਸਿੰਘ ਚੀਮਾ ਵਰਗੇ ਵੀ ਸਨ ਜੋ ਕਾਫ਼ੀ ਸਮਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਰਹੇ ਸਨ। ਟੌਹੜਾ ਨੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ (1979) ਵਿਚ ਵੀ ਕਈ ਸਾਬਕਾ ਕਾਮਰੇਡਾਂ ਨੂੰ ਵੀ ਟਿਕਟਾਂ ਦਿਵਾਈਆਂ।

1989: ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫ਼ਾਸੀ ਦਿੱਤੀ ਗਈ

31 ਅਕਤੂਬਰ 1984 ਦੇ ਦਿਨ ਬੇਅੰਤ ਸਿੰਘ ਮਲੋਆ (ਚੰਡੀਗੜ੍ਹ) ਤੇ ਸਤਵੰਤ ਸਿੰਘ ਅਗਵਾਨ ਪਿੰਡ (ਗੁਰਦਾਸਪੁਰ) ਨੇ ਇੰਦਰਾ ਗਾਂਧੀ ਨੂੰ ਸਿੱਖਾਂ 'ਤੇ ਜ਼ੁਲਮ ਕਰਨ, ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਅਤੇ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਕਰਨ ਦੀ ਸਜ਼ਾ ਦੇ ਦਿੱਤੀ। ਇੰਦਰਾ ਨੂੰ ਕਤਲ ਕਰਨ, ਮਗਰੋਂ ਦੋਹਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਦੋਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਗੋਲੀਆਂ ਦੀ ਵਾਛੜ ਕੀਤੀ ਗਈ। ਇਨ੍ਹਾਂ ਗੋਲੀਆਂ ਨਾਲ ਬੇਅੰਤ ਸਿੰਘ ਦੀ ਮੌਤ ਹੋ ਗਈ ਤੇ ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। (ਸਤਵੰਤ ਸਿੰਘ ਨੂੰ ਮਗਰੋਂ ਬਚਾ ਲਿਆ ਗਿਆ)। ਬੇਅੰਤ ਸਿੰਘ ਨੂੰ ਮਾਰਨ ਮਗਰੋਂ ਉਸ ਦੀ ਲਾਸ਼ ਦਾ ਕੀਹ ਕੀਤਾ ਗਿਆ, ਇਸ ਬਾਰੇ ਕੋਈ ਨਹੀਂ ਜਾਣਦਾ, ਕਿਉਂਕਿ ਜੇ ਉਸ ਦਾ ਸਸਕਾਰ ਪੁਲੀਸ ਨੇ ਕੀਤਾ ਵੀ ਤਾਂ ਵੀ ਉਸ ਦੀਆਂ ਅਸਥੀਆਂ ਤਕ ਬੇਅੰਤ ਸਿੰਘ ਦੇ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ ਸਨ। ਇਸ ਕੇਸ ਵਿਚ ਬਲਬੀਰ ਸਿੰਘ ਤੇ ਕੇਹਰ ਸਿੰਘ (ਚਾਚਾ ਬੇਅੰਤ ਸਿੰਘ) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

6 ਜੂਨ 1985 ਨੂੰ ਇੰਦਰਾ ਕਤਲ ਦੀ ਸੁਣਵਾਈ ਸ਼ੁਰੂ ਹੋਈ ਤੇ 28 ਜਨਵਰੀ 1986 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਵੀਰ ਸਿੰਘ ਤੇ ਕੇਹਰ ਸਿੰਘ ਨੂੰ ਸਜ਼ਾ-ਇ-ਮੌਤ ਸੁਣਾਈ। ਇਹ ਆਮ ਚਰਚਾ ਸੀ ਕਿ ਇਸ ਮੁਕੱਦਮੇ ਦਾ ਫ਼ੈਸਲਾ ਰਾਜੀਵ ਦੀ ਕੋਠੀ ਵਿਚ ਲਿਖਿਆ ਗਿਆ ਸੀ। ਮਹੇਸ਼ ਚੰਦਰ ਫ਼ੈਸਲਾ ਪੜ੍ਹਦਿਆਂ ਥਥਲਾ ਰਿਹਾ ਸੀ ਤੇ ਕੁਝ ਮਿੰਟਾਂ ਵਿਚ ਹੀ ਲਿਖਤ ਪੜ੍ਹ ਕੇ ਉਠ ਗਿਆ।

ਇਨ੍ਹਾਂ ਤਿੰਨਾਂ ਨੇ ਕੇਸ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ। ਪਰ ਰਾਜੀਵ ਨੇ ਦਿੱਲੀ ਹਾਈਕੋਰਟ ਵਿਚ ਆਪਣੇ ਵਫ਼ਾਦਾਰ ਚਾਵਲਾ ਨੂੰ ਚੀਫ਼ ਜਸਟਿਸ ਬਣਾ ਕੇ ਆਪਣੀ ਮਰਜ਼ੀ ਮੁਤਾਬਿਕ ਫ਼ੈਸਲਾ ਕਰਵਾ ਲਿਆ ਅਤੇ ਤਿੰਨਾਂ ਦੀ ਫ਼ਾਂਸੀ ਦੀ ਸਜ਼ਾ ਬਹਾਲ ਰਖਵਾ ਲਈ। ਰਾਜੀਵ ਦੇ ਵਫ਼ਾਦਾਰ ਜੱਜ ਸਨ: ਐਮ. ਕੇ. ਚਾਵਲਾ, ਬੀ.ਐਨ ਕਿਰਪਾਲ ਅਤੇ ਐਸ. ਰੰਗਾਨਾਥਨ। ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਗਈ। ਸੁਪਰੀਮ ਕੋਰਟ ਨੇ ਬਲਬੀਰ ਸਿੰਘ ਨੂੰ ਤਾਂ ਬਰੀ ਕਰ ਦਿੱਤਾ ਪਰ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਫ਼ਾਂਸੀ ਦੀ ਸਜ਼ਾ ਬਹਾਲ ਰੱਖੀ। ਇਹ ਸੀ ਸੁਪਰੀਮ ਕੋਰਟ ਦਾ 'ਇਨਸਾਫ਼' ਜਿਸ 'ਤੇ

ਦੁਨੀਆਂ ਦੇ ਹਰ ਕਾਨੂੰਨਦਾਨ ਨੂੰ ਹੈਰਤਅੰਗੇਜ਼ ਹੈਰਾਨੀ ਹੋਈ। ਕੇਹਰ ਸਿੰਘ ਦੀ ਸਜ਼ਾ ਬਾਰੇ ਦੁਨੀਆਂ ਭਰ ਦੇ ਕਾਨੂੰਨਦਾਨਾਂ ਨੂੰ ਸਦਮਾ ਲੱਗਾ ਕਿ ਉਸ ਨੂੰ ਬੇਗੁਨਾਹ ਹੋਣ ਦੇ ਬਾਵਜੂਦ ਫ਼ਾਂਸੀ ਦਿੱਤੀ ਗਈ। ਇਹ ਦੁਨੀਆਂ ਭਰ ਦੀ ਤਵਾਰੀਖ਼ ਦਾ ਸਭ ਤੋਂ ਵਧੇਰੇ ਬੇਇਨਸਾਫ਼ੀ ਵਾਲਾ ਫ਼ੈਸਲਾ ਸੀ। ਦੋਹਾਂ ਨੂੰ 6 ਜਨਵਰੀ 1989 ਦੇ ਦਿਨ ਫ਼ਾਂਸੀ ਦੇ ਦਿੱਤੀ ਗਈ।

1991: ਜਗਵਿੰਦਰ ਸਿੰਘ ਹੈਪੀ, ਦਵਿੰਦਰ ਸਿੰਘ ਘੁੰਘਰਾਲੀ, ਮਨਜੀਤ ਸਿੰਘ ਬਿੱਲਾ ਮੋਰਿੰਡਾ, ਗੁਰਪਾਲ ਸਿੰਘ ਪਾਲਾ ਗੰਡੂਆਂ, ਉਮਰਾਓ ਸਿੰਘ ਰਾਜੂ ਗੰਡੂਆਂ ਤੇ ਸੁਰਜੀਤ ਸਿੰਘ ਘੁੰਦਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਤੇ 6 ਜਨਵਰੀ 1991 ਦੀ ਰਾਤ ਨੂੰ ਪੰਜਾਬ ਪੁਲਸ ਨੇ ਜਗਵਿੰਦਰ ਸਿੰਘ ਹੈਪੀ (ਵਾਸੀ ਕਟਾਣੀ ਸਾਹਿਬ), ਦਵਿੰਦਰ ਸਿੰਘ (ਵਾਸੀ ਘੁੰਘਰਾਲੀ), ਮਨਜੀਤ ਸਿੰਘ ਬਿੱਲਾ (ਵਾਸੀ ਮੋਰਿੰਡਾ), ਗੁਰਪਾਲ ਸਿੰਘ ਪਾਲਾ (ਵਾਸੀ ਗੰਡੂਆਂ), ਉਮਰਾਓ ਸਿੰਘ ਰਾਜੂ (ਵਾਸੀ ਗੰਡੂਆਂ) ਤੇ ਸੁਰਜੀਤ ਸਿੰਘ ਸੀਤਾ (ਵਾਸੀ ਘੁੰਦਰ ਅਗਲੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਦਿਲਬਾਗ ਸਿੰਘ ਬੱਗਾ ਕੋਹਾਲੀ, ਕਰਨੈਲ ਸਿੰਘ ਬੈਹਕ ਗੁਜਰਾ, ਬਲਵਿੰਦਰ ਸਿੰਘ ਬੱਚੀਵਿੰਡ, ਪ੍ਰਿਥੀ ਸਿੰਘ ਤੇ ਉਸ ਦੀ ਮਾਤਾ, ਗੁਰਮੇਜ ਸਿੰਘ ਗੇਜਾ ਫੱਤੂ ਢੀਗਾ ਤੇ ਗੁਰਜੀਤ ਸਿੰਘ ਸੰਧੂ ਠੱਠੀਆਂ, ਅੰਮ੍ਰਿਤਸਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

6 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਕੋਹਾਲੀ, ਜ਼ਿਲ੍ਹਾ ਅੰਮ੍ਰਿਤਸਰ), ਕਰਨੈਲ ਸਿੰਘ (ਬੈਹਕ ਗੁਜਰਾ, ਫਿਰੋਜ਼ਪੁਰ), ਬਲਵਿੰਦਰ ਸਿੰਘ (ਬੱਚੀਵਿੰਡ, ਅੰਮ੍ਰਿਤਸਰ), ਪ੍ਰਿਥੀ ਸਿੰਘ ਅਤੇ ਉਸ ਦੀ ਮਾਤਾ, ਗੁਰਮੇਜ ਸਿੰਘ ਗੇਜਾ (ਫੱਤੂ ਢੀਗਾ, ਕਪੂਰਥਲਾ) ਤੇ ਗੁਰਜੀਤ ਸਿੰਘ ਸੰਧੂ (ਠੱਠੀਆਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਬਲਵਿੰਦਰ ਸਿੰਘ ਗੁਲਾਬਾ, ਜਸਵੰਤ ਸਿੰਘ ਤੇ 3 ਹੋਰ ਪੁਲਸ ਮੁਕਾਬਲੇ ਵਿਚ ਸ਼ਹੀਦ

6 ਜਨਵਰੀ 1993 ਦੇ ਦਿਨ ਖਾੜਕੂਆਂ ਅਤੇ ਪੁਲਸ ਵਿਚ ਇਕ ਅਸਲੀ ਮੁਕਾਬਲੇ ਵਿਚ ਬਲਵਿੰਦਰ ਸਿੰਘ ਉਰਫ਼ ਗੁਲਾਬਾ, ਜਸਵੰਤ ਸਿੰਘ ਅਤੇ 3 ਹੋਰ ਸਿੱਖ ਸ਼ਹੀਦ ਹੋ ਗਏ। ਇਸ ਮੁਕਾਬਲੇ ਵਿਚ ਦੋ ਸਿਪਾਹੀ ਵੀ ਮਾਰੇ ਗਏ ਤੇ 3 ਬੁਰੀ ਤਰ੍ਹਾਂ ਜ਼ਖ਼ਮੀ ਹੋਏ।

7 ਜਨਵਰੀ

1924: ਅਕਾਲ ਤਖ਼ਤ ਤੇ ਪੁਲਸ ਦਾ ਧਾਵਾ

ਸਿੱਖ ਆਗੂਆਂ ਦੀ ਕਾਂਗਰਸ ਨਾਲ ਨੇੜਤਾ, ਨਾਮਿਲਵਰਤਣ ਦਾ ਫ਼ੈਸਲਾ, ਆਜ਼ਾਦੀ ਤੇ ਖ਼ੁਦਮੁਖ਼ਤਿਆਰੀ ਦੇ ਫੋਕੇ ਨਾਅਰੇ ਅਤੇ ਹੋਰ ਸਿਆਸੀ ਰੋਲ ਕਰ ਕੇ ਅੰਗਰੇਜ਼ ਸਰਕਾਰ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲ ਚੋਖੀ ਖ਼ਫ਼ਾ ਸੀ ਪਰ ਜਦੋਂ ਸਿੱਖ ਆਗੂਆਂ ਨੇ ਨਾਭੇ ਦੇ ਰਾਜੇ ਦੀ ਬਹਾਲੀ ਦਾ ਸਵਾਲ ਉਠਾਇਆ ਅਤੇ ਜੈਤੋ ਮੋਰਚਾ ਲਾ ਦਿੱਤਾ ਤਾਂ ਸਰਕਾਰ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਗ਼ੈਰ-ਕਾਨੂੰਨੀ ਐਲਾਨ ਕਰਾਰ ਦੇ ਦਿੱਤਾ। 12 ਅਕਤੂਬਰ 1923 ਦੇ ਦਿਨ, 23772-73 ਨੰਬਰ ਚਿੱਠੀ ਜਾਰੀ ਕਰ ਕੇ, ਸਰਕਾਰ ਨੇ (ਸ਼੍ਰੋਮਣੀ) ਅਕਾਲੀ ਦਲ ਤੇ ਅਕਾਲੀ ਜਥੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲੋਕਲ

ਗੁਰਦੁਆਰਾ ਕਮੇਟੀਆਂ ਨੂੰ ਗੈਰ-ਕਾਨੂੰਨੀ ਕਰਾਰ ਦੇਣ ਦੇ ਨਾਲ ਹੀ ਉਸ ਰਾਤ ਅਤੇ ਅਗਲੇ ਦਿਨ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਦਫ਼ਾਵਾਂ 120 ਬੀ, 121 ਏ, 124 ਏ, 17 ਏ, ਅਤੇ 17 ਬੀ ਹੇਠ ਗ੍ਰਿਫ਼ਤਾਰ ਕਰ ਲਿਆ। ਪਹਿਲੇ ਦਿਨ 59 ਆਗੂ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਹੇਠ ਲਿਖੇ ਆਗੂ ਵੀ ਸ਼ਾਮਿਲ ਸਨ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ:ਬ: ਮਹਿਤਾਬ ਸਿੰਘ, ਤੇਜਾ ਸਿੰਘ ਅਕਰਪੁਰੀ, ਭਗਤ ਜਸਵੰਤ ਸਿੰਘ, ਬਾਵਾ ਹਰਕਿਸ਼ਨ ਸਿੰਘ, ਗਿਆਨੀ ਸ਼ੇਰ ਸਿੰਘ, ਭਾਗ ਸਿੰਘ ਵਕੀਲ, ਹਰੀ ਸਿੰਘ ਜਲੰਧਰੀ, ਪ੍ਰੋ: ਤੇਜਾ ਸਿੰਘ, ਪ੍ਰੋ: ਨਿਰੰਜਨ ਸਿੰਘ, ਸਰਮੁਖ ਸਿੰਘ ਝਬਾਲ, ਗੋਪਾਲ ਸਿੰਘ ਕੌਮੀ, ਸੋਹਣ ਸਿੰਘ ਜੋਸ਼, ਤੇਜਾ ਸਿੰਘ ਚੂਹੜਕਾਨਾ, ਦਾਨ ਸਿੰਘ ਵਛੋਆ, ਹੈਡਮਾਸਟਰ ਮਹਿਤਾਬ ਸਿੰਘ, ਪਿਆਰਾ ਸਿੰਘ ਲੰਗੇਰੀ, ਸੇਵਾ ਸਿੰਘ ਠੀਕਰੀਵਾਲਾ, ਨਰੈਣ ਸਿੰਘ ਬੈਰਿਸਟਰ, ਪ੍ਰੋ: ਸਾਹਿਬ ਸਿੰਘ, ਰਾਏ ਸਿੰਘ ਕਾਉਣੀ, ਗੁਰਦਿੱਤ ਸਿੰਘ ਬਹਿਲੋਲਪੁਰੀ ਵਗੈਰਾ। ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਕਰੀਬਨ ਸਾਰੀ ਦੀ ਸਾਰੀ ਐਗਜ਼ੈਕਟਿਵ ਸ਼ਾਮਿਲ ਸੀ।

ਇਨ੍ਹਾਂ ਆਗੂਆਂ ਦੀ ਗ੍ਰਿਫ਼ਤਾਰੀ ਮਗਰੋਂ ਸ਼੍ਰੋਮਣੀ ਕਮੇਟੀ ਨੇ ਨਵੀਂ ਐਗਜ਼ੈਕਟਿਵ ਦੀ ਚੋਣ ਕਰ ਲਈ। ਇਸ ਐਗਜ਼ੈਕਟਿਵ ਦੀ ਮੀਟਿੰਗ 7 ਜਨਵਰੀ 1924 ਦੇ ਦਿਨ ਅਕਾਲ ਤਖ਼ਤ 'ਤੇ ਹੋ ਰਹੀ ਸੀ। ਇਸ ਸਮੇਂ ਭਾਰੀ ਗਿਣਤੀ ਵਿਚ ਪੁਲਸ ਦਰਬਾਰ ਸਾਹਿਬ ਆ ਪੁਜੀ ਅਤੇ ਅਕਾਲ ਤਖ਼ਤ ਸਾਹਿਬ 'ਤੇ ਚੜ੍ਹ ਕੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨਾ ਚਾਹਿਆ। ਇਸ 'ਤੇ ਸਿੱਖਾਂ ਨੇ ਪੁਲਸ ਨੂੰ ਘੇਰਾ ਪਾ ਲਿਆ ਅਤੇ ਪਿਛੇ ਧੱਕ ਦਿੱਤਾ। ਇਸ ਮੌਕੇ ਤੇ ਖ਼ਾਲਸਾ ਕਾਲਜ ਤੋਂ ਸੀਨੀਅਰ ਸਿੱਖ ਪ੍ਰੋਫ਼ੈਸਰ, ਸਿੱਖ ਵਕੀਲ ਤੇ ਕਈ ਧਾਰਮਿਕ ਆਗੂ ਵੀ ਪਹੁੰਚ ਗਏ। ਪੁਲਸ ਅਤੇ ਸਿੱਖਾਂ ਵਿਚ ਤਕਰਾਰ ਸ਼ੁਰੂ ਹੋ ਗਿਆ; ਪੁਲਸ ਤਖ਼ਤ 'ਤੇ ਚੜ੍ਹਨਾ ਚਾਹੁੰਦੀ ਸੀ ਤੇ ਸਿੱਖ ਇਸ ਦੀ ਇਜਾਜ਼ਤ ਦੇਣ ਵਾਸਤੇ ਤਿਆਰ ਨਹੀਂ ਸਨ। ਅਖ਼ੀਰ ਸਿੱਖ ਆਗੂਆਂ ਨੇ ਕਿਹਾ ਕਿ ਪੁਲਸ ਜਿਸ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ ਉਸ ਦਾ ਨਾਂ ਦੱਸੇ; ਉਹ ਆਪ ਗ੍ਰਿਫ਼ਤਾਰੀ ਵਾਸਤੇ ਪੇਸ਼ ਹੋ ਜਾਵੇਗਾ ਪਰ ਪੁਲਸ ਦਰਬਾਰ ਸਾਹਿਬ ਵਿਚ ਵੜ ਨਹੀਂ ਸਕਦੀ। ਪੁਲਸ ਨੇ 70 ਤੋਂ ਵਧ ਨਾਂ ਦਿੱਤੇ ਜਿਨ੍ਹਾਂ ਵਿਚੋਂ 62 ਉਥੇ ਹਾਜ਼ਰ ਸਨ; ਉਨ੍ਹਾ ਸਾਰਿਆਂ ਨੇ ਗ੍ਰਿਫ਼ਤਾਰੀ ਦੇ ਦਿੱਤੀ। ਇਸ ਦਿਨ ਗ੍ਰਿਫ਼ਤਾਰ ਹੋਣ ਵਾਲਿਆਂ ਦੇ ਨਾਂ ਹੇਠ ਲਿਖੇ ਹਨ: 1. ਸੋਹਣ ਸਿੰਘ ਖਡੂਰ ਸਾਹਿਬ 2. ਮਾਸਟਰ ਸੁਜਾਨ ਸਿੰਘ ਸਰਹਾਲੀ 3. ਜਵਾਹਰ ਸਿੰਘ ਬੁਰਜ ਜ਼ਿਲ੍ਹਾ ਅੰਮ੍ਰਿਤਸਰ, 4. ਚੰਨਣ ਸਿੰਘ ਜਲੰਧਰ 5. ਸੁੰਦਰ ਸਿੰਘ ਅੰਮ੍ਰਿਤਸਰ 6. ਜੈ ਸਿੰਘ ਢੁਡਿਆਲ ਜ਼ਿਲ੍ਹਾ ਜੇਹਲਮ 7. ਆਸਾ ਸਿੰਘ ਚੇਡਾਲੀ ਜ਼ਿਲ੍ਹਾ ਗੁਜਰਾਂਵਾਲਾ 8. ਅਮਰੀਕ ਸਿੰਘ ਚੂਨੇਵਾਲੇ ਗੁਜਰਾਂਵਾਲਾ 9. ਦਰਿਆਮ ਸਿੰਘ ਗਰਮੂਲਾ 10. ਅਵਤਾਰ ਸਿੰਘ ਬੈਰਿਸਟਰ ਗੁਜਰਾਂਵਾਲਾ 11. ਨਰਿੰਜਨ ਸਿੰਘ ਵਾਜਿਆਂ ਵਾਲੇ, ਕਾਰਖ਼ਾਨਾ ਤਾਨਸੈਨ, ਗੁਜਰਾਂਵਾਲਾ 12. ਗਿਆਨ ਸਿੰਘ ਦੀਪਾਲਪੁਰ 13. ਹੁਕਮ ਸਿੰਘ ਵਕੀਲ ਮਿੰਟਗੁਮਰੀ 14. ਜਸਵੰਤ ਸਿੰਘ ਜਥੇਦਾਰ ਮਿੰਟਗੁਮਰੀ 15. ਲੱਖਾ ਸਿੰਘ ਕੁਰਲਕੇ ਜ਼ਿਲ੍ਹਾ ਸ਼ੇਖ਼ੂਪੁਰਾ 16 ਸੋਹਣ ਸਿੰਘ ਸ਼ੇਖ਼ੂਪੁਰਾ 17. ਸੁਦਾਗਰ ਸਿੰਘ, 18. ਇੰਦਰ ਸਿੰਘ ਮਰੜ, 19. ਸ਼ੇਰ ਸਿੰਘ ਕੋਟ ਪਿੰਡੀਵਾਲ (ਸ਼ੇਖ਼ੂਪੁਰਾ), 20. ਸੂਰਤ ਸਿੰਘ ਕਿਸ਼ਨਪੁਰਾ (ਲੁਧਿਆਣਾ), 21. ਰਣਬੀਰ ਸਿੰਘ ਕਾਉਂਕੇ 22. ਜੁਗਿੰਦਰ ਸਿੰਘ ਵਕੀਲ ਰਾਏਪੁਰ 23. ਕਰਤਾਰ ਸਿੰਘ ਲੁਧਿਆਣਾ 24. ਸੁੰਦਰ ਸਿੰਘ ਘੁਮਾਣ ਜ਼ਿਲ੍ਹਾ ਫ਼ਿਰੋਜ਼ਪੁਰ 25. ਹਰਨਾਮ ਸਿੰਘ ਕਬਰਵੱਛਾ, 26. ਗੁਰਦਿਆਲ ਸਿੰਘ ਸਿਆਲਕੋਟ 27. ਭਗਤ ਸਿੰਘ ਜਥੇਦਾਰ ਤਸੀਲ ਪਸਰੂਰ 28. ਗਿਆਨ ਸਿੰਘ ਸਿਆਲਕੋਟ 29. ਨਿਰਮਲ ਸਿੰਘ (ਭਤੀਜਾ ਬਾਬਾ ਖੜਕ ਸਿੰਘ) ਸਿਆਲਕੋਟ 30. ਪ੍ਰਤਾਪ ਸਿੰਘ ਕੋਟ ਫ਼ਤੂਹੀ ਜ਼ਿਲ੍ਹਾ ਹੁਸ਼ਿਆਰਪੁਰ 31. ਗਿ: ਬਤਨ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ,

32. ਗੁਰਬਖਸ਼ ਸਿੰਘ ਵਜਾਊ ਕੋਟ (ਗੁਰਦਾਸਪੁਰ) 33. ਤੇਜਾ ਸਿੰਘ ਅਲਾਵਲਪੁਰ (ਗੁਰਦਾਸਪੁਰ) 34. ਕਿਸ਼ਨ ਸਿੰਘ ਨਾਨੂੰ ਨੰਗਲ 35. ਰਤਨ ਸਿੰਘ ਆਜ਼ਾਦ 36. ਮਹੰਤ ਲਹਿਣਾ ਸਿੰਘ ਪੌਂਟਾ ਸਾਹਿਬ 37. ਸਾਹਿਬ ਸਿੰਘ ਚੱਕ 127 ਜਨੂਬੀ ਸਰਗੋਧਾ 38. ਮਾਨ ਸਿੰਘ ਚੱਕ 127 ਜਨੂਬੀ, ਸਰਗੋਧਾ 39. ਦੂਨਾ ਸਿੰਘ ਐਬਟਾਬਾਦ 40. ਸ: ਗਿਆਨ ਸਿੰਘ ਐਬਟਾਬਾਦ 41. ਦੀਵਾਨ ਸਿੰਘ ਕੋਟ ਨਜੀਬੁੱਲਾ 42. ਫੌਜਾ ਸਿੰਘ ਤਸੀਲ ਚੂਨੀਆਂ 43. ਇੰਦਰ ਸਿੰਘ ਬਰਕੀ (ਲਾਹੌਰ) 44. ਜਵਾਲਾ ਸਿੰਘ ਜ਼ਿਲ੍ਹਾ ਲਾਹੌਰ 45. ਬਲਵੰਤ ਸਿੰਘ ਗੁਜਰਖਾਨੀ 46. ਜਵੰਦ ਸਿੰਘ ਰਾਵਲਪਿੰਡੀ 47. ਰਾਜਾ ਸਿੰਘ ਵਕੀਲ ਪਿਸ਼ਾਵਰ 48. ਜਗਤ ਸਿੰਘ ਪਿਸ਼ਾਵਰ 49. ਜੈ ਸਿੰਘ ਮਰਦਾਨ 50. ਮਹਿਤਾਬ ਸਿੰਘ ਕੋਹਾਟ, 51. ਹਰਨਾਮ ਸਿੰਘ ਪੰਜਾ ਸਾਹਿਬ 52. ਅਮਰ ਸਿੰਘ ਐਡੀਟਰ ਸ਼ੇਰੇ-ਪੰਜਾਬ 53. ਮਹੰਤ ਮੂਲ ਸਿੰਘ, ਗ੍ਰੰਥੀ ਦਰਬਾਰ ਸਾਹਿਬ 54. ਬਾਵਾ ਸਰੂਪ ਸਿੰਘ ਲਾਹੌਰ 55. ਧਰਮ ਸਿੰਘ 56. ਸੁੰਦਰ ਸਿੰਘ ਜਥੇਦਾਰ ਬਟਾਲਾ 57. ਡਾਕਟਰ ਭਗਵਾਨ ਸਿੰਘ ਅੰਮ੍ਰਿਤਸਰ 58. ਮੋਹਨ ਸਿੰਘ ਵੈਦ ਤਰਨ ਤਾਰਨ 59. ਹੀਰਾ ਸਿੰਘ ਨਾਰਲੀ ਜ਼ਿਲ੍ਹਾ ਲਾਹੌਰ 60. ਸੁਚਾ ਸਿੰਘ ਖਰਾ ਸੌਦਾ (ਸ਼ੇਖੂਪੁਰਾ) 61. ਜਮਾਂਦਾਰ ਸਾਧੂ ਸਿੰਘ ਲਾਇਲਪੁਰ 62. ਕਰਮ ਸਿੰਘ ਚੀਮਾ (ਜਲੰਧਰ)।

1961: ਮਾਸਟਰ ਤਾਰਾ ਸਿੰਘ ਨਹਿਰੂ ਨੂੰ ਭਾਵ ਨਗਰ ਜਾ ਕੇ ਮਿਲਿਆ

ਫਤਹਿ ਸਿੰਘ ਗੰਗਾਨਗਰ ਨੇ 18 ਦਸੰਬਰ 1960 ਦੇ ਦਿਨ ਪੰਜਾਬੀ ਸੂਬਾ ਵਾਸਤੇ ਮਰਨ ਵਰਤ ਰੱਖਿਆ। 3-4 ਜਨਵਰੀ 1961 ਦੀ ਵਿਚਕਾਰਲੀ ਰਾਤ ਨੂੰ ਸਰਕਾਰ ਵਲੋਂ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਕੇ ਦਰਬਾਰ ਸਾਹਿਬ ਗੁਰੂ ਰਾਮਦਾਸ ਸਰਾਂ ਦੇ ਫਾਟਕ ਤੇ ਲਿਆ ਖੜਾ ਕੀਤਾ ਗਿਆ। ਮੋਰਚਾ ਕਮੇਟੀ ਨੇ ਮਾਸਟਰ ਜੀ ਨੂੰ ਨਹਿਰੂ ਕੋਲ ਭੇਜਿਆ। ਮਾਸਟਰ ਤਾਰਾ ਸਿੰਘ 5 ਜਨਵਰੀ ਦੇ ਦਿਨ ਭਾਵਨਗਰ ਨਹਿਰੂ ਕੋਲ ਪਹੁੰਚੇ। ਪਿਛੋਂ ਫਤਹਿ ਸਿੰਘ ਨੇ ਨਹਿਰੂ ਨੂੰ ਤਾਰ ਭੇਜੀ, ''ਮਾਸਟਰ ਜੀ ਤੁਹਾਡੇ ਕੋਲ ਆ ਰਹੇ ਹਨ ਤਾਂ ਜੋ ਤੁਸੀਂ 31 ਦਸੰਬਰ ਦੀ ਦਿੱਲੀ ਵਾਲੀ ਤਕਰੀਰ ਦੋਹਰਾ ਦੇਵੇ ਕਿ ਪੰਜਾਬ ਇਕ ਭਾਸ਼ਾਈ ਸੂਬਾ ਹੀ ਹੈ।''

ਨਹਿਰੂ ਨੇ ਦਲ ਨੂੰ ਚਿੱਠੀ ਲਿਖ ਕੇ ਪੰਜਾਬੀ ਸੂਬੇ ਦੇ ਸਵਾਲ 'ਤੇ ਗਲਬਾਤ ਕਰਨ ਦੀ ਪੇਸ਼ਕਸ਼ ਕੀਤੀ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 6 ਤਾਰੀਖ ਨੂੰ ਸਵੇਰੇ 10 ਵਜੇ ਮੀਟਿੰਗ ਕੀਤੀ ਅਤੇ ਮਾਸਟਰ ਤਾਰਾ ਸਿੰਘ, ਸਤਬੀਰ ਸਿੰਘ, ਚੇਤ ਸਿੰਘ, ਗਿ: ਕ੍ਰਿਪਾਲ ਸਿੰਘ ਤੇ ਫਤਹਿ ਸਿੰਘ ਕੋਲ ਗਏ ਤੇ ਵਰਕਿੰਗ ਕਮੇਟੀ ਵਲੋਂ ਵਰਤ ਛੱਡਣ ਦੀ ਅਪੀਲ ਕੀਤੀ। ਪਰ ਫਤਹਿ ਸਿੰਘ ਨਾ ਮੰਨਿਆ। ਮੋਰਚਾ ਕਮੇਟੀ ਨੇ ਮਾਸਟਰ 'ਤੇ ਜ਼ੋਰ ਪਾਇਆ ਕਿ ਉਹ ਨਹਿਰੂ ਨੂੰ ਜਾ ਕੇ ਫੇਰ ਮਿਲੇ।

ਮਾਸਟਰ ਤਾਰਾ ਸਿੰਘ 8 ਜਨਵਰੀ 1960 ਦੇ ਦਿਨ ਨਹਿਰੂ ਨੂੰ ਭਾਵ ਨਗਰ ਜਾ ਕੇ ਦੋਬਾਰਾ ਮਿਲਿਆ। ਉਸ ਨਾਲ ਹਰਬੰਸ ਸਿੰਘ ਗੁਜਰਾਲ ਤੇ ਲਛਮਣ ਸਿੰਘ ਗਿੱਲ ਵੀ ਸਨ। ਨਹਿਰੂ ਨੇ ਕੋਈ ਗੱਲ ਨਾ ਮੰਨੀ ਅਤੇ ਮਾਸਟਰ ਨੇ ਬਿਆਨ ਦੇ ਦਿੱਤਾ ਕਿ ਫਤਹਿ ਸਿੰਘ ਤੋਂ ਪਿਛੋਂ ਉਹ ਵਰਤ ਰੱਖੇਗਾ। ਇਸ 'ਤੇ ਜਵਾਹਰ ਲਾਲ ਨੇ ਦਿੱਲੀ ਵਿਚ ਦਿੱਤਾ, 31 ਦਸੰਬਰ ਵਾਲਾ, ਬਿਆਨ ਦੋਹਰਾ ਦਿੱਤਾ। ਇਸ ਤੋਂ ਮਗਰੋਂ ਮਾਸਟਰ ਜੀ ਨੇ ਫਤਹਿ ਸਿੰਘ ਨੂੰ ਤਾਰ ਭੇਜੀ ਤੇ ਨਾਲ ਹੀ ਫੋਨ ਕਰ ਦਿੱਤਾ।

1991: ਸਾਧੂ ਸਿੰਘ ਪੰਜ ਰੁੱਖਾ ਤੇ ਗੁਰਮੇਜ ਸਿੰਘ ਫੌਜੀ ਪੰਜਵੜ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਾਧੂ ਸਿੰਘ (ਪੁੱਤਰ ਅਮਲਾ ਸਿੰਘ, ਵਾਸੀ ਪੰਜ ਰੁੱਖਾ, ਲੁਧਿਆਣਾ) ਤੇ ਗੁਰਮੇਜ ਸਿੰਘ ਫੌਜੀ, ਪੰਜਵੜ, ਅੰਮ੍ਰਿਤਸਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਪਟਨਾ ਵਿਚ ਗੁਰੂ ਗੋਬਿੰਦ ਸਿੰਘ ਪੁਰਬ ਦੇ ਮੌਕੇ 'ਤੇ ਗੜਬੜ

7 ਜਨਵਰੀ 2104 ਦੇ ਦਿਨ ਪਟਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਪੁਰਬ ਦੇ ਮੌਕੇ 'ਤੇ ਪ੍ਰਤਾਪ ਸਿੰਘ ਨੂੰ ਮੀਤ ਜਥੇਦਾਰ ਲਾਉਣ 'ਤੇ ਇਕਬਾਲ ਸਿੰਘ ਪੁਜਾਰੀ ਨੇ ਸਟੇਜ 'ਤੇ ਆ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਗੜਬੜ ਦੌਰਾਨ ਗੁਰਦੁਆਰੇ ਵਿਚ ਹੀ ਸਿੱਖ ਪੱਗੋ-ਪੱਗੀ ਹੋਏ। ਮਗਰੋਂ ਗੁਰਦੁਆਰਾ ਕਮੇਟੀ ਨੇ ਇਕਬਾਲ ਸਿੰਘ ਨੂੰ ਮੁਅੱਤਲ ਕਰ ਦਿੱਤਾ (ਮਗਰੋਂ ਉਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ)। ਪ੍ਰਤਾਪ ਸਿੰਘ ਨੂੰ ਵੀ ਇਕਬਾਲ ਸਿੰਘ ਵਾਂਙ ਆਰ.ਐਸ.ਐਸ. ਦੀ ਸਰਪਰਸਤੀ ਹਾਸਿਲ ਹੈ।

8 ਜਨਵਰੀ

1691: ਪਟਿਆਲਾ ਰਿਆਸਤ ਦੇ ਬਾਨੀ ਆਲਾ ਸਿੰਘ ਜਨਮ

ਪਟਿਆਲਾ ਰਿਆਸਤ ਦੇ ਬਾਨੀ ਆਲਾ ਸਿੰਘ ਦਾ ਜਨਮ 8 ਜਨਵਰੀ 1691 ਦੇ ਦਿਨ ਭਾਈ ਰਾਮ ਸਿੰਘ ਦੇ ਘਰ ਹੋਇਆ। ਆਲਾ ਸਿੰਘ ਦਾ ਜਨਮ ਫੂਲ (ਜ਼ਿਲ੍ਹਾ ਬਠਿੰਡਾ) ਵਿਚ ਹੋਇਆ ਸੀ ਤੇ ਉਸ ਦਾ ਵਿਆਹ ਖੰਨਾ ਦੇ ਭਾਈ ਕਾਲਾ ਦੀ ਬੇਟੀ ਫੱਤੋ (ਫ਼ਤਹਿ ਕੌਰ) ਨਾਲ ਹੋਇਆ ਸੀ। 1714 ਵਿਚ ਉਹ 30 ਪਿੰਡਾਂ ਦੀ ਇਕ ਨਿੱਕੀ ਜਹੀ ਰਿਆਸਤ ਦਾ ਚੌਧਰੀ ਬਣਿਆ। 1723 ਵਿਚ ਉਸ ਨੇ ਕਈ ਹੋਰ ਪਿੰਡਾਂ 'ਤੇ ਵੀ ਕਬਜ਼ਾ ਕਰ ਲਿਆ। ਬਰਨਾਲਾ ਉਸ ਦੀ ਰਾਜਧਾਨੀ ਸੀ। 1731 ਵਿਚ ਉਸ ਨੇ ਰਾਇਕੋਟ ਦੇ ਰਾਇ ਕਲ੍ਹਾ ਨੂੰ ਹਰਾਇਆ। ਇਸ ਮਗਰੋਂ ਫ਼ਾਜਲੀ, ਲੌਂਗੋਵਾਲ, ਦਿੜ੍ਹਬਾ, ਸ਼ੇਰੋਂ ਵਗ਼ੈਰਾ ਵੀ ਜਿਤ ਲਏ। ਇਸ ਮਗਰੋਂ ਉਸ ਨੇ ਬਠਿੰਡਾ ਤੇ ਵੀ ਕਬਜ਼ਾ ਕਰ ਲਿਆ। ਉਸ ਨੇ 1732 ਵਿਚ ਖੰਡੇ ਦੀ ਪਾਹੁਲ ਲਈ। ਉਸ ਨੇ 1753 ਵਿਚ ਪਟਿਆਲਾ ਨਗਰ ਦੀ ਨੀਂਹ ਰੱਖੀ। 1761 ਵਿਚ ਉਸ ਨੇ ਮਰਹੱਟਿਆਂ ਦਾ ਸਾਥ ਦਿੱਤਾ ਜਿਸ ਤੇ ਅਹਿਮਦ ਸਾਹ ਦੁੱਰਾਨੀ ਨੇ ਉਸ ਆਲਾ ਸਿੰਘ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਮਰਹੱਟਿਆਂ, ਨੂੰ ਬੁਰੀ ਤਰ੍ਹਾਂ ਤਬਾਹ ਕਰਨ; ਅਤੇ ਲੱਖਾਂ-ਕਰੋੜਾਂ ਦਾ ਮਾਲ ਲੁੱਟਣ ਮਗਰੋਂ, ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਅਤੇ ਕਾਮਯਾਬ ਤਾਕਤ ਸਮਝਦਾ ਹੋਇਆ, ਅਹਿਮਦ ਸ਼ਾਹ ਦਿੱਲੀ ਤੋਂ ਮੁੜ ਪਿਆ। ਉਹ 29 ਮਾਰਚ 1761 ਦੇ ਦਿਨ ਪੁੱਜਾ। ਇੱਥੇ ਪਟਿਆਲੇ ਦਾ ਰਾਜਾ ਆਲਾ ਸਿੰਘ ਅਹਿਮਦ ਸ਼ਾਹ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਅਤੇ ਬਹੁਤ ਸਾਰੇ ਕੀਮਤੇ ਤੋਹਫ਼ੇ ਪੇਸ਼ ਕੀਤੇ। ਅਹਿਮਦ ਸ਼ਾਹ ਨੇ ਖ਼ੁਸ਼ ਹੋਣ ਦੀ ਬਜਾਇ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਸ (ਆਲਾ ਸਿੰਘ) ਨੇ ਬੀਤੇ ਸਾਲ ਮਰਹੱਟਿਆਂ ਦੀ ਮਦਦ ਕੀਤੀ ਸੀ। ਆਲਾ ਸਿੰਘ ਨੇ ਅਹਿਮਦ ਸ਼ਾਹ ਤੋਂ ਇਸ ਗ਼ਲਤੀ ਦੀ ਮੁਆਫ਼ੀ ਮੰਗ ਲਈ। ਅਹਿਮਦ ਸ਼ਾਹ ਨੇ ਉਸ ਨੂੰ ਤਿੰਨ ਲੱਖ ਰੁਪਏ ਜੁਰਮਾਨਾ ਅਦਾ ਕਰਨ ਵਾਸਤੇ ਆਖਿਆ। ਜੁਰਮਾਨਾ ਵਸੂਲ ਕਰਨ ਮਗਰੋਂ ਅਹਿਮਦ ਸ਼ਾਹ ਨੇ ਆਲਾ ਸਿੰਘ ਨੂੰ ਅਫ਼ਗਾਨ

ਹਕੂਮਤ ਵਲੋਂ 'ਪਟਿਆਲੇ ਦਾ ਰਾਜਾ' ਦਾ ਅਹੁਦਾ (ਖ਼ਿਤਾਬ) ਦਿੱਤਾ। ਮਗਰੋਂ ਆਲਾ ਸਿੰਘ ਵਲੋਂ ਅਫ਼ਗਾਨੀਆਂ ਦੀ ਗ਼ੁਲਾਮੀ ਕਬੂਲਣ 'ਤੇ ਸਰਬੱਤ ਖਾਲਸਾ ਦੇ ਜਥੇਦਾਰ ਸ: ਜੱਸਾ ਸਿੰਘ ਆਹੂਲਵਾਲੀਆ ਨੇ ਉਸ ਦੀ ਬੇਇੱਜ਼ਤੀ ਕੀਤੀ ਤੇ ਉਸ ਨੂੰ ਭਾਰੀ ਜੁਰਮਾਨਾ ਕੀਤਾ। ਆਲਾ ਸਿੰਘ ਨੇ ਸਰਬੱਤ ਖਾਲਸਾ ਨੂੰ ਵੀ ਜੁਰਮਾਨਾ ਅਦਾ ਕਰ ਦਿੱਤਾ। (ਆਲਾ ਸਿੰਘ ਹਰ ਚੜ੍ਹਦੇ ਸੂਰਜ ਤੇ ਹਰ ਤਾਕਤ ਨੂੰ ਸਲਾਮ ਕਰਦਾ ਹੁੰਦਾ ਸੀ)। 7 ਅਗਸਤ 1765 ਦੇ ਦਿਨ ਉਸ ਦੀ ਮੌਤ ਹੋ ਗਈ।

1961: ਫਤਹਿ ਸਿੰਘ ਨੇ ਮਰਨ ਵਰਤ ਛੱਡਿਆ

ਨਹਿਰੂ ਨਾਲ ਮੁਲਾਕਾਤ ਸਬੰਧੀ ਮਾਸਟਰ ਤਾਰਾ ਸਿੰਘ ਦਾ ਫ਼ੋਨ ਰਾਤ ਸਾਢੇ 7 ਵਜੇ ਆਇਆ। ਇਸ ਮਗਰੋਂ ਮੋਰਚਾ ਕਮੇਟੀ ਨੇ ਵਰਤ ਖੁਲ੍ਹਵਾਉਣਾ ਦਾ ਫ਼ੈਸਲਾ ਕੀਤਾ। ਫਤਹਿ ਸਿੰਘ ਦਾ ਵਰਤ ਖੁਲ੍ਹਵਾਉਣ ਦਾ ਇੰਤਜ਼ਾਮ ਕੀਤਾ ਗਿਆ। ਉਸੇ ਵੇਲੇ ਗੋਪਾਲ ਸਿੰਘ ਕੌਮੀ ਆ ਪਹੁੰਚਿਆ ਤੇ ਕਹਿਣ ਲੱਗਾ, ''ਬਾਬਾ ਜੀ ਵਰਤ ਨਾ ਛੱਡਣਾ, ਕੁਝ ਨਹੀਂ ਜੇ ਮਿਲਿਆ।'' ਇਸ 'ਤੇ ਫਤਹਿ ਸਿੰਘ ਦੇ ਸੇਵਾਦਾਰ ਨੇ ਕੌਮੀ ਨੂੰ ਚੁਪ ਕਰਵਾਉਣ ਵਾਸਤੇ ਕ੍ਰਿਪਾਨ ਕੱਢ ਲਈ। ਸਾਰੀ ਮੋਰਚਾ ਕਮੇਟੀ ਨਰਾਜ਼ ਹੋ ਗਈ। ਉਨ੍ਹਾਂ ਨੇ 9 ਜਨਵਰੀ ਨੂੰ ਸਵੇਰੇ 9 ਵਜੇ ਦੀਵਾਨ 'ਚ ਮਨਜ਼ੂਰੀ ਲੈ ਕੇ ਵਰਤ ਖੋਲ੍ਹਣ ਦਾ ਐਲਾਨ ਕੀਤਾ। ਪਰ ਅਗਲੇ ਦਿਨ ਸਵੇਰੇ ਸਾਢੇ ਅੱਠ ਵਜੇ ਹੀ ਵਰਤ ਖੋਹਲ ਦਿੱਤਾ। ਫਤਹਿ ਸਿੰਘ ਨੂੰ ਪੰਜ ਗ੍ਰੰਥੀਆਂ (ਪਿਆਰਿਆਂ) ਨੇ ਵਰਤ ਛਡਣ ਦੀ ਅਪੀਲ ਕੀਤੀ। ਇਹ ਪੰਜ ਸੀਨੀਅਰ ਗ੍ਰੰਥੀ ਸਨ: ਚੇਤ ਸਿੰਘ, ਕ੍ਰਿਪਾਲ ਸਿੰਘ, ਫ਼ੌਜਾ ਸਿੰਘ, ਬਖ਼ਸ਼ੀਸ਼ ਸਿੰਘ ਤੇ ਮੋਹਨ ਸਿੰਘ। ਗਿ: ਚੇਤ ਸਿੰਘ ਨੇ ਚਾਂਦੀ ਦੇ ਗਿਲਾਸ ਵਿਚ ਫਲਾਂ ਦਾ ਰਸ ਪਿਲਾ ਕੇ ਫਤਹਿ ਸਿੰਘ ਦਾ ਵਰਤ ਖੁਲ੍ਹਵਾਇਆ। ਸੰਗਤਾਂ ਜਦੋਂ ਪਹੁੰਚੀਆਂ ਤਾਂ ਉਹਨਾਂ ਬਹੁਤ ਨਰਾਜ਼ਗੀ ਦਿਖਾਈ ਕਿਉਂਕਿ ਵਰਤ 9 ਵਜੇ ਸੰਗਤ ਦੀ ਮਨਜ਼ੂਰੀ ਨਾਲ ਖੁਲ੍ਹਣਾ ਸੀ। ਲੋਕਾਂ ਨੇ ਹਰਚਰਨ ਸਿੰਘ ਹੁਡਿਆਰਾ ਨੂੰ ਧੱਕੇ ਮਾਰੇ ਕਿਉਂ ਕਿ ਉਹ ਹੁਡਿਆਰੇ ਨੂੰ ਮੁੱਖ ਜ਼ਿੰਮੇਦਾਰ ਸਮਝ ਰਹੇ ਸਨ। ਇਸੇ ਦਿਨ ਫਤਹਿ ਸਿੰਘ ਦੇ ਵਰਤ ਖ਼ਤਮ ਹੋਣ ਦੀ ਖ਼ੁਸ਼ੀ ਵਿਚ ਦਰਬਾਰ ਸਾਹਿਬ ਵਿਚ ਆਤਿਸ਼ਬਾਜ਼ੀ ਚਲਾਈ ਗਈ ਅਤੇ ਦੀਪਮਾਲਾ ਕੀਤੀ ਗਈ।

1986: ਬਰਨਾਲੇ ਦੀ ਹਕੂਮਤ 'ਚ ਕਪੂਰਥਲਾ ਦੀਆਂ ਸਿੱਖ ਕੁੜੀਆਂ ਤੇ ਜ਼ੁਲਮ

ਸਿਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਰਨਾਲਾ ਸਰਕਾਰ ਦੇ ਜ਼ੁਲਮਾਂ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਸਤੇ 10 ਜਨਵਰੀ 1986 ਦੇ ਦਿਨ 'ਰਸਤਾ ਰੋਕੋ' ਦਾ ਐਲਾਨ ਕੀਤਾ। ਇਸ ਬਾਰੇ ਬਰਨਾਲੇ ਨੇ ਧਮਕੀ ਦਿੱਤੀ ਕਿ ਇਹ ਰਸਤਾ ਰੋਕੋ ਸਖ਼ਤੀ ਨਾਲ ਨਿਪਟਿਆ ਜਾਏਗਾ।'ਰਸਤਾ ਰੋਕੋ' ਨੂੰ ਫ਼ੇਲ੍ਹ ਕਰਨ ਵਾਸਤੇ ਅਠ ਜਨਵਰੀ ਤੋਂ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਫਗਵਾੜਾ, ਫ਼ੀਰੋਜ਼ਪੁਰ ਅਤੇ ਕਪੂਰਥਲਾ ਵਗ਼ੈਰਾ ਚੋਂ ਸੈਂਕੜੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਕਪੂਰਥਲੇ ਵਿਚ ਸਿੱਖ ਨੌਜਵਾਨਾਂ ਜਸਵਿੰਦਰ ਸਿੰਘ, ਜਗਵਿੰਦਰ ਸਿੰਘ, ਹਰਜਿੰਦਰ ਸਿੰਘ, ਸਤਵਿੰਦਰ ਸਿੰਘ ਤੇ ਬਿੱਕਰ ਸਿੰਘ ਨੂੰ ਇਸ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਜੋ 10 ਜਨਵਰੀ ਦਾ ਰਸਤਾ ਰੋਕੋ ਫ਼ੇਲ੍ਹ ਕੀਤਾ ਜਾ ਸਕੇ। ਜਸਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਨਾਅਰੇ ਲਾਉਣ 'ਤੇ ਪੁਲੀਸ ਨੇ ਤਿੰਨ ਸਿੱਖ ਕੁੜੀਆਂ ਪਰਮਜੀਤ ਕੌਰ, ਨਰਿੰਦਰਜੀਤ ਕੌਰ (ਗੌਰਮਿੰਟ

ਕਾਲਜ) ਅਤੇ ਰਵਿੰਦਰ ਕੌਰ (ਹਿੰਦੂ ਕਾਲਜ) ਤੇ ਜ਼ਾਲਮਾਨਾ ਤਸ਼ੱਦਦ ਕੀਤਾ। ਉਨ੍ਹਾਂ ਨੂੰ ਕੇਸਾਂ ਤੋਂ ਧੂਹਿਆ ਅਤੇ ਠੁੱਡੇ, ਲਾਠੀਆਂ ਅਤੇ ਡੰਡੇ ਮਾਰ ਕੇ ਜ਼ਖ਼ਮੀ ਕਰ ਦਿਤਾ ਗਿਆ। ਇਸ 'ਤੇ 35 ਵਕੀਲਾਂ ਨੇ ਧਰਨਾ ਮਾਰਿਆਂ ਤਾ ਹੈਡਕਾਂਸਟੇਬਲ ਅਮਰਜੀਤ ਤੇ ਪਰਮਜੀਤ ਨੂੰ ਲਾਈਨ ਹਾਜ਼ਿਰ ਕਰ ਦਿਤਾ ਗਿਆ; ਹੋਰ ਕੋਈ ਸਜ਼ਾ ਨਾ ਦਿੱਤੀ।।

1987: ਸ਼ਿੰਗਾਰਾ ਸਿੰਘ ਨੂੰ ਪੁਲਸ ਨੇ ਥਾਣੇ ਵਿਚ ਕੁਟ ਕੁਟ ਕੇ ਮਾਰ ਦਿੱਤਾ

8 ਜਨਵਰੀ 1987 ਦੇ ਦਿਨ ਇਕ ਬੇਗੁਨਾਹ ਸਿੱਖ ਸ਼ਿੰਗਾਰਾ ਸਿੰਘ ਨੂੰ ਪੁਲਸ ਨੇ ਲੋਪੋਕੇ ਥਾਣੇ ਵਿਚ ਕੁਟ ਕੁਟ ਕੇ ਮਾਰ ਦਿੱਤਾ।

1987: ਸੀ.ਆਰ.ਪੀ.ਐਫ਼. ਅਤੇ ਪੁਲਸ ਵੱਲੋਂ ਲੋਕਾਂ 'ਤੇ ਜ਼ੁਲਮ

8 ਜਨਵਰੀ 1987 ਦੇ ਦਿਨ ਸੀ.ਆਰ.ਪੀ.ਐਫ਼. ਅਤੇ ਪੁਲੀਸ ਨੇ ਮਾਇਓਪਟੀ ਪਿੰਡ (ਨਰੂੜ ਪਾਂਛਟਾ ਅਤੇ ਅਜਨੋਹਾ ਦੇ ਵਿਚਕਾਰ) ਵਿੱਚ ਜਾ ਕੇ ਘਰ-ਘਰ ਵਿਚ ਤਲਾਸ਼ੀ ਲਈ ਤੇ ਲੋਕਾਂ ਨੂੰ ਨਾਜਾਇਜ਼ ਤੰਗ ਕੀਤਾ। ਡੀ.ਐਸ.ਪੀ. ਦਰਸ਼ਨ ਸਿੰਘ ਇਸ ਦਾ ਇੰਚਾਰਜ ਸੀ। ਇਸੇ ਦਿਨ ਸੀ.ਆਰ.ਪੀ. ਨੇ ਇਕ ਟਰੱਕ ਉੱਤੇ ਗੋਲੀਆਂ ਚਲਾ ਕੇ ਚਾਰ ਬੇਗੁਨਾਹ ਸਿੱਖਾਂ ਮਹਿੰਦਰ ਸਿੰਘ, ਦਰਸ਼ਨ ਸਿੰਘ, ਜੀਤ ਸਿੰਘ ਤੇ ਇੰਦਰਜੀਤ ਸਿੰਘ ਨੂੰ ਬੁਰੀ ਜ਼ਖ਼ਮੀ ਕਰ ਦਿੱਤਾ।

1992: ਜਗੀਰ ਸਿੰਘ ਤਿੱਬੜ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜਨਵਰੀ 1992 ਦੇ ਦਿਨ ਪੁਲਸ ਨੇ ਜਗੀਰ ਸਿੰਘ (ਪੁਤਰ ਮੋਹਨ ਸਿੰਘ, ਵਾਸੀ ਤਿੱਬੜ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜਸਵਿੰਦਰ ਸਿੰਘ ਗੰਡਾਸਾ ਤੇ ਬਲਵਿੰਦਰ ਸਿੰਘ ਸੰਧੂ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ ਲੱਖਾ, ਜਗੀਰ ਸਿੰਘ ਫ਼ੌਜੀ, ਗੁਲਜ਼ਾਰ ਸਿੰਘ ਬਾਬਾ ਬੁਲਟ, ਸਿਕੰਦਰ ਸਿੰਘ ਬਿੱਲਾ, ਸਤਨਾਮ ਸਿੰਘ, ਬਿਕਰਮ ਸਿੰਘ ਦੁੱਲਾ ਸੁਰਜੀਤ ਸਿੰਘ ਪੈਂਟਾ, ਮਗੂ ਸਿੰਘ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜਨਵਰੀ 1993 ਦੇ ਦਿਨ ਪੁਲਸ ਨੇ ਜਸਵਿੰਦਰ ਸਿੰਘ ਗੰਡਾਸਾ (ਵਾਸੀ ਛੱਡੇਵਾਲੀ), ਬਲਵਿੰਦਰ ਸਿੰਘ ਸੰਧੂ (ਵਾਸੀ ਘਣੀਏ ਕੇ ਬਾਂਗਰ), ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ ਲੱਖਾ (ਵਾਸੀ ਯੂ.ਪੀ.), ਜਗੀਰ ਸਿੰਘ ਫ਼ੌਜੀ (ਵਾਸੀ ਕਾਲਾ ਅਫ਼ਗ਼ਾਨਾ) ਨੂੰ ਛਿਛਰੇਵਾਲ ਅਤੇ ਫ਼ਤਹਿਗੜ੍ਹ ਚੂੜੀਆਂ ਵਿਚਕਾਰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਇਸੇ ਦਿਨ ਪੁਲਸ ਨੇ ਗੁਲਜ਼ਾਰ ਸਿੰਘ ਬਾਬਾ ਬੁਲਟ, ਸਿਕੰਦਰ ਸਿੰਘ ਬਿੱਲਾ, ਸਤਨਾਮ ਸਿੰਘ, ਬਿਕਰਮ ਸਿੰਘ ਦੁੱਲਾ ਸੁਰਜੀਤ ਸਿੰਘ ਪੈਂਟਾ, ਮੰਗੂ ਸਿੰਘ ਤੇ 2 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

9 ਜਨਵਰੀ

1765: ਸਿੱਖਾਂ ਦਾ ਦਿੱਲੀ ਤੇ ਹਮਲਾ; ਦਿੱਲੀ ਦਾ ਨਾਜ਼ਮ ਨਜੀਬੁਦੌਲਾ ਲਾਲ ਕਿਲ੍ਹੇ ਵਿਚ ਬੰਦ ਹੋ ਕੇ ਬੈਠ ਗਿਆ

ਦਿੱਲੀ ਦੇ ਨੇੜੇ ਭਰਤਪੁਰ ਰਿਆਸਤ (ਰਾਜਿਸਥਾਨ) ਦਾ ਰਾਜਾ ਸੂਰਜ ਮੱਲ ਸੀ। ਉਸ ਨੇ ਇਕ ਨਿੱਕੀ ਜਿਹੀ ਰਿਆਸਤ ਤੋਂ ਸ਼ੁਰੂ ਕਰ ਕੇ ਆਗਰਾ ਤੇ ਮੌਜੂਦਾ ਹਰਿਆਣਾ ਜਿੱਤ ਲਿਆ ਸੀ। ਉਸ ਵਕਤ ਦਿੱਲੀ ਵਿਚ ਭਾਵੇਂ ਮੁਗ਼ਲ ਬਾਦਸ਼ਾਹ ਦਾ ਰਾਜ ਸੀ ਪਰ ਅਸਲ ਵਿਚ ਰੁਹੀਲਾ ਜਰਨੈਲ ਨਜੀਬੁਦੌਲਾ ਦੀ ਹੀ ਹਕੂਮਤ ਸੀ। ਸੂਰਜ ਮੱਲ ਤੇ ਨਜੀਬੁਦੌਲਾ ਵਿਚਕਾਰ ਅਕਸਰ ਟੱਕਰ ਚਲਦੀ ਰਹਿੰਦੀ ਸੀ। 25 ਦਸੰਬਰ 1763 ਦੇ ਦਿਨ ਸਯਦ ਮੁਹੰਮਦ ਖ਼ਾਨ ਬਲੋਚੀ ਦੀਆਂ ਫ਼ੌਜਾਂ ਨੇ ਚਾਲਾਕੀ ਨਾਲ ਰਾਜੇ ਸੂਰਜ ਮੱਲ ਨੂੰ ਘੇਰ ਲਿਆ ਤੇ ਕਤਲ ਕਰ ਕੇ ਉਸ ਦਾ ਸਿਰ ਅਤੇ ਹੱਥ ਵੱਢ ਕੇ ਨਜੀਬੁਦੌਲਾ ਨੂੰ ਪੇਸ਼ ਕੀਤੇ। ਜਦ ਇਹ ਖ਼ਬਰ ਸੂਰਜ ਮੱਲ ਦੇ ਪੁਤਰ ਜਵਾਹਰ ਸਿੰਘ ਨੂੰ ਮਿਲੀ ਤਾਂ ਉਸ ਨੇ ਇਸ ਦਾ ਬਦਲਾ ਲੈਣ ਦੀ ਸਹੁੰ ਖਾਧੀ ਅਤੇ ਮਰਹੱਟਿਆਂ ਅਤੇ ਸਿੱਖਾਂ ਨਾਲ ਰਾਬਤਾ ਕੀਤਾ। ਸਿੱਖ ਨਜੀਬੁਦੌਲਾ ਨੂੰ ਪਹਿਲਾਂ ਵੀ ਕਈ ਵਾਰ ਟੱਕਰ ਚੁਕੇ ਸਨ ਇਸ ਕਰ ਕੇ ਉਹ ਜਵਾਹਰ ਸਿੰਘ ਦੀ ਮਦਦ ਵਾਸਤੇ ਤਿਆਰ ਹੋ ਗਏ। 9 ਜਨਵਰੀ 1765 ਦੇ ਦਿਨ ਸਿੱਖ ਫ਼ੌਜਾਂ ਦਿੱਲੀ ਵਿਚ ਦਾਖ਼ਿਲ ਹੋ ਗਈਆਂ। ਭਾਵੇਂ ਨਜੀਬੁਦੌਲਾ ਕੋਲ ਕਾਫ਼ੀ ਫ਼ੌਜ ਸੀ ਪਰ ਉਸ ਨੇ ਸਿੱਖਾਂ ਨਾਲ ਟੱਕਰ ਲੈਣ ਦੀ ਬਜਾਇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਦੂਜੇ ਪਾਸੇ ਨਜੀਬੁਦੌਲਾ ਨੇ ਜਵਾਹਰ ਸਿੰਘ ਜਾਟ ਰਾਜੇ ਨਾਲ ਸਿੱਧਾ ਸਮਝੌਤਾ ਕਰ ਲਿਆ।

ਉਂਞ ਇਸ ਮਗਰੋਂ ਸਤੰਬਰ 1765 ਤੋਂ ਮਈ 1766 ਵਿਚਕਾਰ ਨਜੀਬ-ਉਦ-ਦੌਲਾ ਨੇ ਸਿੱਖਾਂ 'ਤੇ ਕਈ ਵਾਰ ਹਮਲਾ ਕੀਤਾ ਪਰ ਤਕਰੀਬਨ ਹਰ ਵਾਰ ਬੁਰੀ ਤਰ੍ਹਾਂ ਮਾਰ ਖਾਧੀ ਤੇ ਹਰ ਵਾਰ ਉਸ ਨੇ ਆਪਣਾ ਜ਼ਬਰਦਸਤ ਨੁਕਸਾਨ ਕਰਵਾਇਆ।1768 ਵਿਚ ਵੀ ਨਜੀਬ-ਉਦ-ਦੌਲਾ ਨੇ ਵੀ ਸਿੱਖਾਂ ਨਾਲ ਕਈ ਵਾਰ ਟੱਕਰ ਲਈ ਪਰ ਤਕਰੀਬਨ ਹਰ ਵਾਰ ਬੁਰੀ ਤਰ੍ਹਾਂ ਮਾਰ ਖਾਧੀ। ਉਹ ਵਿਚਾਰਾ ਏਨੀ ਬੇਇੱਜ਼ਤੀ ਮਹਿਸੂਸ ਕਰ ਰਿਹਾ ਸੀ ਕਿ ਉਸ ਦਾ ਦਿਲ ਸਭ ਕੁਝ ਛੱਡ ਕੇ ਮੱਕੇ ਜਾਣ ਨੂੰ ਕਰਨ ਲਗ ਪਿਆ ਸੀ।

1960: ਮਾਸਟਰ ਮੋਤਾ ਸਿੰਘ ਚੜ੍ਹਾਈ ਕਰ ਗਏ

ਮਾਸਟਰ ਮੋਤਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ 'ਅਕਾਲੀ ਦਲ' ਦੇ ਬਾਨੀਆਂ ਵਿਚੋਂ ਇਕ ਸਨ। ਬਬਰ ਅਕਾਲੀ ਲਹਿਰ ਦਾ ਮੁਢ ਬੰਨਣ ਵਾਲੇ ਵੀ ਆਪ ਹੀ ਸਨ। ਆਪ ਨੇ ਕਈ ਸਾਲ ਅੰਗਰੇਜ਼ ਦੀ ਜੇਲ੍ਹ ਵਿਚ ਬਿਤਾਏ ਸਨ।1947 ਤੋਂ ਮਗਰੋਂ ਉਹ ਕਾਂਗਰਸ ਨਾਲ ਮਿਲਵਰਤਣ ਕਰਦੇ ਰਹੇ ਸਨ ਅਤੇ 1952 ਵਿਚ ਐਮ.ਐਲ.ਏ. ਵੀ ਚੁਣੇ ਗਏ ਸਨ। ਪਰ ਉਨ੍ਹਾਂ ਦੀ ਕਾਂਗਰਸ ਨਾਲ ਨਿਭੀ ਨਹੀਂ ਤੇ ਉਹ ਕਿਸਾਨ ਸਭਾ ਦੇ ਆਗੂ ਬਣ ਗਏ। 1959 ਦੇ ਅਖ਼ੀਰ ਵਿਚ ਉਹ ਬੀਮਾਰ ਪੈ ਗਏ ਅਤੇ 9 ਜਨਵਰੀ 1960 ਦੇ ਦਿਨ ਆਪ ਚੜ੍ਹਾਈ ਕਰ ਗਏ।

1983: ਬੁੱਧੀਜੀਵੀ ਕਨਵੈਨਸ਼ਨ ਵੱਲੋਂ ਧਰਮ ਯੁਧ ਮੋਰਚੇ ਦੀ ਹਿਮਾਇਤ

ਏਸ਼ੀਆਈ ਖੇਡਾਂ ਦੌਰਾਨ ਜਿਨ੍ਹਾਂ ਸਿੱਖਾਂ ਨਾਲ ਜ਼ਿਆਦਤੀ ਅਤੇ ਗੁੰਡਾਗਰਦੀ ਹੋਈ ਸੀ, ਉਨ੍ਹਾਂ ਵਿਚ ਬਹੁਤ ਸਾਰੇ ਫ਼ੌਜੀ ਅਫ਼ਸਰ ਵੀ ਸਨ। ਇਨ੍ਹਾਂ ਵਿਚੋਂ ਬਹੁਤ ਪਹਿਲਾਂ ਸਰਕਾਰ ਨਿਵਾਜ਼ ਜਾਂ ਕਾਂਗਰਸੀ ਸਨ। ਜਦੋਂ ਉਨ੍ਹਾਂ ਨੂੰ ਖ਼ੁਦ ਨੂੰ ਸੇਕ ਲੱਗਿਆ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਇਸ ਦੇਸ਼ ਵਿਚ ਗ਼ੁਲਾਮ ਹਨ। ਇਹ ਸੋਚ ਕੇ ਉਨ੍ਹਾਂ ਨੇ ਪੰਥ ਵੱਲ ਮੁੜਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚੋਂ ਕੁਝ 17 ਨਵੰਬਰ 1982 ਨੂੰ ਮੇਜਰ ਜਨਰਲ ਮਹਿੰਦਰ ਸਿੰਘ ਤੇ ਗੁਰਬਖਸ਼ ਸਿੰਘ ਦੀ ਕਮਾਂਡ ਹੇਠ ਹਰਚੰਦ ਸਿੰਘ ਲੌਂਗੋਵਾਲ ਕੋਲ ਆਏ ਤੇ ਦਲ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਇਸ 'ਤੇ ਹਰਚੰਦ ਸਿੰਘ ਲੌਂਗੋਵਾਲ ਨੇ ਸਾਬਕ ਫ਼ੌਜੀਆਂ ਦੀ ਇਕ ਕਨਵੈਨਸ਼ਨ 26 ਦਸੰਬਰ 1982 ਦੇ ਦਿਨ ਅੰਮ੍ਰਿਤਸਰ ਵਿਚ ਬੁਲਾ ਲਈ। ਇਸ ਵਿਚ ਅਕਾਲੀ ਪਾਰਟੀ ਮੁਤਾਬਿਕ 13619 (ਅਤੇ ਸਰਕਾਰ ਮੁਤਾਬਿਕ 5000) ਸਾਬਕ ਫ਼ੌਜੀ ਸ਼ਾਮਿਲ ਹੋਏ। ਇਸ ਕਨਵੈਨਸ਼ਨ ਵਿਚ ਸਾਬਕ ਫ਼ੌਜੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਪਾਸ ਕੀਤਾ।

ਸਾਬਕ ਫ਼ੌਜੀਆਂ ਤੋਂ ਆਪਣੇ ਹੱਕ ਵਿਚ ਫ਼ਤਵਾ ਲੈਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ 9 ਜਨਵਰੀ 1983 ਦੇ ਦਿਨ ਬੁੱਧੀਜੀਵੀਆਂ ਦੀ ਕਨਵੈਨਸ਼ਨ ਬੁਲਾ ਲਈ। ਇਸ ਕਾਨਫ਼ਰੰਸ ਵਿਚ ਤਕਰੀਬਨ 15000 ਦੀ ਹਾਜ਼ਰੀ ਸੀ। ਇਸ ਕਨਵੈਨਸ਼ਨ ਨੇ ਅਨੰਦਪੁਰ ਸਾਹਿਬ ਦੇ ਮਤੇ ਦੀ ਹਿਮਾਇਤ ਤੋਂ ਇਲਾਵਾ ਸਿੱਖ ਕਦਰਾਂ ਕੀਮਤਾਂ 'ਤੇ ਹਮਲੇ, ਸਿੱਖਾਂ ਤੇ ਤਸ਼ੱਦਦ, ਸਿੱਖ ਫ਼ੌਜੀਆਂ ਨੂੰ ਨਾਜਾਇਜ਼ ਤੰਗ ਕਰਨ ਅਤੇ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਕਤਲ ਕਰਨ ਦੇ ਖ਼ਿਲਾਫ਼ ਮਤੇ ਵੀ ਪਾਸ ਕੀਤੇ। ਇਸ ਕਨਵੈਨਸ਼ਨ ਵਿਚ ਬੁਧੀਜੀਵੀਆਂ ਨੇ ਵੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਵੀ ਪਾਸ ਕੀਤਾ।

1988: ਖਾੜਕੂਆਂ ਨੇ ਪੁਲਸ ਮੁਖਬਰ ਦਾ ਟੱਬਰ ਖ਼ਤਮ ਕੀਤਾ

1986-87 ਵਿਚ ਬਰਨਾਲੇ ਤੇ ਰਾਜੀਵ ਦੇ ਹੁਕਮਾਂ ਹੇਠ ਰਬੈਰੋ ਅਤੇ ਸੀ.ਆਰ.ਪੀ.ਐਫ਼. ਰਾਹੀਂ ਚਲਾਈ ਜ਼ੁਲਮ ਦੀ ਹਨੇਰੀ ਦੇ ਬਾਵਜੂਦ ਖਾੜਕੂਆਂ ਦੇ ਐਕਸ਼ਨ ਜਾਰੀ ਰਹੇ। ਖਾੜਕੂਆਂ ਨੇ ਆਪਣੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਕਈ ਮੁਖ਼ਬਰਾਂ, ਜ਼ਾਲਮ ਪੁਲਸੀਆਂ ਤੇ ਅਫ਼ਸਰਾਂ 'ਤੇ ਹਮਲੇ ਕੀਤੇ। ਇਸ ਦਾ ਆਗਾਜ਼ ਬ੍ਰਹਮਪੁਰਾ ਕਾਂਡ ਵਿਚ ਸਿੱਖਾਂ 'ਤੇ ਢਾਹੇ ਗਏ ਜ਼ੁਲਮ ਦੀ ਸਜ਼ਾ ਦੇਣ ਹਿਤ 9 ਜਨਵਰੀ 1987 ਦੇ ਦਿਨ ਤੁੜ ਪਿੰਡ ਦੇ ਨੰਬਰਦਾਰ ਮੁਖ਼ਬਰ ਗੁਰਮੇਜ ਸਿੰਘ ਦੇ ਘਰ 'ਤੇ ਹਮਲਾ ਕੀਤਾ ਗਿਆ ਜਿਸ ਵਿਚ ਉਸ ਦੇ ਟੱਬਰ ਦੇ 9 ਜੀਅ ਮਾਰੇ ਗਏ।

1988: ਸਤਨਾਮ ਸਿੰਘ ਸੱਤਾ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜਨਵਰੀ 1988 ਦੇ ਦਿਨ ਪੁਲਸ ਨੇ ਸਤਨਾਮ ਸਿੰਘ ਸੱਤਾ ਉਰਫ਼ ਬਾਵਾ ਨੂੰ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ ਕਹਿ ਕੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਅਣੋਖ ਸਿੰਘ ਉਰਫ਼ ਕਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜਨਵਰੀ 1993 ਦੇ ਦਿਨ ਪੁਲਸ ਨੇ ਅਣੋਖ ਸਿੰਘ ਉਰਫ਼ ਕਾਲਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਪਾਕਿਸਤਾਨ ਵਿਚ ਇਕ ਸਿੱਖ ਵੱਲੋਂ ਮੁਸਲਮਾਨ ਨਾ ਬਣਨ 'ਤੇ ਕਤਲ ਕੀਤਾ ਗਿਆ

9 ਜਨਵਰੀ 2013 ਦੇ ਦਿਨ ਪਾਕਿਸਤਾਨ ਦੇ ਇਕ ਪਿੰਡ ਟੱਬੀ ਵਿਚ ਪਾਕਿਸਤਾਨੀ ਤਵਹੀਦੁਲ ਇਸਲਾਮ ਨਾਂ ਦੀ ਜਮਾਤ ਦੇ ਤਾਲਿਬਾਨ ਨੇ ਇਕ 40 ਸਾਲਾ ਮਹਿੰਦਰ ਸਿੰਘ ਨਾਂ ਦੇ ਇਕ ਸਿੱਖ ਦੁਕਾਨਦਾਰ ਨੂੰ ਅਗਵਾ ਕਰ ਕਰ ਕੇ ਉਸ ਦਾ ਸਿਰ ਵੱਢ ਕੇ ਮਾਰ ਦਿੱਤਾ। ਤਾਲਿਬਾਨ ਨੇ ਉਸ 'ਤੇ ਲਸ਼ਕਰੇ ਇਸਲਾਮ ਜਮਾਤ ਵਾਸਤੇ ਜਾਸੂਸੀ ਕਰਨ ਦਾ ਦੋਸ਼ ਲਾਇਆ ਸੀ ਤੇ ਮਾਰਨ ਤੋਂ ਪਹਿਲਾਂ ਮੁਸਲਮਾਨ ਬਣ ਜਾਣ ਦੀ ਸੂਰਤ ਵਿਚ ਜਾਨ ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਸੀ ਪਰ ਉਸ ਵੱਲੋਂ ਨਾਂਹ ਕਰਨ 'ਤੇ ਉਸ ਦਾ ਸਿਰ ਵੱਢ ਦਿੱਤਾ ਗਿਆ। ਉਸ ਨੂੰ 20 ਨਵੰਬਰ 2012 ਦੇ ਦਿਨ ਅਗਵਾ ਕੀਤਾ ਗਿਆ ਸੀ। ਮਾਰੇ ਜਾਣ ਵਾਲੇ ਸਿੱਖ ਦੇ 9 ਬੱਚੇ ਸਨ।

10 ਜਨਵਰੀ

1942: ਹਰਬੰਸ ਸਿੰਘ ਸਰਹਾਲਾ ਕਲਾਂ ਗ੍ਰਿਫ਼ਤਾਰ

ਨਨਕਾਣਾ ਸਾਹਿਬ ਦੇ ਸਾਕੇ ਨੇ ਜਿੱਥੇ ਆਮ ਸਿੱਖਾਂ ਵਿਚ ਰੋਸ ਪੈਦਾ ਕੀਤਾ, ਉੱਥੇ ਨੌਜਵਾਨਾਂ, ਸਾਬਕ ਗ਼ਦਰੀ ਆਗੂਆਂ ਅਤੇ ਫ਼ੌਜੀਆਂ ਵਿਚ ਜ਼ਬਰਦਸਤ ਰੋਹ ਵੀ ਪੈਦਾ ਕੀਤਾ। ਇਸ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਮੁਹਿੰਮ ਵਿਚ ਮਾਸਟਰ ਮੋਤਾ ਸਿੰਘ, ਦਲੀਪ ਸਿੰਘ (ਸਾਧੜਾ), ਕਿਸ਼ਨ ਸਿੰਘ ਗੜਗੱਜ (ਬੜਿੰਗ), ਤਾਰਾ ਸਿੰਘ (ਠੇਠਰ), ਬੇਲਾ ਸਿੰਘ (ਘੋਲੀਆ), ਤੋਤਾ ਸਿੰਘ (ਪਿਸ਼ਾਵਰ), ਨਰੈਣ ਸਿੰਘ (ਚਾਟੀਵਿੰਡ), ਵਤਨ ਸਿੰਘ (ਕਨੇਡੀਅਨ) ਸ਼ਾਮਿਲ ਸਨ। ਮਗਰੋਂ ਇਨ੍ਹਾਂ ਨਾਲ ਹੋਰ ਵੀ ਬਹੁਤ ਨੌਜਵਾਨ ਜੁੜ ਗਏ ਜਿਨ੍ਹਾਂ ਵਿਚ ਗਿਆਨੀ ਹਰਬੰਸ ਸਿੰਘ ਵਾਸੀ ਸਰਹਾਲਾ ਕਲਾਂ ਵੀ ਸਨ। ਬਬਰ ਅਕਾਲੀਆਂ ਨੇ ਬਹੁਤ ਸਾਰੇ ਸਰਕਾਰੀ ਟਾਊਟ, ਸਰਕਾਰੀ ਸੂਹੀਏ ਜਗੀਰਦਾਰ ਤੇ ਹੋਰ ਮੁਜਰਿਮ ਕਤਲ ਕੀਤੇ। ਉਨ੍ਹਾਂ ਨੇ ਕਈ ਜਗਹ 'ਤੇ ਡਾਕੇ ਮਾਰ ਕੇ ਅਸਲਾ ਤੇ ਦੌਲਤ ਵੀ ਲੁਟੀ। 1922 ਤੋਂ 1924 ਤਕ ਬਬਰ ਅਕਾਲੀ ਲਹਿਰ ਆਪਣੇ ਸਿਖਰ 'ਤੇ ਸੀ। ਇਸ ਲਹਿਰ ਦੇ ਦੌਰਾਨ ਹੀ ਕਈ ਆਗੂ ਗ੍ਰਿਫ਼ਤਾਰ ਕਰ ਲਏ ਗਏ। ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ, ਮਹਿੰਦਰ ਸਿੰਘ ਬਬੇਲੀ 'ਚ 1 ਸਤੰਬਰ 1923 ਦੇ ਦਿਨ, ਬੰਤਾ ਸਿੰਘ ਧਾਮੀਆਂ ਤੇ ਜਵਾਲਾ ਸਿੰਘ 12 ਦਸੰਬਰ 1923 ਦੇ ਦਿਨ ਮੰਡੇਰ ਵਿਚ, ਵਰਿਆਮ ਸਿੰਘ ਧੁੱਗਾ 8 ਜੂਨ 1924 ਦੇ ਦਿਨ ਐਕਸ਼ਨ ਦੇ ਦੌਰਾਨ ਸ਼ਹੀਦ ਹੋ ਗਏ। ਧੰਨਾ ਸਿੰਘ ਬਹਿਬਲਪੁਰ ਜਦ ਘਿਰ ਗਿਆ ਤਾਂ ਉਸ ਨੇ ਬੰਬ ਦਾ ਪਿੰਨ ਖਿੱਚ ਕੇ ਕਈ ਗੋਰੇ ਤੇ ਦੇਸੀ ਪੁਲਸੀਏ ਵੀ ਮਾਰ ਦਿੱਤਾ।

ਬਬਰਾਂ ਦੇ ਕੇਸ ਵਿਚ 96 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕਦਮਾ ਚਲਾਇਆ ਗਿਆ। ਕੇਸ ਦੌਰਾਨ ਬਬਰਾਂ ਨੇ ਪੈਰਵੀ ਕਰਨ ਤੋਂ ਨਾਂਹ ਕਰ ਦਿੱਤੀ। ਬਲਕਿ ਕਿਸ਼ਨ ਸਿੰਘ ਗੜਗੱਜ ਨੇ ਤਾਂ ਅਦਾਲਤ ਵਿਚ ਬਿਆਨ ਦੇ ਕੇ ਸ਼ਰੇਆਮ ਐਕਸ਼ਨ ਕਰਨਾ ਕਬੂਲ ਕੀਤਾ ਅਤੇ ਕਿਹਾ ਕਿ ਅਸੀਂ ਅੰਗਰੇਜ਼ੀ ਅਦਾਲਤਾਂ ਨੂੰ ਨਹੀਂ ਮੰਨਦੇ ਅਤੇ ਧਰਮ ਵਾਸਤੇ ਜਾਨਾਂ ਦੇਣ ਵਾਸਤੇ ਹਰ ਵੇਲੇ ਤਿਆਰ ਹਾਂ।

ਗ੍ਰਿਫ਼ਤਾਰ 96 ਬਬਰਾਂ ਵਿਚੋਂ 5 ਪਹਿਲੋਂ ਹੀ ਬਰੀ ਕਰ ਦਿਤੇ ਗਏ, ਸਾਧਾ ਸਿੰਘ ਪੰਡੋਰੀ ਨਿੱਝਰਾਂ ਅਤੇ ਸੁੰਦਰ ਸਿੰਘ ਹਯਾਤਪੁਰ ਮੁਕੱਦਮੇ ਦੌਰਾਨ ਜੇਲ੍ਹ ਵਿਚ ਚੜ੍ਹਾਈ ਕਰ ਗਏ ਤੇ ਬਾਕੀ

89 ਵਿਚੋਂ 6 ਨੂੰ ਫ਼ਾਂਸੀ ਤੇ 49 ਨੂੰ ਵੱਖ-ਵੱਖ ਮਿਆਦ ਦੀਆਂ ਕੈਦਾ ਦਿਤੀਆਂ ਗਈਆਂ। 34 ਬਬਰਾਂ 'ਤੇ ਕੇਸ ਸਾਬਿਤ ਨਾ ਹੋ ਸਕਿਆ ਤੇ ਉਹ ਛੱਡਣੇ ਪਏ। 28 ਫ਼ਰਵਰੀ 1925 ਨੂੰ ਪੰਜ ਬਬਰਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਹ ਪੰਜ ਸਨ: ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਨਿਧੜਕ ਧਾਮੀਆਂ, ਦਲੀਪ ਸਿੰਘ ਭੁਝੰਗੀ ਧਾਮੀਆਂ, ਨੰਦ ਸਿੰਘ ਘੁੜਿਆਲ ਤੇ ਕਰਮ ਸਿੰਘ ਹਰੀਪੁਰ। ਮਗਰੋਂ ਹਾਈ ਕੋਰਟ ਨੇ ਧਰਮ ਸਿੰਘ ਹਿਆਤਪੁਰ ਰੁੜਕੀ ਨੂੰ ਵੀ ਫ਼ਾਂਸੀ ਦੀ ਸਜ਼ਾ ਦਿਤੀ। (ਇਨ੍ਹਾਂ ਸਾਰਿਆਂ ਛੇਆਂ ਨੂੰ 27 ਫ਼ਰਵਰੀ 1926 ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦੇ ਦਿਤੀ ਗਈ)। ਹੇਠ ਲਿਖਿਆਂ ਨੂੰ ਉਮਰ ਕੈਦ ਹੋਈ: ਸੁਰਜਨ ਸਿੰਘ ਬੀਕਾ, ਠਾਕਰ ਸਿੰਘ ਰਾਜੋਵਾਲ, ਦਲੀਪ ਸਿੰਘ ਧਾਮੀਆਂ, ਪਿਆਰਾ ਸਿੰਘ ਧਾਮੀਆਂ, ਸੁੰਦਰ ਸਿੰਘ ਮਖ਼ਸੂਸਪੁਰ, ਕਰਤਾਰ ਸਿੰਘ ਗੋਂਦਪੁਰ, ਬੂਟਾ ਸਿੰਘ ਪੰਡੋਰੀ ਨਿੱਝਰਾਂ, ਹਜ਼ਾਰਾ ਸਿੰਘ ਮੰਡੇਰ।

ਹੇਠ ਲਿਖਿਆਂ ਨੂੰ 14-14 ਸਾਲ ਕੈਦ ਹੋਈ: ਲਾਭ ਸਿੰਘ ਜੱਸੋਵਾਲ, ਕਰਤਾਰ ਸਿੰਘ ਪੰਡੋਰੀ ਨਿੱਝਰਾਂ, ਮਾਨ ਸਿੰਘ ਗੋਬਿੰਦਪੁਰ, ਪ੍ਰਤਾਪ ਸਿੰਘ ਛਬੀਲਪੁਰ, ਠਾਕਰ ਸਿੰਘ (ਭਾਰਟਾ), ਗੁਰਬਚਨ ਸਿੰਘ ਸਾਧੜਾ, ਹਰੀ ਸਿੰਘ, ਵਰਿਆਮ ਸਿੰਘ, ਬੰਤਾ ਸਿੰਘ (ਤਿੰਨੇ ਦੌਲਤਪੁਰ), ਹਰਦਿਤ ਸਿੰਘ ਤੇ ਹਰੀ ਸਿੰਘ (ਜੱਸੋਵਾਲ), ਵਰਿਆਮ ਸਿੰਘ, ਰਾਮ ਸਿੰਘ ਤੇ ਕਰਤਾਰ ਸਿੰਘ (ਤਿੰਨੇ ਮਜਾਰਾ ਕਾਂਵਾਂ), ਬੰਤਾ ਸਿੰਘ ਪ੍ਰਾਗਪੁਰ, ਕਰਤਾਰ ਸਿੰਘ ਤੇ ਕਰਤਾਰ ਸਿੰਘ ਦੂਜਾ (ਦੋਵੇਂ ਡੁਮੇਲੀ), ਠਾਕਰ ਸਿੰਘ ਦੌਲਤਪੁਰ। ਹੇਠ ਲਿਖਿਆਂ ਨੂੰ 7-7 ਸਾਲ ਕੈਦ ਹੋਈ: ਉਜਾਗਰ ਸਿੰਘ ਬਿਸਰਾਮਪੁਰ, ਦਲੀਪ ਸਿੰਘ ਮਾਣਕੋ, ਮੂਲਾ ਸਿੰਘ ਪਲਾਹੀ, ਮਹਿੰਗਾ ਸਿੰਘ ਪੰਡੋਰੀ, ਸੰਤ ਸਿੰਘ ਹਰੀਪੁਰ, ਅਰਜਨ ਸਿੰਘ ਸੂੰਢ, ਅਮਰ ਸਿੰਘ ਰਾਜੋਵਾਲ, ਛੱਜਾ ਸਿੰਘ ਮਸਾਣੀਆਂ, ਬੰਤਾ ਸਿੰਘ ਬਹਿਬਲਪੁਰ, ਦੁੱਮਣ ਸਿੰਘ ਪੰਡੋਰੀ ਆਤਮਾ। ਇਸ ਲਹਿਰ ਦੇ ਕੁਝ ਆਗੂ ਪੁਲਸ ਦੇ ਹੱਥ ਆਉਣੋਂ ਬਚ ਗਏ ਜਿੰਨ੍ਹਾਂ ਵਿਚੋਂ ਇਕ ਰਤਨ ਸਿੰਘ ਰਕੜਾਂ ਬੇਟ ਸੀ ਜੋ 15 ਜੁਲਾਈ 1932 ਦੇ ਦਿਨ 200 ਫ਼ੌਜੀਆ ਨਾਲ ਇਕੱਲਾ ਹੀ ਜੂਝ ਕੇ ਸ਼ਹੀਦ ਹੋਇਆ। ਸਭ ਤੋਂ ਅਖ਼ੀਰ ਤੇ ਫੜਿਆ ਜਾਣ ਵਾਲਾ ਹਰਬੰਸ ਸਿੰਘ ਸਰਹਾਲਾ ਕਲਾਂ ਸੀ ਜਿਸ ਨੇ ਗੁਪਤ ਰਹਿ ਕੇ 'ਯੁਗ ਪਲਟਾਊ ਦਲ' ਬਣਾ ਲਿਆ ਸੀ। ਉਹ 10 ਜਨਵਰੀ 1943 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ 'ਤੇ ਕਾਲਕਾ ਗੋਲੀ ਕਾਂਡ ਅਤੇ ਕਰਤਾਰਪੁਰ ਕਤਲ ਕਾਂਡ ਸਬੰਧੀ ਮੁਕੱਦਮਾ ਚਲਾ ਕੇ ਫ਼ਾਂਸੀ ਦੀ ਸਜ਼ਾ ਸੁਣਾਈ ਗਈ; ਉਸ ਨੂੰ 3 ਅਪ੍ਰੈਲ 1944 ਦੇ ਦਿਨ ਉਸ ਨੂੰ ਫਾਂਸੀ ਦੇ ਦਿਤੀ ਗਈ।

1966: ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸ਼ਤਰ ਲੰਡਨ ਤੋਂ ਦਿੱਲੀ ਪੁੱਜੇ

ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਗੁਰੂ ਗੋਬਿੰਦ ਸਾਹਿਬ ਦੇ 6 ਸ਼ਸਤਰ ਅੰਗਰੇਜ਼ ਲੰਡਨ ਵਿਚ ਲੈ ਗਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਤੀਜੀ ਜਨਮ ਸ਼ਤਾਬਦੀ ਦੇ ਨਾਂ 'ਤੇ ਇੰਗਲੈਂਡ ਦੀ ਸਰਕਾਰ ਨੇ ਇਹ ਸ਼ਸਤਰ ਸਿੱਖਾਂ ਨੂੰ ਦੇਣਾ ਮੰਨ ਲਿਆ। ਇਹ 6 ਸ਼ਸਤਰ 10 ਜਨਵਰੀ 1966 ਦੇ ਦਿਨ ਦਿੱਲੀ ਪੁੱਜੇ। ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸਤਰੀ ਨੇ ਆਪ ਏਅਰਪੋਰਟ 'ਤੇ ਜਾ ਕੇ ਇਨ੍ਹਾਂ ਨੂੰ ਜੀ ਆਇਆ ਕਿਹਾ (ਹੁਣ ਇਹ ਸ਼ਸਤਰ ਅਨੰਦਪੁਰ ਸਾਹਿਬ ਵਿਚ ਪਏ ਹੋਏ ਹਨ)। ਇਹ 6 ਹਨ: 1 ਇਕ ਲੰਮਾ ਬਰਛਾ 2. ਇਕ ਛੋਟਾ ਬਰਛਾ 3. ਇਕ ਸ਼ਮਸ਼ੀਰ (ਤੇਗ਼) 4. ਦਾਹ-ਇ-ਆਹਨੀ (ਅੱਗ ਵਾਂਗ ਵਾਰ ਕਰਨ ਵਾਲੀ ਕਿਰਪਾਨ) 5. ਇਕ ਸੁਨਹਿਰੀ ਚੱਕਰ 6. ਇਕ ਗੈਂਡੇ ਦੀ ਖੱਲ ਨਾਲ ਬਣੀ ਢਾਲ।

1986: 'ਰਸਤਾ ਰੋਕੋ' ਦੌਰਾਨ ਪੁਲਸ ਨੇ ਸਿੱਖਾਂ 'ਤੇ ਗੋਲੀਆਂ ਚਲਾਈਆਂ

ਸਿਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਰਨਾਲਾ ਸਰਕਾਰ ਦੇ ਜ਼ੁਲਮਾਂ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਸਤੇ 10 ਜਨਵਰੀ 1986 ਦੇ ਦਿਨ 'ਰਸਤਾ ਰੋਕੋ' ਦਾ ਐਲਾਨ ਕੀਤਾ। ਇਸ ਬਾਰੇ ਬਰਨਾਲੇ ਨੇ ਧਮਕੀ ਦਿੱਤੀ ਕਿ ਇਹ ਰਸਤਾ ਰੋਕੋ ਸਖ਼ਤੀ ਨਾਲ ਨਿਪਟਿਆ ਜਾਏਗਾ। 'ਰਸਤਾ ਰੋਕੋ' ਨੂੰ ਫ਼ੇਲ੍ਹ ਕਰਨ ਵਾਸਤੇ ਅਠ ਜਨਵਰੀ ਤੋਂ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਫਗਵਾੜਾ, ਫ਼ੀਰੋਜ਼ਪੁਰ, ਕਪੂਰਥਲਾ ਵਗ਼ੈਰਾ ਚੋਂ ਸੈਂਕੜੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। 10 ਜਨਵਰੀ ਨੂੰ ਫ਼ੈਡਰੇਸ਼ਨ ਨੇ ਪੰਜਾਬ 'ਚ ਸਾਰੇ ਪਾਸੇ ਸੜਕਾਂ ਬੰਦ ਕੀਤੀਆਂ। ਇਸ ਮੌਕੇ 'ਤੇ ਪੁਲੀਸ ਨੇ ਸੈਂਕੜੇ ਵਰਕਰ ਗ੍ਰਿਫ਼ਤਾਰ ਕੀਤੇ। ਜਲੰਧਰ ਚੋਂ 250 ਤੇ ਹੁਸ਼ਿਆਰਪੁਰ ਤੋਂ 30 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਬਰਨਾਲਾ ਸਰਕਾਰ ਨੇ ਬਠਿੰਡੇ 'ਚ ਫ਼ਾਇਰਿੰਗ ਅਤੇ ਲਾਠੀਚਾਰਜ ਕੀਤਾ। ਜਲੰਧਰ 'ਚ ਵੀ ਟੀਅਰ ਗੈਸ ਛੱਡੀ ਗਈ ਅਤੇ ਲਾਠੀਚਾਰਜ ਕੀਤਾ ਗਿਆ। ਤਿੰਨ ਦਿਨ ਵਾਸਤੇ ਕਾਲਜ ਬੰਦ ਕਰ ਦਿੱਤੇ ਗਏ। ਰਸਤਾ ਰੋਕੋ ਦੌਰਾਨ ਸਿੱਖਾਂ ਉੱਤੇ ਜ਼ੁਲਮ ਕਰਨ ਵਾਸਤੇ ਬੀ.ਐਸ.ਐਫ਼. ਦੀਆਂ 16 ਕੰਪਨੀਆਂ ਤਾਈਨਾਤ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ ਤਿੰਨ ਅੰਮ੍ਰਿਤਸਰ, 2 ਜਲੰਧਰ, 2 ਲੁਧਿਆਣਾ, 2 ਪਟਿਆਲਾ, 2 ਫਰੀਦਕੋਟ ਅਤੇ ਇਕ-ਇਕ ਕਪੂਰਥਲਾ, ਬਠਿੰਡਾ, ਫ਼ੀਰੋਜ਼ਪੁਰ ਤੇ ਹੁਸ਼ਿਆਰਪੁਰ 'ਚ ਤਾਈਨਾਤ ਕੀਤੀਆਂ ਗਈਆਂ ਸਨ।

1988: ਪਰਮਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜਨਵਰੀ 1988 ਦੇ ਦਿਨ ਪੁਲਸ ਨੇ ਪਰਮਿੰਦਰ ਸਿੰਘ (ਵਾਸੀ ਸਰਚੂਰ, ਨੇੜੇ ਫ਼ਤਹਿਗੜ੍ਹ ਚੂੜੀਆਂ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਬੀਬੀਆਂ 'ਤੇ ਜ਼ੁਲਮ ਕਰਨ ਵਾਲਾ ਐਸ.ਐਸ. ਪੀ. ਗੋਬਿੰਦ ਰਾਮ ਮਾਰਿਆ ਗਿਆ

1985-90 ਦੇ ਦੌਰ ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨ: ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ. ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ ਵਗ਼ੈਰਾ। ਗੋਬਿੰਦ ਰਾਮ ਨੇ 21 ਅਗਸਤ 1989 ਨੂੰ ਬਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ (ਭਰਾ ਸੁਖਦੇਵ ਸਿੰਘ ਦਾਸੂਵਾਲ) ਦੀ ਘਰਵਾਲੀ ਗੁਰਮੀਤ ਕੌਰ ਅਤੇ ਭਾਈ ਕੁਲਵੰਤ ਸਿੰਘ ਕੈਸ਼ੀਅਰ ਦੀ ਪਤਨੀ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ। ਗੋਬਿੰਦ ਰਾਮ ਨੇ ਆਪਣਾ ਪਾਖਾਨਾ ਜਬਰੀ ਗੁਰਮੀਤ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ 'ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।' ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦੇ ਖ਼ਿਲਾਫ਼ ਰਾਗੀ ਦਰਸ਼ਨ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਪਹਿਲੀ ਸਤੰਬਰ ਨੂੰ ਇਕ ਪ੍ਰੋਟੈਸਟ ਜਲੂਸ ਕਢਿਆ। (ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ. ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗਹ ਪੀ.ਏ.ਪੀ. ਜਲੰਧਰ ਤੇ ਫਿਰ ਫ਼ਿਲੌਰ ਕਿਲ੍ਹੇ ਵਿਚ ਲਾ ਦਿੱਤਾ ਤਾਂ ਜੋ ਉੱਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾਂ ਇਕ ਚਿੜੀ ਵੀ ਨਹੀਂ ਸੀ ਫੜਕ ਸਕਦੀ)।

ਗੋਬਿੰਦ ਰਾਮ ਨੂੰ ਉਸ ਦੇ ਜ਼ੁਲਮਾਂ ਦੀ ਸਜ਼ਾ ਦੇਣ ਵਾਸਤੇ ਖਾੜਕੂਆਂ ਨੇ ਪਹਿਲਾਂ ਜਲੰਧਰ ਵਿਚ ਇਸ ਦਾ ਇਕਲੌਤਾ ਪੁੱਤਰ ਕਤਲ ਕੀਤਾ ਗਿਆ ਤੇ ਮਗਰੋਂ, 10 ਜਨਵਰੀ 1990

ਦੇ ਦਿਨ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੰਵਲਜੀਤ ਸਿੰਘ ਅਤੇ ਉਸ ਦੇ ਸਾਥੀਆਂ ਅਤੇ ਬਬਰ ਖਾਲਸਾ ਨੇ ਸਾਂਝੇ ਐਕਸ਼ਨ ਵਿਚ ਉਸ ਜ਼ਾਲਮ ਨੂੰ ਕਿਲ੍ਹੇ ਦੇ ਅੰਦਰ ਹੀ ਉਸ ਦੇ ਕਮਰੇ ਵਿਚ ਹੀ ਬੰਬ ਨਾਲ ਉਡਾ ਦਿੱਤਾ।

1992: ਗੁਰਮੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜਨਵਰੀ 1992 ਦੇ ਦਿਨ ਪੁਲਸ ਨੇ ਗੁਰਮੀਤ ਸਿੰਘ (ਪੁਤਰ ਕਰਤਾਰ ਸਿੰਘ, ਵਾਸੀ ਬੋਪਾ ਰਾਏ ਕਲਾਂ, ਜ਼ਿਲਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਮੱਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜਨਵਰੀ 1994 ਦੇ ਦਿਨ ਪੁਲਸ ਨੇ ਮੱਲ ਸਿੰਘ (ਪੁਤਰ ਪ੍ਰਿਥੀ ਸਿੰਘ, ਵਾਸੀ ਗੁਰਬਖ਼ਸ਼ਪੁਰਾ, ਨੇੜੇ ਟਿੱਬਾ, ਜ਼ਿਲਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

11 ਜਨਵਰੀ

1915: ਮੇਵਾ ਸਿੰਘ ਲੋਪੋਕੇ ਨੂੰ ਵੈਨਕੂਵਰ ਕਨੇਡਾ ਵਿਚ ਫ਼ਾਂਸੀ ਦਿੱਤੀ ਗਈ

ਕਾਮਾਗਾਟਾਮਾਰੂ ਜਹਾਜ਼ ਦੇ ਵਾਪਿਸ ਮੁੜ ਜਾਣ ਮਗਰੋਂ ਕਨੇਡਾ ਦੇ ਅੰਗਰੇਜ਼ ਹਾਕਮ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਈ ਭਾਗ ਸਿੰਘ (ਭਿੱਖੀ ਵਿੰਡ), ਭਾਈ ਬਲਵੰਤ ਸਿੰਘ (ਗ੍ਰੰਥੀ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ ਸਾਹਰੀ ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ ਜਿਆਣ, ਬਾਬੂ ਸਿੰਘ, ਹਰਨਾਮ ਸਿੰਘ (ਮਿਲਸਾਈਡ ਗੁਰਦੁਆਰੇ ਦਾ ਇਕ ਸਾਬਕਾ ਗ੍ਰੰਥੀ ਜੋ ਬਾਬੂ ਸਿੰਘ ਦੇ ਨਾਲ ਇਕੋ ਕਮਰੇ ਵਿਚ ਰਹਿੰਦਾ ਸੀ), ਅਰਜਨ ਸਿੰਘ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। 31 ਅਗਸਤ 1914 ਦੇ ਦਿਨ ਹਰਨਾਮ ਸਿੰਘ ਦੀ ਲਾਸ਼ ਮਿਲੀ; ਕਿਸੇ ਨੇ ਉਸ ਦਾ ਸਿਰ ਵੱਢ ਕੇ ਲਾਸ਼ ਜੰਗਲ ਵਿਚ ਸੁੱਟ ਦਿੱਤੀ ਸੀ (ਇਹ ਐਕਸ਼ਨ ਜਗਤ ਸਿੰਘ ਸੁਰਸਿੰਘ ਦਾ ਸੀ; ਇਹ ਜਗਤ ਸਿੰਘ ਸਾਜ਼ਿਸ਼ ਕੇਸ ਵਿਚ ਫ਼ਾਂਸੀ ਲਗਣ ਵਾਲਾ ਨਹੀਂ, ਇਕ ਹੋਰ ਸੀ)। ਇਹ ਹਰਨਾਮ ਸਿੰਘ 17 ਅਗਸਤ ਤੋਂ ਹੀ ਗ਼ਾਇਬ ਸੀ। ਕਿਉਂ ਕਿ ਪੁਲਸ ਨੂੰ ਕਾਤਲਾਂ ਦਾ ਪਤਾ ਨਾ ਲੱਗਾ ਇਸ ਕਰ ਕੇ ਗ਼ਦਾਰਾਂ ਦੇ ਹੌਸਲੇ ਬੁਰੀ ਤਰ੍ਹਾਂ ਡਿਗੇ ਸਨ। ਗ਼ਦਾਰਾਂ ਦੀ ਬਦਕਿਸਮਤੀ ਕਿ 3 ਸਤੰਬਰ ਨੂੰ, ਅਪਣੇ ਹੀ ਇਕ ਦੋਸਤ, ਰਾਮ ਸਿੰਘ ਹੱਥੋਂ ਗ਼ਲਤੀ ਨਾਲ ਗੋਲੀ ਚਲ ਜਾਣ ਕਾਰਨ ਅਰਜਨ ਸਿੰਘ ਵੀ ਮਾਰਿਆ ਗਿਆ।

ਹੁਣ ਬੇਲਾ ਸਿੰਘ (ਸਰਕਾਰ ਦਾ ਟਾਊਟ) ਸਿੱਖ ਆਗੂਆਂ 'ਤੇ ਵਾਰ ਕਰਨਾ ਚਾਹੁੰਦਾ ਸੀ। ਅਰਜਨ ਸਿੰਘ ਦਾ ਸਸਕਾਰ 5 ਸਤੰਬਰ ਨੂੰ ਹੋਇਆ; ਸਸਕਾਰ ਮਗਰੋਂ ਸਿੱਖ ਗੁਰਦੁਆਰੇ ਵਿਚ ਬੈਠੇ ਸੀ ਤਾਂ ਅਰਜਨ ਸਿੰਘ ਦੇ ਯਾਰ ਬੇਲਾ ਸਿੰਘ, ਜੋ ਪਹਿਲਾਂ ਹੀ ਤਿਆਰੀ ਕਰ ਕੇ ਆਇਆ ਹੋਇਆ ਸੀ, ਨੇ ਗੁਰਦੁਆਰੇ ਦੇ ਪ੍ਰਧਾਨ ਭਾਈ ਭਾਗ ਸਿੰਘ (ਭਿੱਖੀ ਵਿੰਡ, ਜ਼ਿਲਾ ਅੰਮ੍ਰਿਤਸਰ) 'ਤੇ ਗੋਲੀਆਂ ਚਲਾਈਆਂ। ਉਸ ਦੇ ਬਚਾਅ ਵਾਸਤੇ ਬਤਨ ਸਿੰਘ (ਦਲੇਲ ਸਿੰਘ

ਵਾਲਾ, ਜ਼ਿਲ੍ਹਾ ਮਾਨਸਾ) ਅੱਗੇ ਆਇਆ। ਬੇਲਾ ਸਿੰਘ ਨੇ ਉਸ 'ਤੇ ਵੀ ਫ਼ਾਇਰ ਕਰ ਦਿੱਤਾ। ਉਹ ਦੋਵੇਂ ਅਗਲੇ ਦਿਨ ਚੜ੍ਹਾਈ ਕਰ ਗਏ।

ਭਾਵੇਂ ਸਰਕਾਰ ਨੇ ਬੇਲਾ ਸਿੰਘ 'ਤੇ ਮੁਕੱਦਮਾ ਚਲਾਇਆ ਪਰ ਇਹ ਦਿਖਾਵੇ ਦੀ ਕਾਰਵਾਈ ਸੀ। ਬੇਲਾ ਸਿੰਘ ਦੇ ਹੱਕ ਵਿਚ ਸਾਰੇ ਮੁਕਾਮੀ ਹਿੰਦੂਆਂ ਬਾਬੂ, ਠਾਕਰ, ਸੇਵਾ, ਅਮਰ, ਨੱਥਾ, ਗੰਗੂ ਰਾਮ ਤੇ ਡਾ: ਰਘੂ ਨਾਥ ਤੋਂ ਇਲਾਵਾ ਹਾਪਕਿਨਸਨ ਸਫ਼ਾਈ ਦੇ ਗਵਾਹ ਵਜੋਂ ਪੇਸ਼ ਹੋਇਆ ਤੇ ਇਨ੍ਹਾਂ ਦੇ ਕਤਲਾਂ ਨੂੰ ਆਪਣੇ ਬਚਾਅ ਵਾਸਤੇ ਕੀਤੇ ਕਤਲ ਗਰਦਾਨਿਆ। ਇਹ ਸਾਰੀ ਸਕੀਮ ਤੇ ਕਾਰਵਾਈ ਹਾਪਕਿਨਸਨ ਦੀ ਸੀ। ਇਹ ਧੱਕਾ ਵੇਖ ਕੇ ਭਾਈ ਮੇਵਾ ਸਿੰਘ ਲੋਪੋਕੇ ਜਰ ਨਾ ਸਕਿਆ ਤੇ ਉਸ ਨੇ ਹਾਪਕਿਨਸਨ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। 21 ਅਕਤੂਬਰ 114 ਦੇ ਦਿਨ ਜਦ ਹਾਪਕਿਨਸਨ ਅਦਾਲਤ ਵਿਚ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣ ਵਾਸਤੇ ਪੁੱਜਾ ਹੋਇਆ ਸੀ ਤਾਂ ਮੇਵਾ ਸਿੰਘ ਨੇ ਉਸ ਨੂੰ ਉੱਥੇ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ। ਮੇਵਾ ਸਿੰਘ ਨੂੰ 11 ਜਨਵਰੀ 1915 ਦੇ ਦਿਨ ਫ਼ਾਂਸੀ ਦਿੱਤੀ ਗਈ। ਇਸ ਵੇਲੇ ਆਪ ਦੀ ਉਮਰ 34 ਸਾਲ ਸੀ।

1993: ਸੋਢੀ ਸਿੰਘ ਤੇ 2 ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

11 ਜਨਵਰੀ 1993 ਦੇ ਦਿਨ ਪੁਲਸ ਨੇ ਸੋਢੀ ਸਿੰਘ ਉਰਫ਼ ਜਸਬੀਰ ਸਿੰਘ ਤੇ 2 ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1995: ਅਕਾਲੀਆਂ ਨੇ ਇਕ ਦੂਜੇ ਦੇ ਖ਼ਿਲਾਫ਼ ਪਰਚਾਰ ਨਾ ਕਰਨਾ ਮੰਨਿਆ

25 ਨਵੰਬਰ 1994 ਦੇ ਦਿਨ ਟੌਹੜਾ ਨੇ ਬਾਦਲ ਦੇ ਉਮੀਦਵਾਰ ਨੂੰ ਹਰਾ ਕੇ 20 ਵੀਂ ਵਾਰੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹਾਸਿਲ ਕਰ ਲਈ। ਬਾਦਲ ਦਲ ਦੀ ਇਸ ਹਾਰ ਨੇ ਉਸ ਦਾ ਮਾਣ ਤੋੜ ਦਿੱਤਾ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਮਗਰੋਂ ਸਿੱਖ 'ਬੁੱਧੀਜੀਵੀਆਂ ਦਾ ਇਕ ਇਕੱਠ 10 ਦਸੰਬਰ ਨੂੰ ਬੁਲਾ ਹੋਇਆ। 6 ਘੰਟੇ ਚੱਲੀ ਇਹ ਮੀਟਿੰਗ ਕਿਸੇ ਸਿੱਟੇ 'ਤੇ ਨਾ ਪੁੱਜ ਸਕੀ। ਅਗਲੇ ਦਿਨ 11 ਦਸੰਬਰ ਨੂੰ ਏਕਤਾ ਕੋਸ਼ਿਸ਼ਾਂ ਵਾਸਤੇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਹ ਪੰਜ ਸਨ: ਮੇਜਰ ਜਨਰਲ ਨਰਿੰਦਰ ਸਿੰਘ, ਅਸ਼ੋਕ ਸਿੰਘ ਬਾਗੜੀਆਂ, ਡਾ: ਦਰਸ਼ਨ ਸਿੰਘ ਚੰਡੀਗੜ੍ਹ, ਅਮਰ ਸਿੰਘ ਅੰਬਾਲਵੀ, ਡਾ: ਕੇਹਰ ਸਿੰਘ ਪਟਿਆਲਾ। ਇਸ ਏਕਤਾ ਕਮੇਟੀ ਦੀ ਬਾਦਲ ਨਾਲ 30 ਦਸੰਬਰ ਨੂੰ ਮੀਟਿੰਗ ਹੋਈ ਜਿਸ ਵਿਚ ਬਾਦਲ ਨੇ ਫੇਰ ਆਪਣਾ ਪਹਿਲਾਂ ਸਟੈਂਡ ਦੋਹਰਾਇਆ। ਇਸ ਪੰਜ ਮੈਂਬਰੀ ਏਕਤਾ ਕਮੇਟੀ ਦੀ 'ਰਿਪੋਰਟ' ਦੇ ਆਧਾਰ ਤੇ ਅਕਾਲ ਤਖ਼ਤ ਦੇ ਐਕਟਿੰਗ ਸੇਵਾਦਾਰ ਮਨਜੀਤ ਸਿੰਘ ਨੇ ਬਾਦਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਭ ਆਗੂ 10 ਜਨਵਰੀ 1995 ਨੂੰ ਤਲਬ ਕਰ ਲਏ। ਉਸ ਨੇ 8 ਜਨਵਰੀ ਨੂੰ ਇਕ ਸਾਂਝੀ 11 ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਵੀ ਰੱਖੀ। 11 ਜਨਵਰੀ ਨੂੰ ਮਨਜੀਤ ਸਿੰਘ ਵਲੋਂ ਬੁਲਾਏ 8 ਵਿਚੋਂ 7 ਆਗੂ ਅਤੇ 7 ਹੋਰ ਸੀਨੀਅਰ ਅਕਾਲੀ ਆਗੂ ਅੰਮ੍ਰਿਤਸਰ ਪੁੱਜੇ ਤੇ ਉਨ੍ਹਾਂ 14 ਨੇ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ ਕੀਤੀ। ਉਨ੍ਹਾਂ ਇਸ ਮੀਟਿੰਗ ਵਿਚ 'ਇਕ ਦੂਜੇ ਦੇ ਖ਼ਿਲਾਫ਼ ਲਫ਼ਜ਼ੀ ਜੰਗ ਬੰਦ ਕਰਨ' ਦਾ ਪ੍ਰਣ ਕੀਤਾ। ਇਹ 14 ਆਗੂ ਹੇਠ ਲਿਖੇ ਸਨ: ਟੌਹੜਾ, ਬਾਦਲ, ਸੁਰਜੀਤ ਬਰਨਾਲਾ, (ਭਾਈ) ਮਨਜੀਤ ਸਿੰਘ, ਵਡਾਲਾ, ਗੁਰਦੇਵ ਸਿੰਘ ਬਾਦਲ, ਪ੍ਰਕਾਸ਼ ਸਿੰਘ ਮਜੀਠਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ

ਸਿਘ ਭੂੰਦੜ ਤੇ ਰਣਜੀਤ ਸਿਘ ਬ੍ਰਹਮਪੁਰਾ। ਅਕਾਲੀ ਦਲ (ਅੰਮ੍ਰਿਤਸਰ) ਦਾ ਕੈਪਟਨ ਅਮਰਿੰਦਰ ਸਿਘ ਇਸ ਮੀਟਿੰਗ ਵਿਚ ਨਾ ਪੁੱਜਾ।

12 ਜਨਵਰੀ

1797: ਸ਼ਾਹ ਜ਼ਮਾਨ ਦਾ ਅੰਮ੍ਰਿਤਸਰ ਤੇ ਹਮਲਾ; ਹਜ਼ਾਰਾਂ ਅਫ਼ਗ਼ਾਨ ਮਾਰੇ ਗਏ

1748 ਤੋਂ 1767 ਤਕ ਅਹਿਮਦ ਸ਼ਾਹ ਦੁਰਾਨੀ ਨੇ ਪੰਜਾਬ 'ਤੇ 8 ਵਾਰ ਹਮਲੇ ਕੀਤੇ ਅਤੇ ਖ਼ੂਬ ਲੁੱਟ ਮਾਰ ਕੀਤੀ। ਸਿੱਖਾਂ ਹੱਥੋਂ ਉਸ ਨੂੰ ਪਹਿਲੀ ਹਾਰ ਅਕਤੂਬਰ 1762 ਵਿਚ ਹੋਈ ਸੀ। ਇਸ ਮਗਰੋਂ 1767 ਵਿਚ ਵੀ ਸਿੱਖਾਂ ਨੇ ਉਸ ਦਾ ਖ਼ੂਬ ਨੁਕਸਾਨ ਕੀਤਾ।ਹੁਣ ਉਹ ਇਕ ਕਮਜ਼ੋਰ, ਬੁੱਢਾ, ਨਿੰਮੋਝੂਣਾ, ਬੇਬਸ, ਬੇਦਿਲ, ਹਾਰਿਆ ਹੋਇਆ, ਥੱਕਿਆ ਹੋਇਆ, ਕਮਜ਼ੋਰ ਹੋ ਚੁਕਾ, ਘਬਰਾਇਆ ਹੋਇਆ ਸ਼ਖ਼ਸ ਸੀ। ਅਖ਼ੀਰ ਸਿੱਖਾਂ ਦੀ ਤਾਕਤ ਤੋਂ ਡਰਦਾ, ਵਿਚਾਰਾ, ਅਹਿਮਦ ਸ਼ਾਹ 23 ਅਕਤੂਬਰ 1772 ਦੇ ਦਿਨ ਇਸ ਦੁਨੀਆਂ ਤੋਂ ਵਿਦਾ ਹੋ ਗਿਆ।

ਉਸ ਦਾ ਪੁਤਰ ਵੀ ਪੰਜਾਬ ਵਿਚ ਕੋਈ ਕਾਮਯਾਬੀ ਹਾਸਿਲ ਨਾ ਕਰ ਸਕਿਆ। ਤੀਮੂਰ ਦੀ ਮੌਤ 20 ਮਈ 1793 ਦੇ ਦਿਨ ਹੋ ਗਈ। ਉਸ ਦੀ ਥਾਂ 'ਤੇ ਉਸ ਦਾ 23 ਸਾਲਾ ਪੁੱਤਰ ਜ਼ਮਾਨ ਸ਼ਾਹ ਕਾਬਲ ਦਾ ਰਾਜਾ ਚੁਣਿਆ ਗਿਆ। ਪੰਜਾਬ 'ਤੇ ਉਸ ਦਾ ਪਹਿਲਾ ਹਮਲਾ ਦਸੰਬਰ 1793 ਵਿਚ ਸ਼ੁਰੂ ਹੋਇਆ। 15 ਦਸੰਬਰ 1793 ਨੂੰ ਚਲ ਕੇ ਉਹ ਹਸਨ ਅਬਦਾਲ, ਰਾਵਲਪਿੰਡੀ, ਰੋਹਤਾਸ, ਸ਼ਾਹ ਦੌਲਾ (ਗੁਜਰਾਤ), ਗੁਜਰਾਂਵਾਲਾ, ਐਮਨਾਬਾਦ ਤੋਂ ਹੁੰਦਾ ਹੋਇਆ ਲਾਹੌਰ ਪੁੱਜਾ ਅਤੇ ਇਸ 'ਤੇ ਕਬਜ਼ਾ ਕਰ ਲਿਆ। ਉਸ ਦੇ ਆਉਣ ਦੀ ਖ਼ਬਰ ਮਿਲਣ 'ਤੇ ਸਿੱਖ ਫਿਰ ਲਾਹੌਰ ਨੂੰ ਛੱਡ ਗਏ ਅਤੇ ਜਲੰਧਰ ਦੋਆਬ ਅਤੇ ਪਹਾੜਾਂ ਨੂੰ ਨਿਕਲ ਗਏ। ਉਹ ਲਾਹੌਰ ਟਿਕ ਗਿਆ ਅਤੇ ਉਸ ਨੇ ਲਾਹੌਰ ਦੇ ਕਿਲ੍ਹੇ ਦੀ ਮੁਰੰਮਤ ਕਰਵਾਈ। ਅਜੇ ਉਸ ਨੂੰ ਲਾਹੌਰ ਵਿਚ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਉਸ ਨੂੰ ਸ਼ਾਹ ਮਹਿਮੂਦ ਦੀ ਬਗ਼ਾਵਤ ਦੀਆਂ ਖ਼ਬਰਾਂ ਮਿਲੀਆਂ। ਇਸ ਹਾਲਤ ਵਿਚ ਸ਼ਾਹ ਜ਼ਮਾਨ ਨੂੰ ਮਜਬੂਰਨ ਪਿੱਛੇ ਮੁੜਨਾ ਪੈ ਗਿਆ। ਜਾਣ ਤੋਂ ਪਹਿਲਾਂ ਉਹ ਅਹਿਮਦ ਖ਼ਾਨ ਸ਼ਾਹਚੀ ਨੂੰ ਪੱਛਮੀ ਪੰਜਾਬ ਅਤੇ ਹਸਨ ਖ਼ਾਨ ਕਾਜ਼ਿਲਬਾਸ਼ੀ ਨੂੰ ਦੋਆਬਾ ਦਾ ਚਾਰਜ ਸੌਂਪ ਦਿੱਤਾ। ਤੀਮੂਰ ਦੇ ਕਾਬਲ ਵੱਲ ਜਾਣ ਮਗਰੋਂ ਸਿੱਖ ਇਕ ਦਮ ਫਿਰ ਵਾਪਿਸ ਆ ਗਏ ਤੇ ਉਨ੍ਹਾਂ ਨੇ ਅਫ਼ਗ਼ਾਨਾਂ ਨੂੰ ਥਾਨਿਆਂ ਤੋਂ ਦੁੜਾ ਦਿੱਤਾ ਤੇ ਆਪ ਕਬਜ਼ੇ ਕਰ ਲਏ। ਸਿੱਖਾਂ ਦੀ ਇਕ ਲੜਾਈ ਸ਼ਾਹਚੀ ਨਾਲ ਵੀ ਹੋਈ ਜਿਸ ਵਿਚ ਉਹ ਆਪਣੇ ਦੋ ਹਜ਼ਾਰ ਅਫ਼ਗ਼ਾਨ ਸਿਪਾਹੀਆਂ ਸਣੇ ਮਾਰਿਆ ਗਿਆ।

ਸ਼ਾਹ ਜ਼ਮਾਨ ਨੇ ਵੀ ਭਾਵੇਂ ਪੰਜਾਬ ਵਲ ਕਈ ਵਾਰ (15 ਦਸੰਬਰ 1793, 3 ਨਵੰਬਰ 1795, 12 ਅਕਤੂਬਰ 1796) ਹਮਲਾ ਕਰਨ ਦੀਆਂ ਹਰਕਤਾਂ ਕੀਤੀਆਂ ਪਰ ਉਹ ਵਿਚਾਰਾ ਕਾਮਯਾਬ ਨਾ ਹੋ ਸਕਿਆ। ਉਸ ਦੀ ਨਾਕਾਮਯਾਬੀ ਦੇ ਦੋ ਮੁਖ ਕਾਰਨ ਸਨ: ਕਾਬਲ ਦੇ ਤਖ਼ਤ ਵਾਸਤੇ ਉਸ ਦੇ ਖ਼ਿਲਾਫ਼ ਬਗ਼ਾਵਤਾਂ ਅਤੇ ਸਿੱਖਾਂ ਨਾਲ ਵੱਡੀ ਟੱਕਰ ਲੈਣ ਤੋਂ ਡਰਨਾ (ਕਿਉਂ ਕਿ ਉਹ ਜਾਣਦਾ ਸੀ ਕਿ ਹੁਣ ਸਿੱਖ ਉਸ ਦੇ ਬਰਾਬਰ ਦੀ ਤਾਕਤ ਸਨ)। ਉਸ ਦੀ ਮੌਤ ਮਗਰੋਂ ਪੰਜਾਬ ਦੇਸ, ਸਿੱਖ ਹੋਮਲੈਂਡ, ਦੇ ਅਸਲ ਹਾਕਮ ਸਿਰਫ਼ ਤੇ ਸਿਰਫ਼ ਸਿੱਖ ਹੀ ਸਨ।

ਤੀਜੇ ਹਮਲੇ ਦੌਰਾਨ ਸ਼ਾਹ ਜ਼ਮਾਨ 1 ਜਨਵਰੀ 1797 ਦੇ ਦਿਨ ਲਾਹੌਰ ਪੁੱਜਾ। ਇਸ ਵੇਲੇ ਸਿੱਖ ਲਾਹੌਰ ਛੱਡ ਕੇ ਜਾ ਚੁਕੇ ਸਨ; ਉਸ ਨੇ ਸਿੱਖਾਂ ਦੀ ਭਾਲ ਵਿਚ ਇਕ ਵੱਡਾ ਜੱਥਾ ਅੰਮ੍ਰਿਤਸਰ ਭੇਜਿਆ ਜਿਹੜਾ 11 ਜਨਵੀ ਦੇ ਦਿ ਤੜਕਸਾਰ ਹੀ ਉਥੇ ਪੁੱਜ ਗਿਆ। ਭਾਵੇਂ ਉਸ

ਵੇਲੇ ਗਿਣਤੀ ਦੇ ਸਿੱਖ ਉਥੇ ਹਾਜ਼ਰ ਸਨ ਪਰ ਉਨ੍ਹਾਂ ਨੇ ਅਫ਼ਗਾਨ ਫ਼ੌਜਾਂ ਨੂੰਮ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ; ਅਫ਼ਗਾਨ ਹਾਰ ਕੇ ਤੇਜ਼ੀ ਨਾਲ ਲਾਹੌਰ ਨੂੰ ਭੱਜ ਟੁਰੇ। ਉਹ ਰਾਤ ਤੋਂ ਪਹਿਲਾਂ ਹੀ ਲਾਹੌਰ ਪੁੱਜ ਗਏ। ਜਦ ਸ਼ਾਹ ਜ਼ਮਾਨ ਨੂੰ ਇਸ ਹਾਰ ਦਾ ਪਤਾ ਲਗਾ ਤਾਂ ਉਹ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਹੀ ਸਾਰੀ 50 ਹਜ਼ਾਰ ਫ਼ੌਜ ਲੈ ਕੇ ਅੰਮ੍ਰਿਤਸਰ ਨੂੰ ਚਲ ਪਿਆ। ਹੁਣ ਤਕ ਬਾਕੀ ਸਿੱਖ ਫ਼ੌਜਾਂ ਨੂੰ ਵੀ ਇਸ ਧਾਵੇ ਦੀ ਖ਼ਬਰ ਮਿਲ ਚੁਕੀ ਸੀ ਤੇ ਉਹ ਵੀ ਅੰਮ੍ਰਿਤਸਰ ਨੂੰ ਚਲ ਪਏ ਸਨ। 12 ਜਨਵਰੀ ਦੇ ਦਿਨ ਦੋਹਾਂ ਧਿਰਾਂ ਵਿਚ ਜ਼ਬਰਦਸਤ ਜੰਗ ਹੋਈ। ਸਿੱਖ ਫ਼ੌਜੀਆਂ ਨੇ ਤਹੱਈਆ ਕਿਤਾ ਹੋਇਆ ਸੀ ਕਿ ਇਸ ਵਾਰ ਸ਼ਾਹ ਜ਼ਮਾਨ ਨੂੰ ਮਜ਼ਾ ਚਖਾ ਹੀ ਦੇਣਾ ਚਾਹੀਦਾ ਹੈ ਸੋ ਉਹ ਜੀਅ ਜਾਨ ਨਾਲ ਦੁਸ਼ਮਣ ਦੀਆਂ ਫ਼ੌਜਾਂ 'ਤੇ ਜਾ ਪਏ। ਸਿਰਫ਼ ਸਵਾ ਪਹਿਰ (ਚਾਰ ਘੰਟੇ) ਵਿਚ ਹੀ ਹਜ਼ਾਰਾਂ ਅਫ਼ਗਾਨ ਫ਼ੌਜਾਂ ਮਰ ਚੁਕੀਆਂ ਸਨ। ਆਪਣੀ ਫ਼ੌਜ ਦਾ ਇੰਞ ਬੁਰਾ ਹਸ਼ਰ ਹੁੰਦਾ ਵੇਖ ਕੇ ਸ਼ਾਹ ਜ਼ਮਾਨ ਨੇ ਫ਼ੌਜ ਨੂੰ ਭੱਜਣ ਦਾ ਹੁਕਮ ਦੇ ਦਿੱਤਾ। ਸਿੱਖਾਂ ਨੇ ਉਨ੍ਹਾਂ ਦਾ 20 ਮੀਲ ਤਕ ਪਿੱਛਾ ਕੀਤਾ ਅਤੇ ਹੋਰ ਸੈਂਕੜੇ ਅਫ਼ਗਾਨ ਫ਼ੌਜੀ ਮਾਰ ਦਿੱਤ।

1988: ਦਯਾ ਸਿੰਘ ਤੇ ਬਲਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ; ਹਰਜਿੰਦਰ ਸਿੰਘ ਨੂੰ ਸੀ.ਆਰ.ਪੀ.ਐਫ਼. ਨੇ ਬੇਵਜਹ ਕਤਲ ਕੀਤਾ

12 ਜਨਵਰੀ 1988 ਦੇ ਦਿਨ ਪੁਲਸ ਨੇ ਦਯਾ ਸਿੰਘ ਤੇ ਬਲਬੀਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਬਾਬਾ ਬਕਾਲਾ 'ਚ ਇਕ ਰਾਹਗੀਰ ਹਰਜਿੰਦਰ ਸਿੰਘ ਨੂੰ ਸੀ.ਆਰ.ਪੀ.ਐਫ਼. ਨੇ ਬੇਵਜਹ ਕਤਲ ਕਰ ਦਿਤਾ।

1990: ਕੰਵਲਜੀਤ ਸਿੰਘ ਅੰਮ੍ਰਿਤਸਰ, ਸੁਬੇਗ ਸਿੰਘ ਲੁਬਣੀਆਂ ਵਾਲੀ ਤੇ ਸੁਰਜੀਤ ਸਿੰਘ ਕੰਧ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

12 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਕੰਵਲਜੀਤ ਸਿੰਘ (ਪੁੱਤਰ ਅਰਜਨ ਸਿੰਘ, ਵਾਸੀ ਸੁਲਤਾਨਵਿੰਡ ਰੋਡ, ਅੰਮ੍ਰਿਤਸਰ), ਸੁਬੇਗ ਸਿੰਘ (ਵਾਸੀ ਲੁਬਣੀਆਂ ਵਾਲੀ, ਫਰੀਦਕੋਟ) ਤੇ ਸੁਰਜੀਤ ਸਿੰਘ (ਵਾਸੀ ਕੰਧ ਵਾਲਾ, ਫਰੀਦਕੋਟ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

13 ਜਨਵਰੀ

1703: ਸੈਦ ਖ਼ਾਨ ਤੇ ਅਲਫ਼ ਖ਼ਾਨ ਵੱਲੋਂ ਚਮਕੌਰ ਨੇੜੇ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਹਮਲਾ

ਜਨਵਰੀ 1703 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਧਰਮ ਪ੍ਰਚਾਰ ਦੇ ਦੌਰੇ 'ਤੇ ਅਨੰਦਪੁਰ ਤੋਂ ਕੁਰੂਕਸ਼ੇਤਰ ਗਏ। ਵਾਪਸੀ 'ਤੇ 13 ਜਨਵਰੀ 1703 ਦੇ ਦਿਨ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੀ ਸ਼ਹਿ 'ਤੇ ਸੈਦ ਬੇਗ ਤੇ ਅਲਫ਼ ਖ਼ਾਨ ਨੇ ਚਮਕੌਰ ਦੇ ਨੇੜੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨਾਲ ਮਾਤਾ ਗੁਜਰੀ, ਦੋਵੇਂ ਮਹਿਲ (ਪਤਨੀਆਂ) ਤੇ ਸਵਾ ਕੁ ਸੌ ਸਿੰਘ ਸਨ। ਭਾਈ ਉਦੈ ਸਿੰਘ ਤੇ ਹੋਰ ਯੋਧਿਆਂ ਨੇ ਹਮਲਾਵਰਾਂ ਦੀ ਚੰਗੀ ਖੁੰਭ ਠੱਪੀ। ਹਮਲਾਵਰਾਂ ਨੇ ਦੌੜ ਕੇ ਆਪਣੀ ਜਾਨ ਬਚਾਈ।

1849: ਚੇਲਿਆਂ ਵਾਲੇ ਵਿਚ ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰ ਜ਼ਬਰਦਸਤ ਜੰਗ

ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਚਤਰ ਸਿੰਘ ਤੇ ਸ਼ੇਰ ਸਿੰਘ ਅਟਾਰੀਵਾਲਿਆਂ ਅਤੇ ਅੰਗਰੇਜ਼ਾਂ ਵਿਚਕਾਰ ਜੰਗ ਦੀਆਂ ਤਿਆਰੀਆਂ ਦਾ ਮਾਹੌਲ ਤਕਰੀਬਨ ਦੋ ਮਹੀਨੇ ਚਲਦਾ ਰਿਹਾ। ਦੋਹਾਂ ਧਿਰਾਂ ਵਿਚ ਪਹਿਲੀ ਲੜਾਈ 22 ਨਵੰਬਰ 1848 ਦੇ ਦਿਨ ਰਾਮਨਗਰ ਵਿਚ ਹੋਈ ਸੀ ਜਿਸ ਵਿਚ ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੋਇਆ। ਅੰਗਰੇਜ਼ਾਂ ਦੇ ਸੈਂਕੜੇ ਫ਼ੌਜੀਆਂ ਤੋਂ ਇਲਾਵਾ ਉਨ੍ਹਾਂ ਦੇ ਬਰਗੇਡੀਅਰ ਜਨਰਲ ਕਿਊਰਟਨ ਅਤੇ ਲੈਫ਼ਟੀਨੈਂਟ ਕਰਨਲ ਹੈਵਲਾਕ ਵੀ ਮਾਰੇ ਗਏ। ਏਨਾ ਨੁਕਸਾਨ ਕਰਵਾਉਣ ਤੋਂ ਬਾਅਦ ਅੰਗਰੇਜ਼ ਕਈ ਹਫ਼ਤੇ ਸਹਿਮੇ ਰਹੇ ਅਤੇ ਅਗਲਾ ਪੈਂਤੜਾ ਸੋਚਦੇ, ਪਰ ਉਪਰਲੇ ਅਫ਼ਸਰਾਂ ਦਾ ਹੁਕਮ ਉਡੀਕਦੇ, ਰਹੇ।

ਸੱਤ ਹਫ਼ਤੇ ਦੀ ਚੁੱਪ ਮਗਰੋਂ ਬ੍ਰਿਟਿਸ਼ ਫ਼ੌਜਾਂ ਇਕ ਵਾਰ ਫੇਰ ਟੱਕਰ ਲੈਣ ਵਾਸਤੇ ਤਿਆਰ ਹੋ ਗਈਆਂ। ਅਗਲੀ ਲੜਾਈ 13 ਜਨਵਰੀ 1849 ਦੇ ਦਿਨ ਪਿੰਡ ਚੇਲਿਆਂਵਾਲਾ (ਅੰਗਰੇਜ਼ ਇਸ ਨੂੰ *ਚਿਲਿਆਂਵਾਲਾ* ਲਿਖਦੇ ਸਨ) ਦੀ ਜੂਹ ਵਿਚ ਹੋਈ। ਇਸ ਲੜਾਈ ਵਿਚ ਵਧੇਰੇ ਕਰ ਕੇ ਅੰਗਰੇਜ਼ੀ ਫ਼ੌਜਾਂ ਹੀ ਸ਼ਾਮਿਲ ਹੋਈਆਂ। ਹਿੰਦੁਸਤਾਨੀ ਜਾਂ ਮੁਸਲਿਮ ਫ਼ੌਜਾਂ ਨੂੰ ਇਸ ਵਿਚ ਸ਼ਾਮਿਲ ਨਹੀਂ ਕੀਤਾ ਗਿਆ।

ਸਿੱਖ ਫ਼ੌਜੀ ਇਸ ਲੜਾਈ ਵਿਚ ਜੀਅ-ਜਾਨ ਨਾਲ ਲੜੇ। ਉਨ੍ਹਾਂ ਦੇ ਦਿਲਾਂ ਵਿਚ ਪੰਜਾਬ 'ਤੇ ਅੰਗਰੇਜ਼ੀ ਕਬਜ਼ੇ ਦੇ ਖ਼ਿਲਾਫ਼ ਰੋਹ ਫੈਲ ਚੁਕਾ ਸੀ। ਉਹ ਅੰਗਰੇਜ਼ਾਂ ਨੂੰ ਤਾਰੇ ਦਿਖਾਉਣਾ ਚਾਹੁੰਦੇ ਸੀ। ਉਧਰ ਅੰਗਰੇਜ਼ ਫ਼ੌਜੀਆਂ ਨੂੰ ਮੁਦਕੀ ਅਤੇ ਫ਼ੀਰੋਜ਼ਸ਼ਾਹ ਦੀਆਂ ਲੜਾਈਆਂ ਦਾ ਭੁਲੇਖਾ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਇਸ ਲੜਾਈ ਵਿਚ ਲਾਲ ਸਿੰਘ, ਕਨੱ੍ਹਈਆ ਲਾਲ, ਅਜੁਧਿਆ ਪ੍ਰਸਾਦ ਤੇ ਅਮਰ ਨਾਥ ਵਰਗੇ ਗ਼ਦਾਰ ਅਗਵਾਈ ਨਹੀਂ ਸਨ ਕਰ ਰਹੇ ਬਲਕਿ ਇਹ ਸ਼ੇਰਾਂ ਦੀ ਫ਼ੌਜ ਸੀ, ਜੋ ਜਜ਼ਬਾਤ ਦੀ ਛਾਂ ਹੇਠ ਜੂਝ ਰਹੀ ਸੀ।

ਇਸ ਲੜਾਈ ਵਿਚ ਬ੍ਰਿਟਿਸ਼ ਫ਼ੌਜ ਬੁਰੀ ਤਰ੍ਹਾਂ ਤਬਾਹ ਹੋ ਗਈ। ਇਸ ਲੜਾਈ ਵਿਚ 2446 ਅੰਗਰੇਜ਼ ਫ਼ੌਜੀ ਅਤੇ 132 ਅਫ਼ਸਰ ਮਾਰੇ ਗਏ ਤੇ ਅੰਗਰੇਜ਼ਾਂ ਨੇ ਚਾਰ ਤੋਪਾਂ ਵੀ ਗੁਆ ਲਈਆਂ।

ਇਸ ਜੰਗ ਬਾਰੇ *ਕਲਕੱਤਾ ਰੀਵੀਊ* (1849) ਨੇ ਲਿਖਿਆ ਕਿ ਇਸ ਸਬ-ਕੰਟੀਨੈਂਟ (ਸਾਊਥ ਏਸ਼ੀਆ) ਵਿਚ ਬਰਤਾਨੀਆਂ ਦੀਆਂ ਲੜਾਈਆਂ ਵਿਚੋਂ ਚੇਲਿਆਂਵਾਲਾ ਸਭ ਤੋਂ ਵਧ ਤਬਾਹਕੁੰਨ ਸੀ। ਗਰਿਫ਼ਨ ਇਸ ਨੂੰ "ਅਫ਼ਗ਼ਾਨਿਸਤਾਨ ਵਿਚ ਬਰਤਾਨਵੀ ਫ਼ੌਜਾਂ ਦੇ ਕਤਲੇਆਮ ਵਾਂਗ ਖ਼ੌਫ਼ਨਾਕ" ਦਸਦਾ ਹੈ। ਐਡਵਿਨ ਆਰਨਲਡ ਨੇ ਇਸ ਲੜਾਈ ਬਾਰੇ ਕਿਹਾ ਸੀ ਕਿ "ਜੇ ਸਿੱਖ ਅਜਿਹੀ ਇਕ ਹੋਰ ਲੜਾਈ ਜਿੱਤ ਜਾਂਦੇ ਤਾਂ ਬਰਤਾਨੀਆਂ ਦੀ ਹਕੂਮਤ ਨਾ ਸਿਰਫ਼ ਪੰਜਾਬ ਚੋਂ ਹੀ ਖ਼ਤਮ ਹੋ ਜਾਣੀ ਸੀ ਬਲਕਿ ਉਨ੍ਹਾਂ ਨੂੰ ਭਾਰਤ ਵਿਚੋਂ ਵੀ ਕੱਢ ਦਿੱਤਾ ਜਾਣਾ ਸੀ।" ਜਰਨੈਲ ਥੈਕਵਿਲ ਲਿਖਦਾ ਹੈ ਕਿ "ਮੇਰਾ ਖ਼ਿਆਲ ਹੈ ਕਿ ਇਸ ਘੱਲੂਘਾਰੇ ਵਿਚੋਂ ਮੇਰਾ ਇਕ ਵੀ ਸਿਪਾਹੀ ਨਹੀਂ ਸੀ ਬਚਿਆ।... ਇਕ-ਇਕ ਸਿੱਖ ਸਾਡੇ ਤਿੰਨ-ਤਿੰਨ ਸਿਪਾਹੀਆਂ ਨੂੰ ਮਾਰਨ ਦੇ ਕਾਬਿਲ ਸੀ।...ਬਰਤਾਨਵੀ ਫ਼ੌਜ ਸਿੱਖ ਫ਼ੌਜੀਆਂ ਤੋਂ ਏਨੀ ਖ਼ੌਫ਼ਜ਼ਦਾ ਸੀ ਕਿ *ਉਹ ਮੈਦਾਨ ਵਿੱਚੋਂ ਇੰਵ ਭੱਜ ਗਏ ਸਨ ਜਿਵੇਂ ਭੇਡਾਂ ਆਪਣੀ ਜਾਨ ਬਚਾਉਣ ਵਾਸਤੇ ਭਜਦੀਆਂ ਹਨ।*"

ਇਸ ਲੜਾਈ ਨੇ ਅੰਗਰੇਜ਼ਾਂ ਵਿਚ ਏਨਾ ਖ਼ੌਫ਼ ਪੈਦਾ ਕੀਤਾ ਕਿ ਬਰਤਾਨਵੀ ਪਾਰਲੀਮੈਂਟ ਵਿਚ ਵੀ ਇਸ ਦਾ ਮਾਤਮ ਮਨਾਇਆ ਗਿਆ। *ਇਸ ਮੌਕੇ 'ਤੇ, 80 ਸਾਲ ਦੇ, ਡਿਊਕ ਆਫ਼ ਵੈਲਿੰਗਡਨ (ਜਿਸ ਨੇ ਵਾਟਰਲੂ ਦੀ ਲੜਾਈ ਵਿਚ ਨੈਪੋਲੀਅਨ ਨੂੰ ਹਰਾਇਆ ਸੀ) ਨੇ ਪੰਜਾਬ ਜਾ ਕੇ ਸਿੱਖਾਂ ਦੇ ਖ਼ਿਲਾਫ਼ ਜੰਗ ਵਿਚ ਹਿੱਸਾ ਲੈਣ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ।*

ਚੇਲਿਆਂਵਾਲਾ ਦੀ ਜੰਗ ਦਾ ਇੰਗਲੈਂਡ ਵਿਚ ਏਨਾ ਰੰਜ ਤੇ ਮਾਤਮ ਹੋਇਆ ਕਿ ਜਾਰਜ ਮੈਰੇਡਿਥ ਵਰਗੇ ਮੰਨੇ-ਪਰਮੰਨੇ ਸ਼ਾਇਰ ਦੀ ਕਲਮ ਨੇ ਵੀ ਇਕ ਦਰਦ-ਭਰੀ ਮਾਤਮੀ ਨਜ਼ਮ ਲਿਖੀ (ਉਸ ਨੇ ਚੇਲਿਆਂਵਾਲਾ ਨੂੰ ਚਿਲਿਆਂਵਾਲਾ ਲਿਖਿਆ ਹੈ:

ਚਿਲਿਆਂਵਾਲਾ! ਚਿਲਿਆਂ ਵਾਲਾ!!
ਇਕ ਹਨੇਰਾ ਉਦਾਸ ਪਿੰਡ
ਜਿਸ ਨੂੰ ਦੁਸ਼ਮਣ ਨੇ ਘੇਰਿਆ ਹੋਇਆ ਹੈ।
ਸਰਦ ਪਾਣੀਆਂ ਦੇ ਦੂਜੇ ਪਾਰ
ਉਹ ਪਿੱਛੇ ਹਟਣ ਨੂੰ ਤਿਆਰ ਹੈ,
ਤਦੋਂ ਕਤਲ ਤੇ ਘੱਲੂਘਾਰਾ
ਉਸ ਦੀ ਹਾਰ ਦੇ ਇਵਜ਼ ਵਿਚ ਮਿਲਣੇ ਸਨ।
ਚਿਲਿਆਂਵਾਲਾ! ਚਿਲਿਆਂ ਵਾਲਾ!!
ਝਾੜੀਆਂ ਵਾਲੇ ਜੰਗਲ ਨਾਲ ਘਿਰਿਆ ਮੈਦਾਨੇ ਜੰਗ
ਜਿਸ ਦੀ ਜ਼ਮੀਨ 'ਤੇ ਲਹੂ ਦੀ ਚਾਦਰ ਵਿਛੀ ਹੋਈ ਹੈ
ਇਹ ਮੌਤ ਦੇ ਪਰਵਾਨਿਆਂ ਦੀ ਫ਼ੌਜ
ਖ਼ੌਫ਼ਨਾਕ ਮੁਕਾਬਲਿਆਂ ਵਿਚ
(ਜਿੱਤ ਦੇ) ਭਰਮ ਦੀ ਗਰਜ ਨਾਲ ਦਬੀ ਹੋਈ ਜੂਝਦੀ ਹੈ।
ਚਿਲਿਆਂਵਾਲਾ! ਚਿਲਿਆਂ ਵਾਲਾ!!
ਇਕ ਮੀਂਹ ਭਰੀ ਰਾਤ ਵਿਚ ਮਾਰੇ ਜਾ ਚੁਕੇ ਫ਼ੌਜੀਆਂ,
ਜ਼ਖ਼ਮੀਆਂ ਤੇ ਮਰ ਰਹਿਆਂ ਦੀ ਸਾਂਝੀ ਤਕਦੀਰ
ਤੇ ਜਦੋਂ ਉਨ੍ਹਾਂ ਦੇ ਸਾਥੀ ਬੇਸਹਾਰੇ ਅਸਮਾਨ ਦੀ ਛੱਤ ਹੇਠ
ਡਿੱਗੇ ਪਏ ਸਨ।
ਚਿਲਿਆਂਵਾਲਾ! ਚਿਲਿਆਂ ਵਾਲਾ!!
(ਮੈਰੇਡਿਥ ਦੀ ਨਜ਼ਮ ਦਾ ਪੰਜਾਬੀ ਵਿਚ ਇਹ ਤਰਜਮਾ ਮੇਰਾ ਆਪਣਾ ਹੈ)

ਇਸ ਲੜਾਈ ਵਿਚ ਹੋਈ ਹਾਰ ਬਦਲੇ ਜਨਰਲ ਗੱਫ਼ ਨੂੰ ਹਟਾ ਕੇ ਸਰ ਚਾਰਲਸ ਨੈਪੀਅਰ ਨੂੰ ਅੰਗਰੇਜ਼ੀ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਬਣਾ ਦਿੱਤਾ ਗਿਆ।

1986: ਅਬੋਹਰ ਤੇ ਫ਼ਾਜ਼ਲਕਾ ਦੇ ਪਿੰਡਾਂ ਦੀ ਬੋਲੀ ਵਾਸਤੇ ਰਾਇਸ਼ੁਮਾਰੀ ਕਰਵਾਈ ਗਈ

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਸਿਰਫ਼ ਇਕ ਮਦ ਹੀ ਸਿੱਖਾਂ, ਦਰਅਸਲ ਪੰਜਾਬ, ਦੇ ਹੱਕ ਵਿਚ ਸੀ ਕਿ ਚੰਡੀਗੜ੍ਹ 26 ਜਨਵਰੀ 1986 ਤੋਂ ਪਹਿਲਾਂ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਅਤੇ ਹਰਿਆਣੇ ਨੂੰ ਹਿੰਦੀ ਤੇ ਪੰਜਾਬ ਨੂੰ ਪੰਜਾਬੀ ਬੋਲਦੇ ਇਲਾਕੇ ਦੇਣ ਵਾਸਤੇ ਉਨ੍ਹਾਂ ਦੀ ਸ਼ਨਾਖ਼ਤ ਕਰਨ ਵਾਸਤੇ ਇਕ ਕਮਿਸ਼ਨ ਬਣੇਗਾ। ਸੈਂਟਰ ਨੇ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਦੀ ਜਗਹ ਇਸ ਨੂੰ ਹਿੰਦੀ ਬੋਲਦੇ ਇਲਾਕੇ ਨਾਲ ਜੋੜ ਦਿੱਤਾ ਅਤੇ ਪੰਜਾਬ ਵਿਚ ਹਿੰਦੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਦਾ ਐਲਾਨ ਕਰ ਦਿੱਤਾ।

ਰਾਜੀਵ ਸਰਕਾਰ ਵੱਲੋਂ ਮੈਥਿਊ ਕਮਿਸ਼ਨ ਨੂੰ ਇਹ ਕਿਹਾ ਗਿਆ ਕਿ ਉਹ ਪੰਜਾਬ ਨੂੰ ਚੰਡੀਗੜ੍ਹ ਅਤੇ ਇਸ ਦੇ ਬਦਲੇ 'ਚ ਪੰਜਾਬ ਵਿਚੋਂ ਇਲਾਕੇ ਹਰਿਆਣੇ ਨੂੰ ਦੇਣ ਬਾਰੇ ਫ਼ੈਸਲਾ ਕਰੇ। ਮਤਲਬ ਸਾਫ਼ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ। ਮੈਥਿਊ ਕਮਿਸ਼ਨ ਨੇ 13 ਜਨਵਰੀ 1986 ਨੂੰ ਅਬੋਹਰ ਅਤੇ ਫ਼ਾਜ਼ਿਲਕਾ ਦੀ ਬੋਲੀ ਪਤਾ ਕਰਨ ਵਾਸਤੇ 54 ਪਿੰਡਾਂ ਵਿਚ

ਰਾਏ ਸ਼ੁਮਾਰੀ ਕਾਰਵਾਉਣ ਦਾ ਐਲਾਨ ਕੀਤਾ। ਇਸ ਦਾ ਮਤਲਬ ਸਾਫ਼ ਸੀ ਕਿ ਚੰਡੀਗੜ੍ਹ ਦੇਣ ਦਾ ਮਸਲਾ ਇਕ ਤਰੀਕੇ ਨਾਲ ਖ਼ਤਮ ਹੀ ਕਰ ਦਿੱਤਾ ਜਾਵੇ। ਅਬੋਹਰ ਫ਼ਾਜ਼ਿਲਕਾ 'ਚ ਕੀਤੇ ਜਾ ਰਹੇ ਸਰਵੇ ਸਬੰਧੀ ਚਰਨਜੀਤ ਸਿੰਘ ਕੋਕਾ ਕੋਲਾ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਸਰਵੇ ਮੁਲਕ ਦੀ ਏਕਤਾ ਦੇ ਉਲਟ ਹੈ। ਇੰਦਰ ਕੁਮਾਰ ਗੁਜਰਾਲ (ਸਾਬਕ ਵਜ਼ੀਰ), ਕੁਲਦੀਪ ਨਈਅਰ ਅਤੇ ਪ੍ਰਾਣ ਚੋਪੜਾ ਨੇ ਕਿਹਾ ਕਿ ਇਹ ਸਰਵੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਉਲਟ ਹੈ। ਇਸ ਦੇ ਬਾਵਜੂਦ ਰਾਜੀਵ ਨਾ ਟਲਿਆ। ਜਨਵਰੀ ਦੇ ਅੱਧ ਵਿਚ ਬਰਨਾਲੇ ਨੇ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੀਆਂ ਵਧਾਈਆਂ ਦੇ ਲੱਖਾਂ ਇਸ਼ਤਿਹਾਰ ਵੀ ਛਪਵਾ ਕੇ ਰੱਖ ਲਏ ਸਨ ਪਰ ਉਹ ਰਾਜੀਵ ਵੱਲੋਂ ਧੋਖਾ ਦਿੱਤੇ ਜਾਣ 'ਤੇ ਰੋਸ ਤਕ ਵੀ ਨਾ ਜਿਤਾ ਸਕਿਆ। 1994 ਵਿਚ ਜ਼ੈਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਬਰਨਾਲਾ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤੇ ਜਾਣ 'ਤੇ ਅਸਤੀਫ਼ਾ ਦੇ ਦੇਂਦਾ ਤਾਂ ਪੰਜਾਬ ਦਾ ਨਕਸ਼ਾ ਕੁਝ ਹੋਰ ਹੁੰਦਾ (ਉਂਞ ਇਸ ਜ਼ੈਲ ਸਿੰਘ ਨੇ ਖ਼ੁਦ ਜੂਨ/ਨਵੰਬਰ 1984 ਵਿਚ ਕਿਹੜਾ ਅਸਤੀਫ਼ਾ ਦਿੱਤਾ ਸੀ?)। ਖ਼ੈਰ ਬਰਨਾਲਾ ਬੇਗ਼ੈਰਤ ਬਣ ਕੇ ਚੀਫ਼ ਮਨਿਸਟਰੀ ਨਾਲ ਜੁੜਿਆ ਰਿਹਾ ਤੇ ਰਾਜੀਵ ਗਾਂਧੀ ਦਾ ਮੁਹਰਾ ਬਣ ਕੇ ਪੰਜਾਬ ਅਤੇ ਸਿੱਖਾਂ 'ਤੇ ਜ਼ੁਲਮ ਕਰਦਾ ਰਿਹਾ।

1989: ਜੰਮੂ ਵਿਚ ਸਿੱਖ ਜਲੂਸ ਤੇ ਹਮਲਾ; ਕਈ ਸਿੱਖ ਮਰੇ, 100 ਜ਼ਖ਼ਮੀ

6 ਜਨਵਰੀ 1989 ਦੇ ਦਿਨ ਸਤਵੰਤ ਸਿੰਘ ਤੇ ਕੇਹਰ ਸਿੰਘ ਨੂੰ ਇੰਦਰਾ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ। 13 ਜਨਵਰੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਕਈ ਪਾਸੇ ਨਗਰ ਕੀਰਤਨ (ਜਲੂਸ) ਕੱਢੇ ਗਏ। ਇਸ ਦਿਨ ਜੰਮੂ ਵਿਚ ਵੀ ਸਿੱਖਾਂ ਨੇ ਨਗਰ ਕੀਰਤਨ ਕੱਢਿਆ ਅਤੇ ਇਸ ਜਲੂਸ ਵਿਚ ਲੋਕਾਂ ਨੇ ਸਤਵੰਤ ਸਿੰਘ ਤੇ ਕੇਹਰ ਸਿੰਘ ਸ਼ਹੀਦਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਵੀ ਚੁਕੇ ਹੋਏ ਸਹਨ। ਦਹਿਸ਼ਤਗਰਦ ਹਿੰਦੂਆਂ ਨੇ ਇਸ ਜਲੂਸ 'ਤੇ ਹਮਲਾ ਬੋਲ ਦਿੱਤਾ ਤੇ ਕਈ ਸਿੱਖ ਮਾਰ ਦਿੱਤੇ ਅਤੇ ਬਹੁਤ ਸਾਰੇ ਜ਼ਖ਼ਮੀ ਕਰ ਦਿੱਤੇ।

1990: ਰੁਲਦੂ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜਨਵਰੀ 1992 ਦੇ ਦਿਨ ਪੁਲਸ ਨੇ ਗੁਰਭੇਜ ਸਿੰਘ ਉਰਫ਼ ਗੇਜਾ (ਪੁਤਰ ਜਗੀਰ ਸਿੰਘ, ਵਾਸੀ ਬੁੱਘਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕੁਲਵੰਤ ਸਿੰਘ, ਬਗੀਚਾ ਸਿੰਘ, ਗੁਰਮੇਜ ਸਿੰਘ, ਦਲਬੀਰ ਸਿੰਘ ਤੇ ਅਜਾਇਬ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜਨਵਰੀ 1993 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ (ਪੁਤਰ ਜਗੀਰ ਸਿੰਘ, ਵਾਸੀ ਭਾਨੂਵਾਲ, ਜ਼ਿਲ੍ਹਾ ਰੋਪੜ), ਬਗੀਚਾ ਸਿੰਘ ਉਰਫ਼ ਖਾਲਸਾ (ਪੁੱਤਰ ਸਵਿੰਦਰਪਾਲ ਸਿੰਘ, ਵਾਸੀ ਕਾਲਿਆਂ ਸਕੱਤਰਾ), ਗੁਰਮੇਜ ਸਿੰਘ ਉਰਫ਼ ਜੈਜਾ (ਪੁੱਤਰ ਸਵਰਨ ਸਿੰਘ, ਵਾਸੀ ਵਲਟੋਹਾ) ਤੇ ਦਲਬੀਰ ਸਿੰਘ ਉਰਫ਼ ਸੁਬੇਗ ਸਿੰਘ ਤੇ ਅਜਾਇਬ ਸਿੰਘ (ਵਾਸੀ ਕਲਾਨੌਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਪੁਲਸ ਨੇ ਐਲਾਨ ਕੀਤਾ ਕਿ ਇਹ ਸਾਰੇ ਖਾੜਕੂ ਵੱਡੇ ਵੱਡੇ ਈਨਾਮੀ ਸਿੰਘ ਸਨ।

2014: ਇੰਗਲੈਂਡ ਦੀ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਤੇ ਇੰਦਰਾ ਗਾਂਧੀ ਦੀਆਂ ਸਿੱਖਾਂ ਦੇ ਖ਼ਿਲਾਫ਼ ਚਿੱਠੀਆਂ ਦਾ ਰਾਜ਼ ਖੁੱਲ੍ਹਿਆ

ਮਰਗਰੇਟ ਥੈਚਰ ਦੀ ਇਸ ਕਾਰਵਾਈ ਦਾ ਰਾਜ਼ ਖੋਲ੍ਹਦੀਆਂ ਇਹ ਖ਼ੁਫ਼ੀਆ ਚਿੱਠੀਆਂ 6 ਫ਼ਰਵਰੀ 1984 ਅਤੇ 23 ਫ਼ਰਵਰੀ 1984 ਦੀਆਂ ਹਨ। 6 ਫ਼ਰਵਰੀ ਦੀ ਚਿੱਠੀ ਬਰਾਇਨ ਹਾਲ (ਪ੍ਰਾਈਵੇਟ ਸੈਕਟਰੀ ਟੂ ਫ਼ੌਰਨ ਮਨਿਸਟਰ ਜੈਫ਼ਰੀ ਹੌਵੇ) ਦੀ 3 ਫ਼ਰਵਰੀ ਦੀ ਚਿੱਠੀ ਦੇ ਜਵਾਬ ਵਿਚ ਹੈ। ਇਹ ਚਿੱਠੀ ਐਫ਼.ਈ.ਆਰ. ਬਟਲਰ (ਪ੍ਰਿੰਸੀਪਲ ਪ੍ਰਾਈਵੇਟ ਸੈਕਟਰੀ ਟੂ ਮਾਰਗਰੇਟ ਥੈਚਰ) ਵੱਲੋਂ ਲਿਖੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ "ਸਾਨੂੰ ਦਿੱਲੀ ਤੋਂ ਅਰਜ਼ ਆਈ ਹੈ ਕਿ ਇੰਦਰਾ ਗਾਂਧੀ ਨਾਲ **'ਮਤਭੇਦ ਰੱਖਣ ਵਾਲੇ'** ਸਿੱਖਾਂ ਨੂੰ ਦਰਬਾਰ ਵਿਚੋਂ ਕੱਢਣ ਵਾਸਤੇ ਸਲਾਹ ਦਿੱਤੀ ਜਾਵੇ" *(ਨੋਟ: ਇਸ ਵਿਚ ਉਨ੍ਹਾਂ ਨੂੰ ਦਹਿਸ਼ਤਗਰਦ ਜਾਂ ਵੱਖਵਾਦੀ ਵੀ ਨਹੀਂ ਕਿਹਾ ਗਿਆ ਤੇ ਸਿਰਫ਼ ਸਰਕਾਰ ਨਾਲ 'ਮਤਭੇਦ ਰੱਖਣ ਵਾਲੇ', ਯਾਨਿ ਸਰਕਾਰ/ਇੰਦਰਾ ਗਾਂਧੀ ਦੇ ਵਿਰੋਧੀ, ਕਿਹਾ ਗਿਆ ਹੈ)।* ਇਸ ਚਿੱਠੀ ਮੁਤਾਬਿਕ ਥੈਚਰ ਨੇ ਫ਼ੌਰਨ ਸੈਕਟਰੀ (ਵਜ਼ੀਰ) ਨੂੰ ਉਸ ਵੱਲੋਂ ਭਾਰਤ ਸਰਕਾਰ ਦੀ ਮਦਦ ਵਾਸਤੇ ਬਣਾਈ ਪਲਾਨ ਨੂੰ ਕਬੂਲ ਕਰ ਲਿਆ ਹੈ ਅਤੇ ਆਪਣੇ ਫ਼ੌਜੀ ਐਡਵਾਈਜ਼ਰ (ਅਫ਼ਸਰ) ਦਿੱਲੀ ਭੇਜਣ ਵਾਸਤੇ ਕਿਹਾ ਸੀ। (ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰਿਚਰਡ ਮੋਟਰਾਮ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ ਨੂੰ ਵੀ ਭੇਜੀ ਗਈ ਸੀ)।

ਦੂਜੀ ਚਿੱਠੀ, 23 ਫ਼ਰਵਰੀ 1984 ਦੀ ਹੈ ਜੋ ਬੀ.ਜੇ.ਪੀ ਫ਼ਾਲ (ਪ੍ਰਾਈਵੇਟ ਸੈਕਟਰੀ ਟੂ ਫ਼ੌਰਨ ਮਨਿਸਟਰ ਜੈਫ਼ਰੀ ਹੌਵੇ) ਵੱਲੋਂ ਹਿਊ ਟੇਲਰ (ਪ੍ਰਾਈਵੇਟ ਸੈਕਟਰੀ ਟੂ ਹੋਮ ਸੈਕਟਰੀ ਲਿਓਨ ਬ੍ਰਿਟਨ) ਨੂੰ ਲਿਖੀ ਗਈ ਹੈ। ਇਸ ਦਾ ਹੈਡਿੰਗ ਹੀ **"ਸਿੱਖ ਕਮਿਊਨਿਟੀ"** ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਦਰਬਾਰ ਸਾਹਿਬ 'ਤੇ ਐਕਸ਼ਨ ਕਰਨ ਦੀ ਪਲਾਨ ਸਬੰਧੀ, ਇੰਗਲੈਂਡ ਦੀ ਸਰਕਾਰ ਦਾ ਇਕ ਐਸ.ਏ.ਐਸ. ਅਫ਼ਸਰ, ਇੰਗਲੈਂਡ ਦੀ ਪ੍ਰਾਈਮ ਮਨਿਸਟਰ ਥੈਚਰ ਦੀ ਮਨਜ਼ੂਰੀ ਨਾਲ, ਭਾਰਤ ਗਿਆ ਸੀ ਅਤੇ **ਉਸ ਨੇ ਇਕ ਪਲਾਨ ਤਿਆਰ ਕੀਤੀ ਸੀ ਜਿਸ ਨੂੰ ਇੰਦਰ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। ਯਾਨਿ ਇਸ ਤੋਂ ਸਾਫ਼ ਸਪਸ਼ਟ ਹੈ ਕਿ ਇਹ ਪਲਾਨ ਇੰਗਲੈਂਡ ਦੇ ਫ਼ੌਜੀ ਅਫ਼ਸਰਾਂ ਨੇ ਹੀ ਬਣਾਈ ਸੀ।**

ਇਸੇ ਚਿੱਠੀ ਵਿਚ ਫ਼ੌਰਨ ਸੈਕਟਰੀ ਹੋਰ ਲਿਖਦਾ ਹੈ ਕਿ ਭਾਰਤ ਸਰਕਾਰ ਉਸ ਬਰਤਾਨਵੀ ਅਫ਼ਸਰ ਦੀ ਪਲਾਨ 'ਤੇ ਜਲਦੀ ਹੀ ਐਕਸ਼ਨ ਕਰੇਗੀ। ਚਿੱਠੀ ਵਿਚ ਕਿਹਾ ਗਿਆ ਹੈ ਕਿ ਇਸ ਐਕਸ਼ਨ (ਯਾਨਿ ਦਰਬਾਰ ਸਾਹਿਬ 'ਤੇ ਹਮਲੇ) ਦਾ ਨਤੀਜਾ ਪੰਜਾਬ ਵਿਚ ਫ਼ਿਰਕੂ ਫ਼ਸਾਦ ਭੜਕੇਗਾ ਅਤੇ ਇਸ ਦਾ ਅਸਰ ਇੰਗਲੈਂਡ ਵਿਚ ਰਹਿੰਦੇ ਭਾਰਤੀ ਭਾਈਚਾਰੇ 'ਤੇ ਵੀ ਪਵੇਗਾ; ਖ਼ਾਸ ਕਰ ਕੇ ਜੇ ਇਹ ਰਾਜ਼ ਖੁਲ੍ਹ ਗਿਆ ਕਿ ਇੰਗਲੈਂਡ ਦਾ ਐਸ.ਏ.ਐਸ. ਅਫ਼ਸਰ ਇਸ (ਯਾਨਿ ਦਰਬਾਰ ਸਾਹਿਬ 'ਤੇ ਹਮਲੇ) ਵਿਚ ਸ਼ਾਮਿਲ ਸੀ। {ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰੌਬਿਨ ਬਟਲਰ (ਨੰਬਰ 10, ਯਾਨਿ ਪ੍ਰਾਈਮ ਮਨਿਸਟਰ ਦਫ਼ਤਰ), ਰਿਚਰਡ ਮੋਟਰਾਮ (ਮਨਿਸਟਰੀ ਆਫ਼ ਡਿਫ਼ੈਂਸ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ (ਕੈਬਨਟ ਆਫ਼ਿਸ) ਨੂੰ ਵੀ ਭੇਜੀ ਗਈ ਸੀ}।

ਇਨ੍ਹਾਂ ਦੋ ਚਿੱਠੀਆਂ ਦਾ ਪਤਾ ਲਗਣ 'ਤੇ ਦੁਨੀਆਂ ਭਰ ਵਿਚ ਤੂਫ਼ਾਨ ਉਠ ਪਿਆ। 13 ਅਤੇ 14 ਜਨਵਰੀ 2014 ਦੇ ਦਿਨ ਇਹ ਚਿੱਠੀਆਂ ਇੰਟਰਨੈਟ ਰਾਹੀਂ ਸਾਰੇ ਪਾਸੇ ਫੈਲ ਗਈਆਂ ਅਤੇ ਸਾਰੇ ਪਾਸੇ ਜ਼ਬਰਦਸਤ ਤੂਫ਼ਾਨ ਉਠ ਖੜਾ ਹੋਇਆ। ਇਸ 'ਤੇ ਬ੍ਰਿਮਿੰਘਮ ਦੇ ਨਾਲ ਲਗਵੇਂ ਹਲਕੇ ਵੈਸਟ ਬਰੌਮਵਿਚ ਦੇ ਮੈਂਬਰ ਪਾਰਲੀਮੈਂਟ ਟਿਮ ਵਾਟਸਨ, ਹਾਊਸ ਆਫ਼ ਲਾਰਡਜ਼ ਦੇ ਮੈਂਬਰ ਇੰਦਰਜੀਤ ਸਿੰਘ ਨੇ (ਤੇ ਮਗਰੋਂ ਸਾਊਥਾਲ ਦੇ ਐਮ.ਪੀ. ਵਰਿੰਦਰ ਸ਼ਰਮਾ

ਨੇ ਵੀ) ਬਰਤਾਨੀਆ ਦੇ ਪ੍ਰਾਈਮ ਮਨਿਸਟਰ ਡੇਵਿਡ ਕੈਮਰਨ ਤੋਂ ਮੰਗ ਕੀਤੀ ਕਿ ਉਹ ਇਨ੍ਹਾਂ ਚਿੱਠੀਆਂ ਬਾਰੇ ਪੁਜ਼ੀਸ਼ਨ ਸਪਸ਼ਟ ਕਰੇ। ਇਸ 'ਤੇ ਡੇਵਿਡ ਕੈਮਰਨ ਨੇ 15 ਜਨਵਰੀ ਦੇ ਦਿਨ ਪਾਰਲੀਮੈਂਟ ਵਿਚ ਬੋਲਦਿਆਂ ਕਿਹਾ ਕਿ ਮੈਨੂੰ ਇਨ੍ਹਾਂ ਚਿੱਠੀਆਂ 'ਤੇ ਸਚਮੁਚ ਬਹੁਤ ਹੈਰਾਨੀ ਅਤੇ ਬਹੁਤ ਤਕਲੀਫ਼ ਹੋਈ ਹੈ ਕਿ ਅਸੀ (ਦਰਬਾਰ ਸਾਹਿਬ 'ਤੇ) ਉਸ ਹਮਲੇ ਵਿਚ ਸ਼ਾਮਿਲ ਸੀ ਜਿਸ ਨਾਲ ਬਹੁਤ ਵੱਡਾ ਜਾਨੀ ਨੁਕਸਾਨ ਹੋਇਆ ਸੀ ਅਤੇ ਇਨ੍ਹਾਂ ਚਿੱਠੀਆਂ ਨੇ ਜੋ ਚਿੰਤਾ ਖੜ੍ਹੀ ਕੀਤੀ ਹੈ ਅਸੀਂ ਉਸ ਨੂੰ ਸਮਝ ਸਕਦੇ ਹਾਂ। ਉਸ ਨੇ ਇਹ ਵੀ ਕਿਹਾ ਕਿ ਇਨ੍ਹਾਂ ਚਿੱਠੀਆਂ ਦੇ ਮੀਡੀਆ ਵਿਚ ਛਪਣ ਤੋਂ ਪਹਿਲਾਂ ਉਸ ਨੂੰ ਜਾਂ ਫ਼ਾੱਰਨ ਸੈਕਟਰੀ (ਵਜ਼ੀਰ) ਨੂੰ ਇਨ੍ਹਾਂ ਬਾਰੇ ਬਿਲਕੁਲ ਹੀ ਪਤਾ ਨਹੀਂ ਸੀ। ਉਸ ਨੇ ਕਿਹਾ ਕਿ ਕਿਸੇ ਵਿਦੇਸ਼ੀ ਸਰਕਾਰ ਵੱਲੋਂ ਮਦਦ ਵਾਸਤੇ ਬੇਨਤੀ ਆਉਣ 'ਤੇ ਪਹਿਲਾਂ ਵਜ਼ਾਰਤ ਵਿਚ ਤੇ ਕਾਨੂੰਨੀ ਪੱਖ ਤੋਂ ਚੰਗੀ ਤਰ੍ਹਾਂ ਘੋਖ ਪੜਤਾਲ ਕਰ ਕੇ ਉਸ ਦਾ ਮੁਲਾਂਕਣ (ਲੇਖਾ ਜੋਖਾ) ਕੀਤਾ ਜਾਂਦਾ ਹੈ। ਯਾਨਿ ਉਸ ਦਾ ਕਹਿਣਾ ਸੀ ਕਿ ਮਰਗਰੇਟ ਥੈਚਰ ਨੇ ਅਜਿਹਾ ਨਹੀਂ ਕੀਤਾ ਸੀ ਤੇ ਇੰਦਰਾ ਗਾਂਧੀ ਦੀ ਮਦਦ ਕਰਨ ਵਾਸਤੇ ਨਿਜੀ ਤੌਰ ਤੇ ਫ਼ੈਸਲਾ ਲਿਆ ਸੀ। ਇਸ ਦੇ ਨਾਲ ਹੀ ਉਸ ਨੇ ਪਾਰਲੀਮੈਂਟ ਵਿਚ ਐਲਾਨ ਕੀਤਾ ਕਿ ਉਸ ਨੇ ਇਸ ਦੀ ਪੜਤਾਲ ਵਾਸਤੇ ਕੈਬਨਿਟ ਸੈਕਟਰੀ ਸਰ ਜੈਰੇਮੀ ਹੇਅਵੁਡ ਨੂੰ ਕਹਿ ਦਿੱਤਾ ਹੈ ਜੋ ਜਲਦੀ ਹੀ ਇਸ ਦੀ ਰਿਪੋਰਟ ਪੇਸ਼ ਕਰੇਗਾ।

ਇਸ 'ਤੇ ਮੈਂਬਰ ਪਾਰਲੀਮੈਂਟ ਟਿਮ ਵਾਟਸਨ ਨੇ ਕਿਹਾ ਇਸ ਸਾਜ਼ਿਸ਼ ਦਾ ਭਾਰਤ ਨਾਲ ਹੋਏ 6 ਕਰੋੜ 50 ਲੱਖ ਪੌਂਡ (ਅੱਜ ਦੇ 6 ਅਰਬ 60 ਲੱਖ ਰੁਪੈ) ਦੇ ਵੈਸਟਲੈਂਡ ਹੈਲੀਪਕਾਟਰ ਸੌਦੇ ਦਾ ਇਸ ਨਾਲ ਸਬੰਧ ਸੀ।

14 ਜਨਵਰੀ

1553: ਗੁਰੂ ਅਮਰ ਦਾਸ ਸਾਹਿਬ ਕੁਰੂਕਸ਼ੇਤਰ ਗਏ

ਗੁਰੂ ਅਮਰ ਦਾਸ ਸਾਹਿਬ ਦਸੰਬਰ 1552 ਅਤੇ ਜਨਵਰੀ 1553 ਵਿਚ ਕੁਰੂਕਸ਼ੇਤਰ, ਹਰਿਦੁਆਰ ਤੇ ਅਜੋਕੇ ਯੂ.ਪੀ. ਦੇ ਇਲਾਕੇ ਦੇ ਧਰਮ ਪ੍ਰਚਾਰ ਦੇ ਦੌਰੇ 'ਤੇ ਗਏ। 14 ਜਨਵਰੀ ਦੇ ਦਿਨ ਉਹ ਕੁਰੂਕਸ਼ੇਤਰ ਵਿਚ ਸਨ। ਇਕ ਰਿਵਾਇਤ ਮੁਤਾਬਿਕ ਉਹ ਅੱਗੇ ਯੂ.ਪੀ. ਵਿਚ ਵੀ ਗਏ ਅਤੇ ਜਦ ਉਹ ਦਰਿਆ ਪਾਰ ਕਰਨ ਲਗੇ ਤਾਂ ਉਨ੍ਹਾਂ ਤੋਂ ਯਾਤਰਾ-ਟੈਕਸ (ਜਜ਼ੀਆ) ਮੰਗਿਆ ਗਿਆ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦਸਿਆ ਸੀ ਕਿ ਸਿੱਖ ਹਿੰਦੂ ਨਹੀਂ ਬਲਕਿ ਇਕ ਆਜ਼ਾਦ ਧਰਮ ਹਨ ਤੇ ਸਿੱਖਾਂ ਦਾ ਹਿੰਦੂ ਤੀਰਥਾਂ ਨਾਲ ਕੋਈ ਸਬੰਧ ਨਹੀਂ ਹੈ ਤੇ ਉਹ ਉਸ ਇਲਾਕੇ ਵਿਚ ਹਿੰਦੂਆਂ ਦੇ ਤੀਰਥਾਂ ਦੀ ਯਾਤਰਾ ਵਾਸਤੇ ਨਹੀਂ ਬਲਕਿ ਸਿੱਖ ਧਰਮ ਦੇ ਪਰਚਾਰ ਵਾਸਤੇ ਉਸ ਇਲਾਕੇ ਵਲ ਆਏ ਹਨ। ਉਦੋਂ ਦਰਿਆ ਪਾਰ ਕਰਨ ਵੇਲੇ ਹਿੰਦੂਆਂ ਤੋਂ ਜਜ਼ੀਆ ਲਿਆ ਜਾਂਦਾ ਸੀ ਜੋ ਇਕ ਧਾਰਮਿਕ ਟੈਕਸ ਸੀ।

1640: ਗੁਰੂ ਹਰ ਰਾਇ ਸਾਹਿਬ ਦਾ ਵਿਆਹ ਹੋਇਆ

ਗੁਰੂ ਹਰਿਰਾਇ ਸਾਹਿਬ ਦਾ ਵਿਆਹ 14 ਜਨਵਰੀ 1640 ਦੇ ਦਿਨ ਅਰੂਪ ਨਗਰ (ਜ਼ਿਲਾ ਗੁਜਰਾਂਵਾਲਾ) ਦੇ ਭਾਈ ਦਇਆ ਰਾਮ ਦੀ ਬੇਟੀ ਸੁਲੱਖਣੀ ਨਾਲ ਹੋਇਆ ਸੀ। ਆਪ ਦੇ ਵਿਆਹ ਵੇਲੇ ਬੀਬੀ ਸੁਲਖਣੀ ਦੀ ਉਮਰ ਸਿਰਫ਼ 10 ਸਾਲ ਸੀ। ਇਸ ਮਗਰੋਂ ਭਾਈ ਦਇਆ ਰਾਮ ਅਰੂਪ ਨਗਰ ਛੱਡ ਕੇ ਕੋਟ ਕਲਿਆਣਪੁਰ (ਹੁਣ ਕੀਰਤਪੁਰ ਦਾ ਹਿੱਸਾ) ਆ ਵਸਿਆ। ਬੀਬੀ ਸੁਲੱਖਣੀ ਦਾ ਮੁਕਲਾਵਾ ਦੋ ਸਾਲ ਬਾਅਦ 16 ਜੂਨ 1642 ਦੇ ਦਿਨ ਟੋਰਿਆ

ਗਿਆ।ਗੁਰੂ ਹਰਿਰਾਇ ਸਾਹਿਬ ਦੀ ਪਤਨੀ ਬੀਬੀ ਸੁਲੱਖਣੀ ਦੇ ਮਾਪੇ ਕਿਉਂਕਿ ਕੋਟ ਕਲਿਆਣਪੁਰ ਵਿਚ ਰਹਿਣ ਲੱਗ ਪਏ ਸੀ, ਇਸ ਕਰ ਕੇ ਉਸ ਨੂੰ ਕੋਟ ਕਲਿਆਣੀ ਵੀ ਆਖਦੇ ਸਨ। ਬੀਬੀ ਸੁਲੱਖਣੀ ਨੇ 24 ਫਰਵਰੀ 1646 ਦੇ ਦਿਨ ਰਾਮਰਾਇ, 9 ਅਪ੍ਰੈਲ 1649 ਦੇ ਦਿਨ ਰੂਪ ਕੌਰ ਅਤੇ 20 ਜੁਲਾਈ 1652 ਦੇ ਦਿਨ (ਗੁਰੂ) ਹਰਿਕਿਸ਼ਨ ਸਾਹਿਬ ਨੂੰ ਜਨਮ ਦਿਤਾ। ਤਿੰਨ ਬੱਚਿਆਂ ਦੀ ਮਾਂ ਹੋਣ ਕਰ ਕੇ ਆਪ ਨੂੰ ਆਪ ਦੀ ਸੱਸ 'ਤਿਰਬੈਣੀ' ਆਖ ਕੇ ਵੀ ਬੁਲਾਇਆ ਕਰਦੀ ਸੀ। ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਕ ਦੋ ਲੇਖਕਾਂ (ਸਣੇ ਭਾਈ ਕਾਨ੍ਹ ਸਿੰਘ ਨਾਭਾ) ਨੇ ਆਪ ਦੇ ਸੱਤ ਵਿਆਹ ਵੀ ਲਿਖ ਦਿੱਤੇ ਹਨ, ਜੋ ਨਾ ਸਿਰਫ਼ ਗਲਤ ਹੈ ਬਲਕਿ ਹਾਸੋਹੀਣਾ ਤੇ ਬੇਬੁਨਿਆਦ ਵੀ ਹੈ। ਕੋਈ ਵੀ ਬਾਪ 10 ਸਾਲ ਦੇ ਮੁੰਡੇ (ਗੁਰੂ ਦੀ ਔਲਾਦ ਹੀ ਸਹੀ) ਨਾਲ ਸੱਤ ਧੀਆਂ ਦਾ ਵਿਆਹ ਨਹੀਂ ਕਰ ਸਕਦਾ। ਉਂਞ ਇਹ ਨਾਮੁਮਕਿਨ ਵੀ ਹੈ। ਇਸ ਹਿਸਾਬ ਨਾਲ ਤਾਂ ਸਭ ਤੋਂ ਛੋਟੀ (ਸਤਵੀਂ) ਕੁੜੀ ਤਾਂ ਅਜੇ ਗੋਦ ਵਿੱਚ ਹੀ ਖੇਡਦੀ ਹੋਵੇਗੀ। ਸਿੱਖ ਤਵਾਰੀਖ਼ ਵਿੱਚ ਅਜਿਹੀਆਂ ਗ਼ਲਤ ਗੱਲਾਂ ਕਈ ਥਾਂਈਂ ਭਰੀਆਂ ਪਈਆਂ ਹਨ।

1761: ਅਕਾਲੀ ਫੂਲਾ ਸਿੰਘ ਜਨਮ

ਮਿਸਲ ਨਿਸ਼ਾਨਵਾਲੀਆਂ (ਨਿਹੰਗ ਜਥਾ) ਦੇ ਮੁਖੀ ਅਕਾਲੀ ਫੂਲਾ ਸਿੰਘ ਜਨਮ 14 ਜਨਵਰੀ 1761 ਦੇ ਦਿਨ ਹੋਇਆ ਸੀ।

1764: ਸਿੱਖਾਂ ਨੇ ਸਰਹੰਦ ਫ਼ਤਹਿ ਕਰ ਲਿਆ

1764 ਵਿਚ ਸਰਹੰਦ ਵਿਚ ਅਹਿਮਦ ਸ਼ਾਹ ਦੁੱਰਾਨੀ ਦਾ ਨੁਮਾਇੰਦਾ ਜ਼ੈਨ ਖ਼ਾਨ ਸੂਬੇਦਾਰ ਸੀ। ਸਿੱਖ ਉਸ ਨੂੰ ਪਹਿਲੋਂ ਵੀ ਹਰਾ ਚੁਕੇ ਸਨ। ਹੁਣ ਖਾਲਸਾ ਫ਼ੌਜਾਂ ਨੇ ਸਰਹਿੰਦ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। 13 ਜਨਵਰੀ 1764 ਦੇ ਦਿਨ 50 ਹਜ਼ਾਰ ਦੇ ਕਰੀਬ ਸਿੱਖ ਫ਼ੌਜਾਂ ਨੇ ਸਰਹੰਦ ਨੂੰ ਘੇਰ ਲਿਆ। ਜ਼ੈਨ ਖ਼ਾਨ ਇਸ ਵੱਡੀ ਫ਼ੌਜ ਦਾ ਮੁਕਾਬਲਾ ਕਰਨ ਦੇ ਕਾਬਿਲ ਨਹੀਂ ਸੀ। ਉਂਞ ਵੀ ਲੋਕ ਤਾਂ ਕੀ ਉਸ ਦੇ ਸਿਪਾਹੀ ਵੀ ਉਸ ਦੇ ਨਾਲ ਨਹੀਂ ਸਨ। ਤਵਾਰੀਖ਼ਦਾਨ ਮਿਸਕੀਨ ਮੁਤਾਬਿਕ ਉਹ (ਜ਼ੈਨ ਖ਼ਾਨ) ਦੋਹੀਂ ਹੱਥੀ ਦੌਲਤ ਇਕੱਠੀ ਕਰ ਰਿਹਾ ਸੀ। ਉਹ ਸਿਪਾਹੀਆਂ ਨੂੰ ਤਨਖ਼ਾਹਾਂ ਵੀ ਨਹੀਂ ਸੀ ਦੇ ਰਿਹਾ। ਉਹ ਆਪ ਜਾ ਕੇ ਪਿੰਡਾਂ ਦੇ ਪਿੰਡ ਲੁੱਟਵਾ ਲੈਂਦਾ ਸੀ ਤੇ ਇਸ ਲੁੱਟ ਦੀ ਰਕਮ ਨੂੰ ਨਿਜ ਵਾਸਤੇ ਰੱਖ ਲੈਂਦਾ ਸੀ। ਇਸ ਰਕਮ 'ਚੋਂ ਐਵੇਂ ਜ਼ਰਾ ਮਾਸਾ ਉਹ ਫ਼ੌਜੀਆਂ ਨੂੰ ਤਨਖ਼ਾਹਾਂ ਵਜੋਂ ਦੇ ਦੇਂਦਾ ਸੀ ਜੋ ਕਿ ਉਨ੍ਹਾਂ ਦੀ ਤਨਖ਼ਾਹ ਦਾ ਮਸਾਂ ਚੌਥਾ ਹਿੱਸਾ ਹੁੰਦਾ ਸੀ।

ਸਾਰੀਆਂ ਸਿੱਖ ਫ਼ੌਜਾਂ ਨੇ ਇਕੱਠਿਆਂ ਸਰਹੰਦ 'ਤੇ ਹਮਲਾ ਕੀਤਾ ਅਤੇ ਤਿੰਨ ਪਾਸਿਆਂ ਤੋਂ ਸਰਹੰਦ ਨੂੰ ਘੇਰ ਲਿਆ। ਇਸ ਵੇਲੇ ਜ਼ੈਨ ਖ਼ਾਨ ਸਰਹੰਦ ਵਿਚ ਨਹੀਂ ਸੀ। ਜਦ ਜ਼ੈਨ ਖ਼ਾਨ ਨੂੰ ਪਤਾ ਲਗਾ ਤਾਂ ਉਹ ਅਗਲੇ ਦਿਨ 14 ਜਨਵਰੀ ਨੂੰ ਚੁਪ-ਚਾਪ ਚੋਰੀ-ਚੋਰੀ ਸ਼ਹਿਰ ਵਲ ਆਇਆ ਅਤੇ ਉਸ ਨੇ ਗਿਣੇ-ਚੁਣੇ ਸਾਥੀ ਲੈ ਕੇ ਮਨਹੇੜਾ ਵਾਲੇ ਪਾਸਿਓਂ ਸ਼ਹਿਰ ਵਿਚ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਉਸ ਨੇ ਬਾਕੀ ਫੌਜਾਂ ਨੂੰ ਨਗਾਰੇ ਵਜਾ ਕੇ ਸਿੱਖ ਫ਼ੌਜਾਂ ਦਾ ਧਿਆਨ ਖਿੱਚਣ ਵਾਸਤੇ ਕਹਿ ਦਿੱਤਾ ਸੀ।

ਨਗਾਰੇ ਦੀ ਆਵਾਜ਼ ਸੁਣ ਕੇ ਅੱਧੀ ਸਿੱਖ ਫ਼ੌਜ ਨੇ ਜ਼ੈਨ ਖ਼ਾਨ ਦੀ ਫ਼ੌਜ ਨਾਲ ਲੜਨ ਵਾਸਤੇ ਉਸ ਆਵਾਜ਼ ਵੱਲ ਮੂੰਹ ਕਰ ਲਿਆ। ਸ਼ਾਇਦ ਸਿੱਖ ਜਰਨੈਲਾਂ ਨੂੰ ਜ਼ੈਨ ਖ਼ਾਨ ਦੀ ਸਕੀਮ ਬਾਰੇ

ਅੰਦਾਜ਼ਾ ਸੀ ਇਸ ਕਰ ਕੇ ਉਨ੍ਹਾਂ ਨੇ ਸਾਰੇ ਪਾਸੇ ਆਪਣੇ ਜਾਸੂਸ ਛੱਡੇ ਹੋਏ ਸਨ। ਜਦ ਜ਼ੈਨ ਖ਼ਾਨ ਸ਼ਹਿਰ ਦੇ ਨੇੜੇ ਪੁੱਜਾ ਤਾਂ ਇਸ ਪਾਸੇ ਵੱਲ ਵੀ ਸਿੱਖ ਫ਼ੌਜੀ ਤਿਆਰ ਬੈਠੇ ਸਨ। ਉਨ੍ਹਾਂ ਨੇ ਜ਼ੈਨ ਖ਼ਾਨ ਦੀ ਟੋਲੀ 'ਤੇ ਗੋਲੀਆਂ ਦੀ ਬੌਛਾੜ ਕਰ ਦਿੱਤੀ। ਇਸ ਦੌਰਾਨ ਇਕ ਗੋਲੀ ਜ਼ੈਨ ਖ਼ਾਨ ਨੂੰ ਵੱਜੀ ਜਿਸ ਨਾਲ ਉਹ ਜ਼ਖ਼ਮੀ ਹੋ ਕੇ ਡਿੱਗ ਪਿਆ। ਬਰਾਜ ਸਿੰਘ, ਜੋ ਨੇੜੇ ਹੀ ਸੀ, ਨੇ ਜ਼ੈਨ ਖ਼ਾਨ ਦਾ ਸਿਰ ਵੱਢ ਲਿਆ। ਇਸ ਮਗਰੋਂ ਜ਼ੈਨ ਖ਼ਾਨ ਦੀ ਫ਼ੌਜ ਨੇ ਹਥਿਆਰ ਸੁੱਟ ਦਿੱਤੇ ਅਤੇ ਸਰਹੰਦ ਦੇ ਕਿਲ੍ਹੇ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ।

1914: ਅੰਗਰੇਜ਼ਾਂ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ

ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ 14 ਜਨਵਰੀ 1914 ਦੇ ਦਿਨ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਰੋਸ ਜਾਗਿਆ। ਹਰਚੰਦ ਸਿੰਘ ਰਈਸ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ। 10 ਤੋਂ 12 ਅਪ੍ਰੈਲ 1914 ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹੋਈ। ਮਾਸਟਰ ਸੁੰਦਰ ਸਿੰਘ ਤੇ ਹਰਚੰਦ ਸਿੰਘ ਨੇ ਕਾਨਫ਼ਰੰਸ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਉਠਾਉਣਾ ਚਾਹਿਆ। ਜਦੋਂ ਕਮੇਟੀ ਵਾਲੇ ਨਾ ਮੰਨੇ ਤਾਂ ਇਨ੍ਹਾਂ ਨੇ ਉੱਚੀ ਅਵਾਜ਼ ਵਿਚ ਹਾਜ਼ਰ ਸਿੱਖਾਂ ਵਿਚ ਮਸਲਾ ਰੱਖਣਾ ਚਾਹਿਆ। ਇਸ 'ਤੇ ਕਾਨਫ਼ਰੰਸ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਕਾਨਫ਼ਰੰਸ ਵਿੱਚੋਂ ਕੱਢ ਦਿੱਤਾ। ਇਸ ਮਗਰੋਂ ਇਨ੍ਹਾਂ ਨੇ ਜਲੰਧਰ ਸਟੇਸ਼ਨ 'ਤੇ ਆ ਕੇ ਇਕ ਜਲਸਾ ਕਰ ਕੇ ਲੋਕਾਂ ਨੂੰ ਹਾਲਾਤ ਦੱਸੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਮੰਗ ਕੀਤੀ। ਅਗਸਤ 1914 ਵਿਚ ਪਹਿਲੀ ਜੰਗ ਸ਼ੁਰੂ ਹੋ ਗਈ। ਲਾਇਲਪੁਰ ਦੇ ਡਿਪਟੀ ਕਮਿਸ਼ਨਰ ਨੇ ਹਰਚੰਦ ਸਿੰਘ ਨੂੰ ਬੁਲਾ ਕੇ ਕਿਹਾ ''ਹੁਣ ਜੰਗ ਸ਼ੁਰੂ ਹੋ ਚੁਕਾ ਹੈ, ਤੁਸੀਂ ਰਕਾਬ ਗੰਜ ਦੀ ਜਦੋਜਹਿਦ ਬੰਦ ਕਰ ਦਿਓ। ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿੱਤੀ ਹੈ। ਇਸ ਨੂੰ ਮੁੜ ਕੇ ਕਿਵੇਂ ਚੜ੍ਹਾਉਣਾ ਹੈ? ਇਹ ਗੱਲ ਜੰਗ ਦੇ ਖ਼ਾਤਮੇ ਮਗਰੋਂ ਸਿੱਖ ਨੁਮਾਇੰਦਿਆਂ ਦੀ ਸਲਾਹ ਨਾਲ ਫ਼ੈਸਲਾ ਕਰ ਕੇ ਕਰ ਦਿੱਤੀ ਜਾਵੇਗੀ।'' ਹਰਚੰਦ ਸਿੰਘ ਲਾਇਲਪੁਰੀ ਸਰਕਾਰੀ ਵਾਇਦਾ ਲੈ ਕੇ ਵਕਤੀ ਤੌਰ 'ਤੇ ਚੁਪ ਕਰ ਗਏ। ਸੋ, ਉਸ ਵੇਲੇ ਮੋਰਚਾ ਲਗਦਾ-ਲਗਦਾ ਰਹਿ ਗਿਆ।

1968: ਪੰਜਾਬ ਵਿਚ ਜ਼ਿਲ੍ਹਾ ਪੱਧਰ 'ਤੇ ਪੰਜਾਬੀ ਲਾਗੂ ਕੀਤੀ ਗਈ

1967 ਵਿਚ ਪੰਜਾਬ ਵਿਚ ਕਾਂਗਰਸ ਚੋਣਾਂ ਹਾਰ ਗਈ ਅਤੇ ਮਾਰਚ 1967 ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਸਰਕਾਰ ਬਣੀ। 13 ਅਗਸਤ 1967 ਨੂੰ ਲਛਮਣ ਸਿੰਘ ਗਿੱਲ ਨੇ ਐਲਾਨ ਕੀਤਾ ਸੀ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਦਫ਼ਤਰੀ ਬੋਲੀ ਬਣਾਉਣ ਸਬੰਧੀ ਬਿਲ ਪੇਸ਼ ਹੋਵੇਗਾ। 4 ਨਵੰਬਰ 1967 ਨੂੰ ਲਛਮਣ ਸਿੰਘ ਨੇ ਫਿਰ ਐਲਾਨ ਕੀਤਾ ਕਿ ਪਹਿਲੀ ਜਨਵਰੀ 1968 ਤਕ ਪੰਜਾਬ ਪੂਰੀ ਤਰ੍ਹਾਂ ਸਰਕਾਰੀ ਪੱਧਰ 'ਤੇ ਲਾਗੂ ਕਰ ਦਿੱਤੀ ਜਾਵੇਗੀ। ਜਨਸੰਘ ਪਾਰਟੀ ਇਸ ਗੱਲ ਦੀ ਮੁਖ਼ਾਲਫ਼ਤ ਕਰ ਰਹੀ ਸੀ। ਇਸੇ ਤਰ੍ਹਾਂ ਫਤਹਿ ਸਿੰਘ ਨੇ ਵੀ ਸੀ.ਪੀ.ਆਈ. ਦੀ ਆਗੂ ਬਿਮਲਾ ਡਾਂਗ ਵਿਰੁਧ ਇਕ ਬਿਆਨ ਦਿੱਤਾ ਅਤੇ ਅਕਾਲੀਆਂ ਤੇ ਕਮਿਊਨਿਸਟਾਂ ਵਿਚ ਖੜਕ ਪਈ। ਤੀਜੇ ਪਾਸੇ ਲਛਮਣ ਸਿੰਘ ਗਿੱਲ ਕਾਰਨ ਹੀ ਫਤਹਿ ਸਿੰਘ ਦਾ ਅਕਾਲੀ ਦਲ ਬਣਿਆ ਸੀ ਪਰ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਦੀਆਂ ਗੱਲਾਂ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ। ਅਖ਼ੀਰ ਉਹ (ਗਿੱਲ) 16 ਮੈਂਬਰਾਂ ਨੂੰ ਨਾਲ ਲੈ ਕੇ

'ਜਨਤਾ ਪਾਰਟੀ' ਬਣ ਲਈ ਅਤੇ ਫਤਹਿ ਸਿੰਘ ਤੋਂ ਬਾਗੀ ਹੋ ਗਿਆ। ਇਸ ਨਾਲ ਸਾਂਝੇ ਮੋਰਚੇ ਦੀ ਸਰਕਾਰ ਘਟ ਗਿਣਤੀ ਵਿਚ ਹੋ ਗਈ। 22 ਨਵੰਬਰ ਨੂੰ ਸਾਂਝੇ ਮੋਰਚੇ ਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਉਧਰ ਕਾਂਗਰਸ ਨੇ ਲਛਮਣ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ। ਗਿੱਲ ਸਰਕਾਰ ਨੇ ਪਹਿਲਾ ਕੰਮ ਇਹ ਕੀਤਾ ਕਿ ਪੰਜਾਬੀ ਨੂੰ ਸਕੱਤਰੇਤ ਪੱਧਰ ਤਕ ਲਾਗੂ ਕਰਨ ਦਾ ਐਲਾਨ ਕਰ ਦਿੱਤਾ।। ਇਸ ਹੇਠ 14 ਜਨਵਰੀ 1968 ਤੋਂ ਜ਼ਿਲਾ ਪੱਧਰ 'ਤੇ ਅਤੇ 13 ਅਪ੍ਰੈਲ ਤੋਂ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। ਇਕ ਸਰਕਾਰੀ ਸਮਾਗਮ ਕਰ ਕੇ ਲਛਮਣ ਸਿੰਘ ਨੇ 13 ਜਨਵਰੀ 1968 ਤੋਂ ਪੰਜਾਬੀ ਨੂੰ ਜ਼ਿਲਾ ਪੱਧਰ ਤੇ ਲਾਗੂ ਕਰ ਦਿੱਤਾ। ਪੰਜਾਬ ਦੀ ਤਵਾਰੀਖ਼ ਵਿਚ ਸਿਰਫ਼ ਇਕੋ-ਇਕ ਲਛਮਣ ਸਿੰਘ ਗਿੱਲ ਹੀ ਹੈ ਜਿਸ ਨੇ ਕਾਂਗਰਸੀ ਵੋਟਾਂ ਨੂੰ ਪੰਜਾਬ ਜਾਂ ਸਿੱਖ ਪੰਥ ਦੇ ਫ਼ਾਇਦੇ ਵਾਸਤੇ ਵਰਤ ਲਿਆ।

1991: ਹਰਬੰਸ ਸਿੰਘ, ਬਖਸੀਸ ਸਿੰਘ ਡੋਗਰ, ਮੱਖਣ ਸਿੰਘ ਕਬਰਾ, ਪ੍ਰਤਾਪ ਸਿੰਘ ਜੋਧੇ ਬੁਤਾਲਾ, ਤੇ ਹਰਜਿੰਦਰ ਸਿੰਘ ਘਨੀਏ ਕੀ ਬਾਂਗਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਜਨਵਰੀ 1991 ਦੇ ਦਿਨ ਪੁਲਸ ਨੇ ਹਰਬੰਸ ਸਿੰਘ (ਪੁਤਰ ਤਾਰੂ ਸਿੰਘ, ਵਾਸੀ ਵਜੀਦਪੁਰ ਬਦੇਸ਼ਾ, ਜ਼ਿਲ੍ਹਾ ਸੰਗਰੂਰ), ਬਖਸੀਸ ਸਿੰਘ ਡੋਗਰ, ਮੱਖਣ ਸਿੰਘ ਕਬਰਾ, ਪ੍ਰਤਾਪ ਸਿੰਘ ਜੋਧੇ (ਤਿੰਨੇ ਵਾਸੀ ਬੁਤਾਲਾ, ਅੰਮ੍ਰਿਤਸਰ), ਤੇ ਹਰਜਿੰਦਰ ਸਿੰਘ ਉਰਫ਼ ਚਾਚਾ, ਘਨੀਏ ਕੀ ਬਾਂਗਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਕੁਲਦੀਪ ਸਿੰਘ, ਗੁਰਮੀਤ ਸਿੰਘ ਛੋਟਾ ਫ਼ੌਜੀ, ਬਿੰਦਰ ਸਿੰਘ ਗੋਰਖਾ, ਹਰਬੰਸ ਸਿੰਘ ਬਿਜਲੀ, ਸ਼ਮਸ਼ੇਰ ਸਿੰਘ ਲਾਲੀ ਤੇ ਬਲਵਿੰਦਰ ਸਿੰਘ ਕਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਜਨਵਰੀ 1993 ਦੇ ਦਿਨ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਨਿਰਮਲ ਸਿੰਘ, ਵਾਸੀ ਲਕੌਦੀ ਮਾਜਰਾ, ਜ਼ਿਲ੍ਹਾ ਰੋਪੜ), ਗੁਰਮੀਤ ਸਿੰਘ ਉਰਫ਼ ਛੋਟਾ ਫ਼ੌਜੀ, ਬਿੰਦਰ ਸਿੰਘ ਗੋਰਖਾ (ਵਾਸੀ ਗੁਰਥੱਲੀ), ਹਰਬੰਸ ਸਿੰਘ ਉਰਫ਼ ਬਿਜਲੀ (ਵਾਸੀ ਸਰਾਭਾ), ਸ਼ਮਸ਼ੇਰ ਸਿੰਘ ਲਾਲੀ ਤੇ ਬਲਵਿੰਦਰ ਸਿੰਘ ਕਾਲਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਬੀਬੀ ਜਗੀਰ ਕੌਰ ਦੇ ਘਰੋਂ ਵੱਡੀ ਮਿਕਦਾਰ ਵਿਚ ਸ਼ਰਾਬ ਫੜੀ

14 ਜਨਵਰੀ 2012 ਦੇ ਦਿਨ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘਰੋਂ ਵੱਡੀ ਮਕਦਾਰ ਵਿਚ ਸ਼ਰਾਬ ਫੜੇ ਜਾਣ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਇਹ ਸ਼ਰਾਬ ਅਸੈਂਬਲੀ ਚੋਣਾਂ ਵਿਚ ਵੰਡੀ ਜਾਣੀ ਸੀ।

15 ਜਨਵਰੀ

1767: ਜੱਸਾ ਸਿੰਘ ਆਹਲੂਵਾਲੀਆ ਨੇ ਅਹਿਮਦ ਸ਼ਾਹ ਨਾਲ ਦੋਸਤੀ ਕਾਇਮ ਕਰਨ ਤੋਂ ਨਾਂਹ ਕੀਤੀ

ਦਸੰਬਰ 1766 ਵਿਚ ਅਹਿਮਦ ਸ਼ਾਹ ਦੁੱਰਾਨੀ ਨੇ 8ਵੀਂ ਵਾਰ ਪੰਜਾਬ 'ਤੇ ਹਮਲਾ ਕੀਤਾ।ਉਹ 22 ਦਸੰਬਰ ਦੇ ਦਿਨ ਲਾਹੌਰ ਪੁੱਜਾ। ਸਿੱਖਾਂ ਨੇ ਉਸ ਨਾਲ ਟੱਕਰ ਲੈ ਕੇ ਨੁਕਸਾਨ

ਕਰਵਾਉਣ ਦੀ ਬਜਾਇ ਲਾਹੌਰ ਛੱਡ ਜਾਣ ਦਾ ਫ਼ੈਸਲਾ ਕੀਤਾ। ਸੋਭਾ ਸਿੰਘ, ਲਹਿਣਾ ਸਿੰਘ ਤੇ ਗੁਜਰ ਸਿੰਘ ਭੰਗੀ ਲਾਹੌਰ ਤੋਂ ਚਲੇ ਗਏ। ਉਹ ਜਾਣਦੇ ਸੀ ਕਿ ਅਹਿਮਦ ਸ਼ਾਹ ਬਹੁਤੀ ਦੇਰ ਉਥੇ ਨਹੀਂ ਰਹੇਗਾ ਇਸ ਕਰ ਕੇ ਉਸ ਨਾਲ ਬੇਵਜਹ ਟਕਰਾਅ ਕਰ ਕੇ ਤਾਕਤ ਗੁਆਉਣੀ ਠੀਕ ਨਹੀਂ ਸੀ ਚਾਹੁੰਦੇ। ਅਹਿਮਦ ਸ਼ਾਹ ਕੁਝ ਦਿਨ ਲਾਹੌਰ ਰਿਹਾ ਅਤੇ ਉਸ ਨੇ ਸ਼ਹਿਰ ਦੇ ਲੋਕਾਂ ਤੋਂ ਸਿੱਖ ਹਾਕਮਾਂ ਦੇ ਮੁਸਲਮਾਨਾਂ ਤੇ ਹੋਰ ਸ਼ਹਿਰੀਆਂ ਨਾਲ ਸਲੂਕ ਬਾਰੇ ਪੁੱਛ ਪੜਤਾਲ ਕੀਤੀ ਤਾਂ ਤਕਰੀਬਨ ਹਰ ਇਕ ਨੇ ਸਿੱਖਾਂ ਦੀ ਰੱਜਵੀ ਤਾਰੀਫ਼ ਕੀਤੀ। ਲੋਕਾਂ ਨੇ ਇਹ ਵੀ ਦੱਸਿਆ ਕਿ ਜਿਸ ਦਿਨ ਈਦ ਦਾ ਤਿਉਹਾਰ ਸੀ ਉਸ ਦਿਨ ਸਿੱਖ ਹਾਕਮਾਂ ਨੇ ਮੁਸਲਮਾਨ ਕਾਜ਼ੀਆਂ, ਮੁਫ਼ਤੀਆਂ ਤੇ ਈਮਾਮਾਂ ਨੂੰ ਪੱਗਾਂ ਬਖ਼ਸ਼ਿਸ਼ ਕੀਤੀਆਂ ਸਨ। ਇਹ ਸੁਣ ਕੇ ਉਸ ਨੇ ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਸੂਬੇਦਾਰ ਮੰਨ ਲੈਣ ਦੀ ਪੇਸ਼ਕਸ਼ ਕੀਤੀ। ਉਸ ਨੇ ਇਕ ਏਲਚੀ ਰਾਹੀਂ ਸੂਬੇਦਾਰੀ ਦਾ ਖ਼ਤ ਅਤੇ ਕੁਝ ਬਾਦਾਮ ਵੀ ਭੇਜੇ। ਲਹਿਣਾ ਸਿੰਘ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਤੇ ਅਹਿਮਦ ਸ਼ਾਹ ਦੇ ਭੇਜੇ ਬਦਾਮ ਵਾਪਿਸ ਕਰ ਦਿੱਤੇ ਤੇ ਕਿਹਾ ਕਿ ਸਾਡੀ ਖ਼ੁਰਾਕ ਬਦਾਮ ਨਹੀਂ ਬਲਕਿ ਭੁੱਜੇ ਹੋਏ ਛੋਲੇ ਹਨ ਅਤੇ ਹਕੂਮਤ ਕਿਸੇ ਤੋਂ ਖ਼ੈਰਾਤ ਵਿਚ ਨਹੀਂ ਲਈ ਜਾਂਦੀ। ਖ਼ੈਰ, ਬੇਇਜ਼ਤੀ ਕਰਵਾਉਣ ਦੇ ਬਾਵਜੂਦ ਇਸ ਵਾਰ ਅਹਿਮਦ ਸ਼ਾਹ ਨੇ ਸਿੱਖਾਂ ਨਾਲ ਟੱਕਰ ਨਾ ਲਈ।

15 ਜਨਵਰੀ 1767 ਨੂੰ ਅਹਿਮਦ ਸ਼ਾਹ ਨੇ ਨੂਰ-ਉਦ-ਦੀਨ ਦੀ ਸਰਾਂ ਤੋਂ ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿੰਘ ਭੰਗੀ ਤੇ ਖ਼ੁਸ਼ਹਾਲ ਸਿੰਘ ਨੂੰ ਵੀ ਦੋਸਤੀ ਦਾ ਪੈਗ਼ਾਮ ਭੇਜਿਆ। ਪਰ ਉਸ ਨੇ ਵੀ ਦੁੱਰਾਨੀ ਦੀ ਗ਼ੁਲਾਮੀ ਕਬੂਲਣੋਂ ਨਾਂਹ ਕਰ ਦਿਤੀ।

1872: ਕੂਕਿਆਂ ਦਾ ਮਲੇਰਕੋਟਲਾ ਤੇ ਹਮਲਾ, 7 ਕੂਕੇ ਮਰੇ

ਜਨਵਰੀ 1872 ਵਿਚ ਕੂਕਾ ਆਗੂ ਰਾਮ ਸਿੰਘ ਨੇ ਕੂਕਿਆਂ ਨੂੰ ਪਹਿਲੀ ਮਾਘੀ, 13 ਜਨਵਰੀ ਦੇ ਦਿਨ ਭੈਣੀ ਸੱਦ ਕੇ ਇਕੱਠ ਕੀਤਾ। ਇਸ ਪੰਜ-ਸੱਤ ਸੌ ਕੂਕਿਆਂ ਦੇ ਇਕੱਠ ਵਿਚ ਗੁਰਬਾਣੀ ਕੀਰਤਨ ਤੋਂ ਸਿਵਾ ਕੁਝ ਹੋਰ ਹੋਇਆ; ਕੋਈ ਸਿਆਸੀ ਗੱਲ ਬਿਲਕੁਲ ਨਹੀਂ ਹੋਈ। ਸਾਰਾ ਸਮਾਗਮ ਲੰਗਰ ਵਰਤਾਉਣ ਤਕ ਅਮਲ-ਅਮਾਨ ਨਾਲ ਚਲਦਾ ਰਿਹਾ ਤੇ ਸ਼ਾਮ ਤੋਂ ਪਹਿਲਾਂ ਲੋਕ ਘਰਾਂ ਨੂੰ ਮੁੜਨ ਲਗ ਪਏ। ਮੁੜਦੇ ਟੋਲਿਆਂ ਵਿਚੋਂ ਇਕ ਟੋਲੇ ਨੇ ਮਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਦੀ ਪਲਾਨ ਬਣਾਈ। ਰਸਤੇ ਵਿਚ ਉਹ ਮਲੌਦ ਰੁਕੇ ਤੇ ਉੱਥੋਂ ਹਥਿਆਰ ਚੋਰੀ ਕੀਤੇ। ਇਸ ਮਗਰੋਂ ਉਨ੍ਹਾਂ ਨੇ 15 ਜਨਵਰੀ ਨੂੰ ਮਲੇਰਕੋਟਲਾ ਦੇ ਖ਼ਜ਼ਾਨੇ 'ਤੇ ਹਮਲਾ ਕੀਤਾ। ਇਸ ਮੌਕੇ 'ਤੇ ਉੱਥੇ ਤਾਈਨਾਤ ਅਮਲੇ ਨੇ ਉਨ੍ਹਾਂ ਦਾ ਟਾਕਰਾ ਕੀਤਾ। ਇਸ ਲੜਾਈ ਵਿਚ ਪੁਲੀਸ ਅਤੇ ਕੂਕਿਆਂ ਦੋਹਾਂ ਦੇ ਕਾਫ਼ੀ ਬੰਦੇ (7 ਕੂਕਿਆਂ ਸਣੇ) ਮਾਰੇ ਗਏ।

ਰਾਮ ਸਿੰਘ ਆਪ ਇਹੋ ਜਿਹੀਆਂ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਸੀ। ਉਸ ਨੇ ਤਾਂ ਅੰਗਰੇਜ਼ੀ ਪੁਲੀਸ ਨੂੰ ਵੀ ਇਸ ਦੀ ਇਤਲਾਹ ਦਿੱਤੀ ਸੀ ਤੇ ਕਿਹਾ ਸੀ ਕਿ ਇਹੋ ਜਿਹੇ ਚੇਲੇ ਉਸ ਦੇ ਆਖੇ ਵਿਚ ਨਹੀਂ ਹਨ। ਰਾਮ ਸਿੰਘ ਗਾਂ ਦੀ ਪੂਜਾ ਜਾਂ ਸਮਾਧਾਂ ਢਾਹੁਣ ਦਾ ਹਿਮਾਇਤੀ ਵੀ ਨਹੀਂ ਸੀ। (1920 ਤੋਂ ਮਗਰੋਂ ਕੂਕੇ ਆਪਣੇ ਆਪ ਨੂੰ 'ਨਾਮਧਾਰੀ' ਲਿਖਣ ਲਗ ਪਏ ਸਨ)।

1984: ਇੰਦਰਾ ਗਾਂਧੀ ਨੇ ਜਨਰਲ ਵੈਦਯ ਨੂੰ ਦਰਬਾਰ ਸਾਹਿਬ ਤੇ ਹਮਲੇ ਦੇ ਹੁਕਮ ਦਿੱਤੇ

ਇੰਦਰਾ ਗਾਂਧੀ 1977 ਵਿਚ ਬੁਰੀ ਤਰ੍ਹਾਂ ਚੋਣ ਹਾਰਨ ਮਗਰੋਂ 1980 ਵਿਚ ਦੋਬਾਰਾ ਤਾਕਤ ਵਿਚ ਆਈ ਸੀ ਪਰ ਹੁਣ ਵੋਟਰਾਂ 'ਤੇ ਉਸ ਦਾ ਅਸਰ ਘਟਣ ਲਗ ਪਿਆ ਸੀ। ਅਗਲੀਆਂ ਚੋਣਾਂ 1985 ਵਿਚ ਹੋਣੀਆਂ ਸਨ ਤੇ ਹੁਣ ਉਸ ਕੋਲ ਚੋਣ ਜਿੱਤਣ ਵਾਸਤੇ ਕੋਈ ਨਾਅਰਾ ਨਹੀਂ ਸੀ। ਉਸ ਨੇ ਪਹਿਲਾਂ ਤਾਂ ਸ੍ਰੀਲੰਕਾ 'ਤੇ ਹਮਲਾ ਕਰ ਕੇ ਤਾਮਿਲਾਂ ਦਾ ਦੇਸ਼ ਕਾਇਮ ਕਰਨ ਦੀ ਸਕੀਮ ਬਣਾਈ (ਜਿਵੇਂ ਉਸ ਨੇ 1971 ਵਿਚ ਬੰਗਲਾ ਦੇਸ਼ ਬਣਾਉਣ ਵੇਲੇ ਕੀਤਾ ਸੀ)। ਪਰ ਉਸ ਨੇ ਮਹਿਸੂਸ ਕੀਤਾ ਕਿ ਤਾਮਿਲਾਂ ਦੀ ਜਿੱਤ ਨਾਲ ਉਤਰੀ ਤੇ ਮਧ ਭਾਰਤ ਦਾ ਹਿੰਦੂ ਬਹੁਤਾ ਖ਼ੁਸ਼ ਨਹੀਂ ਹੋਵੇਗਾ ਕਿਉਂ ਕਿ ਹਿੰਦੂ ਦਰਾਵਿੜਾਂ ਨੂੰ ਤਾਕਤ ਵਿਚ ਆਉਂਦਾ ਵੇਖ ਕੇ ਖ਼ੁਸ਼ ਨਹੀਂ ਹੋ ਸਕਦੇ। ਇਸ ਮਗਰੋਂ ਉਸ ਨੇ ਸਿੱਖ ਪੱਤਾ ਵਰਤਣ ਦੀ ਸਕੀਮ ਬਣਾਈ। ਸਿੱਖਾਂ ਨਾਲ ਨਫ਼ਰਤ ਉਸ ਨੂੰ ਉਸ ਦੇ ਪਿਤਾ ਪੰਡਤ ਜਵਾਹਰ ਲਾਲ ਅਤੇ ਦਾਦਾ ਪੰਡਤ ਮੋਤੀ ਲਾਲ ਤੋਂ ਵਿਰਸੇ ਵਿਚ ਮਿਲੀ ਸੀ। 1966 ਵਿਚ ਉਸ ਨੇ ਆਪਣੇ ਪਿਤਾ ਜਵਾਹਰ ਲਾਲ ਵਾਂਗ ਪੰਜਾਬੀ ਸੂਬਾ ਬਣਨੋਂ ਰੋਕਣ ਦੀ ਕੋਸ਼ਿਸ਼ ਵੀ ਕੀਤੀ ਸੀ (ਇਹ ਗੱਲ ਉਸ ਨੇ ਆਪਣੀ ਕਿਤਾਬ ਵਿਚ ਵੀ ਮੰਨੀ ਹੈ)। 1981 ਵਿਚ ਪੰਜਾਬ ਵਿਚ ਸਿੱਖਾਂ ਦੀ ਖਾੜਕੂ ਲਹਿਰ ਸ਼ੁਰੂ ਹੋ ਚੁਕੀ ਸੀ। ਇੰਦਰਾ ਗਾਂਧੀ ਨੇ ਇਸ ਦੇ ਬਹਾਨੇ ਹੇਠ ਪੰਜਾਬ ਵਿਚ ਫ਼ੌਜੀ ਐਕਸ਼ਨ ਕਰਨ ਦਾ ਇਰਾਦਾ ਕੀਤਾ ਕਿਉਂ ਕਿ ਇਹੀ ਐਕਸ਼ਨ ਸੀ ਜਿਸ ਨਾਲ ਉਹ ਫ਼ਿਰਕੇ ਪੱਤਾ ਵਰਤ ਕੇ ਹਿੰਦੂ ਵੋਟਾਂ ਹਾਸਿਲ ਕਰ ਸਕਦੀ ਸੀ। ਇੰਦਰਾ ਗਾਂਧੀ ਨੇ ਪਹਿਲਾਂ 1983 ਦੀਆਂ ਗਰਮੀਆਂ ਵਿਚ ਫ਼ੌਜ ਦੇ ਜਰਨੈਲ ਐਸ.ਕੇ. ਸਿਨਹਾ ਨੂੰ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ 'ਪੁਜ਼ੀਸ਼ਨ ਪੇਪਰ' ਤਿਆਰ ਕਰਨ ਵਾਸਤੇ ਕਿਹਾ ਪਰ ਸਿਨਹਾ ਨੇ ਇੰਦਰਾ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਪਲਾਨ ਛੱਡ ਦੇਣ ਦੀ ਸਲਾਹ ਦਿੱਤੀ। ਇਸ 'ਤੇ ਇੰਦਰਾ ਨੇ ਇਕ ਦਮ ਉਸ ਨੂੰ ਫ਼ੌਜ ਦੀ ਕਮਾਂਡ ਖੋਹ ਕੇ ਆਰਮੀ ਹੈਡਕੁਆਰਟਰ ਵਿਚ ਤਬਦੀਲ ਕਰ ਦਿੱਤਾ (ਇਸ ਤੋਂ ਛੇਤੀ ਮਗਰੋਂ ਹੀ ਉਸ ਨੇ ਅਗਾਊਂ ਰਿਟਾਇਰਮੈਂਟ ਲੈ ਲਈ)। ਫਿਰ 15 ਜਨਵਰੀ 1984 ਦੇ ਦਿਨ ਜਦ ਭਾਰਤੀ ਫ਼ੌਜ 'ਆਰਮੀ ਡੇਅ' ਮਨਾ ਰਹੀ ਸੀ ਅਤੇ ਇੰਦਰਾ ਮੁਖ ਮਹਿਮਾਨ ਸੀ ਤਾਂ ਇੰਦਰਾ ਨੇ ਜਨਰਲ ਵੈਦਯ ਅਤੇ ਸੁੰਦਰਜੀ ਨੂੰ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ 'ਪੁਜ਼ੀਸ਼ਨ ਪੇਪਰ' ਤਿਆਰ ਕਰਨ ਵਾਸਤੇ ਕਿਹਾ ਜੋ ਉਨ੍ਹਾਂ ਨੇ ਕਬੂਲ ਕਰ ਲਿਆ। ਇਸ ਤੋਂ ਇਕ ਹਫ਼ਤੇ ਮਗਰੋਂ ਹੀ ਫ਼ੌਜ ਨੇ ਵਖ-ਵਖ ਪਲਾਟੂਨਾਂ ਵਿਚੋਂ 600 ਸਭ ਤੋਂ ਵਧ ਸਿਖਿਅਤ ਕਮਾਂਡੋ ਚੁਣ ਕੇ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਹਮਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ।

1991: ਗੁਰਮੁੱਖ ਸਿੰਘ ਲੀਡਰ, ਹਰਦਿਆਲ ਸਿੰਘ ਢੋਲਾ ਵਾਰਿਸ ਵਾਲਾ, ਅਵਤਾਰ ਸਿੰਘ ਤਾਰੀ ਘੁੱਕੇਵਾਲੀ, ਮੁਖਵਿੰਦਰ ਸਿੰਘ ਸਬਦ, ਹਰਪਾਲ ਸਿੰਘ ਕਮਾਲਪੁਰਾ, ਕੁਲਵੰਤ ਸਿੰਘ ਕੰਤੀ ਸਿਆਲਕਾ, ਜਸਪਾਲ ਸਿੰਘ ਬੱਬੂ ਭਗਤਪੁਰ, ਤੇ ਗੁਰਨਾਮ ਸਿੰਘ ਜੰਗ ਭਗਤਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਮੁੱਖ ਸਿੰਘ ਉਰਫ਼ ਫ਼ਤਹਿ ਸਿੰਘ ਲੀਡਰ, ਹਰਦਿਆਲ ਸਿੰਘ ਢੋਲਾ, ਵਾਰਿਸ ਵਾਲਾ, ਅਵਤਾਰ ਸਿੰਘ ਤਾਰੀ, ਘੁੱਕੇਵਾਲੀ, ਮੁਖਵਿੰਦਰ ਸਿੰਘ (ਸਬਦ ਬਟਾਲਾ), ਹਰਪਾਲ ਸਿੰਘ ਕਮਾਲਪੁਰਾ, ਕੁਲਵੰਤ ਸਿੰਘ ਕੰਤੀ ਉਰਫ ਛੋਟਾ ਤੂਫਾਨ ਸਿੰਘ (ਪੁੱਤਰ ਭਾਈ ਤਾਰਾ ਸਿੰਘ ਸਿਆਲਕਾ), ਜਸਪਾਲ ਸਿੰਘ ਬੱਬੂ (ਭਗਤਪੁਰ,

ਗੁਰਦਾਸਪੁਰ) ਤੇ ਗੁਰਨਾਮ ਸਿੰਘ ਜੰਗ, ਭਗਤਪੁਰ, ਗੁਰਦਾਸਪੁਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਗਿਆਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

15 ਜਨਵਰੀ 1992 ਦੇ ਦਿਨ ਪੰਜਾਬ ਪੁਲਸ ਨੇ ਗਿਆਨ ਸਿੰਘ (ਪੁਤਰ ਬਾਵਾ ਸਿੰਘ, ਵਾਸੀ ਦੁਧਈ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

16 ਜਨਵਰੀ

1630; ਗੁਰੂ ਹਰ ਰਾਇ ਜੀ ਦਾ ਜਨਮ ਹੋਇਆ

ਗੁਰੂ ਹਰਿਰਾਇ ਸਾਹਿਬ ਦਾ ਜਨਮ (ਬਾਬਾ) ਗੁਰਦਿਤਾ ਅਤੇ ਮਾਤਾ ਕਿਸ਼ਨ ਕੌਰ (ਆਪ ਨੂੰ ਮਾਤਾ ਅਨੰਤੀ ਅਤੇ ਮਾਤਾ ਬਸੀ ਵੀ ਲਿਖਿਆ ਮਿਲਦਾ ਹੈ) ਦੇ ਘਰ 16 ਜਨਵਰੀ 1630 ਦੇ ਦਿਨ ਕੀਰਤਪੁਰ ਸਾਹਿਬ ਵਿੱਚ ਹੋਇਆ ਸੀ।

1704: ਅਨੰਦਪੁਰ ਸਾਹਿਬ ਤੇ ਬਿਲਾਸਪੁਰੀ ਫ਼ੌਜਾਂ ਦਾ ਹਮਲਾ; ਸਿੱਖਾਂ ਵਿਚ ਦਸਤਾਰ ਵਿਚ 'ਫਰੌਰਾ' ਸਜਾਉਣ ਦੀ ਰਿਵਾਇਤ ਸ਼ੁਰੂ ਹੋਈ

ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਮੌਤ ਮਗਰੋਂ ਉਸ ਦਾ ਪੁੱਤਰ ਸਿੱਖਾਂ 'ਤੇ ਹਮਲੇ ਕਰਨ ਲਗ ਪਿਆ ਸੀ। ਅਕਤੂਬਰ 1700 ਵਿਚ ਰਾਜਾ ਸਲਾਹੀ ਚੰਦ ਨੇ ਗੁਰੂ ਸਾਹਿਬ ਅਤੇ ਅਜਮੇਰ ਚੰਦ ਬਿਲਾਸਪੁਰੀਏ ਵਿਚ ਲੜਾਈ ਮੁਕਵਾ ਦਿੱਤੀ ਸੀ; ਤਿੰਨ ਸਾਲ ਮਾਹੌਲ ਠੀਕ ਚਲਦਾ ਰਿਹਾ। ਰਾਜਾ ਸਲਾਹੀ ਚੰਦ ਦੀ ਮੌਤ (1703) ਮਗਰੋਂ ਅਜਮੇਰ ਚੰਦ ਫੇਰ ਹਰਕਤਾਂ ਕਰਨ ਲੱਗ ਪਿਆ। ਉਸ ਦੇ ਸਿਪਾਹੀ ਘਾਹ-ਪੱਠਾ ਲੈਣ ਦੇ ਬਹਾਨੇ ਅਨੰਦਪੁਰ ਸਾਹਿਬ 'ਚ ਕੋਈ ਨਾ ਕੋਈ ਸ਼ਰਾਰਤ ਕਰਦੇ ਰਹਿੰਦੇ ਸਨ। ਹੁਣ ਉਸ ਨਾਲ ਹੰਡੂਰ (ਨਾਲਾਗੜ੍ਹ) ਦਾ ਰਜਵਾੜਾ ਵੀ ਸ਼ਾਮਿਲ ਹੋ ਗਿਆ ਸੀ। ਛੋਟੀਆਂ ਮੋਟੀਆਂ ਝੜਪਾਂ ਮਗਰੋਂ ਅਖ਼ੀਰ 16 ਜਨਵਰੀ 1704 ਦੇ ਦਿਨ ਅਜਮੇਰ ਚੰਦ, ਹੰਡੂਰੀ ਰਾਜੇ ਤੇ ਇਨ੍ਹਾਂ ਦੇ ਹੋਰ ਸਾਥੀਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਧਰੋਂ ਸਿੰਘਾਂ ਨੇ ਵੀ ਡੱਟ ਕੇ ਮੁਕਾਬਲਾ ਕੀਤਾ। ਖਾਲਸਾ ਫ਼ੌਜਾਂ ਦੀ ਅਗਵਾਈ ਕਰ ਰਹੇ ਜਥੇ ਦਾ ਆਗੂ ਭਾਈ ਮਾਨ ਸਿੰਘ ਨਿਸ਼ਾਨਚੀ ਸੀ। ਉਸ ਨੇ ਨਿਸ਼ਾਨ ਸਾਹਿਬ ਨੂੰ ਜ਼ਮੀਨ 'ਚ ਗੱਡ ਕੇ ਲੜਾਈ ਲੜੀ। ਲੜਾਈ 'ਚ ਜ਼ਖ਼ਮੀ ਹੋ ਕੇ ਉਹ ਜ਼ਮੀਨ 'ਤੇ ਡਿੱਗ ਪਿਆ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਕੇ ਜ਼ਮੀਨ 'ਤੇ ਡਿੱਗ ਪਿਆ। ਲੜਾਈ ਸ਼ਾਮ ਤਕ ਜਾਰੀ ਰਹੀ। ਅਖ਼ੀਰ ਕਈ ਫ਼ੌਜੀ ਮਰਵਾ ਕੇ ਅਜਮੇਰ ਚੰਦ ਬਿਲਾਸਪੁਰ ਮੁੜ ਗਿਆ।

ਦਸਤਾਰ ਵਿਚ ਫ਼ੱਰਰੇ ਦੀ ਸ਼ੁਰੂਆਤ: ਇਸ ਲੜਾਈ ਵਿਚ ਭਾਈ ਮਾਨ ਸਿੰਘ ਦੇ ਜ਼ਖ਼ਮੀ ਹੋਣ ਅਤੇ ਨਿਸ਼ਾਨ ਸਾਹਿਬ ਦੇ ਡਿੱਗਣ ਦੀ ਖ਼ਬਰ ਜਦੋਂ ਗੁਰੂ ਸਾਹਿਬ ਕੋਲ ਪੁੱਜੀ ਤਾਂ ਉਨ੍ਹਾਂ ਉਸ ਵੇਲੇ ਆਪਣੀ ਵੱਡੀ ਸੁਰਮਈ ਦਸਤਾਰ ਹੇਠਾਂ ਬੰਨ੍ਹੀ ਹੋਈ ਨੀਲੀ ਕੇਸਕੀ ਵਿਚੋ ਇਕ ਲੀਰ ਪਾੜ ਕੇ ਐਲਾਨ ਕੀਤਾ ਕਿ ਹੁਣ ਖਾਲਸੇ ਦੇ ਨਿਸ਼ਾਨ ਕਦੇ ਵੀ ਨਾ ਟੁੱਟੇਗਾ, ਨਾ ਡਿੱਗੇਗਾ, ਨਾ ਝੁਕੇਗਾ। ਇਹ ਆਖ ਕੇ ਉਨ੍ਹਾਂ ਉਸ ਲੀਰ ਨੂੰ ਝੰਡੇ/ਨਿਸ਼ਾਨ ਸਾਹਿਬ ਵਾਂਗ ਆਪਣੀ ਦਸਤਾਰ 'ਚ ਸਜਾ ਲਿਆ। ਗੁਰੂ ਸਾਹਿਬ ਦੇ ਕੋਲ ਬੈਠੇ ਭਾਈ ਉਦੇ ਸਿੰਘ, ਭਾਈ ਹਿੰਮਤ ਸਿੰਘ, ਭਾਈ

ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਆਲਮ ਸਿੰਘ 'ਨੱਚਣਾ' ਨੇ ਵੀ ਆਪਣੀਆਂ ਨੀਲੀਆਂ ਕੇਸਕੀਆਂ ਵਿੱਚੋਂ ਫ਼ੱਰਰੇ ਲਾਹ ਕੇ ਦਸਤਾਰਾਂ 'ਚ ਸਜਾ ਲਏ। ਉਨ੍ਹਾਂ ਦੇ ਕੋਲ ਬੈਠੇ ਸਾਹਿਬਜ਼ਾਦਾ ਫ਼ਤਹਿ ਸਿੰਘ, ਜੋ ਅਜੇ ਸਿਰਫ਼ ਛੇ ਕੁ ਸਾਲ ਦੇ ਸਨ, ਨੇ ਵੀ ਫ਼ੱਰਰਾ ਸਜਾ ਲਿਆ। ਇਸ ਦਿਨ ਤੋਂ ਨਿਹੰਗ ਸਿੰਘਾਂ ਜਥਿਆਂ ਦੇ ਆਗੂਆਂ ਦੀਆਂ ਦਸਤਾਰਾਂ ਵਿਚ ਸਜੇ ਫ਼ੱਰਰੇ ਸਜਾਉਣ ਦੀ ਸ਼ੁਰੂਆਤ ਹੋਈ। ਜਿਸ ਥਾਂ ਗੁਰੂ ਸਾਹਿਬ ਨੇ ਫ਼ੱਰਰਾ (ਦੁਮਾਲਾ) ਸਜਾਇਆ ਸੀ, ਉਸ ਥਾਂ ਅਜ-ਕਲ੍ਹ ਗੁਰਦੁਆਰਾ ਦੁਮਾਲਗੜ੍ਹ ਬਣਿਆ ਹੋਇਆ ਹੈ। ਇਹ ਥਾਂ ਕੇਸਗੜ੍ਹ ਸਾਹਿਬ ਦੇ ਬਿਲਕੁਲ ਸਾਹਮਣੇ ਹੈ

1766: ਚੜ੍ਹਤ ਸਿੰਘ ਗੁਜਰਾਂਵਾਲਾ ਤੇ ਕਬਜ਼ਾ

16 ਮਈ 1765 ਦੇ ਦਿਨ, ਭੰਗੀ ਮਿਸਲ ਦੇ ਮੁਖੀਆਂ ਦੀ ਅਗਵਾਈ ਵਿਚ, ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਬਾਕੀ ਮਿਸਲਾਂ ਨੇ ਵੀ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ। 16 ਜਨਵਰੀ 1766 ਦੇ ਦਿਨ ਸੁਕਰਚਕੀਆ ਮਿਸਲ ਦੇ ਚੜ੍ਹਤ ਸਿੰਘ ਨੇ ਵੀ ਗੁਜਰਾਂਵਾਲਾ ਸ਼ਹਿਰ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

1767: ਸਿੱਖਾਂ ਦੀ ਜਹਾਨ ਖ਼ਾਨ ਨਾਲ ਜੰਗ ਹੋਈ

16 ਜਨਵਰੀ 1767 ਨੂੰ ਅਹਿਮਦ ਸ਼ਾਹ ਦੇ ਜਰਨੈਲ ਜਹਾਨ ਖ਼ਾਨ ਨੂੰ ਪਤਾ ਲਗਾ ਕਿ ਬਹੁਤ ਸਾਰੇ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ ਹਨ। ਅਗਲੇ ਦਿਨ ਉਸ ਨੇ ਸਿੱਖਾਂ 'ਤੇ ਚੜ੍ਹਾਈ ਕਰ ਦਿਤੀ। ਇਸ ਮੌਕੇ 'ਤੇ ਦੋਹਾਂ ਧਿਰਾਂ ਵਿਚ ਖ਼ੂਬ ਜੰਗ ਹੋਈ। ਇਕ ਪਹਿਰ (ਤਿੰਨ ਘੰਟੇ) ਦੀ ਲੜਾਈ ਵਿਚ ਜਹਾਨ ਖ਼ਾਨ ਦੇ 15 ਹਜ਼ਾਰ ਵਿਚੋਂ 5-6 ਹਜ਼ਾਰ ਫ਼ੌਜੀ ਮਾਰੇ ਗਏ। ਜਦ ਇਸ ਦੀ ਖ਼ਬਰ ਅਹਿਮਦ ਸ਼ਾਹ ਨੂੰ ਹੋਈ ਤਾਂ ਉਹ ਆਪ ਫ਼ੌਜ ਲੈ ਕੇ ਜਹਾਨ ਖ਼ਾਨ ਦੀ ਮਦਦ ਵਾਸਤੇ ਪੁੱਜਾ। ਇਸ 'ਤੇ ਸਿੱਖ ਉੱਥੋਂ ਚਲੇ ਗਏ। ਹੁਣ ਅਹਿਮਦ ਸ਼ਾਹ ਨੇ ਆਪਣਾ ਮਾਲ-ਮੱਤਾ ਜਲਾਲਾਬਾਦ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਛੱਡਿਆ ਤੇ ਸਿੱਖਾਂ ਦਾ ਪਿੱਛਾ ਕਰਨ ਲਗ ਪਿਆ। ਜਦ ਸਿੱਖਾਂ ਨੂੰ ਇਸ ਦੀ ਖ਼ਬਰ ਮਿਲੀ ਤਾਂ ਸਿੱਖਾਂ ਨੇ ਜਲਾਲਾਬਾਦ 'ਤੇ ਵੀ ਹਮਲਾ ਕਰ ਦਿਤਾ। ਇਸ ਮੌਕੇ 'ਤੇ ਨਾਸਿਰ ਖ਼ਾਨ ਬਲੋਚ ਨੇ ਅਹਿਮਦ ਸ਼ਾਹ ਨਾਲ ਵਫ਼ਾਦਾਰੀ ਸਾਬਿਤ ਕਰਨ ਵਾਸਤੇ ਸਿੱਖਾਂ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਵਾਰ ਵੀ ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ।

1872: ਮਲੇਰਕੋਟਲਾ ਵਿਚ 49 ਕੂਕੇ ਤੋਪਾਂ ਨਾਲ ਉਡਾਏ ਗਏ

15 ਜਨਵਰੀ 1872 ਦੇ ਦਿਨ ਨੂੰ ਮਲੇਰਕੋਟਲਾ ਦੇ ਖ਼ਜ਼ਾਨੇ 'ਤੇ ਹਮਲੇ ਦੌਰਾਨ 7 ਕੂਕੇ ਮਾਰੇ ਗਏ ਸਨ ਅਤੇ ਬਹੁਤ ਸਾਰੇ ਫੜੇ ਵੀ ਗਏ ਸਨ। ਇਸ ਹਮਲੇ ਮਗਰੋਂ ਸਰਕਾਰ ਨੇ ਕੂਕਿਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿਤੀਆਂ। ਸਰਕਾਰ ਨੇ ਕੂਕਿਆਂ ਨਾਲ ਸਖ਼ਤੀ ਨਾਲ ਨਿਪਟਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਹੇਠ ਐਮ.ਐਲ. ਕਾਵਨ, ਡੀ.ਸੀ. ਲੁਧਿਆਣਾ, ਦੇ ਹੁਕਮ ਹੇਠ 16 ਜਨਵਰੀ 1872 ਦੇ ਦਿਨ 49 ਕੂਕਿਆਂ ਨੂੰ ਮਲੇਰਕੋਟਲਾ ਵਿਚ ਤੋਪਾਂ ਅੱਗੇ ਖੜ੍ਹੇ ਕਰ ਕੇ ਉਡਾ ਦਿਤਾ ਗਿਆ। ਅਗਲੇ ਦਿਨ 16 ਹੋਰ ਕੂਕਿਆਂ ਨੂੰ ਵੀ ਇਹੀ ਸਜ਼ਾ ਦਿਤੀ ਗਈ।

1785: ਖਾੜਕੂਆਂ ਵੱਲੋਂ ਸਰਕਾਰ ਨਾਲ ਮਿਲਵਤਣ ਕਰਨ ਵਾਲੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਗਿ: ਕਿਰਪਾਲ ਸਿੰਘ ਤੇ ਹਮਲਾ

ਦਰਬਾਰ ਸਾਹਿਬ 'ਤੇ ਹਮਲੇ ਬਾਰੇ ਟੀ.ਵੀ. 'ਤੇ ਝੂਠ ਬੋਲਣ ਅਤੇ ਸਰਕਾਰ ਨਾਲ ਮਿਲੇ ਹੋਣ ਦੇ ਜੁਰਮ ਬਦਲੇ ਖਾੜਕੂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਨੂੰ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਦਾ ਇਕ ਵਾਰ ਨਾਕਾਮ ਹੋ ਚੁਕਾ ਸੀ।16 ਜਨਵਰੀ 1985 ਨੂੰ ਲੁਧਿਆਣੇ ਨੇੜੇ ਉਨ੍ਹਾਂ ਨੇ ਕਿਰਪਾਲ ਸਿੰਘ ਉੱਤੇ ਇਕ ਵਾਰ ਫੇਰ ਹਮਲਾ ਕੀਤਾ। ਕਿਰਪਾਲ ਸਿੰਘ ਇਸ ਹਮਲੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਪਰ ਰਾਜੀਵ ਗਾਂਧੀ ਦੇ ਹੁਕਮ ਹੇਠ ਵੱਲੋਂ ਵਧੀਆ ਤੋਂ ਵਧੀਆ ਡਾਕਟਰ ਭੇਜ ਕੇ ਉਸ ਦਾ ਇਲਾਜ ਕਰਵਾਏ ਜਾਣ ਕਰ ਕੇ ਉਹ ਮਰਨੋਂ ਬਚ ਗਿਆ। ਪੁਲੀਸ ਵੱਲੋਂ ਜਥੇਦਾਰ ਗੁਰਦੇਵ ਸਿੰਘ, ਦਰਸ਼ਨ ਸਿੰਘ, ਖੈਬਰ ਸਿੰਘ, ਸਤਨਾਮ ਸਿੰਘ, ਡਾਕਟਰ ਗੁਰਚਰਨ ਸਿੰਘ, ਦਵਿੰਦਰ ਸਿੰਘ ਤੇ ਸੁਖਜੀਤ ਸਿੰਘ ਇਸ ਹਮਲੇ ਦੇ ਜ਼ਿੰਮੇਦਾਰ ਨਾਮਜ਼ਦ ਕੀਤੇ ਗਏ ਸਨ। ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਗ੍ਰੰਥੀ ਪ੍ਰੀਤਮ ਸਿੰਘ ਉੱਤੇ ਵੀ 12 ਫਰਵਰੀ ਨੂੰ ਹਮਲਾ ਕੀਤਾ। ਪਰ ਉਹ ਵੀ ਬਚ ਗਿਆ।

1788: ਮੋਹਾਲੀ ਦੇ ਮਨਜੀਤ ਸਿੰਘ ਅਤੇ ਜਤਿੰਦਰ ਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜਨਵਰੀ 1988 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ (ਪੁਤਰ ਸੋਹਨ ਸਿੰਘ, ਵਾਸੀ ਮਕਾਨ ਨੰਬਰ 273, ਫ਼ੇਜ਼ 7, ਮੋਹਾਲੀ) ਅਤੇ ਜਤਿੰਦਰਪਾਲ ਸਿੰਘ ਸਿੰਘ (ਪੁਤਰ ਅਮਰੀਕ ਸਿੰਘ, ਵਾਸੀ ਮਕਾਨ ਨੰਬਰ 2210, ਫ਼ੇਜ਼ 10, ਮੋਹਾਲੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਜਿੰਦਰ ਸਿੰਘ ਬੁੱਟਰ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਹਰਜਿੰਦਰ ਸਿੰਘ ਬੁੱਟਰ ਕਲਾ, ਗੁਰਦਾਸਪੁਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸਾਧੂ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜਨਵਰੀ 1993 ਦੇ ਦਿਨ ਪੁਲਸ ਨੇ ਸਾਧੂ ਸਿੰਘ ਉਰਫ਼ ਛੋਟਾ ਭਾਊ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਬਾਬਾ ਫ਼ੌਜਾ ਸਿੰਘ ਨੇ 102 ਸਾਲ ਦੀ ਉਮਰ ਵਿਚ, ਚੰਡੀਗੜ੍ਹ ਅਤੇ ਅਜੀਤਗੜ੍ਹ (ਮੋਹਾਲੀ) ਵਿਚ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਵੱਲੋਂ 'ਔਰਤਾਂ ਦੇ ਹੱਕਾਂ ਤੇ ਹਿਫ਼ਾਜ਼ਤ' ਵਾਸਤੇ ਇਕ ਦੌੜ ਦੀ ਅਗਵਾਈ ਕੀਤੀ

16 ਜਨਵਰੀ 2013 ਦੇ ਦਿਨ ਬਾਬਾ ਫ਼ੌਜਾ ਸਿੰਘ ਨੇ 102 ਸਾਲ ਦੀ ਉਮਰ ਵਿਚ, ਚੰਡੀਗੜ੍ਹ ਅਤੇ ਅਜੀਤਗੜ੍ਹ (ਮੋਹਾਲੀ) ਵਿਚ ਰੋਜ਼ਾਨਾ ਸਪੋਕਸਮੈਨ ਵਾਸਤੇ 'ਔਰਤਾਂ ਦੇ ਹੱਕਾਂ ਤੇ ਹਿਫ਼ਾਜ਼ਤ' ਵਾਸਤੇ ਇਕ ਦੌੜ ਦੀ ਅਗਵਾਈ ਕੀਤੀ। 22 ਅਪ੍ਰੈਲ 2012 ਦੇ ਦਿਨ ਬਾਬਾ ਫ਼ੌਜਾ ਸਿੰਘ (ਜਨਮ 1 ਅਪ੍ਰੈਲ 1911), ਵਾਸੀ ਬਿਆਸ ਪਿੰਡ, ਜ਼ਿਲ੍ਹਾ ਜਲੰਧਰ, ਨੇ ਪਹਿਲਾਂ 2012

ਵਿਚ 101 ਸਾਲ ਦੀ ਉਮਰ ਵਿਚ ਲੰਡਨ ਵਿਚ 25 ਕਿਲੋਮੀਟਰ ਮਰਾਥਨ ਦੌੜ 7 ਘੰਟੇ 49 ਮਿੰਟ ਵਿਚ ਪੂਰੀ ਕੀਤੀ ਸੀ। ਇਸ ਉਮਰ ਵਿਚ ਇਹ ਦੌੜ ਦੌੜਨ ਵਾਲਾ ਉਹ ਪਹਿਲਾ ਸ਼ਖ਼ਸ ਸੀ। ਉਸ ਨੇ 2003 ਵਿਚ ਉਸ ਨੇ ਇਹੀ ਦੌੜ ਲੰਡਨ ਵਿਚ 6 ਘੰਟੇ 2 ਮਿੰਟ ਅਤੇ ਕਨੇਡਾ ਵਿਚ 5 ਘੰਟੇ 40 ਮਿੰਟ ਵਿਚ ਪੂਰੀ ਕੀਤੀ ਸੀ)।

17 ਜਨਵਰੀ

1846: ਸਿੱਖਾਂ ਨੇ ਬੱਦੋਵਾਲ 'ਚ ਅੰਗਰੇਜ਼ਾਂ ਦੀ ਛਾਵਣੀ 'ਤੇ ਕਬਜ਼ਾ ਕਰ ਲਿਆ

ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ 18 ਦਸੰਬਰ 1845 ਦੇ ਦਿਨ ਮੁਦਕੀ ਵਿਚ ਹੋਈ ਲੜਾਈ ਵਿਚ ਸਿੱਖ ਫ਼ੌਜਾਂ ਨੇ ਬ੍ਰਾਹਮਣ ਜਰਨੈਲ ਤੇਜ ਰਾਮ ਦੀ ਗ਼ਦਾਰੀ ਦੇ ਬਾਵਜੂਦ ਅੰਗਰੇਜ਼ਾਂ ਨੂੰ ਬੁਰੀ ਤਰ੍ਹਾਂ ਹਰਾਇਆ ਸੀ। ਇਸ ਲੜਾਈ ਵਿਚ ਗਵਰਨਰ ਜਨਰਲ ਦੇ ਦੋ ਏਅਡੀਜ਼, ਸਰ ਰਾਬਰਟ ਸੇਲ ਤੇ ਸਰ ਜੋਸਫ਼ ਮੈਕਗੈਸਕਿਲ, ਤੋਂ ਇਲਾਵਾ 215 ਅੰਗਰੇਜ਼ ਫ਼ੌਜੀ ਮਾਰੇ ਗਏ ਸਨ ਤੇ 657 ਜ਼ਖ਼ਮੀ ਹੋਏ ਸਨ। ਦੂਜੀ ਲੜਾਈ 21 ਦਸੰਬਰ ਦੇ ਦਿਨ ਫੇਰੂ ਸ਼ਹਿਰ ਵਿਚ ਹੋਈ; ਇਸ ਵਿਚ ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ। ਇਸ ਮਗਰੋਂ ਲੁਧਿਆਣਾ ਵੱਲ ਵੀ ਸਿੱਖ ਫ਼ੌਜਾਂ ਨੇ ਆਪਣਾ ਫ਼ਰੰਟ ਖੋਲ੍ਹ ਦਿਤਾ ਸੀ। 17 ਜਨਵਰੀ 1846 ਦੇ ਦਿਨ ਲਾਡਵਾ ਦੇ ਰਾਜੇ ਰਣਜੋਧ ਸਿੰਘ ਨੇ ਸਤਲੁਜ ਦਰਿਆ ਪਾਰ ਬੱਦੋਵਾਲ ਵਿਚ ਅੰਗਰੇਜ਼ ਛਾਵਣੀ 'ਤੇ ਕਬਜ਼ਾ ਕਰ ਲਿਆ। ਪਰ ਰਣਜੋਧ ਸਿੰਘ ਕਬਜ਼ਾ ਕਰਨ ਮਗਰੋਂ ਉੱਥੇ ਹੀ ਟਿਕ ਗਿਆ ਅਤੇ ਨਾ ਤਾਂ ਉਹ ਫ਼ੀਰੋਜ਼ਪੁਰ ਵੱਲ ਅੱਗੇ ਵਧਿਆ ਤੇ ਨਾ ਹੀ ਉਸ ਨੇ ਦਿੱਲੀ ਵੱਲੋਂ ਆਉਣ ਵਾਲੀ ਅੰਗਰੇਜ਼ ਫ਼ੌਜ ਬਾਰੇ ਹੀ ਸੋਚਿਆ। ਇਹ ਇਕ ਜੋਸ਼ੀਲਾ ਪਰ ਪਲਾਨ-ਰਹਿਤ ਐਕਸ਼ਨ ਸੀ।

1872: ਕੂਕਾ ਆਗੂ ਰਾਮ ਸਿੰਘ ਗ੍ਰਿਫ਼ਤਾਰ

ਕੂਕਿਆਂ ਦੀਆਂ ਬੁੱਚੜ ਮਾਰਨ ਅਤੇ ਮਲੇਰਕੋਟਲਾ ਵਿਚ ਅਸਲਾ ਲੁੱਟਣ ਵਰਗੀਆਂ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਨਾਲ ਬਾਬਾ ਰਾਮ ਸਿੰਘ ਦਾ ਕੋਈ ਸਬੰਧ ਨਹੀਂ ਸੀ ਪਰ ਕਿਉਂਕਿ ਇਹ ਹਰਕਤਾਂ ਕਰਨ ਵਾਲੇ ਉਸ ਦੇ ਚੇਲੇ ਸਨ ਇਸ ਕਰ ਕੇ ਅੱਗੇ ਹੋਰ ਐਕਸ਼ਨ ਰੋਕਣ ਵਾਸਤੇ ਅੰਗਰੇਜ਼ਾਂ ਨੇ ਰਾਮ ਸਿੰਘ ਨੂੰ ਵੀ 17 ਜਨਵਰੀ 1872 ਦੇ ਦਿਨ ਭੈਣੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ 1818 ਦੇ ਐਕਟ ਤਿੰਨ ਹੇਠ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਲਾਹਾਬਾਦ ਭੇਜ ਦਿਤਾ ਗਿਆ ਤੇ ਮਗਰੋਂ ਰੰਗੂਨ ਭੇਜ ਦਿਤਾ ਗਿਆ (ਜਿੱਥੇ ਉਹ 29 ਨਵੰਬਰ 1885 ਦੇ ਦਿਨ ਮਰ ਗਿਆ)।

1922: 'ਚਾਬੀਆਂ ਦੇ ਮੋਰਚੇ' ਵਿਚ ਅਕਾਲੀ ਆਗੂ ਰਿਹਾ ਕਰ ਦਿੱਤੇ ਗਏ

15-16 ਨਵੰਬਰ 1920 ਦੇ ਦਿਨ ਸ਼੍ਰੋਮਣੀ ਕਮੇਟੀ ਬਣਨ 'ਤੇ ਅੰਗਰੇਜ਼ ਸਰਕਾਰ ਨੇ ਕੋਈ ਇਤਰਾਜ਼ ਨਹੀਂ ਕੀਤਾ ਸੀ ਕਿਉਂਕਿ ਇਸ ਦੇ ਮੁਖ ਅਹੁਦੇਦਾਰ ਸਰਕਾਰ ਪੱਖੀ ਸਨ ਪਰ ਜਦ 28 ਅਗਸਤ 1921 ਦੇ ਦਿਨ ਨਵੀਂ ਚੋਣ ਵਿਚ ਬਾਬਾ ਖੜਕ ਸਿੰਘ ਪ੍ਰਧਾਨ ਬਣਿਆ ਤਾਂ ਸਰਕਾਰ ਨੇ ਸ਼੍ਰੋਮਣੀ ਕਮੇਟੀ ਵਿਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ। 7 ਨਵੰਬਰ 1921 ਦੇ ਦਿਨ ਬਾਅਦ ਦੁਪਹਿਰ ਤਿੰਨ ਵਜੇ ਲਾਲਾ ਅਮਰ ਨਾਥ ਈ.ਏ.ਸੀ. ਪੁਲੀਸ ਦੀ ਇਕ ਧਾੜ ਲੈ ਕੇ ਸੁੰਦਰ ਸਿੰਘ ਰਾਮਗੜ੍ਹੀਆਂ ਦੇ ਘਰ ਗਿਆ ਅਤੇ ਉਸ ਤੋਂ ਦਰਬਾਰ ਸਾਹਿਬ ਦੇ ਤੋਸ਼ੇਖਾਨੇ

(ਖ਼ਜ਼ਾਨੇ) ਦੀਆਂ ਤੇ ਕੁਝ ਹੋਰ ਚਾਬੀਆਂ ਲੈ ਲਈਆਂ।ਸਰਕਾਰ ਨੇ ਐਲਾਨ ਕੀਤਾ ਕਿਉਂਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਨਹੀਂ ਹੈ ਇਸ ਕਰ ਕੇ ਚਾਬੀਆਂ ਲਈਆਂ ਗਈਆਂ ਹਨ। ਸਰਕਾਰ ਵੱਲੋਂ ਚਾਬੀਆਂ ਲੈਣ ਦੀ ਹਰਕਤ ਨਾਲ ਸਿੱਖਾਂ ਵਿਚ ਰੋਸ ਤੇ ਗੁੱਸੇ ਦੀ ਲਹਿਰ ਫੈਲ ਗਈ। 11 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਮੀਟਿੰਗ ਨੇ ਹੇਠ ਲਿਖੇ ਮਤੇ ਪਾਸ ਕੀਤੇ: (1) ਸਰਕਾਰ ਨਾਲ ਨਾਮਿਲਵਰਤਣ ਕੀਤਾ ਜਾਏ (2) ਚਾਬੀਆਂ ਲੈਣ ਵਾਸਤੇ ਸਰਕਾਰ ਨਾਲ ਕੋਈ ਗੱਲਬਾਤ ਜਾਂ ਮੇਲ ਨਾ ਕੀਤਾ ਜਾਏ (3) ਪ੍ਰਿਸ ਆਫ਼ ਵੇਲਜ਼ ਦਾ ਅੰਮ੍ਰਿਤਸਰ ਆਉਣ 'ਤੇ ਬਾਈਕਾਟ ਕੀਤਾ ਜਾਏ ਤੇ ਕਿਸੇ ਗੁਰਦੁਆਰੇ ਵਿਚ ਉਸ ਦਾ ਪ੍ਰਸ਼ਾਦ ਕਬੂਲ ਨਾ ਕੀਤਾ ਜਾਵੇ। ਜੇ ਸਰਕਾਰ ਗੁਰਦੁਆਰਿਆਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕਰੇ ਤਾਂ ਮੋਰਚਾ ਲਾਇਆ ਜਾਏ।ਇਸ ਦੌਰਾਨ ਸਰਕਾਰ ਨੇ ਕੈਪਟਨ ਬਹਾਦਰ ਸਿੰਘ ਨਾਂ ਦੇ ਇਕ ਬੰਦੇ ਨੂੰ ਸਰਬਰਾਹ ਨਾਮਜ਼ਦ ਕਰ ਦਿੱਤਾ ਤੇ ਚਾਬੀਆਂ ਦੇ ਕੇ ਉਸ ਨੂੰ ਦਰਬਾਰ ਸਾਹਿਬ ਭੇਜਿਆ। 12 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਬਹਾਦਰ ਸਿੰਘ ਨੂੰ ਗੁਰਦੁਆਰਾ ਇੰਤਜ਼ਾਮ ਵਿਚ ਦਖ਼ਲ ਨਾ ਦੇਣ ਦਿੱਤਾ ਜਾਏ। ਇਸ ਮਗਰੋਂ ਸਰਕਾਰ ਨੇ ਇਕ ਹੋਰ ਫ਼ੌਜੀ ਸਰਦਾਰ ਨੂੰ ਚਾਬੀਆਂ ਦੇ ਕੇ ਸਰਬਰਾਹੀ ਸੌਂਪੀ। ਉਹ ਕੋਈ ਹਰਕਤ ਕਰਨ ਤੋਂ ਪਹਿਲਾਂ ਹੀ ਆਪਣੇ ਘਰ ਦੀ ਛੱਤ ਤੋਂ ਡਿੱਗ ਕੇ ਮਰ ਗਿਆ। ਇਸ ਤੋਂ ਬਾਅਦ ਸਰਕਾਰ ਨੂੰ ਹੋਰ ਕੋਈ ਬੰਦਾ ਨਾ ਟੱਕਰਿਆ। ਅਖ਼ੀਰ ਸਰਕਾਰ ਨੇ ਵੀ ਹਥਿਆਰ ਸੁੱਟਣ ਦਾ ਫ਼ੈਸਲਾ ਕਰ ਲਿਆ। ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਸੁਨੇਹਾ ਭੇਜਿਆ ਕਿ ਸਰਕਾਰ ਉਨ੍ਹਾਂ ਨੂੰ ਚਾਬੀਆਂ ਦੇਣ ਵਾਸਤੇ ਤਿਆਰ ਹੈ। 6 ਦਸੰਬਰ 1921 ਦੇ ਦਿਨ ਹੋਈ ਇਕ ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਕੋਈ ਵੀ ਸਿੱਖ ਦਰਬਾਰ ਸਾਹਿਬ ਦੀਆਂ ਚਾਬੀਆਂ ਉਦੋਂ ਤਕ ਵਾਪਿਸ ਨਾ ਲਵੇ ਜਦੋਂ ਤਕ ਸਰਕਾਰ ਇਸ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਆਗੂ ਰਿਹਾ ਨਹੀਂ ਕਰ ਦੇਂਦੀ। ਡੀ.ਸੀ. ਨੇ 3 ਜਨਵਰੀ 1922 ਨੂੰ ਚਾਬੀਆਂ ਮੋੜਨੀਆਂ ਚਾਹੀਆਂ ਤਾਂ ਜੋ 5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਗਮਨ ਪੁਰਬ ਤੋਂ ਪਹਿਲਾਂ ਰੇੜਕਾ ਮੁੱਕ ਜਾਵੇ ਪਰ ਸਿੱਖ ਆਗੂਆਂ ਨੇ ਐਲਾਨ ਕੀਤਾ ਕਿ 6 ਦਸੰਬਰ 1921 ਦੇ ਮਤੇ ਮੁਤਾਬਿਕ ਚਾਬੀਆਂ ਦੇ ਮੋਰਚੇ ਸਬੰਧੀ ਗ੍ਰਿਫ਼ਤਾਰ ਆਗੂਆਂ ਦੀਆਂ ਰਿਹਾਈਆਂ ਹੋਣ ਤੋਂ ਪਹਿਲਾਂ ਚਾਬੀਆਂ ਵਾਪਿਸ ਨਹੀਂ ਲਈਆਂ ਜਾਣਗੀਆਂ। ਇਸ 'ਤੇ 11 ਜਨਵਰੀ 1922 ਦੇ ਦਿਨ ਸਰ ਜਾਨ ਮੇਨਾਰਡ ਨੇ ਪੰਜਾਬ ਕੌਂਸਲ 'ਚ ਐਲਾਨ ਕੀਤਾ ਕਿ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ ਜਾਣਗੇ। ਛੇ ਦਿਨ ਮਗਰੋਂ 17 ਜਨਵਰੀ ਨੂੰ 193 ਚੋਂ 150 ਆਗੂ ਰਿਹਾ ਕਰ ਦਿੱਤੇ ਗਏ ਪਰ ਪੰਡਤ ਦੀਨਾ ਨਾਥ ਨੂੰ ਰਿਹਾ ਨਾ ਕੀਤਾ ਗਿਆ। ਰਿਹਾਈ ਮਗਰੋਂ ਹਜ਼ਾਰਾਂ ਸਿੰਘਾਂ ਦੇ ਜਲੂਸ ਵਿਚ ਇਹ ਆਗੂ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਜਿੱਥੇ ਉਨ੍ਹਾਂ ਨੂੰ ਸ਼ਾਨਦਾਰ 'ਜੀ ਆਇਆਂ' ਕਿਹਾ ਗਿਆ।

1927: ਗੁਰਦੁਆਰਿਆਂ ਦੀ ਪ੍ਰਬੰਧਕ ਜਮਾਤ 'ਸੈਂਟਰਲ ਬੋਰਡ' ਦਾ ਨਾਂ ਬਦਲ ਕੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ

1925 ਵਿਚ ਗੁਰਦੁਆਰਾ ਐਕਟ ਬਣਨ ਮਗਰੋਂ 18 ਜੂਨ 1926 ਨੂੰ ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਬਣਨ ਵਾਲੇ 'ਸੈਂਟਰਲ ਬੋਰਡ' ਦੀਆਂ ਚੋਣਾਂ ਹੋਈਆਂ। ਸੈਂਟਰਲ ਬੋਰਡ ਦੀ ਪਹਿਲੀ ਮੀਟਿੰਗ 4 ਸਤੰਬਰ 1926 ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਹੋਈ। ਡੀ.ਸੀ. ਦੀ ਹਾਜ਼ਰੀ ਵਿਚ ਸੈਂਟਰਲ ਬੋਰਡ ਦੇ ਅਹੁਦੇਦਾਰਾਂ ਦੀ

ਪਹਿਲੀ ਚੋਣ ਹੋਈ। ਪ੍ਰਧਾਨਗੀ ਵਾਸਤੇ ਅਕਾਲੀ ਪਾਰਟੀ ਦੀ ਮਦਦ ਨਾਲ ਜਿੱਤੇ ਜੋਗਿੰਦਰ ਸਿੰਘ ਵਕੀਲ ਰਾਏਪੁਰ, ਮਹਿਤਾਬ ਸਿੰਘ ਪਾਰਟੀ ਦੇ ਉਮੀਦਵਾਰ ਸਨ ਤੇ ਅਕਾਲੀ ਦਲ ਵਲੋਂ ਮੰਗਲ ਸਿੰਘ। ਮੰਗਲ ਸਿੰਘ 53 ਦੇ ਮੁਕਾਬਲੇ 82 ਵੋਟਾਂ ਨਾਲ ਚੁਣੇ ਗਏ। ਇਸੇ ਮੀਟਿੰਗ ਵਿਚ 14 ਮੈਂਬਰ ਨਾਮਜ਼ਦ ਹੋਏ ਜਿਸ ਵਿਚੋਂ 9 ਅਕਾਲੀ ਪਾਰਟੀ ਅਤੇ 5 ਸਰਦਾਰ ਬਹਾਦਰ ਪਾਰਟੀ ਦੇ ਸਨ। ਸੈਂਟਰਲ ਬੋਰਡ ਦੀ ਬਾਕਾਇਦਾ ਮੀਟਿੰਗ 2 ਅਕਤੂਬਰ 1926 ਨੂੰ ਹੋਈ। ਇਸ ਮੀਟਿੰਗ ਨੇ 'ਸੈਂਟਰਲ ਬੋਰਡ' ਦਾ ਨਾਂ ਬਦਲ ਕੇ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਣ ਦਾ ਮਤਾ ਪਾਸ ਕੀਤਾ। ਸਰਕਾਰ ਨੇ 17 ਜਨਵਰੀ 1927 ਨੂੰ ਇਹ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵੀ ਮੰਨ ਲਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਮਨਜ਼ੂਰ ਹੋ ਗਿਆ।

1960: ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ ਨੇ 140 ਵਿਚੋਂ 137 ਸੀਟਾਂ ਜਿੱਤ ਕੇ ਦੁਨੀਆਂ ਭਰ ਦਾ ਰਿਕਾਰਡ ਕਾਇਮ ਕੀਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਖ਼ਰੀਦ ਕੇ ਕਾਂਗਰਸੀਆਂ ਨੇ ਨਵੰਬਰ 1958 ਵਿਚ ਇਸ 'ਤੇ ਕਬਜ਼ਾ ਕਰ ਲਿਆ ਸੀ। 17 ਜਨਵਰੀ 1960 ਨੂੰ ਨਵੀ ਚੋਣ ਹੋਈ। ਇਸ ਵਿਚ ਅਕਾਲੀ ਦਲ ਨੇ 140 ਵਿਚੋਂ 137 ਅਤੇ ਸਾਧ ਸੰਗਤ ਬੋਰਡ ਨੇ ਸਿਰਫ਼ 3 ਸੀਟਾਂ ਜਿਤੀਆਂ। ਇਹ ਅਜ ਤਕ ਦੁਨੀਆਂ ਦਾ ਸਭ ਤੋਂ ਵੱਡਾ ਰਿਕਾਰਡ ਹੈ। (2011 ਵਿਚ ਬਾਦਲ ਸਾਰੀ ਸਰਕਾਰੀ ਮਸ਼ੀਨਰੀ ਵਰਤ ਕੇ ਵੀ ਇਹ ਰਿਕਾਰਡ ਨਹੀਂ ਤੋੜ ਸਕਿਆ)। ਦੇਸ਼ ਭਗਤ ਪਾਰਟੀ ਦਾ ਬਿਲਕੁਲ ਸਫ਼ਾਇਆ ਹੋ ਗਿਆ। 1960 ਦੀਆਂ ਚੋਣਾਂ ਵਿਚ 11,44,289 ਵੋਟਾਂ ਪਈਆਂ ਜਿਸ ਵਿਚੋਂ ਅਕਾਲੀ ਦਲ ਨੂੰ 7,79,118 (68%) ਸਾਧ ਸੰਗਤ ਬੋਰਡ ਨੂੰ 2,60,781 (22%) ਤੇ ਦੇਸ਼ ਭਗਤ ਪਾਰਟੀ ਨੂੰ 74,498 (ਸਾਢੇ 6%) ਵੋਟਾਂ ਪਈਆਂ। ਸਾਧ ਸੰਗਤ ਬੋਰਡ ਦੀਆਂ ਵੋਟਾਂ ਵਿਚੋਂ ਬਹੁਤ ਸਾਰੀਆਂ ਸਰਕਾਰੀ ਮਦਦ ਵਾਲੀਆਂ ਵੀ ਸਨ।

1965: ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ 90 ਸੀਟਾਂ ਫ਼ਤਹਿ ਸਿੰਘ ਤੇ 45 ਸੀਟਾਂ ਮਾਸਟਰ ਤਾਰਾ ਸਿੰਘ ਧੜੇ ਨੇ ਜਿੱਤੀਆਂ

17 ਜਨਵਰੀ 1965 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ। ਜਿਸ ਵਿਚ ਫ਼ਤਹਿ ਸਿੰਘ ਦੇ ਅਕਾਲੀ ਦਲ ਨੂੰ ਤਗੜੀ ਜਿੱਤ ਮਿਲੀ; 140 ਵਿਚੋਂ ਫ਼ਤਹਿ ਸਿੰਘ ਦੇ 95 ਅਤੇ ਮਾਸਟਰ ਤਾਰਾ ਸਿੰਘ ਦੇ 45 ਉਮੀਦਵਾਰ ਕਾਮਯਾਬ ਹੋਏ। ਪਰ, ਫ਼ਤਹਿ ਸਿੰਘ ਦੇ ਖ਼ਾਸ ਉਮੀਦਵਾਰ ਸ਼ਿਵ ਸਿੰਘ ਝਾਵਾਂ ਅਤੇ ਮਾਸਟਰ ਦੇ ਕਰਤਾਰ ਸਿੰਘ ਦਰਵੇਸ਼ ਤੇ ਕੰਵਰਾਨੀ ਜਗਦੀਸ਼ ਕੌਰ ਹਾਰ ਹਏ। ਫ਼ਤਹਿ ਸਿੰਘ ਦਾ ਸਾਥੀ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਰਘਬੀਰ ਸਿੰਘ ਤੇ ਅਰਜਨ ਸਿੰਘ ਬੁਧੀਰਾਜਾ ਵੀ ਹਾਰ ਗਿਆ।ਨਤੀਜਿਆਂ ਮਗਰੋਂ ਗੁਰਨਾਮ ਸਿੰਘ ਤੇ ਗਿਆਨ ਸਿੰਘ ਰਾੜੇਵਾਲਾ ਨੇ ਮਾਸਟਰ ਤਾਰਾ ਸਿੰਘ ਨੂੰ ਸਿਆਸਤ ਤੋਂ ਰਿਟਾਇਰ ਹੋਣ ਵਾਸਤੇ ਆਖਿਆ। ਇਸ ਤੇ 20 ਜਨਵਰੀ 1965 ਨੂੰ ਸਵੇਰੇ 8 ਵਜੇ ਮਾਸਟਰ ਤਾਰਾ ਸਿੰਘ ਕਿਸੇ ਅਣਦੱਸੀ ਥਾਂ ਲਈ (ਅਗਿਆਤਵਾਸ) ਚਲਾ ਗਿਆ ਅਤੇ ਅਕਾਲੀ ਦਲ ਅਤੇ ਸਿੱਖ ਪੰਥ ਦਾ ਮੈਦਾਨ ਫ਼ਤਹਿ ਸਿੰਘ ਵਾਸਤੇ ਖ਼ਾਲੀ ਕਰ ਦਿੱਤਾ। 21 ਜਨਵਰੀ ਨੂੰ ਫ਼ਤਹਿ ਸਿੰਘ ਨੇ ਮਾਸਟਰ ਦੇ ਸਾਥੀਆਂ ਨੂੰ ਆਪਣੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਸਰਮਾਏਦਾਰ ਕਮਿਊਨਿਸਟ ਆਗੂ ਕਾਮਰੇਡ ਜਗਜੀਤ ਸਿੰਘ ਅਨੰਦ ਨੇ ਫ਼ਤਹਿ ਸਿੰਘ ਦੀ ਜਿੱਤ

ਤੇ ਖੁਸ਼ੀ ਪ੍ਰਗਟ ਕੀਤੀ। ਇਸ ਤੋਂ ਦੋ ਦਿਨ ਬਾਅਦ ਸਤਬੀਰ ਸਿੰਘ ਨੇ ਬਿਆਨ ਦਿੱਤਾ ਕਿ 'ਫਤਹਿ ਸਿੰਘ ਦੀ ਜਿੱਤ ਕਾਂਗਰਸੀਆਂ ਤੇ ਕਮਿਊਨਿਸਟਾਂ ਦੀ ਮਦਦ ਕਾਰਨ ਹੋਈ ਹੈ। ਕਾਮਰੇਡ ਫਤਹਿ ਸਿੰਘ ਦੇ ਅਕਾਲੀ ਦਲ ਵਿਚ ਸ਼ਾਮਿਲ ਹੋ ਚੁੱਕੇ ਹਨ ਅਤੇ ਅੰਦਰੋਂ ਕਬਜ਼ਾ ਕਰ ਚੁੱਕੇ ਹਨ।' ਅਸਲ ਵਿਚ ਫਤਹਿ ਸਿੰਘ ਦੀ ਜਿੱਤ ਉਨ੍ਹਾਂ ਇਲਾਕਿਆਂ ਵਿਚ ਵਧੇਰੇ ਹੋਈ ਸੀ ਜਿਥੇ ਕਿ ਕਾਮਰੇਡਾਂ ਦਾ ਜ਼ੋਰ ਸੀ।

1991: ਚਮਕੌਰ ਸਿੰਘ ਤੇ ਕੁਲਵੰਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

17 ਜਨਵਰੀ 1991 ਦੇ ਦਿਨ ਪੁਲਸ ਨੇ ਚਮਕੌਰ ਸਿੰਘ (ਪੁਤਰ ਹਰਬਚਨ ਸਿੰਘ, ਵਾਸੀ ਬਾਦਲਾ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਅਤੇ ਕੁਲਵੰਤ ਸਿੰਘ ਉਰਫ਼ ਕੱਟੀ (ਪੁੱਤਰ ਤਾਰਾ ਚੰਦ, ਵਾਸੀ ਸਿਆਲਕਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਕਾਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

17 ਜਨਵਰੀ 1992 ਦੇ ਦਿਨ ਪੁਲਸ ਨੇ ਬਲਕਾਰ ਸਿੰਘ (ਪੁਤਰ ਸੁਰਿੰਦਰ ਸਿੰਘ, ਵਾਸੀ ਝਬਾਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੱਤੋਵਾਲੀ (ਜਲੰਧਰ) ਵਿਚ ਖਾੜਕੂਆਂ ਅਤੇ ਪੁਲਸ ਵਿਚ ਅਸਲ ਮੁਕਾਬਲਾ: ਬਲਜਿੰਦਰ ਸਿੰਘ, ਇੰਦਰਜੀਤ ਸਿੰਘ ਸ਼ਹੀਦ; ਇਸੇ ਦਿਨ ਜਸਬੀਰ ਸਿੰਘ ਬੀਰੀ ਤੇ ਕੁਲਵਿੰਦਰ ਸਿੰਘ ਡਮੰਡਾ ਵੀ ਸ਼ਹੀਦ ਹੋਏ

ਸਤਾਰਾਂ ਜਨਵਰੀ 1993 ਦੇ ਦਿਨ ਕਰਤਾਰਪੁਰ (ਜਲੰਧਰ) ਦੇ ਨੇੜੇ ਸੱਤੋਵਾਲੀ ਪਿੰਡ ਵਿਚ ਖਾੜਕੂਆਂ ਅਤੇ ਪੁਲਸ ਵਿਚ ਹੋਏ ਇਕ 'ਅਸਲ ਮੁਕਾਬਲੇ' ਵਿਚ ਬਲਜਿੰਦਰ ਸਿੰਘ, ਇੰਦਰਜੀਤ ਸਿੰਘ ਸ਼ਹੀਦ ਹੋ ਗਏ। ਇਸ ਜ਼ਬਰਦਸਤ ਮੁਕਾਬਲੇ ਵਿਚ ਇਕ ਪੁਲਸੀਆ ਤੇ ਦੋ ਫ਼ੌਜੀ ਵੀ ਮਰੇ ਤੇ ਕਈ ਜਵਾਨ ਜ਼ਖ਼ਮੀ ਵੀ ਹੋਏ। ਇਸੇ ਦਿਨ ਪੁਲਸ ਨੇ ਜਸਬੀਰ ਸਿੰਘ ਬੀਰੀ ਤੇ ਕੁਲਵਿੰਦਰ ਸਿੰਘ ਡਮੰਡਾ ਦੋ ਸਿੱਖ ਨੌਜਵਾਨਾਂ ਨੂੰ ਵੀ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

18 ਜਨਵਰੀ

1661: ਪਿਆਰਾ ਹਿੰਮਤ ਸਿੰਘ ਦਾ ਜਨਮ

ਜਦ ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਆਪਣਾ ਸਿਰ ਪੇਸ਼ ਕਰਨ ਵਾਲਿਆਂ ਪੰਜਾਂ ਵਿਚ ਭਾਈ ਹਿੰਮਤ ਸਿੰਘ ਵੀ ਸ਼ਾਮਿਲ ਸਨ। ਆਪ ਦਾ ਜਨਮ 19 ਜਨਵਰੀ 1661 ਦੇ ਦਿਨ ਕਰਨਾਟਕ ਦੇ ਸ਼ਹਿਰ ਪੁਰੀ (ਜਿਸ ਨੂੰ ਹੁਣ ਜਗਨ ਨਾਥ ਪੁਰੀ ਕਹਿੰਦੇ ਹਨ) ਵਿਚ ਭਾਈ ਗੁਲਜ਼ਾਰੀ ਦੇ ਘਰ ਹੋਇਆ ਸੀ। ਉਹ 1678 ਵਿਚ ਅਨੰਦਪੁਰ ਆਇਆ ਸੀ ਤੇ ਇਸ ਮਗਰੋਂ ਉਹ ਸਦਾ ਗੁਰੂ ਸਾਹਿਬ ਦੇ ਨਾਲ ਹੀ ਰਿਹਾ ਸੀ। ਉਹ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਇਆ ਸੀ।

1736: ਵੀਰ ਹਕੀਕਤ ਸਿੰਘ ਅਤੇ ਭਾਈ ਅਰਜਨ ਸਿੰਘ ਵਧਾਵਣ ਸ਼ਹੀਦ ਹੋਏ

ਭਾਈ ਹਕੀਕਤ ਸਿੰਘ (ਪਹਿਲੋਂ ਹਕੀਕਤ ਰਾਏ) ਅਤੇ ਭਾਈ ਅਰਜਨ ਸਿੰਘ ਨੂੰ 18 ਜਨਵਰੀ 1735 ਦੇ ਦਿਨ ਸ਼ਹੀਦ ਕੀਤਾ ਗਿਆ ਸੀ। ਭਾਈ ਅਰਜਨ ਸਿੰਘ ਭਾਈ ਹਕੀਕਤ ਸਿੰਘ ਦੇ ਸਕੇ ਮਾਮਾ ਸਨ। ਭਾਈ ਹਕੀਕਤ ਸਿੰਘ ਭਾਈ ਬਾਘ ਮੱਲ ਦੇ ਪੁੱਤਰ ਤੇ ਭਾਈ ਨੰਦ ਲਾਲ ਪੁਰੀ ਦੇ ਪੋਤੇ ਸਨ । ਇਹ ਪਰਿਵਾਰ ਗੁਰੂ ਅਰਜਨ ਸਾਹਿਬ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ । ਇਕ ਸੋਮਾ ਤਾਂ ਇਸ ਪਰਿਵਾਰ ਦੇ ਗੁਰੂ ਨਾਨਕ ਸਾਹਿਬ ਦੇ ਵੇਲੇ ਸਿੱਖ ਪੰਥ ਵਿਚ ਸ਼ਾਮਿਲ ਹੋਣ ਦਾ ਜ਼ਿਕਰ ਵੀ ਕਰਦਾ ਹੈ। ਮਾਰਚ 1660 ਦੇ ਆਖ਼ਰੀ ਹਫ਼ਤੇ ਗੁਰੂ ਹਰਿ ਰਾਇ ਸਾਹਿਬ ਜਦੋਂ ਸਿਆਲਕੋਟ ਗਏ ਸਨ ਤਾਂ ਆਪ ਕੁਝ ਦਿਨ ਭਾਈ ਨੰਦ ਲਾਲ ਪੁਰੀ ਦੇ ਘਰ ਠਹਿਰੇ ਸਨ। ਇਸ ਮੌਕੇ 'ਤੇ ਭਾਈ ਨੰਦ ਲਾਲ, ਉਸ ਦੇ ਬੇਟਿਆਂ (ਭਾਗ ਮੱਲ, ਬਾਘ ਮੱਲ) ਅਤੇ ਬੇਟੀ (ਭਾਗਵੰਤੀ) ਨੇ ਗੁਰੂ ਸਾਹਿਬ ਦੀ ਤਹਿ-ਦਿਲੋਂ ਸੇਵਾ ਕੀਤੀ ਸੀ। ਇਸ ਮਗਰੋਂ ਵੀ ਇਹ ਪਰਿਵਾਰ ਸਿੱਖ ਪੰਥ ਦੀ ਸੇਵਾ ਕਰਦਾ ਰਿਹਾ ਸੀ। ਭਾਈ ਹਕੀਕਤ ਰਾਏ ਦੀ ਮਾਤਾ ਬੀਬੀ ਗੌਰਾਂ ਦਾ ਪੇਕਾ ਪਰਿਵਾਰ ਵੀ ਗੁਰੂ ਘਰ ਦਾ ਸਾਦਿਕ ਸੀ। ਉਸ ਦੇ ਭਰਾ ਭਾਈ ਅਰਜਨ ਸਿੰਘ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਹੋਈ ਸੀ।

ਭਾਈ ਹਕੀਕਤ ਰਾਏ ਨੇ ਆਪਣਾ ਬਚਪਨ ਸਿਆਲਕੋਟ ਵਿਚ ਹੀ ਬਿਤਾਇਆ ਸੀ। ਬਚਪਨ ਵਿਚ ਹੀ ਉਸ ਦਾ ਵਿਆਹ ਬਟਾਲਾ ਦੇ ਭਾਈ ਕਿਸ਼ਨ ਚੰਦ ਉੱਪਲ ਦੀ ਬੇਟੀ ਬੀਬੀ ਦੁਰਗਾ ਦੇਵੀ (ਨੰਦ ਕੌਰ) ਨਾਲ ਹੋ ਗਿਆ। ਭਾਈ ਹਕੀਕਤ ਰਾਏ ਨੂੰ ਭਾਈ ਬੁੱਧ ਸਿੰਘ ਨੇ ਸਿੱਖੀ ਨਾਲ ਜੋੜਿਆ। ਹੁਣ ਉਹ ਆਪਣੇ ਆਪ ਨੂੰ ਭਾਈ ਹਕੀਕਤ ਸਿੰਘ ਆਖਣ ਲੱਗ ਪਿਆ।

ਇਕ ਵਾਰੀ ਭਾਈ ਹਕੀਕਤ ਸਿੰਘ ਨੂੰ ਕੁਝ ਮੁਸਲਮਾਨ ਮੁੰਡਿਆਂ ਨੇ ਮਜ਼ਾਕ ਕਰਦਿਆਂ ਹਿੰਦੂ ਦੇਵੀ ਦੇਵਤਿਆਂ ਉੱਤੇ ਕੁਝ ਫ਼ਿਕਰੇ ਕੱਸ ਦਿੱਤੇ। ਉਨ੍ਹਾਂ ਨੂੰ ਭਾਈ ਹਕੀਕਤ ਸਿੰਘ ਨੇ ਆਖਿਆ ਕਿ ਮੈਂ ਸਿੱਖ ਹੋਣ ਦੇ ਨਾਤੇ ਦੇਵੀ ਦੇਵਤਿਆਂ 'ਤੇ ਯਕੀਨ ਨਹੀਂ ਰੱਖਦਾ ਪਰ ਕਿਸੇ ਦੇ ਧਰਮ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਭਲਕੇ ਨੂੰ ਜੇ ਕੋਈ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਫ਼ਾਤਿਮਾ ਬਾਰੇ ਕੋਈ ਗੱਲ ਆਖੇ ਤਾਂ ਤੁਹਾਨੂੰ ਵੀ ਤਾਂ ਬੁਰਾ ਲੱਗੇਗਾ। ਹਕੀਕਤ ਸਿੰਘ ਵੱਲੋਂ ਫ਼ਾਤਿਮਾ ਦਾ ਜ਼ਿਕਰ ਸੁਣ ਕੇ ਮੁੰਡਿਆਂ ਨੇ ਉਸ ਦੇ ਖ਼ਿਲਾਫ਼ ਝੂਠੀ ਸ਼ਿਕਾਇਤ ਕਰ ਦਿੱਤੀ ਕਿ ਉਸ ਨੇ ਫ਼ਾਤਿਮਾ ਬਾਰੇ ਬੁਰੇ ਲਫ਼ਜ਼ ਆਖੇ ਸਨ। ਇਸ 'ਤੇ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਜਾ ਕੇ ਜ਼ਕਰੀਆ ਖ਼ਾਨ (ਸੂਬੇਦਾਰ ਲਾਹੌਰ) ਅੱਗੇ ਪੇਸ਼ ਕੀਤਾ ਗਿਆ। ਜ਼ਕਰੀਆ ਖਾਨ ਨੇ ਉਸ ਨੂੰ **"ਮੌਤ ਅਤੇ ਇਸਲਾਮ"** ਵਿਚੋਂ ਇਕ ਚੁਣਨ ਵਾਸਤੇ ਪੇਸ਼ਕਸ਼ ਕੀਤੀ। ਪਰ ਭਾਈ ਹਕੀਕਤ ਸਿੰਘ ਨੇ ਜਾਨ ਬਚਾਉਣ ਵਾਸਤੇ ਸਿੰਘ ਧਰਮ ਛੱਡਣਾ ਕਬੂਲ ਨਾ ਕੀਤਾ। ਇਸ 'ਤੇ ਭਾਈ ਹਕੀਕਤ ਸਿੰਘ ਅਤੇ ਉਸ ਦੇ ਮਾਮੇ ਅਰਜਨ ਸਿੰਘ ਵਧਾਵਣ ਨੂੰ ਨਿਖਾਸ ਚੌਕ ਲਾਹੌਰ ਵਿਚ ਲਿਜਾ ਕੇ ਕਤਲ ਕਰ ਦਿੱਤਾ ਗਿਆ।

ਭਾਈ ਹਕੀਕਤ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦਾ ਵੀ ਰਿਸ਼ਤੇਦਾਰ ਸੀ। ਉਸ ਦੀ ਸੱਕੀ ਭੂਆ ਭਾਗਵੰਤੀ ਬਾਬਾ ਬੰਦਾ ਸਿੰਘ ਦੀ ਸੱਸ ਸੀ। ਭਾਗਵੰਤੀ ਦਾ ਵਿਆਹ ਭਾਈ ਸ਼ਿਵ ਰਾਮ ਕਪੂਰ ਦੇ ਨਾਲ ਹੋਇਆ ਸੀ। ਭਾਗਵੰਤੀ ਦੇ ਘਰ ਦੋ ਬੱਚੇ ਹੋਏ ਸਨ: ਸਾਹਿਬ ਸਿੰਘ ਅਤੇ ਸਾਹਿਬ ਕੌਰ। ਇਸੇ ਸਾਹਿਬ ਕੌਰ ਦਾ ਵਿਆਹ ਬੰਦਾ ਸਿੰਘ ਬਹਾਦਰ ਨਾਲ 20 ਜੂਨ 1710 ਨੂੰ ਸਰਹੰਦ ਵਿਚ ਹੋਇਆ ਸੀ । ਜਿਸ ਤੋਂ ਅਜੈ ਸਿੰਘ ਅਤੇ ਰਣਜੀਤ ਸਿੰਘ ਦੋ ਬੇਟੇ ਪੈਦਾ ਹੋਏ ਸਨ। ਭਾਈ ਹਕੀਕਤ ਸਿੰਘ ਸ਼ਹੀਦੀ ਵੇਲੇ ਇਕ ਬੇਟੇ ਦਾ ਬਾਪ ਸੀ।

1841: ਮਹਾਰਾਜਾ ਸ਼ੇਰ ਸਿੰਘ ਨੇ ਲਾਹੌਰ 'ਤੇ ਕਬਜ਼ਾ ਕੀਤਾ

ਡੋਗਰਿਆਂ ਹੱਥੋਂ ਮਾਰੇ ਜਾਣ ਵਾਲੇ ਮਹਾਰਾਜਾ ਨੌਨਿਹਾਲ ਸਿੰਘ ਦਾ ਸਸਕਾਰ 8 ਨਵੰਬਰ ਨੂੰ ਕੀਤਾ ਗਿਆ। ਉਸ ਦੇ ਨਾਲ ਉਸ ਦੀਆਂ ਦੋ ਰਾਣੀਆਂ (ਹਿੰਦੂ ਰਾਜਪੂਤ ਕਟੋਚਣ ਤੇ ਪਧੋੜਣ) ਤੇ 4 ਗੋਲੀਆਂ ਸਤੀ ਕੀਤੀਆਂ (ਜਿਉਂਦੀਆਂ ਜ਼ਬਰਦਸਤੀ ਸਾੜ ਦਿਤੀਆਂ) ਗਈਆਂ। (ਇਵ ਸਿਰਫ਼ ਸਾਢੇ 16 ਮਹੀਨਿਆਂ ਵਿਚ ਰਣਜੀਤ ਸਿੰਘ ਦੇ ਦੋ ਵਾਰਿਸ ਰਾਜੇ ਖ਼ਤਮ ਕਰ ਦਿੱਤੇ ਗਏ ਸਨ)।

ਇਸ ਸਮੇਂ ਭਾਵੇਂ ਮਹਾਰਾ ਰਣਜੀਤ ਸਿੰਘ ਦਾ ਦੂਜਾ ਪੁੱਤਰ ਸ਼ੇਰ ਸਿੰਘ ਮੁਕੇਰੀਆਂ ਤੋਂ ਲਾਹੌਰ ਪਹੁੰਚ ਗਿਆ ਸੀ ਪਰ ਧਿਆਨ ਸਿੰਹ ਡੋਗਰਾ ਉਸ ਨੂੰ ਮਹਾਰਾਜਾ ਬਣਾਉਣ ਵਿਚ ਕਾਮਯਾਬ ਨਾ ਹੋ ਸਕਿਆ। ਸੰਧਾਂਵਾਲੀਆਂ ਤੋਂ ਹੋਰ ਸਰਦਾਰਾਂ ਨੇ ਉਸ ਦੀ ਮੁਖ਼ਾਲਫ਼ਤ ਕੀਤੀ। ਅਖ਼ੀਰ ਮਜਬੂਰ ਹੋ ਕੇ ਡੋਗਰਿਆਂ ਨੂੰ ਚੰਦ ਕੌਰ (ਖੜਕ ਸਿੰਘ ਦੀ ਪਤਨੀ ਤੇ ਨੌਨਿਹਾਲ ਸਿੰਘ ਦੀ ਮਾਂ) ਨੂੰ ਹੀ ਰਾਣੀ ਮੰਨਣਾ ਪਿਆ। ਭਾਵੇਂ ਵਕਤੀ ਤੌਰ 'ਤੇ ਉਨ੍ਹਾਂ ਨੇ ਇਹ ਮਨਜ਼ੂਰ ਕਰ ਲਿਆ ਪਰ ਉਹ ਅੰਦਰੋਂ ਵਿਸ ਘੋਲਦੇ ਰਹੇ ਤੇ ਉਸ ਨੂੰ ਰਾਹ ਵਿਚੋਂ ਹਟਾਉਣ ਵਾਸਤੇ ਤਰਕੀਬਾਂ ਘੜਦੇ ਰਹੇ। ਇਸ ਮੌਕੇ 'ਤੇ ਉਨ੍ਹਾਂ ਨੇ ਇਹ ਚਾਲਾਕੀ ਕੀਤੀ ਕਿ ਗੁਲਾਬ ਸਿੰਹ ਡੋਗਰਾ ਰਾਣੀ ਦੇ ਰਾਜ਼ ਹਾਸਿਲ ਕਰਨ ਵਾਸਤੇ ਰਾਣੀ ਚੰਦ ਕੌਰ ਨਾਲ ਰਲ ਗਿਆ ਅਤੇ ਧਿਆਨ ਸਿੰਹ ਰਾਜਾ ਸ਼ੇਰ ਸਿੰਘ ਦੇ ਨਾਲ ਹੋ ਗਿਆ। ਉਧਰ ਸੰਧਾਂਵਾਲੀਏ (ਅਤਰ ਸਿੰਘ, ਅਜੀਤ ਸਿੰਘ, ਲਹਿਣਾ ਸਿੰਘ) ਸਾਰੇ ਹੀ ਰਾਣੀ ਚੰਦ ਕੌਰ ਦਾ ਸਾਥ ਦੇ ਰਹੇ ਸਨ।

ਨਵੰਬਰ 1840 ਤੋਂ ਦਸੰਬਰ 1840 ਤਕ ਰਾਣੀ ਚੰਦ ਕੌਰ 'ਮਹਾਰਾਣੀ' ਬਣ ਕੇ ਰਾਜ ਕਰਦੀ ਰਹੀ। ਉਧਰ ਡੋਗਰੇ ਸ਼ੇਰ ਸਿੰਘ ਨੂੰ ਸਾਰੀਆਂ ਖ਼ਬਰਾਂ ਪਹੁੰਚਾਉਂਦੇ ਰਹਿੰਦੇ ਸਨ। ਹੁਣ ਡੋਗਰਿਆਂ ਨੇ ਰਾਣੀ ਚੰਦ ਕੌਰ ਦੇ ਅੰਗਰੇਜ਼ਾਂ ਨਾਲ ਰਲੇ ਹੋਣ ਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਚੇਤ ਸਿੰਘ ਬਾਜਵਾ ਦੀਆਂ ਨਕਲੀ ਚਿੱਠੀਆਂ ਵਾਂਗ ਰਾਣੀ ਦੀਆਂ ਜਾਅਲੀ ਚਿੱਠੀਆਂ ਵੀ ਤਿਆਰ ਕਰ ਲਈਆਂ। ਡੋਗਰਿਆਂ ਦੇ ਇਸ ਖ਼ਤਰਨਾਕ ਪ੍ਰਾਪੇਗੰਡਾ ਦਾ ਭੋਲੇ ਤੇ ਜਜ਼ਬਾਤੀ ਸਿੱਖ ਫ਼ੌਜੀਆਂ 'ਤੇ ਬਹੁਤ ਛੇਤੀ ਅਸਰ ਹੋ ਗਿਆ। ਇਸ ਪ੍ਰਚਾਰ ਕਾਰਨ ਫ਼ੌਜ ਦਾ ਇਕ ਵੱਡਾ ਹਿੱਸਾ ਸ਼ੇਰ ਸਿੰਘ ਦਾ ਹਿਮਾਇਤੀ ਅਤੇ ਚੰਦ ਕੌਰ ਦਾ ਮੁਖ਼ਾਲਿਫ਼ ਬਣ ਗਿਆ। ਜਨਰਲ ਵੈਂਤੂਰਾ ਨੂੰ ਵੀ ਡੋਗਰਿਆਂ ਨੇ ਆਪਣੇ ਨਾਲ ਰਲਾ ਲਿਆ (ਜਾਂ ਉਹ ਆਪ ਰਲ ਗਿਆ)। ਸੁਚੇਤ ਸਿੰਹ ਡੋਗਰਾ ਵੀ ਸ਼ੇਰ ਸਿੰਘ ਨਾਲ ਆ ਮਿਲਿਆ। ਹੁਣ ਸਿਰਫ਼ ਸੰਧਾਂਵਾਲੀਏ ਹੀ ਰਾਣੀ ਦੇ ਨਾਲ ਰਹਿ ਗਏ ਸਨ ਤੇ ਕੁਝ ਕੁ ਵਫ਼ਾਦਾਰ ਜਰਨੈਲ ਉਸ ਦਾ ਸਾਥ ਦੇ ਰਹੇ ਸਨ। ਅਖ਼ੀਰ ਫ਼ੈਸਲਾ ਲੜਾਈ ਨਾਲ ਹੋਣ ਦੇ ਹੀ ਆਸਾਰ ਬਣ ਗਏ। ਸ਼ੇਰ ਸਿੰਘ ਦੀ ਫ਼ੌਜ ਨੇ ਕਿਲੇ ਨੂੰ ਘੇਰ ਲਿਆ ਅਤੇ ਗੋਲਾਬਾਰੀ ਸ਼ੁਰੂ ਕਰ ਦਿਤੀ। ਤਿੰਨ ਦਿਨ ਕਿਲ੍ਹੇ ਦੇ ਅੰਦਰੋਂ ਅਤੇ ਕਿਲ੍ਹੇ ਦੇ ਉੱਤੇ ਗੋਲਾਬਾਰੀ ਹੁੰਦੀ ਰਹੀ। ਹੁਣ ਚੰਦ ਕੌਰ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਲੜਾਈ ਵਿਚ ਜਿੱਤ ਨਹੀਂ ਸਕਦੀ। ਇਸ ਕਰ ਕੇ ਉਸ ਨੇ ਹਕੂਮਤ ਸ਼ੇਰ ਸਿੰਘ ਦੇ ਹਵਾਲੇ ਕਰਨਾ ਮਨਜ਼ੂਰ ਕਰ ਲਿਆ। 18 ਜਨਵਰੀ 1841 ਦੇ ਦਿਨ ਸ਼ੇਰ ਸਿੰਘ ਦਾ ਲਾਹੌਰ 'ਤੇ ਮੁਕੰਮਲ ਕਬਜ਼ਾ ਹੋ ਗਿਆ। ਉਹ 20 ਜਨਵਰੀ 1841 ਨੂੰ ਪਹਿਲੀ ਵਾਰ ਲਾਹੌਰ ਦੇ ਤਖ਼ਤ 'ਤੇ ਬੈਠ ਗਿਆ। ਉਸ ਨੇ ਰਾਣੀ ਚੰਦ ਕੌਰ ਨੂੰ 9 ਲਖ ਰੁਪੈ ਸਾਲਾਨਾ ਦੇਣੇ ਮੰਨ ਲਏ ਗਏ। ਇਸ ਮਗਰੋਂ ਚੰਦ ਕੌਰ ਨੇ ਆਪਣੀ ਸਾਰੀ ਦੌਲਤ ਗੁਲਾਬ ਸਿੰਹ ਡੋਗਰੇ ਦੇ ਨਾਲ ਜੰਮੂ ਭੇਜ ਦਿਤੀ। (ਰਾਣੀ ਦੇ ਕਪੜੇ, ਸੋਨਾ, ਚਾਂਦੀ, ਸਿੱਕੇ, ਮੁਹਰਾਂ, ਪਸ਼ਮੀਨੇ ਵਗੈਰਾ, 16 ਗੱਡਿਆਂ 'ਤੇ ਲੱਦ ਕੇ, ਜੰਮੂ ਲਿਜਾਏ ਗਏ ਸਨ)। ਇਹ ਸਾਰਾ ਕੁਝ ਉਸ ਵੇਲੇ ਦੇ 80 ਲੱਖ ਅਤੇ ਇਕ ਕਰੋੜ ਰੁਪੈ ਦੇ ਵਿਚਕਾਰ ਸੀ। ਇਹ ਦੌਲਤ ਸਿਰਫ਼ ਰਾਣੀ ਦੀ ਨਿਜੀ ਜਾਇਦਾਦ ਨਹੀਂ ਸੀ ਬਲਕਿ ਇਸ

ਵਿਚ ਦਰਬਾਰ ਦਾ ਕਾਫ਼ੀ ਖ਼ਜ਼ਾਨਾ ਵੀ ਸ਼ਾਮਿਲ ਸੀ।(ਮਗਰੋਂ ਗੁਲਾਬ ਸਿੰਹ ਇਸ ਰਕਮ ਨੂੰ ਡਕਾਰ ਗਿਆ)।

1987: ਦਰਬਾਰ ਸਾਹਿਬ ਅਤੇ ਕਈ ਹੋਰ ਗੁਰਦੁਆਰਿਆਂ ਵਿਚ ਪੁਲਸ ਫੇਰ ਦਾਖ਼ਲ ਹੋਈ

18 ਜਨਵਰੀ 1987 ਦੇ ਦਿਨ ਬਰਨਾਲਾ ਸਰਕਾਰ ਨੇ ਦਰਬਾਰ ਸਾਹਿਬ ਉੱਤੇ ਇਕ ਵਾਰ ਫਿਰ ਹਮਲਾ ਕੀਤਾ ਅਤੇ ਸਰਾਂ ਦੇ 35 ਕਮਰਿਆਂ ਦੇ ਤਾਲੇ ਤੋੜ ਕੇ ਲੁੱਟ-ਮਾਰ ਕੀਤੀ ਅਤੇ ਗ੍ਰਿਫ਼ਤਾਰੀਆਂ ਕੀਤੀਆਂ। ਪੁਲੀਸ ਆਪਣੇ ਨਾਲ ਆਰੀਆਂ ਅਤੇ ਹਥੌੜੇ ਲੈ ਕੇ ਆਈ ਸੀ। ਪੁਲੀਸ ਨੇ 200 ਮੁਸਾਫ਼ਿਰ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਗ੍ਰਿਫ਼ਤਾਰ ਕਰ ਲਏ। ਅਗਲੇ ਦਿਨ 21 ਜਨਵਰੀ ਨੂੰ ਗੁਰਦੁਆਰਾ ਆਲਮਗੀਰ ਵਿਚ ਵੀ ਪੁਲੀਸ ਦਾਖ਼ਲ ਹੋਈ ਤੇ 50 ਕਮਰਿਆਂ ਦੀ ਤਲਾਸ਼ੀ ਲੈ ਕੇ ਕਈ ਮੁਲਾਜ਼ਮ ਤੇ ਮੁਸਾਫ਼ਿਰ ਹਿਰਾਸਤ ਵਿਚ ਲੈ ਲਏ। 29 ਜਨਵਰੀ ਨੂੰ ਕਪੂਰਥਲਾ ਗੁਰਦਵਾਰੇ ਵਿਚ ਦਾਖਲ ਹੋ ਕੇ ਪੁਲੀਸ ਨੇ ਪਲਵਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਇਸ 'ਤੇ ਪ੍ਰੋਟੈਸਟ ਵਜੋਂ ਬਾਰ ਐਸੋਸੀਏਸ਼ਨ ਕਪੂਰਥਲਾ ਨੇ ਹੜਤਾਲ ਵੀ ਕੀਤੀ। 30 ਜਨਵਰੀ ਨੂੰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਤਰਨਤਾਰਨ ਦੇ ਗੁਰਦੁਆਰੇ 'ਤੇ ਹਮਲਾ ਕਰ ਕੇ ਇਕ ਔਰਤ ਸਮੇਤ 26 ਸਿੱਖ ਗ੍ਰਿਫ਼ਤਾਰ ਕਰ ਲਏ। ਅਗਲੇ ਦਿਨ 31 ਜਨਵਰੀ ਨੂੰ ਛਾਵਾਂ (ਹੁਸ਼ਿਆਰਪੁਰ) ਦੇ ਗੁਰੱਦੁਆਰੇ 'ਚ ਦਾਖਲ ਹੋ ਕੇ ਪੁਲੀਸ ਨੇ ਪਾਠ ਕਰਦਾ ਗ੍ਰੰਥੀ ਅਤੇ ਉਸ ਤੋਂ ਇਲਾਵਾ ਬਲਵਿੰਦਰ ਸਿੰਘ, ਰਾਜਿੰਦਰ ਸਿੰਘ, ਕਸ਼ਮੀਰ ਸਿੰਘ, ਲਛਮਣ ਸਿੰਘ ਵੀ ਗ੍ਰਿਫ਼ਤਾਰ ਕੀਤੇ। ਪੁਲੀਸ ਗੁਰਦੁਆਰੇ ਵਿਚੋਂ ਚੜ੍ਹਾਵਾ ਤੇ ਕਈ ਕੁਝ ਹੋਰ ਵੀ ਚੋਰੀ ਕਰ ਕੇ ਲੈ ਗਈ।

1991: ਤਰਲੋਚਨ ਸਿੰਘ ਤੇ ਅਵਤਾਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜਨਵਰੀ 1991 ਦੇ ਦਿਨ ਪੁਲਸ ਨੇ ਤਰਲੋਚਨ ਸਿੰਘ (ਪੁਤਰ ਦੌਲਤ ਸਿੰਘ, ਵਾਸੀ ਘੁਮਾਣ, ਜ਼ਿਲ੍ਹਾ ਲੁਧਿਆਣਾ) ਅਤੇ ਅਵਤਾਰ ਸਿੰਘ (ਪੁੱਤਰ ਨੈਬ ਸਿੰਘ, ਵਾਸੀ ਰੰਗੀਆਂ, ਨੇੜੇ ਮੋਰਿੰਡਾ, ਜ਼ਿਲ੍ਹਾ ਰੋਪੜ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਲੈਹੰਬਰ ਸਿੰਘ ਤੇ ਨਿਰਮਲ ਸਿੰਘ, ਮਨਜੀਤ ਸਿੰਘ ਤੇ 2 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜਨਵਰੀ 1993 ਦੇ ਦਿਨ ਪੁਲਸ ਨੇ ਲੈਹੰਬਰ ਸਿੰਘ (ਪੁਤਰ ਸੁਖਦੇਵ ਸਿੰਘ, ਵਾਸੀ ਖੱਡੀ ਖੁਰਦ, ਨੇੜੇ ਹੰਡਿਆਇਆ, ਜ਼ਿਲ੍ਹਾ ਸੰਗਰੂਰ), ਨਿਰਮਲ ਸਿੰਘ, ਮਨਜੀਤ ਸਿੰਘ ਅਤੇ 2 ਹੋਰ ਸਿੱਖ ਨੌਜਵਾਨਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

19 ਜਨਵਰੀ

1908: ਵੈਨਕੂਵਰ (ਕਨੇਡਾ) ਵਿਚ ਪਹਿਲਾ ਗੁਰਦੁਆਰਾ ਸ਼ੁਰੂ ਹੋਇਆ

ਕਨੇਡਾ ਵਿਚ ਸਿੱਖ ਸੰਨ 1904 ਵਿਚ ਗਏ ਸਨ; ਸਭ ਤੋਂ ਪਹਿਲਾਂ ਪੁੱਜਣ ਵਾਲੇ ਸਨ: ਸੰਤਾ ਸਿੰਘ ਦੁੱਗੇ, ਭਗਤ ਸਿੰਘ ਗੁੰਦੇ, ਸੰਧੀ ਤੇਲੀ ਗੁੰਦੇ, ਇੰਦਰ ਸਿੰਘ ਸੁਰਸਿੰਘ, ਮੇਲਾ ਸੱਕਾ ਗੁੰਦੇ, ਜਵਾਲਾ ਸਿੰਘ ਖਡੌਦੀ ਤੇ ਮੌਲਾ ਹਲਵਾਰਾ। ਕੁਝ ਹੀ ਮਹੀਨਿਆਂ ਮਗਰੋਂ ਅਰਜਨ

ਸਿੰਘ (ਵਾਸੀ ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ) ਵੀ ਆ ਗਏ। ਫਿਰ ਕੁਝ ਹੋਰ ਸਿੱਖ ਵੀ ਆ ਗਏ। ਇਨ੍ਹਾਂ ਸਾਰਿਆਂ ਨੇ ਮਿਲ ਕੇ ਵੈਨਕੂਵਰ ਵਿਚ ਸੈਕੰਡ ਐਵਨਿਊ ਗਲੀ ਵਿਚ ਮਕਾਨ ਨੰਬਰ 1866 ਦੀ ਈਮਾਰਤ ਲੈ ਕੇ ਗੁਰਦੁਆਰਾ ਬਣਾਉਣਾ ਸ਼ੁਰੂ ਕੀਤਾ। ਇਸ ਗੁਰਦੁਆਰੇ ਵਿਚ 19 ਜਨਵਰੀ 1908 ਦੇ ਦਿਨ ਪਹਿਲੀ ਵਾਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਭਾਈ ਅਰਜਨ ਸਿੰਘ (ਵਾਸੀ ਪਿੰਡ ਮਲਕ) 1904 ਦੇ ਅਖ਼ੀਰ ਵਿਚ ਆਪਣੇ ਨਾਲ ਲੈ ਕੇ ਆਏ ਸਨ ਪਰ ਉਹ ਗੁਰਦੁਆਰਾ ਸ਼ੁਰੂ ਹੋਣ ਤੋਂ ਪਹਿਲਾਂ ਚੜ੍ਹਾਈ ਕਰ ਗਏ ਸਨ। (ਤਫ਼ਸੀਲ ਵਾਸਤੇ ਵੇਖੋ: ਡਾਕਟਰ ਪੂਰਨ ਸਿੰਘ ਵੱਲੋਂ ਸੰਪਾਦਤ *'ਭਾਈ ਅਰਜਨ ਸਿੰਘ ਚੰਦ ਦੀ ਇਤਹਾਸਕ ਡਾਇਰੀ'*)।

1914 ਵਿਚ ਜਦ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਨੂੰ ਕਨੇਡਾ ਵਿਚ ਵੜਨ ਨਾ ਦਿੱਤਾ ਗਿਆ ਤਾਂ ਇਸ ਵੈਨਕੂਵਰ ਦੇ ਗੁਰਦੁਆਰੇ ਤੋਂ ਸਿੱਖਾਂ ਨੇ ਜ਼ਬਰਦਸਤ ਲਹਿਰ ਚਲਾਈ ਤੇ ਜਹਾਜ਼ ਵਿਚਲੇ ਸਿੱਖਾਂ ਦੀ ਭਰਪੂਰ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਕਾਮਾਗਾਟਾਮਾਰੂ ਜਹਾਜ਼ ਦੇ ਜਾਣ ਮਗਰੋਂ ਕਨੇਡਾ ਦੇ ਅੰਗਰੇਜ਼ ਹਾਕਮ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਈ ਭਾਗ ਸਿੰਘ (ਭਿੱਖੀ ਵਿੰਡ), ਭਾਈ ਬਲਵੰਤ ਸਿੰਘ (ਗ੍ਰੰਥੀ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ ਸਾਹਰੀ ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ ਜਿਆਣ, ਬਾਬੂ ਸਿੰਘ, ਹਰਨਾਮ ਸਿੰਘ (ਮਿਲਸਾਈਡ ਗੁਰਦੁਆਰੇ ਦਾ ਇਕ ਸਾਬਕਾ ਗ੍ਰੰਥੀ ਜੋ ਬਾਬੂ ਸਿੰਘ ਦੇ ਨਾਲ ਇਕੋ ਕਮਰੇ ਵਿਚ ਰਹਿੰਦਾ ਸੀ), ਅਰਜਨ ਸਿੰਘ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। 31 ਅਗਸਤ 1914 ਦੇ ਦਿਨ ਹਰਨਾਮ ਸਿੰਘ ਦੀ ਲਾਸ਼ ਮਿਲੀ; ਕਿਸੇ ਨੇ ਉਸ ਦਾ ਸਿਰ ਵੱਢ ਕੇ ਲਾਸ਼ ਜੰਗਲ ਵਿਚ ਸੁੱਟ ਦਿੱਤੀ ਸੀ (ਚਰਚਾ ਸੀ ਕਿ ਇਹ ਐਕਸ਼ਨ ਜਗਤ ਸਿੰਘ ਸੁਰਸਿੰਘ, ਸਾਜ਼ਿਸ਼ ਕੇਸ ਵਾਲਾ ਨਹੀਂ, ਦਾ ਸੀ); ਇਹ ਹਰਨਾਮ ਸਿੰਘ 17 ਅਗਸਤ ਤੋਂ ਹੀ ਗ਼ਾਇਬ ਸੀ। ਕਿਉਂ ਕਿ ਪੁਲਸ ਨੂੰ ਕਾਤਲਾਂ ਦਾ ਪਤਾ ਨਾ ਲੱਗਾ ਇਸ ਕਰ ਕੇ ਗ਼ਦਾਰਾਂ ਦੇ ਹੌਸਲੇ ਬੁਰੀ ਤਰ੍ਹਾਂ ਡਿਗੇ ਸਨ। ਗ਼ਦਾਰਾਂ ਦੀ ਬਦਕਿਸਮਤੀ ਕਿ 3 ਸਤੰਬਰ ਨੂੰ, ਅਪਣੇ ਹੀ ਇਕ ਦੋਸਤ, ਰਾਮ ਸਿੰਘ ਹੱਥੋਂ ਗ਼ਲਤੀ ਨਾਲ ਗੋਲੀ ਚਲ ਜਾਣ ਕਾਰਨ ਅਰਜਨ ਸਿੰਘ ਵੀ ਮਾਰਿਆ ਗਿਆ। ਹੁਣ ਬੇਲਾ ਸਿੰਘ ਸਿੱਖ ਆਗੂਆਂ 'ਤੇ ਵਾਰ ਕਰਨਾ ਚਾਹੁੰਦਾ ਸੀ।

5 ਸਤੰਬਰ ਦਿਨ ਉਸ ਦੇ ਸਸਕਾਰ ਮਗਰੋਂ ਸਿੱਖ ਗੁਰਦੁਆਰੇ ਵਿਚ ਬੈਠੇ ਸੀ ਤਾਂ ਬੇਲਾ ਸਿੰਘ ਨੇ ਭਾਗ ਸਿੰਘ (ਭਿੱਖੀ ਵਿੰਡ, ਜ਼ਿਲ੍ਹਾ ਅੰਮ੍ਰਿਤਸਰ) 'ਤੇ ਗੋਲੀਆਂ ਚਲਾਈਆਂ। ਉਸ ਦੇ ਬਚਾਅ ਵਾਸਤੇ ਬਤਨ ਸਿੰਘ (ਦਲੇਲ ਸਿੰਘ ਵਾਲਾ, ਜ਼ਿਲ੍ਹਾ ਮਾਨਸਾ) ਅੱਗੇ ਆਇਆ। ਬੇਲਾ ਸਿੰਘ ਨੇ ਉਸ 'ਤੇ ਵੀ ਫ਼ਾਇਰ ਕਰ ਦਿੱਤਾ। ਉਹ ਦੋਵੇਂ ਅਗਲੇ ਦਿਨ ਚੜ੍ਹਾਈ ਕਰ ਗਏ। ਭਾਵੇਂ ਸਰਕਾਰ ਨੇ ਬੇਲਾ ਸਿੰਘ 'ਤੇ ਮੁਕੱਦਮਾ ਚਲਾਇਆ ਪਰ ਇਹ ਦਿਖਾਵੇ ਦੀ ਕਾਰਵਾਈ ਸੀ। ਬੇਲਾ ਸਿੰਘ ਦੇ ਹੱਕ ਵਿਚ ਮੁਕਾਮੀ ਹਿੰਦੂਆਂ ਬਾਬੂ, ਠਾਕਰ, ਸੇਵਾ, ਅਮਰ, ਨੱਥਾ, ਗੰਗੂ ਰਾਮ ਤੇ ਡਾ: ਰਘੂ ਨਾਥ ਤੋਂ ਇਲਾਵਾ ਹਾਪਕਿਨਸਨ ਸਫ਼ਾਈ ਦੇ ਗਵਾਹ ਵਜੋਂ ਪੇਸ਼ ਹੋਇਆ ਤੇ ਇਨ੍ਹਾਂ ਦੋ ਕਤਲਾਂ ਨੂੰ ਆਪਣੇ ਬਚਾਅ ਵਾਸਤੇ ਕੀਤੇ ਕਤਲ ਗਰਦਾਨਿਆ। ਇਹ ਸਾਰੀ ਸਕੀਮ ਤੇ ਕਾਰਵਾਈ ਹਾਪਕਿਨਸਨ ਦੀ ਸੀ। ਇਹ ਧੱਕਾ ਵੇਖ ਕੇ ਭਾਈ ਮੇਵਾ ਸਿੰਘ ਲੋਪੋਕੇ ਜਰ ਨਾ ਸਕਿਆ ਤੇ ਉਸ ਨੇ ਹਾਪਕਿਨਸਨ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। 21 ਅਕਤੂਬਰ 114 ਦੇ

ਦਿਨ ਜਦ ਹਾਪਕਿਨਸਨ ਅਦਾਲਤ ਵਿਚ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣ ਵਾਸਤੇ ਪੁੱਜਾ ਹੋਇਆ ਸੀ ਤਾਂ ਮੇਵਾ ਸਿੰਘ ਨੇ ਉਸ ਨੂੰ ਉੱਥੇ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ। ਮੇਵਾ ਸਿੰਘ ਨੂੰ 11 ਜਨਵਰੀ ਦੇ ਦਿਨ ਫ਼ਾਂਸੀ ਦਿੱਤੀ ਗਈ।

ਇਹ ਸਾਰਾ ਕੁਝ ਇਸ ਗੁਰਦੁਆਰੇ ਵਿਚ ਹੋਇਆ ਸੀ; ਇੱਥੇ ਦੋ ਆਗੂ ਸ਼ਹੀਦ ਹੋਏ ਸਨ; ਇੱਥੇ ਅਰਦਾਸ ਕਰ ਕੇ ਭਾਈ ਮੇਵਾ ਸਿੰਗ ਨੇ ਸ਼ਹੀਦੀ ਪਾਈ ਸੀ; ਇੱਥੋਂ ਜੈਤੋ ਨੂੰ ਸ਼ਹੀਦੀ ਜਥਾ ਗਿਆ ਸੀ; ਇੱਥੋਂ ਦੇ ਗ੍ਰੰਥੀ ਭਾਈ ਬਲਵੰਤ ਸਿੰਘ ਖਰਦਪੁਰ ਨੂੰ ਅੰਗਰੇਜ਼ਾਂ ਨੇ ਨਾਜਾਇਜ਼ ਫ਼ਾਂਸੀ ਦਿਤੀ ਸੀ; ਇਥੋਂ ਬਬਰ ਅਕਾਲੀਆਂ ਤੇ ਅਕਾਲੀ ਦਲ ਵਾਸਤੇ ਕਈ ਵਾਰ ਫ਼ੰਡ ਭੇਜੇ ਗਏ ਸਨ। ਪਰ ਮੁਕਾਮੀ ਸਿੱਖਾਂ ਨੂੰ ਇਸ ਦੀ ਤਵਾਰੀਖ਼ੀ ਕੀਮਤਾ ਦਾ ਅਹਿਸਾਸ ਨਹੀਂ ਸੀ; ਉਨ੍ਹਾਂ ਨੇ ਵੱਡਾ ਗੁਰਦੁਆਰਾ ਬਣਾਉਣ ਵਾਸਤੇ ਇਸ ਇਮਾਰਤ ਨੂੰ ਵੇਚ ਦਿਤਾ। ਮਗਰੋਂ ਜਦ ਇਸ ਈਮਾਰਤ ਦੀ ਮਹਾਨਤਾ ਦਾ ਅਹਿਸਾਸ ਹੋਇਆ ਤਾਂ ਸਿੱਖਾਂ ਨੇ ਇਸ ਨੂੰ ਮੁੜ ਖ਼ਰੀਦਣਾ ਚਾਹਿਆ ਪਰ ਉਥੇ ਇਕ ਹੋਰ ਅਦਾਰਾ ਕਾਇਮ ਹੋ ਚੁਕਾ ਸੀ। ਹੁਣ ਵਾਲੇ ਰੌਸ ਸਟਰੀਟ ਵਾਲੇ ਗੁਰਦੁਆਰੇ ਦੀ ਨੀਂਹ 30 ਮਾਰਚ 1969 ਦੇ ਦਿਨ ਰੱਖੀ ਗਈ ਸੀ

1921: ਸਰਕਾਰ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਮੋੜੀਆਂ

17 ਜਨਵਰੀ ਦੀ ਅਖ਼ਬਾਰ ਵਿਚ ਪਾਠਕ ਪੜ੍ਹ ਚੁਕੇ ਹਨ ਕਿ ਚਾਬੀਆਂ ਦੇ ਮੋਰਚੇ ਸਬੰਧੀ 17 ਜਨਵਰੀ 1921 ਨੂੰ ਸਰਕਾਰ ਨੇ 150 ਆਗੂ ਰਿਹਾ ਕਰ ਦਿੱਤੇ ਗਏ; ਰਿਹਾਈ ਮਗਰੋਂ ਹਜ਼ਾਰਾਂ ਸਿੱਖਾਂ ਦੇ ਜਲੂਸ ਵਿਚ ਇਹ ਆਗੂ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਜਿਥੇ ਉਨ੍ਹਾਂ ਨੂੰ ਸ਼ਾਨਦਾਰ 'ਜੀ ਆਇਆਂ' ਕਿਹਾ ਗਿਆ।

19 ਜਨਵਰੀ 1922 ਦੇ ਦਿਨ ਸ਼ਾਮ 6 ਵਜੇ ਤੋਂ ਮਗਰੋਂ ਡਿਸਟਰਿਕਟ ਜੱਜ ਦੇ ਨੁਮਾਇੰਦੇ ਨੇ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਚਾਬੀਆਂ ਦੀ ਥੈਲੀ ਬਾਬਾ ਖੜਕ ਸਿੰਘ ਨੂੰ ਭੇਟ ਕੀਤੀ ਤੇ ਬਾਬਾ ਖੜਕ ਸਿੰਘ ਨੇ ਸੰਗਤਾਂ ਤੋਂ ਮਨਜ਼ੂਰੀ ਲੈ ਕੇ ਚਾਬੀਆਂ ਕਬੂਲ ਕੀਤੀਆਂ।।

1987: ਖਾੜਕੂਆਂ ਨੇ ਹਿੰਦੂ ਆਗੂ ਜੋਗਿੰਦਰ ਪਾਲ ਪਾਂਡੇ ਨੂੰ ਮਾਰਿਆ

19 ਜਨਵਰੀ 1987 ਨੂੰ ਖਾੜਕੂਆਂ ਨੇ ਹਿੰਦੂ ਆਗੂ ਜੋਗਿੰਦਰ ਪਾਲ ਪਾਂਡੇ ਨੂੰ ਕਤਲ ਕਰ ਦਿੱਤਾ। ਅਗਲੇ ਦਿਨ ਉਸ ਦੀ ਲੋਥ ਨਾਲ ਜਾਂਦੇ ਜਲੂਸ ਨੇ ਸਿੱਖਾਂ ਅਤੇ ਸਿਖ ਅਦਾਰਿਆਂ ਉੱਤੇ ਹਮਲੇ ਕੀਤੇ। ਲੋਥ ਸਾੜਣ ਵੇਲੇ ਪੁੱਜੇ ਕਾਂਗਰਸੀ ਆਗੂ ਸੰਤੋਖ ਸਿੰਘ ਰੰਧਾਵਾ ਉੱਤੇ ਵੀ ਪਥਰਾਅ ਹੋਇਆ। ਬਰਨਾਲਾ ਸਰਕਾਰ ਦੇ ਵਜ਼ੀਰ ਬਲਵੰਤ ਸਿੰਘ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਹਿੰਦੂਆਂ ਦੇ ਪਥਰਾਅ ਤੋਂ ਡਰ ਕੇ ਅੱਗੇ ਨਾ ਜਾ ਸਕੇ। ਪਾਂਡੇ ਤੇ ਕਟੋਚ ਦਾ ਕਤਲ ਜਨਵਰੀ 1987 ਵਿੱਚ ਜੁਝਾਰੂਆਂ ਦੇ ਦੋ ਵੱਡੇ ਐਕਸ਼ਨ ਸਨ।

1989: ਸੁਖਦੇਵ ਸਿੰਘ ਉਰਫ਼ ਛੋਟਾ ਝਾਮਕਾ, ਭਾਈ ਦਲਬੀਰ ਸਿੰਘ ਉਰਫ਼ ਰਬੀਰੋ ਤੇ ਦਲਜੀਤ ਸਿੰਘ ਘਰਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਜਨਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਉਰਫ਼ "ਛੋਟਾ ਝਾਮਕਾ" ਘਰਿਆਲਾ, ਅੰਮ੍ਰਿਤਸਰ, ਭਾਈ ਦਲਬੀਰ ਸਿੰਘ ਉਰਫ਼ ਰਬੀਰੋ (ਪੁੱਤਰ ਗੱਜਣ ਸਿੰਘ), ਤੇ ਦਲਜੀਤ ਸਿੰਘ ਘਰਿਆਲਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਲੂਕ ਸਿੰਘ ਭਗਤਪੁਰ, ਆਹਿਲ ਸਿੰਘ ਦਿੱਲੀ, ਕਸ਼ਮੀਰ ਸਿੰਘ ਬਿੱਲਾ, ਸੰਗਰਾਵਾ, ਕੁਲਵੰਤ ਸਿੰਘ ਕੋਕਲਪੁਰ, ਕੁਲਵੰਤ ਸਿੰਘ ਕਾਲਾ, ਨਿਹਾਲਕਾ ਜਸਵਿੰਦਰ ਸਿੰਘ ਟੌਹਰੀਆ, ਹਰਭਜਨ ਸਿੰਘ ਨਿਹਾਲਕਾ, ਰਜਿੰਦਰ ਸਿੰਘ ਭੋਲਾ ਸਭਰਾ, , ਲਖਬੀਰ ਸਿੰਘ ਚੈਂਕਰ ਵਲਟੋਹਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਮਲੂਕ ਸਿੰਘ ਉਰਫ਼ ਨਵਾਂ (ਭਗਤਪੁਰ, ਗੁਰਦਾਸਪੁਰ), ਆਹਿਲ ਸਿੰਘ ਦਿੱਲੀ, ਕਸ਼ਮੀਰ ਸਿੰਘ ਬਿੱਲਾ, ਸੰਗਰਾਵਾ, ਕੁਲਵੰਤ ਸਿੰਘ ਕੋਕਲਪੁਰ, ਕੁਲਵੰਤ ਸਿੰਘ ਉਰਫ਼ ਕਾਲਾ (ਨਿਹਾਲਕਾ) ਜਸਵਿੰਦਰ ਸਿੰਘ ਟੌਹਰੀਆ, ਹਰਭਜਨ ਸਿੰਘ ਨਿਹਾਲਕਾ, ਰਜਿੰਦਰ ਸਿੰਘ ਭੋਲਾ (ਸਭਰਾ, ਅੰਮ੍ਰਿਤਸਰ), ਲਖਬੀਰ ਸਿੰਘ ਉਰਫ਼ ਚੈਂਕਰ (ਵਲਟੋਹਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਹਰਨੇਕ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

19 ਜਨਵਰੀ 1993 ਦੇ ਦਿਨ ਪੁਲਸ ਨੇ ਹਰਨੇਲ ਸਿੰਘ ਉਰਫ਼ ਨੇਕਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2010: ਪ੍ਰੋ ਦਰਸ਼ਨ ਸਿੰਘ 'ਤੇ ਕਾਤਲਾਨਾ ਹਮਲਾ ਹੋਇਆ

19 ਜਨਵਰੀ 2010 ਦੇ ਦਿਨ ਜਦ ਪ੍ਰੋ ਦਰਸ਼ਨ ਸਿੰਘ ਆਸਨਸੋਲ (ਬੰਗਾਲ) ਵਿਚ ਇਕ ਗੁਰਦੁਆਰੇ ਵਿਚ ਗੁਰਮਤਿ ਪ੍ਰਸਾਰ ਸਭਾ ਦੇ ਸਮਾਗਮ ਵਿਚ ਕੀਰਤਨ ਕਰਨ ਗਿਆ ਤਾਂ ਰਾਸ਼ਟਰ ਸਿੱਖ ਸੰਗਤ, ਚੌਕ ਮਹਿਤਾ ਡੇਰਾ ਅਤੇ ਹੋਰ ਸਾਧ ਟੋਲਿਆਂ ਦੇ ਹਥਿਆਰਬੰਦ ਗੁੰਡਿਆਂ ਨੇ, ਸ਼੍ਰੋਮਣੀ ਕਮੇਟੀ ਦੇ ਨਾਮਜ਼ਦ ਮੈਂਬਰ ਹਰਪਾਲ ਸਿੰਘ (ਬਾਦਲ ਅਕਾਲੀ ਦਲ) ਦੀ ਅਗਵਾਈ ਹੇਠ, ਉਸ 'ਤੇ ਕਾਤਲਾਨਾ ਹਮਲਾ ਕੀਤਾ ਪਰ ਉਹ ਬਚ ਗਿਆ। ਇਸ ਸਮੇਂ ਕੁਝ ਸਿੱਖਾਂ ਨੂੰ ਸੱਟਾਂ ਵੀ ਲੱਗੀਆਂ।

20 ਜਨਵਰੀ

1935: ਸੇਵਾ ਸਿੰਘ ਠੀਕਰੀਵਾਲਾ ਸ਼ਹੀਦ ਹੋ ਗਏ

ਸੇਵਾ ਸਿੰਘ ਠੀਕਰੀਵਾਲਾ (ਜਨਮ 1882) ਸਿੰਘ ਸਭਾ ਲਹਿਰ ਦੇ ਪਿਛਲੇਰੇ ਹਿੱਸੇ ਦਾ ਇਕ ਅਣਥੱਕ ਆਗੂ ਸੀ। 1921 ਵਿਚ ਉਸ ਨੇ ਪਟਿਆਲਾ ਰਿਆਸਤ ਦਾ ਪਹਿਲਾ ਅਕਾਲੀ ਜੱਥਾ ਕਾਇਮ ਕੀਤਾ। 1923 ਵਿਚ ਜਦ ਬਰਤਾਨਵੀ ਹਕੂਮਤ ਨੇ ਅਕਾਲੀ ਦਲ ਤੇ ਪਾਬੰਦੀ ਲਾਈ ਤਾਂ ਉਸ ਨੂੰ ਵੀ ਪਟਿਆਲਾ ਹਕੂਮਤ ਨੇ ਗ੍ਰਿਫ਼ਤਾਰ ਕਰ ਲਿਆ। ਗੁਰਦੁਆਰਾ ਐਕਟ ਬਣਨ ਮਗਰੋਂ ਉਸ ਨੂੰ ਵੀ ਰਿਹਾ ਕਰ ਦਿੱਤਾ ਗਿਆ; ਪਰ ਰਾਜਾ ਭੁਪਿੰਦਰ ਸਿੰਘ ਨੇ ਆਪਣੀ ਅੜੀ ਪੁਗਾਉਣ ਵਾਸਤੇ ਕੁਝ ਚਿਰ ਮਗਰੋਂ ਉਸ ਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਤੇ ਸਾਢੇ ਤਿੰਨ ਸਾਲ ਵਾਸਤੇ ਕੈਦ ਕਰ ਦਿੱਤਾ। ਉਸ ਨੇ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਤੇ ਪਾਣੀ ਪੀਣਾ ਵੀ ਬੰਦ ਕਰ ਦਿੱਤਾ ਜਿਸ ਨਾਲ ਉਸ ਦੀ ਸਿਹਤ ਬਹੁਤ ਵਿਗੜ ਗਈ। ਜਦ ਅਕਾਲੀ ਦਲ ਨੇ ਉਸ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕੀਤਾ ਤਾਂ ਰਾਜੇ ਨੇ ਉਸ ਨੂੰ ਰਿਹਾ ਕਰ ਦਿੱਤਾ। 2 ਨਵੰਬਰ 1930 ਨੂੰ ਰਾਜੇ ਨੇ ਉਸ ਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਤੇ 10 ਸਾਲ ਦੀ ਕੈਦ ਅਤੇ 10 ਹਜ਼ਾਰ ਰੁਪੈ ਜੁਰਮਾਨੇ ਦੀ ਸਜ਼ਾ ਸੁਣਾਈ ਪਰ 12 ਮਾਰਚ 1931 ਨੂੰ ਫੇਰ ਰਿਹਾ ਕਰ ਦਿੱਤਾ। 1932 ਵਿਚ ਰਾਜੇ ਨੇ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ

ਤੇ 3 ਮਹੀਨੇ ਕੈਦ ਕਰੀ ਰੱਖਿਆ। ਉਸ ਦੀ ਆਖ਼ਰੀ ਗ੍ਰਿਫ਼ਤਾਰੀ 24 ਅਗਸਤ 1933 ਦੇ ਦਿਨ ਹੋਈ ਤੇ ਰਾਜੇ ਨੇ ਉਸ ਨੂੰ 8 ਸਾਲ ਦੀ ਕੈਦ ਸੁਣਾਈ। ਉਸ ਨੇ ਜੇਲ੍ਹ ਵਿਚ 18 ਅਪ੍ਰੈਲ 1934 ਨੂੰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਤੇ 20 ਜਨਵਰੀ 1935 ਦੇ ਦਿਨ ਤੜਕੇ ਡੇਢ ਵਜੇ ਰਾਜਾ ਭੂਪਿੰਦਰਾ ਸਿਰ ਕਤਲ ਚਾੜ੍ਹ ਕੇ ਚੜ੍ਹਾਈ ਕਰ ਗਿਆ। (19 ਜਨਵਰੀ 1955 ਦੇ ਦਿਨ ਸ. ਸੇਵਾ ਸਿੰਘ ਠੀਕਰੀਵਾਲਾ ਦਾ ਬੁਤ ਸੰਗਰੂਰ ਵਿਚ ਲਾਇਆ ਗਿਆ ਸੀ)।

ਰਾਜਾ ਭੂਪਿੰਦਰਾ ਸਿੰਘ ਨੇ ਆਪਣੀ ਰਿਆਸਤ ਦੇ ਇਕ ਸਿਰਕਰਦਾ ਅਫ਼ਸਰ ਸ ਹਰਚੰਦ ਸਿੰਘ ਜੇਜੀ, ਜੋ ਸੇਵਾ ਸਿੰਘ ਨਾਲ ਹਮਦਰਦੀ ਰਖਦੇ ਸਨ ਅਤੇ ਅਕਾਲੀ ਲਹਿਰ ਦੇ ਵੀ ਹਿਮਾਇਤੀ ਸਨ, ਨਾਲ ਵੀ ਬਹੁਤ ਧੱਕਾ ਕੀਤਾ ਸੀ ਤੇ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਕੇ ਦੇਸ ਨਿਕਾਲਾ ਦੇ ਦਿੱਤਾ ਸੀ।ਰਾਜਾ ਭੂਪਿੰਦਰਾ ਸਿੰਘ 1938 ਵਿਚ ਚੜ੍ਹਾਈ ਕਰ ਗਿਆ। ਉਸ ਦੇ ਪੁੱਤਰ ਯਾਦਵਿੰਦਰ ਸਿੰਘ ਨੇ ਬਾਪ ਦੇ ਜ਼ੁਲਮ ਦਾ ਪਛਤਾਵਾ ਕਰਨ ਵਾਸਤੇ ਸ. ਹਰਚੰਦ ਸਿੰਘ ਜੇਜੀ ਨੂੰ ਵਾਪਿਸ ਬੁਲਾ ਲਿਆ ਤੇ ਉਨ੍ਹਾਂ ਦੀ ਜਾਇਦਾਦ ਵੀ ਵਾਪਿਸ ਕਰ ਦਿਤੀ। ਇਸ ਦੇ ਨਾਲ ਹੀ ਉਸ ਨੇ ਸ ਹਰਚੰਦ ਸਿੰਘ ਦੀ ਬੇਟੀ ਮਹਿੰਦਰ ਕੌਰ (ਜਿਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਜਨਮ ਦਿੱਤਾ) ਨਾਲ ਵਿਆਹ ਵੀ ਕਰ ਲਿਆ। ਸ ਹਰਚੰਦ ਸਿੰਘ ਨੇ ਆਪਣੇ ਦੂਜੇ ਬੱਚੇ ਦਾ ਵਿਆਜ ਸ ਸੇਵਾ ਸਿੰਘ ਦੇ ਘਰ ਕਰ ਕੇ ਉਸ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੇ। ਇਂਵ ਮਹਾਰਾਜਾ ਯਾਦਵਿੰਦਰ ਸਿੰਘ ਸ. ਸੇਵਾ ਸਿੰਘ ਠੀਕਰੀਵਾਲਾ ਦਾ ਰਿਸ਼ਤੇਦਾਰ ਵੀ ਬਣ ਗਿਆ।

1986: ਪਾਕਿਸਤਾਨ ਵਿਚ ਕੈਦ ਹਾਈਜੈਕਰਾਂ ਦੇ ਕੇਸਾਂ ਦਾ ਅਦਾਲਤ ਨੇ ਫੈਸਲਾ ਦਿੱਤਾ

ਪਾਕਿਸਤਾਨ ਵਿਚ ਕੈਦ ਸਤੰਬਰ 1981 ਅਤੇ ਜੁਲਾਈ 1984 ਦੇ 14 ਸਿੱਖ ਹਾਈਜੈਕਰਾਂ ਦੇ ਮੁਕੱਦਮੇ ਦਾ ਫੈਸਲਾ ਲਾਹੌਰ ਅਦਾਲਤ ਨੇ 20 ਜਨਵਰੀ 1986 ਨੂੰ ਸੁਣਾਇਆ ਤੇ ਇਨ੍ਹਾਂ ਵਿਚੋਂ 3 ਸਿੱਖਾਂ ਨੂੰ ਫਾਂਸੀ ਦਾ ਹੁਕਮ ਦਿਤਾ। ਬਾਕੀ 11 ਵਿਚੋਂ 7 ਨੂੰ ਉਮਰ ਕੈਦ ਤੇ ਚਾਰ ਨੂੰ ਬਰੀ ਕੀਤਾ ਗਿਆ। ਫ਼ਾਂਸੀ ਦੀ ਸਜ਼ਾ ਪਰਮਿੰਦਰ ਸਿੰਘ ਹਰਫ਼ਨਮੌਲਾ, ਦਲੀਪ ਸਿੰਘ ਤੇ ਹਰਮਿੰਦਰ ਸਿੰਘ ਨੂੰ ਸੁਣਾਈ ਗਈ (ਮਗਰੋਂ ਇਨ੍ਹਾਂ ਤਿੰਨਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ ਕਰ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ)। ਉਮਰ ਕੈਦ ਵਾਲੇ ਸਨ: ਪਹਿਲੇ ਜਹਾਜ਼ ਦੇ ਪੰਜੇ (ਗਜਿੰਦਰ ਸਿੰਘ, ਸਤਨਾਮ ਸਿੰਘ, ਕਰਨ ਸਿੰਘ, ਜਸਬੀਰ ਸਿੰਘ, ਤੇਜਿੰਦਰਪਾਲ ਸਿੰਘ), ਦੂਜੇ ਜਹਾਜ਼ ਚੋਂ ਦੋ (ਗੁਰਦੀਪ ਸਿੰਘ ਪਰਦੇਸੀ ਤੇ ਰਵਿੰਦਰ ਸਿੰਘ); 4 ਬਰੀ ਕੀਤੇ ਗਏ ਸਨ, ਚਾਰੇ ਦੂਜੇ ਜਹਾਜ਼ ਦੇ: (ਮਨਜੀਤ ਸਿੰਘ, ਗੁਰਵਿੰਦਰ ਸਿੰਘ, ਮਲ੍ਹਾਗਰ ਸਿੰਘ, ਹਰਭਜਨ ਸਿੰਘ)। ਇਸ ਫ਼ੈਸਲੇ ਤੇ ਜਥੇਦਾਰ ਤਲਵਿੰਦਰ ਸਿੰਘ (ਕੈਨੇਡਾ) ਨੇ ਕਿਹਾ ਕਿ ਫ਼ਾਂਸੀ ਦੀ ਸਜ਼ਾ ਦਿੱਲੀ ਨੂੰ ਖ਼ੁਸ਼ ਕਰਨ ਵਾਸਤੇ ਦਿਤੀ ਗਈ ਹੈ। ਮੁਕਦਮੇ ਚੋਂ ਬਰੀ ਕੀਤਿਆਂ ਚਾਰਾਂ ਸਿੱਖਾਂ ਨੂੰ ਗ਼ੈਰ ਕਾਨੂੰਨੀ ਦਾਖ਼ਲੇ ਦੇ ਕੇਸ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਹੀ ਰਖ ਲਿਆ। ਮਗਰੋਂ ਇਨ੍ਹਾਂ ਤਿੰਨਾ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ)।

1992: ਗੁਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜਨਵਰੀ 1992 ਦੇ ਦਿਨ ਪੁਲਸ ਨੇ ਗੁਰਜੀਤ ਸਿੰਘ ਉਰਫ਼ ਧੰਮਾ ਸਿੰਘ (ਪੁਤਰ ਭਜਨ ਸਿੰਘ, ਵਾਸੀ ਛੱਜਲਵੱਢੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਬਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜਨਵਰੀ 1993 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਉਰਫ਼ ਪੰਮਾ ਸਿੰਘ (ਪੁਤਰ ਨੌਰਾਤਾ ਸਿੰਘ, ਵਾਸੀ ਪਾਮਾਰ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਕੁਲਵੰਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜਨਵਰੀ 1994 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ (ਪੁਤਰ ਬਹਾਦਰ ਸਿੰਘ, ਵਾਸੀ ਸੇਖੇ, ਨੇੜੇ ਗੁਆਰਾ ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

21 ਜਨਵਰੀ

1956: ਪ੍ਰਤਾਪ ਸਿੰਘ ਕੈਰੋਂ ਪੰਜਾਬ ਦਾ ਚੀਫ਼ ਮਨਿਸਟਰ ਬਣਿਆ

ਪੰਜਾਬੀ ਸੂਬਾ ਲਹਿਰ ਨੂੰ ਦਬਾਉਣ ਵਾਸਤੇ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਡੀ.ਸੀ. ਰਾਹੀਂ 6 ਅਪ੍ਰੈਲ 1955 ਦੇ ਦਿਨ ਸ਼ਹਿਰ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ। ਇਸ 'ਤੇ 10 ਮਈ ਨੂੰ ਅਕਾਲੀਆਂ ਨੇ ਮੋਰਚਾ ਲਾ ਦਿੱਤਾ। ਮੋਰਚੇ ਵਿਚ 12000 ਤੋਂ ਵਧ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 138 ਵਿਚੋਂ 113 ਮੈਂਬਰ ਜੇਲ੍ਹ ਵਿਚ ਸਨ। 4 ਜੁਲਾਈ 1955 ਦੇ ਦਿਨ ਚੀਫ਼ ਮਨਿਸਟਰ ਸੱਚਰ ਨੇ ਦਰਬਾਰ ਸਾਹਿਬ ਵਿਚ ਪੁਲਸ ਵੀ ਭੇਜੀ ਜਿਸ ਦੀ ਹਰ ਸਿੱਖ ਨੇ ਨਿੰਦਾ ਕੀਤੀ। ਇਸ 'ਤੇ 10 ਅਕਤੂਬਰ 1955 ਦੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਪੇਸ਼ ਹੋ ਕੇ 4 ਜੁਲਾਈ ਨੂੰ ਦਰਬਾਰ ਸਾਹਿਬ 'ਤੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ (ਉਂਞ ਉਸ ਦੀ ਇਸ ਕਾਰਵਾਈ ਕਾਰਨ ਫ਼ਿਰਕੂ ਹਿੰਦੂ ਕਾਂਗਰਸੀ ਉਸ ਦੇ ਖ਼ਿਲਾਫ਼ ਹੋ ਗਏ ਤੇ ਉਸ ਦੀ ਚੀਫ਼ ਮਨਿਸਟਰੀ ਖੁਸ ਗਈ)। ਭੀਮ ਸੈਨ ਸੱਚਰ ਨੇ 14 ਜਨਵਰੀ 1956 ਦੇ ਦਿਨ ਅਸਤੀਫ਼ਾ ਦੇ ਦਿੱਤਾ। 21 ਜਨਵਰੀ 1956 ਨੂੰ ਪ੍ਰਤਾਪ ਸਿੰਘ ਕੈਰੋਂ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਨਹਿਰੂ ਨੇ ਕੈਰੋਂ ਨੂੰ ਇਸ ਕਰ ਕੇ ਚੀਫ਼ ਮਨਿਸਟਰ ਬਣਾਇਆ ਸੀ ਕਿਉਂਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਸਲਾਹ ਕੈਰੋਂ ਅਤੇ ਪੁਲਸ ਚੀਫ਼ ਅਸ਼ਵਨੀ ਕੁਮਾਰ ਨੇ ਦਿਤੀ ਸੀ ਤੇ ਇਸ ਨਾਲ ਨਹਿਰੂ ਨੂੰ ਯਕੀਨ ਹੋ ਗਿਆ ਸੀ ਕਿ ਕੈਰੋਂ ਦੇ ਅੰਦਰ ਦਾ ਸਿੱਖ ਮਰ ਚੁਕਾ ਹੈ।

1992: ਹਰਪਿੰਦਰ ਸਿੰਘ ਗੋਲਡੀ ਦੀ ਭੈਣ ਬੀਬੀ ਅਮਨਦੀਪ ਕੌਰ ਦਾ ਰੇਪ ਅਤੇ ਕਤਲ

ਹਰਪਿੰਦਰ ਸਿੰਘ ਗੋਲਡੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਇਕ ਜਰਨੈਲ ਸੀ। 1991 ਵਿਚ ਹਰਕਿਸ਼ਨ ਕਾਹਲੋਂ ਐਸ.ਐਸ.ਪੀ. ਦੇ ਮੁੰਡੇ ਨੂੰ ਖਾੜਕੂਆਂ ਨੇ ਕਤਲ ਕਰ ਦਿੱਤਾ ਸੀ। ਕਾਹਲੋਂ ਨੇ ਇਸ ਕਤਲ ਵਿਚ ਹਰਪਿੰਦਰ ਸਿੰਘ ਨੂੰ ਵੀ ਸ਼ਾਮਿਲ ਮੰਨਿਆ ਸੀ ਤੇ ਪੁਲਸ ਉਸ ਦੇ ਪਿੱਛੇ ਪਈ ਹੋਈ ਸੀ। ਹਰਪਿੰਦਰ ਸਿੰਘ ਗੋਲਡੀ ਜਸਵੰਤ ਸਿੰਘ ਦਾ ਪੁੱਤਰ ਸੀ। ਬੀਬੀ ਅਮਨਦੀਪ ਕੌਰ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਸੀ। ਅਕਤੂਬਰ 1991 ਵਿਚ ਉਸ ਦੀ ਸ਼ਾਦੀ ਜਸਵਿੰਦਰ ਸਿੰਘ ਸਰਾਅ ਪੁੱਤਰ ਸੁਰਜੀਤ ਸਿੰਘ (ਜੋ ਪਿੱਛੋਂ ਜਸੋਵਾਲ, ਲੁਧਿਆਣਾ, ਦਾ ਸੀ ਅਤੇ ਮਿਸੀਸਾਗਾ, ਕਨੇਡਾ, ਵਿਚ ਰਹਿ ਰਿਹਾ ਸੀ) ਨਾਲ ਹੋਈ ਸੀ। ਜਦ 24 ਅਕਤੂਬਰ 1991 ਦੇ ਦਿਨ ਉਹ ਆਪਣੀ ਸ਼ਾਦੀ ਰਜਿਸਟਰ ਕਰਵਾਉਣ ਵਾਸਤੇ ਰਾਮਪੁਰਾ ਫੂਲ

ਦੇ ਤਹਿਸੀਲਦਾਰ ਕੋਲ ਗਏ ਤਾਂ ਪੁਲਸ ਨੇ ਉਨ੍ਹਾਂ ਦੋਹਾਂ ਪਤੀ-ਪਤਨੀ ਅਤੇ ਅਮਨਦੀਪ ਕੌਰ ਦੇ ਬਾਪ ਜਸਵੰਤ ਸਿੰਘ ਨੂੰ ਚੁਕ ਲਿਆ ਅਤੇ ਫੂਲ ਥਾਣੇ ਵਿਚ ਲੈ ਆਏ ਜਿਥੇ ਹਰਕਿਸ਼ਨ ਕਾਹਲੋਂ ਐਸ.ਐਸ.ਪੀ., ਮੋਹਕਮ ਸਿੰਘ ਐਸ.ਪੀ. ਤੇ ਡੀ. ਐਸ.ਪੀ. ਔਲਖ ਵਗੈਰਾ ਬੈਠੇ ਹੋਏ ਸਨ। ਥਾਣੇ ਪਹੁੰਚਦਿਆਂ ਹੀ ਕਾਹਲੋਂ ਨੇ ਦੋਹਾਂ ਮਰਦਾਂ ਨੂੰ ਨੰਗਾ ਕਰਨ ਦਾ ਹੁਕਮ ਦੇ ਦਿੱਤਾ। ਇਸ ਮਗਰੋਂ ਉਸ ਨੇ ਆਪਣੀ ਜੇਬ੍ਹ ਵਿਚੋਂ ਖਾੜਕੂਆਂ ਹੱਥੋਂ ਮਾਰੇ ਗਏ ਆਪਣੇ ਪੁਤਰ ਦੀ ਫ਼ੋਟੋ ਕੱਢੀ ਤੇ ਕਿਹਾ ਲਓ ਹੁਣ ਮੈਂ ਪੁਤਰ ਦੇ ਮਾਰੇ ਜਾਣ ਦਾ ਬਦਲਾ ਲੈਣ ਲਗਾ ਹਾਂ ਤੇ ਉਸ ਨੇ ਦੋਹਾਂ ਨੂੰ ਲਾਠੀ ਨਾਲ ਕੁੱਟਣਾ ਸ਼ੁਰੂ ਦਿਤਾ। ਇਸ ਮਗਰੋਂ ਅਮਨਦੀਪ ਕੌਰ ਦੇ ਸਾਰੇ ਗਹਿਣੇ ਲੁਹਾ ਲਏ ਅਤੇ ਸਾਰਿਆਂ ਦੀਆਂ ਜੇਬਾਂ ਵੀ ਖਾਲੀ ਕਰਵਾ ਲਈਆਂ। ਇਸ ਵਿਚ ਮੁੰਡੇ ਦੇ 500 ਡਾਲਰ, ਸੋਨੇ ਦਾ ਕੜਾ ਤੇ ਹਜ਼ਾਰਾਂ ਰੁਪੈ ਵੀ ਸਨ। ਫਿਰ ਉਨ੍ਹਾਂ ਦੀਆਂ ਅੱਖਾਂ ਬੰਨ੍ਹ ਕੇ ਬਿਠਾ ਦਿੱਤਾ ਗਿਆ ਅਤੇ ਐਸ.ਐਸ.ਪੀ. ਨੇ ਹੁਣ ਅਮਨਦੀਪ ਕੌਰ ਦੀ ਛੋਟੀ ਭੈਣ ਅਤੇ ਮਾਂ ਨੂੰ ਵੀ ਚੁਕ ਲਿਆਉਣ ਅਤੇ ਉਨ੍ਹਾਂ ਦੇ ਘਰ ਨੂੰ ਅੱਗ ਲਾ ਦੇਣ ਵਾਸਤੇ ਕਿਹਾ। ਪੁਲਸ ਅਮਨਦੀਪ ਦੀ ਮਾਂ ਨੂੰ ਲੈ ਆਈ ਅਤੇ ਉਨ੍ਹਾਂ ਦੇ ਘਰ ਦਾ ਸਾਰਾ ਕੀਮਤੀ ਸਾਮਾਨ ਵੀ ਚੁਕ ਲਿਆਈ। ਇਸ ਮਗਰੋਂ ਦੋਹਾਂ ਮਰਦਾਂ ਨੂੰ ਲਾਕ-ਅਪ ਵਿਚ ਬੰਦ ਕਰ ਦਿੱਤਾ ਗਿਆ। 27 ਅਕਤੂਬਰ ਨੂੰ ਉਨ੍ਹਾਂ ਨੂੰ ਸਰਦੂਲਗੜ੍ਹ ਥਾਣੇ ਲਿਜਾਇਆ ਗਿਆ। ਇਸ ਮਗਰੋਂ ਉਨ੍ਹਾਂ ਨੂੰ ਫੇਰ ਰਾਮਪੁਰਾ ਫੂਲ ਥਾਣੇ ਲਿਜਾਇਆ ਗਿਆ। ਉਨ੍ਹਾਂ ਨੂੰ 12 ਦਿਨ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ। 30 ਅਕਤੂਬਰ ਨੂੰ ਮੋਟੀ ਰਕਮ ਲੈ ਲੇ ਅਮਨਦੀਪ ਕੌਰ ਦੇ ਪਤੀ ਨੂੰ ਰਿਹਾ ਕਰ ਕੇ ਕਨੇਡਾ ਭੱਜ ਜਾਣ ਵਾਸਤੇ ਕਿਹਾ ਅਤੇ ਹੁਕਮ ਦਿੱਤਾ ਕਿ ਅਮਨਦੀਪ ਕੌਰ ਨਾਲ ਆਪਣਾ ਵਿਆਹ ਖ਼ਤਮ ਸਮਝੇ। ਇਸ ਮਗਰੋਂ ਉਨ੍ਹਾਂ ਤਿੰਨਾਂ (ਅਮਨਦੀਪ ਤੇ ਉਸ ਦੇ ਮਾਂ ਬਾਪ) ਨੂੰ ਬੋਹਾ ਥਾਣੇ ਵਿਚ ਰੱਖਿਆ ਗਿਆ। ਅਖ਼ੀਰ 30 ਨਵੰਬਰ ਨੂੰ ਸਵਾ ਮਹੀਨੇ ਪਿੱਛੋਂ ਉਨ੍ਹਾਂ 'ਤੇ ਇਕ ਝੂਠਾ ਕੇਸ ਦਰਜ ਕਰ ਕੇ ਚਾਰਜ ਕਰ ਦਿੱਤਾ ਗਿਆ ਜਿਸ ਵਿਚ ਮਗਰੋਂ ਅਮਨਦੀਪ ਕੌਰ ਦੀ ਜ਼ਮਾਨਤ ਹੋ ਗਈ।21 ਜਨਵਰੀ 1992 ਦੀ ਸ਼ਾਮ ਨੂੰ ਸਾਢੇ ਸਤ ਵਜੇ ਕਾਹਲੋਂ ਦੇ ਭੇਜੇ ਪੁਲਸੀਆਂ ਨੇ ਉਨ੍ਹਾਂ ਦੇ ਘਰ ਜਾ ਕੇ ਅਮਨਦੀਪ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਧਰ ਅਮਨਦੀਪ ਕੌਰ ਦੇ ਪਿਤਾ ਜਸਵੰਤ ਸਿੰਘ, ਜਿਸ 'ਤੇ ਝੂਠਾ ਕੇਸ ਪਾ ਦਿੱਤਾ ਗਿਆ ਸੀ ਤੇ ਉਸ ਦੀ ਜ਼ਮਾਨਤ ਹੋ ਗਈ ਸੀ; ਉਸ ਨੂੰ ਰਿਹਾ ਕਰਨ ਤੋਂ ਪਹਿਲਾਂ ਉਸ 'ਤੇ ਇਕ ਹੋਰ ਝੂਠਾ ਕੇਸ ਪਾ ਦਿੱਤਾ ਗਿਆ। (ਉਹ ਇਸ ਕੇਸ ਵਿਚੋਂ ਸਾਢੇ 6 ਸਾਲ ਮਗਰੋਂ ਬਰੀ ਹੋਇਆ ਸੀ)। ਮਗਰੋਂ 25 ਜੂਨ 1992 ਦੇ ਦਿਨ ਹਰਪਿੰਦਰ ਸਿੰਘ ਗੋਲਡੀ ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। 31 ਅਗਸਤ 1995 ਦੇ ਦਿਨ ਪੰਜਾਬ ਦੇ ਦਹਿਸ਼ਤਗਰਦ ਚੀਫ਼ ਮਨਿਸਟਰ ਬੇਅੰਤ ਸਿੰਘ ਨੂੰ ਦਿਲਾਵਰ ਸਿੰਘ ਨੇ ਇਨਸਾਨੀ ਬੰਬ ਬਣ ਕੇ ਉਡਾ ਦਿੱਤਾ। ਇਸ ਕੇਸ ਵਿਚ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ (ਅਤੇ ਫ਼ਾਂਸੀ ਦੀ ਸਜ਼ਾ ਸੁਣਾਈ ਗਈ); ਉਸ ਨੇ ਆਪਣੇ ਬਿਆਨ ਵਿਚ ਇਹ ਵੀ ਜ਼ਾਹਿਰ ਕੀਤਾ ਕਿ ਉਸ ਦੇ ਐਕਸ਼ਨ ਦੇ ਪਿਛੋਕੜ ਵਿਚ ਗੋਲਡੀ ਅਤੇ ਉਸ ਦੇ ਪ੍ਰਵਾਰ ਨਾਲ ਕੀਤਾ ਜ਼ੁਲਮ ਵੀ ਸ਼ਾਮਿਲ ਸੀ।

2014: ਸੁਪਰੀਮ ਕੋਰਟ ਨੇ ਫ਼ਾਂਸੀ ਦੀ ਸਜ਼ਾ ਵਾਲੇ 15 ਕੈਦੀਆਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਤੇ ਫ਼ੈਸਲੇ ਵਿਚ ਕਿਹਾ ਕਿ ਉਨ੍ਹਾਂ ਵੱਲੋਂ ਰਹਿਮ ਦੀ ਅਪੀਲ ਨੂੰ ਲੰਮਾ ਸਮਾਂ ਬੀਤ ਜਾਣ ਕਾਰਨ ਜਾਂ ਕੈਦੀ ਦੀ ਮਾਨਸਿਕ ਹਾਲਤ ਕਾਰਨ ਫ਼ਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ।

22 ਜਨਵਰੀ

1922: ਚਾਬੀਆਂ ਦਾ ਮੋਰਚਾ ਜਿੱਤਣ 'ਤੇ ਗਾਂਧੀ ਨੇ ਵਧਾਈ ਦੀ ਤਾਰ ਭੇਜੀ

19 ਜਨਵਰੀ 1922 ਦੇ ਦਿਨ ਸਰਕਾਰ ਦੇ ਨੁਮਾਇੰਦੇ ਨੇ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਚਾਬੀਆਂ ਦੀ ਥੈਲੀ ਬਾਬਾ ਖੜਕ ਸਿੰਘ ਨੂੰ ਭੇਟ ਕੀਤੀ; ਇਸ ਦੀ ਖ਼ਬਰ ਅਗਲੇ ਦਿਨ ਅਖ਼ਬਾਰਾਂ ਵਿਚ ਛਪੀ। ਜਦ ਇਸ ਦੀ ਖ਼ਬਰ ਜਦੋਂ ਹਿੰਦੂ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ (ਮਹਾਤਮਾ) ਨੂੰ ਪੁੱਜੀ ਤਾਂ ਉਸ ਨੇ 22 ਜਨਵਰੀ 1922 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਤਾਰ ਭੇਜੀ ਜਿਸ ਵਿਚ ਲਿਖਿਆ ਸੀ: **First battle of India's independence won. Congratulations!** (ਭਾਰਤ ਦੀ ਆਜ਼ਾਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ। ਮੁਬਾਰਕਾਂ ਹੋਣ)। ਇਹ ਚਿੱਠੀ 1984 ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸੰਭਾਲੀ ਪਈ ਸੀ ਜੋ ਭਾਰਤੀ ਫ਼ੌਜ ਨੇ ਕਮੇਟੀ ਦੇ ਦਫ਼ਤਰ 'ਤੇ ਕਬਜ਼ਾ ਕਰਨ ਮਗਰੋਂ ਬਾਕੀ ਰਿਕਾਰਡ ਦੇ ਨਾਲ ਸਾੜ ਦਿੱਤੀ ਸੀ।

1923: ਬਾਬਾ ਖੜਕ ਸਿੰਘ ਨੇ ਜੇਲ੍ਹ ਵਿਚ ਨੰਗਾ ਰਹਿਣਾ ਸ਼ੁਰੂ ਕੀਤਾ

1922 ਬਾਬਾ ਖੜਕ ਸਿੰਘ ਡੇਰਾ ਗ਼ਾਜ਼ੀ ਖ਼ਾਨ ਜੇਲ੍ਹ ਵਿਚ ਬੰਦ ਸੀ। ਇਸ ਜੇਲ੍ਹ ਵਿਚ ਸਿੱਖਾਂ ਨੂੰ ਦਸਤਾਰ ਪਹਿਨਣ ਦੀ ਇਜਾਜ਼ਤ ਸੀ। ਪਰ 22 ਜਨਵਰੀ 1923 ਦੇ ਦਿਨ ਜੇਲ੍ਹ ਸੁਪਰਡੈਂਟ ਨੇ ਸਿੱਖਾਂ ਨੂੰ ਬਾਰਕਾਂ ਵਿਚ ਬੰਦ ਕਰ ਕੇ ਨੰਬਰਦਾਰ ਤੇ ਵਾਰਡਨ ਮੰਗਵਾ ਕੇ ਜ਼ਬਰਦਸਤੀ ਸਿੱਖ ਕੈਦੀਆਂ ਦੀਆਂ ਦਸਤਾਰਾਂ ਲੁਹਾ ਲਈਆਂ। ਜਦ ਖੜਕ ਸਿੰਘ ਦੀ ਦਸਤਾਰ ਖੋਹੀ ਗਈ ਤਾਂ ਉਨ੍ਹਾਂ ਨੇ ਆਪਣੇ ਕਛਹਿਰੇ ਨੂੰ ਛੱਡ ਕੇ ਸਾਰੇ ਕਪੜੇ ਲਾਹ ਕੇ ਸੁਪਰਡੈਂਟ ਨੂੰ ਫੜਾ ਦਿੱਤੇ। ਇਸ ਮਗਰੋਂ 13 ਹੋਰ ਕੈਦੀਆਂ ਨੇ ਵੀ ਕਪੜੇ ਲਾਹ ਦਿੱਤੇ ਤੇ ਕਿਹਾ ਕਿ ਅਸੀਂ ਉਦੋਂ ਹੀ ਕਪੜੇ ਪਾਵਾਂਗੇ ਜਦੋਂ ਸਾਨੂੰ ਦਸਤਾਰਾਂ ਮਿਲਣਗੀਆਂ। ਇਹ 13 ਸਨ: ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ, ਗੰਡਾ ਸਿੰਘ ਕਨੇਡੀਅਨ ਹੁਸ਼ਿਆਰਪੁਰ, ਸੰਤੋਖ ਸਿੰਘ ਵਿਦਿਆਰਥੀ, ਊਧਮ ਸਿੰਘ ਹੁਸ਼ਿਆਰਪੁਰੀ, ਸੁੱਚਾ ਸਿੰਘ ਗਿਆਨੀ, ਹਰਦਿਤ ਸਿੰਘ, ਪ੍ਰਤਾਪ ਸਿੰਘ, ਕਿਸ਼ਨ ਸਿੰਘ ਹਕੀਮ, ਦਲੀਪ ਸਿੰਘ, ਸੱਯਦ ਮੌਲਾਨਾ ਮੁਹੰਮਦ ਇਸਮਾਈਲ ਗ਼ਜ਼ਨਵੀ, ਪੋਲੋ ਰਾਮ ਅਨੰਦਪੁਰੀ ਤੇ ਕਾਸ਼ੀ ਰਾਮ ਹਿਸਾਰੀ। ਇਸ ਤੋਂ ਬਾਅਦ ਖੜਕ ਸਿੰਘ ਤਿੰਨ ਸਾਲ ਤੋਂ ਵਧ ਜੇਲ੍ਹ ਵਿਚ ਰਹੇ ਅਤੇ ਜਿਸਮ 'ਤੇ ਕੋਈ ਕਪੜਾ ਨਾ ਪਾਇਆ (ਪਰ ਬਾਕੀ ਕੈਦੀਆਂ ਨੇ ਕਪੜੇ ਪਾ ਲਏ ਸਨ)। ਉਹ 1927 ਦੀਆਂ ਗਰਮੀਆਂ ਵਿਚ ਜੇਲ੍ਹ ਵਿਚੋਂ ਇਸੇ ਕਛਹਿਰੇ ਨਾਲ ਹੀ ਰਿਹਾ ਹੋਏ।

1977: ਅੰਦਰੂਨੀ ਐਮਰਜੰਸੀ ਦੇ ਖ਼ਿਲਾਫ਼ ਅਕਾਲੀ ਦਲ ਦਾ ਮੋਰਚਾ ਖ਼ਤਮ ਹੋਇਆ

ਇੰਦਰਾ ਗਾਂਧੀ ਦੇ ਖ਼ਿਲਾਫ਼ ਰਾਜ ਨਾਰਾਇਣ ਵਲੋਂ ਦਾਇਰ ਕੀਤੀ ਚੋਣ ਰਿਟ ਦਾ ਫ਼ੈਸਲਾ 12 ਜੂਨ 1975 ਦੇ ਦਿਨ ਸੁਣਾਇਆ ਗਿਆ ਤੇ ਇੰਦਰਾ ਦੀ ਚੋਣ ਰੱਦ ਕਰ ਦਿੱਤੀ ਗਈ। ਇੰਦਰਾ ਨੇ ਅਸਤੀਫ਼ਾ ਦੇਣ ਦੀ ਬਜਾਏ ਮੁਲਕ ਵਿਚ ਅੰਦਰੂਨੀ ਐਮਰਜੰਸੀ ਲਾਉਣ ਦਾ ਐਲਾਨ ਕਰ ਦਿੱਤਾ। 25 ਜੂਨ ਨੂੰ ਇੰਦਰਾ ਨੇ ਆਈਨ (ਵਿਧਾਨ) ਮੁਅੱਤਲ ਕਰ ਕੇ ਸਾਰੀ ਅਪੋਜ਼ੀਸ਼ਨ ਲੀਡਰਸ਼ਿਪ ਜੇਲ੍ਹਾਂ ਵਿਚ ਸੁੱਟ ਦਿੱਤੀ। ਗ੍ਰਿਫ਼ਤਾਰ ਕੀਤੇ ਇਨ੍ਹਾਂ ਆਗੂਆਂ ਵਿਚ ਕੋਈ ਵੀ ਅਕਾਲੀ ਨਹੀਂ ਸੀ। ਇਨ੍ਹਾਂ ਦਿਨਾਂ ਵਿਚ ਇੰਦਰਾ ਨੇ ਅਕਾਲੀਆਂ ਨਾਲ ਸਮਝੌਤਾ ਕਰਨ ਦੀ

ਕੋਸ਼ਿਸ਼ ਵੀ ਕੀਤੀ। ਕੁਝ ਆਗੂ (ਟੌਹੜਾ ਵਗ਼ੈਰਾ) ਉਸ ਨਾਲ ਮਿਲਵਰਤਣ ਵਾਸਤੇ ਤਿਆਰ ਹੋ ਗਏ ਪਰ ਦੂਜੇ ਪਾਸੇ ਕੁਝ ਆਗੂ (ਬਾਦਲ ਵਗ਼ੈਰਾ) ਇੰਦਰਾ ਦੇ ਮੁਖ਼ਾਲਿਫ਼ ਪਾਰਟੀਆਂ ਨਾਲ ਸਾਂਝ ਪਾਉਣਾ ਚਾਹੁੰਦੇ ਸਨ। 7 ਜੁਲਾਈ 1975 ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਇੰਦਰਾ ਦੀ ਮੁਖ਼ਾਲਿਫ਼ ਲਾਬੀ ਕਾਮਯਾਬ ਹੋ ਗਈ ਤੇ ਦਲ ਨੇ ਐਮਰਜੰਸੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਮਤਾ ਪਾਸ ਕਰ ਦਿੱਤਾ। 9 ਜੁਲਾਈ 1975 ਦੇ ਦਿਨ ਅਕਾਲੀ ਦਲ ਦੇ ਉਸ ਵੇਲੇ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸਾਬਕ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ, ਸੀਨੀਅਰ ਆਗੂ ਬਸੰਤ ਸਿੰਘ ਖਾਲਸਾ ਵਗ਼ੈਰਾ ਨੇ ਪਹਿਲਾ ਜਥਾ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਗ੍ਰਿਫ਼ਤਾਰੀ ਦਿੱਤੀ। ਇਹ ਮੋਰਚਾ ਐਮਰਜੰਸੀ ਖ਼ਤਮ ਹੋਣ ਤਕ (21 ਜਨਵਰੀ 1977 ਤਕ) ਤਕਰੀਬਨ ਡੇਢ ਸਾਲ ਚਲਦਾ ਰਿਹਾ। 21 ਜਨਵਰੀ 1977 ਦੇ ਦਿਨ ਐਮਰਜੰਸੀ ਹਟਾਏ ਜਾਣ ਮਗਰੋਂ 22 ਜਨਵਰੀ ਨੂੰ ਇਹ ਮੋਰਚਾ ਖ਼ਤਮ ਹੋਇਆ। ਇਸ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਜੱਥਿਆਂ ਵਿਚ 43472 ਲੋਕ ਸ਼ਾਮਿਲ ਹੋ।

1986: ਸਤਵੰਤ ਸਿੰਘ ਕਿਹਰ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ

31 ਅਕਤੂਬਰ 1984 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ, ਮਗਰੋਂ ਸ: ਬੇਅੰਤ ਸਿੰਘ ਤੇ ਸ: ਸਤਵੰਤ ਸਿੰਘ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਦੋਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਗੋਲੀਆਂ ਦੀ ਵਾਛੜ ਕੀਤੀ ਗਈ। ਇਨ੍ਹਾਂ ਗੋਲੀਆਂ ਨਾਲ ਬੇਅੰਤ ਸਿੰਘ ਦੀ ਮੌਤ ਹੋ ਗਈ ਤੇ ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। (ਸਤਵੰਤ ਸਿੰਘ ਨੂੰ ਮਗਰੋਂ ਬਚਾ ਲਿਆ ਗਿਆ)। ਬੇਅੰਤ ਸਿੰਘ ਨੂੰ ਮਾਰਨ ਮਗਰੋਂ ਉਸ ਦੀ ਲਾਸ਼ ਦਾ ਕੀਹ ਕੀਤਾ ਗਿਆ, ਇਸ ਬਾਰੇ ਕੋਈ ਨਹੀਂ ਜਾਣਦਾ, ਕਿਉਂਕਿ ਜੇ ਉਸ ਦਾ ਸਸਕਾਰ ਪੁਲੀਸ ਨੇ ਕੀਤਾ ਵੀ ਤਾਂ ਵੀ ਉਸ ਦੀਆਂ ਅਸਥੀਆਂ ਤਕ ਬੇਅੰਤ ਸਿੰਘ ਦੇ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ ਸਨ। ਇਸ ਕੇਸ ਵਿਚ ਇਕ ਹੋਰ ਸਿਪਾਹੀ ਬਲਬੀਰ ਸਿੰਘ ਤੇ ਕੇਹਰ ਸਿੰਘ (ਚਾਚਾ ਬੇਅੰਤ ਸਿੰਘ) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

6 ਜੂਨ 1985 ਨੂੰ ਇੰਦਰਾ ਕਤਲ ਦੀ ਸੁਣਵਾਈ ਸ਼ੁਰੂ ਹੋਈ ਤੇ 22 ਜਨਵਰੀ 1986 ਨੂੰ ਇਸ ਕੇਸ ਦਾ ਫ਼ੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਵੀਰ ਸਿੰਘ ਤੇ ਕੇਹਰ ਸਿੰਘ ਨੂੰ ਸਜ਼ਾ-ਇ-ਮੌਤ ਸੁਣਾਈ। ਇਹ ਆਮ ਚਰਚਾ ਸੀ ਕਿ ਇਸ ਮੁਕੱਦਮੇ ਦਾ ਫ਼ੈਸਲਾ ਰਾਜੀਵ ਦੀ ਕੋਠੀ ਵਿਚ ਲਿਖਿਆ ਗਿਆ ਸੀ। ਜੱਜ ਮਹੇਸ਼ ਚੰਦਰ ਫ਼ੈਸਲਾ ਪੜ੍ਹਦਿਆਂ ਥਥਲਾ ਰਿਹਾ ਸੀ ਤੇ ਉਹ ਲਿਖਿਆ ਹੋਇਆ ਫ਼ੈਸਲਾ ਪੜ੍ਹ ਕੇ ਇਕ ਦਮ ਸੀਟ ਤੋਂ ਉਠ ਗਿਆ ਤੇ ਘਬਰਾ ਕੇ ਆਪਣੇ ਘਰ ਚਲਾ ਗਿਆ।

1989: ਗੁਰਨਾਮ ਸਿੰਘ ਬਬਰ ਡੱਬਵਾਲੀ, ਸੁਖਵਿੰਦਰ ਸਿੰਘ ਮਾਸਟਰ ਡੱਬਣਵਾਲਾ, ਤੇ ਗੁਰਿੰਦਰ ਸਿੰਘ ਬਬਰ ਪਹਿਲਵਾਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਜਨਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਨਾਮ ਸਿੰਘ ਬਬਰ ਡੱਬਵਾਲੀ, ਸੁਖਵਿੰਦਰ ਸਿੰਘ ਮਾਸਟਰ ਡੱਬਣਵਾਲਾ, ਗੁਰਦਾਸਪੁਰ ਤੇ ਗੁਰਿੰਦਰ ਸਿੰਘ ਬਬਰ ਪਹਿਲਵਾਨ ਡੱਬਣਵਾਲ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਹਿੰਦਰ ਸਿੰਘ ਬਟਾਲਾ, ਹਰਭਜਨ ਸਿੰਘ, ਬਟਾਲਾ, ਗੁਰਸਾਹਿਬ ਸਿੰਘ ਮੱਤਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਮਹਿੰਦਰ ਸਿੰਘ ਬਟਾਲਾ, ਹਰਭਜਨ ਸਿੰਘ, ਬਟਾਲਾ, ਗੁਰਸਾਹਿਬ ਸਿੰਘ ਉਰਫ਼ ਇੰਦਰਪਾਲ ਸਿੰਘ (ਪੁੱਤਰ ਭਾਈ ਅਜੀਤ ਸਿੰਘ, ਮੱਤਿਆਲਾ, ਨੇੜੇ ਬਹੋੜੂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2004: ਬੁੜੈਲ ਜੇਲ੍ਹ ਵਿਚ ਸੁਰੰਗ ਬਣਾ ਕੇ ਖਾੜਕੂ ਫ਼ਰਾਰ ਹੋਏ

22 ਜਨਵਰੀ 2004 ਦੇ ਦਿਨ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਸੁਰੰਗ ਬਣਾ ਕੇ 3 ਖਾੜਕੂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਇਹ ਖਾੜਕੂ ਬੇਅੰਤ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤੇ ਹੋਏ ਸਨ: ਜਗਤਾਰ ਸਿੰਘ ਹਵਾਰਾ (ਵਾਸੀ ਹਵਾਰਾ ਕਲਾਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ), ਜਗਤਾਰ ਸਿੰਘ ਤਾਰਾ (ਵਾਸੀ ਪਿੰਡ ਦੇਗਵਾਲਾ ਰੋਪੜ) ਅਤੇ ਪਰਮਜੀਤ ਸਿੰਘ ਭਿਓਰਾ (ਵਾਸੀ ਪਿੰਡ ਭਿਓਰਾ, ਰੋਪੜ)। ਉਨ੍ਹਾਂ ਨਾਲ ਇਕ ਇਖ਼ਲਾਕੀ ਕੈਦੀ ਦੇਵ ਸਿੰਘ ਵੀ ਫ਼ਰਾਰ ਹੋ ਗਿਆ। ਉਨ੍ਹਾਂ ਨੇ ਢਾਈ ਫੁੱਟ ਚੌੜੀ, 14 ਫੁੱਟ ਡੂੰਘੀ ਅਤੇ 94 ਫੁੱਟ (ਇਕ ਸੋਮੇ ਮੁਤਾਬਿਕ 108 ਫੁੱਟ) ਲੰਮੀ ਸੁਰੰਗ ਇਕ ਸਾਲ ਵਿਚ ਬਣਾਈ ਸੀ। ਪਰ ਇਨ੍ਹਾਂ ਵਿਚੋਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਇਕ ਮਹੀਨੇ ਮਗਰੋਂ ਹੀ ਗ੍ਰਿਫ਼ਤਾਰ ਕਰ ਲਏ ਗਏ, ਪਰ ਜਗਤਾਰ ਸਿੰਘ ਤਾਰਾ ਕਦੇ ਵੀ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ। ਮਗਰੋਂ ਇਨ੍ਹਾਂ ਨੂੰ ਉਸ ਕਤਲ ਕੇਸ ਵਿਚ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਜਿਸ ਨੂੰ ਹਾਈ ਕੋਰਟ ਨੇ ਮਗਰੋਂ ਉਮਰ ਕੈਦ ਵਿਚ ਬਦਲ ਦਿੱਤਾ।

23 ਜਨਵਰੀ

1915: ਗ਼ਦਰੀਆਂ ਨੇ ਸਾਹਨੇਵਾਲ ਵਿਚ ਡਾਕਾ ਮਾਰਿਆ

23 ਜਨਵਰੀ 1915 ਦੇ ਦਿਨ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਹੇਠ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਸਾਹਨੇਵਾਲ (ਲੁਧਿਆਣਾ) ਵਿਚ ਇਕ ਵਪਾਰੀ ਦੇ ਘਰ 'ਤੇ ਧਾਵਾ ਬੋਲਿਆ। ਉਹ ਹਥਿਆਰ ਖ਼ਰੀਦਣ ਵਾਸਤੇ ਪੈਸੇ ਲੈਣਾ ਚਾਹੁੰਦੇ ਸਨ। ਉਨ੍ਹਾਂ ਘਰ ਵਿਚ ਦਾਖ਼ਿਲ ਹੋ ਕੇ ਪੈਸਿਆਂ ਦੀ ਮੰਗ ਕੀਤੀ ਪਰ ਜਦ ਉਸ ਨੇ ਕੁਝ ਨਾ ਦਿੱਤਾ ਤਾਂ ਉਨ੍ਹਾਂ ਬੀਬੀ ਸੋਭੀ ਦੇ ਪਤੀ ਦੀ ਕੁਟ-ਮਾਰ ਕੀਤੀ ਅਤੇ ਅਖ਼ੀਰ ਉਨ੍ਹਾਂ ਦੇ ਘਰ ਪਏ ਗਹਿਣੇ ਲੱਭ ਕਢੇ। ਇਸ ਮਗਰੋਂ ਉਹ ਗਹਿਣ ਲੈ ਕੇ ਚਲ ਪਏ। ਇਸ ਦੌਰਾਨ ਇਕ ਅਜੀਬ ਘਟਨਾ ਹੋਈ। ਸਰਾਭਾ ਦੇ ਇਕ ਸਾਥੀ ਨੇ ਬੀਬੀ ਸੋਭੀ ਦੀ ਕੁੜੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਰਾਭਾ ਨੇ ਉਸ ਨੂੰ ਅਜਿਹਾ ਕਰਦਾ ਵੇਖ ਲਿਆ; ਸਰਾਭਾ ਨੇ ਉਸ ਦੀ ਪਿਸਤੌਲ ਖੋਹ ਲਈ ਤੇ ਕਿਹਾ ਕਿ ਉਹ ਉਸ ਕੁੜੀ ਨੂੰ ਭੈਣ ਬਣਾ ਲਵੇ ਨਹੀਂ ਤਾਂ ਉਹ ਉਸ ਨੂੰ ਗੋਲੀ ਮਾਰ ਦੇਵੇਗਾ; ਉਹ ਮੰਨ ਗਿਆ ਤੇ ਉਸ ਨੂੰ ਭੈਣ ਕਹਿ ਕੇ ਉਸ ਤੋਂ ਮੁਆਫ਼ੀ ਮੰਗੀ ਤਾਂ ਸਰਾਭਾ ਨੇ ਉਸ ਨੂੰ ਮੁਆਫ਼ ਕਰ ਦਿੱਤਾ। ਜਦ ਉਹ ਚੱਲਣ ਲੱਗੇ ਤਾਂ ਬੀਬੀ ਸੋਭੀ ਨੇ ਕਿਹਾ ਕਿ ਮੈਂ ਇਹ ਗਹਿਣੇ ਆਪਣੀ ਧੀ ਦੇ ਵਿਆਹ ਵਾਸਤੇ ਰੱਖੇ ਹੋਏ ਸਨ ਤਾਂ ਸਰਾਭਾ ਰੁਕ ਗਿਆ ਅਤੇ ਕਿਹਾ ਚੰਗਾ ਬੀਬੀ ਇਸ ਵਿਚੋਂ ਕੁਝ ਤੂੰ ਰੱਖ ਲੈ ਕੁਝ ਸਾਨੂੰ ਹਥਿਆਰ ਖ਼ਰੀਦਣ ਵਾਸਤੇ ਦੇ ਦੇ। ਇਹ ਸੀ ਇਖ਼ਲਾਕ ਸੱਚੇ ਖਾੜਕੂਆਂ ਤੇ ਇਨਕਲਾਬੀਆਂ ਦਾ।

1949: ਡਾ: ਅੰਬੇਦਕਰ ਨੇ ਅਕਾਲੀਆਂ ਨੂੰ ਪੰਜਾਬੀ ਸੂਬੇ ਦੀ ਮੰਗ ਕਰਨ ਦੀ ਸਲਾਹ ਦਿੱਤੀ

ਅੰਗਰੇਜ਼ਾਂ ਦੇ ਜਾਣ ਮਗਰੋਂ ਨਵੇਂ ਹਿੰਦੂ ਹਾਕਮਾਂ ਨੇ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਗਵਰਨਰ ਚੰਦੂ ਲਾਲ ਤਿਰਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੂਲਰ ਜਾਰੀ ਕੀਤਾ ਕਿ "Sikhs as a community are a lawless people and are a menace to the law-abiding Hindus in the province, Deputy Commissioners should take special measures against them." (ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਵਾਸਤੇ ਖ਼ਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਦੇ ਖ਼ਿਲਾਫ਼ ਖਾਸ ਕਦਮ ਚੁਕਣੇ ਚਾਹੀਦੇ ਹਨ)। ਸਿੱਖ ਆਗੂ ਇਸ ਸਮੇਂ ਸੋਚ ਵੀ ਨਾ ਸਕੇ ਕਿ ਭਾਰਤ ਵਿਚ ਡੈਮੋਕਰੇਸੀ ਦੇ ਨਾਅਰੇ ਹੇਠਾਂ ਘਟ-ਗਿਣਤੀਆਂ ਨੂੰ ਦੁਬੇਲ ਬਣਾਉਣ ਜਾਂ ਅਖੌਤੀ-ਸੈਕੂਲਰਿਜ਼ਮ ਦੇ ਨਾਂ ਹੇਠ ਘਟ ਗਿਣਤੀ ਧਰਮ ਨੂੰ ਖ਼ਤਮ ਕਰਨ ਦੀ ਸਾਜਿਸ਼ ਹੋਵੇਗੀ। ਬਹੁਗਿਣਤੀ ਦੀ ਬੋਲੀ, ਧਰਮ ਅਤੇ ਕੌਮੀਅਤ ਦੇ ਅਸਰ ਹੇਠਾਂ ਸਿੱਖ ਕੌਮ ਨੂੰ ਇਕ ਤਰੀਕੇ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਸਿੱਖਾਂ ਦੀ ਇਕੋ-ਇਕ, ਵਾਹਿਦ ਨੁਮਾਇੰਦਾ ਜਥੇਬੰਦੀ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਸੀ। ਸਵਰਨ ਸਿੰਘ, ਉੱਜਲ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਫੇਰੂਮਾਨ ਵਗ਼ੈਰਾ ਹੋਰ ਮੌਕਾ-ਪ੍ਰਸਤਾਂ ਵਾਂਗੂ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਜਾ ਕੇ ਅਹੁਦਿਆਂ ਦੀ ਇੰਤਜ਼ਾਰ ਕਰ ਰਹੇ ਸਨ ਜਾਂ ਹਾਸਿਲ ਕਰ ਚੁਕੇ ਸਨ। ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਵਾਸਤੇ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਫੁਟ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਬਾਵਾ ਬਚਿੱਤਰ ਸਿੰਘ ਹਾਜ਼ਰ ਸਨ। ਹਾਲਾਂਕਿ ਇਨ੍ਹਾਂ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਨੇ ਇਕ ਪ੍ਰੈਸ ਕਾਨਫ਼ਰੰਸ ਵਿਚ ਇਹ ਵੀ ਕਿਹਾ ਕਿ ਅਕਾਲੀ ਦਲ ਵਖਰੀ ਹੋਂਦ ਕਾਇਮ ਰਖੇਗਾ।

ਅਕਾਲੀ ਦਲ ਨੇ ਆਪਣੇ ਐਮ.ਐਲ.ਏਜ਼. ਨੂੰ ਕਾਂਗਰਸ ਵਿਚ ਭੇਜ ਤਾਂ ਦਿੱਤਾ ਪਰ ਫ਼ਿਰਕੂ ਹਿੰਦੂਆਂ ਦੀ ਸੋਚ ਅਜੇ ਉਵੇਂ ਦੀ ਉਵੇਂ ਹੀ ਸੀ। ਇਸ ਦਾ ਪਤਾ ਗੁਰਬਚਨ ਸਿੰਘ ਬਾਜਵਾ ਅਤੇ ਜਗਜੀਤ ਸਿੰਘ ਮਾਨ (ਐਮ.ਐਲ.ਏਜ਼) ਦੀਆਂ ਅਸੈਂਬਲੀ ਤਕਰੀਰਾਂ ਅਤੇ ਊਧਮ ਸਿੰਘ ਨਾਗੋਕੇ ਦੇ ਬਿਆਨਾਂ ਤੋਂ ਲਗਦਾ ਹੈ। ਊਧਮ ਸਿੰਘ ਨਾਗੋਕੇ ਨੇ ਇਕ ਬਿਆਨ 'ਚ ਕਾਂਗਰਸ ਸਰਕਾਰ 'ਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਸੀ ਕਿ ''ਪੰਜਾਬ ਵਿਚ 72 ਤੋਂ 96% ਤਕ ਗਜ਼ਟਡ ਆਫ਼ੀਸਰ ਹਿੰਦੂ ਹਨ ਅਤੇ ਉਹ ਸਿੱਖਾਂ ਨਾਲ ਆਮ ਕਰ ਕੇ, ਅਤੇ ਸਿੱਖ ਮੁਲਾਜ਼ਮਾਂ ਨਾਲ ਖ਼ਾਸ ਕਰ ਕੇ, ਬੇਹੱਦ ਵਿਤਕਰਾ ਕਰਦੇ ਹਨ।'' ਇਸ ਹਾਲਤ ਨੂੰ ਪੈਦਾ ਕਰਨ ਵਿਚ ਵਧੇਰੇ ਹਥ ਮਹਾਸ਼ਾ ਪਰੈਸ ਦਾ ਸੀ ਜਿਸ ਨੇ ਤਾਂ ਇਕ ਵਾਰ ਏਥੋਂ ਤਕ ਵੀ ਲਿਖਿਆ ਕਿ 'ਸਿੱਖ ਧਰਮ ਦੀ ਨੀਂਹ ਗੁਰੂ ਗੋਬਿੰਦ ਸਿੰਘ ਨੇ ਮੁਸਲਮਾਨਾਂ ਨਾਲ ਲੜਨ ਵਾਸਤੇ ਰੱਖੀ ਸੀ ਅਤੇ ਹੁਣ ਮੁਸਲਮਾਨ ਜਾ ਚੁਕੇ ਹਨ ਅਤੇ ਸਿੱਖਾਂ ਦੀ, ਇਸ ਕਰ ਕੇ, ਕੋਈ ਲੋੜ ਨਹੀਂ ਹੈ।'

ਇਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਇਕ ਆਲ ਪਾਰਟੀ ਸਿੱਖ ਕਾਨਫ਼ਰੰਸ ਪ੍ਰਿੰਸੀਪਲ ਤੇਜਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਗ ਕੀਤੀ ਗਈ ਕਿ ਸਿੱਖਾਂ ਨਾਲ ਸਿਵਲ

ਮਹਿਕਮਿਆਂ ਤੇ ਮਿਲਟਰੀ ਵਿਚ ਸਿੱਖਾਂ ਨਾਲ ਨੌਕਰੀਆਂ, ਤਰੱਕੀਆਂ ਵਿਚ ਹੋ ਰਹੇ ਵਿਤਕਰਿਆਂ ਦੀ ਪੜਤਾਲ ਵਾਸਤੇ ਇਕ ਨਿਰਪੱਖ ਕਮਿਸ਼ਨ ਬਣਾਇਆ ਜਾਵੇ। ਇਹੋ ਜਿਹੇ ਹਾਲਾਤ ਵਿਚ ਸਾਰੇ ਅਕਾਲੀ ਐਮ.ਐਲ.ਏਜ਼. ਨੇ, ਗਿਆਨੀ ਕਰਤਾਰ ਸਿੰਘ ਦੀ ਸਰਪਰਸਤੀ ਹੇਠਾਂ, ਕਾਂਗਰਸ ਦੇ ਫ਼ਾਰਮ ਭਰ ਦਿਤੇ ਸਨ। ਹੁਣ ਅਕਾਲੀ ਐਮ.ਐਲ.ਏਜ਼. ਪੰਥ ਦੀ ਗੱਲ ਕਰਨ ਜੋਗੇ ਵੀ ਨਹੀਂ ਸਨ ਰਹੇ ਕਿਉਂਕਿ ਉਨ੍ਹਾਂ ਨੂੰ ਕਾਂਗਰਸ ਦੇ ਜ਼ਾਬਤੇ ਹੇਠ ਰਹਿਣਾ ਪੈਣਾ ਸੀ ਜਾਂ ਪਾਰਟੀ ਛੱਡਣੀ ਪੈਣੀ ਸੀ।

ਇਸੇ ਸਮੇਂ 24 ਫ਼ਰਵਰੀ 1948 ਨੂੰ ਘਟ ਗਿਣਤੀਆਂ ਦੀ ਕਮੇਟੀ ਅਤੇ ਬੁਨਿਆਦੀ ਹੱਕਾਂ ਦੀ ਕਮੇਟੀ ਨੇ ਇਕ ਸਬ-ਕਮੇਟੀ ਬਣਾਈ। ਇਸ ਵਿਚ ਨਹਿਰੂ, ਪਟੇਲ, ਅੰਬੇਦਕਰ, ਡਾ. ਰਜਿੰਦਰ ਪ੍ਰਸਾਦ ਅਤੇ ਕੇ.ਐਮ. ਮੁਨਸ਼ੀ ਸਨ। ਇਸ ਕਮੇਟੀ ਨੇ 23 ਨਵੰਬਰ 1948 ਦੇ ਦਿਨ ਸਿੱਖਾਂ ਨੂੰ ਕੋਈ ਖ਼ਾਸ ਹਕੂਕ (Special minority Rights) ਨਾ ਦੇਣ ਦੀ ਹਿਮਾਇਤ ਕੀਤੀ।

23 ਜਨਵਰੀ 1949 ਦੇ ਦਿਨ ਕੁਝ ਸਿੱਖ ਆਗੂ ਡਾ: ਅੰਬੇਦਕਰ ਨੂੰ ਮਿਲੇ ਤੇ ਸਿੱਖਾਂ ਦੀ ਹਾਲਤ ਬਾਰੇ ਗੱਲਬਾਤ ਕੀਤੀ; ਉਸ ਨੇ ਅਕਾਲੀਆਂ ਨੂੰ ਪੰਜਾਬੀ ਸੂਬੇ ਦੀ ਮੰਗ ਕਰਨ ਦੀ ਸਲਾਹ ਦਿੱਤੀ ਤੇ ਕਿਹਾ ਕਿ ਇਸ ਨਾਲ ਘਟੋ ਘਟ ਉਹ ਇਕ ਸੂਬੇ ਵਿਚ ਤਾਂ ਤਾਕਤ ਵਿਚ ਆ ਜਾਣਗੇ ਤੇ ਸਿੱਖਾਂ ਨਾਲ ਧੱਕਾ ਰੋਕ ਸਕਣਗੇ।

1987: ਬੋਹੜ ਸਿੰਘ ਬੋਹੜ ਤੇ ਸੁੱਖਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

23 ਜਨਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਬੋਹੜ ਸਿੰਘ ਬੋਹੜ ਤੇ ਸੁੱਖਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਦੀਪ ਸਿੰਘ ਅੰਮ੍ਰਿਤਧਾਰੀ ਬਡਹੀ, ਨਕਲੀ ਮੁਕਾਬਲੇ ਵਿਚ ਸ਼ਹੀਦ

23 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਹਰਦੀਪ ਸਿੰਘ ਅੰਮ੍ਰਿਤਧਾਰੀ (ਪੁੱਤਰ ਭਾਈ ਮੋਹਣ ਸਰਪੰਚ ਬਡਹੀ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਤਨਾਮ ਸਿੰਘ ਸੱਤਾ ਤਾਰਾਗੜ੍ਹ, ਰਸਲ ਸਿੰਘ ਠੱਠੀ ਜੈਮਲ ਸਿੰਘ, ਗੁਰਮੇਜ ਸਿੰਘ ਸਖੀਰਾ, ਅਨਵਰ ਸਿੰਘ ਕਲਸ, ਕਸ਼ਮੀਰ ਸਿੰਘ ਖਾਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਸੱਤਾ (ਤਾਰਾਗੜ੍ਹ, ਗੁਰਦਾਸਪੁਰ), ਰਸਲ ਸਿੰਘ (ਠੱਠੀ ਜੈਮਲ ਸਿੰਘ), ਗੁਰਮੇਜ ਸਿੰਘ (ਸਖੀਰਾ, ਅੰਮ੍ਰਿਤਸਰ), ਅਨਵਰ ਸਿੰਘ ਕਲਸ, ਕਸ਼ਮੀਰ ਸਿੰਘ ਖਾਰਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਸਵਿਟਜ਼ਰਲੈਂਡ ਵਿਚ ਖ਼ਾਲਿਸਤਾਨ ਦਾ ਝੰਡਾ ਲਹਿਰਾਇਆ

23 ਜਨਵਰੀ 1993 ਦੇ ਦਿਨ ਡਾ ਗੁਰਮੀਤ ਸਿੰਘ ਔਲਖ, ਪਰਮਜੀਤ ਸਿੰਘ ਅਜਰਾਵਤ ਅਤੇ ਭੁਪਿੰਦਰ ਸਿੰਘ ਨੇ ਸਵਿਟਜ਼ਰਲੈਂਡ ਵਿਚ "ਅਨਰੈਪਰੀਜ਼ੈਂਟਡ ਨੇਸ਼ਨ

ਆਰਗੇਨਾਈਜ਼ੇਸ਼ਨ" ਦੇ ਮੈਂਬਰ ਬਣਨ 'ਤੇ ਉਨ੍ਹਾਂ ਦੇ ਸਕਤਰੇਤ ਵਿਚ ਖਾਲਿਸਤਾਨ ਦਾ ਝੰਡਾ ਲਹਿਰਾਇਆ।

2012: ਹਰਿਆਣਾ ਵਿਚ ਚਿੱਲੜ ਹੌਂਦ ਵਿਚ ਖ਼ੂਨੀ ਨਵੰਬਰ 1984 ਵਿਚ 42 ਸਿੱਖਾਂ ਨੂੰ ਕਤਲ ਕਰਨ ਦਾ ਪਤਾ ਲੱਗਾ

23 ਜਨਵਰੀ 2011 ਦੇ ਦਿਨ ਗੁੜਗਾਉਂ ਦੇ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਹਰਿਆਣਾ ਦੇ ਪਿੰਡ ਚਿਲੜ ਹੌਂਦ ਵਿਚ ਖ਼ੂਨੀ ਨਵੰਬਰ 1984 ਦੌਰਾਨ 2 ਨਵੰਬਰ ਦੇ ਦਿਨ 32 ਸਿੱਖਾਂ ਦੇ ਕਤਲੇਆਮ ਦਾ ਮਾਮਲਾ ਉਜਾਗਰ ਕੀਤਾ। ਇਸ ਦਿਨ ਹਿੰਦੂ ਦਹਿਸ਼ਤਗਰਦ ਕਾਂਗਰਸੀਆਂ ਨੇ ਸਰਕਾਰੀ ਬੱਸਾਂ ਵਿਚ ਆ ਕੇ ਸਿੱਖਾਂ ਨੂੰ ਤੇਲ ਪਾ ਕੇ ਜਿਊਂਦਿਆਂ ਨੂੰ ਸਾੜ ਦਿੱਤਾ ਤੇ ਉਨ੍ਹਾਂ ਦੇ ਘਰ ਲੁੱਟ ਲਏ। ਇਨ੍ਹਾਂ ਦਹਿਸ਼ਤਗਰਦਾਂ ਨੂੰ ਚੀਫ਼ ਮਨਿਸਟਰ ਭਜਨ ਲਾਲ ਦੀ ਹਿਮਾਇਤ ਹਾਸਿਲ ਸੀ। ਮਗਰੋਂ ਮਨਵਿੰਦਰ ਸਿੰਘ ਗਿਆਸਪੁਰਾ ਨੇ ਪਟੌਦੀ ਅਤੇ ਕੁਝ ਹੋਰ ਪਿੰਡਾਂ ਵਿਚ ਹੋਏ ਸਿੱਖਾਂ ਦੇ ਕਤਲੇਆਮ ਜ਼ਾਹਰ ਕੀਤੇ।

2014: ਬੇਅੰਤ ਕਤਲ ਕੇਸ ਵਿਚ ਸਜ਼ਾ ਯਾਫ਼ਤਾ 28 ਦਿਨ ਦੀ ਪੈਰੋਲ ਪੂਰੀ ਕਰਨ ਮਗਰੋਂ ਗੁਰਮੀਤ ਸਿੰਘ ਸ਼ੇਰਾ 23 ਜਨਵਰੀ 2014 ਦੇ ਦਿਨ ਵਾਪਿਸ ਬੁੜੈਲ ਜੇਲ੍ਹ ਪੁੱਜ ਗਿਆ।

24 ਜਨਵਰੀ

1921: ਸ਼੍ਰੋਮਣੀ ਅਕਾਲੀ ਦਲ ਜਥੇਬੰਦੀ ਕਾਇਮ ਹੋਈ; ਸਰਮੁਖ ਸਿੰਘ ਝਬਾਲ ਪਹਿਲੇ ਪ੍ਰਧਾਨ ਬਣੇ

'ਗੁਰਦੁਆਰਾ ਸੇਵਕ ਦਲ' ਜਾਂ 'ਅਕਾਲੀ ਦਲ' ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਪਹਿਲਾ ਇਕੱਠ 14 ਦਸੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ। ਇਸ ਇਕੱਠ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ: 'ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝਟ-ਪਟ ਕੀਤਾ ਜਾਵੇ ਅਤੇ ਇਸ ਲਈ ਹਰ ਇਕ ਦੀ ਕੁਰਬਾਨੀ ਦੀ ਲੋੜ ਹੈ। ਸੋ ਇਸ ਤਰ੍ਹਾਂ ਕੀਤਾ ਜਾਵੇ ਕਿ ਅਕਾਲੀ ਦਲ ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘੱਟੋ-ਘੱਟ ਇਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਿਥੇ ਹਰ ਵੇਲੇ 100 ਸਿੰਘ ਹਾਜ਼ਰ ਰਹਿਣ ਅਤੇ ਜਿੱਥੇ ਜਿਤਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਸ ਦੀਆਂ ਸ਼ਾਖਾ ਬਣਾਈਆਂ ਜਾਣ।' ਇਸ 'ਤੇ ਇਕੱਠ ਨੇ ਇਕ-ਰਾਇ ਨਾਲ ਮਤਾ ਪਾਸ ਕੀਤਾ ਕਿ 23 ਜਨਵਰੀ ਨੂੰ ਸੰਗਤਾਂ ਤਖ਼ਤ ਅਕਾਲ ਬੁੰਗੇ ਹੁੰਮ-ਹੁੰਮਾ ਕੇ ਆਉਣ ਤੇ ਜਥਾ ਕਾਇਮ ਕੀਤਾ ਜਾਵੇ। ਵਿਚ 23 ਜਨਵਰੀ 1921 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਸ ਇਕੱਠ ਵਿਚ ਜਥੇਬੰਦੀ ਦਾ ਨਾਂ ਮਨਜ਼ੂਰ ਕਰਨਾ ਸੀ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਇਹ ਮੀਟਿੰਗ ਦੋ ਦਿਨ ਚੱਲੀ। ਇਸ ਮੀਟਿੰਗ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ "ਗੁਰਦੁਆਰਾ ਸੇਵਕ ਦਲ" ਰੱਖਿਆ ਜਾਵੇ ਪਰ ਅਖ਼ੀਰ ਇਸ ਦਾ ਨਾਂ 'ਅਕਾਲੀ ਦਲ' ਹੀ ਸਭ ਨੇ ਮਨਜ਼ੂਰ ਕੀਤਾ। 24 ਜਨਵਰੀ 1921 ਦੇ ਦਿਨ ਇਸ ਦਲ ਦੇ ਪਹਿਲੇ ਜਥੇਦਾਰ ਸਰਮੁਖ ਸਿੰਘ ਝਬਾਲ ਚੁਣੇ ਗਏ।

1928: ਸੈਂਟਰਲ ਸਿੱਖ ਐਸੋਸੀਏਸ਼ਨ ਬਣੀ

ਸਾਈਮਨ ਕਮਿਸ਼ਨ ਦੇ ਆਉਣ 'ਤੇ ਖਾੜਕੂ-ਸੁਰ ਵਾਲੇ ਅਕਾਲੀ ਆਗੂ ਕਾਂਗਰਸ ਨਾਲ ਰਲ ਕੇ ਇਸ ਕਮਿਸ਼ਨ ਦੇ ਖ਼ਿਲਾਫ਼ ਮੁਜ਼ਾਹਰੇ ਕਰ ਰਹੇ ਸਨ ਤੇ ਦੂਜੇ ਪਾਸੇ ਚੀਫ਼ ਖਾਲਸਾ ਦੀਵਾਨ ਅਤੇ ਇਸ ਦੇ ਹਿਮਾਇਤੀਆਂ ਨੇ ਸਾਈਮਨ ਕਮਿਸ਼ਨ ਕੋਲ ਪੇਸ਼ ਹੋ ਕੇ ਸਿੱਖਾਂ ਦਾ ਪੱਖ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਦੀ ਇਕ ਮੀਟਿੰਗ 24 ਜਨਵਰੀ 1928 ਦੇ ਦਿਨ ਰਾਜਾਸਾਂਸੀ (ਅੰਮ੍ਰਿਤਸਰ) ਵਿਚ ਲੈਫ਼ਟੀਨੈਂਟ ਕਰਨਲ ਰਘੁਬੀਰ ਸਿੰਘ ਦੇ ਸੱਦੇ 'ਤੇ ਹੋਈ। ਇਸ ਵਿਚ ਸਰ ਜੋਗਿੰਦਰਾ ਸਿੰਘ (ਜ਼ਰਾਇਤ ਵਜ਼ੀਰ, ਪੰਜਾਬ) ਤੋਂ ਇਲਾਵਾ ਪੰਜਾਬ ਕੌਂਸਲ ਦੇ ਕੁਝ ਸਿੱਖ ਮੈਂਬਰ ਅਤੇ ਚੀਫ਼ ਖਾਲਸਾ ਦੀਵਾਨ ਦੇ ਕੁਝ ਆਗੂ ਸ਼ਾਮਿਲ ਹੋਏ। ਇਨ੍ਹਾਂ ਨੇ ਇਸ ਮੀਟਿੰਗ ਵਿਚ ''ਸੈਂਟਰਲ ਸਿੱਖ ਐਸੋਸੀਏਸ਼ਨ'' ਨਾਂ ਦੀ ਜਥੇਬੰਦੀ ਬਨਾਉਣ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚੋਂ ਕਈ ਆਗੂ ਪਹਿਲੋਂ ''ਸੈਂਟਰਲ ਸਿੱਖ ਲੀਗ'' ਨਾਲ ਵੀ ਸਬੰਧਤ ਸਨ ਪਰ ਅਕਤੂਬਰ 1920 ਵਿਚ ਉਸ 'ਤੇ ਖਾੜਕੂ ਅਕਾਲੀ ਧੜੇ ਦਾ ਕਬਜ਼ਾ ਹੋ ਜਾਣ ਮਗਰੋਂ ਇਹ ਲੋਕ ਉਸ ਤੋਂ ਦੂਰ ਹੋ ਗਏ ਸਨ ਤੇ ਉਨ੍ਹਾਂ ਨੇ ਇਸ ਦੇ ਮੁਕਾਬਲੇ 'ਤੇ ਇਹ ਜਥੇਬੰਦੀ ਬਣਾਈ ਗਈ ਸੀ। ਇਸ ਮੀਟਿੰਗ ਨੇ ਫ਼ੈਸਲਾ ਕੀਤਾ ਕਿ ਸਾਈਮਨ ਕਮਿਸ਼ਨ ਕੋਲ ਪੇਸ਼ ਹੋ ਕੇ ਸਿੱਖਾਂ ਦਾ ਪੱਖ ਜ਼ਰੂਰ ਪੇਸ਼ ਕੀਤਾ ਜਾਵੇ। ਇਸ ਸਬੰਧ ਵਿਚ ਪਾਸ ਕੀਤਾ ਗਿਆ ਕਿ ''ਅਸੀਂ ਇਸ ਸੂਬੇ ਵਿਚ ਜ਼ਮੀਨ ਦੇ ਬਹੁਤ ਵੱਡੇ ਹਿੱਸੇ ਦੇ ਮਾਲਿਕ ਹਾਂ ਅਤੇ ਸਰਕਾਰ ਨੂੰ ਤੀਜੇ ਹਿੱਸੇ ਤੋਂ ਵੱਧ ਲਗਾਨ ਦੇਂਦੇ ਹਾਂ। ਬਰਤਾਨੀਆਂ ਦੀ ਭਾਰਤ ਵਿਚ ਫ਼ੌਜੀ ਤਵਾਰੀਖ਼ ਵਿਚ ਵੀ ਸਾਡਾ ਰਿਕਾਰਡ ਬੇਮਿਸਾਲ ਹੈ। ਮੁਲਕ ਨਾਲ ਵਫ਼ਾਦਾਰੀ ਅਤੇ ਸਾਡੀਆਂ ਕੁਰਬਾਨੀਆਂ ਕਰ ਕੇ ਖ਼ਾਸ ਸਹੂਲਤਾਂ ਸਬੰਧੀ ਸਾਡਾ ਦਾਅਵਾ ਸਹੀ ਹੈ।'' ਇਸ ਮੀਟਿੰਗ ਵਿਚ ਇਹ ਮੰਗ ਵੀ ਕੀਤੀ ਗਈ ਕਿ ਸਿੱਖਾਂ ਨੂੰ ਸੈਂਟਰ ਅਤੇ ਸੂਬਾਈ ਵਜ਼ਾਰਤਾਂ ਵਿਚ ਹਿੱਸਾ ਦਿਤਾ ਜਾਵੇ ਅਤੇ ਵਾਇਸਰਾਏ ਦੀ ਕੌਂਸਲ ਵਿਚ ਵੀ ਇਕ ਸਿੱਖ ਸ਼ਾਮਿਲ ਕੀਤਾ ਜਾਵੇ। ਉਂਞ ਇਸ ਮੀਟਿੰਗ ਨੇ ਵੀ, ਕਾਂਗਰਸ ਤੇ ਅਕਾਲੀ ਦਲ ਵਾਂਗ, ਇਸ ਕਮਿਸ਼ਨ ਵਿਚ ਕਿਸੇ ਭਾਰਤੀ ਨੂੰ ਸ਼ਾਮਿਲ ਨਾ ਕਰਨ ਤੇ ਰੋਸ ਜ਼ਾਹਿਰ ਕੀਤਾ।

1960: ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦੇ 140 ਵਿਚੋਂ 129 ਮੈਂਬਰਾਂ ਅਤੇ ਦਸ ਹਜ਼ਾਰ ਸੰਗਤ ਨੇ ਹਾਜ਼ਰ ਹੋ ਕੇ ਪੰਜਾਬੀ ਸੂਬਾ ਹਾਸਿਲ ਕਰਨ ਵਾਸਤੇ ਜੱਦੋਜਹਿਦ ਕਰਨ ਦਾ ਗੁਰਮਤਾ ਕੀਤਾ

17 ਜਨਵਰੀ 1960 ਨੂੰ ਹੋਈਆਂ ਗੁਰਦੁਆਰਾ ਚੋਣਾਂ ਵਿਚ ਅਕਾਲੀ ਦਲ ਨੇ 140 ਵਿਚੋਂ 137 ਅਤੇ ਸਾਧ ਸੰਗਤ ਬੋਰਡ ਨੇ 3 ਸੀਟਾਂ ਜਿਤੀਆਂ। ਦੇਸ਼ ਭਗਤ ਪਾਰਟੀ ਦਾ ਬਿਲਕੁਲ ਸਫ਼ਾਇਆ ਹੋ ਗਿਆ।ਕਿਉਂਕਿ ਅਕਾਲੀ ਦਲ ਨੇ ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ ਇਸ ਕਰ ਕੇ ਦਲ ਨੇ ਕੀਤੇ ਵਾਅਦੇ ਮੁਤਾਬਿਕ 24 ਜਨਵਰੀ 1960 ਦੇ ਦਿਨ ਪੰਜਾਬੀ ਸੂਬੇ ਦੀ ਕਾਇਮੀ ਲਈ ਮੋਰਚੇ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 129 ਮੈਂਬਰਾਂ ਨੇ ਇਸ ਦਿਨ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਕੀਤਾ ਕਿ ਉਹ ਪੰਜਾਬੀ ਸੂਬੇ ਵਾਸਤੇ ਜਾਨਾਂ ਤੱਕ ਵਾਰ ਦੇਣਗੇ। ਇਸ ਪ੍ਰਣ ਕਰਨ ਵੇਲੇ ਦਸ ਹਜ਼ਾਰ ਸਿੱਖ ਹਾਜ਼ਰ ਸਨ।

1986: ਦਿੱਲੀ ਪੁਲਸ ਦੀ ਕੈਦ ਵਿਚ ਦਲਜੀਤ ਸਿੰਘ ਦੀ ਮੌਤ। 26 ਜਨਵਰੀ ਨੂੰ ਕਾਤਲ ਥਾਣੇਦਾਰ ਅਮੋਦ ਕਾਂਤ ਨੂੰ ਬਹਾਦਰੀ ਦਾ ਪੁਲਸ ਮੈਡਲ ਦਿੱਤਾ ਗਿਆ

ਦਿੱਲੀ ਪੁਲੀਸ ਨੇ 24 ਜਨਵਰੀ ਨੂੰ ਇਕ ਸਿੱਖ ਦਲਜੀਤ ਸਿੰਘ ਨੂੰ ਤਸੀਹੇ ਦੇ-ਦੇ ਕੇ ਹਿਰਾਸਤ ਵਿਚ ਮਾਰ ਦਿਤਾ। ਉਸ ਨੂੰ 21 ਜਨਵਰੀ ਨੂੰ ਅਨੰਦ ਪਰਬਤ ਇਲਾਕੇ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ। 26 ਜਨਵਰੀ ਨੂੰ ਦਿੱਲੀ 'ਚ ਰੀਪਬਲਿਕ ਡੇਅ 'ਤੇ ਸਿਖਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਪੁਲੀਸ ਮੈਡਲ ਦਿਤੇ ਗਏ। ਇਨ੍ਹਾਂ ਵਿਚ 24 ਜਨਵਰੀ ਨੂੰ ਦਲਜੀਤ ਸਿੰਘ ਨੂੰ ਤਸੀਹੇ ਦੇ ਕੇ ਮਾਰਨ ਵਾਲਾ ਪੁਲਸੀਆ ਅਮੰਦ ਕਾਂਤ ਵੀ ਸੀ। ਦਿੱਲੀ ਪੁਲੀਸ ਨੇ ਮਈ 1985 ਤੋਂ ਜਨਵਰੀ 1986 ਤਕ ਚਾਰ ਸਿੱਖ ਤਸੀਹੇ ਦੇ ਦੇ ਕੇ ਪੁਲੀਸ ਹਿਰਾਸਤ 'ਚ ਮਾਰੇ ਸਨ। ਸਭ ਤੋਂ ਪਹਿਲਾ ਮਨਮੋਹਨ ਸਿੰਘ 'ਭਾਪਾ' ਸੀ ਜਿਸ ਨੂੰ ਟਰਾਂਜ਼ਿਸਟਰ ਬੰਬ ਕੇਸ 'ਚ ਫੜਿਆ ਗਿਆ ਸੀ।

1990: ਫ਼ੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਦਾ ਕਤਲ

24 ਜਨਵਰੀ 1990 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੂੰ ਕਤਲ ਕਰ ਦਿੱਤਾ ਗਿਆ। ਇਹ ਕਤਲ ਦਲਜੀਤ ਸਿੰਘ ਬਿੱਟੂ ਫ਼ੈਡਰੇਸ਼ਨ ਨੇ ਕੀਤਾ ਸੀ। ਉਹ ਨਹੀਂ ਸੀ ਚਾਹੁੰਦੇ ਕਿ ਸੰਧੂ 'ਖਾਲਸਾ ਪੰਚਾਇਤਾਂ' ਬਣਾ ਕੇ ਆਗੂ ਬਣ ਜਾਵੇ। ਸੰਧੂ ਦੇ ਰੋਲ ਬਾਰੇ ਹਮੇਸ਼ਾ ਦੋ ਰਾਵਾਂ ਰਹੀਆਂ ਸਨ ਪਰ ਉਸ ਦੇ ਵਿਰੋਧੀ ਖ਼ੁਦ ਵੀ ਸ਼ੱਕੀ ਰੋਲ ਵਾਲੇ ਜਾਣੇ ਜਾਂਦੇ ਸਨ। ਇਸ ਕਤਲ ਨੇ ਫ਼ੈਡਰੇਸ਼ਨ ਵਿਚ ਫੁੱਟ ਪਾ ਦਿੱਤੀ। ਰਜਿੰਦਰ ਸਿੰਘ ਮਹਿਤਾ ਤੇ ਅਮਰਜੀਤ ਸਿੰਘ ਚਾਵਲਾ ਨੇ ਵਖਰੀ ਫ਼ੈਡਰੇਸ਼ਨ ਬਣਾ ਲਈ ਤੇ ਦਲਜੀਤ ਸਿੰਘ ਬਿੱਟੂ ਨੇ ਭਾਈ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਵਖਰੀ। ਮਹਿਤਾ ਤੇ ਚਾਵਲਾ ਦਾ ਦੋਸ਼ ਸੀ ਕਿ ਭਾਈ ਮਨਜੀਤ ਸਿੰਘ ਨੂੰ ਪਤਾ ਸੀ ਕਿ ਸੰਧੂ ਨੂੰ ਕਤਲ ਕੀਤਾ ਜਾਣਾ ਹੈ। ਸੰਧੂ 5 ਸਾਲ ਤੋਂ ਵਧ ਸਮਾਂ ਜੋਧਪੁਰ ਜੇਲ੍ਹ ਵਿਚ ਕੈਦ ਰਹਿਣ ਮਗਰੋਂ 15 ਦਸੰਬਰ 1989 ਨੂੰ ਰਿਹਾ ਹੋ ਕੇ ਆਇਆ ਸੀ। ਪੰਜਾਬ ਵਿਚ ਖਾੜਕੂ ਉਮੀਦਵਾਰਾਂ ਦੀ ਜਿੱਤ ਮਗਰੋਂ ਨਵੇਂ ਪ੍ਰਾਈਮ ਮਨਿਸਟਰ ਵੀ.ਪੀ. ਸਿੰਹ ਨੇ ਉਸ ਨੂੰ ਤੇ ਹੋਰ ਕਈ ਸਿੱਖ ਆਗੂਆਂ ਨੂੰ ਰਿਹਾ ਕਰਨ ਦੇ ਹੁਕਮ ਦਿੱਤੇ ਸਨ। ਸੰਧੂ ਦੀ ਪਹਿਲੀ ਪਤਨੀ ਪਰਮਜੀਤ ਕੌਰ ਭਾਰਤੀ ਫ਼ੌਜ ਨਾਲ ਲੜਦਿਆਂ ਸ਼ਹੀਦ ਹੋ ਗਈ ਸੀ; ਉਸ ਨੇ ਜੇਲ੍ਹ ਵਿਚੋਂ ਆਉਂਦਿਆਂ ਹੀ ਆਪਣੀ ਸਾਲੀ ਨਾਲ ਦੂਜਾ ਵਿਆਹ ਕਰਵਾਇਆ ਸੀ ਪਰ ਵਿਆਹ ਤੋਂ ਕੁਝ ਦਿਨਾਂ ਵਿਚ ਹੀ ਉਹ ਕੁੜੀ ਵਿਧਵਾ ਕਰ ਦਿੱਤੀ ਗਈ। ਇਸ ਕਤਲ ਦੀ ਜ਼ਿੰਮੇਦਾਰੀ ਦਲਜੀਤ ਸਿੰਘ ਬਿੱਟੂ (ਫ਼ੈਡਰੇਸ਼ਨ), ਖਾਲਿਸਤਾਨ ਲਿਬਰੇਸ਼ਨ ਫ਼ੋਰਸ (ਪਰਮਜੀਤ ਸਿੰਘ ਪੰਜਵੜ), ਪੰਥਕ ਕਮੇਟੀ (ਡਾ ਸੋਹਨ ਸਿੰਘ) ਅਤੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਨੇਆਪਣੇ ਸਿਰ ਲਈ। ਉਂਞ ਤਾਂ ਪਹਿਲਾਂ ਵੀ ਸਾਜ਼ਸ਼ਾਂ ਚਲ ਰਹੀਆਂ ਸਨ ਪਰ ਇਸ ਕਤਲ ਨਾਲ ਕਬਾਇਲੀ ਕਤਲਾਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ।

1990: ਸੁਖਵਿੰਦਰ ਸਿੰਘ ਮਨਿਹਾਲਾ, ਸੁਖਵਿੰਦਰ ਸਿੰਘ ਬਡਬਰ ਤੇ ਜਰਨੈਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

24 ਜਨਵਰੀ 1990 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਮਨਿਹਾਲਾ (ਪੁਤਰ ਮਹਿੰਦਰ ਸਿੰਘ, ਵਾਸੀ ਮਨਿਹਾਲਾ ਜੈ ਸਿੰਘ, ਨੇੜੇ ਕੱਚਾ ਪੱਕਾ, ਜ਼ਿਲ੍ਹਾ ਅੰਮ੍ਰਿਤਸਰ), ਸੁਖਵਿੰਦਰ ਸਿੰਘ ਬਡਬਰ (ਪੁਤਰ ਤਾਰਾ ਸਿੰਘ, ਵਾਸੀ ਬਡਬਰ, ਜ਼ਿਲ੍ਹਾ ਸੰਗਰੂਰ) ਤੇ ਜਰਨੈਲ ਸਿੰਘ (ਪੁਤਰ ਕਰਤਾਰ ਸਿੰਘ, ਵਾਸੀ ਜੌੜਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਸੂਲ ਸਿੰਘ, ਕਸ਼ਮੀਰ ਸਿੰਘ ਤੇ ਲਖਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

24 ਜਨਵਰੀ 1991 ਦੇ ਦਿਨ ਪੁਲਸ ਨੇ 1991 ਰਸੂਲ ਸਿੰਘ (ਪੁਤਰ ਆਤਮਾ ਸਿੰਘ, ਵਾਸੀ ਠੱਠੀ ਜੈਮਲ ਸਿੰਘ), ਕਸ਼ਮੀਰ ਸਿੰਘ (ਪੁਤਰ ਬੰਤਾ ਸਿੰਘ, ਵਾਸੀ ਖਾਰਾ) ਤੇ ਲਖਵਿੰਦਰ ਸਿੰਘ ਲੱਖਾ (ਪੁਤਰ ਸੁਰਿੰਦਰ ਸਿੰਘ, ਵਾਸੀ ਕਲੇਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਹਰਜਿੰਦਰ ਸਿੰਘ ਜਿੰਦਾ ਨਕਲੀ ਮੁਕਾਬਲੇ ਵਿਚ ਸ਼ਹੀਦ

24 ਜਨਵਰੀ 1993 ਦੇ ਦਿਨ ਪੁਲਸ ਨੇ ਹਰਜਿੰਦਰ ਸਿੰਘ ਜਿੰਦਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਨੌਜਵਾਨ ਨੂੰ ਪੁਲਸ ਨੇ ਚੌਕ ਮਹਿਤਾ ਡੇਰਾ ਦੇ ਕਾਰ ਮੁਖਤਾਰ ਬਾਬਾ ਠਾਕਰ ਸਿੰਘ ਦੀ ਕਾਰ ਵਿਚੋਂ ਲਾਹ ਕੇ ਗ੍ਰਿਫ਼ਤਾਰ ਕੀਤਾ ਸੀ।

1993: ਆਫ਼ ਖਾਲਿਸਤਾਨ ਨੂੰ 'ਅਨਰੀਪਰਜ਼ੈਂਟਿਡ ਨੇਸ਼ਨਜ਼ ਆਫ਼ ਦ ਵਰਲਡ' (ਯੂ.ਐਨ.ਪੀ.ਓ.) ਵਿਚ ਮੈਂਬਰਸ਼ਿਪ ਦਿੱਤੀ ਗਈ

24 ਜਨਵਰੀ 1993 ਦੇ ਦਿਨ ਕੌਂਸਲ ਆਫ਼ ਖਾਲਿਸਤਾਨ ਨੂੰ 'ਅਨਰੀਪਰਜ਼ੈਂਟਿਡ ਨੇਸ਼ਨਜ਼ ਆਫ਼ ਦ ਵਰਲਡ' (ਯੂ.ਐਨ.ਪੀ.ਓ.) ਵਿਚ ਮੈਂਬਰਸ਼ਿਪ ਦਿੱਤੀ ਗਈ। ਇਸ ਮੌਕੇ 'ਤੇ ਡਾ ਗੁਰਮੀਤ ਸਿੰਘ ਔਲਖ, ਪਰਮਜੀਤ ਸਿੰਘ ਅਜਰਾਵਤ ਅਤੇ ਭੁਪਿੰਦਰ ਸਿੰਘ ਸ਼ਾਮਿਲ ਹੋਏ ਤੇ ਉਨ੍ਹਾਂ ਨੇ ਚਾਰਟਰ 'ਤੇ ਦਸਤਖ਼ਤ ਕੀਤੇ। ਕੁਝ ਮਹੀਨੇ ਮਗਰੋਂ ਗੁਰਮੇਜ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਇਸ ਪਾਰਲੀਮੈਂਟ ਦੇ ਦਫ਼ਤਰ ਨੂੰ ਚਿੱਠੀ ਲਿਖ ਕੇ ਮੈਂਬਰਸ਼ਿਪ ਖ਼ਤਮ ਕਰਵਾਈ।

1995; ਇੰਗਲੈਂਡ ਵਿਚ 'ਦੇਸ ਪ੍ਰਦੇਸ' ਅਖ਼ਬਾਰ ਦਾ ਐਡੀਟਰ ਤਰਸੇਮ ਸਿੰਘ ਪੁਰੇਵਾਲ ਕਤਲ

24 ਜਨਵਰੀ 1995 ਦੇ ਦਿਨ ਸਾਊਥਾਲ, ਇੰਗਲੈਂਡ, ਵਿਚ ਦੇਸ ਪ੍ਰਦੇਸ ਅਖ਼ਬਾਰ ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ ਨੂੰ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਅੱਜ ਤਕ ਪੁਲਸ ਕਾਤਲ ਦਾ ਪਤਾ ਨਹੀਂ ਲਾ ਸਕੀ। ਬਹੁਤਿਆਂ ਲੋਕਾਂ ਨੂੰ ਸ਼ੱਕ ਹੈ ਕਿ ਇਹ ਕਤਲ ਭਾਰਤੀ ਖ਼ੁਫ਼ੀਆ ਏਜੰਸੀ ਨੇ ਕਰਵਾਇਆ ਸੀ। ਪੁਰੇਵਾਲ ਇਕ ਖਾੜਕੂ ਤੇ ਦਲੇਰ ਅਖ਼ਬਾਰ ਨਵੀਸ ਸੀ ਤੇ ਬਹੁਤ ਦਬੰਗ ਹੋ ਕੇ ਲਿਖਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਉਸ ਨੇ ਪੰਜਾਬ ਦੇ ਪੁਲਸ ਚੀਫ਼ ਕੇ.ਪੀ. ਗਿੱਲ ਦੇ ਖ਼ਿਲਾਫ਼ ਡਟ ਕੇ ਲਿਖਿਆ ਸੀ।

2012; 'ਗੁਰੂ ਗ੍ਰੰਥ ਦਾ ਖਾਲਸਾ ਪੰਥ' ਜਥੇਬੰਦੀ ਕਾਇਮ ਕੀਤੀ ਗਈ

24 ਜਨਵਰੀ 2012 ਦੇ ਦਿਨ ਦਿੱਲੀ ਵਿਚ 'ਗੁਰੂ ਗ੍ਰੰਥ ਦਾ ਖਾਲਸਾ ਪੰਥ' ਜਥੇਬੰਦੀ ਕਾਇਮ ਕੀਤੀ ਗਈ। ਪਹਿਲੋਂ ਸਤੰਬਰ 2012 ਵਿਚ ਇਸ ਨੂੰ ਡਾ ਹਰਜਿੰਦਰ ਸਿੰਘ ਦਿਲਗੀਰ ਛੱਡ ਗਿਆ। ਫਿਰ ਮਾਰਚ ਵਿਚ ਤਰਸੇਮ ਸਿੰਘ ਦਿੱਲੀ ਨੂੰ ਹਟਾ ਦਿੱਤਾ ਗਿਆ। ਫਿਰ ਦੋ ਮਹੀਨੇ ਮਗਰੋਂ ਰਾਜਿੰਦਰ ਸਿੰਘ ਛੱਡ ਗਿਆ ਤੇ 24 ਨਵੰਬਰ 2013 ਨੂੰ ਰਾਗੀ ਦਰਸ਼ਨ ਸਿੰਘ ਆਪ ਵੀ (ਰਸਮੀ ਤੌਰ 'ਤੇ) ਛੱਡ ਗਿਆ। ਹੁਣ ਇਸ ਵਿਚ ਗੁਰਤੇਜ ਸਿੰਘ ਤੇ ਮਨਜੀਤ ਸਿੰਘ (ਜਾਂ ਉਨ੍ਹਾਂ ਦੇ ਨਿਜੀ ਸਾਥੀ) ਹੀ ਬਾਕੀ ਰਹਿ ਗਏ।

2014: ਗਿਆਨੀ ਪੂਰਨ ਸਿੰਘ ਦਾ ਪੁੱਤਰ ਕਨੇਡਾ ਤੋਂ ਡਿਪੋਰਟ ਕੀਤਾ ਗਿਆ

24 ਜਨਵਰੀ 2014 ਦੇ ਦਿਨ ਗਿਆਨੀ ਪੂਰਨ ਸਿੰਘ ਦਾ ਪੁੱਤਰ ਅਜੇ ਸਿੰਘ ਰਾਗੀ ਕਨੇਡਾ ਵਿਚ 13 ਸਾਲ ਦੀ ਇਕ ਕੁੜੀ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਵਿਚ 3 ਮਹੀਨੇ ਕੈਦ ਕੱਟਣ ਮਗਰੋਂ ਭਾਰਤ ਨੂੰ ਡਿਪੋਰਟ ਕੀਤਾ ਗਿਆ। ਉਸ ਨੂੰ 17 ਅਕਤੂਬਰ 2013 ਦੇ ਦਿਨ 3 ਮਹੀਨੇ ਦੀ ਸਜ਼ਾ ਸੁਣਾਈ ਗਈ ਸੀ।

25 ਜਨਵਰੀ

1921: ਤਰਨਤਾਰਨ ਵਿਚ ਮਹੰਤਾਂ ਨੇ ਸਿੱਖਾਂ 'ਤੇ ਹਮਲਾ ਕੀਤਾ; 2 ਸਿੱਖ ਸ਼ਹੀਦ ਹੋ ਗਏ

12 ਅਕਤੂਬਰ 1920 ਦੇ ਦਿਨ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਆਪਣੇ ਹੱਥ ਵਿੱਚ ਲੈ ਲਿਆ ਸੀ। ਇਸ ਦੇ ਨਾਲ ਹੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਵੀ ਸਿੱਖਾਂ ਨੇ ਕਬਜ਼ਾ ਕਰ ਲਿਆ ਪਰ ਤਰਨ ਤਾਰਨ ਦਾ ਇੰਤਜ਼ਾਮ ਅਜੇ ਵੀ ਇਕ ਕੁਰਪਟ ਮਹੰਤ ਦੇ ਹੱਥ ਵਿਚ ਸੀ ।

23-24 ਜਨਵਰੀ 1921 ਦੇ ਦਿਨ ਅਕਾਲੀ ਦਲ ਦੀ ਕਾਇਮੀ ਨੂੰ ਆਖ਼ਰੀ ਸ਼ਕਲ ਦੇਣ ਅਤੇ ਅਹੁਦੇਦਾਰਾਂ ਦੀ ਪਹਿਲੀ ਚੋਣ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਕੱਠ ਦੇ ਮੌਕੇ 'ਤੇ ਤਰਨ ਤਾਰਨ ਤੋਂ ਆਈ ਇਕ ਬੀਬੀ ਨੇ ਤਰਨ ਤਾਰਨ ਦੇ ਗੁਰਦੁਆਰੇ ਦੇ ਮਹੰਤਾਂ ਦੀਆਂ ਕਰਤੂਤਾਂ ਦਾ ਜ਼ਿਕਰ ਕੀਤਾ। ਉਸ ਨੇ ਦੱਸਿਆ ਕਿ ਇਕ ਦਿਨ ਜਦੋਂ ਉਹ ਆਪਣੀ ਜਵਾਨ ਧੀ ਨਾਲ ਗੁਰਦੁਆਰੇ 'ਚ ਗਈ ਤਾਂ ਮਹੰਤਾਂ ਨੇ ਉਸ ਨਾਲ ਛੇੜਖਾਨੀ ਕੀਤੀ। ਇਕ ਹਿੰਦੂ ਕੁੜੀ, ਜੋ ਉੱਥੇ ਇਕੱਲੀ ਗਈ ਸੀ, ਨੂੰ ਮਹੰਤ ਦੇ ਚਾਟੜਿਆਂ ਨੇ ਫੜ ਕੇ ਚੁੰਮਣ ਦੀ ਹਰਕਤ ਵੀ ਕੀਤੀ। ਇਹ ਸੁਣ ਕੇ ਸੰਗਤ ਰੋਹ ਵਿਚ ਆ ਗਈ। ਕੁਝ ਸਿੱਖ ਗੁੱਸੇ ਵਿਚ ਆ ਕੇ ਉਸੇ ਵੇਲੇ ਤਰਨ ਤਾਰਨ ਜਾਣ ਲਈ ਤਿਆਰ ਹੋ ਗਏ। ਇਸ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ।

ਅਗਲੇ ਦਿਨ 25 ਜਨਵਰੀ ਦੀ ਸਵੇਰ ਦੀ ਪਹਿਲੀ ਗੱਡੀ 'ਤੇ ਭੁੱਚਰ 40 ਸਿੱਖਾਂ ਨੂੰ ਲੈ ਕੇ ਤਰਨ ਤਾਰਨ ਚਲੇ ਗਏ। ਉਹ ਸਵੇਰੇ 8 ਵਜੇ ਗੁਰਦੁਆਰੇ ਵਿਚ ਦਾਖ਼ਿਲ ਹੋ ਗਏ। ਉਸ ਵੇਲੇ ਗੁਰਦੁਆਰੇ ਵਿਚ ਕੀਰਤਨ ਚਲ ਰਿਹਾ ਸੀ। ਉਹ ਦੋ ਘੰਟੇ ਕੀਰਤਨ ਸੁਣਦੇ ਰਹੇ। ਏਨੇ ਵਿਚ ਮਹੰਤ ਨੇ 70 ਦੇ ਕਰੀਬ ਬੰਦੇ ਇਕੱਠੇ ਕਰ ਲਏ, ਜਿਨ੍ਹਾਂ ਵਿਚੋਂ ਬਹੁਤੇ ਜਵਾਨ ਗੱਭਰੂ ਸਨ। ਮਾਹੌਲ ਵੇਖ ਕੇ ਭੁੱਚਰ ਨੇ ਮਹੰਤਾਂ ਨੂੰ ਆਖਿਆ ਕਿ ਅਸੀਂ ਤੁਹਾਡੇ ਤੋਂ ਕਬਜ਼ਾ ਲੈਣ ਨਹੀਂ ਆਏ ਬਲਕਿ ਸੰਗਤਾਂ ਦੀਆਂ ਸ਼ਿਕਾਇਤਾਂ ਦੱਸਣ ਆਏ ਹਾਂ। ਪਰ ਮਹੰਤਾਂ ਦੇ ਟੋਲੇ 'ਚੋਂ ਕੁਝ ਨੌਜਵਾਨ ਤੈਸ਼ ਵਿਚ ਆ ਕੇ ਭੜਕਾਊ ਹਰਕਤਾਂ ਕਰਨ ਲੱਗ ਪਏ ਤੇ ਅਕਾਲੀਆਂ ਨੂੰ ਗਾਲ੍ਹਾਂ ਵੀ ਕੱਢਣ ਲੱਗ ਪਏ। ਵਡੇਰੀ ਉਮਰ ਦੇ ਪੁਜਾਰੀਆਂ ਨੇ ਉਨ੍ਹਾਂ ਨੂੰ ਚੁੱਪ ਕਰਾ ਕੇ ਆਖਿਆ ਕਿ ਅਸੀਂ ਗੱਲਬਾਤ ਵਾਸਤੇ ਤਿਆਰ ਹਾਂ ਤੇ ਸ਼ਾਮ 4 ਵਜੇ ਮਿਲ ਕੇ ਗੱਲਬਾਤ ਕਰਾਂਗੇ। ਪੁਜਾਰੀਆਂ ਨੇ ਨਿਹਾਲ ਸਿੰਘ, ਗੁਰਬਖ਼ਸ਼ ਸਿੰਘ, ਗੁਰਦਿੱਤ ਸਿੰਘ, ਸੇਵਾ ਸਿੰਘ, ਸੁੰਦਰ ਸਿੰਘ ਤੇ ਤੇਜਾ ਸਿੰਘ ਨੂੰ ਆਪਣੇ ਵੱਲੋਂ ਗੱਲਬਾਤ ਵਾਸਤੇ ਨਾਮਜ਼ਦ ਕੀਤਾ। ਅਕਾਲੀਆਂ ਵੱਲੋਂ ਤੇਜਾ ਸਿੰਘ ਭੁੱਚਰ, ਬਲਵੰਤ ਸਿੰਘ ਕੁਲਾ, ਦਾਨ ਸਿੰਘ ਵਛੋਆ, ਕਰਤਾਰ ਸਿੰਘ ਝੱਬਰ ਤੇ ਹਕੀਮ ਬਹਾਦਰ ਸਿੰਘ ਨਾਮਜ਼ਦ ਹੋਏ। ਇਨ੍ਹਾਂ ਤੋਂ ਇਲਾਵਾ ਮੁਕਾਮੀ ਲੋਕਾਂ ਵਿਚ ਮੋਹਨ ਸਿੰਘ ਵੈਦ, ਸੰਤ ਸਿੰਘ ਲੰਬਰਦਾਰ, ਗਿਆਨ ਸਿੰਘ, ਧਰਮ ਸਿੰਘ ਉਸਮਾ ਨੂੰ ਵੀ ਗੱਲਬਾਤ ਵਾਸਤੇ ਬੁਲਾ ਲਿਆ ਗਿਆ। ਸ਼ਾਮ ਚਾਰ ਵਜੇ ਬੁੰਗਾ ਢੋਟੀਆਂ ਵਿਖੇ ਗੱਲਬਾਤ ਸ਼ੁਰੂ ਹੋ ਗਈ। ਗੱਲਬਾਤ ਵਿਚ ਇਕ ਪੰਜ-ਨੁਕਾਤੀ ਸਮਝੌਤਾ ਕੀਤਾ ਗਿਆ: (1) ਗੁਰਦੁਆਰੇ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਨੇਮਾਂ ਮੁਤਾਬਿਕ ਹੋਵੇਗਾ। (2) ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ ਲੋਕਲ ਕਮੇਟੀ ਬਣਾਈ ਜਾਵੇਗੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੋਵੇਗੀ। (3) ਗੁਰਦੁਆਰੇ ਵਿਚੋਂ ਅ-ਸਿੱਖ ਰਵਾਇਤਾਂ ਦਾ ਖ਼ਾਤਮਾ ਕੀਤਾ ਜਾਵੇ ਅਤੇ ਕੁਰੀਤੀਆਂ ਦੂਰ ਕੀਤੀਆਂ ਜਾਣ। (4) ਗੁਰਦੁਆਰੇ ਦੇ ਗ੍ਰੰਥੀ ਤੇ ਸੇਵਾਦਾਰ ਅੰਮ੍ਰਿਤਧਾਰੀ ਹੋਣ। (5) ਜਿਹੜਾ ਪੁਜਾਰੀ ਸਿੱਖ ਰਹਿਤ ਦੇ ਨੇਮ ਤੋੜੇ, ਉਸ ਨੂੰ ਸੰਗਤਾਂ ਡੰਨ ਲਾਉਣ।

ਸ਼ਾਮ ਸਾਢੇ ਪੰਜ ਵਜੇ ਤਕ ਇਹ ਸਮਝੌਤਾ ਤੈਅ ਹੋ ਗਿਆ। ਪੁਜਾਰੀਆਂ ਨੇ ਆਖਿਆ ਕਿ ਉਹ ਆਪਣੇ ਸਾਥੀਆਂ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ। ਇਹ ਕਹਿ ਕੇ ਉਹ ਬਾਹਰ ਆ ਗਏ। ਉਧਰ ਪੁਜਾਰੀਆਂ ਦੇ ਬੰਦੇ ਗੁਰਦਿੱਤ ਸਿੰਘ ਦੇ ਮਕਾਨ ਅਤੇ ਝੰਡਾ ਬੁੰਗਾ ਵਿਚ ਸਿੱਖਾਂ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। ਉਨ੍ਹਾਂ ਹਥਿਆਰ ਅਤੇ ਬਾਰੂਦ ਇਕੱਠਾ ਕੀਤਾ ਹੋਇਆ ਸੀ। ਰਾਤ ਸਾਢੇ ਅੱਠ ਵਜੇ ਦੋ ਪੁਜਾਰੀ ਉੱਥੇ ਆਏ ਅਤੇ ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਮਝੌਤੇ ਦਾ ਕਾਗਜ ਲਿਆਉਣ ਵਾਸਤੇ ਆਖਿਆ। ਸਿੱਖ ਆਗੂਆਂ ਨੂੰ ਉਨ੍ਹਾਂ ਦੀ ਨੀਅਤ 'ਤੇ ਸ਼ੱਕ ਹੋਇਆ ਪਰ ਮਹੰਤਾਂ ਨੇ ਹੱਸ ਕੇ ਆਖਿਆ ਕਿ ਇਸ ਵਿਚ ਕੋਈ ਸਾਜ਼ਿਸ਼ ਨਹੀਂ। ਸਿੱਖ ਆਗੂਆਂ ਨੇ ਮੋਹਨ ਸਿੰਘ ਵੈਦ ਨੂੰ ਸਮਝੌਤੇ ਨੂੰ ਚੰਗੇ ਕਾਗਜ਼ ਤੇ ਖ਼ੁਸ਼-ਖ਼ਤ ਕਰ ਕੇ ਲਿਖਣ ਵਾਸਤੇ ਭੇਜ ਦਿੱਤਾ। ਵੈਦ ਨੇ ਗੁਰਦੁਆਰੇ ਦੇ ਬਾਹਰ ਖੜੇ ਤਹਿਸੀਲਦਾਰ, ਸਰਕਲ ਇੰਸਪੈਕਟਰ ਅਤੇ ਦੂਜੇ ਸਰਕਾਰੀ ਅਹਿਲਕਾਰਾਂ ਨੂੰ ਇਸ ਦੀ ਇਤਲਾਹ ਵੀ ਦੇ ਦਿੱਤੀ। ਇਸ ਮਗਰੋਂ ਬਹਾਦਰ ਸਿੰਘ ਹਕੀਮ ਨੇ ਬਾਹਰ ਖੜ੍ਹੀਆਂ ਸਿੱਖ ਸੰਗਤਾਂ ਨੂੰ ਹਾਲਾਤ ਦੱਸਣੇ ਸ਼ੁਰੂ ਕਰ ਦਿੱਤੇ। ਏਨੇ ਵਿਚ ਹੀ ਇਕ ਦਸਤੀ ਬੰਬ ਉਨ੍ਹਾਂ ਕੋਲ ਆ ਡਿੱਗਾ। ਇਸ ਪਿੱਛੋਂ ਚਾਰ ਪੰਜ ਹੋਰ ਬੰਬ ਉੱਥੇ ਸੁੱਟੇ ਗਏ। ਇਸ ਨਾਲ ਕਈ ਬੰਦੇ ਜ਼ਖ਼ਮੀ ਹੋ ਗਏ। ਇਹ ਗੋਲੇ ਗੁਰਦਿੱਤ ਸਿੰਘ ਪੁਜਾਰੀ ਦੇ ਮਕਾਨ ਦੇ ਨਾਲ-ਨਾਲ ਦੂਜੇ ਬੁੰਗਿਆਂ ਤੋਂ ਵੀ ਸੁੱਟੇ ਗਏ ਸਨ।

ਅੰਦਰ ਬਲਵੰਤ ਸਿੰਘ ਕੁੱਲਾ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਰਹੇ ਸਨ। ਮੱਥਾ ਟੇਕਦਿਆਂ ਹੀ ਉਨ੍ਹਾਂ ਦੇ ਮੋਢੇ 'ਤੇ ਤਲਵਾਰ ਦਾ ਇਕ ਵਾਰ ਹੋਇਆ ਤੇ ਉਨ੍ਹਾਂ ਦਾ ਮੋਢਾ ਬੁਰੀ ਤਰ੍ਹਾਂ ਚੀਰਿਆ ਗਿਆ। ਉਨ੍ਹਾਂ ਦੇ ਨਾਲ ਹੀ ਹਜ਼ਾਰਾ ਸਿੰਘ (ਅਲਾਦੀਨਪੁਰ) ਮੱਥਾ ਟੇਕ ਰਿਹਾ ਸੀ। ਮਹੰਤ ਦੇ ਬੰਦਿਆਂ ਨੇ ਉਸ ਦੇ ਢਿੱਡ ਵਿਚ ਤਲਵਾਰ ਮਾਰੀ। ਉਹ ਜ਼ਖ਼ਮੀ ਹੋ ਕੇ ਡਿੱਗ ਪਿਆ। ਇਸ ਮਗਰੋਂ ਹੁਕਮ ਸਿੰਘ (ਵਸਾਊ ਕੋਟ) ਦੇ ਸਿਰ 'ਤੇ ਛਵ੍ਹੀਆਂ ਦੇ ਚਾਰ-ਪੰਜ ਵਾਰ ਹੋਏ। ਉਹ ਵੀ ਜ਼ਖ਼ਮੀ ਹੋ ਕੇ ਡਿੱਗ ਪਿਆ। ਇਨ੍ਹਾਂ ਤਿੰਨਾਂ ਤੋਂ ਇਲਾਵਾ ਗੁਰਬਖਸ਼ ਸਿੰਘ, ਲਾਭ ਸਿੰਘ, ਈਸ਼ਰ ਸਿੰਘ ਵੀ ਜ਼ਖ਼ਮੀ ਹੋਏ। ਇਹ ਸਾਰਾ ਕੁਝ, ਕੁਝ ਪਲਾਂ ਵਿਚ ਹੀ, ਵਾਪਰ ਗਿਆ ਅਤੇ ਇਸ ਮਗਰੋਂ ਮਹੰਤ ਦੇ ਬੰਦੇ ਬੱਤੀਆਂ ਬੁਝਾ ਕੇ ਦੌੜ ਗਏ। ਜ਼ਖ਼ਮੀ ਸਿੱਖਾਂ ਨੇ ਗੁਰਦੁਆਰਾ ਹਾਲ ਚੋਂ ਬਾਹਰ ਆ ਕੇ ਹਾਲਾਤ ਦੱਸੇ ਤਾਂ ਸਾਰੇ ਸਿੰਘ ਅੰਦਰ ਨੂੰ ਭੱਜ ਪਏ। ਅੰਦਰ ਸਾਰੇ ਪਾਸੇ ਖ਼ੂਨ ਹੀ ਖ਼ੂਨ ਸੀ। ਸੰਗਤਾਂ ਨੇ ਜ਼ਖ਼ਮੀਆਂ ਨੂੰ ਸੰਭਾਲਿਆ। 10 ਵਜੇ ਪੁਲਿਸ ਪਹੁੰਚ ਗਈ ਅਤੇ ਵਾਕਿਆ ਵੇਖਿਆ। ਪੁਲੀਸ ਨੇ ਸ਼ਰਾਬੀ ਪੁਜਾਰੀ ਵੀ ਵੇਖੇ। ਅਗਲੀ ਸਵੇਰ ਪੁਜਾਰੀਆਂ ਨੇ ਨਕਲੀ, ਪਰ ਮਾਮੂਲੀ ਜ਼ਖ਼ਮਾਂ ਵਾਲੇ, 13 ਬੰਦੇ ਹਸਪਤਾਲ ਲਿਆਂਦੇ ਤਾਂ ਜੋ ਸਿੱਖਾਂ 'ਤੇ ਬਰਾਬਰ ਦਾ ਮੁਕੱਦਮਾ ਬਣਾਇਆ ਜਾ ਸਕੇ। ਇਸ ਸਾਜ਼ਿਸ਼ ਵਿਚ ਪੁਲੀਸ ਵੀ ਭਾਈਵਾਲ ਸੀ। ਮਗਰੋਂ ਪੁਲੀਸ ਵੱਲੋਂ ਦੋਹਾਂ ਧਿਰਾਂ 'ਤੇ ਮੁਕਦਮਾ ਬਣਾਇਆ ਗਿਆ। (ਇਸ ਕੇਸ ਵਿਚ 9 ਜਨਵਰੀ 1922 ਦੇ ਦਿਨ ਅਦਾਲਤ ਨੇ 15 ਪੁਜਾਰੀਆਂ ਨੂੰ ਤਿੰਨ-ਤਿੰਨ ਸਾਲ ਕੈਦ ਅਤੇ 50-50 ਰੁਪੈ ਜੁਰਮਾਨਾ ਕੀਤਾ। ਅਕਾਲੀਆਂ ਵਿਚੋਂ 7 ਨੂੰ ਇਕ-ਇਕ ਸਾਲ ਕੈਦ ਤੇ 50-50 ਰੁਪੈ ਜੁਰਮਾਨਾ ਕੀਤਾ ਗਿਆ। ਮਗਰੋਂ ਸੈਸ਼ਨ ਜੱਜ ਨੇ ਮਹੰਤਾਂ ਦੀ ਕੈਦ 9-9 ਮਹੀਨੇ ਤੇ ਅਕਾਲੀਆਂ ਦੀ ਕੈਦ 6-6 ਮਹੀਨੇ ਕਰ ਦਿੱਤੀ) ਇਸ ਕੇਸ ਵਿਚ ਅਕਾਲੀਆਂ ਨੇ ਬੇਸਮਝੀ ਕਰ ਕੇ ਸਰਕਾਰ ਨਾਲ

ਮਿਲਵਰਤਣ ਕਰਨ ਤੋਂ ਇਨਕਾਰ ਕਰ ਦਿੱਤਾ ਵਰਨਾ ਮਹੰਤਾਂ 'ਤੇ, ਦੋ ਕਤਲਾਂ ਕਾਰਨ, ਦਫ਼ਾ 302 ਹੇਠ ਕਤਲ ਦਾ ਕੇਸ ਬਣਦਾ ਸੀ। ਅਕਾਲੀ ਨਾ-ਮਿਲਵਰਤਣ ਕਰ ਕੇ ਮਹੰਤਾਂ ਨੂੰ ਸਿਰਫ਼ ਦਫ਼ਾ 148, 149 ਤੇ 304 ਹੇਠ ਸਜ਼ਾ ਹੋਈ ਸੀ। ਮਹੰਤਾਂ ਦੇ ਹਮਲੇ ਵਿਚ ਜ਼ਖ਼ਮੀ ਹੋਣ ਵਾਲੇ (ਬਾਬਾ ਬਘੇਲ ਸਿੰਘ ਕਰੋੜਸਿੰਘੀਆ ਦੇ ਖ਼ਾਨਦਾਨ 'ਚੋਂ) ਹਜ਼ਾਰਾ ਸਿੰਘ ਅਲਾਦੀਨਪੁਰ, ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, 27 ਜਨਵਰੀ ਦੇ ਦਿਨ ਚੜ੍ਹਾਈ ਕਰ ਗਏ। 28 ਜਨਵਰੀ ਨੂੰ ਹਜ਼ਾਰਾ ਸਿੰਘ ਦੇ ਸਸਕਾਰ ਦੇ ਜਲੂਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਉਸ ਜ਼ਮਾਨੇ ਦਾ ਇਹ ਸਭ ਤੋਂ ਵੱਡਾ ਜਲੂਸ ਸੀ। ਇਕ ਹੋਰ ਜ਼ਖ਼ਮੀ ਹੁਕਮ ਸਿੰਘ (ਵਸਾਊਕੋਟ) 4 ਫਰਵਰੀ ਦੇ ਦਿਨ ਚੜ੍ਹਾਈ ਕਰ ਗਏ। ਇਹ ਦੋ ਸਿੱਖ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਨ। ਤਰਨ ਤਾਰਨ ਦੇ ਸਾਕੇ ਵਿਚ ਭਾਵੇਂ ਦੋ ਸ਼ਹੀਦੀਆਂ ਹੋਇਆਂ ਅਤੇ ਦਰਜਨ ਸਿੱਖ ਜ਼ਖ਼ਮੀ ਵੀ ਹੋਏ ਪਰ ਇਸ ਨਾਲ ਇਸ ਦੇ ਨਾਲ ਹੀ ਗੁਰਦੁਆਰੇ ਦਾ ਕਬਜ਼ਾ ਵੀ ਪੰਥ ਕੋਲ ਆ ਗਿਆ। ਸਿੱਖਾਂ ਨੇ ਇੰਤਜ਼ਾਮ ਸੰਭਾਲਦਿਆਂ ਹੀ ਇਕ ਕਮੇਟੀ ਬਣਾ ਦਿੱਤੀ। ਇਸ ਕਮੇਟੀ ਦੇ ਜਥੇਦਾਰ ਬਲਵੰਤ ਸਿੰਘ ਕੁਲ੍ਹਾ ਬਣਾਏ ਗਏ। (25 ਜਨਵਰੀ ਰਾਤ ਨੂੰ ਮਹੰਤਾਂ ਦੇ ਹਮਲੇ ਵਿਚ ਬਲਵੰਤ ਸਿੰਘ ਦੀ ਬਾਂਹ ਵੀ ਬੁਰੀ ਤਰ੍ਹਾਂ ਵੱਢੀ ਗਈ ਸੀ)। ਧਰਮ ਸਿੰਘ ਉਸਮਾ ਮੀਤ ਜਥੇਦਾਰ ਬਣੇ। ਇਸ ਤੋਂ ਇਲਾਵਾ 13 ਮੈਂਬਰੀ ਕਮੇਟੀ ਵੀ ਬਣੀ ਜਿਸ ਵਿਚ ਹੇਠ ਲਿਖੇ ਸਿੰਘ ਸ਼ਾਮਿਲ ਸਨ : (1) ਮੋਹਣ ਸਿੰਘ ਵੈਦ (2) ਹੈੱਡਮਾਸਟਰ ਮਹਿਤਾਬ ਸਿੰਘ (3) ਬਿਸ਼ਨ ਸਿੰਘ ਨੰਬਰਦਾਰ (4) ਸੁੰਦਰ ਸਿੰਘ ਕਾਰਖਾਨੇਦਾਰ (5) ਸੰਤ ਸਿੰਘ ਸਕੱਤਰ ਸਿੰਘ ਸਭਾ ਤਰਨ ਤਾਰਨ (6) ਅਮਰ ਸਿੰਘ ਝਬਾਲ (7) ਤੇਜਾ ਸਿੰਘ ਭੁੱਚਰ (8) ਕਿਸ਼ਨ ਸਿੰਘ ਭੁੱਚਰ (9) ਹਜ਼ਾਰਾ ਸਿੰਘ ਜਾਮਾਰਾਏ (10) ਹਰਨਾਮ ਸਿੰਘ ਨੌਸ਼ਹਿਰਾ (11) ਤੇਜਾ ਸਿੰਘ ਪੰਡੋਰੀ (12) ਕਿਹਰ ਸਿੰਘ ਪੱਟੀ (13) ਤੇਜਾ ਸਿੰਘ ਬੁਰਜਵਾਲਾ। ਮਹੰਤਾਂ ਨੇ ਸਿੱਖਾਂ ਦੇ ਕਬਜ਼ੇ ਦੇ ਖ਼ਿਲਾਫ਼ ਕੇਸ ਦਾਇਰ ਕੀਤਾ ਪਰ ਜੱਜ ਨੇ 9 ਜੁਲਾਈ 1921 ਦੇ ਦਿਨ ਇਹ ਕੇਸ ਖਾਰਜ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਦਾਰੀ ਕਬੂਲ ਕਰ ਲਈ।

1952: ਅਰਦਾਸ ਵਿਚ 'ਨਾਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਦੀਦਾਰ' ਦੀ ਲਾਈਨ ਪਾਈ

ਸਿੱਖ ਰਹਿਤ ਮਰਿਆਦਾ ਮੁਤਾਬਿਕ ਜੋ ਅਰਦਾਸ 1945 ਤੋਂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਜਾਂਦੀ ਸੀ ਉਸ ਨੂੰ 1947 ਵਿਚ ਹੋਈ ਵੰਡ ਮਗਰੋਂ ਤਬਦੀਲ ਕਰ ਦਿੱਤਾ ਗਿਆ। 25 ਜਨਵਰੀ 1952 ਦੇ ਦਿਨ ਵਿਚ 'ਨਾਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ, ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ' ਲਫ਼ਜ਼ ਜੋੜ ਦਿੱਤੇ ਗਏ।

1988: ਅਮਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

25 ਜਨਵਰੀ 1988 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ (ਪੁੱਤਰ ਸੋਹਨ ਸਿੰਘ, ਵਾਸੀ ਕੋਹਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਅਮਰਜੀਤ ਸਿੰਘ ਉਰਫ਼ ਸੁਖਦੇਵ ਸਿੰਘ ਫ਼ੌਜੀ ਨੱਥੇਵਾਲ, ਸਤਨਾਮ ਸਿੰਘ ਕੈਰੋ, ਦਿਲਬਾਗ ਸਿੰਘ ਦਾਗਨਾ ਤੇ ਲਾਭਾ ਸਿੰਘ ਕੋਠੇ ਮੌਲਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

25 ਜਨਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ ਉਰਫ਼ ਸੁਖਦੇਵ ਸਿੰਘ ਫ਼ੌਜੀ ਨੱਥੇਵਾਲ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਸਤਨਾਮ ਸਿੰਘ (ਵਾਸੀ ਕੈਰੋ, ਤਰਨਤਾਰਨ), ਦਿਲਬਾਗ ਸਿੰਘ (ਵਾਸੀ ਦਾਗਨਾ, ਅੰਮ੍ਰਿਤਸਰ) ਤੇ ਲਾਭਾ ਸਿੰਘ ਲਾਭਾ (ਪੁੱਤਰ ਭਾਈ ਗੁਰਦੇਵ ਸਿੰਘ ਮਹਿਰਾਜ, ਕੋਠੇ ਮੌਲਾਨਾ, ਬਠਿੰਡਾ) ਵੀ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕੀਤੇ ਗਏ।

1990: ਪਰਮਜੀਤ ਸਿੰਘ ਪੰਮਾ, ਪਰਗਟ ਸਿੰਘ, ਬੋਹੜ ਸਿੰਘ, ਸਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

25 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ ਪੰਮਾ (ਪੁੱਤਰ ਪਿਆਰਾ ਸਿੰਘ, ਵਾਸੀ ਕਿਰਤੋਵਾਲ), ਪਰਗਟ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਝੁੱਗੀਆਂ ਕਾਲੂਵਾਲੀਆਂ), ਬੋਹੜ ਸਿੰਘ (ਪੁੱਤਰ ਕਸ਼ਮੀਰ ਸਿੰਘ, ਵਾਸੀ ਕਲਸੇ), ਸਵਿੰਦਰ ਸਿੰਘ ਉਫ਼ ਮਹਿੰਦਰ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਰਸੂਲਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2000: ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੂੰ ਗਿਆਨੀ ਪੂਰਨ ਸਿੰਘ ਗ੍ਰੰਥੀ ਨੇ ਪੰਥ ਚੋਂ 'ਖਾਰਜ' ਕੀਤਾ

1997 ਵਿਚ ਕੈਨੇਡਾ ਦੇ ਪਾਲ ਸਿੰਘ ਪੁਰੇਵਾਲ ਨੇ ਇਕ ਨਵਾਂ ਦੇਸੀ ਕੈਲੰਡਰ ਤਿਆਰ ਕੀਤਾ। ਪੁਰੇਵਾਲ ਨੇ ਇਹ ਕੈਲੰਡਰ ਚੰਡੀਗੜ੍ਹ 'ਚ ਇਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਡਾਕਟਰ ਖੜਕ ਸਿੰਘ ਧੜੇ ਦੀ ਮਨਜ਼ੂਰੀ ਤੇ ਹਿਮਾਇਤ ਨਾਲ ਗੁਰਚਰਨ ਸਿੰਘ ਟੌਹੜਾ ਰਾਹੀਂ ਮਨਜ਼ੂਰ ਕਰਵਾ ਲਿਆ ਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਵੀ ਇਸ ਨੂੰ ਮੰਨ ਲਿਆ। ਕਿਸੇ ਸਿੱਖ ਵਿਦਵਾਨ ਨੂੰ ਇਸ ਤੋਂ ਪਹਿਲਾਂ ਇਸ ਬਾਰੇ ਪਤਾ ਵੀ ਨਹੀਂ ਸੀ। ਇਂਵ ਹੀ ਸਿੱਖਾਂ ਦੇ ਕੁਝ ਅਦਾਰਿਆਂ, ਜਮਾਤਾਂ, ਅਤੇ ਗਰੁਪਾਂ ਨੇ ਵੀ ਇਸ ਨੂੰ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕਰਨ ਤੋਂ ਮਗਰੋਂ ਹੀ ਵੇਖਿਆ ਸੀ। ਜਦੋਂ ਇਸ ਬਾਰੇ ਵਧੇਰੇ ਚਰਚਾ ਸ਼ੁਰੂ ਹੋ ਗਿਆ ਅਤੇ ਇਤਰਾਜ਼ ਉਠੇ ਤਾਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ 25 ਜਨਵਰੀ 1999 ਦੇ ਦਿਨ ਇਸ ਕੈਲੰਡਰ ਨੂੰ ਲਾਗੂ ਕਰਨਾ ਮੁਲਤਵੀ ਕਰ ਦਿੱਤਾ।ਭਾਈ ਰਣਜੀਤ ਸਿੰਘ ਨੂੰ 'ਹਟਾਏ ਜਾਣ' ਮਗਰੋਂ ਗਿ. ਪੂਰਨ ਸਿੰਘ ਨੇ ਵੀ ਇਸ ਕੈਲੰਡਰ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਵਕਤੀ ਤੌਰ 'ਤੇ ਪਾਬੰਦੀ ਲਾ ਦਿੱਤੀ। ਪਹਿਲਾਂ ਤਾਂ ਜਗੀਰ ਕੌਰ (ਪ੍ਰਧਾਨ ਸ਼੍ਰੋਮਣੀ ਕਮੇਟੀ) ਨੇ ਇਸ ਕੈਲੰਡਰ ਨੂੰ ਮੁਲਤਵੀ ਕਰ ਦਿੱਤਾ। ਇਸ ਦੌਰਾਨ 23 ਦਸੰਬਰ 1999 ਨੂੰ ਗਿ. ਪੂਰਨ ਸਿੰਘ ਨੇ ਇਕ ਸਤ ਮੈਂਬਰੀ ਕਮੇਟੀ ਦਾ ਕਨਵੀਨਰ ਸ. ਸੰਤੋਖ ਸਿੰਘ (ਪੁੱਤਰ ਜਥੇਦਾਰ ਅੱਛਰ ਸਿੰਘ) ਬਣਾ ਦਿੱਤਾ ਸੀ। ਇਸ ਕਮੇਟੀ ਦੇ ਬਹੁਤੇ ਮੈਂਬਰਾਂ ਨੇ ਇਸ ਕੈਲੰਡਰ ਨੂੰ ਲਾਗੂ ਨਾ ਕਰਨ ਦੀ ਹਿਮਾਇਤ ਕੀਤੀ।ਜਦੋਂ ਸੱਤ ਮੈਂਬਰੀ ਕਮੇਟੀ ਨੇ ਅਜਿਹਾ ਵਿਚਾਰ ਪੇਸ਼ ਕੀਤਾ ਤਾਂ ਕੈਲੰਡਰ ਲਾਗੂ ਕਰਨ ਦੇ ਹਿਮਾਇਤੀਆਂ ਨੇ ਆਪਣੀ ਮਰਜ਼ੀ ਪੁਗਾਉਣ ਵਾਸਤੇ 16 ਜਨਵਰੀ 2000 ਦੇ ਦਿਨ ਸੱਤ ਮੈਂਬਰੀ ਨੂੰ ਯਾਰਾਂ ਮੈਂਬਰੀ ਕਰ ਲਿਆ ਅਤੇ ਇਸ ਵਿਚ ਆਪਣੀ ਮਰਜ਼ੀ ਦੇ ਚਾਰ ਮੈਂਬਰ ਹੋਰ ਪਾ ਲਏ। ਇਹ ਚਾਰੇ ਜਣੇ ਸ਼ਰੇਆਮ ਇਸ ਕੈਲੰਡਰ ਦੇ ਹਿਮਾਇਤੀ ਸਨ। ਇਨ੍ਹਾਂ ਵਿਚੋਂ ਖੜਕ ਸਿੰਘ ਤੇ ਕਿਰਨਜੋਤ ਕੌਰ ਨੇ ਪੁਰੇਵਾਲ ਦੇ ਕੈਲੰਡਰ ਦੇ ਹੱਕ ਵਿਚ ਲੇਖ ਲਿਖ

ਕੇ ਇਸ ਦੀ ਐਲਾਨੀਆ ਹਿਮਾਇਤ ਵੀ ਕੀਤੀ ਹੋਈ ਸੀ। ਇਸ ਤੋਂ ਸਾਫ਼ ਨਜ਼ਰ ਆਉਂਦਾ ਸੀ ਕਿ ਜਗੀਰ ਕੌਰ ਕਿਸੇ ਨਾ ਕਿਸੇ ਤਰੀਕੇ ਨਾਲ ਇਹ ਕੈਲੰਡਰ ਲਾਗੂ ਕਰਨਾ ਚਾਹੁੰਦੀ ਸੀ। ਇਕ ਪਾਸੇ ਸ਼੍ਰੋਮਣੀ ਕਮੇਟੀ ਨੇ ਕੈਲੰਡਰ ਬਾਰੇ ਵਿਚਾਰ ਕਰਨ ਵਾਸਤੇ ਸੱਤ-ਮੈਂਬਰੀ ਕਮੇਟੀ ਬਣਾਈ, ਪਰ ਦੂਜੇ ਪਾਸੇ, ਉਸੇ ਦਿਨ, ਇਸ ਨੂੰ ਲਾਗੂ ਕਰਨ ਦਾ ਮਤਾ ਦੋਬਾਰਾ ਪਾਸ ਕਰ ਦਿੱਤਾ ਤੇ ਪੁਰੇਵਾਲ ਨੂੰ ਸਿਰੋਪਾਓ ਵੀ ਦੇ ਦਿੱਤਾ। ਪੂਰਨ ਸਿੰਘ ਨੇ ਇਸ 'ਤੇ ਸਖ਼ਤ ਇਤਰਾਜ਼ ਕੀਤਾ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਹਾੜਾ ਵੀ 5 ਜਨਵਰੀ 2000 ਦੇ ਦਿਨ ਪੁਰੇਵਾਲ ਦੇ ਕੈਲੰਡਰ ਮੁਤਾਬਿਕ ਮਨਾਉਣ ਦਾ ਮਤਾ ਪਾਸ ਕੀਤਾ ਤੇ ਮਨਾਇਆ ਵੀ। ਪੂਰਨ ਸਿੰਘ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ। (ਗਿ. ਪੂਰਨ ਸਿੰਘ ਨੇ ਇਹ ਦਿਨ 14 ਜਨਵਰੀ ਨੂੰ ਮਨਾਇਆ)।

ਇਨ੍ਹਾਂ ਦਿਨਾਂ ਵਿਚ ਇਹ ਚਰਚਾ ਛਿੜ ਪਈ ਕਿ ਜਗੀਰ ਕੌਰ ਪੂਰਨ ਸਿੰਘ ਨੂੰ 'ਜਥੇਦਾਰੀ' ਤੋਂ ਹਟਾ ਦੇਵੇਗੀ। ਜਦੋਂ ਪੂਰਨ ਸਿੰਘ ਨੂੰ ਇਹ ਖ਼ਬਰ ਮਿਲੀ, ਉਹ ਹਜ਼ੂਰ ਸਾਹਿਬ (ਨੰਦੇੜ) ਜਾ ਰਿਹਾ ਸੀ। ਉਸ ਦਿਨ 25 ਜਨਵਰੀ ਦੀ ਤਾਰੀਖ਼ ਸੀ। ਉਹ ਨੰਦੇੜ ਜਾਂਦਾ ਰਾਹ ਵਿਚ ਗੁੰਨਾ ਕਸਬੇ ਵਿਚ ਰੁਕਿਆ ਅਤੇ ਆਪਣੀ 'ਜਥੇਦਾਰੀ' ਖੁਸਣ ਦੇ ਖ਼ਤਰੇ ਦੇ ਜਵਾਬੇ-ਅਮਲ ਵਜੋਂ ਇਕ ਚਿੱਠੀ ਲਿਖ ਕੇ ਜਗੀਰ ਕੌਰ ਨੂੰ ਪੰਥ 'ਚੋਂ ਅਖੌਤੀ ਤੌਰ 'ਤੇ 'ਖਾਰਿਜ' ਕਰਨ ਦਾ 'ਹੁਕਮਨਾਮਾ' ਆਖ ਕੇ ਜਲੰਧਰ ਦੀ ਇਕ ਅਖ਼ਬਾਰ ਨੂੰ ਫ਼ੈਕਸ ਕਰ ਦਿੱਤਾ (ਇਸ ਕਰ ਕੇ ਲੋਕਾਂ ਨੇ ਇਸ ਅਖੌਤੀ ਹੁਕਮਨਾਮੇ ਨੂੰ 'ਫ਼ੈਕਸਨਾਮਾ' ਵੀ ਕਿਹਾ)।

2014: ਬਰਤਾਨੀਆ ਵਿਚ ਲੋਹ ਟੋਪ ਪਾਉਣ ਤੋਂ ਛੋਟ

25 ਜਨਵਰੀ 2014 ਦੇ ਦਿਨ ਬਰਤਾਨੀਆ ਸਰਕਾਰ ਨੇ ਮੁਲਕ ਭਰ ਵਿਚ ਸਿੱਖਾਂ ਨੂੰ ਜੋਖਮ ਵਾਲੀਆਂ ਥਾਵਾਂ ਤੇ ਕੰਮ ਕਰਨ ਸਮੇਂ ਲੋਹ ਟੋਪ ਪਾਉਣ ਤੋਂ ਛੋਟ ਦਾ ਐਲਾਨ ਕੀਤਾ (ਬਾਕੀ ਥਾਵਾਂ 'ਤੇ ਇਹ ਛੋਟ ਪਹਿਲਾਂ ਹੀ ਹਾਸਿਲ ਸੀ)। ਇਹ ਚਰਚਾ ਵੀ ਚੱਲਿਆ ਕਿ ਇਹ ਐਲਾਨ ਥੈਚਰ ਦੀਆਂ 1984 ਦੇ ਦਰਬਾਰ ਸਾਹਿਬ 'ਤੇ ਹਮਲੇ ਵਿਚ ਸ਼ਮੂਲੀਅਤ ਬਾਰੇ ਚਿੱਠੀਆਂ ਤੋਂ ਸਿੱਖਾਂ ਦਾ ਧਿਆਨ ਹਟਾਉਣ ਦੀ ਇਕ ਕੋਸ਼ਿਸ਼ ਸੀ।

26 ਜਨਵਰੀ

1687: ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ

ਸਾਹਿਬਜ਼ਾਦਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਪੁੱਤਰ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ ਦਾ ਜਨਮ 26 ਜਨਵਰੀ 1687 ਦੇ ਦਿਨ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਆਪ 7 ਦਸੰਬਰ 1705 ਦੇ ਦਿਨ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

1930: ਸਿਵਲ ਨਾਫ਼ੁਰਮਾਨੀ ਲਹਿਰ ਦੀ ਸ਼ੁਰੂਆਤ

31 ਦਸੰਬਰ 1929 ਦੇ ਦਿਨ ਕਾਂਗਰਸ ਵਲੋਂ ਲਾਹੌਰ ਵਿਚ ਪੂਰੀ ਆਜ਼ਾਦੀ ਦਾ ਮਤਾ ਪਾਸ ਹੋਣ ਮਗਰੋਂ ਕਾਂਗਰਸ ਨੇ ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਐਜੀਟੇਸ਼ਨ ਕਰਨ ਦੇ ਅਖ਼ਤਿਆਰ ਗਾਂਧੀ ਨੂੰ ਦੇ ਦਿਤੇ। ਗਾਂਧੀ ਨੇ ਸਿਵਲ ਨਾ-ਫ਼ੁਰਮਾਨੀ ਦੀ ਲਹਿਰ ਚਲਾਉਣ ਦਾ ਐਲਾਨ ਕਰ ਦਿਤਾ। ਉਸ ਨੇ ਇਹ ਵੀ ਐਲਾਨ ਕੀਤਾ ਕਿ ਅੰਗਰੇਜ਼ੀ ਹਾਕਮਾਂ ਵਲੋਂ ਬੁਲਾਈ ਜਾ

ਰਹੀ ਗੋਲ-ਮੇਜ਼ ਕਾਨਫ਼ਰੰਸ ਦਾ ਵੀ ਬਾਈਕਾਟ ਕੀਤਾ ਜਾਵੇਗਾ। ਸਿਵਲ ਨਾ-ਫ਼ੁਰਮਾਨੀ ਲਹਿਰ ਦਾ ਪਹਿਲਾ ਕਦਮ ਸੀ 26 ਜਨਵਰੀ 1930 ਦੇ ਦਿਨ ਨੂੰ ਆਜ਼ਾਦੀ ਦਿਨ ਵਜੋਂ ਮਨਾਉਣਾ। ਇਸ ਦਿਨ ਕਾਂਗਰਸੀ ਆਗੂਆਂ ਨੇ ਕਈ ਜਗਹ 'ਤੇ ਜਲਸੇ ਕੀਤੇ ਅਤੇ ਲੋਕਾਂ ਨੂੰ ਆਜ਼ਾਦੀ ਦੀ ਜੱਦੋਜਹਿਦ ਵਿਚ ਹਿੱਸਾ ਲੈਣ ਵਾਸਤੇ ਪਰੇਰਿਆ।

1986: ਰਾਜੀਵ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤਾ

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਸਿਰਫ਼ ਇਕ ਮਦ ਹੀ ਸਿੱਖਾਂ, ਦਰਅਸਲ ਪੰਜਾਬ, ਦੇ ਹੱਕ ਵਿਚ ਸੀ ਕਿ ਚੰਡੀਗੜ੍ਹ 26 ਜਨਵਰੀ 1986 ਤੋਂ ਪਹਿਲਾਂ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਅਤੇ ਹਰਿਆਣੇ ਨੂੰ ਹਿੰਦੀ ਤੇ ਪੰਜਾਬ ਨੂੰ ਪੰਜਾਬੀ ਬੋਲਦੇ ਇਲਾਕੇ ਦੇਣ ਵਾਸਤੇ ਉਨ੍ਹਾਂ ਦੀ ਸ਼ਨਾਖ਼ਤ ਕਰਨ ਵਾਸਤੇ ਇਕ ਕਮਿਸ਼ਨ ਬਣੇਗਾ। ਸੈਂਟਰ ਨੇ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਦੀ ਜਗਹ ਇਸ ਨੂੰ ਹਿੰਦੀ ਬੋਲਦੇ ਇਲਾਕੇ ਨਾਲ ਜੋੜ ਦਿੱਤਾ ਅਤੇ ਪੰਜਾਬ ਵਿਚ ਹਿੰਦੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਦਾ ਐਲਾਨ ਕਰ ਦਿੱਤਾ।ਮੈਥਿਊ ਕਮਿਸ਼ਨ ਨੇ 13 ਜਨਵਰੀ 1986 ਨੂੰ ਅਬੋਹਰ ਅਤੇ ਫ਼ਾਜ਼ਿਲਕਾ ਦੀ ਬੋਲੀ ਪਤਾ ਕਰਨ ਵਾਸਤੇ 54 ਪਿੰਡਾਂ ਵਿਚ ਰਾਏ ਸ਼ੁਮਾਰੀ ਕਾਰਵਾਉਣ ਦਾ ਐਲਾਨ ਕੀਤਾ। ਇਸ ਦਾ ਮਤਲਬ ਸਾਫ਼ ਸੀ ਕਿ ਚੰਡੀਗੜ੍ਹ ਦੇਣ ਦਾ ਮਸਲਾ ਇਕ ਤਰੀਕੇ ਨਾਲ ਖ਼ਤਮ ਹੀ ਕਰ ਦਿੱਤਾ ਜਾਵੇ।ਮੈਥਿਊ ਕਮਿਸ਼ਨ ਨੇ 24 ਜਨਵਰੀ ਨੂੰ ਮਰਦਮ ਸ਼ੁਮਾਰੀ ਦੀ ਰਿਪੋਰਟ ਜਾਰੀ ਕਰ ਦਿੱਤੀ। ਉਸ ਮੁਤਾਬਿਕ ਪਿੰਡ ਕੰਦੂ ਖੇੜਾ ਦੇ ਲੋਕਾਂ ਨੇ ਆਪਣੀ ਜ਼ਬਾਨ ਪੰਜਾਬੀ ਲਿਖਵਾਈ ਸੀ ਇਸ ਕਰ ਕੇ ਆਪਣੀ ਬੋਲੀ ਹਿੰਦੀ ਲਿਖਵਾਉਣ ਵਾਲੇ ਬਾਕੀ ਪਿੰਡ ਵੀ ਹਰਿਆਣੇ ਨੂੰ ਨਹੀਂ ਦਿੱਤੇ ਜਾ ਸਕਦੇ ਸਨ।ਬਰਨਾਲੇ ਨੇ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੀਆਂ ਵਧਾਈਆਂ ਦੇ ਲੱਖਾਂ ਇਸ਼ਤਿਹਾਰ ਵੀ ਛਪਵਾ ਕੇ ਰੱਖ ਲਏ ਸਨ। ਪਰ ਉਹ ਰਾਜੀਵ ਵੱਲੋਂ ਧੋਖਾ ਦਿੱਤੇ ਜਾਣ 'ਤੇ ਰੋਸ ਤਕ ਵੀ ਨਾ ਜਿਤਾ ਸਕਿਆ। 1994 ਵਿਚ ਜ਼ੈਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਬਰਨਾਲਾ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤੇ ਜਾਣ 'ਤੇ ਅਸਤੀਫ਼ਾ ਦੇ ਦੇਂਦਾ ਤਾਂ ਪੰਜਾਬ ਦਾ ਨਕਸ਼ਾ ਕੁਝ ਹੋਰ ਹੁੰਦਾ (ਉਂਵ ਇਸ ਜ਼ੈਲ ਸਿੰਘ ਨੇ ਖ਼ੁਦ ਜੂਨ/ਨਵੰਬਰ 1984 ਵਿਚ ਕਿਹੜਾ ਅਸਤੀਫ਼ਾ ਦਿੱਤਾ ਸੀ?)। ਖ਼ੈਰ ਬਰਨਾਲਾ ਬੇਗ਼ੈਰਤ ਬਣ ਕੇ ਚੀਫ਼ ਮਨਿਸਟਰੀ ਨਾਲ ਜੁੜਿਆ ਰਿਹਾ ਤੇ ਰਾਜੀਵ ਗਾਂਧੀ ਦਾ ਮੁਹਰਾ ਬਣ ਕੇ ਪੰਜਾਬ ਅਤੇ ਸਿੱਖਾਂ 'ਤੇ ਜ਼ੁਲਮ ਕਰਦਾ ਰਿਹਾ।

1986: ਭਿੰਡਰਾਂ ਜਥਾ ਦਾ ਇਕੱਠ (ਅਖੌਤੀ ਸਰਬਤ ਖਾਲਸਾ)

ਖਾੜਕੂਆਂ ਨੇ ਸਰਕਾਰ ਵਲੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਦੀ ਕਾਰਵਾਈ ਕਰਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ ਅਤੇ ਪਹਿਲਾਂ ਹੀ ਖ਼ਬਰਦਾਰ ਕੀਤਾ ਸੀ ਕਿ ਸਿੱਖ ਪੰਥ ਇਸ ਸਰਕਾਰੀ ਢਾਂਚੇ ਨੂੰ ਕਬੂਲ ਨਹੀ ਕਰੇਗਾ। ਇਸ ਮਾਹੌਲ ਵਿਚ 31 ਅਕਤੂਬਰ 1985 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦਾ 'ਸ਼ਹੀਦੀ ਦਿਨ' ਮੰਜੀ ਸਾਹਿਬ (ਦਰਬਾਰ ਸਾਹਿਬ) ਵਿਚ ਮਨਾਇਆ ਗਿਆ ਸੀ। ਇਸ ਦੀਵਾਨ ਵਿਚ ਖਾੜਕੂਆਂ ਨੇ ਐਲਾਨ ਕੀਤਾ ਸੀ ਕਿ "ਨਾਪਾਕ ਹੱਥਾਂ ਨਾਲ ਤਿਆਰ ਹੋਏ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਹਿੱਸਾ ਢਾਹ ਕੇ ਮੁੜ ਉਸਾਰਿਆ ਜਾਵੇਗਾ।" ਮਗਰੋਂ ਇਹ ਫ਼ੈਸਲਾ ਹੋਇਆ ਕਿ ਸਾਰੀ ਹੀ ਇਮਾਰਤ ਢਾਹ ਕੇ ਦੋਬਾਰਾ ਬਣਾਈ ਜਾਵੇ। ਇਸ ਸ਼ਹੀਦੀ ਦੀਵਾਨ ਮਗਰੋਂ ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਬਣਿਆ 55

ਫੁਟ ਦਾ ਜੰਗਲਾ ਢਾਹ ਦਿੱਤਾ ਸੀ। ਇਹ ਇਸ ਇਮਾਰਤ ਦੇ ਢਾਹੁਣ ਅਤੇ ਇਸ ਦੀ ਨਵੀਂ ਉਸਾਰੀ ਕਰਨ ਦੀ ਸ਼ੁਰੂਆਤ ਸੀ।

ਹੁਣ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਭਿੰਡਰਾ-ਮਹਿਤਾ ਜਥੇ ਦੇ ਕੁਝ ਸਰਗਰਮ ਸੇਵਾਦਾਰਾਂ ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹੁਣ 'ਤੇ ਇਸ ਦੀ ਥਾਂ ਨਵੀਂ ਇਮਾਰਤ ਖੜੀ ਕਰਨ ਵਾਸਤੇ 26 ਜਨਵਰੀ 1986 ਨੂੰ 'ਕਾਰ-ਸੇਵਾ' ਸ਼ੁਰੂ ਕੀਤੀ ਜਾਵੇਗੀ। 26 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰਨ ਦੇ ਐਲਾਨ ਦੇ ਨਾਲ ਹੀ ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕਰ ਦਿੱਤਾ ਕਿ ਉਹ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬੱਤ ਖਾਲਸਾ' ਸਮਾਗਮ ਕਰਨਗੇ। ਜਦੋਂ ਭਿੰਡਰਾਂ-ਮਹਿਤਾ ਜਥੇ ਨੇ ਇਸ 'ਸਰਬੱਤ ਖਾਲਸਾ' ਦਾ ਐਲਾਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਬਹੁਤੀ ਸੰਜੀਦਗੀ ਨਾਲ ਨਾ ਲਿਆ, ਕਿਉਂਕਿ ਉਹ ਸਮਝਦੇ ਸਨ ਕਿ ਕੁਝ ਖਾੜਕੂ ਧੜੇ 31 ਅਕਤੂਬਰ 1985 ਦੇ ਮੰਜੀ ਸਾਹਿਬ ਦੇ ਦੀਵਾਨ ਵਾਂਗ ਇਕ ਜਲਸਾ ਕਰ ਲੈਣਗੇ।

26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥੇ ਦਾ ਇੱਕਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਉਨ੍ਹੀਂ ਦਿਨੀਂ ਲੋਕ ਭਾਰਤੀ ਫ਼ੌਜ ਦੀ ਦਹਿਸ਼ਤ 'ਤੇ ਗੁੱਸੇ ਵਿਚ ਸਨ ਅਤੇ ਕਿਉਂਕਿ ਬਰਨਾਲੇ ਨੇ ਹਕੂਮਤ ਵਿਚ ਆ ਕੇ ਉਨ੍ਹਾਂ ਜ਼ੁਲਮਾਂ ਨੂੰ ਜਾਰੀ ਰਖਿਆ ਸੀ, ਇਸ ਕਰ ਕੇ ਰੋਸ ਵਜੋਂ ਲੋਕ ਇਕ ਪਲੇਟਫ਼ਾਰਮ 'ਤੇ ਜੁੜਨਾ ਚਾਹੁੰਦੇ ਸਨ। ਇਸ ਵਜਹ ਕਰ ਕੇ 26 ਜਨਵਰੀ ਦੇ ਇਕੱਠ ਇਸ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਉਂਞ ਇਸ ਨੂੰ ਸਰਬੱਤ ਖਾਲਸਾ ਇਕੱਠ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਾ ਤਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਇਕੱਠ ਸੀ ਤੇ ਨਾ ਹੀ ਇਸ ਵਿਚ ਸਾਰੀਆਂ ਪੰਥਕ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਸਹੀ ਮਾਅਨਿਆਂ ਵਿਚ ਇਹ ਭਿੰਡਰਾਂ-ਮਹਿਤਾ ਜਥੇ ਦਾ ਇਕ ਵੱਡਾ ਦੀਵਾਨ (ਜਲਸਾ) ਸੀ, ਜਿਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ ਸਨ।

26 ਜਨਵਰੀ ਦੇ ਇਸ ਦੀਵਾਨ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ, ਕਿਰਪਾਲ ਸਿੰਘ, ਸਾਹਿਬ ਸਿੰਘ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਮਤਾ ਇਕ ਵਾਰ ਫੇਰ ਪਾਸ ਕੀਤਾ ਗਿਆ। ਇਸ ਇਕੱਠ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਤੋੜਨ' ਦਾ 'ਮਤਾ' ਵੀ ਪਾਸ ਕੀਤਾ ਗਿਆ। ਇਸ ਦੀ ਥਾਂ ਇਕ ਪੰਜ ਮੈਂਬਰੀ 'ਪੰਥਕ ਕਮੇਟੀ' ਕਾਇਮ ਕੀਤੀ ਗਈ। ਇਸ ਕਮੇਟੀ ਵਿਚ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ, ਧੰਨਾ ਸਿੰਘ, ਅਰੂੜ ਸਿੰਘ ਤੇ ਗੁਰਦੇਵ ਸਿੰਘ ਉਸਮਾਨਵਾਲਾ ਸ਼ਾਮਿਲ ਸਨ। ਇਸ ਇਕੱਠ ਨੇ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ 'ਮੁਖ ਸੇਵਾਦਾਰ' (ਅਖੌਤੀ ਜਥੇਦਾਰ) ਬਣਾਉਣ ਦਾ ਐਲਾਨ ਵੀ ਕਰ ਦਿੱਤਾ। ਕਿਉਂਕਿ ਉਹ ਉਸ ਵੇਲੇ ਜੇਲ੍ਹ ਵਿਚ ਸੀ, ਇਸ ਕਰ ਕੇ ਉਸ ਦੀ ਥਾਂ ਗੁਰਦੇਵ ਸਿੰਘ ਕਾਉਂਕੇ ਨੂੰ ਐਕਟਿੰਗ ਮੁਖ ਸੇਵਾਦਾਰ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਸਾਹਿਬ ਸਿੰਘ ਨੂੰ 'ਹਟਾ ਕੇ' ਉਸ ਦੀ ਥਾਂ ਭਿੰਡਰਾਂ-ਮਹਿਤਾ ਜਥੇ ਦੇ ਬਖ਼ਸ਼ੀਸ਼ ਸਿੰਘ ਨੂੰ ਲਾ ਦਿੱਤਾ ਗਿਆ। ਇਸ ਦੀਵਾਨ ਵਿਚ ਬਾਬਾ ਜਰਨੈਲ ਸਿੰਘ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ, ਭਾਈ ਅਮਰੀਕ ਸਿੰਘ ਦੀ ਸਿੰਘਣੀ ਬੀਬੀ ਹਰਮੀਤ ਕੌਰ ਤੇ ਜਰਨਲ ਸੁਬੇਗ ਸਿੰਘ ਦੀ ਮਾਤਾ ਨੂੰ ਸੋਨੇ ਦੇ ਮੈਡਲ ਦਿਤੇ ਗਏ। ਇਸ ਦੇ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ 'ਪੰਜ ਬਾਬਿਆਂ' ਨੇ ਟੱਕ ਲਾ ਕੇ ਸ਼ੁਰੂ ਕੀਤੀ।

1987: ਭਗਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

26 ਜਨਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਭਗਤ ਸਿੰਘ ਨਾਂ ਦੇ ਇਕ ਸਿੱਖ ਨੂੰ ਫ਼ਾਜ਼ਿਲਕਾ ਨੇੜੇ ਝੰਗੇਰ ਪਿੰਡ ਵਿਚ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਪ੍ਰੋਫੈਸਰ ਰਜਿੰਦਰਪਾਲ ਸਿੰਘ, ਅਵਤਾਰ ਸਿੰਘ ਉਰਫ਼ ਸਰਬਜੀਤ ਸਿੰਘ, ਦਵਿੰਦਰ ਪਾਲ ਸਿੰਘ ਬਦਚੂਹੀ ਕਲਾ ਤੇ ਪਰਭਜੋਤ ਸਿੰਘ ਮਿੰਟੂ ਨਕਲੀ ਮੁਕਾਬਲੇ ਵਿਚ ਸ਼ਹੀਦ

26 ਜਨਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਪ੍ਰੋਫੈਸਰ ਰਜਿੰਦਰਪਾਲ ਸਿੰਘ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ (ਪੁੱਤਰ ਭਾਈ ਕਿਰਪਾਲ ਸਿੰਘ ਭੁੱਲਰ) ਨੂੰ ਇਕ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ। (ਨਵੰਬਰ 1989 ਦੀਆਂ ਚੋਣਾਂ ਵਿਚ ਉਸ ਦੀ ਪਤਨੀ ਰਜਿੰਦਰ ਕੌਰ ਬੁਲਾਰਾ ਲੋਕ ਸਭਾ ਵਾਸਤੇ ਚੁਣੀ ਗਈ)। ਇਸੇ ਦਿਨ ਪੰਜਾਬ ਪੁਲਸ ਨੇ ਅਵਤਾਰ ਸਿੰਘ ਉਰਫ਼ ਸਰਬਜੀਤ ਸਿੰਘ, ਦਵਿੰਦਰ ਪਾਲ ਸਿੰਘ (ਪੁੱਤਰ ਮਾਸਟਰ ਬਲਦੇਵ ਸਿੰਘ ਬਦਚੂਹੀ ਕਲਾ ਨੇੜੇ ਸਰਹਿੰਦ) ਅਤੇ ਪਰਭਜੋਤ ਸਿੰਘ ਮਿੰਟੂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਕਰਨਾਮਾ ਪਿੰਡ ਵਿਚ ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚਕਾਰ ਅਸਲ ਮੁਕਾਬਲਾ

26-27 ਜਨਵਰੀ 1991 ਦੀ ਰਾਤ ਨੂੰ ਪਿੰਡ ਕਰਨਾਮਾ ਵਿਚ ਸੁਖਵਿੰਦਰ ਸਿੰਘ ਗੋਰਾ, ਦਲਜੀਤ ਸਿੰਘ ਤੇ ਪ੍ਰੇਮ ਸਿੰਘ ਨੂੰ ਪੁਲੀਸ ਨੇ ਮੁਖ਼ਬਰਾਂ ਤੋਂ ਮਿਲੀ ਜਾਣਕਾਰੀ ਮਗਰੋਂ ਘੇਰ ਲਿਆ। ਪਹਿਲਾਂ ਤਾਂ ਪੁਲੀਸ ਦੀ ਗਿਣਤੀ ਸਿਰਫ਼ 50 ਸੀ ਪਰ ਮਗਰੋਂ ਹੋਰ ਸੈਂਕੜੇ ਸਿਪਾਹੀ ਪੁੱਜ ਗਏ। ਲੰਮੇ ਮੁਕਾਬਲੇ ਮਗਰੋਂ ਇਨ੍ਹਾਂ ਤਿੰਨਾਂ ਨੇ ਜਾਨ ਦੇ ਦਿੱਤੀ। ਇਸ ਮੁਕਾਬਲੇ ਵਿਚ ਐਸ.ਪੀ. ਤੇਜਾ ਤੇ ਦਰਜਨਾਂ ਹੋਰ ਸਿਪਾਹੀ ਮਾਰੇ ਗਏ।

2013; ਪਿੰਦਰਪਾਲ ਸਿੰਘ ਤੇ ਹਰਜਿੰਦਰ ਸਿੰਘ ਸ੍ਰੀਨਗਰ ਨੂੰ ਸ਼੍ਰੋਮਣੀ ਕਮੇਟੀ ਨੇ ਬਾਦਲਾਂ ਦੀ ਵਫ਼ਾਦਾਰੀ ਬਦਲੇ ਖ਼ਿਤਾਬ ਦਿੱਤੇ

26 ਜਨਵਰੀ 2013 : ਪਿੰਦਰਪਾਲ ਸਿੰਘ ਤੇ ਹਰਜਿੰਦਰ ਸਿੰਘ ਸ੍ਰੀਨਗਰ ਨੂੰ ਸ਼੍ਰੋਮਣੀ ਕਮੇਟੀ ਨੇ ਤਰਤੀਬਵਾਰ ਸ਼੍ਰੋਮਣੀ ਕਥਾਕਾਰ ਤੇ ਸ਼੍ਰੋਮਣੀ ਰਾਗੀ ਦਾ ਖ਼ਿਤਾਬ ਦਿੱਤਾ। ਇਹ ਸਾਫ਼ ਸੀ ਕਿ ਇਹ ਸਨਮਾਨ ਬਾਦਲ ਦੀ ਪਤਨੀ ਦੀ ਚਾਪਲੂਸੀ ਕਰਨ ਕਾਰਨ ਦਿੱਤਾ ਗਿਆ ਸੀ। ਇਸ ਮਗਰੋਂ 15 ਅਗਸਤ 2013 ਦੇ ਦਿਨ ਪੰਜਾਬ ਸਰਕਾਰ ਵੀ ਇਨ੍ਹਾਂ ਦੋਹਾਂ ਨੂੰ ਸਨਮਾਨਿਤ ਕੀਤਾ।

2014: ਬੇਅੰਤ ਕਤਲ ਕੇਸ ਵਿਚ ਸਜ਼ਾ ਯਾਫ਼ਤਾ ਸ਼ਮਸ਼ੇਰ ਸਿੰਘ ਸ਼ੇਰਾ ਅਤੇ ਲਖਵਿੰਦਰ ਸਿੰਘ, 28 ਦਿਨ ਦੀ ਪੈਰੋਲ ਪੂਰੀ ਕਰ ਕੇ ਵਾਪਿਸ ਕਰਨ ਮਗਰੋਂ 26 ਜਨਵਰੀ 2014 ਦੇ ਦਿਨ ਵਾਪਿਸ ਬੁੜੈਲ ਜੇਲ੍ਹ ਪੁੱਜ ਗਏ।

27 ਜਨਵਰੀ

1620: ਗੁਰੂ ਹਰਗੋਬਿੰਦ ਸਾਹਿਬ ਤੇ ਜਹਾਂਗੀਰ ਵਿਚ ਮੁਲਾਕਾਤ ਹੋਈ

ਜਨਵਰੀ 1613 ਵਿਚ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਕਿਲ੍ਹੇ ਵਿਚ 12 ਸਾਲ ਵਾਸਤੇ ਕੈਦ ਕਰਨ ਦਾ ਹੁਕਮ ਦੇ ਦਿੱਤਾ।1618 ਵਿਚ ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਨ ਦੀ ਮੌਤ ਹੋ ਗਈ। ਇਨ੍ਹੀਂ ਦਿਨੀਂ ਹੀ ਸ਼ਾਹਜਹਾਨ ਦੇ ਸਬੰਧ ਵਜ਼ੀਰ ਖ਼ਾਨ ਨਾਂ ਦੇ ਇਕ ਅਹਿਮ ਦਰਬਾਰੀ ਨਾਲ ਸੁਖਾਵੇਂ ਬਣ ਗਏ ਜਿਸ ਨੇ ਜਹਾਂਗੀਰ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਵਾਸਤੇ ਸਿਫ਼ਾਰਸ਼ ਕੀਤੀ। ਇਹ ਵੀ ਜਾਪਦਾ ਹੈ ਕਿ ਸਾਈਂ ਮੀਆਂ ਮੀਰ ਅਤੇ ਮਲਿਕਾ ਨੂਰ ਜਹਾਂ ਨੇ ਵੀ ਇਸ ਸਬੰਧੀ ਰੋਲ ਅਦਾ ਕੀਤਾ ਹੋਵੇਗਾ। ਦੂਜੇ ਪਾਸੇ ਜਹਾਂਗੀਰ ਹੁਣ ਮੁਤੱਸਬੀ ਮੌਲਵੀਆਂ ਤੋਂ ਦੂਰ ਹੋ ਰਿਹਾ ਸੀ 'ਤੇ ਸਰਹੰਦ ਦੇ ਸ਼ੈਖ਼ ਅਹਿਮਦ ਵਰਗਿਆਂ ਦਾ ਅਸਰ ਵੀ ਘਟ ਗਿਆ ਸੀ। ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਵਾਸਤੇ ਹੁਕਮ ਜਾਰੀ ਕਰ ਦਿਤੇ। ਇਸ ਮੌਕੇ 'ਤੇ ਗੁਰੂ ਸਾਹਿਬ ਨੇ ਜਹਾਂਗੀਰ ਤੋਂ ਇਹ ਵੀ ਮੰਨਵਾ ਲਿਆ ਕਿ ਉਹ ਕਿਲ੍ਹੇ ਵਿਚ ਕੈਦ ਪਹਾੜੀ ਤੇ ਦੂਜੇ ਰਾਜਿਆਂ ਨੂੰ ਵੀ ਰਿਹਾਅ ਕਰ ਦੇਵੇ। ਜਹਾਂਗੀਰ ਨੇ ਅਸਿੱਧੇ ਤਰੀਕੇ ਨਾਲ ਇਹ ਗੱਲ ਮਨਜ਼ੂਰ ਕਰ ਲਈ ਤੇ ਕਿਲ੍ਹੇ ਵਿਚ ਕੈਦ ਛੋਟੀਆਂ ਕੈਦਾਂ ਵਾਲੇ 49 ਰਾਜੇ (ਜੋ ਸਾਰੇ ਹੀ ਹਿੰਦੂ ਸਨ) ਰਿਹਾਅ ਕਰ ਦਿਤੇ ਅਤੇ ਗੁਰੂ ਸਾਹਿਬ ਦਾ ਇਮਤਿਹਾਨ ਲੈਣ ਵਾਸਤੇ ਸ਼ਰਤ ਰੱਖੀ ਕਿ ਲੰਬੀਆਂ ਕੈਦਾਂ ਵਾਲੇ 52 ਰਾਜਿਆਂ ਵਿਚੋਂ ਜਿੰਨੇ ਰਾਜੇ ਗੁਰੂ ਸਾਹਿਬ ਦੇ ਚੋਗੇ ਦੀਆਂ ਕਲੀਆਂ (ਕੰਨੀਆਂ/ਨੁੱਕਰਾਂ/ਤਣੀਆਂ) ਫੜ ਕੇ ਕਿਲ੍ਹੇ ਵਿਚੋਂ ਬਾਹਰ ਆ ਸਕਣ ਰਿਹਾ ਹੋ ਜਾਣਗੇ। ਜਹਾਂਗੀਰ ਸੋਚਦਾ ਸੀ ਕਿ ਗੁਰੂ ਜੀ ਇਹ ਫ਼ੈਸਲਾ ਨਹੀਂ ਕਰ ਸਕਣਗੇ ਕਿ 52 ਰਾਜਿਆਂ ਵਿਚੋਂ ਉਹ ਕਿਹੜੇ-ਕਿਹੜੇ ਰਾਜੇ ਨੂੰ ਰਿਹਾਅ ਕਰਵਾਉਣਗੇ। ਇਸ 'ਤੇ ਗੁਰੂ ਸਾਹਿਬ ਨੇ ਹਰੀ ਦਾਸ ਯਾਦਵ ਦਰੋਗੇ ਕੋਲੋਂ 52 ਕਲੀਆਂ ਵਾਲਾ ਚੋਗਾ ਸਿਲਵਾ ਕੇ ਸਾਰੇ ਰਾਜੇ ਕਿਲ੍ਹੇ ਵਿਚੋਂ ਰਿਹਾਅ ਕਰਵਾ ਲਏ (ਜਦ ਜਹਾਂਗੀਰ ਨੂੰ ਗੁਰੂ ਜੀ ਦੇ ਇਸ ਕਦਮ ਦਾ ਪਤਾ ਲੱਗਾ ਤਾਂ ਉਸ ਨੇ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ)।

ਗਵਾਲੀਅਰ ਕਿਲ੍ਹੇ ਵਿਚੋਂ ਗੁਰੂ ਹਰਗੋਬਿੰਦ ਸਾਹਿਬ ਤੇ 52 ਹਿੰਦੂ ਰਾਜਿਆਂ ਦੀ ਰਿਹਾਈ 26 ਅਕਤੂਬਰ 1619 ਦੇ ਦਿਨ ਹੋਈ। ਰਿਹਾਈ ਮਗਰੋਂ ਗੁਰੂ ਸਾਹਿਬ ਵੱਖ-ਵੱਖ ਨਗਰਾਂ 'ਚੋਂ ਹੁੰਦੇ ਹੋਏ ਗੋਇੰਦਵਾਲ ਪੁੱਜੇ। ਉਨ੍ਹੀਂ ਦਿਨੀਂ ਮੁਗ਼ਲ ਬਾਦਸ਼ਾਹ ਜਹਾਂਗੀਰ ਕਸ਼ਮੀਰ ਜਾ ਰਿਹਾ ਸੀ। ਉਸ ਨੇ 27 ਜਨਵਰੀ 1620 ਦੇ ਦਿਨ ਗੋਇੰਦਵਾਲ ਤੋਂ ਬਿਆਸ ਦਰਿਆ ਦਾ ਪੱਤਣ ਪਾਰ ਕੀਤਾ। ਇੱਥੇ ਗੁਰੂ ਜੀ ਅਤੇ ਜਹਾਂਗੀਰ ਵਿਚਕਾਰ ਪਹਿਲੀ ਮੁਲਾਕਾਤ ਹੋਈ।

1915: ਸਰਾਭਾ ਤੇ ਹੋਰ ਗ਼ਦਰੀਆਂ ਨੇ ਮਨਸੂਰਾਂ ਪਿੰਡ ਵਿਚ ਡਾਕਾ ਮਾਰਿਆ

27 ਜਨਵਰੀ 1915 ਦੇ ਦਿਨ ਗ਼ਦਰੀ ਕਾਰਕੁੰਨਾਂ, ਕਰਤਾਰ ਸਿੰਘ ਸਰਾਭਾ, ਦਲੀਪ ਦਲੀਪ ਸਿੰਘ ਤੇ ਰਾਮ ਰੱਖਾ ਮੱਲ ਨੇ ਹਥਿਆਰਾਂ ਵਾਸਤੇ ਪੈਸਿਆਂ ਦਾ ਬੰਦੋਬਸਤ ਕਰਨ ਵਾਸਤੇ ਮਨਸੂਰਾਂ ਪਿੰਡ ਵਿਚ ਡਾਕਾ ਮਾਰਿਆ ਤੇ ਇਕ ਸਾਹੂਕਾਰ ਨੂੰ ਲੁੱਟਿਆ ਜਿਸ ਤੋਂ ਉਨ੍ਹਾਂ ਦੇ ਹੱਥ ਸੋਨੇ ਦੀਆਂ ਕੁਝ ਮੁਹਰਾਂ ਹੱਥ ਆਈਆਂ। ਜਦ ਉਹ ਭੱਜਣ ਲੱਗੇ ਤਾਂ ਇਕ ਮੁਕਾਮੀ ਪਿੰਡ ਵਾਸੀ ਕਿਰਪਾਨ ਲੈ ਕੇ ਪਿਆ ਤਾਂ ਸਰਾਭਾ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਦੌੜ ਗਿਆ। ਇਸ ਮਗਰੋਂ ਉਸ ਦੇ ਕੁਝ ਹੋਰ ਸਾਥੀ ਆਏ ਤਾਂ ਦਲੀਪ ਸਿੰਘ ਨੇ ਬੰਬ ਚਲਾ ਦਿੱਤਾ ਜਿਸ ਨਾਲ ਲੋਕ ਡਰ ਕੇ ਭੱਜ ਗਏ।

1921: ਤਰਨਤਾਰਨ ਦੇ ਹਮਲੇ ਵਿਚ ਜ਼ਖ਼ਮੀ ਹੋਏ ਹਜ਼ਾਰਾ ਸਿੰਘ ਅਲਾਦੀਨਪੁਰ ਚੜ੍ਹਾਈ ਕਰ ਗਏ

25 ਜਨਵਰੀ 1921 ਦੇ ਦਿਨ ਜਥੇਦਾਰ ਤੇਜਾ ਸਿੰਘ ਭੁੱਚਰ 40 ਸਿੱਖਾਂ ਨੂੰ ਲੈ ਕੇ ਤਰਨ ਤਾਰਨ ਚਲੇ ਗਏ। ਉਹ ਸਵੇਰੇ 8 ਵਜੇ ਗੁਰਦੁਆਰੇ ਵਿਚ ਦਾਖ਼ਿਲ ਹੋ ਗਏ। ਉਸ ਵੇਲੇ ਗੁਰਦੁਆਰੇ ਵਿਚ ਕੀਰਤਨ ਚਲ ਰਿਹਾ ਸੀ। ਉਹ ਦੋ ਘੰਟੇ ਕੀਰਤਨ ਸੁਣਦੇ ਰਹੇ। ਏਨੇ ਵਿਚ ਮਹੰਤ ਨੇ 70 ਦੇ ਕਰੀਬ ਬੰਦੇ ਇਕੱਠੇ ਕਰ ਲਏ, ਜਿਨ੍ਹਾਂ ਵਿਚੋਂ ਬਹੁਤੇ ਜਵਾਨ ਗੱਭਰੂ ਸਨ। ਪੁਜਾਰੀਆਂ ਆਖਿਆ ਕਿ ਅਸੀਂ ਗੱਲਬਾਤ ਵਾਸਤੇ ਤਿਆਰ ਹਾਂ। ਸ਼ਾਮ ਸਾਢੇ ਪੰਜ ਵਜੇ ਤਕ ਇਹ ਸਮਝੌਤਾ ਤੈਅ ਹੋ ਗਿਆ। ਇਕ ਪਾਸੇ ਸਮਝੌਤੇ ਤੇ ਦਸਤਖ਼ਤ ਕਰਨ ਦੀ ਗੱਲ ਚਲ ਰਹੀ ਸੀ ਤੇ ਦੂਜੇ ਪਾਸੇ ਮਹੰਤਾਂ ਦੇ ਬੰਦਿਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਰਾਤ 8 ਕੁ ਵਜੇ ਇਕ ਦਸਤੀ ਬੰਬ ਸਿੱਖਾਂ ਉਤੇ ਆ ਡਿੱਗਾ। ਇਸ ਪਿੱਛੋਂ ਚਾਰ ਪੰਜ ਹੋਰ ਬੰਬ ਉਥੇ ਸੁੱਟੇ ਗਏ। ਇਸ ਨਾਲ ਕਈ ਬੰਦੇ ਜ਼ਖ਼ਮੀ ਹੋ ਗਏ। ਇਹ ਗੋਲੇ ਗੁਰਦਿੱਤ ਸਿੰਘ ਪੁਜਾਰੀ ਦੇ ਮਕਾਨ ਦੇ ਨਾਲ-ਨਾਲ ਦੂਜੇ ਬੁੰਗਿਆਂ ਤੋਂ ਵੀ ਸੁੱਟੇ ਗਏ ਸਨ। ਗੁਰਦੁਆਰੇ ਦੇ ਅੰਦਰ ਬਲਵੰਤ ਸਿੰਘ ਮੌਲਾ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਰਹੇ ਸਨ। ਮੱਥਾ ਟੇਕਦਿਆਂ ਹੀ ਉਨ੍ਹਾਂ ਦੇ ਮੋਢੇ 'ਤੇ ਤਲਵਾਰ ਦਾ ਇਕ ਵਾਰ ਹੋਇਆ ਤੇ ਉਨ੍ਹਾਂ ਦਾ ਮੋਢਾ ਬੁਰੀ ਤਰ੍ਹਾਂ ਚੀਰਿਆ ਗਿਆ। ਉਨ੍ਹਾਂ ਦੇ ਨਾਲ ਹੀ ਹਜ਼ਾਰਾ ਸਿੰਘ (ਅਲਾਦੀਨਪੁਰ) ਮੱਥਾ ਟੇਕ ਰਿਹਾ ਸੀ। ਮਹੰਤ ਦੇ ਬੰਦਿਆਂ ਨੇ ਉਸ ਦੇ ਢਿੱਡ ਵਿਚ ਤਲਵਾਰ ਮਾਰੀ। ਉਹ ਜ਼ਖ਼ਮੀ ਹੋ ਕੇ ਡਿੱਗ ਪਿਆ। ਇਸ ਮਗਰੋਂ ਹੁਕਮ ਸਿੰਘ (ਵਸਾਊ ਕੋਟ) ਦੇ ਸਿਰ 'ਤੇ ਛਵ੍ਹੀਆਂ ਦੇ ਚਾਰ-ਪੰਜ ਵਾਰ ਹੋਏ। ਉਹ ਵੀ ਜ਼ਖ਼ਮੀ ਹੋ ਕੇ ਡਿੱਗ ਪਿਆ। ਇਨ੍ਹਾਂ ਤਿੰਨਾਂ ਤੋਂ ਇਲਾਵਾ ਗੁਰਬਖ਼ਸ਼ ਸਿੰਘ, ਲਾਭ ਸਿੰਘ, ਈਸ਼ਰ ਸਿੰਘ ਵੀ ਜ਼ਖ਼ਮੀ ਹੋਏ। ਮਹੰਤਾਂ ਦੇ ਹਮਲੇ ਵਿਚ ਜ਼ਖ਼ਮੀ ਹੋਣ ਵਾਲੇ ਹਜ਼ਾਰਾ ਸਿੰਘ ਅਲਾਦੀਨਪੁਰ, ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, 27 ਜਨਵਰੀ 1921 ਦੇ ਦਿਨ ਚੜ੍ਹਾਈ ਕਰ ਗਏ; ਉਹ ਅਕਾਲੀ ਲਹਿਰ ਦੇ ਪਹਿਲੇ ਸ਼ਹੀਦ ਸਨ। 28 ਜਨਵਰੀ ਨੂੰ ਹਜ਼ਾਰਾ ਸਿੰਘ ਦੇ ਸਸਕਾਰ ਦੇ ਜਲੂਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਉਸ ਜ਼ਮਾਨੇ ਦਾ ਇਹ ਸਭ ਤੋਂ ਵੱਡਾ ਜਲੂਸ ਸੀ।

1991: ਹਰਦੇਵ ਸਿੰਘ ਤੇ ਨਿਸ਼ਾਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

27 ਜਨਵਰੀ 1991 ਦੇ ਦਿਨ ਪੁਲਸ ਨੇ ਹਰਦੇਵ ਸਿੰਘ ਉਰਫ਼ ਦੇਵਾ (ਪੁਤਰ ਪ੍ਰੀਤਮ ਸਿੰਘ, ਵਾਸੀ ਝੰਡੇਸਿੰਘਵਾਲਾ) ਅਤੇ ਨਿਸ਼ਾਨ ਸਿੰਘ (ਪੁਤਰ ਅਜੀਤ ਸਿੰਘ, ਵਾਸੀ ਪਬਰਾਲੀ ਕਲਾਂ, ਨੇੜੇ ਪਰਾਚਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਨਿਸ਼ਾਨ ਸਿੰਘ ਤੇ ਕੁਲਵੰਤ ਸਿੰਘ ਕੰਤਾ ਨਕਲੀ ਮੁਕਾਬਲੇ ਵਿਚ ਸ਼ਹੀਦ

27 ਜਨਵਰੀ 1993 ਦੇ ਦਿਨ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ ਤੇ ਕੁਲਵੰਤ ਸਿੰਘ ਕੰਤਾ ਉਰਫ਼ ਨਿਸ਼ਾਨ ਸਿੰਘ (ਪੁਤਰ ਕੁੰਦਨ ਸਿੰਘ, ਵਾਸੀ ਸਰਹਾਲੀ ਮੰਡ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪਰਮਜੀਤ ਸਿੰਘ ਸਰਨਾ ਗਰੁਪ ਨੂੰ ਜ਼ਬਰਦਸਤ ਹਾਰ

27 ਜਨਵਰੀ 2013 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ।ਚੋਣਾਂ ਵਿਚ 46 ਸੀਟਾਂ ਵਾਸਤੇ 265 ਉਮੀਦਵਾਰ ਸਨ। ਕੁਲ 4 ਲੱਖ 16 ਸਿੱਖ ਵੋਟਰਾਂ ਵਿਚੋਂ 1 ਲੱਖ 75 ਹਜ਼ਾਰ, ਯਾਨਿ 42.28 % ਲੋਕਾਂ ਨੇ ਵੋਟਾਂ ਪਾਈਆਂ (2007 ਵਿਚ 42.5% ਲੋਕਾਂ ਨੇ ਵੋਟਾਂ ਪਾਈਆਂ ਸਨ)। (2007 ਵਿਚ 42.5% ਲੋਕਾਂ ਨੇ ਵੋਟਾਂ ਪਾਈਆਂ ਸਨ)। ਇਸ ਵਾਰ ਸਭ ਤੋਂ ਵਧ ਪੋਲਿੰਗ ਕਰਮਪੁਰਾ ਵਿਚ 73.6% ਅਤੇ ਸਭ ਤੋਂ ਘਟ ਪਹਾੜ ਗੰਜ ਵਿਚ 21.5% ਹੋਈ। ਚੋਣਾਂ ਦੇ ਨਤੀਜੇ 30 ਜਨਵਰੀ ਨੂੰ ਆਏ। ਪਰਮਜੀਤ ਸਿੰਘ ਸਰਨਾ ਗਰੁਪ ਨੂੰ ਜ਼ਬਰਦਸਤ ਹਾਰ ਮਿਲੀ। ਬਾਦਲ ਗਰੁੱਪ ਨੇ 46 ਵਿਚੋਂ 37 ਸੀਟਾਂ ਜਿੱਤੀਆਂ, ਸਰਨਾ ਨੂੰ 8 ਅਤੇ ਤਲਵਿੰਦਰ ਸਿੰਘ ਮਰਵਾਹਾ ਨੂੰ ਇਕ ਸੀਟ ਮਿਲੀ। ਸਰਨਾ ਕੋਲ ਪਿਛਲੀ ਵਾਰ 27 ਸੀਟਾਂ ਸਨ। ਸਰਨਾ ਖ਼ੁਦ 4454 ਵੋਟਾਂ 'ਤੇ ਹਾਰਿਆ। ਮਨਜੀਤ ਸਿੰਘ ਜੀ ਕੇ 26 ਫ਼ਰਵਰੀ ਨੂੰ ਪ੍ਰਧਾਨ ਚੁਣਿਆ ਗਿਆ। ਮਨਜਿੰਦਰ ਸਿੰਘ ਸਰਸਾ ਜਨਰਲ ਸਕੱਤਰ, ਧਨਵੰਤ ਸਿੰਘ ਸੀਨੀਅਰ ਤੇ ਹਰਮੀਤ ਸਿੰਘ ਕਾਲਾ ਜੂਨੀਅਰ ਮੀਤ ਪ੍ਰਧਾਨ ਬਣੇ।

28 ਜਨਵਰੀ

1530: ਗੁਰੂ ਨਾਨਕ ਸਾਹਿਬ ਅਚਲ ਵਟਾਲਾ ਗਏ

ਰਾਵੀ ਦੇ ਕੰਢੇ 'ਤੇ ਵਸਾਏ ਆਪਣੇ ਪਿੰਡ ਕਰਤਾਰਪੁਰ ਵਿਚ ਰਹਿੰਦਿਆਂ ਇਕ ਵਾਰ ਗੁਰੂ ਸਾਹਿਬ ਅਚਲ ਵਟਾਲਾ ਵੀ ਗਏ। ਅਚਲ ਵਟਾਲਾ, ਬਟਾਲਾ ਕਸਬੇ ਤੋਂ 6 ਕੁ ਕਿਲੋਮੀਟਰ ਦੂਰ, ਮੌਜੂਦਾ ਬਟਾਲਾ-ਜਲੰਧਰ ਰੋਡ 'ਤੇ ਹੈ। ਉਨ੍ਹਾਂ ਦਿਨਾਂ ਵਿਚ ਇੱਥੇ ਸਿੱਧ ਜੋਗੀਆਂ ਦਾ ਬੜਾ ਵੱਡਾ ਡੇਰਾ ਸੀ। ਜੋਗੀਆਂ ਤੋਂ ਪਹਿਲਾਂ ਉੱਥੇ ਨੇੜੇ ਹੀ ਇਕ ਸ਼ਿਵ ਮੰਦਰ ਵੀ ਸੀ। (ਮਗਰੋਂ ਔਰੰਗਜ਼ੇਬ ਨੇ ਇਸ ਮੰਦਰ ਦੇ ਬੁਤ ਤੁੜਵਾ ਕੇ ਮੰਦਰ ਨੂੰ ਤਬਾਹ ਕਰ ਦਿਤਾ ਸੀ। ਹੁਣ ਵਾਲਾ ਮੰਦਰ 1854 ਵਿਚ ਬਣਾਇਆ ਗਿਆ ਸੀ। ਇਸ ਨਵੇਂ ਮੰਦਰ ਦੀ ਪਰਿਕਰਮਾ ਵਿਚ ਇਕ ਤਸਵੀਰ ਵੀ ਬਣਾਈ ਗਈ ਸੀ। ਇਸ ਤਸਵੀਰ ਵਿਚ ਸਿੱਧ ਜੋਗੀ ਬੈਠ ਕੇ ਗੁਰੂ ਸਾਹਿਬ ਤੋਂ ਸਿਖਿਆ ਲੈ ਰਹੇ ਸਨ। ਹੁਣ ਉਹ ਤਸਵੀਰ ਮਿਟ ਚੁਕੀ ਹੈ)।

ਉਸ ਦਿਨ 28 ਜਨਵਰੀ 1530 ਦੀ ਤਾਰੀਖ਼ ਸੀ ਅਤੇ ਹਿੰਦੂ ਸ਼ਿਵਰਾਤਰੀ ਦਾ ਮੇਲਾ ਮਨਾ ਰਹੇ ਸਨ। ਉੱਥੇ ਕੁਝ ਗਵੱਈਏ ਵੀ ਆਏ ਹੋਏ ਸਨ। ਉਨ੍ਹਾਂ ਨੂੰ ਪਤਾ ਲਗਾ ਕਿ ਜਿਸ ਬਾਬਾ ਨਾਨਕ ਜੀ ਦੀ ਰਚੀ ਬਾਣੀ ਦਾ ਕੀਰਤਨ ਘਰ-ਘਰ ਵਿਚ ਹੁੰਦਾ ਹੈ, ਉਹ ਅਚਲ ਵਟਾਲੇ ਆਏ ਹੋਏ ਹਨ। ਉਨ੍ਹਾਂ ਨੇ ਗੁਰੂ ਜੀ ਦੇ ਸ਼ਬਦਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਕੀਰਤਨ ਸੁਣ ਕੇ ਲੋਕ ਉੱਥੇ ਜੁੜਨੇ ਸ਼ੁਰੂ ਹੋ ਗਏ। ਜਦੋਂ ਲੋਕਾਂ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਵੀ ਉੱਥੇ ਹਨ ਤਾਂ ਸਾਰੀ ਖ਼ਲਕਤ ਉਨ੍ਹਾਂ ਗਵੱਈਆਂ ਨੂੰ ਛੱਡ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਇਕੱਠੀ ਹੋ ਗਈ।

ਜਦੋਂ ਸਿੱਧਾਂ ਨੂੰ ਪਤਾ ਲਗਾ ਕਿ ਸਾਰੇ ਸ਼ਰਧਾਲੂ ਤਾਂ ਗੁਰੂ ਸਾਹਿਬ ਵਲ ਜਾ ਰਹੇ ਹਨ ਤਾਂ ਉਹ ਬਹੁਤ ਖਿਝੇ ਅਤੇ ਇਕੱਠੇ ਹੋ ਕੇ ਗੁਰੂ ਸਾਹਿਬ ਵਲ ਆਏ। ਸਿੱਧਾਂ ਨੇ ਆ ਕੇ ਗੁਰੂ ਸਾਹਿਬ ਨਾਲ ਚਰਚਾ ਸ਼ੁਰੂ ਕਰ ਦਿਤੀ। ਉਨ੍ਹਾਂ ਕਿਹਾ ਕਿ "ਗੁਰੂ ਸਾਹਿਬ ਤੁਸੀਂ ਉਦਾਸੀ ਭੇਖ ਛੱਡ ਕੇ ਗ੍ਰਿਹਸਤੀ ਕਿਉਂ ਹੋ ਗਏ ਹੋ? ਇਹ ਤਾਂ ਜਿਵੇਂ ਕੋਈ ਦੁੱਧ ਵਿਚ ਕਾਂਜੀ ਪਾ ਦੇਵੇ। ਕਾਂਜੀ ਪਾਇਆਂ ਦੁੱਧ ਨੇ ਖ਼ਰਾਬ ਤਾਂ ਹੋਣਾ ਹੀ ਹੈ।" ਗੁਰੂ ਨਾਨਕ ਸਾਹਿਬ ਨੇ ਜਵਾਬ ਦਿਤਾ, "ਜੇ ਭਾਂਡੇ ਸਾਫ਼ ਹੋਣ ਤਾਂ ਦੁਧ ਨਹੀਂ ਫਿੱਟਦਾ। ਇੰਞ ਹੀ ਜੇ ਕਰ ਮਨ ਤੇ ਬੁਧ ਸਾਫ਼ ਰਹਿਣ ਤਾਂ ਇਨਸਾਨ ਰੱਬ ਦਾ ਨਾਂ ਜਪ ਕੇ ਮੁਕਤੀ ਹਾਸਿਲ ਕਰਦਾ ਹੈ। ਦੂਜੇ ਪਾਸੇ ਜੋਗੀ ਤਾਂ ਸੰਸਾਰੀਆਂ ਦੀ ਦੌਲਤ ਤੇ ਹੀ ਪਲਦੇ ਹਨ। ਉਨ੍ਹਾਂ ਦੀਆਂ ਬਿਰਤੀਆਂ ਠੀਕ ਨਹੀ ਰਹਿ ਸਕਦੀਆਂ।"

ਸਿੱਧਾਂ ਨੇ ਫੇਰ ਸਵਾਲ ਕੀਤਾ ਕਿ "ਰਿੜਕਣ ਵਾਲੀ ਮੱਖਣ ਕੱਢਣਾ ਚਾਹੁੰਦੀ ਸੀ ਪਰ ਮੱਖਣ ਨਹੀਂ ਨਿਕਲਿਆ ਤੇ ਘਿਓ ਨਹੀਂ ਬਣਿਆ। ਇਸ ਵਿਚ ਕਸੂਰ ਕਿਸ ਦਾ ਹੈ: ਭਾਂਡੇ ਦਾ, ਦੁੱਧ ਦਾ ਜਾਂ ਫਿਰ ਰਿੜਕਣ ਵਾਲੀ ਦਾ?" ਇਸ ਦਾ ਭਾਵ ਇਹ ਸੀ ਕਿ ਰਿੜਕਣ ਵਾਲੀ ਗੁਰੂ ਹੈ, ਭਾਂਡਾ ਜੀਵ ਹੈ, ਦੁੱਧ ਰੂਹਾਨੀ ਇਲਮ ਹੈ ਅਤੇ ਘਿਓ ਰੱਬ ਦੀ ਪ੍ਰਾਪਤੀ ਹੈ। ਜੇ ਚੇਲੇ ਦਾ ਰੱਬ ਨਾਲ ਮੇਲ ਨਹੀਂ ਹੁੰਦਾ ਤਾਂ ਕਸੂਰ ਗੁਰੂ ਦਾ ਹੈ ਜਾਂ ਚੇਲੇ ਦਾ ਜਾਂ ਉਸ ਗੁਰੂ ਵਲੋਂ ਦਿਤੇ ਇਲਮ ਦਾ। ਗੁਰੂ ਸਾਹਿਬ ਨੇ ਜਵਾਬ ਦਿਤਾ, "ਜੇ ਭਾਂਡਾ ਸਾਫ਼ ਨਾ ਹੋਵੇ ਤਾਂ ਦੁੱਧ ਫਟਣਾ ਹੀ ਹੈ।" ਭਾਵ ਇਹ ਕਿ ਭਾਂਡਾ ਤਾਂ ਹੀ ਸਾਫ਼ ਰਹਿ ਸਕਦਾ ਹੈ ਜੇ ਕਰ ਇਨਸਾਨ ਗੁਰੂ ਦੀ ਮੱਤ 'ਤੇ ਅਮਲ ਕਰੇ। ਸਿਰਫ਼ ਰੂਹਾਨੀ ਇਲਮ ਹੋਣਾ ਅਤੇ ਕਰਮ ਕਾਂਡ ਕਰਨਾ ਕਿਸੇ ਕੰਮ ਨਹੀਂ ਆ ਸਕਦਾ। ਗੁਰੂ ਦੀ ਸਿਖਿਆ ਤੇ ਅਮਲ ਕੀਤਿਆਂ ਹੀ ਰੱਬ ਨਾਲ ਮੇਲ ਹੋ ਸਕਦਾ ਹੈ।:

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ॥ (ਗੁਰੂ ਸਾਹਿਬ ਅਤੇ ਸਿੱਧਾਂ ਦੀ ਇਹ ਚਰਚਾ "ਸਿਧ ਗੋਸ਼ਟਿ" ਬਾਣੀ ਵਿਚ ਸਫ਼ਾ 729-30 'ਤੇ ਦਰਜ ਹੈ)।

ਜਦੋਂ ਗੁਰੂ ਸਾਹਿਬ ਦੇ ਜਵਾਬ 'ਤੇ ਸਿੱਧ ਲਾਜਵਾਬ ਹੋ ਗਏ। ਉਨ੍ਹਾਂ ਗੁਰੂ ਸਾਹਿਬ ਨੂੰ ਰਿਧੀਆਂ, ਸਿਧੀਆਂ, ਜਾਦੂ, ਮੰਤਰ, ਕਰਾਮਾਤ ਵਿਖਾਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਖਿਆ ਕਿ ਸਿਰਫ਼ 'ਵਾਹਿਗੁਰੂ ਦਾ ਨਾਂ ਜਪਣਾ (ਯਾਨਿ ਵਾਹਿਗੁਰੂ ਨੂੰ ਹਰ ਵੇਲੇ ਯਾਦ ਰਖਣਾ)' ਹੀ ਦੁਨੀਆਂ ਵਿਚ ਇੱਕੋ-ਇਕ ਰਿਧੀ-ਸਿਧੀ, ਜਾਦੂ-ਮੰਤਰ ਜਾਂ ਕਰਾਮਾਤ ਹੈ। ਇਸ ਤੋਂ ਵੱਧ ਕੇ ਕੋਈ ਤਾਕਤ ਨਹੀਂ ਇਸ ਤੇ ਸਿੱਧਾਂ ਨੇ ਆਪਣੇ ਮੰਤਰਾਂ ਤੇ ਰਿਧੀਆਂ-ਸਿਧੀਆਂ ਦੇ ਛਲ ਦੇ ਪਖੰਡ ਨਾਲ ਗੁਰੂ ਸਾਹਿਬ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਰੂਹਾਨੀਅਤ ਦੀ ਤਾਕਤ ਅੱਗੇ ਨਾਕਾਮਯਾਬ ਰਹੇ। ਅਖੀਰ ਉਨ੍ਹਾਂ ਨੇ ਗੁਰੂ ਸਾਹਿਬ ਦੀ ਹਸਤੀ ਅੱਗੇ ਸਿਰ ਝੁਕਾ ਦਿਤਾ। ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਚਰਚਾ ਮਾਨਸਰੋਵਰ ਝੀਲ 'ਤੇ ਹੋਈ ਹੋਣ ਦਾ ਜ਼ਿਕਰ ਵੀ ਮਿਲਦਾ ਹੈ।

ਅਚਲ ਵਟਾਲਾ ਵਿਚ ਮੰਦਰ ਦੇ ਨੇੜੇ ਇਕ ਉੱਚੀ ਜਗਹ, ਜਿਥੇ ਗੁਰੂ ਸਾਹਿਬ ਬੈਠੇ ਸਨ, ਉੱਥੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਇੱਥੇ ਇਕ ਪੁਰਾਣੀ ਬੇਰੀ ਵੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਦੇ ਵੇਲੇ ਦੀ ਹੈ।

1846: ਅਲੀਵਾਲ ਚ ਰਣਜੋਧ ਸਿੰਘ ਦੀ ਅਗਵਾਈ 'ਚ ਸਿੱਖ ਫ਼ੌਜਾਂ ਦੀ ਅੰਗਰੇਜ਼ਾਂ ਹੱਥੋਂ ਹਾਰ

17 ਜਨਵਰੀ 1846 ਦੇ ਦਿਨ ਲਾਡਵਾ ਦੇ ਰਾਜੇ ਰਣਜੋਧ ਸਿੰਘ ਨੇ ਸਤਲੁਜ ਦਰਿਆ ਪਾਰ ਬੱਦੋਵਾਲ ਵਿਚ ਅੰਗਰੇਜ਼ ਛਾਵਣੀ 'ਤੇ ਕਬਜ਼ਾ ਕਰ ਲਿਆ। ਪਰ ਰਣਜੋਧ ਸਿੰਘ ਕਬਜ਼ਾ ਕਰਨ ਮਗਰੋਂ ਉੱਥੇ ਹੀ ਟਿਕ ਗਿਆ ਅਤੇ ਨਾ ਤਾਂ ਉਹ ਫ਼ੀਰੋਜ਼ਪੁਰ ਵੱਲ ਅੱਗੇ ਵਧਿਆ ਤੇ ਨਾ ਹੀ ਉਸ ਨੇ ਦਿੱਲੀ ਵੱਲੋਂ ਆਉਣ ਵਾਲੀ ਅੰਗਰੇਜ਼ ਫ਼ੌਜ ਬਾਰੇ ਹੀ ਸੋਚਿਆ। ਇਹ ਇਕ ਜੋਸ਼ੀਲਾ ਪਰ ਪਲਾਨ-ਰਹਿਤ ਐਕਸ਼ਨ ਸੀ। ਇਸ ਕਰ ਕੇ ਰਣਜੋਧ ਸਿੰਘ ਦਾ ਕਬਜ਼ਾ ਸਿਰਫ਼ ਦਸ ਦਿਨ ਹੀ ਕਾਇਮ ਰਿਹਾ। 28 ਜਨਵਰੀ 1846 ਦੇ ਦਿਨ ਹੈਨਰੀ ਸਮਿਥ ਦੀ ਫ਼ੌਜ ਨਾਲ ਅਲੀਵਾਲ

ਵਿਚ ਹੋਈ ਲੜਾਈ ਵਿਚ ਰਣਜੋਧ ਸਿੰਘ ਨੂੰ ਹਾਰ ਹੋਈ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਨਿੰਘਮ ਮੁਤਾਬਿਕ ਰਣਜੋਧ ਸਿੰਘ ਨੇ ਕਬਜ਼ਾ ਤਾਂ ਕਰ ਲਿਆ ਪਰ ਜਦੋਂ ਹੈਨਰੀ ਸਮਿਥ ਫ਼ੌਜ ਲੈ ਕੇ ਉਸ ਤੋਂ ਲੁਧਿਆਣਾ ਆਜ਼ਾਦ ਕਰਵਾਉਣ ਆਇਆ ਤਾਂ ਉਸ ਨੇ ਆਪ ਫ਼ੌਜ ਦੀ ਅਗਵਾਈ ਨਹੀਂ ਕੀਤੀ। ਦੂਜਾ ਉਹ ਕਬਜ਼ਾ ਕਰਨ ਮਗਰੋਂ ਉੱਥੇ ਹੀ ਟਿਕਿਆ ਰਿਹਾ ਤੇ ਅੱਗ ਵਧ ਕੇ ਹੋਰ ਐਕਸ਼ਨ ਕਰ ਕੇ ਅੰਗਰੇਜ਼ਾਂ ਨੂੰ ਕੱਢਣ ਦੀ ਕੋਸ਼ਿਸ਼ ਨਹੀਂ ਕੀਤੀ।

1989: ਮੰਗਲ ਸਿੰਘ ਧਰਮਕੋਟ, ਅਮਰਜੀਤ ਸਿੰਘ ਸ਼ਹਿਜ਼ਾਦਾ ਧੀਰੋਵਾਲ, ਤੇ ਗੁਰਚਰਨ ਸਿੰਘ ਚੰਨੀ ਉੱਚੀ ਮੰਗਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

28 ਜਨਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਮੰਗਲ ਸਿੰਘ ਧਰਮਕੋਟ, ਭਾਈ ਅਮਰਜੀਤ ਸਿੰਘ ਸ਼ਹਿਜ਼ਾਦਾ (ਪੁੱਤਰ ਭਾਈ ਇੰਦਰ ਸਿੰਘ ਧੀਰੋਵਾਲ, ਜਲੰਧਰ) ਤੇ ਗੁਰਚਰਨ ਸਿੰਘ ਚੰਨੀ ਉੱਚੀ ਮੰਗਲੀ, ਲੁਧਿਆਣਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਜੋਗਾ ਸਿੰਘ ਫਤਿਹਾਬਾਦ ਨਕਲੀ ਮੁਕਾਬਲੇ ਵਿਚ ਸ਼ਹੀਦ

28 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਜੋਗਾ ਸਿੰਘ (ਵਾਸੀ ਫਤਿਹਾਬਾਦ, ਜ਼ਿਲਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁੱਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਹਰਪਾਲ ਸਿੰਘ, ਬਬਲੀ, ਸੁੱਚਾ ਸਿੰਘ ਡਡੇਵਾਲੀ, ਗਿਆਨ ਸਿੰਘ ਚਾਚੋਵਾਲੀ, ਬਲਵਿੰਦਰ ਸਿੰਘ ਚਾਚੋਵਾਲੀ, ਸੁੱਚਾ ਸਿੰਘ ਜੀਤਾ ਚਾਚੋਵਾਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

28 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਹਰਪਾਲ ਸਿੰਘ (ਪੁੱਤਰ ਮਲਕੀਤ ਸਿੰਘ, ਵਾਸੀ ਚੌਂਤਾ ਕਲਾਂ, ਰੋਪੜ), ਬਬਲੀ (ਪੁੱਤਰ ਸਵਰਨ ਸਿੰਘ ਸਿੰਘ, ਵਾਸੀ ਮਕਬੂਲਪੁਰਾ) ਤੇ ਸੁੱਚਾ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਡੱਡੇਵਾਲੀ), ਗਿਆਨ ਸਿੰਘ (ਵਾਸੀ ਚਾਚੋਵਾਲੀ), ਬਲਵਿੰਦਰ ਸਿੰਘ ਉਰਫ਼ ਬੱਬਲੀ, ਉਰਫ਼ ਬਘਿਆੜ ਸਿੰਘ ਬਬਰ, ਚਾਚੋਵਾਲੀ, ਸੁੱਚਾ ਸਿੰਘ ਬਬਰ ਉਰਫ਼ ਜੀਤਾ, ਚਾਚੋਵਾਲੀ ਨੂੰ ਨਕਲੀ ਮੁਕਾਬਲਿਆਂ 'ਚ ਸ਼ਹੀਦ ਕਰ ਦਿੱਤਾ।

1993: ਹਰਬੰਸ ਸਿੰਘ ਤੇ ਗੁਰਦੇਵ ਸਿੰਘ ਦੇਬਾ ਨਕਲੀ ਮੁਕਾਬਲੇ ਵਿਚ ਸ਼ਹੀਦ

28 ਜਨਵਰੀ 1993 ਦੇ ਦਿਨ ਪੁਲਸ ਨੇ ਹਰਬੰਸ ਸਿੰਘ (ਪੁੱਤਰ ਮੰਗਲ ਸਿੰਘ, ਵਾਸੀ ਕੁਮਾਰਗਰ ਬਸਤੀ, ਫ਼ੀਰੋਜ਼ਪੁਰ) ਤੇ ਗੁਰਦੇਵ ਸਿੰਘ ਦੇਬਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਨੂਰਮਹਿਲ ਵਿਚ ਸਿੱਖ ਦੁਸ਼ਮਣ ਡੇਰੇ ਦਾ ਮਾਲਕ ਆਸ਼ੂਤੋਸ਼ ਮਰ ਗਿਆ

28 ਜਨਵਰੀ 2014 ਦੇ ਦਿਨ ਨੂਰਮਹਿਲ ਵਿਚ ਸਿੱਖ ਦੁਸ਼ਮਣ ਡੇਰੇ 'ਦਿਵਯਾ ਜੋਤੀ ਜਾਗਰਨ ਸੰਸਥਾਨ' ਦਾ ਮਾਲਕ ਆਸ਼ੂਤੋਸ਼ (ਅਸਲ ਨਾਂ ਮਹੇਸ਼ ਕੁਮਾਰ ਝਾਅ) ਮਰ ਗਿਆ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਉਸ ਦੀ ਮੌਤ ਸੈਕਸ ਤਾਕਤ ਵਧਾਊ ਦੁਆਈਆਂ ਦੀ ਵਧ

ਵਰਤੋਂ ਕਾਰਨ ਹੋਈ ਸੀ। ਪਿੱਛੋਂ ਲਖਨੌਰ (ਜ਼ਿਲ੍ਹਾ ਮਧੂਬਨ, ਬਿਹਾਰ) ਦਾ ਰਹਿਣ ਵਾਲੇ ਇਸ ਸ਼ਖ਼ਸ ਦੇ ਡੇਰੇ 'ਤੇ, ਉਸ ਦੇ ਮਰਨ ਦੇ ਦਿਨ, 300 ਦੇ ਕਰੀਬ ਨੌਜਵਾਨ ਕੁੜੀਆਂ ਰਹਿ ਰਹੀਆਂ ਸਨ ਜਿਨ੍ਹਾਂ ਬਾਰੇ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਤੋਂ ਦੇਹ ਵਪਾਰ ਕਰਵਾਉਂਦਾ ਸੀ। ਉਸ ਦੇ ਮਰਨ ਪਿੱਛੋਂ ਉਸ ਦੇ ਸੀਨੀਅਰ ਚੇਲਿਆਂ (ਅਰਵਿੰਦਾ ਨੰਦ, ਸੋਨੀ, ਵਿਸ਼ਾਲਾ ਨੰਦ ਤੇ ਨਰਿੰਦਰ ਸਿੰਘ) ਨੇ ਐਲਾਨ ਕੀਤਾ ਕਿ ਉਹ ਮਰਿਆ ਨਹੀਂ ਅਤੇ ਡੂੰਘੀ ਸਮਾਧੀ ਵਿਚ ਹੈ ਅਤੇ ਉਸ ਦੀ ਲਾਸ਼ ਨੂੰ ਫ਼ਰੀਜ਼ਰ ਵਿਚ ਲਾ ਦਿੱਤਾ। ਦਰਅਸਲ ਉਹ ਉਸ ਦੀ ਜਾਇਦਾਦ 'ਤੇ ਕਬਜ਼ਾ ਕਰਨ ਦੀਆਂ ਸਾਜ਼ਸ਼ਾਂ ਘੜ ਰਹੇ ਸਨ। ਇਸ 'ਤੇ 3 ਫ਼ਰਵਰੀ ਦੇ ਦਿਨ ਉਸ ਦੇ ਸਾਬਕਾ ਡਰਾਈਵਰ ਪੂਰਨ ਸਿੰਘ ਨੇ ਹਾਈ ਕੋਰਟ ਵਿਚ ਪਟੀਸ਼ਨ ਕਰ ਕੇ ਕਿਹਾ ਕਿ ਉਸ ਦੀ ਮੌਤ ਨਹੀਂ ਹੋਈ ਅਤੇ ਉਸ ਦੇ ਚੇਲਿਆਂ ਨੇ ਉਸ ਨੂੰ ਡੇਰੇ ਵਿਚ ਕੈਦ ਕੀਤਾ ਹੋਇਆ ਹੈ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਬਾਰੇ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ। 5 ਫ਼ਰਵਰੀ ਨੂੰ ਪੰਜਾਬ ਸਰਕਾਰ ਦੇ ਵਕੀਲ ਨੇ ਉਸ ਦੀ ਮੌਤ ਦੀ ਤਾਈਦ ਕੀਤੀ (ਹਾਲਾਂ ਕਿ ਡੇਰੇ ਵਾਲਿਆਂ ਨੇ ਪੰਜਾਬ ਪੁਲਸ ਦੇ ਨਰਿੰਦਰ ਸਿੰਘ ਡੀ.ਐਸ.ਪੀ. ਨਕੋਦਰ ਨੂੰ ਉਸ ਦੀ ਲਾਸ਼ ਤਕ ਨਹੀਂ ਦੇਖਣ ਦਿੱਤੀ ਸੀ। ਉਧਰ 8 ਫ਼ਰਵਰੀ ਦੇ ਦਿਨ ਆਸ਼ੂਤੋਸ਼ ਦੇ ਪੁੱਤਰ ਦਲੀਪ ਝਾਅ ਨੇ ਆਪਣੇ ਬਾਪ ਦੀ ਲਾਸ਼ ਲੈਣ ਵਾਸਤੇ ਆਪਣੇ ਪਿੰਡ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ; ਪਰ ਦੋ ਦਿਨ ਮਗਰੋਂ ਸਰਕਾਰ ਦੇ ਕਹਿਣ 'ਤੇ ਛੱਡ ਦਿੱਤੀ। ਮਈ ਵਿਚ ਉਸ ਨੇ ਫਿਰ ਇਹ ਮਸਲਾ ਛੇੜਿਆ। ਮਗਰੋਂ ਇਹ ਕੇਸ ਹਾਈ ਕੋਰਟ ਵਿਚ ਵੀ ਗਿਆ।

29 ਜਨਵਰੀ

1915: ਗ਼ਦਰ ਪਾਰਟੀ ਕਾਰਕੁੰਨਾਂ ਨੇ ਝਨੇਰ ਪਿੰਡ ਵਿਚ ਡਾਕਾ ਮਾਰਿਆ

29 ਜਨਵਰੀ 1915 ਦੇ ਦਿਨ ਗ਼ਦਰ ਪਾਰਟੀ ਕਾਰਕੁੰਨਾਂ ਨੇ ਮਲੇਰਕੋਟਲਾ ਰਿਆਸਤ ਦੇ ਝਨੇਰ ਪਿੰਡ ਵਿਚ ਗਾਂਧਾ ਸਿੰਘ ਦੇ ਘਰ ਡਾਕਾ ਮਾਰਿਆ ਅਤੇ 16 ਸੇਰ ਚਾਂਦੀ ਤੇ 7 ਤੋਲੇ ਸੋਨਾ ਲੁੱਟਿਆ ਤਾਂ ਜੋ ਅਸਲਾ ਖ਼ਰੀਦਿਆ ਜਾ ਸਕੇ।

1970; ਇੰਦਰਾ ਗਾਂਧੀ ਨੇ ਚੰਡੀਗੜ੍ਹ ਵਾਸਤੇ ਆਪਣਾ ਐਵਾਰਡ ਦਿੱਤਾ

ਜੁਲਾਈ 1969 ਵਿਚ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਉੱਤੇ ਫਤਹ ਸਿੰਘ-ਮਾਸਟਰ ਤਾਰਾ ਸਿੰਘ-ਸੰਪੂਰਨ ਸਿੰਘ ਰਾਮਾ-ਚੰਨਣ ਸਿੰਘ-ਉਮਰਾਨੰਗਲ-ਸ਼ਰੀਂਹ ਵਗ਼ੈਰਾ ਦੇ ਵਰਤ ਛੱਡਣ ਨਾਲ ਲੱਗੇ 'ਕਲੰਕ' ਨੂੰ ਲਾਹੁਣ ਵਾਸਤੇ 15 ਅਗਸਤ 1969 ਤੋਂ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। 27 ਅਕਤੂਬਰ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਆਪਣੇ ਮਰਨ ਵਰਤ ਦੇ 74ਵੇਂ ਦਿਨ ਚੜ੍ਹਾਈ ਕਰ ਗਿਆ।

ਫੇਰੂਮਾਨ ਦੀ 'ਸ਼ਹੀਦੀ' ਨੇ ਫਤਹਿ ਸਿੰਘ ਨੂੰ ਦਾਗ਼ੀ ਬਣਾ ਦਿੱਤਾ ਸੀ। ਫਤਹਿ ਸਿੰਘ ਵਲੋਂ 1960, 1965 ਅਤੇ 1966 ਵਿਚ, ਤਿੰਨ ਵਾਰ ਪੂਰਾ ਕੀਤੇ ਬਿਨਾਂ ਵਰਤ ਛੱਡਣ ਦੀ ਗੱਲ ਨੂੰ ਹਰ ਪਾਸੇ ਨਿੰਦਿਆ ਜਾ ਰਿਹਾ ਸੀ। ਫਤਹਿ ਸਿੰਘ ਨੇ ਹੁਣ ਇਕ ਵਾਰ ਫਿਰ ਮਰਨ ਵਰਤ ਦਾ ਐਲਾਨ ਕਰ ਦਿੱਤਾ। 24 ਨਵੰਬਰ 1969 ਨੂੰ ਫਤਹਿ ਸਿੰਘ ਨੇ ਆਪਣੀ ਇੱਜ਼ਤ ਬਚਾਉਣ ਖ਼ਾਤਿਰ ਐਲਾਨ ਕੀਤਾ ਕਿ ਜੇ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਉਹ 27 ਜਨਵਰੀ 1970 ਨੂੰ ਮਰਨ ਵਰਤ ਰੱਖ ਕੇ ਇਕ ਫਰਵਰੀ 1970 ਨੂੰ ਆਪਣੇ ਆਪ ਨੂੰ ਸਾੜ ਲਵੇਗਾ। 26

ਜਨਵਰੀ 1970 ਨੂੰ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਵੇਲੇ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਗੁਰਨਾਮ ਸਿੰਘ ਚੀਫ ਮਨਿਸਟਰ ਸੀ। ਉਸ ਨੇ ਇੰਦਰਾ ਗਾਂਧੀ ਸੌਦੇਬਾਜ਼ੀ ਕਰਨੀ ਸ਼ੁਰੂ ਕਰ ਦਿਤੀ। ਇਧਰ ਪੰਜਾਬ ਵਿਚ ਅਕਾਲੀ 'ਰੀਪਬਲਿਕ ਡੇਅ' ਦਾ ਬਾਈਕਾਟ ਕਰ ਰਹੇ ਸਨ। ਅੰਮ੍ਰਿਤਸਰ ਵਿਚ ਸੈਂਟਰਲ ਐਕਸਾਈਜ਼ ਬਿਲਡਿੰਗ ਤੋਂ ਅਕਾਲੀਆਂ ਨੇ ਭਾਰਤੀ ਝੰਡਾ ਉਤਾਰ ਲਿਆ ਅਤੇ ਰਾਮ ਬਾਗ਼ ਵਿਚ ਗਾਂਧੀ ਦੇ ਬੁੱਤ 'ਤੇ ਰੱਖ ਕੇ ਸਾੜ ਦਿੱਤਾ। ਗਾਂਧੀ ਦੇ ਬੁੱਤ ਨੂੰ ਵੀ ਛਿੱਤਰ ਮਾਰੇ ਗਏ। ਇਹੋ ਜਿਹੀਆਂ ਘਟਨਾਵਾਂ ਹੋਰ ਵੀ ਕਈ ਥਾਂਵਾਂ ਤੇ ਹੋਈਆਂ। ਫ਼ੀਰੋਜ਼ਪੁਰ ਵਿਚ ਗਵਰਨਰ ਦੇ ਝੰਡਾ ਲਹਿਰਾਉਣ ਤੇ ਹੁੰਦੀ ਗੜਬੜ ਮਸਾਂ ਰੁਕੀ।

29 ਜਨਵਰੀ 1970 ਤੱਕ ਪੰਜਾਬ ਦਾ ਮਾਹੌਲ ਬੁਰੀ ਤਰ੍ਹਾਂ ਵਿਗੜਿਆ ਰਿਹਾ ਅਤੇ ਕਈ ਪਾਸਿਆਂ ਤੋਂ ਗੜਬੜ ਦਾ ਖ਼ਤਰਾ ਰਿਹਾ। ਅਖ਼ੀਰ 29 ਜਨਵਰੀ ਨੂੰ ਇੰਦਰਾ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਅਨੁਸਾਰ: ਚੰਡੀਗੜ੍ਹ (ਕੁਝ ਪਿੰਡ ਛੱਡ ਕੇ) ਪੰਜਾਬ ਨੂੰ ਦਿੱਤਾ ਜਾਣਾ ਸੀ ਅਤੇ ਬਦਲੇ ਵਿਚ ਫ਼ਾਜ਼ਿਲਕਾ ਤੇ ਅਬੋਹਰ ਦੀਆਂ ਤਹਿਸੀਲਾਂ 'ਚੋਂ ਕਈ ਪਿੰਡ ਹਰਿਆਣੇ ਨੂੰ ਮਿਲਣੇ ਸੀ। ਇਨ੍ਹਾਂ ਇਲਾਕਿਆਂ ਦੇ ਨਾਲ ਇਕ ਫਰਲਾਂਗ ਦੀ ਪੱਟੀ ਵੀ ਪੰਜਾਬ ਚੋਂ ਮਿਲਣੀ ਸੀ। ਇਸ ਤੋਂ ਬਿਨਾਂ 10 ਕਰੋੜ ਰੁਪੈ ਮਦਦ ਤੇ 10 ਕਰੋੜ ਰੁਪੈ ਕਰਜ਼ਾ ਵੀ ਹਰਿਆਣੇ ਨੂੰ ਮਿਲਣਾ ਸੀ। ਹਰਿਆਣਾ ਤੇ ਪੰਜਾਬ ਦੀ ਹਦਬੰਦੀ ਦੇ ਝਗੜਿਆਂ ਵਾਸਤੇ ਇਕ ਕਮਿਸ਼ਨ ਬਣਾਉਣਾ ਵੀ ਮੰਨ ਲਿਆ ਗਿਆ। ਚੰਡੀਗੜ੍ਹ ਪੰਜਾਬ ਨੂੰ 5 ਸਾਲ ਮਗਰੋਂ 29 ਜਨਵਰੀ 1975 ਦੇ ਦਿਨ ਮਿਲਣਾ ਸੀ।

ਇਹ ਐਲਾਨ ਪੰਜਾਬ ਦੇ ਲੋਕਾਂ ਨੇ ਬੜੀ ਹੈਰਾਨੀ ਅਤੇ ਰੰਜ ਨਾਲ ਸੁਣਿਆ। ਲੋਕਾਂ ਨੇ ਥਾਂ-ਥਾਂ ਤੇ ਰੋਸ ਜ਼ਾਹਿਰ ਕੀਤਾ। ਰੋਪੜ, ਜਲੰਧਰ, ਫ਼ਾਜ਼ਿਲਕਾ, ਮੋਗਾ, ਅਬੋਹਰ, ਫ਼ਰੀਦਕੋਟ, ਮਲੇਰਕੋਟਲਾ, ਬਠਿੰਡਾ, ਸਰਹਿੰਦ, ਕਪੂਰਥਲਾ, ਲੁਧਿਆਣਾ, ਪਟਿਆਲਾ ਅਤੇ ਅੰਮ੍ਰਿਤਸਰ ਵਿਚ ਰੋਸ ਜਲੂਸ ਕੱਢੇ ਗਏ ਅਤੇ ਜਲਸੇ ਵੀ ਹੋਏ। ਕਈ ਥਾਈਂ ਫਤਹਿ ਸਿੰਘ ਦੀਆਂ ਅਰਥੀਆਂ ਵੀ ਸਾੜੀਆਂ ਗਈਆਂ।

ਪਰ ਇਸ ਸਾਰਾ ਕੁਝ ਦੀ ਪ੍ਰਵਾਹ ਕੀਤੇ ਬਿਨਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅਤੇ ਸਰਬ ਪਾਰਟੀ ਮੀਟਿੰਗ ਨੇ ਫਤਹਿ ਸਿੰਘ ਨੂੰ ਵਰਤ ਖੋਲ੍ਹਣ ਵਾਸਤੇ ਕਿਹਾ। ਉਸ ਨੇ ਆਪਣੇ ਮਰਨ ਵਰਤ 30 ਜਨਵਰੀ 1970 ਦੇ ਦਿਨ ਸ਼ਾਮ ਸਾਢੇ ਪੰਜ ਵਜੇ ਖੋਲ੍ਹ ਦਿੱਤਾ। ਪਹਿਲਾਂ ਵਾਂਗ ਤੋਂ ਉਲਟ ਇਸ ਵਾਰੀ ਮਰਨ ਵਰਤ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਦੀ ਬਿਲਡਿੰਗ 'ਤੇ ਖੋਹਲਿਆ ਗਿਆ। ਸਿੱਖਾਂ ਵਿਚ ਬਹੁਤ ਰੋਹ ਸੀ ਤੇ ਉਨ੍ਹਾਂ ਸਾਹਮਣੇ ਆਉਣ ਦਾ ਫਤਹਿ ਸਿੰਘ ਕੋਲ ਹੁਣ ਹੌਂਸਲਾ ਨਹੀਂ ਸੀ ਰਿਹਾ।

1987: ਕਪੂਰਥਲਾ ਗੁਰਦੁਆਰਾ 'ਤੇ ਪੁਲਸ ਨੇ ਧਾਵਾ ਬੋਲਿਆ

ਬਰਨਾਲਾ ਸਰਕਾਰ ਦੀ ਪੁਲਸ ਨੇ 29 ਜਨਵਰੀ 1987 ਦੇ ਦਿਨ ਕਪੂਰਥਲਾ ਦੇ ਮੁਖ ਗੁਰਦਵਾਰੇ 'ਤੇ ਧਾਵਾ ਬੋਲਿਆ; ਪੁਲਸ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਸਾਰੇ ਪਾਸੇ ਦਹਿਸ਼ਤ ਫੈਲ ਗਈ ਪਰ ਪੁਲਸ ਨੂੰ ਗੁਰਦੁਆਰੇ ਵਿਚੋਂ ਕੁਝ ਵੀ ਹੱਥ ਨਾ ਲੱਗਾ ਤਾਂ ਕਾਰਵਾਈ ਪਾਉਣ ਵਾਸਤੇ ਇਕ ਸਿੱਖ ਨੌਜਵਾਨ ਪਲਵਿੰਦਰਪਾਲ ਸਿੰਘ, ਜੋ ਉਥੇ ਹਾਜ਼ਰ ਸੀ, ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਇਸ 'ਤੇ ਪ੍ਰੋਟੈਸਟ ਵਜੋਂ ਬਾਰ ਐਸੋਸੀਏਸ਼ਨ ਕਪੂਰਥਲਾ ਨੇ ਹੜਤਾਲ ਵੀ ਕੀਤੀ।

1988: ਝਿਲਮਿਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

29 ਜਨਵਰੀ 1988 ਦੇ ਦਿਨ ਪੰਜਾਬ ਪੁਲਸ ਨੇ ਝਿਲਮਿਲ ਸਿੰਘ (ਵਾਸੀ ਘੁਗਵੇਟ, ਜ਼ਿਲਾ ਕਪੂਰਥਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2004: ਪੱਲੀ ਝਿੱਕੀ ਦੇ ਸਾਧ ਧਨਵੰਤ ਸਿੰਘ ਨੂੰ ਕੁੜੀ ਦੇ ਰੇਪ ਦੇ ਜੁਰਮ ਵਿਚ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ

2002 ਦੇ ਸ਼ੁਰੂ ਵਿਚ ਨਵਾਂਸ਼ਹਿਰ ਦੇ ਨੇੜੇ ਦੇ ਪੱਲੀ ਝਿੱਕੀ ਡੇਰੇ ਦੇ ਸਾਧ ਧਨਵੰਤ ਸਿੰਘ ਵੱਲੋਂ ਇਕ ਕੁੜੀ ਦਾ ਰੇਪ ਕਰਨ ਦਾ ਕੇਸ ਸਾਹਮਣੇ ਆਇਆ। ਖ਼ਾਲਸਾ ਪੰਚਾਇਤ ਜਥੇਬੰਦੀ ਦੇ ਆਗੂ ਉਸ ਕੁੜੀ ਨੂੰ ਲੈ ਕੇ ਵੇਦਾਂਤੀ ਕੋਲ ਚਲੇ ਗਏ। ਵੇਦਾਂਤੀ ਨੇ ਪਹਿਲਾਂ ਤਾਂ ਉਸ ਕੁੜੀ ਦੇ ਸਿਰ 'ਤੇ ਹੱਥ ਰਖ ਕੇ ਉਸ ਨੂੰ ਇਨਸਾਫ਼ ਦੇਣ ਦਾ ਵਾਅਦਾ ਕੀਤਾ ਪਰ ਮਗਰੋਂ 10 ਮਈ 2002 ਨੂੰ ਵੇਦਾਂਤੀ ਨੇ ਧਨਵੰਤ ਸਿੰਘ ਨੂੰ ਮਾਮੂਲੀ ਜਿਹੀ ਸਜ਼ਾ ਲਾ ਕੇ ਨਾਲ ਹੀ ਕੇਸ ਲਿਆਉਣ ਵਾਲਿਆਂ ਨੂੰ ਵੀ ਸਜ਼ਾ ਲਾ ਦਿੱਤੀ। ਵੇਦਾਂਤੀ ਦੀ ਬੇਈਮਾਨੀ ਤੋਂ ਔਖੀ ਹੋ ਕੇ ਕੁੜੀ ਨੇ ਅਗਸਤ ਵਿਚ ਪੁਲੀਸ ਕੋਲ ਕੇਸ ਦੇ ਦਿੱਤਾ। ਪੁਲੀਸ ਨੇ 29 ਅਗਸਤ 2002 ਦੇ ਦਿਨ ਧਨਵੰਤ ਸਿੰਘ ਨੂੰ ਉਸ ਕੁੜੀ ਦੇ ਰੇਪ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਵੇਦਾਂਤੀ ਬਹੁਤ ਔਖਾ ਹੋਇਆ ਅਤੇ ਖ਼ਾਲਸਾ ਪੰਚਾਇਤ ਨੂੰ ਅਕਾਲ ਤਖ਼ਤ ਦੀ ਹੁਕਮ-ਅਦੂਲੀ ਦਾ ਦੋਸ਼ੀ ਕਰਾਰ ਦਿੱਤਾ।ਇਸ 'ਤੇ ਖ਼ਾਲਸਾ ਪੰਚਾਇਤ ਦੇ ਮੁਖੀ ਰਜਿੰਦਰ ਸਿੰਘ ਖ਼ਾਲਸਾ ਨੇ ਦੋਸ਼ ਲਾਇਆ ਕਿ ਉਸ ਦੇ ਸਾਲੇ ਪ੍ਰਿਥੀਪਾਲ ਸਿੰਘ ਨੇ ਧਨਵੰਤ ਸਿੰਘ ਤੋਂ ਰਿਸ਼ਵਤ ਲੈ ਲਈ ਸੀ ਤੇ ਇਸੇ ਕਰ ਕੇ ਵੇਦਾਂਤੀ ਨੇ ਇਸ ਕੇਸ ਨੂੰ ਰਫ਼ਾ-ਦਫ਼ਾ ਕੀਤਾ ਸੀ। ਇਸ ਤੋਂ ਖਿਝ ਕੇ ਵੇਦਾਂਤੀ ਨੇ ਖ਼ਾਲਸਾ ਪੰਚਾਇਤ ਦੇ ਪੰਜ ਮੈਂਬਰ ਵੀ ਤਲਬ ਕਰ ਲਏ। ਇਸ 'ਤੇ ਖ਼ਾਲਸਾ ਪੰਚਾਇਤ ਨੇ ਵੇਦਾਂਤੀ ਦੇ ਅਸਤੀਫ਼ੇ ਦੀ ਮੰਗ ਕੀਤੀ ਤੇ ਕਿਹਾ ਕਿ ਜੇ ਉਸ ਨੇ ਦਸ ਦਿਨ ਦੇ ਅੰਦਰ ਅਸਤੀਫ਼ਾ ਨਾ ਦਿੱਤਾ ਤਾਂ ਉਸ ਦੇ ਘਰ ਦੇ ਬਾਹਰ ਧਰਨਾ ਮਾਰਿਆ ਜਾਵੇਗਾ (ਮਗਰੋਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰਨ ਦਾ ਐਲਾਨ ਕੀਤਾ)। ਇਸ ਮੌਕੇ 'ਤੇ ਅਖੰਡ ਕੀਰਤਨੀ ਜਥੇ ਦੀ ਬੀਬੀ ਅਮਰਜੀਤ ਕੌਰ ਤੇ ਮਨਜੀਤ ਸਿੰਘ ਕੇਸਗੜ੍ਹ ਨੇ ਵੇਦਾਂਤੀ (ਇਕ ਤਰੀਕੇ ਨਾਲ ਧਨਵੰਤ ਸਿੰਘ) ਦੀ ਹਿਮਾਇਤ ਕੀਤੀ। ਦੂਜੇ ਪਾਸੇ ਧਨਵੰਤ ਸਿੰਘ 'ਤੇ ਬਾਕਾਇਦਾ ਮੁਕੱਦਮਾ ਚੱਲਿਆ 29 ਜਨਵਰੀ 2004 ਦੇ ਦਿਨ ਉਸ ਨੂੰ ਅਦਾਲਤ ਨੇ 10 ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਦਿੱਤੀ।

201): ਪੁਜਾਰੀ ਗੁਰਬਚਨ ਸਿੰਘ ਨੇ (ਪ੍ਰੋ) ਦਰਸ਼ਨ ਸਿੰਘ ਰਾਗੀ ਨੂੰ ਅਖੌਤੀ ਤੌਰ 'ਤੇ ਆਪਣੇ ਪੰਥ ਚੋਂ 'ਖ਼ਾਰਜ' ਕੀਤਾ

ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਗੁਰਬਚਨ ਸਿੰਘ ਨੇ (ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਅਖੌਤੀ ਦਸਮ ਗ੍ਰੰਥ ਸਬੰਧੀ ਟਿੱਪਣੀ ਦੇ ਸਬੰਧ ਵਿਚ 5 ਦਸੰਬਰ 2009 ਦੇ ਦਿਨ ਅਕਾਲ ਤਖ਼ਤ 'ਤੇ 'ਤਲਬ' ਕੀਤਾ। ਪ੍ਰੋ ਦਰਸ਼ਨ ਸਿੰਘ ਨੇ ਪਹਿਲਾਂ ਤਾਂ ਨਾ ਪੇਸ਼ ਹੋਣ ਦਾ ਇਰਾਦਾ ਕੀਤਾ ਪਰ ਮਗਰੋਂ ਉਹ ਤਖ਼ਤ ਸਾਹਿਬ ਦੀ ਇਮਾਰਤ 'ਤੇ ਚਲਾ ਗਿਆ ਪਰ ਗ੍ਰੰਥੀਆਂ ਦੀ ਬੈਠਕ ਵਾਲੇ ਕਮਰੇ ਵਿਚ ਜਾਣ ਤੋਂ ਨਾਂਹ ਕਰ ਦਿੱਤੀ; ਪਰ ਪੁਜਾਰੀ ਉਥੇ ਆਉਣ ਦੀ ਬਜਾਇ ਆਪਣੇ ਕਮਰੇ ਵਿਚ ਹੀ ਬੈਠੇ ਰਹੇ; ਇਸ 'ਤੇ ਦਰਸ਼ਨ ਸਿੰਘ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਸਾਹਿਬ 'ਤੇ ਪ੍ਰਕਾਸ਼ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅੱਗੇ ਰੱਖ ਕੇ ਚਲਾ ਗਿਆ।

ਇਸ ਮਗਰੋਂ ਪੁਜਾਰੀਆਂ ਨੇ ਉਸ ਨੂੰ 7 ਜਨਵਰੀ ਵਾਸਤੇ ਦੋਬਾਰਾ 'ਤਲਬ' ਕੀਤਾ ਪਰ ਉਸ ਨੇ ਇਸ 'ਹੁਕਮ' ਨੂੰ ਨਜ਼ਰ ਅੰਦਾਜ਼ ਕਰ ਦਿੱਤਾ; ਇਸ 'ਤੇ 29 ਜਨਵਰੀ 2010 ਦੇ ਦਿਨ ਪੁਜਾਰੀਆਂ ਨੇ ਉਸ ਨੂੰ ਆਪਣੇ ਪੰਥ ਵਿਚੋਂ 'ਖਾਰਜ' ਕਰਨ ਦਾ ਐਲਾਨ ਕਰ ਦਿੱਤਾ।
ਪ੍ਰੋ ਦਰਸ਼ਨ ਸਿੰਘ ਸਬੰਧੀ ਸਾਜ਼ਸ਼ੀ ਸੀ. ਡੀ. ਗੁਰਚਰਨਜੀਤ ਸਿੰਘ ਲਾਂਬਾ ਵਲੋਂ ਤਿਆਰ ਕਰ ਕੇ ਪੁਜਾਰੀਆਂ ਨੂੰ ਦਿੱਤੀ ਗਈ ਸੀ; ਇਹ ਉਸ ਨੇ ਐਡਿਟ ਕਰ ਕੇ ਅਸਲ ਗੱਲਾਂ ਕੱਢ ਕੇ ਬਣਾਈ ਸੀ। ਪ੍ਰੋ ਦਰਸ਼ਨ ਸਿੰਘ ਨੇ ਆਪਣੀ ਅਸਲ ਕਥਾ ਦੀ ਸੀ. ਡੀ. ਵੀ ਪੁਜਾਰੀਆਂ ਨੂੰ ਭੇਜੀ ਸੀ; ਪਰ ਪੁਜਾਰੀ ਤਾਂ ਇਕ ਸਾਜ਼ਿਸ਼ ਹੇਠ ਵਿਚਰ ਰਹੇ ਸਨ ਤੇ ਉਨ੍ਹਾਂ ਦਾ ਨਿਸ਼ਾਨਾ ਪ੍ਰੋ ਦਰਸ਼ਨ ਸਿੰਘ ਨੂੰ ਕਿਸੇ ਬਹਾਨੇ ਨਾਲ ਹਰ ਹੀਲੇ ਆਪਣੇ ਪੰਥ ਚੋਂ ਅਖੌਤੀ ਤੌਰ 'ਤੇ ਖਾਰਜ ਕਰਨਾ ਹੀ ਸੀ। ਡਾ ਹਰਜਿੰਦਰ ਸਿੰਘ ਦਿਲਗੀਰ ਨੇ 5 ਦਸੰਬਰ 2009 ਦੇ ਦਿਨ ਪੁਜਾਰੀਆਂ ਨੂੰ ਮਿਲ ਕੇ ਚੇਤਾਵਨੀ ਵੀ ਦਿੱਤੀ ਕਿ ਭਾਵੇਂ ਸਿੱਖ ਫ਼ਲਸਫ਼ੇ ਵਿਚ ਅਖੌਤੀ ਜਥੇਦਾਰ ਦਾ ਅਹੁਦਾ ਨਹੀਂ ਹੈ ਪਰ ਕੁਝ ਲੋਕ ਅਜੇ ਵੀ ਤੁਹਾਨੂੰ ਅਖੌਤੀ ਜਥੇਦਾਰ ਮੰਨਦੇ ਹਨ ਪਰ ਜੇ ਪ੍ਰੋ. ਦਰਸ਼ਨ ਸਿੰਘ ਦੇ ਖ਼ਿਲਾਫ਼ ਕੋਈ ਗ਼ਲਤ ਹਰਕਤ ਕਰੋਗੇ ਤਾਂ ਤੁਹਾਡਾ ਇਹ ਦਿਖਾਵੇ ਦਾ ਅਦਬ ਵੀ ਖ਼ਤਮ ਹੋ ਜਾਵੇਗਾ। ਹੋਰ ਬਹੁਤ ਸਾਰੇ ਲੋਕਾਂ ਨੇ ਵੀ ਪੁਜਾਰੀਆਂ ਨੂੰ ਗ਼ਲਤ ਹਰਕਤ ਕਰਨ ਤੋਂ ਵਰਜਿਆ ਪਰ ਉਹ ਚੌਕ ਮਹਿਤਾ ਡੇਰੇ ਦੇ ਮੁਖੀ ਹਰਨਾਮ ਸਿੰਘ ਧੁੰਮੇ ਅਤੇ ਬਾਦਲ ਦੇ ਹੁਕਮ ਦੇ ਬੱਝੇ ਸਨ ਤੇ ਉਨ੍ਹਾਂ ਬੇਹੂਦਗੀ ਭਰੀ ਬੇਵਕੂਫ਼ੀ ਕਰਦਿਆ ਆਪਣੇ ਪੰਥ ਚੋਂ ਅਖੌਤੀ ਤੌਰ 'ਤੇ ਖਾਰਜ ਕਰਨ ਦਾ ਐਲਾਨ ਕਰ ਦਿੱਤਾ। ਪੁਜਾਰੀਆਂ ਦੇ ਇਸ 'ਡਾਇਰਨਾਮੇ' ਨੂੰ ਸਿੱਖ ਸੰਗਤਾਂ ਨੇ ਬੁਰੀ ਤਰ੍ਹਾਂ ਦੁਰਕਾਰਿਆ; ਸੈਂਕੜੇ ਆਗੂਆਂ, ਵਿਦਵਾਨਾਂ ਤੇ ਜਥੇਬੰਦੀਆਂ ਨੇ ਪੁਜਾਰੀਆਂ ਨੂੰ ਲਾਅਨਤਾਂ ਪਾਈਆਂ। ਸਿਰਫ਼ ਪੌਣੇ ਦੋ ਸਾਲ ਵਿਚ ਹੀ ਤਕਰੀਬਨ 100 ਸਮਾਗਮਾਂ ਵਿਚ ਉਸ ਨੇ ਕੀਰਤਨ, ਕਥਾ ਅਤੇ ਲੈਕਚਰ ਕੀਤੇ; ਯਾਨਿ ਲੱਖਾਂ ਲੋਕਾਂ ਨੇ ਪੁਜਾਰੀਆਂ ਦੇ ਕੂੜਨਾਮੇ ਨੂੰ ਰੱਦ ਕਰ ਦਿੱਤਾ। ਪੰਜਾਬ ਵਿਚ ਪੁਲਸ ਦੇ ਧੱਕੇ ਹੇਠ ਪ੍ਰੋ ਦਰਸ਼ਨ ਸਿੰਘ ਦੇ ਸਮਾਗਮ ਰੋਕੇ ਗਏ ਵਰਨਾ ਪੰਜਾਬ ਦੀਆਂ ਸੰਗਤਾਂ ਨੇ ਵੀ ਬਾਦਲ, ਚੌਕ ਮਹਿਤਾ ਡੇਰੇ ਵਾਲਿਆਂ ਅਤੇ ਬਾਕੀ ਸਾਧਾਂ ਦੀ ਸਾਜ਼ਿਸ਼ ਦੀਆਂ ਧੱਜੀਆਂ ਉਡਾ ਦੇਣੀਆਂ ਸਨ। ਇਹ ਪੁਜਾਰੀ ਅਤੇ ਸਾਧ ਟੋਲਾ ਪ੍ਰੋ ਦਰਸ਼ਨ ਸਿੰਘ ਦੇ ਅਖੌਤੀ ਦਸਮ ਗ੍ਰੰਥ ਦੇ ਖ਼ਿਲਾਫ਼ ਪ੍ਰਚਾਰ ਨੂੰ ਰੋਕਣ ਵਾਸਤੇ ਪਹਿਲਾਂ ਵੀ ਕੋਸ਼ਿਸ਼ ਕਰ ਚੁਕਾ ਸੀ; 8 ਜਨਵਰੀ 2007 ਅਤੇ 6 ਜੂਨ 2008 ਦੇ ਦਿਨ ਵੀ ਅਖੌਤੀ ਦਸਮਗ੍ਰੰਥ ਸਬੰਧੀ ਜ਼ਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਹਿਲਾਂ ਪਟਨਾ ਸਾਹਿਬ ਦੇ ਪੁਜਾਰੀ ਇਕਬਾਲ ਸਿੰਘ ਨੇ ਵੀ ਅਜਿਹੀ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਸੀ; ਉਸ ਨੇ ਪ੍ਰੋ ਦਰਸ਼ਨ ਸਿੰਘ ਨੂੰ 10 ਮਈ 2008 ਦੇ ਦਿਨ ਪਟਨਾ ਵਿਚ ਤਲਬ ਕੀਤਾ ਸੀ ਪਰ ਪ੍ਰੋ ਦਰਸ਼ਨ ਸਿੰਘ ਨੇ ਉਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਸੀ ਤੇ ਉਸ ਦਿਨ ਵੀ ਇਕਬਾਲ ਸਿੰਘ ਨੇ ਪ੍ਰੋ ਦਰਸ਼ਨ ਸਿੰਘ ਨੂੰ ਆਪਣੇ ਪੰਥ ਵਿਚੋਂ ਅਖੌਤੀ ਤੌਰ 'ਤੇ ਖਾਰਜ ਕਰ ਦਿੱਤਾ ਸੀ ਤੇ ਉਦੋਂ ਵੀ ਪੰਥ ਨੇ ਇਸ ਅਖੌਤੀ ਹੁਕਮਨਾਮੇ ਨੂੰ ਰੱਦ ਕਰ ਦਿੱਤਾ ਸੀ।

2013: ਖ਼ੂਨੀ 1984 ਦੌਰਾਨ ਸਿੱਖਾਂ ਦੇ ਕਤਲੇਆਮ ਸਬੰਧੀ 'ਸਪੈਸ਼ਲ ਇਨਵੈਸਟੀਗੇਸ਼ਨ ਟੀਮ' ਬਣਾਉਣ ਦਾ ਐਲਾਨ

6 ਦਸੰਬਰ 2013 ਦੇ ਦਿਨ ਦਿੱਲੀ ਦੇ ਚੀਫ਼ ਮਨਿਸਟਰ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਖ਼ੂਨੀ ਚੌਰਾਸੀ (ਨਵੰਬਰ 1984) ਦੌਰਾਨ ਸਿੱਖਾਂ ਦੇ ਕਤਲੇਆਮ ਸਬੰਧੀ 'ਸਪੈਸ਼ਲ ਇਨਵੈਸਟੀਗੇਸ਼ਨ ਟੀਮ' ਬਣਾਉਣ ਦਾ ਐਲਾਨ ਕੀਤਾ ਤੇ ਲੈਫ਼ਟੀਨੈਂਟ ਗਵਰਨਰ ਨੂੰ ਇਸ ਦੀ

ਕਾਇਮੀ ਵਾਸਤੇ ਕਿਹਾ। ਲੈਫਟੀਨੈਂਟ ਗਵਰਨਰ ਨੇ ਇਸ ਵਾਸਤੇ ਰਸਮੀ ਸਿਫ਼ਾਰਸ਼ ਭੇਜਣ ਵਾਸਤੇ ਕਿਹਾ ਜੋ ਉਸ ਨੇ ਭੇਜ ਦਿੱਤੀ। ਇਸ ਐਸ.ਆਈ.ਟੀ. ਦਾ ਮੁਖੀ ਪੰਜਾਬ ਪੁਲਸ ਦੇ ਇਕ ਅਫ਼ਸਰ ਨੂੰ ਲਾਇਆ ਗਿਆ। ਪਰ, ਅਰਵਿੰਦ ਕੇਜਰੀਵਾਲ ਦੀ ਸਰਕਾਰ ਖ਼ਤਮ ਹੋਣ ਮਗਰੋਂ ਇਹ ਮਸਲਾ ਫਿਰ ਲਟਕ ਗਿਆ।

ਅਸਲਾ ਤੇ ਬੰਬ ਕੇਸ ਵਿਚ 5 ਸਿੱਖ ਬਾਇਜ਼ਤ ਬਰੀ ਕੀਤੇ ਗਏ

27 ਮਾਰਚ 2010 ਦੇ ਦਿਨ ਪੰਜਾਬ ਪੁਲਸ ਨੇ ਨਵਾਂ ਸ਼ਹਿਰ ਥਾਣੇ ਹੇਠ ਸ਼ਿੰਗਾਰ ਸਿਨੇਮਾ ਬੰਬ ਕੇਸ ਦੇ ਨਾਂ 'ਤੇ ਗਿਆਨੀ ਪ੍ਰਸ਼ੋਤਮ ਸਿੰਘ (ਵਾਸੀ ਮੜੌਲੀ, ਅੰਬਾਲਾ), ਹਰਮਿੰਦਰ ਸਿੰਘ, ਗੁਰਪ੍ਰੀਤ ਸਿੰਘ (ਵਾਸੀ ਰੁੜਕਾ ਕਲਾਂ, ਲੁਧਿਆਣਾ), ਪ੍ਰਭਦਿਆਲ ਸਿੰਘ ਅਤੇ ਧਰਮਿੰਦਰ ਸਿੰਘ 'ਤੇ ਇਕ ਝੂਠਾ ਕੇਸ ਬਣਾ ਕੇ ਉਨ੍ਹਾਂ ਨੂੰ ਦਫ਼ਾ 120, 121, ਮੁਲਕ ਵਿਰੋਧੀ ਕਾਰਵਾਈਆਂ ਦੀਆਂ ਧਾਰਾਵਾਂ 15 ਤੋਂ 18, ਅਤੇ ਧਮਾਕਾਖ਼ੇਜ਼ ਸਾਮਾਨ ਦੇ ਕਾਨੂੰਨ ਹੇਠ ਗ੍ਰਿਫ਼ਤਾਰ ਕਰ ਲਿਆ ਸੀ। ਇਨ੍ਹਾਂ ਵਿਚੋਂ ਪ੍ਰਭਦਿਆਲ ਸਿੰਘ ਅਤੇ ਧਰਮਿੰਦਰ ਸਿੰਘ ਨੂੰ ਇਕ ਸਾਲ ਬਾਅਦ ਜ਼ਮਾਨਤ ਮਿਲ ਗਈ ਸੀ ਪਰ, ਬਾਕੀ ਤਿੰਨੇ ਚਾਰ ਸਾਲ ਜੇਲ੍ਹ ਵਿਚ ਰਹੇ ਸਨ। 29 ਜਨਵਰੀ 2014 ਦੇ ਦਿਨ ਅਦਾਲਤ ਨੇ ਇਨ੍ਹਾਂ ਦੇ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਉਨ੍ਹਾਂ ਨੂੰ ਬਾਇਜ਼ਤ ਬਰੀ ਕਰ ਦਿੱਤਾ। ਬਾਦਲ ਦੀ ਸਰਕਾਰ ਅਤੇ ਸੁਮੇਧ ਸੈਣੀ ਦੀ ਪੁਲਸ ਨੇ ਸਿੱਖ ਨੌਜਵਾਨਾਂ 'ਤੇ ਅਜਿਹੇ ਦਰਜਨਾਂ ਝੂਠੇ ਕੇਸ ਬਣਾਏ ਸਨ ਤੇ ਬੇਗੁਨਾਹ ਸਿੱਖ ਜੇਲ੍ਹਾਂ ਵਿਚ ਸੁੱਟੇ ਸਨ। ਗੁਰਪ੍ਰੀਤ ਸਿੰਘ 'ਤੇ ਤਾਂ ਸ਼ਿੰਗਾਰ ਬੰਬ ਕੇਸ ਵੀ ਪਾਇਆ ਹੋਇਆ ਸੀ ਤੇ ਉਹ ਉਦੋਂ ਜੇਲ੍ਹ ਵਿਚ ਸੀ।

30 ਜਨਵਰੀ

1855: ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਦੀ ਮੌਤ

ਰਣਜੀਤ ਸਿੰਘ ਦੇ ਰਾਜ ਵਿਚ ਸਿੱਖ ਸਮਾਜ ਵਿਚ ਬ੍ਰਾਹਮਣੀ ਰਸਮਾਂ (ਕਰਮ ਕਾਂਡ) ਦਾ ਬੇਹਿਸਾਬ ਦਾਖ਼ਲਾ ਹੋਇਆ। ਅੰਗਰੇਜ਼ਾਂ ਦਾ ਰਾਜ ਆਉਣ ਮਗਰੋਂ ਇਸ ਵਿਚ ਹੋਰ ਵਾਧਾ ਹੋਇਆ। ਬ੍ਰਾਹਮਣੀ ਅਸਰ ਦੇ ਖ਼ਿਲਾਫ਼ ਪਹਿਲੀ ਜੱਦੋਜਹਿਦ ਪੋਠੋਹਾਰ ਦੇ 'ਬਾਬਾ' ਦਿਆਲ (17.5.1783-30.1.1855) ਨੇ ਸ਼ੁਰੂ ਕੀਤੀ ਸੀ। ਉਸ ਨੇ 1851 ਵਿਚ ਰਾਵਲਪਿੰਡੀ ਵਿਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਉਸ ਨੇ ਸਿੱਖਾਂ ਦੀ ਜ਼ਿੰਦਗੀ ਵਿਚੋਂ ਬ੍ਰਾਹਮਣੀ ਸਸਕਾਰ ਹੀ ਨਹੀਂ ਬਲਕਿ ਸਾਰੇ ਕਰਮ ਕਾਂਡ ਕੱਢਣ ਵਾਸਤੇ ਵੀ ਕੋਸ਼ਿਸ਼ਾਂ ਕੀਤੀਆਂ। ਉਸ ਨੇ ਅੱਗ ਦੁਆਲੇ ਫੇਰੇ, ਸਰਾਧ, ਸੂਤਕ-ਪਾਤਕ, ਮਹੂਰਤ ਵਗੈਰਾ ਨੂੰ ਸਿੱਖੀ ਵਿਚੋਂ ਜਲਾਵਤਨ ਕੀਤਾ (ਉਂਞ ਦਿਲਚਸਪ ਗੱਲ ਇਹ ਹੈ ਕਿ ਦਿਆਲ ਨੇ ਖ਼ੁਦ ਖੰਡੇ ਦੀ ਪਾਹੁਲ ਵੀ ਨਹੀਂ ਸੀ ਲਈ ਹੋਈ)। ਨਿਰੰਕਾਰੀ ਮੁਖੀ ਦੀ ਮੌਤ 30 ਜਨਵਰੀ 1855 ਦੇ ਦਿਨ ਹੋਈ ਸੀ।

1991: ਨਰਿੰਦਰ ਸਿੰਘ ਨੰਦੀ ਚੌਧਰੀ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ

30 ਜਨਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ ਨੰਦੀ (ਵਾਸੀ ਚੌਧਰੀ ਮਾਜਰਾ, ਪਟਿਆਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਾਮ ਸਿੰਘ ਬਲਿੰਗ ਨਕਲੀ ਮੁਕਾਬਲੇ ਵਿਚ ਸ਼ਹੀਦ

30 ਜਨਵਰੀ 1992 ਦੇ ਦਿਨ ਪੰਜਾਬ ਪੁਲਸ ਨੇ ਰਾਮ ਸਿੰਘ ਬਲਿੰਗ (ਪੁੱਤਰ ਹਿੰਮਤ ਸਿੰਘ, ਵਾਸੀ ਧਾਦੋਗਲ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਨਹਿਰੂ ਸਿੰਘ, ਕੁਲਦੀਪ ਸਿੰਘ, ਸੁਖਜਿੰਦਰ ਸਿੰਘ, ਤਾਰੀ ਤੇ ਜੈਮਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

30 ਜਨਵਰੀ 1993 ਦੇ ਦਿਨ ਪੁਲਸ ਨੇ ਨਹਿਰੂ ਸਿੰਘ (ਪੁੱਤਰ ਨੱਥਾ ਸਿੰਘ, ਵਾਸੀ ਦਾਨ ਸਿੰਘ ਵਾਲਾ, ਨੇੜੇ ਮਹਿਮਾ ਸਵਾਈ, ਜ਼ਿਲ੍ਹਾ ਬਠਿੰਡਾ), ਕੁਲਦੀਪ ਸਿੰਘ (ਪੁੱਤਰ ਤਾਰ ਸਿੰਘ, ਵਾਸੀ ਦਾਨ ਸਿੰਘ ਵਾਲਾ, ਨੇੜੇ ਮਹਿਮਾ ਸਵਾਈ, ਜ਼ਿਲ੍ਹਾ ਬਠਿੰਡਾ), ਸੁਖਜਿੰਦਰ ਸਿੰਘ ਉਰਫ਼ ਨੀਟੂ (ਪੁੱਤਰ ਮੁਖ਼ਤਿਆਰ ਸਿੰਘ, ਵਾਸੀ ਪੰਜਵੜ, ਜ਼ਿਲ੍ਹਾ ਅੰਮ੍ਰਿਤਸਰ), ਤਾਰੀ (ਪੁੱਤਰ ਸ਼ਿੰਦੇ ਸਿੰਘ, ਵਾਸੀ ਪੰਜਵੜ, ਜ਼ਿਲ੍ਹਾ ਅੰਮ੍ਰਿਤਸਰ) ਤੇ ਜੈਮਲ ਸਿੰਘ (ਪੁੱਤਰ ਸੁਰਜਨ ਸਿੰਘ, ਵਾਸੀ ਵੰਡਾਲੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਪੰਜਾਬ ਅਸੈਂਬਲੀਆਂ ਦੀਆਂ ਚੋਣਾਂ ਵਿਚ ਰਿਕਾਰਡ ਤੋੜ ਪੋਲਿੰਗ ਹੋਈ

30 ਜਨਵਰੀ 2012 ਦੇ ਦਿਨ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ। ਇਸ ਚੋਣ ਵਿਚ ਲੋਕਾਂ ਨੇ ਰਿਕਾਰਡ ਤੋੜ ਗਿਣਤੀ ਵਿਚ ਵੋਟਾਂ ਪਾਈਆਂ। ਜਿਨ੍ਹਾਂ ਚੋਣਾਂ ਵਿਚ 1 ਕਰੋੜ 76 ਲੱਖ 83 ਹਜ਼ਾਰ 582 ਵੋਟਰ ਹਨ ਜਿਨ੍ਹਾਂ ਵਿਚੋਂ 93,22,555 ਮਰਦ ਅਤੇ 83,61,027 ਔਰਤ ਵੋਟਰ ਸਨ। ਇਨ੍ਹਾਂ ਵਿਚੋਂ 78.67% ਲੋਕਾਂ ਨੇ ਵੋਟਾਂ ਪਾਈਆਂ; ਸਭ ਤੋਂ ਵਧ ਵੋਟਾਂ ਗੁਰੂ ਹਰ ਸਹਾਇ ਹਲਕੇ ਵਿਚ 89.88% ਪਈਆਂ (2007 ਵਿਚ ਕੁਲ ਪੋਲਿੰਗ 75.45%, 1969 ਵਿਚ 72.27% ਅਤੇ 1969 ਵਿਚ 71.18% ਸੀ)। ਇਸ ਚੋਣ ਵਿਚ 117 ਹਲਕਿਆਂ ਵਿਚ 1078 ਉਮੀਦਵਾਰ ਖੜੇ ਸਨ (ਅਕਾਲੀ 93 ਤੇ ਭਾਜਪਾ 23, ਕਾਂਗਰਸ 117, ਪੰਜਾਬ ਪੀਪਲਜ਼ ਪਾਰਟੀ 92, ਅਕਾਲੀ ਦਲ ਮਾਨ 57, ਸੀ ਪੀ ਆਈ 14, ਸੀ ਪੀ ਐਮ 19 ਅਤੇ ਆਜ਼ਾਦ ਤੇ ਹੋਰ ਪਾਰਟੀਆਂ ਦੇ 612 ਉਮੀਦਵਾਰਾਂ ਨੇ ਚੋਣ ਲੜੀ)। ਚੋਣ ਵਿਚ 93 ਬੀਬੀਆਂ ਵੀ ਉਮੀਦਵਾਰ ਸਨ (ਅਕਾਲੀ 10, ਕਾਂਗਰਸ 11, ਭਾਜਪਾ 3, ਬਹੁਜਨ ਸਮਾਜ 6, ਬਾਕੀ ਆਜ਼ਾਦ ਤੇ ਹੋਰ ਪਾਰਟੀਆਂ)। ਚੋਣਾਂ ਵਿਚ 19841 ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਸੈਂਟਰ ਵੱਲੋਂ ਨੀਮ ਫ਼ੌਜੀ ਫ਼ੋਰਸਿਜ਼ ਦੀਆਂ 237 ਕੰਪਨੀਆਂ (23700 ਫ਼ੌਜੀ) ਅਤੇ ਪੰਜਾਬ ਪੁਲਸ ਦੇ 55804 ਸਿਪਾਹੀ ਡਿਊਟੀ 'ਤੇ ਸਨ। ਸਭ ਤੋਂ ਵਧ ਵੋਟਾਂ ਵਾਲਾ ਹਲਕਾ ਸਰਦੂਲਗੜ੍ਹ ਸੀ ਜਿਥੇ 1,94,331 ਵੋਟਾਂ ਸਨ ਤੇ ਸਭ ਤੋਂ ਛੋਟਾ ਅਮਲੋਹ ਸੀ ਜਿਥੇ 1,13,952 ਵੋਟਾਂ ਸਨ। ਚੋਣਾਂ ਦੇ ਨਤੀਜੇ 6 ਮਾਰਚ ਨੂੰ ਨਿਕਲਣੇ ਸਨ। ਇਸ ਚੋਣ ਵਿਚ ਸਭ ਤੋਂ ਕਮਾਲ ਦਾ ਰੋਲ ਚੀਫ਼ ਇਲੈਕਸ਼ਨ ਕਮਿਸ਼ਨਰ ਕੁਸਮਜੀਤ ਕੌਰ ਸਿੱਧੂ ਦਾ ਸੀ ਜਿਸ ਨੇ ਨਿਰਪੱਖ ਚੋਣਾਂ ਕਰਵਾਈਆਂ। ਇਹ ਵੱਖਰੀ ਗੱਲ ਹੈ ਕਿ ਬਹੁਤ ਸਾਰੀਆਂ ਵੋਟਾਂ ਨੋਟਾਂ ਨਾਲ ਖ਼ਰੀਦੀਆਂ ਗਈਆਂ। ਕਈ ਸੀਟਾਂ ਤੇ 5 ਤੋਂ 10 ਕਰੋੜ ਤਕ ਰੁਪੈ ਵੰਡੇ ਗਏ।

2013: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਨਤੀਜੇ ਐਲਾਨੇ ਗਏ। ਸਰਨਾ ਧੜਾ ਨੂੰ ਜ਼ਬਰਦਸਤ ਹਾਰ ਹੋਈ

27 ਜਨਵਰੀ 2013 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਵੋਟਾਂ ਪਾਈਆਂ ਗਈਆਂ ਸਨ ਜਿਨ੍ਹਾਂ ਦੇ ਨਤੀਜੇ 30 ਜਨਵਰੀ ਦੇ ਦਿਨ ਐਲਾਨੇ ਗਏ।

46 ਸੀਟਾਂ ਵਿਚੋਂ ਅਕਾਲੀ ਦਲ ਬਾਦਲ ਨੂੰ 37 (ਪਿਛਲੀ ਵਾਰ 12), ਸਰਨਾ ਨੂੰ 8 (ਪਿਛਲੀ ਵਾਰ 27) ਅਤੇ ਸਿੱਖ ਸਭਾ ਗਰੁਪ (ਜਿਸ ਨੇ 13 ਸੀਟਾਂ 'ਤੇ ਚੋਣ ਲੜੀ ਸੀ) ਨੂੰ ਇਕ ਸੀਟ (ਤਰਵਿੰਦਰ ਸਿੰਘ ਮਰਵਾਹਾ ਦੀ, 1751 ਵੋਟਾਂ ਵਧ ਲੈ ਕੇ) ਮਿਲੀ। ਇਸ ਚੋਣ ਵਿਚ ਸਭ ਤੋਂ ਜ਼ਬਰਦਸਤ ਹਾਰ ਪਰਜੀਤ ਸਿੰਘ ਸਰਨਾ ਦੀ ਆਪਣੀ ਸੀ; ਉਸ ਨੂੰ 4552 ਵੋਟਾਂ ਮਿਲੀਆਂ ਤੇ ਉਸ ਦੇ ਵਿਰੋਧੀ ਮਨਜਿੰਦਰ ਸਿੰਘ ਸਰਸਾ ਨੂੰ 9006 ਵਟਾਂ ਮਿਲੀਆਂ; ਇੰਞ ਉਹ 4454 ਵੋਟਾਂ ਨਾਲ ਹਾਰ ਗਿਆ। ਚੋਣਾਂ ਵਿਚ ਇਕੋ ਇਕ ਬੀਬੀ ਦਲਜੀਤ ਕੌਰ ਵੀ ਚੁਣੀ ਗਈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲ ਦਾ 150 ਕਰੋੜ ਰੁਪੈ ਦਾ ਬਜਟ ਹੈ। ਇਹ ਤਵਾਰੀਖ਼ੀ ਗੁਰਦੁਆਰਿਆਂ ਤੋਂ ਇਲਾਵਾ 39 ਵਿਦਿਅਕ ਅਦਾਰੇ ਵੀ ਚਲਾਉਂਦੀ ਹੈ।

31 ਜਨਵਰੀ

1712: ਜਹਾਂਦਾਰ ਸ਼ਾਹ ਦੇ ਕਤਲ ਮਗਰੋਂ ਫ਼ਰੱਖ਼ਸੀਆਰ ਦਿੱਲੀ ਦੇ ਤਖ਼ਤ 'ਤੇ ਕਾਬਜ਼

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ (28 ਫ਼ਰਵਰੀ 1712) ਮਗਰੋਂ ਉਸ ਦੇ ਪੁੱਤਰਾਂ ਵਿਚ ਬਾਦਸ਼ਾਹ ਬਣਨ ਵਾਸਤੇ ਭਾਰੀ ਜੰਗ ਹੋਈ। 3 ਮਾਰਚ ਤੋਂ 17 ਮਾਰਚ 1712 ਤਕ ਜਹਾਂਦਾਰ ਸ਼ਾਹ ਨੇ ਆਪਣੇ ਤਿੰਨੇ ਭਰਾ ਮਾਰ ਕੇ ਤਖ਼ਤ 'ਤੇ ਕਬਜ਼ਾ ਕਰ ਲਿਆ।ਉਧਰ 27 ਮਾਰਚ 1712 ਦੇ ਦਿਨ ਪਟਨਾ ਵਿਚ ਜਹਾਂਦਾਰ ਸ਼ਾਹ ਦੇ ਭਤੀਜੇ ਫ਼ਰੱਖ਼ਸੀਅਰ (ਪੁਤਰ ਅਜ਼ੀਮਉਸ਼ਾਨ) ਨੇ ਖ਼ੁਦ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਤੇ ਵੱਡੀ ਫ਼ੌਜ ਲੈ ਕੇ ਦਿੱਲੀ ਵਲ ਕੂਚ ਕਰ ਦਿੱਤਾ। ਉਹ 31 ਜਨਵਰੀ 1713 ਨੂੰ ਦਿੱਲੀ ਪੁਜ ਗਿਆ। ਜਹਾਂਦਾਰ ਸ਼ਾਹ ਹਾਰ ਕੇ ਅਸਦ ਖ਼ਾਨ ਦੀ ਹਵੇਲੀ ਵਿਚ ਲੁਕ ਗਿਆ ਜਿਸ ਨੇ ਫ਼ਰੱਖ਼ਸੀਅਰ ਨੂੰ ਦਸ ਕੇ ਉਸ ਨੂੰ ਮਰਵਾ ਦਿੱਤਾ।ਇੰਞ 31 ਜਨਵਰੀ 1713 ਦੇ ਦਿਨ ਇਕ ਹੋਰ ਬਾਦਸ਼ਾਹ ਮਾਰਿਆ ਗਿਆ ਅਤੇ ਇਕ ਨਵਾਂ ਬਾਦਸ਼ਾਹ ਫ਼ਰੱਖ਼ਸੀਅਰ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ।

1921: ਗੁਰੂ ਦਾ ਬਾਗ ਤੇ ਪੰਥਕ ਕਬਜ਼ਾ ਹੋ ਗਿਆ

ਅੰਮ੍ਰਿਤਸਰ ਤੋਂ ਤਕਰੀਬਨ 20 ਕਿਲੋਮੀਟਰ ਦੂਰ ਪਿੰਡ ਘੁਕੇਵਾਲੀ ਵਿਚ ਗੁਰਦੁਆਰਾ ਗੁਰੂ ਦਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਅੰਗਰੇਜ਼ਾਂ ਨੇ ਹੜਪ ਵੀ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੇਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। 8 ਫ਼ਰਵਰੀ ਨੂੰ ਮਹੰਤ ਨੇ ਅੰਮ੍ਰਿਤ ਵੀ ਛਕ ਲਿਆ। ਉਸ ਦਾ ਨਵਾਂ ਨਾਂ ਜੋਗਿੰਦਰ ਸਿੰਘ ਤੇ ਉਸ ਦੀ ਰਖੇਲ ਈਸ਼ਰੀ ਦਾ ਨਾਂ

ਗਿਆਨ ਕੌਰ ਰੱਖਿਆ ਗਿਆ। ਦੋਹਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਵਿਆਹ ਕਰਵਾ ਲਿਆ।

1936: ਕ੍ਰਿਪਾਨ ਦੇ ਪਹਿਨਣ 'ਤੇ ਪਾਬੰਦੀ ਖ਼ਤਮ ਹੋਈ

1935 ਵਿਚ ਜਦੋਂ ਮੁਸਲਮਾਨਾਂ ਜਦ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਸਬੰਧੀ ਐਜੀਟੇਸ਼ਨ ਕੀਤੀ ਅਤੇ ਆਪਸੀ ਫ਼ਸਾਦ ਵਧ ਹੋਣ ਲਗ ਪਏ ਤਾਂ ਸਰਕਾਰ ਨੇ 2 ਦਸੰਬਰ ਦੇ ਦਿਨ ਕਿਰਪਾਨ 'ਤੇ ਪਾਬੰਦੀ ਲਾ ਦਿੱਤੀ ਗਈ। ਸ਼੍ਰੋਮਣੀ ਕਮੇਟੀ ਨੇ ਕਿਰਪਾਨ ਦੀ ਅਜ਼ਾਦੀ ਵਾਸਤੇ ਪਹਿਲੀ ਜਨਵਰੀ 1936 ਤੋਂ ਮੋਰਚਾ ਲਾ ਦਿੱਤਾ।। ਇਹ ਮੋਰਚਾ 31 ਜਨਵਰੀ 1936 ਤੱਕ ਚਲਦਾ ਰਿਹਾ ਤੇ ਉਸ ਦਿਨ ਤੱਕ 1709 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ਅਖ਼ੀਰ ਸਰਕਾਰ ਨੇ ਹਥਿਆਰ ਸੁੱਟ ਦਿਤੇ ਅਤੇ ਕਿਰਪਾਨ ਤੋਂ ਪਾਬੰਦੀ ਖ਼ਤਮ ਕਰ ਦਿੱਤੇ ਜਾਣ 'ਤੇ ਮੋਰਚਾ ਖ਼ਤਮ ਹੋ ਗਿਆ।

1939: ਸੁਭਾਸ਼ ਚੰਦਰ ਬੋਸ ਨੇ ਪੱਟਾਭੀ ਸੀਤਾ ਰਮਈਆ ਹਰਾਇਆ

ਆਲ ਇੰਡੀਆ ਕਾਂਗਰਸ ਦੀ ਚੋਣ ਵਿਚ 31 ਜਨਵਰੀ 1939 ਦੇ ਦਿਨ ਸੁਭਾਸ਼ ਚੰਦਰ ਬੋਸ, ਗਾਂਧੀ ਦੀ ਹਿਮਾਇਤ ਵਾਲੇ ਉਮੀਦਵਾਰ ਪੱਟਾਭੀ ਸੀਤਾ ਰਮੱਇਆ ਦੇ 1286 ਵੋਟਾਂ ਦੀਆਂ ਮੁਕਾਬਲੇ 1495 ਵੋਟਾਂ ਲੈ ਕੇ 209 ਵੋਟਾਂ ਦੇ ਫ਼ਰਕ ਨਾਲ ਪ੍ਰਧਾਨ ਚੁਣੇ ਗਏ। ਤਕਰੀਬਨ ਸਾਰੇ ਸਿਖ ਡੈਲੀਗੇਟਾਂ ਨੇ ਸੁਭਾਸ਼ ਚੰਦਰ ਬੋਸ ਨੂੰ ਵੋਟ ਦਿੱਤੇ ਸੀ। ਸੁਭਾਸ਼ ਬੋਸ ਦੇ ਚੁਣੇ ਜਾਣ 'ਤੇ ਨਰਮ ਦਲ ਦੇ ਵੱਲਭ ਭਾਈ ਪਟੇਲ, ਅਚਾਰੀਆ ਕ੍ਰਿਪਲਾਨੀ, ਡਾਕਟਰ ਰਾਜਿੰਦਰ ਪ੍ਰਸਾਦ, ਭੂਲਾ ਭਾਈ ਦੇਸਾਈ, ਸੇਠ ਜਮਨਾ ਦਾਸ, ਮੌਲਾਨਾ ਅਜ਼ਾਦ ਅਤੇ ਹਾਰੇ ਉਮੀਦਵਾਰ ਪੱਟਾਭੀ ਸੀਤਾ ਰਮੱਇਆ ਨੇ ਪਾਰਟੀ ਤੋਂ ਅਸਤੀਫ਼ ਦੇ ਦਿੱਤੇ।

1987: ਨਿਸ਼ਾਨ ਸਿੰਘ ਚਿਤਰਕਾਰ ਨਕਲੀ ਮੁਕਾਬਲੇ ਵਿਚ ਸ਼ਹੀਦ

31 ਜਨਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ ਉਰਫ਼ ਚਿਤਰਕਾਰ ਨੂੰ ਭੋਗੋਵਾਲ, ਜੰਡਿਆਲਾ ਦੇ ਨੇੜੇ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਦੇਵ ਸਿੰਘ ਦੇਬਾ ਬੈਂਕਾ, ਹਰਜਿੰਦਰ ਸਿੰਘ ਜਿੰਦਾ ਬਹਿਰਵਾਲ, ਸੁਖਦੇਵ ਸਿੰਘ ਹਰੀਕੇ, ਗੁਰਦੀਪ ਸਿੰਘ ਵਕੀਲ ਮਨਿਹਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

31 ਜਨਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਹਰਦੇਵ ਸਿੰਘ ਦੇਬਾ, ਬੈਂਕਾ, ਅੰਮ੍ਰਿਤਸਰ, ਹਰਜਿੰਦਰ ਸਿੰਘ ਜਿੰਦਾ, ਬਹਿਰਵਾਲ, ਅੰਮ੍ਰਿਤਸਰ, ਸੁਖਦੇਵ ਸਿੰਘ ਹਰੀਕੇ, ਫਿਰੋਜ਼ਪੁਰ, ਗੁਰਦੀਪ ਸਿੰਘ ਵਕੀਲ ਮਨਿਹਾਲਾ, ਅੰਮ੍ਰਿਤਸਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991; ਗੁਰਮੇਜ ਸਿੰਘ ਤੇ ਸ਼ਮਸ਼ੇਰ ਸਿੰਘ ਸ਼ੇਰ ਖਾਈ ਫੇਮੀ ਕੀ ਨਕਲੀ ਮੁਕਾਬਲੇ ਵਿਚ ਸ਼ਹੀਦ

31 ਜਨਵਰੀ 1991 ਦੇ ਦਿਨ ਪੁਲਸ ਨੇ ਗੁਰਮੇਜ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਧਰਮਕੋਟ ਰੰਧਾਵਾ, ਜ਼ਿਲ੍ਹਾ ਗੁਰਦਾਸਪੁਰ) ਅਤੇ ਸ਼ਮਸ਼ੇਰ ਸਿੰਘ ਸ਼ੇਰ ਬਬਰ (ਵਾਸੀ ਖਾਈ ਫੇਮੀ ਕੀ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਵਿਚ ਸ਼ਹੀਦ ਕਰ ਦਿੱਤਾ।

1 ਫ਼ਰਵਰੀ

1926: 'ਮਾਫ਼ੀ ਮੰਗ ਕੇ' ਰਿਹਾ ਹੋਣ ਵਾਲੇ ਲੀਡਰ ਦੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ 'ਤੇ ਊਧਮ ਸਿੰਘ ਨਾਗੋਕੇ ਦਾ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਅਸਤੀਫ਼ਾ ਦਿੱਤਾ

9 ਜੁਲਾਈ 1925 ਨੂੰ ਗਵਰਨਰ ਪੰਜਾਬ ਹੇਲੀ ਨੇ ਕੌਂਸਲ 'ਚ ਗੁਰਦੁਆਰਾ ਬਿੱਲ ਪਾਸ ਕਰ ਦੇ ਨਾਲ ਐਲਾਨ ਕੀਤਾ ਕਿ 'ਜੇ ਅਕਾਲੀ ਇਸ ਗੁਰਦੁਆਰਾ ਬਿੱਲ ਨੂੰ ਮਨਜ਼ੂਰ ਕਰ ਲੈਣ ਅਤੇ ਇਸ 'ਤੇ ਅਮਲ ਕਰਨ ਦਾ ਭਰੋਸਾ ਦਿਵਾਣ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ।' ਇਸ ਨਾਲ ਜੇਲ੍ਹਾਂ ਵਿਚ ਕੈਦ ਅਕਾਲੀ ਦੋ ਧੜਿਆ ਵਿਚ ਵੰਡੇ ਗਏ; ਸ਼ਰਤਾਂ ਮੰਨਣ ਵਾਲਿਆਂ ਦੇ ਮੁਖੀ ਗਿਆਨੀ ਸ਼ੇਰ ਸਿੰਘ ਤੇ ਸ.ਬ. ਮਹਿਤਾਬ ਸਿੰਘ ਸਨ ਤੇ ਸ਼ਰਤਾਂ ਨਾ ਮੰਮਨਣ ਵਾਲਿਆਂ ਦੇ ਮੁਖੀ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਸਨ। 25 ਜਨਵਰੀ 1926 ਨੂੰ ਬਾਵਾ ਹਰਕਿਸ਼ਨ ਸਿੰਘ ਅਤੇ 19 ਹੋਰ ਆਗੂਆਂ ਵਿਚ (1) ਗੁਰਦਿਤ ਸਿੰਘ ਬਹਿਲੋਲਪੁਰ (2) ਸ:ਬ: ਮਹਿਤਾਬ ਸਿੰਘ (3) ਗਿ: ਸ਼ੇਰ ਸਿੰਘ (4) ਮਾਸਟਰ ਮਹਿਤਾਬ ਸਿੰਘ (5) ਪਿਆਰਾ ਸਿੰਘ ਕੈਨੇਡੀਅਨ (6) ਗੋਪਾਲ ਸਿੰਘ ਸਾਗਰੀ (7) ਕਪਤਾਨ ਰਾਮ ਸਿੰਘ (8) ਭਗਤ ਜਸਵੰਤ ਸਿੰਘ (9) ਦਾਨ ਸਿੰਘ ਵਛੋਆ (10) ਪ੍ਰੀਤਮ ਸਿੰਘ ਅਨੰਦਪੁਰ (11) ਪ੍ਰੋ: ਸਾਹਿਬ ਸਿੰਘ (12) ਦਲੀਪ ਸਿੰਘ (13) ਕਿਰਪਾਲ ਸਿੰਘ ਅੰਮ੍ਰਿਤਸਰ (14) ਗੁਰਬਖ਼ਸ਼ ਸਿੰਘ ਦਿੱਲੀ (15) ਗੁਰਦਿੱਤ ਸਿੰਘ ਐਡੀਟਰ ਨੇਸ਼ਨ (16) ਕਿਸ਼ਨ ਸਿੰਘ ਅੰਮ੍ਰਿਤਸਰ (17) ਬਾਲ ਸਿੰਘ ਕੈਨੇਡੀਅਨ (18) ਬਖਸ਼ੀਸ਼ ਸਿੰਘ (19) ਮਿਤ ਸਿੰਘ ਕੈਨੇਡੀਅਨ ਨੇ ਰਿਹਾਈ ਲੈ ਲਈ। ਇਨ੍ਹਾਂ ਦੀਆਂ ਰਿਹਾਈਆਂ ਦੀ ਬਹੁਤੇ ਸਿੱਖਾਂ ਨੇ ਨਿੰਦਾ ਕੀਤੀ। ਬਬਰ ਸ਼ੇਰ ਨੇ ਤਾਂ ਉਨ੍ਹਾਂ ਨੂੰ **'ਲਿੱਦ ਕਰ ਆਏ'** ਵੀ ਕਿਹਾ। ਪਰ 15 ਅਕਾਲੀ ਆਗੂਆਂ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। (ਇਹ ਸਾਰੇ 7 ਮਹੀਨੇ ਮਗਰੋਂ 27 ਸਤੰਬਰ 1926 ਨੂੰ ਰਿਹਾ ਹੋਏ।) ਇਹ ਅਕਾਲੀ ਆਗੂ ਸਨ: (1) ਤੇਜਾ ਸਿੰਘ ਸਮੁੰਦਰੀ (ਜਿਨ੍ਹਾਂ ਦੀ ਮੌਤ 17 ਜੁਲਾਈ 1926 ਨੂੰ ਜੇਲ੍ਹ 'ਚ ਹੋ ਗਈ) (2) ਮਾਸਟਰ ਤਾਰਾ ਸਿੰਘ (3) ਭਾਗ ਸਿੰਘ ਵਕੀਲ (4) ਗੋਪਾਲ ਸਿੰਘ ਕੌਮੀ (5) ਸਰਮੁਖ ਸਿੰਘ ਝਬਾਲ (6) ਸੋਹਨ ਸਿੰਘ ਜੋਸ਼ (7) ਸੇਵਾ ਸਿੰਘ ਠੀਕਰੀਵਾਲਾ (ਰਿਹਾਈ ਬਹੁਤ ਮਗਰੋਂ ਹੋਈ) (8) ਤੇਜਾ ਸਿੰਘ ਅਕਰਪੁਰੀ (9) ਹਰੀ ਸਿੰਘ ਜਲੰਧਰੀ (10) ਗੁਰਚਰਨ ਸਿੰਘ ਵਕੀਲ (11) ਬਾਬੂ ਤ੍ਰਿਪਤ ਸਿੰਘ (12) ਸੰਤਾ ਸਿੰਘ ਸੁਲਤਾਨ ਵਿੰਡ (13) ਤੇਜਾ ਸਿੰਘ ਘਵਿੰਡ (14) ਹਰੀ ਸਿੰਘ ਐਡੀਟਰ ਅਕਾਲੀ (15) ਰਾਏ ਸਿੰਘ (ਦਲਜੀਤ ਸਿੰਘ) ਕਾਉਂਣੀ। ਸ਼ਰਤਾਂ ਮੰਨ ਕੇ ਰਿਹਾ ਹੋ ਕੇ ਆਏ ਅਕਾਲੀਆਂ ਨੇ ਜੇਲ੍ਹ ਤੋਂ ਬਾਹਰ ਆ ਕੇ 30 ਜਨਵਰੀ 1926 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਚੋਣ ਕੀਤੀ। ਚੋਣ ਵਿਚ ਸ: ਬ: ਮਹਿਤਾਬ ਸਿੰਘ 77 ਵੋਟਾਂ ਲੈ ਕੇ ਭਾਗ ਸਿੰਘ ਕਨੇਡੀਅਨ ਦੀਆਂ 44 ਵੋਟਾਂ ਦੇ ਮੁਕਾਬਲੇ ਪਰਧਾਨ ਚੁਣੇ ਗਏ। ਇਸ ਚੋਣ ਵਾਲੀ ਮੀਟਿੰਗ ਵਿਚੋਂ ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ ਅਤੇ ਮੰਗਲ ਸਿੰਘ ਆਦਿਕ ਵਾਕ ਆਊਟ ਕਰ ਗਏ ਅਤੇ ਬਾਹਰ ਆ ਕੇ ਸ਼੍ਰੋਮਣੀ ਕਮੇਟੀ ਦੇ ਅੰਦਰ ਇਕ 'ਅਕਾਲੀ ਪਾਰਟੀ' ਬਣਾ ਲਈ।'ਮਾਫ਼ੀ ਮੰਗੂ ਪ੍ਰਧਾਨ' ਚੁਣੇ ਜਾਣ ਦੇ ਖ਼ਿਲਾਫ਼ ਰੋਸ ਵਜੋਂ ਜਥੇਦਾਰ ਊਧਮ ਸਿੰਘ ਨਾਗੋਕੇ ਨੇ ਅਕਾਲ ਤਖ਼ਤ ਸਹਿਬ ਦੇ ਮੁਖ ਸੇਵਾਦਾਰ ਵਜੋਂ ਅਸਤੀਫ਼ਾ ਦੇ ਦਿਤਾ।

1990: ਪਰਮਿੰਦਰ ਸਿੰਘ ਕਾਲਗੜ੍ਹ ਟਪਈ ਤੇ ਦੀਦਾਰ ਸਿੰਘ ਕੁੱਕੜਾਂਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਪਰਮਿੰਦਰ ਸਿੰਘ (ਪੁੱਤਰ ਮਹਿੰਦਰ ਵਾਸੀ ਕਾਲਗੜ੍ਹ ਟਪਈ) ਤੇ ਦੀਦਾਰ ਸਿੰਘ (ਪੁੱਤਰ ਵੀਰ ਸਿੰਘ, ਵਾਸੀ ਕੁੱਕੜਾਂਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਰਬਾਰ ਸਿੰਘ ਮੁੱਠੀਆਂਵਾਲਾ, ਦਰਬਾਰਾ ਸਿੰਘ ਵਣਿੰਗ ਤੇ ਮੋਹਣ ਸਿੰਘ ਗਾਂਧੀ ਖਾਨਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਫ਼ਰਵਰੀ 1991 ਦੇ ਦਿਨ ਦਰਬਾਰ ਸਿੰਘ (ਪੁੱਤਰ ਇੰਦਰ ਸਿੰਘ, ਵਾਸੀ ਮੁੱਠੀਆਂਵਾਲਾ), ਦਰਬਾਰਾ ਸਿੰਘ ਉਰਫ਼ ਮੰਤਰੀ (ਵਾਸੀ ਵਣਿੰਗ ਸੁੱਬਾ ਸਿੰਘ) ਤੇ ਮੋਹਣ ਸਿੰਘ ਗਾਂਧੀ (ਵਾਸੀ ਖਾਨਪੁਰ, ਰੋਪੜ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜਸਵਿੰਦਰ ਸਿੰਘ, ਗੁਰਦੀਪ ਸਿੰਘ, ਗਿਆਨ ਸਿੰਘ, ਦਿਲਰਾਜ ਸਿੰਘ ਬਬਰ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ ਤੇ 3 ਹੋਰ ਸਿੱਖ ਨੌਜਵਾਨ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਫ਼ਰਵਰੀ 1993 ਦੇ ਦਿਨ ਪੁਲਸ ਨੇ ਜਸਵਿੰਦਰ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਜਹਾਂਗੀਰ ਪਿੰਡ, ਨੇੜੇ ਕਹੇੜੂ, ਜ਼ਿਲ੍ਹਾ ਸੰਗਰੂਰ), ਗੁਰਦੀਪ ਸਿੰਘ ((ਪੁੱਤਰ ਅਜੀਤ ਸਿੰਘ, ਵਾਸੀ ਪਿੰਡ ਕੈਰੋਂ ਮਈਆ ਵੇੜਾਂ, ਜ਼ਿਲ੍ਹਾ ਅੰਮ੍ਰਿਤਸਰ), ਗਿਆਨ ਸਿੰਘ (ਪੁੱਤਰ ਲਾਲ ਸਿੰਘ, ਵਾਸੀ ਪਿੰਡ ਲੱਖਾ ਸਿੰਘ ਅਵਾਨ, ਜ਼ਿਲ੍ਹਾ ਅੰਮ੍ਰਿਤਸਰ), ਦਿਲਰਾਜ ਸਿੰਘ ਬਬਰ (ਪੁੱਤਰ ਅਮਰ ਸਿੰਘ, ਵਾਸੀ ਪਿੰਡ ਖਾਪੜ ਖੇੜੀ), ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ ਤੇ 3 ਹੋਰ ਸਿੱਖ ਨੌਜਵਾਨ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2 ਫ਼ਰਵਰੀ

1923: ਬਬਰ ਅਕਾਲੀਆਂ ਨੇ ਜਾਡਲਾ ਵਿਚ ਡਾਕਾ ਮਾਰਿਆ

ਬਬਰ ਅਕਾਲੀਆਂ ਨੇ ਹਥਿਆਰ ਖ਼ਰੀਦਣ ਵਾਸਤੇ ਪੈਸਿਆਂ ਦਾ ਇੰਤਜ਼ਾਮ ਕਰਨ ਲਈ 2 ਫ਼ਰਵਰੀ 1923 ਦੇ ਦਿਨ ਜਾਡਲਾ (ਨੇੜੇ ਨਵਾਂਸ਼ਹਿਰ) ਦੇ ਸੇਠ ਮੁਨਸ਼ੀ ਰਾਮ ਦੇ ਘਰ ਡਾਕਾ ਮਾਰਿਆ। ਇਸ ਐਕਸ਼ਨ ਵਿਚ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਤੇ ਰਾਮ ਸਿੰਘ ਸ਼ਾਮਿਲ ਸਨ। ਬਬਰਾਂ ਨੂੰ ਵੇਖ ਕੇ ਸੇਠ ਘਬਰਾ ਗਿਆ ਪਰ ਉਸ ਦੀ ਖ਼ੁਸ਼ਕਿਸਮਤੀ ਕਿ ਇਕ ਦਿਨ ਪਹਿਲਾਂ ਉਹ 21000 ਰੁਪੈ ਮੰਡੀ ਵਿਚ ਰੱਖ ਆਇਆ ਸੀ। ਖ਼ੈਰ ਇੱਥੋਂ ਬਬਰਾਂ ਨੂੰ ਸਿਰਫ਼ 180 ਰੁਪੈ ਤੇ ਟੂੰਬਾਂ ਮਿਲੀਆਂ। ਇਨ੍ਹਾਂ ਟੂੰਬਾਂ ਨੂੰ ਗਹਿਣੇ ਰੱਖ ਕੇ ਇਸ ਸਾਰੀ ਰਕਮ ਨਾਲ ਹਿਮਾਚਲ ਦੇ ਸ਼ਹਿਰ ਨਾਹਨ ਤੋਂ 1 ਬੰਦੂਕ, 25 ਗੋਲੀਆਂ ਤੇ 2 ਕਿਰਪਾਨਾਂ ਖਰੀਦੀਆਂ।

1958: ਗੁਰਧਾਮਾਂ ਵਿਚ ਸਰਕਾਰੀ ਦਖ਼ਲ ਦੇ ਖ਼ਿਲਾਫ਼ ਦਿੱਲੀ ਵਿਚ ਚੁਪ ਜਲੂਸ ਨਿਕਲਿਆ

1958 ਵਿਚ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਞ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸਾਰੇ ਕਮਿਊਨਿਸਟਾਂ ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼

ਵੋਟਾਂ ਪਾਈਆਂ ਸਨ।ਮਾਸਟਰ ਤਾਰਾ ਸਿੰਘ ਦੀ ਹਾਰ ਦਾ ਮੁੱਖ ਕਾਰਨ ਸੀ ਕਾਂਗਰਸ ਤੇ ਕਮਿਊਨਿਸਟਾਂ ਦਾ ਗਠਜੋੜ ਅਤੇ ਸਰਕਾਰੀ ਮਸ਼ੀਨਰੀ ਦੀ ਅੰਨ੍ਹੀ ਵਰਤੋਂ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਅਤੇ ਸ਼੍ਰੋਮਣੀ ਕਮੇਟੀ ਵਿਚ ਪੈਪਸੂ ਦੀਆਂ ਸੀਟਾਂ ਵਧਾ ਦਿਤੀਆਂ। 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦੁਆਰਾ (ਸੋਧ) ਬਿਲ ਪਾਸ ਕਰ ਦਿੱਤਾ। ਇਸ ਵਿਰੁਧ ਮਾਸਟਰ ਤਾਰਾ ਸਿੰਘ ਨੇ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ।ਪ੍ਰਧਾਨਗੀ ਚੋਣ ਮਗਰੋਂ ਗੁਰਦੁਆਰਾ ਐਕਟ ਵਿਚ ਸੋਧ ਦੇ ਸਵਾਲ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਪਰੋਟੈਸਟ ਵਜੋਂ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ 'ਚੁਪ-ਜਲੂਸ' ਕੱਢਣ ਦਾ ਫ਼ੈਸਲਾ ਕੀਤਾ। ਇਸ 'ਤੇ 12 ਮਾਰਚ 1959 ਦੀ ਰਾਤ ਦੇ 12 ਵਜੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਧਰਮਸਾਲਾ ਜੇਲ੍ਹ ਭੇਜ ਦਿਤਾ।ਇਨ੍ਹਾਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਰਛਪਾਲ ਸਿੰਘ ਨੇ ਐਲਾਨ ਕੀਤਾ ਕਿ ਦਿੱਲੀ ਵਿਚ 15 ਮਾਰਚ ਨੂੰ ਜਲੂਸ ਜ਼ਰੂਰ ਨਿਕਲੇਗਾ। 14 ਮਾਰਚ ਨੂੰ ਦੋ ਦਰਜਨ ਅਕਾਲੀ ਅੰਮ੍ਰਿਤਸਰ ਤੋਂ ਬੰਬਈ ਐਕਸਪਰੈਸ 'ਤੇ ਇਸ ਜਲੂਸ ਵਿਚ ਸ਼ਾਮਿਲ ਹੋਣ ਲਈ ਤੁਰੇ। ਅਗਲੇ ਦਿਨ ਲਾਲ ਕਿਲ੍ਹੇ ਤੋਂ ਰਕਾਬ ਗੰਜ ਤਕ ਸਿੱਖਾਂ 'ਚ ਸਤ ਮੀਲ ਲੰਬਾ ''ਚੁੱਪ ਜਲੂਸ'' ਨਿਕਲਿਆ। ਇਸ ਵਿਚ 3 ਲੱਖ ਤੋਂ ਵਧ ਸਿੱਖ ਸ਼ਾਮਲ ਸਨ। ਫ਼ਤਹਿ ਸਿੰਘ ਗੰਗਾਨਗਰ ਨੇ ਇਸ ਜਲੂਸ ਦੀ ਅਗਵਾਈ ਕੀਤੀ। ਗੋਪਾਲ ਸਿੰਘ ਕੌਮੀ ਨੇ ਆਪਣੀ ਤਕਰੀਰ ਵਿਚ ਕਿਹਾ, ''ਸਿੱਖੋ ਮੋਰਚੇ ਲਈ ਤਿਆਰ ਹੋ ਜਾਵੋ। ਨਵਾਂ ਗੁਰਦੁਆਰਾ ਐਕਟ ਸਿੱਖ ਧਰਮ ਵਿਚ ਦਖ਼ਲ ਹੈ।''

1986: ਨਕੋਦਰ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅੱਗ; ਸਿੱਖਾਂ ਵੱਲੋਂ ਰੋਸ ਜਲੂਸ; ਪੁਲਸ ਨੇ 4 ਸਿੱਖ ਮਾਰੇ

2 ਫ਼ਰਵਰੀ1986 ਦੇ ਦਿਨ ਨਕੋਦਰ 'ਚ ਦਹਿਸ਼ਤਗਰਦ ਹਿੰਦੂਆਂ ਨੇ ਗੁਰੂ ਨਾਨਕ ਮੁਹੱਲਾ ਗੁਰਦੁਆਰੇ ਵਿਚ ਅੱਗ ਲਾ ਦਿਤੀ ਜਿਸ ਨਾਲ 5 ਬੀੜਾਂ, ਰੁਮਾਲੇ ਅਤੇ ਦਰੀਆਂ ਸੜ ਗਏ। ਇਸ 'ਤੇ ਅਗਲੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦੇ 'ਤੇ ਸਿੱਖਾਂ ਨੇ ਹੜਤਾਲ ਕੀਤੀ ਤੇ ਜਲੂਸ ਕੱਢਿਆ। ਇਹ ਪ੍ਰੋਟੈਸਟ 4 ਫ਼ਰਵਰੀ ਨੂੰ ਫੇਰ ਹੋਏ। 4 ਫ਼ਰਵਰੀ ਦੇ ਦਿਨ ਜਦੋਂ ਕਾਲਜ ਦੇ ਸਟੂਡੈਂਟ ਜਲੂਸ ਕਢ ਕੇ ਆ ਰਹੇ ਸੀ ਤਾਂ ਬਰਨਾਲੇ ਦੀ ਪੁਲੀਸ ਨੇ ਗੋਲੀਆਂ ਚਲਾ ਕੇ 4 ਸਿੱਖ ਮਾਰ ਦਿੱਤੇ ਤੇ 9 ਬੁਰੀ ਤਰ੍ਹਾਂ ਜ਼ਖ਼ਮੀ ਕੀਤੇ।

1990: ਲਖਬੀਰ ਸਿੰਘ ਟੋਨੀ ਕੋਟਲੀ ਸੂਰਤ ਮੱਲ੍ਹੀ ਨਕਲੀ ਮੁਕਾਬਲੇ ਵਿਚ ਸ਼ਹੀਦ

ਦੋ ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਲਖਬੀਰ ਸਿੰਘ ਟੋਨੀ ਉਰਫ਼ ਲਵਪ੍ਰੀਤ ਸਿੰਘ ਬਬਲਾ (ਵਾਸੀ ਕੋਟਲੀ ਸੂਰਤ ਮੱਲ੍ਹੀ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕੁਲਜਿੰਦਰ ਸਿੰਘ ਤੇ ਇੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

2 ਫ਼ਰਵਰੀ 1992 ਦੇ ਦਿਨ ਕੁਲਜਿੰਦਰ ਸਿੰਘ (ਪੁੱਤਰ ਹਰਬੰਸ ਸਿੰਘ, ਵਾਸੀ ਖੇੜੀ ਸਲਾਬਤਪੁਰ, ਜ਼ਿਲ੍ਹਾ ਰੋਪੜ) ਤੇ ਇੰਦਰ ਸਿੰਘ (ਪੁਤਰ ਨਿਰੰਜਨ ਸਿੰਘ, ਵਾਸੀ ਸ਼ਾਹਪੁਰ ਗੋਰਾਇਆ, ਜ਼ਿਲ੍ਹਾ ਗੁਰਦਾਸਪੁਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਮਲਕੀਤ ਸਿੰਘ, ਕਿਰਪਾਲ ਸਿੰਘ, ਜਗਦੀਪ ਸਿੰਘ, ਹਰਦੀਪ ਸਿੰਘ, ਜਸਵੀਰ ਸਿੰਘ ਤੇ ਸੇਵਾ ਸਿੰਘ ਫ਼ੌਜੀ ਨਕਲੀ ਮੁਕਾਬਲੇ ਵਿਚ ਸ਼ਹੀਦ

2 ਫ਼ਰਵਰੀ 1993 ਦੇ ਦਿਨ ਮਲਕੀਤ ਸਿੰਘ (ਪੁੱਤਰ ਬਿੰਦਰ ਸਿੰਘ, ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ), ਕਿਰਪਾਲ ਸਿੰਘ (ਪੁੱਤਰ ਗੁਰਦਿਆਲ ਸਿੰਘ, ਵਾਸੀ ਬੇਨੜਾ, ਜ਼ਿਲ੍ਹਾ ਸੰਗਰੂਰ), ਜਗਦੀਪ ਸਿੰਘ (ਪੁੱਤਰ ਕਿਸ਼ਨ ਸਿੰਘ, ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ), ਹਰਦੀਪ ਸਿੰਘ (ਪੁੱਤਰ ਜੋਰਾ ਸਿੰਘ, ਵਾਸੀ ਹਮੀਦੀ, ਜ਼ਿਲ੍ਹਾ ਸੰਗਰੂਰ), ਜਸਵੀਰ ਸਿੰਘ ਲਾਹੌਰੀ (ਵਾਸੀ ਨਾਰਲੀ, ਜ਼ਿਲ੍ਹਾ ਅੰਮ੍ਰਿਤਸਰ) ਤੇ ਸੇਵਾ ਸਿੰਘ ਫ਼ੌਜੀ (ਵਾਸੀ ਢਿਲਵਾਂ, ਜ਼ਿਲ੍ਹਾ ਕਪੂਰਥਲਾ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਲਾਲ ਸਿੰਘ ਅਕਾਲਗੜ੍ਹ, 42 ਦਿਨ ਦੀ ਪੈਰੋਲ ਪੂਰੀ ਕਰ ਕੇ, 2 ਫ਼ਰਵਰੀ 2014 ਦੇ ਦਿਨ ਵਾਪਿਸ ਨਾਭਾ ਜੇਲ੍ਹ ਵਿਚ ਪੁੱਜ ਗਿਆ।

3 ਫ਼ਰਵਰੀ

1762: ਅਹਿਮਦ ਸ਼ਾਹ ਦੁਰਾਨੀ ਨੂੰ ਸਿੱਖਾਂ ਦੇ ਕੁਪ ਰਹੀੜ ਦੇ ਜੰਗਲ ਵਿਚ ਕੋਲ ਲੁਕੇ ਹੋਣ ਬਾਰੇ ਪਤਾ ਲੱਗਾ

27 ਅਕਤੂਬਰ 1761 ਦੇ ਦਿਨ ਸਰਬੱਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਜੰਡਿਆਲੇ ਦੇ ਹੰਦਾਲੀਏ ਆਕਲ ਦਾਸ (ਹਰਭਗਤ) ਨਿਰੰਜਨੀਆ (ਜੋ ਮੁਗ਼ਲਾਂ ਅਤੇ ਅਫ਼ਗਾਨਾਂ ਦਾ ਸਭ ਤੋਂ ਵੱਡਾ ਏਜੰਟ ਸੀ), ਕਸੂਰ ਦੇ ਖੇਸ਼ਗੀ ਅਤੇ ਮਲੇਰਕੋਟਲੀਆਂ (ਦੋਵੇਂ ਸਿੱਖ ਦੁਸ਼ਮਣ ਪਠਾਣ ਰਿਆਸਤਾਂ), ਸਰਹੰਦ ਦੇ ਜ਼ੈਨ ਖ਼ਾਨ (ਅਹਿਮਦ ਸ਼ਾਹ ਦੇ ਸੂਬੇਦਾਰ) ਤੇ ਹੋਰ ਸਿੱਖ ਦੁਸ਼ਮਣਾਂ ਨੂੰ ਸੋਧਿਆ ਜਾਵੇ। ਸਿੱਖਾਂ ਨੇ ਸਭ ਤੋਂ ਪਹਿਲਾਂ ਜੰਡਿਆਲਾ ਦੇ ਆਕਲ ਦਾਸ ਨਿਰੰਜਨੀਆ ਨੂੰ ਸੋਧਣ ਦਾ ਫ਼ੈਸਲਾ ਕੀਤਾ। ਜੰਡਿਆਲਾ ਅੰਮ੍ਰਿਤਸਰ ਤੋਂ ਸਿਰਫ਼ 20 ਕਿਲੋਮੀਟਰ ਦੂਰ ਸੀ। ਆਕਲ ਦਾਸ ਨੂੰ ਵੀ ਸਿੱਖਾਂ ਦੇ ਫ਼ੈਸਲੇ ਦੀ ਖ਼ਬਰ ਮਿਲ ਗਈ। ਇਸ ਵਿਚਕਾਰ ਉਹ ਆਪਣਾ ਇਕ ਸਾਥੀ ਅਹਿਮਦ ਸ਼ਾਹ ਦੁੱਰਾਨੀ ਵੱਲ ਭੇਜਣ ਵਿਚ ਕਾਮਯਾਬ ਹੋ ਗਿਆ। ਸਿੱਖਾਂ ਨੇ ਜੰਡਿਆਲੇ ਨੂੰ ਘੇਰਾ ਪਾ ਲਿਆ। ਸਿੱਖਾਂ ਦੀ ਗਿਣਤੀ ਚੋਖੀ ਵੇਖ ਕੇ ਆਕਲ ਦਾਸ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਆਕਲ ਦਾਸ ਨੂੰ ਹਥਿਆਰ ਸੁੱਟ ਦੇਣ ਵਾਸਤੇ ਕਿਹਾ ਪਰ ਉਸ ਨੇ ਨਾਂਹ ਕਰ ਦਿੱਤੀ। ਸਿੱਖਾਂ ਨੇ ਕਈ ਦਿਨ ਜੰਡਿਆਲਾ ਦਾ ਘੇਰਾ ਪਾਈ ਰੱਖਿਆ ਪਰ ਉਹ ਇਸ ਕਿਲ੍ਹੇ ਵਿਚ ਦਾਖ਼ਿਲ ਹੋਣ ਵਿਚ ਕਾਮਯਾਬ ਨਾ ਹੋ ਸਕੇ।

ਉਧਰ ਆਕਲ ਦਾਸ ਦੇ ਵਕੀਲ ਅਹਿਮਦ ਸ਼ਾਹ ਨੂੰ ਜਾ ਮਿਲੇ। ਉਹ ਇਸ ਵੇਲੇ ਛੇਵਾਂ ਹਮਲਾ ਕਰਨ ਵਾਸਤੇ ਪੰਜਾਬ ਵੱਲ ਆ ਰਿਹਾ ਸੀ ਤੇ ਰੋਹਤਾਸ ਕੋਲ ਪੁੱਜ ਚੁਕਾ ਸੀ। ਅਹਿਮਦ ਸ਼ਾਹ ਨੂੰ ਸਿੱਖਾਂ 'ਤੇ ਪਹਿਲਾਂ ਹੀ ਬੜਾ ਗੁੱਸਾ ਸੀ। ਉਹ ਉਸ ਦੇ ਕਈ ਜਰਨੈਲ ਮਾਰ ਚੁਕੇ ਸਨ ਤੇ ਅੱਧੇ ਪੰਜਾਬ 'ਤੇ ਕਬਜ਼ਾ ਕਰ ਚੁਕੇ ਸਨ। ਇਸ ਕਰ ਕੇ ਆਪਣੇ ਚੁਣੇ ਹੋਏ ਜਰਨੈਲ ਨਾਲ ਲੈ ਕੇ ਉਹ ਸਿੱਧਾ ਜੰਡਿਆਲਾ ਨੂੰ ਚਲ ਪਿਆ। ਅਹਿਮਦ ਸ਼ਾਹ ਦੇ ਆਉਣ ਦੀ ਖ਼ਬਰ ਸਿੱਖਾਂ ਨੂੰ ਵੀ ਮਿਲ ਗਈ। ਉਨ੍ਹਾਂ ਫ਼ੈਸਲਾ ਕੀਤਾ ਕਿ ਅਹਿਮਦ ਸ਼ਾਹ ਨਾਲ ਟੱਕਰ ਲੈਣ ਵਾਸਤੇ ਜੰਡਿਆਲਾ ਸਹੀ ਥਾਂ ਨਹੀਂ ਇਸ ਕਰ ਕੇ ਉਨ੍ਹਾਂ ਨੇ ਜੰਡਿਆਲੇ ਦਾ ਘੇਰਾ ਚੁੱਕ ਲਿਆ ਤੇ ਦਰਿਆ ਸਤਲੁਜ ਪਾਰ ਕਰ ਗਏ।

ਜਦੋਂ ਅਹਿਮਦ ਸ਼ਾਹ ਜੰਡਿਆਲਾ ਪੁੱਜਾ ਤਾਂ ਉਸ ਨੂੰ ਹਰਭਗਤ ਨਿਰੰਜਨੀਏ ਨੇ ਦੱਸਿਆ ਕਿ ਸਿੱਖ ਉਥੋਂ ਨਿਕਲ ਕੇ ਮਾਲਵੇ ਵਲ ਗਏ ਸਨ। ਅਹਿਮਦ ਸ਼ਾਹ ਸਿੱਖਾਂ 'ਤੇ ਭਰਪੂਰ ਵਾਰ ਕਰਨਾ ਚਾਹੁੰਦਾ ਸੀ ਪਰ ਉਸ ਨੂੰ ਸਿੱਖਾਂ ਦੇ ਟਿਕਾਣੇ ਦਾ ਪੂਰਾ ਪਤਾ ਨਹੀਂ ਸੀ ਇਸ ਕਰ ਕੇ ਉਹ ਲਾਹੌਰ ਆ ਗਿਆ ਤੇ ਸਾਰੇ ਪਾਸੇ ਸਿੱਖਾਂ ਦਾ ਪਤਾ ਲੈਣ ਵਾਸਤੇ ਸੂਹੀਏ ਭੇਜ ਦਿੱਤੇ।3 ਫ਼ਰਵਰੀ 1762 ਨੂੰ ਅਹਿਮਦ ਸ਼ਾਹ ਨੂੰ ਇਕ ਸੋਮੇ ਤੋਂ ਖ਼ਬਰ ਮਿਲੀ ਕਿ ਸਿੱਖ ਮਲੇਰਕੋਟਲਾ ਤੋਂ 15-16 ਕਿਲੋਮੀਟਰ ਦੂਰ ਪਿੰਡ ਰਾਇਪੁਰ ਗੁੱਜਰਵਾਲ ਕੋਲ ਪੁੱਜ ਚੁਕੇ ਸਨ। ਇਹ ਖ਼ਬਰ ਮਿਲਦਿਆਂ ਹੀ ਅਹਿਮਦ ਸ਼ਾਹ ਇਕ ਦਮ ਮਲੇਰਕੋਟਲੇ ਵਲ ਚੱਲ ਪਿਆ। ਇਸ ਵੇਲੇ ਉਸ ਕੋਲ ਇਕ ਲੱਖ ਤੋਂ ਵਧ ਫ਼ੌਜ, ਕਈ ਤੋਪਾਂ ਅਤੇ ਬੇਸ਼ੁਮਾਰ ਅਸਲਾ ਸੀ। ਅਜੇ ਸਿਰਫ਼ ਇਕ ਸਾਲ ਪਹਿਲਾਂ ਹੀ, ਜਨਵਰੀ 1761 ਵਿਚ, ਉਹ ਏਸ਼ੀਆ ਦੀ ਦੂਜੀ ਵੱਡੀ ਤਾਕਤ ਮਰਹੱਟਿਆਂ ਨੂੰ ਬੁਰੀ ਤਰ੍ਹਾਂ ਹਰਾ ਚੁੱਕਾ ਸੀ। ਉਸ ਦੇ ਅੰਦਰ ਉਸ ਵੇਲੇ **'ਹਾਕਮ-ਇ-ਜ਼ਮਾਨਾ'** (ਸਾਰੀ ਦੁਨੀਆਂ ਦਾ ਹਾਕਮ) ਦੀ ਸੋਚ ਕਾਇਮ ਸੀ।

1915: ਰਾਹੋਂ ਵਿਚ ਗ਼ਦਰੀ ਕਾਰਕੁੰਨਾਂ ਨੇ ਡਾਕਾ ਮਾਰਿਆ

1914 ਵਿਚ ਗ਼ਦਰ ਲਹਿਰ ਸ਼ੁਰੂ ਹੋਈ ਤਾਂ ਅਸਲਾ ਖ਼ਰੀਦਣ ਵਾਸਤੇ ਪੈਸਿਆਂ ਦਾ ਇੰਤਜ਼ਾਮ ਕਰਨ ਵਾਸਤੇ ਗ਼ਦਰੀ ਕਾਰਕੁੰਨਾਂ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਹੋਂ ਵਿਚ ਇਕ ਅਮੀਰ ਪਰਵਾਰ ਦੀ ਬੀਬੀ ਸਾਰਦੀ ਦੇ ਘਰ ਢਾਕਾ ਮਾਰਿਆ। ਉਨ੍ਹਾਂ ਉਸ ਘਰ ਦਾ ਸਾਰਾ ਗਹਿਣਾ ਅਤੇ ਨਕਦੀ ਚੁਕ ਲਈ। ਜਦ ਉਹ ਜਾਣ ਲੱਗੇ ਤਾਂ ਬੀਬੀ ਨੇ ਕਿਹਾ ਕਿ ਕੁਝ ਰਕਮ ਮੇਰੇ ਰੋਟੀ ਟੁਕਰ ਵਾਸਤੇ ਛਡ ਦਿਓ ਤਾਂ ਗ਼ਦਰੀਆਂ ਨੇ ਕੁਝ ਰਕਮ ਵਾਪਿਸ ਰਖ ਦਿੱਤੀ।ਉਨ੍ਹਾਂ ਨੇ ਇਸ ਡਾਕੇ ਦੀ ਲੁੱਟੀ ਰਕਮ ਵਿਚੋਂ 1000 ਰੁਪੈ ਲਾਹੌਰ ਗ਼ਦਰੀ ਆਗੂ ਮੂਲਾ ਸਿੰਘ ਨੂੰ ਹਥਿਆਰ ਖ਼ਰੀਦਣ ਵਾਸਤੇ ਭੇਜ ਦਿੱਤੇ ਗਏ। ਇਹ ਗ਼ਦਰੀ ਆਗੂਆਂ ਦਾ ਚੌਥਾ ਅਤੇ ਆਖ਼ਰੀ ਡਾਕਾ ਸੀ ਉਹ ਪਹਿਲਾਂ ਤਿੰਨ ਡਾਕੇ ਮਾਰ ਚੁਕੇ ਸਨ: 23 ਜਨਵਰੀ 1915 ਦੇ ਦਿਨ ਸਾਹਨੇਵਾਲ (ਜ਼ਿਲਾ ਲੁਧਿਆਣਾ) ਵਿਚ ਬੀਬੀ ਸੋਭੀ ਦੇ ਘਰ, ਦੂਜਾ 27 ਜਨਵਰੀ 1915 ਦੇ ਦਿਨ ਮਨਸੂਰਾਂ (ਜ਼ਿਲ੍ਹਾ ਲੁਧਿਆਣਾ) ਪਿੰਡ ਦੇ ਸ਼ਾਹੂਕਾਰ ਲਾਲੇ ਦੇ ਘਰ ਤੇ ਤੀਜਾ 29 ਜਨਵਰੀ 1915 ਦੇ ਦਿਨ ਝਨੇਰ (ਮਲੇਰਕੋਟਲਾ ਰਿਆਸਤ) ਵਿਚ।

1928: ਸਾਈਮਨ ਕਮਿਸ਼ਨ ਬੰਬਈ ਪੁਜਾ

ਮਾਰਚ 1927 ਵਿਚ, ਲਾਰਡ ਇਰਵਿਨ ਨੇ ਭਾਰਤ ਸਰਕਾਰ ਦੇ ਐਕਟ 1919 ਦੀ ਦਫ਼ਾ 84 ਹੇਠ, ਇਕ ਕਮਿਸ਼ਨ ਕਾਇਮ ਕਰਨ ਦਾ ਐਲਾਨ ਕਰ ਦਿਤਾ। ਇਸ ਕਮਿਸ਼ਨ ਨੇ ਭਾਰਤ ਦੇ ਲੋਕਾਂ ਨੂੰ ਸਿਆਸੀ ਰਿਆਇਤਾਂ ਤੇ ਸਹੂਲਤਾਂ ਦੇਣ ਬਾਰੇ ਸਿਫ਼ਾਰਸ਼ਾਂ ਕਰਨੀਆਂ ਸਨ ਤੇ ਇਸ ਦੇ ਨਾਲ ਹੀ ਆਉਣ ਵਾਲੇ ਸਿਆਸੀ ਨਿਜ਼ਾਮ ਵਿਚ ਵੱਖ-ਵੱਖ ਧਰਮਾਂ/ਕੌਮਾਂ ਦੀ ਨੁਮਾਇੰਦਗੀ ਦਾ ਫ਼ੈਸਲਾ ਵੀ ਕਰਨਾ ਸੀ।ਭਾਵੇਂ ਲਾਰਡ ਰਿਪਨ ਨੇ ਕਮਿਸ਼ਨ ਬਣਾਉਣ ਦਾ ਐਲਾਨ ਮਾਰਚ ਵਿਚ ਕੀਤਾ ਸੀ ਪਰ ਇਸ ਨੂੰ ਅਮਲ ਵਿਚ ਲਿਆਉਣ ਵਾਸਤੇ 8 ਮਹੀਨੇ ਲਗ ਗਏ। 8 ਨਵੰਬਰ 1927 ਦੇ ਦਿਨ ਸਰ ਜਾਹਨ ਸਾਈਮਨ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ। ਕਿਉਂਕਿ ਇਸ ਕਮਿਸ਼ਨ ਦੇ ਮੁਖੀ ਸਰ ਜਾਹਨ ਸਾਈਮਨ ਸਨ, ਇਸ ਕਰ ਕੇ ਇਕ ਦਾ ਨਾਂ 'ਸਾਈਮਨ ਕਮਿਸ਼ਨ' ਜਾਣਿਆ ਜਾਣ ਲਗ ਪਿਆ। 3 ਫ਼ਰਵਰੀ 1928 ਦੇ ਦਿਨ ਸਾਈਮਨ ਕਮਿਸ਼ਨ ਬੰਬਈ (ਹੁਣ ਮੁੰਬਈ) ਪੁੱਜਾ। ਇਸ ਦਿਨ ਕਾਂਗਰਸ ਪਾਰਟੀ ਨੇ ਭਾਰਤ ਵਿਚ ਕਈ ਥਾਂਈਂ ਰੋਸ ਮੁਜ਼ਾਹਰੇ ਕੀਤੇ। ਪੰਜਾਬ ਵਿਚ ਵੀ ਕਈ ਥਾਂਈਂ ਨਿੱਕੇ-ਮੋਟੇ ਜਲੂਸ ਨਿਕਲੇ ਤੇ ਅੱਧ-ਪਚੱਧੀ ਹੜਤਾਲ ਵੀ ਹੋਈ।

1960: ਯਾਦਵਿੰਦਰ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਦੀ ਵਿਰੋਧਤਾ ਕੀਤੀ

ਸ਼੍ਰੋਮਣੀ ਅਕਾਲੀ ਦਲ ਨੇ, ਕਿਉਂਕਿ, 1960 ਦੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ ਇਸ ਕਰ ਕੇ ਦਲ ਨੇ ਕੀਤੇ ਵਾਅਦੇ ਮੁਤਾਬਿਕ 24 ਜਨਵਰੀ 1960 ਦੇ ਦਿਨ ਪੰਜਾਬੀ ਸੂਬੇ ਦੀ ਕਾਇਮੀ ਲਈ ਮੋਰਚੇ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 129 ਮੈਂਬਰਾਂ ਨੇ ਇਸ ਦਿਨ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਕੀਤਾ ਕਿ ਉਹ ਪੰਜਾਬੀ ਸੂਬੇ ਵਾਸਤੇ ਜਾਨਾਂ ਤੱਕ ਵਾਰ ਦੇਣਗੇ। ਇਸ ਪ੍ਰਣ ਕਰਨ ਵੇਲੇ ਦਸ ਹਜ਼ਾਰ ਸਿੱਖ ਹਾਜ਼ਰ ਸਨ। ਇਸ ਦੇ ਉਲਟ ਮਹਾਰਾਜਾ ਯਾਦਵਿੰਦਰਾ ਸਿੰਘ ਪਟਿਆਲਾ ਨੇ 3 ਫ਼ਰਵਰੀ 1960 ਨੂੰ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਬਾਰੇ ਬਿਆਨ ਦਿੱਤਾ।

1988: ਸੁਰਿੰਦਰਪਾਲ ਸਿੰਘ ਤੇ ਇੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

3 ਫ਼ਰਵਰੀ 1988 ਦੇ ਦਿਨ ਸੁਰਿੰਦਰਪਾਲ ਸਿੰਘ (ਪੁੱਤਰ ਇੰਦਰ ਸਿੰਘ, ਵਾਸੀ ਖੇੜੀ ਸਲਾਬਤਪੁਰ, ਜ਼ਿਲ੍ਹਾ ਰੋਪੜ) ਤੇ ਇੰਦਰ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਢੁੱਡੀਪੁਰਾ, ਨੇੜੇ ਨੁਸ਼ਹਿਰਾ ਮੱਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਹਰਜੀਤ ਸਿੰਘ ਰਾਏਪੁਰ, ਰਣਜੀਤ ਸਿੰਘ ਰਾਣਾ ਤਰਸਿੱਕਾ ਤੇ ਇਕਬਾਲ ਸਿੰਘ ਰਾਏਪੁਰ ਸਰਜਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤਿੰਨ ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ ਬੱਬਰ ਰਾਏਪੁਰ, ਅੰਮ੍ਰਿਤਸਰ ਰਣਜੀਤ ਸਿੰਘ ਰਾਣਾ ਤਰਸਿੱਕਾ ਤੇ ਇਕਬਾਲ ਸਿੰਘ ਰਾਏਪੁਰ ਸਰਜਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਕੰਵਰਦੀਪ ਸਿੰਘ ਗੋਹਲਵੜ੍ਹ, ਜੁਗਰਾਜ ਸਿੰਘ ਮਿਸਰੀ ਖਾਨ ਤੇ ਹਰਦਿਆਲ ਸਿੰਘ ਖਿਆਲਾ ਖ਼ੁਰਦ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤਿੰਨ ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਕੰਵਰਦੀਪ ਸਿੰਘ ਗੋਹਲਵੜ੍ਹ, ਅੰਮ੍ਰਿਤਸਰ, ਜੁਗਰਾਜ ਸਿੰਘ ਉਰਫ਼ ਡਾ. ਅੰਗਰੇਜ ਸਿੰਘ ਉਰਫ਼ ਗੇਜਾ ਮਿਸਰੀ ਖਾਨ, ਅੰਮ੍ਰਿਤਸਰ ਤੇ ਹਰਦਿਆਲ ਸਿੰਘ ਬੱਬਰ ਉਰਫ਼ ਮਸਤ (ਵਾਸੀ ਖਿਆਲਾ ਖ਼ੁਰਦ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸਰਬਜੀਤ ਸਿੰਘ ਉਰਫ਼ ਮਿੰਨੀ ਬਾਬਾ ਨਕਲੀ ਮੁਕਾਬਲੇ ਵਿਚ ਸ਼ਹੀਦ

ਤਿੰਨ ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਰਬਜੀਤ ਸਿੰਘ ਉਰਫ਼ ਮਿੰਨੀ ਬਾਬਾ ਉਰਫ਼ ਬਿੱਟੂ ਫ਼ਨੀਅਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕੁਲਦੀਪ ਸਿੰਘ, ਮੇਜਰ ਸਿੰਘ ਤੇ ਹਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

3 ਫ਼ਰਵਰੀ 1993 ਦੇ ਦਿਨ ਕੁਲਦੀਪ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਸਹੋੜਾ, ਜ਼ਿਲ੍ਹਾ ਲੁਧਿਆਣਾ), ਮੇਜਰ ਸਿੰਘ ਉਰਫ਼ ਸ਼ਹੀਦ ਤੇ ਹਰਜੀਤ ਸਿੰਘ ਉਰਫ਼ ਜਾਗੀਰ ਸਿੰਘ ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

4 ਫ਼ਰਵਰੀ

1765: ਸਿੱਖਾਂ ਅਤੇ ਨਜੀਬੁਦੌਲਾ ਦੀਆਂ ਫ਼ੌਜਾਂ ਵਿਚ ਦਿੱਲੀ ਦੇ ਸਬਜ਼ੀ ਮੰਡੀ ਇਲਾਕੇ ਵਿਚ ਲੜਾਈ

ਦਿੱਲੀ ਦੇ ਨੇੜੇ ਭਰਤਪੁਰ ਰਿਆਸਤ (ਰਾਜਿਸਥਾਨ) ਦਾ ਰਾਜਾ ਸੂਰਜ ਮੱਲ ਸੀ। 25 ਦਸੰਬਰ 1763 ਦੇ ਦਿਨ ਸਯਦ ਮੁਹੰਮਦ ਖ਼ਾਨ ਬਲੋਚੀ ਦੀਆਂ ਫ਼ੌਜਾਂ ਨੇ ਚਾਲਾਕੀ ਨਾਲ ਰਾਜੇ ਸੂਰਜ ਮੱਲ ਨੂੰ ਘੇਰ ਲਿਆ ਤੇ ਕਤਲ ਕਰ ਦਿੱਤਾ। ਉਸ ਦੇ ਪੁਤਰ ਜਵਾਹਰ ਸਿੰਹ ਨੇ ਮਰਹੱਟਿਆਂ ਅਤੇ ਸਿੱਖਾਂ ਨਾਲ ਰਾਬਤਾ ਕੀਤਾ। 9 ਜਨਵਰੀ 1765 ਦੇ ਦਿਨ ਸਿੱਖ ਫ਼ੌਜਾਂ ਦਿੱਲੀ ਦੀ ਹਦੂਦ ਵਿਚ ਦਾਖ਼ਿਲ ਹੋ ਗਈਆਂ। ਏਨੇ ਚਿਰ ਵਿਚ ਨਜੀਬੁਦੌਲਾ ਨੇ ਜਵਾਹਰ ਸਿੰਹ ਜਾਟ ਰਾਜੇ ਨਾਲ ਸਿੱਧਾ ਸਮਝੌਤਾ ਕਰ ਲਿਆ ਸੀ। ਦੂਜੇ ਪਾਸੇ ਸਿੱਖ ਫ਼ੌਜਾਂ ਕਿਉਂਕਿ ਦਿੱਲੀ ਪੁੱਜ ਗਈਆਂ ਸਨ ਇਸ ਕਰ ਕੇ ਉਹ ਖ਼ਾਲੀ ਨਹੀਂ ਜਾਣਾ ਚਾਹੁੰਦੇ ਸਨ। ਉਨ੍ਹਾਂ ਲਾਲ ਕਿਲ੍ਹੇ ਨੂੰ ਘੇਰਾ ਪਾ ਲਿਆ। ਭਾਵੇਂ ਨਜੀਬੁਦੌਲਾ ਕੋਲ ਕਾਫ਼ੀ ਫ਼ੌਜ ਸੀ ਪਰ ਉਸ ਨੇ ਸਿੱਖਾਂ ਨਾਲ ਟੱਕਰ ਲੈਣ ਦੀ ਬਜਾਇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਕੁਝ ਦਿਨ ਘੇਰਾ ਪਾਈ ਰੱਖਣ ਮਗਰੋਂ ਸਿੱਖ ਫ਼ੌਜਾਂ ਉਥੋਂ ਆ ਗਈਆਂ ਅਤੇ ਸ਼ਹਿਰ ਤੋਂ ਬਾਹਰ ਡੇਰਾ ਲਾ ਲਿਆ। 4 ਫ਼ਰਵਰੀ ਦੇ ਦਿਨ ਸਿੱਖ ਫ਼ੌਜਾਂ ਫਿਰ ਦਿੱਲੀ ਸ਼ਹਿਰ ਵਲ ਨੂੰ ਚਲ ਪਈਆਂ। ਸਬਜ਼ੀ ਮੰਡੀ ਅਤੇ ਨਖ਼ਾਸ ਮੰਡੀ (ਘੋੜਿਆਂ ਦੀ ਮੰਡੀ) ਵਾਲੀ ਥਾਂ 'ਤੇ ਸਿੱਖਾਂ ਅਤੇ ਨਜੀਬੁਦੌਲਾ ਦੀ ਫ਼ੌਜ ਵਿਚ ਜ਼ਬਰਦਸਤ ਜੰਗ ਹੋਈ ਪਰ ਰੁਹੀਲਾ ਤੇ ਮੁਗ਼ਲ ਫ਼ੌਜ ਆਪਣਾ ਬਹੁਤ ਸਾਰਾ ਨੁਕਸਾਨ ਕਰਵਾ ਕੇ ਭੱਜ ਗਈ।

1918: ਅੰਮ੍ਰਿਤਸਰ ਮਿਊਂਸਪਲ ਕਮੇਟੀ ਨੇ ਸੰਤੋਖਸਰ ਸਰੋਵਰ ਪੂਰਨ ਦਾ ਮਤਾ ਪਾਸ ਕੀਤਾ

1920 ਤਕ ਮਹੰਤਾਂ ਨੇ ਗੁਰਦੁਆਰਿਆਂ ਨੂੰ ਅਯਾਸ਼ੀ ਤੇ ਗੁਨਾਹ ਦੇ ਅੱਡੇ ਬਣਾਇਆ ਹੋਇਆ ਸੀ। ਦਰਬਾਰ ਸਾਹਿਬ ਦੀ ਹਾਲਤ ਬਹੁਤ ਖ਼ਰਾਬ ਸੀ। ਸੰਤੋਖਸਰ ਅੰਮ੍ਰਿਤਸਰ ਅਤੇ ਦਰਬਾਰ ਸਾਹਿਬ ਤਰਨ ਤਾਰਨ ਦੀ ਹਾਲਤ ਹੋਰ ਵੀ ਭੈੜੀ ਸੀ। ਅੰਮ੍ਰਿਤਸਰ ਅਤੇ ਤਰਨ ਤਾਰਨ, ਦੋਹਾਂ ਨਗਰਾਂ ਦੇ ਗੁਰਦੁਆਰੇ, ਸਰਬਰਾਹ ਅਰੂੜ ਸਿੰਘ ਦੇ ਮਾਤਹਿਤ ਸਨ। ਸੰਤੋਖਸਰ ਦਾ ਹਾਲ ਤਾਂ ਇਹ ਸੀ ਕਿ 4 ਫਰਵਰੀ 1918 ਨੂੰ ਮਿਊਂਸਪਲ ਕਮੇਟੀ ਅੰਮ੍ਰਿਤਸਰ ਨੇ ਮਤਾ ਪਾਸ ਕੀਤਾ ਸੀ ਕਿ ਸਫ਼ਾਈ ਨੂੰ ਨਜ਼ਰ ਵਿਚ ਰੱਖ ਕੇ ਸੰਤੋਖਸਰ ਸਰੋਵਰ ਨੂੰ ਪੂਰ ਦਿੱਤਾ ਜਾਵੇ (ਬਾਅਦ ਵਿਚ ਇਹ ਮਤਾ ਵਾਪਸ ਲੈ ਲਿਆ)। ਸੰਤੋਖਸਰ ਸਰੋਵਰ ਵਿਚ ਲੋਕਾਂ ਦੀਆਂ ਨਾਲੀਆਂ ਦਾ ਪਾਣੀ ਪੈਂਦਾ ਸੀ। ਲੋਕ ਕਪੜੇ ਵੀ ਧੋਂਦੇ ਸਨ ਅਤੇ ਹਲਵਾਈ ਆਪਣੇ ਬਰਤਨ ਉਥੇ ਸਾਫ਼ ਕਰਿਆ ਕਰਦੇ ਸਨ।

1921: ਭਾਈ ਹੁਕਮ ਸਿੰਘ ਵਜਾਊਕੋਟ ਦੀ ਮੌਤ

ਤਰਨਤਾਰਨ ਵਿਚ 26 ਜਨਵਰੀ 1921 ਦੇ ਦਿਨ ਮਹੰਤਾਂ ਦੇ ਹਮਲੇ ਵਿਚ ਜ਼ਖ਼ਮੀ ਹੋਣ ਵਾਲੇ ਹਜ਼ਾਰਾ ਸਿੰਘ ਅਲਾਦੀਨਪੁਰ, ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, 27 ਜਨਵਰੀ ਦੇ ਦਿਨ ਚੜ੍ਹਾਈ ਕਰ ਗਏ ਸਨ। ਇਸੇ ਹਮਲੇ ਦੇ ਇਕ ਹੋਰ ਜ਼ਖ਼ਮੀ ਹੁਕਮ ਸਿੰਘ (ਵਸਾਊਕੋਟ) 4 ਫਰਵਰੀ ਦੇ ਦਿਨ ਚੜ੍ਹਾਈ ਕਰ ਗਏ। ਇਹ ਦੋ ਸਿੱਖ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਨ।

1952: ਪੰਡਤ ਨਹਿਰੂ ਪਟਿਆਲੇ ਆਇਆ ਤਾਂ ਸਿੱਖਾਂ ਨੇ ਉਸ ਦੇ ਜਲਸੇ ਵਿਚ ਪੰਜਾਬੀ ਸੂਬੇ ਦੇ ਹੱਕ ਵਿਚ ਨਾਅਰੇ ਲਾਏ

1952 ਵਿਚ ਭਾਰਤ ਭਰ ਵਿਚ ਆਮ ਚੋਣਾਂ ਹੋਈਆਂ। ਚੋਣਾਂ ਦੇ ਪ੍ਰਚਾਰ ਸਬੰਧੀ ਨਹਿਰੂ 4 ਫ਼ਰਵਰੀ 1952 ਦੇ ਦਿਨ ਜਦੋਂ ਪਟਿਆਲੇ ਬੋਲ ਰਿਹਾ ਸੀ ਤਾਂ ਉਸ ਦੇ ਜਲਸੇ ਵਿਚ

ਕੁਝ ਨਾਅਰੇ ''ਲੈ ਕੇ ਰਹਾਂਗੇ, ਪੰਜਾਬੀ ਸੂਬਾ'' ਦੇ ਲਗਾਏ ਗਏ। ਜਿਸ ਤੋਂ ਖਿਝ ਕੇ ਜਵਾਹਰ ਲਾਲ ਨੇ ਕਿਹਾ, ''ਮੈਂ ਭਾਰਤ ਦੀ ਦੋਬਾਰਾ ਵੰਡ ਦੀ ਇਜਾਜ਼ਤ ਨਹੀਂ ਦਿਆਂਗਾ। ਹੋਰ ਮੁਸੀਬਤ ਦੀ ਇਜਾਜ਼ਤ ਨਹੀਂ ਮਿਲ ਸਕਦੀ। ਜੇ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਮੁਸੀਬਤ ਖੜੀ ਹੋਈ ਤਾਂ ਇਹ ਪੂਰੀ ਤਾਕਤ ਨਾਲ ਦਬਾ ਦਿਆਂਗਾ।'' ਨਹਿਰੂ ਬੋਲਦਿਆਂ ਗੁੱਸੇ ਨਾਲ ਕੰਬ ਰਿਹਾ ਸੀ ਕਿਉਂ ਕਿ ਉਹ ਕਦੇ ਬਰਦਾਸ਼ਤ ਨਹੀਂ ਕਰਦਾ ਸੀ ਕਿ ਕੋਈ ਉਸ ਨੂੰ ਟੋਕੇ ਅਤੇ ਜਦ ਉਹ ਲੈਕਚਰ ਕਰਦਾ ਹੋਵੇ ਤੇ ਉਸ ਦੌਰਾਨ ਜੇ ਕੋਈ ਬੋਲ ਪਵੇ ਤਾਂ ਉਹ ਘਬਰਾ ਜਾਂਦਾ ਸੀ ਅਤੇ ਆਪਣਾ ਲੈਕਚਰ ਭੁੱਲ ਜਾਂਦਾ ਸੀ।

1986: ਨਕੋਦਰ ਵਿਚ ਪੁਲਸ ਨੇ 4 ਸਿੱਖ ਨੌਜਵਾਨ ਸ਼ਹੀਦ ਕੀਤੇ

2 ਫਰਵਰੀ 1986 ਦੇ ਦਿਨ ਨੂੰ ਨਕੋਦਰ 'ਚ ਦਹਿਸ਼ਤਗਰਦ ਹਿੰਦੂਆਂ ਨੇ ਗੁਰੂ ਨਾਨਕ ਮੁਹੱਲਾ ਗੁਰਦੁਆਰੇ ਵਿਚ ਅੱਗ ਲਾ ਦਿਤੀ ਜਿਸ ਨਾਲ 5 ਬੀੜਾਂ, ਰੁਮਾਲੇ ਅਤੇ ਦਰੀਆਂ ਸੜ ਗਏ। ਇਸ 'ਤੇ ਅਗਲੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦੇ 'ਤੇ ਸਿੱਖਾਂ ਨੇ ਹੜਤਾਲ ਕੀਤੀ ਤੇ ਜਲੂਸ ਕੱਢਿਆ। ਇਹ ਪ੍ਰੋਟੈਸਟ 4 ਫ਼ਰਵਰੀ ਨੂੰ ਫੇਰ ਹੋਏ। 4 ਫ਼ਰਵਰੀ ਦੇ ਦਿਨ ਜਦੋਂ ਕਾਲਜ ਦੇ ਸਟੂਡੈਂਟ ਜਲੂਸ ਕਢ ਕੇ ਆ ਰਹੇ ਸੀ ਤਾਂ ਬਰਨਾਲੇ ਦੀ ਪੁਲੀਸ ਨੇ ਗੋਲੀਆਂ ਚਲਾ ਕੇ 4 ਸਿੱਖ ਮਾਰ ਦਿੱਤੇ ਤੇ 9 ਬੁਰੀ ਤਰ੍ਹਾਂ ਜ਼ਖ਼ਮੀ ਕੀਤੇ। ਮਰਨ ਵਾਲੇ ਖਾਲਸਾ ਕਾਲਜ ਜਲੰਧਰ ਦਾ ਹਰਮਿੰਦਰ ਸਿੰਘ, ਪਿੰਡ ਰਾਮਗੜ੍ਹ (ਸੁਖਜਿੰਦਰ ਸਿੰਘ ਦੇ ਪਿੰਡ) ਦਾ ਬਲਬੀਰ ਸਿੰਘ, ਪਿੰਡ ਲਿੱਤਰਾਂ ਦਾ ਹਰਬਿੰਦਰ ਸਿੰਘ ਤੇ ਪਿੰਡ ਗੋਰਖੀਆਂ ਦਾ ਝਲਮਣ ਸਿੰਘ ਸਨ। ਏਨਾ ਹੀ ਨਹੀਂ ਬਲਕਿ ਇਨ੍ਹਾਂ ਦੀਆਂ ਲਾਸ਼ਾਂ ਵੀ ਵਾਰਸਾਂ ਨੂੰ ਦੇਣ ਦੀ ਬਜਾਏ ਇੰਸਪੈਕਟਰ ਹਰਦੇਵ ਸਿੰਘ ਨੇ ਆਪ ਸਸਕਾਰ ਕਰ ਦਿਤਾ। ਹਾਲਾਂ ਕਿ ਬਰਨਾਲੇ ਨੇ ਸਸਕਾਰ ਨਾ ਕਰਨ ਵਾਸਤੇ ਫ਼ੋਨ ਵੀ ਕੀਤਾ ਸੀ। ਪੁਲੀਸ ਨੇ ਨਕੋਦਰ 'ਚ ਬਹੁਤ ਸਾਰੇ ਸਿੱਖ ਗ੍ਰਿਫ਼ਤਾਰ ਵੀ ਕੀਤੇ। ਇਨ੍ਹਾਂ ਵਿਚੋਂ 23 ਫ਼ੈਡਰੇਸ਼ਨ ਵਰਕਰ ਸਨ। ਜ਼ੁਲਮ ਵੀ ਸਿੱਖਾਂ ਉਤੇ, ਗ੍ਰਿਫ਼ਤਾਰ ਵੀ ਸਿੱਖ ਹੀ। ਸਿੱਖਾਂ ਨੂੰ ਚੁੱਪ ਕਰਵਾਉਣ ਵਾਸਤੇ ਬਰਨਾਲੇ ਨੇ 'ਮੈਜਿਸਟਰੇਟੀ ਜਾਂਚ' ਦਾ ਹੁਕਮ ਦਿੱਤਾ।

ਫ਼ੈਡਰੇਸ਼ਨ ਦੇ ਇਕ ਬੁਲਾਰੇ ਨੇ ਇਕ ਬਿਆਨ 'ਚ ਕਿਹਾ ਕਿ ਨਕੋਦਰ 'ਚ ਸਿਰਫ਼ ਚਾਰ ਹੀ ਨਹੀਂ ਕਈ ਹੋਰ ਸਿੰਘ ਵੀ ਸ਼ਹੀਦ ਹੋਏ ਸਨ। ਉਨ੍ਹਾਂ ਕਿਹਾ ਕਿ ਸ਼ੇਰਗੜ, ਰਾਮਗੜ੍ਹ ਤੇ ਗਿੱਦੜਪਿੰਡੀ 'ਚ ਪੁਲੀਸ ਨੇ ਉਲਟੀ ਦਹਿਸ਼ਤ ਫੈਲਾਈ ਹੋਈ ਸੀ। ਉਨ੍ਹਾਂ ਮੰਗ ਕੀਤੀ ਕਿ ਸਿੱਖਾਂ ਦੇ ਕਤਲਾਂ ਬਾਰੇ ਐਸ.ਐਸ.ਪੀ. ਗੁਰਇਕਬਾਲ ਸਿੰਘ ਭੁੱਲਰ ਅਤੇ ਉਸ ਦੇ ਸਾਥੀਆਂ 'ਤੇ ਕਤਲ ਦੇ ਮੁਕਦਮੇ ਚਲਾਏ ਜਾਣ। ਉਨ੍ਹਾਂ ਮੈਜਿਸਟਰੇਟੀ ਜਾਂਚ ਨੂੰ ਸ਼ੋਸ਼ੇਬਾਜ਼ੀ ਆਖਿਆ। ਬਰਨਾਲਾ ਅਕਾਲੀ ਦਲ ਦੇ ਲੋਕਲ ਐਮ.ਐਲ.ਏ. ਕੁਲਦੀਪ ਸਿੰਘ ਵਡਾਲਾ ਨੇ ਕਿਹਾ ਕਿ ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਸਿੱਖਾਂ 'ਤੇ ਜ਼ੁਲਮ ਕਰਦੀ ਹੈ ਤੇ ਹਿੰਦੂ ਦਹਿਸ਼ਤਗਰਦਾਂ ਦੀ ਮਦਦ ਕਰਦੀ ਹੈ। ਪਰਮਜੀਤ ਸਿੰਘ ਮੋਹਲੀ ਨੇ ਕਿਹਾ ਕਿ ਨਕੋਦਰ 'ਚ ਪੁਲੀਸ ਨੇ ਸਰਦਾਰ ਹਰਮਿੰਦਰ ਸਿੰਘ ਨੂੰ ਫੜ ਕੇ ਮੂੰਹ ਵਿਚ ਗੋਲੀ ਮਾਰੀ ਸੀ। (ਇਸ ਗੱਲ ਦੀ ਮਗਰੋਂ ਤਸਦੀਕ ਵੀ ਹੋ ਗਈ ਸੀ)। 8 ਫਰਵਰੀ ਨੂੰ ਬਰਨਾਲਾ ਦਲ ਦੀ ਕਮੇਟੀ (ਟੌਹੜਾ, ਕੁਲਦੀਪ ਸਿੰਘ ਵਡਾਲਾ, ਕਾਬਲ ਸਿੰਘ) ਨੇ ਰਿਪੋਰਟ 'ਚ ਕਿਹਾ ਕਿ ਨਕੋਦਰ ਕਾਂਡ ਸੋਚੀ ਸਮਝੀ ਸਕੀਮ ਨਾਲ ਕੀਤਾ ਗਿਆ। 10 ਫਰਵਰੀ ਨੂੰ ਕਰਫ਼ਿਊ ਖੁਲ੍ਹਦਿਆਂ ਹਿੰਦੂਆਂ ਨੇ ਨਕੋਦਰ 'ਚ ਫੇਰ ਹੁੱਲੜਬਾਜ਼ੀ ਕੀਤੀ ਪਰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਇਕ ਵੀ ਹਿੰਦੂ ਗ੍ਰਿਫ਼ਤਾਰ ਨਾ ਕੀਤਾ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਸ ਸਾਰੇ ਜ਼ੁਲਮ ਦੌਰਾਨ ਇਕ ਵੀ ਅਕਾਲੀ ਆਗੂ ਨਾ ਤਾਂ ਨਕੋਦਰ ਗਿਆ ਤੇ ਨਾ ਹੀ ਇਸ ਜ਼ੁਲਮ ਦੀ ਨਿੰਦਾ ਕੀਤੀ। ਇਸ ਕਤਲੇਆਮ ਅਤੇ ਸਿੱਖਾਂ 'ਤੇ ਪੁਲੀਸ ਜ਼ੁਲਮ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਖ਼ਿਲਾਫ਼ ਰੋਸ ਕਰਨਾ

ਸੀ; ਸ਼ਾਇਦ ਅਕਾਲੀਆਂ ਨੂੰ ਗੁਰੂ ਦੀ ਬੇਅਦਬੀ ਮਾਮੂਲੀ ਗੱਲ ਜਾਪਦੀ ਸੀ! ਬਾਰ੍ਹਾਂ ਫਰਵਰੀ ਨੂੰ ਨਕੋਦਰ ਥਾਣੇ ਦਾ ਇੰਚਾਰਜ ਜਸਕੀਰਤ ਸਿੰਘ ਕਿਸੇ ਦੂਜੇ ਥਾਣੇ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਸੀ 'ਸਜ਼ਾ' ਚਾਰ ਸਿੱਖਾਂ ਦੇ ਕਤਲ ਦੀ ਤੇ ਉਹ ਵੀ ਕਤਲ ਕਰਨ ਤੋਂ ਸੱਤ ਦਿਨ ਬਾਅਦ। ਇਹ ਸੀ ਬਰਨਾਲਾ ਸਰਕਾਰ ਦਾ ਸਿੱਖਾਂ ਨਾਲ ਇਨਸਾਫ਼। ਮਗਰੋਂ ਸਿੱਖਾਂ ਵੱਲੋਂ ਰੋਸ ਵੇਖ ਕੇ ਬਰਨਾਲੇ ਨੇ 13 ਫਰਵਰੀ ਨੂੰ ਨਕੋਦਰ ਗੋਲੀ ਕਾਂਡ ਦੀ ਜਾਂਚ ਲਈ ਗੁਰਨਾਮ ਸਿੰਘ ਜੱਜ ਨਾਮਜ਼ਦ ਕਰ ਦਿਤਾ। ਜਾਂਚ ਦੀਆਂ ਸ਼ਰਤਾਂ ਬੇਮਾਅਨਾ ਰਖ ਕੇ ਪਹਿਲੋਂ ਹੀ ਮੁਜਰਮ ਬਚਾਉਣ ਦੀ ਇਹ ਇਕ ਸਾਜ਼ਿਸ਼ ਸੀ। ਸਿਖਾਂ ਨੇ ਇਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ।

1990: ਸੁਖਦੇਵ ਸਿੰਘ ਹਰੀਕੇ, ਗੁਰਦੀਪ ਸਿੰਘ ਵਕੀਲ ਮਨਿਹਾਲਾ, ਗੁਰਨਾਮ ਸਿੰਘ ਦੌਲਤਪੁਰ, ਕੁਲਵੰਤ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ ਬਬਰ ਉਰਫ਼ ਮਿੰਨੀ ਬਾਬਾ ਤੇ ਰਣਜੀਤ ਸਿੰਘ (ਚਾਰੇ ਵਾਸੀ ਬੁੱਟਰ, ਗੁਰਦਾਸਪੁਰ) ਤੇ ਜਰਨੈਲ ਸਿੰਘ ਜੌੜਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਫ਼ਰਵਰੀ 1990 ਦੇ ਪਹਿਲੇ ਦਿਨਾਂ ਵਿਚ ਪੰਜਾਬ ਪੁਲਸ ਨੇ ਸੁਖਦੇਵ ਸਿੰਘ (ਵਾਸੀ ਹਰੀਕੇ, ਫ਼ਿਰੋਜ਼ਪੁਰ), ਗੁਰਦੀਪ ਸਿੰਘ ਵਕੀਲ (ਵਾਸੀ ਮਨਿਹਾਲਾ, ਅੰਮ੍ਰਿਤਸਰ), ਗੁਰਨਾਮ ਸਿੰਘ (ਵਾਸੀ ਦੌਲਤਪੁਰ), ਕੁਲਵੰਤ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ ਬਬਰ ਉਰਫ਼ ਮਿੰਨੀ ਬਾਬਾ ਤੇ ਰਣਜੀਤ ਸਿੰਘ (ਚਾਰੇ ਵਾਸੀ ਬੁੱਟਰ, ਗੁਰਦਾਸਪੁਰ) ਤੇ ਜਰਨੈਲ ਸਿੰਘ ਜੌੜਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਹਰਨੇਕ ਸਿੰਘ ਨੇਕੀ ਬੱਦੋਵਾਲੀ, ਅਵਤਾਰ ਸਿੰਘ ਗੋਰਖਾ ਰੰਗੀਆਂ, ਗੁਰਮੇਜ ਸਿੰਘ ਗੇਜਾ ਮੁੱਠੀਵਾਲ, ਮਹਿੰਦਰ ਸਿੰਘ ਰਸੂਲਪੁਰ, ਪ੍ਰੋ: ਬਲਦੇਵਰਾਜ ਸਿੰਘ, ਰਾਜ ਸਿੰਘ ਗੁਰੂ, ਹਰਿੰਦਰਜੀਤ ਸਿੰਘ ਬੰਟੂ ਕੁੜੀਵਲਾਹ, ਤੀਰਥ ਸਿੰਘ ਵਰਪਾਲ ਖੁਰਦ, ਮੇਜਰ ਸਿੰਘ ਚੁੱਘਭਿੱਖੀਵਿੰਡ, ਜਗੀਰ ਸਿੰਘ ਦਿੱਲੀ ਧਾਰੀਵਾਲ ਸੋਹੀਆਂ, ਬਲਦੇਵ ਸਿੰਘ ਬਹੁੜੀਆਂ ਸੇਣੀਆਂ, ਰਵਿੰਦਰ ਸਿੰਘ, ਸੱਤੋਵਾਲ, ਪ੍ਰਤਾਪ ਸਿੰਘ ਛਪਈ, ਅਮਰਜੀਤ ਸਿੰਘ ਉਰਫ਼ ਸਾਹਿਬ ਸਿੰਘ ਚੰਦੀ, ਗੁਰਚਰਨ ਸਿੰਘ, ਧੀਰਾ ਪਾਤੜਾ, ਗੁਰਦਿਆਲ ਸਿੰਘ ਜੰਗ ਚੌਟਾਲਾ, ਮੇਜਰ ਸਿੰਘ, ਮੱਲਮੋਹਰੀ, ਗੁਰਪਾਲ ਸਿੰਘ, ਰੰਘੇੜੀ, ਪਰਮਜੀਤ ਸਿੰਘ ਪੰਮਾ ਘੁੱਲਾ, ਸੋਢੀਵਾਲਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਫ਼ਰਵਰੀ 1991 ਦੇ ਪਹਿਲੇ ਤਿੰਨ ਦਿਨਾਂ ਵਿਚ ਪੰਜਾਬ ਪੁਲਸ ਨੇ ਹਰਨੇਕ ਸਿੰਘ ਨੇਕੀ (ਵਾਸੀ ਬੱਦੋਵਾਲੀ), ਅਵਤਾਰ ਸਿੰਘ (ਵਾਸੀ ਗੋਰਖਾ ਰੰਗੀਆਂ), ਗੁਰਮੇਜ ਸਿੰਘ ਗੇਜਾ (ਵਾਸੀ ਮੁੱਠੀਵਾਲ), ਮਹਿੰਦਰ ਸਿੰਘ (ਵਾਸੀ ਰਸੂਲਪੁਰ), ਪ੍ਰੋ: ਬਲਦੇਵਰਾਜ ਸਿੰਘ, ਰਾਜ ਸਿੰਘ ਗੁਰੂ, ਹਰਿੰਦਰਜੀਤ ਸਿੰਘ ਬੰਟੂ (ਵਾਸੀ ਕੁੜੀਵਲਾਹ), ਤੀਰਥ ਸਿੰਘ (ਪੁੱਤਰ ਜਥੇਦਾਰ ਗਿਆਨ ਸਿੰਘ, ਵਾਸੀ ਵਰਪਾਲ ਖੁਰਦ), ਮੇਜਰ ਸਿੰਘ ਚੁੱਘ (ਵਾਸੀ ਭਿੱਖੀਵਿੰਡ, ਤਰਨਤਾਰਨ), ਜਗੀਰ ਸਿੰਘ (ਵਾਸੀ ਦਿੱਲੀ ਧਾਰੀਵਾਲ ਸੋਹੀਆਂ), ਬਲਦੇਵ ਸਿੰਘ, ਬਹੁੜੀਆਂ ਸੇਣੀਆਂ, ਰਵਿੰਦਰ ਸਿੰਘ, ਸੱਤੋਵਾਲ, ਪ੍ਰਤਾਪ ਸਿੰਘ ਛਪਈ, ਅਮਰਜੀਤ ਸਿੰਘ ਉਰਫ਼ ਸਾਹਿਬ ਸਿੰਘ ਚੰਦੀ, ਗੁਰਚਰਨ ਸਿੰਘ, ਧੀਰਾ (ਵਾਸੀ ਪਾਤੜਾ, ਫ਼ਿਰੋਜ਼ਪੁਰ), ਗੁਰਦਿਆਲ ਸਿੰਘ, ਜੰਗ ਚੌਟਾਲਾ, ਮੇਜਰ ਸਿੰਘ, ਮੱਲਮੋਹਰੀ, ਗੁਰਪਾਲ ਸਿੰਘ, ਰੰਘੇੜੀ, ਪਰਮਜੀਤ ਸਿੰਘ ਪੰਮਾ ਘੁੱਲਾ, ਸੋਢੀਵਾਲਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਹਰਦਿਆਲ ਸਿੰਘ ਢੋਲਾ ਵਾਰਿਸ ਵਾਲਾ, ਗੁਰਬਖਸ ਸਿੰਘ ਘੁਕਰ ਛੱਜਾ ਵਾਲੀ, ਗੁਰਮੇਲ ਸਿੰਘ ਗੋਲੀ ਭੂਈਆ ਵਾਲੀ ਤੇ ਮਨਜੀਤ ਸਿੰਘ ਫਹਿਰੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

4 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਹਰਦਿਆਲ ਸਿੰਘ ਢੋਲਾ (ਵਾਸੀ ਵਾਰਿਸ ਵਾਲਾ), ਗੁਰਬਖਸ ਸਿੰਘ ਘੁਕਰ (ਪੁੱਤਰ ਪ੍ਰਿਥੀ ਸਿੰਘ, ਵਾਸੀ ਛੱਜਾ ਵਾਲੀ), ਗੁਰਮੇਲ ਸਿੰਘ ਗੋਲੀ (ਵਾਸੀ ਭੂਈਆ ਵਾਲੀ) ਤੇ ਮਨਜੀਤ ਸਿੰਘ (ਵਾਸੀ ਭੰਪਾ ਫਹਿਰੋਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

4 ਫ਼ਰਵਰੀ 1992 ਦੇ ਦਿਨ ਸੁਖਦੇਵ ਸਿੰਘ (ਪੁੱਤਰ ਮੰਗਲ ਸਿੰਘ, ਵਾਸੀ ਬਲੱਗਣ ਸਦਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੁਖਜੀਤ ਸਿੰਘ, ਮਨਿੰਦਰ ਸਿੰਘ ਤੇ ਰਾਜਿੰਦਰ ਸਿੰਘ ਲਾਡੀ ਨਕਲੀ ਮੁਕਾਬਲੇ ਵਿਚ ਸ਼ਹੀਦ

4 ਫ਼ਰਵਰੀ 1993 ਦੇ ਦਿਨ ਸੁਖਜੀਤ ਸਿੰਘ (ਪੁੱਤਰ ਹਰਪਾਲ ਸਿੰਘ, ਵਾਸੀ ਰਾਜੇ ਮਾਜਰਾ, ਜ਼ਿਲ੍ਹਾ ਸੰਗਰੂਰ), ਮਨਿੰਦਰ ਸਿੰਘ ਤੇ ਰਾਜਿੰਦਰ ਸਿੰਘ ਲਾਡੀ ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਰਸਾ ਸਾਧ ਦਾ ਕੇਸ ਵਾਪਿਸ ਲੈਣ ਦੀ ਸਾਜ਼ਸ਼ ਬੇਨਕਾਬ

4 ਫ਼ਰਵਰੀ 2012 ਦੇ ਦਿਨ ਬਾਦਲ ਸਰਕਾਰ ਨੇ ਅਦਾਲਤ ਵਿਚ ਹਲਫ਼ੀਆ ਬਿਆਨ ਦਰਜ ਕਰ ਕੇ ਸਰਸਾ ਦੇ ਸੌਦਾ ਸਾਧ ਗੁਰਮੀਤ ਰਾਮ ਦੇ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਦਾ ਸਾਂਗ ਉਤਾਰਨ ਸਬੰਧੀ ਦਰਜ ਹੋਇਆ ਕੇਸ ਖੁਰਦ ਬੁਰਦ ਕਰਨ ਵਾਸਤੇ ਕੇਸ ਵਾਪਿਤ ਲੈਣ ਦੀ ਦਰਖ਼ਾਸਤ ਦਿੱਤੀ ਪਰ ਲੋਕਾਂ ਦੇ ਰੌਲਾ ਪਾਉਣ 'ਤੇ ਇਹ ਸਾਜ਼ਸ਼ ਵਿਚੇ ਧਰੀ ਰਹਿ ਗਈ। (ਪਰ ਮਗਰੋਂ 7 ਅਗਸਤ 2014 ਦੇ ਦਿਨ ਬਾਦਲ ਸਰਕਾਰ ਦੀ ਸਾਜ਼ਸ਼ ਹੇਠ ਅਦਾਲਤ ਵਿਚੋਂ ਸੌਦਾ ਸਾਧ ਨੂੰ ਬਰੀ ਕਰਵਾ ਦਿੱਤਾ ਗਿਆ)।

2014: ਹੇਗ: ਬਰਤਾਨੀਆ ਨੇ ਸਿਰਫ਼ ਸਲਾਹ ਦਿੱਤੀ ਸੀ ਤੇ ਫ਼ੌਜੀ ਮਦਦ ਨਹੀਂ ਦਿੱਤੀ

4 ਫ਼ਰਵਰੀ 2014 ਦੇ ਦਿਨ ਬਰਤਾਨੀਆ ਦੇ ਫ਼ਾਰਨ ਸੈਕਟਰੀ ਵਿਲੀਅਮ ਹੇਗ ਨੇ ਬਰਤਾਨਵੀ ਪਾਰਲੀਮੈਂਟ ਵਿਚ ਮੰਨਿਆ ਕਿ ਜੂਨ 1984 ਦੇ ਦਰਬਾਰ ਸਾਹਿਬ ਦੇ ਹਮਲੇ ਸਬੰਧੀ ਬਰਤਾਨੀਆ ਨੇ ਸਿਰਫ਼ ਸਲਾਹ ਦਿੱਤੀ ਸੀ ਤੇ ਫ਼ੌਜੀ ਮਦਦ ਨਹੀਂ ਦਿੱਤੀ ਸੀ।

5 ਫ਼ਰਵਰੀ

1762: ਵੱਡੇ ਘੱਲੂਘਾਰੇ ਵਿਚ 25 ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋਏ

3 ਫ਼ਰਵਰੀ 1762 ਦੇ ਦਿਨ ਜਦ ਅਹਿਮਦ ਸ਼ਾਹ ਦੁੱਰਾਨੀ ਨੂੰ ਪਤਾ ਲੱਗਾ ਸੀ ਕਿ ਸਿੱਖ ਮਲੇਰਕੋਟਲਾ ਦੇ ਨਜ਼ਦੀਕ ਜੰਗਲ ਵਿਚ ਲੁਕੇ ਹੋਏ ਹਨ ਤਾਂ ਉਹ ਇਕ ਦਮ ਸਾਰੀ ਫ਼ੌਜ ਲੈ ਕੇ ਉਦਰ ਚਲ ਪਿਆ। ਉਹ 5 ਫ਼ਰਵਰੀ ਦੀ ਸਵੇਰ ਵੇਲੇ ਮਲੇਰਕੋਟਲੇ ਦੇ ਨੇੜੇ ਪੁੱਜ ਚੁਕਾ ਸੀ। ਇੱਥੇ ਪੁੱਜ ਕੇ ਉਸ ਨੂੰ ਪਤਾ ਲੱਗਾ ਕਿ ਸਿੱਖ ਮਲੇਰਕੋਟਲਾ ਤੋਂ ਦਸ ਕਿਲੋਮੀਟਰ ਦੂਰ (ਮੌਜੂਦਾ ਲੁਧਿਆਣਾ-ਧੂਰੀ ਰੋਡ 'ਤੇ), ਕੁੱਪ ਤੇ ਰਹੀੜਾ ਪਿੰਡਾਂ ਦੇ ਵਿਚਕਾਰਲੇ ਜੰਗਲ ਵਿਚ ਬੈਠੇ ਸਨ।

ਉਸ ਨੇ ਆਪਣੀ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਅਤੇ ਬੇਖ਼ਬਰ ਬੈਠੇ ਸਿੱਖਾਂ ਨੂੰ ਸਾਰੇ ਪਾਸਿਆਂ ਤੋਂ ਘੇਰ ਲਿਆ।

ਕੁੱਪ-ਰਹੀੜ ਦੇ ਜੰਗਲ ਵਿਚ ਸਿੱਖਾਂ ਨਾਲ ਉਨ੍ਹਾਂ ਦੇ ਟੱਬਰ ਵੀ ਸਨ। ਇਨ੍ਹਾਂ 5 ਹਜ਼ਾਰ ਦੇ ਕਰੀਬ ਬੀਬੀਆਂ ਤੇ ਬੱਚਿਆਂ ਸਣੇ ਸਿੱਖਾਂ ਦੀ ਕੁਲ ਗਿਣਤੀ 40 ਤੋਂ 50,000ਦੇ ਕਰੀਬ ਸੀ। 5 ਫ਼ਰਵਰੀ 1762 ਤੜਕੇ ਵੇਲੇ ਸਿੱਖਾਂ ਨੂੰ ਵੀ ਅਹਿਮਦ ਸ਼ਾਹ ਦੇ ਮਲੇਰਕੋਟਲਾ ਪੁੱਜਣ ਦਾ ਪਤਾ ਲਗ ਗਿਆ ਸੀ। ਦਿਨ ਚੜ੍ਹਦਿਆਂ ਹੀ ਅਹਿਮਦ ਸ਼ਾਹ ਦੁਰਾਨੀ ਨੇ ਸਿੱਖਾਂ ਨੂੰ ਤਿੰਨਾਂ ਪਾਸਿਆਂ ਤੋਂ ਘੇਰਾ ਪਾ ਲਿਆ। ਅਹਿਮਦ ਸ਼ਾਹ ਨੇ ਆਪਣੇ ਫ਼ੌਜੀਆਂ ਨੂੰ ਹੁਕਮ ਦਿੱਤਾ ਕਿ ਪੰਜਾਬੀ ਚਿਹਰੇ ਵਾਲੇ ਕਿਸੇ ਵੀ ਬੰਦੇ ਨੂੰ ਜਿਊਂਦਾ ਨਹੀਂ ਛੱਡਣਾ। ਉਸ ਨੇ ਜ਼ੈਨ ਖ਼ਾਨ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਪੰਜਾਬੀ ਮੁਸਲਮਾਨ ਫ਼ੌਜੀਆਂ ਨੂੰ ਦਸ ਦੇਵੇ ਕਿ ਉਹ ਸਿਰਾਂ 'ਤੇ ਦਰਖ਼ਤਾਂ ਦੇ ਹਰੇ ਪੱਤੇ ਬੰਨ੍ਹ ਲੈਣ ਤਾਂ ਜੋ ਉਹ ਸਿੱਖ ਸਮਝ ਕੇ ਮਾਰੇ ਨਾ ਜਾਣ। ਅਫ਼ਗ਼ਾਨ ਫ਼ੌਜਾਂ ਦੀ ਕਮਾਨ ਸ਼ਾਹ ਵਲੀ ਖ਼ਾਨ, ਜਹਾਨ ਖ਼ਾਨ, ਭੀਖਨ ਖ਼ਾਨ, ਮੁਰਤਜ਼ਾ ਖ਼ਾਨ ਵੜੈਚ, ਦੀਵਾਨ ਲੱਛਮੀ ਰਾਮ ਤੇ ਅਹਿਮਦ ਸ਼ਾਹ ਦੇ ਆਪਣੇ ਕੋਲ ਸੀ। ਇਹ ਫ਼ੌਜਾਂ ਤਿੰਨ ਪਾਸਿਆਂ ਤੋਂ ਅੱਗੇ ਵਧਣ ਲੱਗ ਪਈਆਂ। ਇਸ ਹਾਲਤ ਵਿਚ ਸਿੱਖਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਉਹ ਘੇਰਾ ਤੋੜ ਕੇ ਨਿਕਲਣ ਦੀ ਕੋਸ਼ਿਸ਼ ਕਰਦੇ। ਇਸ ਕਰ ਕੇ ਸਿੱਖਾਂ ਨੇ ਇਕ ਵਹੀਰ ਦੀ ਸ਼ਕਲ ਵਿਚ ਬਰਨਾਲੇ ਵਲ ਵਧਣਾ ਸ਼ੁਰੂ ਕਰ ਦਿੱਤਾ। ਵਹੀਰ ਦੇ ਅੱਗੇ ਪਿੱਛੇ ਅਤੇ ਦੋਹੀਂ ਪਾਸੀਂ ਤਕੜੇ ਜਵਾਨ ਸਨ ਤੇ ਵਿਚਕਾਰ ਟੱਬਰ ਸਨ। ਸਿੱਖ ਹੌਲੀ-ਹੌਲੀ ਅੱਗੇ ਵੀ ਵਧਦੇ ਗਏ ਤੇ ਨਾਲ ਹੀ ਲੜਦੇ ਵੀ ਗਏ। ਅਫ਼ਗ਼ਾਨ ਫ਼ੌਜਾਂ ਸਿੱਖਾਂ ਦਾ ਚਾਲ੍ਹੀ ਕਿਲੋਮੀਟਰ ਤਕ ਘਾਣ ਕਰਦੀਆਂ ਗਈਆਂ। ਰਸਤੇ ਵਿਚ ਸਿੱਖਾਂ ਨੇ ਕੁਤਬਾ ਤੇ ਬਾਹਮਣੀ ਪਿੰਡਾਂ ਵਿਚ ਆਸਰਾ ਲੈ ਕੇ ਅਫ਼ਗ਼ਾਨ ਫ਼ੌਜਾਂ ਨਾਲ ਲੜਨਾ ਚਾਹਿਆ ਪਰ ਇਨ੍ਹਾਂ ਪਿੰਡਾਂ ਵਿਚ ਮੁਸਲਮਾਨ ਲੋਕਾਂ ਨੇ ਸਿੱਖਾਂ ਨੂੰ ਪਿੰਡ ਵਿਚ ਨਾ ਵੜਨ ਦਿੱਤਾ ਜਿਸ ਕਰ ਕੇ ਸਿੱਖਾਂ ਕੋਲ ਢਾਈ ਫੱਟ ਦੀ ਲੜਾਈ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਸ ਵੇਲੇ ਸਿੱਖ ਫ਼ੌਜਾਂ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁਕਰਚੱਕੀਆ ਤੇ ਹੋਰ ਜਰਨੈਲ ਕਰ ਰਹੇ ਸਨ।

ਸ਼ਾਮ ਪੈਣ ਤਕ ਇਹ ਲੜਾਈ ਤੇ ਕਤਲੇਆਮ ਜਾਰੀ ਰਿਹਾ। ਹੁਣ ਅਫ਼ਗ਼ਾਨ ਫ਼ੌਜਾਂ ਵੀ ਥਕ ਚੁਕੀਆਂ ਸਨ। ਉਹ ਲਗਾਤਾਰ ਡੇਢ ਦਿਨ ਚਲਦੇ ਰਹੇ ਸਨ 'ਤੇ ਘੋੜਿਆਂ ਦੀਆਂ ਕਾਠੀਆਂ 'ਤੇ ਸਵਾਰ ਰਹੇ ਸਨ ਤੇ ਉਸ ਮਗਰੋਂ 15 ਘੰਟੇ ਲੜਦੇ ਰਹੇ ਸਨ। ਹੁਣ ਉਹ ਪਿਆਸੇ, ਭੁੱਖੇ ਤੇ ਥੱਕੇ ਹੋਏ ਸਨ। ਉਨ੍ਹਾਂ ਨੂੰ ਕੁਤਬਾ ਪਿੰਡ ਤੋਂ ਕੁਝ ਅੱਗੇ ਪਾਣੀ ਦੀ ਢਾਬ ਨਜ਼ਰ ਆਈ। ਬਹੁਤੇ ਫ਼ੌਜੀ ਪਾਣੀ ਪੀਣ ਵਾਸਤੇ ਇਕ ਦੂਜੇ ਨੂੰ ਪਿੱਛੇ ਧੱਕਣ ਲਗ ਪਏ। ਦੂਜੇ ਪਾਸੇ ਸਿੱਖ ਆਪਣੀਆਂ ਜਾਨਾਂ ਬਚਾਉਣ ਵਾਸਤੇ ਭੱਜੇ ਜਾ ਰਹੇ ਸਨ ਤੇ ਉਹ ਪਾਣੀ ਪੀਣ ਵਾਸਤੇ ਵੀ ਰੁਕੇ ਨਹੀਂ। ਉਨ੍ਹਾਂ ਨੇ ਬੀਕਾਨੇਰ ਵਾਲੇ ਪਾਸੇ ਦੌੜ ਜਾਰੀ ਰੱਖੀ ਪਰ ਜਦ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਅਹਿਮਦ ਸ਼ਾਹ ਬਰਨਾਲੇ ਵਿਚ ਰੁਕ ਗਿਆ ਹੈ ਤਾਂ ਉਹ ਵੀ ਦੂਰ ਜਾ ਕੇ ਰੁਕ ਗਏ ਤੇ ਸਾਹ ਲਿਆ।

ਇਸ ਜੱਦੋ-ਜਹਿਦ ਵਿਚ ਤਕਰੀਬਨ 25-30 ਹਜ਼ਾਰ ਸਿੰਘ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿਚ ਬਹੁਤੇ ਔਰਤਾਂ ਤੇ ਬੱਚੇ ਸਨ। ਸਿੱਖ ਤਵਾਰੀਖ਼ ਵਿਚ ਇਸ ਨੂੰ (ਪਹਿਲੀ ਮਈ 1746 ਦੇ ਘੱਲੂਘਾਰੇ ਦੇ ਮੁਕਾਬਲੇ ਵਿਚ) **ਵੱਡਾ ਘੱਲੂਘਾਰਾ** ਆਖ ਕੇ ਚੇਤੇ ਕੀਤਾ ਜਾਂਦਾ ਹੈ। ਇਸ ਘੱਲੂਘਾਰੇ ਵਿਚ ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸੁਕਰਚੱਕੀਆ ਨੇ ਬਹੁਤ ਕਮਾਲ ਦਾ ਰੋਲ ਅਦਾ ਕੀਤਾ। ਇਨ੍ਹਾਂ ਦੋਹਾਂ ਜਰਨੈਲਾਂ ਨੂੰ ਤੀਰਾਂ, ਬਰਛਿਆਂ ਤੇ ਤਲਵਾਰਾਂ ਦੇ 20-20ਤੋਂ ਵੱਧ ਜ਼ਖ਼ਮ ਆਏ ਸਨ ਤੇ ਦੂਜੇ ਸਿੱਖਾਂ ਨੂੰ ਵੀ 5 ਤੋਂ 7 ਤਕ ਜ਼ਖ਼ਮ ਜ਼ਰੂਰ ਆਏ ਸਨ।

ਇਸ ਘੱਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਗਿਣਤੀ ਵੱਖ-ਵੱਖ ਸੋਮੇ ਵੱਖ-ਵੱਖ ਦਸਦੇ ਹਨ: ਮਿਸਕੀਨ 25 ਹਜ਼ਾਰ, *ਖ਼ਜ਼ਾਨਾ-ਇ-ਅਮੀਰਾ* ਦਾ ਲੇਖਕ 25 ਹਜ਼ਾਰ, *ਸਿਆਰੁਲ ਮੁਤਾਖ਼ਰੀਨ* ਦਾ ਲੇਖਕ 20 ਹਜ਼ਾਰ, *ਤਾਰੀਖ਼ੇ ਮੁਜ਼ੱਫ਼ਰੀ* ਦਾ ਲੇਖਕ 22 ਹਜ਼ਾਰ, *ਤਾਰੀਖ਼ੇ ਹੁਸੈਨ ਸ਼ਾਹੀ* ਦਾ ਲੇਖਕ 30 ਹਜ਼ਾਰ, *ਤਾਰੀਖ਼ੇ ਅਹਿਮਦ ਸ਼ਾਹੀ* ਦਾ ਲੇਖਕ 30 ਹਜ਼ਾਰ, ਅਲੀ-ਉਦ-ਦੀਨ 30ਹਜ਼ਾਰ, ਫ਼ਾਰਸਟਰ 25 ਹਜ਼ਾਰ, ਮਾਲਕਮ 20 ਹਜ਼ਾਰ ਤੋਂ ਵਧ, ਹਿਊਗਲ 20 ਤੋਂ 30ਹਜ਼ਾਰ, ਰਤਨ ਸਿੰਘ ਭੰਗੂ 50 ਹਜ਼ਾਰ, ਕਰਮ ਸਿੰਘ ਹਿਸਟੋਰੀਅਨ 15 ਤੋਂ 20ਹਜ਼ਾਰ, ਗਣੇਸ਼ ਦਾਸ ਵਢੇਰਾ 30 ਹਜ਼ਾਰ, ਗਿਆਨੀ ਗਿਆਨ ਸਿੰਘ 13 ਹਜ਼ਾਰ ਦਸਦਾ ਹੈ। ਅਜਿਹਾ ਜਾਪਦਾ ਹੈ ਕਿ 20 ਤੋਂ 30 ਹਜ਼ਾਰ ਤਕ ਸਿੱਖ ਜ਼ਰੂਰ ਸ਼ਹੀਦ ਹੋਏ ਹੋਣਗੇ।

1987: ਨਵਾਂ ਸਾਂਝਾ ਅਕਾਲੀ ਦਲ ਕਾਇਮ ਹੋਇਆ

ਸ਼੍ਰੋਮਣੀ ਕਮੇਟੀ ਨੇ 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥਾ ਵਲੋਂ ਮੰਜੀ ਸਾਹਿਬ 'ਤੇ 'ਸਰਬੱਤ ਖ਼ਾਲਸਾ' ਨਾਂ ਹੇਠ ਹੋਏ ਸਮਾਗਮ ਵਿਚ ਲਾਏ ਹੋਏ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਮੰਨ ਲਿਆ ਤੇ ਉਸ ਦੀ ਗ਼ੈਰ-ਹਾਜ਼ਰੀ ਵਿਚ ਰਾਗੀ (ਪ੍ਰੋ:) ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ 'ਐਕਟਿੰਗ ਮੁਖ ਸੇਵਾਦਾਰ' ਬਣਾ ਦਿੱਤਾ। ਪ੍ਰੋ: ਦਰਸ਼ਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਮਗਰੋਂ ਕੋਈ ਸਾਰੇ ਸ਼੍ਰੋਮਣੀ ਅਕਾਲੀ ਦਲਾਂ ਨੂੰ ਇਕ ਕਰਨ ਦੀ ਤਕਰੀਬ ਬਣਾਈ। ਉਸ ਨੇ ਸਾਰੇ ਅਕਾਲੀ ਦਲ ਤੋੜ ਕੇ ਇਕ ਸਾਂਝਾ ਅਕਾਲੀ ਦਲ ਬਣਾਉਣ ਦਾ ਐਲਾਨ ਕਰ ਦਿਤਾ। ਉਸ ਨੇ 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ। ਅਗਲੇ ਦਿਨ ਬਾਬਾ ਜੋਗਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਅਸਤੀਫ਼ੇ ਦੇ ਦਿੱਤੇ ਪਰ ਸੁਰਜੀਤ ਬਰਨਾਲੇ ਨੂੰ ਅਸਤੀਫ਼ਾ ਦੇਣ ਦੀ ਬਜਾਇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ ਜਿਹੜੀ ਰਾਗੀ ਨੂੰ 'ਮਿਲ ਕੇ ਪੁਜ਼ੀਸ਼ਨ ਸਾਫ਼ ਕਰੇਗੀ।' ਇਸ ਪੰਜ ਮੈਂਬਰੀ ਕਮੇਟੀ ਦੇ ਨੁਮਾਇੰਦੇ ਹਰਭਜਨ ਸਿੰਘ ਸੰਧੂ ਨੇ ਰਾਗੀ ਨਾਲ ਗੱਲਬਾਤ ਕੀਤੀ ਤੇ ਹਥਿਆਰ ਸੁੱਟ ਦਿੱਤੇ। ਪਰ ਦਿੱਲੀ ਦੀ ਹਦਾਇਤ 'ਤੇ ਸੁਰਜੀਤ ਬਰਨਾਲਾ ਏਕਤਾ ਕਰਨ ਤੋਂ ਮੁੱਕਰ ਗਿਆ। ਪਰ ਬਰਨਾਲੇ ਦੇ ਦਲ ਵਿਚੋਂ ਸੁਖਦੇਵ ਸਿੰਘ ਢਿੱਲੋਂ ਵਜ਼ੀਰੀ ਛੱਡ ਕੇ ਤਖ਼ਤ ਸਾਹਿਬ 'ਤੇ ਆ ਪੁੱਜਾ। ਮਗਰੋਂ ਹਰਭਜਨ ਸਿੰਘ ਸੰਧੂ, ਮੇਜਰ ਸਿੰਘ ਉਬੋਕੇ, ਨਰਿੰਜਨ ਸਿੰਘ ਪੱਟੀ, ਨਿਰਮਲ ਸਿੰਘ ਕਾਹਲੋਂ ਤੇ ਬਸੰਤ ਸਿੰਘ ਖ਼ਾਲਸਾ ਵੀ ਨਾਲ ਆ ਗਏ। ਬਰਨਾਲੇ ਦੇ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਵੀ ਆ ਗਏ ਪਰ ਐਮ.ਐਲ.ਏਜ਼ ਵਿਚੋਂ 37 ਅਜੇ ਵੀ ਬਰਨਾਲੇ ਦੇ ਨਾਲ ਰਹੇ।

5 ਫਰਵਰੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਨੇਮ ਤੇ ਆਈਨ ਜਾਰੀ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਨੂੰ ਪ੍ਰਧਾਨ ਤੇ ਨਾਲ ਹੀ ਇਕ ਪ੍ਰੀਜ਼ੀਡੀਅਮ ਵੀ ਬਣਾਈ ਗਈ। ਪ੍ਰੀਜ਼ੀਡੀਅਮ ਵਿਚ ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਬਾਬਾ ਜੋਗਿੰਦਰ ਸਿੰਘ ਤੇ ਗੰਜਾ ਸਿੰਘ ਸਿਰਸਾ ਸ਼ਾਮਲ ਕੀਤੇ ਗਏ। ਇਸ ਤੋਂ ਇਲਾਵਾ ਇਕ ਕੌਂਸਲ ਵੀ ਬਣਾਈ ਗਈ ਜਿਸ ਵਿਚ 8 ਮੈਂਬਰ ਸਨ: ਗੁਰਦੇਵ ਸਿੰਘ ਬਾਦਲ, ਪ੍ਰੇਮ ਸਿੰਘ ਲਾਲਪੁਰਾ, ਮਨਜੀਤ ਸਿੰਘ ਕਲਕੱਤਾ, ਰਣਜੀਤ ਸਿੰਘ ਬ੍ਰਹਮਪੁਰਾ, ਮੇਜਰ ਜਨਰਲ ਨਰਿੰਦਰ ਸਿੰਘ, ਸੁਖਜਿੰਦਰ ਸਿੰਘ, ਉਜਾਗਰ ਸਿੰਘ ਸੇਖਵਾਂ ਤੇ ਕੈਪਟਨ ਹਰਚਰਨ ਸਿੰਘ ਰੋਡੇ।

1989: ਖਾੜਕੂਆਂ ਦੇ ਇਕ ਗਰੁਪ ਨੇ ਡਾ ਰਾਜਿੰਦਰ ਕੌਰ ਨੂੰ ਕਤਲ ਕੀਤਾ

5 ਫ਼ਰਵਰੀ 1988 ਦੇ ਦਿਨ ਖਾੜਕੂਆਂ ਦੇ ਇਕ ਗਰੁਪ ਨੇ ਡਾ ਰਾਜਿੰਦਰ ਕੌਰ ਨੂੰ ਕਤਲ ਕਰ ਦਿੱਤਾ। ਉਸ ਵੇਲੇ ਇਹ ਚਰਚਾ ਆਮ ਸੀ ਕਿ ਬੀਬੀ ਦਾ ਕਤਲ ਭਿੰਡਰਾਂ ਮਹਿਤਾ ਜਥੇ ਨਾਲ ਸਬੰਧਤ ਲੋਕਾਂ ਨੇ ਕੀਤਾ ਸੀ ਕਿਉਂ ਕਿ ਬੀਬੀ ਨੇ ਆਪਣੇ ਪਰਚੇ 'ਸਮਤ ਸਿਪਾਹੀ' ਵਿਚ ਇਸ ਗਰੁਪ ਦੇ ਖ਼ਿਲਾਫ਼ ਕੁਝ ਲੇਖ ਛਾਪੇ ਸਨ। ਡਾ ਰਾਜਿੰਦਰ ਕੌਰ ਦਾ ਕਤਲ ਆਪਸੀ ਕਬਾਇਲੀ ਜੰਗ ਦੇ ਮੁਢਲੇ ਕਾਰਨਾਮਿਆਂ ਵਿਚੋਂ ਇਕ ਸੀ। ਉਹ ਇਕ ਬੇਗਰਜ਼ ਆਗੂ ਸੀ ਅਤੇ ਪੰਥਕ ਮਾਮਲਿਆਂ ਵਿਚ ਅਕਸਰ ਡਟ ਕੇ ਸਟੈਂਡ ਲਿਆ ਕਰਦੀ ਸੀ; ਉਸ ਨੇ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼, 1979 ਵਿਚ ਮੋਰਨ ਮੋਰਚੇ ਵਿਚ, 1982 ਕਪੂਰੀ ਮੋਰਚੇ ਵਿਚ ਅਤੇ 1984 ਦੇ ਹਮਲੇ ਮਗਰੋਂ ਦਰਬਾਰ ਸਾਹਿਬ ਵਿਚੋਂ ਫ਼ੌਜ ਕੱਢਣ ਦੀ ਮੁਹਿਮ ਵਿਚ ਅਹਿਮ ਰੋਲ ਅਦਾ ਕੀਤਾ ਸੀ ਤੇ ਕਈ ਵਾਰ ਜੇਲ੍ਹਾਂ ਵੀ ਕੱਟੀਆਂ ਸਨ।

1991: ਆਤਮਜੀਤ ਸਿੰਘ ਮਾਵੀ, ਸੁਖਵੰਤ ਸਿੰਘ, ਮੋਹਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

5 ਫ਼ਰਵਰੀ 1991 ਦੇ ਦਿਨ ਪੁਲਸ ਨੇ ਇਨਸਾਨੀ ਹਕੂਕ ਦੇ ਅਲੰਬਰਦਾਰ ਆਤਮਜੀਤ ਸਿੰਘ ਮਾਵੀ ਐਡਵੋਕੇਟ (ਪੁੱਤਰ ਡਾ: ਗੁਰਬਚਨ ਸਿੰਘ ਮਾਵੀ, ਵਾਸੀ ਲੁਧਿਆਣਾ), ਸੁਖਵੰਤ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਮੜ੍ਹੀਆਂਵਾਲਾ, ਨੇੜੇ ਬਟਾਲਾ, ਜ਼ਿਲ੍ਹਾ ਗੁਰਦਾਸਪੁਰ), ਮੋਹਨ ਸਿੰਘ (ਪੁੱਤਰ ਬਲਦੇਵ ਸਿੰਘ, ਵਾਸੀ ਅੜੈਂਚਾ, ਨੇੜੇ ਦੋਰਾਹਾ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਨਰਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

5 ਫ਼ਰਵਰੀ 1993 ਦੇ ਦਿਨ ਪੁਲਸ ਨੇ ਨਰਿੰਦਰ ਸਿੰਘ ਉਰਫ਼ ਨਿੰਦੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

6 ਫ਼ਰਵਰੀ

1812: ਸ਼ਹਿਜ਼ਾਦਾ ਖੜਗ ਸਿੰਘ ਦਾ ਵਿਆਹ; ਰਣਜੀਤ ਸਿੰਘ ਆਖਤਰਲੋਨੀ ਨੂੰ ਲਾਹੌਰ ਦਾ ਕਿਲ੍ਹਾ ਵਿਖਾਣ ਲੈ ਆਇਆ

ਫ਼ਰਵਰੀ 1812 ਵਿਚ ਸ਼ਹਿਜ਼ਾਦਾ ਖੜਗ ਸਿੰਘ ਦੇ ਵਿਆਹ ਵਿਚ ਸ਼ਾਮਿਲ ਹੋਣ ਵਾਸਤੇ ਸਰ ਡੇਵਿਡ ਆਖਤਰਲੋਨੀ ਅੰਗਰੇਜ਼ਾਂ ਦੇ ਨੁਮਾਇੰਦੇ ਵਜੋਂ ਸ਼ਾਮਿਲ ਹੋਇਆ। ਇਕ ਦਿਨ ਉਸ ਨੇ ਲਾਹੌਰ ਦਾ ਕਿਲ੍ਹਾ ਵੇਖਣ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਇਸ 'ਤੇ ਮਹਾਰਾਜਾ ਰਣਜੀਤ ਕਿਲ੍ਹਾ ਵਿਖਾਣ ਲੈ ਆਇਆ। ਜਦ ਮੋਹਕਮ ਚੰਦ ਨੂੰ ਪਤਾ ਲੱਗਾ ਤਾਂ ਉਹ ਦੌੜ ਕੇ ਕਿਲ੍ਹੇ ਵਲ ਗਿਆ ਅਤੇ ਉਸ ਨੇ ਅੰਦਰੋਂ ਦਰ ਬੰਦ ਕਰ ਲਏ ਅਤੇ ਕਿਹਾ ਕਿ ਉਹ ਕਿਸੇ ਦੁਸ਼ਮਣ ਨੂੰ ਕਿਲ੍ਹਾ ਨਹੀਂ ਦਿਖਾ ਸਕਦਾ। ਉਸ ਨੇ ਆਪਣੀ ਤਲਵਾਰ ਰਣਜੀਤ ਸਿੰਘ ਵੱਲ ਵਧਾਉਂਦਿਆਂ ਕਿਹਾ ਕਿ 'ਪਹਿਲਾਂ ਮੈਨੂੰ ਖ਼ਤਮ ਕਰੋ ਫਿਰ ਕਿਸੇ ਦੁਸ਼ਮਣ ਨੂੰ ਕਿਲ੍ਹਾ ਦਿਖਾਓ।'

1926 ਭਾਈ ਕਾਨ੍ਹ ਸਿੰਘ ਨਾਭਾ ਦਾ 'ਮਹਾਨ ਕੋਸ਼' ਤਿਆਰ ਹੋਇਆ

ਪੰਥ ਰਤਨ ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 30 ਅਗਸਤ 1861 ਦੇ ਦਿਨ ਭਾਈ ਨਰੈਣ ਸਿੰਘ ਢਿੱਲੋਂ ਦੇ ਘਰ ਪਿੰਡ ਸਬਜ਼ ਬਨੇਰਾ (ਜ਼ਿਲ੍ਹਾ ਪਟਿਆਲਾ) ਵਿਚ ਹੋਇਆ ਸੀ। ਆਪ ਨੇ ਬਚਪਨ ਤੇ ਜਵਾਨੀ ਵਿਚ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ, ਖ਼ਾਸ ਕਰ ਕੇ ਗੁਰਬਾਣੀ, ਸਿੱਖ ਤਵਾਰੀਖ਼ ਅਤੇ ਫ਼ਿਲਾਸਫ਼ੀ ਦਾ ਬਹੁਤ ਗਿਆਨ ਹਾਸਿਲ ਕੀਤਾ। 1883 ਵਿਚ

ਆਪ ਲਾਹੌਰ ਚਲੇ ਗਏ ਜਿਥੇ ਆਪ ਦਾ ਮੇਲ ਪ੍ਰੋ: ਗੁਰਮੁਖ ਸਿੰਘ ਨਾਲ ਹੋਇਆ। ਇਸ ਦੇ ਨਾਲ ਹੀ ਆਪ ਸਿੰਘ ਸਭਾ ਲਹਿਰ ਦਾ ਹਿੱਸਾ ਬਣ ਗਏ। 1884 ਵਿਚ ਆਪ ਨੂੰ ਨਾਭਾ ਦੇ ਰਾਜੇ ਹੀਰਾ ਸਿੰਘ ਨੇ ਦਰਬਾਰ ਵਿਚ ਇਕ ਸੀਨੀਅਰ ਨੌਕਰੀ ਤੇ ਰੱਖ ਲਿਆ। 1888 ਵਿਚ ਆਪ ਨੂੰ ਕੰਵਰ ਰਿਪਦੁਮਨ ਸਿੰਘ ਦਾ ਟਿਊਟਰ ਬਣਾ ਦਿੱਤਾ ਗਿਆ। 1893 ਵਿਚ ਆਪ ਨਾਭਾ ਦੇ ਰਾਜੇ ਦੇ ਪੀ.ਏ. ਬਣਾਏ ਗਏ। 1895 ਵਿਚ ਆਪ ਨੂੰ ਮਜਿਸਟਰੇਟ ਲਾ ਦਿੱਤਾ ਗਿਆ; 1896 ਵਿਚ ਆਪ ਜ਼ਿਲਾ ਫ਼ੂਲ ਦੇ ਡਿਪਟੀ ਕਮਿਸ਼ਨਰ ਬਣਾਏ ਗਏ।

1875 ਵਿਚ ਇਕ ਹਿੰਦੂ ਸਾਧੂ ਦਯਾਨੰਦ ਨੇ ਬੰਬਈ (ਹੁਣ ਮੁੰਬਈ) ਵਿਚ ਆਰੀਆ ਸਮਾਜ ਦੀ ਨੀਂਹ ਰਖੀ। ਉਹ ਅਪਰੈਲ 1877 ਵਿਚ ਪੰਜਾਬ ਵੀ ਆਇਆ। ਜੂਨ ਵਿਚ ਲਾਹੌਰ ਵਿਚ ਵੀ ਦਯਾਨੰਦ ਦੀ ਬਰਾਂਚ ਬਣ ਗਈ। ਕੁਝ ਚਿਰ ਬਾਅਦ ਸਾਧੂ ਦਯਾ ਨੰਦ ਦੀ ਕਿਤਾਬ "ਸਤਿਆਰਥ ਪ੍ਰਕਾਸ਼" ਵੀ ਛਾਪ ਕੇ ਆ ਗਈ। ਇਸ ਕਿਤਾਬ ਵਿਚ ਗੁਰੂ ਨਾਨਕ ਸਾਹਿਬ ਅਤੇ ਦੂਜੇ ਧਰਮਾਂ ਦੇ ਮੋਢੀਆਂ, ਆਗੂਆਂ ਤੇ ਪ੍ਰਚਾਰਕਾਂ ਦੇ ਖ਼ਿਲਾਫ਼ ਘਟੀਆਂ ਲਫਜ਼ ਲਿਖੇ ਹੋਏ ਸਨ। ਜਦੋਂ ਸਿੱਖਾਂ ਹੀ ਨਹੀਂ ਬਲਕਿ ਕੁਝ ਸਿਆਣੇ ਹਿੰਦੂਆਂ ਨੇ ਉਸ ਦਾ ਧਿਆਨ ਇਸ ਪਾਸੇ ਵਲ ਦਿਵਾਇਆ ਤਾਂ ਉਸ ਨੇ ਵਾਅਦਾ ਕੀਤਾ ਕਿ ਅਗਲੀ ਐਡੀਸ਼ਨ ਇਸ ਨੂੰ ਸੋਧ ਕੇ ਛਾਪੀ ਜਾਵੇਗੀ। ਪਰ ਦਯਾ ਨੰਦ 1883 ਵਿਚ ਮਰ ਗਿਆ। ਉਸ ਦੇ ਮਗਰੋਂ ਤਾਂ ਕੱਟੜ ਫ਼ਿਰਕੂ ਆਰੀਆ ਸਮਾਜੀ ਅੰਸਰ ਨੇ ਇਸ ਵਿਚ ਸੋਧ ਕਰਨ ਤੋਂ ਨਾਂਹ ਕਰ ਦਿਤੀ। (ਜੂਨ 2006 ਵਿਚ ਫਿਰ ਇਸ ਦੇ ਇਕ ਮੁਖੀ ਨੇ ਇਹ ਸੋਧ ਕੱਰਨ ਬਾਰੇ ਵਾਅਦਾ ਕੀਤਾ ਪਰ 'ਪਰਨਾਲਾ ਉੱਥੇ ਦਾ ਉੱਥੇ' ਹੀ ਰਿਹਾ)। ਮਗਰੋਂ 1897 ਵਿਚ ਆਰੀਆ ਸਮਾਜ ਦੇ ਇਕ ਗਰੁੱਪ ਨੇ ਫੇਰ ਸਿੱਖਾਂ ਨੂੰ ਆਪਣੇ ਵੱਲ ਖਿੱਚਣ ਵਾਸਤੇ ਲਿਖਿਆ ਕਿ "ਦਯਾ ਨੰਦ ਨੂੰ ਗੁਰਮੁਖੀ ਦੀ ਜਾਣਕਾਰੀ ਨਹੀਂ ਸੀ ਤੇ ਉਸ ਦੇ ਸਿੱਖ ਗੁਰੂਆਂ ਬਾਰੇ ਲਫ਼ਜ਼ ਦੂਜੇ ਦਰਜੇ ਦੀ ਜਾਣਕਾਰੀ 'ਤੇ ਅਧਾਰਤ ਸਨ।" (*ਆਰੀਆ ਗਜ਼ਟ*, 15 ਜੁਲਾਈ 1897)। ਇਸ ਸਫ਼ਾਈ ਮਗਰੋਂ ਫਿਰ ਕੁਝ ਸਿੱਖ ਇਨ੍ਹਾਂ ਨਾਲ ਜੁੜ ਗਏ। ਇਨ੍ਹਾਂ ਵਿਚੋਂ ਮੁਖ ਸਨ: ਜਗਤ ਸਿੰਘ ਤੇ ਬਾਵਾ ਨਾਰਾਇਣ ਸਿੰਘ। ਬਾਵਾ ਨਾਰਾਇਣ ਸਿੰਘ ਗ਼ਰੀਬ ਹੋਣ ਕਰ ਕੇ ਪੈਸੇ ਦਾ ਮੁਹਤਾਜ ਸੀ; ਆਰੀਆ ਸਮਾਜੀਆਂ ਨੇ ਇਹ ਤਾੜ ਲਿਆ ਅਤੇ ਉਸ ਦੀ ਬਹੁਤ ਮਾਲੀ ਮਦਦ ਕੀਤੀ; ਇਸ ਮਗਰੋਂ ਉਸ ਨੇ ਤਾਂ ਇੱਥੋਂ ਤਕ ਲਿਖ ਮਾਰਿਆ ਕਿ "ਸਿੱਖ ਧਰਮ ਆਰੀਆ ਸਮਾਜ ਦਾ ਮੁਢਲਾ ਪੜਾਅ ਸੀ।" ਇਸ ਮਗਰੋਂ 1899 ਵਿਚ ਲਾਲਾ ਠਾਕਰ ਦਾਸ ਅਤੇ ਭਾਈ ਨਾਰਾਇਣ ਸਿੰਘ ਨੇ "ਸਿੱਖ ਹਿੰਦੂ ਹੈਨ" ਕਿਤਾਬਚੀ ਲਿਖ ਕੇ ਨਵਾਂ ਚਰਚਾ ਛੇੜ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਨੇ "*ਹਮ ਹਿੰਦੂ ਨਹੀਂ*" ਲਿਖ ਕੇ ਇਸ (ਮਤਬਾ ਕਾਨੂੰਨੀ ਹਿੰਦ ਪ੍ਰੈੱਸ ਵਿਚ ਛਪੀ ਇਸ 30 ਸਫ਼ੇ ਦੀ ਕਿਤਾਬਚੀ) ਦਾ ਮੂੰਹ ਤੋੜ ਜਵਾਬ ਦਿੱਤਾ; ਭਾਈ ਕਾਨ੍ਹ ਸਿੰਘ ਦੀ ਕਿਤਾਬ ਨੇ ਹਿੰਦੂਆਂ ਦੀ ਸਿੱਖਾਂ ਨੂੰ ਜਜ਼ਬ ਕਰਨ ਦੀ ਸਾਜ਼ਿਸ਼ ਨੂੰ ਫੇਲ੍ਹ ਕਰ ਦਿੱਤਾ। ਇਸ ਇਸ ਕਿਤਾਬ ਤੋਂ ਫ਼ਿਰਕੂ ਹਿੰਦੂ ਏਨੇ ਔਖੇ ਹੋਏ ਕਿ ਉਨ੍ਹਾਂ ਨੇ ਭਾਈ ਕਾਹਨ ਸਿੰਘ ਨਾਭਾ ਦੇ ਖ਼ਿਲਾਫ਼ 'ਜਹਾਦ' ਸ਼ੁਰੂ ਕਰ ਦਿੱਤਾ। ਉਦੋਂ ਨਾਭੇ ਦਾ ਰਾਜਾ ਹੀਰਾ ਸਿੰਘ (ਪਿਤਾ ਰਿਪਦੁਮਨ ਸਿੰਘ) ਹਿੰਦੂਆਂ ਦਾ ਪਿਛਲੱਗ ਬਣਿਆ ਹੋਇਆ ਸੀ ਤੇ ਉਹ ਆਪਣੀ ਧੀ ਰਿਪਦੁਮਨ ਕੌਰ ਦਾ ਵਿਆਹ ਧੌਲਪੁਰ ਦੇ ਹਿੰਦੂ ਰਾਜੇ ਨਾਲ ਕਰਨਾ ਚਾਹੁੰਦਾ ਸੀ। ਜਦ ਭਾਈ ਕਾਨ੍ਹ ਸਿੰਘ ਨੇ ਵੇਖਿਆ ਕਿ ਹੁਣ ਰਾਜਾ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਔਖਾ ਹੋਇਆ ਫਿਰਦਾ ਹੈ ਤਾਂ ਉਸ ਨੇ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਇਸ ਮਗਰੋਂ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ ਫ਼ਲਸਫ਼ੇ ਬਾਰੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ *'ਗੁਰਮਤਿ ਪ੍ਰਭਾਕਰ'* ਤੇ *'ਗੁਰਮਤਿ ਸੁਧਾਕਰ'* ਲਿਖੀਆਂ। ਕੁਝ ਚਿਰ ਪਹਿਲਾਂ ਆਪ ਦਾ ਮੇਲ ਆਇਰਲੈਂਡ ਦੇ ਇਕ ਸੀਨੀਅਰ ਅਫ਼ਸਰ ਮੈਕਸ ਆਰਥਰ ਮੈਕਾਲਿਫ਼

ਜੀ ਨਾਲ ਹੋਇਆ ਸੀ; ਮੈਕਾਲਿਫ਼ ਜੀਨ ਨੇ ਭਾਈ ਜੀ ਦੀ ਮਦਦ ਨਾਲ ਸਿੱਖ ਧਰਮ ਬਾਰੇ ਬਹੁਤ ਕੁਝ ਲਿਖਿਆ। ਇਹ ਸਾਰਾ ਕੁਝ 1905 ਵਿਚ 'ਸਿਖ ਰਿਲੀਜਨ' ਨਾਂ ਦੀ ਕਿਤਾਬ ਦੇ ਰੂਪ ਵਿਚ ਛੇ ਜਿਲਦਾਂ ਵਿਚ ਛਪਿਆ। ਕਿਉਂ ਕਿ ਭਾਈ ਜੀ ਨੇ ਮੈਕਾਲਿਫ਼ ਦੀ ਬਹੁਤ ਕਦਦ ਕੀਤੀ ਸੀ ਇਸ ਕਰ ਕੇ ਉਹ ਇਸ ਕਿਤਾਬ ਦਾ ਕਾਪੀ ਰਾਈਟ ਭਾਈ ਜੀ ਨੂੰ ਦੇ ਗਏ ਸਨ।

1908 ਵਿਚ ਇਮਪੀਰੀਅਲ ਕੌਂਸਲ ਦੇ ਮੈਂਬਰ, ਨਾਭਾ ਦੇ ਕੰਵਰ ਰਿਪਦੁਮਨ ਸਿੰਘ (ਮਗਰੋਂ ਮਹਾਰਾਜਾ) ਨੇ ਜੋ 'ਅਨੰਦ ਮੈਰਿਜ ਬਿੱਲ' ਪੇਸ਼ ਕੀਤਾ ਉਹ ਵੀ ਉਸ ਦੇ ਉਸਤਾਦ ਭਾਈ ਕਾਨ੍ਹ ਸਿੰਘ ਨਾਭਾ ਦੀ ਦੇਣ ਸੀ। 1911 ਵਿਚ ਰਾਜਾ ਹੀਰਾ ਸਿੰਘ ਦੀ ਮੌਤ ਹੋ ਗਈ; 24 ਜਨਵਰੀ ਨੂੰ ਰਿਪਦੁਮਨ ਸਿੰਘ ਨਾਭਾ ਦਾ ਰਾਜਾ ਬਣਿਆ ਅਤੇ ਉਸ ਨੇ ਭਾਈ ਕਾਨ੍ਹ ਸਿੰਘ ਨੂੰ ਨਾਭਾ ਹਾਈ ਕੋਰਟ ਦਾ ਜੱਜ ਲਾ ਦਿੱਤਾ। ਪਰ ਭਾਈ ਕਾਨ੍ਹ ਸਿੰਘ ਨੂੰ ਅਕਾਲ ਪੁਰਖ ਨੇ ਕਿਸੇ ਵੱਡੀ ਸੇਵਾ ਵਾਸਤੇ ਜਨਮ ਦਿੱਤਾ ਸੀ; ਸੋ 20 ਮਈ 1912 ਨੂੰ ਮਹਾਰਾਜਾ ਨੇ ਜੱਜ ਦਾ ਅਹੁਦਾ ਛੱਡ ਕੇ '**ਮਹਾਨ ਕੋਸ਼**' ਦੀ ਰਚਨਾ ਸ਼ੁਰੂ ਕਰ ਦਿੱਤੀ; ; ਉਸ ਨੇ ਇਸ ਮਕਸਦ ਵਾਸਤੇ ਭਾਈ ਕਾਹਨ ਸਿੰਘ ਨੂੰ ਕਸ਼ਮੀਰ ਵਿਚ ਇਕ ਕੋਠੀ ਦਿੱਤੀ ਅਤੇ ਪੂਰਾ ਸਟਾਫ਼ ਵੀ ਦਿੱਤਾ ਜਿਸ ਦਾ ਖਰਚ ਸਰਕਾਰ ਦਿਆ ਕਰਦੀ ਸੀ।

6 ਫ਼ਰਵਰੀ 1926 ਦੇ ਦਿਨ, ਸਾਢੇ 13 ਸਾਲ ਦੀ ਮਿਹਨਤ ਮਗਰੋਂ, ਇਹ ਰਚਨਾ ਮੁਕੰਮਲ ਹੋ ਗਈ। ਇਸ ਦੀ ਛਪਾਈ ਪਟਿਆਲਾ ਦੇ ਰਾਜੇ ਭੂਪਿੰਦਰਾ ਸਿੰਘ ਨੇ ਆਪਣੇ ਖਰਚੇ 'ਤੇ ਕਰਵਾਈ। ਦੁਨੀਆਂ ਦੇ ਹਰ ਇਕ ਸਿੱਖ ਲੇਖਕ ਅਤੇ ਸਿੱਖ ਧਰਮ ਤੇ ਤਵਾਰੀਖ਼ ਦੇ ਹਰ ਸਿੱਖ ਤੇ ਗੈਰ-ਸਿੱਖ ਲੇਖਕ ਨੇ ਆਪਣੀਆਂ ਰਚਨਾਵਾਂ ਵਾਸਤੇ **ਮਹਾਨ ਕੋਸ਼** ਦੀ ਮਦਦ ਜ਼ਰੂਰ ਲਈ ਹੈ। ਭਾਈ ਕਾਨ੍ਹ ਸਿੰਘ ਨੇ ਇਸ ਤੋਂ ਇਲਾਵਾ **ਗੁਰਮਤਿ ਮਾਰਤੰਡ, ਗੁਰੂ ਛੰਦ ਅਲੰਕਾਰ, ਗੁਰੂ ਗਿਰਾ ਕਸੌਟੀ, ਸ਼ਬਦ ਅਲੰਕਾਰ, ਰਾਜ ਧਰਮ** ਕਿਤਾਬਾਂ ਅਤੇ ਬਹੁਤ ਸਾਰੇ ਲੇਖ ਵੀ ਲਿਖੇ ਸਨ। ਭਾਈ ਕਾਨ੍ਹ ਸਿੰਘ ਸਹੀ ਮਾਅਨਿਆਂ ਵਿਚ ਪੰਥ ਰਤਨ ਸਨ। ਮਗਰੋਂ ਇਸ ਦੀ ਛਪਾਈ ਵੀ ਪਟਿਆਲਾ ਰਿਆਸਤ ਵੱਲੋਂ ਹੀ ਕੀਤੀ ਗਈ ਸੀ।

1965: ਪੰਜਾਬ ਦਾ ਸਾਬਕਾ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਹਲਾਕ

ਪ੍ਰਤਾਪ ਸਿੰਘ ਕੈਰੋਂ 23 ਜਨਵਰੀ 1956 ਦੇ ਦਿਨ ਪੰਜਾਬ ਦਾ ਚੀਫ਼ ਮਨਿਸਟਰ ਬਣਿਆ ਸੀ। 1963 ਵਿਚ ਸੈਨਟਰ ਸਰਕਾਰ ਵੱਲੋਂ ਬਣਾਏ ਦਾਸ ਕਮਿਸ਼ਨ ਵੱਲੋਂ ਕੁਰਪਸ਼ਨ ਦੇ ਦੋਸ਼ਾਂ ਵਿਚ ਦਾਗ਼ੀ ਕਰਾਰ ਦਿੱਤੇ ਜਾਣ ਕਾਰਨ ਉਸ ਨੂੰ 21 ਜੂਨ 1964 ਦੇ ਦਿਨ ਅਸਤੀਫ਼ਾ ਦੇਣਾ ਪਿਆ ਸੀ। ਉਚਾ ਪਿੰਡ (ਫਗਵਾੜਾ ਨੇੜੇ) ਦੇ ਇਕ ਕਤਲ ਕਾਂਡ ਸਬੰਧੀ ਕੈਰੋਂ ਦੀ ਸੁੱਚਾ ਸਿੰਘ ਨਾਂ ਦੇ ਇਕ ਸ਼ਖ਼ਸ ਨਾਲ ਦੁਸ਼ਮਣੀ ਚਲੀ ਆ ਰਹੀ ਸੀ। 6 ਫ਼ਰਵਰੀ 1965 ਦੇ ਦਿਨ ਜਦ ਕੈਰੋਂ ਦਿੱਲੀ ਤੋਂ ਪੰਜਾਬ ਪਰਤ ਰਿਹਾ ਸੀ ਤਾਂ ਰਸੋਈ ਪਿੰਡ ਕੋਲ ਉਸ ਦੀ ਕਾਰ ਨੂੰ ਰੋਕ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ। ਕੈਰੋਂ ਸਿਆਸਤ ਵਿਚ ਇਕ ਅਕਾਲੀ ਵਜੋਂ ਆਇਆ ਸੀ ਪਰ ਤਾਕਤ ਹਾਸਿਲ ਕਰਨ ਵਾਸਤੇ ਉਹ ਕਾਂਗਰਸ ਵਿਚ ਸ਼ਾਮਿਲ ਹੋ ਗਿਆ ਅਤੇ ਉਸ ਨੇ ਆਪਣੀ ਵਫ਼ਾਦਾਰੀ ਨਹਿਰੂ ਨਾਲ ਜੋੜ ਲਈ ਸੀ। ਉਸ ਨੇ ਅਕਾਲੀ ਦਲ ਅਤੇ ਸਿੱਖ ਹਿਤਾਂ ਦੇ ਖ਼ਿਲਾਫ਼ ਬਹੁਤ ਰੋਲ ਅਦਾ ਕੀਤਾ। ਸਿੱਖਾਂ ਵਿਚ ਜ਼ਾਤ-ਪਾਤ ਫੈਲਾਉਣ ਵਿਚ ਉਸ ਦਾ ਬੜਾ ਵੱਡਾ ਰੋਲ ਸੀ ਜਿਸ ਨੂੰ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਸਿਆਸਤ ਵਿਚੋਂ ਹਟਾਉਣ ਵਾਸਤੇ ਸ਼ੁਰੂ ਕੀਤਾ ਸੀ; ਪਰ ਇਸ ਕੋਹਣ ਨੇ ਸਿੱਖ ਪੰਥ ਦਾ ਬਹੁਤ ਵੱਡਾ ਨੁਕਸਾਨ ਕੀਤਾ। 4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ 'ਤੇ ਹਮਲੇ ਵਿਚ ਵੀ ਉਸ ਦਾ ਰੋਲ ਸੀ; 1960 ਵਿਚ ਬਠਿੰਡਾ ਜੇਲ੍ਹ ਵਿਚ ਗੋਲੀ ਚਲਾਉਣ ਦਾ ਹੁਕਮ ਵੀ ਉਸ ਦਾ ਸੀ; 1960 ਵਿਚ ਸਿੱਖਾਂ ਦੇ ਖ਼ਿਲਾਫ਼ ਆਰਡੀਨੈਂਸ ਵੀ ਉਸ ਨੇ ਜਾਰੀ ਕੀਤਾ ਸੀ।

1989: ਬਲਵਿੰਦਰ ਸਿੰਘ ਤੇ ਫਤਹਿ ਸਿੰਘ ਨਕਲੀ ਮੁਕਾਬਲੇ 'ਚ ਸ਼ਹੀਦ

6 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਤੇ ਫਤਹਿ ਸਿੰਘ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਸਵਿੰਦਰ ਸਿੰਘ ਹਰਧਨ ਨਕਲੀ ਮੁਕਾਬਲੇ 'ਚ ਸ਼ਹੀਦ

6 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ ਉਰਫ਼ ਸ਼ਮਸੇਰ ਸਿੰਘ ਸ਼ੇਰਾ (ਵਾਸੀ ਹਰਧਨ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991 ਦਲਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

6 ਫ਼ਰਵਰੀ 1991 ਦੇ ਦਿਨ ਪੁਲਸ ਨੇ ਦਲਬੀਰ ਸਿੰਘ (ਪੁਤਰ ਗੁਰਮੁਖ ਸਿੰਘ, ਵਾਸੀ ਬੋਹਲੋਪੁਰ ਟਾਂਡੀਆਂ, ਜ਼ਿਲਾ ਰੋਪੜ)) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਖਜਾਨ ਸਿੰਘ ਲਾਡੋਵਾਲਾ, ਗੁਰਪਾਲ ਸਿੰਘ ਭੱਪੀ ਧਾਨੇ ਚੀਮਾ, ਸੁਰਜੀਤ ਸਿੰਘ ਬਿੱਟੂ ਭੱਟੀਵਾਲ, ਅਜੀਤ ਸਿੰਘ ਜੀਤਾ ਚੀਮਾ ਖੁੱਡੀ, ਜੋਗਿੰਦਰ ਸਿੰਘ ਬਾਬਾ ਮੁਰਲੀ, ਗੁਰਪ੍ਰੀਤ ਸਿੰਘ ਦਾਖਾ, ਬਲਵਿੰਦਰ ਸਿੰਘ ਮੰਡ ਵਰਾਨਾ, ਗੁਰਨਾਮ ਸਿੰਘ ਬੁੱਟਰ, ਨਵੇਂ ਭੂਰੇ ਨਕਲੀ ਪਲਿਸ ਮੁਕਾਬਲਿਆਂ ਵਿਚ ਸ਼ਹੀਦ

6 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਖਜਾਨ ਸਿੰਘ (ਵਾਸੀ ਲਾਡੋਵਾਲਾ, ਫਿਰੋਜਪੁਰ), ਗੁਰਪਾਲ ਸਿੰਘ ਭੱਪੀ (ਵਾਸੀ ਧਾਨੇ ਚੀਮਾ), ਸੁਰਜੀਤ ਸਿੰਘ ਬਿੱਟੂ (ਵਾਸੀ ਭੱਟੀਵਾਲ) ਤੇ ਅਜੀਤ ਸਿੰਘ ਜੀਤਾ (ਵਾਸੀ ਚੀਮਾ ਖੁੱਡੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।ਇਨ੍ਹੀਂ ਦਿਨੀਂ ਹੀ ਜੋਗਿੰਦਰ ਸਿੰਘ ਉਰਫ਼ ਤਰਸੇਮ ਸਿੰਘ ਉਰਫ਼ ਬਾਬਾ ਮੁਰਲੀ, ਗੁਰਪ੍ਰੀਤ ਸਿੰਘ, ਦਾਖਾ, ਬਲਵਿੰਦਰ ਸਿੰਘ (ਵਾਸੀ ਮੰਡ ਵਰਾਨਾ ਨੇੜੇ ਢੋਟੀਆਂ), ਗੁਰਨਾਮ ਸਿੰਘ (ਵਾਸੀ ਬੁੱਟਰ, ਨਵੇ ਭੂਰੇ, ਅੰਮ੍ਰਿਤਸਰ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਸ਼ਹੀਦ ਕੀਤਾ ਗਿਆ ਸੀ।

1993: ਸੁਖਦੇਵ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

6 ਫ਼ਰਵਰੀ 1993 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ ਉਰਫ਼ ਸੁੱਖਾ (ਪੁਤਰ ਬਲਵੰਤ ਸਿੰਘ, ਵਾਸੀ ਬਾਹਮਣਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

7 ਫ਼ਰਵਰੀ

1810: ਮਹਾਰਾਜਾ ਰਣਜੀਤ ਸਿੰਘ ਨੇ ਸਾਹੀਵਾਲ 'ਤੇ ਕਬਜ਼ਾ ਕੀਤਾ

7 ਜੁਲਾਈ 1799 ਦੇ ਦਿਨ ਲਾਹੌਰ 'ਤੇ ਕਬਜ਼ੇ ਮਗਰੋਂ ਰਣਜੀਤ ਸਿੰਘ ਨੇ ਅਜੇ ਕਿਸੇ ਹੋਰ ਇਲਾਕੇ ਵਲ ਮੂੰਹ ਨਹੀਂ ਸੀ ਕੀਤਾ। ਦਰਅਸਲ ਉਹ ਦੂਜੀਆ ਮਿਸਲਾਂ ਦਾ ਜਵਾਬੇ-ਅਮਲ (Reaction) ਉਡੀਕ ਰਿਹਾ ਸੀ। ਜੁਲਾਈ 1799 ਤੋਂ ਫ਼ਰਵਰੀ 1801 ਤਕ ਉਸ ਨੇ ਲਾਹੌਰ ਦਾ ਇੰਤਜ਼ਾਮ ਬੜੇ ਸੁਚੱਜੇ ਤਰੀਕੇ ਨਾਲ ਕੀਤਾ। ਉਸ ਨੇ 1801 ਦੀਆਂ ਗਰਮੀਆਂ ਵਿਚ ਕਸੂਰ 'ਤੇ ਚੜ੍ਹਾਈ ਕਰ ਦਿਤੀ। ਇਹ ਹਮਲਾ ਇਕ ਮੁਸਲਮਾਨ 'ਤੇ ਸੀ ਇਸ ਕਰ ਕੇ ਕਿਸੇ ਸਿੱਖ ਨੇ ਰਣਜੀਤ ਸਿੰਘ ਦੀ ਵਿਰੋਧਤਾ ਨਾ ਕੀਤੀ। ਅਖ਼ੀਰ ਕਸੂਰ ਦੇ ਹਾਕਮ ਨੇ ਮਾਮਲਾ ਦੇਣਾ ਮੰਨ ਕੇ ਖਲਾਸੀ ਕਰਵਾਈ। ਪਰ ਅਗਲੇ ਸਾਲ ਉਸ ਨੇ ਫੇਰ ਮਾਮਲਾ ਨਾ ਤਾਰਿਆ ਤਾਂ

ਰਣਜੀਤ ਸਿੰਘ ਨੇ ਫੇਰ ਹਮਲਾ ਕਰ ਦਿਤਾ ਅਤੇ ਮਾਮਲਾ ਅਤੇ ਜੁਰਮਾਨਾ ਦੋਵੇਂ ਵਸੂਲ ਕੀਤੇ। ਕਸੂਰ ਵਾਲਾ 1806 ਵਿਚ ਫਿਰ ਆਕੀ ਹੋ ਗਿਆ ਤਾਂ ਰਣਜੀਤ ਸਿੰਘ ਨੇ ਇਸ 'ਤੇ ਹਮਲਾ ਕਰ ਕੇ ਇਸ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ ਤੇ ਇੱਥੋਂ ਦੇ ਹਾਕਮ ਨੂੰ ਮਮਕੋਟ (ਜ਼ਿਲ੍ਹਾ ਫ਼ੀਰੋਜ਼ਪੁਰ) ਦਾ ਕਿਲ੍ਹਾ ਅਤੇ ਕੁਝ ਜਾਗੀਰ ਦੇ ਕੇ ਕਸੂਰ ਤੋਂ ਟੋਰ ਦਿਤਾ)।

ਕਸੂਰ 'ਤੇ ਹਮਲਾ ਕਰਨ ਤੋਂ ਮਗਰੋਂ ਰਣਜੀਤ ਸਿੰਘ ਨੇ ਸਾਂਝੇ ਸਿੱਖ-ਨਗਰ, ਗੁਰੂ ਦਾ ਚੱਕ, ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਅੰਮ੍ਰਿਤਸਰ ਉਸ ਵੇਲੇ ਭੰਗੀ ਮਿਸਲ ਕੋਲ ਸੀ। ਉਨ੍ਹਾਂ ਹੱਥੋਂ ਲਾਹੌਰ ਪਹਿਲਾਂ ਹੀ ਖੁਸ ਚੁਕਿਆ ਸੀ। 1804 ਵਿਚ ਰਣਜੀਤ ਸਿੰਘ ਨੇ ਜੈ ਸਿੰਘ ਕਨ੍ਹਈਆ ਤੋਂ ਇਕ ਤੋਪ ਮੰਗ ਕੇ ਅੰਮ੍ਰਿਤਸਰ ਵਲ ਕੂਚ ਕਰ ਦਿਤਾ। ਉਥੇ ਪੁੱਜ ਕੇ ਰਣਜੀਤ ਸਿੰਘ ਨੇ ਗੁਲਾਬ ਸਿੰਘ ਭੰਗੀ ਦੇ ਪੁਤਰ ਤੋਂ ਚਾਲਾਕੀ ਨਾਲ 'ਭੰਗੀਆਂ ਵਾਲੀ ਤੋਪ' ਉਧਾਰ ਮੰਗੀ। ਉਸ ਦੇ ਨਾਂਹ ਕਰਨ 'ਤੇ ਉਸ 'ਤੇ ਹਮਲਾ ਕਰ ਕੇ ਉਸ ਨੂੰ ਮਾਰ ਕੇ ਤੇ ਉਸ ਦੀ ਮਾਂ ਨੂੰ ਮੀਂਹ ਪੈਂਦੇ ਵਿਚ ਘਰੋਂ ਕੱਢ ਕੇ ਉਨ੍ਹਾਂ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇੰਞ 25 ਫ਼ਰਵਰੀ 1804 ਦੇ ਦਿਨ ਰਣਜੀਤ ਸਿੰਘ ਦਾ ਅੰਮ੍ਰਿਤਸਰ 'ਤੇ ਵੀ ਕਬਜ਼ਾ ਹੋ ਗਿਆ। ਇਸ ਵੇਲੇ ਅਕਾਲੀ ਫੂਲਾ ਸਿੰਘ ਵੀ ਅੰਮ੍ਰਿਤਸਰ ਵਿਚ ਸੀ ਪਰ ਉਸ ਨੇ ਰਣਜੀਤ ਸਿੰਘ ਨੂੰ ਰੋਕਣ ਜਾਂ ਸਮਝੌਤਾ ਕਰਵਾਉਣ ਦੀ ਥਾਂ ਚੁੱਪ ਹੀ ਵੱਟੀ ਰੱਖੀ। ਅੰਮ੍ਰਿਤਸਰ 'ਤੇ ਕਬਜ਼ੇ ਨੇ ਛੋਟੇ ਸਿੱਖ ਸਰਦਾਰਾਂ ਨੂੰ ਡਰਾ ਦਿਤਾ ਤੇ ਉਨ੍ਹਾਂ ਨੇ ਰਣਜੀਤ ਸਿੰਘ ਤੋਂ ਜਾਗੀਰਾਂ ਲੈ ਕੇ ਸਮਝੌਤੇ ਕਰਨੇ ਸ਼ੁਰੂ ਕਰ ਦਿਤੇ।

ਲਾਹੌਰ ਤੋਂ ਬਾਅਦ ਪੱਛਮੀ ਪੰਜਾਬ ਵਿਚ ਦੂਜਾ ਵੱਡਾ ਸੂਬਾ ਮੁਲਤਾਨ ਸੀ। ਰਣਜੀਤ ਸਿੰਘ ਚਾਹੁੰਦਾ ਸੀ ਕਿ ਉਹ ਇਸ 'ਤੇ ਵੀ ਕਬਜ਼ਾ ਕਰ ਲਵੇ। ਉਸ ਨੇ 1803 ਵਿਚ ਮੁਲਤਾਨ ਜਿੱਤਣ ਵਾਸਤੇ ਇਸ ਨਗਰ ਨੂੰ ਘੇਰਾ ਪਾ ਲਿਆ। ਪਰ ਮੁਲਤਾਨ ਦੇ ਪਠਾਣ ਬੜੀ ਬਹਾਦਰੀ ਨਾਲ ਲੜੇ। ਰਣਜੀਤ ਸਿੰਘ ਦੀਆਂ ਫ਼ੌਜਾਂ ਨੂੰ ਤਾਂ ਅਨਾਜ ਤਕ ਦਾ ਵੀ ਮਸਲਾ ਸਾਹਮਣੇ ਆਇਆ। ਅਖ਼ੀਰ, ਬਿਨਾ ਕੁਝ ਹਾਸਿਲ ਕੀਤੇ, ਉਹ ਵਾਪਿਸ ਮੁੜ ਆਇਆ। ਇਸ ਮਗਰੋਂ ਰਣਜੀਤ ਸਿੰਘ ਨੇ ਪੰਜ ਹੋਰ ਹਮਲੇ ਮੁਲਤਾਨ 'ਤੇ ਕੀਤੇ (1805, 1807, 1810, 1816 ਤੇ 1817)। ਛੇ ਵਾਰ ਦੀ ਨਾਕਾਮਯਾਬੀ ਮਗਰੋਂ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਤੋਂ ਮਦਦ ਮੰਗੀ। ਅਖ਼ੀਰ 30 ਮਈ 1817 ਦੇ ਦਿਨ, ਅਕਾਲੀ ਫੂਲਾ ਸਿੰਘ ਦੀ ਫ਼ੌਜ ਨੇ, ਸ਼ਹੀਦੀਆਂ ਦੇ ਕੇ, ਮੁਲਤਾਨ ਜਿੱਤ ਕੇ, ਰਣਜੀਤ ਸਿੰਘ ਦੀ ਝੋਲੀ ਵਿਚ ਪਾ ਦਿਤਾ।

ਉਧਰ 1809 ਵਿਚ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦਾ ਅਹਿਦਨਾਮਾ ਕਰਨ ਤੋਂ ਪਹਿਲਾਂ ਰਣਜੀਤ ਸਿੰਘ ਨੇ ਸ਼ੇਖ਼ੂਪੁਰਾ ਅਤੇ ਕਾਂਗੜਾ (20 ਅਗਸਤ 1808 ਨੂੰ) 'ਤੇ ਵੀ ਕਬਜ਼ਾ ਕਰ ਲਿਆ ਸੀ। ਅਹਿਦਨਾਮੇ ਮਗਰੋਂ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਦਰਿਆ ਸਤਲੁਜ ਨੂੰ ਹੱਦ ਮੰਨ ਲਿਆ ਗਿਆ। ਇਸ ਕਰ ਕੇ ਹੁਣ ਉਸ ਨੇ ਪੱਛਮ ਵਲ ਮੂੰਹ ਕਰ ਲਿਆ। ਚੱਜ ਦੁਆਬ (ਝਨਾਂ/ਚਨਾਬ ਅਤੇ ਜਿਹਲਮ ਦੇ ਵਿਚਕਾਰਲਾ ਇਲਾਕਾ) ਵਿਚ, ਖ਼ਾਸ ਕਰ ਕੇ ਸਾਹੀਵਾਲ (ਜਿਸ ਨੂੰ ਅੰਗਰੇਜ਼ਾਂ ਨੇ ਮਿੰਟਗੁਮਰੀ ਬਣਾ ਦਿੱਤਾ ਸੀ) ਵਿਚ ਫ਼ਤਹਿ ਖ਼ਾਨ ਦੀ ਹਕੂਮਤ ਸੀ। ਫ਼ਤਹਿ ਖ਼ਾਨ ਬਹੁਤ ਤਗੜਾ ਹਾਕਮ ਸੀ; ਉ ਦਾ ਕਿਲ੍ਹਾ ਬਹੁਤ ਮਜ਼ਬੂਤ ਸੀ (ਜੋ ਅਜ, ਵੀ ਸਾਹੀਵਾਲ ਤੋਂ ਪਾਕਪਟਨ ਰੋਡ 'ਤੇ, ਹਰਬੰਸਪੁਰਾ ਅਤੇ ਚੱਕ ਨੰਬਰ 47/5 ਦੇ ਵਿਚਕਾਰ ਕਾਇਮ ਹੈ; ਹੁਣ ਇਸ ਦੇ ਨੇੜੇ ਹੀ ਨਵਾਂ ਨਗਰ 'ਨਿਊ ਮਲਗਾਦਾ ਸਿਟੀ' ਵਸਾਇਆ ਗਿਆ ਹੈ)। 25 ਜਨਵਰੀ 1810 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਸਾਹੀਵਾਲ ਸ਼ਹਿਰ ਨੂੰ ਘੇਰਾ ਪਾ ਲਿਆ। ਫ਼ਤਹਿ ਖ਼ਾਨ ਨੇ ਲੜਾਈ ਕਰਨ ਦੀ ਬਜਾਇ 80 ਹਜ਼ਾਰ ਰੁਪੈ ਕਰ ਦੇਣਾ ਮੰਨ ਲਿਆ ਜਿਸ 'ਤੇ ਰਣਜੀਤ ਸਿੰਘ ਨੇ ਘੇਰਾ ਚੁਕ ਲਿਆ। ਦੂਜੇ ਪਾਸੇ ਫ਼ਤਹਿ ਖ਼ਾਨ ਵਾਅਦਾ ਕਰਨ ਦੇ ਬਾਵਜੂਦ ਜਾਂ ਤਾਂ ਰਕਮ ਇਕੱਠੀ ਨਾ ਕਰ ਸਕਿਆ ਜਾਂ

ਉਸ ਦੀ ਨੀਅਤ ਬਦਲ ਗਈ। ਜਦ ਰਣਜੀਤ ਸਿੰਘ ਨੂੰ ਰਕਮ ਨਾ ਪੁੱਜੀ ਤਾਂ ਉਸ ਨੇ ਆਪਣਾ ਏਲਚੀ ਪੈਸੇ ਲੈਣ ਭੇਜਿਆ। ਜਦ ਉਹ ਖ਼ਾਲੀ ਹੱਥ ਮੁੜ ਆਇਆ ਮਹਾਰਾਜਾ ਰਣਜੀਤ ਸਿੰਘ ਨੇ 7 ਫ਼ਰਵਰੀ 1810 ਦੇ ਦਿਨ ਸ਼ਹਿਰ ਨੂੰ ਦੋਬਾਰਾ ਘੇਰਾ ਪਾ ਲਿਆ। ਜਦ ਕਈ ਦਿਨ ਘੇਰਾ ਪਿਆ ਰਿਹਾ ਤਾਂ ਸ਼ਹਿਰ ਵਿਚ ਅੰਨ ਤੇ ਚਾਰੇ ਵਗੈਰਾ ਦਾ ਕਾਲ ਪੈਣ ਲਗ ਪਿਆ ਤਾਂ ਫ਼ਤਹਿ ਖ਼ਾਨ ਨੇ ਹਥਿਆਰ ਸੁੱਟ ਦਿੱਤੇ। ਇੰਵ ਸਾਹੀਵਾਲ ’ਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਅਤੇ ਫ਼ਤਹਿ ਖ਼ਾਨ ਨੂੰ ਕੈਦ ਕਰ ਕੇ ਲਾਹੌਰ ਲਿਜਾਇਆ ਗਿਆ ਅਤੇ ਕਿਲ੍ਹੇ ਵਿਚ ਸ਼ਾਹੀ ਕੈਦੀ ਵਜੋਂ ਰੱਖਿਆ ਗਿਆ।

1987; ਸ਼ੇਰ ਸਿੰਘ ਉਰਫ਼ ਕੰਵਲਜੀਤ ਸਿੰਘ ਕੰਬਾ ਨਕਲੀ ਮੁਕਾਬਲੇ ਵਿਚ ਸ਼ਹੀਦ

7 ਫ਼ਰਵਰੀ 1987 ਦੇ ਦਿਨ ਪੁਲਸ ਨੇ ਸ਼ੇਰ ਸਿੰਘ ਉਰਫ਼ ਕੰਵਲਜੀਤ ਸਿੰਘ ਕੰਬਾ ਜਰਨੈਲ ਖਾਲਿਸਤਾਨ ਕਮਾਂਡੋ ਫ਼ੋਰਸ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਜੋਗਿੰਦਰ ਸਿੰਘ ਫ਼ਤਹਿਬਾਦ ਨਕਲੀ ਮੁਕਾਬਲੇ ਵਿਚ ਸ਼ਹੀਦ

7 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਜੋਗਿੰਦਰ ਸਿੰਘ (ਵਾਸੀ ਫ਼ਤਹਿਬਾਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਹਿਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

7 ਫ਼ਰਵਰੀ 1991 ਦੇ ਦਿਨ ਪੁਲਸ ਨੇ ਮਹਿਲ ਸਿੰਘ ਉਰਫ਼ ਝੱਖੜ (ਪੁਤਰ ਗੁਰਮੇਜ ਸਿੰਘ, ਵਾਸੀ ਤਲਵੰਡੀ ਸੋਭਾ ਸਿੰਘ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਅਮਰਜੀਤ ਸਿੰਘ ਤੇ ਲੱਖਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

7 ਫ਼ਰਵਰੀ 1993 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ (ਪੁਤਰ ਗੁਰਬਖ਼ਸ਼ਕ ਸਿੰਘ, ਵਾਸੀ ਨੂਹੋਂ, ਜ਼ਿਲ੍ਹਾ ਰੋਪੜ) ਅਤੇ ਲੱਖਾ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

8 ਫ਼ਰਵਰੀ

1620: ਕਲਾਨੌਰ ਵਿਚ ਗੁਰੂ ਹਰਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚ ਮੁਲਾਕਾਤ ਹੋਈ

26 ਅਕਤੂਬਰ 1619 ਦੇ ਦਿਨ ਗਵਾਲੀਅਰ ਕਿਲ੍ਹੇ ’ਚੋਂ ਰਿਹਾਈ ਮਗਰੋਂ ਗੁਰੂ ਹਰਗੋਬਿੰਦ ਸਾਹਿਬ ਵੱਖ-ਵੱਖ ਨਗਰਾਂ ’ਚੋਂ ਹੁੰਦੇ ਹੋਏ ਨਵੰਬਰ ਵਿਚ ਗੋਇੰਦਵਾਲ ਪੁੱਜੇ। ਉਨ੍ਹੀਂ ਦਿਨੀਂ ਮੁਗ਼ਲ ਬਾਦਸ਼ਾਹ ਜਹਾਂਗੀਰ ਵੀ ਪੰਜਾਬ ਵਿਚ ਅਇਆ ਹੋਇਆ ਸੀ; ਉਸ ਨੇ 27 ਜਨਵਰੀ 1620 ਦੇ ਦਿਨ ਗੋਇੰਦਵਾਲ ਵਿਚ ਬਿਆਸ ਦਰਿਆ ਦਾ ਪੱਤਣ ਪਾਰ ਕੀਤਾ। ਇਸ ਸਮੇਂ ਗੁਰੂ ਜੀ ਦੀ ਰਸਮੀ ਮੁਲਾਕਾਤ ਜਹਾਂਗੀਰ ਨਾਲ ਹੋਈ ਅਤੇ ਉਸ ਨੇ ਗੁਰੂ ਜੀ ਨੂੰ ਕਲਾਨੌਰ ਬੁਲਾਇਆ। ਗੁਰੂ ਜੀ 8 ਫ਼ਰਵਰੀ 1620 ਦੇ ਦਿਨ ਕਲਾਨੌਰ ਪੁੱਜੇ ਜਿੱਥੇ ਦੋਹਾਂ ਵਿਚ ਮੁਲਾਕਾਤ ਹੋਈ; ਦੋਵੇਂ ਕਾਫ਼ੀ ਦੇਰ ਚਰਚਾ ਕਰਦੇ ਰਹੇ। ਇਸ ਮੌਕੇ ’ਤੇ ਜਹਾਂਗੀਰ ਨੇ (ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਣ ਵਾਲੇ) ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰਨ ਦਾ ਹੁਕਮ ਜਾਰੀ ਕੀਤਾ। (ਮਗਰੋਂ ਸਿੱਖਾਂ ਨੇ ਚੰਦੂ ਨੂੰ ਉਸ ਦੇ ਜੁਰਮ ਦੇ ਮੁਤਾਬਿਕ ਮੁਨਾਸਿਬ ਸਜ਼ਾ ਦਿਤੀ)।

1921: ਕੇਰ ਸਾਹਿਬ ਤੇ ਪੰਥ ਦਾ ਕਬਜ਼ਾ ਹੋਇਆ

26 ਜਨਵਰੀ 1921 ਦੇ ਦਿਨ ਤਰਨ ਤਾਰਨ ਦੇ ਗੁਰਦੁਆਰੇ 'ਤੇ ਕਬਜ਼ੇ ਮਗਰੋਂ ਕੁਝ ਹੋਰ ਗੁਰਦੁਆਰੇ ਵੀ ਸਿੱਖਾਂ ਨੇ ਆਜ਼ਾਦ ਕਰਵਾਏ। ਸਭ ਤੋਂ ਪਹਿਲਾਂ ਗੁਰਦੁਆਰਾ ਖਰਾ ਸੌਦਾ ਚੂਹੜਕਾਨਾ ਦੇ ਗੁਰਦੁਆਰੇ ਆਈ ਸੰਗਤ ਨੇ ਗੁਰਦੁਆਰਾ ਕੇਰ ਸਾਹਿਬ ਵੱਲ ਕੂਚ ਕਰ ਕੇ ਇਸ ਨੂੰ 8 ਫਰਵਰੀ 1921 ਦੇ ਦਿਨ ਆਜ਼ਾਦ ਕਰਵਾਇਆ।

1958: ਜਲੰਧਰ ਵਿਚ ਫ਼ਿਰਕੂਆਂ ਨੇ ਗੁਰਦੁਆਰਾ ਸਾੜਨ ਦੀ ਕੋਸ਼ਿਸ਼ ਕੀਤੀ

8 ਫ਼ਰਵਰੀ 1958 ਦੇ ਦਿਨ ਜਲੰਧਰ ਵਿਚ ਮਹਾਂ ਪੰਜਾਬ ਦੇ ਹੱਕ ਵਿਚ ਇਕ ਜਲੂਸ ਨਿਕਲਿਆ। ਜਲੂਸ ਨੇ ਅੱਡਾ ਹੁਸ਼ਿਆਰਪੁਰ ਦੇ ਨੇੜੇ ਸਿੰਘ ਸਭਾ ਗੁਰਦੁਆਰੇ ਦੇ ਬਾਹਰ ਕਾਬਲੇ-ਇਤਰਾਜ਼ ਨਾਅਰੇ ਲਾਏ। ਗੁਰਦੁਆਰੇ ਦੇ ਬਾਹਰ ਦੀਆਂ ਦੁਕਾਨਾਂ ਲੁੱਟ ਕੇ ਸਾੜ ਦਿੱਤੀਆਂ ਤੇ ਪਥਰਾਓ ਕੀਤਾ। ਪੁਲਿਸ ਨੂੰ ਮਜਬੂਰਨ ਟੀਅਰ ਗੈਸ ਛਡਣੀ ਅਤੇ ਗੋਲੀ ਚਲਾਣੀ ਪਈ ਜਿਸ ਨਾਲ 2 ਬੰਦੇ ਮਰ ਗਏ। ਇਸ ਮੌਕੇ 'ਤੇ 9 ਸਿਪਾਹੀਆਂ ਸਮੇਤ 28 ਬੰਦੇ ਜ਼ਖ਼ਮੀ ਹੋ ਗਏ। ਜਸਟਿਸ ਖੋਸਲਾ ਨੇ ਮਗਰੋਂ ਇਸ ਦੀ ਪੜਤਾਲ ਕੀਤੀ। ਰਿਪੋਰਟ ਵਿਚ ਉਸ ਨੇ ਲਿਖਿਆ ਕਿ ਲਾਲ ਚੰਦ ਸਭਰਵਾਲ, ਲਾਲਾ ਜਗਤ ਨਰਾਇਣ, ਮਹਾਸ਼ਾ ਵੀਰੇਂਦਰ ਤੇ ਸ਼ੇਰ ਸਿੰਘ ਹਰਿਆਣਵੀ ਨੇ ਝੂਠੇ ਬਿਆਨ ਦਿੱਤੇ। ਇਹ ਸਾਰਾ ਕੁਝ ਜਨਸੰਘੀਆਂ (ਹੁਣ ਭਾਜਪਾ) ਅਤੇ ਆਰੀਆ ਸਮਾਜੀਆਂ ਦੀ ਸੋਚੀ ਸਮਝੀ ਸ਼ਰਾਰਤ ਸੀ। ਪਰ, ਬਗ਼ੈਰਤ ਕਾਂਗਰਸੀ-ਸਿੱਖ, ਇਸ ਦੇ ਬਾਵਜੂਦ ਵੀ, ਹਿੰਦੂਆਂ ਦੀ ਥਾਂ ਅਕਾਲੀਆਂ ਨੂੰ ਫ਼ਿਰਕਾਪ੍ਰਸਤ ਦਸਦੇ ਰਹੇ। ਜਲੰਧਰ 'ਚ ਗੁਰਦੁਆਰੇ 'ਤੇ ਹਮਲੇ ਦੇ ਸਬੰਧ ਵਿਚ 12 ਫ਼ਰਵਰੀ 1958 ਨੂੰ ਅਕਾਲੀ ਦਲ ਨੇ ਇਕ ਮਤਾ ਪਾਸ ਕਰ ਕੇ ਸਰਕਾਰ ਤੇ ਦੋਸ਼ ਲਾਇਆ ਕਿ ਸਰਕਾਰ ਗੁਰਦੁਆਰਿਆਂ ਦੀ ਰੱਖਿਆ ਕਰਨ ਵਿਚ ਨਾਕਾਮਯਾਬ ਹੋਈ ਹੈ। ਬਹੁਤੇ ਕਾਂਗਰਸੀ ਆਰੀਆ ਸਮਾਜੀ ਹਨ। ਇਨ੍ਹਾਂ ਨੂੰ ਸਿੱਖ-ਫ਼ੋਬੀਆ ਹੈ। ਅਸਲ ਵਿਚ ਇਹ ਕਾਂਗਰਸੀ ਲੇਬਲ ਵਿਚ ਜਨਸੰਘੀ ਹੀ ਹਨ।

1961: ਪੰਡਤ ਨਹਿਰੂ ਅਤੇ ਫਤਹਿ ਸਿੰਘ ਵਿਚਕਾਰ ਮੁਲਾਕਾਤ ਹੋਈ

9 ਜਨਵਰੀ 1961 ਦੇ ਫਤਹਿ ਸਿੰਘ ਵੱਲੋਂ ਮਰਨ ਵਰਤ ਛੱਡੇ ਜਾਣ ਮਗਰੋਂ ਨਹਿਰੂ ਨੇ ਉਸ ਨੂੰ ਗੱਲਬਾਤ ਵਾਸਤੇ ਸੱਦ ਲਿਆ।8 ਫਰਵਰੀ 1961 ਨੂੰ ਫਤਹਿ ਸਿੰਘ-ਨਹਿਰੂ ਮੁਲਾਕਾਤ ਹੋਈ ਜਿਸ ਵਿਚ ਸਾਢੇ 9 ਤੋਂ 10 ਵਜੇ ਤਕ ਦੋਹਾਂ ਨੇ ਇੱਕਲਿਆਂ ਮੁਲਾਕਾਤ ਕੀਤੀ। ਨਹਿਰੂ ਨੇ ਫ਼ਤਹਿ ਸਿੰਘ ਦੀ ਰੱਜ ਕੇ ਖ਼ੁਸ਼ਾਮਦ ਕੀਤੀ ਤੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਬੋਲਿਆ। ਫ਼ਤਹਿ ਸਿੰਘ ਇਸ ਖ਼ੁਸ਼ਾਮਦ 'ਤੇ ਪਸਮ ਗਿਆ। ਨਹਿਰੂ ਨੇ ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਫ਼ਤਹਿ ਸਿੰਘ ਨੂੰ ਕਈ ਲਾਰੇ ਲਾਏ। ਇਸ ਮਗਰੋਂ ਉਸ ਨੇ ਹੋਰ ਮਸਲਿਆਂ ਦੇ ਬਹਾਨੇ ਲਾ ਕੇ 'ਪੰਜਾਬੀ ਸੂਬਾ' ਦਾ ਸਵਾਲ 'ਬਾਅਦ ਵਿਚ' ਹੱਲ ਕਰਨ ਦਾ 'ਵਾਅਦਾ' ਕੀਤਾ। ਨਹਿਰੂ ਨੇ ਫਤਹਿ ਸਿੰਘ ਨੂੰ ਕਿਹਾ ਕਿ ਜੇ ਉਸ ਦੇ ਹੱਥ ਸਿੱਖਾਂ ਦੀ ਲਡਿਰਸ਼ਿਪ ਆ ਗਈ ਤਾਂ ਸਿੱਖ ਮਸਲਾ ਛੇਤੀ ਹੱਲ ਹੋ ਜਾਵੇਗਾ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਮਾਸਟਰ ਤਾਰਾ ਸਿੰਘ ਨੂੰ 'ਬੰਨੇ' ਕਰ ਦਿੱਤਾ ਜਾਵੇ। ਫ਼ਤਹਿ ਸਿੰਘ ਉਸ ਦੀਆਂ ਮੋਮੋਠੱਗਣੀਆਂ ਗੱਲਾਂ ਵਿਚ ਆ ਗਿਆ। ਬਾਅਦ ਵਿਚ ਹਰਬੰਸ ਸਿੰਘ ਗੁਜਰਾਲ ਅਤੇ ਡਾਕਟਰ ਗੁਰਬਖ਼ਸ਼ ਸਿੰਘ ਵੀ ਚਾਹ ਵੇਲੇ ਬੁਲਾ ਲਏ ਗਏ। ਪਹਿਲੀ ਮੁਲਾਕਾਤ ਮਗਰੋਂ ਹੀ ਫਤਹਿ ਸਿੰਘ ਨੇ ਬਿਆਨ ਦੇਂਦਿਆਂ ਕਿਹਾ ਕਿ 'ਇਹ ਮਸਲਾ ਛੇਤੀ ਹਲ ਹੋਣ ਦੀ ਆਸ ਨਹੀਂ ਕਿਉਂਕਿ ਨਹਿਰੂ ਕੋਲ ਹੋਰ ਵੀ ਕਈ ਮੁਸ਼ਕਿਲਾਂ ਹਨ ਤੇ ਉਨ੍ਹਾਂ ਨੂੰ ਦੂਜੀਆਂ ਕੌਮਾਂ ਦੇ ਹਿੱਤਾਂ ਦਾ ਵੀ ਖ਼ਿਆਲ ਰੱਖਣਾ ਪੈਣਾ ਹੈ।' ਪੰਡਿਤ ਨਹਿਰੂ ਦੀ ਖ਼ੁਸ਼ਾਮਦ

ਫ਼ਤਹਿ ਸਿੰਘ ਦਾ ਇਹ ਬਿਆਨ ਉਸ ਦੇ ਬੇਸਮਝੀ 'ਚੋਂ ਨਹੀਂ ਸੀ ਨਿਕਲਿਆ ਬਲਕਿ
ਵਾਲਾ ... ਤੇ ਉਸ ਦੇ ਵਿਚਕਾਰ ਤਿਆਰ ਹੋਈ ਸਾਜ਼ਿਸ਼ 'ਚੋਂ ਨਿਕਲਿਆ ਸੀ।
ਨਹਿ...

198...4: ਧਰਮ ਯੁਧ ਮੋਰਚੇ ਦੇ ਹੱਕ ਵਿਚ ਮੁਕੰਮਲ ਪੰਜਾਬ ਬੰਦ

ਧਰਮਯੁਧ ਮੋਰਚੇ ਦੇ ਦੌਰਾਨ ਅਕਾਲੀ ਦਲ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਰੋਸ ਜ਼ਾਹਿਰ ਕਰਨ ਵਾਸਤੇ 8 ਫ਼ਰਵਰੀ 1984 ਦੇ ਦਿਨ ਪੰਜਾਬ ਬੰਦ ਦਾ ਐਲਾਨ ਕੀਤਾ। ਇਸ ਦਿਨ ਪੰਜਾਬ ਵਿਚ ਮੁਕੰਮਲ ਹੜਤਾਲ ਰਹੀ। ਇਸ ਹੜਤਾਲ ਵਿਚ ਆਪੋਜ਼ੀਸ਼ਨ ਪਾਰਟੀਆਂ (ਅਤੇ ਕੁਝ ਕੁ ਹਲਕਿਆਂ ਮੁਤਾਬਿਕ ਕੁਝ ਕਾਂਗਰਸੀਆਂ ਨੇ ਵੀ) ਪੂਰਾ ਮਿਲਵਰਤਣ ਦਿੱਤਾ।

198...9: ਭੁਪਿੰਦਰ ਸਿੰਘ ਭੱਪੀ ਉਰਫ਼ ਘੜੂਕਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਭੁਪਿੰਦਰ ਸਿੰਘ ਭੱਪੀ ਉਰਫ਼ ਘੜੂਕਾ (ਵਾਸੀ ਮਲਾਹ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

199...0: ਗੁਰਚਰਨ ਸਿੰਘ ਤੇ ਕਰਮ ਸਿੰਘ ਨੋਹਰਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ ਤੇ ਕਰਮ ਸਿੰਘ (ਦੋਵੇਂ ਵਾਸੀ ਨੋਹਰਾ, ਪਟਿਆਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

199...3: ਸੁਰਜੀਤ ਸਿੰਘ, ਰੁਲਦਾ ਸਿੰਘ ਤੇ ਸਤਨਾਮ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

8 ਫ਼ਰਵਰੀ 1993 ਦੇ ਦਿਨ ਪੁਲਸ ਨੇ ਸੁਰਜੀਤ ਸਿੰਘ ਅਤੇ ਰੁਲਦਾ ਸਿੰਘ (ਦੋਵੇਂ ਸੱਕੇ ਭਰਾ, ਪੁਤਰ ਧਰਮ ਸਿੰਘ, ਵਾਸੀ ਅਟਾਰੀ, ਨੇੜੇ ਬੇਲਾ, ਜ਼ਿਲ੍ਹਾ ਰੋਪੜ), ਸਤਨਾਮ ਸਿੰਘ ਉਰਫ਼ ਲਾਡੀ (ਪੁੱਤਰ ਧਰਮ ਸਿੰਘ, ਵਾਸੀ ਪੱਖੋਕੇ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

199...3: ਰੋਪੜ ਦੇ ਵਕੀਲ ਕੁਲਵੰਤ ਸਿੰਘ ਸੈਣੀ, ਉਸ ਦੀ ਪਤਨੀ ਤੇ ਮਾਸੂਮ ਬੱਚੇ ਨੂੰ ਕਤਲ ਕਰਨ ਦਾ ਸੁਰਾਗ ਨਿਕਲਿਆ

8 ਫ਼ਰਵਰੀ 1993 ਦੇ ਦਿਨ ਪੁਲਸ ਨੇ ਅਸਿੱਧੇ ਤੌਰ 'ਤੇ ਮੰਨਿਆ ਕਿ ਰੋਪੜ ਦੇ ਵਕੀਲ ਸ: ਕੁਲਵੰਤ ਸਿੰਘ ਸੈਣੀ ਨੂੰ ਉਸ ਦੀ ਪਤਨੀ ਅਮਰਜੀਤ ਕੌਰ ਅਤੇ 18 ਮਹੀਨੇ ਦੇ ਮਾਸੂਮ ਬੱਚੇ ਕਰਨਬੀਰ ਸਿੰਘ ਸਣੇ 25 ਜਨਵਰੀ ਨੂੰ ਅਗਵਾ ਕੀਤਾ ਅਤੇ ਤਸੀਹੇ ਦੇਣ ਮਗਰੋਂ 28 ਜਨਵਰੀ ਨੂੰ ਸ਼ਹੀਦ ਕਰ ਦਿੱਤਾ ਸੀ। ਪੁਲਸ ਨੇ ਇਸ ਦੀ ਜ਼ਿਮੇਦਾਰੀ ਖਾੜਕੂਆਂ ਦੇ ਸਿਰ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਪੁਲਸ ਨੇ ਆਪਣੇ ਜ਼ੁਲਮ 'ਤੇ ਪਰਦਾ ਪਾਉਣ ਵਾਸਤੇ ਇਨ੍ਹਾਂ ਦੀਆਂ ਲਾਸ਼ਾਂ ਨੂੰ ਇਨ੍ਹਾਂ ਦੀ ਕਾਰ ਸਮੇਤ ਭਾਖੜਾ ਮੇਨ ਨਹਿਰ ਵਿਚ ਸੁੱਟ ਦਿੱਤਾ। ਸ: ਕੁਲਵੰਤ ਸਿੰਘ ਸੈਣੀ ਦਾ ਗੁਨਾਹ ਇਹ ਸੀ ਕਿ ਉਹ ਸਿੱਖ ਕੈਦੀਆਂ ਦੇ ਮੁਕੱਦਮੇ ਲੜਿਆ ਕਰਦਾ ਸੀ। ਸ: ਕੁਲਵੰਤ ਸਿੰਘ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਰੋਪੜ ਜ਼ਿਲ੍ਹੇ ਦਾ ਪ੍ਰਧਾਨ ਵੀ ਸੀ। ਇਸ ਅਗਵਾ ਅਤੇ ਕਤਲ ਦੇ ਖ਼ਿਲਾਫ਼ ਰੋਪੜ ਦੇ ਅਤੇ ਫਿਰ ਸਾਰੇ ਪੰਜਾਬ ਦੇ ਵਕੀਲਾਂ ਨੇ ਜ਼ਬਰਦਸਤ ਹੜਤਾਲ ਕੀਤੀ। ਪੰਜਾਬ ਪੁਲਸ ਨੇ ਉਸ ਸਮੇਂ ਦੌਰਾਨ ਜਸਵੰਤ ਸਿੰਘ ਖਾਲੜਾ, ਕੁਲਵੰਤ ਸਿੰਘ ਸੈਣੀ ਰੋਪੜ, ਸੁਖਵਿੰਦਰ ਸਿੰਘ ਭੱਟੀ ਸੰਗਰੂਰ, ਜਗਵਿੰਦਰ ਸਿੰਘ ਹੈਪੀ ਕਪੂਰਥਲਾ, ਰਣਬੀਰ ਸਿੰਘ ਮਾਨਸ਼ਾਹੀਆ (ਬਠਿੰਡਾ), ਧਰਮਵੀਰ ਸਿੰਘ ਜਲੰਧਰ, ਆਤਮਜੀਤ ਸਿੰਘ ਮਾਵੀ ਲੁਧਿਆਣਾ ਅਤੇ ਹੋਰ ਬਹੁਤ ਸਾਰੇ ਵਕੀਲ ਤੇ ਇਨਸਾਨੀ ਹਕੂਕ ਦੇ ਅਲੰਬਰਦਾਰ

ਮਾਰੇ ਸਨ ਅਤੇ ਜਸਟਿਸ ਅਜੀਤ ਸਿੰਘ ਬੈਂਸ ਵਰਗੀਆਂ ਸ਼ਖ਼ੀਅਤਾਂ ਨੂੰ ਝੂਠੇ ਕੇਸ ਬਣਾ ਕੇ ਕੈਦ ਕੀਤਾ ਸੀ।

2014: ਹਰਨਾਮ ਸਿੰਘ ਧੁੰਮਾ ਆਰ.ਐਸ.ਐਸ. ਦਾ ਏਜੰਟ ਹੈ

8 ਫ਼ਰਵਰੀ 2014 ਦੇ ਦਿਨ ਬਲਵੰਤ ਸਿੰਘ ਨੰਦਗੜ੍ਹ (ਮੁਖ ਸੇਵਾਦਾਰ ਤਲਵੰਡੀ ਸਾਬੋ) ਨੇ ਕਿਹਾ ਕਿ ਅਕਾਲ ਤਖ਼ਤ 'ਤੇ ਪੁਜਾਰੀਆਂ ਦੀ ਮੀਟਿੰਗ ਵਿਚ ਫ਼ੈਸਲੇ ਹਰਨਾਮ ਸਿੰਘ ਧੁੰਮੇ ਦੀ ਮਨਜ਼ੂਰੀ ਨਾਲ ਲਏ ਜਾਂਦੇ ਹਨ ਅਤੇ ਚੌਕ ਮਹਿਤਾ ਨੂੰ ਨਾਗਪੁਰ ਤੋਂ ਆਰ.ਐਸ.ਐਸ. ਤੋਂ ਮਨਜ਼ੂਰੀ ਮਿਲਦੀ ਹੈ।

9 ਫ਼ਰਵਰੀ

1846: ਸਿੱਖ ਫ਼ੌਜਾਂ ਦੇ ਮੁਖੀ ਤੇਜਾ ਸਿੰਘ (ਤੇਜ ਰਾਮ ਮਿਸਰ) ਨੇ ਸਿੱਖਾਂ ਨੂੰ ਸਭਰਾਓਂ ਦੀ ਲੜਾਈ ਵਿਚ ਮੈਦਾਨ ਛੱਡ ਕੇ ਭੱਜਣ ਵਾਸਤੇ ਕਿਹਾ

18 ਦਸੰਬਰ 1845 ਦੇ ਦਿਨ ਮੁਦਕੀ ਵਿਚ ਹੋਈ ਲੜਾਈ ਵਿਚ ਸਿੱਖ ਫ਼ੌਜਾਂ ਨੇ ਅੰਗਰੇਜ਼ਾਂ ਨੂੰ ਬੁਰੀ ਤਰ੍ਹਾਂ ਹਰਾਇਆ ਸੀ। ਇਸ ਲੜਾਈ ਵਿਚ ਗਵਰਨਰ ਜਨਰਲ ਦੇ ਦੋ ਏਅਡੀਜ਼, ਸਰ ਰਾਬਰਟ ਸੇਲ ਤੇ ਸਰ ਜੌਸਫ਼ ਮੈਕਗੈਸਕਿਲ, ਤੋਂ ਇਲਾਵਾ 215 ਅੰਗਰੇਜ਼ ਫ਼ੌਜੀ ਮਾਰੇ ਗਏ ਸਨ ਤੇ 657 ਜ਼ਖ਼ਮੀ ਹੋਏ ਸਨ। ਦੂਜੀ ਲੜਾਈ 21 ਦਸੰਬਰ ਦੇ ਦਿਨ ਫੇਰੂ ਸ਼ਹਿਰ ਵਿਚ ਹੋਈ। ਇਸ ਲੜਾਈ ਵਿਚ ਵੀ ਲਾਹੌਰ ਦਰਬਾਰ ਦੇ ਪ੍ਰਾਈਮ ਮਨਿਸਟਰ ਬ੍ਰਾਹਮਣ ਲਾਲ ਸਿੰਹ ਅਤੇ ਸਿੱਖ ਫ਼ੌਜਾਂ ਦੇ ਮੁਖੀ ਜਰਨੈਲ ਬ੍ਰਾਹਮਣ ਤੇਜਾ ਸਿੰਹ ਨੇ, ਅੰਗਰੇਜ਼ਾਂ ਨਾਲ ਪਹਿਲਾਂ ਬਣੇ ਪਲਾਨ ਮੁਤਾਬਿਕ, ਸਿੱਖ ਫ਼ੌਜਾਂ ਨੂੰ ਪੂਰਾ ਅਸਲਾ ਨਾ ਦਿਤਾ, ਉਨ੍ਹਾਂ ਨੂੰ ਅੰਗਰੇਜ਼ਾਂ ਦੇ ਨਾਜ਼ੁਕ ਅਤੇ ਅਹਿਮ ਠਿਕਾਣਿਆਂ 'ਤੇ ਹਮਲਾ ਨਾ ਕਰਨ ਦਿਤਾ ਅਤੇ ਜਿਸ ਪਾਸੇ ਸਿੱਖ ਫ਼ੌਜਾਂ ਦੀ ਤਾਕਤ ਵਧੇਰੇ ਵੇਖੀ ਉੱਥੋਂ ਹੀ ਹਮਲਾ ਰੁਕਵਾ ਦਿਤਾ ਤਾਂ ਜੋ ਅੰਗਰੇਜ਼ ਫ਼ੌਜਾਂ ਦੀ ਮਦਦ ਕੀਤੀ ਜਾ ਸਕੇ। ਇਸ ਮਗਰੋਂ ਲਾਹੌਰ ਹਕੂਮਤ ਦੇ ਚਾਰੇ ਬ੍ਰਾਹਮਣ ਹਾਕਮ ਲਾਲ ਸਿੰਹ, ਕਨ੍ਹਈਆ ਲਾਲ, ਅਜੁਧਿਆ ਪ੍ਰਸ਼ਾਦ ਤੇ ਅਮਰ ਨਾਥ 6-7 ਹਜ਼ਾਰ ਸਿੱਖ ਫ਼ੌਜਾਂ ਨੂੰ ਇਕੱਲਿਆਂ ਛੱਡ ਕੇ ਮੈਦਾਨ' ਚੋਂ ਖਿਸਕ ਗਏ ਪਰ ਆਗੂ-ਹੀਣ ਸਿੱਖ ਫ਼ੌਜਾਂ ਮੈਦਾਨ ਵਿਚ ਡੱਟੀਆਂ ਰਹੀਆਂ। ਇਨ੍ਹਾਂ ਦਾ ਨਿਸ਼ਾਨਾ ਕਮਾਂਡਰ-ਹੀਣ ਸਿੱਖ ਫ਼ੌਜ ਨੂੰ ਮਰਵਾਉਣ ਦਾ ਸੀ। ਇਸ ਜੰਗ ਵਿਚ ਸਿੱਖਾਂ ਦੇ ਖ਼ਿਲਾਫ਼ ਲੜ ਰਹੇ ਅੰਗਰੇਜ਼ ਜਰਨੈਲ ਕਨਿੰਘਮ ਮੁਤਾਬਿਕ "ਲਾਲ ਸਿੰਹ ਤੇ ਤੇਜਾ ਸਿੰਹ ਦਾ ਨਿਸ਼ਾਨਾ ਇੱਕਾ-ਦੁੱਕਾ (ਸਿੱਖ ਡਵੀਜ਼ਨਾਂ) ਨੂੰ ਖ਼ਤਮ ਕਰ ਕੇ ਅੰਗਰੇਜ਼ਾਂ ਦੀ ਮਦਦ ਕਰਨਾ ਨਹੀਂ ਸੀ ਬਲਕਿ ਸਾਰੀ ਫ਼ੌਜ ਨੂੰ ਖਿੰਡਾ-ਪੁੰਡਾ ਕੇ ਖ਼ਤਮ ਕਰਨਾ ਸੀ।" ਇਹ ਦੋਵੇਂ ਬ੍ਰਾਹਮਣ ਅੰਗਰੇਜ਼ਾਂ ਨੂੰ ਜਿਤਾ ਕੇ ਉਨ੍ਹਾਂ ਹੇਠ ਵੱਡੇ ਵਜ਼ੀਰ (ਪ੍ਰਾਈਮ ਮਨਿਸਟਰ) ਬਣਨਾ ਲੋਚਦੇ ਸਨ। ਇਨ੍ਹਾਂ ਨੇ ਅੰਗਰੇਜ਼ਾਂ ਨੂੰ ਆਪਣੀ ਵਫ਼ਾਦਾਰੀ ਸਾਬਿਤ ਵੀ ਕਰ ਵਿਖਾਈ ਸੀ। ਫੇਰੂ ਸ਼ਹਿਰ ਦੀ ਲੜਾਈ ਵਿਚ 694 ਅੰਗਰੇਜ਼ ਮਾਰੇ ਗਏ ਸਨ ਤੇ 1721 ਜ਼ਖ਼ਮੀ ਹੋਏ ਸਨ। ਮਾਰੇ ਜਾਣ ਵਾਲਿਆਂ ਵਿਚੋਂ 103 ਅਫ਼ਸਰ ਵੀ ਸਨ ਇਸ ਲੜਾਈ ਵਿਚ ਗ਼ਦਾਰ ਬ੍ਰਾਹਮਣਾਂ ਲਾਲ ਸਿੰਹ ਤੇ ਤੇਜਾ ਸਿੰਹ ਨੇ ਅੰਗਰੇਜ਼ਾਂ ਦਾ ਪੂਰਾ ਸਾਥ ਦਿੱਤਾ ਪਰ ਫਿਰ ਵੀ ਅੰਗਰੇਜ਼ ਅਫ਼ਸਰ ਸਿੱਖਾਂ ਤੋਂ ਬੁਰੀ ਤਰ੍ਹਾਂ ਡਰੇ ਹੋਏ ਸਨ।

ਉਧਰ ਅੰਗਰੇਜ਼ਾਂ ਨਾਲ ਬਣੀ ਪਲਾਨ ਮੁਤਾਬਕ ਗੁਲਾਬ ਸਿੰਹ ਡੋਗਰਾ 27 ਜਨਵਰੀ 1846 ਨੂੰ ਲਾਹੌਰ ਪਹੁੰਚ ਗਿਆ ਅਤੇ ਸਰਕਾਰ ਦੀ ਕਮਾਂਡ ਸੰਭਾਲ ਲਈ, ਪਰ ਉਹ ਅਜੇ ਵੀ ਬੁਰੀ ਤਰ੍ਹਾਂ ਡਰਿਆ ਹੋਇਆ ਸੀ। ਉਸ ਨੂੰ ਸਿੱਖ ਫ਼ੌਜਾਂ ਤੋਂ ਬਹੁਤ ਡਰ ਲਗ ਰਿਹਾ ਸੀ। ਠੀਕ ਇਸੇ ਵੇਲੇ ਲੁਧਿਆਣੇ 'ਤੇ ਅੰਗਰੇਜ਼ਾਂ ਦੇ ਮੁੜ ਕਾਬਜ਼ ਹੋਣ ਦੀ ਖ਼ਬਰ ਪੁੱਜੀ। ਗੁਲਾਬ ਸਿੰਹ ਨੇ ਆਪਣਾ ਹੱਥ ਉੱਪਰ ਰੱਖਣ ਵਾਸਤੇ ਸਿੱਖ ਫ਼ੌਜਾਂ ਨੂੰ ਹਾਰਾਂ ਹਾਸਿਲ ਕਰਨ ਦੀਆਂ ਝਿੜਕਾਂ

ਮਾਰੀਆਂ ਅਤੇ ਕਿਹਾ ਕਿ ਉਨ੍ਹਾਂ ਨੂੰ ਏਡੇ ਵੱਡੇ ਤੇ ਤਾਕਵਰ ਗੁਆਂਢੀ ਨਾਲ ਕਾਹਲੀ ਤੇ ਗੁੱਸੇ ਵਿਚ ਪੰਗਾ ਨਹੀਂ ਸੀ ਲੈਣਾ ਚਾਹੀਦਾ। ਗੁਲਾਬ ਸਿੰਹ ਨੇ ਕਾਹਲੀ ਵਿਚ ਅੰਗਰੇਜ਼ਾਂ ਨਾਲ 'ਸਮਝੌਤੇ' ਦੀ ਗਲਬਾਤ ਵੀ ਸ਼ੁਰੂ ਕਰ ਲਈ। ਪਰ ਦਰਅਸਲ ਗਵਰਨਰ ਜਨਰਲ ਇਸ 'ਤੇ ਖ਼ੁਸ਼ ਨਹੀਂ ਸੀ। ਉਹ ਏਨੀ ਛੇਤੀ ਸਮਝੌਤਾ ਨਹੀਂ ਸੀ ਚਾਹੁੰਦਾ ਬਲਕਿ ਉਹ ਤਾਂ ਪੰਜਾਬ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਹਾਲਤ ਵਿਚ ਅੰਗਰੇਜ਼ ਮਸਲੇ ਨੂੰ ਲਟਕਾਉਣਾ ਵੀ ਨਹੀਂ ਸਨ ਚਾਹੁੰਦੇ। ਇਸ ਕਰ ਕੇ ਉਨ੍ਹਾਂ ਦਾ ਗ਼ਦਾਰਾਂ (ਗੁਲਾਬ ਸਿੰਹ, ਤੇਜਾ ਸਿੰਹ ਤੇ ਲਾਲ ਸਿੰਹ) ਨਾਲ ਇਹ ਸਮਝੌਤਾ ਹੋਇਆ ਕਿ ਲੜਾਈ ਕਰਵਾ ਕੇ ਅੰਗਰੇਜ਼ ਫ਼ੌਜ ਨੂੰ ਸਿੱਖ ਫ਼ੌਜਾਂ 'ਤੇ ਹਾਵੀ ਕੀਤਾ ਜਾਵੇ ਅਤੇ ਫਿਰ ਹਾਰੀ ਹੋਈ ਸਿੱਖ ਫ਼ੌਜ ਨੂੰ ਲਾਹੌਰ ਦਰਬਾਰ ਵੱਲੋਂ ਤਿਆਗ ਦਿੱਤਾ ਜਾਵੇ। ਇਸ ਤੋਂ ਮਗਰੋਂ ਲਾਹੌਰ ਦਾ ਰਸਤਾ ਅੰਗਰੇਜ਼ਾਂ ਵਾਸਤੇ ਖੁਲ੍ਹਾ ਛਡ ਦਿੱਤਾ ਜਾਵੇ।

ਹੁਣ ਰਣਜੀਤ ਸਿੰਘ ਦੇ ਰਾਜ ਦਾ ਖ਼ਾਤਮਾ ਅਤੇ ਨਾਲ ਹੀ ਸਿੱਖਾਂ ਦੀ ਤਬਾਹੀ ਦਾ ਆਗ਼ਾਜ਼ ਹੋ ਚੁਕਾ ਸੀ। ਗੁਲਾਬ ਸਿੰਹ ਤਾਂ ਅੰਗਰੇਜ਼ਾਂ ਨਾਲ ਉਦੋਂ ਤੋਂ ਹੀ ਸਬੰਧ ਬਣਾ ਚੁਕਾ ਸੀ ਜਦ ਅੰਗਰੇਜ਼ਾਂ ਨੇ ਅਫ਼ਗ਼ਾਨਿਸਤਾਨ ਵਿਚ ਆਪਣੀਆਂ ਫ਼ੌਜਾਂ ਭੇਜੀਆਂ ਸਨ। ਗ਼ਦਾਰ ਲਾਲ ਸਿੰਹ ਬ੍ਰਾਹਮਣ ਪ੍ਰਾਈਮ ਮਨਿਸਟਰ ਨੇ ਤਾਂ ਕੈਪਟਨ ਨਿਕੋਲਸਨ ਨੂੰ ਸਭਰਾਓਂ ਦੇ ਹਮਲੇ ਦੀ ਪੂਰੀ ਪਲਾਨ ਲਿਖਤੀ ਰੂਪ ਵਿਚ ਭੇਜੀ ਹੋਈ ਸੀ। ਨਿਕੋਲਸਨ ਕੋਲ ਇਹ ਪਲਾਨ 7 ਫ਼ਰਵਰੀ 1846 ਦੇ ਦਿਨ ਪੁਜ ਚੁਕੀ ਸੀ।ਕਨਿੰਘਮ ਕਹਿੰਦਾ ਹੈ ਕਿ "ਸਾਜ਼ਿਸ਼ਾਂ ਭਰੇ ਅਤੇ ਇਸ ਸ਼ਰਮਨਾਕ ਗ਼ਦਾਰੀ ਦੇ ਮਾਹੌਲ ਵਿਚ ਸਭਰਾਓਂ ਦੀ ਲੜਾਈ ਲੜੀ ਗਈ।"

9 ਫ਼ਰਵਰੀ ਦੇ ਦਿਨ ਹੋਈ ਲੜਾਈ ਵਿਚ ਵਿਚ ਵੀ ਸਿੱਖਾਂ ਦਾ ਹੱਥ ਉਪਰ ਸੀ। ਅੰਗਰੇਜ਼ੀ ਫ਼ੌਜਾਂ ਦੇ ਤਿੰਨ ਹਮਲੇ ਬੁਰੀ ਤਰ੍ਹਾਂ ਨਾਕਾਮ ਰਹੇ ਸਨ ਤੇ ਅੰਗਰੇਜ਼ ਮਾਰ ਖਾ ਕੇ ਪਿੱਛੇ ਹਟੇ ਸਨ। ਉਨ੍ਹਾਂ ਉੱਤੇ ਮੋੜਵਾਂ ਹਮਲਾ ਕਰ ਕੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਬਜਾਇ, ਜੇਤੂ ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ (ਤੇਜਾ ਸਿੰਹ ਉਰਫ਼ ਤੇਜ ਰਾਮ) ਮੈਦਾਨ ਛੱਡ ਕੇ ਭੱਜ ਗਿਆ।ਜਾਣ ਸਮੇਂ ਤੇਜ ਰਾਮ ਨੇ ਬਾਕੀ ਸਿੱਖ ਫ਼ੌਜਾਂ ਨੂੰ ਵੀ ਸਭਰਾਓਂ ਦੀ ਲੜਾਈ ਵਿਚ ਮੈਦਾਨ ਛੱਡ ਕੇ ਭੱਜਣ ਵਾਸਤੇ ਕਿਹਾ: "ਅੰਗਰੇਜ਼ਾਂ ਦੀ ਭਾਰੀ ਕੁਮਕ ਹੈ, ਤੁਸੀਂ ਵੀ ਭੱਜ ਜਾਓ ਤੇਜਾਨ ਬਚਾਓ।" ਉਹ ਜਾਂਦਾ ਹੋਇਆ ਦਰਿਆ ਸਤਲੁਜ 'ਤੇ ਬਣਿਆ ਬੇੜੀਆਂ ਦਾ ਬਣਿਆ ਹੋਇਆ ਪੁਲ ਵੀ ਤੋੜ ਗਿਆ ਤਾਂ ਜੋ ਸਿੱਖ ਫ਼ੌਜਾਂ ਭੱਜ ਨਾ ਸਕਣ ਤੇ ਉਥੇ ਹੀ ਲੜ ਮਰਨ। ਉਸ ਨੇ ਇਸ ਦੀ ਇਤਲਾਹ ਅੰਗਰੇਜ਼ੀ ਫ਼ੌਜ ਨੂੰ ਵੀ ਕਰ ਦਿਤੀ। ਦਰਅਸਲ ਉਹ ਚਾਹੁੰਦਾ ਸੀ ਕਿ ਜਿੰਨੀ ਫ਼ੌਜ ਮਰ ਜਾਵੇ ਓਨਾ ਹੀ ਉਸ ਦਾ ਫ਼ਾਇਦਾ ਹੈ।

1924: ਜੈਤੋ ਮੋਰਚੇ ਵਾਸਤੇ ਪਹਿਲਾ ਸ਼ਹੀਦੀ ਜਥਾ ਚੱਲਿਆ

ਨਾਭਾ ਰਿਆਸਤ ਵਿਚ ਜੈਤੋ ਵਿਚ ਅਖੰਡ ਪਾਠ ਖੰਡਤ ਕਰਨ ਦੇ ਖ਼ਿਲਾਫ਼ ਸਤੰਬਰ 1923 ਤੋਂ ਮੋਰਚਾ ਲੱਗਾ ਹੋਇਆ ਸੀ। ਸਿੱਖ ਜਥੇ ਲਗਾਤਾਰ ਗ੍ਰਿਫ਼ਤਾਰੀਆਂ ਦੇ ਰਹੇ ਸਨ। ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ ਅਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ ''ਸ਼ਹੀਦੀ ਜਥਾ'' ਭੇਜਿਆ ਜਾਏਗਾ। ਇਸ ਜਥੇ ਨੇ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 21 ਫ਼ਰਵਰੀ ਨੂੰ ਜੈਤੋ ਪੁੱਜਣਾ ਸੀ। 9 ਫ਼ਰਵਰੀ ਦੇ ਦਿਨ ਜਦੋਂ ਇਹ ਜਥਾ ਅਕਾਲ ਤਖ਼ਤ ਸਾਹਿਬ ਤੋਂ ਚੱਲਿਆ ਤਾਂ ਇਸ ਨੂੰ ਵਿਦਾਇਗੀ ਦੇਣ ਵਾਸਤੇ 30 ਹਜ਼ਾਰ ਸਿੱਖ ਦਰਬਾਰ ਸਾਹਿਬ ਪੁੱਜੇ।

1987: ਖਾੜਕੂਆਂ ਨੇ ਡੀ.ਐਸ.ਪੀ. ਤੇ ਉਸ ਦੇ 2 ਪੁੱਤਰ ਮਾਰੇ

ਸੁਰਜੀਤ ਬਰਨਾਲੇ ਤੇ ਰਾਜੀਵ ਦੇ ਹੁਕਮਾਂ ਹੇਠ ਰਬੈਰੋ ਅਤੇ ਸੀ.ਆਰ.ਪੀ.ਐਫ਼. ਰਾਹੀਂ ਚਲਾਈ ਜ਼ੁਲਮ ਦੀ ਹਨੇਰੀ ਦੇ ਬਾਵਜੂਦ ਫ਼ਰਵਰੀ 1987 ਵਿਚ ਖਾੜਕੂਆਂ ਦੇ ਐਕਸ਼ਨ ਜਾਰੀ ਰਹੇ। ਖਾੜਕੂਆਂ ਨੇ ਆਪਣੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਕਈ ਮੁਖ਼ਬਰਾਂ, ਜ਼ਾਲਮ ਪੁਲਸੀਆਂ ਤੇ ਅਫ਼ਸਰਾਂ 'ਤੇ ਹਮਲੇ ਕੀਤੇ। 9 ਫਰਵਰੀ 1987 ਦੇ ਦਿਨ ਖਾੜਕੂਆਂ ਨੇ ਹਰਪਾਲ ਸਿੰਘ ਡੀ.ਐਸ.ਪੀ. ਬਾਬਾ ਬਕਾਲਾ ਤੇ ਉਸ ਦੇ ਦੋ ਪੁੱਤਰਾਂ ਨੂੰ ਕਤਲ ਕਰ ਦਿੱਤਾ ਗਿਆ। ਇਸੇ ਦਿਨ ਮੋਗਾ ਦਾ ਮੈਜਿਸਟ੍ਰੇਟ ਐਚ.ਆਰ. ਕੌਸ਼ਕ ਵੀ ਮਾਰ ਦਿੱਤਾ ਗਿਆ। ਸ਼ਹੀਦ ਭਗਤ ਸਿੰਘ ਦੀ ਰਿਸ਼ਤੇਦਾਰ ਗੁਰਦੇਵ ਕੌਰ ਵੀ ਮੁਖ਼ਬਰੀ ਦੇ ਦੋਸ਼ ਵਿਚ ਮਾਰ ਦਿੱਤੀ ਗਈ।

1989:ਬਲਦੇਵ ਸਿੰਘ ਕਾਦਰਾਬਾਦ ਤੇ ਕਸ਼ਮੀਰ ਸਿੰਘ ਜਫਰਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

9 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ ਕਾਦਰਾਬਾਦ ਤੇ ਕਸ਼ਮੀਰ ਸਿੰਘ ਬਬਰ ਉਰਫ਼ ਬਲਜੀਤ ਸਿੰਘ ਬੱਲ (ਵਾਸੀ ਜਫਰਵਾਲ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਡਾ ਜਸਵੰਤ ਸਿੰਘ, ਸੁਖਚੈਨ ਸਿੰਘ ਬੱਬੂ, ਦਿਲਬਾਗ ਸਿੰਘ, ਭਜਨ ਕੌਰ, ਸੁਖਵਿੰਦਰ ਕੌਰ, ਸੁਲੱਖਣ ਸਿੰਘ, ਗੁਰਨਾਮ ਸਿੰਘ ਕਾਕੂ, ਲਖਵੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਨੌਂ ਫਰਵਰੀ 1993 ਦੇ ਦਿਨ ਡਾਕਟਰ ਜਸਵੰਤ ਸਿੰਘ ਉਰਫ਼ ਹਰਵੰਤ ਸਿੰਘ, ਸੁਖਚੈਨ ਸਿੰਘ ਬੱਬੂ, ਦਿਲਬਾਗ ਸਿੰਘ, ਭਜਨ ਕੌਰ (ਵਾਸੀ ਸ਼ਾਹਬਾਜ਼ਪੁਰ), ਸੁਖਵਿੰਦਰ ਕੌਰ (ਪਤਨੀ ਸਤਨਾਮ ਸਿੰਘ, ਵਾਸੀ ਖਾਰਾ, ਤਰਨ ਤਾਰਨ), ਸੁਲੱਖਣ ਸਿੰਘ (ਪੁੱਤਰ ਲਾਭ ਸਿੰਘ, ਵਾਸੀ ਮਕਾਇਕੇ ਸਤਰਾ), ਗੁਰਨਾਮ ਸਿੰਘ ਉਰਫ਼ ਕਾਕੂ (ਪੁੱਤਰ ਚੰਨਣ ਸਿੰਘ, ਵਾਸੀ ਕੁੱਚਰ ਕਲਾਂ) ਤੇ ਲਖਵੀਰ ਸਿੰਘ ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ

10 ਫ਼ਰਵਰੀ

1846: ਸਭਰਾਓਂ ਦੀ ਜੰਗ ਵਿਚ ਸਿੱਖਾਂ ਨੇ ਖ਼ੂਬ ਜੌਹਰ ਦਿਖਾਏ; ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹੀਦੀ

ਬੀਤੇ ਦਿਨ 9 ਫ਼ਰਵਰੀ 1846 ਦੇ ਦਿਨ ਅਮਗਰੇਜ਼ਾਂ ਤੇ ਸਿੱਖਾਂ ਦੇ ਵਿਚਕਾਰ ਹੋਈ ਸਭਰਾਓਂ ਦੀ ਲੜਾਈ ਵਿਚ ਵੀ ਸਿੱਖਾਂ ਦਾ ਹੱਥ ਉਪਰ ਸੀ। ਅੰਗਰੇਜ਼ੀ ਫ਼ੌਜਾਂ ਦੇ ਤਿੰਨ ਹਮਲੇ ਬੁਰੀ ਤਰ੍ਹਾਂ ਨਾਕਾਮ ਰਹੇ ਸਨ ਤੇ ਅੰਗਰੇਜ਼ ਮਾਰ ਖਾ ਕੇ ਪਿੱਛੇ ਹਟੇ ਸਨ। ਉਨ੍ਹਾਂ ਉੱਤੇ ਮੋੜਵਾਂ ਹਮਲਾ ਕਰ ਕੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਬਜਾਇ, ਜੇਤੂ ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ (ਤੇਜਾ ਸਿੰਹ) ਮੈਦਾਨ ਛੱਡ ਕੇ ਭੱਜ ਗਿਆ ਤੇ ਜਾਂਦਾ ਹੋਇਆ ਦਰਿਆ ਸਤਲੁਜ 'ਤੇ ਬਣਿਆ ਬੇੜੀਆਂ ਦਾ ਬਣਿਆ ਹੋਇਆ ਪੁਲ ਵੀ ਤੋੜ ਗਿਆ ਅਤੇ ਇਸ ਦੀ ਇਤਲਾਹ ਅੰਗਰੇਜ਼ੀ ਫ਼ੌਜ ਨੂੰ ਵੀ ਕਰ ਦਿਤੀ। ਇਸ 'ਤੇ ਅੰਗਰੇਜ਼ੀ ਫ਼ੌਜ ਨੇ ਸਿੱਖਾਂ 'ਤੇ ਨਵਾਂ ਹਮਲਾ ਕਰ ਦਿਤਾ।

ਮੁਖੀ ਜਰਨੈਲਾਂ ਤੋਂ ਸੱਖਣੀ ਸਿੱਖ ਫ਼ੌਜ ਸ਼ਾਮ ਸਿੰਘ ਅਟਾਰੀਵਾਲਾ ਦੀ ਅਗਵਾਈ ਹੇਠ ਡਟ ਕੇ ਲੜੀ, ਪਰ ਅਖ਼ੀਰ ਬਹੁਤੇ ਸਿੱਖ ਸ਼ਹੀਦ ਹੋ ਗਏ। ਆਗੂ-ਹੀਣ ਸਿੱਖ ਫ਼ੌਜੀ ਘਬਰਾ ਕੇ ਪਿੱਛੇ ਵੱਲ ਦੌੜੇ ਤੇ ਪੁਲ ਟੁੱਟਿਆ ਹੋਣ ਕਰ ਕੇ ਉਨ੍ਹਾਂ ਵਿਚੋਂ ਬਹੁਤ ਸਾਰੇ ਦਰਿਆ ਵਿਚ ਡੁੱਬ ਕੇ ਮਰ ਗਏ। ਇਸ ਤੋਂ ਇਲਾਵਾ ਗੁਲਾਬ ਸਿੰਘ ਡੋਗਰੇ ਅਤੇ ਤੇਜਾ ਸਿੰਹ ਨੇ ਸਤਲੁਜ ਦੇ ਕੰਢੇ 'ਤੇ 10 ਤੋਪਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨਾਲ ਵਾਪਿਸ ਆਉਂਦੇ ਸਿੱਖ ਫ਼ੌਜੀ 'ਗ਼ਦਾਰ' ਆਖ ਕੇ

ਗੋਲੀਆਂ ਨਾਲ ਉਡਾ ਦਿਤੇ ਗਏ। ਸ਼ਾਮ ਸਿੰਘ ਅਟਾਰੀਵਾਲਾ ਅਤੇ ਉਸ ਦੇ ਸਾਥੀ ਆਖ਼ਰੀ ਸਾਹਾਂ ਤਕ ਲੜਦੇ ਰਹੇ। ਸ਼ਾਮ ਸਿੰਘ ਨੂੰ ਅਕੀਦਤਾਂ ਪੇਸ਼ ਕਰਦਾ ਹੋਇਆ ਦੁਸ਼ਮਣ ਫ਼ੌਜ ਦਾ ਜਰਨੈਲ ਕਨਿੰਘਮ ਲਿਖਦਾ ਹੈ ਕਿ "ਲਾਲ ਸਿੰਹ ਤੇ ਤੇਜਾ ਸਿੰਹ ਦੀ ਗ਼ਦਾਰੀ ਦੇ ਬਾਵਜੂਦ ਸ਼ਾਮ ਸਿੰਘ ਗੁਰੂ ਗੋਬਿੰਦ ਸਿੰਘ ਦੇ ਸੱਚੇ ਪੁੱਤਰ ਵਾਂਗ ਜੂਝਿਆ ਤੇ ਸ਼ਹੀਦ ਹੋਇਆ।"

ਕਨਿੰਘਮ ਸ਼ਾਮ ਸਿੰਘ ਨੂੰ ਜਜ਼ਬਾਤ ਭਰੀ ਅਕੀਦਤ ਪੇਸ਼ ਕਰਦਾ ਹੋਇਆ ਲਿਖਦਾ ਹੈ ਕਿ "*ਗ਼ਦਾਰ ਲਾਲ ਸਿੰਹ ਆਪਣੀਆਂ ਫ਼ੌਜਾਂ ਦਾ ਤਾਜ਼ਾ ਹਮਲਾ ਕਰਵਾਉਣ ਦੀ ਬਜਾਇ, ਪਹਿਲੇ ਹਮਲੇ ਵੇਲੇ ਹੀ ਦੌੜ ਗਿਆ ਤੇ ਜਾਂਦੀ ਵਾਰੀ ਇਕ ਕਿਸ਼ਤੀ ਡੋਬ ਗਿਆ (ਤਾਂ ਜੋ ਫ਼ੌਜਾਂ ਵਾਪਿਸ ਨਾ ਮੁੜ ਸਕਣ)। ਪਰ ਮਹਾਨ ਸ਼ਾਮ ਸਿੰਘ (ਅਟਾਰੀਵਾਲਾ) ਨੂੰ ਆਪਣਾ ਪ੍ਰਣ ਯਾਦ ਸੀ। ਉਸ ਨੇ ਚਿਟੇ ਬਸਤਰ ਪਾਏ ਹੋਏ ਸਨ ਤੇ ਉਹ ਆਪਣਾ ਸਿਰ ਤਲੀ 'ਤੇ ਰੱਖ ਕੇ ਆਪਣੇ ਸਾਥੀਆਂ ਸਣੇ ਜੂਝ ਰਿਹਾ ਸੀ ਤੇ ਵਾਰ ਵਾਰ ਆਪਣੇ ਸਾਥੀਆਂ ਨੂੰ ਹੱਲਾ-ਸ਼ੇਰੀ ਦੇ ਕੇ ਲੜਾਈ ਕਰ ਰਿਹਾ ਸੀ। ਉਹ ਉਦੋਂ ਤਕ ਲੜਦਾ ਗਿਆ ਜਦ ਤਕ ਸ਼ਹੀਦ ਨਾ ਹੋ ਗਿਆ।*" ਗਰਿਫ਼ਨ ਲਿਖਦਾ ਹੈ ਕਿ ਸ਼ਾਮ ਸਿੰਘ ਨੂੰ ਸੱਤ ਗੋਲੀਆਂ ਲੱਗੀਆਂ ਤੇ ਉਹ ਸ਼ਹੀਦ ਹੋ ਗਿਆ ਤੇ ਉਸ ਦੇ ਨਾਲ ਹੀ ਉਸ ਦੇ 50 ਜਾਂਬਾਜ਼ ਸਾਥੀ ਵੀ ਜੋ ਸਿਰਫ਼ ਤਲਵਾਰਾਂ ਨਾਲ ਜੂਝੇ ਸਨ। ਇਸ ਲੜਾਈ ਵਿਚ ਅੰਗਰੇਜ਼ਾਂ ਦੇ 320 ਫ਼ੌਜੀ ਮਰੇ ਤੇ 2083 ਜ਼ਖ਼ਮੀ ਹੋਏ ਸਨ। ਦੂਜੇ ਪਾਸੇ 8000 ਸਿੱਖ ਫ਼ੌਜੀ ਵੀ ਮਾਰੇ ਗਏ। ਲਾਰਡ ਗੱਫ਼ ਮਾਰੇ ਜਾਣ ਵਾਲੇਂ ਸਿੱਖਾਂ ਦੀ ਗਿਣਤੀ 12 ਤੋਂ 15 ਹਜ਼ਾਰ ਦੇ ਵਿਚਕਾਰ ਦਸਦਾ ਹੈ।

1907: ਮੇਜਰ ਜਾਹਨ ਹਿੱਲ ਨੇ ਖਾਲਸਾ ਕਾਲਜ ਦੀ ਅੰਮ੍ਰਿਤਸਰ ਦੀ ਇਮਾਰਤ ਬਣਾ ਰਹੇ ਇੰਜਨੀਅਰ ਧਰਮ ਸਿੰਘ ਦੀ ਨਿਸ਼ਕਾਮ 'ਸੇਵਾ' ਸਬੰਧੀ ਘਟੀਆ ਲਫ਼ਜ਼ ਵਰਤੇ

1906-07 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੀ ਇਮਾਰਤ ਬਣ ਰਹੀ ਸੀ। ਇੰਜਨੀਅਰ ਧਰਮ ਸਿੰਘ ਬਿਨਾ ਕੋਈ ਤਨਖ਼ਾਹ ਲਏ ਨਿਸ਼ਕਾਮ 'ਸੇਵਾ' ਕਰ ਰਹੇ ਸਨ। ਖਾਲਸਾ ਕਾਲਜ ਸਬੰਧੀ ਹੋਈ ਇਕ ਮੀਟਿੰਗ ਵਿਚ ਅੰਗਰੇਜ਼ ਅਫ਼ਸਰ ਮੇਜਰ ਜਾਹਨ ਹਿਲ ਨੇ ਨਿਸ਼ਕਾਮ 'ਸੇਵਾ' ਸਬੰਧੀ ਘਟੀਆ ਲਫ਼ਜ਼ ਵਰਤੇ ਜਿਸ ਦਾ ਸਾਰੇ ਸਿੱਖਾਂ ਨੇ ਬੁਰਾ ਮਨਾਇਆ। ਇਸ 'ਤੇ ਧਰਮ ਸਿੰਘ ਨੇ ਆਪਣੇ ਆਪ ਨੂੰ ਖਲਾਸਾ ਕਾਲਜ ਤੋਂ ਅਲਹਿਦਾ ਕਰ ਲਿਆ। 10 ਫ਼ਰਵਰੀ 1907 ਦੇ ਦਿਨ ਜਦ ਨਵਾਂ ਇੰਜਨੀਅਰ ਜੋ ਇਕ ਅੰਗਰੇਜ਼ ਸੀ ਚਾਰਜ ਲੈਣ ਤਾਂ ਪਾੜ੍ਹਿਆਂ ਨੇ ਹੜਤਾਲ ਕਰ ਦਿੱਤੀ। ਇਸ ਮਗਰੋਂ ਅੰਗਰੇਜ਼ਾਂ ਨੇ ਖਾਲਸਾ ਕਾਲਜ ਦਾ ਵਿਧਾਨ ਬਦਲ ਦਿੱਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਸਿੱਖ ਰਿਆਸਤਾਂ ਨੇ ਕਾਲਜ ਦੀ ਮਾਲੀ ਮਦਦ ਬੰਦ ਕਰ ਦਿਤੀ। ਅੰਗਰੇਜ਼ਾਂ ਦਾ ਵਿਰੋਧ ਕਰਨ 'ਤੇ ਪ੍ਰੋ: ਜੋਧ ਸਿੰਘ ਤੇ ਹੋਰ ਪ੍ਰੋਫ਼ੈਸਰ ਨੌਕਰੀ ਤੋਂ ਕੱਢ ਦਿੱਤੇ ਗਏ। ਇਸ ਦੇ ਜਵਾਬੇ-ਅਮਲ ਵਜੋਂ ਸ: ਸੁੰਦਰ ਸਿੰਘ ਰਾਮਗੜ੍ਹੀਆ ਨੇ 1909 ਵਿਚ "ਕੀ ਖਾਲਸਾ ਕਾਲਜ ਸਿੱਖਾਂ ਦਾ ਹੈ?" ਪੈਂਫ਼ਲਟ ਲਿਖ ਕੇ ਖਾਲਸਾ ਕਾਲਜ ਪੰਥ ਨੂੰ ਮੁੜਵਾਉਣ ਵਾਸਤੇ ਲਹਿਰ ਸ਼ੁਰੂ ਕਰ ਦਿੱਤੀ।

1916: ਗ਼ਦਰੀ ਆਗੂਆਂ ਨੂੰ ਫ਼ਾਂਸੀ ਦਿਤੀ ਗਈ

10 ਫ਼ਰਵਰੀ 1916 ਦੇ ਦਿਨ ਗ਼ਦਰੀ ਆਗੂਆਂ ਸੋਹਨ ਲਾਲ ਪਾਠਕ ਪੱਟੀ, ਵਸਾਵਾ ਸਿੰਘ ਵਰ੍ਹਾ ਹੁਸ਼ਿਆਰਪੁਰ ਅਤੇ ਹਰਨਾਮ ਸਿੰਘ ਸਾਹਰੀ ਨੂੰ ਮਾਂਡਲਾ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ।

1921: ਗੁਰਦੁਆਰਾ ਮਾਛੀ ਕੇ ਨੂੰ ਸਿੱਖਾਂ ਨੇ ਅਜ਼ਾਦ ਕਰਵਾਇਆ

26 ਜਨਵਰੀ 1921 ਦੇ ਦਿਨ ਤਰਨ ਤਾਰਨ ਦੇ ਗੁਰਦੁਆਰੇ 'ਤੇ ਪੰਥ ਦੇ ਕਬਜ਼ੇ ਅਤੇ 8 ਫ਼ਰਵਰੀ ਨੂੰ ਕੇਰ ਸਾਹਿਬ ਦੀ ਅਜ਼ਾਦੀ ਮਗਰੋਂ ਸਿੱਖਾਂ ਨੇ 10 ਫਰਵਰੀ ਦੇ ਦਿਨ ਭਾਈ ਗੜ੍ਹੀਆ ਦੀ ਯਾਦ ਵਿਚ ਪਿੰਡ ਮਾਛੀ ਕੇ ਵਿਚ ਬਣੇ ਗੁਰਦੁਆਰੇ ਨੂੰ ਵੀ ਆਜ਼ਾਦ ਕਰਵਾ ਲਿਆ।

1923: ਬਬਰ ਅਕਾਲੀਆਂ ਨੇ ਮੁਖ਼ਬਰ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਬੂਆ ਨੂੰ ਕਤਲ ਕੀਤਾ

10 ਫ਼ਰਵਰੀ 1923 ਦੇ ਦਿਨ ਬਬਰ ਅਕਾਲੀਆਂ ਨੇ ਪੁਲਸ ਦੇ ਮੁਖ਼ਬਰ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਬੂਆ ਨੂੰ ਕਤਲ ਕੀਤਾ। ਇਹ ਐਕਸ਼ਨ ਬਬਰ ਸੰਤਾ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ ਸੀ।

1986: ਨਕੋਦਰ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਫਿਰ ਗੁੰਡਾ ਗਰਦੀ ਕੀਤੀ

2 ਫਰਵਰੀ ਦੇ ਦਿਨ ਨਕੋਦਰ 'ਚ ਦਹਿਸ਼ਤਗਰਦ ਹਿੰਦੂਆਂ ਨੇ ਗੁਰੂ ਨਾਨਕ ਮੁਹੱਲਾ ਗੁਰਦੁਆਰੇ ਵਿਚ ਅੱਗ ਲਾ ਦਿਤੀ ਸੀ ਜਿਸ ਨਾਲ 5 ਬੀੜਾਂ, ਰੁਮਾਲੇ ਅਤੇ ਦਰੀਆਂ ਸੜ ਗਏ ਸਨ। ਜਦੋਂ ਕਾਲਜ ਦੇ ਸਟੂਡੈਂਟ ਜਲੂਸ ਕਢ ਕੇ ਆ ਰਹੇ ਸੀ ਤਾਂ ਸੁਰਜੀਤ ਬਰਨਾਲੇ ਦੀ ਪੁਲੀਸ ਨੇ ਗੋਲੀਆਂ ਚਲਾ ਕੇ 4 ਸਿੱਖ ਮਾਰ ਦਿੱਤੇ ਤੇ 9 ਬੁਰੀ ਤਰ੍ਹਾਂ ਜ਼ਖ਼ਮੀ ਕੀਤੇ ਸਨ। ਇਸ ਮਗਰੋਂ ਸ਼ਹਿਰ ਵਿਚ ਕਰਫ਼ਿਊ ਲਾ ਦਿੱਤਾ ਗਿਆ ਸੀ। 8 ਫਰਵਰੀ ਨੂੰ ਬਰਨਾਲਾ ਦਲ ਦੀ ਕਮੇਟੀ (ਟੌਹੜਾ, ਕੁਲਦੀਪ ਸਿੰਘ ਵਡਾਲਾ, ਕਾਬਲ ਸਿੰਘ) ਨੇ ਰਿਪੋਰਟ 'ਚ ਕਿਹਾ ਕਿ ਨਕੋਦਰ ਕਾਂਡ ਸੋਚੀ ਸਮਝੀ ਸਕੀਮ ਨਾਲ ਕੀਤਾ ਗਿਆ। 10 ਫਰਵਰੀ ਨੂੰ ਕਰਫ਼ਿਊ ਖੁਲ੍ਹਦਿਆਂ ਹਿੰਦੂਆਂ ਨੇ ਨਕੋਦਰ 'ਚ ਫੇਰ ਹੁੱਲੜਬਾਜ਼ੀ ਕੀਤੀ ਪਰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਇਕ ਵੀ ਹਿੰਦੂ ਗ੍ਰਿਫ਼ਤਾਰ ਨਾ ਕੀਤਾ।

1987: ਖਾੜਕੂਆਂ ਨੇ ਟੀ ਸੀ ਕਟੋਚ ਨੂੰ ਕਤਲ ਕੀਤਾ

ਬਰਨਾਲੇ ਤੇ ਰਾਜੀਵ ਦੇ ਹੁਕਮਾਂ ਹੇਠ ਰਬੈਰੋ ਅਤੇ ਸੀ.ਆਰ.ਪੀ.ਐਫ਼. ਰਾਹੀਂ ਚਲਾਈ ਜ਼ੁਲਮ ਦੀ ਹਨੇਰੀ ਦੇ ਬਾਵਜੂਦ ਖਾੜਕੂਆਂ ਦੇ ਐਕਸ਼ਨ ਜਾਰੀ ਰਹੇ। ਖਾੜਕੂਆਂ ਨੇ ਆਪਣੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਕਈ ਮੁਖ਼ਬਰਾਂ, ਜ਼ਾਲਮ ਪੁਲਸੀਆਂ ਤੇ ਅਫ਼ਸਰਾਂ 'ਤੇ ਹਮਲੇ ਕੀਤੇ। ਖਾੜਕੂਆਂ ਨੇ 10 ਜਨਵਰੀ 1987 ਦੇ ਦਿਨ ਟੀ.ਸੀ. ਕਟੋਚ ਆਫ਼ੀਸਰ ਆਨ ਸਪੈਸ਼ਲ ਡਿਊਟੀ (ਜੇਲ੍ਹ) ਨੂੰ ਉਸ ਦੇ ਘਰ ਚੰਡੀਗੜ੍ਹ 'ਚ ਕਤਲ ਕਰ ਦਿੱਤਾ ਗਿਆ। ਇਸ ਕਟੋਚ ਨੇ ਜੇਲ੍ਹਾਂ ਵਿਚ ਬੰਦ ਸਿੱਖਾਂ 'ਤੇ ਬੇਪਨਾਹ ਜ਼ੁਲਮ ਕੀਤੇ ਅਤੇ ਕਰਵਾਏ ਸਨ। ਇਹ ਐਕਸ਼ਨ ਜਸਵੀਰ ਸਿੰਘ ਲਾਲੀ, ਜੋ ਦੁਸ਼ਟ ਸੋਧ ਕਮਾਂਡੋ ਫ਼ੋਰਸ ਦਾ ਜਰਨੈਲ ਸੀ, ਨੇ ਕੀਤਾ ਸੀ।

1987: ਖਾੜਕੂਆਂ ਨੇ ਐਸ.ਐਸ.ਪੀ. ਡੀ ਐਸ. ਮਾਂਗਟ ਦਾ ਪੁਤਰ ਮਾਰਿਆ

ਹਰਚੰਦ ਸਿੰਘ ਲੌਂਗੋਵਾਲ ਕਤਲ ਕੇਸ ਵਿਚ ਪੁਲਸ ਨੇ ਗਿਆਨ ਸਿੰਘ ਲੀਲਾਂ (ਨੇੜੇ ਅਹਿਮਦਗੜ੍ਹ) ਅਤੇ ਹਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਹਲਵਿੰਦਰ ਸਿੰਘ 'ਤੇ ਪੁਲੀਸ ਨੇ ਬਹੁਤ ਤਸ਼ੱਦਦ ਕੀਤਾ ਜਿਸ ਨਾਲ ਉਸ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਲਿਜਾਣਾ ਪਿਆ। ਉਥੇ ਉਸ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਜਿਸ ਨਾਲ ਉਹ 14 ਅਕਤੂਬਰ 1985 ਦੇ

ਦਿਨ ਦਮ ਤੋੜ ਗਿਆ। ਜ਼ਹਿਰ ਦਾ ਟੀਕਾ ਪੁਲੀਸ ਮੁਖੀ ਡੀ.ਐਸ. ਮਾਂਗਟ ਦੇ ਡਾਕਟਰ ਪੁੱਤਰ ਨੇ ਲਾਇਆ ਸੀ, ਖਾੜਕੂਆਂ ਨੇ ਇਸ ਕਤਲ ਦੀ ਸਜ਼ਾ ਦੇਣ ਵਾਸਤੇ ਉਸ ਡਾਕਟਰ ਨੂੰ 10 ਫ਼ਰਵਰੀ 1987 ਦੇ ਦਿਨ ਕਤਲ ਕਰ ਦਿੱਤਾ।

1987: ਮਾਸਟਰ ਅਜੀਤ ਸਿੰਘ ਤਰਸਿੱਕਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਫ਼ਰਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਮਾਸਟਰ ਅਜੀਤ ਸਿੰਘ ਤਰਸਿੱਕਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਉਸ ਦੇ ਭਰਾ ਨੂੰ ਇਕ ਸਾਲ ਪਹਿਲਾਂ ਇੰਜ ਹੀ ਸ਼ਹੀਦ ਕੀਤਾ ਗਿਆ ਸੀ।

1990: ਕੁਲਵਿੰਦਰ ਸਿੰਘ ਸੋਹਲ ਨਕਲੀ ਮੁਕਾਬਲੇ ਵਿਚ ਸ਼ਹੀਦ

10 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ (ਵਾਸੀ ਸੋਹਲ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਰਿੰਦਰ ਸਿੰਘ ਮਿੰਟੂ ਨਕਲੀ ਮੁਕਾਬਲੇ ਵਿਚ ਸ਼ਹੀਦ

10 ਫ਼ਰਵਰੀ 1991 ਦੇ ਦਿਨ ਪੁਲਸ ਨੇ ਸੁਰਿੰਦਰ ਸਿੰਘ ਮਿੰਟੂ ਵਾਸੀ ਭਿਖੀ ਵਿੰਡ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਵੀਰ ਸਿੰਘ ਜਹਾਂਗੀਰ, ਵੀਰ ਸਿੰਘ ਕਲੇਰ, ਜਤਿੰਦਰ ਸਿੰਘ ਬਾਬੂ ਤੇ ਗੁਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

10 ਫ਼ਰਵਰੀ 1993 ਦੇ ਦਿਨ ਪੁਲਸ ਨੇ ਵੀਰ ਸਿੰਘ (ਪੁਤਰ ਸੁੰਦਰ ਸਿੰਘ, ਵਾਸੀ ਜਹਾਂਗੀਰ, ਨੇੜੇ ਕਹੇੜੂ, ਜ਼ਿਲਾ ਸੰਗਰੂਰ), ਵੀਰ ਸਿੰਘ (ਪੁਤਰ ਮਹਿੰਦਰ ਸਿੰਘ, ਵਾਸੀ ਕਲੇਰ, ਨੇੜੇ ਰਾਜਾ ਸਾਂਸੀ, ਜ਼ਿਲਾ ਅੰਮ੍ਰਿਤਸਰ), ਜਤਿੰਦਰ ਸਿੰਘ ਉਰਫ਼ ਬਾਬੂ (ਪੁਤਰ ਬਖ਼ਸ਼ੀਸ਼ ਸਿੰਘ, ਵਾਸੀ ਮਦਰੇ) ਅਤੇ ਗੁਲਵਿੰਦਰ ਸਿੰਘ (ਪੁਤਰ ਬਲਵੰਤ ਸਿੰਘ, ਵਾਸੀ ਖਡੂਰ ਸਾਹਿਬ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1999: ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ ਮੁਅੱਤਲ ਕੀਤਾ ਗਿਆ

ਦਸੰਬਰ 1998 ਵਿਚ ਜਦ ਭਾਈ ਰਣਜੀਤ ਸਿੰਘ ਨੇ ਗੁਰਚਰਨ ਸਿੰਘ ਟੌਹੜਾ ਦੀ ਮਦਦ ਕਰਨ ਵਾਸਤੇ ਇਕ 'ਹੁਕਮਨਾਮਾ' ਜਾਰੀ ਕੀਤਾ ਤਾਂ ਬਾਦਲ ਨੇ ਪਹਿਲਾਂ (ਭਾਈ) ਰਣਜੀਤ ਸਿੰਘ ਨੂੰ ਰਸਤੇ 'ਚੋਂ ਹਟਾਉਣ ਦਾ ਫ਼ੈਸਲਾ ਕਰ ਲਿਆ। ਬਾਦਲ ਧੜੇ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਤੋਂ ਹੁਕਮ ਲੈ ਕੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਇਕ ਮੀਟਿੰਗ 10 ਫ਼ਰਵਰੀ 1999 ਨੂੰ ਬੁਲਾ ਲਈ, ਜਿਸ ਦਾ ਏਜੰਡਾ (ਭਾਈ) ਰਣਜੀਤ ਸਿੰਘ ਦੀਆਂ ਕਾਰਵਾਈਆਂ ਤੇ ਵਿਚਾਰ ਕਰਨੀ ਸੀ। ਇਸ ਨੂੰ ਮੱਦੇ-ਨਜ਼ਰ ਰਖਦਿਆਂ, 6 ਫ਼ਰਵਰੀ ਦੇ ਦਿਨ, ਸ਼੍ਰੋਮਣੀ ਕਮੇਟੀ ਨੇ 8 ਫ਼ਰਵਰੀ ਤੋਂ 10 ਫ਼ਰਵਰੀ ਤਕ ਛੁੱਟੀਆਂ ਕਰਨ ਦਾ ਨੋਟਿਸ ਜਾਰੀ ਕਰ ਦਿੱਤਾ ਤੇ ਸਾਰੇ ਦਫ਼ਤਰ ਬੰਦ ਕਰ ਦਿੱਤੇ। ਇਸ 'ਤੇ ਉਸ ਦਿਨ ਬਾਦਲ ਧੜੇ ਦੇ 10 ਮੈਂਬਰਾਂ ਨੇ 10 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਗੁਰੂ ਨਾਨਕ ਨਿਵਾਸ ਦੀ ਪਹਿਲੀ ਮੰਜ਼ਿਲ ਦੇ ਵਰਾਂਡੇ ਵਿਚ ਕੀਤੀ। ਇਸ ਮੀਟਿੰਗ ਵਿਚ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਅਹੁਦੇ ਤੋਂ 'ਮੁਅੱਤਲ' ਕਰ ਦਿੱਤਾ ਗਿਆ ਅਤੇ ਨਾਲ ਹੀ

ਮਨਜੀਤ ਸਿੰਘ ਤੇ ਕੇਵਲ ਸਿੰਘ ਦੀਆਂ ਕਾਰਵਾਈਆਂ ਬਾਰੇ ਪੜਤਾਲ ਕਰਨ ਵਾਸਤੇ ਇਕ ਤਿਨ ਮੈਂਬਰੀ ਕਮੇਟੀ ਦਿਖਾਵਟ ਦੇ ਤੌਰ 'ਤੇ (ਮੂੰਹ ਪੂੰਝਣ ਵਾਸਤੇ) ਬਣਾ ਦਿੱਤੀ ਗਈ।

11 ਫ਼ਰਵਰੀ

1956: ਅੰਮ੍ਰਿਤਸਰ 'ਚ ਅਕਾਲੀ ਕਾਨਫ਼ਰੰਸ ਦਾ ਬੇਮਿਸਾਲ ਜਲੂਸ ਨਿਕਲਿਆ

ਫ਼ਰਵਰੀ 1956 ਵਿਚ ਕਾਂਗਰਸ ਨੇ ਆਪਣਾ ਸਾਲਾਨਾ ਇਜਲਾਸ ਅੰਮ੍ਰਿਤਸਰ ਵਿਚ ਰੱਖਿਆ। ਅਕਾਲੀ ਦਲ ਨੇ ਵੀ ਆਪਣੀ ਦਸਵੀਂ ਸਾਲਾਨਾ ਕਾਨਫ਼ਰੰਸ ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਵਿਚ ਬੁਲਾ ਲਈ। ਉਧਰ ਜਨਸੰਘ ਨੇ ਵੀ ਮਹਾਂ ਪੰਜਾਬ ਦੇ ਹੱਕ ਵਿਚ ਕਾਨਫ਼ਰੰਸ ਵੀ ਉਨ੍ਹਾਂ ਹੀ ਤਾਰੀਖ਼ਾਂ ਤੇ ਹੀ ਰੱਖ ਲਈ। 11 ਫ਼ਰਵਰੀ 1956 ਦੇ ਦਿਨ ਅਕਾਲੀ ਕਾਨਫ਼ਰੰਸ ਦਾ ਜਲੂਸ ਨਿਕਲਿਆ। ਅਕਾਲੀ ਦਲ ਨੇ 3 ਲੱਖ ਲੋਕਾਂ ਦੀ ਸ਼ਮੂਲੀਅਤ ਦੀ ਉਮੀਦ ਕੀਤੀ ਸੀ ਪਰ ਇਸ ਜਲੂਸ ਵਿਚ ਪੰਜ ਲੱਖ ਤੋਂ ਵਧ ਸਿੱਖ ਸ਼ਾਮਿਲ ਹੋਏ (ਅਤੇ ਅਗਲੇ ਦਿਨ ਦੀ ਕਨਵੈਨਸ਼ਨ ਵਿਚ ਅਠ ਤੋਂ ਦੱਸ ਲੱਖ ਤਕ ਸਿੱਖ ਸ਼ਾਮਿਲ ਹੋਏ)। ਇਸ 6 ਮੀਲ ਲੰਬੇ ਜਲੂਸ ਦੀ ਖ਼ਾਸ ਗੱਲ ਇਹ ਸੀ ਕਿ ਜਦੋਂ ਇਸ ਜਲੂਸ ਦਾ ਪਹਿਲਾ ਸਿਰਾ ਆਪਣੀ ਮੰਜ਼ਿਲ 'ਤੇ ਪਹੁੰਚ ਚੁੱਕਾ ਸੀ ਤਾਂ ਵੀ ਜਲੂਸ ਦਾ ਆਖ਼ਰੀ ਸਿਰਾ ਅਜੇ ਚੱਲਣ ਵਾਲਾ ਥਾਂ 'ਤੇ ਹੀ ਸੀ ਯਾਨਿ ਛੇ ਮੀਲ ਤਕ ਸਿੱਖ ਹੀ ਸਿੱਖ ਫੈਲੇ ਹੋਏ ਸਨ। ਦੂਜੇ ਪਾਸੇ ਕਾਂਗਰਸ ਦੇ ਜਲੂਸ ਵਿਚ ਇਕਲੱਖ ਅਤੇ ਮਹਾਂ ਪੰਜਾਬ ਦੇ ਮਹਾਸ਼ਿਆਂ ਦੇ ਜਲੂਸ ਵਿਚ ਸਿਰਫ਼ 70,000 ਹਿੰਦੂ ਸ਼ਾਮਿਲ ਹੋਏ। ਇਸ ਵਿਚ ਕਾਂਗਰਸੀ ਐਮ.ਐਲ.ਏ. ਖੇਮ ਸਿੰਘ ਤੁੰਗ ਅਤੇ ਜੀਵਨ ਸਿੰਘ ਮਜ਼ਹਬੀ ਦੱਲ ਦੇ 2000 ਮਜ਼ਹਬੀ ਸਿੱਖ ਵੀ ਸ਼ਾਮਿਲ ਸਨ। ਸ਼੍ਰੋਮਣੀ ਅਕਾਲੀ ਦਲ ਦੇ ਜਲਸੇ ਵਿਚ ਦੱਸ ਲੱਖ ਸਿੰਘਾਂ ਦੇ ਮੁਕਾਬਲੇ ਵਿਚ ਜਨਸੰਘੀਆਂ ਦੇ ਅਤੇ ਕਾਂਗਰਸੀ ਇਕੱਠ ਬੜੇ ਫਿੱਕੇ-ਫਿੱਕੇ ਜਾਪਦੇ ਸਨ। ਇਸ ਕਾਨਫ਼ਰੰਸ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ: (1) ਸਿੱਖ ਭਾਰਤ ਵਿਚ ਦੁਖੀ ਹਨ (2) ਸਿੱਖ ਪੰਜਾਬੀ ਸੂਬੇ ਲਈ ਇਕ ਹਨ (3) ਸਿੱਖਾਂ ਦੇ ਨੁਮਾਇੰਦੇ ਅਕਾਲੀ ਹੀ ਹਨ ਅਤੇ (4) ਮਾਸਟਰ ਤਾਰਾ ਸਿੰਘ ਹੀ ਅਕਾਲੀ ਦਲ ਦਾ ਇਕੋ-ਇੱਕ ਆਗੂ ਹੈ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੀ ਕਾਇਮੀ ਦੀ ਮੰਗ ਕੀਤੀ। ਇਕ ਹੋਰ ਮਤੇ ਰਾਹੀਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਨਿੰਦਾ ਕੀਤੀ ਗਈ।

1987: ਸੁਰਜੀਤ ਬਰਨਾਲਾ ਨੂੰ ਪੰਥ 'ਚੋਂ 'ਖਾਰਜ' ਕੀਤ ਗਿਆ

ਦਸੰਬਰ 1986 ਵਿਚ ਪ੍ਰੋ: ਦਰਸ਼ਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਮਗਰੋਂ ਕੋਈ ਸਾਰੇ ਸ਼੍ਰੋਮਣੀ ਅਕਾਲੀ ਦਲਾਂ ਨੂੰ ਇਕ ਕਰਨ ਦੀ ਤਕਰੀਬ ਬਣਾਈ। ਉਸ ਨੇ ਸਾਰੇ ਅਕਾਲੀ ਦਲ ਤੋੜ ਕੇ ਇਕ ਸਾਂਝਾ ਅਕਾਲੀ ਦਲ ਬਣਾਉਣ ਦਾ ਐਲਾਨ ਕਰ ਦਿਤਾ। ਉਸ ਨੇ 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ। ਅਗਲੇ ਦਿਨ ਬਾਬਾ ਜੋਗਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਅਸਤੀਫ਼ੇ ਦੇ ਦਿੱਤੇ ਪਰ ਸੁਰਜੀਤ ਬਰਨਾਲੇ ਨੂੰ ਅਸਤੀਫ਼ਾ ਦੇਣ ਦੀ ਬਜਾਇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ ਜਿਹੜੀ ਰਾਗੀ ਨੂੰ 'ਮਿਲ ਕੇ ਪੁਜ਼ੀਸ਼ਨ ਸਾਫ਼ ਕਰੇਗੀ।' ਇਸ ਪੰਜ ਮੈਂਬਰੀ ਕਮੇਟੀ ਦੇ ਨੁਮਾਇੰਦੇ ਹਰਭਜਨ ਸਿੰਘ ਸੰਧੂ ਨੇ ਰਾਗੀ ਨਾਲ ਗੱਲਬਾਤ ਕੀਤੀ ਤੇ ਹਥਿਆਰ ਸੁੱਟ ਦਿੱਤੇ। ਪਰ ਦਿੱਲੀ ਦੀ ਹਦਾਇਤ 'ਤੇ ਸੁਰਜੀਤ ਬਰਨਾਲਾ ਏਕਤਾ ਕਰਨ ਤੋਂ ਮੁੱਕਰ ਗਿਆ। ਪਰ ਬਰਨਾਲੇ ਦੇ ਦਲ ਵਿਚੋਂ ਸੁਖਦੇਵ ਸਿੰਘ ਢਿੱਲੋਂ ਵਜ਼ੀਰੀ ਛੱਡ ਕੇ ਤਖ਼ਤ ਸਾਹਿਬ 'ਤੇ ਆ ਪੁੱਜਾ। ਮਗਰੋਂ ਹਰਭਜਨ ਸਿੰਘ ਸੰਧੂ, ਮੇਜਰ ਸਿੰਘ ਉਬੋਕੇ, ਨਰਿੰਜਨ ਸਿੰਘ ਪੱਟੀ, ਨਿਰਮਲ ਸਿੰਘ ਕਾਹਲੋਂ ਤੇ

ਬਸੰਤ ਸਿੰਘ ਖਾਲਸਾ ਵੀ ਨਾਲ ਆ ਗਏ। ਬਰਨਾਲੇ ਦੇ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਵੀ ਆ ਗਏ ਪਰ ਐਮ.ਐਲ.ਏਜ਼ ਵਿਚੋਂ 37 ਅਜੇ ਵੀ ਬਰਨਾਲੇ ਦੇ ਨਾਲ ਰਹੇ।

5 ਫਰਵਰੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਨੇਮ ਤੇ ਆਈਨ ਜਾਰੀ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਨੂੰ ਪ੍ਰਧਾਨ ਤੇ ਨਾਲ ਹੀ ਇਕ ਪ੍ਰੀਜ਼ੀਡੀਅਮ ਵੀ ਬਣਾਈ ਗਈ। ਪ੍ਰੀਜ਼ੀਡੀਅਮ ਵਿਚ ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਬਾਬਾ ਜੋਗਿੰਦਰ ਸਿੰਘ ਤੇ ਗੰਜਾ ਸਿੰਘ ਸਿਰਸਾ ਸ਼ਾਮਲ ਕੀਤੇ ਗਏ। ਇਸ ਤੋਂ ਇਲਾਵਾ ਇਕ ਕੌਂਸਲ ਵੀ ਬਣਾਈ ਗਈ ਜਿਸ ਵਿਚ 8 ਮੈਂਬਰ ਸਨ: ਗੁਰਦੇਵ ਸਿੰਘ ਬਾਦਲ, ਪ੍ਰੇਮ ਸਿੰਘ ਲਾਲਪੁਰਾ, ਮਨਜੀਤ ਸਿੰਘ ਕਲਕੱਤਾ, ਰਣਜੀਤ ਸਿੰਘ ਬ੍ਰਹਮਪੁਰਾ, ਮੇਜਰ ਜਨਰਲ ਨਰਿੰਦਰ ਸਿੰਘ, ਸੁਖਜਿੰਦਰ ਸਿੰਘ, ਉਜਾਗਰ ਸਿੰਘ ਸੇਖਵਾਂ ਤੇ ਕੈਪਟਨ ਹਰਚਰਨ ਸਿੰਘ ਰੋਡੇ। 6 ਫਰਵਰੀ ਨੂੰ ਪ੍ਰੋ: ਦਰਸ਼ਨ ਸਿੰਘ ਨੇ ਨਵੇਂ ਨੋਟਿਸ ਵਿਚ ਬਰਨਾਲਾ ਦਲ ਦੇ ਐਮ.ਐਲ.ਏਜ਼ ਨੂੰ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਸਾਬਤ ਕਰਨ ਦਾ ਹੁਕਮ ਜਾਰੀ ਕੀਤਾ। ਪਹਿਲਾਂ ਤਾਂ ਮੇਜਰ ਸਿੰਘ ਉੱਬੋਕੇ, ਹਰਭਜਨ ਸਿੰਘ ਸੰਧੂ, ਬਸੰਤ ਸਿੰਘ ਖਾਲਸਾ, ਨਿਰਮਲ ਸਿੰਘ ਕਾਹਲੋਂ, ਢਿੱਲੋਂ, ਰਵੀਇੰਦਰ ਸਿੰਘ, ਨਰਿੰਜਨ ਸਿੰਘ ਪੱਟੀ (ਸੱਤਾਂ) ਤੋਂ ਇਲਾਵਾ (ਬਲਵੰਤ ਸਿੰਘ, ਚੰਦੂਮਾਜਰਾ, ਸਾਂਈਆਂਵਾਲਾ, ਸੁਰਿੰਦਰਪਾਲ ਸਿੰਘ, ਹਰਦੀਪਇੰਦਰ ਸਿੰਘ, ਬਲਦੇਵ ਸਿੰਘ ਖਿਆਲਾ, ਦਲੀਪ ਸਿੰਘ ਪਾਂਧੀ, ਸਰਵਨ ਸਿੰਘ ਫਿਲੌਰ, ਅਮਰਜੀਤ ਸਿੰਘ ਸਮਰਾਲਾ, ਗੁਰਦੀਪ ਸਿੰਘ ਭੈਣੀ, ਤਾਰਾ ਸਿੰਘ ਅਟਾਰੀ ਤੇ ਜਸਵੰਤ ਸਿੰਘ ਡਿਪਟੀ ਸਪੀਕਰ ਨੇ ਵੀ ਤਖ਼ਤ ਅੱਗੇ ਸਿਰ ਝੁਕਾਉਣ ਬਾਰੇ ਲਿਖ ਕੇ ਦੇ ਦਿੱਤਾ ਪਰ ਬਾਅਦ ਵਿਚ ਇਹ ਮਗਰਲੇ 12 ਮੁਕਰ ਗਏ।) 8 ਫਰਵਰੀ ਨੂੰ ਬਰਨਾਲੇ ਨੇ ਅਸਤੀਫ਼ਾ ਦੇਣ ਤੋਂ ਪੂਰੀ ਤਰ੍ਹਾਂ ਨਾਂਹ ਕਰ ਦਿੱਤੀ। 9 ਫਰਵਰੀ ਨੂੰ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਤੇ 11 ਫਰਵਰੀ ਨੂੰ ਤਖ਼ਤ 'ਤੇ ਤਲਬ ਕਰ ਲਿਆ ਗਿਆ। ਪਰ ਬਰਨਾਲੇ ਨੇ ਨਾ ਤਾਂ ਪੇਸ਼ ਹੋਣਾ ਸੀ ਤੇ ਨਾ ਹੀ ਹੋਇਆ। ਉਸ ਨੂੰ 11 ਫਰਵਰੀ 1987 ਦੇ ਦਿਨ ਪੰਥ ਵਿਚੋਂ 'ਖਾਰਜ' ਕਰਨ ਦਾ ਐਲਾਨ ਕਰ ਦਿੱਤਾ।

1988: ਬਲਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

11 ਫ਼ਰਵਰੀ 1988 ਦੇ ਦਿਨ ਪੁਲਸ ਨੇ ਬਲਬੀਰ ਸਿੰਘ (ਪੁਤਰ ਭਗਤ ਸਿੰਘ, ਵਾਸੀ ਸ਼ਹੂਰੋਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਨਿਰਮਲ ਸਿੰਘ ਤੇ ਹਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

11 ਫ਼ਰਵਰੀ 1993 ਦੇ ਦਿਨ ਪੁਲਸ ਨੇ ਨਿਰਮਲ ਸਿੰਘ (ਪੁਤਰ ਸੁਖਦੇਵ ਸਿੰਘ, ਵਾਸੀ ਰਾਜੇ ਮਾਜਰਾ, ਜ਼ਿਲ੍ਹਾ ਸੰਗਰੂਰ) ਅਤੇ ਹਰਜੀਤ ਸਿੰਘ (ਪੁਤਰ ਬਲਬੀਰ ਸਿੰਘ, ਵਾਸੀ ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਚਰਨਜੀਤ ਸਿੰਘ ਚੱਢਾ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਬਣੇ

11 ਫ਼ਰਵਰੀ 2014 ਦੇ ਦਿਨ ਚੀਫ਼ ਖਾਲਸਾ ਦੀਵਾਨ ਦੀ ਚੋਣ ਵਿਚ ਚਰਨਜੀਤ ਸਿੰਘ ਚੱਢਾ ਦੋਬਾਰਾ 5 ਸਾਲ ਵਾਸਤੇ ਪ੍ਰਧਾਨ ਚੁਣਿਆ ਗਿਆ। ਚੀਫ਼ ਖਾਲਸਾ ਦੀਵਾਨ ਦੇ 533 ਮੈਂਬਰ ਹਨ; 400 ਪੰਜਾਬ ਦੇ ਹਨ ਅਤੇ ਬਾਕੀ ਬਾਹਰ ਦੇ ਹਨ।

12 ਫ਼ਰਵਰੀ

1637: ਬਿਲਾਸਪੁਰ ਦੇ ਰਾਜਾ ਕਲਿਆਣ ਚੰਦ ਦੀ ਮੌਤ

28 ਮਾਰਚ 1624 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸਿੱਖਾਂ ਦਾ ਇਕ ਭਾਰੀ ਇਕੱਠ ਹੋਇਆ। ਇਸ ਵਿਚ ਬਿਲਾਸਪੁਰ, ਹੰਡੂਰ ਅਤੇ ਹੋਰ ਕਈ ਰਿਆਸਤਾਂ ਦੇ ਰਾਜੇ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਰਿਹਾ ਕਰਵਾਇਆ ਸੀ, ਵੀ ਪੁੱਜੇ। ਬਿਲਾਸਪੁਰ ਦਾ ਰਾਜਾ ਕਲਿਆਣ ਚੰਦ ਉੱਥੇ ਕਈ ਦਿਨ ਠਹਿਰਿਆ। 11 ਅਪਰੈਲ ਦੇ ਦਿਨ ਵਾਪਿਸ ਜਾਣ ਤੋਂ ਪਹਿਲਾਂ ਉਸ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਆਪਣਾ ਹੈੱਡਕੁਆਰਟਰ ਬਣਾਉਣ। ਕਲਿਆਣ ਚੰਦ ਨੂੰ ਰੁਹੀਲਾ ਦੀ ਲੜਾਈ ਵਿਚ ਗੁਰੂ ਸਾਹਿਬ ਦੀ ਜਿੱਤ ਦਾ ਅਹਿਸਾਸ ਸੀ 'ਤੇ ਉਸ ਚਾਹੁੰਦਾ ਸੀ ਕਿ ਜੇ ਗੁਰੂ ਸਾਹਿਬ ਉਸ ਦੀ ਰਿਆਸਤ ਵਿਚ ਆ ਗਏ ਤਾਂ ਛੇਤੀ ਕੀਤਿਆਂ ਕੋਈ ਉਸ 'ਤੇ ਹਮਲਾ ਨਹੀਂ ਕਰੇਗਾ ਅਤੇ ਜੇ ਫਿਰ ਵੀ ਕਿਸੇ ਨੇ ਹਮਲਾ ਕਰਨ ਦੀ ਹਰਕਤ ਕੀਤੀ ਤਾਂ ਉਸ ਨੂੰ ਗੁਰੂ ਸਾਹਿਬ ਦੀ ਮਦਦ ਮਿਲ ਸਕੇਗੀ। ਗੁਰੂ ਸਾਹਿਬ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਥਾਂ ਬਿਲਾਸਪੁਰ ਜਾਣਾ ਤਾਂ ਨਾ ਮੰਨਿਆ ਪਰ ਇਹ ਵਾਅਦਾ ਜ਼ਰੂਰ ਕੀਤਾ ਕਿ ਉਹ ਉਸ ਦੀ ਰਿਆਸਤ ਵਿਚ ਇਕ ਸਿੱਖ ਨਗਰ ਜ਼ਰੂਰ ਵਸਾਉਣਗੇ।

ਇਸ ਮਗਰੋਂ ਗੁਰੂ ਸਾਹਿਬ ਨੇ ਕਲਿਆਣ ਚੰਦ ਨਾਲ ਉਸ ਦੀ ਰਿਆਸਤ ਦੇ ਦਰਿਆ ਸਤਲੁਜ ਨਾਲ ਲਗਦੇ ਇਲਾਕਿਆਂ ਦਾ ਦੌਰਾ ਕੀਤਾ ਅਤੇ ਨਵੇਂ ਨਗਰ ਵਾਸਤੇ ਕਲਿਆਣਪੁਰ, ਭਟੋਲੀ ਤੇ ਜੀਉਵਾਲ ਪਿੰਡਾਂ ਵਿਚਕਾਰ ਕੁਝ ਜ਼ਮੀਨ ਖ਼ਰੀਦਣ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਕਲਿਆਣ ਚੰਦ ਨੇ ਇਸ ਜ਼ਮੀਨ ਦੇ ਪੈਸੇ ਲੈਣ ਤੋਂ ਨਾਂਹ ਕਰ ਦਿਤੀ ਪਰ ਜਦ ਗੁਰੂ ਸਾਹਿਬ ਨੇ ਉਸ ਨੂੰ ਦਸਿਆ ਕਿ ਉਹ (ਗੁਰੂ ਸਾਹਿਬ) ਦਾਨ ਦੀ ਜ਼ਮੀਨ 'ਤੇ ਸਿੱਖ ਪੰਥ ਦਾ ਨਗਰ ਨਹੀਂ ਵਸਾਉਣਗੇ ਤਾਂ ਮਜਬੂਰਨ ਕਲਿਆਣ ਚੰਦ ਨੂੰ ਇਸ ਜ਼ਮੀਨ ਦੀ ਕੀਮਤ ਲੈਣੀ ਪਈ। ਮੌਜੂਦਾ ਕੀਰਤਪੁਰ ਵਿਚ ਇਨ੍ਹਾਂ ਸਾਰਿਆਂ ਪਿੰਡਾਂ ਦੀ ਜ਼ਮੀਨ ਦਾ ਕੁਝ-ਕੁਝ ਹਿੱਸਾ ਸ਼ਾਮਿਲ ਹੈ। ਭਾਵੇਂ ਗੁਰੂ ਸਾਹਿਬ ਨੇ ਕੀਰਤਪੁਰ ਵਸਾ ਤਾਂ ਲਿਆ ਸੀ ਪਰ ਉਨ੍ਹਾਂ ਨੇ ਏਥੇ 1635 ਵਿਚ ਹੀ ਰਹਿਣਾ ਸ਼ੁਰੂ ਕੀਤਾ ਸੀ। 12 ਫ਼ਰਵਰੀ 1637 ਦੇ ਦਿਨ ਬਿਲਾਸਪੁਰ ਦੇ ਰਾਜੇ ਕਲਿਆਣ ਚੰਦ ਦੀ ਮੌਤ ਹੋ ਗਈ। ਗੁਰੂ ਸਾਹਿਬ ਉਸ ਦੀ ਆਖ਼ਰੀ ਰਸਮ ਵਾਸਤੇ ਬਿਲਾਸਪੁਰ ਪੁੱਜੇ।

1847: ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰਨ ਦੀ ਸਕੀਮ ਰਚੀ ਗਈ

ਲਾਹੌਰ ਦੀ ਅਸਲ ਤਾਕਤ ਆਪਣੇ ਹੱਥ ਵਿਚ ਲੈਣ ਮਗਰੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਦੇ ਪਲਾਨ ਹੇਠ, ਸਭ ਤੋਂ ਪਹਿਲਾ ਵਾਰ ਰਾਣੀ ਜਿੰਦਾਂ 'ਤੇ ਕਰਨ ਦੀ ਤਰਕੀਬ ਬਣਾਉਣੀ ਸ਼ੁਰੂ ਕੀਤੀ । ਫ਼ਰੈਡਰਿਕ ਕੱਰੀ ਚਾਹੁੰਦਾ ਸੀ ਕਿ ਰਾਣੀ ਨੂੰ ਲਾਹੌਰ ਚੋਂ ਬਾਹਰ ਭੇਜਿਆ ਜਾਵੇ ਕਿਉਂਕਿ ਇਕ ਉਹੀ ਸੀ ਜਿਹੜੀ ਅੰਗਰੇਜ਼ਾਂ ਦੇ ਰਾਹ ਦਾ ਰੋੜਾ ਸੀ। ਲੋਕ ਉਸ ਦੀ ਇੱਜ਼ਤ ਵੀ ਕਰਦੇ ਸਨ ਤੇ ਉਸ ਦਾ ਕਿਹਾ ਵੀ ਮੰਨਦੇ ਸਨ। ਪਰ ਗਵਰਨਰ ਜਨਰਲ ਇਸ ਦੇ ਹੱਕ ਵਿਚ ਨਹੀਂ ਸੀ ਕਿ ਉਸ ਨੂੰ ਉਸ ਦੇ ਨਾਬਾਲਗ ਪੁਤਰ ਤੋਂ ਵਖਰਾ ਕਰ ਦਿਤਾ ਜਾਵੇ, ਕਿਉਂ ਕਿ ਇਸ ਕਾਰਵਾਈ ਨਾਲ ਸਿੱਖਾਂ ਵਿਚ ਰੋਸ ਫ਼ੈਲ ਜਾਣ ਦਾ ਡਰ ਸੀ। ਫ਼ਰਵਰੀ 1847 ਵਿਚ ਲਾਹੌਰ ਦਰਬਾਰ ਦੇ ਇਕ ਵਫ਼ਾਦਾਰ ਭਾਈ ਪਰੇਮਾ ਸਿੰਘ ਨੇ ਪਲਾਨ ਬਣਾਈ ਕਿ ਗ਼ਦਾਰ ਤੇਜਾ ਸਿੰਹ ਤੇ ਅੰਗਰੇਜ਼ ਰੈਜ਼ੀਡੈਂਟ ਨੂੰ, ਉਨ੍ਹੀਂ ਦਿਨੀ ਸ਼ਾਲੀਮਾਰ ਬਾਗ਼ ਵਿਚ ਹੋਣ ਵਾਲੇ ਇਕ ਸਮਾਗਮ ਵਿਚ, ਕਤਲ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰ ਕੇ, ਅੰਗਰੇਜ਼ਾਂ ਨੂੰ ਕੱਢਣ ਵਾਸਤੇ ਮੁਹਿੰਮ ਚਲਾਈ ਜਾਏ। ਪਰ ਅੰਜਾਮ ਹੋਣ ਤੋਂ ਪਹਿਲਾਂ ਹੀ ਇਸ ਪਲਾਨ ਦੀ ਸੂਹ ਅੰਗਰੇਜ਼ਾਂ ਨੂੰ ਮਿਲ ਗਈ। ਭਾਈ ਪਰੇਮਾ ਸਿੰਘ ਤੇ ਉਸ ਦੇ ਸਾਥੀਆਂ ਨੂੰ

ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਾਜ਼ਿਸ਼ ਨੂੰ ਅਧਾਰ ਬਣਾ ਕੇ ਰਾਣੀ 'ਤੇ ਵੀ ਮੁਕੱਦਮਾ ਚਲਾਉਣ ਦੀ ਸੋਚੀ ਗਈ। ਅੰਗਰੇਜ਼ਾਂ ਦਾ ਇਲਜ਼ਾਮ ਸੀ ਕਿ ਭਾਈ ਪਰੇਮਾ ਸਿੰਘ ਨੂੰ ਭਾਈ ਮਹਾਰਾਜ ਸਿੰਘ (ਨੌਰੰਗਾਬਾਦੀ) ਅਤੇ ਰਾਣੀ ਦੀ ਹਿਮਾਇਤ ਹਾਸਿਲ ਸੀ। ਪਰ ਮਹਾਰਾਣੀ ਖ਼ਿਲਾਫ਼ ਕੋਈ ਸਬੂਤ ਨਹੀਂ ਸੀ, ਸਿਵਾਏ ਇਸ ਦੇ ਕਿ ਉਸ ਦਾ ਮੁਨਸ਼ੀ ਬੂਟਾ ਸਿੰਘ (ਜੋ ਮਗਰੋਂ ਸਿੰਘ ਸਭਾ ਲਹਿਰ ਦਾ ਆਗੂ ਬਣਿਆ ਸੀ) ਭਾਈ ਪਰੇਮਾ ਸਿੰਘ ਨੂੰ ਦੋ ਵਾਰ ਮਿਲਿਆ ਸੀ। ਅੰਗਰੇਜ਼ ਰੈਜ਼ੀਡੈਂਟ ਦੀ ਰਾਣੀ ਜਿੰਦਾਂ 'ਤੇ ਕੇਸ ਚਲਾਉਣ ਦੀ ਸਿਫ਼ਾਰਸ਼ ਨੂੰ ਗਵਰਨਰ ਜਨਰਲ ਨੇ ਰੱਦ ਕਰ ਦਿਤਾ ਕਿਉਂਕਿ ਬੂਟਾ ਸਿੰਘ ਵਾਲਾ ਸਬੂਤ ਕਮਜ਼ੋਰ-ਜਹੀ ਗੱਲ ਸੀ ਜੋ ਲੋਕਾਂ ਨੂੰ ਹਜ਼ਮ ਨਹੀਂ ਹੋਣੀ ਸੀ।

1985: ਖਾੜਕੂਆਂ ਵੱਲੋਂ ਪ੍ਰੀਤਮ ਸਿੰਘ ਗ੍ਰੰਥੀ 'ਤੇ ਹਮਲਾ

ਫ਼ੌਜੀ ਹਮਲੇ ਵਿਚ ਤਬਾਹ ਹੋਈ ਅਕਾਲ ਤਖ਼ਤ ਦੀ ਈਮਾਰਤ ਦੀ ਮੁਰੰਮਤ ਦੀ ਸਾਰੀ ਕਾਰਵਾਈ 'ਸਕਿਪਰ ਬਿਲਡਰਜ਼' ਨਾਂ ਦੀ ਫ਼ਰਮ, ਜਿਸ ਦਾ ਮਾਲਕ ਤੇਜਵੰਤ ਸਿੰਘ ਸੀ (ਕੁਝ ਸਾਲ ਮਗਰੋਂ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੇ ਇਸੇ ਤੇਜਵੰਤ ਸਿੰਘ ਨੂੰ ਆਪਣੇ 'ਅਕਾਲੀ ਦਲ' ਦਾ ਦਿੱਲੀ ਦਾ ਚੀਫ਼ ਬਣਾਇਆ ਸੀ), ਦੀ ਨਿਗਰਾਨੀ ਹੇਠ ਅਤੇ ਸਰਕਾਰੀ ਖ਼ਰਚੇ ਨਾਲ, ਮਜ਼ਦੂਰ ਲਾ ਕੇ, ਸ਼ੁਰੂ ਕੀਤੀ ਗਈ। ਪੀ.ਡਬਲਯੂ.ਡੀ. ਮਹਿਕਮੇ ਦੇ ਸਾਬਕ ਚੀਫ਼ ਇੰਜੀਨੀਅਰ ਪੰਡਤ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਬਹੁਤੇ ਮਜ਼ਦੂਰ ਰਾਜਸਥਾਨ, ਉੱਤਰ ਪ੍ਰਦੇਸ਼ ਵਗੈਰਾ ਤੋਂ ਲਿਆਂਦੇ ਗਏ ਸਨ। ਮਲਬਾ ਅੰਮ੍ਰਿਤਸਰ ਦੇ ਜਮਾਂਦਾਰਾਂ ਤੋਂ ਚੁਕਵਾਇਆ ਗਿਆ ਸੀ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਰੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ 'ਤੇ ਆਪਣੀ ਸਲਾਹ ਤੇ ਅਗਵਾਈ ਦੇਂਦੇ ਰਹੇ। ਇਸ ਕਰ ਕੇ ਖਾੜਕੂ ਇਨ੍ਹਾਂ ਪੁਜਾਰੀਆਂ ਤੇ ਗ੍ਰੰਥੀਆਂ ਨੂੰ ਨਫ਼ਰਤ ਕਰਦੇ ਸਨ। ਇਨ੍ਹਾਂ ਗ੍ਰੰਥੀਆਂ ਵਿਚੋਂ ਵੀ ਕਿਰਪਾਲ ਸਿੰਘ ਨੂੰ ਸਿੱਖ ਸਭ ਤੋਂ ਵਧ ਨਫ਼ਰਤ ਕਰਦੇ ਸਨ। ਫਿਰ ਇਨ੍ਹਾਂ ਪੁਜਾਰੀਆਂ ਨੇ ਜ਼ੈਲ ਸਿੰਘ ਨੂੰ 27 ਸਤੰਬਰ 1984 ਦੇ ਦਿਨ ਅਕਾਲ ਤਖ਼ਤ ਤੋਂ ਬਰੀ ਵੀ ਕੀਤਾ ਸੀ। ਇਸ ਕਰ ਕੇ ਖਾੜਕੂ ਇਨ੍ਹਾਂ ਪੁਜਾਰੀਆਂ ਨੂੰ ਸਜ਼ਾ ਦੇਣੀ ਚਾਹੁੰਦੇ ਸਨ। ਉਨ੍ਹਾਂ ਕਿਰਪਾਲ ਸਿੰਘ 'ਤੇ 2 ਵਾਰ ਹਮਲਾ ਕੀਤਾ ਪਰ ਉਹ ਬਚ ਗਿਆ। ਖਾੜਕੂਆਂ ਨੇ 12 ਫਰਵਰੀ 1987 ਦੇ ਦਿਨ ਪ੍ਰੀਤਮ ਸਿੰਘ ਉੱਤੇ ਵੀ ਹਮਲਾ ਕੀਤਾ ਪਰ ਉਹ ਵੀ ਬਚ ਗਿਆ।

1987: ਪੁਲਸ ਨੇ ਭਾਈ ਮਨਜੀਤ ਸਿੰਘ ਖਜਾਲਾ ਦੇ ਹੱਥ ਵੱਢ ਕੇ ਖਾੜਕੂਆਂ ਨੂੰ ਡਰਾਉਣ ਵਾਸਤੇ ਨੁਮਾਇਸ਼ ਵਾਸਤੇ ਰੱਖੇ

12 ਫਰਵਰੀ 1987 ਦੇ ਦਿਨ ਭਾਈ ਮਨਜੀਤ ਸਿੰਘ ਖਜਾਲਾ (ਵਾਸੀ ਛੋਟੀਆਂ ਸਨਾਵਾਂ, ਜ਼ਿਲਾ ਗੁਰਦਾਸਪੁਰ), ਜੋ ਖ਼ਾਲਿਸਤਾਨ ਆਰਮਡ ਫੋਰਸਿਜ਼ ਆਗੂ ਸੀ, ਨੂੰ ਘਰਿੰਡਾ (ਜ਼ਿਲਾ ਅੰਮ੍ਰਿਤਸਰ) ਵਿਚ ਨਕਲੀ ਮੁਕਾਬਲੇ ਵਿਚ ਮਰਿਆ ਵਿਖਾ ਦਿੱਤਾ ਗਿਆ। ਦਰਅਸਲ ਉਸ ਨੂੰ 10 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋ ਦਿਨ ਉਸ 'ਤੇ ਮਾਲ ਮੰਡੀ ਅੰਮ੍ਰਿਤਸਰ ਦੇ ਟਾਰਚਰ ਸੈਂਟਰ ਵਿਚ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਸੀ। ਜਦ ਉਹ ਕੁਝ ਨਾ ਬੋਲਿਆ ਤਾਂ ਉਸ ਦੇ ਦੋਵੇਂ ਹੱਥ ਵੱਢ ਦਿੱਤੇ ਗਏ (ਇਹ ਹੱਥ ਕਾਫ਼ੀ ਦੇਰ ਤਕ ਉੱਥੇ ਨੁਮਾਇਸ਼ ਦੇ ਤੌਰ 'ਤੇ ਰੱਖੇ ਗਏ ਤਾਂ ਜੋ ਸਿੱਖ ਨੌਜਵਾਨਾਂ ਵਿਚ ਇਹ ਦਿਖਾ ਕੇ ਉਨ੍ਹਾਂ ਵਿਚ ਦਹਿਸ਼ਤ ਤੇ ਡਰ ਪੈਦਾ

ਕੀਤਾ ਜਾ ਸਕੇ)। ਇਸੇ ਦਿਨ ਸ਼ਾਮ ਨੂੰ ਮਨਜੀਤ ਸਿੰਘ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ।

1987: ਲੁਧਿਆਣਾ ਬੈਂਕ ਵਿਚ ਪੰਜਾਬ ਦੀ ਤਵਾਰੀਖ਼ ਦਾ ਸਭ ਤੋਂ ਵੱਡਾ ਡਾਕਾ ਮਾਰਿਆ ਗਿਆ

12 ਫਰਵਰੀ 1987 ਦੇ ਦਿਨ ਖਾੜਕੂਆਂ ਨੇ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ 'ਚ ਡਾਕਾ ਮਾਰ ਕੇ 5 ਕਰੋੜ 70 ਲੱਖ ਰੁਪਏ ਦੀ ਰਕਮ ਲੁੱਟ ਲਈ; ਉਸ ਵੇਲੇ ਤੱਕ ਪੰਜਾਬ ਦੀ ਤਵਾਰੀਖ਼ ਦਾ ਇਹ ਸਭ ਤੋਂ ਵੱਡਾ ਬੈਂਕ ਡਾਕਾ ਸੀ। ਪੰਜਾਬ ਨੈਸ਼ਨਲ ਬੈਂਕ ਦੇ ਡਾਕੇ 'ਚ ਪੁਲਸ ਨੇ 28 ਸਿੱਖਾਂ ਨੂੰ ਨਾਮਜ਼ਦ ਕੀਤਾ ਸੀ। 21 ਨਵੰਬਰ 2012 ਦੇ ਦਿਨ ਸਪੈਸ਼ਲ ਟਾਡਾ ਅਦਾਲਤ ਨੇ ਰੱਦ ਹੋਏ ਟਾਡਾ ਕਾਨੂੰਨ ਹੇਠ, ਇਸ ਡਾਕੇ ਦੇ ਕੇਸ ਵਿਚ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਗੁਰਨਾਮ ਸਿੰਘ ਰੱਟਣ (ਲੁਧਿਆਣਾ), ਹਰਜਿੰਦਰ ਸਿੰਘ ਲਲਤੋਂ (ਲੁਧਿਆਣਾ), ਬਲਵਿੰਦਰ ਸਿੰਘ ਟੌਲੀ (ਨੇੜੇ ਨਕੋਦਰ, ਜਲੰਧਰ), ਮੋਹਨ ਸਿੰਘ ਕਰਤਾਰਪੁਰ (ਲੁਧਿਆਣਾ), ਸਰੂਪ ਸਿੰਘ ਜਲੰਧਰ, ਗੁਰਜੰਟ ਸਿੰਘ ਜਗਰਾਓਂ (ਲੁਧਿਆਣਾ), ਅਵਤਾਰ ਸਿੰਘ ਜਲੰਧਰ, ਹਰਭਜਨ ਸਿੰਘ ਨਕੋਦਰ, ਆਸਾ ਸਿੰਘ ਹੁਸ਼ਿਆਰਪੁਰ (ਉਮਰ 93 ਸਾਲ), ਮਾਨ ਸਿੰਘ ਲੁਧਿਆਣਾ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਕੇਸ ਵਿਚ 28 ਹੋਰ ਲੋਕ ਵੀ ਨਾਮਜ਼ਦ ਸਨ ਜਿਨ੍ਹਾਂ ਵਿਚੋਂ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਦਿੱਤੀ ਜਾ ਚੁਕੀ ਸੀ ਤੇ 26 ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਮਾਰਿਆ ਜਾ ਚੁਕਾ ਸੀ।

1987: ਖਾੜਕੂਆਂ ਨੇ ਅਨੋਖ ਸਿੰਘ ਨੂੰ ਪੁਲਸ ਹਿਰਾਸਤ ਵਿਚੋਂ ਛੁਡਵਾਇਆ

12 ਫਰਵਰੀ 1987 ਦੇ ਦਿਨ ਖਾੜਕੂਆਂ ਨੇ ਲੁਧਿਆਣਾ ਦੀਆਂ ਕਚਹਿਰੀਆਂ ਵਿਚ ਐਕਸ਼ਨ ਕਰ ਕੇ ਬਬਰ ਖਾਲਸਾ ਦੇ ਅਨੋਖ ਸਿੰਘ ਨੂੰ ਪੁਲੀਸ ਕੋਲੋਂ ਛੁਡਵਾ ਲਿਆ।

1987: ਬਲਬੀਰ ਸਿੰਘ ਬੀਰਾ ਫਿਲੌਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ ਬੀਰਾ (ਵਾਸੀ ਫਿਲੌਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਹਰਜਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1988 ਦੇ ਦਿਨ ਪੁਲਸ ਨੇ ਸਿੱਖ ਨੌਜਵਾਨ ਹਰਜਿੰਦਰ ਸਿੰਘ ਨੂੰ ਬਾਬਾ ਬਕਾਲਾ ਵਿਚ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਪ੍ਰਕਾਸ਼ ਸਿੰਘ ਪੱਪੂ ਤੇ ਧਰਮ ਸਿੰਘ ਧਰਮਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1988 ਦੇ ਦਿਨ ਪੁਲਸ ਨੇ ਪ੍ਰਕਾਸ਼ ਸਿੰਘ ਉਰਫ਼ ਪੱਪੂ ਤੇ ਉਸ ਦੇ ਭਰਾ ਧਰਮ ਸਿੰਘ ਉਰਫ਼ ਧਰਮਾ (ਪੁਤਰ ਸਿੰਗਾਰਾ ਸਿੰਘ, ਵਾਸੀ ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਿਰਮਲ ਸਿੰਘ ਨਿੰਮਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਨਿਰਮਲ ਸਿੰਘ ਨਿੰਮਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਿਲਬਾਗ ਸਿੰਘ, ਗੁਰਦੇਵ ਸਿੰਘ ਮੁਹਾਵਾ ਸੋਹਲ ਤੇ ਹੋਰ ਬਹੁਤ ਸਾਰੇ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ ਤੇ ਗੁਰਦੇਵ ਸਿੰਘ ਮੁਹਾਵਾ (ਦੋਵੇਂ ਵਾਸੀ ਸੋਹਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਤਕਰੀਬਨ ਇਨ੍ਹੀਂ ਦਿਨੀ ਹੀ ਲਖਬੀਰ ਸਿੰਘ ਕਲੇਰ, ਜੀਤ ਸਿੰਘ ਉਰਫ਼ ਧੌਤੂ (ਵਾਸੀ ਠੱਠੀਵਾੜਾ, ਅੰਮ੍ਰਿਤਸਰ), ਸੁਰਿੰਦਰ ਸਿੰਘ ਉਰਫ਼ ਇੰਦਰਜੀਤ ਸਿੰਘ (ਵਾਸੀ ਹੇਰਾ, ਲੁਧਿਆਣਾ), ਸਵਰਨ ਸਿੰਘ ਉਰਫ਼ ਸੋਨਾ ਭਾਈਆਂ, ਮਾਖੀ ਕਲਸੀਆਂ, ਰਛਪਾਲ ਸਿੰਘ ਗੜਾਏਕੇ, ਸੁਖਦੇਵ ਸਿੰਘ ਲਾਡੀ (ਵਾਸੀ ਗੱਡੀਵਿੰਡ, ਅੰਮ੍ਰਿਤਸਰ), ਸਹਿਬ ਸਿੰਘ ਚੰਦੀ (ਵਾਸੀ ਲੁਧਿਆਣਾ), ਸਿਕੰਦਰ ਸਿੰਘ ਸ਼ੰਟੀ, ਪ੍ਰੇਮ ਸਿੰਘ ਫੌਜੀ ਬਬਰ (ਵਾਸੀ ਲਾਲੇ ਨੰਗਲ, ਗੁਰਦਾਸਪੁਰ), ਸਰਬਜੀਤ ਸਿੰਘ (ਵਾਸੀ ਲਾਲੂ ਨੰਗਲ, ਗੁਰਦਾਸਪੁਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ।

1992: ਕੁਲਵੰਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1992 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ (ਪੁਤਰ ਪ੍ਰੇਮ ਸਿੰਘ, ਵਾਸੀ ਬਲਾਸਪੁਰ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਮਹਿੰਦਰ ਸਿੰਘ, ਅਵਤਾਰ ਸਿੰਘ, ਨਿਰਮਲ ਸਿੰਘ, ਜਸਵਿੰਦਰ ਸਿੰਘ ਸੰਜੂ, ਕਮਲਜੀਤ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

12 ਫ਼ਰਵਰੀ 1993 ਦੇ ਦਿਨ ਪੁਲਸ ਨੇ ਮਹਿੰਦਰ ਸਿੰਘ (ਪੁਤਰ ਕਰਮ ਸਿੰਘ, ਵਾਸੀ ਛੱਪਲ, ਜ਼ਿਲ੍ਹਾ ਪਟਿਆਲਾ), ਅਵਤਾਰ ਸਿੰਘ (ਪੁਤਰ ਕਰਨੈਲ ਸਿੰਘ, ਵਾਸੀ ਆਕੜ, ਜ਼ਿਲ੍ਹਾ ਪਟਿਆਲਾ), ਨਿਰਮਲ ਸਿੰਘ, ਜਸਵਿੰਦਰ ਸਿੰਘ ਸੰਜੂ, ਕਮਲਜੀਤ ਸਿੰਘ ਤੇ 2 ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ

1997: ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਬਣਿਆ

6 ਫ਼ਰਵਰੀ 1997 ਦੇ ਦਿਨ ਹੋਈਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਧੜੇ ਨੇ ਜ਼ਬਰਦਸਤ ਜਿਤ ਹਾਸਿਲ ਕੀਤੀ। ਉਨ੍ਹਾਂ ਨੂੰ 37 ਫ਼ੀ ਸਦੀ ਵੋਟਾਂ (1996 ਲੋਕ ਸਭਾ ਵਿਚ ਇਹ 28 ਫ਼ੀ ਸਦੀ ਸਨ) ਹਾਸਿਲ ਹੋਈਆਂ। ਕਾਂਗਰਸ ਪਾਰਟੀ ਨੂੰ 26 (1996 ਵਿਚ 35 ਫ਼ੀ ਸਦੀ), ਭਾਰਤੀ ਜਨਤਾ ਪਾਰਟੀ ਨੂੰ 8 (1996 ਵਿਚ 6 ਫ਼ੀ ਸਦੀ), ਬਹੁਜਨ ਸਮਾਜ ਪਾਰਟੀ ਨੂੰ 7 (1996 ਵਿਚ 9) ਫ਼ੀ ਸਦੀ ਵੋਟਾਂ ਮਿਲੀਆਂ। ਅਕਾਲੀ ਦਲ ਨੇ 75, ਭਾਜਪਾ ਨੇ 18, ਅਕਾਲੀ ਦਲ (ਅੰਮ੍ਰਿਤਸਰ) ਨੇ ਇਕ ਤੇ ਕਾਂਗਰਸ ਨੇ ਸਿਰਫ਼ 13 ਸੀਟਾਂ ਜਿੱਤੀਆਂ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ (ਬਾਦਲ-ਟੌਹੜਾ) ਨੂੰ ਮਾਝੇ ਵਿਚ 16 ਫ਼ੀ ਸਦੀ ਵਧ ਵੋਟਾਂ ਹਾਸਿਲ ਹੋਈਆਂ ਸਨ। ਦੁਆਬਾ 'ਚ ਇਹੀ ਵਾਧਾ 12 ਫ਼ੀ ਸਦੀ ਤੇ ਬਾਦਲ ਦੇ ਆਪਣੇ ਗੜ੍ਹ ਮਾਲਵੇ ਵਿਚ ਸਿਰਫ਼ 4 ਫ਼ੀ ਸਦੀ ਸੀ। ਬਾਦਲ 12 ਫ਼ਰਵਰੀ 1997 ਦੇ ਦਿਨ ਚੀਫ਼ ਮਨਿਸਟਰ ਬਣ ਗਿਆ। ਉਸ ਨੇ ਪਹਿਲੇ ਬੈਚ ਵਿਚ ਕੈਪਟਨ ਕੰਵਲਜੀਤ, ਸਰੂਪ ਸਿੰਘ ਜਲੰਧਰ, ਉਪਿੰਦਰਜੀਤ ਕੌਰ (ਆਤਮਾ ਸਿੰਘ ਦੀ ਧੀ), ਰਣਜੀਤ ਸਿੰਘ ਬ੍ਰਹਮਪੁਰਾ, ਪ੍ਰਕਾਸ਼ ਸਿੰਘ ਮਜੀਠਾ, ਗੁਰਦੇਵ ਸਿੰਘ ਬਾਦਲ ਅਤੇ (ਟੌਹੜਾ ਦਾ ਸਾਥ ਛੱਡਣ ਦੀ ਸ਼ਰਤ 'ਤੇ) ਨਿਰਮਲ

ਸਿੰਘ ਕਾਹਲੋਂ ਨੂੰ ਵਜ਼ੀਰ ਬਣਾਇਆ। ਭਾਜਪਾ 'ਚੋਂ ਬਲਰਾਮਜੀ ਦਾਸ ਟੰਡਨ ਤੇ ਮਦਨ ਮੋਹਨ ਮਿੱਤਲ ਵਜ਼ੀਰ ਬਣਾਏ ਗਏ।

2012: ਦਿੱਲੀ ਦੀ ਕਾਂਗਰਸ ਸਰਕਾਰ ਨੇ ਖ਼ੂਨੀ ਨਵੰਬਰ 1984 ਦੌਰਾਨ ਸਿੱਖਾਂ ਦੇ ਕਾਤਲਾਂ ਵਿਚੋਂ ਇਕ ਕਿਸ਼ੋਰੀ ਲਾਲ ਨੂੰ ਰਿਹਾ ਕਰਨ ਦੀ ਸਾਜ਼ਸ਼ ਰਚੀ

12 ਫ਼ਰਵਰੀ 2012 ਦੇ ਦਿਨ ਦਿੱਲੀ ਵਿਚ ਕਾਂਗਰਸ ਪਾਰਟੀ ਦੀ ਚੀਫ਼ ਮਨਿਸਟਰ ਸ਼ੀਲਾ ਦੀਕਸ਼ਤ ਦੀ ਸਿਫ਼ਾਰਸ਼ 'ਤੇ ਗਵਰਨਰ ਤੇਜਿੰਦਰ ਖੰਨਾ ਨੇ ਖ਼ੂਨੀ ਨਵੰਬਰ 1984 ਦੌਰਾਨ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੇ ਸੈਂਕੜੇ ਕਾਤਲਾਂ ਵਿਚੋਂ, 30 ਸਿੱਖਾਂ ਨੂੰ ਮਾਰਨ ਵਾਲੇ, ਇਕ ਕਿਸ਼ੋਰੀ ਲਾਲ ਦੀ ਸਜ਼ਾ ਮੁਆਫ਼ ਕਰ ਕੇ ਉਸ ਨੂੰ ਰਿਹਾ ਕਰਨ ਦਾ ਫ਼ੈਸਲਾ ਕੀਤਾ। ਪਰ ਜਦ ਇਸ ਦਾ ਰਾਜ਼ ਬਾਹਰ ਨਿਕਲਿਆ ਤਾਂ ਸਿੱਖਾਂ ਦੇ ਰੋਹ ਤੇ ਰੋਸ ਕਾਰਨ ਇਹ ਫ਼ੈਸਲਾ 'ਮੁਲਤਵੀ' ਕਰ ਦਿੱਤਾ। ਇਸ ਕਿਸ਼ੋਰੀ ਲਾਲ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਸੀ ਪਰ ਮਗਰੋਂ ਅਦਾਲਤ ਨੇ ਇਸ 'ਤੇ 'ਰਹਿਮ' ਕਰ ਕੇ ਇਸ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ ਪਰ ਦੂਜੇ ਪਾਸੇ ਦਵਿੰਦਰ ਸਿੰਘ ਭੁੱਲਰ ਅਤੇ ਕਈ ਹੋਰ ਸਿੱਖਾਂ ਨੂੰ ਬਿਨਾ ਕਿਸੇ ਸਬੂਤ ਦੇ ਫ਼ਾਂਸੀ ਦੀ ਸਜ਼ਾ ਦਿੱਤੀ ਸੀ।

2014: ਸ਼੍ਰੋਮਣੀ ਕਮੇਟੀ ਦਾ ਹਰ ਫ਼ੈਸਲਾ ਬਾਦਲ ਦੀ ਮਨਜ਼ੂਰੀ ਨਾਲ ਹੁੰਦਾ ਹੈ

12 ਫ਼ਰਵਰੀ 2014 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ: "ਅਸੀਂ ਸ਼੍ਰੋਮਣੀ ਕਮੇਟੀ ਦਾ ਹਰ ਫ਼ੈਸਲਾ ਬਾਦਲ ਦੀ ਮਨਜ਼ੂਰੀ ਨਾਲ ਲੈਂਦੇ ਹਾਂ।" 14 ਫ਼ਰਵਰੀ ਦੇ ਦਿਨ ਬਾਦਲ ਨੇ ਇਸ ਦੇ ਜਵਾਬ ਵਿਚ ਕਿਹਾ: "ਪਰ ਦਰਬਾਰ ਸਾਹਿਬ ਵਿਚ 1984 ਜੂਨ ਦੇ ਸ਼ਹੀਦਾਂ ਦੀ ਯਾਦਗਾਰ ਵਾਸਤੇ ਮੱਕੜ ਨੇ ਮੇਰੇ ਤੋਂ ਨਹੀਂ ਪੁੱਛਿਆ ਸੀ।"

13 ਫ਼ਰਵਰੀ

1870: ਨਿਰੰਕਾਰੀ ਮੁਖੀ ਦਰਬਾਰਾ ਸਿੰਘ ਦੀ ਮੌਤ

ਰਣਜੀਤ ਸਿੰਘ ਦੇ ਰਾਜ ਵਿਚ ਸਿੱਖ ਸਮਾਜ ਵਿਚ ਬ੍ਰਾਹਮਣੀ ਰਸਮਾਂ (ਕਰਮ ਕਾਂਡ) ਦਾ ਬੇਹਿਸਾਬ ਦਾਖ਼ਲਾ ਹੋਇਆ। ਅੰਗਰੇਜ਼ਾਂ ਦਾ ਰਾਜ ਆਉਣ ਮਗਰੋਂ ਇਸ ਵਿਚ ਹੋਰ ਵਾਧਾ ਹੋਇਆ। ਬ੍ਰਾਹਮਣੀ ਅਸਰ ਦੇ ਖ਼ਿਲਾਫ਼ ਪਹਿਲੀ ਜੱਦੋਜਹਿਦ ਪਠੋਹਾਰ ਦੇ 'ਬਾਬਾ' ਦਿਆਲ (1783-1855) ਨੇ ਸ਼ੁਰੂ ਕੀਤੀ ਸੀ। ਉਸ ਨੇ 1851 ਵਿਚ ਰਾਵਲਪਿੰਡੀ ਵਿਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਉਸ ਨੇ ਸਿੱਖਾਂ ਦੀ ਜ਼ਿੰਦਗੀ ਵਿਚੋਂ ਬ੍ਰਾਹਮਣੀ ਸਸਕਾਰ ਹੀ ਨਹੀਂ ਬਲਕਿ ਸਾਰੇ ਕਰਮ ਕਾਂਡ ਕੱਢਣ ਵਾਸਤੇ ਵੀ ਕੋਸ਼ਿਸ਼ਾਂ ਕੀਤੀਆਂ। ਉਸ ਨੇ ਅੱਗ ਦੁਆਲੇ ਫੇਰੇ, ਸਰਾਧ, ਸੂਤਕ-ਪਾਤਕ, ਮਹੂਰਤ ਵਗ਼ੈਰਾ ਨੂੰ ਸਿੱਖੀ ਵਿਚੋਂ ਜਲਾਵਤਨ ਕੀਤਾ। ਉਸ ਦੀ ਮੌਤ 30 ਜਨਵਰੀ 1855 ਦੇ ਦਿਨ ਹੋਈ। ਉਸ ਮਗਰੋਂ ਉਸ ਦਾ ਪੁੱਤਰ ਦਰਬਾਰਾ ਸਿੰਘ ਨਿਰੰਕਾਰੀ ਦਰਬਾਰ ਦਾ ਮੁਖੀ ਬਣਿਆ। ਦਰਬਾਰਾ ਸਿੰਘ ਬਹੁਤ ਤੇਜ਼ ਸ਼ਖ਼ਸ ਸੀ; ਉਸ ਨੇ ਨਿਰੰਕਾਰੀ ਲਹਿਰ ਦਾ ਖ਼ੂਬ ਪਰਚਾਰ ਕੀਤਾ। ਜਿੱਥੇ ਦਿਆਲ ਦਾ ਦਾਇਰਾ ਸਿਰਫ਼ ਰਾਵਲਪਿੰਡੀ ਅਤੇ ਇਸ ਦੇ ਨੇੜੇ ਤੇੜੇ ਦਾ ਇਲਾਕਾ ਰਿਹਾ ਸੀ ਉਥੇ ਦਰਬਾਰਾ ਸਿੰਘ ਨੇ ਇਸ ਲਹਿਰ ਨੂੰ ਦੂਰ ਦੂਰ ਤਕ ਫੈਲਾਉਣ ਵਾਸਤੇ ਅਣਥਕ ਕੋਸ਼ਿਸ਼ਾਂ ਕੀਤੀਆਂ। ਉਸ ਵੇਲੇ ਤਕ ਸਿੱਖਾਂ ਵਿਚ ਦੋ ਤਰ੍ਹਾਂ ਨਾਲ ਵਿਆਹ ਹੋਇਆ ਕਰਦੇ ਸਨ; ਜਿਹੜੇ ਗੁਰਮਤਿ ਦੇ ਧਾਰਨੀ ਸਨ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਾੜੇ ਅਤੇ ਲਾੜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹਾ ਕਰ ਕੇ ਸੰਗਤ

ਦੀ ਮਨਜ਼ੂਰੀ ਨਾਲ ਸਿਰਫ਼ ਅਰਦਾਸ ਕਰ ਕੇ ਹੀ ਅਨੰਦ ਕਾਰਜ ਕਰਿਆ ਕਰਦੇ ਸਨ ਤੇ ਕੋਈ ਸੂਝਵਾਨ ਸਿੱਖ ਉਨ੍ਹਾਂ ਨੂੰ ਪਤੀ ਪਤਨੀ ਦੇ ਰਿਸ਼ਤੇ ਬਾਰੇ ਸਿਖਿਆ ਦਿਆ ਕਰਦਾ ਸੀ। ਸਿੱਖ ਇਸ ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਵਿਚ ਆਏ ਲਾਵਾਂ ਦੇ ਸ਼ਬਦ ਦਾ ਕੀਰਤਨ ਵੀ ਕਰਿਆ ਕਰਦੇ ਸਨ। ਦੂਜੇ ਪਾਸੇ ਕੁਝ ਸਿੱਖ ਜੋ ਉਦਾਸੀਆਂ ਅਤੇ ਨਿਰਮਲਿਆਂ ਦੇ ਅਸਰ ਹੇਠ ਸਨ ਉਹ ਉਨ੍ਹਾਂ ਦੀ ਸਿਖਿਆ ਮੁਤਾਬਿਕ ਹਿੰਦੂ ਰੀਤੀ ਨਾਲ ਵੇਦੀ ਦੇ ਦੁਆਲੇ ਸਪਤਪਦੀ (ਸੱਤ ਫੇਰੇ) ਲੈ ਕੇ ਵਿਆਹ ਕਰਿਆ ਕਰਦੇ ਸਨ। ਉਸ ਵੇਲੇ ਬਹੁਤਿਆਂ ਗੁਰਦੁਆਰਿਆਂ ਉਤੇ ਅਤੇ ਬਹੁਤੇ ਪਿੰਡਾਂ ਵਿਚ ਉਦਾਸੀ ਅਤੇ ਨਿਰਮਲਿਆਂ ਮਹੰਤਾਂ ਦਾ ਕਬਜ਼ਾ ਸੀ। ਦਰਬਾਰਾ ਸਿੰਘ ਨੇ ਹਿੰਦੂ ਸਪਤਪਦੀ ਦਾ ਸਿੱਖੀ ਵਿਚ ਨਾਜਾਇਜ਼ ਦਖ਼ਲ ਖ਼ਤਮ ਕਰਨ ਵਾਸਤੇ ਇਕ ਨਵਾਂ ਤਰੀਕਾ ਲੱਭਿਆ; ਉਸ ਨੇ ਅੱਗ ਦੇ ਦੁਆਲੇ ਫੇਰੇ ਲੈਣ ਦੀ ਜਗਾਹ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਫੇਰੇ ਲੈਣ ਦੀ ਰੀਤ ਚਲਾ ਦਿੱਤੀ ਅਤੇ ਇਸ ਦੇ ਨਾਲ ਹੀ ਸਪਤਪਦੀ ਦੀ ਥਾਂ ਚਾਰਪਦੀ (ਚਾਰ ਲਾਵਾਂ) ਕਰ ਦਿੱਤੀਆਂ। ਉਸ ਨੇ ਇਹ ਲਾਵਾਂ ਲੈਂਦਿਆਂ ਤੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਵਿਚ ਆਏ ਲਾਵਾਂ ਦੇ ਸ਼ਬਦ ਦਾ ਕੀਰਤਨ ਵੀ ਸ਼ੁਰੂ ਕਰਵਾ ਦਿੱਤਾ।ਤੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਲਾਵਾਂ ਲੈ ਕੇ ਕੇ ਵਿਆਹ ਕਰਨ ਦੀ ਰਸਮ ਸਭ ਤੋਂ ਪਹਿਲਾਂ 13 ਮਾਰਚ 1855 ਦੇ ਦਿਨ ਕੀਤੀ ਗਈ ਸੀ। ਇਸ ਮਗਰੋਂ ਉਸ ਨੇ ਕੁਝ ਹੋਰ ਵਿਆਹ ਵੀ ਇਸ ਰੀਤੀ ਨਾਲ ਕਰਵਾਏ ਜਿਸ ਨਾਲ ਉਦਾਸੀ ਤੇ ਨਿਰਮਲੇ ਬਹੁਤ ਔਖੇ ਹੋਏ। ਇਸ ਸਮੇਂ ਉਸ ਨੇ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨਾਲ ਵੀ ਰਾਬਤਾ ਬਣਾਇਆ ਅਤੇ ਇਸ ਰੀਤੀ ਦੇ ਪ੍ਰਚਾਰ ਵਾਸਤੇ ਰਾਜ਼ੀ ਕਰ ਲਿਆ। ਉਨ੍ਹਾਂ ਨੇ ਇਸ ਰੀਤੀ ਨਾਲ ਵਿਆਹ ਕਰਨ ਵਾਸਤੇ 15 ਅਪਰੈਲ 1861 ਦਾ ਦਿਨ ਚੁਣਿਆ; ਇਸ ਦਿਨ ਬੂਟਾ ਸਿੰਘ ਅਤੇ ਮੀਰਾ ਦੇਈ (ਪੁਤਰੀ ਕਰਮ ਸਿੰਘ) ਦਾ ਵਿਆਹ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਲਾਵਾਂ ਪੜ੍ਹਦਿਆਂ ਫੇਰਿਆਂ ਨਾਲ ਕੀਤਾ ਜਾਣਾ ਸੀ। ਪਰ ਇਸ ਦੌਰਾਨ ਉਦਾਸੀ ਤੇ ਨਿਰਮਲੇ ਪੁਜਾਰੀਆਂ ਨੇ ਅਸਰ ਪਾ ਕੇ ਅਕਾਲ ਤਖ਼ਤ ਦੇ ਸਰਬਰਾਹ ਨੂੰ ਅਜਿਹਾ ਨਾ ਕਰਨ ਦੇਣ ਵਾਸਤੇ ਮਨਾ ਲਿਆ। ਉਦਾਸੀ ਤੇ ਨਿਰਮਲੇ ਵੀ ਸੱਚੇ ਸਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਰੋਜ਼ੀ ਖ਼ਤਮ ਹੋ ਜਾਣੀ ਸੀ। ਖ਼ੈਰ ਦਰਬਾਰ ਸਿੰਘ ਨੂੰ ਮਜਬੂਰੀ ਵਿਚ ਇਹ ਵਿਆਹ ਅਕਾਲ ਤਖ਼ਤ ਸਾਹਿਬ ਦੀ ਜਗਹ ਦਰਬਾਰ ਸਾਹਿਬ ਦੇ ਨੇੜੇ ਠਾਕਰ ਦਿਆਲ ਸਿੰਘ ਦੇ ਬੁੰਗੇ ਵਿਚ ਕਰਨਾ ਪਿਆ। ਖ਼ੈਰ ਇਸ ਮਗਰੋਂ ਹੋਰ ਵੀ ਸਿੱਖ ਇਸ ਤਰੀਕੇ ਨਾਲ ਵਿਆਹ ਕਰਨ ਲਗ ਪਏ। ਇਨ੍ਹਾਂ ਦਿਨਾਂ ਵਿਚ ਇਕ ਵਾਰ ਭੈਣੀ ਤੋਂ ਰਾਮ ਸਿੰਘ ਕੂਕਾ ਵੀ ਰਾਵਲਪਿੰਡੀ ਆਇਆ।ਦਰਬਾਰਾ ਸਿੰਘ ਨੇ ਉਸ ਨੂੰ ਇਸ ਤਰ੍ਹਾਂ ਦਾ ਇਕ ਵਿਆਹ ਦਿਖਾਇਆ ਜਿਸ ਨੂੰ ਰਾਮ ਸਿੰਘ ਕੂਕੇ ਨੇ ਵੀ ਬਹੁਤ ਸਲਾਹਿਆ ਅਤੇ ਉਸ ਨੇ ਵਾਪਿਸ ਭੈਣੀ ਜਾ ਕੇ ਕੁਝ ਵਿਆਹ ਇਸੇ ਤਰੀਕੇ ਨਾਲ ਕਰਵਾਏ। ਮਗਰੋਂ 1920 ਵਿਚ ਜਦ ਕੂਕੇ ਮਹੰਤਾਂ ਨਾਲ ਮਿਲ ਗਏ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਬੰਦ ਕਰ ਦਿੱਤਾ ਅਤੇ ਰਾਮ ਸਿੰਘ ਨੂੰ ਗੁਰੂ ਬਣਾਉਣ ਦਾ ਪਾਖੰਡ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਨੇ ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਜਗਹ ਅੱਗ ਦੁਆਲੇ ਵੇਦੀ ਗੱਡ ਕੇ ਫੇਰਿਆਂ ਦੀ ਰਸਮ ਸ਼ੁਰੂ ਕਰ ਲਈ (ਜਿਹੜੀ ਉਹ ਹੁਣ ਵੀ ਕਰਦੇ ਹਨ)। ਦਰਬਾਰਾ ਸਿੰਘ ਦੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਫੇਰਿਆਂ ਦੀ ਰਸਮ ਹੌਲੀ ਹੌਲੀ ਬਹੁਤ ਸਾਰੇ ਸਿੱਖਾਂ ਨੇ ਮਨਜ਼ੂਰ ਕਰ ਲਈ; ਭਾਵੇਂ ਕਾਫ਼ੀ ਅਨੰਦ ਕਾਰਜ ਅਜੇ ਵੀ ਸਿਰਫ਼ ਅਰਦਾਸ ਨਾਲ ਹੀ ਹੋਇਆ ਕਰਦੇ ਸਨ। ਦਰਬਾਰਾ ਸਿੰਘ ਆਪਣੇ ਜ਼ਮਾਨੇ ਵਿਚ ਬਹੁਤ ਹਰਮਨ ਪਿਆਰਾ ਹੋ ਗਿਆ ਸੀ। 13 ਫ਼ਰਵਰੀ 1870 ਦੇ ਦਿਨ ਉਹ ਚੜ੍ਹਾਈ ਕਰ ਗਿਆ। ਮਗਰੋਂ ਦਰਬਾਰਾ ਸਿੰਘ ਤੋਂ ਚੌਥੀ ਪੁਸ਼ਤ ਵਿਚ ਡਾ: ਮਾਨ ਸਿੰਘ ਨਿਰੰਕਾਰੀ (8.12.1911 - 11.5.2010) ਵੀ ਸਿੱਖਾਂ ਵਿਚ ਬਹੁਤ ਸਤਿਕਾਰਤ ਸ਼ਖ਼ਸੀਅਤ ਰਿਹਾ।

1988: ਜੁਗਰਾਜ ਸਿੰਘ ਰਾਜੂ, ਜਗਤਾਰ ਸਿੰਘ, ਸੁਰਜੀਤ ਸਿੰਘ ਸੀਤਾ, ਦਯਾ ਸਿੰਘ ਚੋਹਲਾ ਸਾਹਿਬ ਅਤੇ ਬਲਬੀਰ ਸਿੰਘ ਵਚਨ ਨਕਲੀ ਮੁਕਾਬਲੇ ਵਿਚ ਸ਼ਹੀਦ

13 ਫ਼ਰਵਰੀ 1988 ਦੇ ਦਿਨ ਪੁਲਸ ਨੇ ਜੁਗਰਾਜ ਸਿੰਘ ਰਾਜੂ (ਪੁੱਤਰ ਸੂਬਾ ਸਿੰਘ, ਵਾਸੀ ਮਲ੍ਹਣਵਾਲ), ਜਗਤਾਰ ਸਿੰਘ (ਭਿੰਡਰਾਂਵਾਲ ਟਾਈਗਰ ਫ਼ੋਰਸ) ਅਤੇ ਸੁਰਜੀਤ ਸਿੰਘ ਸੀਤਾ (ਵਾਸੀ ਬਹਿਲੋਲਪੁਰ, ਨੇੜੇ ਦੀਨਾ ਨਗਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਕੁਝ ਦਿਨ ਪਹਿਲਾਂ ਹੀ ਦਯਾ ਸਿੰਘ (ਵਾਸੀ ਚੋਹਲਾ ਸਾਹਿਬ, ਅੰਮ੍ਰਿਤਸਰ) ਅਤੇ ਬਲਬੀਰ ਸਿੰਘ ਵਚਨ ਗੁੰਥੀ ਅੰਮ੍ਰਿਤਸਰ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ।

1989: ਭੁਪਿੰਦਰ ਸਿੰਘ ਕੰਮੋਕੇ ਤੇ ਕਸ਼ਮੀਰ ਸਿੰਘ ਮੌਲਵੀ ਨਕਲੀ ਮੁਕਾਬਲੇ ਵਿਚ ਸ਼ਹੀਦ

13 ਫ਼ਰਵਰੀ 1989 ਦੇ ਦਿਨ ਪੁਲਸ ਨੇ ਭਿੰਡਰਾਂਵਾਲਾ ਟਾਈਗਰ ਫ਼ੋਰਸ ਦੇ ਜਰਨੈਲ ਭੁਪਿੰਦਰ ਸਿੰਘ ਕੰਮੋਕੇ ਅਤੇ ਕਸ਼ਮੀਰ ਸਿੰਘ ਉਰਫ਼ ਮੌਲਵੀ (ਵਾਸੀ ਸੁਧਾਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੁਖਵਿੰਦਰ ਸਿੰਘ ਗੋਲਡੀ, ਗੁਰਨਾਮ ਸਿੰਘ ਭੁੱਚਲ, ਜਗੀਰ ਸਿੰਘ ਅਬੋਹਰ, ਦਲਜਿੰਦਰ ਸਿੰਘ ਮਖੂ, ਗੁਰਮੇਲ ਸਿੰਘ ਗੇਜਾ, ਬਲਬੀਰ ਸਿੰਘ, ਜੱਲਾ ਸਿੰਘ ਅਤੇ ਕੁਲਬੀਰ ਸਿੰਘ ਹਰੀਕੇ ਨਕਲੀ ਮੁਕਾਬਲੇ ਵਿਚ ਸ਼ਹੀਦ

13 ਫ਼ਰਵਰੀ 1993 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਗੋਲਡੀ ਬਰਾੜ, ਗੁਰਨਾਮ ਸਿੰਘ ਉਰਫ਼ ਭੁੱਚਲ, ਜਗੀਰ ਸਿੰਘ ਅਬੋਹਰ, ਦਲਜਿੰਦਰ ਸਿੰਘ ਮਖੂ, ਗੁਰਮੇਲ ਸਿੰਘ ਗੇਜਾ ਉਰਫ਼ ਸਰਬਨ ਬੋਦਲਾ, ਬਲਬੀਰ ਸਿੰਘ, ਜੱਲਾ ਸਿੰਘ ਅਤੇ ਕੁਲਬੀਰ ਸਿੰਘ ਹਰੀਕੇ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਰਣਧੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

13 ਫ਼ਰਵਰੀ 1994 ਦੇ ਦਿਨ ਪੁਲਸ ਨੇ ਰਣਧੀਰ ਸਿੰਘ (ਪੁੱਤਰ ਮਸਤਾਨ ਸਿੰਘ, ਵਾਸੀ ਡੰਗੀਆਂ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

14 ਫ਼ਰਵਰੀ

1923: ਬਬਰ ਅਕਾਲੀਆਂ ਨੇ ਸ਼ਰਧਾ ਰਾਮ ਪੁਲਸ ਟਾਊਟ ਨੂੰ ਕਤਲ ਕਰ ਕੇ ਉਸ ਦੀ ਲਾਸ਼ ਨੂੰ ਜ਼ਮੀਨ ਵਿਚ ਦੱਬ ਦਿੱਤਾ

ਨਵਾਂਸ਼ਹਿਰ ਜ਼ਿਲ੍ਹਾ ਬਬਰ ਅਕਾਲੀ ਲਹਿਰ ਦਾ ਸਭ ਤੋਂ ਤਗੜਾ ਸੈਂਟਰ ਸੀ। ਬਹੁਤ ਬਬਰ ਦੁਆਬੇ ਦੇ ਇਸੇ ਜ਼ੋਨ ਵਿਚੋਂ ਸਨ। ਬਲਾਚੌਰ ਤੋਂ ਗੜ੍ਹਸ਼ੰਕਰ ਜਾਣ ਵਾਲੀ ਰੋਡ 'ਤੇ ਪਿੰਡ ਸਮੁੰਦੜਾ ਦਾ ਸ਼ਰਧਾ ਰਾਮ ਪੁਲਸ ਦਾ ਬਹੁਤ ਵੱਡਾ ਟਾਊਟ ਸੀ। ਉਹ ਬਬਰਾਂ ਦੀ ਹਿੱਟ ਲਿਸਟ 'ਤੇ ਸੀ। ਮਗਰੋਂ ਪੁਲਸ ਦੇ ਹੱਥ ਲੱਗੀ ਇਸ ਲਿਸਟ ਵਿਚ ਉਸ ਦਾ ਨੰਬਰ 109 ਸੀ।ਸ਼ਰਧਾ ਰਾਮ ਦਾ ਅੱਗੋਂ ਇਕ ਹੋਰ ਟਾਊਟ ਦੀਵਾਨ ਨਾਂ ਦਾ ਮੁੰਡਾ ਸੀ। ਬਬਰ ਸ਼ਰਧਾ ਰਾਮ ਅਤੇ ਦੀਵਾਨ ਨੂੰ ਖ਼ਬਰਦਾਰ ਕਰ ਚੁਕੇ ਸਨ ਪਰ ਉਨ੍ਹਾਂ ਦੇ ਮੂੰਹ ਨੂੰ ਲਹੂ ਲੱਗਾ ਹੋਇਆ ਸੀ ਇਸ ਕਰ ਕੇ ਉਹ ਟਲੇ ਨਹੀਂ। ਇਸੇ ਇਲਾਕੇ ਵਿਚਲੇ ਪਿੰਡ ਹਯਾਤਪੁਰ ਦੇ ਸੁਰਜਨ ਸਿੰਘ, ਸੁੰਦਰ ਸਿੰਘ ਤੇ ਧਰਮ ਸਿੰਘ ਬਬਰ ਅਕਾਲੀਆਂ ਦੇ ਹਿਮਾਇਤੀ ਸਨ। ਬਬਰ ਉਨ੍ਹਾਂ ਕੋਲ ਅਕਸਰ

ਠਹਿਰਿਆ ਕਰਦੇ ਸਨ। ਇਕ ਦਿਨ ਸੁੰਦਰ ਸਿੰਘ ਨੇ ਬਬਰਾਂ ਨੂੰ ਇਤਲਾਹ ਦਿੱਤੀ ਕਿ 13 ਫ਼ਰਵਰੀ 1923 ਦੇ ਦਿਨ ਪਿੰਡ ਵਿਚ ਵਿਆਹ ਹੈ ਅਤੇ ਰਾਤ ਨੂੰ ਮੈਂ ਉਸ ਦੀਵਾਨ ਨੂੰ ਕਿਸੇ ਬਰਾਤੀ ਦਾ ਕੰਠਾ ਲਾਉਣ ਦੇ ਬਹਾਨੇ ਨਾਲ ਲੈ ਆਵਾਂਗਾ। ਤੁਸੀਂ ਇਕ ਦਮ ਉਸ ਨੂੰ ਖ਼ਤਮ ਕਰ ਦੇਣਾ। 13-14 ਫ਼ਰਵਰੀ ਦੀ ਰਾਤ ਨੂੰ ਮੌਕਾ ਤਾੜ ਕੇ ਪਲਾਨ ਮੁਤਾਬਿਕ ਸੁੰਦਰ ਸਿੰਘ ਦੀਵਾਨ ਨੂੰ ਸੱਦ ਲਿਆਇਆ। ਉਥੇ ਪੁਜਦਿਆਂ ਹੀ ਉਦੈ ਸਿੰਘ ਬਬਰ ਨੇ ਦੀਵਾਨ ਨੂੰ ਗੋਲੀ ਮਾਰ ਦਿੱਤੀ; ਇਸ ਦੇ ਨਾਲ ਹੀ ਆਸਾ ਸਿੰਘ ਨੇ ਤਲਵਾਰ ਉਸ ਦਾ ਸਿਰ ਨਾਲ ਵੱਢ ਦਿੱਤਾ। ਇਸ ਮਗਰੋਂ ਤਿੰਨਾਂ ਹਯਾਤਪੁਰੀਆਂ ਨੇ ਸੁਰਜਨ ਸਿੰਘ ਦੀ ਹਵੇਲੀ ਵਿਚ 5 ਫੁਟ ਟੋਆ ਪੁਟ ਕੇ ਦੀਵਾਨ ਦੀ ਲਾਸ਼ ਨੂੰ ਦੱਬ ਦਿਤਾ। 6 ਮਹੀਨੇ ਮਗਰੋਂ ਸੁੰਦਰ ਸਿੰਘ ਹਯਾਤਪੁਰੀਆ ਨੇ ਗ਼ਦਾਰੀ ਕੀਤੀ ਤੇ ਪੁਲਸ ਨੂੰ ਦਸ ਦਿੱਤਾ। ਪੁਲਸ ਨੇ 3 ਅਗਸਤ 1923 ਦੇ ਦਿਨ ਜ਼ਮੀਨ ਪੁੱਟ ਕੇ ਦੀਵਾਨ ਦੀ ਲਾਸ਼ ਬਰਾਮਦ ਕੀਤੀ।

1984: ਅੰਮ੍ਰਿਤਸਰ ਵਿਚ ਸੀ.ਆਰ.ਪੀ. ਨੇ 11 ਸਿੱਖ ਮਾਰੇ

ਅਕਾਲੀ ਦਲ ਨੇ ਆਪਣੀਆਂ ਮੰਗਾਂ ਦੀ ਹਿਮਾਇਤ ਵਿਚ 8 ਫਰਵਰੀ 1984 ਨੂੰ ਪੰਜਾਬ ਵਿਚ ਮੁਕੰਮਲ ਹੜਤਾਲ ਕਰਵਾਈ ਸੀ ਤੇ ਇਸ ਹੜਤਾਲ ਵਿਚ ਆਪੋਜ਼ੀਸ਼ਨ ਪਾਰਟੀਆਂ ਨੇ ਵੀ ਮਿਲਵਰਤਣ ਦਿੱਤਾ ਸੀ। ਇਸ ਕਾਮਯਾਬੀ ਅਤੇ ਸ਼ੁਹਰਤ ਨੂੰ ਘਟਾਉਣ ਵਾਸਤੇ 'ਹਿੰਦੂ ਸੁਰੱਖਿਆ ਸੰਮਤੀ' ਦੇ ਨਾਂ ਹੇਠ ਹਿੰਦੂਆਂ ਨੇਂ ਵੀ 14 ਫ਼ਰਵਰੀ ਨੂੰ 'ਪੰਜਾਬ ਬੰਦ' ਦਾ ਐਲਾਨ ਕੀਤਾ। ਕਹਿਣ ਨੂੰ ਤਾਂ ਇਹ ਇਕ ਨਿੱਕੀ ਜਹੀ ਪਾਰਟੀ ਦਾ 'ਬੰਦ' ਸੀ ਪਰ ਇਸ ਸਿਲਸਿਲੇ ਵਿਚ ਹਰ ਹਿੰਦੂ 'ਇਕ ਜਾਨ' ਹੋ ਕੇ ਰੋਲ ਅਦਾ ਕਰ ਰਿਹਾ ਸੀ ਤੇ ਹੋਰ ਤਾਂ ਹੋਰ ਫ਼ਿਰਕੂ ਸੈਂਟਰਲ ਰਿਜ਼ਰਵ ਪੁਲੀਸ ਫ਼ੋਰਸ ਵੀ ਪੂਰੀ ਤਰ੍ਹਾਂ ਹਿੰਦੂਆਂ ਦੇ ਨਾਲ ਹੀ ਸੀ। ਇਸ 'ਬੰਦ' ਦੌਰਾਨ ਅੰਮ੍ਰਿਤਸਰ ਵਿਚ ਹਿੰਦੂਆਂ ਵੱਲੋਂ ਹੁਲੜਬਾਜ਼ੀ ਕੀਤੀ ਗਈ। ਇਸ ਹੁਲੜਬਾਜ਼ੀ ਦੌਰਾਨ ਸੈਂਟਰਲ ਰਿਜ਼ਰਵ ਪੁਲੀਸ ਫੋਰਸ ਨੇ ਹਿੰਦੂ ਗੁੰਡਿਆਂ ਨੂਮ ਰੋਕਣ ਜਾਂ ਗ੍ਰਿਫ਼ਤਾਰ ਕਰਨ ਦੀ ਬਜਾਇ ਗੋਲੀਆਂ ਚਲਾ ਕੇ ਦੁਕਾਨਾਂ 'ਤੇ ਬੈਠੇ ਅਤੇ ਸੜਕ ਤੋਂ ਲੰਘੇ ਜਾਂਦੇ 11 ਸਿੱਖ ਗੋਲੀਆਂ ਨਾਲ ਭੁੰਨ ਦਿੱਤੇ। ਜਲੂਸ ਕੱਢਣ ਅਤੇ ਹੁਲੜਬਾਜ਼ੀ ਕਰਨ ਵਾਲਾ ਇਕ ਹਿੰਦੂ ਵੀ ਜ਼ਖ਼ਮੀ ਤਕ ਨਾ ਹੋਇਆ।

1987: ਇੰਦਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

14 ਫ਼ਰਵਰੀ 1987 ਦੇ ਦਿਨ ਪੰਜਾਬ ਪੁਲਸ ਨੇ ਇੰਦਰਜੀਤ ਸਿੰਘ (ਵਾਸੀ ਕੋਟ ਮੌਲਵੀ, ਜ਼ਿਲ੍ਹਾ ਗੁਰਦਾਸਪੁਰ) ਨੂੰ ਬਲਵਾਵਾ (ਜ਼ਿਲ੍ਹਾ ਅੰਮ੍ਰਿਤਸਰ) ਨੇੜੇ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਦਲਬੀਰ ਸਿੰਘ ਚੱਪੀਆਂਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਫ਼ਰਵਰੀ 1988 ਦੇ ਦਿਨ ਪੁਲਸ ਨੇ ਦਲਬੀਰ ਸਿੰਘ (ਵਾਸੀ ਚੱਪੀਆਂਵਾਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਰਿੰਦਰ ਸਿੰਘ ਭੋਲਾ ਗੱਗੂਬੂਆ, ਅਜੀਤ ਸਿੰਘ ਓਠੀਆਂ ਸੋਹਲ, ਅਮਰੀਕ ਸਿੰਘ ਨਿਹੰਗ ਨਾਰਲੀ, ਬਚਨ ਸਿੰਘ ਓਠੀਆਂ, ਹਰਦੀਪ ਸਿੰਘ ਗੱਗੂਬੂਆ, ਪ੍ਰਿਤਪਾਲ ਸਿੰਘ ਗੱਗੂਬੂਆ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ ਭੋਲਾ ਗੱਗੂਬੂਆ, ਅਜੀਤ ਸਿੰਘ ਓਠੀਆਂ ਸੋਹਲ, ਅਮਰੀਕ ਸਿੰਘ ਨਿਹੰਗ ਨਾਰਲੀ, ਬਚਨ ਸਿੰਘ ਓਠੀਆਂ, ਹਰਦੀਪ ਸਿੰਘ ਗੱਗੂਬੂਆ, ਪ੍ਰਿਤਪਾਲ ਸਿੰਘ ਗੱਗੂਬੂਆ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਅੰਮ੍ਰਿਤਸਰ ਵਾਸੀ ਕੰਵਲਜੀਤ ਸਿੰਘ, ਮਹਿੰਦਰਪਾਲ ਸਿੰਘ, ਅਮਰਜੀਤ ਸਿੰਘ ਸੁਰ ਸਿੰਘ, ਬਲਵੰਤ ਸਿੰਘ ਘਾਹਵਿੰਡਾ, ਜੋਗਿੰਦਰ ਸਿੰਘ ਪੱਪੀ ਰਾਜਪੁਰਾ, ਦਮਨਜੀਤ ਸਿੰਘ ਪੱਪੂ ਤੇ ਸੁਖਦੇਵ ਸਿੰਘ ਸੁੱਖਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਫ਼ਰਵਰੀ 1991 ਦੇ ਦਿਨ ਪੁਲਸ ਨੇ ਕੰਵਲਜੀਤ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਰਾਮਸਰ ਰੋਡ, ਅੰਮ੍ਰਿਤਸਰ), ਮਹਿੰਦਰਪਾਲ ਸਿੰਘ (ਪੁੱਤਰ ਮਨਜੀਤ ਸਿੰਘ, ਵਾਸੀ ਗਲੀ ਜੀਵਨ ਮੱਲ, ਅੰਮ੍ਰਿਤਸਰ), ਅਮਰਜੀਤ ਸਿੰਘ (ਵਾਸੀ ਸੁਰ ਸਿੰਘ), ਬਲਵੰਤ ਸਿੰਘ ਬੀ.ਏ. (ਵਾਸੀ ਘਾਹਵਿੰਡਾ), ਜੋਗਿੰਦਰ ਸਿੰਘ ਪੱਪੀ (ਵਾਸੀ ਮੁਹੱਲਾ ਜੱਟਾਂ ਵਾਲਾ, ਰਾਜਪੁਰਾ, ਪਟਿਆਲਾ), ਦਮਨਜੀਤ ਸਿੰਘ ਪੱਪੂ ਤੇ ਸੁਖਦੇਵ ਸਿੰਘ ਸੁੱਖਾ ਉਰਫ਼ ਬਿੱਲੂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬੂਟਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

14 ਫ਼ਰਵਰੀ 1992 ਦੇ ਦਿਨ ਪੁਲਸ ਨੇ ਬੂਟਾ ਸਿੰਘ (ਪੁੱਤਰ ਦਰਬਾਰਾ ਸਿੰਘ, ਵਾਸੀ ਘਰੀਏ ਕੇ ਬਾਂਗਰ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਭੋਲਾ ਸਿੰਘ ਤੇ ਚਰਨ ਕੌਰ ਨਕਲੀ ਮੁਕਾਬਲੇ ਵਿਚ ਸ਼ਹੀਦ

14 ਫ਼ਰਵਰੀ 1993 ਦੇ ਦਿਨ ਪੁਲਸ ਨੇ ਭੋਲਾ ਸਿੰਘ ਅਤੇ ਚਰਨ ਕੌਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਕੁਲਵੰਤ ਸਿੰਘ ਬਾਦਲ ਦੀ ਜੇਲ੍ਹ ਵਿਚ ਸ਼ਹੀਦ

ਕੁਲਵੰਤ ਸਿੰਘ , ਜਿਸ ਨੂੰ ਪੰਜਾਬ ਪੁਲਸ ਨੇ ਪਾਲ ਸਿੰਘ ਫ਼ਰਾਂਸ ਵਾਲੇ ਦੇ ਨਾਲ, ਜੁਲਾਈ 2010 ਵਿਚ ਗ੍ਰਿਫ਼ਤਾਰ ਕੀਤਾ ਸੀ, ਨੂੰ 14 ਫ਼ਰਵਰੀ 2012 ਦੇ ਦਿਨ ਅੰਮ੍ਰਿਤਸਰ ਜੇਲ੍ਹ ਵਿਚ ਉਸ ਦੀ ਕੋਠੜੀ ਵਿਚ ਹੀ ਅੱਗ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

15 ਫ਼ਰਵਰੀ

1762: ਅਹਿਮਦ ਸ਼ਾਹ ਦੁਰਾਨੀ ਸਿੱਖਾਂ ਦੇ ਸਿਰਾਂ ਦੇ 50 ਗੱਡੇ ਲੈ ਕੇ ਤੋਂ ਚੱਲਿਆ

5 ਫ਼ਰਵਰੀ 1762 ਦੇ ਦਿਨ ਵੱਡੇ ਘੱਲੂਘਾਰੇ ਵਿਚ ਤਕਰੀਬਨ 25-30 ਹਜ਼ਾਰ ਸਿੰਘ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿਚ ਬਹੁਤੇ ਔਰਤਾਂ ਤੇ ਬੱਚੇ ਸਨ। ਸਿੱਖ ਤਵਾਰੀਖ਼ ਵਿਚ ਇਸ ਨੂੰ (ਪਹਿਲੀ ਮਈ 1746 ਦੇ ਘੱਲੂਘਾਰੇ ਦੇ ਮੁਕਾਬਲੇ ਵਿਚ) **ਵੱਡਾ ਘੱਲੂਘਾਰਾ** ਆਖ ਕੇ ਚੇਤੇ ਕੀਤਾ ਜਾਂਦਾ ਹੈ। ਇਸ ਘੱਲੂਘਾਰੇ ਵਿਚ ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸੁਕਰਚੱਕੀਆ ਨੇ ਬਹੁਤ ਕਮਾਲ ਦਾ ਰੋਲ ਅਦਾ ਕੀਤਾ। ਇਨ੍ਹਾਂ ਦੋਹਾਂ ਜਰਨੈਲਾਂ ਨੂੰ ਤੀਰਾਂ, ਬਰਛਿਆਂ ਤੇ ਤਲਵਾਰਾਂ ਦੇ 20-20 ਤੋਂ ਵੱਧ ਜ਼ਖ਼ਮ ਆਏ ਸਨ ਤੇ ਦੂਜੇ ਸਿੱਖਾਂ ਨੂੰ ਵੀ 5 ਤੋਂ 7 ਤਕ ਜ਼ਖ਼ਮ ਜ਼ਰੂਰ ਆਏ ਸਨ।

ਇਸ ਘੱਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਗਿਣਤੀ ਵੱਖ-ਵੱਖ ਸੋਮੇ ਵੱਖ-ਵੱਖ ਦਸਦੇ ਹਨ: ਮਿਸਕੀਨ 25 ਹਜ਼ਾਰ, *ਖ਼ਜ਼ਾਨਾ-ਇ-ਅਮੀਰਾ* ਦਾ ਲੇਖਕ 25 ਹਜ਼ਾਰ, *ਸਿਆਰੁਲ ਮੁਤਾਖ਼ਰੀਨ* ਦਾ ਲੇਖਕ 20 ਹਜ਼ਾਰ, *ਤਾਰੀਖ਼ੇ ਮੁਜ਼ੱਫ਼ਰੀ* ਦਾ ਲੇਖਕ 22 ਹਜ਼ਾਰ, *ਤਾਰੀਖ਼ੇ ਹੁਸੈਨ ਸ਼ਾਹੀ* ਦਾ ਲੇਖਕ 30 ਹਜ਼ਾਰ, *ਤਾਰੀਖ਼ੇ ਅਹਿਮਦ ਸ਼ਾਹੀ* ਦਾ ਲੇਖਕ 30 ਹਜ਼ਾਰ, ਅਲੀ-ਉਦ-ਦੀਨ 30 ਹਜ਼ਾਰ, ਫ਼ਾਰਸਟਰ 25 ਹਜ਼ਾਰ, ਮਾਲਕਮ 20 ਹਜ਼ਾਰ ਤੋਂ ਵਧ, ਹਿਊਗਲ 20 ਤੋਂ 30 ਹਜ਼ਾਰ, ਰਤਨ ਸਿੰਘ ਭੰਗੂ 50 ਹਜ਼ਾਰ, ਕਰਮ ਸਿੰਘ ਹਿਸਟੋਰੀਅਨ 15 ਤੋਂ 20 ਹਜ਼ਾਰ, ਗਣੇਸ਼ ਦਾਸ ਵਢੇਰਾ 30 ਹਜ਼ਾਰ, ਗਿਆਨੀ ਗਿਆਨ ਸਿੰਘ 13 ਹਜ਼ਾਰ ਦਸਦਾ ਹੈ। ਅਜਿਹਾ ਜਾਪਦਾ ਹੈ ਕਿ 20 ਤੋਂ 30 ਹਜ਼ਾਰ ਤਕ ਸਿੱਖ ਜ਼ਰੂਰ ਸ਼ਹੀਦ ਹੋਏ ਹੋਣਗੇ।

ਅਹਿਮਦ ਸ਼ਾਹ ਨੇ ਹਜ਼ਾਰਾਂ ਸਿੱਖਾਂ ਨੂੰ ਕਤਲ ਤਾਂ ਕਰ ਦਿੱਤਾ ਸੀ ਪਰ ਉਹ ਹੁਣ ਅੰਦਰੋਂ-ਅੰਦਰੀਂ ਡਰਦਾ ਵੀ ਸੀ ਕਿ ਸਿੱਖ ਇਸ ਕਤਲੇਆਮ ਦਾ ਜਵਾਬ ਜ਼ਰੂਰ ਦੇਣਗੇ। ਇਸ ਕਰ ਕੇ ਉਸ ਨੇ ਆਪਣੇ ਵਫ਼ਾਦਾਰ ਰਾਜੇ ਆਲਾ ਸਿੰਘ ਪਟਿਆਲਾ ਰਾਹੀਂ ਸਿੱਖਾਂ ਨਾਲ ਰਸਾਈ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਖਾਂ ਨੂੰ ਪੇਸ਼ਕਸ਼ ਕੀਤੀ ਕਿ ਉਹ ਉਸ ਨਾਲ ਇਲਾਕੇ ਦੀ ਵੰਡ ਕਰ ਲੈਣ ਤੇ ਇਕ ਦੂਜੇ ਦੇ ਇਲਾਕੇ ਵਿਚ ਦਖ਼ਲ ਨਾ ਦੇਣ। ਰਾਜਾ ਆਲਾ ਸਿੰਘ ਦਾ ਵਕੀਲ ਨਾਨੂ ਸਿੰਘ ਗਰੇਵਾਲ. ਇਹ ਪੈਗ਼ਾਮ ਲੈ ਕੇ ਸਿੱਖ ਜਰਨੈਲਾਂ ਨੂੰ ਮਿਲਿਆ। ਸਿੱਖ ਆਗੂਆਂ ਨੇ ਅਹਿਮਦ ਸ਼ਾਹ ਨੂੰ ਜਵਾਬ ਭੇਜਿਆ ਕਿ "ਕਦੇ ਵੀ ਕਿਸੇ ਨੂੰ ਥਾਲੀ ਵਿਚ ਪਾ ਕੇ ਰਾਜ ਨਹੀਂ ਮਿਲਦਾ। ਸਾਡਾ ਤੇਰੇ ਨਾਲ ਕੋਈ ਮੇਲ ਨਹੀਂ। ਤੂੰ ਵਿਦੇਸ਼ੀ ਹਮਲਾਵਰ ਹੈ ਤੇ ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰਨਾ ਚਾਹੁੰਦਾ ਹੈ ਤੇ ਅਸੀਂ ਵਿਦੇਸ਼ੀ ਹਕੂਮਤ ਦੇ ਬਿਲਕੁਲ ਖ਼ਿਲਾਫ਼ ਹਨ। ਤੇਰਾ ਤੇ ਸਿੱਖਾਂ ਦਾ ਮੇਲ ਬਾਰੂਦ ਤੇ ਅੱਗ ਦੇ ਮੇਲ ਵਾਂਗ ਹੈ। ਸਿੱਖਾਂ ਨੂੰ ਖ਼ੁਦਮੁਖ਼ਤਿਆਰੀ ਅਕਾਲ ਪੁਰਖ ਨੇ ਦੇਣੀ ਹੈ ਤੇ ਇਹ ਅਸੀਂ ਸਿਰ ਦੇ ਕੇ ਹਾਸਿਲ ਕਰਨੀ ਹੈ ਨਾ ਕਿ ਕਿਸੇ ਤੋਂ ਮੰਗ ਕੇ।"

ਸਿੱਖਾਂ ਤੋਂ ਕੋਰਾ ਜਵਾਬ ਸੁਣਨ ਮਗਰੋਂ ਅਹਿਮਦ ਸ਼ਾਹ ਸਹਿਮ ਗਿਆ ਤੇ ਸਿੱਖਾਂ ਦੇ ਜਵਾਬੀ ਹਮਲੇ ਤੋਂ ਡਰਦਾ ਉਹ ਉੱਥੋਂ ਜਾਣ ਵਾਸਤੇ ਕਾਹਲਾ ਪੈ ਗਿਆ।

ਘੱਲੂਘਾਰੇ ਤੋਂ ਸਿਰਫ਼ 10 ਦਿਨ ਮਗਰੋਂ, 15 ਫ਼ਰਵਰੀ 1762 ਦੇ ਦਿਨ, ਅਹਿਮਦ ਸ਼ਾਹ 50 ਗੱਡੇ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਦੇ ਅਤੇ ਬਹੁਤ ਸਾਰੇ ਸਿੱਖ ਕੈਦੀਆਂ ਨੂੰ ਲੈ ਕੇ ਤੋਂ ਲਾਹੌਰ ਵੱਲ ਨੂੰ ਰਵਾਨਾ ਹੋਇਆ। ਉਹ 3 ਮਾਰਚ ਦੇ ਦਿਨ ਲਾਹੌਰ ਪੁੱਜਾ। ਉਸ ਨੇ ਲਾਹੌਰ ਵਿਚ ਜਾ ਕੇ ਗ੍ਰਿਫ਼ਤਾਰ ਸਿੱਖਾਂ ਨੂੰ ਸ਼ਹੀਦ ਕੀਤਾ ਅਤੇ ਸ਼ਹਿਰ ਦੀਆਂ ਮਸੀਤਾਂ ਦੇ ਫ਼ਰਸ਼ ਅਤੇ ਦੀਵਾਰਾਂ ਸਿੱਖਾਂ ਦੇ ਲਹੂ ਨਾਲ ਧੋਤੀਆਂ ਤੇ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਬਣਾ ਦਿੱਤੇ ਗਏ।

1912: ਸਟਾਕਟਨ (ਅਮਰੀਕਾ) ਵਿਚ ਸਿੱਖਾਂ ਦੇ ਇਕੱਠ ਵਿਚ ਅਮਰੀਕਾ ਦੇ ਅਮੀਰ ਸਿੱਖਾਂ ਵੱਲੋਂ ਪੰਜਾਬ ਦੇ ਲੋਕਾਂ ਵਾਸਤੇ ਵੱਡੀਆਂ ਰਕਮਾਂ ਖ਼ਰਚਣ ਦਾ ਐਲਾਨ

1912 ਵਿਚ ਅਮਰੀਕਾ ਦੇ ਸਿੱਖਾਂ ਨੇ ਪੰਜਾਬ ਦੇ ਸਿੱਖਾਂ ਨੂੰ ਵਿਦਿਆ ਦੇ ਨਾਲ-ਨਾਲ ਆਜ਼ਾਦੀ ਤੇ ਗ਼ੁਲਾਮੀ ਦਾ ਫ਼ਰਕ ਦਿਖਾਉਣ ਵਾਸਤੇ ਇਕ ਪ੍ਰਾਜੈਕਟ ਸੋਚਿਆ। ਉਨ੍ਹਾਂ ਨੇ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸੰਤੋਖ ਸਿੰਘ, ਬਾਬਾ ਵਿਸਾਖਾ ਸਿੰਘ ਦਦੇਹਰ ਵਗ਼ੈਰਾ ਦੀ ਅਗਵਾਈ ਹੇਠ 15 ਫ਼ਰਵਰੀ 1912 ਦੇ ਦਿਨ ਸਟਾਕਟਨ ਵਿਚ ਮੀਟਿੰਗ ਕੀਤੀ ਤੇ ਇਸ ਪ੍ਰਾਜੈਕਟ ਦੇ ਹਿੱਸੇ ਵਲੋਂ ਪੰਜਾਬ 'ਚੋਂ ਕੁੱਝ ਨੌਜਵਾਨਾਂ ਨੂੰ ਅਮਰੀਕਾ ਵਿਚ ਪੜ੍ਹਾਈ ਕਰਨ ਵਾਸਤੇ ਤਿਆਰ ਕਰਨ ਲਈ ਛੇ ਵਜ਼ੀਫ਼ੇ ਜਾਰੀ ਕਰਨ ਲਈ ਫ਼ੰਡ ਇਕੱਠਾ ਕੀਤਾ। ਇਸ ਫ਼ੰਡ ਵਿਚ ਸਿਰਫ ਸਿੱਖਾਂ ਨੇ ਹੀ ਹਿੱਸਾ ਪਾਇਆ ਅਤੇ ਕੈਨੇਡਾ ਤੇ ਅਮਰੀਕਾ ਵਿਚ ਬੈਠੇ ਅਮੀਰ ਹਿੰਦੂਆਂ

ਨੇ ਕਾਣੀ ਕੌਡੀ ਤੱਕ ਵੀ ਦੇਣੋਂ ਨਾਂਹ ਕਰ ਦਿੱਤੀ। ਪਰ ਜਦੋਂ ਵਜ਼ੀਫਿਆਂ ਵਾਸਤੇ ਦਰਖ਼ਾਸਤਾਂ ਪੁੱਜੀਆਂ ਤਾਂ ਸਾਰੇ ਦੇ ਸਾਰੇ ਹਿੰਦੂ ਹੀ ਸਨ।

1984: ਹਰਿਆਣਾ ਵਿਚ ਭਜਨ ਲਾਲ ਸਰਕਾਰ ਦੀ ਸਰਪਰਸਤੀ ਹੇਠ ਸਿੱਖਾਂ 'ਤੇ ਹਮਲੇ

1982 ਵਿਚ ਸ਼ੁਰੂ ਹੋਏ ਧਰਮ-ਯੁੱਧ ਮੋਰਚੇ ਦੌਰਾਨ ਅਕਾਲੀ ਦਲ ਨੇ ਆਪਣੀਆਂ ਮੰਗਾਂ ਦੀ ਹਿਮਾਇਤ ਵਿਚ 8 ਫਰਵਰੀ 1984 ਨੂੰ ਪੰਜਾਬ ਵਿਚ ਮੁਕੰਮਲ ਹੜਤਾਲ ਕਰਵਾਈ। ਇਸ ਹੜਤਾਲ ਵਿਚ ਆਪੋਜ਼ੀਸ਼ਨ ਪਾਰਟੀਆਂ (ਅਤੇ ਕੁਝ ਕੁ ਹਲਕਿਆਂ ਮੁਤਾਬਿਕ ਕੁਝ ਕਾਂਗਰਸੀਆਂ ਨੇ ਵੀ) ਪੂਰਾ ਮਿਲਵਰਤਣ ਦਿੱਤਾ। ਇਸ ਕਾਮਯਾਬੀ ਅਤੇ ਸ਼ੁਹਰਤ ਨੂੰ ਘਟਾਉਣ ਵਾਸਤੇ 'ਹਿੰਦੂ ਸੁਰੱਖਿਆ ਸੰਮਤੀ' ਦੇ ਨਾਂ ਹੇਠ ਹਿੰਦੂਆਂ ਨੇ ਵੀ 14 ਫਰਵਰੀ ਨੂੰ 'ਪੰਜਾਬ ਬੰਦ' ਦਾ ਐਲਾਨ ਕੀਤਾ। ਕਹਿਣ ਨੂੰ ਤਾਂ ਇਹ ਇਕ ਨਿੱਕੀ ਜਹੀ ਪਾਰਟੀ ਦਾ 'ਬੰਦ' ਸੀ ਪਰ ਇਸ ਸਿਲਸਿਲੇ ਵਿਚ ਹਰ ਹਿੰਦੂ 'ਇਕ' ਹੋ ਕੇ ਰੋਲ ਅਦਾ ਕਰ ਰਿਹਾ ਸੀ ਤੇ ਹੋਰ ਤਾਂ ਹੋਰ ਸੈਂਟਰਲ ਰਿਜ਼ਰਵ ਪੁਲੀਸ ਫ਼ੋਰਸ ਵੀ ਪੂਰੀ ਤਰ੍ਹਾਂ ਹਿੰਦੂਆਂ ਦੇ ਨਾਲ ਹੀ ਸੀ। ਇਸ 'ਬੰਦ' ਦੌਰਾਨ ਅੰਮ੍ਰਿਤਸਰ ਵਿਚ ਹਿੰਦੂਆਂ ਵੱਲੋਂ ਹੁਲੜਬਾਜ਼ੀ ਕੀਤੀ ਗਈ। ਇਸ ਹੁਲੜਬਾਜ਼ੀ ਦੇ ਦੌਰਾਨ ਹੀ ਸੈਂਟਰਲ ਰਿਜ਼ਰਵ ਪੁਲੀਸ ਫੋਰਸ ਨੇ ਗੋਲੀਆਂ ਚਲਾ ਕੇ ਦੁਕਾਨਾਂ 'ਤੇ ਬੈਠੇ ਅਤੇ ਸੜਕ ਤੋਂ ਲੰਘੇ ਜਾਂਦੇ 11 ਸਿੱਖ ਗੋਲੀਆਂ ਨਾਲ ਭੁੰਨ ਦਿੱਤੇ। ਜਲੂਸ ਕੱਢਣ ਅਤੇ ਹੁਲੜਬਾਜ਼ੀ ਕਰਨ ਵਾਲਾ ਇਕ ਹਿੰਦੂ ਵੀ ਜ਼ਖ਼ਮੀ ਤਕ ਨਾ ਹੋਇਆ।

ਅੰਮ੍ਰਿਤਸਰ ਜਾਂ ਜਲੰਧਰ ਵਿਚ ਹੀ ਸਿੱਖਾਂ ਦੇ ਕਤਲਾਂ ਨਾਲ ਗੱਲ ਨਹੀਂ ਰੁਕੀ। ਹਰਿਆਣੇ ਵਿਚ ਹਿੰਦੂਆਂ ਨੇ, ਚੀਫ਼ ਮਨਿਸਟਰ ਭਜਨ ਲਾਲ ਅਤੇ ਹੋਰ ਵਜ਼ੀਰਾਂ ਦੀ ਸਰਪਰਸਤੀ ਹੇਠ, ਚਿੱਟ-ਕੱਪੜੀਏ ਹਿੰਦੂ ਪੁਲਸੀਆਂ ਦੀ ਅਗਵਾਈ ਹੇਠ, 15 ਤੋਂ 20 ਫਰਵਰੀ ਵਿਚਕਾਰ, ਖ਼ਾਸ ਕਰ ਕੇ 19-20 ਫਰਵਰੀ 1984 ਦੇ ਦਿਨ, ਹਰਿਆਣਾ ਵਿਚ ਸਿੱਖਾਂ ਦਾ ਸ਼ਰੇ-ਆਮ ਕਤਲੇਆਮ ਕੀਤਾ। ਸਿੱਖਾਂ ਦੇ ਗੁਰਦੁਆਰੇ, ਦੁਕਾਨਾਂ ਤੇ ਘਰਾਂ ਨੂੰ ਅੱਗਾਂ ਲਾਈਆਂ ਗਈਆਂ। ਪਾਨੀਪਤ, ਕਰਨਾਲ, ਜੀਂਦ, ਕੈਥਲ, ਰੋਹਤਕ, ਅੰਬਾਲਾ, ਵਗੈਰਾ ਵਿਚ 20 ਤੋਂ ਵਧ ਸਿੱਖ ਕਤਲ ਕੀਤੇ ਗਏ। ਸਿੱਖਾਂ ਦੇ ਤਕਰੀਬਨ 200 ਘਰ ਤੇ ਦੁਕਾਨਾਂ ਸਾੜੀਆਂ ਅਤੇ ਲੁੱਟੀਆਂ ਗਈਆਂ ਤੇ 6 ਗੁਰਦੁਆਰਿਆਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਇਨ੍ਹਾਂ ਜ਼ੁਲਮਾਂ ਦਾ ਬਦਲਾ ਲੈਣ ਵਾਸਤੇ ਖਾੜਕੂਆਂ ਨੇ 20-21-22 ਫਰਵਰੀ ਨੂੰ ਪੰਜਾਬ ਵਿਚ ਵੀ ਕੁਝ ਹਿੰਦੂਆਂ ਨੂੰ ਕਤਲ ਕਰ ਦਿੱਤਾ।

1989: ਨਵਤੇਜ ਸਿੰਘ ਕਮਾਂਡਰ ਕਾਲਾ ਬੱਕਰਾ ਨਕਲੀ ਮੁਕਾਬਲੇ ਵਿਚ ਸ਼ਹੀਦ

15 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਨਵਤੇਜ ਸਿੰਘ ਉਰਫ਼ ਕਮਾਂਡਰ (ਪੁੱਤਰ ਜਰਨੈਲ ਸਿੰਘ, ਵਾਸੀ ਕਾਲਾ ਬੱਕਰਾ, ਜਲੰਧਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕੁਲਦੀਪ ਸਿੰਘ ਕੀਪਾ ਕੁਲੜ, ਗੁਰਮੀਤ ਸਿੰਘ ਬਬਰ, ਜਗਮੇਲ ਸਿੰਘ ਬਬਰ ਸਗਰੋੜ, ਉਜਾਗਰ ਸਿੰਘ ਕਮਾਲਪੁਰ, ਸੁਖਦੇਵ ਸਿੰਘ ਸੁੱਖਾ ਤਲਵੰਡੀ ਮੋਹਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

15 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ ਕੀਪਾ (ਵਾਸੀ ਕੁਲੜ, ਗੁਰਮੀਤ ਸਿੰਘ ਬਬਰ, ਜਗਮੇਲ ਸਿੰਘ ਬਬਰ ਸਗਰੋੜ, ਉਜਾਗਰ ਸਿੰਘ ਕਮਾਲਪੁਰ,

ਸੁਖਦੇਵ ਸਿੰਘ ਸੁੱਖਾ (ਵਾਸੀ ਤਲਵੰਡੀ ਮੋਹਰ ਸਿੰਘ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮੇਜਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

15 ਫ਼ਰਵਰੀ 1992 ਦੇ ਦਿਨ ਪੁਲਸ ਨੇ ਮੇਜਰ ਸਿੰਘ (ਪੁੱਤਰ ਕਾਕਾ ਸਿੰਘ, ਵਾਸੀ ਚੰਗਾਲੀ, ਜ਼ਿਲ੍ਹਾ ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਦਿੱਲੀ ਦੇ ਚੀਫ਼ ਮਨਿਸਟਰ ਨੇ ਸੁਪਰੀਮ ਕੋਰਟ ਨੂੰ ਭੁੱਲਰ ਦੀ ਸਜ਼ਾ ਮੁਆਫ਼ ਕਰਨ ਵਾਸਤੇ ਲਿਖਿਆ

15 ਫ਼ਰਵਰੀ 2014 ਦੇ ਦਿਨ ਦਿੱਲੀ ਦੇ ਚੀਫ਼ ਮਨਿਸਟਰ ਅਰਵਿੰਦ ਕੇਜਰੀਵਾਲ ਨੇ ਸੁਪਰੀਮ ਕੋਰਟ ਵਿਚ ਲਿਖਤੀ ਤੌਰ 'ਤੇ ਅਪੀਲ ਕੀਤੀ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਮਾਨਸਿਕ ਹਾਲਤ ਨੂੰ ਸਾਹਵੇਂ ਰਖਦਿਆਂ ਅਤੇ ਜਿਵੇਂ ਪਹਿਲਾਂ 15 ਹੋਰ ਦੀ ਸਜ਼ਾ ਮੁਆਫ਼ ਕੀਤੀ ਹੈ ਉਵੇਂ ਹੀ ਉਸ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਜਾਵੇ।

2014: ਹਰਨਾਮ ਸਿੰਘ ਧੁੰਮਾ ਅਕਾਲ ਤਖ਼ਤ ਦੀ ਹਰ ਮੀਟਿੰਗ ਵਿਚ ਦਖ਼ਲ ਦੇਂਦਾ ਹੈ

15 ਫ਼ਰਵਰੀ 2014 ਦੇ ਦਿਨ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮੁਖ ਸੇਵਾਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਇਕ ਬਿਆਨ ਵਿਚ ਕਿਹਾ ਕਿ ਹਰਨਾਮ ਸਿੰਘ ਧੁੰਮਾ ਮੁਖੀ ਚੌਕ ਮਹਿਤਾ ਡੇਰਾ ਅਕਾਲ ਤਖ਼ਤ 'ਤੇ ਪੁਜਾਰੀਆਂ ਦੀ ਹਰ ਮੀਟਿੰਗ ਵਿਚ ਦਖ਼ਲ ਦੇਂਦਾ ਹੈ।

16 ਫ਼ਰਵਰੀ

1892: ਪ੍ਰੋ: ਸਾਹਿਬ ਸਿੰਘ ਦਾ ਜਨਮ

ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਿੱਕੇਬੰਦ ਟੀਕਾ ਲਿਖਣ ਵਾਲੇ ਪ੍ਰੋ. ਸਾਹਿਬ ਸਿੰਘ ਦਾ ਜਨਮ 16 ਫ਼ਰਵਰੀ 1892 ਦੇ ਦਿਨ ਹੋਇਆ ਸੀ।

1986: ਅਕਾਲ ਤਖ਼ਤ ਦੀ ਨਵੀਂ ਈਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ

ਖਾੜਕੂਆਂ ਨੇ ਸਰਕਾਰ ਵਲੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਦੀ ਕਾਰਵਾਈ ਕਰਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ ਅਤੇ ਪਹਿਲਾਂ ਹੀ ਖ਼ਬਰਦਾਰ ਕੀਤਾ ਸੀ ਕਿ ਸਿੱਖ ਪੰਥ ਇਸ ਸਰਕਾਰੀ ਢਾਂਚੇ ਨੂੰ ਕਬੂਲ ਨਹੀ ਕਰੇਗਾ। ਇਸ ਮਾਹੌਲ ਵਿਚ 31 ਅਕਤੂਬਰ 1985 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦਾ 'ਸ਼ਹੀਦੀ ਦਿਨ' ਮੰਜੀ ਸਾਹਿਬ (ਦਰਬਾਰ ਸਾਹਿਬ) ਵਿਚ ਮਨਾਇਆ ਗਿਆ ਸੀ। ਇਸ ਦੀਵਾਨ ਵਿਚ ਖਾੜਕੂਆਂ ਨੇ ਐਲਾਨ ਕੀਤਾ ਸੀ ਕਿ "ਨਾਪਾਕ ਹੱਥਾਂ ਨਾਲ ਤਿਆਰ ਹੋਏ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਹਿੱਸਾ ਢਾਹ ਕੇ ਮੁੜ ਉਸਾਰਿਆ ਜਾਵੇਗਾ।" ਮਗਰੋਂ ਇਹ ਫ਼ੈਸਲਾ ਹੋਇਆ ਕਿ ਸਾਰੀ ਹੀ ਇਮਾਰਤ ਢਾਹ ਕੇ ਦੋਬਾਰਾ ਬਣਾਈ ਜਾਵੇ। ਇਸ ਸ਼ਹੀਦੀ ਦੀਵਾਨ ਮਗਰੋਂ ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਬਣਿਆ 55 ਫ਼ੁਟ ਦਾ ਜੰਗਲਾ ਢਾਹ ਦਿੱਤਾ ਸੀ। ਇਹ ਇਸ ਇਮਾਰਤ ਦੇ ਢਾਹੁਣ ਅਤੇ ਇਸ ਦੀ ਨਵੀਂ ਉਸਾਰੀ ਕਰਨ ਦੀ ਸ਼ੁਰੂਆਤ ਸੀ।

26 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ 'ਕਾਰ ਸੇਵਾ' ਸ਼ੁਰੂ ਕਰਨ ਦੇ ਐਲਾਨ ਦੇ ਨਾਲ ਹੀ ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕਰ ਦਿੱਤਾ ਕਿ ਉਹ 26 ਜਨਵਰੀ 1986 ਦੇ ਦਿਨ

ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬੱਤ ਖਾਲਸਾ' ਸਮਾਗਮ ਕਰਨਗੇ। ਜਦੋਂ ਭਿੰਡਰਾਂ-ਮਹਿਤਾ ਜਥੇ ਨੇ ਇਸ 'ਸਰਬੱਤ ਖਾਲਸਾ' ਦਾ ਐਲਾਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਬਹੁਤੀ ਸੰਜੀਦਗੀ ਨਾਲ ਨਾ ਲਿਆ, ਕਿਉਂਕਿ ਉਹ ਸਮਝਦੇ ਸਨ ਕਿ ਕੁਝ ਖਾੜਕੂ ਧੜੇ 31 ਅਕਤੂਬਰ 1985 ਦੇ ਮੰਜੀ ਸਾਹਿਬ ਦੇ ਦੀਵਾਨ ਵਾਂਗ ਇਕ ਜਲਸਾ ਕਰ ਲੈਣਗੇ।

26 ਜਨਵਰੀ 1986 ਦੇ ਦਿਨ ਭਿੰਡਰਾ-ਮਹਿਤਾ ਜਥੇ ਦਾ ਇੱਕਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਉਨ੍ਹੀਂ ਦਿਨੀਂ ਲੋਕ ਭਾਰਤੀ ਫ਼ੌਜ ਦੀ ਦਹਿਸ਼ਤ 'ਤੇ ਗੁੱਸੇ ਵਿਚ ਸਨ ਅਤੇ ਕਿਉਂਕਿ ਬਰਨਾਲੇ ਨੇ ਹਕੂਮਤ ਵਿਚ ਆ ਕੇ ਉਨ੍ਹਾਂ ਜ਼ੁਲਮਾਂ ਨੂੰ ਜਾਰੀ ਰਖਿਆ ਸੀ, ਇਸ ਕਰ ਕੇ ਰੋਸ ਵਜੋਂ ਲੋਕ ਇਕ ਪਲੇਟਫ਼ਾਰਮ 'ਤੇ ਜੁੜਨਾ ਚਾਹੁੰਦੇ ਸਨ। ਇਸ ਵਜਹ ਕਰ ਕੇ 26 ਜਨਵਰੀ ਦੇ ਇਕੱਠ ਇਸ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਉਂਞ ਇਸ ਨੂੰ ਸਰਬੱਤ ਖਾਲਸਾ ਇਕੱਠ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਾ ਤਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਇਕੱਠ ਸੀ ਤੇ ਨਾ ਹੀ ਇਸ ਵਿਚ ਸਾਰੀਆਂ ਪੰਥਕ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਸਹੀ ਮਾਅਨਿਆਂ ਵਿਚ ਇਹ ਭਿੰਡਰਾਂ-ਮਹਿਤਾ ਜਥੇ ਦਾ ਇਕ ਵੱਡਾ ਦੀਵਾਨ (ਜਲਸਾ) ਸੀ, ਜਿਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ ਸਨ।

ਉਧਰ ਜਦ 22 ਜਨਵਰੀ ਨੂੰ ਸੁਰਜੀਤ ਬਰਨਾਲਾ ਦਾ ਮੁੰਡਾ ਗਗਨਦੀਪ ਗੁੰਡਿਆਂ ਦੇ ਭਰੇ ਟਰੱਕ ਲੈ ਕੇ ਦਰਬਾਰ ਸਾਹਿਬ ਵਿਚੋਂ ਖਾੜਕੂਆਂ ਨੂੰ ਕੱਢਣ ਆ ਰਿਹਾ ਸੀ ਤਾਂ ਰਾਹ ਵਿਚ ਐਕਸੀਡੈਂਟ ਕਾਰਨ ਉਹ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤਾਂ ਸਿੱਖਾਂ ਵਿਚ ਇਹ ਚਰਚਾ ਸ਼ੁਰੂ ਹੋ ਗਿਆ ਕਿ ਅਕਾਲ ਪੁਰਖ ਨੇ ਉਸ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਸਾਜ਼ਿਸ਼ ਦੀ ਸਜ਼ਾ ਦਿੱਤੀ ਸੀ। ਇਸ ਖ਼ਿਆਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਵੀ ਡਰਾ ਦਿੱਤਾ। ਇਸ ਕਰ ਕੇ ਉਸ ਨੇ 22 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਭਿੰਡਰਾਂ-ਮਹਿਤਾ ਜਥਾ ਨੂੰ ਸੌਂਪਣ ਦਾ ਐਲਾਨ ਕਰ ਦਿਤਾ। ਉਂਞ ਮੂੰਹ ਰਖਣ ਵਾਸਤੇ ਉਸ ਨੇ ਕਿਹਾ ਗਿਆ ਕਿ ਕਾਰ ਸੇਵਾ ਪੰਜ 'ਬਾਬਿਆਂ' ਦੀ ਦੇਖ-ਰੇਖ 'ਚ ਹੋਵੇਗੀ। ਇਹ ਪੰਜ ਸਨ: ਠਾਕਰ ਸਿੰਘ, ਜਗਤਾਰ ਸਿੰਘ ਖਡੂਰ ਸਾਹਿਬ, ਹਰਬੰਸ ਸਿੰਘ ਦਿਲੀ, ਉਤਮ ਸਿੰਘ ਖਡੂਰ ਸਾਹਿਬ ਅਤੇ ਦੀਵਾਨ ਸਿੰਘ ਛਾਬੜੀ (ਮਗਰੋਂ ਇਨ੍ਹਾਂ ਨੇ 16 ਫ਼ਰਵਰੀ 1986 ਦੇ ਦਿਨ ਅਕਾਲ ਤਖ਼ਤ ਦੀ ਨਵੀਂ ਈਮਾਰਤ ਦਾ ਨੀਂਹ ਪੱਥਰ ਰੱਖਿਆ)।

ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਐਲਾਣ ਕੀਤਾ ਕਿ ਉਹ 16 ਫ਼ਰਵਰੀ ਅਕਾਲ ਤਖ਼ਤ 'ਤੇ ਸਰਬਤ ਖਾਲਸਾ ਇਕੱਠ ਕਰਨਗੇ (ਮਗਰੋਂ ਗੜਬੜ ਨੂੰ ਮੁਖ ਰਖਦਿਆਂ ਇਹ ਇਕੱਠ ਅਨੰਦਪੁਰ ਵਿਚ ਕੀਤਾ ਗਿਆ। ਇਸ ਇਕੱਠ ਵਿਚ ਜਦ ਸੁਰਜੀਤ ਬਰਨਾਲਾ ਨੇ ਖਾੜਕੂਆਂ ਤੋਂ ਦਰਬਾਰ ਸਾਹਿਬ ਖਲੀ ਕਰਵਾਉਣ ਵਾਸਤੇ ਫ਼ੋਰਸ ਭੇਜਣ ਵਲ ਇਸ਼ਾਰਾ ਕੀਤਾ ਤਾਂ ਬਾਦਲ ਤੇ ਟੌਹੜਾ ਨੇ ਇਸ ਹਰਕਤ ਨੂੰ ਕਰਨ ਤੋਂ ਵਰਜਿਆ ਅਤੇ ਕਿਹਾ ਕਿ ਇਸ ਦੇ ਖ਼ਤਰਨਾਕ ਸਿੱਟੇ ਨਿਕਲਣਗੇ।

1991: ਤਰਸੇਮ ਸਿੰਘ ਤੇ ਹਰਪਾਲ ਸਿੰਘ ਲੋਪੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

16 ਫ਼ਰਵਰੀ 191 ਦੇ ਦਿਨ ਪੰਜਾਬ ਪੁਲਸ ਨੇ ਤਰਸੇਮ ਸਿੰਘ ਅਤੇ ਹਰਪਾਲ ਸਿੰਘ (ਦੋਵੇਂ ਵਾਸੀ ਲੋਪੋਕੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਬਲਬੀਰ ਸਿੰਘ ਲਾਡੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

1992 ਦੇ ਆਖ਼ਰੀ ਦਸ ਮਹੀਨਿਆਂ ਵਾਂਗ, 1993 ਵਿਚ ਵੀ, ਸਿੱਖ ਨੌਜਵਾਨਾਂ ਉੱਤੇ ਬੇਅੰਤ ਤੇ ਕੇ.ਪੀ. ਗਿੱਲ ਦਾ ਬੇਪਨਾਹ ਕਹਿਰ ਜਾਰੀ ਰਿਹਾ; ਇਸ ਜ਼ੁਲਮ ਹੇਠ 16 ਫ਼ਰਵਰੀ

1993 ਦੇ ਦਿਨ ਬਲਬੀਰ ਸਿੰਘ ਲਾਡੀ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਬੇਗੁਨਾਹ ਸਿੱਖ ਨੌਜਵਾਨ ਪੁਲਸੀਆਂ ਨੇ ਈਨਾਮ ਹਾਸਿਲ ਕਰਨ ਅਤੇ ''ਤਰੱਕੀਆਂ'' ਲੈਣ ਵਾਸਤੇ ਨਕਲੀ ਪੁਲੀਸ ਮੁਕਾਬਲੇ ਬਣਾ-ਬਣਾ ਕੇ ਮਾਰੇ। ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਵੀ ਸੁੱਟੇ।

2001: ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਬਲਬੀਰ ਸਿੰਘ ਪੰਨੂ ਦੀ ਸੜਕ ਹਾਦਸੇ ਵਿਚ ਮੌਤ; ਉਸ ਦੀ ਕਾਰ ਵਿਚ ਇਕ ਕੁੜੀ ਤੇ ਸ਼ਰਾਬ ਵੀ ਸੀ।

16 ਫ਼ਰਵਰੀ 2001 ਦੇ ਦਿਨ ਪੰਜਾਬੋਂ ਬਾਹਰ ਦੌਰੇ 'ਤੇ ਨਿਕਲੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਪੰਨੂ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਉਸ ਦੇ ਨਾਲ 18 ਸਾਲ ਦੀ ਅਣਵਿਆਹੀ ਕੁੜੀ ਨਿਰਮਲਜੀਤ ਕੌਰ ਨੀਤੂ ਵੀ ਸੀ (ਉਸ ਕੁੜੀ ਦੇ ਪੋਸਟਮਾਰਟਮ ਤੋਂ ਪਤਾ ਲਗਾ ਕਿ ਉਹ ਗਰਭਵਤੀ ਸੀ)। ਉਸ ਕਾਰ ਵਿਚ ਸ਼ਰਾਬ ਦੀਆਂ ਬੋਤਲਾਂ ਵੀ ਸਨ। ਇਸ ਦੇ ਬਾਵਜੂਦ, ਉਸ ਦੇ ਸਸਕਾਰ 'ਤੇ ਬਾਦਲ, ਤਲਵੰਡੀ, ਜਾਗੀਰ ਕੌਰ, ਵੇਦਾਂਤੀ, ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ, ਪੂਰਨ ਸਿੰਘ ਸਾਰੇ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਫਿਰ ਇਹ ਵੀ ਕਮਾਲ ਕਿ ਉਸ ਦਾ ਭੋਗ ਸ਼੍ਰੋਮਣੀ ਕਮੇਟੀ ਨੇ ਆਪਣੇ ਖ਼ਰਚ 'ਤੇ ਪਾਇਆ। ਉਸ ਦਿਨ ਵੀ ਬਾਦਲ, ਤਲਵੰਡੀ, ਢੀਂਡਸਾ, ਕਿਰਨਜੋਤ ਕੌਰ, ਕ੍ਰਿਪਾਲ ਸਿੰਘ (ਚੀਫ਼ ਖਾਲਸਾ ਦੀਵਾਨ) ਤੇ ਸਾਰੇ ਗੁੰਥੀ ਪੁੱਜੇ ਹੋਏ ਸਨ।

2014: 16 ਫ਼ਰਵਰੀ 2014 ਦੇ ਦਿਨ ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਵਾਸਤੇ 20 ਉਮੀਦਵਾਰਾਂ ਦਾ ਐਲਾਨ ਕੀਤਾ। ਇਨ੍ਹਾਂ ਵਿਚ 2 ਸਿੱਖ ਵੀ ਸਨ: ਵੈਸਟ ਦਿੱਲੀ ਤੋਂ ਜਰਨੈਲ ਸਿੰਘ ਅਤੇ ਲੁਧਿਆਣਾ ਤੋਂ ਹਰਵਿੰਦਰ ਸਿੰਘ ਫੂਲਕਾ।

17 ਫ਼ਰਵਰੀ

1780: ਜੱਸਾ ਸਿੰਘ ਆਹਲੂਵਾਲੀਆ ਅਤੇ ਦੇਸੂ ਸਿੰਘ ਦੀ ਅਗਵਾਈ ਵਿਚ ਖਾਲਸਾ ਦਲ ਦਾ ਪਟਿਆਲਾ 'ਤੇ ਹਮਲਾ

ਜੱਸਾ ਸਿੰਘ ਆਹਲੂਵਾਲੀਆ ਅਤੇ ਦੇਸੂ ਸਿੰਘ ਦੀ ਅਗਵਾਈ ਵਿਚ ਖਾਲਸਾ ਦਲ ਨੇ 17 ਫ਼ਰਵਰੀ 1780 ਦੇ ਦਿਨ ਪਟਿਆਲਾ 'ਤੇ ਹਮਲਾ ਕੀਤਾ। ਪਟਿਆਲੇ ਦਾ ਰਾਜਾ ਅਮਰ ਸਿੰਘ ਹਾਰ ਖਾ ਕੇ ਕਿਲ੍ਹੇ ਵਿਚ ਬੰਦ ਹੋ ਬੈਠਾ। ਸਿੱਖਾਂ ਨੇ ਕਿਲ੍ਹੇ ਨੂੰ 29 ਫ਼ਰਵਰੀ ਤਕ ਘੇਰਾ ਪਾਈ ਰੱਖਿਆ। ਅਖ਼ੀਰ ਰਾਜਾ ਅਮਰ ਸਿੰਘ ਨੇ ਜੁਰਮਾਨਾ ਦੇ ਕੇ ਖ਼ਲਾਸੀ ਕਰਵਾਈ।

1923: ਮੁਕਤਸਰ ਦੇ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆਏ

ਗੁਰੂ ਦਾ ਬਾਗ 'ਚ ਪੰਥ ਦੀ ਕਾਮਯਾਬੀ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਹੋਰ ਗੁਰਦੁਆਰਿਆਂ 'ਤੇ ਵੀ ਕਬਜ਼ਾ ਕਰ ਲਿਆ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਸਨ ਮੁਕਤਸਰ ਅਤੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ। 17 ਫਰਵਰੀ 1923 ਦੇ ਦਿਨ ਤੇਜਾ ਸਿੰਘ ਸਮੁੰਦਰੀ ਅਤੇ ਕੈਪਟਨ ਰਾਮ ਸਿੰਘ ਦੀ ਅਗਵਾਈ ਵਿਚ 100 ਸਿੱਖਾਂ ਦੇ ਇਕ ਜਥੇ ਨੇ ਮੁਕਤਸਰ ਪਹੁੰਚ ਕੇ ਇੱਥੋਂ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ। ਇਸ ਮੌਕੇ 'ਤੇ ਮਹੰਤਾਂ ਨੇ ਟੱਕਰ ਲੈਣ ਤੋਂ ਗੁਰੇਜ਼ ਕੀਤਾ। 19 ਫ਼ਰਵਰੀ ਦੇ ਦਿਨ ਸਿੱਖਾਂ ਨੇ ਲੰਗਰ ਦੀ ਇਮਾਰਤ ਅਤੇ ਬੁੰਗਿਆਂ 'ਤੇ ਵੀ ਕਬਜ਼ਾ ਕਰ ਲਿਆ। ਮੁਕਤਸਰ ਦੇ ਇਸ ਮੁਖ ਗੁਰਦੁਆਰੇ ਤੋਂ ਇਲਾਵਾ ਗੁਰਦੁਆਰਾ ਤੰਬੂ ਸਾਹਿਬ ਦੇ ਪੁਜਾਰੀਆਂ ਸਰਮੁਖ ਸਿੰਘ ਤੇ ਅਨੋਖ ਸਿੰਘ ਨੇ ਆਪਣੇ ਆਪ ਹੀ

ਗੁਰਦੁਆਰੇ ਦਾ ਇੰਤਜ਼ਾਮ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿਤਾ। ਸ਼੍ਰੋਮਣੀ ਕਮੇਟੀ ਨੇ ਦਲਜੀਤ ਸਿੰਘ (ਉਰਫ਼ ਰਾਏ ਸਿੰਘ ਕਾਉਣੀ) ਨੂੰ ਇੱਥੋਂ ਦਾ ਮੈਨੇਜਰ ਬਣਾ ਦਿੱਤਾ। ਇੱਥੇ ਵੀ ਸਰਕਾਰ ਨੇ ਮਹੰਤਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਮਹੰਤਾਂ ਨੇ ਬਾਕੀ ਗੁਰਦੁਆਰਿਆਂ ਦੇ ਮੋਰਚਿਆਂ ਵਿਚ ਹੋਰਨਾਂ ਮਹੰਤਾਂ ਦਾ ਹਸ਼ਰ ਅੱਖੀਂ ਵੇਖ ਲਿਆ ਸੀ, ਇਸ ਕਰ ਕੇ ਉਨ੍ਹਾਂ ਨੇ ਸ਼ਿਕਾਇਤ ਲਿਖ ਕੇ ਦੇਣ ਤੋਂ ਨਾਂਹ ਕਰ ਦਿੱਤੀ।

1983: ਜ਼ਾਲਮ ਪੁਲਸੀਆ ਬੂਆ ਦਾਸ ਮਾਰਿਆ ਗਿਆ

ਸੀ.ਆਈ.ਏ. ਸਟਾਫ਼ (ਪੁਲੀਸ) ਵਿਚ ਸਭ ਤੋਂ ਵਧੇਰੇ ਜ਼ਾਲਮ ਅਤੇ ਸਿੱਖਾਂ ਉੱਤੇ ਬੇਪਨਾਹ ਤਸ਼ੱਦਦ ਕਰਨ ਵਾਲਿਆਂ ਵਿਚ ਬੂਆ ਦਾਸ ਵੀ ਸੀ। 17 ਫ਼ਰਵਰੀ 1983 ਨੂੰ ਖਾੜਕੂਆਂ ਨੇ ਇਸ ਨੂੰ ਵੀ ਕਤਲ ਕਰ ਦਿੱਤਾ।

1984: ਸੀ.ਆਰ.ਪੀ. ਵੱਲੋਂ ਦਰਬਾਰ ਸਾਹਿਬ 'ਤੇ ਬੇਵਜਹ ਗੋਲੀ ਚਲਾਈ ਗਈ; 3 ਮੁਸਾਫ਼ਿਰ ਮਾਰੇ ਗਏ

ਦਰਬਾਰ ਸਾਹਿਬ ਨੂੰ ਘੇਰਾ ਪਾਈ ਬੈਠੀ ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ ਦੇ ਦੁਆਲੇ ਉੱਚੀਆਂ ਈਮਾਰਤਾਂ ਤੇ ਮੋਰਚੇ ਬਣਾਏ ਹੋਏ ਸਨ। 17 ਫ਼ਰਵਰੀ 1984 ਨੂੰ ਸੀ.ਆਰ.ਪੀ.ਐਫ਼. ਨੇ ਬਿਨਾਂ ਕਿਸੇ ਕਾਰਨ ਤੋਂ ਤੇ ਬਿਨਾਂ ਵਾਰਨਿੰਗ ਤੋਂ ਦਰਬਾਰ ਸਾਹਿਬ ਉੱਤੇ ਲਗਾਤਾਰ ਫ਼ਾਇਰਿੰਗ ਕੀਤੀ ਜਿਸ ਨਾਲ 3 ਸਿੱਖ ਮਾਰੇ ਗਏ। ਸੀ.ਆਰ.ਪੀ. ਦਾ ਇਹ ਐਕਸ਼ਨ ਸਿਰਫ਼ ਸਿੱਖਾਂ ਵਿਚ ਡਰ ਅਤੇ ਦਹਿਸ਼ਤ ਫ਼ੈਲਾਉਣ ਵਾਸਤੇ ਸੀ।

1990: ਸੁਖਦੇਵ ਸਿੰਘ ਦਮੋਦਰ ਨਕਲੀ ਮੁਕਾਬਲੇ ਵਿਚ ਸ਼ਹੀਦ

17 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਉਰਫ਼ ਕੇਵਲ ਸਿੰਘ ਫੌਜੀ (ਵਾਸੀ ਦਮੋਦਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਲਕੀਤ ਸਿੰਘ ਸਠਿਆਲਾ ਨਕਲੀ ਮੁਕਾਬਲੇ ਵਿਚ ਸ਼ਹੀਦ

17 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਮਲਕੀਤ ਸਿੰਘ ਉਰਫ਼ ਕੀਤਾ (ਵਾਸੀ ਸਠਿਆਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਮਨਜੀਤ ਕੌਰ, ਜਸਵੰਤ ਸਿੰਘ ਜੱਸਾ, ਬਲਵਿੰਦਰ ਸ਼ਿੰਘ ਤੇ 16 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤੇ ਗਏ

17 ਫ਼ਰਵਰੀ 1993 ਦੇ ਦਿਨ ਮਨਜੀਤ ਕੌਰ (ਪੁੱਤਰੀ ਚੰਨਣ ਸਿੰਘ, ਵਾਸੀ ਸਹਿਸਰਾ ਕਲਾਂ, ਅੰਮ੍ਰਿਤਸਰ), ਜਸਵੰਤ ਸਿੰਘ ਜੱਸਾ ਉਰਫ਼ ਮਾਸਟਰ, (ਪੁੱਤਰ ਮਾਂਗਾ ਸਿੰਘ, ਵਾਸੀ ਅਕਬਰਪੁਰਾ), ਬਲਵਿੰਦਰ ਸਿੰਘ (ਵਾਸੀ ਜਗਜੀਤਪੁਰਾ) ਅਤੇ 16 ਹੋਰ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

18 ਫ਼ਰਵਰੀ

1753: ਅਦੀਨਾ ਬੇਗ ਨੇ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ

ਜਦ ਨਦੌਣ ਦੀ ਲੜਾਈ ਵਿਚ ਸਿੱਖਾਂ ਹੱਥੋਂ ਹਾਰ ਦੀ ਖ਼ਬਰ ਮੀਰ ਮੰਨੂ ਤਕ ਪਹੁੰਚੀ ਤਾਂ ਉਸ ਨੇ ਦੋਆਬੇ ਦੇ ਫ਼ੌਜਦਾਰ ਅਦੀਨਾ ਬੇਗ਼ ਦੀ ਡਿਊਟੀ ਲਾਈ ਕਿ ਉਹ ਸਿੱਖਾਂ ਦੇ ਖ਼ਿਲਾਫ਼

ਐਕਸ਼ਨ ਲਵੇ। 1753 ਵਿਚ ਹੋਲਾ ਮਹੱਲਾ ਫ਼ਰਵਰੀ ਦੀ 18 ਤਾਰੀਖ਼ ਨੂੰ ਪੈਂਦਾ ਸੀ। ਅਦੀਨਾ ਬੇਗ਼ ਨੂੰ ਪਤਾ ਸੀ ਕਿ ਸਿੱਖ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਜ਼ਰੂਰ ਜਾਣਗੇ। ਸਿੱਖਾਂ ਨੂੰ ਉਨ੍ਹਾਂ ਦਿਨਾਂ ਵਿਚ ਇਹ ਆਸ ਨਹੀਂ ਕਿ ਅਦੀਨਾ ਬੇਗ਼ ਉਨ੍ਹਾਂ 'ਤੇ ਅਨੰਦਪੁਰ ਸਾਹਿਬ ਵਿਚ ਵੀ ਹਮਲਾ ਕਰੇਗਾ ਇਸ ਕਰ ਕੇ ਉਹ ਇਸ ਪੱਖੋਂ ਅਵੇਸਲੇ ਸਨ। ਅਦੀਨਾ ਬੇਗ਼ ਨੇ ਸਦੀਕ ਬੇਗ਼ ਖ਼ਾਨ ਨੂੰ ਨਾਲ ਲੈ ਕੇ ਚੁਪ-ਚੁਪੀਤੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਸ ਵੇਲੇ ਬਹੁਤ ਸਾਰੇ ਸਿੱਖ ਪਰਵਾਰਾਂ ਸਮੇਤ ਆਏ ਹੋਏ ਸਨ। ਅਦੀਨਾ ਬੇਗ਼ ਦੇ ਅਚਾਣਕ ਹਮਲੇ ਨਾਲ ਕਾਫ਼ੀ ਸਾਰੇ ਸਿੱਖ ਤਾਂ ਭੱਜ ਕੇ ਮਹਿਫ਼ੂਜ਼ ਥਾਂਵਾਂ ਵੱਲ ਨਿਕਲ ਗਏ ਪਰ ਪਰਵਾਰ ਘਿਰ ਗਏ। ਇਸ ਮੌਕੇ 'ਤੇ ਜੱਸਾ ਸਿੰਘ, ਚੜ੍ਹਤ ਸਿੰਘ ਤੇ ਹੋਰ ਜਰਨੈਲਾਂ ਨੇ ਆਪਣੇ ਸਾਥੀਆਂ ਨੂੰ ਇਕੱਠਾ ਕੀਤਾ ਤੇ ਮੁਗ਼ਲ ਫ਼ੌਜਾਂ ਦਾ ਟਾਕਰਾ ਕਰਨ ਦੀ ਕੋਸ਼ਿਸ਼ ਕੀਤੀ ਪਰ ਵੱਡੀ ਫ਼ੌਜ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਇਸ ਮੁਗ਼ਲ ਹਮਲੇ ਵਿਚ ਬਹੁਤ ਸਾਰੀਆਂ ਸਿੱਖ ਬੀਬੀਆਂ ਅਤੇ ਬੱਚੇ ਮਾਰੇ ਗਏ। ਇਸ ਹਮਲੇ ਵਿਚ ਚੜ੍ਹਤ ਸਿੰਘ ਵੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ।

1921: ਖਡੂਰ ਸਾਹਿਬ ਦੇ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆਏ

26 ਜਨਵਰੀ 1921 ਦੇ ਦਿਨ ਤਰਨ ਤਾਰਨ ਦੇ ਗੁਰਦੁਆਰੇ 'ਤੇ ਕਬਜ਼ੇ ਮਗਰੋਂ ਕੁਝ ਹੋਰ ਗੁਰਦੁਆਰੇ ਵੀ ਸਿੱਖਾਂ ਨੇ ਆਜ਼ਾਦ ਕਰਵਾਏ।11 ਫ਼ਰਵਰੀ ਦੇ ਦਿਨ ਖਡੂਰ ਸਾਹਿਬ ਗੁਰਦੁਆਰਾ ਦੇ ਮਹੰਤ ਨੇ ਖਰਾ ਸੌਦਾ ਬਾਰ ਦੇ ਅਕਾਲੀ ਜਥੇ ਨਾਲ ਲਿਖਤੀ ਸਮਝੌਤਾ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਨੇਮਾਂ ਮੁਤਾਬਿਕ ਚਲੇਗਾ (ਪਰ ਮਗਰੋਂ ਉਹ ਫੇਰ ਵਿਟਰ ਗਿਆ। ਅਖ਼ੀਰ ਸਿੱਖਾਂ ਨੇ 18 ਫ਼ਰਵਰੀ 1921 ਦੇ ਦਿਨ ਗੁਰਦੁਆਰਾ ਖਡੂਰ ਸਾਹਿਬ 'ਤੇ ਵੀ ਕਬਜ਼ਾ ਕਰ ਲਿਆ)।

1986: ਬਟਾਲਾ 'ਚ ਸਿੱਖਾਂ ਦੀਆਂ ਦੁਕਾਨਾਂ 'ਤੇ ਹਮਲੇ, ਗੁਰਦੁਆਰੇ ਨੂੰ ਵੀ ਅੱਗ ਲਾਈ

18 ਫ਼ਰਵਰੀ 1986 ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ 'ਚ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਅਤੇ ਲੁੱਟੀਆਂ। ਕਰਫ਼ਿਊ ਦੇ ਬਾਵਜੂਦ ਹਿੰਦੂ ਅਗਜ਼ਨੀ ਕਰਦੇ ਰਹੇ। ਸੀ.ਆਰ.ਪੀ.ਸੀ. ਦੇ ਸਿਪਾਹੀ ਕੋਲ ਖੜ੍ਹੇ ਵੇਖਦੇ ਰਹੇ।

1987: ਦੁਰਗਾ ਸਿੰਘ ਬਬਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੁਰਜੀਤ ਬਰਨਾਲਾ ਦੀ 'ਅਕਾਲੀ' ਸਰਕਾਰ ਨੇ ਫ਼ਰਵਰੀ 87 ਵਿਚ ਵੀ ਕਈ ਸਿੱਖ ਨੌਜਵਾਨਾਂ ਨੂੰ ਨਕਲੀ ਮੁਕਾਬਲੇ ਬਣਾ ਕੇ ਕਤਲ ਕੀਤਾ। 18 ਫ਼ਰਵਰੀ 1987 ਨੂੰ ਬਬਰ ਖ਼ਾਲਸਾ ਦੇ ਦੁਰਗਾ ਸਿੰਘ ਨੂੰ ਭਿੱਖੀਵਿੰਡ ਦੇ ਨੇੜੇ ਦਿਆਲਪੁਰ ਵਿਚ ਸ਼ਹੀਦ ਕੀਤਾ ਗਿਆ।

1989: ਗੁਰਮੇਜ ਸਿੰਘ ਗੇਜਾ ਮਾਕੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

18 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਮੇਜ ਸਿੰਘ ਗੇਜਾ (ਵਾਸੀ ਮਾਕੋਵਾਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਪਲਵਿੰਦਰ ਸਿੰਘ ਬਬਰ ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

18 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਪਲਵਿੰਦਰ ਸਿੰਘ ਬਬਰ (ਵਾਸੀ ਹਰਨਾਮਦਾਸਪੁਰਾ, ਜਲੰਧਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰਜੀਤ ਸਿੰਘ ਤੇ ਦਰਸ਼ਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

18 ਫ਼ਰਵਰੀ 1991 ਦੇ ਦਿਨ ਅਮਰਜੀਤ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸਠਿਆਲਾ), ਦਰਸ਼ਨ ਸਿੰਘ ਜੱਸਾ (ਪੁੱਤਰ ਉਜਾਗਰ ਸਿੰਘ, ਵਾਸੀ ਸੋਹੀਆਂ, ਲੁਧਿਆਣਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਨਛੱਤਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

18 ਫ਼ਰਵਰੀ 1992 ਦੇ ਦਿਨ ਨਛੱਤਰ ਸਿੰਘ (ਪੁੱਤਰ ਬਲਕਾਰ ਸਿੰਘ, ਵਾਸੀ ਪਿੰਡ ਮਾਨ, ਨੇੜੇ ਘਰਿਆਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪੁਲਸ ਨੇ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਹਿੰਦਰ ਸਿੰਘ ਮਿੰਟਾ, ਮੁਖਤਿਆਰ ਸਿੰਘ ਮੁਖਾ, ਜਸਬੀਰ ਸਿੰਘ ਜੱਸੀ, ਰਣਜੀਤ ਸਿੰਘ ਉਰਫ਼ ਅਜੀਤ ਸਿੰਘ, ਪਰਗਟ ਸਿੰਘ, ਵੀਰ ਸਿੰਘ, ਸਤਨਾਮ ਸਿੰਘ ਸੱਤਾ ਤੇ ਦੋ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

1992 ਦੇ ਆਖ਼ਰੀ ਦਸ ਮਹੀਨਿਆਂ ਵਾਂਗ, 1993 ਵਿਚ ਵੀ, ਸਿੱਖ ਨੌਜਵਾਨਾਂ ਉੱਤੇ ਬੇਅੰਤ ਤੇ ਕੇ.ਪੀ. ਗਿੱਲ ਦਾ ਬੇਪਨਾਹ ਕਹਿਰ ਜਾਰੀ ਰਿਹਾ।ਪੁਲਸੀਆਂ ਨੇ ਈਨਾਮ ਹਾਸਿਲ ਕਰਨ ਅਤੇ ''ਤਰੱਕੀਆਂ'' ਲੈਣ ਵਾਸਤੇ ਬੇਗੁਨਾਹ ਸਿੱਖ ਨੌਜਵਾਨ ਨਕਲੀ ਪੁਲੀਸ ਮੁਕਾਬਲੇ ਬਣਾ-ਬਣਾ ਕੇ ਮਾਰੇ। ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਵੀ ਸੁੱਟੇ। ਅਠਾਰਾਂ ਫ਼ਰਵਰੀ 1992 ਦੇ ਦਿਨ ਸ਼ਹੀਦ ਕੀਤੇ ਜਾਣ ਵਾਲਿਆਂ ਵਿਚ ਮਹਿੰਦਰ ਸਿੰਘ ਮਿੰਟਾ, ਮੁਖਤਿਆਰ ਸਿੰਘ ਮੁਖਾ, ਜਸਬੀਰ ਸਿੰਘ ਜੱਸੀ, ਰਣਜੀਤ ਸਿੰਘ ਉਰਫ਼ ਅਜੀਤ ਸਿੰਘ, ਪਰਗਟ ਸਿੰਘ, ਵੀਰ ਸਿੰਘ, ਸਤਨਾਮ ਸਿੰਘ ਸੱਤਾ ਤੇ ਦੋ ਹੋਰ ਸ਼ਾਮਿਲ ਸਨ।

2007: ਪਾਕਿਸਤਾਨ ਜਾ ਰਹੀ ਸਮਝੌਤਾ ਐਕਸਪ੍ਰੈਸ 'ਤੇ ਬੰਬਾਂ ਨਾਲ ਹਮਲਾ

18 ਫ਼ਰਵਰੀ 2007 ਦੇ ਦਿਨ ਹਿੰਦੂ ਦਹਿਸ਼ਤਗਰਦਾਂ ਨੇ ਪਾਕਿਸਤਾਨ ਜਾ ਰਹੀ ਸਮਝੌਤਾ ਐਕਸਪ੍ਰੈਸ 'ਤੇ, ਪਾਨੀਪਤ ਕੋਲ ਬੰਬਾਂ ਨਾਲ ਹਮਲਾ ਕੀਤਾ। ਇਸ ਦਾ ਮਕਸਦ ਭਾਰਤ ਪਾਕਿਸਤਾਨ ਵਿਚ ਚਲ ਰਹੀ ਸਮਝੌਤਾ ਗੱਲਬਾਤ ਨੂੰ ਰੋਕਣਾ ਸੀ। ਇਸ ਹਮਲੇ ਵਿਚ ਵਰਤੇ ਬੰਬਾਂ ਵਾਸਤੇ ਆਰ.ਡੀ.ਐਕਸ ਲੈਫ਼ਟੀਨੈਂਟ ਕਰਨਲ ਪ੍ਰਸਾਦ ਪੁਰੋਹਤ ਨਾਂ ਦੇ ਬੰਦੇ ਨੇ ਭਗਵਾਨ ਨਾਂ ਦੇ ਬੰਦੇ ਨੂੰ ਮੁਹੱਈਆ ਕੀਤਾ ਸੀ।

19 ਫ਼ਰਵਰੀ

1921: ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ ਮਹੰਤਾਂ ਤੇ ਪੁਜਾਰੀਆਂ ਦਾ ਇਕੱਠ ਹੋਇਆ

ਗੁਰਦੁਆਰਾ ਸੁਧਾਰ ਲਹਿਰ ਦਾ ਜ਼ੋਰ ਵੇਖ ਕੇ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਨੇ 19-20 ਫ਼ਰਵਰੀ 1921 ਨੂੰ 'ਸਨਾਤਨੀ ਸਿੱਖ ਕਾਨਫ਼ਰੰਸ' ਦੇ ਨਾਂ ਹੇਠ ਲਾਹੌਰ ਵਿਚ ਇਕ ਇਕੱਠ ਬੁਲਾਇਆ; ਇਸ ਮੀਟਿੰਗ ਵਿਚ ਸਾਰੇ ਬੇਦੀ, ਸੋਢੀ, ਭੱਲੇ, ਉਦਾਸੀ, ਨਿਰਮਲੇ, ਕੂਕੇ (ਹੁਣ ਨਾਮਧਾਰੀ), ਨਿਹੰਗ, ਅੱਡਣ ਸ਼ਾਹੀਏ, ਸੁਥਰਾ ਸ਼ਾਹੀਏ, ਗਹਿਰ ਗੰਭੀਰੀਏ, ਨਿਰੰਕਾਰੀ, ਚਰਨਦਾਸੀਏ, ਸਨਾਤਨੀ, ਮਹੰਤ, ਪੁਜਾਰੀ ਤੇ ਸਾਧ ਬੁਲਾਏ ਗਏ ਸਨ। ਇਸ ਮੀਟਿੰਗ ਦੀ ਪ੍ਰਧਾਨਗੀ ਕਰਤਾਰ ਸਿੰਘ ਬੇਦੀ ਨੇ ਕਰਨੀ ਸੀ। ਇਸ ਵਿਚ ਅਕਾਲੀਆਂ ਦਾ ਟਾਕਰਾ ਕਰਨ ਵਾਸਤੇ ਸਾਂਝੀ ਐਕਸ਼ਨ ਪਲਾਨ ਤਿਆਰ ਕੀਤਾ ਗਿਆ ਸੀ (ਪਰ ਅਗਲੇ ਦਿਨ ਹੀ ਨਾਨਕਾਣਾ ਸਾਹਿਬ ਦਾ ਸਾਕਾ ਹੋ ਜਾਣ ਕਾਰਨ ਇਹ ਸਭ ਪਲਾਨ ਫੇਲ੍ਹ ਹੋ ਗਈ)।

1949: ਦਿੱਲੀ ਜਾਂਦਿਆਂ ਮਾਸਟਰ ਤਾਰਾ ਸਿੰਘ ਨੂੰ ਨਰੇਲਾ ਸਟੇਸ਼ਨ ਤੇ ਗ੍ਰਿਫ਼ਤਾਰ

ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੂਲਰ ਜਾਰੀ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ 'ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ'; ਇਹ ਸਿੱਖਾਂ ਲਈ ਸਭ ਤੋਂ ਵੱਡਾ ਚੈਲੰਜ ਸੀ। ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1948 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ। ਇਸ ਕਨਵੈਨਸ਼ਨ 'ਤੇ ਫ਼ਿਰਕੂ ਵਜ਼ੀਰ ਪਟੇਲ ਬਹੁਤ ਔਖਾ ਹੋਇਆ। ਉਹ ਤਾਂ ਆਪਣੇ ਆਪ ਨੂੰ ਮੁਲਕ ਦਾ ਬਾਦਸ਼ਾਹ ਸਮਝਣ ਲਗ ਪਿਆ ਸੀ। ਉਸ ਨੇ ਇਹ ਕਾਨਫ਼ਰੰਸ ਨਾ ਕਰਨ ਦੇਣ ਦਾ ਐਲਾਨ ਕੀਤਾ। ਉਸ ਨੇ 9 ਫ਼ਰਵਰੀ ਨੂੰ ਨਹਿਰੂ ਨੂੰ ਇਕ ਨੋਟ ਵਿਚ ਲਿਖਿਆ: ਅਸੀਂ ਦਿੱਲੀ ਦੀ ਅਕਾਲੀ ਕਾਨਫ਼ਰੰਸ ਕਿਸੇ ਵੀ ਤਰੀਕੇ ਜਾਂ ਸ਼ਕਲ ਵਿਚ ਨਹੀਂ ਹੋਣ ਦਿਆਂਗੇ।ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ ਤੇ 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ *(ਇਸੇ ਐਕਟ ਹੇਠ 1907 ਵਿਚ ਅਜੀਤ ਸਿੰਘ ਤੇ ਲਾਲਾ ਲਾਜਪਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ)*। ਇਸ ਦੇ ਬਾਵਜੂਦ ਪਰੋਗਰਾਮ ਮੁਤਾਬਿਕ 20 ਫ਼ਰਵਰੀ ਨੂੰ ਦੀਵਾਨ ਹੋਇਆ ਅਤੇ ਲੈਕਚਰ ਦੇਣ ਵਾਲੇ ਆਗੂ ਗ੍ਰਿਫ਼ਤਾਰ ਕਰ ਕੇ ਛੇ-ਛੇ ਮਹੀਨੇ ਲਈ ਕੈਦ ਕਰ ਦਿੱਤੇ ਗਏ।

1991: ਸਰਬਜੀਤ ਸਿੰਘ ਬਬਰ ਜਮਾਲਪੁਰ ਤੇ ਹਰਬੰਸ ਸਿੰਘ ਭਿੰਡੀ ਧਰ ਦੇਉ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਰਬਜੀਤ ਸਿੰਘ ਬਬਰ ਉਰਫ਼ ਰੌਕਟ ਸਿੰਘ ਬਬਰ (ਵਾਸੀ ਜਮਾਲਪੁਰ) ਤੇ ਹਰਬੰਸ ਸਿੰਘ ਭਿੰਡੀ (ਵਾਸੀ ਧਰ ਦੇਉ, ਅੰਮ੍ਰਿਤਸਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਤਨਾਮ ਸਿੰਘ ਤੇ ਬਲਜਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਫ਼ਰਵਰੀ 1992 ਦੇ ਦਿਨ ਸਤਨਾਮ ਸਿੰਘ ਉਰਫ਼ ਬਿੱਟੂ (ਪੁੱਤਰ ਸੰਤੋਖ ਸਿੰਘ, ਵਾਸੀ ਪਿੰਡ ਵੀਰਪਾਲ, ਨੇੜੇ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ) ਅਤੇ ਬਲਜਿੰਦਰ ਸਿੰਘ (ਪੁੱਤਰ ਸਾਧੂ ਸਿੰਘ, ਵਾਸੀ ਪਰਤਾਪ ਨਗਰ, ਜ਼ਿਲ੍ਹਾ ਬਠਿੰਡਾ) ਨੂੰ ਪੁਲਸ ਨੇ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜਸਵੰਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

1992 ਦੇ ਆਖ਼ਰੀ ਦਸ ਮਹੀਨਿਆਂ ਵਾਂਗ, 1993 ਵਿਚ ਵੀ, ਸਿੱਖ ਨੌਜਵਾਨਾਂ ਉੱਤੇ ਬੇਅੰਤ ਤੇ ਕੇ.ਪੀ. ਗਿੱਲ ਦਾ ਬੇਪਨਾਹ ਕਹਿਰ ਜਾਰੀ ਰਿਹਾ। ਬੇਗੁਨਾਹ ਸਿੱਖ ਨੌਜਵਾਨ ਪੁਲਸੀਆਂ ਨੇ ਈਨਾਮ ਹਾਸਿਲ ਕਰਨ ਅਤੇ 'ਤਰੱਕੀਆਂ' ਲੈਣ ਵਾਸਤੇ ਨਕਲੀ ਪੁਲੀਸ ਮੁਕਾਬਲੇ ਬਣਾ-ਬਣਾ ਕੇ ਮਾਰੇ। ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਵੀ ਸੁੱਟੇ। ਉੱਨੀ ਫਰਵਰੀ 1993 ਨੂੰ ਸ਼ਹੀਦ ਕੀਤੇ ਜਾਣ ਵਾਲਿਆਂ ਵਿਚ ਜੋਗਾ ਸਿੰਘ (ਪੁਤਰ ਜੋਗਿੰਦਰ ਸਿੰਘ, ਵਾਸੀ ਕਾਕੜਾ, ਜ਼ਿਲ੍ਹਾ ਸੰਗਰੂਰ), ਸੁਖਵੰਤ ਸਿੰਘ ਉਰਫ਼ ਸੁਖਦੇਵ ਸਿੰਘ ਉਰਫ਼ ਬੰਬ, ਹਰਪ੍ਰੀਤ ਸਿੰਘ ਉਰਫ਼ ਦਵਿੰਦਰ ਸਿੰਘ ਵੀ ਸ਼ਾਮਿਲ ਸਨ।

20 ਫ਼ਰਵਰੀ

1696: ਗੁਲੇਰ ਦੀ ਲੜਾਈ ਵਿਚ ਸਿੱਖਾਂ ਵੱਲੋਂ ਰਾਜਾ ਗੋਪਾਲ ਦੀ ਮਦਦ

1696 ਵਿਚ ਲਾਹੌਰ ਦੇ ਡਿਪਟੀ ਗਵਰਨਰ ਦਿਲਾਵਰ ਖ਼ਾਨ ਨੇ ਕਾਂਗੜੇ ਦੇ ਕਿਲ੍ਹੇਦਾਰ ਹੁਸੈਨ ਖ਼ਾਨ ਨੂੰ ਫ਼ੌਜ ਦੇ ਕੇ ਪਹਾੜਾਂ ਵੱਲ ਭੇਜਿਆ। ਇਸ ਮੁਹਿੰਮ ਦੌਰਾਨ ਮੁਗ਼ਲ ਫ਼ੌਜਾਂ ਨੇ ਗੁਲੇਰ ਰਿਆਸਤ 'ਤੇ ਵੀ ਹਮਲਾ ਕੀਤਾ। ਰਾਜਾ ਗੋਪਾਲ ਨੇ ਗੁਰੂ ਸਾਹਿਬ ਦੀ ਮਦਦ ਮੰਗੀ। 20 ਫ਼ਰਵਰੀ 1696 ਦੇ ਦਿਨ ਹੋਈ ਇਸ ਲੜਾਈ ਵਿਚ ਸਿੱਖ ਜਰਨੈਲਾਂ ਦੇ ਤੀਰਾਂ ਦੀ ਵਾਛੜ ਨੇ ਮੁਗ਼ਲਾਂ ਅਤੇ ਉਨ੍ਹਾਂ ਤੋਂ ਹਾਰ ਕੇ ਗ਼ੁਲਾਮੀ ਕਬੂਲ ਕਰਨ ਵਾਲੇ ਪਹਾੜੀ ਰਜਵਾੜਿਆਂ ਦੀਆਂ ਫ਼ੌਜਾਂ ਦੇ ਛੱਕੇ ਛੁਡਾ ਦਿੱਤੇ। ਕਾਂਗੜੇ ਦਾ ਕਿਲ੍ਹੇਦਾਰ ਹੁਸੈਨ ਖ਼ਾਨ ਤੇ ਉਸ ਦੀ ਕਈ ਪਹਾੜੀ ਸਾਥੀ ਮਾਰੇ ਗਏ। ਸਿੱਖਾਂ ਵਿੱਚੋਂ ਵੀ ਭਾਈ ਲਹਿਣੂ (ਭਰਾ ਭਾਈ ਮਨੀ ਸਿੰਘ), ਭਾਈ ਸੰਗਤ, ਭਾਈ ਹਨੂਮੰਤ, ਭਾਈ ਦਰਸੋ ਤੇ ਤਿੰਨ ਹੋਰ ਸਿੱਖ ਸ਼ਹੀਦ ਹੋ ਗਏ।

1915: ਸਾਰੇ ਸੀਨੀਅਰ ਗ਼ਦਰੀ ਆਗੂ ਗ੍ਰਿਫ਼ਤਾਰ

ਗ਼ਦਰ ਪਾਰਟੀ ਵਿਚ ਕਿਰਪਾਲ ਸਿੰਘ ਮੁਖ਼ਬਰ ਦੇ ਵੜ ਜਾਣ ਕਾਰਨ ਪੁਲੀਸ ਨੂੰ ਉਨ੍ਹਾਂ ਦੇ ਲਾਹੌਰ ਦੇ ਅੱਡੇ ਦਾ ਪਤਾ ਲਗ ਗਿਆ ਤੇ 20 ਫ਼ਰਵਰੀ 1915 ਦੇ ਦਿਨ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ।

1921: ਨਾਨਕਾਣਾ ਸਾਹਿਬ ਵਿਚ ਮਹੰਤ ਨਰੈਣੂ (ਨਾਰਾਇਣ ਦਾਸ) ਵੱਲੋਂ ਸਿੱਖਾਂ ਦਾ ਕਤਲ

20 ਫ਼ਰਵਰੀ 1921 ਦੇ ਦਿਨ ਲਛਮਣ ਸਿੰਘ ਧਾਰੋਵਾਲੀ ਦਾ ਜਥਾ ਸਵੇਰੇ 6 ਵਜੇ ਗੁਰਦੁਆਰਾ ਜਨਮ ਅਸਥਾਨ ਵਿਚ ਪਹੁੰਚਿਆ ਸੀ। ਉਨ੍ਹਾਂ ਅੰਦਰ ਪਹੁੰਚ ਕੇ, ਮੱਥਾ ਟੇਕ ਕੇ, ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਏਨੇ ਚਿਰ ਵਿਚ ਮਹੰਤ ਨੇ ਗੁੰਡਿਆਂ ਨੂੰ ਅਸਲਾ ਦੇ ਕੇ ਪੁਜ਼ੀਸ਼ਨਾਂ ਸੰਭਾਲ ਦਿੱਤੀਆਂ। ਮਹੰਤ ਨੇ ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਹੁਕਮ ਮਿਲਦਿਆਂ ਹੀ ਰਾਂਝਾ, ਰਿਹਾਨਾ ਅਤੇ ਦੋ ਹੋਰ ਕਾਤਿਲਾਂ ਨੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣਾ ਸ਼ੁਰੂ ਕਰ ਦਿੱਤਾ। ਕੁਝ ਪਲਾਂ ਵਿਚ ਹੀ 25-26 ਸਿੰਘ ਸ਼ਹੀਦ ਹੋ ਗਏ। ਇਸ ਦੌਰਾਨ ਮਹੰਤ ਦੇ ਬਾਕੀ ਗੁੰਡੇ ਅਤੇ ਉਸ ਦੇ ਇਕੱਠੇ ਕੀਤੇ ਸਾਧੂ ਸਿੱਖਾਂ ਉੱਤੇ ਪੱਥਰਾਂ ਤੇ ਇੱਟਾਂ ਦਾ ਮੀਂਹ ਵਰ੍ਹਾਉਂਦੇ ਰਹੇ। ਇਨ੍ਹਾਂ ਗੁੰਡਿਆਂ ਦੀਆਂ ਚਲਾਈਆਂ ਗੋਲੀਆਂ ਵਿਚੋਂ ਕੁਝ ਗੁਰੂ ਗ੍ਰੰਥ ਸਾਹਿਬ ਨੂੰ ਵੀ ਲੱਗੀਆਂ। ਹੁਣ ਮਹੰਤ ਦੇ ਗੁੰਡੇ ਦਰਸ਼ਨੀ ਡਿਉੜੀ ਦੀ ਛੱਤ 'ਤੇ ਆ ਗਏ ਅਤੇ ਹੇਠਾਂ ਨਜ਼ਰ ਆਉਣ ਵਾਲੇ ਹਰ ਇਕ ਸਿੱਖ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਜੋ ਮਰਨੋਂ ਬਚ ਗਏ ਸਨ ਉਨ੍ਹਾਂ ਨੂੰ ਛਵ੍ਹੀਆਂ ਅਤੇ ਟੋਕਿਆਂ ਨਾਲ ਵੱਢ ਦਿੱਤਾ ਗਿਆ। ਇਕ ਹੋਰ ਕਮਰੇ ਵਿਚ 25 ਕੁ ਸਿੱਖ ਸਨ। ਉਹ ਵੀ ਕਤਲ ਕਰ ਦਿੱਤੇ ਗਏ। ਮਹੰਤ ਨਰੈਣ ਦਾਸ ਮੂੰਹ ਤੇ ਚਾਦਰ ਲਪੇਟੀ ਘੋੜੇ 'ਤੇ ਚੜ੍ਹਿਆ ਹੁਕਮ ਜਾਰੀ ਕਰ ਰਿਹਾ ਸੀ ਅਤੇ ਹਦਾਇਤਾਂ ਦੇ ਰਿਹਾ ਸੀ। ਉਹ ਆਖ ਰਿਹਾ ਸੀ ਕਿ ਇੱਕ ਵੀ ਸਿੱਖ ਜਿਊਂਦਾ ਨਾ ਰਹਿਣ ਦਿੱਤਾ ਜਾਵੇ।

ਜਦੋਂ ਸਾਰੇ ਸਿੱਖ ਕਤਲ ਕਰ ਦਿੱਤੇ ਗਏ ਤਾਂ ਮਹੰਤ ਨੇ ਚਾਰ ਲਾਸ਼ਾਂ ਨੂੰ ਛੱਡ ਕੇ ਬਾਕੀ ਸਾਰੀਆਂ ਫੂਕ ਦੇਣ ਵਾਸਤੇ ਆਖਿਆ। ਲੱਕੜਾਂ ਇਕੱਠੀਆਂ ਕਰ ਕੇ ਚੌਖੰਡੀ ਦੇ ਉੱਤਰ-ਪੱਛਮੀ ਪਾਸੇ ਢੇਰ ਲਾ ਦਿੱਤਾ ਗਿਆ। ਇਸ ਮਗਰੋਂ ਸਾਰੀਆਂ ਲਾਸ਼ਾਂ ਬਲਦੀ ਚਿਖਾ ਵਿਚ ਸੁੱਟ ਦਿੱਤੀਆਂ ਗਈਆ। ਇਨ੍ਹਾਂ ਵਿੱਚੋਂ ਕੁਝ ਅਜੇ ਜਿਊਂਦੇ ਵੀ ਸਨ। ਉਨ੍ਹਾਂ ਵਿੱਚੋਂ ਜਿਸ ਨੇ ਵੀ ਉੱਠਣ ਦੀ ਕੋਸ਼ਿਸ਼ ਕੀਤੀ ਉਸ ਨੂੰ ਛਵ੍ਹੀਆਂ ਤੇ ਲਾਠੀਆਂ ਮਾਰ ਕੇ ਫੇਰ ਅੱਗ ਵਿੱਚ ਸੁੱਟ ਦਿੱਤਾ

ਗਿਆ। ਨਾਨਕਾਣਾ ਸਾਹਿਬ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਸਹੀ ਗਿਣਤੀ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਪੜਤਾਲ ਕਰਨ ਵਾਲੇ ਪੁਲਸ ਚਰਨ ਸਿੰਘ ਇੰਸਪੈਕਟਰ ਨੇ ਸ਼ਹੀਦਾਂ ਦੀ ਗਿਣਤੀ 156 ਦੱਸੀ ਸੀ।

1990: ਹਰਪ੍ਰੀਤ ਸਿੰਘ ਜਲਾਲ ਉਸਮਾਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

20 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਹਰਪ੍ਰੀਤ ਸਿੰਘ, ਵਿਦਿਆਰਥੀ ਮੈਡੀਕਲ ਕਾਲਜ (ਵਾਸੀ ਜਲਾਲ ਉਸਮਾਂ, ਅੰਮ੍ਰਿਤਸਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਵਿਰਸਾ ਸਿੰਘ, ਗੁਰਮੁਖ ਸਿੰਘ ਤੇ ਗੁਰਦੇਵ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

20 ਫ਼ਰਵਰੀ 1993 ਦੇ ਦਿਨ ਵਿਰਸਾ ਸਿੰਘ, ਗੁਰਮੁਖ ਸਿੰਘ ਮੁਧੀਵਾਲ ਤੇ ਗੁਰਦੇਵ ਸਿੰਘ ਜਗਰਾਓਂ ਨੂੰ ਪੁਲਸ ਨੇ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

21 ਫ਼ਰਵਰੀ

1849: ਗੁਜਰਾਤ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ

13 ਜਨਵਰੀ 1849 ਦੇ ਦਿਨ ਚੇਲਿਆਂਵਾਲਾ ਦੀ ਲੜਾਈ ਵਿਚ ਸਿੱਖ ਫ਼ੌਜਾਂ ਜੇਤੂ ਰਹੀਆਂ ਸਨ। ਅਗਲੀ ਲੜਾਈ 21 ਫ਼ਰਵਰੀ 1849 ਦੇ ਦਿਨ ਗੁਜਰਾਤ ਸ਼ਹਿਰ ਦੇ ਬਾਹਰ ਲੜੀ ਗਈ। ਇਸ ਲੜਾਈ ਵੇਲੇ ਚਤਰ ਸਿੰਘ ਦਾ ਸਾਥ ਦੇਣ ਵਾਸਤੇ ਅਫ਼ਗਾਨ ਫ਼ੌਜਾਂ ਵੀ ਪੁੱਜੀਆਂ ਹੋਈਆਂ ਸਨ, ਪਰ ਐਨ ਮੌਕੇ 'ਤੇ ਇਹ ਫ਼ੌਜਾਂ ਬਿਨਾ ਲੜਿਓਂ ਵਾਪਿਸ ਚਲੀਆਂ ਗਈਆਂ। ਹੁਣ ਸਿੱਖ ਇਕੱਲੇ ਲੜ ਰਹੇ ਸਨ। ਉਨ੍ਹਾਂ ਕੋਲ ਲੜਨ ਵਾਸਤੇ ਸਿਰਫ਼ ਤਲਵਾਰਾਂ ਸਨ। ਫਿਰ ਇਸ ਵਾਰ ਬ੍ਰਿਟਿਸ਼ ਫ਼ੌਜਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ। ਉਹ ਆਪਣੀਆਂ ਸਾਰੀਆਂ ਤੋਪਾਂ ਵੀ ਲਿਆਏ ਹੋਏ ਸਨ; ਦਰਅਸਲ ਇਹ ਤੋਪਾਂ ਦੀ ਜੰਗ ਸੀ ਜਿਸ ਵਿਚ ਸਿੱਖ ਫ਼ੌਜਾਂ ਉਨ੍ਹਾਂ ਦਾ ਮੁਕਬਲਾ ਨਹੀਂ ਸਨ ਕਰ ਸਕਣੀਆਂ। ਤੋਪਾਂ ਅਤੇ ਬੰਦੂਕਾਂ ਨਾਲ ਲੈਸ ਅੰਗਰੇਜ਼ ਫ਼ੌਜਾਂ ਨਾਲ ਤਲਵਾਰਾਂ ਵਾਲੇ ਸਿੱਖ ਕਿੰਨਾ-ਕੁ ਲੜ ਸਕਦੇ ਸਨ! ਜਦ ਅੰਗਰੇਜ਼ਾਂ ਨੇ ਵੇਖਿਆ ਕਿ ਸਿੱਖ ਫ਼ੌਜਾਂ ਦੀ ਗਿਣਤੀ ਬਹੁਤੀ ਨਹੀਂ ਤੇ ਉਨ੍ਹਾਂ ਕੋਲ ਅਸਲਾ ਵੀ ਥੋੜ੍ਹਾ ਹੈ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਸਿੱਖਾਂ 'ਤੇ ਅੰਨ੍ਹੇਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ। ਗੋਲੀਆਂ ਦੀ ਬੋਛਾੜ ਤੋਂ ਬਚਣ ਵਾਸਤੇ ਸਿੱਖ ਫ਼ੌਜੀ ਏਧਰ-ਉਧਰ ਭੱਜਣੇ ਸ਼ੁਰੂ ਹੋ ਗਏ। ਬ੍ਰਿਟਿਸ਼ ਫ਼ੌਜਾਂ ਨੇ ਦੌੜੇ ਜਾਂਦੇ ਸਿੱਖ ਫ਼ੌਜੀਆਂ ਦਾ ਪਿੱਛਾ ਕੀਤਾ। ਕਈ-ਕਈ ਅੰਗਰੇਜ਼ਾਂ ਨੇ ਇਕੱਲੇ-ਇਕੱਲੇ ਸਿੱਖ ਨੂੰ ਘੇਰ-ਘੇਰ ਕੇ ਮਾਰਿਆ। ਬ੍ਰਿਟਿਸ਼ ਫ਼ੌਜਾਂ ਨੇ ਇਕ ਵੀ ਸਿੱਖ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਉਨ੍ਹਾਂ ਨੂੰ ਚੇਲਿਆਂਵਾਲਾ ਦਾ ਏਨਾ ਗੁੱਸਾ ਸੀ ਕਿ ਉਹ ਜ਼ਖ਼ਮੀ ਪਏ ਸਿੱਖਾਂ ਨੂੰ ਵੀ ਗੋਲੀਆਂ ਮਾਰ-ਮਾਰ ਕੇ ਮਾਰਦੇ ਰਹੇ, ਗੋਲੀਆਂ ਲੱਗਣ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਪਏ ਸਿੱਖਾਂ ਨੂੰ ਵੀ ਤਲਵਾਰਾਂ ਨਾਲ ਵੱਢਦੇ ਰਹੇ। ਬ੍ਰਿਟਿਸ਼ ਫ਼ੌਜਾਂ ਨੇ ਬੜੀ ਬੇਰਹਿਮੀ ਨਾਲ ਆਪਣੀ ਪਿਛਲੀ ਹਾਰ ਦਾ ਗੁੱਸਾ ਕੱਢਿਆ। ਬ੍ਰਿਟਿਸ਼ ਫ਼ੌਜਾਂ ਨੇ ਇਸ ਦਿਨ ਤਿੰਨ ਤੋਂ ਪੰਜ ਹਜ਼ਾਰ ਤਕ ਸਿੱਖ ਇੰਞ ਕਤਲ ਕੀਤੇ। ਇਹ ਸੀ ਬ੍ਰਿਟਿਸ਼ ਫ਼ੌਜ ਦੀ ਬਹਾਦਰੀ ਤੇ ਉਨ੍ਹਾਂ ਦੀ ਇਨਸਾਨੀਅਤ!

1921: ਨਾਨਕਾਣਾ ਸਾਹਿਬ ਵਿਚ ਫ਼ੌਜ ਤੇ ਹਜ਼ਾਰਾਂ ਸਿੱਖ ਵੀ ਪੁੱਜੇ। ਅੰਗਰੇਜ਼ਾਂ ਨੇ ਗੁਰਦੁਆਰਾ ਸਿੱਖਾਂ ਦੇ ਹਵਾਲੇ ਕੀਤਾ

20 ਫ਼ਰਵਰੀ ਨੂੰ ਨਾਨਕਾਣਾ ਸਾਹਿਬ ਦੇ ਕਤਲੇਆਮ ਦੀ ਖ਼ਬਰ ਜਦ ਸਿੱਖਾਂ ਨੂੰ ਮਿਲੀ ਤਾਂ ਸਰਕਾਰ ਨੇ ਸਭ ਗੱਡੀਆਂ ਬਸਾਂ ਬੰਦ ਕਰ ਦਿਤੀਆਂ ਪਰ ਹਜ਼ਾਰਾਂ ਸਿੱਖ ਪੈਦਲ ਖੇਤਾਂ ਵਿਚ ਹੁੰਦੇ ਉਥੇ ਪੁਜ ਗਏ। ਕਰਤਾਰ ਸਿੰਘ ਝੱਬਰ ਦਾ ਜਥਾ ਸਭ ਤੋਂ ਪਹਿਲਾਂ ਪੁੱਜਾ। ਨਾਨਕਾਣਾ ਸਾਹਿਬ ਦੇ ਬਾਹਰ ਉਨ੍ਹਾਂ ਨੂੰ ਸ:ਬ: ਮਹਿਤਾਬ ਸਿੰਘ ਘੋੜੇ 'ਤੇ ਆ ਕੇ ਮਿਲੇ ਤੇ ਦਸਿਆ ਕਿ ਫ਼ੌਜ ਨੇ ਗੁਰਦੁਆਰੇ ਨੂੰ ਘੇਰੇ ਵਿਚ ਲਿਆ ਹੋਇਆ ਹੈ ਤੇ ਉੱਥੇ ਨਹੀਂ ਜਾਣਾ ਚਾਹੀਦਾ। ਝੱਬਰ ਨੇ ਕਿਹਾ ਕਿ 'ਅਸੀਂ ਗੁਰਦੁਆਰੇ ਜ਼ਰੂਰ ਜਾਵਾਂਗੇ। ਉਨ੍ਹਾਂ ਕਿਹਾ ਕਿ ਤੁਸੀਂ ਕਮਿਸ਼ਨਰ ਨਾਲ ਗੱਲ ਕਰ ਲਓ, ਅਸੀਂ ਓਨਾ ਚਿਰ ਰੁਕ ਜਾਂਦੇ ਹਾਂ।' ਇਸ 'ਤੇ ਸ:ਬ: ਮਹਿਤਾਬ ਸਿੰਘ ਵਾਪਿਸ ਚਲੇ ਗਏ ਤੇ ਕਮਿਸ਼ਨਰ ਨੂੰ ਸਮਝਾਇਆ ਕਿ ਸਿੱਖਾਂ ਦਾ ਹੜ੍ਹ ਆ ਜਾਣ ਮਗਰੋਂ ਹਾਲਾਤ ਕੰਟਰੋਲ ਹੇਠ ਨਹੀਂ ਆ ਸਕਣਗੇ, ਇਸ ਕਰ ਕੇ ਗੁਰਦੁਆਰੇ ਦਾ ਕੰਟਰੋਲ ਸ਼੍ਰੋਮਣੀ ਕਮੇਟੀ ਨੂੰ ਦੇਣਾ ਠੀਕ ਰਹੇਗਾ। ਫ਼ੌਜ ਨੇ ਫਿਰ ਵੀ ਉਨ੍ਹਾਂ ਨੂੰ ਡਰਾ ਧਮਕਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਏਨੀਆਂ ਸ਼ਹੀਦੀਆਂ ਮਗਰੋਂ ਮੌਤ ਦਾ ਡਰ ਕਿਸੇ ਸਿੱਖ ਨੂੰ ਰੋਕ ਨਹੀਂ ਸਕਦਾ ਸੀ। ਫ਼ੌਜ ਵੀ ਹਰਗਿਜ਼ ਗੋਲੀ ਚਲਾਉਣ ਜਾਂ ਕਿਸੇ ਹੋਰ ਐਕਸ਼ਨ ਲੈਣ ਦਾ ਖ਼ਤਰਾ ਮੁੱਲ ਲੈਣ ਵਾਸਤੇ ਤਿਆਰ ਨਹੀਂ ਸੀ ਇਸ ਕਰ ਕੇ ਸਰਕਾਰ ਨੇ ਨਾਨਕਾਣਾ ਸਾਹਿਬ ਦਾ ਇੰਤਜ਼ਾਮ ਇਕ ਆਰਜ਼ੀ ਕਮੇਟੀ ਬਣ ਕੇ ਉਸ ਨੂੰ ਦੇ ਦਿੱਤਾ।

1924: ਜੈਤੋ ਵਿਚ ਸ਼ਹੀਦੀ ਜੱਥੇ ਤੇ ਗੋਲੀ ਚਲਾ ਕੇ ਅਣਗਿਣਤ ਸਿੱਖ ਸ਼ਹੀਦ ਕਰ ਦਿੱਤੇ ਗਏ

ਜੈਤੋ ਵਿਚ ਅਖੰਡ ਪਾਠ ਰੋਕੇ ਜਾਣ ਦੇ ਖ਼ਿਲਾਫ਼ ਲਗੇ ਮੋਰਚੇ ਵਿਚ ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ ''ਸ਼ਹੀਦੀ ਜਥਾ'' ਭੇਜਿਆ ਜਾਏਗਾ। ਇਸ ਜਥੇ ਨੇ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਤੋਂ ਚੱਲ ਕੇ 21 ਫ਼ਰਵਰੀ ਨੂੰ ਜੈਤੋ ਪੁੱਜਣਾ ਸੀ।

9 ਫਰਵਰੀ ਦੇ ਦਿਨ ਜਦੋਂ ਇਹ ਜਥਾ ਅਕਾਲ ਤਖ਼ਤ ਤੋਂ ਚੱਲਿਆ ਤਾਂ ਇਸ ਨੂੰ ਵਿਦਾਇਗੀ ਦੇਣ ਵਾਸਤੇ 30 ਹਜ਼ਾਰ ਸਿੱਖ ਦਰਬਾਰ ਸਾਹਿਬ ਪੁੱਜੇ। ਜਥਾ ਵੱਖ-ਵੱਖ ਪੜਾਅ ਕਰਦਾ 20 ਫ਼ਰਵਰੀ ਦੇ ਦਿਨ ਬਰਗਾੜੀ (ਰਿਆਸਤ ਫ਼ਰੀਦਕੋਟ) ਪੁੱਜਾ। ਅਗਲੇ ਦਿਨ 21 ਫ਼ਰਵਰੀ 1924 ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਜਥੇ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਤੇ ਦੋ ਸੌ ਤੋਂ ਵਧ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਇਕ ਸੋਮੇ ਮੁਤਾਬਿਕ ਅੰਗਰੇਜ਼ੀ ਫ਼ੌਜ ਨੇ 27 ਹਜ਼ਾਰ ਕਾਰਤੂਸ ਚਲਾਏ ਤੇ ਜੇ ਕਰ ਗੋਲੀ ਵਿੱਚੇ ਫਸ ਜਾਣ ਕਾਰਨ ਮਸ਼ੀਨ ਗੰਨ ਨਾ ਰੁਕਦੀ ਤਾਂ ਪਤਾ ਨਹੀਂ ਕਿੰਨੀਆਂ ਹੋਰ ਸ਼ਹੀਦੀਆਂ ਹੋ ਜਾਣੀਆਂ ਸਨ। ਗੋਲੀ ਚਲਣੀ ਬੰਦ ਹੋਣ ਮਗਰੋਂ ਪੁਲੀਸ ਅਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਗੋਲੀ ਚਲਣ ਦੀ ਹਰ ਪਾਸੇ ਤੋਂ ਜ਼ਬਰਦਸਤ ਨਿੰਦਾ ਹੋਈ। ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਸਬੰਧੀ ਖ਼ਬਰਾਂ ਛਾਪੀਆਂ। ਆਗੂਆਂ ਨੇ ਵਿਲਸਨ ਜਾਨਸਟਨ ਨੂੰ **"ਜਨਰਲ ਡਾਇਰ ਦਾ ਵਾਰਿਸ"** ਆਖਿਆ।21

ਫ਼ਰਵਰੀ ਦੇ ਦਿਨ ਸ਼ਹੀਦ ਹੋਣ ਵਾਲਿਆਂ 100 ਦੇ ਕਰੀਬ ਸਿੱਖਾਂ ਵਿਚੋਂ ਵਿਚੋਂ ਸਿਰਫ਼ 17 ਨਾਂ ਮਿਲਦੇ ਹਨ, ਬਾਕੀ ਨਹੀਂ ਕਿਉਂਕਿ ਨਾਭੇ ਦੇ ਹਾਕਮਾਂ ਨੇ ਲਾਸ਼ਾਂ ਇਕੱਠੀਆਂ ਕਰ ਕੇ ਸਾੜ ਦਿੱਤੀਆਂ ਸਨ ਤੇ ਕਿਸੇ ਦੀ ਸ਼ਨਾਖ਼ਤ ਨਹੀਂ ਸੀ ਕਰਵਾਈ। ਸ਼੍ਰੋਮਣੀ ਕਮੇਟੀ ਵੱਲੋਂ ਰਲੀਜ਼ ਕੀਤੇ ਇਹ 17 ਨਾਂ ਹੇਠ ਲਿਖੇ ਸਨ (ਇਨ੍ਹਾਂ ਦੇ ਜ਼ਿਲ੍ਹੇ 1924 ਦੇ ਹਨ, ਹੁਣ ਕਈਆਂ ਦੇ ਜ਼ਿਲ੍ਹੇ ਬਦਲ ਚੁਕੇ ਹਨ): ਜੱਸਾ ਸਿੰਘ (ਚੀਚਾ ਭਕਨਾ, ਅੰਮ੍ਰਿਤਸਰ), ਸੁੰਦਰ ਸਿੰਘ (ਕਰਮਗੜ੍ਹ, ਪਟਿਆਲਾ ਰਿਆਸਤ), ਸੂਰੈਣ ਸਿੰਘ (ਲੰਭ ਵਾਲੀ, ਫ਼ਰੀਦਕੋਟ ਰਿਆਸਤ), ਫੁੰਮਣ ਸਿੰਘ (ਵਾਂਦਰ, ਫ਼ੀਰੋਜ਼ਪੁਰ), ਸੁੰਦਰ ਸਿੰਘ (ਚੀਦਾ, ਫ਼ੀਰੋਜ਼ਪੁਰ), ਦੀਵਾਨ ਸਿੰਘ (ਸੰਗਰਵਾਲ, ਹੁਸ਼ਿਆਰਪੁਰ), ਹਰੀ ਸਿੰਘ (ਨਮੋਲੀ, ਹੁਸ਼ਿਆਰਪੁਰ), ਹਰਦਿੱਤ ਸਿੰਘ (ਕਾਲੇਕੇ, ਫ਼ੀਰੋਜ਼ਪੁਰ), ਵਰਿਆਮ ਸਿੰਘ (ਬਾਘਾ ਪੁਰਾਣਾ, ਫ਼ੀਰੋਜ਼ਪੁਰ), ਫੁੰਮਣ ਸਿੰਘ (ਸਮਾਲਸਰ, ਫ਼ੀਰੋਜ਼ਪੁਰ), ਮਾਘ ਸਿੰਘ (ਰੋਡੇ, ਫ਼ੀਰੋਜ਼ਪੁਰ), ਕਪੂਰ ਸਿੰਘ (ਰੋਡੇ, ਫ਼ੀਰੋਜ਼ਪੁਰ), ਘੁੱਲਾ ਸਿੰਘ (ਭਲੂਰ, ਫ਼ੀਰੋਜ਼ਪੁਰ), ਵਧਾਵਾ ਸਿੰਘ (ਚੜਿਕ, ਫ਼ੀਰੋਜ਼ਪੁਰ), ਨੱਥਾ ਸਿੰਘ (ਖਟਕੜ ਕਲਾਂ, ਜਲੰਧਰ), ਬਿਸ਼ਨ ਸਿੰਘ (ਮਾਂਗਟ, ਜਲੰਧਰ)।

1989: ਗੁਰਭੇਜ ਸਿੰਘ ਜਸਪਾਲ, ਨਛੱਤਰ ਸਿੰਘ ਕੋਰੇਵਾਲ ਕਲਾਂ ਤੇ ਪਰਗਟ ਸਿੰਘ ਕੋਰਵਾਲ ਕਲਾਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

21 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਭੇਜ ਸਿੰਘ (ਪੁੱਤਰ ਭਾਈ ਸੁਰਜੀਤ ਸਿੰਘ, ਵਾਸੀ ਜਸਪਾਲ, ਅੰਮ੍ਰਿਤਸਰ), ਨਛੱਤਰ ਸਿੰਘ ਉਰਫ਼ ਭੋਗੜ (ਪੁੱਤਰ ਸਰਦਾਰਾ ਸਿੰਘ ਕੋਰੇਵਾਲ ਕਲਾਂ), ਪਰਗਟ ਸਿੰਘ ਸਮਰਾ (ਵਾਸੀ ਕੋਰਵਾਲ ਕਲਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਜਸਪਾਲ ਸਿੰਘ ਟਿਵਾਣਾ ਉਮੇਦਪੁਰ ਸਾਹਨੇਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

21 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ ਟਿਵਾਣਾ ਦਰਜ਼ੀ, ਪੁੱਤਰ ਭਾਈ ਗਜਿੰਦਰ ਸਿੰਘ, ਉਮੇਦਪੁਰ ਸਾਹਨੇਵਾਲ, ਲੁਧਿਆਣਾ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1995: ਵਿਰਸਾ ਸਿੰਘ ਪੰਜਵੜ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

21 ਫ਼ਰਵਰੀ 1995 ਦੇ ਦਿਨ ਪੰਜਾਬ ਪੁਲਸ ਨੇ ਖ਼ਾਲਿਸਤਾਨੀ ਆਗੂ ਜਨਰਲ ਪਰਮਜੀਤ ਸਿੰਘ ਪੰਜਵੜ ਦੇ ਭਰਾ ਰਵਿੰਦਰ ਸਿੰਘ (ਪੁੱਤਰ ਕਸ਼ਮੀਰ ਸਿੰਘ, ਵਾਸੀ ਪੰਜਵੜ ਖੁਰਦ) ਨੂੰ ਇਕ ਨਕਲੀ ਮੁਕਾਬਕੇ ਵਿਚ ਸ਼ਹੀਦ ਕਰ ਦਿੱਤਾ।

22 ਫ਼ਰਵਰੀ

1921: ਪੰਜਾਬ ਦਾ ਗਵਰਨਰ ਨਾਨਕਾਣਾ ਸਾਹਿਬ ਪੁੱਜਾ

22 ਫ਼ਰਵਰੀ ਨੂੰ ਗਵਰਨਰ ਮੈਕਲੇਗਨ, ਵਜ਼ੀਰਾਂ ਤੇ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਨੂੰ ਲੈ ਕੇ ਨਾਨਕਾਣੇ ਪੁੱਜਾ। ਉਸ ਨੇ ਸਾਕਾ ਵੇਖ ਕੇ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਅਤੇ ਵਾਅਦਾ ਕੀਤਾ ਕਿ ਮੁਜਰਿਮਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

1922: ਵੀ.ਡਬਲਯੂ ਸਮਿਥ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਬਾਰੇ ਤਫ਼ਸੀਲ ਭਰੀ ਖ਼ੁਫ਼ੀਆ ਰਿਪੋਰਟ ਬਰਤਾਨਵੀ ਸਰਕਾਰ ਨੂੰ ਭੇਜੀ।

22 ਫਰਵਰੀ 1922 ਦੇ ਦਿਨ ਵੀ. ਡਬਲਯੂ ਸਮਿੱਥ, ਬਰਤਾਨਵੀ ਸਰਕਾਰ ਦੇ ਪੰਜਾਬ ਦੇ ਕਰਿਮੀਨਲ ਇਨਵੇਸਟੀਗੇਸ਼ਨ ਡਿਪਾਰਟਮੈਂਟ (ਸੀ.ਆਈ.ਡੀ.) ਦੇ ਐਸ.ਪੀ. (ਸਿਆਸੀ), ਨੇ ਵਾਇਸਰਾਏ ਨੂੰ ਭੇਜੀ ਆਪਣੀ ਖ਼ੁਫ਼ੀਆ ਰਿਪੋਰਟ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਇਕ ਲੰਬੀ-ਚੌੜੀ ਤਫ਼ਸੀਲ ਦਿੱਤੀ ਸੀ। ਇਸ ਵਿਚ ਕੁਝ ਹਿੱਸੇ ਹੇਠ ਲਿਖੇ ਸਨ :

"1920 ਦੀਆਂ ਗਰਮੀਆਂ ਵਿਚ, ਵੱਡੀਆਂ ਕਿਰਪਾਨਾਂ ਚੁੱਕੀ, ਗੂੜ੍ਹੀਆਂ ਨੀਲੀਆਂ ਪੱਗਾਂ ਵਾਲੇ ਅਕਾਲੀ, ਪਹਿਲੀ ਵਾਰੀ ਅਵਾਮ ਵਿਚ ਆਏ। ਵੇਖਣ ਵਿਚ ਭਾਵੇਂ ਉਹ ਗਰਮ ਦਲੀਏ ਜਾਪਦੇ ਸਨ, ਪਰ ਉਹ ਨੁਕਸਾਨਹੀਣ ਸਨ। ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ ਵਧਣ ਲੱਗੀ। ਇਸ ਦੇ ਨਾਲ ਹੀ ਕਿਰਪਾਨਾਂ ਦਾ ਸਾਈਜ਼ ਵੀ ਵੱਧਣ ਲੱਗਾ। ਗੁਰਦੁਆਰਾ ਸੁਧਾਰ ਲਹਿਰ ਆਪਣੀ ਸਹੀ ਸ਼ਕਲ ਵਿਚ 1920 ਦੀਆਂ ਗਰਮੀਆਂ ਤੇ ਪੱਤਝੜ ਵਿਚ ਆਈ। ਪਹਿਲਾ ਝਗੜੇ ਵਾਲਾ ਥਾਂ ਲਾਹੌਰ ਸ਼ਹਿਰ ਵਿਚ ਚੁਮਾਲਾ ਸਾਹਿਬ ਗੁਰਦੁਆਰਾ ਤੇ ਸਿਆਲਕੋਟ ਵਿਚ ਬਾਬੇ ਦੀ ਬੇਰ ਸੀ। ਚੁਮਾਲਾ ਸਾਹਿਬ ਦੇ ਝਗੜੇ ਵਿਚ ਬੜੇ ਪ੍ਰਸਿੱਧ ਸਿੱਖਾਂ ਨੇ ਐਜੀਟੇਸ਼ਨ ਵਿਚ ਹਿੱਸਾ ਲਿਆ। ਉਨ੍ਹਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਹੋਈਆਂ ਸਨ, ਕਿਰਪਾਨਾਂ ਚੁੱਕੀਆਂ ਹੋਈਆਂ ਸਨ ਤੇ ਆਪਣੇ ਆਪ ਨੂੰ 'ਅਕਾਲੀ' ਕਹਿੰਦੇ ਸਨ। ਜਿਵੇਂ-ਜਿਵੇਂ ਗੁਰਦੁਆਰਾ ਲਹਿਰ ਦਾ ਮੂੰਹ-ਮੱਥਾ ਬਣਦਾ ਗਿਆ, ਚੰਗੇ ਸੁਚੱਜੇ ਢੰਗ ਨਾਲ ਲੋਕਲ ਜਥੇਬੰਦ ਯੂਨਿਟਾਂ ਬਣਦੀਆਂ ਗਈਆਂ। ਅੰਮ੍ਰਿਤਸਰ ਅਕਾਲੀਆਂ ਦੀ ਭਰਤੀ ਵਾਲਾ ਪਹਿਲਾ ਜ਼ਿਲ੍ਹਾ ਸੀ। ਤਰਨ ਤਾਰਨ ਵਿਚ ਮੱਸਿਆ ਦੇ ਮੌਕੇ 'ਤੇ ਭਾਦੋਂ (12 ਸਤੰਬਰ) ਵਿਚ ਇਕ ਸਿੱਖ ਲੀਗ ਦੇ ਦੀਵਾਨ ਵਿਚ ਅਮਰ ਸਿੰਘ ਝਬਾਲ ਨੇ ਗੁਰਦੁਆਰਾ ਰਕਾਬ ਗੰਜ ਦੀਵਾਰ ਨੂੰ ਮੁੜ ਉਸਾਰਨ ਵਾਸਤੇ ਸੰਗਤਾਂ ਨੂੰ ਸ਼ਹੀਦੀ ਪ੍ਰਾਪਤ ਕਰਨ ਲਈ ਤਿਆਰ ਹੋਣ ਨੂੰ ਕਿਹਾ। ਕੋਈ 70-80 ਸਿੱਖਾਂ ਨੇ ਆਪਣੇ ਨਾਂ ਪੇਸ਼ ਕੀਤੇ।

ਅਕਾਲੀ ਹਲਕਿਆਂ ਵਿਚ ਅਪ੍ਰੈਲ, ਮਈ ਤੇ ਜੂਨ ਦੀ ਇਸ ਛੋਟੀ ਹਿਲਜੁਲ ਤੋਂ ਪਿਛੋਂ ਕੁਝ ਦੇਰ ਮਗਰੋਂ ਨਵਾਂ ਜੋਸ਼ ਪੈਦਾ ਹੋਇਆ। ਸ਼੍ਰੋਮਣੀ ਕਮੇਟੀ ਨੇ ਨਿਸਚੇ ਹੀ ਨਾ-ਮਿਲਵਰਤਣ ਦੀ ਪਾਲਸੀ ਅਪਨਾ ਕੇ ਹਰ ਹੀਲੇ ਆਪਣਾ ਉਦੇਸ਼ ਪੂਰਾ ਕਰਨ ਦਾ ਫ਼ੈਸਲਾ ਕੀਤਾ। ਇਸ 'ਹਰ ਹੀਲੇ' ਵਿਚ ਤਸ਼ੱਦਦ ਸ਼ਾਮਿਲ ਨਹੀਂ ਸੀ। ਇਸ ਨੇ ਹਰ ਪਾਸੇ ਅਕਾਲੀਆਂ ਵਿਚ ਨਵਾਂ ਜੋਸ਼ ਭਰਨ ਦੀ ਲਹਿਰ ਚਲਾਈ ਅਤੇ ਜ਼ਿਲ੍ਹਾ ਵਾਰ ਕੋਟਾ ਨੀਯਤ ਕਰ ਕੇ 5000 ਦਾ, ਉਨ੍ਹਾਂ (ਸਿੱਖਾਂ) ਦਾ, ਸ਼ਹੀਦੀ ਜੱਥਾ ਤਿਆਰ ਕਰਨ ਦਾ ਫੈਸਲਾ ਕੀਤਾ, ਜਿਹੜੇ ਗੁਰਦੁਆਰਾ ਸੁਧਾਰ ਵਾਸਤੇ ਜ਼ਿੰਦਗੀ ਦੇਣ ਲਈ ਤਿਆਰ ਹੋਣ। ਇਸ ਅਪੀਲ 'ਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਨਾਂ ਦਿੱਤੇ ਪਰ ਇਸ ਦੀ ਠੀਕ ਠਾਕ ਗਿਣਤੀ ਪਤਾ ਨਹੀਂ। ਸਰਕਾਰੀ ਰਿਪੋਰਟ ਅਨੁਸਾਰ ਇਹ ਗਿਣਤੀ 5000 ਤੋਂ ਘੱਟ ਸੀ ਪਰ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਇਹ ਮਿਲਵਰਤਣ ਅਪੀਲ ਦੀ ਗਿਣਤੀ ਤੋਂ ਕਿਤੇ ਵਧੇਰੇ ਸੀ। ਨਵੰਬਰ ਦੀ ਪੂਰਨਮਾਸ਼ੀ ਦੇ ਦਿਨ ਨਾਨਕਾਣਾ ਸਾਹਿਬ ਵਿਖੇ ਅਕਾਲੀਆਂ ਦਾ ਨਜ਼ਾਰਾ ਇਹ ਸਾਬਤ ਕਰਦਾ ਹੈ ਕਿ ਸਰਕਾਰੀ ਰਿਪੋਰਟ ਗ਼ਲਤ ਸੀ।

ਪਟਿਆਲਾ, ਕਪੂਰਥਲਾ, ਨਾਭਾ ਵਗੈਰਾ ਵਿਚ ਅਕਾਲੀਆਂ ਦੀ ਭਰਤੀ ਨੂੰ ਬੜੀ ਕਾਮਯਾਬੀ ਹਾਸਿਲ ਹੋਈ। ਅਕਾਲੀਆਂ ਨੂੰ ਫੂਲਕੀਆਂ ਰਿਆਸਤਾਂ ਵਿਚ ਵੀ ਬੜੀ ਕਾਮਯਾਬੀ ਹਾਸਿਲ ਹੋਈ। ਇਹ ਗਲਤ ਨਹੀਂ ਕਿ ਫੂਲਕੀਆਂ ਰਿਆਸਤਾਂ ਵਿਚ ਭਰਤੀ 3000 ਤੋਂ 4000

ਦੇ ਵਿਚਕਾਰ ਸੀ ਤੇ ਗਿਣਤੀ ਸ਼ਾਇਦ ਇਸ ਤੋਂ ਵੀ ਵਧੇਰੇ ਹੋਵੇ। ਹਰ ਅਕਾਲੀ ਕੋਲੋਂ ਹੇਠ ਲਿਖੀ ਸਹੁੰ ਚੁਕਵਾਈ ਜਾਂਦੀ ਸੀ:

''ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਇਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂ। ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਤਸ਼ੱਦਦ ਕਰਾਂਗਾ।''

ਔਰਤਾਂ ਵੀ ਵੱਡੀ ਗਿਣਤੀ ਵਿਚ ਅਕਾਲਨਾਂ ਬਣ ਰਹੀਆਂ ਸਨ ਪਰ ਉਹਨਾਂ ਦਾ ਕੰਮ ਸਟੇਜ 'ਤੇ ਬੋਲਣ ਅਤੇ ਅਕਾਲੀ ਪ੍ਰਚਾਰ ਤਕ ਹੀ ਸੀਮਤ ਸੀ।

ਸ਼੍ਰੋਮਣੀ ਕਮੇਟੀ ਦੀ ਕੋਸ਼ਿਸ਼ ਕਿ ਅਕਾਲੀ ਦਲ ਇਕ ਡਿਸਿਪਲਿਨ ਵਾਲੀ ਤੇ ਜਥੇਬੰਦ ਜਮਾਤ ਬਣੇ, ਬਹੁਤ ਕਾਮਯਾਬ ਹੋਈ ਹੈ। ਜਿਸ ਫੁਰਤੀ ਨਾਲ ਚਾਬੀਆਂ ਦੇ ਮੋਰਚੇ ਵੇਲੇ, 'ਗੁਰਦੁਆਰਾ ਤੇਜਾ' ਵਿਚ, ਵੱਖ-ਵੱਖ ਥਾਵਾਂ ਦੇ ਜਥੇ ਇਕੱਠੇ ਹੋਏ ਤੇ ਅੰਮ੍ਰਿਤਸਰ ਵਿਚ ਆਏ, ਉਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਅਕਾਲੀਆਂ ਵਿਚ ਆਪਸੀ ਰਾਬਤੇ ਦਾ (ਡਾਕ ਵਗੈਰਾ) ਢੰਗ ਕਿੰਨਾ ਅਸਰ ਭਰਿਆ ਤੇ ਕਾਮਯਾਬ ਸੀ ਅਤੇ ਇਹ ਵੀ ਕਿ ਸਾਰੇ ਅਕਾਲੀ ਦਲ ਵਿਚ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਇਕ ਦੂਰ ਪਿੰਡ ਵਿਚ ਬੈਠੇ ਅਕਾਲੀ ਤੱਕ, ਕਿੰਨੀ ਸੁਰਤਾ ਤੇ ਏਕਤਾ ਹੈ।

ਚੁਣੇ ਹੋਏ 5000 ਅਕਾਲੀਆਂ ਦਾ ਇਕ ਜਥਾ, ਜਿਸ ਵਿਚ ਵਧੇਰੇ ਸਾਬਕ ਫ਼ੌਜੀ ਸਨ, ਨੂੰ ਕਿਸੇ ਵੀ ਹੰਗਾਮੀ ਹਾਲਤ ਵੇਲੇ ਨਿਬਟਣ ਵਾਸਤੇ ਮਹਿਫੂਜ਼ ਰੱਖਿਆ ਹੋਇਆ ਸੀ। ਇਹ ਫੋਰਸ ਕੈਪਟਨ ਰਾਮ ਸਿੰਘ ਦੇ ਪ੍ਰਬੰਧ ਹੇਠ ਸੀ। ਇਸ ਦੀ ਕੋਈ ਨੇਮ ਬੱਧ ਪਰੇਡ ਜਾਂ ਟਰੇਨਿੰਗ ਦਾ ਤਾਂ ਕੋਈ ਸਬੂਤ ਨਹੀਂ ਪਰ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਗ੍ਰਿਫਤਾਰੀ ਵੇਲੇ ਇਸ ਅਕਾਲੀ ਫ਼ੋਰਸ ਨੇ, ਲਾਈਨਾਂ ਵਿਚ ਮਾਰਚ ਵੇਲੇ, ਸੀਟੀਆਂ ਅਤੇ ਹੱਥ ਦੇ ਇਸ਼ਾਰਿਆਂ ਨਾਲ ਸਾਰੇ ਫ਼ੌਜੀ ਇਸ਼ਾਰਿਆਂ ਦਾ ਇਜ਼ਹਾਰ ਕੀਤਾ।

ਬਾਬਾ ਗੁਰਦਿੱਤ ਸਿੰਘ ਦਾ ਮੁੜ ਆਉਣ ਸਿੱਖਾਂ ਦੇ ਮਨਾਂ ਵਿਚ ਤਬਦੀਲੀ ਦਾ ਇਸ਼ਾਰਾ ਹੈ। ... **ਸਿੱਖ ਕਿਸਾਨਾਂ ਵਿਚ ਆਮ ਚਰਚਾ ਹੈ ਕਿ ਮੌਜੂਦਾ ਲਹਿਰ ਇਕ ਵੱਡੇ ਇਨਕਲਾਬ ਦਾ ਟਰੇਲਰ ਹੈ, ਜਿਸ ਦਾ ਨਤੀਜਾ ਸਿੱਖਾਂ ਦੇ ਰਾਜ ਦਾ ਮੁੜ ਆਉਣਾ ਹੋਵੇਗਾ।** ਇਹ ਖ਼ਿਆਲ ਜਾਂ ਤਾਂ ਸਿੱਖ ਆਗੂਆਂ ਨੇ ਪੈਦਾ ਕੀਤਾ ਹੈ ਜਾਂ ਆਪਣੇ-ਆਪ ਫੈਲਣਾ ਸ਼ੁਰੂ ਹੋ ਗਿਆ, ਇਸ ਦੇ ਜਨਮ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਵਿਚਾਰ ਆਮ ਹੈ।

'ਖਾਲਸਾ ਐਡਵੋਕੇਟ' ਨੂੰ ਛੱਡ ਕੇ ਸਾਰੀਆਂ ਸਿੱਖ ਅਖ਼ਬਾਰਾਂ ਨੇ ਤਫ਼ਸੀਲ ਨਾਲ ਇਸ ਦੇ ਧਾਰਮਿਕ ਮਸਲਿਆਂ ਨੂੰ ਬੇਹੱਦ ਬ੍ਰਿਟਿਸ਼-ਮੁਖ਼ਾਲਿਫ਼ ਸੋਚ ਨਾਲ ਵਿਚਾਰਿਆ ਹੈ। ਸਿੱਖ ਅਖ਼ਬਾਰਾਂ ਦੇ ਸਰਕਾਰ ਦੀ ਪਾਲਸੀ 'ਤੇ ਲਗਾਤਾਰ ਹਮਲੇ ਸਪੱਸ਼ਟ ਰੂਪ ਵਿਚ ਸਰਕਾਰ ਨਾਲ ਸਮਝੌਤਾ ਹੋਣ ਦੀ ਆਸ ਦੇ ਰਾਹ ਵਿਚ ਰੁਕਾਵਟ ਹਨ, ਇਹੀ ਹਮਲੇ ਵਿਗੜੇ ਸਬੰਧਾਂ ਦਾ ਵੱਡਾ ਕਾਰਨ ਹਨ।

ਅਕਾਲੀ ਲਹਿਰ, ਗਾਂਧੀ ਦੀ ਸਿਵਲ ਨਾਫ਼ੁਰਮਾਨੀ ਨਾਲੋਂ ਵੱਡੀ ਫਿਕਰ ਵਾਲੀ ਗੱਲ ਹੈ। ਗਾਂਧੀ ਦੇ ਪ੍ਰਚਾਰ ਦਾ ਅਸਰ ਮੁੱਖ ਤੌਰ 'ਤੇ ਸ਼ਹਿਰੀ ਜਨਤਾ 'ਤੇ ਹੈ ਜਦੋਂ ਕਿ ਸ਼ਹਿਰੀਆਂ ਕੋਲ (1) ਸਰੀਰਕ ਹੌਸਲਾ ਅਤੇ (2) ਪੁਲਿਸ ਦੇ ਇਕ ਛੋਟੇ ਜਿਹੇ ਦਸਤੇ ਦਾ ਵੀ ਕਾਮਯਾਬੀ ਨਾਲ ਮੁਕਾਬਲਾ ਕਰਨ ਦੀ ਘਾਟ ਹੈ। ਦੂਸਰੇ ਪਾਸੇ ਅਕਾਲੀ ਲਹਿਰ ਬਿਲਕੁਲ ਪੇਂਡੂ ਲਹਿਰ ਹੈ ਅਤੇ ਇਸ ਦੇ ਹਿੱਸੇਦਾਰ ਉਹ ਹਨ, ਜਿਨ੍ਹਾਂ ਦਾ ਤਕੜਾ ਜਿਸਮ ਅਤੇ ਇਕ ਕੌਮੀ ਤਵਾਰੀਖ਼ ਹੈ। ਮੌਜੂਦਾ ਸਿੱਖ ਹਾਲਤ ਅਜਿਹੀ ਅਸਪੱਸ਼ਟ ਹੈ ਕਿ ਇਹ ਗੱਲ

ਭਰੋਸੇ ਨਾਲ ਕਹਿਣੀ ਨਾ ਮੁਮਕਿਨ ਹੈ ਕਿ ਅਕਾਲੀ ਲਹਿਰ ਦਾ ਅਗਲਾ ਮੋੜ ਕੀ ਹੋਵੇਗਾ; ਪਰ ਅਕਾਲੀ ਦਲ ਦਾ ਸਿਆਸੀ ਕਾਰਜਾਂ ਵਾਸਤੇ ਇਸਤੇਮਾਲ ਆਉਂਦੇ ਦਿਨਾਂ ਦੀ ਆਸ ਹੈ।''

(ਮੈਂ ਸਮਿਥ ਦੀ ਰਿਪੋਰਟ ਵਿੱਚੋਂ ਸਿਰਫ਼ ਕੁਝ ਹਿੱਸਿਆਂ ਦਾ ਤਰਜਮਾ ਹੀ ਦਿੱਤਾ ਹੈ। ਪੂਰੀ ਰਿਪੋਰਟ ਹੋਰ ਵੀ ਤਫ਼ਸੀਲ ਨਾਲ ਭਰੀ ਪਈ ਹੈ)।

1985: ਪੰਜਾਬ ਦੇ ਗਵਰਨਰ ਅਰਜਨ ਸਿੰਘ ਅਤੇ ਅਕਾਲੀਆਂ ਵਿਚਕਾਰ ਖ਼ੁਫ਼ੀਆ ਗੱਲਬਾਤ

ਰਾਜੀਵ ਗਾਂਧੀ ਵੱਲੋਂ 3 ਜਨਵਰੀ 1985 ਦੇ ਦਿਨ ਪੰਜਾਬ ਬਾਰੇ ਬਣਾਈ ਕਮੇਟੀ ਦੇ ਇਕ ਮੈਂਬਰ ਅਰਜਨ ਸਿੰਘ (ਚੀਫ਼ ਮਨਿਸਟਰ ਮੱਧ ਪ੍ਰਦੇਸ਼) ਨੇ ਬਹੁਤ ਵਾਰ ਅਕਾਲੀ ਆਗੂਆਂ ਨਾਲ ਗਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਬਹੁਤ ਸਾਰੇ ਵਿਚੋਲਿਆਂ ਰਾਹੀਂ ਅਕਾਲੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦਿੱਤੇ, ਪਰ ਕੋਈ ਵੀ ਅਕਾਲੀ ਉਸ ਨੂੰ ਮਿਲਣ ਤਕ ਵਾਸਤੇ ਤਿਆਰ ਨਾ ਹੋਇਆ। ਇਕ ਦਿਨ ਉਹ ਭੂਪਾਲ ਵਿਚ ਜਸਟਿਸ ਗੁਰਨਾਮ ਸਿੰਘ ਦੀ ਧੀ (ਜੋ ਉਥੇ ਰਹਿ ਰਹੀ ਸੀ) ਨੂੰ ਮਿਲਿਆ ਤੇ ਆਪਣੀ ਮੁਸ਼ਕਿਲ ਦੱਸੀ। ਉਸ ਨੇ ਅਰਜਨ ਸਿੰਘ ਦਾ ਰਾਬਤਾ ਆਪਣੇ ਭਰਾ ਗੁਰਬੀਰ ਸਿੰਘ (ਉਰਫ਼ ਬਾਕੂ) ਨਾਲ ਕਰਵਾਇਆ। ਬਾਕੂ ਦੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਤਰ ਸਿੰਘ ਨਾਲ ਚੰਗੇ ਸਬੰਧ ਸਨ ਤੇ ਅਤਰ ਸਿੰਘ ਕਿਸੇ ਵੇਲੇ ਟੌਹੜਾ ਤੇ ਬਾਦਲ ਦੇ ਬਹੁਤ ਨੇੜੇ ਹੁੰਦਾ ਸੀ ਕਿਉਂ ਕਿ ਉਹ ਇਨ੍ਹਾਂ ਵਾਸਤੇ ਲੇਖ ਲਿਖ ਕੇ ਦਿਆ ਕਰਦਾ ਸੀ। ਬਾਕੂ ਨੇ ਅਰਜਨ ਸਿੰਘ ਅਤੇ ਅਤਰ ਸਿੰਘ ਵਿਚਕਾਰ ਮੁਲਾਕਾਤ ਕਰਵਾ ਦਿੱਤੀ।ਅਰਜਨ ਸਿੰਘ ਨੇ ਅਤਰ ਸਿੰਘ ਨੂੰ ਅਕਾਲੀ ਆਗੂਆਂ ਨੂੰ ਮਿਲਣ ਵਾਸਤੇ ਜੋਧਪੁਰ ਜੇਲ੍ਹ ਭੇਜਿਆ; ਪਰ ਉਨ੍ਹਾਂ ਨੇ ਸ਼ਰਤ ਰੱਖੀ ਕਿ ਰਿਹਾਈ ਤੋਂ ਪਹਿਲਾਂ ਉਹ ਕੋਈ ਗੱਲਬਾਤ ਨਹੀਂ ਕਰਨਗੇ। ਇਸ 'ਤੇ 11 ਮਾਰਚ 1985 ਦੇ ਦਿਨ 8 ਸੀਨੀਅਰ ਅਕਾਲੀ ਆਗੂ ਰਿਹਾ ਕਰ ਦਿੱਤੇ ਗਏ। ਤੇ 12 ਮਾਰਚ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਵੀ ਹਟਾ ਲਈ ਗਈ। ਇਸੇ ਦਿਨ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਵੀ ਬਣਾ ਦਿੱਤਾ ਗਿਆ। ਜੇਲ੍ਹ ਤੋਂ ਬਾਹਰ ਆ ਕੇ ਵੀ ਅਕਾਲੀ ਆਗੂਆਂ ਨੇ ਗਵਰਵਰ ਨਾਲ ਕੋਈ ਗਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸ਼ਰਤ ਰੱਖੀ ਕਿ ਸਾਰੇ ਸਿੱਖਾਂ ਨੂੰ ਰਿਹਾ ਕੀਤਾ ਜਾਵੇ, ਫ਼ੌਜ ਨੂੰ ਪੰਜਾਬ ਵਿਚੋਂ ਕੱਢਿਆ ਜਾਵੇ, ਧਰਮੀ ਫ਼ੌਜੀਆਂ ਨੂੰ ਫ਼ੌਜ ਵਿਚ ਵਾਪਿਸ ਲਿਆ ਜਾਵੇ ਤੇ ਕਾਲੇ ਕਾਨੂੰਨ ਵਾਪਿਸ ਲਏ ਜਾਣ। ਗਵਰਨਰ ਨੇ ਰਾਜੀਵ ਨਾਲ ਗੱਲਬਾਤ ਕਤਿੀ ਪਰ ਉਸ ਨੇ ਇਹ ਮੰਨਣ ਤੋਂ ਨਾਂਹ ਕਰ ਦਿੱਤੀ। ਹੁਣ ਗਵਰਨਰ ਨੇ ਅਤਰ ਸਿੰਘ ਰਾਹੀ ਇਕ ਇਕ ਅਕਾਲੀ ਨੂੰ ਪੰਜਾਬ ਦੀ ਹਕੂਮਤ ਸੌਂਪਣ ਦਾ ਲਾਲਚ ਦਿੱਤਾ; ਪਰ ਇਸ ਦੇ ਬਾਵਜੂਦ ਕੋਈ ਆਗੂ ਤਿਆਰ ਨਾ ਹੋਇਆ। ਇਸ 'ਤੇ ਅਤਰ ਸਿੰਘ ਨੇ ਸੁਝਾਅ ਦਿੱਤਾ ਕਿ ਪ੍ਰਿਥੀਪਾਲ ਸਿੰਘ ਕਪੂਰ ਰਾਹੀਂ ਹਰਚੰਦ ਸਿੰਘ ਲੌਂਗੋਵਾਲ ਨਾਲ ਰਾਬਤਾ ਬਣਾਇਆ ਜਾਏ ਤੇ ਉਹ ਲੌਂਗੋਵਾਲ ਨੂੰ ਫਸਾ ਸਕਦਾ ਹੈ। ਗਵਰਨਰ ਵੱਲੋਂ ਹਾਂ ਹੋਣ ਮਗਰੋਂ ਅਤਰ ਸਿੰਘ ਪ੍ਰਿਥੀਪਾਲ ਸਿੰਘ ਕਪੂਰ ਨੂੰ ਉਸ ਕੋਲ ਲੈ ਗਿਆ।ਪ੍ਰਿਥੀਪਾਲ ਸਿੰਘ ਕਪੂਰ ਨੇ ਸ਼ਰਤ ਰੱਖੀ ਕਿ ਉਸ ਨੂੰ ਯੂਨੀਵਰਸਿਟੀ ਦਾ ਰਜਿਸਟਰਾਰ ਬਣਾਉਣ ਦਾ ਵਾਅਦਾ ਕੀਤਾ ਜਾਵੇ ਤਾਂ ਉਹ ਇਹ ਕਾਰਜ ਸਿਰੇ ਚੜ੍ਹਾ ਸਕਦਾ ਹੈ। ਇਹ ਇਕ ਬਹੁਤ ਹੀ ਨਿੱਕੀ ਜਿਹੀ ਸ਼ਰਤ ਸੀ ਜੋ ਗਵਰਨਰ ਨੇ ਇਕ ਦਮ ਮੰਨ ਲਈ ਕਿਉਂ ਕਿ ਉਹ ਤਾਂ ਕਪੂਰ ਨੂੰ ਵਾਈਸ ਚਾਂਸਲਰ ਬਣਾਉਣ ਵਾਸਤੇ ਮਨ ਬਣਾਈ ਬੈਠਾ ਸੀ। ਇਸ ਮਗਰੋਂ ਪ੍ਰਿਥੀਪਾਲ ਸਿੰਘ ਕਪੂਰ ਨੇ ਲੌਂਗੋਵਾਲ ਦੇ ਪਿੱਛੇ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ ਤੇ ਅਖ਼ੀਰ ਉਸ ਨੂੰ ਆਪਣੇ ਮੱਕੜ-ਜਾਲ ਵਿਚ ਫਸਾ ਹੀ ਲਿਆ। ਇਸ ਮਗਰੋਂ ਅਤਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਕਪੂਰ ਨੇ ਰਾਜੀਵ ਤੇ ਲੌਂਗੋਵਾਲ ਸਮਝੌਤੇ ਦਾ ਡਰਾਫ਼ਟ ਤਿਆਰ ਕੀਤਾ। ਇਸ ਹੀ ਪੰਜਾਬ ਤੇ ਸਿੱਖਾਂ

ਨਾਲ ਗ਼ਦਾਰੀ ਦਾ ਮੁੱਢ। (ਰਾਜੀਵ-ਲੌਂਗੋਵਾਲ ਸਮਝੌਤੇ ਮਗਰੋਂ ਛੇਤੀ ਹੀ ਲੌਂਗੋਵਾਲ ਦਾ ਕਤਲ ਹੋ ਗਿਆ। ਉਧਰ ਗਵਰਨਰ ਪ੍ਰਿਥੀਪਾਲ ਸਿੰਘ ਕਪੂਰ ਨੂੰ ਗੁਰੂ ਨਾਨਕ ਯੂਨੀਵਰਸਿਟੀ ਦਾ ਰਜਿਸਰਾਰ ਤਾਂ ਨਾ ਬਣਾ ਸਕਿਆ ਪਰ ਪ੍ਰੋ ਵਾਈਸ ਚਾਂਸਲਰ ਜ਼ਰੂਰ ਬਣਾ ਦਿੱਤਾ। ਅਤਰ ਸਿੰਘ, ਜਿਸ ਨੇ ਰੂਸ ਵਿਚ ਭਾਰਤ ਦਾ ਸਫ਼ੀਰ ਬਣਾਏ ਜਾਣ ਦੀ ਸ਼ਰਤ ਰੱਖੀ ਸੀ, ਉਹ ਕੁਝ ਖੱਟਣ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਚਲਾ ਗਿਆ)।

1991: ਸਿਮਰਨਜੀਤ ਸਿੰਘ ਕੋਟ ਹਯਾਤ, ਗੁਰਮੇਜ ਸਿੰਘ ਜੱਬੋਵਾਲ, ਜਗਜੀਤ ਸਿੰਘ ਪੰਡੋਰੀ ਰਮਾਨਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

22 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਿਮਰਨਜੀਤ ਸਿੰਘ (ਵਾਸੀ ਕੋਟ ਹਯਾਤ), ਗੁਰਮੇਜ ਸਿੰਘ (ਵਾਸੀ ਜੱਬੋਵਾਲ), ਜਗਜੀਤ ਸਿੰਘ (ਵਾਸੀ ਪੰਡੋਰੀ ਰਮਾਨਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਦੀਪ ਸਿੰਘ ਦੀਪਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

22 ਫ਼ਰਵਰੀ 1992 ਦੇ ਦਿਨ ਹਰਦੀਪ ਸਿੰਘ ਦੀਪਾ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਬਲਵਿੰਦਰ ਸਿੰਘ, ਸ਼ਾਮ ਸਿੰਘ ਸ਼ਾਮਾ ਤੇ ਗੁਰਚਰਨ ਸਿੰਘ ਚਰਨ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

22 ਫਰਵਰੀ 1993 ਦੇ ਦਿਨ ਬਲਵਿੰਦਰ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਪਿੰਡ ਰੰਗੀਆਂ, ਜ਼ਿਲ੍ਹਾ ਰੋਪੜ), ਸ਼ਾਮ ਸਿੰਘ ਸ਼ਾਮਾ (ਪਿੰਡ ਚੂਹੜੀਆਂ, ਜ਼ਿਲ੍ਹਾ ਬਠਿੰਡਾ) ਅਤੇ ਗੁਰਚਰਨ ਸਿੰਘ ਚਰਨ (ਪਿੰਡ ਗੁੜਾ, ਜ਼ਿਲ੍ਹਾ ਸਿਰਸਾ, ਹਰਿਆਣਾ) ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਜੇਲ੍ਹਾਂ ਵਿਚ ਕੈਦ ਸਿੱਖਾਂ ਦੀ ਰਿਹਾਈ ਵਾਸਤੇ ਕਮੇਟੀ ਬਣੀ

22 ਫ਼ਰਵਰੀ 2014 ਦੇ ਦਿਨ ਜੇਲ੍ਹਾਂ ਵਿਚ ਕੈਦ ਸਿੱਖਾਂ ਦੀ ਰਿਹਾਈ ਵਾਸਤੇ 9 ਮੈਂਬਰੀ ਕਮੇਟੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਮਾਨ, ਦਾਦੂਵਾਲ, ਪੰਥਪ੍ਰੀਤ ਸਿੰਘ, ਮੋਹਨ ਸਿੰਘ ਬਾਰਨਵਾਲਾ, ਜੰਗ ਸਿੰਘ, ਸੁਖਵਿੰਦਰ ਕੌਰ, ਸੁਰਜੀਤ ਕੌਰ, ਭਗਵੰਤ ਸਿੰਘ। ਵਕੀਲਾਂ ਦਾ ਇਕ ਪੈਨਲ ਵੀ ਬਣਾਇਆ ਗਿਆ, ਜਿਸ ਵਿਚ ਹੇਠ ਲਿਖੇ ਨਾਂ ਸਨ: ਆਰ.ਐਸ. ਸੋਢੀ, ਬਾਲ ਗੋਪਾਲ, ਫੂਲਕਾ, ਰੰਜਨ ਲਖਣਪਾਲ, ਸਿਮਰਨਜੀਤ ਸਿੰਘ ਚੰਡੀਗੜ੍ਹ, ਗੁਰਵਿੰਦਰ ਸਿੰਘ ਸਾਹਨੀ ਲੁਧਿਆਣਾ, ਚਰਨਪਾਲ ਸਿੰਘ।

23 ਫ਼ਰਵਰੀ

1829: ਕੰਵਰ ਨੌਨਿਹਾਲ ਸਿੰਘ ਦਾ ਜਨਮ

23 ਫ਼ਰਵਰੀ 1829 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਵੱਡੇ ਬੇਟੇ ਖੜਗ ਸਿੰਘ ਦੇ ਘਰ ਕੰਵਰ ਨੌਨਿਹਾਲ ਸਿੰਘ ਦਾ ਜਨਮ ਹੋਇਆ ਜੋ 9 ਅਕਤੂਬਰ 1839 ਤੋਂ 5 ਨਵੰਬਰ 1840 ਤਕ ਲਾਹੌਰ ਰਿਆਸਤ ਦਾ ਹਾਕਮ ਬਣਿਆ।

1921: ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸਸਕਾਰ

ਨਾਨਕਾਣਾ ਸਾਹਿਬ ਦੇ 20 ਫ਼ਰਵਰੀ ਦੇ ਕਤਲੇਆਮ ਮਗਰੋਂ ਅਗਲੇ ਦਿਨ 21 ਫ਼ਰਵਰੀ ਨੂੰ ਸਵੇਰੇ 8 ਵਜੇ ਗੁਰਦੁਆਰੇ ਦਾ ਦਰਵਾਜ਼ਾ ਖੋਲ੍ਹਿਆ ਗਿਆ। ਅੰਦਰ ਗੋਲੀਆਂ ਦੇ ਕਾਰਤੂਸ, ਪੱਥਰ, ਖ਼ੂਨ, ਲਾਸ਼ਾਂ ਦੇ ਟੁਕੜੇ ਤੇ ਅੱਧ ਸੜੀਆਂ ਲਾਸ਼ਾਂ ਦੀ ਬੋਅ ਆ ਰਹੀ ਸੀ। ਪੁਲੀਸ ਨੇ ਪੌਣੇ ਤਿਨ ਸੌ ਤੋਂ ਵੱਧ ਕਾਰਤੂਸਾਂ ਦੇ ਖੋਲ ਬਰਾਮਦ ਕੀਤੇ। ਛੱਤਾਂ ਉਤੇ ਰੋੜਿਆਂ ਦੇ ਪੱਥਰਾਂ ਦੇ 24 ਵੱਡੇ ਢੇਰ ਅਜੇ ਵੀ ਪਏ ਹੋਏ ਸਨ।

21 ਫ਼ਰਵਰੀ ਦੁਪਹਿਰ ਤਕ ਬਹੁਤ ਸਾਰੇ ਸਿੱਖ ਖੇਤਾਂ ਰਾਹੀਂ ਨਾਨਕਾਣਾ ਸਾਹਿਬ 'ਚ ਪਹੁੰਚ ਚੁੱਕੇ ਸਨ। ਸ਼ਾਮ ਤਕ ਹਜ਼ਾਰਾਂ ਸਿੱਖ ਨਾਨਕਾਣਾ ਸਾਹਿਬ 'ਚ ਇਕੱਠੇ ਹੋ ਚੁੱਕੇ ਸਨ। ਸਿੱਖ ਗੁਰਦੁਆਰੇ 'ਚ ਦਾਖ਼ਲ ਹੋਣਾ ਚਾਹੁੰਦੇ ਸਨ ਪਰ ਫ਼ੌਜ ਨੇ ਰਾਹ ਡੱਕਿਆ ਹੋਇਆ ਸੀ। ਅਜਿਹਾ ਜਾਪਦਾ ਸੀ ਕਿ ਸੀ ਕਿ ਸਿੱਖਾਂ ਨੂੰ ਬਹੁਤੀ ਦੇਰ ਰੋਕਿਆ ਨਹੀਂ ਜਾ ਸਕਦਾ ਸੀ। ਅਖ਼ੀਰ ਮੌਕੇ ਦੀ ਨਜ਼ਾਕਤ ਨੂੰ ਮਹਿਸੂਸ ਕਰਦਿਆਂ ਸਰਕਾਰ ਨੇ ਇਕ ਸੱਤ-ਮੈਂਬਰੀ ਸਿੱਖ ਕਮੇਟੀ ਨੂੰ ਗੁਰਦੁਆਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ। ਇਨ੍ਹਾਂ ਨੂੰ ਹੋਰ ਮੈਂਬਰ ਕੋਆਪਟ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਮਗਰੋਂ ਸਿੱਖ ਗੁਰਦੁਆਰੇ ਵਿਚ ਦਾਖ਼ਲ ਹੋਏ ਤੇ ਅਕਾਲੀ ਆਗੂਆਂ ਦੀ ਅਰਜ਼ ਮੰਨਦਿਆਂ ਸ਼ਹੀਦਾਂ ਦੇ ਦਰਸ਼ਨ ਕਰਨ ਅਤੇ ਮੱਥਾ ਟੇਕਣ ਮਗਰੋਂ ਛੇਤੀ-ਛੇਤੀ ਬਾਹਰ ਨਿਕਲਦੇ ਗਏ। ਅਗਲੇ ਦਿਨ ਹਜ਼ਾਰਾਂ ਸਿੱਖਾਂ ਨੇ ਨਾਨਕਾਣੇ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ।

ਮਹੰਤ ਦੇ ਕਤਲੇਆਮ ਨੇ ਏਨੀ ਦਹਿਸ਼ਤ ਫੈਲਾ ਦਿੱਤੀ ਸੀ ਕਿ ਨਗਰ ਵਾਸੀ ਘਰ ਛੱਡ ਕੇ ਦੌੜ ਗਏ ਸਨ। ਉਨ੍ਹਾਂ ਪਿੱਛੋਂ ਕਈ ਡੰਗਰ ਭੁੱਖ ਤੇ ਪਿਆਸ ਨਾਲ ਮਰ ਗਏ। ਸਿੱਖਾਂ ਨੇ ਮਰੇ ਡੰਗਰਾਂ ਨੂੰ ਛੱਪੜ ਕੰਢੇ ਇਕੱਠਾ ਕੀਤਾ ਅਤੇ ਘਰ ਛੱਡ ਕੇ ਭੱਜ ਗਏ ਸ਼ਹਿਰੀਆਂ ਦੇ ਘਰਾਂ ਦੀ ਰਾਖੀ ਦਾ ਇੰਤਜ਼ਾਮ ਕੀਤਾ। ਸਿੱਖਾਂ ਨੇ ਸਾਰੇ ਪਾਸੇ ਢੰਡੋਰਾ ਪਿਟਵਾਇਆ ਤੇ ਲੋਕਾਂ ਨੂੰ ਆਪਣੇ ਘਰਾਂ ਨੂੰ ਵਾਪਿਸ ਮੁੜਨ ਵਾਸਤੇ ਪੈਗ਼ਾਮ ਭੇਜੇ।

23 ਫ਼ਰਵਰੀ ਦੀ ਸ਼ਾਮ ਨੂੰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਸਸਕਾਰ ਵੇਲੇ ਹਜ਼ਾਰਾਂ ਸਿੱਖ ਸੰਗਤਾਂ ਹਾਜ਼ਿਰ ਸਨ। ਸਾਰੇ ਸ਼ਹੀਦ ਸਿੱਖਾਂ ਦਾ ਸਸਕਾਰ ਇਕੋ ਜਗਹ ਇਕੱਠਾ ਹੀ ਕੀਤਾ ਗਿਆ। ਇਸ ਵੇਲੇ ਬਹੁਤ ਵੱਡੀ ਗਿਣਤੀ ਵਿਚ ਸਿੱਖ ਹਾਜ਼ਰ ਸਨ; ਤਕਰੀਬਨ ਸਾਰਿਆਂ ਦੀਆਂ ਅੱਖਾਂ ਨਮ ਸਨ। ਸਸਕਾਰ ਵੇਲੇ ਲਗਾਤਾਰ ਸੰਗਤਾਂ ਸ਼ਬਦ ਪੜ੍ਹਦੀਆਂ ਰਹੀਆਂ; ਉਸ ਸ਼ਾਮ ਨੂੰ ਲੋਕਾਂ ਨੇ ਜ਼ਰਾ ਮਾਸਾ ਲੰਗਰ ਹੀ ਛਕਿਆ।

ਨਾਨਕਾਣਾ ਸਾਹਿਬ 'ਚ ਪਾਪੀ ਮਹੰਤਾਂ ਨੇ ਬੇਹੱਦ ਗੁਨਾਹ ਕੀਤੇ ਸਨ। ਲੋਕ ਕਹਿ ਰਹੇ ਸਨ ਕਿ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਨਾਨਕਾਣਾ ਸਾਹਿਬ 'ਚ ਕੀਤੇ ਪਾਪ ਧੋਅ ਦਿੱਤੇ ਹਨ। ਨਾਨਕਾਣਾ ਸਾਹਿਬ 'ਚ ਇਨ੍ਹਾਂ ਸ਼ਹੀਦਾਂ ਨੇ ਆਪਣੀਆਂ ਕੁਰਬਾਨੀਆਂ ਨਾਲ ਦਰਜਨਾਂ ਸਿੱਖ ਆਗੂਆਂ ਦੀਆਂ ਜਾਨਾਂ ਬਚਾਈਆਂ। ਜੇ ਕਰ ਇਹ ਜਥਾ 20 ਫ਼ਰਵਰੀ ਦੀ ਸਵੇਰ ਨੂੰ ਸ਼ਹੀਦ ਨਾ ਹੁੰਦਾ ਅਤੇ 4 ਮਾਰਚ ਨੂੰ ਅਕਾਲੀ ਉੱਥੇ ਪੁੱਜਦੇ ਤਾਂ ਯਕੀਨਨ ਉਸ ਦਿਨ ਵੀ ਮਹੰਤ ਨੇ ਇਹੀ ਕਾਰਵਾਈ ਕਰਨੀ ਸੀ ਅਤੇ ਤਕਰੀਬਨ ਸਾਰੇ ਸਿੱਖ ਆਗੂ ਸ਼ਹੀਦ ਹੋ ਜਾਣ ਦਾ ਖ਼ਦਸ਼ਾ ਸੀ। ਜੇ ਕਰ ਇਂਵ ਹੋ ਜਾਂਦਾ ਤਾਂ ਅਕਾਲੀ ਲਹਿਰ ਦੀ ਸ਼ਕਲ ਕੀ ਹੋਣੀ ਸੀ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

1921: ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਵਿਚ ਹਿੰਦੂਆਂ ਦੀ ਗੁੰਡਾਗਰਦੀ

23 ਫ਼ਰਵਰੀ 1921 ਨੂੰ ਕੁਝ ਹਿੰਦੂਆਂ ਨੇ ਗੁਰਦੁਆਰਾ ਭਾਈ ਜੋਗਾ ਸਿੰਘ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਉਹ ਦੁਪਹਿਰ ਵੇਲੇ ਗੁਰਦੁਆਰੇ ਪੁੱਜੇ ਅਤੇ ''ਮਹੰਤ ਨਰੈਣ ਦਾਸ ਜ਼ਿੰਦਾਬਾਦ'' ਤੇ ''ਬੇਦੀ ਕਰਤਾਰ ਸਿੰਘ ਜ਼ਿੰਦਾਬਾਦ'' ਦੇ ਨਾਅਰੇ ਲਾਉਣੇ ਸ਼ੁਰੂ ਕਰ

ਦਿੱਤੇ। ਉਨ੍ਹਾਂ ਕਿਹਾ ਕਿ ਉਹ ਗੁਰਦੁਆਰੇ ਵਿਚ ਹੋਲੀ ਮਨਾਉਣਗੇ। ਗੁਰਦੁਆਰੇ ਵਿਚ ਸਿੱਖਾਂ ਨੇ ਹਿੰਦੂਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਾ ਦਿੱਤੀ। ਇਸ 'ਤੇ ਉਹ ਚਲੇ ਗਏ ਅਤੇ 15 ਮਿੰਟਾਂ ਮਗਰੋਂ ਉਹ ਵੱਡੀ ਗਿਣਤੀ ਵਿਚ ਗੁਰਦੁਆਰੇ ਵੱਲ ਆਏ। ਉਨ੍ਹਾਂ ਨੇ ਡਾਂਗਾਂ, ਚਾਕੂ ਤੇ ਤਲਵਾਰਾਂ ਫੜ੍ਹੀਆਂ ਹੋਈਆਂ ਸਨ। ਉਨ੍ਹਾਂ ਗੇਟ 'ਤੇ ਖੜ੍ਹੇ ਸਿੱਖ ਨੂੰ ਕਾਬੂ ਕਰ ਲਿਆ। ਉਸ ਦੀਆਂ ਆਵਾਜ਼ਾਂ ਸੁਣ ਕੇ ਤਿੰਨ ਸਿੱਖ ਅੰਦਰੋਂ ਬਾਹਰ ਆਏ। ਸਿੱਖਾਂ ਦਾ ਦਬਕਾ ਸੁਣ ਕੇ ਹਿੰਦੂ ਪਿੱਛੇ ਨੂੰ ਭੱਜ ਪਏ। ਸਾਰੀ ਗਲੀ ਹਿੰਦੂ ਭੀੜ ਨਾਲ ਭਰੀ ਹੋਣ ਕਰ ਕੇ ਉਨ੍ਹਾਂ ਵਾਸਤੇ ਦੌੜਨਾ ਵੀ ਔਖਾ ਹੋ ਗਿਆ। ਹਿੰਦੂ ਔਰਤਾਂ ਜੋ ਆਪਣੇ ਨਾਲ ਇੱਟਾਂ ਤੇ ਪੱਥਰ ਲਿਆਈਆਂ ਸਨ, ਨੇ ਸਿੱਖਾਂ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਬਚਾਅ ਵਾਸਤੇ ਡਾਂਗ ਚਲਾਉਣੀ ਸ਼ੁਰੂ ਕਰ ਦਿੱਤੀ। 13 ਹਿੰਦੂ ਡਾਂਗਾਂ ਨਾਲ ਜ਼ਖ਼ਮੀ ਹੋਏ ਤੇ ਹਿੰਦੂ ਔਰਤਾਂ ਦੇ ਪਥਰਾਅ ਨਾਲ ਤਿੰਨ ਸਿੱਖਾਂ ਨੂੰ ਵੀ ਸੱਟਾਂ ਲੱਗੀਆਂ। ਥੋੜ੍ਹੀ ਦੇਰ ਮਗਰੋਂ ਡਿਪਟੀ ਕਮਿਸ਼ਨਰ ਵੀ ਆ ਗਿਆ। ਦੂਜੇ ਪਾਸੇ ਖ਼ਬਰ ਮਿਲਦਿਆਂ ਬਹੁਤ ਸਾਰੇ ਸਿੱਖ ਵੀ ਗੁਰਦੁਆਰੇ ਪਹੁੰਚ ਗਏ। ਡਿਪਟੀ ਕਮਿਸ਼ਨਰ ਕਿਉਂਕਿ ਹਿੰਦੂਆਂ ਦੀ ਤਰਫ਼ਦਾਰੀ ਕਰਦਾ ਸੀ ਉਸ ਨੇ 40 ਸਿੱਖ ਗ੍ਰਿਫ਼ਤਾਰ ਕਰ ਲਏ ਤੇ ਕਿਸੇ ਵੀ ਹਿੰਦੂ ਨੂੰ ਹੱਥ ਤਕ ਨਾ ਲਾਇਆ। ਡੀ.ਸੀ. ਨੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਤੇ ਪੁਲੀਸ ਤੇ ਮਿਲਟਰੀ ਦੀ ਗਾਰਡ ਲਾ ਦਿੱਤੀ। ਉਸ ਨੇ ਗੁਰਦੁਆਰੇ 'ਚ ਸਿੱਖਾਂ ਦੀ ਐਂਟਰੀ ਬੰਦ ਕਰ ਦਿੱਤੀ। ਇਸ 'ਤੇ ਸਿੱਖਾਂ ਨੇ, ਸਣੇ ਫ਼ੌਜੀ ਸਿੱਖਾਂ ਦੇ, ਪ੍ਰੋਟੈਸਟ ਕੀਤਾ।

1921: ਸਨਾਤਨ ਧਰਮ ਸਭਾ ਦੀ ਗੁਰਦੁਆਰਾ ਨਨਕਾਣਾ ਸਾਹਿਬ ਬਾਰੇ ਨੀਚਤਾ ਭਰੀ ਚਿੱਠੀ

23 ਫ਼ਰਵਰੀ 1921 ਨੂੰ, ਜਿਸ ਦਿਨ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸਸਕਾਰ ਹੋ ਰਿਹਾ ਸੀ, ਉਸ ਦਿਨ ਸਨਾਤਨ ਧਰਮ ਪ੍ਰਤੀਨਿਧੀ ਸਭਾ ਪੰਜਾਬ (ਲਾਹੌਰ) ਨੇ ਹਮਦਰਦੀ ਕਰਨ ਦੀ ਬਜਾਇ ਉਲਟਾ ਇਹ ਯਬਲੀ ਮਾਰੀ ਕਿ ਨਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਨੂੰ ਨੋਟਿਸ ਰੂਪੀ ਖ਼ਤ ਲਿਖਿਆ ਕਿ ਗੁਰਦੁਆਰੇ ਵਿਚ ਹਿੰਦੂ ਤਸਵੀਰਾਂ ਅਤੇ ਬੁਤ ਵੀ ਮੌਜੂਦ ਸਨ; ਉਨ੍ਹਾਂ ਬਾਰੇ ਪੁਜ਼ੀਸ਼ਨ ਦੱਸੀ ਜਾਵੇ।

1987: ਕੰਵਲਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

23 ਫਰਵਰੀ 1987 ਦੇ ਦਿਨ ਕੰਵਲਜੀਤ ਸਿੰਘ ਜ਼ੀਰਾ ਨੂੰ ਪੁਲੀਸ ਨੇ ਸੰਤੂਵਾਲਾ ਨੇੜੇ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਸੁਰਿੰਦਰ ਸਿੰਘ ਸ਼ਿੰਦਾ ਤੇ ਹਰਿੰਦਰ ਸਿੰਘ ਬੰਟੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤੇ ਗਏ

23 ਫਰਵਰੀ 1988 ਦੇ ਦਿਨ ਸੁਰਿੰਦਰ ਸਿੰਘ ਸ਼ਿੰਦਾ (ਵਾਸੀ ਕੋਟ ਅਹਿਮਦ, ਨੇੜੇ ਸਰਹਾਲੀ) ਤੇ ਹਰਿੰਦਰ ਸਿੰਘ ਬੰਟੀ (ਵਾਸੀ ਚੰਡੀਗੜ੍ਹ) ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਮਨਜੀਤ ਸਿੰਘ ਮੰਨੂ ਬਿਲਗਾ ਨਕਲੀ ਮੁਕਾਬਲੇ ਵਿਚ ਸ਼ਹੀਦ

23 ਫਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ ਉਰਫ਼ ਮੰਨੂ (ਪੁੱਤਰ ਭਾਈ ਮਲਕੀਤ ਸਿੰਘ ਵਾਸੀ ਪੱਤੀ ਭੱਟੀ, ਬਿਲਗਾ, ਜਲੰਧਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਲਬੀਰ ਸਿੰਘ, ਰਜਿੰਦਰ ਸਿੰਘ, ਸਵਿੰਦਰ ਸਿੰਘ ਭੁੱਲਰ ਹੰਸ ਤੇ ਹਰਜਿੰਦਰ ਸਿੰਘ ਪੰਡੋਰੀ ਰਾਮਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

23 ਫਰਵਰੀ 1991 ਦੇ ਦਿਨ ਦਲਬੀਰ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਇਸਲਾਮਾਬਾਦ, ਅੰਮ੍ਰਿਤਸਰ), ਰਜਿੰਦਰ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਗੁਰੂ ਨਾਨਕ ਪੁਰਾ, ਅੰਮ੍ਰਿਤਸਰ) ਅਤੇ ਸਵਿੰਦਰ ਸਿੰਘ ਭੁੱਲਰ ਹੰਸ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹਰਜਿੰਦਰ ਸਿੰਘ (ਵਾਸੀ ਪੰਡੋਰੀ ਰਾਮਾ, ਨੇੜੇ ਝਬਾਲ) ਨੂੰ ਵੀ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਗਦੀਪ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

23 ਫਰਵਰੀ 1992 ਦੇ ਦਿਨ ਜਗਦੀਪ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਬਹਾਦਰ ਨਗਰ, ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1993: ਮੰਦਰ ਸਿੰਘ ਬਿਲਾਸਪੁਰ ਨਕਲੀ ਪੁਲੀਸ ਮੁਕਾਬਲੇ ਸ਼ਹੀਦ ਕੀਤਾ ਗਿਆ

23 ਫਰਵਰੀ 1993 ਨੂੰ ਮੰਦਰ ਸਿੰਘ ਬਿਲਾਸਪੁਰ, ਪਰਮਜੀਤ ਸਿੰਘ ਰਾਣੀਆਂ ਤੇ ਦੋ ਹੋਰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਦਿਤੇ ਗਏ।

2014: ਭਾਜਪਾ ਦੇ ਪ੍ਰਾਈਮ ਮਨਿਸਟਰ ਦੇ ਉਮੀਦਵਾਰ ਨਰੇਂਦਰ ਦਰਬਾਰ ਸਾਹਿਬ ਨਾ ਗਿਆ

ਭਾਜਪਾ ਦੇ ਪ੍ਰਾਈਮ ਮਨਿਸਟਰ ਦੇ ਉਮੀਦਵਾਰ ਨਰੇਂਦਰ ਮੋਦੀ ਨੇ ਜਗਰਾਓਂ ਵਿਚ ਰੈਲੀ ਕਰਨ ਵਾਸਤੇ 21 ਦਸੰਬਰ 2013 ਦੇ ਦਿਨ ਆਉਣਾ ਸੀ। ਇਸ ਦੇ ਖ਼ਿਲਾਫ਼ ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੇ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਸੀ, ਜਿਸ ਕਰ ਕੇ ਇਸ ਨੂੰ **23 ਫ਼ਰਵਰੀ 2014** 'ਤੇ ਮੁਲਤਵੀ ਕਰ ਦਿੱਤਾ ਗਿਆ। 23 ਫ਼ਰਵਰੀ ਦੇ ਦਿਨ ਨਰੇਂਦਰ ਮੋਦੀ ਨੇ ਜਗਰਾਓਂ ਵਿਚ ਪੰਜਾਬ ਦੇ ਕਰਜ਼ੇ, 1984 ਦੇ ਕਤਲੇਆਮ ਦੇ ਮੁਜਰਮਾਂ ਬਾਰੇ ਕੋਈ ਗੱਲ ਨਾ ਕੀਤੀ। ਉਸ ਨੇ ਗੁਜਰਾਤ ਵਿਚੋਂ ਸਿੱਖ ਕਿਸਾਨਾਂ ਦੇ ਉਜਾੜੇ ਸਬੰਧੀ ਸੁਪਰੀਮ ਕੋਰਟ ਵਿਚ ਕੀਤੀ ਅਪੀਲ ਵਾਪਿਸ ਲੈਣ ਦਾ ਵੀ ਐਲਾਨ ਨਾ ਕੀਤਾ ਤੇ ਬਸ ਜ਼ਬਾਨੀ ਗੱਲ ਕਹਿ ਕੇ ਚਲਾ ਗਿਆ। ਸਰਕਾਰ ਮੁਤਾਬਿਕ ਰੈਲੀ ਵਿਚ 3 ਲੱਖ ਲੋਕ ਸਨ ਪਰ ਦੂਜੇ ਸੋਮਿਆਂ ਮੁਤਾਬਿਕ 75 ਹਜ਼ਾਰ ਤੇ ਇਕ ਲੱਖ ਦੇ ਵਿਚਕਾਰ ਸਨ। ਇਨ੍ਹਾਂ ਵਿਚੋਂ 20 ਹਜ਼ਾਰ ਪੁਲਸ ਮੁਲਾਜ਼ਮ ਸਨ। ਲੋਕਾਂ ਨੂੰ ਸਰਕਾਰੀ ਖਰਚ 'ਤੇ ਬੱਸਾਂ ਕਾਰਾਂ ਵਿਚ ਭਰ ਕੇ ਲਿਆਂਦਾ ਗਿਆ ਸੀ। ਦੂਜੇ ਪਾਸੇ ਇਸੇ ਦਿਨ ਅਰਵਿੰਦ ਕੇਜਰੀਵਾਲ ਨੇ ਰੋਹਤਕ ਵਿਚ ਰੈਲੀ ਕੀਤੀ ਜਿਸ ਵਿਚ ਆਪਣੀ ਮਰਜ਼ੀ ਨਾਲ ਆਏ ਲੋਕਾਂ ਦੀ ਗਿਣਤੀ ਜਗਰਾਓਂ ਰੈਲੀ ਤੋਂ ਕਿਤੇ ਵਧ ਸੀ। ਉਸ ਦਿਨ ਮੋਦੀ ਪੰਜਾਬ ਵਿਚ ਕਈ ਜਗਹ ਗਿਆ ਜਿਨ੍ਹਾਂ ਵਿਚ ਅੰਮ੍ਰਿਤਸਰ ਵੀ ਸੀ, ਪਰ ਉਹ ਦਰਬਾਰ ਸਾਹਿਬ ਨਾ ਗਿਆ। ਇਸ ਮਗਰੋਂ ਉਹ ਅਪ੍ਰੈਲ 2014 ਵਿਚ ਵੀ ਆਇਆ ਪਰ ਉਦੋਂ ਵੀ ਉਹ ਦਰਬਸਾਰ ਸਾਹਿਬ ਜਾਂ ਕਿਸੇ ਗੁਰਦੁਆਰੇ ਵਿਚ ਨਹੀਂ ਗਿਆ। 26 ਮਈ ਨੂੰ ਉਹ ਪ੍ਰਾਈਮ ਮਨਿਸਟਰ ਬਣਿਆ, ਪਰ ਫਿਰ ਵੀ ਉਹ ਕਿਸੇ ਵੀ ਗੁਰਦੁਆਰੇ ਵਿਚ ਨਾ ਗਿਆ।

24 ਫ਼ਰਵਰੀ

1646: ਗੁਰੂ ਹਰਿ ਰਾਇ ਸਾਹਿਬ ਦੇ ਘਰ ਰਾਮ ਰਾਏ ਦਾ ਜਨਮ ਹੋਇਆ

ਗੁਰੂ ਹਰਿਰਾਇ ਸਾਹਿਬ ਦੀ ਪਤਨੀ ਬੀਬੀ ਸੁਲੱਖਣੀ ਨੇ 24 ਫ਼ਰਵਰੀ 1646 ਦੇ ਦਿਨ ਰਾਮ ਰਾਇ, 9 ਅਪ੍ਰੈਲ 1649 ਦੇ ਦਿਨ ਰੂਪ ਕੌਰ ਅਤੇ 20 ਜੁਲਾਈ 1652 ਦੇ ਦਿਨ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਜਨਮ ਦਿਤਾ। ਤਿੰਨ ਬੱਚਿਆਂ ਦੀ ਮਾਂ ਹੋਣ ਕਰ ਕੇ ਆਪ ਨੂੰ ਆਪ ਦੀ ਸੱਸ ਤਿਰਬੈਣੀ ਆਖ ਕੇ ਵੀ ਬੁਲਾਇਆ ਕਰਦੀ ਸੀ।

ਦਾਰਾ ਸ਼ਿਕੋਹ ਦੀ ਮਦਦ ਕਰਨ ਦੇ ਬਹਾਨੇ ਹੇਠ ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਵੀ ਤਲਬ ਕੀਤਾ। 29 ਮਾਰਚ 1661 ਦੇ ਦਿਨ ਰਾਜਾ ਜੈ ਸਿੰਘ ਮਿਰਜ਼ਾ ਦਾ ਦੀਵਾਨ ਪਰਸ ਰਾਮ ਕੀਰਤਪੁਰ ਪੁੱਜਾ ਤੇ ਔਰੰਗਜ਼ੇਬ ਵੱਲੋਂ ਦਰਬਾਰ ਵਿੱਚ ਬੁਲਾਏ ਜਾਣ ਦਾ ਪੈਗ਼ਾਮ ਦਿਤਾ। ਗੁਰੂ ਸਾਹਿਬ ਨੇ ਆਪ ਬਾਦਸ਼ਾਹ ਕੋਲ ਜਾਣ ਦੀ ਬਜਾਇ ਆਪਣੇ ਵੱਡੇ ਪੁੱਤਰ ਨੂੰ ਦੀਵਾਨ ਦੇ ਨਾਲ ਦਿੱਲੀ ਭੇਜ ਦਿਤਾ। ਗੁਰੂ ਹਰਿਰਾਇ ਸਾਹਿਬ ਨੇ ਰਾਮਰਾਇ ਦੇ ਨਾਲ ਦੀਵਾਨ ਦਰਗਹ ਮੱਲ, ਭਾਈ ਬਿੰਨਾ ਉੱਪਲ, ਭਾਈ ਦਰੀਆ ਪਰਮਾਰ ਤੇ ਭਾਈ ਬਹਿਲੋ ਦਾ ਪੁੱਤਰ ਗੁਰਦਾਸ ਵੀ ਪੁੱਜੇ। ਉਨ੍ਹਾਂ ਦੇ ਹੱਥ (ਗੁਰੂ) ਗ੍ਰੰਥ ਸਾਹਿਬ ਦਾ ਇਕ ਸਰੂਪ ਵੀ ਭੇਜਿਆ ਗਿਆ। ਰਾਮਰਾਏ ਅਪ੍ਰੈਲ ਦੇ ਪਹਿਲੇ ਹਫ਼ਤੇ ਦਿੱਲੀ ਪੁੱਜਾ ਤੇ ਚੰਦਰਾਵਲ ਖੇੜਾ (ਮੌਜੂਦਾ ਮਜਨੂੰ ਟਿੱਲਾ) ਪਿੰਡ ਵਿਚ ਠਹਿਰਾਇਆ। ਕੁਝ ਦਿਨ ਮਗਰੋਂ ਔਰੰਗਜ਼ੇਬ ਨੇ ਰਾਮਰਾਇ ਨੂੰ ਦਰਬਾਰ ਵਿਚ ਬੁਲਾਇਆ। ਔਰੰਗਜ਼ੇਬ ਨੇ ਰਾਮਰਾਇ ਨੂੰ ਰਾਜਾ ਜੈ ਸਿੰਘ ਮਿਰਜ਼ਾ ਦੇ ਡੇਰੇ ਵਿਚ (ਇਕ ਤਰ੍ਹਾਂ ਨਾਲ ਨਜ਼ਰਬੰਦ ਕਰ ਕੇ) ਭੇਜ ਦਿੱਤਾ।

ਰਾਮਰਾਇ ਨੂੰ ਔਰੰਗਜ਼ੇਬ ਦੇ ਬੁਲਾਵੇ 'ਤੇ ਉਸ ਦਰਬਾਰ ਵਿਚ ਹਾਜ਼ਰੀ ਦੇਣੀ ਪਿਆ ਕਰਦੀ ਸੀ। ਇਕ ਵਾਰ ਉਸ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵਿਚ ਗੁਰਬਾਣੀ ਦੀ ਇਕ ਤੁਕ ਦੇ ਮਾਅਨੇ (ਅਰਥ) ਵੀ ਬਦਲ ਕੇ ਸੁਣਾਏ। ਇਕ ਰਿਵਾਇਤ ਮੁਤਾਬਿਕ ਉਸ ਨੇ ਬਾਣੀ ਦੀ ਇਕ ਤੁਕ ਵਿਚ ਮੁਸਲਮਾਨ ਦੀ ਥਾਂ ਬੇਈਮਾਨ ਲਫ਼ਜ਼ ਪਾ ਦਿਤਾ। ਇਹ ਇਕ ਤਰ੍ਹਾਂ ਨਾਲ ਔਰੰਗਜ਼ੇਬ ਦੀ ਖ਼ੁਸ਼ਾਮਦ ਕਰਨਾ ਸੀ। ਇਸ ਤੋਂ ਖ਼ੁਸ਼ ਹੋ ਕੇ ਔਰੰਗਜ਼ੇਬ ਨੇ ਰਾਮਰਾਇ ਨੂੰ ਖ਼ੂਬ ਈਨਾਮ ਦਿਤਾ।

ਜਦੋਂ ਰਾਮਰਾਇ ਦੀ ਇਸ ਹਰਕਤ ਦਾ ਪਤਾ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਲਗਾ ਤਾਂ ਉਨ੍ਹਾਂ ਨੇ ਰਾਮਰਾਇ ਨੂੰ ਮੂੰਹ ਨਾ ਲਾਉਣ ਦਾ ਐਲਾਨ ਕਰ ਦਿਤਾ। ਉਨ੍ਹਾਂ ਉਸ ਨੂੰ ਪੈਗ਼ਾਮ ਭੇਜ ਦਿਤਾ ਕਿ ਉਹ ਹੁਣ ਕੀਰਤਪੁਰ ਵੱਲ ਨਾ ਆਵੇ। ਇਸ 'ਤੇ ਰਾਮਰਾਇ ਕੀਰਤਪੁਰ ਆਉਣ ਦੀ ਬਜਾਇ ਪਹਿਲਾਂ ਤਾਂ ਲਾਹੌਰ ਚਲਾ ਗਿਆ ਅਤੇ ਜਦ ਸਿੱਖਾਂ ਨੇ ਉਸ ਨੂੰ ਅਦਬ ਨਾ ਦਿਤਾ ਤਾਂ ਉਹ ਵੱਖ-ਵੱਖ ਥਾਂਵਾਂ ਤੋਂ ਹੁੰਦਾ ਹੋਇਆ ਵਾਪਿਸ ਦਿੱਲੀ ਚਲਾ ਗਿਆ। ਔਰੰਗਜ਼ੇਬ ਨੇ ਉਸ ਨਾਲ ਹੋਏ ਸਲੂਕ ਨੂੰ ਸਾਹਵੇਂ ਰੱਖ ਕੇ ਉਸ ਨੂੰ ਦੂਨ ਦੇ ਇਲਾਕੇ ਵਿਚ ਖੁਰਵੱਧੀ ਅਤੇ ਛੇ ਹੋਰ ਪਿੰਡਾਂ ਦੀ ਜਾਗੀਰ ਦੇ ਦਿਤੀ ਤੇ ਨਾਲ ਹੀ ਸਰਕਾਰ ਵੱਲੋਂ ਰੋਜ਼ੀਨਾ (ਰੋਜ਼ ਦਿਤੀ ਜਾਣ ਵਾਲੀ ਰਕਮ) ਵੀ ਨੀਅਤ ਕਰ ਦਿਤਾ। ਇਕ ਰਿਵਾਇਤ ਮੁਤਾਬਿਕ ਇਹ ਰਕਮ 500 ਰੁਪੈ ਰੋਜ਼ ਸੀ (ਜੋ ਸਹੀ ਨਹੀਂ ਜਾਪਦੀ ਕਿਉਂ ਕਿ ਉਦੋਂ ਤਾਂ 5 ਰੁਪੈ ਰੋਜ਼ੀਨਾ ਵੀ ਬੜੀ ਵੱਡੀ ਰਕਮ ਸੀ)। ਗੁਰੂ ਹਰਿ ਰਾਇ ਸਾਹਿਬ ਨੇ ਇਸ ਗੱਲ ਨੂੰ ਹੋਰ ਵੀ ਮਾੜਾ ਆਖਿਆ ਤੇ ਰਾਮ ਰਾਇ ਨਾਲ ਬਿਲਕੁਲ ਸਬੰਧ ਖ਼ਤਮ ਕਰ ਲਏ। ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਰਾਮ ਰਾਇ ਨੇ ਆਪਣੀ ਭੁੱਲ ਬਖ਼ਸ਼ਵਾਈ। ਪਾਉਂਟਾ ਨਗਰ ਦੀ ਨੀਂਹ ਗੁਰੂ ਸਾਹਿਬ ਨੇ 29 ਅਪਰੈਲ 1685 ਦੇ ਦਿਨ, ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਾਹੁਲ ਮਗਰੋਂ ਭਾਈ ਗੁਰਬਖ਼ਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਰਖਵਾਈ। ਗੁਰੂ ਸਾਹਿਬ ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ ਵਿਚ ਠਹਿਰੇ। ਇਥੇ ਜੁਲਾਈ 1685 ਵਿਚ

ਰਾਮਰਾਇ (ਜਿਸ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਤੋਂ ਮੌਕੂਫ਼ ਕਰ ਦਿਤਾ ਸੀ) ਗੁਰੂ ਸਾਹਿਬ ਨੂੰ ਮਿਲਣ ਆਇਆ। ਉਸ ਨੇ ਗੁਰੂ ਜੀ ਤੋਂ ਆਪਣੀ ਭੁੱਲ ਬਖ਼ਸ਼ਵਾਈ ਅਤੇ ਮੁੜ ਸਿੱਖੀ ਪਰਵਾਰ ਵਿਚ ਸ਼ਾਮਿਲ ਹੋ ਗਿਆ। 1687 ਵਿਚ ਰਾਮ ਰਾਏ ਦੀ ਮੌਤ ਹੋ ਗਈ ਤਾਂ ਗੁਰੂ ਸਾਹਿਬ ਉਸ ਦੀ ਅਰਦਾਸ ਕਰਨ ਵਾਸਤੇ ਉੱਥੇ ਪੁੱਜੇ।

ਇਸ ਮਗਰੋਂ ਜਦ ਗੁਰੂ ਸਾਹਿਬ ਨੂੰ ਰਾਮ ਰਾਇ ਦੇ ਮਸੰਦਾਂ ਵਲੋਂ ਉਸ ਦੀ ਪਤਨੀ ਪੰਜਾਬ ਕੌਰ ਨੂੰ ਤੰਗ ਕਰਨ ਦਾ ਪਤਾ ਲਗਾ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਮਸੰਦਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ।

ਜਦ ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਰਾਮਰਾਈਆਂ ਨਾਲ ਰੋਟੀ ਬੇਟੀ ਦੀ ਸਾਂਝ ਰਖਣ ਤੇ ਪਾਬੰਦੀ ਲਾਈ (ਇਹ ਪਾਬੰਦੀ ਰਾਮ ਰਾਇ ਜਾਂ ਉਸ ਦੀ ਘਰ ਵਾਲੀ ਵਾਸਤੇ ਨਹੀਂ ਸੀ ਬਲਕਿ ਰਾਮ ਰਾਏ ਦੇ ਮਸੰਦਾਂ ਤੇ ਉਨ੍ਹਾਂ ਦੇ ਚੇਲਿਆ ਵਾਸਤੇ ਸੀ)। ਰਾਮ ਰਾਇ ਦੇ ਚਾਰ ਵਿਆਹ ਸਨ ਪਰ ਉਨ੍ਹਾਂ ਵਿਚੋਂ ਕਿਸੇ ਦਾ ਵੀ ਕੋਈ ਵੀ ਬੱਚਾ ਨਹੀਂ ਸੀ।

1923: ਪ੍ਰਸਿੱਧ ਲੇਖਕ ਗਿਆਨੀ ਗੁਰਦਿੱਤ ਸਿੰਘ ਦਾ ਜਨਮ ਹੋਇਆ

ਗਿਆਨੀ ਗੁਰਦਿਤ ਸਿੰਘ ਦਾ ਜਨਮ 24 ਫ਼ਰਵਰੀ 1923 ਦੇ ਦਿਨ ਸ. ਹੀਰਾ ਸਿੰਘ ਦੇ ਘਰ, ਪਿੰਡ ਮਿੱਠੇਵਾਲ (ਤਹਸੀਲ ਮਲੇਰਕੋਟਲਾ) ਵਿਚ ਹੋਇਆ ਸੀ।ਆਪ ਨੇ 1945 ਵਿਚ ਲਾਹੌਰ ਤੋਂ ਗਿਆਨੀ ਪਾਸ ਕੀਤੀ। ਆਪ ਦਾ ਵਿਆਹ ਡਾ: ਇੰਦਰਜੀਤ ਕੌਰ ਨਾਲ 1958 ਵਿਚ ਹੋਇਆ। ਆਪ ਦੇ ਘਰ ਦੋ ਪੁਤਰਾਂ (ਰੁਪਿੰਦਰ 1960 ਤੇ ਰਵੀਇੰਦਰ 1961) ਨੇ ਜਨਮ ਲਿਆ। ਆਪ ਨੇ ਬਹੁਤ ਸਾਰੀਆਂ ਖੋਜ ਕਿਤਾਬਾਂ ਵੀ ਲਿਖੀਆਂ, ਜਿਨ੍ਹਾਂ ਵਿਚੋਂ ਮੁਖ ਹਨ: ਰਾਗਮਾਲਾ ਦੀ ਅਸਲੀਅਤ (1946), ਪੰਜਾਬੀ ਤੇ ਗੁਰਮੁਖੀ ਲਿੱਪੀ ਦਾ ਸੰਖੇਪ ਇਤਿਹਾਸ (1960), ਭੱਟ ਤੇ ਉਨ੍ਹਾਂ ਦੀ ਰਚਨਾ (1960), ਮੇਰਾ ਪਿੰਡ (1961, ਇਸ ਕਿਤਾਬ ਨੂੰ ਇਸੇ ਸਾਲ ਈਨਾਮ ਵੀ ਮਿਲਿਆ), ਇਤਿਹਾਸ ਗੁਰੂ ਗ੍ਰੰਥ ਸਾਹਿਬ (1989) ਅਤੇ ਮੁੰਦਾਵਣੀ (2006)। ਗਿਆਨੀ ਗੁਰਦਤਿ ਸਿੰਘ ਪੰਜਾਬ ਕੌਂਸਲ ਦੇ 6 ਸਾਲ ਮੈਂਬਰ ਵੀ ਰਹੇ। 1973 ਵਿਚ ਜਦੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਬਣਾਈ ਗਈ ਤਾਂ ਆਪ ਇਸ ਦੇ ਸਕੱਤਰ ਬਣਾਏ ਗਏ ਤੇ ਹੁਕਮ ਸਿੰਘ ਦੀ ਪ੍ਰਧਾਨਗੀ ਮਗਰੋਂ ਪ੍ਰਧਾਨ ਬਣਾ ਦਿੱਤੇ ਗਏ। ਇਸ ਦੌਰਾਨ ਓਪ ਨੇ ਸਿੰਘ ਸਭਾ ਪੱਤ੍ਰਕਾ ਅਤੇ ਬਹੁਤ ਸਾਰੀਆਂ ਦੁਰਲੱਭ ਕਿਤਾਬਾਂ ਵੀ ਛਾਪੀਆਂ। ਆਪ 17 ਜਨਵਰੀ 2007 ਦੇ ਦਿਨ ਚੜ੍ਹਾਈ ਕਰ ਗਏ।

1929: ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਵਾਸਤੇ ਅਕਾਲੀ ਦਲ ਨੇ ਅਕਾਲ ਤਖ਼ਤ ਤੇ ਆਲ ਪਾਰਟੀਜ਼ ਮੀਟਿੰਗ ਬੁਲਾਈ

ਸੇਵਾ ਸਿੰਘ ਠੀਕਰੀਵਾਲਾ ਦੀ ਰਿਹਾਈ ਵਾਸਤੇ 24 ਫ਼ਰਵਰੀ 1929 ਦੇ ਦਿਨ ਅਕਾਲੀ ਦਲ ਨੇ ਅਕਾਲ ਤਖ਼ਤ ਤੇ ਆਲ ਪਾਰਟੀਜ਼ ਮੀਟਿੰਗ ਬੁਲਾਈ ਅਤੇ ਉਨ੍ਹਾਂ ਦੀ ਰਿਹਾਈ ਦਾ ਮਤਾ ਪਾਸ ਕੀਤਾ; ਮਾਸਟਰ ਤਾਰਾ ਸਿੰਘ ਨੇ ਸਖ਼ਤ ਲਫ਼ਜ਼ਾਂ ਵਿਚ ਕਿਹਾ ਕਿ ਉਨ੍ਹਾਂ ਨੂੰ ਰਿਹਾ ਨਾ ਕਰਨ ਦੀ ਸੂਰਤ ਵਿਚ ਖ਼ਤਰਨਾਕ ਸਿੱਟੇ ਨਿਕਲਣਗੇ।

1953: ਮਾਸਟਰ ਤਾਰਾ ਸਿੰਘ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ

24 ਫ਼ਰਵਰੀ 1953 ਦੇ ਦਿਨ ਮਾਸਟਰ ਤਾਰਾ ਸਿੰਘ ਇਕ ਜਲਸੇ ਉਪਰ ਲੱਗੀ ਪਾਬੰਦੀ ਤੋੜਨ 'ਤੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। 15 ਅਗਸਤ 1947 ਮਗਰੋਂ ਇਹ ਮਾਸਟਰ ਜੀ ਦੀ ਤੀਜੀ ਗ੍ਰਿਫ਼ਤਾਰੀ ਸੀ।

1987: ਬਲਬੀਰ ਕੌਰ ਥਾਂਦੇ ਨੂੰ ਸ਼ਹੀਦ ਕੀਤਾ ਗਿਆ

24 ਫਰਵਰੀ 1987 ਦੇ ਦਿਨ ਪੁਲਸ ਨੇ ਬਲਬੀਰ ਕੌਰ (ਪੁੱਤਰੀ ਤਰਲੋਕ ਸਿੰਘ, ਵਾਸੀ ਪਿੰਡ ਥਾਂਦੇ, ਅੰਮ੍ਰਿਤਸਰ) ਨੂੰ ਸ਼ਹੀਦ ਕਰ ਦਿੱਤਾ।

1991: ਗੁਰਨਾਮ ਸਿੰਘ ਚੀਮਾ ਤੇ ਬਲਵਿੰਦਰ ਸਿੰਘ ਬੇਗੋਵਾਲ, ਅਨੂਪ ਸਿੰਘ ਭੋਰਸੀ ਬ੍ਰਾਹਮਣ, ਦਲਬੀਰ ਸਿੰਘ ਮਲਵਈ ਖੁੱਡਾ, ਮੁਸੀਬਤ ਸਿੰਘ, ਸਕੱਤਰ ਸਿੰਘ ਤੇ ਮੇਜਰ ਸਿੰਘ ਉਮਰਾਨੰਗਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

24 ਫਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਨਾਮ ਸਿੰਘ ਚੀਮਾ ਉਰਫ਼ ਕੁਲਦੀਫ ਸਿੰਘ ਤੇ ਬਲਵਿੰਦਰ ਸਿੰਘ (ਦੋਵੇਂ ਵਾਸੀ ਬੇਗੋਵਾਲ, ਕਪੂਰਥਲਾ), ਅਨੂਪ ਸਿੰਘ (ਵਾਸੀ ਭੋਰਸੀ ਬ੍ਰਾਹਮਣ, ਅੰਮ੍ਰਿਤਸਰ), ਦਲਬੀਰ ਸਿੰਘ ਮਲਵਈ (ਵਾਸੀ ਖੁੱਡਾ, ਹੁਸ਼ਿਆਰਪੁਰ), ਮੁਸੀਬਤ ਸਿੰਘ ਉਰਫ਼ ਦਲਜੀਤ ਸਿੰਘ ਗੋਗੀ, ਸਕੱਤਰ ਸਿੰਘ ਤੇ ਮੇਜਰ ਸਿੰਘ (ਤਿੰਨੇ ਵਾਸੀ ਉਮਰਾਨੰਗਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

24 ਫਰਵਰੀ 1992 ਦੇ ਦਿਨ ਮਨਜੀਤ ਸਿੰਘ (ਪੁੱਤਰ ਇਕਬਾਲ ਸਿੰਘ, ਵਾਸੀ ਨਾਂਗਲੀ, ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1994: ਕੁਲਦੀਪ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

24 ਫਰਵਰੀ 1994 ਦੇ ਦਿਨ ਕੁਲਦੀਪ ਸਿੰਘ (ਪੁੱਤਰ ਸੁੱਚਾ ਸਿੰਘ, ਵਾਸੀ ਨੀਕਰੀਵਾਲਾ, ਨੇੜੇ ਕਾਹੜੀ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

2013: ਸਵਰਨ ਘੋਟਨੇ ਦੇ ਭੋਗ 'ਤੇ ਰਾਗੀ ਬਲਦੇਵ ਸਿੰਘ ਵਡਾਲਾ ਵੱਲੋਂ ਕੀਰਤਨ ਕਰਨ ਤੋਂ ਨਾਂਹ

1984 ਤੋਂ ਮਗਰੋਂ ਸੈਂਕੜੇ ਸਿੱਖ ਨੌਜਵਾਨਾਂ ਨੂੰ ਅੰਤਾਂ ਦੇ ਤਸੀਹੇ ਦੇ ਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰਨ ਵਾਲੇ ਜ਼ਾਲਮ ਪੁਲਸੀਏ ਸਵਰਨ ਘੋਟਨਾ ਦੀ ਮੌਤ 16 ਫ਼ਰਵਰੀ 2013 ਦੇ ਦਿਨ ਹੋਈ। ਉਸ ਦਾ ਭੋਗ ਮਾਡਲ ਟਾਊਨ ਜਲੰਧਰ ਦੇ ਇਕ ਗੁਰਦੁਆਰੇ ਵਿਚ ਪਾਇਆ ਗਿਆ। ਇਸ ਮੌਕੇ 'ਤੇ ਕੀਰਤਨ ਕਰਨ ਵਾਸਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਬਲਦੇਵ ਸਿੰਘ ਵਡਾਲਾ ਨੂੰ ਬੁਲਾਇਆ ਗਿਆ ਸੀ ਪਰ ਉਸ ਨੇ ਇਕ ਜ਼ਾਲਮ ਪੁਲਸ ਅਫ਼ਸਰ ਦੇ ਭੋਗ 'ਤੇ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਨੇ ਬਲਦੇਵ ਸਿੰਘ ਨੂੰ ਜਾਣ ਵਾਸਤੇ ਮਨਾਉਣ ਵਾਸਤੇ ਬਹੁਤ ਜ਼ੋਰ ਪਾਇਆ ਪਰ ਉਸ ਨੇ ਆਪਣੀ ਨਾਂਹ ਕਾਇਮ ਰੱਖੀ। ਇਸ ਕਰ ਕੇ ਉਸ ਦੇ ਪੁੱਤਰ ਸਤਿੰਦਰ ਸਿੰਘ (ਐਸ.ਐਸ.ਪੀ. ਵਿਜੀਲੈਂਸ) ਨੂੰ ਇਕ ਲੋਕਲ ਰਾਗੀ ਤੋਂ ਕੀਰਤਨ ਕਰਵਾਉਣਾ ਪਿਆ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਚਰਨਜੀਤ ਚੰਨੀ (ਪ੍ਰਧਾਨ ਬਾਦਲ ਅਕਾਲੀ ਦਲ ਜਲੰਧਰ), ਸਰਬਜੀਤ ਸਿੰਘ ਮੱਕੜ ਸਾਬਕਾ ਐਮ.ਐਲ.ਏ., ਸਰਵਨ ਸਿੰਘ ਫਿਲੌਰ ਵੀ ਸ਼ਾਮਿਲ ਸਨ।

25 ਫ਼ਰਵਰੀ

1699: ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ

ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਨਿੱਕੇ ਬੇਟੇ ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ 25 ਫ਼ਰਵਰੀ 1699 ਦੇ ਦਿਨ ਅਨੰਦਪੁਰ ਵਿਚ ਹੋਇਆ ਸੀ। ਉਸ ਦੇ ਜਨਮ ਤੋਂ ਸਾਢੇ ਨੌਂ ਮਹੀਨੇ ਬਾਅਦ ਉਸ ਦੀ ਮਾਤਾ ਜੀਤ ਕੌਰ ਚੜ੍ਹਾਈ ਕਰ ਗਈ; ਇਸ ਮਗਰੋਂ ਉਸ ਨੂੰ ਮਾਤਾ ਗੁਜਰੀ ਜੀ ਨੇ ਸੰਭਾਲਿਆ।

1804: ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸ਼ਹਿਰ ਤੇ ਕਬਜ਼ਾ ਕੀਤਾ

ਕਸੂਰ 'ਤੇ ਹਮਲਾ ਕਰਨ ਤੋਂ ਮਗਰੋਂ ਰਣਜੀਤ ਸਿੰਘ ਨੇ ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਅੰਮ੍ਰਿਤਸਰ ਉਸ ਵੇਲੇ ਭੰਗੀ ਮਿਸਲ ਕੋਲ ਸੀ। ਉਨ੍ਹਾਂ ਹੱਥੋਂ ਲਾਹੌਰ ਪਹਿਲਾਂ ਹੀ ਖੁਸ ਚੁਕਿਆ ਸੀ। 1804 ਵਿਚ ਰਣਜੀਤ ਸਿੰਘ ਨੇ ਜੈ ਸਿੰਘ ਕਨ੍ਹਈਆ ਤੋਂ ਇਕ ਤੋਪ ਮੰਗ ਕੇ ਅੰਮ੍ਰਿਤਸਰ ਵਲ ਕੂਚ ਕਰ ਦਿਤਾ। ਉਥੇ ਪੁੱਜ ਕੇ ਰਣਜੀਤ ਸਿੰਘ ਨੇ ਗੁਲਾਬ ਸਿੰਘ ਭੰਗੀ ਦੇ ਪੁਤਰ ਤੋਂ 'ਭੰਗੀਆਂ ਵਾਲੀ ਤੋਪ' ਉਧਾਰ ਮੰਗਣ ਦਾ ਬਹਾਨਾ ਬਣਾਇਆ। ਉਸ ਦੇ ਨਾਂਹ ਕਰਨ 'ਤੇ ਉਸ 'ਤੇ ਹਮਲਾ ਕਰ ਕੇ ਉਸ ਨੂੰ ਮਾਰ ਕੇ ਤੇ ਉਸ ਦੀ ਮਾਂ ਨੂੰ ਮੀਂਹ ਪੈਂਦੇ ਵਿਚ ਕੱਢ ਕੇ ਉਨ੍ਹਾਂ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇੰਞ 25 ਫ਼ਰਵਰੀ 1804 ਦੇ ਦਿਨ ਰਣਜੀਤ ਸਿੰਘ ਦਾ ਅੰਮ੍ਰਿਤਸਰ 'ਤੇ ਵੀ ਕਬਜ਼ਾ ਹੋ ਗਿਆ। ਇਸ ਵੇਲੇ ਅਕਾਲੀ ਫੂਲਾ ਸਿੰਘ ਵੀ ਅੰਮ੍ਰਿਤਸਰ ਵਿਚ ਸੀ ਪਰ ਉਸ ਨੇ ਰਣਜੀਤ ਸਿੰਘ ਨੂੰ ਰੋਕਣ ਜਾਂ ਸਮਝੌਤਾ ਕਰਵਾਉਣ ਦੀ ਥਾਂ ਚੁੱਪ ਹੀ ਵੱਟੀ ਰੱਖੀ। ਅੰਮ੍ਰਿਤਸਰ 'ਤੇ ਕਬਜ਼ੇ ਨੇ ਛੋਟੇ ਸਿੱਖ ਸਰਦਾਰਾਂ ਨੂੰ ਡਰਾ ਦਿਤਾ ਤੇ ਉਨ੍ਹਾਂ ਨੇ ਰਣਜੀਤ ਸਿੰਘ ਤੋਂ ਜਾਗੀਰਾਂ ਲੈ ਕੇ ਸਮਝੌਤੇ ਕਰਨੇ ਸ਼ੁਰੂ ਕਰ ਦਿਤੇ।

1809: ਅੰਮ੍ਰਿਤਸਰ ਵਿਚ ਮੈਟਕਾਫ਼ ਤੇ ਅਕਾਲੀ ਫੂਲਾ ਸਿੰਘ ਵਿਚ ਟੱਕਰ

1809 ਅੰਮ੍ਰਿਤਸਰ ਵਿਚ ਮੈਟਕਾਫ਼ ਦੇ ਮੁਸਲਮਾਨ ਸਿਪਾਹੀਆਂ ਵੱਲੋਂ ਮੁਹਰਮ ਦੇ ਜਲੂਸ ਵੇਲੇ ਤਾਜ਼ੀਆ ਕੱਢ ਕੇ ਦਰਬਾਰ ਸਾਹਿਬ ਕੋਲ ਰੌਲਾ ਪਾਉਣ 'ਤੇ ਅਕਾਲੀ ਫੂਲਾ ਸਿੰਘ ਵੱਲੋਂ ਉਨ੍ਹਾਂ ਨੂੰ ਰੋਕਣ ਦੇ ਬਾਵਜੂਦ ਨਾ ਟਲਣ ਤੇ ਉਨ੍ਹਾਂ ਤੇ ਹਮਲੇ ਵਾਸਤੇ ਕੂਚ ਕਰ ਦਿੱਤਾ; ਮਹਾਰਾਜਾ ਰਣਜੀਤ ਸਿੰਘ ਨੇ ਐਨ ਮੌਕੇ 'ਤੇ ਪੁੱਜ ਕੇ ਮੁਸਲਮਾਨਾਂ ਨੂੰ ਉਥੋਂ ਭੇਜ ਕੇ ਉਨ੍ਹਾਂ ਦੀ ਜਾਨ ਬਚਾਈ।

1921: ਗੁਰਦੁਆਰਾ ਹੇਹਰਾਂ ਪੰਥਕ ਕਬਜ਼ੇ ਹੇਠ ਆਇਆ

ਪਿੰਡ ਹੇਹਰਾਂ (ਜ਼ਿਲ੍ਹਾ ਲੁਧਿਆਣਾ) ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ 'ਚ ਇਕ ਗੁਰਦੁਆਰਾ ਹੈ। ਇੱਥੋਂ ਦਾ ਮਹੰਤ ਹਰ ਪ੍ਰਸਾਦ ਸੀ। ਉਹ ਵੀ ਬੜੇ ਘਟੀਆ ਇਖ਼ਲਾਕ ਵਾਲਾ ਸ਼ਖ਼ਸ ਸੀ। 16 ਫ਼ਰਵਰੀ ਨੂੰ ਇਲਾਕੇ ਦੇ ਮੋਹਤਬਰ ਸੱਜਣਾਂ ਨੇ ਇਕੱਠ ਕਰ ਕੇ ਉਸ ਨੂੰ ਹਟਾ ਦਿੱਤਾ। ਉਸ ਨੇ ਡਿਪਟੀ ਕਮਿਸ਼ਨਰ ਤਕ ਪਹੁੰਚ ਕੀਤੀ। ਇਸ 'ਤੇ ਡੀ.ਸੀ. ਬ੍ਰਿਟਿਸ਼ ਤੇ ਗੋਰਖਾ ਫ਼ੌਜ ਲੈ ਕੇ ਉਥੇ ਪੁੱਜਾ ਅਤੇ ਮਹੰਤ ਨੂੰ ਕਬਜ਼ਾ ਦਿਵਾਉਣ ਦੀ ਕੋਸ਼ਿਸ਼ ਕੀਤੀ ਪਰ ਸਰਕਾਰੀ ਫ਼ੌਜ ਲੋਕਾਂ ਦਾ ਦਿਲ ਨਾ ਬਦਲ ਸਕੀ। ਅਖ਼ੀਰ 25 ਫ਼ਰਵਰੀ ਨੂੰ ਜਲੰਧਰ ਦੇ ਕਮਿਸ਼ਨਰ ਨੇ ਪਿੰਡ ਪੁੱਜ ਕੇ ਸਿੱਖਾਂ ਤੇ ਮਹੰਤ ਦਾ ਸਮਝੌਤਾ ਕਰਵਾ ਦਿੱਤਾ ਤੇ ਇਕ ਪੰਜ-ਮੈਂਬਰੀ ਕਮੇਟੀ ਬਣਾ ਦਿੱਤੀ। ਇਸ ਮਗਰੋਂ ਗੁਰਦੁਆਰੇ ਦੀ ਜਾਇਦਾਦ ਦਾ ਵੇਰਵਾ ਤਿਆਰ ਕੀਤਾ ਗਿਆ। ਸਰਕਾਰ ਅਤੇ ਕਮਿਸ਼ਨਰ ਨੇ ਇਸ ਸਬੰਧੀ ਬਿਆਨ ਵੀ ਜਾਰੀ ਕਰ ਦਿੱਤੇ ਪਰ ਮਾਰਚ

ਦੇ ਆਖ਼ਰੀ ਦਿਨਾਂ ਵਿਚ ਅਚਾਨਕ ਰਾਤੋਂ-ਰਾਤ ਮਹੰਤ ਨੂੰ ਕਬਜ਼ਾ ਦਿਵਾ ਕੇ ਸਰਕਾਰ ਨੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ।

1988: ਬਲਦੇਵ ਸਿੰਘ ਨਕਲੀ ਨੂੰ ਪੁਲੀਸ ਮੁਕਾਬਲੇ ਵਿਚ ਸ਼ਹੀਦ

25 ਫ਼ਰਵਰੀ 1988 ਦੇ ਦਿਨ ਬਲਦੇਵ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਸ਼ੇਖ਼ ਚੱਕ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1991: ਆਤਮਜੋਤ ਸਿੰਘ ਰਾਜੂ ਲੁਧਿਆਣਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

25 ਫਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਆਤਮਜੋਤ ਸਿੰਘ ਰਾਜੂ (ਪੁੱਤਰ ਗੁਰਦਿੱਤ ਸਿੰਘ, ਵਾਸੀ ਮਾਡਲ ਗਰਾਮ, ਲੁਧਿਆਣਾ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1992: ਜਗਜੀਤ ਸਿੰਘ ਤੇ ਨਿਰੰਜਨ ਸਿੰਘ ਨਕਲੀ ਪੁਲੀਸ ਮੁਕਾਬਲੇ 'ਚ ਸ਼ਹੀਦ

25 ਫਰਵਰੀ 1992 ਦੇ ਦਿਨ ਜਗਜੀਤ ਸਿੰਘ (ਪੁੱਤਰ ਸੰਤੋਖ ਸਿੰਘ, ਵਾਸੀ ਕੇਸਰ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ) ਤੇ ਨਿਰੰਜਨ ਸਿੰਘ (ਪੁੱਤਰ ਸ਼ੇਰ ਸਿੰਘ, ਵਾਸੀ ਚੱਬਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1994: ਹਰਦੀਪ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

25 ਫ਼ਰਵਰੀ 1994 ਦੇ ਦਿਨ ਹਰਦੀਪ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ) ਨੂੰ ਪੁਲਸ ਨੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1994: ਨਵਨੀਤ ਸਿੰਘ ਕਾਦੀਆਂ (ਖਾਲਿਸਤਾਨ ਲਿਬਰੇਸ਼ਨ ਫ਼ੋਰਸ) ਦੀ ਸ਼ਹੀਦੀ

25 ਫ਼ਰਵਰੀ 1994 ਦੇ ਦਿਨ ਪੁਲਸ ਨੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਚੀਫ਼ ਨਵਨੀਤ ਸਿੰਘ ਕਾਦੀਆਂ ਨੂੰ ਜੈਪੁਰ (ਰਾਜਿਸਥਾਨ) ਵਿਚ ਇਕ ਘਰ 'ਤੇ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। 17 ਫ਼ਰਵਰੀ 1994 ਦੇ ਦਿਨ ਪਹਿਲਾਂ ਨਵਨੀਤ ਸਿੰਘ ਕਾਦੀਆਂ, ਦਯਾ ਸਿੰਘ ਲਾਹੌਰੀਆ, ਉਸ ਦੀ ਪਤਨੀ ਕੰਵਲਜੀਤ ਕੌਰ (ਉਰਫ਼ ਸੁਮਨ ਸੂਦ) ਅਤੇ ਹਰਨੇਕ ਸਿੰਘ ਨੇ ਕਾਂਗਰਸੀ ਆਗੂ ਰਾਮ ਨਿਵਾਸ ਮੀਰਧਾ ਦੇ ਪੁੱਤਰ ਰਜਿੰਦਰ ਮੀਰਧਾ ਨੂੰ ਅਗਵਾ ਕੀਤਾ ਸੀ ਅਤੇ ਉਸ ਦੀ ਰਿਹਾਈ ਵਾਸਤੇ ਡਾ: ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾ ਕਰਨ ਦੀ ਸ਼ਰਤ ਰੱਖੀ ਸੀ। ਇਸ ਮੌਕੇ 'ਤੇ ਨਵਨੀਤ ਸਿੰਘ ਸ਼ਹਦਿ ਹੋ ਗਿਆ ਪਰ ਦਯਾ ਸਿੰਘ ਲਾਹੌਰੀਆ, ਉਸ ਦੀ ਪਤਨੀ ਕੰਵਲਜੀਤ ਕੌਰ ਅਤੇ ਹਰਨੇਕ ਸਿੰਘ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ।

2012: 25 ਫ਼ਰਵਰੀ ਦੇ ਦਿਨ ਸਰਬਜੀਤ ਸਿੰਘ ਧੂੰਦਾ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਤੋਂ ਮੁਆਫ਼ੀ ਮੰਗੀ

ਕੁਝ ਮਹੀਨੇ ਪਹਿਲਾਂ ਇਕ ਕਥਾਕਾਰ ਸਰਬਜੀਤ ਸਿੰਘ ਧੂੰਦਾ ਨੇ ਇਕ ਵਾਰ ਕਥਾ ਕਰਦਿਆਂ ਇਕ ਨਿੱਕੀ ਜਿਹੀ ਗ਼ਲਤੀ ਕੀਤੀ ਸੀ ਜੋ ਨਾ ਤਾਂ ਨੀਅਤਨ ਸੀ ਅਤੇ ਨਾ ਹੀ ਉਸ ਦਾ ਕੋਈ ਨੁਕਸਾਨਦੇਹ ਮਤਲਬ ਨਿਕਲਦਾ ਸੀ। ਪਰ ਕਿਉਂ ਕਿ ਉਹ ਉਦੋਂ ਅਖੌਤੀ ਦਸਮ ਗ੍ਰੰਥ ਦੇ ਖ਼ਿਲਾਫ਼ ਬੋਲਦਾ ਸੀ ਇਸ ਕਰ ਕੇ ਉਦਾਸੀ-ਨਿਰਮਲਾ ਡੇਰਿਆਂ ਦੇ ਏਜੰਟਾਂ ਨੇ ਉਸ ਨੁਕਤੇ ਦੇ ਬਹਾਨੇ 'ਤੇ ਅਕਾਲ ਤਖ਼ਤ ਦੇ ਪੁਜਾਰੀ ਤੋਂ ਧੂੰਦਾ ਦੇ ਖ਼ਿਲਾਫ਼ 'ਫ਼ਤਵਾ' ਜਾਰੀ ਕਰਵਾ ਦਿੱਤਾ

ਅਤੇ ਨਾਲ ਹੀ ਉਸ ਨੂੰ ਆਪਣੇ 'ਕੋਠੇ' ਰੂਪੀ ਦਫ਼ਤਰ ਵਿਚ ਤਲਬ ਕਰ ਲਿਆ। ਧੂੰਦਾ ਉਸ ਵਕਤ ਕਨੇਡਾ ਵਿਚ ਸੀ। ਪਹਿਲਾਂ ਤਾਂ ਉਹ ਸਿੱਖ ਲਹਿਰ ਗੁਰਦੁਆਰਾ ਅਤੇ 'ਗੁਰੂ ਪੰਥ' ਗਰੁਪ ਦੇ ਨਾਲ ਸੀ, ਪਰ ਹੁਣ ਚੌਕ ਮਹਿਤਾ ਅਤੇ ਬਾਦਲ ਗਰੁਪ ਦੇ ਏਜੰਟਾਂ ਨੇ ਉਸ ਦੇ ਦੁਆਲੇ ਘੇਰਾ ਪਾ ਲਿਆ ਅਤੇ ਉਸ ਤੋਂ ਬਿਆਨ ਦਿਵਾ ਦਿੱਤਾ ਕਿ ਉਹ ਅਕਾਲ ਤਖ਼ਤ 'ਤੇ ਜ਼ਰੂਰ ਪੇਸ਼ ਹੋਵੇਗਾ। ਇਸ ਦੇ ਨਾਲ ਹੀ ਉਸ ਨੂੰ ਕਈ ਗੁਰਦੁਆਰਿਆਂ ਵਿਚ ਕਥਾ ਵਾਸਤੇ ਸਮਾਂ ਵੀ ਲੈ ਦਿੱਤਾ। ਇਨ੍ਹਾਂ ਪ੍ਰੋਗਰਾਮਾਂ ਵਿਚ ਉਸ ਨੂੰ ਚੰਗੀ ਮਾਇਆ ਮਿਲੀ ਜਿਸ ਕਾਰਨ ਉਸ ਨੇ ਸਿਰਫ਼ ਅਕਾਲ ਤਖ਼ਤ 'ਤੇ ਪੇਸ਼ ਹੋਣ ਵਾਲਾ ਆਪਣਾ ਪਹਿਲਾ ਫ਼ੈਸਲਾ ਬਦਲ ਲਿਆ ਅਤੇ ਪੁਜਾਰੀਆਂ ਅੱਗੇ ਗੋਡੇ ਟੇਕਣ ਦਾ ਫ਼ੈਸਲਾ ਕਰ ਲਿਆ। ਇਸ ਦੇ ਨਾਲ ਹੀ ਉਸ ਨੇ ਚੋਰੀ-ਚੋਰੀ ਇਕ ਖ਼ਤ ਵੀ ਪੁਜਾਰੀਆਂ ਨੂੰ ਭੇਜ ਦਿੱਤਾ।13 ਜਨਵਰੀ 2012 ਦੇ ਦਿਨ ਦਮਦਮਾ ਸਾਹਿਬ ਦਾ ਸਾਬਕਾ ਗ੍ਰੰਥੀ ਕੇਵਲ ਸਿੰਘ ਤੇ ਸੁਖਵਿੰਦਰ ਸਿੰਘ ਲੁਧਿਆਣਾ ਸਰਬਜੀਤ ਸਿੰਘ ਧੂੰਦਾ ਦਾ ਇਹ ਖ਼ਤ ਲੈ ਕੇ ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਕੋਲ ਗਏ। ਜਦ ਕੇਵਲ ਸਿੰਘ ਨੇ ਉਹ ਚਿੱਠੀ ਪੁਜਾਰੀਆਂ ਕੋਲ ਪੇਸ਼ ਕੀਤੀ ਤਾਂ ਉਨ੍ਹਾਂ ਨੇ ਇਕ ਦਮ ਪਰ੍ਹਾਂ ਸੁੱਟ ਦਿੱਤੀ ਅਤੇ ਕਿਹਾ ਕਿ ਧੂੰਦਾ ਖ਼ੁਦ ਪੇਸ਼ ਹੋਵੇ। ਅਖ਼ੀਰ 25 ਫ਼ਰਵਰੀ ਦੇ ਦਿਨ ਸਰਬਜੀਤ ਧੂੰਦਾ ਪੁਜਾਰੀਆਂ ਦੇ ਕਮਰੇ ਵਿਚ ਪੇਸ਼ ਹੋਇਆ ਅਤੇ ਉਸ ਨੇ ਬਿਨਾ ਸ਼ਰਤ ਮੁਆਫ਼ੀ ਮੰਗ ਲਈ। ਕਿਹਾ ਜਾਂਦਾ ਹੈ ਕਿ ਕੇਵਲ ਸਿੰਘ ਪੁਜਾਰੀਆਂ ਨਾਲ ਪਹਿਲਾਂ ਹੀ ਗੱਲ ਕਰ ਲਈ ਸੀ ਕਿ ਇਸ ਨਾਲ ਮਿਸ਼ਨਰੀਆਂ ਵਿਚ ਪਹਿਲਾਂ ਹੀ ਜ਼ਬਰਦਸਤ ਫੁੱਟ ਪੈ ਚੁਕੀ ਹੈ ਅਤੇ ਉਹ ਧੂੰਦਾ ਨੂੰ ਰੱਦ ਕਰਨ ਦਾ ਐਲਾਨ ਕਰ ਚੁਕੇ ਹਨ ਸੋ ਉਸ ਨੂੰ ਆਪਣੇ ਨੇੜੇ ਲਿਆਉਣ ਅਤੇ ਮਿਸ਼ਨਰੀ ਮੁਖ ਧਾਰਾ ਤੋਂ ਦੂਰ ਕਰਨ ਵਾਸਤੇ ਜ਼ਰਾ ਮਾਸਾ ਤਨਖ਼ਾਹ ਲਾ ਕੇ ਮੁਆਫ਼ ਕਰ ਦਿੱਤਾ ਜਾਵੇ। ਜਿਸ ਨੂੰ ਪੁਜਾਰੀਆਂ ਨੇ ਖ਼ੁਸ਼ ਹੋ ਕੇ ਕਬੂਲ ਕਰ ਲਿਆ ਤੇ ਉਸ ਨੂੰ ਦਿਖਾਵੇ ਦੀ ਸਜ਼ਾ ਲਾ ਕੇ ਸੀਨੇ ਨਾਲ ਲਾ ਲਿਆ। ਉਸ ਮਗਰੋਂ ਵੀ ਧੂੰਦਾ ਦੇ ਖ਼ਿਲਾਫ਼ ਕਈ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਪਰ ਪੁਜਾਰੀ ਹੁਣ ਉਸ 'ਤੇ ਕਈ ਐਕਸ਼ਨ ਨਹੀਂ ਲੈਂਦੇ।

26 ਫ਼ਰਵਰੀ

1923: ਕਿਸ਼ਨ ਸਿੰਘ ਗੜਗੱਜ ਗ੍ਰਿਫ਼ਤਾਰ

ਬਬਰ ਅਕਾਲੀ ਲਹਿਰ ਦੇ ਮੋਢੀ ਜਥੇਦਾਰ ਕਿਸ਼ਨ ਸਿੰਘ ਗੜਗਜ ਨੂੰ 26 ਫ਼ਰਵਰੀ 1923 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ।

1950; ਅਕਾਲੀ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ ਮਤਾ ਪਾਸ ਕੀਤਾ

26 ਫ਼ਰਵਰੀ 1950 ਨੂੰ ਲੁਧਿਆਣੇ ਵਿਚ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਪਾਰਟੀ ਨੇ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ ਮਤਾ ਪਾਸ ਕੀਤਾ।

1966; ਮਾਸਟਰ ਤਾਰਾ ਸਿੰਘ ਨੇ ਕਿਹਾ 'ਪੰਜਾਬੀ ਸੂਬਾ ਸਿੱਖ ਮਸਲਿਆਂ ਦਾ ਆਖ਼ਰੀ ਅਤੇ ਪੱਕਾ ਹੱਲ ਨਹੀਂ'

1965 ਦੀ ਭਾਰਤ-ਪਾਕਿ ਜੰਗ ਮੁਕਦਿਆਂ ਹੀ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮੇਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸੀ। ਫ਼ਤਿਹ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 1 ਅਕਤੂਬਰ 1965 ਨੂੰ ਤਿੰਨ ਮੈਂਬਰੀ ਕੇਂਦਰੀ ਕਮੇਟੀ ਅਤੇ 22 ਐਮ.ਪੀਜ਼ ਦੀ ਕਮੇਟੀ ਬਣਾਉਣ

'ਤੇ ਸਰਕਾਰ ਦੀ ਸਰਾਹਣਾ ਕੀਤੀ। ਮਾਸਟਰ ਤਾਰਾ ਸਿੰਘ ਨੇ ਪਹਿਲਾਂ ਹੀ 25 ਸਤੰਬਰ ਨੂੰ ਇਕ ਕਮੇਟੀ ਦੀ ਸਰਾਹਣਾ ਕਰ ਦਿੱਤੀ ਸੀ। 2 ਅਕਤੂਬਰ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਫਤਹਿ ਸਿੰਘ ਪਰਦੇ ਦੇ ਪਿੱਛੇ ਬੈਠਾ ਹੋਇਆ ਸੀ। ਇਸ ਮੀਟਿੰਗ ਨੇ ਪੰਜਾਬੀ ਸੂਬੇ ਸਬੰਧੀ ਕਿਸੇ ਮੋਰਚੇ ਦਾ ਐਲਾਨ ਨਾ ਕਰਨ ਦਾ ਮਤਾ ਪਾਸ ਕੀਤਾ ਤੇ ਸਰਕਾਰ ਵੱਲੋਂ ਕਮੇਟੀਆਂ ਬਣਾਉਣ 'ਤੇ ਤਸੱਲੀ ਜ਼ਾਹਿਰ ਕੀਤੀ।

5 ਅਕਤੂਬਰ 1965 ਨੂੰ ਚੀਫ਼ ਮਨਿਸਟਰ ਕਾਮਰੇਡ ਰਾਮ ਕ੍ਰਿਸ਼ਨ ਨੇ ਪੰਜਾਬੀ ਸੂਬੇ ਦੀ ਭਰਵੀਂ ਮੁਖ਼ਾਲਫ਼ਤ ਕੀਤੀ। ਇਸ ਤੋਂ ਅਗਲੇ ਦਿਨ ਫ਼ਿਰਕੂ ਹਿੰਦੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਅਤੇ ਆਰੀਆ ਸਮਾਜ ਨੇ ਵੀ ਇਸ ਦੇ ਖ਼ਿਲਾਫ਼ ਬਿਆਨ ਦਿੱਤੇ। ਅਕਾਲੀ ਦਲ ਨੇ ਕਾਮਰੇਡ ਰਾਮ ਕਿਸ਼ਨ ਦੇ ਬਿਆਨ ਦੀ ਨਿੰਦਾ ਕੀਤੀ। 11 ਸਤੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਨੇ ਵੀ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕੀਤੀ। 21 ਅਕਤੂਬਰ ਨੂੰ ਯੋਗੀ ਸੂਰਜ ਦੇਵ ਨੇ ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ 'ਤੇ ਮਰਨ ਵਰਤ ਦੀ ਧਮਕੀ ਦਿੱਤੀ। 7 ਨਵੰਬਰ ਨੂੰ ਇਕ ਸਰਬ-ਪਾਰਟੀ ਪੰਜਾਬੀ ਸੂਬਾ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਇਸ ਮੀਟਿੰਗ ਵਿਚ ਅਵਤਾਰ ਸਿੰਘ ਮਲਹੋਤਰਾ, ਸ਼ਮਸ਼ੇਰ ਸਿੰਘ ਜੋਸ਼ (ਕਮਿਊਨਿਸਟ), ਚਰਨ ਦਾਸ ਨਿਧੜਕ (ਰੀਪਬਲੀਕਨ), ਨੇਤ ਰਾਮ (ਸੋਸ਼ਲਿਸਟ), ਚੌਧਰੀ ਕਰਤਾਰ ਸਿੰਹ (ਅਕਾਲੀ ਦਲ ਮਾਸਟਰ) ਅਤੇ ਹਰਚਰਨ ਸਿੰਘ ਹੁਡਿਆਰਾ (ਅਕਾਲੀ ਦਲ ਫਤਹਿ ਸਿੰਘ) ਸ਼ਾਮਿਲ ਸਨ।

16 ਨਵੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਜ਼ੈਲ ਸਿੰਘ, ਰਾਮ ਸਿੰਘ ਦੱਤ, ਮੋਹਨ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ ਆਦਿਕ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਅਤੇ ਕਾਮਰੇਡ ਰਾਮ ਕਿਸ਼ਨ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਮੋਹਨ ਲਾਲ ਨੇ ਮੁਖ਼ਾਲਫ਼ਤ ਕੀਤੀ।

1 ਦਸੰਬਰ ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਦਬੰਦੀ ਦੀ ਕੋਈ ਪ੍ਰਵਾਹ ਨਹੀਂ ਕਰਦਾ। ਮਾਸਟਰ ਤਾਰਾ ਸਿੰਘ ਨੇ 20 ਦਸੰਬਰ ਨੂੰ ਕਿਹਾ ਕਿ ਉਸ ਦਾ ਪੰਜਾਬੀ ਸੂਬਾ ਫਤਹਿ ਸਿੰਘ ਤੋਂ ਵੱਖਰਾ ਹੈ, ਫਤਹਿ ਸਿੰਘ ਦੇ ਸੂਬੇ ਦਾ ਹਾਲ ਪੈਪਸੂ ਵਾਲਾ ਹੋਵੇਗਾ। 28 ਦਸੰਬਰ 1965 ਨੂੰ ਪੰਜਾਬ ਸੂਬਾ ਕਾਂਗਰਸ ਕਮੇਟੀ ਨੇ ਪੰਜਾਬੀ ਸੂਬੇ ਬਾਰੇ ਕਮੇਟੀ ਨੂੰ ਖ਼ਤਮ ਕਰਨ ਦੀ ਮੰਗ ਕੀਤੀ।

ਇਸ ਦੌਰਾਨ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸ਼ਤਰੀ ਦੀ ਰੂਸ ਦੌਰੇ ਦੌਰਾਨ ਤਾਸ਼ਕੰਦ ਵਿਚ ਮੌਤ ਹੋ ਗਈ। 19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਬਣ ਗਈ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ (ਇੰਦਰਾ ਗਾਂਧੀ, *ਮਾਈ ਟਰੁਥ*, ਸਫ਼ਾ 117, 1981 ਦੀ ਐਡੀਸ਼ਨ)। ਉਧਰ ਪੰਜਾਬੀ ਸੂਬੇ ਬਾਰੇ ਬਣੀਆਂ ਕਮੇਟੀਆਂ ਦਾ ਕੰਮ ਬੜੀ ਹੌਲੀ-ਹੌਲੀ ਚਲ ਰਿਹਾ ਸੀ ਅਤੇ ਕੋਈ ਸਿੱਟਾ ਨਿਕਲਦਾ ਨਜ਼ਰ ਨਹੀਂ ਆਉਂਦਾ ਸੀ। ਆਰੀਆ ਸਮਾਜੀ, ਜਨਸੰਘੀ, ਹਿੰਦੂ-ਕਾਂਗਰਸੀ, ਸਾਰੇ ਹੀ ਪੰਜਾਬੀ ਸੂਬੇ ਦੀ ਮੰਗ ਦੀ ਜ਼ੋਰ-ਸ਼ੋਰ ਨਾਲ ਮੁਖ਼ਾਲਫ਼ਤ ਕਰ ਰਹੇ ਸਨ।

ਏਨੀ ਮੁਖ਼ਾਲਫ਼ਤ ਦੇ ਬਾਵਜੂਦ, ਮਿਲੀਆਂ ਜੁਲੀਆਂ ਕੋਸ਼ਿਸ਼ਾਂ ਮਗਰੋਂ 9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। 10 ਮਾਰਚ 1966 ਨੂੰ ਜਨਸੰਘ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੀ ਕਾਇਮੀ ਰੋਕਣ ਲਈ ਘੋਲ ਦਾ ਐਲਾਨ ਕਰ ਦਿੱਤਾ। ਯੱਗਦੱਤ ਸ਼ਰਮਾ (ਜਨਰਲ ਸਕੱਤਰ ਪੰਜਾਬ ਜਨਸੰਘ) ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਪੰਜਾਬ ਦੇ ਸ਼ਹਿਰਾਂ ਵਿਚ ਹਿੰਦੂ ਦੁਕਾਨਦਾਰਾਂ ਨੇ ਹੜਤਾਲ ਕਰ ਦਿੱਤੀ। 11 ਮਾਰਚ ਨੂੰ ਬਲਰਾਜ ਮਧੋਕ,

ਲਾਲਾ ਜਗਤ ਨਾਰਾਇਣ ਅਤੇ ਪ੍ਰਕਾਸ਼ ਵੀਰ ਸ਼ਾਸ਼ਤਰੀ ਦੀ ਇਕ ਕਮੇਟੀ ਨੂੰ ਪੰਜਾਬ ਭੇਜਣ ਦਾ ਫ਼ੈਸਲਾ ਵੀ ਜਨਸੰਘ ਨੇ ਕਰ ਦਿੱਤਾ।

ਜਦ ਮਾਸਟਰ ਤਾਰਾ ਸਿੰਘ ਨੇ ਵੇਖਿਆ ਕਿ ਭਾਵੇਂ ਸਰਕਾਰ ਪੰਜਾਬੀ ਸੂਬਾ ਬਣਾਉਣਾ ਮੰਨ ਗਈ ਹੈ ਪਰ ਇਸ ਦੀ ਨੀਅਤ ਠੀਕ ਨਹੀਂ ਹੈ ਤੇ ਇਹ ਸੂਬੇ ਨੂੰ ਕਮਜ਼ੋਰ ਤੇ ਲੰਗੜਾ ਬਣਾਉਣਾ ਚਾਹੁੰਦੀ ਹੈ ਤਾਂ ਉਨ੍ਹਾਂ ਨੇ 26 ਫ਼ਰਵਰੀ 1966 ਨੂੰ ਇਕ ਬਿਆਨ ਵਿਚ ਕਿਹਾ ਸਿਰਫ਼ ਪੰਜਾਬੀ ਸੂਬੇ ਦੀ ਕਾਇਮੀ ਵੀ ਸਿੱਖਾਂ ਵਾਸਤੇ ਆਖ਼ਰੀ ਅਤੇ ਪੱਕਾ ਹੱਲ ਨਹੀਂ ਹੋ ਸਕਦਾ।

1986: ਕੁਲਵਿੰਦਰ ਸਿੰਘ ਲੱਕੀ ਫੋਲੜੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

26 ਫਰਵਰੀ 1986 ਦੇ ਦਿਨ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ ਲੱਕੀ (ਪੁੱਤਰ ਭਾਈ ਮਹਿੰਦਰ ਸਿੰਘ, ਵਾਸੀ ਫੋਲੜੀਵਾਲ, ਜਲੰਧਰ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1987; ਕਰਮ ਸਿੰਘ ਕੋਟਲਾ ਫਾਸੀ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

26 ਫਰਵਰੀ 1987 ਦੇ ਦਿਨ ਬਬਰ ਖਾਲਸਾ ਦੇ ਕਰਮ ਸਿੰਘ (ਕੋਟਲਾ ਫਾਸੀ, ਬਟਾਲਾ) ਨੂੰ ਲੋਕ ਚੋਂਕ ਕਾਦੀਆਂ ਨੇੜੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

1991; ਅਮਰਜੀਤ ਸਿੰਘ ਹੰਸ ਕਲਾਂ, ਹਰਦਿਆਲ ਸਿੰਘ ਲਾਡੀ ਖੁਜਾਲਾ, ਸਤਨਾਮ ਸਿੰਘ ਢੇਪਈ ਤੇ ਇਕ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

26 ਫਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਹੰਸ ਕਲਾਂ, ਜ਼ਿਲ੍ਹਾ ਲੁਧਿਆਣਾ), ਹਰਦਿਆਲ ਸਿੰਘ ਉਰਫ਼ ਲਾਡੀ (ਵਾਸੀ ਖੁਜਾਲਾ), ਸਤਨਾਮ ਸਿੰਘ (ਪੁੱਤਰ ਸੋਹਣ ਸਿੰਘ, ਵਾਸੀ ਢੇਪਈ, ਜ਼ਿਲ੍ਹਾ ਲੁਧਿਆਣਾ) ਤੇ ਇਕ ਹੋਰ ਸਿੱਖ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਨਜੀਤ ਸਿੰਘ ਮਾਣਾ ਹਰਦੋਵਾਲ ਤੇ ਹਰਦੀਪ ਸਿੰਘ ਵਿੱਕੀ ਬਸਤੀ ਦਾਨਸ਼ਮੰਦਾ ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

26 ਫਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ ਮਾਣਾ (ਵਾਸੀ ਹਰਦੋਵਾਲ, ਗੁਰਦਾਸਪੁਰ) ਤੇ ਹਰਦੀਪ ਸਿੰਘ ਵਿੱਕੀ (ਵਾਸੀ ਬਸਤੀ ਦਾਨਸ਼ਮੰਦਾ, ਜਲੰਧਰ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1991: ਬੁਰਜ ਨਾਥੂਕਾ ਅੰਮ੍ਰਿਤਸਰ ਦੇ 6 ਸਿੱਖ ਬਿਨਾ ਵਜਹ ਗੋਲੀਆਂ ਨਾਲ ਭੁੰਨ ਦਿੱਤੇ

26 ਫਰਵਰੀ 1991 ਦੇ ਦਿਨ ਬੁਰਜ ਨਾਥੂਕਾ (ਅੰਮ੍ਰਿਤਸਰ) ਤੋਂ 6 ਸਿੱਖਾਂ ਨੂੰ, ਜੋ ਸ਼ਹਿਰੋਂ ਗੈਸ ਖ਼ਰੀਦਣ ਗਏ ਸਨ, ਨੂੰ ਸਰਕਾਰੀ ਫ਼ੋਰਸਾਂ ਨੇ ਬੇਵਜਹ ਗੋਲੀਆਂ ਮਾਰ ਕੇ ਭੁੰਨ ਦਿੱਤਾ; ਇਹ 6 ਸਨ: ਬਲਬੀਰ ਸਿੰਘ, ਮੇਹਰ ਸਿੰਘ, ਗੁਰਚਰਨ ਸਿੰਘ ਅਤੇ ਉਸ ਦਾ ਪੁੱਤਰ, ਕਰਨਬੀਰ ਸਿੰਘ ਤੇ ਪਰਗਟ ਸਿੰਘ।

1992 ਬਲਵੰਤ ਸਿੰਘ ਅਤੇ ਗੁਰਨਾਮ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

26 ਫਰਵਰੀ 1992 ਦੇ ਦਿਨ ਬਲਵੰਤ ਸਿੰਘ (ਪੁੱਤਰ ਦਾਰਾ ਸਿੰਘ, ਵਾਸੀ ਚੌਪਈ, ਜ਼ਿਲ੍ਹਾ ਗੁਰਦਾਸਪੁਰ) ਅਤੇ ਗੁਰਨਾਮ ਸਿੰਘ (ਪੁੱਤਰ ਬੂਆ ਸਿੰਘ, ਵਾਸੀ ਗੁੰਨੋਪੁਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

2013: ਅਕਾਲ ਫ਼ੈਡਰੇਸ਼ਨ ਦਾ ਆਗੂ ਨਰੈਣ ਸਿੰਘ ਚੌੜਾ ਗ੍ਰਿਫ਼ਤਾਰ

ਪੰਜਾਬ ਪੁਲਸ ਨੇ 26 ਫ਼ਰਵਰੀ 2013 ਦੇ ਦਿਨ ਨਰੈਣ ਸਿੰਘ ਚੌੜਾ ਨੂੰ ਤਰਨਤਾਰਨ ਜ਼ਿਲ੍ਹੇ ਵਿਚ ਜਲਾਲਬਾਦ ਪਿੰਡ (ਵੈਰੋਵਾਲ ਦੇ ਨੇੜੇ) ਵਿਚ ਗ੍ਰਿਫ਼ਤਾਰ ਕਰ ਲਿਆ। ਨਰੈਣ ਸਿੰਘ 'ਤੇ ਧਮਾਕਾਖੇਜ਼ ਸਮੱਗਰੀ ਦੇ ਕਾਨੂੰਨ ਦੀਆਂ ਧਾਰਾਵਾਂ 3,4,5 ਅਤੇ ਅਸਲਾ ਐਕਟ ਦੀਆਂ 25, 54, 59 ਧਾਰਾਵਾਂ ਹੇ ਕੇਸ ਦਰਜ ਸਨ। ਉਸ 'ਤੇ ਮਈ 2010 ਵਿਚ ਇਕ ਕਾਰ ਵਿਚੋਂ 2 ਕਿਲੋ ਆਰ.ਡੀ.ਐਕਸ ਫੜੇ ਜਾਣ ਦਾ ਕੇਸ ਪਾਇਆ ਹੋਇਆ ਸੀ। ਉਸ ਦੀ ਗ੍ਰਿਫ਼ਤਾਰੀ ਤੋਂ ਮਗਰੋਂ ਪੁਲਸ ਨੇ ਡੇਰਾ ਬਾਬਾ ਨਾਨਕ ਵਿਚ ਉਸ ਦੇ ਘਰ 'ਤੇ ਵੀ ਛਾਪਾ ਮਾਰਿਆ ਅਤੇ ਲੈਪਟਾੱਪ ਅਤੇ ਹੋਰ ਬਹੁਤ ਸਾਰਾ ਸਾਮਾਨ ਚੁੱਕ ਕੇ ਲੈ ਗਈ। ਇਸ ਮਗਰੋਂ ਪੁਲਸ ਨੇ ਉਸ ਦੇ ਸਾਥੀਆਂ ਸੁਖਵੰਤ ਸਿੰਘ ਨੂੰ ਜਲਾਲਾਬਾਦ ਅਤੇ ਸੁਖਦੇਵ ਸਿੰਘ ਨੂੰ ਪੰਡੋਰੀ (ਨੇੜੇ ਮਜੀਠਾ) ਵਿਚ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਉਨ੍ਹਾਂ 'ਤੇ ਇਕ ਏ.ਕੇ. 56 ਅਸਾਲਟ ਰਾਈਫ਼ਲ, 30 ਬੋਰ ਦਾ ਮਾਊਜ਼ਰ ਪਿਸਤੌਲ, 5 ਹੈਂਡ ਗਰਨੇਡ ਅਤੇ 70 ਕਾਰਤੂਸ ਵੀ ਪਾ ਦਿੱਤੇ।

27 ਫ਼ਰਵਰੀ

1414: ਭਗਤ ਬਾਬਾ ਰਵਿਦਾਸ ਜੀ ਦਾ ਜਨਮ ਹੋਇਆ

ਜਿਨ੍ਹਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਨ੍ਹਾਂ ਵਿਚੋਂ ਇਕ ਸ਼੍ਰੋਮਣੀ ਭਗਤ ਬਾਬਾ ਰਵਿਦਾਸ ਜੀ ਦਾ ਜਨਮ 27 ਫ਼ਰਵਰੀ 1414 ਦੇ ਦਿਨ ਬਨਾਰਸ ਕੋਲ ਇਕ ਪਿੰਡ ਵਿਚ ਹੋਇਆ ਸੀ (2013 ਵਿਚ ਇਹ ਦਿਨ 25 ਫ਼ਰਵਰੀ ਨੂੰ ਮਨਾਇਆ ਜਾ ਗਿਆ ਸੀ)।

1716: ਬੰਦਾ ਸਿੰਘ ਬਹਾਦਰ ਅਤੇ 700 ਤੋਂ ਵਧ ਸਿੱਖ ਦਿੱਲੀ ਪਹੁੰਚਾਏ ਗਏ

ਅੱਠ ਮਹੀਨੇ ਦੇ ਘੇਰੇ ਦੌਰਾਨ ਜਦ ਬੰਦਾ ਸਿੰਘ ਤੇ ਉਸ ਦੇ ਸਾਥੀ ਉਹ ਭੁੱਖ ਨਾਲ ਨਿਢਾਲ ਹੋ ਗਏ ਸਨ ਤੇ ਉਨਾਂ ਵਿਚ ਹਿੱਲਣ-ਜੁੱਲਣ ਜੋਗੀ ਸਤਿਆ ਵੀ ਨਹੀਂ ਸੀ ਰਹੀ। ਅਖ਼ੀਰ, ਜਦ ਕਈ ਦਿਨਾਂ ਤਕ ਗੜ੍ਹੀ 'ਚੋਂ ਕੋਈ ਹਿਲਜੁਲ ਨਾ ਹੋਈ ਤਾਂ ਮੁਗ਼ਲ ਫ਼ੌਜਾਂ ਦੇ ਇਕ ਹਜੂਮ ਨੇ ਇਕ ਦਮ ਹੱਲਾ ਬੋਲ ਦਿੱਤਾ। ਅੱਗੇ ਅਧਮੋਏ ਪਏ ਹੋਏ ਦੋ-ਚਾਰ ਸੌ ਸਿੱਖ ਨਜ਼ਰ ਆਏ, ਜਿਨ੍ਹਾਂ ਨੂੰ ਉਨ੍ਹਾਂ ਨੇ "ਗ੍ਰਿਫ਼ਤਾਰ" ਕਰ ਲਿਆ। ਇਨ੍ਹਾਂ ਦੇ ਪੈਰਾਂ ਵਿਚ ਬੇੜੀਆਂ, ਗਲਾਂ ਵਿਚ ਤੌਕ, ਲੱਕ ਨਾਲ ਜ਼ੰਜੀਰਾਂ ਬੰਨ੍ਹ ਕੇ, ਲੱਕ ਦੇ ਸੰਗਲਾਂ ਨਾਲ ਬੰਨ੍ਹ ਕੇ ਇਨ੍ਹਾਂ ਨੂੰ ਊਠਾਂ ਅਤੇ ਗੱਡਿਆਂ 'ਤੇ ਲੱਦ ਕੇ ਬਰਸਤਾ ਦਿੱਲੀ ਭੇਜਣ ਦਾ ਫ਼ੈਸਲਾ ਕੀਤਾ ਗਿਆ। ਇਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਹੋਰ ਸਿੱਖ ਵੀ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਵਿਚ ਸ਼ਾਮਿਲ ਕਰ ਦਿਤੇ ਗਏ। ਇਸ ਮਗਰੋਂ ਵੀ ਮਾਰੇ ਗਏ ਹੋਰ ਸਿੱਖਾਂ ਦੇ ਸਿਰ ਵੀ ਦਿੱਲੀ ਲਿਜਾਣ ਵਾਲੇ ਸਟਾਕ ਵਿਚ ਸ਼ਾਮਿਲ ਕਰ ਲਏ ਗਏ। ਇਹ ਸਾਰਾ ਕੁਝ ਇਸ ਕਰ ਕੇ ਕੀਤਾ ਗਿਆ ਸੀ ਤਾਂ ਜੋ ਬਾਦਸ਼ਾਹ ਨੂੰ ਵੱਡੀ ਕਾਰਗੁਜ਼ਾਰੀ ਦਿਖਾਈ ਜਾ ਸਕੇ। ਬੰਦਾ ਸਿੰਘ ਨੂੰ ਸਪੇਸ਼ਲ ਤਿਆਰ ਕੀਤੇ ਗਏ ਪਿੰਜਰੇ ਵਿਚ ਬੇੜੀਆਂ ਸਣੇ ਤੁੰਨ ਦਿਤਾ ਗਿਆ ਤੇ ਹਾਥੀ 'ਤੇ ਰਖ ਕੇ ਇਸ ਨੂੰ ਦਿੱਲੀ ਲਿਆਂਦਾ ਗਿਆ ਸੀ।

ਮੁਗਲ ਬੰਦਾ ਸਿੰਘ ਤੋਂ ਏਨਾ ਡਰਦੇ ਸਨ ਕਿ ਪਿੰਜਰੇ ਵਿਚ ਪਾ ਕੇ ਵੀ ਉਸ ਦੇ ਪਿੱਛੇ ਇਕ ਤਕੜਾ ਸਿਪਾਹੀ ਨੰਗੀ ਤਲਵਾਰ ਦੇ ਕੇ ਖੜਾ ਕਰ ਰਖਿਆ ਗਿਆ ਸੀ ਤਾਂ ਜੋ ਕਿਤੇ ਉਹ ਪਿੰਜਰੇ ਵਿਚੋਂ ਨਿਕਲ ਕੇ ਉਡ ਹੀ ਨਾ ਜਾਵੇ। ਸਿੱਖ ਕੈਦੀਆਂ ਦਾ ਇਹ ਜਲੂਸ 27 ਫ਼ਰਵਰੀ 1716 ਦੇ ਦਿਨ ਦਿੱਲੀ ਦੇ ਬਾਹਰਵਾਰ ਪਿੰਡ ਅਗਰਾਬਾਦ ਕੋਲ ਪੁੱਜਾ।

1926: ਛੇ ਬਬਰਾਂ ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ

28 ਫ਼ਰਵਰੀ 1925 ਨੂੰ ਬਬਰ ਅਕਾਲੀ ਲਹਿਰ ਦੇ ਪੰਜ ਜਰਨੈਲਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਹ ਪੰਜ ਸਨ: ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਨਿਧੜਕ ਧਾਮੀਆਂ, ਦਲੀਪ ਸਿੰਘ ਭੁਝੰਗੀ ਧਾਮੀਆਂ, ਨੰਦ ਸਿੰਘ ਘੁੜਿਆਲ ਤੇ ਕਰਮ ਸਿੰਘ ਹਰੀਪੁਰ। ਮਗਰੋਂ ਹਾਈ ਕੋਰਟ ਨੇ ਧਰਮ ਸਿੰਘ ਹਿਆਤਪੁਰ ਰੁੜਕੀ ਨੂੰ ਵੀ ਫ਼ਾਂਸੀ ਦੀ ਸਜ਼ਾ ਦਿਤੀ।26 ਫਰਵਰੀ ਨੂੰ ਡਾਕਟਰ ਨੇ ਫ਼ਾਂਸੀ ਵਾਲੇ ਛੇਆਂ ਸਿੱਖਾਂ ਦਾ ਮੁਆਇਨਾ ਕੀਤਾ। ਉਸ ਡਾਕਟਰ ਮੁਤਾਬਿਕ ਉਹ ਸਾਰੇ ਛੇ ਦੇ ਛੇ, ਸਾਰਾ ਸਮਾਂ ਸ਼ਬਦ ਪੜ੍ਹਦੇ ਅਤੇ ਇਕ-ਦੂਜੇ ਨੂੰ ਵਧਾਈਆਂ ਦੇਂਦੇ ਰਹੇ ਸਨ; ਤੇ ਇਨ੍ਹਾਂ ਵਿਚੋਂ ਵੀ ਸਭ ਤੋਂ ਵਧ ਖ਼ੁਸ਼ ਭੁਝੰਗੀ ਨੰਦ ਸਿੰਘ ਸੀ, ਜਿਵੇਂ ਕਿ ਉਸ ਦਾ ਵਿਆਹ ਹੋਵੇ। 27 ਫਰਵਰੀ ਨੂੰ ਸਵੇਰ ਦੇ 8 ਵਜੇ ਭਾਈ ਪ੍ਰੇਮ ਸਿੰਘ ਗ੍ਰੰਥੀ ਲਾਹੌਰ ਜੇਲ੍ਹ ਪੁੱਜੇ। 8 ਵਜ ਕੇ 3 ਮਿੰਟ 'ਤੇ ਜੇਲ੍ਹ ਵਿਚੋਂ ਉੱਚੀ-ਉੱਚੀ ਸ਼ਬਦ ਪੜ੍ਹਨ ਦੀਆਂ ਆਵਾਜ਼ਾਂ ਸ਼ੁਰੂ ਹੋ ਗਈਆਂ। ਪਹਿਲਾਂ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਤੇ ਦਲੀਪ ਸਿੰਘ ਨੂੰ ਫ਼ਾਂਸੀ ਦੇ ਤਖ਼ਤੇ 'ਤੇ ਲਿਜਾਇਆ ਗਿਆ। ਇਕ ਘੰਟੇ ਵਿਚ ਉਨ੍ਹਾਂ ਨੂੰ ਫ਼ਾਂਸੀ ਦੇਣ ਦੀ ਕਾਰਵਾਈ ਮੁਕੰਮਲ ਕੀਤੀ ਜਾ ਚੁਕੀ ਸੀ। ਇਸ ਤੋਂ ਬਾਅਦ 9 ਵਜ ਕੇ 7 ਮਿੰਟ 'ਤੇ ਫੇਰ ਜੈਕਾਰਿਆਂ ਦੀ ਆਵਾਜ਼ ਆਈ। ਇਸ ਵਾਰ ਕਰਮ ਸਿੰਘ, ਧਰਮ ਸਿੰਘ ਤੇ ਭੁਝੰਗੀ ਨੰਦ ਸਿੰਘ ਨੂੰ ਫ਼ਾਂਸੀ ਦੇ ਤਖ਼ਤੇ ਵੱਲ ਲਿਜਾਇਆ ਜਾ ਰਿਹਾ ਸੀ। ਸਾਢੇ ਨੌਂ ਵਜੇ ਇਕ ਸਿਪਾਹੀ ਜੇਲ੍ਹ ਵਿਚੋਂ ਆਇਆ ਤੇ ਉਸ ਨੇ ਕਿਹਾ ਕਿ ਜੇ ਕੋਈ ਵਾਰਿਸ ਹਨ ਤਾਂ ਲਾਸ਼ਾਂ ਲਿਜਾ ਸਕਦੇ ਹਨ। ਸੰਗਤਾਂ ਵਿਚੋਂ ਇਕ ਜਣਾ ਮੋਟਰ ਦਾ ਪ੍ਰਬੰਧ ਕਰਨ ਚਲਾ ਗਿਆ। ਜਦ ਕਾਫ਼ੀ ਦੇਰ ਤਕ ਮੋਟਰ ਨਾ ਆ ਸਕੀ ਤਾਂ ਸੰਗਤਾਂ ਨੇ ਗੱਡਿਆਂ 'ਤੇ ਕੰਬਲ ਵਿਛਾ ਕੇ ਤਿੰਨ ਗੱਡਿਆਂ ਤੇ ਛੇ ਦੇਹਾਂ ਰੱਖੀਆਂ ਅਤੇ ਸ਼ਬਦ ਪੜ੍ਹਦੇ ਹੋਏ ਗੋਲਬਾਗ ਤੋਂ ਹੁੰਦੇ ਹੋਏ ਰਾਧਾਕੁੰਡ ਸ਼ਮਸ਼ਾਨ ਲਿਜਾ ਕੇ ਛੇਆਂ ਦਾ ਇਕੱਠਿਆਂ ਦਾ ਸਸਕਾਰ ਕੀਤਾ

1984: ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਬਰਨਾਲਾ ਵਗੈਰਾ ਨੇ ਭਾਰਤੀ ਵਿਧਾਨ ਦੀ ਧਾਰਾ 25 ਫਾੜੀ

ਸਿੱਖਾਂ ਦੀਆਂ ਮੰਗਾਂ ਵਿਚੋਂ ਇਕ ਮੰਗ 'ਸਿੱਖ ਹਿੰਦੂ ਨਹੀਂ ਹਨ' ਨੂੰ ਪੂਰੀ ਕਰਵਾਉਣ ਵਾਸਤੇ ਜ਼ੋਰ ਪਾਉਣ ਲਈ ਅਕਾਲੀ ਦਲ ਵਲੋਂ 27 ਫ਼ਰਵਰੀ 1984 ਦੇ ਦਿਨ ਹਰ ਪਾਸੇ ਭਾਰਤੀ ਵਿਧਾਨ ਦੀ ਧਾਰਾ 25(2) ਦੀ ਫ਼ੋਟੋਕਾਪੀ ਨੂੰ ਫ਼ਾੜ ਕੇ ਆਪਣਾ ਰੋਸ ਜ਼ਾਹਿਰ ਕਰਨ ਦਾ ਐਲਾਨ ਕੀਤਾ। ਚੰਡੀਗੜ੍ਹ ਵਿਚ ਬਾਦਲ, ਸੁਰਜੀਤ ਬਰਨਾਲਾ, ਬਲਵੰਤ ਰਾਮੂੰਵਾਲੀਆ ਅਤੇ ਹੋਰ ਕਈਆਂ ਨੇ ਧਾਰਾ 25 (2) ਦੀਆਂ 'ਫੋਟੋਕਾਪੀਆਂ' ਫ਼ਾੜੀਆਂ ਤੇ ਸਾੜੀਆਂ।

1987: ਨਿਰਮਲ ਸਿੰਘ ਕੋਟਲਾ ਫਾਸੀ ਨਕਲੀ ਮੁਕਾਬਲੇ ਵਿਚ ਸ਼ਹੀਦ

27 ਫਰਵਰੀ 1987 ਨੂੰ ਪੁਲਸ ਨੇ ਨਿਰਮਲ ਸਿੰਘ ਬਬਰ (ਵਾਸੀ ਕੋਟਲੀ ਫਾਸੀ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿਤਾ।

1988: ਬਲਦੇਵ ਸਿੰਘ ਅਤੇ ਹਰਜਾਪ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

27 ਫਰਵਰੀ 1988 ਦੇ ਦਿਨ ਬਲਦੇਵ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਸ਼ੇਖ਼ ਚੱਕ, ਨੇੜੇ ਤਰਨ ਤਾਰਨ) ਅਤੇ ਹਰਜਾਪ ਸਿੰਘ ਲਾਡੀ (ਵਾਸੀ ਜਲਪੋਤਾਂ, ਨੇੜੇ ਆਦਮਪੁਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

1992: ਸਰਬਜੀਤ ਸਿੰਘ ਅਤੇ ਗੁਰਮੀਤ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

27 ਫਰਵਰੀ 1992 ਦੇ ਦਿਨ ਸਰਬਜੀਤ ਸਿੰਘ ਉਰਫ਼ ਰਾਜਬੀਰ ਸਿੰਘ ਗੁਰਦਾਸਪੁਰੀ ਅਤੇ ਗੁਰਮੀਤ ਸਿੰਘ (ਪੁੱਤਰ ਧੰਨਾ ਸਿੰਘ, ਵਾਸੀ ਛੱਜੂ ਮਾਜਰਾ ਕਲੋਨੀ, ਰੋਪੜ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

1993: ਸੁਰਿੰਦਰ ਸਿੰਘ ਸ਼ਿੰਦਾ, ਹਰਿੰਦਰ ਸਿੰਘ ਬੰਟੀ, ਸ਼ਮਸ਼ੇਰ ਸਿੰਘ, ਸ਼ੇਰ ਸਿੰਘ ਤੇ ਦਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤੇ ਗਏ

27 ਫਰਵਰੀ 1993 ਦੇ ਦਿਨ ਸੁਰਿੰਦਰ ਸਿੰਘ ਸ਼ਿੰਦਾ (ਕੋਟ ਅਹਿਮਦ, ਸਰਹਾਲੀ), ਹਰਿੰਦਰ ਸਿੰਘ ਬੰਟੀ (ਚੰਡੀਗੜ੍ਹ), ਸ਼ਮਸ਼ੇਰ ਸਿੰਘ (ਪੁੱਤਰ ਛਿੰਟਾ ਸਿੰਘ, ਵਾਸੀ ਆਲੋ ਹਰਖ, ਨੇੜੇ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ), ਸ਼ੇਰ ਸਿੰਘ (ਪੁੱਤਰ ਬਖ਼ਸ਼ੀਸ਼ ਸਿੰਘ, ਵਾਸੀ ਖਿਆਲਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਤੇ ਦਵਿੰਦਰ ਸਿੰਘ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਮਾਰ ਦਿਤਾ।

2002: ਕੈਪਟਨ ਅਮਰਿੰਦਰ ਸਿੰਘ ਪੰਜਾਬ ਦਾ ਮੁਖ ਮੰਤਰੀ ਬਣਿਆ

13 ਫ਼ਰਵਰੀ 2002 ਨੂੰ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ ਵੋਟਾਂ ਪਾਈਆਂ ਗਈਆਂ। ਕਾਂਗਰਸ ਨੇ 62 (36.12% ਵੋਟਾਂ), ਬਾਦਲ ਦਲ ਨੇ 41 (30.97% ਵੋਟਾਂ), ਭਾਜਪਾ ਨੇ 3 (5.72% ਵੋਟਾਂ), ਬਸਪਾ ਨੇ 0 (ਪਰ 5.72% ਵੋਟਾਂ), ਆਜ਼ਾਦ 9 (4.69% ਵੋਟਾਂ) ਸੀਟਾਂ ਜਿੱਤੀਆਂ। ਪੰਥਕ ਮੋਰਚੇ ਨੇ 4.69% ਵੋਟਾਂ ਲਈਆਂ ਪਰ ਕੋਈ ਵੀ ਸੀਟ ਨਾ ਜਿਤ ਸਕੇ। 27 ਫ਼ਰਵਰੀ ਨੂੰ ਅਮਰਿੰਦਰ ਸਿੰਘ ਚੀਫ਼ ਮਨਿਸਟਰ ਬਣ ਗਿਆ।

28 ਫ਼ਰਵਰੀ

1712: ਬਾਦਸ਼ਾਹ ਬਹਾਦਰ ਸ਼ਾਹ ਬੰਦਾ ਸਿੰਘ ਤੋਂ ਡਰਦਾ ਪਾਗਲ ਹੋ ਕੇ ਮਰ ਗਿਆ

ਬਾਦਸ਼ਾਹ ਨੇ ਦਸ ਵੱਡੇ ਤੇ ਦਰਜਨਾਂ ਛੋਟੇ ਜਰਨੈਲ ਅਤੇ ਹਜ਼ਾਰਾਂ ਫ਼ੌਜਾਂ ਬੰਦਾ ਸਿੰਘ ਦੇ ਪਿੱਛੇ ਲਾਈਆਂ ਹੋਈਆਂ ਸਨ। ਉਨ੍ਹਾਂ ਦੀਆਂ ਸਿੱਖ ਫ਼ੌਜਾਂ ਨਾਲ ਬਹੁਤ ਝੜਪਾਂ ਹੋਈਆਂ ਜਿਨ੍ਹਾਂ ਵਿਚ ਦੋਹਾਂ ਧਿਰਾਂ ਦਾ ਚੋਖਾ ਨੁਕਸਾਨ ਹੋਇਆ ਸੀ। ਬਾਦਸ਼ਾਹ ਨੇ ਕਈ ਲੱਖ ਰੁਪੈ ਤੇ ਬੇਹਿਸਾਬ ਅਸਲਾ ਵੀ ਦਾਅ 'ਤੇ ਲਾਇਆ ਹੋਇਆ ਸੀ ਪਰ ਉਸ ਨੂੰ ਬੰਦਾ ਸਿੰਘ ਨੂੰ ਖ਼ਤਮ ਕਰਨ ਵਿਚ ਕਾਮਯਾਬੀ ਹਾਸਿਲ ਨਾ ਹੋਈ। ਬਹਾਦਰ ਸ਼ਾਹ ਨੂੰ 1708 ਵਿਚ ਆਪਣੇ ਭਰਾਵਾਂ ਨੂੰ ਹਰਾਉਣ ਤੇ ਮਾਰ ਮੁਕਾਉਣ ਵਿਚ ਕਾਮਯਾਬੀ ਹਾਸਿਲ ਹੋ ਚੁਕੀ ਸੀ। ਉਹ ਦੱਖਣ ਦੀ ਬਗ਼ਾਵਤ ਨੂੰ ਦਬਾ ਚੁਕਾ ਸੀ। ਉਸ ਨੇ ਰਾਜਪੂਤਾਂ ਨੂੰ ਕਾਬੂ ਕਰ ਲਿਆ ਸੀ ਅਤੇ ਇਹ ਸਾਰੇ ਮੁਖ਼ਾਲਿਫ਼ ਧਿਰਾਂ ਵੱਡੀਆਂ ਫ਼ੌਜਾਂ ਅਤੇ ਬੇਪਨਾਹ ਤਾਕਤ ਵਾਲੇ ਸਨ। ਦੂਜੇ ਪਾਸੇ ਸਿੱਖ ਥੋੜ੍ਹੀ ਜਹੀ ਗਿਣਤੀ ਵਿਚ ਸਨ, ਉਨ੍ਹਾਂ ਕੋਲ ਅਸਲਾ ਵੀ ਥੋੜ੍ਹਾ ਸੀ, ਉਨ੍ਹਾਂ ਦਾ ਖ਼ਜ਼ਾਨਾ ਵੀ ਕੋਈ ਨਹੀ ਸੀ, ਉਨ੍ਹਾਂ ਦੇ ਕਬਜ਼ੇ

ਵਿਚ ਕਿਲ੍ਹੇ ਜਾਂ ਰਿਆਸਤਾਂ ਵੀ ਨਹੀਂ ਸਨ। ਇਸ ਕਰ ਕੇ ਬਾਦਸ਼ਾਹ ਸਮਝਦਾ ਸੀ ਕਿ ਉਹ ਇਨ੍ਹਾਂ ਨੂੰ ਕੁਝ ਦਿਨਾਂ ਵਿਚ ਹੀ ਖ਼ਤਮ ਕਰ ਦੇਵੇਗਾ।

ਪਰ, ਬਾਦਸ਼ਾਹ ਦੀ ਖ਼ੁਸ਼ਫ਼ਹਿਮੀ ਛੇਤੀ ਹੀ ਖ਼ਤਮ ਹੋ ਗਈ। ਬੰਦਾ ਸਿੰਘ ਉਸ ਦੇ ਫ਼ੌਜੀਆਂ ਦੇ ਹੱਥ ਨਾ ਆ ਸਕਿਆ। ਦਰਜਨਾਂ ਝੜਪਾਂ ਵਿਚ ਹਜ਼ਾਰਾਂ ਸਿੱਖਾਂ ਦੇ ਮਾਰੇ ਜਾਣ ਨਾਲ ਵੀ ਉਨ੍ਹਾਂ ਦੀ ਗਿਣਤੀ ਨਾ ਘਟੀ ਅਤੇ ਉਨ੍ਹਾਂ ਦੇ ਐਕਸ਼ਨ (ਹਮਲੇ) ਨਾ ਰੁਕੇ। ਇਨ੍ਹਾਂ ਸਾਰੀਆਂ ਖ਼ਬਰਾਂ ਨਾਲ ਬਾਦਸ਼ਾਹ ਘਬਰਾਇਆ ਰਹਿੰਦਾ ਸੀ ਤੇ ਕਈ ਵਾਰ ਤਾਂ 'ਬੰਦਾ ਬੰਦਾ' ਕਹਿ ਕੇ ਬੜਬੜਾਉਂਦਾ ਵੀ ਹੁੰਦਾ ਸੀ। ਯਾਨਿ ਬੰਦਾ ਸਿੰਘ ਦਾ ਨਾ ਫੜਿਆ ਜਾਣਾ ਉਸ ਵਾਸਤੇ ਅਜ਼ਾਬ ਬਣਦਾ ਜਾ ਰਿਹਾ ਸੀ ਤੇ ਉਹ ਬੌਂਦਲਿਆ ਫਿਰਦਾ ਸੀ। ਉਹ ਇਕ ਤਰ੍ਹਾਂ ਦਾ ਨੀਮ ਪਾਗ਼ਲ ਹੋ ਚੁਕਾ ਸੀ। (*ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਧੋਖਾ ਕਰਨ ਦਾ ਇਹੀ ਨਤੀਜਾ ਹੋਣਾ ਸੀ*)।

ਜਦ ਬਹਾਦਰ ਸ਼ਾਹ ਸਾਰਾ ਜ਼ੋਰ ਲਾ ਕੇ ਵੀ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਨਾ ਕਰ ਸਕਿਆ ਤਾਂ ਉਸ ਦੇ ਦਿਲ ਵਿਚ ਸਿੱਖਾਂ ਦਾ ਡਰ ਬੁਰੀ ਤਰ੍ਹਾਂ ਸਮਾ ਗਿਆ। ਉਹ ਸਿੱਖਾਂ ਤੋਂ ਏਨਾ ਡਰਿਆ ਹੋਇਆ ਸੀ ਕਿ ਉਹ ਹਰ ਇਕ ਨਾਲ ਗ਼ੁੱਸੇ ਤੇ ਸਨਕੀ ਤਰੀਕੇ ਨਾਲ ਅਤੇ ਕਈ ਵਾਰ ਨੀਮ-ਪਾਗਲਾਂ ਵਾਂਗ ਸਲੂਕ ਕਰਦਾ ਸੀ।ਹੁਣ ਬਹਾਦਰ ਸ਼ਾਹ ਬੇਹਦ ਪਰੇਸ਼ਾਨ ਰਹਿਣ ਲਗ ਪਿਆ ਤੇ ਉਹ ਬੰਦਾ ਸਿੰਘ ਦੇ ਖ਼ਿਆਲ ਤੇ ਸਿੱਖ ਦੇ ਨਾਂ ਤੋਂ ਵੀ ਡਰਨ ਲਗ ਪਿਆ। ਜਨਵਰੀ 1712 ਵਿਚ ਉਸ ਦਾ ਦਿਮਾਗ਼ ਬਿਲਕੁਲ ਹੀ ਬੌਂਦਲ ਗਿਆ ਤੇ ਉਸ ਨੇ ਸ਼ੁਦਾਈਆਂ ਵਾਲੀਆਂ ਹਰਕਤਾਂ ਸ਼ੁਰੂ ਕਰ ਦਿਤੀਆਂ। 12 ਫ਼ਰਵਰੀ 1712 ਨੂੰ ਉਸ ਨੇ ਇਕ ਅਜੀਬ ਹੁਕਮ ਜਾਰੀ ਕਰ ਕੇ ਸਾਰੇ ਕੁੱਤੇ ਮਾਰਨ ਵਾਸਤੇ ਹਦਾਇਤ ਦਿਤੀ। ਇਸ ਮੁਹਿੰਮ ਹੇਠ ਹਰ ਰੋਜ਼ ਸੈਂਕੜੇ ਕੁੱਤੇ ਮਾਰੇ ਗਏ ਤੇ ਬਹੁਤ ਸਾਰੇ ਕੁੱਤੇ ਡਰ ਕੇ ਦਰਿਆ ਰਾਵੀ ਪਾਰ ਕਰ ਕੇ ਭੱਜ ਗਏ। ਅਜਿਹਾ ਜਾਪਦਾ ਹੈ ਕਿ ਉਹ ਸਿੱਖਾਂ ਤੋਂ ਏਨਾ ਡਰਿਆ ਹੋਇਆ ਸੀ ਕਿ ਉਹ ਉਨ੍ਹਾਂ ਨੂੰ ਸੱਗ (ਕੁੱਤੇ) ਕਿਹਾ ਕਰਦਾ ਸੀ ਤੇ ਸ਼ਾਇਦ ਕੁੱਤੇ ਮਾਰਨ ਦੇ ਹੁਕਮ ਨਾਲ ਉਹ ਸਿੱਖਾਂ ਨੂੰ ਮਾਰਨ ਦੀ ਗੱਲ ਕਰਨੀ ਚਾਹੁੰਦਾ ਸੀ। ਅਗਲੇ ਕੁਝ ਹਫ਼ਤੇ ਉਸ ਦੀ ਬੀਮਾਰੀ ਵਧਦੀ ਗਈ। ਤਿੰਨ ਹਕੀਮ ਹਰ ਵੇਲੇ ਉਸ 'ਤੇ ਖੜੇ ਰਹਿੰਦੇ ਸਨ। ਪਰ ਉਨ੍ਹਾਂ ਦੇ ਇਲਾਜ ਨਾਲ ਵੀ ਬਾਦਸ਼ਾਹ ਦੀ ਸਿਹਤ ਨੂੰ ਕੋਈ ਫ਼ਰਕ ਨਾ ਪਿਆ ਤੇ 27-28 ਫ਼ਰਵਰੀ 1712 ਦੀ ਰਾਤ ਨੂੰ ਲਾਹੌਰ ਵਿਚ ਹੀ ਉਸ ਦੀ ਮੌਤ ਹੋ ਗਈ।

1924: ਜੈਤੋ ਮੋਰਚੇ ਵਾਸਤੇ 500 ਸਿੱਖਾਂ ਦਾ ਦੂਜਾ ਸ਼ਹੀਦੀ ਜਥਾ ਗਿਆ

ਜੈਤੋ ਗਏ ਪਹਿਲੇ ਸ਼ਹੀਦੀ ਜਥੇ 'ਤੇ 21 ਫ਼ਰਵਰੀ ਦੇ ਦਿਨ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: 'ਨਾਭੇ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ 1924 ਨੂੰ ਚਾਲੀ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਨੂੰ ਫ਼ਤਹਿ ਬੁਲਾਉਂਦਾ ਹੋਇਆ, ਗੁਰਦੁਆਰਾ ਗੰਗਸਰ ਦੇ ਰਾਹ ਪੈ ਗਿਆ। ਤੁਰਨ ਤੋਂ ਪਹਿਲੋਂ ਕਿੰਨੀਆਂ ਹੀ ਮਾਂਵਾਂ, ਭੈਣਾਂ ਅਤੇ ਸਰਦਾਰਨੀਆਂ ਨੇ ਆਪਣੇ ਪਿਆਰਿਆਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾਏ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜਥੇ ਵਿਚ ਸ਼ਹੀਦੀ ਪਾ ਗਿਆ ਹੋਇਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਾਉਂਦੇ ਹੋਏ ਕਿਹਾ,

''ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਭੀ ਗੁਰੂ ਦੇ ਲੇਖੇ ਲੱਗ ਜਾਵੇ।'' ਜਥੇ ਵਿੱਚੋਂ ਕਈ ਸਿੰਘਾਂ ਨੇ ਤੁਰਨ ਤੋਂ ਪਹਿਲੋਂ ਅਕਾਲ ਤਖ਼ਤ ਸਾਹਿਬ ਨੂੰ ਇਹ ਲਿਖਤ ਦਿੱਤੀ ਕਿ ''ਜੇ ਮੈਂ ਸ਼ਹੀਦ ਹੋ ਜਾਵਾਂ ਤਾਂ ਮੇਰੀ ਸਾਰੀ ਜਾਇਦਾਦ ਗੁਰੂ ਪੰਥ ਦੇ ਅਰਪਨ ਹੋਵੇ।''

1982: ਪੁਲੀਸ ਵਲੋਂ ਸਰਹੱਦੀ ਪਿੰਡ ਦਾਓਕੇ 'ਤੇ ਧਾਵਾ; ਸੈਂਕੜੇ ਲੋਕ ਪੁਲਸ ਜ਼ੁਲਮ ਤੋਂ ਡਰ ਕੇ ਸਰਹੱਦ ਪਾਰ ਕਰ ਕੇ ਪਾਕਿਸਤਾਨ ਚਲੇ ਗਏ।

28 ਫ਼ਰਵਰੀ 1982 ਨੂੰ ਪਾਕਿਸਤਾਨੀ ਸਰਹੱਦ ਦੇ ਨਾਲ ਲਗਦੇ ਪਿੰਡ ਦਾਓਕੇ ਦੇ ਇਕ ਆਦਮੀ ਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਡੀ.ਆਈ.ਜੀ. ਪੁਲੀਸ ਅਵਤਾਰ ਸਿੰਘ ਅਟਵਾਲ ਦੇ ਹੁਕਮ 'ਤੇ 300 ਪੁਲਸੀਏ ਪਿੰਡ ਪੁੱਜੇ ਅਤੇ ਜੀਤ ਸਿੰਘ ਦੀ ਸੂਹ ਕੱਢਣ ਵਾਸਤੇ ਲੋਕਾਂ ਉੱਤੇ ਬੇਪਨਾਹ ਜ਼ੁਲਮ ਕੀਤਾ। ਇਹ ਸਾਕਾ ਪਹਿਲੀ ਤੇ ਦੋ ਮਾਰਚ ਨੂੰ ਵੀ ਦੋਹਰਾਇਆ ਗਿਆ। ਡਰੇ ਅਤੇ ਸਹਿਮੇ ਲੋਕ ਸਰਹੱਦ ਪਾਰ ਕਰ ਕੇ ਪਾਕਿਸਤਾਨ ਦੌੜ ਗਏ ਅਤੇ ਕਈ ਦਿਨਾਂ ਮਗਰੋਂ ਵਾਪਿਸ ਮੁੜੇ।

1989: ਅਜਮੇਰ ਸਿੰਘ ਲੋਪੀਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

28 ਫ਼ਰਵਰੀ 1989 ਦੇ ਦਿਨ ਪੰਜਾਬ ਪੁਲਸ ਨੇ ਅਜਮੇਰ ਸਿੰਘ ਲੋਪੀਵਾਲ ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਦਲਵਿੰਦਰ ਸਿੰਘ, ਸੁਖਦੇਵ ਸਿੰਘ ਸੁੱਖਾ ਮਹਿਮੂਦਪੁਰਾ ਤੇ ਦਵਿੰਦਰ ਸਿੰਘ ਭੁੱਟੋਂ ਮਾੜੀ ਮੇਘਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

28 ਫ਼ਰਵਰੀ 1990 ਦੇ ਦਿਨ ਪੰਜਾਬ ਪੁਲਸ ਨੇ ਦਲਵਿੰਦਰ ਸਿੰਘ ਉਰਫ਼ ਕਾਕਾ (ਪੁੱਤਰ ਅਚਿੰਤ ਸਿੰਘ, ਵਾਸੀ ਖਿਆਲਾ), ਸੁਖਦੇਵ ਸਿੰਘ ਉਰਫ਼ ਸੁੱਖਾ (ਵਾਸੀ ਮਹਿਮੂਦਪੁਰਾ, ਅੰਮ੍ਰਿਤਸਰ) ਤੇ ਦਵਿੰਦਰ ਸਿੰਘ ਉਰਫ਼ ਭੁੱਟੋਂ (ਵਾਸੀ ਮਾੜੀ ਮੇਘਾ, ਅੰਮ੍ਰਿਤਸਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

1991: ਸਤਨਾਮ ਸਿੰਘ ਸੱਤਾ ਮੱਲਮੋਹਰੀ, ਹਰਪਾਲ ਸਿੰਘ ਝੰਡਾ, ਨਿਰਮਲ ਸਿੰਘ ਗੀਗੇ ਮਾਜਰਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

28 ਫ਼ਰਵਰੀ 1991 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਉਰਫ਼ ਸੱਤਾ (ਵਾਸੀ ਮੱਲਮੋਹਰੀ), ਹਰਪਾਲ ਸਿੰਘ ਬਬਰ (ਵਾਸੀ ਝੰਡਾ, ਰੋਪੜ), ਨਿਰਮਲ ਸਿੰਘ ਬਬਰ (ਵਾਸੀ ਗੀਗੇ ਮਾਜਰਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਨਿਰਮਲ ਸਿੰਘ ਬਬਰ ਨੇ ਸਾਈਨਾਡ ਕੈਪਸੂਲ ਖਾ ਕੇ ਜਾਨ ਦਿੱਤੀ; ਰਮਿੰਦਰਪਾਲ ਸਿੰਘ ਟੈਨੀ ਅਤੇ ਹਰਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ

28 ਫ਼ਰਵਰੀ 1991 ਦੇ ਦਿਨ ਪੁਲਸ ਨੇ ਮੁਖ਼ਬਰੀ ਮਿਲਣ 'ਤੇ ਇਕ ਕਾਰ ਰੋਕੀ ਜਿਸ ਵਿਚ ਨਿਰਮਲ ਸਿੰਘ ਬਬਰ, ਰਮਿੰਦਰਪਾਲ ਸਿੰਘ ਟੈਨੀ ਅਤੇ ਹਰਪਾਲ ਸਿੰਘ ਸਵਾਰ ਸਨ। ਸਾਰੇ ਪਾਸੇ ਪੁਲਸ ਦਾ ਘੇਰਾ ਵੇਖ ਕੇ ਭਾਈ ਨਿਰਮਲ ਸਿੰਘ ਬਬਰ ਨੇ ਸਾਈਨਾਡ ਕੈਪਸੂਲ ਖਾ ਕੇ ਜਾਨ ਦੇ ਦਿੱਤੀ; ਪਰ ਬਾਕੀ ਦੋਹਾਂ ਰਮਿੰਦਰਪਾਲ ਸਿੰਘ ਟੈਨੀ ਅਤੇ ਹਰਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। (ਮਗਰੋਂ 25 ਫ਼ਰਵਰੀ ਦੇ ਦਿਨ ਰਮਿੰਦਰਪਾਲ ਸਿੰਘ

ਟੈਨੀ ਪੁਲਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ ਅਤੇ ਉਸ ਦੀ ਗ੍ਰਿਫ਼ਤਾਰੀ ਵਾਸਤੇ 15 ਲਖ ਰੁਪੈ ਦਾ ਈਨਾਮ ਰੱਖਿਆ ਗਿਆ।

1993: ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਅਠਾਈ ਫਰਵਰੀ ਨੂੰ ਭਿੰਡਰਾਂਵਾਲਾ ਟਾਈਗਰ ਫ਼ੋਰਸ ਦੇ ਮੁਖੀ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ (ਜਿਸ ਨੂੰ ਪਿਛਲੇ ਦਿਨ ਫੜਿਆ ਸੀ) ਨੂੰ 28 ਫ਼ਰਵਰੀ 1993 ਦੇ ਦਿਨ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਮਾਨੋਚਾਹਲ ਤਿੰਨ ਵਾਰ ਪੁਲਸ ਦੇ ਘੇਰੇ ਵਿਚੋਂ ਬਚ ਕੇ ਨਿਕਲ ਚੁਕਾ ਸੀ; ਇਸ ਵਿਚ ਦੋ ਵਾਰ 1985 ਵਿਚ ਅਤੇ ਤੀਜੀ ਵਾਰ ਅਜੇ ਕੁਝ ਦਿਨ ਪਹਿਲਾਂ ਹੀ ਰਟੌਲ ਵਿਚ ਹੋਏ ਪੁਲਸ ਹਮਲੇ ਵਿਚੋਂ ਮਸਾਂ ਬਚਿਆ ਸੀ (ਰਟੌਲ ਵਿਚ 100 ਦੇ ਕਰੀਬ ਸਿਪਾਹੀ ਤੇ ਫ਼ੌਜੀ ਮਾਰੇ ਗਏ ਸਨ)। ਉਸ ਅਸਲ ਮੁਕਾਬਲੇ ਵਿਚ ਬਹੁਤ ਸਾਰੇ ਪੁਲਸੀਏ ਮਾਰੇ ਗਏ ਸਨ। ਮਗਰੋਂ ਮਾਨੋਚਾਹਲ ਦਾ ਸਾਰਾ ਟੱਬਰ (ਪਿਤਾ, ਦੋ ਭਰਾ, ਮਾਤਾ ਤੇ ਕਈ ਹੋਰ) ਪੁਲੀਸ ਨੇ ਇਕ-ਇਕ ਕਰ ਕੇ ਮਾਰ ਦਿੱਤਾ ਸੀ। ਉਸ ਦੇ ਪਰਵਾਰ ਦੇ ਅਤੇ ਉਸ ਦੇ ਦੂਜੇ ਰਿਸ਼ਤੇਦਾਰਾਂ ਵਿਚ 42 ਜਣਿਆਂ ਨੂੰ ਪੁਲਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ।

ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਸ਼ਾਇਦ ਇਸ ਵਾਰ ਵੀ ਗ੍ਰਿਫ਼ਤਾਰ ਨਾ ਹੋ ਸਕਦਾ ਜੇ ਕਰ ਕਿਸੇ ਸਾਥੀ ਨੇ ਉਸ ਨਾਲ ਦਗ਼ਾ ਨਾ ਕਤਿਾ ਹੁੰਦਾ। ਉਸ ਨੂੰ ਇਕ ਦਗ਼ਾਬਾਜ਼ ਨੇ ਦੁਧ ਵਿਚ ਨੀਂਦ ਦੀ ਗੋਲੀ ਪਾ ਕੇ ਬੇਹੋਸ਼ ਕਰ ਕੇ ਫੜਵਾ ਦਿੱਤਾ ਵਰਨਾ ਉਹ ਆਖ਼ਰੀ ਸਾਹ ਤਕ ਪੁਲਸ ਨਾਲ ਲੜਦਾ ਅਤੇ ਸ਼ਹੀਦ ਹੁੰਦਾ। ਮਾਨੋਚਾਹਲ ਖਾੜਕੂ ਲਹਿਰ ਦੇ ਸਭ ਤੋਂ ਵੱਡੇ ਥੰਮਾਂ ਵਿਚੋਂ ਇਕ ਸੀ। ਉਸ ਤੋਂ ਪਹਿਲਾਂ ਬਬਰ ਖ਼ਾਲਸਾ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ, ਧਰਮ ਸਿੰਘ ਕਾਸ਼ਤੀਵਾਲ, ਅਵਤਾਰ ਸਿੰਘ ਬ੍ਰਹਮਾ, ਗੁਰਜੰਟ ਸਿੰਘ ਬੁਧ ਸਿੰਘ ਵਾਲਾ, ਗੁਰਦੇਵ ਸਿੰਘ ਕਾਉਂਕੇ, ਗੁਰਜੰਟ ਸਿੰਘ ਰਾਜਸਥਾਨੀ, ਸੁਖਦੇਵ ਸਿੰਘ ਮਾਰੇ ਜਾ ਚੁਕੇ ਸਨ ਅਤੇ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਫ਼ਾਂਸੀ ਦਾ ਰੱਸਾ ਚੁੰਮ ਚੁਕੇ ਸਨ। ਜਥੇਦਾਰ ਮਾਨੋਚਾਹਲ ਦੇ ਮਾਰੇ ਜਾਣ ਨਾਲ ਖਾੜਕੂ ਲਹਿਰ ਦਾ ਬਹੁਤ ਵਡਾ ਨੁਕਸਾਨ ਹੋਇਆ।

29 ਫ਼ਰਵਰੀ

1716: ਬੰਦਾ ਸਿੰਘ ਬਹਾਦਰ ਅਤੇ 700 ਤੋਂ ਵਧ ਸਿੱਖਾਂ ਦਾ ਦਿੱਲੀ ਚ ਜਲੂਸ ਕੱਢਿਆ ਗਿਆ

ਗੁਰਦਾਸ ਨੰਗਲ ਵਿਚ ਦਸੰਬਰ 1715 ਵਿਚ ਗ੍ਰਿਫ਼ਤਾਰ ਕੀਤੇ ਬੰਦਾ ਸਿੰਘ ਅਤੇ ਉਸ ਦੇ ਸਾਥੀ ਅਤੇ ਮਗਰੋਂ ਗਿ੍ਫ਼ਤਾਰ ਕੀਤੇ ਸਿੱਖ ਕੈਦੀ 27 ਫ਼ਰਵਰੀ 1716 ਦੇ ਦਿਨ ਦਿੱਲੀ ਦੇ ਬਾਹਰਵਾਰ ਪਿੰਡ ਅਗਰਾਬਾਦ ਕੋਲ ਪੁੱਜੇ। 29 ਫ਼ਰਵਰੀ 1716 ਨੂੰ ਇਨ੍ਹਾਂ ਕੈਦੀਆਂ ਦਾ ਦਿੱਲੀ ਵਿਚ ਜਲੂਸ ਕੱਢਿਆ ਗਿਆ। ਜਲੂਸ ਦੇ ਸਭ ਤੋਂ ਅੱਗੇ ਇਕ ਬੈਂਡ ਵਾਜਾ ਜਾ ਰਿਹਾ ਸੀ। ਇਹ ਜਲੂਸ ਦਿੱਲੀ ਦੇ ਨੇੜੇ ਦੇ ਪਿੰਡ ਅਗਰਾਬਾਦ ਤੋਂ ਸ਼ੁਰੂ ਹੋ ਕੇ, 10 ਕਿਲੋਮੀਟਰ ਦੂਰ, ਲਾਲ ਕਿਲ੍ਹਾ ਤਕ ਲਿਜਾਇਆ ਗਿਆ। ਇਸ ਬੈਂਡ ਦੇ ਪਿਛੇ ਦੋ ਹਜ਼ਾਰ ਸਿੱਖਾਂ ਦੇ ਸਿਰ, ਜਿਨ੍ਹਾਂ ਨੂੰ ਤੂੜੀ ਭਰ ਕੇ ਬਾਂਸਾਂ ਤੇ ਲਟਕਾਇਆ ਹੋਇਆ ਸੀ, ਜਾ ਰਹੇ ਸਨ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁਲ੍ਹੇ ਰੱਖੇ ਹੋਏ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਇਹ ਸਿੱਖਾਂ ਦੇ ਹੀ ਸਿਰ ਹਨ। ਇਨ੍ਹਾਂ ਦੀ ਗਿਣਤੀ ਵਧਾਉਣ ਵਾਸਤੇ ਕੁਝ ਔਰਤਾਂ ਦੇ ਸਿਰ ਵੱਢ ਕੇ ਵੀ ਸ਼ਾਮਿਲ ਕਰ ਦਿੱਤੇ ਗਏ ਸਨ ਜੋ ਲੰਬੇ ਵਾਲਾਂ ਕਾਰਨ ਸਿੱਖ ਹੀ ਜਾਪਦੀਆਂ ਸਨ।

ਇਸ ਮਗਰੋਂ ਇਕ ਲੰਬੇ ਬਾਂਸ 'ਤੇ ਮਰੀ ਹੋਈ ਬਿੱਲੀ ਲਟਕਾਈ ਹੋਈ ਸੀ ਜਿਸ ਦਾ ਮਤਲਬ ਇਹ ਸੀ ਕਿ ਸਿੱਖਾਂ ਦੇ ਘਰਾਂ ਵਿਚ ਇਨਸਾਨ ਤਾਂ ਕੀ ਕੋਈ ਮਰਿਆ ਹੋਇਆ

ਜਾਨਵਰ ਵੀ ਨਹੀਂ ਰਿਹਾ। ਇਸ ਬਿੱਲੀ ਦੇ ਪਿੱਛੇ ਇਕ ਹਾਥੀ ਸੀ ਜਿਸ ਉੱਤੇ ਰੱਖੇ ਹੋਏ ਪਿੰਜਰੇ ਵਿਚ ਬੰਦਾ ਸਿੰਘ ਸੀ।

ਬੰਦਾ ਸਿੰਘ ਦਾ ਮਜ਼ਾਕ ਉਡਾਉਣ ਵਾਸਤੇ ਉਸ ਨੂੰ ਇਕ ਲਾੜੇ ਵਾਂਗ ਸੁਨਹਿਰੀ ਜ਼ਰੀ ਵਾਲੀ ਲਾਲ ਪੱਗ, ਅਨਾਰ ਦੇ ਫੁੱਲਾਂ ਦੇ ਰੰਗ ਦਾ ਸ਼ਾਹੀ ਚੋਗਾ ਪਾਇਆ ਹੋਇਆ ਸੀ। ਉਸ ਦੇ ਸਿਰ 'ਤੇ ਇਕ ਲਕੜੀ ਦਾ ਖੋਖਾ ਤਿੰਨ-ਚਾਰ ਕਿਲੋ ਮਿੱਟੀ ਨਾਲ ਭਰ ਕੇ ਰੱਖਿਆ ਹੋਇਆ ਸੀ, ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਢਾ ਬੈਠਾ ਹੋਇਆ ਸੀ। ਬੰਦਾ ਸਿੰਘ ਭਾਵੇਂ ਪਿੰਜਰੇ ਵਿਚ ਬੰਦ ਸੀ ਪਰ ਫਿਰ ਵੀ ਉਸ ਦੇ ਪਿੱਛੇ ਨੰਗੀ ਤਲਵਾਰ ਹੱਥ ਵਿਚ ਫੜ ਕੇ ਇਕ ਸਿਪਾਹੀ ਖੜ੍ਹਾ ਕੀਤਾ ਹੋਇਆ ਸੀ ਕਿਉਂ ਕਿ ਮੁਗ਼ਲ ਡਰਦੇ ਸੀ ਕਿ ਕਿਤੇ ਬੰਦਾ ਜਾਦੂ ਨਾਲ ਉੱਡ ਹੀ ਨਾ ਜਾਵੇ। ਬੰਦਾ ਸਿੰਘ ਵਾਲੇ ਹਾਥੀ ਦੇ ਪਿੱਛੇ 740 ਕੈਦੀ ਸਨ। ਇਨ੍ਹਾਂ ਦੇ ਮੂੰਹਾਂ 'ਤੇ ਕਾਲਖ਼ ਮਲੀ ਹੋਈ ਸੀ। ਉਨ੍ਹਾਂ ਦਾ ਇਕ-ਇਕ ਹੱਥ ਗਰਦਨ ਦੇ ਪਿੱਛੇ ਕਰ ਕੇ ਸ਼ਿਕੰਜੇ ਵਿਚ ਕੱਸ ਕੇ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗ਼ਜ਼ਾਂ ਦੀਆਂ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਜਿਸਮਾਂ 'ਤੇ ਭੇਡਾਂ ਦੀ ਖੱਲ ਲਪੇਟੀ ਹੋਈ ਸੀ। ਉਨ੍ਹਾਂ ਦਾ ਇਹ ਰੂਪ ਉਨ੍ਹਾਂ ਦਾ ਮਜ਼ਾਕ ਉਡਾਉਣ ਅਤੇ ਉਨ੍ਹਾਂ ਦੀ ਬੇਇੱਜ਼ਤੀ ਕਰਨ ਵਾਸਤੇ ਬਣਾਇਆ ਗਿਆ ਸੀ। ਉਨ੍ਹਾਂ ਨੂੰ ਦੋ-ਦੋ ਕਰ ਕੇ ਕਾਠੀਆਂ ਤੋਂ ਸੱਖਣੇ ਊਠਾਂ ਉੱਤੇ ਬਿਠਾਇਆ (ਦਰਅਸਲ ਲੱਦਿਆ) ਹੋਇਆ ਸੀ।

ਇਸ ਜਲੂਸ ਦੇ ਪਿੱਛੇ ਮੁਹੰਮਦ ਅਮੀਨ ਖ਼ਾਨ, ਉਸ ਦਾ ਪੁੱਤਰ ਕਮਰ-ਉਦ-ਦੀਨ ਖ਼ਾਨ ਅਤੇ ਜ਼ਕਰੀਆ ਖ਼ਾਨ (ਪੁਤਰ ਅਬਦੁਸ ਸਮਦ ਖ਼ਾਨ) ਜੋ ਮਗਰੋਂ ਲਾਹੌਰ ਦਾ ਸੂਬੇਦਾਰ ਬਣਿਆ, ਜੇਤੂਆਂ ਵਾਂਗ ਆਕੜ-ਆਕੜ ਕੇ ਚਲ ਰਹੇ ਸਨ।

ਇਹ ਜਲੂਸ ਲਾਹੌਰੀ ਗੇਟ ਦੇ ਰਸਤੇ ਦਿੱਲੀ ਸ਼ਹਿਰ ਵਿਚ ਦਾਖ਼ਿਲ ਹੋਇਆ। ਇਸ ਜਲੂਸ ਨੂੰ ਵੇਖਣ ਵਾਸਤੇ ਦਿੱਲੀ ਦੀ ਸਾਰੀ ਖ਼ਲਕਤ ਸੜਕਾਂ 'ਤੇ ਆਈ ਹੋਈ ਸੀ। ਸ਼ਹਿਰ ਵਿਚ ਕੋਈ ਵੀ ਸ਼ਖ਼ਸ ਐਸਾ ਨਹੀਂ ਸੀ ਰਿਹਾ ਜਿਸ ਨੇ ਇਹ ਨਜ਼ਾਰਾ ਵੇਖਿਆ ਨਾ ਹੋਵੇ। ਲੱਖਾਂ ਲੋਕਾਂ ਦੀਆਂ ਭੀੜਾਂ ਕਾਰਨ ਏਨੀ ਘੁਟਣ ਸੀ ਕਿ ਇਸ ਮੌਕੇ 'ਤੇ ਸਾਹ ਲੈਣਾ ਵੀ ਮੁਸ਼ਕਿਲ ਹੋਇਆ ਪਿਆ ਸੀ। ਲੋਕ ਸਿੱਖਾਂ ਨੂੰ ਮਜ਼ਾਕ ਕਰ ਰਹੇ ਸਨ, ਤਾਅਨੇ ਦੇ ਰਹੇ ਸਨ, ਗਾਲ੍ਹਾਂ ਕੱਢ ਰਹੇ ਸਨ, ਉਨ੍ਹਾਂ ਦੀ ਤੋਏ-ਤੋਏ ਕਰ ਰਹੇ ਸਨ, ਬੇਇੱਜ਼ਤੀ ਕਰ ਰਹੇ ਸਨ ਤੇ ਉਨ੍ਹਾਂ ਵੱਲ ਵੇਖ ਕੇ ਕੋਝੀਆਂ ਸੈਨਤਾਂ ਕਰ ਰਹੇ ਸਨ। ਕਈ ਲੋਕ ਹੂ-ਹੂ ਕਰ ਕੇ ਤਾੜੀਆਂ ਮਾਰ ਰਹੇ ਸਨ ਤੇ ਖ਼ੁਸ਼ੀ ਵਿਚ ਖੀਵੇ ਹੋ ਕੇ ਨੱਚ ਰਹੇ ਸਨ। ਪਰ ਸਿੱਖਾਂ ਦੇ ਚਿਹਰਿਆਂ 'ਤੇ ਜ਼ਰਾ ਜਿੰਨੀ ਵੀ ਮਾਯੂਸੀ, ਸ਼ਿਕਨ, ਪੀੜ ਜਾਂ ਅਫ਼ਸੋਸ ਨਹੀਂ ਸੀ। ਉਹ ਆਪਣੇ ਆਪ ਨੂੰ ਹਾਰੇ ਹੋਏ ਨਹੀਂ ਸਨ ਮਹਿਸੂਸ ਕਰਦੇ। ਉਹ ਸ਼ਬਦ ਗਾ ਰਹੇ ਸਨ ਤੇ ਵਾਹਿਗੁਰੂ ਦਾ ਜਾਪ ਕਰਦੇ ਜਾ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਇੰਞ ਜਾਪਦਾ ਸੀ ਕਿ ਜਿਵੇਂ ਉਨ੍ਹਾਂ ਨੂੰ ਕੁਝ ਵੀ ਨਾ ਹੋਇਆ ਹੋਵੇ।

ਜਦੋਂ ਬੰਦਾ ਸਿੰਘ ਨੂੰ ਬਾਦਸ਼ਾਹ ਫ਼ਾਰੁਖ਼ਸੀਆਰ ਕੋਲ ਪੇਸ਼ ਕੀਤਾ ਗਿਆ ਸੀ। ਬਾਦਸ਼ਾਹ ਨੇ ਬੰਦਾ ਸਿੰਘ ਨੂੰ ਪੁੱਛਿਆ ਕਿ **"ਤੂੰ ਆਪਣੇ ਵਾਸਤੇ ਕਿਹੋ ਜਿਹੀ ਮੌਤ ਚੁਣੇਂਗਾ?"** ਇਸ 'ਤੇ ਬੰਦਾ ਸਿੰਘ ਨੇ ਇਕ ਦਮ ਕਿਹਾ **"ਜਿਹੋ ਜਿਹੀ ਬਾਦਸ਼ਾਹ ਆਪਣੀ ਮੌਤ ਚਾਹਵੇਂਗਾ।'** (ਉਂਞ ਫ਼ਾਰੁਖ਼ਸੀਆਰ ਨੂੰ ਵੀ ਉਹੀ ਮੌਤ ਮਿਲੀ ਜਿਹੜੀ ਉਸ ਨੇ ਬੰਦਾ ਸਿੰਘ ਨੂੰ ਦਿੱਤੀ ਸੀ)।

ਬੰਦਾ ਸਿੰਘ ਦੀਆਂ ਕੁਝ ਗੱਲਾਂ ਮੁਸਲਮਾਨ ਲਿਖਾਰੀਆਂ ਨੇ ਕਲਮਬੰਦ ਕੀਤੀਆਂ ਹਨ। ਖ਼ਾਫ਼ੀ ਖ਼ਾਨ ਲਿਖਦਾ ਹੈ: ਮੁਹੰਮਦ ਅਮੀਨ ਖ਼ਾਨ ਉਸ ਨੂੰ ਪੁੱਛਿਆ ਕਿ ਤੈਨੂੰ ਕਿਸ ਕਰ ਕੇ ਇਸ ਜੰਗ ਵਾਸਤੇ ਮਜਬੂਰ ਹੋਣਾ ਪਿਆ ਤਾਂ ਬੰਦਾ ਸਿੰਘ ਨੇ ਨੇ ਜਵਾਬ ਦਿਤਾ: **"ਜਦ (ਰੱਬ ਤੋਂ) ਬੇਮੁਖਤਾ ਤੇ ਪਾਪ ਹੱਦੋਂ ਵਧ ਜਾਂਦੇ ਹਨ ਤਾਂ ਸੱਚਾ ਰੱਬ ਇਨ੍ਹਾਂ ਪਾਪਾਂ ਦਾ ਫ਼ਲ ਭੁਗਤਾਣ ਵਾਸਤੇ ਮੇਰੇ ਵਰਗਾ ਬੰਦਾ ਮੁਕੱਰਰ ਕਰ ਦੇਂਦਾ ਹੈ ਤਾਂ ਜੋ ਉਸ ਜਮਾਤ ਦੇ ਕਰਮਾਂ ਦੀ ਸਜ਼ਾ**

ਦੇਣ ਦਾ ਕਾਰਣ ਬਣੇ। ਜਦੋਂ ਉਹ ਦੁਨੀਆਂ ਨੂੰ ਉਜਾੜਨਾ ਚਾਹੁੰਦਾ ਹੈ ਤਾਂ ਉਹ ਦੇਸ਼ ਨੂੰ ਜ਼ਾਲਿਮਾਂ ਦੇ ਪੰਜੇ ਵਿਚ ਦੇ ਦੇਂਦਾ ਹੈ।" (ਖ਼ਾਫ਼ੀ ਖ਼ਾਨ, *ਮੁੰਤਖ਼ਬੁਲ ਲੁਬਾਬ*, ਸਫ਼ਾ 765-67)।

ਮੁਹੰਮਦ ਹਾਰਸੀ *ਇਬਰਤਨਾਮਾ* ਵਿਚ ਲਿਖਦਾ ਹੈ ਕਿ ਜਦ ਕੋਈ ਸਿੱਖ ਕੈਦੀਆਂ ਨੂੰ ਕਹਿੰਦਾ ਕਿ 'ਤੁਹਾਨੂੰ ਤਾਂ ਮਾਰ ਦੇਣਗੇ' ਤਾਂ ਉਹ ਜਵਾਬ ਦੇਂਦਾ *"ਬਿਕੁਸ਼ੇਦ! ਮਾ ਅਜ਼ ਕੁਸ਼ਤਨ ਕੈ ਮੀ ਤਰਸੇਮ? ਵ ਅਗਰ ਮੀ ਤਰਸੀਦੇਮ; ਚਿਰਾ ਬਾ ਸ਼ੁਮਾ ਈਂ ਕਦਰ ਜੰਗਹਾ ਮੀ ਕਰਦੇਮ! ਵ ਮਾ ਮਹਜ਼ ਬ-ਸਬੱਬ ਗੁਰਸਨਗੀ ਵ ਫ਼ੱਕਦਾਨਿ ਆਜ਼ੂਕਾ ਬ-ਦਸਤਿ ਸ਼ੁਮਾ ਉਫ਼ਤਾਦੇਮ! ਵ ਇੱਲਾ ਹਕੀਕਤ ਬਹਾਦਰੀ-ਮਾ ਜ਼ਯਾਦਾ ਅਜ਼ ਆਂਚਿਹ ਦੀਦ ਆਯਦ, ਮੱਲੂਮ ਸ਼ੁਮਾ ਮੀ ਸ਼ੁਦ!"* **("ਮਾਰੋ ਨਿਸ਼ੰਗ! ਅਸੀਂ ਕੋਈ ਮਰਨੋਂ ਡਰਦੇ ਆਂ? ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਏਨੀ ਘੋਰ ਜੰਗ ਕਿਉਂ ਕਰਦੇ। ਅਸੀਂ ਤਾਂ ਭੁੱਖ ਤੇ ਖ਼ੁਰਾਕ ਦੀ ਥੁੜ ਕਾਰਣ ਤੁਹਾਡੇ ਕਾਬੂ ਆ ਗਏ ਆਂ; ਨਹੀਂ ਤਾਂ ਸਾਡੀ ਬਹਾਦਰੀ ਦੀ ਹਕੀਕਤ ਜੋ ਤੁਸੀਂ ਵੇਖੀ ਹੈ, ਏਦੋਂ ਵਧ ਤੁਹਾਨੂੰ ਮੱਲੂਮ ਹੋ ਜਾਂਦੀ)।"**

1988: ਹਰਜਾਪ ਸਿੰਘ ਲਾਡੀ, ਕਾਬਲ ਸਿੰਘ ਭੁੱਲਰ ਹਾਂਸ, ਪਰਗਟ ਸਿੰਘ ਤਲਵੰਡੀ ਅਤੇ ਸੁਰਜੀਤ ਸਿੰਘ ਗਦਲੀ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

29 ਫਰਵਰੀ 1988 ਦੇ ਦਿਨ ਹਰਜਾਪ ਸਿੰਘ ਲਾਡੀ (ਵਾਸੀ ਜਲਪੋਤਾਂ, ਨੇੜੇ ਆਦਮਪੁਰ), ਕਾਬਲ ਸਿੰਘ (ਵਾਸੀ ਭੁੱਲਰ ਹਾਂਸ), ਪਰਗਟ ਸਿੰਘ (ਵਾਸੀ ਤਲਵੰਡੀ ਬਹਿਰਾਮ) ਅਤੇ ਸੁਰਜੀਤ ਸਿੰਘ (ਵਾਸੀ ਗਦਲੀ, ਨੇੜੇ ਜੰਡਿਆਲਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ ਗਿਆ।

1989: ਫ਼ਰਵਰੀ 89 ਵਿਚ ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਹਲਾਕ

ਫ਼ਰਵਰੀ 1989 ਵਿਚ ਬਹੁਤ ਸਾਰੇ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ।ਫ਼ਰਵਰੀ 1989 ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਬਹੁਤ ਸਾਰੇ ਅਜਿਹੇ ਵੀ ਸਨ ਜਿਨ੍ਹਾਂ ਨੂੰ ਸ਼ਹੀਦ ਕਰਨ ਦੀਆਂ ਤਾਰੀਖ਼ਾਂ ਨਹੀਂ ਮਿਲਦੀਆਂ ਪਰ ਇਹ ਸਾਰੇ ਇਸੇ ਮਹੀਨੇ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਸੁਰਿੰਦਰ ਸਿੰਘ ਰਵੀ (ਵਾਸੀ ਟੋਰਾਂਟੋ, ਕਨੇਡਾ), ਦਲਜੀਤ ਸਿੰਘ ਵਾਲੀਆ (ਵਾਸੀ ਕੰਡੀਲਾ, ਗੁਰਦਾਸਪੁਰ), ਹਰਦਿਆਲ ਸਿੰਘ, ਅਵਤਾਰ ਸਿੰਘ, ਪਰਗਟ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਚੰਬਾ, ਫ਼ੀਰੋਜ਼ਪੁਰ), ਗੁਲਜੀਤ ਸਿੰਘ ਬਬਰ ਉਰਫ਼ ਬਲਜੀਤ ਸਿੰਘ ਬਾਲੀ (ਵਾਸੀ ਬੋਹੜੀ ਅੱਡਾ ਸ਼ਿਕਾਰ ਮੱਛੀਆਂ, ਗੁਰਦਾਸਪੁਰ), ਜੱਸਾ ਸਿੰਘ ਉਰਫ਼ ਡਰਾਈਵਰ (ਵਾਸੀ ਮੱਤੇਵਾਲ); ਭਗਵੰਤ ਸਿੰਘ, ਬਲਵੰਤ ਸਿੰਘ ਤੇ ਬਲਵਿੰਦਰ ਸਿੰਘ (ਤਿੰਨੇ ਸੱਕੇ ਭਰਾ), ਸੁਰਜੀਤ ਸਿੰਘ ਉਰਫ਼ ਸੀਤਾ (ਵਾਸੀ ਗੱਗੋ ਬੂਹਾ), ਦਲਵਿੰਦਰ ਸਿੰਘ (ਵਾਸੀ ਮਾੜੀ ਕੰਬੋਕੇ), ਬਲਦੇਵ ਸਿੰਘ ਘੁੱਲਾ (ਵਾਸੀ ਖੱਬੇ ਰਾਜਪੂਤਾਂ) ਅਤੇ ਹਰਭਜਨ ਸਿੰਘ ਸੁਰ ਸਿੰਘ ਵਾਲਾ ਤੇ ਕਈ ਹੋਰ।

1990: ਫ਼ਰਵਰੀ 90 ਵਿਚ ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਹਲਾਕ

ਫ਼ਰਵਰੀ 1990 ਵਿਚ ਬਹੁਤ ਸਾਰੇ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ।ਫ਼ਰਵਰੀ 1990 ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਬਹੁਤ ਸਾਰੇ ਅਜਿਹੇ ਵੀ ਸਨ ਜਿਨ੍ਹਾਂ ਨੂੰ ਸ਼ਹੀਦ ਕਰਨ ਦੀਆਂ ਤਾਰੀਖ਼ਾਂ ਨਹੀਂ ਮਿਲਦੀਆਂ ਪਰ ਇਹ ਸਾਰੇ ਇਸੇ ਮਹੀਨੇ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਮਹਿੰਦਰ ਸਿੰਘ (ਵਾਸੀ ਰਸੂਲਪੁਰ, ਅੰਮ੍ਰਿਤਸਰ), ਪਰਗਟ ਸਿੰਘ (ਵਾਸੀ ਜੁਗਿਆਣਾ, ਅੰਮ੍ਰਿਤਸਰ),

ਪਰਮਜੀਤ ਸਿੰਘ (ਵਾਸੀ ਕਿਰਤੋਵਾਲ, ਅੰਮ੍ਰਿਤਸਰ), ਬੋਹੜ ਸਿੰਘ (ਵਾਸੀ ਕਲਸ, ਅੰਮ੍ਰਿਤਸਰ), ਸੁਰਿੰਦਰ ਸਿੰਘ ਬਬਰ (ਵਾਸੀ ਹਵਾਰਾ ਕਲਾਂ, ਰੋਪੜ), ਬਲਦੇਵ ਸਿੰਘ ਉਰਫ਼ ਰਾਣਾ ਬੈਂਕਾ, ਏਕਮ ਸਿੰਘ (ਵਾਸੀ ਹੱਟਨ, ਸੰਗਰੂਰ), ਗੁਰਚਰਨ ਸਿੰਘ (ਵਾਸੀ ਰਾਜੋਮਾਜਰਾ), ਸੁਹੇਲ ਸਿੰਘ ਸੇਲਾ (ਵਾਸੀ ਪਿਨਡ ਨੇਪਾਲ), ਮਨਜਿੰਦਰਪਾਲ ਸਿੰਘ ਉਰਫ਼ ਹਾਥੀ (ਵਾਸੀ ਪਹੂਵਿੰਡ, ਅੰਮ੍ਰਿਤਸਰ), ਕਮਲਜੀਤ ਸਿੰਘ ਕਾਲਾ ਉਰਫ਼ ਅਸ਼ਵਨੀ (ਵਾਸੀ ਸੈਨੀ ਮਾਰਕੀਟ, ਰਾਜਪੁਰਾ, ਪਟਿਆਲਾ), ਇੰਦਰਜੀਤ ਸਿੰਘ ਕੁੱਕੂ (ਵਾਸੀ ਬਰਸਾਲ, ਲੁਧਿਆਣਾ) ਤੇ ਕਈ ਹੋਰ।

1991: ਫ਼ਰਵਰੀ 1991 ਵਿਚ ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਹਲਾਕ

ਫ਼ਰਵਰੀ 1991 ਵਿਚ ਬਹੁਤ ਸਾਰੇ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ। ਫ਼ਰਵਰੀ 1991 ਵਿਚ ਸ਼ਹੀਦ ਹੋਣ ਵਾਲਿਆਂ ਵਿਚੋਂ ਬਹੁਤ ਸਾਰੇ ਅਜਿਹੇ ਵੀ ਸਨ ਜਿਨ੍ਹਾਂ ਨੂੰ ਸ਼ਹੀਦ ਕਰਨ ਦੀਆਂ ਤਾਰੀਖ਼ਾਂ ਨਹੀਂ ਮਿਲਦੀਆਂ ਪਰ ਇਹ ਸਾਰੇ ਇਸੇ ਮਹੀਨੇ ਸ਼ਹੀਦ ਕੀਤੇ ਗਏ ਸਨ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਦਾਰਾ ਸਿੰਘ ਰੰਗਰੂਟ (ਵਾਸੀ ਮੀਆਵਿੰਡ, ਅੰਮ੍ਰਿਤਸਰ), ਕੁਲਵੰਤ ਸਿੰਘ (ਵਾਸੀ ਬਹਿਬੱਲ ਚੱਕ), ਰਛਪਾਲ ਸਿੰਘ (ਵਾਸੀ ਦਿਆਲਪੁਰੀ, ਬੇਲੋਵਾਲੀ), ਸੁਖਮੰਦਰ ਸਿੰਘ ਗਦਰਜਾਦਾ (ਵਾਸੀ ਬੁੱਟਰ), ਸਿੰਗਾਰਾ ਸਿੰਘ (ਵਾਸੀ ਦੋਸਤਪੁਰ, ਗੁਰਦਾਸਪੁਰ), ਅਵਤਾਰ ਸਿੰਘ (ਵਾਸੀ ਵੈਰੋਵਾਲ, ਅੰਮ੍ਰਿਤਸਰ), ਹਰਦੀਪ ਸਿੰਘ ਦੀਪਾ (ਵਾਸੀ ਰਾਮਪੁਰ ਝੀਤਾ, ਅੰਮ੍ਰਿਤਸਰ), ਕੁਲਵੰਤ ਸਿੰਘ ਬਬਰ (ਵਾਸੀ ਲੁਹਾਰੀ), ਗੁਰਦੇਵ ਸਿੰਘ ਬਬਰ (ਵਾਸੀ ਧੂੰਦਾ), ਮੁੱਖਤਾਰ ਸਿੰਘ ਸਰਪੰਚ ਬਾਬਾ ਬਕਾਲਾ (ਕਾਲੇਕੇ, ਅੰਮ੍ਰਿਤਸਰ) ਤੇ ਕਈ ਹੋਰ।

1 ਮਾਰਚ

1925: ਜੈਤੋ ਵਾਸਤੇ 15ਵਾਂ ਸ਼ਹੀਦੀ ਜਥਾ ਅਕਾਲ ਤਖ਼ਤ ਸਾਹਿਬ ਤੋਂ ਚਲਿਆ

ਜੈਤੋ ਮੋਰਚੇ ਵਾਸਤੇ ਗ੍ਰਿਫ਼ਤਾਰੀ ਦੇਣ ਵਾਸਤੇ 500 ਸਿੱਖਾਂ ਦਾ 15ਵਾਂ ਸ਼ਹੀਦੀ ਜਥਾ 1 ਮਾਰਚ 1925 ਦੇ ਦਿਨ ਅਕਾਲ ਤਖ਼ਤ ਤੋਂ ਚਲਿਆ ਸੀ।

1960: ਪੰਜਾਬ ਸਰਕਾਰ ਨੇ ਬੋਲੀ ਦੇ ਮਸਲੇ ਦੇ ਹੱਲ ਵਾਸਤੇ 26 ਮੈਂਬਰੀ ਕਮੇਟੀ ਬਣਾਈ

19 ਜਨਵਰੀ 1960 ਨੂੰ ਗੁਰਦੁਆਰਾ ਚੋਣਾਂ ਦੇ ਸਾਰੇ ਨਤੀਜੇ ਨਿਕਲ ਆਏ। ਅਕਾਲੀ ਦਲ ਨੇ 140 ਵਿਚੋਂ 137 ਅਤੇ ਸਾਧ ਸੰਗਤ ਬੋਰਡ ਨੇ 3 ਸੀਟਾਂ ਜਿਤੀਆਂ। ਦੇਸ਼ ਭਗਤ ਪਾਰਟੀ ਦਾ ਬਿਲਕੁਲ ਸਫ਼ਾਇਆ ਹੋ ਗਿਆ। ਇਨ੍ਹਾਂ ਚੋਣਾਂ ਵਿਚ 11,44,289 ਵੋਟਾਂ ਪਈਆਂ ਜਿਸ ਵਿਚੋਂ ਅਕਾਲੀ ਦਲ ਨੂੰ 7,79,118 (68%) ਸਾਧ ਸੰਗਤ ਬੋਰਡ ਨੂੰ 2,60,781 (22%) ਤੇ ਦੇਸ਼ ਭਗਤ ਪਾਰਟੀ (ਕਾਮਰੇਡਾਂ) ਨੂੰ 74,498 (ਸਾਢੇ 6%) ਵੋਟਾਂ ਪਈਆਂ। ਸਾਧ ਸੰਗਤ ਬੋਰਡ ਦੀਆਂ ਵੋਟਾਂ ਵਿਚੋਂ ਬਹੁਤ ਸਾਰੀਆਂ ਸਰਕਾਰੀ ਮਦਦ ਵਾਲੀਆਂ ਵੀ ਸਨ।

ਅਕਾਲੀ ਦਲ ਨੇ, ਕਿਉਂਕਿ, ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ ਇਸ ਕਰ ਕੇ ਦਲ ਨੇ ਕੀਤੇ ਵਾਅਦੇ ਮੁਤਾਬਿਕ 24 ਜਨਵਰੀ 1960 ਦੇ ਦਿਨ ਪੰਜਾਬੀ ਸੂਬੇ ਦੀ ਕਾਇਮੀ ਲਈ ਮੋਰਚੇ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 129 ਮੈਂਬਰਾਂ ਨੇ ਇਸ ਦਿਨ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਕੀਤਾ ਕਿ ਉਹ ਪੰਜਾਬੀ ਸੂਬੇ ਵਾਸਤੇ ਜਾਨਾਂ ਤੱਕ ਵਾਰ ਦੇਣਗੇ। ਇਸ ਪ੍ਰਣ ਕਰਨ ਵੇਲੇ ਦਸ ਹਜ਼ਾਰ ਸਿੱਖ ਹਾਜ਼ਰ ਸਨ।

ਮਹਾਰਾਜਾ ਪਟਿਆਲਾ ਨੇ 3 ਫਰਵਰੀ 1960 ਨੂੰ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਬਾਰੇ ਬਿਆਨ ਦਿੱਤਾ। ਸਾਧ ਸੰਗਤ ਬੋਰਡ ਨੇ ਗੁਰਦੁਆਰਿਆਂ ਵਿਚ ਸਿਆਸਤ ਦੀ ਮੁਖ਼ਾਲਫ਼ਤ ਕੀਤੀ। ਸਾਧ ਸੰਗਤ ਬੋਰਡ ਦੀ ਇਕ ਮੀਟਿੰਗ 22 ਜਨਵਰੀ 1960 ਨੂੰ ਲੁਧਿਆਣੇ ਜੁਗਿਆਣਾ ਕਾਲਜ 'ਚ ਹੋਈ। ਇਸ ਵਿਚ ਗਿਆਨੀ ਪ੍ਰਤਾਪ ਸਿੰਘ, ਰਾੜੇਵਾਲਾ, ਕੈਰੋਂ, ਗਿ: ਕਰਤਾਰ ਸਿੰਘ, ਦਰਬਾਰਾ ਸਿੰਘ, ਜਨਰਲ ਮੋਹਨ ਸਿੰਘ, ਰਾਮ ਦਿਆਲ ਸਿੰਘ, ਗੋਪਾਲ ਸਿੰਘ ਖ਼ਾਲਸਾ ਤੇ ਰਾਜਿੰਦਰ ਸਿੰਘ ਆਦਿਕ ਸ਼ਾਮਿਲ ਹੋਏ। ਇਸ ਬੋਰਡ ਨੇ ਅਕਾਲੀ ਦਲ ਦੀ ਭਰਪੂਰ ਮੁਖ਼ਾਲਫ਼ਤ ਕਰਨ ਦਾ ਫ਼ੈਸਲਾ ਕੀਤਾ।

ਕਾਂਗਰਸ ਸਰਕਾਰ ਨੇ ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਦੀ ਮੁਖ਼ਾਲਫ਼ਤ ਇਕ ਹੋਰ ਤਰੀਕੇ ਨਾਲ ਵੀ ਕੀਤੀ। ਪੰਜਾਬ ਸਰਕਾਰ ਨੇ **ਪਹਿਲੀ ਮਾਰਚ 1960 ਦੇ ਦਿਨ ਪੰਜਾਬ ਦੀ ਬੋਲੀ ਦੇ ਮਸਲੇ ਬਾਰੇ ਇਕ 26 ਮੈਂਬਰੀ ਕਮੇਟੀ ਬਣਾ ਦਿੱਤੀ ਤਾਂ ਜੋ ਲੋਕਾਂ ਦਾ ਖ਼ਿਆਲ ਪੰਜਾਬੀ ਸੂਬੇ ਦੇ ਸਵਾਲ ਤੋਂ ਹਟਾਇਆ ਜਾ ਸਕੇ।** 7 ਮਾਰਚ 1960 ਨੂੰ ਸ਼੍ਰੋਮਣੀ ਕਮੇਟੀ ਨੇ ਫੇਰ 15 ਮਾਰਚ ਨੂੰ ਅਕਾਲੀ ਦਲ ਨੇ ਵੀ ਇਸ ਕਮੇਟੀ ਦੀ ਮੁਖ਼ਾਲਫ਼ਤ ਕੀਤੀ।

1961: ਨਹਿਰੂ ਤੇ ਫ਼ਤਹਿ ਸਿੰਘ ਵਿਚਕਾਰ ਦੂਜੀ ਮੀਟਿੰਗ ਹੋਈ

9 ਜਨਵਰੀ 1960 ਦੇ ਦਿਨ ਫ਼ਤਹਿ ਸਿੰਘ ਨੇ ਪੰਜਾਬੀ ਸੂਬਾ ਵਾਸਤੇ ਰਖਿਆ ਮਰਨ ਵਰਤ ਤੋੜ ਦਿੱਤਾ ਤੇ ਨਹਿਰੂ ਨੇ ਉਸ ਨੂੰ ਗਲਬਾਤ ਕਰਨ ਵਾਸਤੇ ਬੁਲਾ ਲਿਆ; ਪਹਿਲੀ ਮੁਲਾਕਾਤ 8 ਫ਼ਰਵਰੀ 1961 ਨੂੰ ਹੋਈ ਤੇ ਦੂਜੀ 1 ਮਾਰਚ 1961 ਨੂੰ। ਇਸ ਮੀਟਿੰਗ ਵਿਚ **ਨਹਿਰੂ ਨੇ ਫਤਹਿ ਸਿੰਘ ਨੂੰ ਕਿਹਾ ਕਿ ਇਸ ਵੇਲੇ ਸਰਹੱਦ 'ਤੇ ਚੀਨ ਦੇ ਹਮਲੇ ਦਾ ਖ਼ਦਸ਼ਾ ਹੈ ਤੇ ਪੰਜਾਬੀ ਸੂਬਾ ਬਣਾਉਣਾ ਮਾਸਟਰ ਤਾਰਾ ਸਿੰਘ ਦੇ ਹੱਥ ਤਾਕਤ ਸੌਂਪਣਾ ਹੋਵੇਗਾ। ਮੈਂ ਇਕ ਦੁਸ਼ਮਣ ਦੇ ਹੱਥ ਤਾਕਤ ਕਿਵੇਂ ਸੌਂਪ ਦੇਵਾਂ! ਹਾਂ ਜੇ ਤੁਸੀਂ ਅਕਾਲੀ ਦਲ ਦੇ ਪ੍ਰਧਾਨ ਹੁੰਦੇ ਤਾਂ ਗੱਲ ਹੋਰ ਸੀ।** ਫਤਹਿ ਸਿੰਘ ਵਾਸਤੇ ਇਹ ਬੜੀ ਵੱਡੀ ਗੱਲ ਸੀ ਕਿ ਨਹਿਰੂ ਉਸ ਦੀ ਤਾਰੀਫ਼ ਕਰ ਰਿਹਾ ਸੀ ਤੇ ਮਾਸਟਰ ਦੀ ਮੁਖ਼ਾਲਫ਼ਤ। ਹੁਣ ਫਤਹਿ ਸਿੰਘ ਦੇ ਮਨ ਵਿਚ ਮਾਸਟਰ ਤਾਰਾ ਸਿੰਘ ਦੀ ਥਾਂ ਨੂੰ ਹਾਸਿਲ ਕਰਨ ਦਾ ਵਿਚਾਰ ਪੁੰਗਰਨਾ ਸ਼ੁਰੂ ਹੋ ਗਿਆ। ਇਸ ਨੂੰ ਨਹਿਰੂ ਨੇ ਵੀ ਭਾਂਪ ਲਿਆ। ਬਸ ਇੱਥੋਂ ਹੀ ਫਤਹਿ ਸਿੰਘ ਦੀ ਬਗ਼ਾਵਤ ਦਾ ਮੁੱਢ ਬੱਝ ਗਿਆ ਸੀ; ਪਰ ਉਹ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਸੀ।

ਇਸ ਵਾਰ ਵੀ, ਪਿਛਲੀ ਮੀਟਿੰਗ ਵਾਂਗ, ਪਹਿਲਾ ਅੱਧਾ ਘੰਟਾ ਨਹਿਰੂ ਅਤੇ ਫਤਹਿ ਸਿੰਘ ਇਕੱਲੇ ਮਿਲੇ ਤੇ ਫਿਰ ਲਛਮਣ ਸਿੰਘ ਗਿੱਲ, ਹਰਬੰਸ ਸਿੰਘ ਗੁਜਰਾਲ ਤੇ ਗੁਰਬਖ਼ਸ਼ ਸਿੰਘ ਐਡਵੋਕੇਟ ਗੁਰਦਾਸਪੁਰ ਵੀ ਆ ਗਏ। ਇਸ ਵਿਚ ਉਨ੍ਹਾਂ ਨੇ ਕੈਰੋਂ ਦੇ ਖ਼ਿਲਾਫ਼ 15 ਸਫ਼ੇ ਦਾ ਮੈਮੋਰੰਡਮ ਵੀ ਦਿੱਤਾ ਤੇ ਉਸ ਵਿਰੁਧ ਪੜਤਾਲ ਦੀ ਮੰਗ ਕੀਤੀ। ਨਾਲ ਹੀ ਪੰਜਾਬੀ ਸੂਬੇ ਸਬੰਧੀ ਕੀਤੇ ਮੁਕੱਦਮੇ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ।

1987: ਸੀ.ਆਰ.ਪੀ.ਐਫ਼. ਦਾ ਗੁਰਦੁਆਰਾ ਸ਼ਹੀਦਾਂ ਅੰਮ੍ਰਿਤਸਰ 'ਤੇ ਹਮਲਾ, 5 ਸਿੱਖ ਮਾਰੇ

ਸਤ ਜੂਨ 1986 ਨੂੰ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲੇ ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਦੇ ਹਵਾਲੇ ਕਰ ਦਿੱਤੇ ਗਏ ਸਨ। ਗੁਰਦਾਸਪੁਰ ਦੇ 56 ਪਿੰਡਾਂ ਵਿਚ ਤਾਂ ਸੀ.ਆਰ.ਪੀ.ਐਫ਼. ਦੀਆਂ ਪੱਕੀਆਂ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ। ਇਸ ਮਗਰੋਂ ਹੀ ਸੀ.ਆਰ.ਪੀ.ਐਫ਼. ਨੂੰ ਹੋਰ ਜ਼ਿਲ੍ਹਿਆਂ ਵਿਚ ਵੀ ਤਾਇਨਾਤ ਕਰ ਦਿਤਾ ਗਿਆ ਸੀ।ਸੀ.ਆਰ.ਪੀ.ਐਫ਼. ਉੱਤੋਂ ਨ ਤਾਂ ਭਾਵੇਂ ਨੀਮ ਫ਼ੌਜੀ ਦਸਤੇ ਸਨ ਪਰ ਦਰਅਸਲ ਇਹ ਫ਼ਿਰਕੂ ਹਿੰਦੂ ਫ਼ੌਜ ਸੀ ਜਿਸ ਨੂੰ ਮੁਸਲਮਾਨਾਂ ਅਤੇ ਸਿੱਖਾਂ ਨਾਲ ਨਫ਼ਰਤ ਸਿਖਾਈ ਜਾਂਦੀ ਸੀ। ਪੰਜਾਬ

ਵਿਚ ਇਸ ਦਾ ਰੋਲ ਸਿੱਖਾਂ 'ਤੇ ਹਮਲੇ ਕਰਨਾ ਤੇ ਉਨ੍ਹਾਂ ਤੇ ਜ਼ੁਲਮ ਕਰਨਾ ਸੀ। ਜਿਸ ਦਹਿਸ਼ਤਗਰਦ ਹਿੰਦੂ ਸਿੱਖਾਂ ਦੇ ਖ਼ਿਲਾਫ਼ ਜਲੂਸ ਕਢਦੇ ਸਨ ਤੇ ਸਿੱਖਾਂ ਤੇ ਹਮਲੇ ਕਰਿਆ ਕਰਦੇ ਸੀ ਤਾਂ ਸੀ.ਆਰ.ਪੀ.ਐਫ਼. ਹਿੰਦੂਆਂ ਦੀ ਹਿਫ਼ਾਜ਼ਤ ਕਰਿਆ ਕਰਦੀ ਸੀ। ਪੰਜਾਬ ਵਿਚ ਸੀ.ਆਰ.ਪੀ.ਐਫ਼. ਹਜ਼ਾਰਾਂ ਸਿੱਖ ਮਰੇ ਸਨ ਅਤੇ ਅੰਤਾਂ ਦਾ ਜ਼ੁਲਮ ਕੀਤਾ ਸੀ।

ਇਸੇ ਜ਼ੁਲਮ ਦੀ ਕੜੀ ਵਿਚ ਪਹਿਲੀ ਮਾਰਚ 1987 ਦੇ ਦਿਨ ਸੀ.ਆਰ.ਪੀ.ਐਫ਼. ਨੇ ਗੁਰਦੁਆਰਾ ਸ਼ਹੀਦਾਂ (ਅੰਮ੍ਰਿਤਸਰ) ਉੱਤੇ ਹਮਲਾ ਕਰ ਦਿੱਤਾ। ਮਗਰੋਂ ਇਸ ਨੂੰ 'ਖਾੜਕੂਆਂ ਨਾਲ ਮੁਕਾਬਲੇ' ਦਾ ਨਾਂ ਦੇ ਦਿੱਤਾ ਗਿਆ। ਸੀ.ਆਰ.ਪੀ.ਐਫ਼. ਦੀ ਗੋਲਾਬਾਰੀ ਵਿਚ 5 ਸਿੱਖ ਮਾਰੇ ਗਏ। ਇਨ੍ਹਾਂ ਵਿਚ ਰਘਬੀਰ ਸਿੰਘ ਤੇ ਕੁਲਵੰਤ ਕੌਰ ਵੀ ਸਨ। ਸੀ.ਆਰ.ਪੀ.ਐਫ਼. ਨੇ 10 ਸਿੱਖ, ਜਿਨ੍ਹਾਂ ਵਿਚੋਂ ਕੁਝ ਮੱਥਾ ਟੇਕਣ ਆਏ ਸਨ ਤੇ ਬਾਕੀ ਗੁਰਦੁਆਰੇ ਦੇ ਸੇਵਾਦਾਰ ਸਨ, ਹਿਰਾਸਤ ਵਿਚ ਲੈ ਲਏ। ਬਾਅਦ ਵਿਚ ਬਹਾਨਾ ਬਣਾ ਕੇ ਸੀ.ਆਰ.ਪੀ.ਐਫ਼. ਨੇ ਲਛਮਣਸਰ, ਚਾਟੀਵਿੰਡ, ਚੰਨਣ ਸਿੰਘ ਕਾਲੋਨੀ, ਤੇ ਆਲੇ-ਦੁਆਲੇ ਦੇ ਇਲਾਕੇ ਦੀ ਘਰੋ-ਘਰ ਤਲਾਸ਼ੀ ਲਈ। ਜਨਤਾ ਪਾਰਟੀ ਦੇ ਕਿਰਪਾਲ ਸਿੰਘ ਨੇ ਇਸ ਹਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਸੀ.ਆਰ.ਪੀ.ਐਫ਼. ਨੇ ਬੇਗੁਨਾਹ ਸਿੱਖਾਂ 'ਤੇ ਹਮਲਾ ਕੀਤਾ ਸੀ।

1988: ਅਜੀਤ ਸਿੰਘ ਸਰਜਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਮਾਰਚ 1988 ਦੇ ਦਿਨ ਪੰਜਾਬ ਪੁਲੀਸ ਨੇ ਅਜੀਤ ਸਿੰਘ ਪੁੱਤਰ ਭਾਈ ਪੂਰਨ ਸਿੰਘ ਸਰਜਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਮਲਜੀਤ ਸਿੰਘ ਮਨਾਵਾਂ ਤੇ ਮਲਕੀਅਤ ਸਿੰਘ ਵਿਰਕ ਕਲਾਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਮਾਰਚ 1992 ਦੇ ਦਿਨ ਪੁਲੀਸ ਨੇ ਕਮਲਜੀਤ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਮਨਾਵਾਂ, ਜ਼ਿਲ੍ਹਾ ਅੰਮ੍ਰਿਤਸਰ) ਤੇ ਮਲਕੀਅਤ ਸਿੰਘ (ਪੁੱਤਰ ਬਲਦੇਵ ਸਿੰਘ, ਵਾਸੀ ਵਿਰਕ ਕਲਾਂ, ਜ਼ਿਲ੍ਹਾ ਬਠਿੰਡਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਬਲਵਿੰਦਰ ਸਿੰਘ, ਪੰਜਾਬ ਸਿੰਘ ਮਨਾਵਾਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਮਾਰਚ 1993 ਦੇ ਦਿਨ ਪੁਲੀਸ ਨੇ ਬਲਵਿੰਦਰ ਸਿੰਘ ਗੀਗਾ, ਪੰਜਾਬ ਸਿੰਘ ਮਨਾਵਾਂ ਤੇ ਚਾਰ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2 ਮਾਰਚ

1909: ਸਿਰਦਾਰ ਕਪੂਰ ਸਿੰਘ ਦਾ ਜਨਮ ਹੋਇਆ

2 ਮਾਰਚ 1909 ਦੇ ਦਿਨ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ. ਦਾ ਜਨਮ ਹੋਇਆ।

1918: ਭਾਨ ਸਿੰਘ ਸੁਨੇਤ ਜੇਲ੍ਹ ਵਿਚ ਸ਼ਹੀਦ ਹੋਏ

ਗ਼ਦਰ ਪਾਰਟੀ ਦੇ ਆਗੂ ਭਾਨ ਸਿੰਘ ਸੁਨੇਤ ਪਿੰਡ (ਜੋ ਹੁਣ ਲੁਧਿਆਣਾ ਸ਼ਹਿਰ ਦਾ ਇਕ ਹਿੱਸਾ ਹੈ) ਦੇ ਰਹਿਣ ਵਾਲੇ ਸਨ। ਉਨ੍ਹਾਂ ਨੂੰ ਗ਼ਦਰ ਸਾਜ਼ਸ਼ ਕੇਸ ਹੇਠ ਕੈਦ ਕਰ ਕੇ ਅੰਡੇਮਾਨ ਜੇਲ੍ਹ ਵਿਚ ਭੇਜਿਆ ਗਿਆ ਸੀ। ਭਾਨ ਸਿੰਘ ਜੇਲ੍ਹ ਵਿਚ ਵੀ ਖਾੜਕੂ ਸੁਭਾਅ ਦਾ ਇਜ਼ਹਾਰ ਕਰਦੇ ਰਹਿੰਦੇ ਸਨ। ਉਹ ਜੇਲ੍ਹ ਦੇ ਅਫ਼ਸਰਾਂ ਨਾਲ ਖੜਕ ਕੇ ਗੱਲ ਕਰਿਆ ਕਰਦੇ

ਸਨ ਤੇ ਇਟ ਦਾ ਜਵਾਬ ਪੱਥਰ ਵਿਚ ਦਿਆ ਕਰਦੇ ਸਨ। ਇਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਅਕਸਰ ਸਖ਼ਤ ਸਜ਼ਾਵਾਂ ਮਿਲਦੀਆਂ ਰਹਿੰਦੀਆਂ ਸਨ ਜਿਸ ਵਿਚ ਡੰਡਾ ਬੇੜੀ, ਘਟ ਖੁਰਾਕ ਅਤੇ 'ਇਕੱਲਿਆਂ ਨੂੰ ਕੋਠੜੀ ਵਿਚ ਬੰਦ ਕਰ ਦੇਣਾ' (ਸੌਲੀਟੇਰੀ ਕਨਫ਼ਾਈਨਮੇਂਟ) ਵੀ ਸ਼ਾਮਿਲ ਸਨ। ਉਹ ਐਨਾ ਜ਼ਿੱਦੀ ਸੀ ਕਿ ਸਵੇਰੇ ਜਦ ਪਰੇਡ ਵਾਸਤੇ ਬੁਲਾਇਆ ਜਾਂਦਾ ਸੀ ਤਾਂ ਉਹ ਉਠਦਾ ਹੀ ਨਹੀਂ ਸੀ ਹੁੰਦਾ ਨਤੀਜੇ ਵਜੋਂ ਉਸ ਨੂੰ ਦਿਨ ਵੇਲੇ ਹੀ ਮੰਜੇ ਨਾਲ ਹਥਕੜੀ ਲਾਉਣ ਦੀ ਸਜ਼ਾ ਮਿਲਦੀ ਰਹਿੰਦੀ ਸੀ। ਇਸ ਸਾਰੇ ਨਾਲ ਉਸ ਦੀ ਸਿਹਤ ਬਹੁਤ ਖ਼ਰਾਬ ਹੋ ਗਈ। ਉਸ ਨਾਲ ਹਮਦਰਦੀ ਵਜੋਂ 29 ਕੈਦੀਆਂ ਨੇ ਭੁਖ ਹੜਤਾਲ ਕਰ ਦਿੱਤੀ ਇਨ੍ਹਾਂ ਭੁਖ ਹੜਤਾਲੀਆਂ ਵਿਚ ਬਾਬਾ ਵਿਸਾਖਾ ਸਿੰਘ ਦਦੇਹਰ, ਸੋਹਨ ਸਿੰਘ ਭਕਨਾ, ਨਿਧਾਨ ਸਿੰਘ ਚੁਘਾ ਤੇ ਰੂੜ ਸਿੰਘ ਚੂਹੜਚਕ ਵਗੈਰਾ ਵੀ ਸ਼ਾਮਿਲ ਸਨ। ਅਖ਼ੀਰ ਭਾਨ ਸਿੰਘ ਸਨੇਤ ਜੇਲ੍ਹ ਵਿਚ ਤਸੀਹਿਆਂ ਅਤੇ ਮਾੜੀ ਖੁਰਾਕ ਕਾਰਨ 2 ਮਾਰਚ 1918 ਦੇ ਦਿਨ ਚੜ੍ਹਾਈ ਕਰ ਗਏ।

1949: ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੇ ਵਿਰੁਧ ਪ੍ਰੋਟੈਸਟ ਦਿਨ ਮਨਾਇਆ ਗਿਆ

ਜਦ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੂਲਰ ਜਾਰੀ ਕੀਤਾ ਕਿ 'ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ' ਤਾਂ ਸਾਰੇ ਪਾਸੇ ਜ਼ਬਰਦਸਤ ਪ੍ਰੋਟੈਸਟ ਹੋਏ। ਇਹ ਸਿੱਖਾਂ ਲਈ ਸਭ ਤੋਂ ਵੱਡਾ ਚੈਲੰਜ ਸੀ। ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1948 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ।

ਇਸ ਕਨਵੈਨਸ਼ਨ 'ਤੇ ਵਲਭ ਭਾਈ ਪਟੇਲ ਬਹੁਤ ਔਖਾ ਹੋਇਆ। ਉਸ ਨੇ ਇਹ ਕਾਨਫ਼ਰੰਸ ਨਾ ਕਰਨ ਦੇਣ ਦਾ ਐਲਾਨ ਕੀਤਾ। ਉਸ ਨੇ 9 ਫ਼ਰਵਰੀ ਨੂੰ ਨਹਿਰੂ ਨੂੰ ਇਕ ਨੋਟ ਵਿਚ ਲਿਖਿਆ: ਅਸੀਂ ਦਿੱਲੀ ਦੀ ਅਕਾਲੀ ਕਾਨਫ਼ਰੰਸ ਕਿਸੇ ਵੀ ਤਰੀਕੇ ਜਾਂ ਸ਼ਕਲ ਵਿਚ ਨਹੀਂ ਹੋਣ ਦਿਆਂਗੇ। ਇਸ 'ਤੇ ਨਹਿਰੂ ਨੇ ਡੀਫ਼ੈਂਸ ਮਨਿਸਟਰ ਬਲਦੇਵ ਸਿੰਘ ਨੂੰ ਮਾਸਟਰ ਤਾਰਾ ਸਿੰਘ ਨੂੰ ਰੋਕਣ ਵਾਸਤੇ ਕਿਹਾ। ਨਹਿਰੂ ਦੇ ਕਹਿਣ 'ਤੇ ਦਿੱਲੀ ਤੋਂ ਬਲਦੇਵ ਸਿੰਘ ਨੇ ਇਸ ਕਾਨਫ਼ਰੰਸ ਨੂੰ ਮੁਲਤਵੀ ਕਰਨ ਵਾਸਤੇ ਸੁਨੇਹਾ ਭੇਜਿਆ।

ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਇਕ ਮੀਟਿੰਗ 10 ਫ਼ਰਵਰੀ 1949 ਨੂੰ ਸੱਦੀ ਗਈ ਤੇ ਬਲਦੇਵ ਸਿੰਘ ਦੇ ਸੁਨੇਹੇ 'ਤੇ ਵਿਚਾਰ ਕੀਤੀ ਗਈ। ਪਰ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ ਕਾਨਫ਼ਰੰਸ ਜ਼ਰੂਰ ਕੀਤੀ ਜਾਵੇ। ਉਸ ਸਮੇਂ ਆਈਨ ਬਣ ਰਿਹਾ ਸੀ ਅਤੇ ਅਪਣੀਆਂ ਮੰਗਾਂ ਵਾਸਤੇ ਦਿਖਾਵਾ ਕਰਨਾ ਬੜਾ ਜ਼ਰੂਰੀ ਸੀ। ਇਸ ਤੋਂ ਵਧੇਰੇ ਜਮਹੂਰੀ ਤਰੀਕਾ ਹੋਰ ਕੋਈ ਨਹੀਂ ਸੀ ਹੋ ਸਕਦਾ। ਪਰ ਇਸ ਮੀਟਿੰਗ ਨੇ ਖੁਲ੍ਹੇ ਮੈਦਾਨ ਵਿਚ ਸਿਆਸੀ ਕਾਨਫ਼ਰੰਸ ਦੀ ਥਾਂ ਗੁਰਦੁਆਰਾ ਰਕਾਬ ਗੰਜ ਵਿਚ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਦੀਵਾਨ ਕਰਨ ਦਾ ਫ਼ੈਸਲਾ ਕਰ ਦਿੱਤਾ। ਅਕਾਲੀਆਂ ਵੱਲੋਂ ਇਹ ਇਕ ਬਹੁਤ ਚੰਗੀ ਪੇਸ਼ਕਸ਼ ਸੀ। ਪਰ ਪਟੇਲ ਅਪਣੀ ਗ਼ਲਤ ਅੜੀ 'ਤੇ ਕਾਇਮ ਸੀ। ਉਸ ਨੇ ਧਾਰਮਿਕ ਦੀਵਾਨ 'ਤੇ ਵੀ ਪਾਬੰਦੀ ਲਾ ਦਿਤੀ।

ਜਦ ਮਾਸਟਰ ਤਾਰਾ ਸਿੰਘ ਨੇ ਇਹ ਹੁਕਮ ਮੰਨਣ ਤੋਂ ਨਾਂਹ ਕੀਤੀ ਤਾਂ ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲਾ ਸਟੇਸ਼ਨ 'ਤੇ, 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ, ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੇ ਬਾਵਜੂਦ ਪਰੋਗਰਾਮ ਮੁਤਾਬਿਕ 20 ਫ਼ਰਵਰੀ ਨੂੰ ਦੀਵਾਨ ਹੋਇਆ ਅਤੇ ਲੈਕਚਰ ਦੇਣ ਵਾਲੇ ਆਗੂ ਗ੍ਰਿਫ਼ਤਾਰ ਕਰ ਕੇ ਛੇ-ਛੇ ਮਹੀਨੇ ਲਈ ਕੈਦ ਕਰ ਦਿੱਤੇ ਗਏ।

ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਸੀ ਜਿਥੇ ਉਹ ਬੀਮਾਰ ਹੋ ਗਏ। **2 ਮਾਰਚ 1949 ਨੂੰ ਕੁਝ ਸਿੱਖ ਮਾਸਟਰ ਤਾਰਾ ਸਿੰਘ ਦੀ ਸਿਹਤਯਾਬੀ ਵਾਸਤੇ ਅਕਾਲ ਤਖ਼ਤ ਸਾਹਿਬ ਤੇ ਗਏ;** ਉਥੇ ਉਨ੍ਹਾਂ ਨੂੰ ਅਰਦਾਸ ਕਰਨੋਂ ਰੋਕਿਆ ਗਿਆ; ਇਸ 'ਤੇ ਗੜਬੜ ਹੋਈ ਜਿਸ ਦੌਰਾਨ ਮੁਖ ਸੇਵਾਦਾਰ ਮੋਹਣ ਸਿੰਘ ਨਾਗੋਕੇ ਨੂੰ ਆਪਣੇ ਬਚਾਅ ਵਾਸਤੇ ਗੋਲੀ ਵੀ ਚਲਾਉਣੀ ਪਈ। ਭੀੜ ਵਿਚੋਂ ਕੁਝ ਨੇ ਅਕਾਲ ਤਖ਼ਤ 'ਤੇ ਪੱਥਰ ਮਾਰੇ ਤੇ ਪੁਲੀਸ ਵੀ ਬੁਲਾਈ ਗਈ।

1988: ਗੁਰਚਰਨ ਸਿੰਘ ਟੌਹੜਾ ਮੁਕਾਮ ਨਕਲੀ ਮੁਕਾਬਲੇ ਵਿਚ ਸ਼ਹੀਦ

2 ਮਾਰਚ 1988 ਦੇ ਦਿਨ ਪੰਜਾਬ ਪੁਲੀਸ ਨੇ ਗੁਰਚਰਨ ਸਿੰਘ ਉਰਫ਼ ਟੌਹੜਾ (ਪੁੱਤਰ ਜੋਗਾ ਸਿੰਘ, ਵਾਸੀ ਮੁਕਾਮ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਲਖਵਿੰਦਰ ਸਿੰਘ ਮਲਿਕਪੁਰ, ਸੁਖਵਿੰਦਰ ਸਿੰਘ ਦਿਆਲਗੜ੍ਹ, ਸ਼ੇਰ ਸਿੰਘ ਸ਼ੇਰ, ਬਖਤਾਵਰ ਸਿੰਘ ਐਡਵੋਕੇਟ ਬਠਿੰਡਾ, ਅਜਮੇਰ ਸਿੰਘ ਲੋਪੀਵਾਲ, ਹਰਜੀਤ ਸਿੰਘ ਕਮਾਲਪੁਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

2 ਮਾਰਚ 1989 ਦੇ ਦਿਨ ਪੰਜਾਬ ਪੁਲੀਸ ਨੇ ਲਖਵਿੰਦਰ ਸਿੰਘ (ਵਾਸੀ ਮਲਿਕਪੁਰ), ਸੁਖਵਿੰਦਰ ਸਿੰਘ (ਵਾਸੀ ਦਿਆਲਗੜ੍ਹ), ਸ਼ੇਰ ਸਿੰਘ ਸ਼ੇਰ (ਵਾਸੀ ਪੰਡੋਰੀ ਸ਼ੇਰ ਵਾਲੀ), ਬਖਤਾਵਰ ਸਿੰਘ ਐਡਵੋਕੇਟ (ਵਾਸੀ ਨਛੱਤਰ ਨਗਰ, ਨੇੜੇ ਰੌਸ਼ਨ ਤੇਲ ਮਿਲ, ਮਾਨਸਾ ਰੋਡ, ਬਠਿੰਡਾ), ਅਜਮੇਰ ਸਿੰਘ (ਪੁੱਤਰ ਕੁਲਵੰਤ ਸਿੰਘ ਸਰਪੰਚ, ਵਾਸੀ ਲੋਪੀਵਾਲ, ਨੇੜੇ ਜਗਰਾਉਂ, ਲੁਧਿਆਣਾ), ਹਰਜੀਤ ਸਿੰਘ ਉਰਫ਼ ਟੋਟਾ (ਵਾਸੀ ਕਮਾਲਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਲਖਵਿੰਦਰ ਸਿੰਘ ਲੱਖਾ ਠੱਠੀਆਂ ਤੇ ਜੁਗਰਾਜ ਸਿੰਘ ਅੰਮ੍ਰਿਤਸਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

2 ਮਾਰਚ 1991 ਦੇ ਦਿਨ ਪੰਜਾਬ ਪੁਲੀਸ ਨੇ ਲਖਵਿੰਦਰ ਸਿੰਘ ਉਰਫ਼ ਲੱਖਾ ਵਾਸੀ ਠੱਠੀਆਂ, ਅੰਮ੍ਰਿਤਸਰ), ਜੁਗਰਾਜ ਸਿੰਘ (ਵਾਸੀ ਕੂਚਾ ਟਹਿਲ ਸਿੰਘ, ਗਿਲਵਾਲੀ ਗੇਟ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਗੁਰਮੇਲ ਸਿੰਘ ਤੇ ਜਸਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦੋ ਮਾਰਚ 1993 ਦੇ ਦਿਨ ਗੁਰਮੇਲ ਸਿੰਘ ਉਰਫ਼ ਤਾਰਾ ਤੇ ਜਸਵਿੰਦਰ ਸਿੰਘ ਉਰਫ਼ ਨਰਿੰਦਰ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਮਨਾਵਾਂ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

2014: ਖ਼ਾਲਸਾ ਕਾਲਜ ਦਿੱਲੀ ਵਿਚ ਬ੍ਰਹਮ ਕੁਮਾਰੀਆਂ ਦਾ ਮਹਾਂਸ਼ਿਵਰਾਤਰੀ ਸਮਾਗਮ

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੇ 2 ਮਾਰਚ 2014 ਦੇ ਦਿਨ ਵਾਸਤੇ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇਵ ਨਗਰ (ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈ) ਵਿਚ ਬ੍ਰਹਮ ਕੁਮਾਰੀਆਂ ਨੂੰ ਮਹਾਂਸ਼ਿਵਰਾਤਰੀ ਸਮਾਗਮ ਦੀ ਇਜਾਜ਼ਤ ਦਿੱਤੀ। ਪਰਮਜੀਤ ਸਿੰਘ ਸਰਨਾ ਤੇ ਹੋਰ ਸਿੱਖਾਂ ਦੇ ਵਿਰੋਧ ਮਗਰੋਂ ਉਸ ਨੇ ਇਹ ਇਜਾਜ਼ਤ ਵਾਪਿਸ ਲੈ ਲਈ।

3 ਮਾਰਚ

1644: ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ ਸਮਾਏ

ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਦੇ ਦਿਨ ਕੀਰਤਪੁਰ ਵਿਚ ਜੋਤੀ-ਜੋਤਿ ਸਮਾ ਗਏ।

1702: ਅਨੰਦਪੁਰ ਸਾਹਿਬ ਵਿਚ ਹੋਲਾ ਮਹੱਲਾ ਮਨਾਇਆ ਜਾਣਾ ਸ਼ੁਰੂ ਹੋਇਆ

1702 ਵਿਚ 24 ਫ਼ਰਵਰੀ ਤੋਂ 2 ਮਾਰਚ ਤਕ ਅਨੰਦਪੁਰ ਸਾਹਿਬ 'ਚ ਬਹੁਤ ਰੌਣਕਾਂ ਰਹੀਆਂ ਸਨ। ਇਨ੍ਹਾਂ ਦਿਨਾਂ ਵਿਚ ਹਿੰਦੂ ਲੋਕ ਹੋਲੀ ਦਾ ਤਿਉਹਾਰ ਮਨਾ ਰਹੇ ਸਨ। ਜਦ ਇਹ ਲੋਕ ਉਥੇ ਪੁੱਜੇ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਪੜੇ ਖ਼ਰਾਬ ਕਰਨ ਦੀ ਇਸ ਬੇਮਾਅਨਾ ਰਸਮ ਤੋਂ ਬਚਣ ਵਾਸਤੇ ਸਿੱਖਿਆ ਦਿੱਤੀ। ਇਸ ਦੇ ਨਾਲ ਗੁਰੂ ਸਾਹਿਬ ਨੇ 3 ਮਾਰਚ 1702 ਦੇ ਦਿਨ ਹੋਲੀ ਦੀ ਥਾਂ 'ਹੋਲਾ ਮਹੱਲਾ' ਮਨਾਉਣਾ ਸ਼ੁਰੂ ਕੀਤਾ। ਇਸ ਦਿਨ ਸਾਰੇ ਸਿੱਖ ਕਿਲ੍ਹਾ ਅਨੰਦਗੜ੍ਹ ਆ ਪੁੱਜੇ। ਇਥੇ ਆ ਕੇ ਅਰਦਾਸ ਕਰਨ ਮਗਰੋਂ ਸ਼ਬਦ ਪੜ੍ਹਦੇ ਹੋਏ ਸਿੰਘ ਕਿਲ੍ਹਾ ਹੋਲਗੜ੍ਹ ਵੱਲ ਚਲ ਪਏ। ਸੁਰਮਈ ਦਸਤਾਰਾਂ ਦਾ ਜਲੂਸ ਕਾਲੀਆਂ ਘਟਾਵਾਂ ਵਾਂਗ ਚੜ੍ਹਿਆ ਹੋਇਆ ਜਾਪਦਾ ਸੀ। ਜਲੂਸ ਨੇ ਹੋਲਗੜ੍ਹ ਪਹੁੰਚ ਕੇ ਸ਼ਬਦ ਪੜ੍ਹੇ ਤੇ ਫੇਰ ਵਾਪਸੀ ਅਨੰਦਗੜ੍ਹ ਵੱਲ ਕੀਤੀ। ਉਸ ਦਿਨ ਘੋੜ ਸਵਾਰੀ, ਨੇਜ਼ੇਬਾਜ਼ੀ, ਤਲਵਾਰ-ਬਾਜ਼ੀ, ਗਤਕਾ, ਗੁਰੀਲਾ ਲੜਾਈ ਅਤੇ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਉਸ ਦਿਨ ਤੋਂ ਸਿੱਖਾਂ ਨੇ ਹਰ ਸਾਲ ਹੋਲਾ ਮਹੱਲਾ ਮਨਾਉਣਾ ਸ਼ੁਰੂ ਕੀਤਾ ਜੋ ਅਜ ਤਕ ਜਾਰੀ ਹੈ (*ਪਰ ਕੁਝ ਲੋਕ ਹਿੰਦੂ-ਹੋਲੀ ਦੀ ਨਕਲ ਕਰਦਿਆਂ ਹੁਣ ਰੰਗ ਵੀ ਪਾਉਣ ਲੱਗ ਪਏ ਹਨ। ਇਹ ਗੁਰੂ ਸਾਹਿਬ ਦੀਆਂ ਹਦਾਇਤਾਂ ਦੇ ਉਲਟ ਹੈ*)।

1762: ਅਹਿਮਦ ਸ਼ਾਹ ਦੁਰਾਨੀ ਨੇ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਦੀ ਲਾਹੌਰ ਵਿਚ ਨੁਮਾਇਸ਼ ਲਾਈ

5 ਫ਼ਰਵਰੀ 1762 ਦੇ ਦਿਨ ਕੁੱਪ ਰਹੀੜੇ ਦੇ ਜੰਗਲ ਵਿਚ ਹੋਏ ਘੱਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੇ ਸਿਰਾਂ ਦੇ 50 ਗੱਡੇ ਅਤੇ ਇਸ ਦੇ ਨਾਲ ਹੀ ਗ੍ਰਿਫ਼ਤਾਰ ਕੀਤੇ ਹੋਏ ਬਹੁਤ ਸਾਰੇ ਸਿੱਖ ਕੈਦੀਆਂ ਨੂੰ ਲੈ ਕੇ ਅਹਿਮਦ ਸ਼ਾਹ ਦੁਰਾਨੀ 3 ਮਾਰਚ 1762 ਦੇ ਦਿਨ ਲਾਹੌਰ ਪੁੱਜਾ। ਉਸ ਨੇ ਲਾਹੌਰ ਵਿਚ ਜਾ ਕੇ ਗ੍ਰਿਫ਼ਤਾਰ ਕੀਤੇ ਹੋਏ ਸਿੱਖਾਂ ਨੂੰ ਸ਼ਹੀਦ ਕੀਤਾ ਅਤੇ ਸ਼ਹਿਰ ਦੀਆਂ ਮਸੀਤਾਂ ਦੇ ਫ਼ਰਸ਼ ਅਤੇ ਦੀਵਾਰਾਂ ਸਿੱਖਾਂ ਦੇ ਲਹੂ ਨਾਲ ਧੋਤੀਆਂ ਤੇ ਸ਼ਹੀਦ ਹੋਏ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਬਣਾ ਦਿੱਤੇ ਗਏ।

1921: ਸ਼ੌਕਤ ਅਲੀ ਤੇ ਹਿੰਦੂ ਆਗੂ ਗਾਂਧੀ ਨਾਨਕਾਣਾ ਸਾਹਿਬ ਪੁੱਜੇ

ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਮੁਸਲਮਾਨ ਆਗੂਆਂ ਨੇ ਸਿੱਖਾਂ ਨਾਲ ਭਰਪੂਰ ਹਮਦਰਦੀ ਕੀਤੀ ਤੇ ਹਰ ਤਰ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਕੁਝ ਹਿੰਦੂ ਆਗੂਆਂ ਨੇ ਵੀ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ (ਪਰ ਬਹੁਤ ਸਾਰੇ ਹਿੰਦੂ ਆਗੂ ਤੇ ਹਿੰਦੂ ਪ੍ਰੈਸ ਨੇ ਸਿੱਖਾਂ ਦੇ ਖ਼ਿਲਾਫ਼ ਜ਼ਹਿਰ ਵੀ ਉਗਲਿਆ ਅਤੇ ਨਾਲ ਹੀ ਝੂਠੀਆਂ ਖ਼ਬਰਾਂ ਵੀ ਛਾਪੀਆਂ)। 3 ਮਾਰਚ 1921 ਦੇ ਦਿਨ ਮੁਸਲਮ ਆਗੂ ਸ਼ੌਕਤ ਅਲੀ ਅਤੇ ਹਿੰਦੂ ਆਗੂ ਮੋਹਨ ਦਾਸ ਕਰਮ ਚੰਦ (ਮਹਾਤਮਾ) ਗਾਂਧੀ ਨਾਨਕਾਣਾ ਸਾਹਿਬ ਪੁੱਜੇ। ਮਗਰੋਂ ਗਾਂਧੀ ਨੇ ਬਹੁਤ ਗ਼ਲਤ ਬਿਆਨ ਅਖ਼ਬਾਰਾਂ ਵਿਚ ਛਾਪਿਆ ਜਿਸ ਵਿਚ ਉਸ ਦੀ ਮਹੰਤ ਨਰੈਣੂ ਨਾਲ ਹਮਦਰਦੀ ਸ਼ਰੇਆਮ ਨਜ਼ਰ ਆਉਂਦੀ ਸੀ; ਉਸ ਨੇ ਕਿਹਾ: "*ਅਜਿਹੇ ਟੋਲੇ ਦੇ 50 ਜਾਂ 100 ਬੰਦੇ ਗੁਰਦੁਆਰੇ ਦਾ ਕਬਜ਼ਾ ਲੈਣ ਜਾਂਦੇ ਹਨ, ਉਹ ਤਸ਼ੱਦਦ ਸਹਾਰਦੇ ਹਨ ਪਰ ਆਪ (ਤਸ਼ੱਦਦ)*

ਨਹੀਂ ਕਰਦੇ। ਫਿਰ ਵੀ ਜੇ ਪੰਜਾਹ ਜਾਂ ਸੌ ਬੰਦਿਆਂ ਦੀ ਭੀੜ ਇਕ ਥਾਂ ਜਾਂਦੀ ਹੈ ਤਾਂ ਗੁਰਦੁਆਰੇ ਦਾ ਰਖਵਾਲਾ ਇਸ ਤੋਂ ਡਰਿਆ ਤਾਂ ਮਹਿਸੂਸ ਕਰਦਾ ਹੋਵੇਗਾ।" ਉਸ ਨੇ ਤਾਂ ਇਹ ਵੀ ਕਿਹਾ ਕਿ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਵਾਸਤੇ ਜਥੇ ਲਿਜਾਣ ਦੀ ਥਾਂ 'ਤੇ ਸਾਲਸੀ ਬੋਰਡ ਨਾਲ ਹੱਲ ਕਰੋ ਜਾਂ ਸਵਰਾਜ ਤਕ ਇਸ ਮਸਲਾ ਮੁਲਤਵੀ ਕਰ ਦਿਓ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 19, ਸਫ਼ਾ 401)। ਗਾਂਧੀ ਨੇ ਤਾਂ ਵਾਪਿਸ ਜਾ ਕੇ ਆਪਣੇ ਪਰਚੇ *ਨਵਜੀਵਨ* ਦੇ 13 ਮਾਰਚ 1921 ਦੇ ਪਰਚੇ ਵਿਚ ਇਹ ਵੀ ਲਿਖਿਆ "ਮੈਂ ਅਜ ਤਕ ਉਨ੍ਹਾਂ (ਸਿੱਖਾਂ) ਨੂੰ ਹਿੰਦੂਆਂ ਦਾ ਫ਼ਿਰਕਾ ਸਮਝਦਾ ਰਿਹਾ ਸੀ। ਪਰ ਉਨ੍ਹਾਂ ਦੇ ਆਗੂ ਸਮਝਦੇ ਹਨ ਕਿ ਉਹ ਇਕ ਅਲਗ ਧਰਮ ਹਨ।" ਯਾਨਿ ਗਾਂਧੀ ਸਿੱਖਾਂ ਨਾਲ ਅੰਦਰੋਂ ਨਫ਼ਰਤ ਕਰਦਾ ਸੀ।

1923: ਬਬਰ ਅਕਾਲੀਆਂ ਵੱਲੋਂ ਜਮਸ਼ੇਰ ਸਟੇਸ਼ਨ 'ਤੇ ਧਾਵਾ

ਬਬਰ ਅਕਾਲੀ ਲਹਿਰ ਦੌਰਾਨ ਬਬਰਾਂ ਨੇ ਹਥਿਆਰ ਖ਼ਰੀਦਣ ਵਾਸਤੇ ਕੁਝ ਰਕਮ ਹਾਸਿਲ ਕਰਨ ਦੀ ਸੋਚ ਨਾਲ 3 ਮਾਰਚ 1923 ਦੇ ਦਿਨ ਜਮਸ਼ੇਰ ਸਟੇਸ਼ਨ ਤੇ ਹਮਲਾ ਕੀਤਾ ਪਰ ਉਸ ਦਿਨ ਉਥੇ ਖ਼ਜ਼ਾਨਾ ਨਾ ਹੋ ਸਕਣ ਕਾਰਨ ਸਿਰਫ਼ ਥੋੜ੍ਹੀ ਜਿਹੀ ਰਕਮ ਹੀ ਹਾਸਿਲ ਕਰ ਸਕੇ।

1947: ਲਾਹੌਰ ਵਿਚ ਮਾਸਟਰ ਤਾਰਾ ਸਿੰਘ ਵੱਲੋਂ ਪਾਕਿਸਤਾਨ ਦਾ ਝੰਡਾ ਪਾੜਨ ਦਾ ਸੱਚ

ਮਾਰਚ 1947 ਵਿਚ ਪੰਜਾਬ ਵਿਚ ਅਕਾਲੀ, ਕਾਂਗਰਸ ਤੇ ਯੂਨਿਅਨਿਸਟ ਪਾਰਟੀ ਦੀ ਸਾਂਝੀ ਸਰਕਾਰ ਚਲ ਰਹੀ ਸੀ। ਪਰ ਯੂਨੀਅਨਿਸਟ ਪਾਰਟੀ ਦਾ ਚੀਫ਼ ਮਨਿਸਟਰ ਖ਼ਿਜ਼ਰ ਹਯਾਤ ਖ਼ਾਨ ਮੁਸਲਿਮ ਲੀਗ ਦੀ ਸਿਆਸਤ ਦੀ ਲਪੇਟ ਵਿਚ ਆ ਗਿਆ ਤੇ ਦਬਾਅ ਹੇਠਾਂ ਆ ਕੇ ਉਸ ਨੇ 2 ਮਾਰਚ 1947 ਦੇ ਦਿਨ ਅਸਤੀਫ਼ਾ ਦੇ ਦਿੱਤਾ। ਖ਼ਿਜ਼ਰ ਨੇ ਅਸਤੀਫ਼ੇ ਵਿਚ ਕਿਹਾ ਕਿ 'ਪੰਜਾਬ ਵਿਚ ਸਮਝੌਤੇ ਦੀ ਹਾਲਤ ਪੈਦਾ ਕਰਨ ਵਾਸਤੇ ਮੇਰਾ ਅਸਤੀਫ਼ਾ ਜ਼ਰੂਰੀ ਹੈ। ਪੰਜਾਬ ਵਿਚ ਮੁਸਲਮ ਲੀਗ ਹੀ ਮੁਸਲਮਾਨਾਂ ਵਾਸਤੇ ਬੋਲ ਸਕਦੀ ਹੈ ਤੇ ਅਜੇਹੀ ਕੋਈ ਵਜ਼ਾਰਤ ਨੁਮਾਇੰਦਾ ਨਹੀਂ ਹੋ ਸਕਦੀ ਜਿਸ ਵਿਚ ਮੁਸਲਮ ਲੀਗ ਸ਼ਾਮਲ ਨਾ ਹੋਵੇ।' ਪਰ ਅਸਲੀਅਤ ਇਹ ਸੀ ਕਿ ਖ਼ਿਜ਼ਰ ਹਯਾਤ ਖ਼ਾਨ ਮੁਸਲਮ ਲੀਗ ਦੇ ਅਸਰ ਹੇਠਾਂ ਆ ਗਿਆ ਸੀ ਅਤੇ ਹਿੰਦੂਆਂ ਤੇ ਸਿੱਖਾਂ ਦੀ ਮਦਦ ਤੇ ਯਕੀਨ ਨਹੀਂ ਸੀ ਕਰ ਸਕਦਾ। ਇਸ ਤੋਂ ਇਲਾਵਾ ਮੁਸਲਮ ਐਜੀਟੇਸ਼ਨ ਤੋਂ ਡਰ ਕੇ ਵੀ ਖ਼ਿਜ਼ਰ ਨੇ ਲੀਗ ਦਾ ਸਾਥ ਦੇਣ ਦਾ ਫ਼ੈਸਲਾ ਕਰ ਲਿਆ ਸੀ।

ਗਵਰਨਰ ਪੰਜਾਬ ਨੇ ਅਗਲੇ ਦਿਨ 3 ਮਾਰਚ ਨੂੰ ਲੀਗ ਨੂੰ ਪੰਜਾਬ ਵਿਚ ਵਜ਼ਾਰਤ ਬਣਉਣ ਦਾ ਸੱਦਾ ਭੇਜਿਆ ਕਿਉਂਕਿ ਸਭ ਤੋਂ ਵੱਡੀ ਇਕੱਲੀ ਪਾਰਟੀ, ਮੁਸਲਮ ਲੀਗ ਹੀ ਸੀ। ਲੀਗ ਦੇ ਆਗੂ ਨਵਾਬ ਮਮਦੋਟ ਨੇ ਇਹ ਸੱਦਾ ਕਬੂਲ ਕਰ ਲਿਆ। ਇਸ 'ਤੇ ਅਕਾਲੀ ਦਲ ਅਤੇ ਕਾਂਗਰਸ ਵਿਚ ਰੋਸ ਤੇ ਗੁੱਸੇ ਦੀ ਲਹਿਰ ਦੌੜ ਗਈ। 3 ਮਾਰਚ ਨੂੰ ਅਸੈਂਬਲੀ ਚੈਂਬਰ ਲਾਹੌਰ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਇਕ ਸਾਂਝੀ ਮੀਟਿੰਗ ਹੋਈ। ਜਿਸ ਵੇਲੇ ਮੀਟਿੰਗ ਹੋ ਰਹੀ ਸੀ ਬਾਹਰ ਮੁਸਲਮਾਨਾਂ ਦੀ ਇਕ ਵੱਡੀ ਭੀੜ ਇਕੱਠੀ ਹੋ ਰਹੀ ਸੀ। ਭੀੜ ਲਗਾਤਾਰ ਨਾਅਰੇ ਲਾਅ ਰਹੀ ਸੀ, "ਲੈ ਕੇ ਰਹਾਂਗੇ ਪਾਕਿਸਤਾਨ" ਮਾਸਟਰ ਤਾਰਾ ਸਿੰਘ ਗੁੱਸੇ ਵਿਚ ਬਾਹਰ ਆ ਗਏ (ਅਤੇ ਕ੍ਰਿਪਾਨ ਮਿਆਣ ਵਿਚੋਂ ਕੱਢ ਕੇ) ਕਿਹਾ; 'ਕਾਟ ਕੇ ਦੇਂਗੇ ਆਪਣੀ ਜਾਨ ਮਗਰ ਨਾ ਦੇਂਗੇ ਪਾਕਿਸਤਾਨ।' ਇਤਨੀ ਵੱਡੀ ਭੀੜ ਸਾਹਮਣੇ ਇਕੱਲਾ ਮਾਸਟਰ ਤਾਰਾ ਸਿੰਘ ਜ਼ਿੰਦਾ ਨਾ ਬਚਦਾ, ਜੇ ਪੁਲੀਸ ਭੀੜ ਨੂੰ ਖਿੰਡਾਅ ਨਾ ਦੇਂਦੀ।

ਦਰਅਸਲ ਇਸ ਵੇਲੇ ਸਾਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਬਣ ਰਿਹਾ ਸੀ ਪਰ ਇਸ ਘਟਨਾ ਤੋਂ ਬਾਅਦ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡਣ ਦਾ ਫ਼ੈਸਲਾ ਹੋ ਗਿਆ ਜਿਸ ਤੋਂ

ਜਿਸ ਤੋਂ ਮਾਸਟਰ ਤਾਰਾ ਸਿੰਘ ਵੱਲੋਂ ਪਾਕਿਸਤਾਨ ਨੂੰ ਲੰਗੜਾ ਕਰਨ ਅਤੇ ਇਸ ਦਾ 'ਝੰਡਾ ਵੱਢਣ' ਦੀ ਕਹਾਣੀ ਚਲ ਪਈ।

1990: ਭੁਪਿੰਦਰ ਸਿੰਘ, ਰਣਜੀਤ ਸਿੰਘ, ਦਿਲਬਾਗ ਸਿੰਘ ਤੇ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

3 ਮਾਰਚ 1990 ਦੇ ਦਿਨ ਪੁਲੀਸ ਨੇ ਭੁਪਿੰਦਰ ਸਿੰਘ ਉਰਫ਼ ਭੋਲਾ (ਪੁੱਤਰ ਚੰਚਲ ਸਿੰਘ, ਵਾਸੀ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ), ਰਣਜੀਤ ਸਿੰਘ ਉਰਫ਼ ਬਿੱਟੂ (ਪੁੱਤਰ ਹਰਭਜਨ ਸਿੰਘ, ਵਾਸੀ ਘੰਨੂਪੁਰ, ਨੇੜੇ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ), ਦਿਲਬਾਗ ਸਿੰਘ (ਪੁੱਤਰ ਹਰੀ ਸਿੰਘ, ਵਾਸੀ ਢੋਟੀਆਂ) ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991: ਰਘਬੀਰ ਸਿੰਘ ਬੀਰਾ ਤੇ ਨਿਰਮਲ ਸਿੰਘ ਬਿੱਟੂ ਰੰਸੀਕੇ ਟੱਲਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

3 ਮਾਰਚ 1991 ਦੇ ਦਿਨ ਪੰਜਾਬ ਪੁਲੀਸ ਨੇ ਰਘਬੀਰ ਸਿੰਘ ਬੀਰਾ ਤੇ ਨਿਰਮਲ ਸਿੰਘ ਬਿੱਟੂ (ਦੋਵੇਂ ਵਾਸੀ ਰੰਸੀਕੇ ਟੱਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਵਤਾਰ ਸਿੰਘ ਕੋਟ ਖਾਲਸਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

3 ਮਾਰਚ 1992 ਦੇ ਦਿਨ ਪੁਲੀਸ ਨੇ ਅਵਤਾਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਕੋਟ ਖਾਲਸਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

4 ਮਾਰਚ

1776: ਦਲ ਖਾਲਸਾ ਨੇ ਜ਼ਾਬਤਾ ਖ਼ਾਨ ਰੁਹੀਲਾ ਦੀ ਮਦਦ ਵਾਸਤੇ ਦਿੱਲੀ ਵਲ ਕੂਚ ਕੀਤਾ

1776 ਵਿਚ ਦਿੱਲੀ 'ਤੇ ਕਬਜ਼ਾ ਕਰਨ ਵਾਸਤੇ ਸਿੱਖਾਂ ਅਤੇ ਜ਼ਾਬਤਾ ਖ਼ਾਨ ਵਿਚ ਸਮਝੌਤਾ ਹੋ ਗਿਆ। ਦੋਹਾਂ ਦੀ ਸਾਂਝੀ ਫ਼ੌਜ ਨੇ ਹੁਣ ਦਿੱਲੀ ਵੱਲ ਕੂਚ ਕਰ ਦਿੱਤਾ। ਉਧਰ ਵਜ਼ੀਰ ਨਜਫ਼ ਖ਼ਾਨ ਨੇ ਵੀ ਇਨ੍ਹਾਂ ਦਾ ਟਾਕਰਾ ਕਰਨ ਵਾਸਤੇ ਕਾਸਿਮ ਅਲੀ ਖ਼ਾਨ ਨੂੰ ਫ਼ੌਜ ਦੇ ਕੇ ਟੋਰ ਦਿੱਤਾ ਪਰ ਉਹ 4 ਮਾਰਚ 1776 ਦੇ ਦਿਨ ਹੋਈ ਇਨ੍ਹਾਂ ਨਾਲ ਲੜਾਈ ਵਿਚ ਮਾਰਿਆ ਗਿਆ। ਭਾਵੇਂ ਸਿੱਖ ਦਿੱਲੀ 'ਤੇ ਕਬਜ਼ਾ ਤਾਂ ਨਾ ਕਰ ਸਕੇ ਪਰ ਉਨ੍ਹਾਂ ਨੇ ਅਲੀਗੜ੍ਹ, ਮੇਰਠ, ਸਿਕੰਦਰਾ, ਖੁਰਜਾ ਵਗ਼ੈਰਾ 'ਤੇ ਹਮਲੇ ਕਰ ਕੇ ਬੜਾ ਖ਼ਜ਼ਾਨਾ ਹਾਸਿਲ ਕੀਤਾ। ਜ਼ਾਬਤਾ ਖ਼ਾਨ ਤਾਂ ਸਿੱਖਾਂ ਦੇ ਅਸਰ ਹੇਠਾਂ ਏਨਾ ਆ ਗਿਆ ਕਿ ਉਸ ਨੇ ਖੰਡੇ ਦੀ ਪਾਹੁਲ ਵੀ ਲੈ ਲਈ ਅਤੇ ਧਰਮ ਸਿੰਘ ਨਾਂ ਰੱਖ ਲਿਆ। ਇਸ ਬਾਰੇ ਇਹ ਬੋਲ ਅੱਜ ਵੀ ਮਸ਼ਹੂਰ ਹੈ: **ਇਕ ਗੁਰੂ ਦਾ ਦੋ ਚੇਲਾ, ਅੱਧਾ ਸਿਖ ਅੱਧ ਰੁਹੇਲਾ**।

1988: ਜਸਬੀਰ ਸਿੰਘ ਰੋਡੇ ਦਾ ਭਾਰਤ ਸਰਕਾਰ ਨਾਲ ਅੰਦਰਖਾਤੇ ਸੌਦਾ ਹੋਣ ਮਗਰੋਂ ਉਸ ਨੂੰ ਰਿਹਾ ਕਰ ਦਿੱਤਾ ਗਿਆ

1988 ਦੇ ਸ਼ੁਰੂ ਵਿਚ ਹੀ ਭਾਰਤ ਸਰਕਾਰ ਨੇ ਆਪਣੇ ਏਲਚੀ ਭਾਈ ਜਸਬੀਰ ਸਿੰਘ ਰੋਡੇ ਵੱਲ ਭੇਜਣੇ ਸ਼ੁਰੂ ਕਰ ਦਿਤੇ। ਹੋਰਨਾਂ ਤੋਂ ਇਲਾਵਾ ਸਭ ਤੋਂ ਵੱਡਾ ਏਲਚੀ ਜੈਨੀ ਸਾਧੂ ਸੁਸ਼ੀਲ ਮੁਨੀ ਸੀ। ਉਸ ਨੇ ਜਸਬੀਰ ਸਿੰਘ ਰੋਡੇ ਨਾਲ ਕਈ ਮੁਲਾਕਾਤਾਂ ਕੀਤੀਆਂ ਅਤੇ ਅਖ਼ੀਰਲੀਆਂ ਮੁਲਾਕਾਤਾਂ ਵਿਚ ਉਸ ਨੇ ਜਸਬੀਰ ਸਿੰਘ ਦੇ ਨਾਲ ਬਾਕੀ ਚਾਰ ਗਰੰਥੀਆਂ ਨਾਲ ਵੀ ਗਲਬਾਤ ਕੀਤੀ। ਇਸ ਤੋਂ ਮਗਰੋਂ ਮਲੋਏ ਕ੍ਰਿਸ਼ਨ ਧਰ (ਡਿਪਟੀ ਚੀਫ਼ ਇੰਟੈਲੀਜੈਂਸ ਭਾਰਤ

ਸਰਕਾਰ) ਨੇ ਵੀ ਜਸਬੀਰ ਸਿੰਘ ਨਾਲ ਮੁਲਾਕਾਤਾਂ ਕੀਤੀਆਂ। ਉਹ ਤਾਂ ਇਕ ਦੋ ਰਾਤਾਂ ਜੇਲ੍ਹ ਵਿਚ ਜਸਬੀਰ ਦੀ ਕੋਠੜੀ ਵਿਚ ਵੀ ਸੁੱਤਾ ਤੇ ਆਉਣ ਵਾਲੇ ਸਮੇਂ ਦੀ ਪਲਾਨਿੰਗ ਤਿਆਰ ਕੀਤੀ।

ਇਹ ਜਸਬੀਰ ਸਿੰਘ ਰੋਡੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਭਤੀਜਾ ਸੀ ਤੇ ਖਾੜਕੂਆਂ ਨੇ ਉਸ ਨੂੰ ਜੇਲ੍ਹ ਵਿਚ ਬੈਠੇ ਨੂੰ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਬਣਾ ਦਿੱਤਾ ਸੀ। ਉਸ ਨੂੰ (ਅਤੇ ਬਾਕੀਆਂ ਵਿਚੋਂ ਵੀ ਬਹੁਤੇ ਅਕਾਲੀ ਆਗੂਆਂ ਨੂੰ ਵੀ) ਅਕਾਲ ਤਖ਼ਤ ਸਾਹਿਬ ਤਾਂ ਕੀ ਸਿੱਖ ਫ਼ਲਸਫ਼ੇ ਦੇ ਮੁੱਢਲੇ ਸਿਧਾਂਤਾਂ ਦਾ ਵੀ ਸ਼ਾਇਦ ਪਤਾ ਨਹੀਂ ਹੁੰਦਾ, ਪਰ ਭਿੰਡਰਾਂਵਾਲੇ ਬਾਬਿਆਂ ਦਾ ਭਤੀਜਾ ਹੋਣ ਅਤੇ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਵਾਸਤੇ ਉਸ ਨੂੰ ਇਹ 'ਅਹੁਦਾ' ਦਿੱਤਾ ਗਿਆ ਸੀ। ਰਾਜੀਵ ਗਾਂਧੀ ਚਾਹੁੰਦਾ ਸੀ ਕਿ ਖਾੜਕੂਆਂ ਵਿਚ ਫ਼ੁਟ ਪਾ ਕੇ ਤਹਿਰੀਕ ਨੂੰ ਜੇ ਖ਼ਤਮ ਨਹੀਂ ਕੀਤਾ ਜਾ ਸਕਦਾ ਤਾਂ ਘਟੋ-ਘਟ ਕਮਜ਼ੋਰ ਤਾਂ ਕੀਤਾ ਜਾਵੇ। (ਇਸ ਦੀ ਪੂਰੀ ਤਫ਼ਸੀਲ ਵੇਖੋ: ਐਮ.ਕੇ.ਧਰ ਦੀ ਕਿਤਾਬ, *ਬਿਟਰ ਟਰੁਥ*, ਪੰਜਾਬੀ ਤਰਜਮਾ *ਕੌੜਾ ਸੱਚ*)।

ਜਦੋਂ ਜਸਬੀਰ ਸਿੰਘ ਤੇ ਸਰਕਾਰ ਆਪਸ ਵਿਚ ਕੁਝ ਨੁਕਤਿਆਂ ਤੇ ਰਾਜ਼ੀ ਹੋ ਗਏ ਤਾਂ ਇਸ ਸੌਦੇਬਾਜ਼ੀ ਨੂੰ ਅਮਲੀ ਸ਼ਕਲ ਦੇਣ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਗਈਆਂ। ਇਸ ਡਰਾਮੇ ਦੇ ਹਿੱਸੇ ਵਜੋਂ ਪੰਜ ਫਰਵਰੀ ਨੂੰ ਸਾਧੂ ਜੈਨ ਮੁਨੀ ਨੇ ਰਾਜੀਵ ਨੂੰ 'ਅਪੀਲ' ਕੀਤੀ ਕਿ ਪੰਜ ਗਰੰਥੀ ਰਿਹਾ ਕਰ ਦਿਤੇ ਜਾਣ। 11 ਫਰਵਰੀ ਨੂੰ ਰਾਜੀਵ ਨੂੰ ਜੈਨ ਮੁਨੀ ਦੇ ਪੰਜਾਬ ਬਾਰੇ ਬਿਆਨਾਂ ਦੀ ਤਾਰੀਫ਼ ਕੀਤੀ।

4 ਮਾਰਚ 1988 ਦੇ ਦਿਨ ਜਸਬੀਰ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦੇ ਨਾਲ 4 ਹੋਰ ਗ੍ਰੰਥੀ ਅਤੇ ਇਸ ਦੇ ਨਾਲ ਹੀ ਜੋਧਪੁਰ ਜੇਲ੍ਹ 'ਚੋਂ ਰੋਡੇ ਦੇ 40 ਹਿਮਾਇਤੀ ਵੀ ਰਿਹਾਅ ਕਰ ਦਿੱਤੇ ਗਏ। ਜਸਬੀਰ ਸਿੰਘ ਨੇ ਰਿਹਾਅ ਹੁੰਦਿਆਂ ਹੀ ਪਹਿਲਾਂ ਬਿਆਨ ਇਹ ਦਿੱਤਾ ਕਿ "ਪੰਥ ਦਾ ਨਿਸ਼ਾਨਾ ਪੂਰਨ ਆਜ਼ਾਦੀ ਹੈ।"

1988: ਗੁਲਜ਼ਾਰ ਸਿੰਘ, ਅਨੂਪ ਸਿੰਘ ਨੰਗਲ, ਕਾਬਲ ਸਿੰਘ ਬੁੱਲਰ ਹੰਸ, ਪਰਗਟ ਸਿੰਘ ਤਲਵੰਡੀ ਬਹਿਰਾਮ, ਸੁਰਜੀਤ ਸਿੰਘ ਸੱਤਾ ਗਦਲੀ ਤੇ ਮੰਗਲ ਸਿੰਘ ਤਲਵੰਡੀ ਸਲੇਮ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

4 ਮਾਰਚ 1988 ਦੇ ਦਿਨ ਪੁਲੀਸ ਨੇ ਗੁਲਜ਼ਾਰ ਸਿੰਘ (ਪੁੱਤਰ ਤਾਰਾ ਸਿੰਘ ਸੰਧੂ, ਵਾਸੀ ਮੰਝ, ਨੇੜੇ ਫੱਗੂਵਾਲ ਤੇ ਲੌਂਗੋਵਾਲ, ਜ਼ਿਲ੍ਹਾ ਲੁਧਿਆਣਾ), ਅਨੂਪ ਸਿੰਘ ਬਬਰ (ਵਾਸੀ ਨੰਗਲ), ਕਾਬਲ ਸਿੰਘ (ਪੁੱਤਰ ਬਖ਼ਸ਼ੀਸ਼ ਸਿੰਘ, ਵਾਸੀ ਬੁੱਲਰ ਹੰਸ, ਅੰਮ੍ਰਿਤਸਰ), ਪਰਗਟ ਸਿੰਘ (ਵਾਸੀ ਤਲਵੰਡੀ ਬਹਿਰਾਮ) ਸੁਰਜੀਤ ਸਿੰਘ ਸੱਤਾ (ਪੁੱਤਰ ਭਾਈ ਤਰਲੋਕ ਸਿੰਘ, ਵਾਸੀ ਗਦਲੀ, ਅੰਮ੍ਰਿਤਸਰ) ਤੇ ਮੰਗਲ ਸਿੰਘ ਉਰਫ਼ ਪਰਗਟ ਸਿੰਘ (ਵਾਸੀ ਤਲਵੰਡੀ ਸਲੇਮ, ਜਲੰਧਰ) ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਦਰਸ਼ਨ ਸਿੰਘ ਘਾਲੀ ਕਲਾ ਤੇ ਜਥੇਦਾਰ ਹਰਦਿਆਲ ਸਿੰਘ ਝਬਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

4 ਮਾਰਚ 1989 ਦੇ ਦਿਨ ਪੰਜਾਬ ਪੁਲਸ ਨੇ ਦਰਸ਼ਨ ਸਿੰਘ (ਵਾਸੀ ਘਾਲੀ ਕਲਾ, ਫ਼ਰੀਦਕੋਟ), ਜਥੇਦਾਰ ਹਰਦਿਆਲ ਸਿੰਘ (ਪੁੱਤਰ ਮੁਖਤਾਰ ਸਿੰਘ, ਵਾਸੀ ਝਬਾਲ ਖੁਰਦ, ਤਰਨਤਾਰਨ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਕਸ਼ਮੀਰ ਸਿੰਘ ਭੀਲੋਵਾਲ ਤੇ ਪਰਮਜੀਤ ਸਿੰਘ ਗਦਰਜਾਦਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

4 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਕਸ਼ਮੀਰ ਸਿੰਘ ਉਰਫ਼ ਬਚਿੱਤਰ ਸਿੰਘ (ਵਾਸੀ ਭੀਲੋਵਾਲ) ਤੇ ਪਰਮਜੀਤ ਸਿੰਘ ਉਰਫ਼ ਬਘੇਲ ਸਿੰਘ (ਵਾਸੀ ਗਦਰਜਾਦਾ, ਅੰਮ੍ਰਿਤਸਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991 ਰਘਬੀਰ ਸਿੰਘ ਤੇ ਨਿਰਮਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

4 ਮਾਰਚ 1991 ਦੇ ਦਿਨ ਪੁਲੀਸ ਨੇ ਰਘਬੀਰ ਸਿੰਘ ਉਰਫ਼ ਬੀਰਾ (ਪੁੱਤਰ ਪ੍ਰਤਾਪ ਸਿੰਘ, ਵਾਸੀ ਰਣਮੀਕੇ) ਤੇ ਨਿਰਮਲ ਸਿੰਘ ਉਰਫ਼ ਬਿੱਟੂ (ਪੁੱਤਰ ਮਹਿੰਦਰ ਸਿੰਘ, ਵਾਸੀ ਰਣਮੀਕੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਜਮੇਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

3 ਮਾਰਚ 1992 ਦੇ ਦਿਨ ਪੁਲੀਸ ਨੇ ਅਜਮੇਰ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਸਿਹੋੜਾ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993 ਜਗਬੀਰ ਸਿੰਘ ਨਾਗੋਕੇ, ਜਸਬੀਰ ਸਿੰਘ ਨਰਹਾਲਾ, ਸੁਖਦੇਵ ਸਿੰਘ ਬਿੱਲਾ, ਜਸਪਾਲ ਸਿੰਘ ਤੇ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

4 ਮਾਰਚ 1993 ਦੇ ਦਿਨ ਪੁਲੀਸ ਨੇ ਜਗਬੀਰ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ), ਜਸਬੀਰ ਸਿੰਘ ਉਰਫ਼ ਗਾਂਧੀ (ਪੁੱਤਰ ਆਤਮਾ ਸਿੰਘ, ਵਾਸੀ ਨਰਹਾਲਾ), ਸੁਖਦੇਵ ਸਿੰਘ ਉਰਫ਼ ਬਿੱਲਾ, ਜਸਪਾਲ ਸਿੰਘ ਉਰਫ਼ ਤਸਬੀਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਪੰਜਾਬ ਅਸੈਂਬਲੀ ਦੀਆਂ ਚੋਣਾਂ ਦੇ ਨਤੀਜੇ ਆਏ; ਬਾਦਲ ਦਲ ਨੇ ਮੁੜ ਤਾਕਤ ਹਾਸਿਲ ਕੀਤੀ; ਪਰ ਬਹੁਤ ਸਾਰੇ ਵਜ਼ੀਰ ਹਾਰ ਗਏ

30 ਜਨਵਰੀ 2012 ਦੇ ਦਿਨ ਹੋਈਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਦੇ ਨਤੀਜੇ 6 ਮਾਰਚ 2013 ਦੇ ਦਿਨ ਆਏ। ਅਕਾਲੀ ਦਲ ਨੇ 41, ਭਾਜਪਾ ਨੇ 17 ਤੇ ਕਾਂਗਰਸ ਨੇ 46 ਸੀਟਾਂ ਜਿੱਤੀਆਂ, 3 ਆਜ਼ਾਦ ਵੀ ਕਾਮਯਾਬ ਹੋਏ।ਚੋਣ ਵਿਚ ਅਕਾਲੀਆਂ ਦੇ ਕਈ ਸਾਬਕਾ ਵਜ਼ੀਰ ਸਣੇ ਰਣਜੀਤ ਸਿੰਘ ਬ੍ਰਹਮਪੁਰਾ, ਗੁਰਦੇਵ ਸਿੰਘ ਬਾਦਲ, ਹੀਰਾ ਸਿੰਘ ਗਾਬੜੀਆ, ਸੁੱਚਾ ਸਿੰਘ ਲੰਗਾਹ, ਸੇਵਾ ਸਿੰਘ ਸੇਖਵਾਂ, ਨਿਰਮਲ ਸਿੰਘ ਕਾਹਲੋਂ, ਉਪਿੰਦਰਜੀਤ ਕੌਰ ਹਾਰ ਗਏ। ਇਸ ਤੋਂ ਇਲਾਵਾ ਅਕਾਲੀਆਂ ਦੇ ਪ੍ਰੇਮ ਸਿੰਘ ਚੰਦੂਮਾਜਰਾ, ਬਲਵੰਤ ਸਿੰਘ ਰਾਮੂਵਾਲੀਆ ਤੇ ਕਾਂਗਰਸ ਦੇ ਸਾਬਕਾ ਵਜ਼ੀਰ ਚੌਧਰੀ ਜਗਜੀਤ ਸਿੰਘ ਵੀ ਚੋਣ ਹਾਰ ਗਏ।

2004: ਬਾਦਲ ਸਰਕਾਰ ਨੇ ਪੰਜਾਬ ਦੇ ਗ਼ਦਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ

4 ਮਾਰਚ 2014 ਦੇ ਦਿਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਅਸੈਂਬਲੀ ਵਿਚ ਅੰਗਰੇਜ਼ੀ ਫ਼ੌਜ ਦੇ ਉਨ੍ਹਾਂ 282 ਸਿਪਾਹੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ 1845 ਵਿਚ ਪੰਜਾਬ ਨੂੰ ਅੰਘਰੇਜ਼ਾਂ ਦੇ ਕਬਜ਼ੇ ਵਿਚ ਕਰਵਾਉਣ ਵਾਸਤੇ ਸਿੱਖਾਂ 'ਤੇ ਹਮਲਾ ਕੀਤਾ ਸੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਨੇ ਇਸ ਕਾਰਵਾਈ ਬਾਰੇ ਕਿਹਾ ਕਿ ਇਹ ਤਵਾਰੀਖ਼ ਨਾਲ ਇਕ ਮਜ਼ਾਕ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇ ਬਾਦਲ ਪੰਜਾਬ ਅਸੈਂਬਲੀ ਦਾ ਉਚੇਚਾ

ਸੈਸ਼ਨ ਬੁਲਾ ਕੇ ਪਾਕਿਸਤਾਨੀ ਜੇਲ੍ਹ ਵਿਚ ਮਾਰੇ ਗਏ ਸਰਬਜੀਤ ਨੂੰ "ਕੌਮੀ ਸ਼ਹੀਦ" ਦਾ ਰੁਤਬਾ ਦੇ ਕੇ ਸ਼ਰਧਾਂਜਲੀ ਭੇਟ ਕਰਨ ਸਕਦਾ ਹੈ ਤਾਂ ਉਸ 'ਸੱਕਾ ਨਜ਼ਾਮ' ਵਾਸਤੇ ਅਜਿਹੀ ਹਰਕਤ ਕੋਈ ਹੈਰਾਨੀ ਪੈਦਾ ਕਰਨ ਵਾਲੀ ਨਹੀਂ ਹੈ।

5 ਮਾਰਚ

1680: ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਰਣਜੀਤ ਨਗਾਰਾ' ਵਜਾਉਣਾ ਸ਼ੁਰੂ ਕੀਤਾ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਗੁਰਗੱਦੀ ਸੰਭਾਲਣ ਤੋਂ ਪੰਜ ਸਾਲ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਫ਼ੌਜੀ ਪੱਖੋਂ ਵੀ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਆਉਂਦੇ ਦਿਨਾਂ ਵਿਚ ਪੇਸ਼ ਹੋਣ ਵਾਲੇ ਮਸਲਿਆਂ ਨੂੰ ਸਾਹਵੇਂ ਰਖਦਿਆਂ ਗੁਰੂ ਸਾਹਿਬ ਨੇ ਚੱਕ ਨਾਨਕੀ ਵਿਚ ਖਾਲਸਾ ਫ਼ੌਜ ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਨੌਜਵਾਨ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਹੋ ਗਏ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਫ਼ੌਜੀ ਸਿਖਲਾਈ ਦਿੱਤੀ ਗਈ। ਫ਼ਰਵਰੀ ਵਿਚ ਗੁਰੂ ਸਾਹਿਬ ਨੇ ਇਕ ਨਗਾਰਾ ਵੀ ਤਿਆਰ ਕਰਵਾਉਣਾ ਸ਼ੁਰੂ ਕਰ ਦਿੱਤਾ। ਮਾਰਚ 1680 ਦੇ ਸ਼ੁਰੂ ਵਿਚ ਇਹ 'ਰਣਜੀਤ ਨਗਾਰਾ' ਤਿਆਰ ਹੋ ਗਿਆ। 5 ਮਾਰਚ 1680 ਤੋਂ ਹਰ ਦੀਵਾਨ ਦੇ ਮੌਕੇ 'ਤੇ ਇਹ ਨਗਾਰਾ ਵਜਾਇਆ ਜਾਣ ਲਗ ਪਿਆ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਤੇ ਆਖਿਆ ਕਿ ਜਿਹੜਾ ਵੀ ਸਿੱਖ ਚੱਕ ਨਾਨਕੀ ਆਵੇ, ਉਹ ਆਪਣੇ ਨਾਲ ਚੰਗੇ ਘੋੜੇ, ਚੰਗੇ ਹਥਿਆਰਾਂ ਅਤੇ ਚੰਗੇ ਗ੍ਰੰਥਾਂ ਦੀ ਭੇਟਾ ਲੈ ਕੇ ਆਵੇ। ਆਉਣ ਵਾਲੇ ਸਾਲਾਂ ਵਿਚ ਚੱਕ ਨਾਨਕੀ ਵਿਚ ਵਧੀਆ ਤੋਂ ਵਧੀਆ ਗ੍ਰੰਥ, ਵਧੀਆ ਨਸਲ ਦੇ ਘੋੜੇ ਤੇ ਹਰ ਤਰ੍ਹਾਂ ਦੇ ਹਥਿਆਰ ਪਹੁੰਚ ਚੁੱਕੇ ਸਨ।

1716: ਬੰਦਾ ਸਿੰਘ ਬਹਾਦਰ ਨਾਲ ਗ੍ਰਿਫ਼ਤਾਰ ਕੀਤੇ 736 ਸਿੱਖਾਂ ਵਿਚੋਂ ਹਰ ਰੋਜ਼ 100 ਸਿੰਘ ਚਾਂਦਨੀ ਚੌਕ ਵਿਚ ਸ਼ਹੀਦ ਕੀਤੇ ਜਾਣੇ ਸ਼ੁਰੂ ਕੀਤੇ

5 ਮਾਰਚ 1716 ਦੇ ਦਿਨ ਬਾਦਸ਼ਾਹ ਨੇ ਸਰਬਰਾਹ ਖ਼ਾਨ ਕੋਤਵਾਲ ਨੂੰ ਹੁਕਮ ਦਿੱਤਾ ਕਿ ਬੰਦਾ ਸਿੰਘ ਅਤੇ ਉਸ ਦੇ ਖ਼ਾਸ 17 ਸਾਥੀਆਂ ਨੂੰ ਛੱਡ ਕੇ ਬਾਕੀ ਦੇ ਹਰ ਰੋਜ਼ ਇਕ-ਇਕ ਸੌ ਕਰ ਕੇ ਕਤਲ ਕਰ ਦਿੱਤੇ ਜਾਣ। ਇਸੇ ਦਿਨ ਇਨ੍ਹਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸ਼ਰਤ 'ਤੇ ਜਾਨ ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ, ਪਰ ਇਕ ਵੀ ਸਿੱਖ ਮੁਸਲਮਾਨ ਬਣਨ ਵਾਸਤੇ ਰਾਜ਼ੀ ਨਾ ਹੋਇਆ। ਉਹ ਸਾਰੇ 'ਵਾਹਿਗੁਰੂ ਵਾਹਿਗੁਰੂ' ਕਹਿੰਦੇ ਹੋਏ ਸ਼ਹੀਦ ਹੋ ਗਏ। ਉਹ ਤਾਂ ਸਗੋਂ ਇਹ ਕਹਿੰਦੇ ਰਹੇ '*ਮੁਕਤਾ* (ਮੁਕਤ ਕਰਨ ਵਾਲਾ, ਯਾਨਿ ਜੱਲਾਦ), *ਮੈਨੂੰ ਪਹਿਲੋਂ ਸ਼ਹੀਦ ਕਰ।*' (ਖ਼ਾਫ਼ੀ ਖ਼ਾਨ, ਜਿਲਦ 2, ਸਫ਼ਾ 766, *ਹਕੀਕਤ-ਇ-ਬਿਨਾ-ਓ-ਅਰੂਜ਼-ਇ-ਸਿੱਖਾਂ*, ਸਫ਼ਾ 10)। ਇਹ ਸ਼ਹੀਦੀਆਂ ਉਦੋਂ ਦੀ ਕੋਤਵਾਲੀ ਦੇ ਬਾਹਰ, ਚਾਂਦਨੀ ਚੌਕ ਵਿਚ, ਹੋਈਆਂ ਸਨ (ਇਹ ਉਹੀ ਥਾਂ ਹੈ ਜਿੱਥੇ 11 ਨਵੰਬਰ 1675 ਦੇ ਦਿਨ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਸ਼ਹੀਦ ਕੀਤ ਗਿਆ ਸੀ)।

1752: ਦੀਵਾਨ ਕੌੜਾ ਮਲ ਮਾਰਿਆ ਗਿਆ

5 ਮਾਰਚ 1752 ਦੇ ਦਿਨ ਮਹਿਮੂਦ ਬੂਟੀ ਪਿੰਡ ਵਿਚ ਅਹਿਮਦ ਸ਼ਾਹ ਦੁਰਾਨੀ ਅਤੇ ਮੁਗ਼ਲਾਂ ਵਿਚਕਾਰ ਹੋਈ ਲੜਾਈ ਵਿਚ ਗੋਲੀ ਲੱਗਣ ਕਾਰਨ ਸਿੱਖਾਂ ਦਾ ਹਮਦਰਦ ਦੀਵਾਨ ਕੌੜਾ ਮਲ ਮਾਰਿਆ ਗਿਆ।

1892: ਖਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ

ਅੰਮ੍ਰਿਤਸਰ ਵਿਚ ਖਾਲਸਾ ਕਾਲਜ ਦੀ ਨੀਂਹ 5 ਮਾਰਚ 1892 ਦੇ ਦਿਨ ਅੰਮ੍ਰਿਤਸਰ ਵਿਚ ਰੱਖੀ ਗਈ ਸੀ। ਨੀਂਹ ਰਖਣ ਵੇਲੇ ਗਵਰਨਰ ਜੇ. ਬੀ. ਲਾਇਲ, ਪੰਜਾਬ ਦੇ ਸਿੱਖ ਮਹਾਰਾਜੇ ਅਤੇ ਬਹੁਤ ਸਾਰੇ ਮੁਖੀ ਸਿੱਖ ਆਗੂ ਹਾਜ਼ਰ ਸਨ।

1953: ਪੈਪਸੂ ਵਿਚ ਚੀਫ਼ ਮਨਿਸਟਰ ਗਿਆਨ ਸਿੰਘ ਰਾੜੇਵਾਲਾ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਤੋੜ ਦਿੱਤੀ ਗਈ

1952 ਵਿਚ ਭਾਰਤ ਭਰ ਵਿਚ ਆਮ ਚੋਣਾਂ ਹੋਈਆਂ। ਆਮ ਚੋਣਾਂ ਵਿਚ ਅਕਾਲੀ ਦਲ ਨੂੰ ਪੰਜਾਬ ਵਿਚ ਕਾਫ਼ੀ ਹਾਰ ਹੋਈ ਪਰ ਪੈਪਸੂ ਵਿਚ ਕਾਂਗਰਸ ਦੇ ਸਭ ਤੋਂ ਵੱਡੇ ਥੰਮ ਗਿਆਨੀ ਜ਼ੈਲ ਸਿੰਘ ਨੂੰ ਅਕਾਲੀ ਉਮੀਦਵਾਰ ਕੰਵਰ ਮਨਜੀਤ ਇੰਦਰ ਸਿੰਘ ਨੇ ਫਰੀਦਕੋਟ ਸੀਟ 'ਤੇ 7000 ਵੋਟਾਂ ਨਾਲ ਕਰਾਰੀ ਹਾਰ ਦਿੱਤੀ। ਪੈਪਸੂ ਵਿਚ ਅਕਾਲੀ ਦਲ ਦੀ ਕਮਾਨ ਹੇਠਾਂ 'ਸਾਂਝਾ ਮੋਰਚਾ' ਸਰਕਾਰ ਬਣ ਗਈ। ਗਿਆਨ ਸਿੰਘ ਰਾੜੇਵਾਲਾ ਮੁਖ ਮੰਤਰੀ ਬਣਿਆ। ਇਸ ਹਕੂਮਤ ਨੂੰ ਕਾਂਗਰਸ ਚੱਲਣ ਨਹੀਂ ਦੇਣਾ ਚਾਹੁੰਦੀ ਸੀ। ਜਦੋਂ ਰਾੜੇਵਾਲਾ ਨੇ ਪਛੜੀਆਂ ਜ਼ਾਤਾਂ ਵਿਚੋਂ ਇਕ ਵਜ਼ੀਰ ਬਣਾਉਣਾ ਚਾਹਿਆ ਤਾਂ ਇਸ ਦੀ ਇਜਾਜ਼ਤ ਨਾ ਦਿੱਤੀ ਗਈ। ਇਹ ਗੱਲ ਡਾਕਟਰ ਅੰਬੇਦਕਰ ਤਕ ਪਹੁੰਚੀ ਤਾਂ ਉਸ ਨੇ ਇਕ ਬਿਆਨ ਵਿਚ ਕਿਹਾ ਕਿ ''ਕੇਂਦਰ ਦੀ ਹਿੰਦੂ ਕਾਂਗਰਸ ਪਾਰਟੀ ਦਲਿਤ, ਵਾਂਝੇ ਰਖੇ ਗਏ ਅਤੇ ਦੁਖੀ ਘਟ ਗਿਣਤੀਆਂ ਨੂੰ ਫ਼ਿਰਕੂ ਕਹਿ ਕਿ ਅਪਣੀ ਫ਼ਿਰਕਾਪ੍ਰਸਤੀ ਨੂੰ ਲੁਕਾਉਣਾ ਚਾਹੁੰਦੀ ਹੈ। ਏਸ ਜ਼ੁਲਮ ਦੀ ਮਿਆਦ ਦੇ ਦਿਨ ਥੋੜ੍ਹੇ ਹਨ। ਕਿਸੇ ਦਿਨ ਇਹ ਸਭ ਮਿਲ ਕੇ ਹਿੰਦੂ ਅਸਰ ਵਾਲੀ ਕਾਂਗਰਸ ਦਾ ਖ਼ਾਤਮਾ ਕਰ ਦੇਣਗੇ।'

ਪੈਪਸੂ ਵਿਚ ਗਿਆਨ ਸਿੰਘ ਰਾੜੇਵਾਲੇ ਦੇ ਖ਼ਿਲਾਫ਼ ਚੋਣ ਪਟੀਸ਼ਨ ਹੋਈ-ਹੋਈ ਸੀ। ਚਾਰ ਮਾਰਚ 1953 ਨੂੰ ਅਦਾਲਤ ਨੇ ਰਾੜੇਵਾਲਾ ਦੀ ਚੋਣ ਰੱਦ ਕਰ ਦਿੱਤੀ। ਇਸ ਵੇਲੇ ਵੀ 51 'ਚੋਂ 27 ਮੈਂਬਰ ਯੂਨਾਇਟਡ ਫ਼ਰੰਟ ਦੇ ਸਨ ਪਰ ਫਿਰ ਵੀ ਅਗਲੇ ਹੀ ਦਿਨ **5 ਮਾਰਚ ਨੂੰ ਪੈਪਸੂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ**। ਇਸ ਤੋਂ ਕੁਝ ਦਿਨ ਪਹਿਲਾਂ 24 ਫ਼ਰਵਰੀ 1953 ਦੇ ਦਿਨ ਮਾਸਟਰ ਤਾਰਾ ਸਿੰਘ ਇਕ ਜਲਸੇ ਉਪਰ ਲੱਗੀ ਪਾਬੰਦੀ ਤੋੜਨ 'ਤੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ (ਇਹ 15 ਅਗਸਤ 1947 ਮਗਰੋਂ ਤੀਜੀ ਵਾਰੀ ਗ੍ਰਿਫ਼ਤਾਰੀ ਸੀ) ਫਿਰ ਵੀ ਪੈਪਸੂ ਦੇ ਸਿੱਖਾਂ ਨੇ ਇੰਦਰ ਸਿੰਘ ਲਹਿਰੀ ਅਤੇ ਭੁਪਿੰਦਰ ਸਿੰਘ ਮਾਨ ਦੀ ਅਗਵਾਈ ਹੇਠਾਂ 10,000 ਲੋਕਾਂ ਦਾ ਇਕ ਵੱਡਾ ਜਲੂਸ ਕੱਢਿਆ ਅਤੇ ਪੈਪਸੂ ਦੀ ਸਰਕਾਰ ਤੋੜਨ ਦੇ ਖ਼ਿਲਾਫ਼ ਕੌਂਸਲਰ ਵੀ. ਕੇ. ਪਿੱਲੇ ਦੀ ਕੋਠੀ ਦੇ ਬਾਹਰ ਸਿਆਪਾ ਕੀਤਾ ਅਤੇ ਸੈਕਟਰੀਏਟ ਦੇ ਬਾਹਰ 'ਜਮਹੂਰੀਅਤ' ਦਾ ਮੁਰਦਾ ਸਾੜਿਆ। ਸਾਂਝੇ ਮੋਰਚੇ ਕੋਲ ਅਕਸਰੀਅਤ ਹੋਣ ਦੇ ਬਾਵਜੂਦ ਸਰਕਾਰ ਤੋੜ ਕੇ ਜਮਹੂਰੀਅਤ ਦਾ ਗਲਾ ਘੁੱਟੇ ਜਾਣ ਦੀ ਭਾਰਤ ਵਿਚ ਇਹ ਪਹਿਲੀ ਘਟਨਾ ਸੀ ਜਿਸ ਦਾ ਸ਼ਿਕਾਰ ਅਕਾਲੀ ਦਲ ਦੀ ਸਰਕਾਰ ਬਣੀ।

1955: ਪੰਜਾਬ ਹਿੰਦੂ ਕਾਨਫ਼ਰੰਸ ਵੱਲੋਂ ਪੰਜਾਬੀ ਸੂਬਾ ਦੀ ਹਿਮਾਇਤ

5 ਮਾਰਚ 1955 ਦੇ ਦਿਨ ਪਟਿਆਲੇ ਵਿਚ ਇਕ ਹਿੰਦੂ ਕਾਨਫ਼ਰੰਸ ਹੋਈ। ਇਸ ਵਿਚ ਸੇਠ ਰਾਮ ਨਾਥ, ਠਾਕਰ ਨਵਲ ਕਿਸ਼ੋਰ, ਚੌਧਰੀ ਕਰਤਾਰ ਸਿੰਘ ਵੀ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ। ਅਪ੍ਰੈਲ ਵਿਚ ਅੰਬਾਲੇ ਵਿਚ ''ਆਲ ਇੰਡੀਆ ਲਿੰਗੁਇਸਟਿਕ ਕਾਨਫ਼ਰੰਸ'' ਹੋਈ। ਇਸ ਦੀ ਪ੍ਰਧਾਨਗੀ ਡਾਕਟਰ ਲੰਕਾ

ਸੁੰਦਰਮ ਨੇ ਕੀਤੀ। ਇਸ ਕਾਨਫਰੰਸ ਨੇ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ।

1988: ਗੁਰਮੇਲ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪੰਜ ਮਾਰਚ 1988 ਦੇ ਦਿਨ ਗੁਰਮੇਲ/ਗੁਰਵੇਲ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਖਿਆਲਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਵਤਾਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪੰਜ ਮਾਰਚ 1991 ਦੇ ਦਿਨ ਅਵਤਾਰ ਸਿੰਘ (ਪੁੱਤਰ ਸੌਦਾਗਰ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਰਮਿੰਦਰ ਸਿੰਘ ਟੈਨੀ ਤੇ ਉਸ ਦੀ ਪਤਨੀ ਮਨਜੀਤ ਕੌਰ ਸ਼ਹੀਦ

ਪੰਜ ਮਾਰਚ 1993 ਦੇ ਦਿਨ ਖਾੜਕੂ **ਰਮਿੰਦਰਜੀਤ ਸਿੰਘ ਟੈਨੀ** ਤੇ ਉਸ ਦੀ ਦਲੇਰ ਪਤਨੀ **ਮਨਜੀਤ ਕੌਰ** ਜਦ ਪਟਿਆਲਾ ਤੋਂ ਲੁਧਿਆਣਾ ਜਾਂਦਿਆਂ ਬੱਸ ਵਿਚ ਸਫ਼ਰ ਕਰ ਰਹੇ ਸਨ। ਪੁਲਸ ਨੂੰ ਇਸ ਦੀ ਮੁਖ਼ਬਰੀ ਮਿਲ ਚੁਕੀ ਸੀ। ਖੰਨਾ ਕੋਲ ਪੁਲਿਸ ਨੇ ਉਨ੍ਹਾਂ ਦੀ ਬਸ ਨੂੰ ਰੋਕ ਲਿਆ। ਰਮਿੰਦਰ ਸਿੰਘ ਤੇ ਮਨਜੀਤ ਕੌਰ ਨੇ ਪਿਸਤੌਲਾਂ ਤਾਣ ਲਈਆਂ ਅਤੇ ਸਾਰੀਆਂ ਸਵਾਰੀਆਂ ਨੂੰ ਥੱਲੇ ਉਤਰਨ ਵਾਸਤੇ ਕਹਿ ਦਿੱਤਾ। ਇਸ ਮਗਰੋਂ ਉਨ੍ਹਾਂ ਨੇ ਪੁਲਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਅਸਲਾ ਮੁੱਕ ਜਾਣ ਮਗਰੋਂ ਪੋਟਾਸ਼ੀਅਮ ਸਾਇਆਨਾਈਡ ਦੇ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਰਮਿੰਦਰ ਸਿੰਘ ਟੈਨੀ ਖ਼ਾਲਿਸਤਾਨ ਲਹਿਰ ਦਾ ਬਹੁਤ ਸਰਗਰਮ ਕਾਰਕੁੰਨ ਸੀ। ਉਹ ਪਹਿਲਾਂ ਵੀ ਦੋ ਵਾਰ ਗ੍ਰਿਫ਼ਤਾਰ ਹੋ ਚੁਕਾ ਸੀ। ਉਸ ਦੀ ਆਖ਼ਰੀ ਗ੍ਰਿਫ਼ਤਾਰੀ 28 ਫ਼ਰਵਰੀ 1991 ਦੀ ਸੀ ਤੇ ਉਹ 25 ਫ਼ਰਵਰੀ 1992 ਦੇ ਦਿਨ ਪੁਲਸ ਹਿਰਾਸਤ ਵਿਚੋਂ ਦੌੜ ਗਿਆ ਸੀ ਤੇ ਮਫ਼ਰੂਰ ਸਨ।

2013: ਰਾਧਾ ਸੁਆਮੀਆਂ ਨੇ ਪਿੰਡ ਵੜੈਚ ਚ ਨਵੇਂ ਗੁਰਦੁਆਰੇ ਦੀ ਇਮਾਰਤ ਦੀ ਨੀਂਹ ਰੱਖੀ

ਰਾਧਾ ਸੁਆਮੀ ਡੇਰਾ ਬਿਆਸ, ਜਿਸ ਨੇ ਪਿਛਲੇ ਕੁਝ ਸਾਲਾਂ ਵਿਚ, ਡੇਰੇ ਦੇ ਆਲੇ ਦੁਆਲੇ ਦੇ ਬਹੁਤ ਸਾਰੇ ਪਿੰਡਾਂ ਦੀ ਜ਼ਮੀਨ ਹਾਸਿਲ ਕਰ ਲਈ ਹੋਈ ਸੀ, ਨੇ ਜੁਲਾਈ 2012 ਵਿਚ ਵੜੈਚ ਪਿੰਡ ਦੀ ਜ਼ਮੀਨ ਵੀ ਖ਼ਰੀਦ ਲਈ; ਇਸ ਵਿਚ ਇਕ ਗੁਰਦੁਆਰਾ ਦੀ ਜ਼ਮੀਨ ਵੀ ਸ਼ਾਮਿਲ ਸੀ।ਦੋ ਸਾਲ ਤੋਂ ਇਸ ਗੁਰਦੁਆਰੇ ਦੀ ਬੱਤੀ ਵੀ ਬੰਦ ਕਰ ਦਿੱਤੀ ਹੋਈ ਸੀ। 6 ਜੁਲਾਈ ਦੇ ਦਿਨ ਰਾਧਾ ਸੁਆਮੀਆਂ ਨੇ ਉਸ ਗੁਰਦੁਆਰਾ ਇਮਾਰਤ ਦੀ ਬਾਹਰਲੀ ਕੰਧ ਢਾਹ ਦਿੱਤੀ। ਜਦ ਇਸ ਦੀ ਖ਼ਬਰ ਬਾਹਰ ਫੈਲੀ ਤਾਂ ਕੁਝ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰੇ ਦੀ ਕੰਧ ਦੋਬਾਰਾ ਉਸਾਰਨ ਵਾਸਤੇ ਜੱਦੋਜਹਿਦ ਦਾ ਐਲਾਨ ਕਰ ਦਿੱਤਾ। ਹਾਲਾਂ ਕਿ ਇਹ ਗੁਰਦੁਆਰਾ ਤਵਾਰੀਖ਼ੀ ਨਹੀਂ ਸੀ ਅਤੇ ਨਾ ਹੀ ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ; ਪਰ, ਗਰਮ ਖਿਆਲੀ ਜਾਣੀਆਂ ਜਾਂਦੀਆਂ ਜਥੇਬੰਦੀਆਂ ਨੇ ਇਸ ਮਸਲੇ ਨੂੰ ਚੁੱਕਣ ਦਾ ਫ਼ੈਸਲਾ ਕਰ ਲਿਆ। ਪਹਿਲਾਂ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਬਾਦਲ ਦੇ ਵਫ਼ਾਦਾਰ ਸਨ ਤੇ ਬਾਦਲ ਰਾਧਾਸੁਆਮੀਆਂ ਨਾਲ ਦੋਸਤੀ ਰਖਦਾ ਸੀ; ਇਸ ਕਰ ਕੇ ਇਹ ਡਰਾਮਾ ਫ਼ਲਾਪ ਹੋਣਾ ਹੀ ਸੀ। ਫਿਰ 21 ਅਗਸਤ ਦੇ ਦਿਨ ਇਨ੍ਹਾਂ ਜਥੇਬੰਦੀਆਂ ਨੇ ਇਕ ਐਕਸ਼ਨ ਕਮੇਟੀ ਕਾਇਮ

ਕਰ ਲਈ ਜਿਸ ਵਿਚ ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ, ਦਾਦੂਵਾਲ ਦਾ ਸਾਧ ਬਲਜੀਤ ਸਿੰਘ, ਸਿੰਘ ਮੰਡ (ਅੰਮ੍ਰਿਤਸਰ ਅਕਾਲੀ ਦਲ- ਮਾਨ), ਗੁਰਤੇਜ ਸਿੰਘ ਸਾਬਕਾ ਆਈ.ਏ.ਐਸ., ਕੁਲਬੀਰ ਸਿੰਘ ਬੜਾਪਿੰਡ (ਅਕਾਲੀ ਦਲ- ਪੰਚ ਪ੍ਰਧਾਨੀ), ਅਮਰੀਕ ਸਿੰਘ ਅਜਨਾਲਾ (ਭਿੰਡਰਾਂ ਮਹਿਤਾ ਜਥਾ), ਦਲ ਖ਼ਾਲਸਾ ਦਾ ਕੰਵਰਪਾਲ ਸਿੰਘ ਬਿੱਟੂ ਤੇ ਸਰਬਜੀਤ ਸਿੰਘ ਸੋਹਲ, ਬਲਜੀਤ ਸਿੰਘ (ਐਡੀਟਰ ਵੰਗਾਰ), ਸਤਿਕਾਰ ਕਮੇਟੀ ਨਾਂ ਦੀ ਇਕ ਆਪੇ ਬਣੀ ਕਮੇਟੀ ਵਗ਼ੈਰਾ ਵੀ ਸ਼ਾਮਿਲ ਸਨ। ਇਸ ਕਮੇਟੀ ਨੇ ਗੁਰਦੁਆਰੇ ਦੀ ਇਮਾਰਤ ਨੂੰ ਦੋਬਾਰਾ ਉਸਾਰਨ ਦਾ ਐਲਾਨ ਕਰ ਦਿੱਤਾ ਅਤੇ ਇਸ ਵਾਸਤੇ 2 ਸਤੰਬਰ ਨੂੰ ਵੜੈਚ ਪਿੰਡ ਵਿਚ ਜਾ ਕੇ ਅਰਦਾਸ ਦਿਨ ਮਨਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹੀ ਰਾਧਾ ਸੁਆਮੀ ਡੇਰੇ ਦੇ ਮੁਖੀ ਗੁਰਿੰਦਰ ਢਿੱਲੋਂ ਨੇ ਵਿਚੋਲਿਆਂ ਰਾਹੀਂ ਇਸ ਕਮੇਟੀ ਦੇ ਕੁਝ ਆਗੂਆਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ। ਉਹ ਸਿਮਰਨਜੀਤ ਸਿੰਘ ਮਾਨ ਤੇ ਬਲਜੀਤ ਸਿੰਘ ਦਾਦੂਵਾਲ ਨਾਲ ਗਲਬਾਤ ਕਰਨ ਵਿਚ ਕਾਮਯਾਬ ਹੋ ਗਿਆ।ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਤਕ ਪਹੁੰਚ ਕੀਤੀ ਅਤੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਅਰਜ਼ ਕੀਤੀ। ਸਿਮਰਨਜੀਤ ਸਿੰਘ ਮਾਨ ਨੇ ਸ਼ਰਤ ਰੱਖੀ ਕਿ ਕਿ ਢਿੱਲੋਂ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਮੁਆਫ਼ੀ ਮੰਗੇ। ਇਸ 'ਤੇ ਰਾਧਾ ਸੁਆਮੀ ਡੇਰੇ ਦਾ ਮੁਖੀ ਗੁਰਿੰਦਰ ਢਿੱਲੋਂ 25 ਸਤੰਬਰ 2012 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਥੇ ਮੱਥਾ ਟੇਕਿਆ, ਜਿਸ ਦਾ ਮਤਲਬ ਉਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਅਧੀਨਗੀ ਮੰਨਣਾ ਸੀ। ਇਸ ਮਗਰੋਂ 9 ਨਵੰਬਰ ਦੇ ਦਿਨ ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਨਾਲ ਵੱਖ-ਵੱਖ ਖ਼ੁਫ਼ੀਆ ਮੁਲਾਕਾਤ ਵੀ ਕੀਤੀ ਅਤੇ ਉਨ੍ਹਾਂ ਦੀਆਂ ਕੁਝ ਸ਼ਰਤਾਂ ਮੰਨ ਕੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਮਨਾ ਲਿਆ।ਗੁਰਿੰਦਰ ਢਿੱਲੋਂ ਦਾ ਇਹ ਕਦਮ ਉਸ ਵੱਲੋਂ ਪੰਥ ਅੱਗੇ ਸਿਰ ਝੁਕਾਉਣਾ ਮੰਨਿਆ ਗਿਆ। (ਮਗਰੋਂ 7 ਜੂਨ 2013 ਦੇ ਦਿਨ ਗੁਰਿੰਦਰ ਢਿੱਲੋਂ ਸਿਮਰਨਜੀਤ ਸਿੰਘ ਮਾਨ ਦੇ ਘਰ ਫ਼ਤਹਿਗੜ੍ਹ ਸਾਹਿਬ ਵੀ ਗਿਆ)। ਸਿਮਰਨਜੀਤ ਸਿੰਘ ਮਾਨ ਤੇ ਦਾਦੂਵਾਲ ਤਕ ਤਾਂ ਰਾਧਾਸੁਆਮੀ ਡੇਰੇ ਦੇ ਮੁਖੀ ਨੇ ਨਿਜੀ ਪਹੁੰਚ ਕੀਤੀ ਸੀ ਪਰ ਬਾਕੀ ਦੇ ਸਾਰੇ ਕਿਉਂ ਮੋਅਕ ਮਾਰ ਗਏ, ਇਸ ਦਾ ਪਤਾ ਨਹੀਂ ਲਗ ਸਕਿਆ। ਖ਼ੈਰ, ਸਿੱਖਾਂ ਅਤੇ ਰਾਧਾਸੁਆਮੀਆਂ ਵਿਚਕਾਰ 25 ਅਕਤੂਬਰ 2012 ਦੇ ਦਿਨ 'ਸਮਝੌਤਾ' ਹੋ ਗਿਆ। ਇਸ ਮਗਰੋਂ 21 ਨਵੰਬਰ ਦੇ ਦਿਨ ਰਾਧਾਸੁਆਮੀਆਂ ਨੇ ਐਲਾਨ ਕੀਤਾ ਕਿ ਉਹ ਵੜੈਚ ਪਿੰਡ ਵਿਚ (ਕਿਸੇ ਹੋਰ ਥਾਂ 'ਤੇ) ਇਕ ਨਵਾਂ ਗੁਰਦੁਆਰਾ ਬਣਾ ਕੇ ਦੇਣਗੇ। ਇਸ ਸਮਝੌਤੇ ਵਿਚ ਇਹ ਵੀ ਹੋਇਆ ਕਿ ਰਾਧਾਸੁਆਮੀ ਮੁਖੀ ਬਲਜੀਤ ਸਿੰਘ ਦਾਦੂਵਾਲ ਦੇ ਏਨਾ ਨੇੜੇ ਆ ਗਿਆ ਕਿ 3 ਅਪ੍ਰੈਲ 2013 ਦੇ ਦਿਨ ਜਦ ਬਲਜੀਤ ਸਿੰਘ ਨੇ ਵਿਆਹ ਕਰਵਾਇਆ ਤਾਂ ਗੁਰਿੰਦਰ ਢਿੱਲੋਂ ਇਸ ਇਸ ਦੀ ਬਰਾਤ ਅਤੇ ਅਨੰਦ ਕਾਰਜ ਵਿਚ ਸ਼ਾਮਿਲ ਹੋਣ ਵਾਸਤੇ ਪਿੰਡ ਸਰਾਏ ਨਾਗਾ ਪਹੁੰਚਿਆ। ਅਖ਼ੀਰ ਇਸ ਨਵੀ ਇਮਾਰਤ ਦੀ ਨੀਂਹ 5 ਮਾਰਚ 2013 ਦੇ ਦਿਨ ਰੱਖੀ ਗਈ। ਇਸ ਮੌਕੇ ਤੇ ਬਲਜੀਤ ਸਿੰਘ ਦਾਦੂਵਾਲ ਤੇ ਰਾਧਾਸੁਆਮੀ ਮੁਖੀ ਗੁਰਿੰਦਰ ਢਿੱਲੋਂ ਆਪ ਹਾਜ਼ਰ ਹੋਏ।

2014: ਨਾਭਾ ਬੰਬ ਕਾਂਡ ਵਿਚ ਬਖ਼ਸ਼ੀਸ਼ ਸਿੰਘ ਬਾਬਾ ਤੇ ਪਰਗਟ ਸਿੰਘ ਬਰੀ ਹੋਏ

5 ਮਾਰਚ 2014 ਦੇ ਦਿਨ ਪਟਿਆਲਾ ਐਡੀਸ਼ਨਲ ਸੈਸ਼ਨ ਜਜ ਨੇ ਨਾਭਾ ਬੰਬ ਕਾਂਡ ਵਿਚ ਬਖ਼ਸ਼ੀਸ਼ ਸਿੰਘ ਬਾਬਾ ਤੇ ਪਰਗਟ ਸਿੰਘ ਬਰੀ ਕੀਤੇ। ਅਦਾਲਤ ਨੇ ਦੋ ਸਿੱਖਾਂ ਜਸਬੀਰ ਸਿੰਘ ਸੰਗਰੂਰ ਤੇ ਹਰਜੀਤ ਗੁਰਦਾਸਪੁਰ ਨੂੰ ਸਜ਼ਾ ਦਿੱਤੀ ਕਿਉਂ ਕਿ ਉਨ੍ਹਾਂ ਨੇ ਆਪਣਾ ਦੋਸ਼ ਮੰਨ ਲਿਆ ਸੀ।

6 ਮਾਰਚ

1986: ਖਾੜਕੂਆਂ ਨੇ ਕਪੂਰਥਲਾ ਡੀ.ਐਸ.ਪੀ. ਤੇ ਗੋਲੀਆਂ ਚਲਾਈਆਂ

6 ਮਾਰਚ 1986 ਨੂੰ ਕਪੂਰਥਲੇ 'ਚ ਡੀ.ਐਸ.ਪੀ. ਜਰਨੈਲ ਸਿੰਘ ਬਰਾੜ (ਜਿਸ ਨੇ ਸਿੱਖਾਂ ਤੇ ਬੇਪਨਾਹ ਤਸ਼ੱਦਦ ਕੀਤੀ ਸੀ) ਉੱਤੇ ਖਾੜਕੂਆਂ ਨੇ ਹਮਲਾ ਕੀਤਾ। ਪਿਛੇ ਆਉਂਦਾ ਸ਼ਰੋਮਣੀ ਕਮੇਟੀ ਦਾ ਐਕਟਿੰਗ ਪ੍ਰਧਾਨ ਕਾਬਲ ਸਿੰਘ ਵੀ ਇਸ ਹਮਲੇ ਜ਼ਖ਼ਮੀ ਹੋ ਗਿਆ। ਇਸ ਹਮਲੇ ਵਿਚ ਡੀ.ਐਸ.ਪੀ. ਜਰਨੈਲ ਸਿੰਘ ਤਾਂ ਬਚ ਗਿਆ ਪਰ 7 ਬੰਦੇ ਮਰੇ ਤੇ 14 ਜ਼ਖ਼ਮੀ ਹੋਏ।

1988: ਸਿਮਰਨਜੀਤ ਸਿੰਘ ਮਾਨ ਦੇ ਰਾਜ ਸਭਾ ਵਾਸਤੇ ਚੁਣੇ ਜਾਣ ਤੋਂ ਰੋਕਣ ਵਾਸਤੇ ਚੋਣ ਤੋਂ ਕੁਝ ਦਿਨ ਪਹਿਲਾਂ ਪੰਜਾਬ ਅਸੈਂਬਲੀ ਤੋੜ ਦਿਤੀ ਗਈ

ਮਾਰਚ 1988 ਵਿਚ ਇਕ ਪਾਸੇ ਸਰਕਾਰ ਨੇ ਜਸਬੀਰ ਸਿੰਘ ਰੋਡੇ ਨੂੰ ਰਿਹਾ ਕਰਨ ਵਾਲਾ ਹਥਿਆਰ ਵਰਤਿਆ ਤੇ ਦੂਜੇ ਪਾਸੇ ਜਬਰ ਦੀ ਪਾਲਸੀ ਵੀ ਜਾਰੀ ਰਖੀ। ਹੋਰ ਤਾਂ ਹੋਰ 6 ਮਾਰਚ ਨੂੰ ਪੰਜਾਬ ਅਸੈਂਬਲੀ ਵੀ ਤੋੜ ਦਿਤੀ ਗਈ। ਇਸ ਦਾ ਇਕੋ ਇਕ ਮਤਲਬ ਸਿਮਰਨਜੀਤ ਸਿੰਘ ਮਾਨ ਨੂੰ ਰਾਜ ਸਭਾ 'ਚ ਚੁਣੇ ਜਾਣ ਤੋਂ ਰੋਕਣਾ ਸੀ। ਜਸਬੀਰ ਸਿੰਘ ਰੋਡੇ ਇਹ ਨਹੀਂ ਸੀ ਚਾਹੁੰਦਾ ਕਿ ਸਿਮਰਨਜੀਤ ਸਿੰਘ ਮਾਨ ਚੁਣਿਆ ਜਾਵੇ ਜਾਂ ਉਸ ਨੂੰ ਰਿਹਾ ਕੀਤਾ ਜਾਵੇ। ਦਰਅਸਲ ਰੋਡੇ ਚਾਹੁੰਦਾ ਸੀ ਕਿ ਮਾਨ ਰਿਹਾ ਨਾ ਹੋਵੇ ਵਰਨਾ ਮਾਨ ਨੇ ਜਸਬੀਰ ਸਿੰਘ ਤੇ ਸਰਕਾਰ ਵਿਚ ਸੌਦੇਬਾਜ਼ੀ ਨਹੀਂ ਸੀ ਹੋਣ ਦੇਣੀ।ਮਗਰੋਂ 15 ਮਾਰਚ ਨੂੰ ਰਾਜ ਸਭਾ ਵਿਚ 'ਪੰਜਾਬ ਵਿਚ 3 ਸਾਲ ਵਾਸਤੇ ਐਮਰਜੈਂਸੀ' ਲਾਉਣ ਬਾਰੇ ਬਿਲ ਪਾਸ ਕੀਤਾ ਗਿਆ।ਪਹਿਲਾਂ ਜਦੋਂ ਕਲਾਜ਼ਿਜ਼ ਤੇ ਵੋਟਾਂ ਪਈਆਂ ਤਾਂ ਅਪੋਜ਼ੀਸ਼ਨ ਪਾਰਟੀਆਂ ਨੇ ਇਸ ਦੇ ਖ਼ਿਲਾਫ਼ ਵੋਟਾਂ ਪਾਈਆਂ। ਹਰ ਕਲਾਜ਼ 54 ਦੇ ਮੁਕਾਬਲੇ 157 ਵੋਟਾਂ ਨਾਲ ਪਾਸ ਹੋਈ। ਪਰ ਸਾਰੇ ਬਿਲ ਨੂੰ ਪਾਸ ਕਰਨ ਵੇਲੇ ਅਪੋਜ਼ੀਸ਼ਨ ਵਾਕ ਆਊਟ ਕਰ ਗਈ। ਇਸ ਦਾ ਗੁੱਝਾ ਮਕਸਦ ਇਹ ਸੀ ਕਿ ਬਿਲ ਇਕ-ਰਾਏ ਨਾਲ ਪਾਸ ਹੋਵੇ, ਨਾ ਕਿ ਅਕਸਰੀਅਤ ਨਾਲ।

1989: ਜੋਧਪੁਰ ਜੇਲ੍ਹ ਤੋਂ, 1984 ਜੂਨ ਵਿਚ ਕੈਦ ਕੀਤੇ, 188 ਸਿੱਖ ਕੈਦੀ ਰਿਹਾ ਕੀਤੇ ਗਏ

6 ਮਾਰਚ 1989 ਦੇ ਦਿਨ ਜੂਨ 1984 ਵਿਚ ਦਰਬਾਰ ਸਾਹਿਬ ਅਤੇ ਹੋ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਜੋਧਪੁਰ ਜੇਲ੍ਹ ਵਿਚ ਰਖੇ ਸਾਰੇ ਸਿੱਖ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ।

1989: ਦਿਆਲ ਸਿੰਘ ਵੇਰਕਾ ਨਕਲੀ ਮੁਕਾਬਲੇ ਵਿਚ ਸ਼ਹੀਦ

6 ਮਾਰਚ 1989 ਦੇ ਦਿਨ ਪੰਜਾਬ ਪੁਲਸ ਨੇ ਦਿਆਲ ਸਿੰਘ ਉਰਫ਼ ਦਿਆਲਾ ਉਰਫ਼ ਫਾਰਮੇਸੀ ਔਲਖ (ਪੁੱਤਰ ਅਜਮੇਰ ਸਿੰਘ, ਵਾਸੀ ਵੇਰਕਾ ਅੰਮ੍ਰਿਤਸਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਲਵਿੰਦਰ ਸਿੰਘ ਛਿੰਦਾ ਤੇ ਬਲਜੀਤ ਸਿੰਘ ਹਰਸ਼ਾ ਛੀਨਾ ਤੇ ਸ਼ਮਸ਼ੇਰ ਸਿੰਘ ਖੱਬੇ ਰਾਜਪੂਤਾਂ) ਨਕਲੀ ਮੁਕਾਬਲੇ ਵਿਚ ਸ਼ਹੀਦ

6 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਸਲਵਿੰਦਰ ਸਿੰਘ ਛਿੰਦਾ ਤੇ ਬਲਜੀਤ ਸਿੰਘ (ਦੋਵੇਂ ਵਾਸੀ ਹਰਸ਼ਾ ਛੀਨਾ, ਅੰਮ੍ਰਿਤਸਰ), ਸ਼ਮਸ਼ੇਰ ਸਿੰਘ (ਵਾਸੀ ਖੱਬੇ ਰਾਜਪੂਤਾਂ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਰਜਨ ਸਿੰਘ, ਅਵਤਾਰ ਸਿੰਘ ਤੇ ਕੁਲਦੀਪ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਛੇ ਮਾਰਚ 1992 ਦੇ ਦਿਨ ਅਰਜਨ ਸਿੰਘ (ਪੁੱਤਰ ਬੂੜ ਸਿੰਘ, ਵਾਸੀ ਸਹਿੰਸਰਾ, ਜ਼ਿਲ੍ਹਾ ਅੰਮ੍ਰਿਤਸਰ), ਅਵਤਾਰ ਸਿੰਘ ਤਾਰੀ ਤੇ ਕੁਲਦੀਪ ਸਿੰਘ ਲੱਡੂ ਨੂੰ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿਤਾ ਗਿਆ।

1993: ਮਹਿੰਦਰ ਸਿੰਘ, ਦਰਸ਼ਨ ਸਿੰਘ, ਗੁਰਮੀਤ ਸਿੰਘ, ਜਗਤਾਰ ਸਿੰਘ, ਬਿੱਕਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਛੇ ਮਾਰਚ 1993 ਦੇ ਦਿਨ ਪੁਲੀਸ ਨੇ ਮਹਿੰਦਰ ਸਿੰਘ (ਪੁੱਤਰ ਰਾਮ ਰੱਖਾ ਸਿੰਘ, ਵਾਸੀ ਬਾਲੀਆਂ, ਜ਼ਿਲ੍ਹਾ ਸੰਗਰੂਰ), ਗੁਰਦੀਪ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਸਿੰਘਪੁਰਾ ਰੋਡ, ਕੁਰਾਲੀ), ਦਰਸ਼ਨ ਸਿੰਘ ਅਕਲੀਆ, ਗੁਰਮੀਤ ਸਿੰਘ ਮੁਕਤਸਰ, ਜਗਤਾਰ ਸਿੰਘ, ਬਿੱਕਰ ਸਿੰਘ ਵਗੈਰਾ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿਤਾ ਗਿਆ।

7 ਮਾਰਚ

1703: ਸਾਹਿਬਜ਼ਾਦਾ ਅਜੀਤ ਸਿੰਘ ਤੇ ਉਦੈ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਬੱਸੀ ਕਲਾਂ ਤੇ ਹਮਲਾ ਕਰ ਕੇ ਬ੍ਰਾਹਮਣੀ ਛੁਡਵਾਈ

ਮਾਰਚ 1703 ਵਿਚ ਦੇਵਕੀ ਦਾਸ ਨਾਂ ਦਾ ਇਕ ਬ੍ਰਾਹਮਣ ਅਨੰਦਪੁਰ ਸਾਹਿਬ ਗੁਰੂ ਸਾਹਿਬ ਕੋਲ ਆਇਆ ਅਤੇ ਫ਼ਰਿਆਦ ਕੀਤੀ ਕਿ ਉਸ ਦੀ ਬੀਵੀ ਨੂੰ ਦੁਆਬੇ ਦਾ ਇਕ ਚੌਧਰੀ ਜਬਰ ਖ਼ਾਨ ਚੁੱਕ ਕੇ ਲੈ ਗਿਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ 'ਚ ਇਕ ਸੌ ਸਿੰਘ ਉਸ ਬ੍ਰਾਹਮਣ ਦੀ ਪਤਨੀ ਦਿਵਾਉਣ ਵਾਸਤੇ ਭੇਜੇ। ਇਨ੍ਹਾਂ ਨੇ 7 ਮਾਰਚ ਦੇ ਦਿਨ ਬੱਸੀ ਕਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਘੇਰਾ ਪਾਇਆ। ਜਬਰ ਜੰਗ ਖ਼ਾਨ ਨੇ ਬ੍ਰਾਹਮਣੀ ਵਾਪਿਸ ਕਰਨ ਦੀ ਥਾਂ ਟਾਕਰਾ 'ਤੇ ਕੀਤਾ। ਲੜਾਈ 'ਚ ਜਬਰ ਜੰਗ ਖ਼ਾਨ ਮਾਰਿਆ ਗਿਆ ਤੇ ਬ੍ਰਾਹਮਣ ਨੂੰ ਉਸ ਦੀ ਪਤਨੀ ਵਾਪਿਸ ਮਿਲ ਗਈ। ਜਦ ਇਹ ਖ਼ਬਰ ਲੋਕਾਂ ਤਕ ਪਹੁੰਚੀ ਤਾਂ ਉਨ੍ਹਾਂ ਨੇ ਸਿੱਖਾਂ ਦੀ ਬਹੁਤ ਤਾਰੀਫ਼ ਕੀਤੀ। ਗੁਰੂ ਸਾਹਿਬ ਵੱਲੋਂ ਇਨਸਾਫ਼ ਦਿਵਾਉਣ ਦੀ ਅਤੇ ਉਨ੍ਹਾਂ ਦੀ ਸੋਭਾ ਦੀ ਖ਼ਬਰ ਜਦ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੂੰ ਪਹੁੰਚੀ ਤਾਂ ਉਹ ਹੋਰ ਵੀ ਸੜ-ਬਲ ਗਿਆ।

ਅਕਤੂਬਰ 1700 ਵਿਚ ਰਾਜਾ ਸਲਾਹੀ ਚੰਦ ਨੇ ਗੁਰੂ ਸਾਹਿਬ ਅਤੇ ਅਜਮੇਰ ਚੰਦ ਬਿਲਾਸਪੁਰੀਏ 'ਚ ਲੜਾਈ ਮੁਕਵਾ ਦਿੱਤੀ ਸੀ। ਰਾਜਾ ਸਲਾਹੀ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਫੇਰ ਹਰਕਤਾਂ ਕਰਨ ਲੱਗ ਪਿਆ। ਉਸ ਦੇ ਸਿਪਾਹੀ ਘਾਹ-ਪੱਠਾ ਲੈਣ ਦੇ ਬਹਾਨੇ ਅਨੰਦਪੁਰ ਸਾਹਿਬ 'ਚ ਕੋਈ ਨਾ ਕੋਈ ਸ਼ਰਾਰਤ ਕਰਦੇ ਰਹਿੰਦੇ ਸਨ। ਹੁਣ ਉਸ ਨਾਲ ਹੰਡੂਰ (ਨਾਲਾਗੜ੍ਹ) ਦਾ ਰਜਵਾੜਾ ਵੀ ਸ਼ਾਮਿਲ ਹੋ ਗਿਆ ਸੀ। ਛੋਟੀਆਂ ਮੋਟੀਆਂ ਝੜਪਾਂ ਮਗਰੋਂ ਅਖ਼ੀਰ 16 ਜਨਵਰੀ 1704 ਦੇ ਦਿਨ ਅਜਮੇਰ ਚੰਦ, ਹੰਡੂਰੀ ਰਾਜੇ ਤੇ ਇਨ੍ਹਾਂ ਦੇ ਹੋਰ ਸਾਥੀਆਂ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਧਰੋਂ ਸਿੰਘਾਂ ਨੇ ਵੀ ਡੱਟ ਕੇ ਮੁਕਾਬਲਾ ਕੀਤਾ। ਖ਼ਾਲਸਾ ਫ਼ੌਜਾਂ ਦੀ ਅਗਵਾਈ ਕਰ ਰਹੇ ਜਥੇ ਦਾ ਆਗੂ ਭਾਈ ਮਾਨ ਸਿੰਘ ਨਿਸ਼ਾਨਚੀ ਸੀ। ਉਸ ਨੇ ਨਿਸ਼ਾਨ ਸਾਹਿਬ ਨੂੰ ਜ਼ਮੀਨ 'ਚ ਗੱਡ ਕੇ ਲੜਾਈ ਲੜੀ। ਲੜਾਈ 'ਚ ਜ਼ਖ਼ਮੀ ਹੋ ਕੇ ਉਹ ਜ਼ਮੀਨ 'ਤੇ ਡਿੱਗ ਪਿਆ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਟੁੱਟ ਕੇ ਜ਼ਮੀਨ 'ਤੇ ਡਿੱਗ ਪਿਆ। ਲੜਾਈ ਸ਼ਾਮ ਤਕ ਜਾਰੀ ਰਹੀ। ਅਖ਼ੀਰ ਕਈ ਫ਼ੌਜੀ ਮਰਵਾ ਕੇ ਅਜਮੇਰ ਚੰਦ ਬਿਲਾਸਪੁਰ ਮੁੜ ਗਿਆ।

ਭਾਈ ਮਾਨ ਸਿੰਘ ਦੇ ਜ਼ਖ਼ਮੀ ਹੋਣ ਅਤੇ ਨਿਸ਼ਾਨ ਸਾਹਿਬ ਦੇ ਡਿੱਗਣ ਦੀ ਖ਼ਬਰ ਜਦੋਂ ਗੁਰੂ ਸਾਹਿਬ ਕੋਲ ਪੁੱਜੀ ਤਾਂ ਉਨ੍ਹਾਂ ਉਸ ਵੇਲੇ ਆਪਣੀ ਵੱਡੀ ਸੁਰਮਈ ਦਸਤਾਰ ਹੇਠਾਂ ਬੰਨ੍ਹੀ ਹੋਈ ਨੀਲੀ ਕੇਸਕੀ ਵਿਚੋਂ ਇਕ ਲੀਰ ਪਾੜ ਕੇ ਐਲਾਨ ਕੀਤਾ ਕਿ ਹੁਣ ਖ਼ਾਲਸੇ ਦੇ ਨਿਸ਼ਾਨ ਕਦੇ ਵੀ ਨਾ ਟੁੱਟੇਗਾ, ਨਾ ਡਿੱਗੇਗਾ, ਨਾ ਝੁਕੇਗਾ। ਇਹ ਆਖ ਕੇ ਉਨ੍ਹਾਂ ਉਸ ਲੀਰ ਨੂੰ ਝੰਡੇ/ਨਿਸ਼ਾਨ ਸਾਹਿਬ ਵਾਂਗ ਆਪਣੀ ਦਸਤਾਰ 'ਚ ਸਜਾ ਲਿਆ। ਗੁਰੂ ਸਾਹਿਬ ਦੇ ਕੋਲ ਬੈਠੇ ਭਾਈ ਉਦੇ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਆਲਮ ਸਿੰਘ 'ਨੱਚਣਾ' ਨੇ ਵੀ ਆਪਣੀਆਂ ਨੀਲੀਆਂ ਕੇਸਕੀਆਂ ਵਿੱਚੋਂ ਫ਼ੱਰਰੇ ਲਾਹ ਕੇ ਦਸਤਾਰਾਂ 'ਚ ਸਜਾ ਲਏ। ਉਨ੍ਹਾਂ ਦੇ ਕੋਲ ਬੈਠੇ ਸਾਹਿਬਜ਼ਾਦਾ ਫ਼ਤਹਿ ਸਿੰਘ, ਜੋ ਅਜੇ ਸਿਰਫ਼ ਪੰਜ-ਛੇ ਸਾਲ ਦੇ ਸਨ, ਨੇ ਵੀ ਫ਼ੱਰਰਾ ਸਜਾ ਲਿਆ। ਇਸ ਦਿਨ ਤੋਂ ਨਿਹੰਗ ਸਿੰਘਾਂ ਜਥਿਆਂ ਦੇ ਆਗੂਆਂ ਦੀਆਂ ਦਸਤਾਰਾਂ ਵਿਚ ਸਜੇ ਫ਼ੱਰਰੇ ਸਜਾਉਣ ਦੀ ਸ਼ੁਰੂਆਤ ਹੋਈ। ਜਿਸ ਥਾਂ ਗੁਰੂ ਸਾਹਿਬ ਨੇ ਫ਼ੱਰਰਾ (ਦੁਮਾਲਾ) ਸਜਾਇਆ ਸੀ, ਉਸ ਥਾਂ ਅਜ-ਕਲ੍ਹ ਗੁਰਦੁਆਰਾ ਦੁਮਾਲਗੜ੍ਹ ਬਣਿਆ ਹੋਇਆ ਹੈ। ਇਹ ਥਾਂ ਕੇਸਗੜ੍ਹ ਸਾਹਿਬ ਦੇ ਬਿਲਕੁਲ ਸਾਹਮਣੇ ਹੈ।

1837: ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸ਼ਾਮ ਸਿੰਘ ਅਟਾਰੀਵਾਲਾ ਦੀ ਬੇਟੀ ਨਾਨਕੀ ਨਾਲ ਹੋਇਆ

7 ਮਾਰਚ 1837 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਪੋਤੇ (ਖੜਕ ਸਿੰਘ ਦੇ ਪੁੱਤਰ) ਕੰਵਰ ਨੌਨਿਹਾਲ ਸਿੰਘ ਦਾ ਵਿਆਹ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੀ ਬੇਟੀ ਨਾਨਕੀ ਨਾਲ ਬਹੁਤ ਆਲੀਸ਼ਨ ਤਰੀਕੇ ਨਾਲ ਹੋਇਆ; ਪੰਜਾਬ ਦੀ ਧਰਤੀ ਤੇ ਇਹੋ ਜਿਹਾ ਸ਼ਾਨਦਾਰ ਵਿਆਹ ਨਾ ਉਸ ਤੋਂ ਕਦੇ ਪਹਿਲਾਂ ਹੋਇਆ ਸੀ ਤੇ ਨਾ ਬਾਅਦ ਵਿਚ ਹੀ ਹੋਇਆ।ਬੀਬੀ ਨਾਨਕੀ ਅਕਤੂਬਰ 1839 ਵਿਚ ਮਹਾਰਾਣੀ ਵੀ ਬਣੀ ਜਦ ਨੌਨਿਹਾਲ ਸਿੰਘ ਲਾਹੌਰ ਦੇ ਤਖ਼ਤ ਤੇ ਬੈਠਾ ਪਰ ਉਹ ਇਸ ਦਾ ਸੁਖ ਬਹੁਤੀ ਦੇਰ ਨਾ ਵੇਖ ਸਕੀ ਕਿਉਂ ਕਿ ਧਿਆਨ ਸਿੰਹ ਡੋਗਰਾ ਨੇ ਇਕ ਸਾਜ਼ਿਸ਼ ਹੇਠ ਨੌਨਿਹਾਲ ਸਿੰਘ ਨੂੰ 5 ਨਵੰਬਰ 1840 ਦੇ ਦਿਨ ਮਰਵਾ ਦਿੱਤਾ।

1987: ਦਰਬਾਰ ਸਾਹਿਬ ਵਿਚ ਪੁਲਸ ਇਕ ਵਾਰ ਫੇਰ ਦਾਖ਼ਲ ਹੋਈ

ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਦੇ ਹੁਕਮ 'ਤੇ 7 ਮਾਰਚ 1987 ਨੂੰ ਪੁਲੀਸ ਦਰਬਾਰ ਸਾਹਿਬ ਵਿਚ ਫਿਰ ਦਾਖ਼ਲ ਹੋ ਗਈ। ਇਕ ਸਿਪਾਹੀ ਨੂੰ ਕੁੱਟੇ ਜਾਣ ਦਾ ਬਹਾਨਾ ਬਣਾ ਕੇ ਪੁਲੀਸ ਨੇ 20 ਮੁਸਾਫ਼ਿਰ ਗ੍ਰਿਫ਼ਤਾਰ ਕਰ ਲਏ। ਇਸੇ ਦਿਨ ਹੁਸ਼ਿਆਰਪੁਰ ਤੋਂ ਮਹਿੰਦਰ ਸਿੰਘ, ਲਖਵੀਰ ਸਿੰਘ ਤੇ ਬਿਲੂ ਗ੍ਰਿਫ਼ਤਾਰ ਕੀਤੇ ਗਏ। ਇਸੇ ਤਰ੍ਹਾਂ ਆਦਰਸ਼ ਨਗਰ ਦਿੱਲੀ ਤੋਂ ਬੀਬੀ ਹਰਜਿੰਦਰ ਕੌਰ ਨੂੰ ਖਾੜਕੂਆਂ ਨੂੰ ਪਨਾਹ ਦੇਣ ਦੇ 'ਜੁਰਮ' ਵਿਚ ਗ੍ਰਿਫ਼ਤਾਰ ਕੀਤਾ ਗਿਆ।

1991: ਗੁਰਤੇਜ ਸਿੰਘ ਸੇਹਰੇਵਾਲ, ਬੀਰ ਸਿੰਘ ਕੱਕੜ ਤੇ ਕਾਬਲ ਸਿੰਘ ਲਿੱਦੜ ਨਕਲੀ ਮੁਕਾਬਲੇ ਵਿਚ ਸ਼ਹੀਦ

7 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਤੇਜ ਸਿੰਘ (ਵਾਸੀ ਸੇਹਰੇਵਾਲ, ਬਠਿੰਡਾ), ਬੀਰ ਸਿੰਘ ਉਰਫ਼ ਬੀਰੂ (ਵਾਸੀ ਕੱਕੜ, ਅੰਮ੍ਰਿਤਸਰ), ਤੇ ਕਾਬਲ ਸਿੰਘ (ਵਾਸੀ ਲਿੱਦੜ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

8 ਮਾਰਚ

1758: ਸਿੱਖ, ਮਰਹੱਟੇ ਤੇ ਅਦੀਨਾ ਬੇਗ ਦੀ ਸਾਂਝੀ ਫ਼ੌਜ ਦਾ ਸਰਹੰਦ ਤੇ ਹਮਲਾ ਕੀਤਾ

1758 ਵਿਚ ਜਦ ਅਹਿਮਦ ਸ਼ਾਹ ਦੁੱਰਾਨੀ ਪੰਜਾਬ ਤੋਂ ਵਾਪਿਸ ਕਾਬਲ ਚਲਾ ਗਿਆ ਤਾਂ ਜਲੰਧਰ ਦੋਆਬ ਦੇ ਚੀਫ਼ ਅਦੀਨਾ ਬੇਗ ਨੇ ਪੰਜਾਬ 'ਤੇ ਕਬਜ਼ਾ ਕਰਨ ਦੀ ਪਲਾਨ ਬਣਾਈ। ਉਸ ਨੇ ਮਰਹੱਟਾ ਆਗੂ ਰਾਘੋ ਨਾਥ ਰਾਓ ਨਾਲ ਰਾਬਤਾ ਬਣਾਇਆ। ਅਦੀਨਾ ਬੇਗ ਨੇ ਰਾਓ ਨੂੰ ਇਕ ਲੱਖ ਰੁਪੈ ਰੋਜ਼ ਦੇਣ ਦੇ ਵਾਅਦੇ ਨਾਲ ਲਾਹੌਰ 'ਤੇ ਹਮਲਾ ਕਰਨ ਵਾਸਤੇ ਮਨਾ ਲਿਆ। ਅਦੀਨਾ ਬੇਗ ਨੇ ਸਿੱਖਾਂ ਤੋਂ ਵੀ ਮਦਦ ਮੰਗੀ। ਇਸ ਤਿੰਨ-ਧਿਰੀ ਸਾਂਝੇ ਫ਼ਰੰਟ ਵਿਚ ਸਭ ਤੋਂ ਵੱਧ ਫ਼ੌਜ ਮਰਹੱਟਿਆਂ ਦੀ ਸੀ। ਇਸ ਦੀ ਗਿਣਤੀ ਵੀਹ ਹਜ਼ਾਰ ਸੀ, ਸਿੱਖ ਫ਼ੌਜਾਂ ਦੀ ਗਿਣਤੀ ਦਸ ਹਜ਼ਾਰ ਸੀ ਤੇ ਅਦੀਨਾ ਬੇਗ ਕੋਲ ਦਸ ਤੋਂ ਬਾਰ੍ਹਾਂ ਹਜ਼ਾਰ ਫ਼ੌਜੀ ਸਨ।

ਲਾਹੌਰ ਵਲ ਕੂਚ ਕਰਨ ਤੋਂ ਪਹਿਲਾਂ 8 ਮਾਰਚ 1758 ਦੇ ਦਿਨ ਇਨ੍ਹਾਂ ਤਿੰਨਾਂ ਫ਼ੌਜਾਂ ਨੇ ਸਰਹੰਦ ਤੇ ਹਮਲਾ ਕਰ ਦਿੱਤਾ। ਏਡੀ ਵੱਡੀ ਫ਼ੌਜ ਤੋਂ ਡਰਦਾ ਅਫ਼ਗਾਨ ਸੂਬੇਦਾਰ ਅਬਦ ਸਮਦ ਖ਼ਾਨ (ਦੂਜਾ) ਦੇ ਕਿਲ੍ਹੇ ਵਿਚ ਜਾ ਵੜਿਆ। ਕੁਝ ਦਿਨ ਕਿਲ੍ਹੇ ਵਿਚ ਬੰਦ ਰਹਿਣ ਮਗਰੋਂ ਅਬਦ ਸਮਦ ਅਤੇ ਉਸ ਦਾ ਸਾਥੀ ਜਰਨੈਲ ਜੰਗਬਾਜ਼ ਖ਼ਾਨ ਚੋਰੀ ਕਿਲ੍ਹੇ ਵਿੱਚੋਂ ਨਿਕਲ ਕੇ ਛੱਡ ਕੇ ਭੱਜ ਗਏ।

ਸਿੱਖਾਂ ਨੂੰ ਸਰਹੰਦ ਦਾ ਚੰਗੀ ਤਰ੍ਹਾਂ ਪਤਾ ਸੀ ਇਸ ਕਰ ਕੇ ਤੇ ਕਬਜ਼ੇ ਵੇਲੇ ਸਭ ਤੋਂ ਵੱਧ ਮਾਲ ਉਨ੍ਹਾਂ ਨੂੰ ਹੀ ਲੱਭਿਆ। ਜਦੋਂ ਮਰਹੱਟਿਆਂ ਨੂੰ ਇਹ ਪੱਤਾ ਲਗਾ ਤਾਂ ਉਹ ਬੜੇ ਔਖੇ ਹੋਏ। ਉਨ੍ਹਾਂ ਨੇ ਸਿੱਖਾਂ ਤੋਂ ਇਹ ਦੌਲਤ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਸਿੱਖ ਜਰਨੈਲਾਂ ਨੇ ਸਿਆਣਪ ਤੋਂ ਕੰਮ ਲੈਂਦੇ ਹੋਏ, ਸਾਰਾ ਮਾਲ ਪਹਿਲਾਂ ਹੀ ਆਪਣੇ ਟਿਕਾਣਿਆਂ ਵੱਲ ਭੇਜ ਦਿੱਤਾ ਸੀ। ਇਕ ਸੋਮੇ ਮੁਤਾਬਿਕ ਅਦੀਨਾ ਬੇਗ ਨੇ ਸਿੱਖਾਂ ਨੂੰ ਮਰਹੱਟਿਆਂ ਦੇ ਹਮਲੇ ਬਾਰੇ ਪਹਿਲੋਂ ਹੀ ਦਸ ਦਿੱਤਾ ਸੀ ਤੇ ਇਸ ਕਰ ਕੇ ਉਨ੍ਹਾਂ ਸਾਰਾ ਮਾਲ-ਮੱਤਾ ਪਹਿਲਾਂ ਹੀ ਬੰਨੇ ਕਰ ਦਿੱਤਾ ਸੀ ਤੇ ਮਰਹੱਟਿਆਂ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਹੋ ਗਏ ਸਨ। ਦਰਅਸਲ ਸਿੱਖ ਮਰਹੱਟਿਆਂ ਨੂੰ ਵੀ ਵਿਦੇਸ਼ੀ ਸਮਝਦੇ ਸਨ ਤੇ ਉਨ੍ਹਾਂ ਤੋਂ ਵੀ ਪੰਜਾਬ ਦੀ ਦੌਲਤ ਬਚਾਉਣਾ ਚਾਹੁੰਦੇ ਸਨ।

1783: ਸਿੱਖ ਫ਼ੌਜਾਂ ਨੇ ਦਿੱਲੀ ਤੇ ਹਮਲਾ ਕੀਤਾ

1783 ਵਿਚ ਦਿੱਲੀ ਦਰਬਾਰ ਦੀ ਕਮਜ਼ੋਰੀ ਤੇ ਸਾਜ਼ਸ਼ੀ ਮਾਹੌਲ ਦਾ ਸਿੱਖਾਂ ਨੇ ਫ਼ਾਇਦਾ ਉਠਾਉਂਦਿਆਂ 8 ਮਾਰਚ ਦੇ ਦਿਨ ਦਿੱਲੀ 'ਤੇ ਹਮਲਾ ਕਰ ਦਿੱਤਾ। ਉਹ ਕੋਲ ਸ਼ਹਿਰ (ਹੁਣ ਅਲੀਗੜ੍ਹ) ਵੱਲੋਂ ਆਏ ਅਤੇ ਬੈਰਾੜੀ ਇਲਾਕੇ ਵਿਚ ਡੇਰਾ ਲਾ ਲਿਆ। ਉਨ੍ਹਾਂ ਨੇ ਮਲਕਗੰਜ ਤੇ ਸਬਜ਼ੀ ਮੰਡੀ ਦੇ ਅਮੀਰਾਂ ਨੂੰ ਲੁੱਟਿਆ ਅਤੇ ਇਸ ਮਗਰੋਂ ਉਨ੍ਹਾਂ ਦੀਆਂ ਹਵੇਲੀਆਂ ਨੂੰ ਅੱਗ ਲਾ ਦਿੱਤੀ। ਇਸ ਤੋਂ ਬਾਅਦ ਉਹ ਮੁਗ਼ਲਪੁਰਾ 'ਤੇ ਜਾ ਪਏ। ਸ਼ਾਮ ਤਕ ਉਹ ਲਾਲ ਕਿਲ੍ਹੇ ਨੂੰ ਘੇਰ ਚੁਕੇ ਸਨ। ਕਸ਼ਮੀਰੀ ਗੇਟ ਦੇ ਬਾਹਰ ਹਜ਼ਾਰਾਂ ਸਿੱਖ ਫ਼ੌਜਾਂ ਖੜ੍ਹੀਆਂ ਸਨ। ਸਿੱਖਾਂ ਨੇ ਗੇਟ ਤੋੜਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਨਾਕਾਮ ਰਹੇ। ਅਖ਼ੀਰ ਸਿੱਖ ਫ਼ੌਜਾਂ ਨੇ ਤੋਪਾਂ ਨਾਲ ਕਿਲ੍ਹੇ ਦੀ ਕੰਧ ਦਾ ਇਕ ਹਿੱਸਾ ਉਡਾ ਦਿੱਤਾ ਤੇ ਇਸ ਮਘੋਰੇ (ਮੋਰੀ) ਰਾਹੀਂ ਉਹ ਕਿਲ੍ਹੇ ਵਿਚ ਦਾਖ਼ਿਲ ਹੋ ਗਏ। ਅਜ ਵੀ ਇਸ ਇਲਾਕੇ ਨੂੰ ਮੋਰੀ ਗੇਟ ਕਹਿੰਦੇ ਹਨ।

1853: ਮਹਾਰਾਜਾ ਦਲੀਪ ਸਿੰਘ ਈਸਾਈ ਬਣਿਆ

ਦਲੀਪ ਸਿੰਘ ਨੂੰ ਗੱਦੀ ਤੋਂ ਲਾਹੁਣ ਤੋਂ ਪਹਿਲਾਂ ਉਸ ਦੀ ਮਾਂ ਨੂੰ ਕੈਦ ਕਰ ਕੇ ਹਿੰਦੁਸਤਾਨ ਨੂੰ ਜਲਾਵਤਨ ਕੀਤਾ ਜਾ ਚੁਕਾ ਸੀ ਤੇ ਹੁਣ ਦਲੀਪ ਸਿੰਘ ਨੂੰ ਵੀ ਪੰਜਾਬ ਵਿਚੋਂ ਕੱਢ ਕੇ ਹਿੰਦੂਸਤਾਨ ਭੇਜਣ ਦਾ ਹੁਕਮ ਕਰ ਦਿੱਤਾ ਗਿਆ ਸੀ। ਸਫ਼ਰ ਕਰਦੇ-ਕਰਦੇ ਉਹ 17 ਫ਼ਰਵਰੀ

1850 ਦੇ ਦਿਨ ਫ਼ਤਹਿਗੜ੍ਹ ਪੁੱਜੇ। ਦਲੀਪ ਸਿੰਘ ਦੇ ਇੱਥੇ ਪੁੱਜਣ ਮਗਰੋਂ ਉਸ ਦੇ ਸਾਰੇ ਸਿੱਖ ਤੇ ਪੰਜਾਬੀ ਸੇਵਾਦਾਰ ਹਟਾ ਦਿੱਤੇ ਗਏ। ਹੁਣ ਉਸ ਦੇ ਸਾਥੀ ਉਸ ਦਾ ਉਸਤਾਦ ਡਾ. ਲੋਗਨ, ਉਸ ਦੀ ਘਰਵਾਲੀ ਲੇਡੀ ਲੋਗਨ, ਇਕ ਹਿੰਦੂ ਤੋਂ ਈਸਾਈ ਬਣਿਆ ਭਜਨ ਲਾਲ ਤੇ ਕੁਝ ਗੋਰੇ ਨੌਕਰ ਸਨ। ਯਾਨਿ ਉਸ ਨੂੰ ਸਿੱਖੀ ਤੇ ਪੰਜਾਬੀ ਮਾਹੌਲ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਗਿਆ ਸੀ। ਇਸ ਈਸਾਈ ਬਣਾਉਣ ਵਾਲੇ ਮਾਹੌਲ ਵਿਚ ਸਾਢੇ 11 ਸਾਲ ਦਾ ਦਲੀਪ ਸਿੰਘ ਬਹੁਤੀ ਦੇਰ ਬਚ ਨਾ ਸਕਿਆ ਅਤੇ ਸਿਰਫ਼ ਤਿੰਨ ਸਾਲ ਦੇ ਅੰਦਰ ਹੀ ਉਹ ਸਿੱਖੀ ਨੂੰ ਛੱਡ ਕੇ ਈਸਾਈਆਂ ਵਾਂਗ ਜੀਣ ਲਗ ਪਿਆ। 1853 ਦੇ ਸ਼ੁਰੂ ਹੁੰਦਿਆਂ ਹੀ ਉਸ ਨੇ ਈਸਾਈ ਬਣਨ ਦੀ ਖ਼ਾਹਸ਼ ਜ਼ਾਹਿਰ ਕੀਤੀ। 8 ਮਾਰਚ 1853 ਦੇ ਦਿਨ ਉਸ ਨੂੰ 'ਬੈਪਟਾਈਜ਼' ਕਰ ਕੇ ਈਸਾਈ ਬਣਾ ਲਿਆ ਗਿਆ। ਇਸ ਵੇਲੇ ਉਸ ਦੀ ਉਮਰ 14 ਸਾਲ 6 ਮਹੀਨੇ ਸੀ।

1922: ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ ਦੇ ਬਾਹਰ ਦੁਰਗਿਆਣਾ ਮੰਦਰ ਬਣਾਉਣ ਵਾਸਤੇ ਹਿੰਦੂ ਆਗੂ ਮਦਨ ਮੋਹਨ ਮਾਲਵੀਆ ਨੇ ਨੀਂਹ ਰੱਖੀ

ਗੁਰਦੁਆਰਾ ਸੁਧਾਰ ਲਹਿਰ ਦੇ ਸਿਖ਼ਰ ਦੇ ਦਿਨਾਂ ਵਿਚ, 8 ਮਾਰਚ 1922 ਦੇ ਦਿਨ, ਹਿੰਦੂਆਂ ਨੇ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਿਆਂ "ਦੁਰਗਿਆਨਾ ਮੰਦਰ" ਬਣਾਉਣ ਵਾਸਤੇ ਪੰਡਤ ਮਦਨ ਮੋਹਨ ਮਾਲਵੀਆ ਤੋਂ ਨੀਂਹ ਪੱਥਰ ਰਖਵਾਇਆ। ਸੀ.ਆਈ.ਡੀ. ਰਿਪੋਰਟ 'ਚ ਇਸ ਬਾਰੇ ਲਿਖਿਆ ਸੀ ਕਿ ਇਹ ਕਦਮ **"ਹਿੰਦੂਆਂ ਅਤੇ ਸਿੱਖਾਂ ਵਿਚ ਪਾੜਾ ਪਾਉਣ ਵਾਸਤੇ ਮਾਅਰਕੇ ਦਾ ਕਾਰਨਾਮਾ ਸੀ।"** ਰਿਪੋਰਟ ਮੁਤਾਬਿਕ **"ਅੰਮ੍ਰਿਤਸਰ 'ਚ ਦਰਬਾਰ ਸਾਹਿਬ ਦਾ ਮੁਕਾਬਲਾ ਕਰਨ ਦੀ ਹਿੰਦੂ ਹਰਕਤ ਸਿੱਖਾਂ ਨਾਲ ਨਫ਼ਰਤ ਵਧਾਉਣ ਅਤੇ ਆਉਂਦੇ ਵੇਲਿਆਂ ਵਿਚ ਫ਼ਸਾਦ ਕਰਵਾਉਣ ਦੀ ਨੀਂਹ ਸਾਬਿਤ ਹੋਵੇਗੀ।"**(ਹੋਮ, ਪੁਲੀਟੀਕਲ, 1920/11/1925)।

1967: ਪੰਜਾਬ ਵਿਚ ਸਾਂਝੇ ਮੋਰਚੇ ਦੀ ਸਰਕਾਰ; ਗੁਰਨਾਮ ਸਿੰਘ ਚੀਫ਼ ਮਨਿਸਟਰ ਬਣਿਆ

24 ਫ਼ਰਵਰੀ 1967 ਨੂੰ ਹੋਈਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਸਾਰੀਆਂ 104 ਸੀਟਾਂ ਦੇ ਨਤੀਜੇ ਨਿਕਲ ਆਏ। ਪੰਜਾਬ ਵਿਚ ਪੋਲ ਹੋਈਆਂ ਵੋਟਾਂ ਵਿਚੋਂ ਅਕਾਲੀ ਦਲ (ਦੋਵੇਂ) ਨੇ 24.69% ਅਤੇ ਕਾਂਗਰਸ ਨੇ 37.46% ਵੋਟਾਂ ਹਾਸਿਲ ਕੀਤੀਆਂ ਤੇ ਕਾਂਗਰਸ ਦੇ 48, ਅਕਾਲੀ ਦਲ 26 (ਫ਼ਤਹਿ ਸਿੰਘ 24, ਮਾਸਟਰ 2), ਸੀ. ਪੀ. ਆਈ. 5, ਸੀ. ਪੀ. ਐਮ. 3, ਜਨਸੰਘ 9, ਪੀ. ਐਸ. ਪੀ. 1, ਐਸ. ਐਸ. ਪੀ 3 ਤੇ ਆਜ਼ਾਦ 9 ਕਾਮਯਾਬ ਹੋਏ। ਲੋਕ ਸਭਾ ਵਾਸਤੇ 9 ਕਾਂਗਰਸ, 1 ਜਨਸੰਘ ਤੇ 3 ਫ਼ਤਹਿ ਸਿੰਘ ਅਕਾਲੀ ਦਲ ਦੇ ਉਮੀਦਵਾਰ ਜਿੱਤੇ। ਨਤੀਜੇ ਨਿਕਲਦਿਆਂ ਹੀ ਜਨਸੰਘ, ਕਮਿਊਨਿਸਟ (ਦੋਵੇਂ) ਅਤੇ ਕੁਝ ਆਜ਼ਾਦ ਉਮੀਦਵਾਰਾਂ ਨੇ ਮਿਲ ਕੇ ਸਾਂਝਾ ਮੋਰਚਾ ਬਣਾ ਲਿਆ ਜਿਸ ਵਿਚ 53 ਮੈਂਬਰ ਹੋ ਗਏ। ਅਖ਼ੀਰ **8 ਮਾਰਚ 1967 ਨੂੰ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਵਜ਼ਾਰਤ ਕਾਇਮ ਹੋ ਗਈ**। ਗੁਰਨਾਮ ਸਿੰਘ ਵਜ਼ਾਰਤ ਵਿਚ ਲਛਮਣ ਸਿੰਘ ਗਿੱਲ, ਰਜਿੰਦਰ ਸਿੰਘ ਸਪੈਰੋ, ਡਾਕਟਰ ਬਲਦੇਵ ਪ੍ਰਕਾਸ਼, ਪਿਆਰਾ ਰਾਮ ਧੰਨੋਵਾਲੀ ਪਹਿਲੇ ਵਜ਼ੀਰ ਬਣੇ।

1987: ਸਰਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 8 ਮਾਰਚ 1987 ਦੇ ਦਿਨ ਸਰਵਿੰਦਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1988: ਜਗਤ ਸਿੰਘ ਜੱਗਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 8 ਮਾਰਚ 1988 ਦੇ ਦਿਨ ਜਗਤ ਸਿੰਘ ਉਰਫ਼ ਜੱਗਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਹਰਜਿੰਦਰ ਸਿੰਘ ਜਿੰਦਾ ਸੁਲਤਾਨਵਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 8 ਮਾਰਚ 1991 ਦੇ ਦਿਨ ਹਰਜਿੰਦਰ ਸਿੰਘ ਜਿੰਦਾ ਸੁਲਤਾਨਵਿੰਡ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992:ਡਾ. ਇੰਦਰਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 8 ਮਾਰਚ 1992 ਦੇ ਦਿਨ ਡਾ. ਇੰਦਰਜੀਤ ਸਿੰਘ (ਪੁੱਤਰ ਕਰਮ ਸਿੰਘ, ਵਾਸੀ ਠੱਠਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1993: ਨਿਰਮਲਜੀਤ ਸਿੰਘ ਨਿੰਮਾ, ਮਲਕੀਅਤ ਸਿੰਘ, ਬਲਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 8 ਮਾਰਚ 1993 ਦੇ ਦਿਨ ਨਿਰਮਲਜੀਤ ਸਿੰਘ ਨਿੰਮਾ, ਮਲਕੀਅਤ ਸਿੰਘ (ਪੁੱਤਰ ਸਰੂਪ ਸਿੰਘ, ਵਾਸੀ ਆਲੋਵਾਲ, ਨੇੜੇ ਬਲੋਵਾਲ, ਜ਼ਿਲਾ ਹੁਸ਼ਿਆਰਪੁਰ), ਬਲਵਿੰਦਰ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਝਬਾਲ ਖੁਰਦ, ਜ਼ਿਲਾ ਅੰਮ੍ਰਿਤਸਰ, ਹੁਣ ਤਰਨਤਾਰਨ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

9 ਮਾਰਚ

1783: ਸਿੱਖਾਂ ਦਾ ਦਿੱਲੀ ਵਿਚ ਹੌਜ਼ ਖਾਸ ਇਲਾਕੇ 'ਤੇ ਕਬਜ਼ਾ ਹੋਇਆ

ਜੱਸਾ ਸਿੰਘ ਆਹਲੂਵਾਲੀਆ ਦੀ ਵੀਹ ਹਜ਼ਾਰ ਤੇ ਬਘੇਲ ਸਿੰਘ ਕਰੋੜਸਿੰਘੀਆ ਦੀ 30 ਹਜ਼ਾਰ ਫ਼ੌਜ ਨੇ 9 ਮਾਰਚ 1783 ਦੇ ਦਿਨ ਦਿੱਲੀ ਵਿਚ ਹੌਜ਼ ਖਾਸ ਇਲਾਕੇ 'ਤੇ ਕਬਜ਼ਾ ਕਰ ਲਿਆ।

1846: ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ (ਜਬਰੀ) ਸੰਧੀ ਹੋਈ

1845-46 ਵਿਚ ਬ੍ਰਾਹਮਣ ਤੇ ਡੋਗਰਿਆਂ ਦੀ ਗ਼ਦਾਰੀ ਕਾਰਨ ਸਿੱਖਾਂ ਦੀ ਅੰਗਰੇਜ਼ਾਂ ਹੱਥੋਂ ਹਾਰ ਮਗਰੋਂ 9 ਮਾਰਚ 1846 ਦੇ ਦਿਨ ਅੰਗਰੇਜ਼ਾਂ ਨੇ ਲਾਹੌਰ ਦਰਬਾਰ 'ਤੇ ਇਕ ਜਬਰੀ ਸੰਧੀ ਠੋਸੀ। 11 ਮਾਰਚ ਨੂੰ ਇਸ ਵਿਚ ਨਵੀਆਂ ਸ਼ਰਤਾਂ ਸ਼ਾਮਿਲ ਕਰ ਦਿੱਤੀਆਂ ਗਈਆਂ। ਇਨ੍ਹਾਂ ਦੋਹਾਂ 'ਸੰਧੀਆਂ' ਮੁਤਾਬਿਕ 1. ਜਲੰਧਰ ਦੋਆਬ (ਸਤਲੁਜ ਤੇ ਬਿਆਸ ਦਰਿਆ ਵਿਚਕਾਰਲਾ ਇਲਾਕਾ) ਅੰਗਰੇਜ਼ਾਂ ਨੂੰ ਜੰਗ ਦੇ ਖ਼ਰਚੇ ਵਜੋਂ ਦੇ ਦਿੱਤਾ ਗਿਆ। 2. ਲਾਹੌਰ ਦਰਬਾਰ ਨੂੰ ਡੇਢ ਕਰੋੜ ਰੁਪੈ ਜੰਗ ਦਾ ਹਰਜਾਨਾ ਵੀ ਪਾਇਆ ਗਿਆ। ਇਸ ਰਕਮ ਦੀ ਅਦਾਇਗੀ ਵਾਸਤੇ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚ ਪੂਰੀ ਰਕਮ ਨਹੀਂ ਸੀ ਇਸ ਕਰ ਕੇ ਇਹ ਰਕਮ ਅਦਾ ਕਰਨ ਵਾਸਤੇ ਗੁਲਾਬ ਸਿੰਹ ਡੋਗਰੇ ਨੇ 68 ਲੱਖ ਰੁਪੈ ਵਿਚ ਕਸ਼ਮੀਰ ਦਾ ਸੂਬਾ 'ਖਰੀਦ' ਲਿਆ। ਇਹ ਚਰਚਾ ਸੀ ਕਿ ਗੁਲਾਬ ਸਿੰਹ ਨੇ ਇਹ ਰਕਮ ਆਪਣੇ ਕੋਲ ਪਏ ਰਾਣੀ ਚੰਦ ਕੌਰ ਦੇ ਖ਼ਜ਼ਾਨੇ ਅਤੇ ਅਤੇ ਲਾਹੌਰ ਦਰਬਾਰ ਚੋਂ ਚੋਰੀ ਕੀਤੇ ਹੋਰ ਪੈਸਿਆਂ ਵਿਚੋਂ ਅਦਾ ਕੀਤੀ ਸੀ। ਪਰ ਕਨਿੰਘਮ ਦਾ ਕਹਿਣਾ ਹੈ ਕਿ ਇਹ ਰਕਮ ਕਦੇ ਵੀ ਅਦਾ ਨਹੀਂ ਸੀ

ਕੀਤੀ ਗਈ ।ਦਰਅਸਲ ਕਸ਼ਮੀਰ ਤਾਂ ਗੁਲਾਬ ਸਿੰਹ ਨੂੰ ਗ਼ਦਾਰੀ ਦੇ ਈਨਾਮ ਵਜੋਂ ਦਿੱਤਾ ਗਿਆ ਸੀ। ਉਸ ਕੋਲ ਇਸ ਦੌਲਤ ਤੋਂ ਇਲਾਵਾ ਚੰਦ ਕੌਰ ਅਤੇ ਲਾਹੌਰ ਦਰਬਾਰ ਦੇ ਇਕ ਕਰੋੜ ਤੋਂ ਵਧ ਰੁਪੈ ਤੇ ਹੋਰ ਖ਼ਜ਼ਾਨਾ ਵੀ ਮੌਜੂਦ ਸੀ ਜੋ ਉਸ ਦੀ ਨਿਜੀ ਦੌਲਤ ਬਣ ਗਿਆ ਸੀ। 3. ਲਾਹੌਰ ਦਰਬਾਰ ਸਿਰਫ਼ 25 ਬਟਾਲੀਅਨ ਪੈਦਲ ਫ਼ੌਜ ਤੇ 12 ਹਜ਼ਾਰ ਘੋੜਸਵਾਰ ਰਖ ਸਕੇਗਾ। 4. ਅੰਗਰੇਜ਼ਾਂ ਵੱਲੋਂ ਕਬਜ਼ੇ ਵਿਚ ਲਈਆਂ ਗਈਆਂ ਤੋਪਾਂ ਤੋਂ ਇਲਾਵਾ ਉਹ 36 ਤੋਪਾਂ ਜਿਹੜੀਆਂ ਅੰਗਰੇਜ਼ਾਂ ਦੇ ਖ਼ਿਲਾਫ਼ ਵਰਤੀਆਂ ਜਾਣ ਵਾਸਤੇ ਸਭਰਾਓਂ ਲਿਜਾਈਆਂ ਗਈਆਂ ਸਨ, ਹੁਣ ਅੰਗਰੇਜ਼ਾਂ ਦੀਆਂ ਹੋ ਜਾਣਗੀਆਂ। 5. ਅੰਗਰੇਜ਼ ਫ਼ੌਜਾਂ ਲਾਹੌਰ ਦਰਬਾਰ ਦੇ ਇਲਾਕੇ ਵਿਚੋਂ ਜਦੋਂ ਚਾਹੁਣ ਲੰਘ ਸਕਣਗੀਆਂ। 6. ਲਾਹੌਰ ਦਰਬਾਰ ਕਿਸੇ ਯੂਰਪੀਨ ਨੂੰ ਅੰਗਰੇਜ਼ਾਂ ਦੀ ਮਨਜ਼ੂਰੀ ਬਿਨਾਂ ਨੌਕਰੀ 'ਤੇ ਨਹੀਂ ਰੱਖੇਗਾ। 7. ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚ "ਚੰਗਾ ਮਾਹੌਲ ਕਾਇਮ ਕਰਨ" (ਦਰਅਸਲ ਗ਼ਦਾਰੀ) ਦੇ ਈਨਾਮ ਵਜੋਂ ਗੁਲਾਬ ਸਿੰਹ ਨੂੰ ਜੰਮੂ ਵਿਚ ਖ਼ੁਦਮੁਖ਼ਤਿਆਰੀ ਦਿੱਤੀ ਜਾਵੇਗੀ। 8. ਅੰਗਰੇਜ਼ੀ ਫ਼ੌਜ ਇਕ ਸਾਲ ਵਾਸਤੇ ਲਾਹੌਰ ਵਿਚ ਰਹੇਗੀ ਤੇ ਇਸ ਦਾ ਖ਼ਰਚਾ ਲਾਹੌਰ ਦਰਬਾਰ ਦੇਵੇਗਾ। ਇਸ ਵਿਚ ਇਨ੍ਹਾਂ 8 ਤੋਂ ਇਲਾਵਾ 8 ਹੋਰ ਨਾਅਹਿਮ ਨੁਕਤੇ ਵੀ ਸਨ। 16 ਨੁਕਤਿਆਂ ਵਾਲੇ ਇਸ ਅਹਿਦਨਾਮੇ 'ਤੇ ਅੰਗਰੇਜ਼ਾਂ ਵੱਲੋਂ ਫ਼ਰੈਡਰਿਕ ਕੱਰੀ, ਹੈਨਰੀ ਲਾਰੈਂਸ ਤੇ ਰਾਬਰਟ ਮਿੰਟਗੁਮਰੀ; ਅਤੇ ਸਿੱਖਾਂ ਵੱਲੋਂ ਭਾਈ ਰਾਮ ਸਿੰਘ, ਲਾਲ ਸਿੰਹ, ਤੇਜਾ ਸਿੰਹ, ਚਤਰ ਸਿੰਘ ਅਟਾਰੀ, ਰਣਜੋਧ ਸਿੰਘ ਮਜੀਠਿਆ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ ਦੇ ਦਸਤਖ਼ਤ ਸਨ। (ਪੂਰਾ ਅਹਿਦਨਾਮਾ ਵੇਖੋ: ਕਨਿੰਘਮ, ਸਫ਼ਾ 371-74)।

1966: ਕਾਂਗਰਸ ਨੇ ਪੰਜਾਬੀ ਸੂਬਾ ਬਣਾਉਣ ਵਾਸਤੇ ਪਤਾ ਪਾਸ ਕੀਤਾ

1965 ਦੀ ਭਾਰਤ-ਪਾਕਿ ਜੰਗ ਮੁਕਦਿਆਂ ਹੀ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮੇਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸੀ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ। ਏਨੀ ਮੁਖ਼ਾਲਫ਼ਤ ਦੇ ਬਾਵਜੂਦ, ਮਿਲੀਆਂ ਜੁਲੀਆਂ ਕੋਸ਼ਿਸ਼ਾਂ ਮਗਰੋਂ **9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ।**

1985: ਪੰਜਾਬ ਨੂੰ ਮਨਾਹੀ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ *(ਐਮਨੈਸਟੀ ਇੰਟਰਨੈਸ਼ਨਲ ਨੂੰ ਪੰਜਾਬ ਵੜਨੋਂ ਰੋਕਣ ਵਾਸਤੇ)*

9 ਮਾਰਚ 1985 ਨੂੰ ਪੰਜਾਬ ਨੂੰ ਮਨਾਹੀ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ। ਇਸ ਨਾਲ ਬਦੇਸ਼ੀਆਂ ਦੀ ਪੰਜਾਬ ਦਾਖ਼ਲੇ 'ਤੇ ਪਾਬੰਦੀ ਪੱਕੀ ਕਰ ਦਿੱਤੀ ਗਈ। ਦਰਅਸਲ ਇਸ ਦਾ ਮਸਦ ਇਕ ਤਾਂ ਵਿਦੇਸ਼ੀ ਪ੍ਰੈੱਸ ਨੂੰ ਰੋਕਣਾ ਸੀ ਤੇ ਦੂਜਾ ਵਿਦੇਸ਼ੀ ਸਿੱਖਾਂ ਨੂੰ ਤੰਗ ਕਰਨ ਦਾ ਬਹਾਨਾ ਘੜਨਾ ਸੀ।

1986: ਸ਼ਿਵ ਸੈਨਾ ਨੇ ਕਪੂਰਥਲਾ ਵਿਚ ਪੁਲੀਸ ਚੌਕੀ 'ਤੇ ਹਮਲਾ ਕੀਤਾ

9 ਮਾਰਚ 1986 ਨੂੰ ਕਪੂਰਥਲਾ ਵਿਚ ਸ਼ਿਵ ਸੈਨਾ ਨੇ ਕੋਤਵਾਲੀ 'ਤੇ ਹਮਲਾ ਕੀਤਾ ਅਤੇ ਪਟਰੋਲ ਬੰਬ ਸੁੱਟੇ। ਉਨ੍ਹਾਂ ਨੇ ਗ੍ਰਿਫ਼ਤਾਰ ਕੀਤੇ ਦੋ ਦਹਿਸ਼ਤਗਰਦ ਹਿੰਦੂਆਂ ਦੀ ਰਿਹਾਈ

ਦੀ ਮੰਗ ਕੀਤੀ। ਅਗਲੇ ਦਿਨ ਹੀ ਉਹ ਦਹਿਸ਼ਤਗਰਦ ਹਿੰਦੂ ਰਿਹਾ ਕਰ ਦਿਤੇ ਗਏ। ਇਹ ਫ਼ਰਕ ਸੀ ਸੁਰਜੀਤ ਬਰਨਾਲਾ ਦੀ ਹਕੂਮਤ ਵਿਚ ਸਿੱਖਾਂ ਤੇ ਹਿੰਦੂਆਂ ਨਾਲ ਸਲੂਕ ਵਿਚ।

1988: ਜਸਬੀਰ ਸਿੰਘ ਰੋਡੇ ਦੀ ਤਾਜਪੋਸ਼ੀ ਦਾ ਡਰਾਮਾ ਕੀਤਾ ਗਿਆ

4 ਮਾਰਚ 1988 ਦੇ ਦਿਨ ਜਸਬੀਰ ਸਿੰਘ ਰੋਡੇ ਦੀ ਰਿਹਾਈ ਮਗਰੋਂ ਉਸ ਦੇ ਦਾਦੇ ਬਾਬਾ ਜੋਗਿੰਦਰ ਸਿੰਘ ਨੇ ਐਲਾਨ ਕੀਤਾ ਕਿ 9 ਮਾਰਚ ਨੂੰ ਜਸਬੀਰ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਵਲੋਂ 'ਤਾਜਪੋਸ਼ੀ' ਕੀਤੀ ਜਾਵੇਗੀ। ਲਫ਼ਜ਼ 'ਤਾਜਪੋਸ਼ੀ' ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਵਿਚ ਨਵਾਂ, ਓਪਰਾ ਅਤੇ ਗ਼ਲਤ ਸੀ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕੋਈ ਬਾਦਸ਼ਾਹ ਨਹੀਂ, ਉਹ ਪ੍ਰਧਾਨ ਜਾਂ ਚੇਅਰਮੈਨ ਵੀ ਨਹੀਂ; ਉਹ ਈਸਾਈਆਂ ਦੇ 'ਪੋਪ' ਵਾਂਗ ਵੀ ਨਹੀਂ, ਉਹ ਇਸਲਾਮ ਦੇ 'ਖ਼ਲੀਫ਼ਾ' ਵਾਂਗ ਵੀ ਨਹੀਂ, ਉਹ ਹਿੰਦੂਆਂ ਦੇ 'ਜਗਤ ਗੁਰੂ' ਵਾਂਗ ਵੀ ਨਹੀਂ; ਉਹ ਬੋਧੀਆਂ ਦੇ 'ਲਾਮਾ' ਵਾਂਗ ਵੀ ਨਹੀਂ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਤਾਂ ਇਕ ਕਿਸਮ ਦਾ ਸੀਨੀਅਰ ਪੁਜਾਰੀ ਹੈ। ਉਹ ਤਾਂ 'ਪੁਜਾਰੀਆਂ ਦਾ ਵੱਡਾ ਪੁਜਾਰੀ' ਹੈ। ਫਿਰ ਇਸ 'ਤਾਜਪੋਸ਼ੀ' ਦਾ ਮਤਲਬ ਤਾਂ ਉਸ ਨੂੰ ਸਿੱਖ ਪੰਥ ਦਾ ਬਾਦਸ਼ਾਹ, ਮਾਲਿਕ ਤੇ ਸ਼ਾਇਦ ਨੀਮ-ਗੁਰੂ ਬਨਾਉਣ ਵਾਲੀ ਕਾਰਵਾਈ ਸੀ। ਉਂਞ ਬਾਬਾ ਜੋਗਿੰਦਰ ਸਿੰਘ ਦਾ ਇਹੋ ਜਿਹਾ ਬਿਆਨ ਦੇਣ ਦੀ ਕੋਈ ਤੁਕ ਨਹੀਂ ਸੀ, ਕਿਉਂਕਿ ਬਾਬਾ ਅਕਾਲ ਤਖ਼ਤ ਸਾਹਿਬ ਦਾ ਕੋਈ ਬੁਲਾਰਾ ਨਹੀਂ ਸੀ।

1989: ਮਹਿੰਦਰ ਸਿੰਘ ਮਾਨੋਚਾਹਲ ਨਕਲੀ ਮੁਕਾਬਲੇ ਵਿਚ ਸ਼ਹੀਦ

9 ਮਾਰਚ 1989 ਦੇ ਦਿਨ ਪੰਜਾਬ ਪੁਲਸ ਨੇ ਮਹਿੰਦਰ ਸਿੰਘ (ਪੁੱਤਰ ਕਾਰਜ ਸਿੰਘ ਤੇ ਚਚੇਰਾ ਭਰਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕੁਲਦੀਪ ਸਿੰਘ ਤੇ ਆਤਮ ਪ੍ਰਕਾਸ਼ ਸਿੰਘ ਮਾਣਕ ਮਾਜਰਾ, ਹਰਜਿੰਦਰ ਸਿੰਘ ਪਹਿਲਵਾਨ , ਜਗਤਾਰ ਸਿੰਘ ਢੋਲਾ ਰਸੂਲਪੁਰ, ਜਸਮੇਲ ਸਿੰਘ ਜੱਸਾ ਤੇ ਲਖਵੀਰ ਸਿੰਘ ਵਰਹਾ ਚੈਨ ਸਿੰਘ ਵਾਲਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੁਲੀਸ ਨੇ 9 ਮਾਰਚ 1991 ਦੇ ਦਿਨ ਕੁਲਦੀਪ ਸਿੰਘ (ਪੁੱਤਰ ਰਚਨ ਸਿੰਘ, ਵਾਸੀ ਮਾਣਕ ਮਾਜਰਾ, ਨੇੜੇ ਰੰਗੀਲਪੁਰ, ਜ਼ਿਲ੍ਹਾ ਰੋਪੜ), ਆਤਮ ਪ੍ਰਕਾਸ਼ ਸਿੰਘ (ਪੁੱਤਰ ਮੇਵਾ ਸਿੰਘ, ਵਾਸੀ ਮਾਣਕ ਮਾਜਰਾ, ਨੇੜੇ ਰੰਗੀਲਪੁਰ, ਜ਼ਿਲ੍ਹਾ ਰੋਪੜ), ਹਰਜਿੰਦਰ ਸਿੰਘ ਉਰਫ਼ ਪਹਿਲਵਾਨ ਉਰਫ਼ ਜਿੰਦਾ (ਪੁੱਤਰ ਸੁਰਤਾ ਸਿੰਘ, ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ), ਜਗਤਾਰ ਸਿੰਘ ਢੋਲਾ (ਵਾਸੀ ਰਸੂਲਪੁਰ, ਅੰਮ੍ਰਿਤਸਰ), ਜਸਮੇਲ ਸਿੰਘ ਜੱਸਾ, ਬਬਰ ਤੇ ਲਖਵੀਰ ਸਿੰਘ ਫ਼ੌਜੀ (ਦੋਵੇਂ ਵਾਸੀ ਵਰਹਾ ਚੈਨ ਸਿੰਘ ਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਦਵਿੰਦਰ ਸਿੰਘ ਉਰਫ਼ ਕਮਾਂਡੋ, ਇਕਬਾਲ ਸਿੰਘ ਧਿਆਨਪੁਰ, ਇੰਦਰਜੀਤ ਸਿੰਘ ਠੱਟਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਨੌਂ ਮਾਰਚ 1992 ਦੇ ਦਿਨ ਪੁਲਸ ਨੇ ਦਵਿੰਦਰ ਸਿੰਘ ਉਰਫ਼ ਕਮਾਂਡੋ (ਪੁੱਤਰ ਫੂਲਾ ਸਿੰਘ, ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ), ਇਕਬਾਲ ਸਿੰਘ (ਪੁੱਤਰ ਗੁਰਦਿਆਲ ਸਿੰਘ, ਵਾਸੀ ਧਿਆਨਪੁਰ), ਤੇ ਇੰਦਰਜੀਤ ਸਿੰਘ ਠੱਟਾ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1644: ਭਾਈ ਮਨੀ ਸਿੰਘ ਦਾ ਜਨਮ ਹੋਇਆ

ਭਾਈ ਮਨੀ ਸਿੰਘ ਦਾ ਜਨਮ 10 ਮਾਰਚ 1644 ਦੇ ਦਿਨ ਭਾਈ ਮਾਈ ਦਾਸ ਦੇ ਘਰ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫ਼ਰਗੜ੍ਹ (ਪਾਕਿਸਤਾਨ) ਵਿਚ ਹੋਇਆ ਸੀ। ਜਨਮ ਵੇਲੇ ਉਨ੍ਹਾਂ ਦਾ ਨਾਂ ਮਨੀ ਰਾਮ ਰੱਖਿਆ ਗਿਆ ਸੀ । ਆਪ ਨੂੰ ਲਾਡ ਨਾਲ 'ਮਣੀਆ' ਆਖ ਕੇ ਬੁਲਾਇਆ ਜਾਂਦਾ ਸੀ।ਆਪ 90 ਸਾਲ ਦੀ ਉਮਰ ਵਿਚ 24 ਜੂਨ 1734 ਦੇ ਦਿਨ ਸ਼ਹੀਦ ਕੀਤੇ ਗਏ ਸਨ। (ਪੂਰੀ ਜੀਵਨੀ ਵਾਸਤੇ ਵੇਖੋ 24 ਜੂਨ)।

1746: ਲਖਪਤ ਰਾਏ ਨੇ 1000 ਤੋਂ ਵਧ ਸਿੱਖ ਸ਼ਹੀਦ ਕੀਤੇ

ਮਾਰਚ 1746 ਦੇ ਪਹਿਲੇ ਹਫ਼ਤੇ ਲਖਪਤ ਨੇ ਸਾਰੇ ਸਿੱਖ ਦੁਕਾਨਦਾਰ, ਮੁਲਾਜ਼ਮ ਤੇ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਹੁਕਮ ਜਾਰੀ ਕਰ ਦਿੱਤਾ। ਇਕ ਹਫ਼ਤੇ ਵਿਚ ਹੀ ਲਖਪਤ ਵੱਲੋਂ ਇਕ ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ।ਲਖਪਤ ਰਾਏ ਨੇ ਇਨ੍ਹਾਂ ਸਾਰਿਆਂ ਨੂੰ ਕਤਲ ਕਰਨ ਵਾਸਤੇ 10 ਮਾਰਚ 1746 ਦਾ ਦਿਨ ਮਿੱਥ ਦਿਤਾ। ਇਸ ਦਿਨ ਹਿੰਦੂਆਂ ਦਾ ਤਿਉਹਾਰ 'ਸੋਮਾਵਤੀ ਮੱਸਿਆ' (ਉਹ ਮੱਸਿਆ ਜਿਸ ਦਿਨ ਸੋਮਵਾਰ ਵੀ ਹੁੰਦਾ ਹੈ; ਕੁਝ ਹਿੰਦੂ ਇਸ ਨੂੰ ਵੀ ਪਵਿੱਤਰ ਸਮਝਦੇ ਹਨ) ਪੈਂਦਾ ਸੀ। ਇਸ ਕਰ ਕੇ ਬਹੁਤ ਸਾਰੇ ਮੁਖੀ ਹਿੰਦੂਆਂ ਨੇ ਲਖਪਤ ਨੂੰ ਮਿਲ ਕੇ ਇਨ੍ਹਾਂ ਸਾਰਿਆਂ ਨੂੰ ਸ਼ਹੀਦ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।ਇਨ੍ਹਾਂ ਦੀ ਅਗਵਾਈ ਲਖਪਤ ਦਾ ਆਪਣਾ ਉਸਤਾਦ ਗੋਸਾਈਂ ਜਗਤ-ਭਗਤ ਕਰ ਰਿਹਾ ਸੀ। ਪਰ ਲਖਪਤ ਤਾਂ ਸਿੱਖਾਂ ਵਾਸਤੇ ਨਫ਼ਰਤ ਦੀ ਅੱਗ ਵਿਚ ਏਨਾ ਮੱਚ ਰਿਹਾ ਸੀ ਕਿ ਉਸ ਨੇ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਹੋਰ ਤਾਂ ਹੋਰ ਉਸ ਨੇ ਸਿੱਖਾਂ ਦੇ ਕਤਲੇਆਮ ਦਾ ਦਿਨ ਮੁਲਤਵੀ ਕਰਨ ਤੋਂ ਵੀ ਨਾਂਹ ਕਰ ਦਿੱਤੀ। ਲਖਪਤ ਨੇ ਉਨ੍ਹਾਂ ਨੂੰ ਕਿਹਾ "ਤੁਸੀਂ ਤਾਂ ਕੀ ਜੇ ਮੈਨੂੰ ਰੱਬ ਵੀ ਆਖੇ ਤਾਂ ਮੈਂ ਉਸ ਦੀ ਪਰਵਾਹ ਵੀ ਨਹੀਂ ਕਰਾਂਗਾ।" ਇਸ 'ਤੇ ਗੋਸਾਈਂ ਜਗਤ-ਭਗਤ ਨੇ ਲਖਪਤ ਨੂੰ ਕਿਹਾ ਕਿ ਤੂੰ ਆਪਣੀ ਨਫ਼ਰਤ ਦੀ ਜ਼ਹਿਰ ਵਿਚ ਡੁਬ ਕੇ ਹੀ ਮਰ ਜਾਵੇਂਗਾ ਤੇ ਤੇਰੇ ਖ਼ਾਨਦਾਨ ਦਾ ਨਾਂ-ਨਿਸ਼ਾਨ ਵੀ ਬਾਕੀ ਨਹੀਂ ਰਹੇਗਾ। ਇਹ ਸੁਣ ਕੇ ਵੀ ਲਖਪਤ ਨਾ ਹਟਿਆ। ਅਖ਼ੀਰ 10 ਮਾਰਚ 1746 (12 ਚੇਤ ਸੰਮਤ 1802 ਦੇ ਦਿਨ ਲਾਹੌਰ ਦੇ ਨਖਾਸ ਚੌਕ ਵਿਚ ਇਕ ਹਜ਼ਾਰ ਤੋਂ ਵੱਧ ਸਿੱਖ ਸ਼ਹੀਦ ਕੀਤੇ ਗਏ। ਇਨ੍ਹਾਂ ਵਿਚ ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦਾ ਬੇਟਾ ਭਾਈ ਸ਼ਾਹਬਾਜ਼ ਸਿੰਘ ਵੀ ਸ਼ਾਮਿਲ ਸਨ ਜਿਨ੍ਹਾਂ ਨੂੰ ਚਰਖੜੀ 'ਤੇ ਚਾੜ੍ਹ ਕੇ, ਉਨ੍ਹਾਂ ਦਾ ਜਿਸਮ ਨੋਚ-ਨੋਚ ਕੇ, ਸ਼ਹੀਦ ਕੀਤਾ ਗਿਆ। ਇਸ ਮੌਕੇ 'ਤੇ ਇਕ ਹਿੰਦੂ-ਪਹਾੜੀ ਰਿਆਸਤ ਦੇ ਰਾਜੇ ਨੇ ਵੀ ਆਪਣੇ ਕੋਲ ਕੰਮ ਕਰਦੇ 15 ਸਿੱਖ ਲਖਪਤ ਦੇ ਹਵਾਲੇ ਕਰ ਦਿੱਤੇ। ਇਨ੍ਹਾਂ ਨੂੰ ਵੀ ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ।

1946: ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸਟੇਟ ਦੀ ਕਾਇਮੀ ਵਾਸਤੇ ਪਤਾ ਪਾਸ

ਜਦ ਸਿੱਖਾਂ ਨੂੰ ਅਹਿਸਾਸ ਹੋ ਗਿਆ ਕਿ ਪਾਕਿਸਤਾਨ ਨੰ ਕੋਈ ਤਾਕਤ ਨਹੀਂ ਰੋਕ ਸਕਦੀ ਤਾਂ ਉਨ੍ਹਾਂ ਨੇ ਵੀ ਆਜ਼ਾਦ ਸਿੱਖ ਮੁਲਕ ਦਾ ਨਾਅਰਾ ਲਾਉਣਾ ਸ਼ੁਰੂ ਕਰ ਦਿਤਾ। ਸ਼੍ਰੋਮਣੀ ਕਮੇਟੀ ਨੇ 10 ਮਾਰਚ 1946 ਦੀ ਆਪਣੀ ਮੀਟਿੰਗ ਵਿਚ ਸਿੱਖਾਂ ਵਾਸਤੇ ਅਲਗ ਸਿੱਖ ਸਟੇਟ ਦੀ ਮੰਗ ਕੀਤੀ।

1947: ਢੇਰੀ ਪਿੰਡ (ਕੈਂਬਲਪੁਰ ਜ਼ਿਲ੍ਹਾ) ਵਿਚ ਸਿੱਖ ਟੱਬਰ ਨੇ ਸਿੱਖੀ ਬਚਾਉਣ ਹਿਤ ਜਾਨ ਦੇ ਦਿੱਤੀ

9 ਮਾਰਚ 1947 ਦੇ ਦਿਨ ਮੁਸਲਮਾਨਾਂ ਦੇ ਪਿੰਡ ਢੇਰੀ (ਕੈਂਬਲਪੁਰ ਜ਼ਿਲ੍ਹਾ) ਵਿਚ ਰਹਿ ਰਹੇ ਜਸਵੰਤ ਸਿੰਘ ਦੇ ਪਰਵਾਰ ਨੇ ਮੁਸਲਮਾਨ ਬਣਨੋਂ ਨਾਂਹ ਕੀਤੀ ਤੇ ਜਦ ਉਹ ਘਰ ਗਿਆ ਤੇ ਪਿੰਡ ਵਿਚੋਂ ਭੱਜ ਵੀ ਨਾ ਸਕਿਆ ਤਾਂ ਉਸ ਨੇ ਆਪਣੀਆਂ ਔਰਤਾਂ ਨੂੰ ਰੇਪ ਹੋਣੋਂ ਬਚਾਉਣ ਅਤੇ ਜ਼ੁਲਮ ਤੋਂ ਬਚਣ ਵਾਸਤੇ ਟੱਬਰ ਨੂੰ ਕਤਲ ਕਰਨ ਮਗਰੋਂ ਖ਼ੁਦ ਨੂੰ ਖ਼ਤਮ ਕਰ ਲਿਆ।

1966: ਯਗ ਦੱਤ ਨੇ ਪੰਜਾਬੀ ਸੂਬਾ ਬਣਾਉਣ ਦੇ ਐਲਾਣ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ

9 ਮਾਰਚ 1966 ਨੂੰ ਜਦ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ ਥਾ ਅਗਲੇ ਦਿਨ 10 ਮਾਰਚ 1966 ਨੂੰ ਜਨਸੰਘ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਨੂੰ ਬਣਨੋਂ ਰੋਕਣ ਲਈ ਘੋਲ ਦਾ ਐਲਾਨ ਕਰ ਦਿੱਤਾ। ਇਸੇ ਦਿਨ ਯੱਗਦੱਤ ਸ਼ਰਮਾ (ਜਨਰਲ ਸਕੱਤਰ ਪੰਜਾਬ ਜਨਸੰਘ) ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ।

1983: ਭਿੰਡਰਾਂ-ਮਹਿਤਾ ਜਥਾ ਦੀ ਜੀਪ 'ਤੇ ਬੰਬ ਸੁੱਟਿਆ ਗਿਆ

10 ਮਾਰਚ 1983 ਦੇ ਦਿਨ ਅੰਮ੍ਰਿਤਸਰ ਨੇੜੇ ਮਾਨਾਂਵਾਲਾ ਪਿੰਡ ਦੇ ਬਾਹਰ ਸੜਕ 'ਤੇ ਪੁਲੀਸ ਨੇ ਭਿੰਡਰਾਂ-ਮਹਿਤਾ ਜੱਥਾ ਦੀ ਇਕ ਜੀਪ ਉੱਤੇ ਬੰਬ ਅਤੇ ਗੋਲੇ ਮਾਰ ਕੇ ਇਕ ਸਿੱਖ ਹਰਦੇਵ ਸਿੰਘ ਰੋਡੇ ਮਾਰ ਦਿੱਤਾ। ਇਸ ਤੋਂ ਇਲਾਵਾ ਗੁਰਮੁਖ ਸਿੰਘ ਤੇ ਅਣੋਖ ਸਿੰਘ ਉਬੋਕੇ (ਭਤੀਜਾ ਅਕਾਲੀ ਆਗੂ ਮੇਜਰ ਸਿੰਘ ਉਬੋਕੇ) ਜ਼ਖ਼ਮੀ ਹੋਏ (ਅਣੋਖ ਸਿੰਘ ਦਾ ਉਪਰਲਾ ਬੁਲ੍ਹ ਤੇ ਦੰਦ ਉਡ ਗਏ ਸਨ; ਇਹ ਅਣੋਖ ਸਿੰਘ ਮਗਰੋਂ 1993 ਵਿਚ ਸ਼ਹੀਦ ਹੋਇਆ ਸੀ)। ਡੀ.ਆਈ.ਜੀ. ਅਟਵਾਲ ਅਤੇ ਏ.ਪੀ. ਪਾਂਡੇ ਇਨ੍ਹਾਂ ਕਤਲਾਂ ਦੇ ਜ਼ਿੰਮੇਦਾਰ ਸਨ। (ਇਕ ਚਰਚਾ ਮੁਤਾਬਿਕ ਇਹ ਖਾੜਕੂ ਲੁਧਿਆਣੇ ਦੇ ਜ਼ਾਲਮ ਪੁਲਸੀਏ ਡੀ.ਆਰ. ਭੱਟੀ ਨੂੰ ਮਾਰਨ ਜਾ ਰਹੇ ਸਨ)। ਇਸ ਘਟਨਾ ਤੋਂ ਮਗਰੋਂ ਅਣੋਖ ਸਿੰਘ, ਜ਼ਖ਼ਮੀ ਹੋਣ ਦੇ ਬਾਵਜੂਦ ਉਸ ਜੀਪ ਨੂੰ, ਸ਼ਹੀਦ ਹਰਦੇਵ ਸਿੰਘ ਤੇ ਜ਼ਖ਼ਮੀ ਸਾਥੀਆਂ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਲੈ ਗਿਆ ਸੀ।

1988: ਜਸਬੀਰ ਸਿੰਘ ਰੋਡੇ ਦੇ ਨਾਂ 'ਤੇ ਖਾਲਿਸਤਾਨ ਦੀ ਹਿਮਾਇਤ ਬਾਰੇ ਬਿਆਨ ਜਾਰੀ ਕਰਨ ਤੇ ਕੁਲਦੀਪ ਸਿੰਘ ਅਰੋੜਾ ਜਰਨਲਿਸਟ ਗ੍ਰਿਫ਼ਤਾਰ

ਭਾਈ ਜਸਬੀਰ ਸਿੰਘ ਨੇ 10 ਮਾਰਚ 1988 ਨੂੰ ਬੇਗੁਨਾਹਾਂ ਦੇ ਕਤਲਾਂ ਦੀ ਨਿੰਦਾ ਕੀਤੀ। ਇਸੇ ਦਿਨ ਇਕ ਜਰਨਲਿਸਟ ਕੁਲਦੀਪ ਸਿੰਘ ਅਰੋੜਾ ਨੇ ਆਪਣੇ ਆਪ ਹੀ ਭਾਈ ਜਸਬੀਰ ਸਿੰਘ ਦੇ ਨਾਂ 'ਤੇ ਖਾਲਿਸਤਾਨ ਦੇ ਹੱਕ ਵਿਚ ਬਿਆਨ ਜਾਰੀ ਕਰਵਾ ਦਿੱਤਾ (ਅਗਲੇ ਦਿਨ ਹੀ ਅਰੋੜਾ ਨੂੰ ਨੈਸ਼ਨਲ ਸਕਿਊਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ; ਮਗਰੋਂ ਜਰਨਲਿਸਟ ਯੂਨੀਅਨ ਦੇ ਦਬਾਅ ਹੇਠ ਉਸ ਨੂੰ ਰਿਹਾ ਕਰ ਦਿੱਤਾ ਗਿਆ)।

1988: ਜਗੀਰ ਸਿੰਘ ਛਾਪਿਆਂਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

10 ਮਾਰਚ 1988 ਦੇ ਦਿਨ ਪੰਜਾਬ ਪੁਲਸ ਨੇ ਜਗੀਰ ਸਿੰਘ (ਵਾਸੀ ਛਾਪਿਆਂਵਾਲੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਗਗਨਦੀਪ ਸਿੰਘ ਹੁੰਦਲ ਚੱਕ ਸਿਕੰਦਰ ਤੇ ਕੁਲਦੀਪ ਸਿੰਘ ਕਪੂਰਥਲਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਮਾਰਚ 1989 ਦੇ ਦਿਨ ਪੰਜਾਬ ਪੁਲਸ ਨੇ ਗਗਨਦੀਪ ਸਿੰਘ ਹੁੰਦਲ (ਪੁੱਤਰ ਕੈਪਟਨ ਨਰਿੰਦਰਜੀਤ ਸਿੰਘ, ਵਾਸੀ ਚੱਕ ਸਿਕੰਦਰ, ਅੰਮ੍ਰਿਤਸਰ) ਤੇ ਕੁਲਦੀਪ ਸਿੰਘ (ਵਾਸੀ ਕਪੂਰਥਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜਸਵਿੰਦਰ ਸਿੰਘ ਸਿਪਾਹੀ ਅਤੇ ਉਸ ਦੀ ਪਤਨੀ ਬੀਬੀ ਬਲਵਿੰਦਰ ਕੌਰ ਖੁਜਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਜਸਵਿੰਦਰ ਸਿੰਘ ਸਿਪਾਹੀ ਅਤੇ ਉਸ ਦੀ ਪਤਨੀ ਬੀਬੀ ਬਲਵਿੰਦਰ ਕੌਰ ਖੁਜਾਲਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿੰਘ ਉਰਫ਼ ਬਿੰਦੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

10 ਮਾਰਚ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਉਰਫ਼ ਬਿੰਦੀ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸਤਨਾਮ ਸਿੰਘ ਤੇ ਲਖਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦਸ ਮਾਰਚ 1993 ਦੇ ਦਿਨ ਸਤਨਾਮ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਜੱਲੂਪੁਰ, ਜ਼ਿਲਾ ਅੰਮ੍ਰਿਤਸਰ) ਤੇ ਲਖਵਿੰਦਰ ਸਿੰਘ ਲੱਖਾ ਉਰਫ਼ ਕੇਹਰ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1996: ਬੀਬੀਆਂ ਨੇ ਦਰਬਾਰ ਸਾਹਿਬ ਵਿਚ ਫ਼ਰਸ਼ ਧੋਣ ਦੀ ਸੇਵਾ ਕੀਤੀ

ਨਿਰਮਲਿਆਂ ਦੇ ਦਰਬਾਰ ਸਾਹਿਬ 'ਤੇ ਕਬਜ਼ੇ (1823 ਵਿਚ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਬਾਅਦ) ਦੇ ਵੇਲੇ ਤੋਂ ਹੀ ਦਰਬਾਰ ਸਾਹਿਬ ਵਿਚ ਬ੍ਰਾਹਮਣੀ ਰਿਵਾਇਤਾਂ ਲਾਗੂ ਹੋ ਗਈਆਂ ਸਨ; ਇਨ੍ਹਾਂ ਵਿਚ ਅਖੌਤੀ ਅਛੂਤਾਂ ਦਾ ਦਰਬਾਰ ਸਾਹਿਬ ਵਿਚ 11 ਵਜੇ ਤੋਂ ਪਹਿਲਾਂ ਦਾਖ਼ਲਾ ਅਤੇ ਬੀਬੀਆਂ ਦੇ ਸੇਵਾ ਕਰਨ 'ਤੇ ਰੋਕ ਵੀ ਸ਼ਾਮਿਲ ਸਨ; ਅਖੌਤੀ ਅਛੂਤਾਂ ਦੀ ਪਾਬੰਦੀ ਤਾਂ 12 ਅਕਤੂਬਰ 1920 ਨੂੰ ਖ਼ਤਮ ਹੋ ਗਈ ਸੀ ਪਰ ਬੀਬੀਆਂ ਨਾਲ ਵਿਤਕਰਾ ਅਜੇ ਵੀ ਜਾਰੀ ਸੀ। ਇਸ ਨੂੰ ਖ਼ਤਮ ਕਰਨ ਵਾਸਤੇ 10 ਮਾਰਚ 1996 ਦੇ ਦਿਨ ਬੀਬੀਆਂ ਦੇ ਇਕ ਜਥੇ ਨੇ ਬੀਬੀ ਅਮਰਜੀਤ ਕੌਰ, ਸਿੰਘਣੀ ਸ਼ਹੀਦ ਭਾਈ ਫ਼ੌਜਾ ਸਿੰਘ, ਦੀ ਅਗਵਾਈ ਹੇਠ ਦਰਬਾਰ ਸਾਹਿਬ ਦਾ ਫ਼ਰਸ਼ ਧੋਣ ਤੇ ਹੋਰ ਸੇਵਾ ਕੀਤੀ। ਉਂਞ ਇਸ ਨੂੰ ਫੇਰ ਦੁਹਰਾਇਆ ਨਹੀਂ ਜਾ ਸਕਿਆ। ਵੇਖੋ ਸਿੱਖ ਦਰਬਾਰ ਸਾਹਿਬ ਨੂੰ ਨਿਰਮਲਿਆਂ ਤੇ ਹੋਰ ਬ੍ਰਾਹਮਣਾਂ ਤੋਂ ਕਦ ਆਜ਼ਾਦ ਕਰਵਾਉਂਦੇ ਹਨ ਅਤੇ ਇਹ ਵਿਤਕਰਾ ਕਦ ਖ਼ਤਮ ਕਰਵਾ ਸਕਦੇ ਹਨ।

11 ਮਾਰਚ

1748: ਅਹਿਮਦ ਸ਼ਾਹ ਦੁਰਾਨੀ (ਅਬਦਾਲੀ) ਮੀਰ ਮੰਨੂ ਹੱਥੋਂ ਮਨੂਪੁਰ ਵਿਚ ਹਾਰਿਆ

ਲਾਹੌਰ 'ਤੇ ਕਬਜ਼ਾ ਕਰਨ ਮਗਰੋਂ ਅਹਿਮਦ ਸ਼ਾਹ ਦੁਰਾਨੀ 2 ਮਾਰਚ 1748 ਨੂੰ ਪਹੁੰਚ ਗਿਆ। ਇਸ ਵੇਲੇ ਵਿਚ ਇਕ ਹਜ਼ਾਰ ਤੋਂ ਵੀ ਘਟ ਮੁਗ਼ਲ ਫ਼ੌਜ ਸੀ ਤੇ ਬਾਕੀ ਸਿਰਫ਼ ਔਰਤਾਂ ਹੀ ਸਨ। ਇਸ ਕਰ ਕੇ ਅਹਿਮਦ ਸ਼ਾਹ ਨੂੰ ਇਸ ਨਗਰ 'ਤੇ ਕਬਜ਼ਾ ਕਰਨ ਵਿਚ ਕੋਈ ਮੁਸ਼ਕਿਲ ਨਾ

ਆਈ। ਜਦ ਮੁਗ਼ਲ ਸ਼ਹਿਜ਼ਾਦੇ ਅਹਿਮਦ (ਜੋ ਫ਼ੌਜ ਦੀ ਅਗਵਾਈ ਕਰ ਰਿਹਾ ਸੀ) ਨੂੰ ਢੇਰੀ 'ਤੇ ਅਹਿਮਦ ਸ਼ਾਹ ਦੇ ਕਬਜ਼ੇ ਦੀ ਖ਼ਬਰ ਮਿਲੀ ਤਾਂ ਉਸ ਨੇ ਫ਼ੌਜ ਨੂੰ ਢੇਰੀ ਵਲ ਕੂਚ ਕਰਨ ਦਾ ਹੁਕਮ ਦੇ ਦਿਤਾ। ਮੁਗ਼ਲ ਫ਼ੌਜਾਂ ਨੇ ਢੇਰੀ ਤੋਂ 15 ਕਿਲੋਮੀਟਰ ਦੂਰ ਪਿੰਡ ਮਨੂਪੁਰ ਦੀ ਹਦੂਦ ਵਿਚ ਮੋਰਚੇ ਪੁੱਟ ਲਏ। ਇਸ ਲੜਾਈ ਵਿਚ ਪ੍ਰਾਈਮ ਮਨਿਸਟਰ ਕਮਰੁੱਦੀਨ ਅਤੇ ਉਸ ਦਾ ਪੁੱਤਰ ਮੁਈਨ-ਉਦ-ਦੀਨ (ਮੀਰ ਮੰਨੂ) ਆਪ ਅੱਗੇ ਹੋ ਕੇ ਲੜ ਰਹੇ ਸਨ। ਕੁਝ ਦਿਨ ਦੋਹਾਂ ਫ਼ੌਜਾਂ ਵਿਚ ਨਿੱਕੀਆਂ-ਮੋਟੀਆਂ ਝੜਪਾਂ ਹੁੰਦੀਆਂ ਰਹੀਆਂ। ਅਖ਼ੀਰ 11 ਮਾਰਚ ਦੇ ਦਿਨ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਿੱਲੀ ਦਰਬਾਰ ਦੀਆਂ ਫ਼ੌਜਾਂ 'ਤੇ ਪੂਰਾ ਹਮਲਾ ਕਰ ਦਿਤਾ। ਪਹਿਲੇ ਹਮਲੇ ਵਿਚ ਹੀ ਇਕ ਗੋਲਾ ਵਜ਼ੀਰੇ-ਆਲ੍ਹਾ ਕਮਰੁੱਦੀਨ ਨੂੰ (ਜੋ ਉਸ ਵੇਲੇ ਨਮਾਜ਼ ਪੜ੍ਹ ਰਿਹਾ ਸੀ) ਨੂੰ ਵੱਜਾ ਤੇ ਉਹ ਮਰ ਗਿਆ। ਮੁਈਨ-ਉਦ-ਦੀਨ ਨੇ ਆਪਣੇ ਬਾਪ ਦੀ ਲਾਸ਼ ਨੂੰ ਸਿਰਹਾਨਿਆਂ ਦੀ ਮਦਦ ਨਾਲ ਹਾਥੀ 'ਤੇ ਇੰਞ ਟਿਕਾਇਆ ਕਿ ਉਹ ਬੈਠਾ ਫ਼ੌਜ ਦੀ ਅਗਵਾਈ ਕਰਦਾ ਨਜ਼ਰ ਆਉਂਦਾ ਸੀ। ਉਸ ਨੇ ਇਸ ਦੇ ਨਾਲ ਹੀ ਦੁੱਰਾਨੀ ਦੀ ਫ਼ੌਜ 'ਤੇ ਇਕ ਜ਼ਬਰਦਸਤ ਹਮਲਾ ਕਰ ਦਿੱਤਾ। ਛੇਤੀ ਹੀ ਦੋਹਾਂ ਧਿਰਾਂ ਵਿਚ ਲਹੂ ਵੀਟਵੀਂ ਜੰਗ ਸ਼ੁਰੂ ਹੋ ਗਈ। ਜੰਗ ਦੌਰਾਨ ਇਕ ਗੋਲੇ ਵਿੱਚੋਂ ਇਕ ਚਿੰਗਾਰੀ ਉੱਡ ਕੇ ਅਹਿਮਦ ਸ਼ਾਹ ਵਾਲੇ ਪਾਸੇ ਪਏ ਬਾਰੂਦ ਨਾਲ ਭਰੇ ਇਕ ਗੱਡੇ 'ਤੇ ਜਾ ਡਿੱਗੀ। ਇਸ ਚਿੰਗਾਰੀ ਨਾਲ ਉਸ ਗੱਡੇ ਵਿਚ ਪਏ ਤੀਰ ਆਪਣੇ ਆਪ ਚੱਲਣ ਲਗ ਪਏ। ਇਨ੍ਹਾਂ ਤੀਰਾਂ ਨਾਲ ਵੀ ਬਾਰੂਦ ਲੱਗਾ ਹੋਇਆ ਸੀ। ਇਨ੍ਹਾਂ 'ਚੋਂ ਅੱਗੋਂ ਹੋਰ ਚਿੰਗਾਰੀਆਂ ਨਿਕਲ ਕੇ ਤੀਰਾਂ ਵਾਲੇ ਹੋਰ ਗੱਡਿਆਂ 'ਤੇ ਵੀ ਡਿੱਗੀਆਂ। ਇੰਜ ਸੈਂਕੜੇ ਤੀਰ ਚਲਣ ਲਗ ਪਏ। ਇਸ ਨਾਲ ਅਹਿਮਦ ਸ਼ਾਹ ਦੀਆਂ ਫ਼ੌਜਾਂ ਵਿਚ ਭਾਜੜ ਪੈ ਗਈ ਤੇ ਉਹ ਆਪਣੀ ਹਿਫ਼ਾਜ਼ਤ ਵਾਸਤੇ ਲੁੱਕਣ ਅਤੇ ਭੱਜਣ ਲਗ ਪਏ। ਇਹ ਵੇਖ ਕੇ ਮੁਗ਼ਲ ਫ਼ੌਜਾਂ ਨੇ ਇਕ ਹੋਰ ਜ਼ਬਰਦਸਤ ਹੱਲਾ ਬੋਲਿਆ। ਹੁਣ ਅਫ਼ਗਾਨ ਫ਼ੌਜਾਂ ਇਸ ਦਾ ਟਾਕਰਾ ਨਾ ਕਰ ਸਕੀਆਂ ਅਤੇ ਅਹਿਮਦ ਸ਼ਾਹ ਨੂੰ ਮੈਦਾਨ ਛੱਡ ਕੇ ਪਿੱਛੇ ਮੁੜਨਾ ਪੈ ਗਿਆ। ਮਨੂਪਰ ਵਿਚ ਹਾਰਨ ਮਗਰੋਂ ਅਹਿਮਦ ਸ਼ਾਹ ਵਾਪਸ ਢੇਰੀ ਨੂੰ ਮੁੜ ਪਿਆ ਤੇ ਏਥੋਂ ਵੀ ਪੰਜ ਦਿਨ ਮਗਰੋਂ 17 ਮਾਰਚ ਨੂੰ ਲਾਹੌਰ ਵੱਲ ਚਲ ਪਿਆ। ਹੁਣ ਉਹ ਲਾਹੌਰ 'ਚ ਵੀ ਬਹੁਤਾ ਰੁਕਣ ਦੀ ਬਜਾਇ 26 ਮਾਰਚ ਨੂੰ ਵਤਨਾਂ ਨੂੰ ਮੁੜ ਗਿਆ।

1783: ਸਿੱਖਾਂ ਨੇ ਲਾਲ ਕਿਲ੍ਹੇ ਤੇ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ

11 ਮਾਰਚ 1783 ਦੇ ਦਿਨ ਸਿੱਖ ਫ਼ੌਜਾਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਵਗ਼ੈਰਾ ਦੀ ਅਗਵਾਈ ਵਿਚ ਲਾਲ ਕਿਲ੍ਹਾ ਵਿਚ ਵੀ ਦਾਖ਼ਿਲ ਹੋ ਗਈਆਂ ਅਤੇ ਕਿਲ੍ਹੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਮੌਕੇ 'ਤੇ ਜਰਨੈਲਾਂ ਨੇ ਦਲ ਖ਼ਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬੈਠਣ ਵਾਸਤੇ ਕਿਹਾ ਪਰ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖਾਂ ਵਿਚ ਅਜਿਹੇ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ। ਇਸ ਕਰ ਕੇ ਕੋਈ ਵੀ ਉਸ ਤਖ਼ਤ 'ਤੇ ਬੈਠਣ ਵਾਸਤੇ ਤਿਆਰ ਨਾ ਹੋਇਆ।

1921: ਜਥੇਦਾਰ ਕਰਤਾਰ ਸਿੰਘ ਝੱਬਰ ਤੇ ਹੋਰ ਸਾਥੀ ਨਾਨਕਾਣਾ ਸਾਹਿਬ ਵਿਚ ਗ੍ਰਿਫ਼ਤਾਰ ਹੋਏ

11 ਮਾਰਚ 1921 ਦੇ ਦਿਨ ਪੁਲੀਸ ਦੀ ਇਕ ਵੱਡੀ ਧਾੜ ਨੇ ਨਾਨਕਾਣਾ ਸਾਹਿਬ ਦੇ ਗੁਰਦੁਆਰਿਆਂ ਨੂੰ ਘੇਰਾ ਪਾ ਲਿਆ। ਉੱਥੇ ਝੱਬਰ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ (ਅਤੇ ਉਸ 'ਤੇ ਚੋਰੀ-ਡਾਕੇ ਦੇ ਝੂਠੇ ਕੇਸ ਪਾ ਕੇ ਉਸ ਨੂੰ 7 ਸਾਲ, ਇਕ ਕੇਸ ਵਿਚ 3 ਸਾਲ ਅਤੇ ਇਕ ਹੋਰ ਕੇਸ ਵਿਚ 8 ਸਾਲ, ਕੁਲ 18 ਸਾਲ, ਵਾਸਤੇ ਕੈਦ ਕਰ ਦਿੱਤਾ

ਗਿਆ)। 12 ਮਾਰਚ ਨੂੰ ਮੂਲ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ (ਤੇ ਉਸ ਨੂੰ 3 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ)। ਇਵੇਂ ਹੀ ਲੱਖਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਉਸ 'ਤੇ ਝੂਠੇ ਕੇਸ ਪਾ ਕੇ ਕੈਦ ਦੀ ਸਜ਼ਾ ਦਿੱਤੀ ਗਈ। ਹੋਰ ਕੇਸਾਂ ਵਿਚ ਤਾਰਾ ਸਿੰਘ ਠੇਠਰ ਤੇ ਤੇਜਾ ਸਿੰਘ ਭੁੱਚਰ ਨੂੰ ਵੀ ਕੈਦ ਕੀਤਾ ਗਿਆ ਤੇ ਤਰਤੀਬਵਾਰ 11 ਸਾਲ ਤੇ 9 ਸਾਲ ਕੈਦ ਦੀ ਸਜ਼ਾ ਦਿੱਤੀ ਗਈ)।

1923: ਬਬਰ ਅਕਾਲੀਆਂ ਨੇ ਨੰਗਲ ਸ਼ਾਮਾ ਦਾ ਪੁਲੀਸ ਟਾਊਟ ਬੂਟਾ ਸਿੰਘ ਮਾਰਿਆ

11 ਮਾਰਚ 1922 ਦੇ ਦਿਨ ਬਬਰ ਅਕਾਲੀਆਂ ਨੇ ਪੁਲੀਸ ਮੁਖ਼ਬਰ ਨੰਬਰਦਾਰ ਬੂਟਾ ਸਿੰਘ ਵਾਸੀ ਨੰਗਲ ਸ਼ਾਮਾਂ ਨੂੰ ਖ਼ਤਮ ਕਰ ਦਿੱਤਾ। ਐਕਸ਼ਨ ਕਰਨ ਵਾਲੇ ਸਨ: ਪਿਆਰਾ ਸਿੰਘ ਧਾਮੀਆਂ, ਧੰਨਾ ਸਿੰਘ ਬਹਿਬਲਪੁਰ ਤੇ ਬੰਤਾ ਸਿੰਘ ਧਾਮੀਆਂ।

1966: ਦਹਿਸ਼ਤਗਰਦ ਹਿੰਦੂਆਂ ਨੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਤੇ ਹਮਲੇ ਸ਼ੁਰੂ ਕਰ ਦਿੱਤੇ; ਕਈਆਂ ਦੇ ਘਰ ਤੇ ਦੁਕਾਨਾਂ ਵੀ ਸਾੜੀਆਂ

ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਜੰਗ ਦੇ ਐਲਾਣ ਹੇਠ 11 ਮਾਰਚ 1966 ਨੂੰ ਜਨਸੰਘੀਆਂ (ਹੁਣ ਭਾਜਪਾ), ਡੀ.ਏ.ਵੀ. ਸਕੂਲਾਂ ਅਤੇ ਕਾਲਜਾਂ ਵਿਚੋਂ ਹਿੰਦੂ ਮੁੰਡਿਆਂ ਨੇ ਜਲੂਸ ਕੱਢੇ ਅਤੇ ਸਿੱਖਾਂ, ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ ਗਏ। ਉਨ੍ਹਾਂ ਦਾ ਪੁਲਿਸ ਨਾਲ ਟਕਰਾਓ ਹੁੰਦਾ ਰਿਹਾ। ਅੰਮ੍ਰਿਤਸਰ ਵਿਚ ਕਾਂਗਰਸ ਦਾ ਦਫ਼ਤਰ ਸਾੜ ਦਿੱਤਾ ਗਿਆ। ਪੰਜਾਬ ਵਿਚ ਵੀ ਕਈ ਸ਼ਹਿਰਾਂ ਵਿਚ ਕਰਫ਼ਿਊ ਲਾ ਦਿੱਤਾ ਗਿਆ।

1985: ਉਦੈਪੁਰ ਜੇਲ੍ਹ ਵਿਚੋਂ 8 ਮੁਖੀ ਅਕਾਲੀ ਆਗੂ ਰਿਹਾ ਕੀਤੇ ਗਏ

1985 ਵਿਚ ਜਦੋਂ ਰਾਜੀਵ ਗਾਂਧੀ ਨੇ ਮਹਿਸੂਸ ਕੀਤਾ ਕਿ ਹੁਣ ਪੰਜਾਬ ਵਿਚ ਅਕਾਲੀ ਆਗੂਆਂ ਦਾ ਆਧਾਰ ਖ਼ਤਮ ਹੋ ਰਿਹਾ ਹੈ ਅਤੇ ਖਾੜਕੂ ਹਾਵੀ ਹੋ ਰਹੇ ਹਨ ਤਾਂ ਉਸ ਨੇ 11 ਮਾਰਚ 1985 ਦੇ ਦਿਨ 8 ਵੱਡੇ ਅਕਾਲੀ ਆਗੂ ਰਿਹਾਅ ਕਰ ਦਿੱਤੇ। ਗਲੇ ਦਿਨ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਵੀ ਹਟਾ ਲਈ ਗਈ।

1990: ਦੀਦਾਰ ਸਿੰਘ ਕੁੱਕੂ, ਸੁਰਜੀਤ ਸਿੰਘ ਬਿੱਟੂ ਟੁੱਟ, ਨਿਸਾਨ ਸਿੰਘ ਬਾਬਾ ਰੱਤਾ ਖੇਹ, ਹਿੰਮਤ ਸਿੰਘ, ਸੁਖਦੇਵ ਸਿੰਘ ਫ਼ੌਜੀ, ਬਲਦੇਵ ਸਿੰਘ ਗੁੰਥੀ ਰਾਣੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਦੀਦਾਰ ਸਿੰਘ ਉਰਫ਼ ਕੁੱਕੂ, ਸੁਰਜੀਤ ਸਿੰਘ ਬਿੱਟੂ (ਵਾਸੀ ਟੁੱਟ), ਨਿਸਾਨ ਸਿੰਘ ਬਾਬਾ (ਵਾਸੀ ਰੱਤਾ ਖੇਹ), ਹਿੰਮਤ ਸਿੰਘ, ਸੁਖਦੇਵ ਸਿੰਘ ਉਰਫ਼ ਫੌਜੀ, ਬਲਦੇਵ ਸਿੰਘ ਗੁੰਥੀ (ਵਾਸੀ ਰਾਣੀਵਾਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਾਧਾ ਸਿੰਘ ਕੁਰੂਵਿੰਡ, ਬਲਜੀਤ ਸਿੰਘ ਭੁਝੰਗੀ, ਗੁਰਬਖਸ ਸਿੰਘ ਢੋਲਾ, ਰੇਸ਼ਮ ਸਿੰਘ ਬਰਾੜ ਰਾਜੇਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਸਾਧਾ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਕੁਰੂਵਿੰਡ, ਅੰਮ੍ਰਿਤਸਰ), ਬਲਜੀਤ ਸਿੰਘ ਭੁਝੰਗੀ, ਗੁਰਬਖਸ ਸਿੰਘ ਢੋਲਾ, ਰੇਸ਼ਮ ਸਿੰਘ ਬਰਾੜ ਰਾਜੇਆਣਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਲਕੀਤ ਸਿੰਘ, ਦਲਵੀਰ ਸਿੰਘ, ਅਮਰੀਕ ਸਿੰਘ, ਪਰਮਜੀਤ ਸਿੰਘ ਬੱਲਾ, ਨਰਿੰਦਰ ਸਿੰਘ, ਗੁਰਬਖ਼ਸ਼ ਸਿੰਘ, ਅਜਾਇਬ ਸਿੰਘ 'ਮਿਨੀ ਬਾਬਾ' ਤੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਯਾਰ੍ਹਾਂ ਮਾਰਚ 1992 ਦੇ ਦਿਨ ਮਲਕੀਤ ਸਿੰਘ ਉਰਫ਼ ਬੱਲਾ (ਪੁੱਤਰ ਅਮਰ ਸਿੰਘ, ਵਾਸੀ ਬੁੱਧਪੁਰ, ਨੇੜੇ ਫੂਲ ਖੁਰਦ, ਜ਼ਿਲ੍ਹਾ ਰੋਪੜ), ਦਲਵੀਰ ਸਿੰਘ (ਪੁੱਤਰ ਸ਼ਿਵ ਰਾਮ, ਵਾਸੀ ਭਾਊਵਾਲ, ਜ਼ਿਲ੍ਹਾ ਰੋਪੜ), ਅਮਰੀਕ ਸਿੰਘ ਉਰਫ਼ ਫ਼ੱਕਰ (ਪੁੱਤਰ ਜਗੀਰ ਸਿੰਘ, ਵਾਸੀ ਕੀਰਤਨਗੜ੍ਹ), ਪਰਮਜੀਤ ਸਿੰਘ ਬੱਲਾ, ਨਰਿੰਦਰ ਸਿੰਘ ਮਾਹਲਪੁਰ, ਗੁਰਮੁਖ ਸਿੰਘ ਭੜੀ ਤੇ ਅਜਾਇਬ ਸਿੰਘ 'ਮਿਨੀ ਬਾਬਾ' ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1993: ਮੁਖ਼ਤਿਆਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਯਾਰ੍ਹਾਂ ਮਾਰਚ 1993 ਦੇ ਦਿਨ ਮੁਖ਼ਤਿਆਰ ਸਿੰਘ (ਪੁੱਤਰ ਮਾਹਲਾ ਸਿੰਘ, ਵਾਸੀ ਪੱਖੋਕੇ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

12 ਮਾਰਚ

1855: ਦਰਬਾਰਾ ਸਿੰਘ ਨਿਰੰਕਾਰੀ ਨੇ ਗੁਰੂ ਗ੍ਰੰਥ ਸਾਹਿਬ ਦੁਆਲੇ ਫੇਰੇ ਲੈ ਕੇ ਵਿਆਹ ਦੀ ਰਸਮ ਸ਼ੁਰੂ ਕੀਤੀ

ਨਿਰੰਕਾਰੀ ਲਹਿਰ ਦੇ ਮੋਢੀ (ਬਾਬਾ) ਦਿਆਲ ਦੇ ਪੁੱਤਰ ਦਰਬਾਰਾ ਸਿੰਘ ਨੇ 1855 ਵਿਚ ਸਿੱਖਾਂ ਦੇ ਵਿਆਹਾਂ ਵਾਸਤੇ ਇਕ ਹੋਰ ਨਵੀਂ ਰਸਮ ਸ਼ੁਰੂ ਕੀਤੀ। ਉਸ ਨੇ ਚਾਰ ਲਾਵਾਂ ਪੜ੍ਹਾ ਕੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਚੱਕਰ ਕੱਢਵਾ ਕੇ ਅਰਦਾਸ ਕਰਨ ਦਾ ਤਰੀਕਾ ਸ਼ੁਰੂ ਕੀਤਾ। ਇਨ੍ਹਾਂ ਲਾਂਵਾਂ ਦੇ ਤਰੀਕੇ ਦਾ ਪਹਿਲਾ ਵਿਆਹ 12 ਮਾਰਚ 1855 ਦੇ ਦਿਨ ਕੀਤਾ ਗਿਆ। ਫਿਰ 11 ਅਪ੍ਰੈਲ 1862 ਨੂੰ ਅਜਿਹਾ ਇਕ ਵਿਆਹ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕਰਨ ਦਾ ਪਲਾਨ ਵੀ ਬਣਾ ਲਿਆ ਗਿਆ ਪਰ ਪੁਜਾਰੀਆਂ ਦੀ ਮੁਖ਼ਾਲਫ਼ਤ ਕਾਰਨ ਇਹ ਵਿਆਹ ਮਹੰਤ ਦਿਆਲ ਸਿੰਘ ਦੇ ਗੁਰਦੁਆਰੇ ਵਿਚ ਕੀਤਾ ਗਿਆ। ਇਸ ਸਮੇਂ ਕਈ ਮੰਨੇ-ਪਰਮੰਨੇ ਸਿੱਖ ਰਈਸ/ਜ਼ਮੀਂਦਾਰ ਵੀ ਹਾਜ਼ਰ ਸਨ। ਸਿੱਖ ਵਿਦਵਾਨਾਂ ਮੁਤਾਬਿਕ ਸਿੱਖ ਵਿਆਹ ਵਾਸਤੇ ਇਹ ਲਾਵਾਂ ਵੀ ਹਿੰਦੂ ਸਪਤਪਦੀ ਦੀ ਨਕਲ ਹੀ ਹਨ ਤੇ ਸਿਰਫ਼ ਅਰਦਾਸ ਨਾਲ ਵਿਆਹ ਮਨਾਉਣਾ ਹੀ ਗੁਰਮਤਿ ਹੈ।

1947: ਥੋਹਾ ਖਾਲਸਾ ਪਿੰਡ ਵਿਚ 87 ਸਿੱਖ ਖੂਹ ਵਿਚ ਛਾਲਾਂ ਮਾਰ ਕੇ ਜਾਨ ਦੇ ਗਏ

1947 ਵਿਚ ਜਦ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ ਤਾਂ ਕੁਝ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਮੁਸਲਮਾਨਾਂ ਨੇ ਇਨ੍ਹਾਂ ਇਲਾਕਿਆ ਵਿਚ ਸਿੱਖਾਂ ਦੀਆਂ ਔਰਤਾਂ ਨੂੰ ਅਗਵਾ ਕਰ ਕੇ ਰੇਪ ਕੀਤੇ ਸਨ। ਇਸਲਾਮਾਬਾਦ ਨੇੜੇ ਪਿੰਡ ਥੋਹਾ ਖਾਲਸਾ ਵਿਚ 87 ਸਿੱਖ ਰਹਿੰਦੇ ਸਨ; ਜਦ ਉਨ੍ਹਾ ਨੂੰ ਹਜ਼ਾਰਾਂ ਮੁਸਲਮਾਨਾਂ ਦੀ ਭੀੜ ਨੇ ਘੇਰ ਲਿਆ ਤਾਂ ਉਨ੍ਹਾਂ ਨੇ ਮੁਸਲਮਾਨਾਂ ਹੱਥੋਂ ਬੀਬੀਆਂ ਦਾ ਰੇਪ ਹੋਣੋਂ ਬਚਾਉਣ ਵਾਸਤੇ ਤੇ ਉਨ੍ਹਾਂ ਦਹਿਸ਼ਤਗਰਦ ਮੁਸਲਮਾਨਾਂ ਹੱਥੋਂ ਮਾਰੇ ਜਾਣ ਦੀ ਜਗਹ ਖੂਹ ਵਿਚ ਛਾਲਾਂ ਮਾਰ ਕੇ ਜਾਨਾਂ ਦੇ ਦਿੱਤੀਆਂ।

1959: ਮਾਸਟਰ ਤਾਰਾ ਸਿੰਘ ਗ੍ਰਿਫ਼ਤਾਰ ਕੀਤੇ ਗਏ

ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਪਰੋਟੈਸਟ ਵਜੋਂ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ 'ਚੁਪ-ਜਲੂਸ' ਕੱਢਣ ਦਾ ਫ਼ੈਸਲਾ ਕੀਤਾ। ਇਸ 'ਤੇ **12 ਮਾਰਚ 1959 ਦੀ ਰਾਤ ਦੇ 12 ਵਜੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ** ਗਿਆ ਅਤੇ ਧਰਮਸਾਲਾ ਜੇਲ੍ਹ ਭੇਜ ਦਿਤਾ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁਧ ਰੋਸ ਵਜੋਂ ਪਟਿਆਲੇ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਹੜਤਾਲ ਹੋਈ।

1966: ਦਹਿਸ਼ਤਗਰਦ ਹਿੰਦੂਆਂ ਨੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਤੇ ਹਮਲੇ ਕੀਤੇ; ਕਈ ਸਿੱਖਾਂ ਦੇ ਘਰ ਤੇ ਦੁਕਾਨਾਂ ਵੀ ਸਾੜੀਆਂ

ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਜੰਗ ਦੇ ਐਲਾਨ ਹੇਠ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਦੇ ਵਰਕਰਾਂ ਤੇ ਹਿੰਦੂ ਮੁੰਡਿਆਂ ਨੇ 12 ਮਾਰਚ 1966 ਨੂੰ ਜਲੂਸ ਕੱਢੇ ਅਤੇ ਸਿੱਖਾਂ, ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ; ਰਾਤ ਵੇਲੇ ਕਈ ਸਿੱਖਾਂ ਦੇ ਘਰਾਂ ਤੇ ਦੁਕਾਨਾਂ ਨੂੰ ਅੱਗਾਂ ਵੀ ਲਾਈਆਂ। ਉਨ੍ਹਾਂ ਦਾ ਪੁਲਿਸ ਨਾਲ ਟਕਰਾਓ ਹੁੰਦਾ ਰਿਹਾ।

1982: ਨਿਰੰਕਾਰੀ ਮੁਖੀ ਹਰਦੇਵ ਭੋਲਾ ਦੀ ਅਕਾਲ ਤਖ਼ਤ ਸਾਹਿਬ ਦੇ ਨਾਂ ਲਿਖੀ ਚਿੱਠੀ ਜਥੇਦਾਰ ਅਜਨੋਹਾ ਵੱਲੋਂ ਰੱਦ

ਜਦੋਂ ਜਥੇਦਾਰ ਤਲਵਿੰਦਰ ਸਿੰਘ ਦੇ ਬਬਰ ਖ਼ਾਲਸਾ ਵੱਲੋਂ ਨਿਰੰਕਾਰੀਆਂ 'ਤੇ ਹਮਲਿਆਂ ਨੇ ਉਨਾਂ ਦੇ ਘਰਾਂ ਵਿਚ ਮਾਤਮ ਵਿਛਾ ਦਿੱਤਾ ਤਾਂ ਇਨ੍ਹਾਂ ਦੇ ਮੁਖੀ ਹਰਦੇਵ 'ਭੋਲਾ' ਨੇ ਕਈ 'ਦੋਸਤਾਂ' ਦੇ ਪੈਰ ਫੜੇ। ਇਨ੍ਹਾਂ ਵਿਚ ਹਰਚੰਦ ਸਿੰਘ ਕਾਂਗਰਸੀ ਐਮ.ਐਲ.ਏ., ਬਾਦਲ ਅਤੇ ਸੁਰਜੀਤ ਬਰਨਾਲੇ ਦੇ ਨਜ਼ਦੀਕੀ ਕਰਨਲ ਪਰਤਾਪ ਸਿੰਘ ਗਿੱਲ ਅਤੇ ਮਨਜੀਤ ਸਿੰਘ ਖੈਰਾ ਵਕੀਲ (ਚੰਡੀਗੜ੍ਹ) ਵੀ ਸ਼ਾਮਿਲ ਸਨ। ਇਨ੍ਹਾਂ ਨੇ ਹਰਦੇਵ ਭੋਲਾ ਕੋਲੋਂ 13 ਦਸੰਬਰ 1981 ਨੂੰ ਅਕਾਲ ਤਖ਼ਤ ਦੇ ਨਾਂ ਇਕ ਚਿੱਠੀ ਵੀ ਲਿਖਵਾਈ।ਜਦ ਇਸ ਚਿੱਠੀ ਦਾ ਚਰਚਾ ਪ੍ਰੈਸ ਵਿਚ ਚਲਿਆ ਤਾਂ ਬਹੁਤ ਸਾਰੇ ਵਿਦਵਾਨਾਂ ਨੇ ਜਥੇਦਾਰ ਅਜਨੋਹਾ ਨੂੰ ਮਿਲ ਕੇ ਕਿਹਾ ਕਿ ਜੇ ਉਸ ਨੇ ਇਸ ਚਿੱਠੀ ਦੇ ਅਧਾਰ 'ਤੇ ਨਿਰੰਕਾਰੀਆਂ ਨਾਲ ਕੋਈ ਸਮਝੌਤਾ ਕੀਤਾ ਜਾਂ ਉਨ੍ਹਾਂ ਨੂੰ ਕੋਈ ਰਿਆਇਤ ਦਿੱਤੀ ਤਾਂ ਇਸ ਦਾ ਮਤਲਬ ਉਨ੍ਹਾਂ ਨੂੰ ਅਕਾਲ ਤਖ਼ਤ ਦਾ ਬਰਾਬਰ ਦੀ ਇਕ ਧਿਰ ਮੰਨਣਾ ਹੋਵੇਗਾ, ਤੇ ਉਨ੍ਹਾਂ ਨੂੰ ਸਜ਼ਾ ਲਾ ਕੇ ਮੁਆਫ਼ ਕਰਨ ਦਾ ਵੀ ਮਤਲਬ ਸਿੱਖਾਂ ਨੂੰ ਉਨ੍ਹਾਂ (ਨਿਰੰਕਾਰੀਆਂ) ਵਿਚ ਸ਼ਾਮਿਲ ਹੋਣ ਦੀ ਖੁਲ੍ਹ ਦੇਣਾ ਹੋਵੇਗਾ।ਇਨ੍ਹੀਂ ਦਿਨੀਂ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਵੀ ਜਥੇਦਾਰ ਅਜਨੋਹਾ ਨੂੰ ਪਟਿਆਲੇ ਵਿਚ ਮਿਲਿਆ ਅਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ।ਅਮਰਿੰਦਰ ਸਿੰਘ ਤੋਂ ਇਲਾਵਾ ਹੋਰ ਕਈ ਪਾਸਿਓਂ ਵੀ ਜਥੇਦਾਰ ਅਜਨੋਹਾ 'ਤੇ ਦਬਾਅ ਪੈਂਦੇ ਰਹੇ ਪਰ ਇਸ ਦੌਰਾਨ ਸਿੱਖ ਵਿਦਵਾਨਾਂ ਨੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ ਤੇ ਅਖ਼ੀਰ **12 ਮਾਰਚ 1982 ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੇ ਨਿਰੰਕਾਰੀਆਂ ਦੀਆਂ ਸਾਰੀਆਂ ਪੇਸ਼ਕਸ਼ਾਂ ਠੁਕਰਾ ਦਿੱਤੀਆਂ। ਉਸ ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ 'ਹੁਕਮਨਾਮਾ' ਵਾਪਿਸ ਨਹੀਂ ਹੋ ਸਕਦਾ।** ਨਿਰੰਕਾਰੀ ਕੋਈ ਧਿਰ ਨਹੀਂ ਹਨ। ਜਿਸ ਸ਼ਖ਼ਸ ਨੂੰ ਲੋੜ ਹੋਵੇ ਉਹ ਤਖ਼ਤ ਸਾਹਿਬ ਤੇ ਦਰਖ਼ਾਸਤ ਦੇਵੇ, ਤਨਖ਼ਾਹ ਲੁਆਵੇ ਤੇ ਤਨਖ਼ਾਹ ਭੁਗਤੇ ਅਤੇ ਇਸ ਮਗਰੋਂ ਖੰਡੇ ਦੀ ਪਾਹੁਲ ਲੈ ਕੇ ਸਿੱਖੀ ਵਿਚ ਸ਼ਾਮਿਲ ਹੋ ਜਾਵੇ। (ਅਕਾਲ ਤਖ਼ਤ

ਸਾਹਿਬ ਤੋਂ ਇਹ ਐਲਾਨ ਜਾਰੀ ਕਰਨ ਤੋਂ 6 ਦਿਨ ਮਗਰੋਂ ਜਥੇਦਾਰ ਅਜਨੋਹਾ 18 ਮਾਰਚ 1982 ਨੂੰ ਚੜ੍ਹਾਈ ਕਰ ਗਏ)।

1985: ਭਾਰਤ ਸਰਕਾਰ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਹਟਾਈ

1985 ਵਿਚ ਜਦੋਂ ਰਾਜੀਵ ਗਾਂਧੀ ਨੇ 11 ਮਾਰਚ ਨੂੰ ਜਦ 8 ਵੱਡੇ ਅਕਾਲੀ ਆਗੂ ਰਿਹਾਅ ਕਰ ਦਿੱਤੇ ਤਾਂ ਅਗਲੇ ਦਿਨ 12 ਮਾਰਚ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਵੀ ਪਾਬੰਦੀ ਹਟਾ ਲਈ ਗਈ। ਇਹ ਪਾਬੰਦੀ 1984 ਵਿਚ 36 ਰੇਲਵੇ ਸਟੇਸ਼ਨ ਸਾੜੇ ਜਾਣ ਮਗਰੋਂ ਲਾਈ ਗਈ ਸੀ (ਉਂਜ ਇਹ ਸਟੇਸ਼ਨ ਭਾਰਤ ਸਰਾਕਰ ਦੀ 'ਥਰਡ ਏਜੰਸੀ' ਨੇ ਸਾੜੇ ਸਨ)।

1985: ਮਧ ਪ੍ਰਦੇਸ਼ ਦਾ ਅਰਜਨ ਸਿੰਘ ਪੰਜਾਬ ਦਾ ਗਵਰਨਰ ਬਣਿਆ

11 ਮਾਰਚ 1985 ਨੂੰ ਅਕਾਲੀ ਆਗੂ ਰਿਹਾ ਕਰਨ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਹਟਾਉਣ ਮਗਰੋਂ ਰਾਜੀਵ ਨੇ **12 ਮਾਰਚ** ਦੇ ਦਿਨ ਮੱਧ ਪ੍ਰਦੇਸ਼ ਦਾ ਸਾਬਕਾ ਚੀਫ਼ ਮਨਿਸਟਰ ਅਰਜਨ ਸਿੰਘ ਪੰਜਾਬ ਦਾ ਗਵਰਨਰ ਬਣਾ ਦਿੱਤਾ। ਉਂਵ ਇਸ ਅਰਜਨ ਸਿੰਘ ਨੇ ਆਪਣੇ ਅਹਿਦ ਵਿਚ ਮੱਧ ਪ੍ਰਦੇਸ਼ ਵਿਚ ਸਿੱਖਾਂ ਉੱਤੇ ਬੇਪਨਾਹ ਜ਼ੁਲਮ ਢਾਹੇ ਸਨ।

1986: ਜਲੰਧਰ ਵਿਚ ਫ਼ਿਰਕੂ ਵਕੀਲ ਤਰਸੇਮ ਪਰਕਾਸ਼ ਕਤਲ ਹੋਇਆ

12 ਮਾਰਚ 1986 ਦੇ ਦਿਨ ਜਲੰਧਰ ਦੇ ਇਕ ਫ਼ਿਰਕਾਪ੍ਰਸਤ ਵਕੀਲ ਤਰਸੇਮ ਪ੍ਰਕਾਸ਼, ਪ੍ਰਧਾਨ ਸ਼ਿਵ ਸੈਨਾ ਜਲੰਧਰ, ਨੂੰ ਖਾੜਕੂਆਂ ਨੇ ਕਤਲ ਕਰ ਦਿੱਤਾ। ਇਸ ਕਤਲ ਵਿਚ ਹਰੀ ਸਿੰਘ ਰਾਹੋਂ, ਮਨਮੋਹਨ ਸਿੰਘ ਮੋਹਨੀ, ਮਹਿੰਦਰ ਸਿੰਘ ਟੀਟੂ ਦਾ ਮੁਖ ਰੋਲ ਸੀ।

1991: ਜਗਤਾਰ ਸਿੰਘ ਢੋਲਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਰਾਂ ਮਾਰਚ 1991 ਦੇ ਦਿਨ ਜਗਤਾਰ ਸਿੰਘ ਉਰਫ਼ ਢੋਲਾ (ਪੁੱਤਰ ਮੋਹਨ ਸਿੰਘ, ਵਾਸੀ ਰਸੂਲਪੁਰ) ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪਰਗਟ ਸਿੰਘ ਈਨਾ ਬਾਜਵਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਰਾਂ ਮਾਰਚ 1992 ਦੇ ਦਿਨ ਪਰਗਟ ਸਿੰਘ ਈਨਾ ਬਾਜਵਾ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਚੰਨਣ ਸਿੰਘ ਤੇ ਗੁਰਦਿਆਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਰ੍ਹਾਂ ਮਾਰਚ 1993 ਦੇ ਦਿਨ ਚੰਨਣ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਘੜਿਆਲਾ, ਜ਼ਿਲ੍ਹਾ ਅੰਮ੍ਰਿਤਸਰ) ਤੇ ਉਸ ਦੇ ਪੁੱਤਰ ਗੁਰਦਿਆਲ ਸਿੰਘ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ

13 ਮਾਰਚ

1705: ਅਜਮੇਰ ਚੰਦ ਵੱਲੋਂ ਅਨੰਦਪੁਰ ਸਾਹਿਬ ਤੇ ਆਖ਼ਰੀ ਹਮਲਾ

ਬਿਲਾਸਪੁਰ ਰਿਆਸਤ ਦਾ ਸਿੱਖਾਂ ਨਾਲ ਬਹੁਤ ਗੂੜ੍ਹਾ ਸਬੰਧ ਸੀ। ਅਕਤੂਬਰ 1619 ਵਿਚ ਇੱਥੋਂ ਦੇ ਰਾਜੇ ਕਲਿਆਣ ਚੰਦ ਤੇ ਉਸ ਦੇ ਪੁੱਤਰ ਨੂੰ ਗਵਾਲੀਅਰ ਕਿਲ੍ਹੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਰਿਹਾ ਕਰਵਾਇਆ ਸੀ। ਮਗਰੋਂ ਉਸ ਦੇ ਪੁਤਰ ਤਾਰਾ ਚੰਦ ਤੇ ਪੋਤੇ

ਦੀਪ ਚੰਦ ਰਾਜੇ ਨਾਲ ਵੀ ਸਿੱਖਾਂ ਦੀ ਦੋਸਤੀ ਰਹੀ। ਦੀਪ ਚੰਦ ਦੀ ਵਿਧਵਾ ਮਹਾਰਾਣੀ ਚੰਪਾ 12 ਮਈ 1691 ਦੇ ਦਿਨ ਚੜ੍ਹਾਈ ਕਰ ਗਈ। ਰਾਣੀ ਚੰਪਾ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। 16 ਸਿਤੰਬਰ 1692 ਦੇ ਦਿਨ ਬਿਲਾਸਪੁਰ ਦਾ ਰਾਜਾ ਭੀਮ ਚੰਦ (ਪੁਤਰ ਰਾਣੀ ਚੰਪਾ) ਵੀ ਚੜ੍ਹਾਈ ਕਰ ਗਿਆ। ਉਸ ਦੀ ਅੰਤਿਮ ਰਸਮ 3 ਅਕਤੂਬਰ 1692 ਦੇ ਦਿਨ ਸੀ। ਭੀਮ ਚੰਦ ਦੀ ਸਤਾਰ੍ਹਵੀਂ ਦੇ ਸਬੰਧ ਵਿਚ ਗੁਰੂ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਆਪਣੇ ਪਰਿਵਾਰ, ਭਾਈ ਚਉਪਤਿ ਰਾਇ ਤੇ ਕੁਝ ਮੁਖੀ ਸਿੱਖਾਂ ਨੂੰ ਲੈ ਕੇ ਅਨੰਦਪੁਰ ਤੋਂ ਬਿਲਾਸਪੁਰ ਗਏ। ਭੀਮ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਹੁਣ ਪੂਰੀ ਤਰ੍ਹਾਂ ਪੰਡਿਤ ਪਰਮਾਨੰਦ ਦੇ ਅਸਰ ਹੇਠਾਂ ਆ ਗਿਆ। ਇਸ ਨਾਲ ਹੀ ਬਿਲਾਸਪੁਰ ਰਿਆਸਤ ਅਤੇ ਸਿੱਖਾਂ ਦੇ ਸਬੰਧਾਂ ਵਿਚ ਤਰੇੜ ਆਉਣੀ ਸ਼ੁਰੂ ਹੋ ਗਈ। ਇਸ ਮਗਰੋਂ 1700 ਵਿਚ ਅਜਮੇਰ ਚੰਦ ਨੇ ਅਨੰਦੋਰ ਤੇ ਚਾਰ ਵਾਰ ਅਤੇ ਨਿਰਮੋਹਗੜ੍ਹ ਤੇ ਦੋ ਵਾਰ ਤੇ ਫਿਰ ਅਨੰਦਪੁਰ ਤੇ ਇਕ ਵਾਰ ਵੱਡੇ ਹਮਲੇ ਕੀਤੇ ਸਨ; ਇਸ ਤੋਂ ਇਲਾਵਾ ਉਸ ਨੇ ਮੁਗ਼ਲਾਂ ਤੋਂ ਵੀ ਹਮਲੇ ਕਰਵਾਏ ਸਨ ।

13 ਮਾਰਚ 1705 ਦੇ ਦਿਨ ਅਜਮੇਰ ਚੰਦ ਨੇ ਹੰਡੂਰੀ ਫ਼ੌਜਾਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ 'ਤੇ ਇਕ ਵਾਰ ਫੇਰ ਹਮਲਾ ਕਰ ਦਿੱਤਾ। ਇਹ ਲੜਾਈ ਦੋ ਦਿਨ ਚੱਲੀ। ਅਜਮੇਰ ਚੰਦ ਇਸ ਵਾਰ ਫੇਰ ਹਾਰ ਗਿਆ। ਫਿਰ 3 ਮਈ ਨੂੰ ਉਸ ਨੇ ਪੱਕਾ ਘੇਰਾ ਹੀ ਪਾ ਲਿਆ ਸੀ ਜਿਹੜਾ 8 ਮਹੀਨੇ ਜਾਰੀ ਰਿਹਾ ਸੀ ਤੇ 5-6 ਦਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਅਨੰਦਪੁਰ ਛੱਡ ਗਏ ਸਨ।

1759: ਸਦੀਕ ਬੇਗ ਦਾ ਅਨੰਦਪੁਰ 'ਤੇ ਹਮਲਾ

1759 ਵਿਚ ਸਰਹੰਦ ਦੇ ਫ਼ੌਜਦਾਰ ਸਦੀਕ ਬੇਗ਼ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਹੋਇਆ ਸੀ ਕਿ ਉਹ ਉਨ੍ਹਾਂ (ਸਿੱਖਾਂ) ਨੂੰ ਹਰ ਛਿਮਾਹੀ ਤਾਵਾਨ (ਟੈਕਸ/ਨਜ਼ਰਾਨਾ) ਤਾਰਿਆ ਕਰੇਗਾ ਤੇ ਇਹ ਅਗਾਊਂ ਦਿੱਤਾ ਜਾਇਆ ਕਰੇਗਾ। ਸਦੀਕ ਬੇਗ਼ ਨੇ ਪਹਿਲੀ ਕਿਸ਼ਤ ਤਾਂ ਦੇ ਦਿੱਤੀ ਪਰ ਜਦ ਮਾਰਚ ਦੇ ਸ਼ੁਰੂ ਵਿਚ ਸਿੱਖਾਂ ਨੇ ਆਪਣੇ ਏਲਚੀ ਭੇਜ ਕੇ ਤਾਵਾਨ ਮੰਗਿਆ ਤਾਂ ਉਸ ਨੇ ਉਨ੍ਹਾਂ ਸਿੱਖ ਨੁਮਾਇੰਦਿਆਂ ਨੂੰ ਖ਼ਾਲੀ ਹੱਥ ਤੋਰ ਦਿੱਤਾ। ਇਸ 'ਤੇ ਸਿੱਖ ਫ਼ੌਜਾਂ ਅਨੰਦਪੁਰ ਸਾਹਿਬ ਵੱਲ ਆ ਗਈਆਂ ਤਾਂ ਜੋ ਸਦੀਕ ਬੇਗ਼ ਤੋਂ ਰਕਮ ਹਾਸਿਲ ਕੀਤੀ ਜਾਵੇ ਜਾਂ ਉਸ 'ਤੇ ਹਮਲਾ ਕੀਤਾ ਜਾਵੇ। ਇਕ ਦਿਨ ਉਨ੍ਹਾਂ ਨੂੰ ਸਦੀਕ ਬੇਗ਼ ਦੇ ਅਹਦੀਏ ਲੋਕਾਂ ਤੋਂ ਮਾਮਲਾ ਇਕੱਠਾ ਕਰਦੇ ਨਜ਼ਰ ਆਏ। ਸਿੱਖਾਂ ਨੇ ਉਨ੍ਹਾਂ ਤੋਂ ਸਾਰੀ ਰਕਮ ਖੋਹ ਲਈ।

ਜਦ ਇਸ ਦੀ ਖ਼ਬਰ ਸਦੀਕ ਬੇਗ਼ ਨੂੰ ਮਿਲੀ ਤਾਂ ਉਸ ਨੇ ਸਿੱਖਾਂ 'ਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਸਿੱਖ 13 ਮਾਰਚ 1759 ਦੇ ਦਿਨ ਅਨੰਦਪੁਰ ਵਿਚ ਹੋਲਾ ਮਹੱਲਾ ਮਨਾਉਣ ਵਾਸਤੇ ਇਕੱਠੇ ਹੋਏ-ਹੋਏ ਸਨ। ਸਦੀਕ ਬੇਗ਼ ਨੇ ਅਚਾਣਕ ਸਿੱਖਾਂ 'ਤੇ ਹਮਲਾ ਕਰ ਦਿੱਤਾ ਜਿਸ ਨਾਲ ਬਹੁਤ ਸਾਰੇ ਸਿੱਖ ਪਰਵਾਰ ਮਾਰੇ ਗਏ। ਹੋਰ ਤਾਂ ਹੋਰ ਜੱਸਾ ਸਿੰਘ ਆਹਲੂਵਾਲੀਆ ਆਪ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਸਦੀਕ ਬੇਗ਼ ਨੇ ਸਿੱਖਾਂ 'ਤੇ ਹਮਲਾ ਤਾਂ ਕਰ ਲਿਆ ਪਰ ਉਹ ਅੰਦਰੋਂ-ਅੰਦਰੀਂ ਡਰ ਵੀ ਬਹੁਤ ਰਿਹਾ ਸੀ। ਉਸ ਨੇ ਆਪਣੇ ਵਕੀਲ ਨੂੰ ਜੱਸਾ ਸਿੰਘ ਕੋਲ ਭੇਜ ਕੇ ਮੁਆਫ਼ੀ ਮੰਗੀ ਤੇ ਅੱਗੇ ਤੋਂ ਤਾਵਾਨ ਸਹੀ ਸਮੇਂ 'ਤੇ ਪਹੁੰਚਾਉਣ ਦਾ ਵਾਅਦਾ ਕੀਤਾ।

1940: ਊਧਮ ਸਿੰਘ ਸੁਨਾਮ ਨੇ ਮਾਈਕਲ ਓਡਵਾਇਰ ਨੂੰ ਮਾਰਿਆ

ਊਧਮ ਸਿੰਘ ਸੁਨਾਮ ਨੇ ਜਲ੍ਹਿਆਂ ਵਾਲਾ ਬਾਗ ਵਿਚ 13 ਅਪ੍ਰੈਲ 1919 ਨੂੰ ਹੋਏ ਕਤਲੇਆਮ ਦਾ ਬਦਲਾ ਲੈਣ ਵਾਸਤੇ ਉਦੋਂ (1919) ਦੇ ਪੰਜਾਬ ਦੇ ਗਵਰਨਰ ਮਾਈਕਲ

ਓਡਵਾਇਰ ਨੂੰ ਲੰਡਨ ਵਿਚ ਗੋਲੀ ਮਾਰ ਕੇ ਮਾਰ ਦਿੱਤਾ (ਇਸ ਦੇ ਬਦਲੇ ਵਿਚ ਊਧਮ ਸਿੰਘ ਨੂੰ ਫਾਂਸੀ 31 ਜੁਲਾਈ ਨੂੰ ਦਿਤੀ ਗਈ)।

1966: ਦਹਿਸ਼ਤਗਰਦ ਹਿੰਦੂਆਂ ਨੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਤੇ ਹਮਲੇ ਕੀਤੇ; ਕਈ ਸਿੱਖਾਂ ਦੇ ਘਰ ਤੇ ਦੁਕਾਨਾਂ ਵੀ ਸਾੜੀਆਂ

ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਜੰਗ ਦੇ ਐਲਾਣ ਹੇਠ ਜਨਸੰਘ ਪਾਰਟੀ (ਹੁਣ ਭਾਰਤੀ ਜਨਤਾ ਪਾਰਟੀ) ਨਾਲ ਸਬੰਧਤ ਹਿੰਦੂ ਮੁੰਡਿਆਂ ਨੇ 13 ਮਾਰਚ 1966 ਨੂੰ ਵੀ ਜਲੂਸ ਕੱਢੇ ਅਤੇ ਸਿੱਖਾਂ, ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ; ਦਹਿਸ਼ਤਗਰਦ ਹਿੰਦੂ ਟੋਲੇ ਪੁਲਿਸ 'ਤੇ ਵੀ ਹਮਲੇ ਕਰਦੇ ਰਹੇ। ਕਈ ਜਗਹ ਪੁਲਸ ਨੂੰ ਟੀਅਰ ਗੈਸ ਵੀ ਛੱਡਣੀ ਪਈ।

1984: ਨੰਗਲ ਵਿਚ ਚੀਫ਼ ਮਨਿਸਟਰ ਦਰਬਾਰਾ ਸਿੰਘ ਤੇ ਹਮਲਾ

13 ਮਾਰਚ 1984 ਨੂੰ ਨੰਗਲ ਨੇੜੇ ਸਾਬਕਾ ਚੀਫ਼ ਮਨਿਸਟਰ ਦਰਬਾਰਾ ਸਿੰਘ 'ਤੇ ਇਕ ਵਾਰ ਫਿਰ ਹਮਲਾ ਹੋਇਆ ਪਰ ਇਸ ਵਾਰ ਵੀ ਉਹ ਬਚ ਗਿਆ। ਇਸ ਹਮਲੇ ਦੇ ਸਬੰਧ ਵਿਚ ਇਕ ਸਿੱਖ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

1986: ਜਲੰਧਰ ਵਿਚ ਦਹਿਸ਼ਤਗਰਦ ਹਿੰਦੂਆਂ ਦੀ ਭੀੜ ਵੱਲੋਂ ਸਿੱਖਾਂ ਤੇ ਹਮਲੇ

ਜਲੰਧਰ ਵਿਚ 12 ਮਾਰਚ ਨੂੰ ਕਤਲ ਹੋਏ ਵਕੀਲ ਤਰਸੇਮ ਪ੍ਰਕਾਸ਼ ਦਾ ਸਸਕਾਰ 13 ਮਾਰਚ ਨੂੰ ਕੀਤਾ ਗਿਆ; ਉਸ ਦੀ ਲਾਸ਼ ਮਗਰ ਜਾਂਦੀ ਹਿੰਦੂ ਭੀੜ ਨੇ ਸਿੱਖਾਂ ਉੱਤੇ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ। ਇਸ ਭੀੜ ਦੇ ਅੱਗੇ-ਪਿਛੇ ਅਤੇ ਆਲੇ-ਦੁਆਲੇ ਸੀ.ਆਰ.ਪੀ.ਐਫ਼. ਚਲ ਰਹੀ ਸੀ। ਉਸ ਦੇ ਸਾਹਮਣੇ ਹੀ ਰੌਣਕ ਬਾਜ਼ਾਰ 'ਚ ਗੁਰਮੁਖ ਸਿੰਘ ਦੀ 'ਮਨਜੀਤ ਸ਼ੂ ਸਟੋਰ' ਲੁੱਟ ਲਈ ਗਈ; ਅਮਾਮ ਨਾਸਰ ਮਸਜਿਦ ਨੇੜੇ ਐਚ.ਐਸ. ਕੁਲਫ਼ੀ ਹਾਊਸ 'ਤੇ ਪਥਰਾਅ ਕੀਤਾ ਗਿਆ; ਹਰਨਾਮਦਾਸ ਪੁਰਾ ਗੁਰਦੁਆਰੇ ਉੱਤੇ ਹਮਲਾ ਕੀਤਾ ਗਿਆ ਪਰ ਨਾਲ ਚਲ ਰਹੀ ਸੀ.ਆਰ.ਪੀ. ਐਫ਼. ਦੇ ਦਸਤਿਆਂ ਨੇ ਇਨ੍ਹਾਂ ਦਸ਼ਿਤਗਰਦ ਹਿੰਦੂਆਂ ਨੂੰ ਕੁਝ ਨਾ ਕਿਹਾ ਤੇ ਚੁਪਚਾਪ ਵੇਖਦੇ ਰਹੇ।

1990: ਹਰਦੀਪ ਸਿੰਘ ਦੀਪਾ ਭਾਗੋਵਾਲ, ਜਸਪਾਲ ਸਿੰਘ ਮੱਤੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਹਰਦੀਪ ਸਿੰਘ ਦੀਪਾ (ਵਾਸੀ ਭਾਗੋਵਾਲ, ਗੁਰਦਾਸਪੁਰ), ਜਸਪਾਲ ਸਿੰਘ (ਵਾਸੀ ਮੱਤੇਵਾਲ, ਗੁਰਦਾਸਪੁਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜੱਸਾ ਸਿੰਘ ਬਲੇਹਰ ਤੇ ਹਰਦੇਵ ਸਿੰਘ ਦੇਬਾ ਫਰੰਦੀਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਜੱਸਾ ਸਿੰਘ ਉਰਫ਼ ਛੋਟਾ ਐਮ.ਏ. (ਵਾਸੀ ਬਲੇਹਰ, ਅੰਮ੍ਰਿਤਸਰ), ਹਰਦੇਵ ਸਿੰਘ ਦੇਬਾ (ਵਾਸੀ ਫਰੰਦੀਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਰਨੈਲ ਸਿੰਘ ਜੈਲਾ, ਬਲਬੀਰ ਸਿੰਘ ਚਾਹਲ ਕਲਾਂ ਤੇ 5 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤੇਰ੍ਹਾਂ ਮਾਰਚ 1992 ਦੇ ਦਿਨ ਜਰਨੈਲ ਸਿੰਘ ਜੈਲਾ, ਬਲਬੀਰ ਸਿੰਘ ਚਾਹਲ ਕਲਾਂ ਤੇ 5 ਹੋਰ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1993: ਤਰਲੋਚਨ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤੇਰ੍ਹਾਂ ਮਾਰਚ 1993 ਦੇ ਦਿਨ ਤਰਲੋਚਨ ਸਿੰਘ (ਪੁੱਤਰ ਜਗਜੀਤ ਸਿੰਘ, ਵਾਸੀ ਸੇਖੇ, ਨੇੜੇ ਗੁਆਰਾ ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਅ

2012: ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਵਾਸਤੇ 31 ਮਾਰਚ ਦੀ ਤਾਰੀਖ਼ ਮਿਥੀ

13 ਮਾਰਚ 2012 ਦੇ ਦਿਨ ਚੰਡੀਗੜ੍ਹ ਦੀ ਇਕ ਅਦਾਲਤ ਨੇ ਬਲਵੰਤ ਸਿੰਘ ਰਾਜੋਆਣਾ ਨੂੰ 31 ਮਾਰਚ ਨੂੰ ਪਟਿਆਲਾ ਜੇਲ੍ਹ ਵਿਚ ਫਾਂਸੀ ਦੇਣ ਦਾ ਹੁਕਮ ਦਿੱਤਾ।

14 ਮਾਰਚ

1691: ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ

ਸਾਹਿਬਜ਼ਾਦਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਪੁੱਤਰ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ ਦਾ ਜਨਮ 14 ਮਾਰਚ 1691 ਦੇ ਦਿਨ ਮਾਤਾ ਜੀਤ ਕੌਰ ਦੀ ਕੁੱਖੋਂ ਅਨੰਦਪੁਰ ਸਾਹਿਬ ਵਿਚ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਇਕ ਬਹੁਤ ਦਿਮਾਗ਼ੀ ਬੱਚਾ ਸੀ ਅਤੇ ਛੋਟੀ ਉਮਰ ਵਿਚ ਹੀ ਉਸ ਨੇ ਬਹੁਤ ਸਾਰੀ ਬਾਣੀ ਯਾਦ ਕਰ ਲਈ ਸੀ। ਇਸ ਤੋਂ ਇਲਾਵਾ ਉਹ ਘੋੜ ਸਵਾਰੀ, ਤਲਵਾਰਬਾਜ਼ੀ ਵਿਚ ਵੀ ਬੜੇ ਮਾਹਿਰ ਸਨ। 5-6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਸਾਹਿਬਜ਼ਾਦਾ ਜੁਝਾਰ ਸਿੰਘ ਉਨ੍ਹਾਂ ਦੇ ਨਾਲ ਹੀ ਸੀ। ਜਦੋਂ ਗੁਰੂ ਸਾਹਿਬ 7 ਦਸੰਬਰ ਸਵੇਰ ਵੇਲੇ ਜਦ ਚਮਕੌਰ ਪੁੱਜੇ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਸਨ। ਉਸ ਦਿਨ ਦੁਪਹਿਰ ਵੇਲੇ ਮੁਗ਼ਲ ਫ਼ੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾ ਲਿਆ। ਇਸ ਮੌਕੇ 'ਤੇ ਸਿੱਖ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੇ ਸਨ ਪਰ ਉਨ੍ਹਾਂ ਨੇ ਮੁਗ਼ਲ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਗੜ੍ਹੀ ਵਿਚੋਂ ਨਿਕਲ ਕੇ ਦੁਸ਼ਮਣਾਂ ਨਾਲ ਆਹਮੋ-ਸਾਹਮਣੀ ਲੜਾਈ ਵਿਚ ਬਹੁਤ ਸਾਰੇ ਸਿਪਾਹੀ ਮਾਰ ਦਿੱਤੇ ਅਤੇ ਅਖ਼ੀਰ ਆਪ ਵੀ ਸ਼ਹੀਦ ਹੋ ਗਏ।

1823: ਅਕਾਲੀ ਫੂਲਾ ਸਿੰਘ ਦੀ ਸ਼ਹੀਦੀ

1823 ਵਿਚ ਨੌਸ਼ਹਿਰਾ ਦੀ ਲੜਾਈ ਵਿਚ ਸਮਦ ਖ਼ਾਨ ਅਤੇ ਅਜ਼ੀਮ ਖ਼ਾਨ ਦੀ ਅਗਵਾਈ ਵਿਚ ਲੜ ਰਹੀ ਵੱਡੀ ਅਫ਼ਗਾਨ ਫ਼ੌਜ ਦਾ ਮੁਕਾਬਲਾ ਕਰਦੇ ਅਕਾਲੀ ਫੂਲਾ ਸਿੰਘ 14 ਮਾਰਚ 1823 ਦੇ ਦਿਨ ਸ਼ਹੀਦ ਹੋ ਗਏ। ਇਕ ਆਮ ਵਿਚਾਰ ਹੈ ਕਿ ਇਕ ਸਾਜ਼ਿਸ਼ ਰਚ ਕੇ ਡੋਗਰਿਆਂ ਨੇ ਹੀ ਉਨ੍ਹਾਂ ਨੂੰ ਮਰਵਾਇਆ ਸੀ।

1849: ਗੁਜਰਾਤ ਵਿਚ ਲੜਾਈ ਹਾਰਨ ਮਗਰੋਂ ਸ਼ੇਰ ਸਿੰਘ ਤੇ ਚਤਰ ਸਿੰਘ ਅਟਾਰੀਵਾਲਾ ਨੇ ਹਥਿਆਰ ਸੁੱਟੇ

13 ਜਨਵਰੀ 1849 ਦੇ ਦਿਨ ਚੇਲਿਆਂਵਾਲਾ ਦੀ ਲੜਾਈ ਵਿਚ ਸਿੱਖ ਫ਼ੌਜਾਂ ਜੇਤੂ ਰਹੀਆਂ ਸਨ। ਇਸ ਤੋਂ ਅਗਲੀ ਲੜਾਈ 21 ਫ਼ਰਵਰੀ 1849 ਦੇ ਦਿਨ ਗੁਜਰਾਤ ਸ਼ਹਿਰ ਦੇ ਬਾਹਰ ਲੜੀ ਗਈ। ਇਸ ਲੜਾਈ ਵੇਲੇ ਚਤਰ ਸਿੰਘ ਦਾ ਸਾਥ ਦੇਣ ਵਾਸਤੇ ਅਫ਼ਗਾਨ ਫ਼ੌਜਾਂ ਵੀ ਪੁੱਜੀਆਂ ਹੋਈਆਂ ਸਨ, ਪਰ ਐਨ ਮੌਕੇ 'ਤੇ ਇਹ ਫ਼ੌਜਾਂ ਬਿਨਾ ਲੜਿਓਂ ਵਾਪਿਸ ਚਲੀਆਂ ਗਈਆਂ। ਹੁਣ ਸਿੱਖ ਇਕੱਲੇ ਲੜ ਰਹੇ ਸਨ। ਉਨ੍ਹਾਂ ਕੋਲ ਲੜਨ ਵਾਸਤੇ ਸਿਰਫ਼ ਤਲਵਾਰਾਂ ਸਨ। ਫਿਰ ਇਸ ਵਾਰ ਬ੍ਰਿਟਿਸ਼ ਫ਼ੌਜਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ। ਉਹ ਆਪਣੀਆਂ ਸਾਰੀਆਂ ਤੋਪਾਂ ਵੀ ਲਿਆਏ ਹੋਏ ਸਨ; ਦਰਅਸਲ ਇਹ ਤੋਪਾਂ ਦੀ ਜੰਗ ਸੀ ਜਿਸ ਵਿਚ ਸਿੱਖ ਫ਼ੌਜਾਂ ਉਨ੍ਹਾਂ ਦਾ ਮੁਕਾਬਲਾ ਨਹੀਂ ਸਨ ਕਰ ਸਕਣੀਆਂ। ਤੋਪਾਂ ਅਤੇ ਬੰਦੂਕਾਂ ਨਾਲ ਲੈਸ ਅੰਗਰੇਜ਼ ਫ਼ੌਜਾਂ ਨਾਲ ਤਲਵਾਰਾਂ ਵਾਲੇ ਸਿੱਖ ਕਿੰਨਾ-ਕੁ ਲੜ ਸਕਦੇ ਸਨ! ਜਦ ਅੰਗਰੇਜ਼ਾਂ ਨੇ ਵੇਖਿਆ ਕਿ ਸਿੱਖ ਫ਼ੌਜਾਂ ਦੀ ਗਿਣਤੀ ਬਹੁਤੀ ਨਹੀਂ ਤੇ ਉਨ੍ਹਾਂ ਕੋਲ ਅਸਲਾ ਵੀ ਥੋੜ੍ਹਾ ਹੈ ਤਾਂ ਉਨਾਂ ਨੇ ਸਿੱਖਾਂ ਨੂੰ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਸਿੱਖਾਂ 'ਤੇ ਅੰਨ੍ਹੇਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ। ਗੋਲੀਆਂ ਦੀ ਬੌਛਾੜ ਤੋਂ ਬਚਣ ਵਾਸਤੇ ਸਿੱਖ ਫ਼ੌਜੀ ਏਧਰ-ਉਧਰ ਭੱਜਣੇ ਸ਼ੁਰੂ ਹੋ ਗਏ। ਬ੍ਰਿਟਿਸ਼ ਫ਼ੌਜਾਂ ਨੇ ਦੌੜੇ ਜਾਂਦੇ ਸਿੱਖ ਫ਼ੌਜੀਆਂ ਦਾ ਪਿੱਛਾ ਕੀਤਾ। ਕਈ-ਕਈ ਅੰਗਰੇਜ਼ਾਂ ਨੇ ਇਕੱਲੇ-ਇਕੱਲੇ ਸਿੱਖ ਨੂੰ ਘੇਰ-ਘੇਰ ਕੇ ਮਾਰਿਆ। ਬ੍ਰਿਟਿਸ਼ ਫ਼ੌਜਾਂ ਨੇ ਇਕ ਵੀ ਸਿੱਖ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਉਨ੍ਹਾਂ ਨੂੰ ਚੇਲਿਆਂਵਾਲਾ ਦਾ ਏਨਾ ਗੁੱਸਾ ਸੀ ਕਿ ਉਹ ਜ਼ਖ਼ਮੀ ਪਏ ਸਿੱਖਾਂ ਨੂੰ ਵੀ ਗੋਲੀਆਂ ਮਾਰ-ਮਾਰ ਕੇ ਮਾਰਦੇ ਰਹੇ, ਗੋਲੀਆਂ ਲੱਗਣ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਪਏ ਸਿੱਖਾਂ ਨੂੰ ਵੀ ਤਲਵਾਰਾਂ ਨਾਲ ਵੱਢਦੇ ਰਹੇ। ਬ੍ਰਿਟਿਸ਼ ਫ਼ੌਜਾਂ ਨੇ ਬੜੀ ਬੇਰਹਿਮੀ ਨਾਲ ਆਪਣੀ ਪਿਛਲੀ ਹਾਰ ਦਾ ਗੁੱਸਾ ਕੱਢਿਆ। ਬ੍ਰਿਟਿਸ਼ ਫ਼ੌਜਾਂ ਨੇ ਇਸ ਦਿਨ ਤਿੰਨ ਤੋਂ ਪੰਜ ਹਜ਼ਾਰ ਤਕ ਸਿੱਖ ਇੰਞ ਕਤਲ ਕੀਤੇ। ਇਹ ਸੀ ਬ੍ਰਿਟਿਸ਼ ਫ਼ੌਜ ਦੀ ਬਹਾਦਰੀ ਤੇ ਉਨ੍ਹਾਂ ਦੀ ਇਨਸਾਨੀਅਤ!

21 ਫ਼ਰਵਰੀ 1849 ਦੀ ਗੁਜਰਾਤ ਦੀ ਹਾਰ ਮਗਰੋਂ ਚਤਰ ਸਿੰਘ ਤੇ ਸ਼ੇਰ ਸਿੰਘ ਨੇ ਅਫ਼ਗਾਨਿਸਤਾਨ ਨੂੰ ਭੱਜਣ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ ਜਰਨੈਲ ਐਬਟ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਇਸ 'ਤੇ ਉਨ੍ਹਾਂ ਨੇ ਹਥਿਆਰ ਸੁੱਟਣ ਦਾ ਅਲਾਨ ਕਰ ਦਿੱਤਾ। ਅਟਾਰੀਵਾਲਿਆਂ ਜਰਨੈਲਾਂ ਨੇ 14 ਮਾਰਚ 1849 ਦੇ ਦਿਨ ਰਾਵਲਪਿੰਡੀ ਕੋਲ ਜਨਰਲ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ। ਥੈਕਵਿਲ ਇਸ ਹਥਿਆਰ ਸੁੱਟਣ ਦਾ ਹਾਲ ਦਸਦਿਆਂ ਲਿਖਦਾ ਹੈ ਕਿ *"ਹਥਿਆਰ ਸੁੱਟਣ ਵੇਲੇ ਇਕ ਸਿੱਖ ਬਜ਼ੁਰਗ ਦੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਉਸ ਨੇ ਅਪਣੀ ਬੰਦੂਕ ਰਖਦਿਆਂ ਆਖਿਆ: ਅੱਜ ਰਣਜੀਤ ਸਿੰਘ ਮਰ ਗਿਆ।"*

1966: ਦਹਿਸ਼ਤਗਰਦ ਹਿੰਦੂਆਂ ਨੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਤੇ ਹਮਲੇ ਕੀਤੇ; ਕਈ ਸਿੱਖਾਂ ਦੇ ਘਰ ਤੇ ਦੁਕਾਨਾਂ ਵੀ ਸਾੜੀਆਂ

ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਜੰਗ ਦੇ ਐਲਾਨ ਹੇਠ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਦੇ ਵਰਕਰਾਂ, ਦਹਿਸ਼ਤਗਰਦ ਹਿੰਦੂ ਟੋਲਿਆਂ ਅਤੇ ਹਿੰਦੂ ਮੁੰਡਿਆਂ ਨੇ 14 ਮਾਰਚ 1966 ਨੂੰ ਵੀ ਜਲੂਸ ਕੱਢੇ ਅਤੇ ਸਿੱਖਾਂ, ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ। ਉਨ੍ਹਾਂ ਦਾ ਪੁਲਿਸ ਨਾਲ ਟਕਰਾਓ ਹੁੰਦਾ ਰਿਹਾ।

1988: ਗੁਲਜ਼ਾਰ ਸਿੰਘ ਮੰਝ ਫੱਗੂਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਮਾਰਚ 1988 ਦੇ ਦਿਨ ਪੰਜਾਬ ਪੁਲਸ ਨੇ ਗੁਲਜ਼ਾਰ ਸਿੰਘ ਬਬਰ ਉਰਫ਼ ਜੱਟ (ਵਾਸੀ ਮੰਝ ਫੱਗੂਵਾਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਲਜ਼ਾਰ ਸਿੰਘ ਬਬਰ ਬਲੇਹਰ ਨਕਲੀ ਮੁਕਾਬਲੇ ਵਿਚ ਸ਼ਹੀਦ

14 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਗੁਲਜ਼ਾਰ ਸਿੰਘ ਬਬਰ (ਵਾਸੀ ਬਲੇਹਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁੱਚਾ ਸਿੰਘ ਵਰਪਾਲ, ਮਨਜੀਤ ਸਿੰਘ ਵਰਪਾਲ, ਮਨਜੀਤ ਸਿੰਘ ਬਬਰ, ਜਸਵਿੰਦਰ ਸਿੰਘ, ਸਰਵਣ ਸਿੰਘ ਫ਼ੌਜੀ ਤੇ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚੌਦਾਂ ਮਾਰਚ 1992 ਦੇ ਦਿਨ ਪੁਲਸ ਨੇ ਸੁੱਚਾ ਸਿੰਘ (ਪੁਤਰ ਪਾਲ ਸਿੰਘ ਉਰਫ਼ ਲਾਭ ਸਿੰਘ, ਵਾਸੀ ਵਰਪਾਲ, ਨੇੜੇ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ), ਮਨਜੀਤ ਸਿੰਘ (ਪੁਤਰ ਸੰਤੋਖ ਸਿੰਘ, ਵਾਸੀ ਵਰਪਾਲ), ਮਨਜੀਤ ਸਿੰਘ ਬਬਰ, ਜਸਵਿੰਦਰ ਸਿੰਘ ਬਿੱਟੂ ਉਰਫ਼ ਗੁਰਸੇਵਕ ਸਿੰਘ ਤੇ ਸਰਵਣ ਸਿੰਘ ਫ਼ੌਜੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993: ਰਣਧੀਰ ਸਿੰਘ ਗੁੰਨੋਪੁਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

13 ਤੇ 14 ਮਾਰਚ 1993 ਦੀ ਰਾਤ ਨੂੰ ਪੰਜਾਬ ਪੁਲਸ ਨੇ ਰਣਧੀਰ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਗੁੰਨੋਪੁਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਉਸ ਨੂੰ ਪੁਲਸ ਨੇ ਇਕ ਮਹੀਨਾ ਪਹਿਲਾਂ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕਰ ਕੇ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਹੋਇਆ ਸੀ ਤੇ ਭਾਰੀ ਤਸ਼ੱਦਦ ਕਰਨ ਮਗਰੋਂ ਉਸ ਦਾ ਨਕਲੀ ਮੁਕਾਬਲਾ ਬਣਾ ਦਿੱਤਾ।

2012: ਪ੍ਰਕਾਸ਼ ਸਿੰਘ ਬਾਦਲ ਨੇ ਚੀਫ਼ ਮਨਿਸਟਰ ਵਜੋਂ ਹਲਫ਼ ਲਿਆ

14 ਮਾਰਚ 2012 ਦੇ ਦਿਨ 85 ਸਾਲਾ ਬਾਦਲ ਨੇ ਪੰਜਵੀਂ ਵਾਰ ਪੰਜਾਬ ਦੇ ਚੀਫ਼ ਮਨਿਸਟਰ ਵਜੋਂ ਸਹੁੰ ਚੁੱਕੀ। ਉਸ ਦੇ ਸਤਾਰਾਂ ਵਜ਼ੀਰਾਂ (13 ਅਕਾਲੀ ਤੇ 4 ਭਾਜਪਾ) ਨੇ ਵੀ ਸੰਹੁ ਚੁਕੀ।

2014: ਸੌਦਾ ਸਾਧ ਟੋਲੇ ਦੇ ਆਗੂ ਦੇ ਭੋਗ 'ਤੇ ਅਕਾਲੀ ਆਗੂ ਪੁੱਜੇ

14 ਮਾਰਚ 2014 ਦੇ ਦਿਨ ਪਿੰਡ ਆਦਮਪੁਰਾ, ਦਾਣਾ ਮੰਡੀ (ਨੇੜੇ ਭਾਈ ਰੂਪਾ) ਵਿਚ ਸਰਸੇ ਦੇ ਸੌਦਾ ਸਾਧ ਦੀ ਰਾਜਨੀਤਕ ਵਿੰਗ ਦੇ ਸੀਨੀਅਰ ਮੈਂਬਰ ਮੇਜਰ ਸਿੰਘ ਦੀ ਮੌਤ ਦੇ ਭੋਗ ਤੇ ਪਰਮਿੰਦਰ ਸਿੰਘ ਢੀਂਡਸਾ (ਵਜ਼ੀਰ ਬਾਦਲ ਦਲ), ਜਨਮੇਜਾ ਸਿੰਘ ਸੇਖੋਂ ਤੇ ਸਿਕੰਦਰ ਸਿੰਘ ਮਲੂਕਾ (ਤਿਮਨੇ ਵਜ਼ੀਰ ਬਾਦਲ ਦਲ), ਪਰਮਜੀਤ ਕੌਰ ਗੁਲਸ਼ਨ (ਉਦੋਂ ਐਮ.ਪੀ. ਬਾਦਲ ਦਲ), ਤੋਤਾ ਸਿੰਘ (ਸਾਬਕਾ ਵਜ਼ੀਰ (ਵਜ਼ੀਰ ਬਾਦਲ ਦਲ) ਪੁੱਜੇ।

2014: ਪਾਕਿਸਤਾਨ ਵਿਚ ਇਕ ਸਿੱਖ ਹਕੀਮ ਦਾ ਕਤਲ

14 ਮਾਰਚ 2014 ਦੇ ਦਿਨ ਹਕੀਮ ਪਰਮਜੀਤ ਸਿੰਘ ਨੂੰ ਉਸ ਦੇ ਕਲੀਨਿਕ ਵਿਚ ਸ਼ਬਕਦਾਰ ਬਾਜ਼ਾਰ, ਚਰਸੱਦਾ ਸ਼ਹਿਰ (ਜ਼ਿਲ੍ਹਾ ਪੇਸ਼ਾਵਰ, ਖ਼ੈਬਰ ਪਖ਼ਤੂਨਵਾ ਸੂਬਾ) ਵਿਚ ਕਤਲ

ਕਰ ਦਿੱਤਾ ਗਿਆ। ਉਸ ਨੇ ਨਾਲ ਉਸ ਦਾ ਅਸਿਸਟੈਂਟ ਜ਼ਾਹਿਦ ਖ਼ਾਨ ਵੀ ਮਾਰ ਦਿੱਤਾ ਗਿਆ। ਇਸ ਜ਼ਿਲ੍ਹੇ ਵਿਚ ਪਹਿਲਾਂ ਵੀ ਤਾਂਗਰੀ ਇਲਾਕੇ ਵਿਚ ਇਕ ਹੋਰ ਸਿੱਖ ਹਕੀਮ ਭਗਵਾਨ ਸਿੰਘ ਨੂੰ 24 ਜਨਵਰੀ 2014 ਦੇ ਦਿਨ ਕਤਲ ਕੀਤਾ ਗਿਆ ਸੀ। ਇਸ ਸੂਬੇ ਵਿਚ ਦਹਿਸ਼ਤਗਰਦਾਂ ਨੇ ਸਿੱਖਾਂ ਨੂੰ ਪਹਿਲਾਂ ਵੀ ਕਈ ਵਾਰ ਕਤਲ ਕੀਤਾ ਸੀ।

15 ਮਾਰਚ

1701: ਅਨੰਦਪੁਰ ਸਾਹਿਬ ਆਉਂਦੇ ਦੜਪ ਇਲਾਕੇ ਦੇ ਸਿੱਖਾਂ ਨੂੰ ਬਜਰੌੜ ਦੇ ਰੰਘੜ ਮੁਸਲਮਾਨਾਂ ਨੇ ਲੁੱਟ ਲਿਆ

15 ਮਾਰਚ 1701 ਦੇ ਦਿਨ ਦੜਪ ਦੇਸ਼ ਦੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਸਾਹਿਬ ਆਈ ਤਾਂ ਰਾਹ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਪਿੰਡ ਬਜਰੌੜ (ਹਰੀਆਂ ਵੇਲਾਂ ਦੇ ਨੇੜੇ) ਦੇ ਗੁੱਜਰਾਂ ਤੇ ਰੰਘੜਾਂ ਨੇ ਲੁੱਟ ਲਈ। ਇਨ੍ਹਾਂ ਸਿੱਖਾਂ ਵਿੱਚੋਂ ਬਹੁਤੇ ਅਜੇ ਬਹੁਤੇ ਪਾਹੁਲੀਏ ਨਹੀਂ ਸਨ, ਇਸ ਕਰ ਕੇ ਉਨ੍ਹਾਂ ਕੋਲ ਕਿਰਪਾਨਾਂ ਨਹੀਂ ਸਨ। ਉਨ੍ਹਾਂ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੇ ਸਿੰਘ ਦੀ ਅਗਵਾਈ ਵਿਚ ਇਕ ਸੌ ਸਿੰਘਾਂ ਨੂੰ ਬਜਰੌੜ ਦੇ ਲੁਟੇਰਿਆਂ ਨੂੰ ਸਜ਼ਾ ਦੇਣ ਵਾਸਤੇ ਭੇਜਿਆ ਜਿਸ ਨੇ ਬਜਰੌੜ ਪੁੱਜ ਕੇ ਪਿੰਡ ਦੇ ਲੁਟੇਰੇ ਮੁਖੀਆਂ ਚਿੱਤੂ ਤੇ ਮਿੱਤੂ ਨੂੰ ਸਖ਼ਤ ਸਜ਼ਾ ਦਿੱਤੀ। ਇਸ ਘਟਨਾ ਤੋਂ ਮਗਰੋਂ ਫਿਰ ਕੋਈ ਸ਼ਿਕਾਇਤ ਅਨੰਦਪੁਰ ਨਹੀਂ ਪਹੁੰਚੀ। ਉਸ ਇਲਾਕੇ ਦੀ ਤਵਾਰੀਖ਼ ਇਹ ਘਟਨਾ ਇਕ ਲੋਕ ਗੀਤ ਵਿਚ ਅੱਜ ਵੀ ਚੇਤੇ ਕੀਤੀ ਜਾਂਦੀ ਹੈ:

ਮਾਏ ਨੀ ਮਾਏ। ਚਿੱਤੂ ਮਿੱਤੂ ਕਾਹਨੂੰ ਜਾਏ।
ਤੇਰੇ ਸਿੰਘ ਜਮਾਈ ਆਏ। ਉਨ੍ਹਾਂ ਕੋਠੇ ਬਠਲੇ ਢਾਏ।

1923: ਅਨੰਦਪੁਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਆਇਆ

ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ ਉੱਤੇ ਸੋਢੀ ਪਰਿਵਾਰ ਦਾ ਕਬਜ਼ਾ ਸੀ। ਉਂਵ ਉਹ ਸ਼੍ਰੋਮਣੀ ਕਮੇਟੀ ਦੀ ਮੁਖ਼ਾਲਫ਼ਤ ਵੀ ਨਹੀਂ ਕਰਦੇ ਸਨ। 15 ਮਾਰਚ 1923 ਦੇ ਦਿਨ ਜਥੇਦਾਰ ਮੂਲਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ 'ਤੇ ਵੀ ਕਬਜ਼ਾ ਕਰ ਲਿਆ; ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੇ ਪ੍ਰਬੰਧ ਵਾਸਤੇ ਕਮੇਟੀ ਬਣਾ ਕੇ ਇਸ ਸੋਢੀ ਪਰਵਾਰ ਦੇ ਮੁਖੀ ਨੂੰ ਪ੍ਰਧਾਨ ਬਣਾ ਦਿੱਤਾ।

1959: ਗੁਰਦੁਆਰਿਆਂ ਵਿਚ ਦਖ਼ਲ ਦੇ ਖ਼ਿਲਾਫ਼ ਦਿੱਲੀ ਵਿਚ 'ਚੁੱਪ ਜਲੂਸ' ਕੱਢਿਆ ਗਿਆ

ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਪਰੋਟੈਸਟ ਵਜੋਂ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ 'ਚੁਪ-ਜਲੂਸ' ਕੱਢਣ ਦਾ ਫ਼ੈਸਲਾ ਕੀਤਾ। ਇਸ 'ਤੇ ਤਿੰਨ ਦਿਨ ਪਹਿਲਾਂ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਧਰਮਸਾਲਾ ਜੇਲ੍ਹ ਭੇਜ ਦਿਤਾ। ਮਾਸਟਰ ਜੀ ਦੀ ਗ੍ਰਿਫ਼ਤਾਰੀ ਵਿਰੁਧ ਰੋਸ ਵਜੋਂ ਪਟਿਆਲੇ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਹੜਤਾਲ ਹੋਈ। ਇਸ ਤੋਂ ਅਗਲੇ ਦਿਨ ਹੀ ਕਿਹਰ ਸਿੰਘ ਵੈਰਾਗੀ, ਹਰਬੰਸ ਸਿੰਘ ਮਜੀਠਾ, ਗੁਰਚਰਨ ਸਿੰਘ ਗ਼ਰੀਬ, ਨਰਿੰਜਨ ਸਿੰਘ ਪ੍ਰਵਾਨਾ ਤੇ ਰਛਪਾਲ ਸਿੰਘ ਬੇਦੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਅਸੈਂਬਲੀ ਵਿਚੋਂ ਅਕਾਲੀ ਮੈਂਬਰ ਆਤਮਾ ਸਿੰਘ, ਹਰਗੁਰਅਨਾਦ ਸਿੰਘ, ਊਧਮ ਸਿੰਘ, ਮਾਸਟਰ ਪ੍ਰਤਾਪ ਸਿੰਘ ਤੇ ਸਰੂਪ ਸਿੰਘ ਇਨ੍ਹਾਂ

ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਵਾਕ ਆਊਟ ਕਰ ਕੇ ਆ ਗਏ। ਇਨ੍ਹਾਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਰਛਪਾਲ ਸਿੰਘ ਨੇ ਐਲਾਨ ਕੀਤਾ ਕਿ ਦਿੱਲੀ ਵਿਚ 15 ਮਾਰਚ ਨੂੰ ਜਲੂਸ ਜ਼ਰੂਰ ਨਿਕਲੇਗਾ। ਉਸ ਦਿਨ ਲਾਲ ਕਿਲ੍ਹੇ ਤੋਂ ਰਕਾਬ ਗੰਜ ਤਕ ਸਿੱਖਾਂ 'ਚ ਸਤ ਮੀਲ ਲੰਬਾ ''ਚੁੱਪ ਜਲੂਸ'' ਨਿਕਲਿਆ। ਇਸ ਵਿਚ 3 ਲੱਖ ਤੋਂ ਵਧ ਸਿੱਖ ਸ਼ਾਮਲ ਸਨ।

1960: ਅਕਾਲੀ ਦਲ ਵੱਲੋਂ ਪੰਥਕ ਐਮ.ਐਲ. ਏਜ਼ ਨੂੰ ਅਕਾਲੀ ਦਲ ਵਿਚ ਪਰਤ ਆਉਣ ਦਾ ਹੁਕਮ

15 ਮਾਰਚ 1960 ਨੂੰ ਅਕਾਲੀ ਦਲ ਦੀ ਵਰਕਿੰਗ ਕਮਟੀ ਦੀ ਮੀਟਿੰਗ ਹੋਈ ਜਿਸ ਨੇ ਗੁਰਦੁਆਰਿਆਂ 'ਚ ਸਰਕਾਰੀ ਦਖ਼ਲ, ਰਿਜਨਲ ਫ਼ਾਰਮੂਲੇ ਨੂੰ ਮੁਰਦਾ ਕਰਨ, ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕਰਨ ਅਤੇ 26 ਮੈਂਬਰੀ ਕਮੇਟੀ ਬਣਾ ਕੇ ਬੋਲੀ ਬਾਰੇ ਨਵਾਂ ਮਸਲਾ ਖੜਾ ਕਰਨ ਲਈ ਕਾਂਗਰਸ ਦੀ ਨਿੰਦਾ ਕੀਤੀ ਗਈ। ਇਸ ਮੀਟਿੰਗ ਨੇ ਅਕਾਲੀ ਐਮ.ਐਲ.ਏਜ਼ ਨੂੰ ਕਾਂਗਰਸ 'ਚੋਂ ਨਿਕਲ ਆਉਣ ਦਾ ਹੁਕਮ ਦਿੱਤਾ। ਇਸ ਹੁਕਮ 'ਤੇ 19 ਅਕਾਲੀਆਂ 'ਚੋਂ ਸਿਰਫ਼ 5, ਯਾਨਿ ਆਤਮਾ ਸਿੰਘ, ਹਰਗੁਰਅਨਾਦ ਸਿੰਘ, ਊਧਮ ਸਿੰਘ ਭਾਰਸਿੰਘਪੁਰਾ, ਸਰੂਪ ਸਿੰਘ ਅਤੇ ਮਾਸਟਰ ਪ੍ਰਤਾਪ ਸਿੰਘ ਨੇ ਹੀ ਅਮਲ ਕੀਤਾ। ਉਂਵ ਧੰਨਾ ਸਿੰਘ ਗੁਲਸ਼ਨ, ਜੁਗਰਾਜ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਵੀ ਅਕਾਲੀ ਦਲ ਦਾ ਸਾਥ ਦੇਂਦੇ ਰਹੇ ਪਰ ਕਾਫ਼ੀ ਦੇਰ ਤਕ ਕਾਂਗਰਸ 'ਚੋਂ ਨਹੀਂ ਆਏ। ਸੁਤੰਤਰ ਪਾਰਟੀ ਦੀ ਐਮ.ਐਲ.ਏ. ਕੰਵਰਾਨੀ ਜਗਦੀਸ਼ ਕੌਰ ਜ਼ਰੂਰ ਅਕਾਲੀ ਦਲ ਵਿਚ ਸ਼ਾਮਿਲ ਹੋ ਗਈ।

1966: ਪਾਨੀਪਤ ਵਿਚ ਜਨਸੰਘ ਵੱਲੋਂ ਇਕ ਦੁਕਾਨ ਨੂੰ ਅੱਗ ਲਾਉਣ ਕਾਰਨ ਭਗਤ ਸਿੰਘ ਦਾ ਇਕ ਸਾਥੀ ਤੇ ਦੋ ਹੋਰ ਜਿਊਂਦੇ ਸੜ ਗਏ

ਹਿੰਦੂ ਦਹਿਸ਼ਤਗਰਦਾਂ (ਉਦੋਂ ਜਨਸੰਘ, ਹੁਣ ਭਾਰਤੀ ਜਨਤਾ ਪਾਰਟੀ, ਦੇ ਵਰਕਰਾਂ) ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਜਹਾਦ ਦੇ ਨਾਂ 'ਤੇ 15 ਮਾਰਚ 1966 ਦੇ ਦਿਨ ਪਾਨੀਪਤ ਵਿਚ ਕਾਂਗਰਸੀ ਪ੍ਰਧਾਨ ਦੀਵਾਨ ਚੰਦ ਟੱਕਰ, ਕਰਾਂਤੀ ਕੁਮਾਰ (ਭਗਤ ਸਿੰਘ ਦਾ ਸਾਥੀ) ਅਤੇ ਇਕ ਹੋਰ ਆਦਮੀ ਦੁਕਾਨ ਅੰਦਰ ਡੱਕ ਕੇ ਸਾੜ ਦਿੱਤੇ ਗਏ। ਪਰ ਇਸ ਘਟਨਾ ਨਾਲ ਸਾਰੇ ਪਾਸੇ ਚਲੀ ਲੁਟ-ਮਾਰ, ਸਾੜ-ਫੂਕ ਖ਼ਤਮ ਹੋ ਗਈ। ਛੇ ਦਿਨਾਂ ਵਿਚ ਜਨਸੰਘੀਆਂ ਅਤੇ ਹੋਰ ਹਿੰਦੂ ਦਹਿਸ਼ਤਗਰਦਾਂ ਨੇ 20 ਲੱਖ ਦੀ ਜਾਇਦਾਦ ਤਬਾਹ ਕੀਤੀ ਸੀ, 200 ਬੰਦੇ ਜ਼ਖਮੀ ਕੀਤੇ ਸਨ ਅਤੇ 9 ਜਣੇ ਮਾਰ ਦਿੱਤੇ ਸਨ।

1986: ਬਟਾਲਾ 'ਚ ਦਹਿਸ਼ਤਗਰਦ ਹਿੰਦੂਆਂ ਨੇ ਗੁਰਦੁਆਰਾ ਤੇ ਬੰਬ ਸੁੱਟਿਆ

15 ਮਾਰਚ 1986 ਦੇ ਦਿਨ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ ਦੇ ਗੁਰਦੁਆਰਾ ਸਤਿਕਰਤਾਰੀਆ ਉੱਤੇ ਬੰਬ ਸੁਟੇ। ਇਸ ਗੁਰਦੁਆਰੇ ਦੇ ਦੁਆਲੇ ਚੌਵੀ ਘੰਟੇ ਸੀ.ਆਰ.ਪੀ.ਐਫ਼. ਹਾਜ਼ਿਰ ਰਹਿੰਦੀ ਸੀ। ਸਿੱਖਾਂ ਨੇ ਬੰਬ ਸੁੱਟਣ ਵਾਲੇ ਹਿੰਦੂਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਉਲਟਾ ਪੁਲੀਸ ਨੇ ਕਾਲਾ ਅਫ਼ਗਾਨਾ ਕਾਲਜ ਦੇ ਸਿੱਖ ਮੁੰਡੇ ਕੁਲਦੀਪ ਸਿੰਘ, ਬਲਵਿੰਦਰ ਸਿੰਘ, ਕੁਲਵੰਤ ਸਿੰਘ ਤੇ ਹੋਰਾਂ ਨੂੰ ਫੜ ਕੇ ਕੁੱਟਿਆ ਵੀ ਅਤੇ ਬਾਅਦ 'ਚ ਗ੍ਰਿਫ਼ਤਾਰੀ ਵੀ ਪਾ ਦਿਤੀ। ਹਿੰਦੂਆਂ ਨੇ ਫ਼ਿਰਕਾਪ੍ਰਸਤ ਸੀ.ਆਰ.ਪੀ.ਐਫ਼. ਦੀ ਮਦਦ ਨਾਲ ਗੁਰਦੁਆਰੇ ਉੱਤੇ ਫ਼ਾਇਰਿੰਗ ਵੀ ਕੀਤੀ। ਸਿੱਖਾਂ ਵਲੋਂ ਪ੍ਰੋਟੈਸਟ ਕਰਨ 'ਤੇ ਇਕ ਹਿੰਦੂ ਡੀ.ਐਸ.ਪੀ. ਪਰਮਾ ਨੰਦ ਨੇ ਇਹ ਮੰਨਿਆ ਕਿ ਸੀ.ਆਰ.ਪੀ.ਐਫ਼. ਦਾ ਕਮਾਂਡਰ ਸ਼ਰਮਾ

ਜ਼ਿਆਦਤੀਆਂ ਕਰ ਅਤੇ ਕਰਵਾ ਰਿਹਾ ਹੈ। ਪਰ ਉਸ 'ਤੇ ਕਦੇ ਵੀ ਕੋਈ ਵੀ ਐਕਸ਼ਨ ਕੋਈ ਨਾ ਲਿਆ ਗਿਆ।

1988: ਪੰਜਾਬ ਵਿਚ ਤਿੰਨ ਸਾਲ ਵਾਸਤੇ ਐਮਰਜੰਸੀ ਲਾਉਣ ਵਾਸਤੇ ਬਿਲ ਪਾਸ

15 ਮਾਰਚ 1988 ਨੂੰ ਰਾਜ ਸਭਾ ਵਿਚ 'ਪੰਜਾਬ ਵਿਚ 3 ਸਾਲ ਵਾਸਤੇ ਐਮਰਜੈਂਸੀ' ਲਾਉਣ ਬਾਰੇ ਬਿਲ ਪਾਸ ਕੀਤਾ ਗਿਆ। ਪਹਿਲਾਂ ਜਦੋਂ ਕਲਾਜ਼ਿਜ਼ ਤੇ ਵੋਟਾਂ ਪਈਆਂ ਤਾਂ ਆਪੋਜ਼ੀਸ਼ਨ ਪਾਰਟੀਆਂ ਨੇ ਇਸ ਦੇ ਖ਼ਿਲਾਫ਼ ਵੋਟਾਂ ਪਾਈਆਂ। ਹਰ ਕਲਾਜ਼ 54 ਦੇ ਮੁਕਾਬਲੇ 157 ਵੋਟਾਂ ਨਾਲ ਪਾਸ ਹੋਈ। ਪਰ ਸਾਰੇ ਬਿਲ ਨੂੰ ਪਾਸ ਕਰਨ ਵੇਲੇ ਅਪੋਜ਼ੀਸ਼ਨ ਵਾਕ ਆਊਟ ਕਰ ਗਈ। ਇਸ ਦਾ ਗੁੱਝਾ ਮਕਸਦ ਇਹ ਸੀ ਕਿ ਬਿਲ ਇਕ-ਰਾਏ ਨਾਲ ਪਾਸ ਹੋਵੇ, ਨਾ ਕਿ ਅਕਸਰੀਅਤ ਨਾਲ।

1988 ਤਰਲੋਚਨ ਸਿੰਘ ਤੇ ਅਵਤਾਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

15 ਮਾਰਚ 1988 ਦੇ ਦਿਨ ਪੁਲਸ ਨੇ ਤਰਲੋਚਨ ਸਿੰਘ ਤੇ ਉਸ ਦੇ ਭਰਾ ਅਵਤਾਰ ਸਿੰਘ (ਦੋਵੇਂ ਪੁਤਰ ਕੁੰਦਨ ਸਿੰਘ, ਵਾਸੀ ਸ਼ਹੀਦ ਕਰਤਾਰ ਸਿੰਘ ਨਗਰ, ਲੁਧਿਆਣਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991: ਦਰਸ਼ਨ ਸਿੰਘ ਸੁਖਨਾ, ਕੰਵਲ ਨੈਣ ਸਿੰਘ ਕਸੇਲ, ਅਮਰੀਕ ਸਿੰਘ ਕਿਲਾ ਹਾਂਸ, ਸਤਵਿੰਦਰ ਸਿੰਘ ਕਿੱਟੀ ਕਟਾਰੀ, ਦਰਸ਼ਨ ਸਿੰਘ ਸੁਖਨਾ ਨਕਲੀ ਮੁਕਾਬਲੇ ਵਿਚ ਸ਼ਹੀਦ

15 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਦਰਸ਼ਨ ਸਿੰਘ (ਵਾਸੀ ਸੁਖਨਾ, ਲੁਧਿਆਣਾ), ਕੰਵਲ ਨੈਣ ਸਿੰਘ ਉਰਫ਼ ਰਾਜਬੀਰ ਸਿੰਘ (ਵਾਸੀ ਕਸੇਲ, ਅੰਮ੍ਰਿਤਸਰ), ਅਮਰੀਕ ਸਿੰਘ ਉਰਫ਼ ਬੰਬ (ਵਾਸੀ ਕਿਲਾ ਹਾਂਸ, ਲੁਧਿਆਣਾ), ਸਤਵਿੰਦਰ ਸਿੰਘ (ਵਾਸੀ ਕਿੱਟੀ ਕਟਾਰੀ, ਲੁਧਿਆਣਾ), ਦਰਸ਼ਨ ਸਿੰਘ ਉਰਫ਼ ਪੱਪੂ (ਪੁੱਤਰ ਗੁਰਜੀਤ ਸਿੰਘ, ਵਾਸੀ ਸੁਖਨਾ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਮੀਤ ਸਿੰਘ ਤੇ ਕੁਲਬੀਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ, ਰਾਜੂ ਸਿੰਘ ਨੇ ਸਾਈਨਾਈਡ ਦਾ ਕੈਪਸੂਲ ਖਾ ਕੇ ਜਾਨ ਦਿੱਤੀ

15 ਮਾਰਚ 1992 ਦੇ ਦਿਨ ਪੁਲਸ ਨੇ ਗੁਰਮੀਤ ਸਿੰਘ (ਪੁਤਰ ਲਖਬੀਰ ਸਿੰਘ, ਵਾਸੀ ਜਲਾਲਾਬਾਦ, ਜ਼ਿਲ੍ਹਾ ਅੰਮ੍ਰਿਤਸਰ) ਤੇ ਕੁਲਬੀਰ ਸਿੰਘ (ਪੁਤਰ ਮੇਜਰ ਸਿੰਘ, ਵਾਸੀ ਸਿੰਬਲ ਮਾਜਰਾ, ਜ਼ਿਲ੍ਹਾ ਨਵਾਂ ਸ਼ਹਿਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਇਕ ਸਿੱਖ ਜੁਝਾਰੂ ਰਾਜੂ ਸਿੰਘ ਨੂੰ ਕਾਬੂ ਕਰ ਲਿਆ। ਉਸ ਨੇ ਪੁਲਸ ਹੱਥੋਂ ਤਸੀਹੇ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ ਸਾਈਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

1993: ਬੁੱਧ ਸਿੰਘ ਤੇ ਗੁਰਮੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

15 ਮਾਰਚ 1993 ਦੇ ਦਿਨ ਪੁਲਸ ਨੇ ਬੁੱਧ ਸਿੰਘ (ਪੁਤਰ ਕੰਵਲ ਸਿੰਘ ਉਰਫ਼ ਕਾਹਨ ਸਿੰਘ, ਵਾਸੀ ਜਗਜੀਤਪੁਰਾ, ਜ਼ਿਲ੍ਹਾ ਸੰਗਰੂਰ) ਤੇ ਗੁਰਮੀਤ ਸਿੰਘ (ਪੁਤਰ ਬਚਨ ਸਿੰਘ, ਵਾਸੀ ਗਾਂਜਾ, ਨੇੜੇ ਦੋਰਾਂਗਲਾ, ਜ਼ਿਲ੍ਹਾ ਗੁਰਦਾਸਪੁਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਜ਼ਾਲਮ ਪੁਲਸ ਅਫ਼ਸਰ ਸੁਮੇਧ ਸੈਣੀ ਪੰਜਾਬ ਪੁਲਸ ਦਾ ਡੀ.ਜੀ.ਪੀ. ਬਣਿਆ

ਬਾਦਲ ਨੇ ਪੰਜਾਬ ਦੇ ਨਵੇਂ ਚੀਫ਼ ਮਨਿਸਟਰ ਵਜੋਂ ਸਹੁੰ ਚੁੱਕਣ ਦੇ ਅਗਲੇ ਦਿਨ 15 ਮਾਰਚ 2012 ਨੂੰ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਸੈਂਕੜੇ ਸਿੱਖਾਂ ਨੂੰ ਤਸੀਹੇ ਦੇ ਦੇ ਕੇ ਕਤਲ ਕਰਵਾਉਣ ਵਾਲੇ ਜ਼ਾਲਮ ਪੁਲਸ ਅਫ਼ਸਰ ਸੁਮੇਧ ਸੈਣੀ ਨੂੰ ਪੁਲਸ ਦਾ ਡੀ ਜੀ ਪੀ ਬਣਾ ਦਿੱਤਾ। ਇਸ ਤੋਂ ਬਾਅਦ ਉਹ ਨੇ ਜ਼ਾਲਮ ਪੁਲਸੀਏ ਇਜ਼ਹਾਰ ਆਲਮ ਦੀ ਬੀਵੀ ਨੂੰ ਪਾਰਲੀਮੈਂਟਰੀ ਸੈਕਟਰੀ ਬਣਾ ਦਿੱਤਾ। ਮਗਰੋਂ ਸਤੰਬਰ 2014 ਵਿਚ ਇਸ ਜ਼ਾਲਮ ਪੁਲਸੀਏ ਇਜ਼ਹਾਰ ਆਲਮ ਨੂੰ ਬਾਦਲ ਨੇ ਆਪਣੇ 'ਅਕਾਲੀ' ਦਲ ਦਾ ਮੀਤ ਪ੍ਰਧਾਨ ਬਣਾ ਦਿੱਤਾ।

3 ਅਪ੍ਰੈਲ **2012** ਦੇ ਦਿਨ ਸਿਮਰਜੀਤ ਸਿੰਘ ਮਾਨ ਨੇ ਸੁਮੇਧ ਸੈਣੀ ਨੂੰ ਪੰਜਾਬ ਪੁਲਸ ਦਾ ਡੀ.ਜੀ.ਪੀ. ਬਣਾਏ ਜਾਣ ਦੇ ਖ਼ਿਲਾਫ਼ ਪੰਜਾਬ ਹਾਈ ਕੋਰਟ ਵਿਚ ਲੋਕ ਹਿਤ ਪਟੀਸ਼ਨ ਕੀਤੀ ਸੀ। ਇਸ ਦਾ ਫ਼ੈਸਲਾ 10 ਅਪ੍ਰੈਲ 2013 ਦੇ ਦਿਨ ਸੁਣਾਇਆ ਗਿਆ ਤੇ ਪਟੀਸ਼ਨ ਰੱਦ ਕਰ ਦਿੱਤੀ ਗਈ।

2014: ਅੰਮ੍ਰਿਤਸਰ ਵਿਚ ਸਿੱਖ 'ਤੇ ਬੇਵਜਹ ਹਮਲਾ

15 ਮਾਰਚ 2014 ਦੇ ਦਿਨ, ਭੰਡਾਰੀ ਬ੍ਰਿਜ ਅੰਮ੍ਰਿਤਸਰ 'ਤੇ ਬਾਲਮੀਕੀ ਸਭਾ ਦੇ ਦਰਜਨ ਛੋਕਰਿਆਂ ਨੇ ਇਕ ਸਿੱਖ ਜਸਬੀਰ ਸਿੰਘ ਨੂੰ ਬਿਨਾ ਵਜਹ ਕੁੱਟਿਆ ਅਤੇ ਬਾਦਲ ਦੀ ਪੁਲੀਸ ਦੇਖਦੀ ਰਹੀ। ਮਗਰੋਂ 1 ਬੰਦਾ ਗ੍ਰਿਫ਼ਤਾਰ ਕੀਤਾ ਗਿਆ।

16 ਮਾਰਚ

1846: ਅੰਗਰੇਜ਼ਾਂ ਨੇ ਗ਼ਦਾਰ ਗੁਲਾਬ ਸਿੰਘ ਡੋਗਰਾ ਨਾਲ ਨਵੀਂ ਸੰਧੀ ਕੀਤੀ

9 ਮਾਰਚ 1846 ਨੂੰ ਲਾਹੌਰ ਦਰਬਾਰ ਅਤੇ ਅੰਗਰੇਜ਼ਾਂ ਵਿਚਕਾਰ 16 ਨੁਕਤਿਆਂ ਦੇ ਇਕ ਅਹਿਦਨਾਮੇ 'ਤੇ ਦਸਤਖ਼ਤ ਹੋਏ ਸਨ।ਮਗਰੋਂ 16 ਮਾਰਚ 11846 ਨੂੰ ਗੁਲਾਬ ਸਿੰਘ ਡੋਗਰੇ ਨਾਲ ਇਕ ਹੋਰ ਅਹਿਦਨਾਮਾ ਹੋਇਆ। ਪਹਿਲੀ 'ਸੰਧੀ' ਹੇਠ ਲਾਹੌਰ ਦਰਬਾਰ ਨੂੰ ਡੇਢ ਕਰੋੜ ਰੁਪਏ ਜੰਗ ਦਾ ਹਰਜਾਨਾ ਪਾਇਆ ਗਿਆ ਸੀ। ਇਸ ਰਕਮ ਦੀ ਅਦਾਇਗੀ ਵਾਸਤੇ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚ ਪੂਰੀ ਰਕਮ ਨਹੀਂ ਸੀ ਇਸ ਕਰ ਕੇ ਇਹ ਰਕਮ ਅਦਾ ਕਰਨ ਵਾਸਤੇ ਗੁਲਾਬ ਸਿੰਘ ਡੋਗਰੇ ਨੇ 68 ਲੱਖ ਰੁਪੈ ਵਿਚ ਕਸ਼ਮੀਰ ਦਾ ਸੂਬਾ 'ਖਰੀਦ' ਲਿਆ। ਇਹ ਚਰਚਾ ਸੀ ਕਿ ਗੁਲਾਬ ਸਿੰਘ ਨੇ ਇਹ ਰਕਮ ਆਪਣੇ ਕੋਲ ਪਏ ਰਾਣੀ ਚੰਦ ਕੌਰ ਦੇ ਖ਼ਜ਼ਾਨੇ ਅਤੇ ਅਤੇ ਲਾਹੌਰ ਦਰਬਾਰ ਚੋਂ ਚੋਰੀ ਕੀਤੇ ਹੋਰ ਪੈਸਿਆਂ ਵਿਚੋਂ ਅਦਾ ਕੀਤੀ ਸੀ। ਪਰ ਕਨਿੰਘਮ ਦਾ ਕਹਿਣਾ ਹੈ ਕਿ ਇਹ ਰਕਮ ਕਦੇ ਵੀ ਅਦਾ ਨਹੀਂ ਸੀ ਕੀਤੀ ਗਈ।

1931: ਗਾਂਧੀ ਨੇ ਕਿਹਾ: ਕਾਂਗਰਸ ਸਿੱਖਾਂ ਨਾਲ ਕਦੇ ਧੋਖਾ ਨਹੀਂ ਕਰੇਗੀ

1931 ਵਿਚ ਗਾਂਧੀ ਨੇ ਸਿੱਖਾਂ ਨੂੰ ਭਰਮਾਉਣ ਵਾਸਤੇ ਇਕ ਵਾਰ ਕਿਰਪਾਨ ਦੀ ਸਿਫ਼ਤ ਵੀ ਕੀਤੀ ਸੀ। 16 ਮਾਰਚ 1931 ਨੂੰ ਗਾਂਧੀ ਨੇ ਗੁਰਦੁਆਰਾ ਸੀਸ ਗੰਜ ਦਿੱਲੀ ਵਿਚ ਕਿਹਾ ਕਿ **'ਕਾਂਗਰਸ ਸਿੱਖਾਂ ਨਾਲ ਕਦੀ ਵਿਸਾਹਘਾਤ ਨਹੀਂ ਕਰੇਗੀ, ਤੇ ਲਾਹੌਰ ਦੇ ਮਤੇ ਅਨੁਸਾਰ ਕੋਈ ਅਜਿਹਾ ਆਈਨ ਨਹੀਂ ਬਣਾਇਆ ਜਾਏਗਾ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ। ਇਸ ਸੂਰਤ ਵਿਚ ਸਿੱਖਾਂ ਨੂੰ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ, ਵਾਹਿਗੁਰੂ ਤੇ ਮਨੁਖ ਜਾਤੀ ਉਨ੍ਹਾਂ ਦੀ ਮਦਦ ਕਰਨਗੇ।'** (ਪਰ ਇਹ ਗਾਂਧੀ ਦਾ ਫਰੇਬ ਤੇ ਢੌਂਗ ਸੀ ਜਿਸ ਨੂੰ ਬੇਸਮਝ ਸਿੱਖ ਆਗੂ ਸਮਝ ਨਹੀਂ ਸਕੇ ਸਨ)।

1961: ਭਾਈ ਰਣਧੀਰ ਸਿੰਘ ਚੜ੍ਹਾਈ ਕਰ ਗਏ

ਗ਼ਦਰ ਪਾਰਟੀ ਦੇ ਆਗੂ ਅਤੇ ਅਖੰਡ ਕੀਰਤਨੀ ਜਥਾ ਦੇ ਮੋਢੀ ਭਾਈ ਰਣਧੀਰ ਸਿੰਘ 16 ਮਾਰਚ 1961 ਦੇ ਦਿਨ ਚੜ੍ਹਾਈ ਕਰ ਗਏ।

1981: ਸਿੱਖ ਐਜੂਕੇਸ਼ਨਲ ਕਾਨਫ਼ਰੰਸ ਵੱਲੋਂ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ

1980-81 ਵਿਚ ਕਮਿਊਨਿਸਟਾਂ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਸਿੱਖ ਧਰਮ ਅਤੇ ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਵਜੂਦ ਦੇ ਖ਼ਿਲਾਫ਼ ਫੇਰ ਵੱਡੀ ਮੁਹਿਮ ਵਿੱਢੀ ਹੋਈ ਸੀ। ਇੰਞ ਹੀ ਮਕਲਾਊਡ ਦੀ ਸਰਪਰਸਤੀ ਹੇਠ ਈਸਾਈ ਮਿਸ਼ਨਰੀਆਂ ਦੇ ਇਕ ਸਿੱਖ-ਮੁਖ਼ਾਲਿਫ਼ ਟੋਲੇ ਨੇ ਵੀ ਸਿੱਖ ਧਰਮ ਦੀ ਅੱਡਰੀ ਹਸਤੀ ਦੇ ਖ਼ਿਲਾਫ਼ ਪ੍ਰਚਾਰ ਮੁਹਿਮ ਸ਼ੁਰੂ ਕੀਤੀ ਹੋਈ ਸੀ।

ਦਲ ਖ਼ਾਲਸਾ, ਸਿੱਖ ਸਟੂਡੈਂਟਸ, ਸ਼੍ਰੋਮਣੀ ਅਕਾਲੀ ਦਲ (ਦੋਵੇਂ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਫ਼ੀ ਚਿਰਾਂ ਤੋਂ ਇਹ ਮੰਗ ਕਰ ਰਹੇ ਸਨ ਕਿ ਦੁਨੀਆਂ ਦੇ ਕਿਸੇ ਪਲੇਟਫ਼ਾਰਮ 'ਤੇ ਉਨ੍ਹਾਂ ਦੀ ਆਜ਼ਾਦ ਹਸਤੀ ਵੀ ਜਾਣੀ ਜਾਵੇ (ਤੇ ਉਹ ਆਪਣੇ ਮਸਲਿਆਂ ਬਾਰੇ ਚਰਚਾ ਕਰ ਸਕਿਆ ਕਰਨ)। ਇਸ ਦੇ ਇਕ ਪੜਾਅ ਵਜੋਂ ਉਹ ਮੰਗ ਕਰ ਰਹੇ ਸਨ ਕਿ ਸਿੱਖ ਕੌਮ ਨੂੰ ਯੂ.ਐਨ.ਓ. ਵਿਚ ਐਸੋਸੀਏਟ ਮੈਂਬਰਸ਼ਿਪ ਦਿੱਤੀ ਜਾਵੇ। ਪਰ ਇਹ ਸਾਰੀ ਕਾਰਵਾਈ ਸਿਰਫ਼ ਮਤੇ ਪਾਸ ਕਰਨ ਤੇ ਅਖ਼ਬਾਰਾਂ ਵਿਚ ਬਿਆਨਬਾਜ਼ੀ ਤੱਕ ਹੀ ਮਹਿਦੂਦ ਸੀ।

15-16 ਮਾਰਚ 1981 ਨੂੰ ਚੀਫ਼ ਖ਼ਾਲਸਾ ਦੀਵਾਨ ਨੇ ਸਾਲਾਨਾ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਚੰਡੀਗੜ੍ਹ ਵਿਚ ਕਰਵਾਈ। ਇਸ ਦੇ 16 ਮਾਰਚ 1981 ਦੇ ਸੈਸ਼ਨ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਅਤੇ ਵਿਦਵਾਨ ਹਾਜ਼ਿਰ ਸਨ। ਇਸ ਕਾਨਫ਼ਰੰਸ ਵਿਚ ਅਚਾਨਕ ਹੀ ਅਜਿਹਾ ਮਾਹੌਲ ਬਣ ਗਿਆ ਕਿ ਇਸ ਮੌਕੇ 'ਤੇ ਹਾਜ਼ਰ ਵਿਦਵਾਨਾਂ ਅਤੇ ਨੌਜਵਾਨਾਂ ਨੇ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸਿਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਜ਼ੋਰ ਪਾ ਕੇ ਪਾਸ ਕਰਵਾ ਲਿਆ। ਇਸ ਮਤੇ ਨੂੰ ਪੇਸ਼ ਕਰਨ ਜਾਂ ਪਾਸ ਕਰਵਾਉਣ ਦਾ ਸਿਹਰਾ ਅਮਰੀਕੀ ਸਿੱਖ ਗੰਗਾ ਸਿੰਘ ਢਿੱਲੋਂ ਨੂੰ ਦਿੱਤਾ ਜਾਂਦਾ ਹੈ; ਪਰ ਅਸਲ ਵਿਚ ਇਹ ਸਿਹਰਾ ਉਨ੍ਹਾਂ ਨੌਜਵਾਨਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਉਸ ਵੇਲੇ ਰੌਲਾ ਪਾ ਕੇ ਐਲਾਨ ਕਰ ਦਿੱਤਾ ਕਿ ਜਦੋਂ ਤੱਕ 'ਸਿੱਖਾਂ ਦੀ ਕੌਮੀਅਤ ਅਤੇ ਐਸੋਸੀਏਟ ਮੈਂਬਰਸ਼ਿਪ' ਵਾਲਾ ਮਤਾ ਪਾਸ ਨਹੀਂ ਹੋ ਜਾਂਦਾ ਉਦੋਂ ਤੱਕ ਕਾਨਫ਼ਰੰਸ ਦੀ ਕਾਰਵਾਈ ਨਹੀਂ ਚੱਲਣ ਦਿੱਤੀ ਜਾਵੇਗੀ। ਸ਼ੋਰ ਪਾਉਣ ਵਾਲੇ ਨੌਜਵਾਨ ਸਨ: ਦਲ ਖ਼ਾਲਸਾ ਦੇ ਵਰਕਰ ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਗਜਿੰਦਰ ਸਿੰਘ, ਸਤਨਾਮ ਸਿੰਘ ਪਾਉਂਟਾ ਸਾਹਿਬ, ਉੱਤਮ ਸਿੰਘ, ਗੁਰਪ੍ਰੀਤ ਸਿੰਘ, ਰੁਪਿੰਦਰ ਸਿੰਘ ਨਗਾਰੀ ਵਗ਼ੈਰਾ।

ਆਰੀਆ ਸਮਾਜ ਅਤੇ ਹੋਰ ਫ਼ਿਰਕੂ ਹਿੰਦੂ ਜਮਾਤਾਂ ਤਾਂ ਪਹਿਲਾਂ ਹੀ ਸਿੱਖਾਂ ਦੀ ਅੱਡਰੀ ਪਛਾਣ ਅਤੇ ਆਜ਼ਾਦ ਹਸਤੀ ਦੇ ਖ਼ਿਲਾਫ਼ ਪ੍ਰਚਾਰ ਕਰਦੀਆਂ ਰਹਿੰਦੀਆਂ ਸਨ; ਹੁਣ ਇਸ ਮਤੇ ਦੇ ਪਾਸ ਹੋਣ 'ਤੇ ਉਨ੍ਹਾਂ ਨੇ ਹੋਰ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਸਿਰਫ਼ ਸਿੱਖ ਵਿਦਵਾਨ ਤੇ ਨੌਜਵਾਨ ਹੀ ਨਹੀਂ ਬਲਕਿ ਸਾਰੇ ਸਿਰਕਰਦਾ ਸਿੱਖ ਇਸ ਮੁਹਾਜ਼ ਵਿਚ ਇਕ ਪਲੇਟਫ਼ਾਰਮ 'ਤੇ ਇਕੱਠੇ ਹੋ ਗਏ। ਤਕਰੀਬਨ ਹਰ ਸਰਗਰਮ ਵਰਕਰ ਅਤੇ ਆਗੂ, ਹਰ ਪੰਥਕ ਜਥੇਬੰਦੀ ਤੇ ਹਰ ਇਕ ਸਿੱਖ ਵਿਦਵਾਨ ਨੇ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖਾਂ ਦੀ ਨੁਮਾਇੰਦਗੀ' ਦੇ ਹੱਕ ਵਿਚ ਡਟ ਕੇ ਸਟੈਂਡ ਲਿਆ। ਦੂਜੇ ਪਾਸੇ ਚੀਫ਼ ਖ਼ਾਲਸਾ ਦੀਵਾਨ ਨੇ, ਆਪਣੇ ਇਕ ਰਜਵਾੜਾ ਕਿਸਮ ਦੇ ਮੈਂਬਰ ਅਤੇ ਸਰਕਾਰ ਦੇ ਟੋਡੀ, ਉੱਜਲ ਸਿੰਘ ਵੱਲੋਂ ਇਸ ਨੁਕਤੇ 'ਤੇ ਪ੍ਰੋਟੈਸਟ ਕਰਨ ਅਤੇ

ਅਸਤੀਫ਼ਾ ਦੇਣ ਤੋਂ ਡਰ ਕੇ, 15 ਮਾਰਚ 1981 ਨੂੰ ਪਾਸ ਕੀਤਾ ਮਤਾ ਵਾਪਿਸ ਲੈ ਲਿਆ। (ਇਸ ਉੱਜਲ ਸਿੰਘ ਦੀ ਕਾਰਵਾਈ ਪਹਿਲੋਂ ਵੀ ਸਿੱਖ ਮਸਲੇ ਬਾਰੇ 'ਦੁਸ਼ਮਣਾਂ-ਵਰਗੀ' ਹੀ ਸੀ। ਉਹ ਹਰ ਸਿੱਖ-ਮੁਫ਼ਾਦ ਦੇ ਨੁਕਤੇ 'ਤੇ ਪੰਥ ਦੇ ਮੁਖਾਲਿਫ਼ਾਂ ਦਾ ਸਾਥ ਦੇ ਕੇ ਪੰਥ-ਦੁਸ਼ਮਣਾਂ ਤੋਂ ਜ਼ਾਤੀ ਫ਼ਾਇਦਾ ਲੈਂਦਾ ਰਹਿੰਦਾ ਸੀ)।

'ਸਿੱਖ ਇਕ ਕੌਮ ਹਨ' ਦਾ ਮਤਾ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਪਾਸ ਕੀਤਾ ਸੀ ਤੇ ਚੀਫ਼ ਖ਼ਾਲਸਾ ਦੀਵਾਨ ਵਲੋਂ ਇਸ ਨੂੰ ਵਾਪਿਸ ਨਹੀਂ ਸੀ ਲਿਆ ਜਾ ਸਕਦਾ ਸਿਰਫ਼ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੀ ਇਸ ਨੂੰ ਵਾਪਿਸ ਲੈ ਸਕਦੀ ਸੀ ਪਰ ਉਸ ਨੂੰ ਇਸ ਵਾਸਤੇ ਸਪੈਸ਼ਲ ਇਜਲਾਸ ਬੁਲਾਉਣਾ ਪੈਣਾ ਸੀ ਜਾਂ ਅਗਲੇ ਸਾਲ ਦੀ ਕਾਨਫ਼ਰੰਸ ਤਕ ਉਡੀਕਣਾ ਪੈਣਾ ਸੀ। ਉਂਞ ਵੀ ਇਸ ਜਥੇਬੰਦੀ ਵਲੋਂ ਇਹ ਮਤਾ 'ਵਾਪਿਸ' ਲੈਣ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ, ਕਿਉਂਕਿ ਇਸ ਜਥੇਬੰਦੀ ਦੀ ਲੋਕਾਂ ਵਿਚ ਕੋਈ ਹਸਤੀ ਨਹੀਂ ਸੀ। ਉਲਟਾ, ਇਸ ਕਾਰਵਾਈ ਮਗਰੋਂ ਹਰ ਪਾਸੇ ਸਿੱਖ ਦੀਵਾਨਾਂ, ਜਲਸਿਆਂ, ਮੀਟਿੰਗਾਂ, ਸੈਮੀਨਾਰਾਂ ਤੇ ਹੋਰ ਇਕੱਠਾਂ 'ਚ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖ ਨੁਮਾਇੰਦਗੀ' ਦੀ ਹਿਮਾਇਤ ਵਿਚ ਸੈਂਕੜੇ ਮਤੇ ਪਾਸ ਕਰ ਕੇ ਸਿੱਖਾਂ ਨੇ ਆਪਣੀ ਏਕਤਾ ਦਾ ਇਜ਼ਹਾਰ ਕੀਤਾ।

1988: ਪਰਮਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

16 ਮਾਰਚ 1988 ਦੇ ਦਿਨ ਪੁਲੀਸ ਨੇ ਪਰਮਜੀਤ ਸਿੰਘ (ਪੁੱਤਰ ਮੋਹਨ ਸਿੰਘ, ਵਾਸੀ ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨ ਤਾਰਨ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁੱਚਾ ਸਿੰਘ ਸਖੀਰਾ ਤੇ ਉਦੇ ਸਿੰਘ ਮੁੱਦਕੀ ਨਕਲੀ ਮੁਕਾਬਲੇ ਵਿਚ ਸ਼ਹੀਦ

16 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਸੁੱਚਾ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸਖੀਰਾ, ਅੰਮ੍ਰਿਤਸਰ), ਉਦੇ ਸਿੰਘ ਚੱਕਰਵਰਤੀ (ਵਾਸੀ ਮੁੱਦਕੀ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਲਵਿੰਦਰ ਸਿੰਘ ਬਿੱਲਾ ਜਵੰਦੇ ਕਲਾਂ, ਸਤਨਾਮ ਸਿੰਘ ਭੋਗਪੁਰ ਤੇ ਸਤਨਾਮ ਸਿੰਘ ਬੁੱਟਰ ਨਕਲੀ ਮੁਕਾਬਲੇ ਵਿਚ ਸ਼ਹੀਦ

16 ਮਾਰਚ 1991 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਬਿੱਲਾ ਫੌਜੀ (ਵਾਸੀ ਜਵੰਦੇ ਕਲਾਂ, ਅੰਮ੍ਰਿਤਸਰ), ਸਤਨਾਮ ਸਿੰਘ ਉਰਫ਼ ਰਾਹੂ (ਪੁੱਤਰ ਅਜੀਤ ਸਿੰਘ, ਵਾਸੀ ਭੋਗਪੁਰ, ਨੇੜੇ ਪੱਟੀ, ਜ਼ਿਲ੍ਹਾ ਤਰਨ ਤਾਰਨ) ਤੇ ਸਤਨਾਮ ਸਿੰਘ ਬੁੱਟਰ (ਵਾਸੀ ਸੁਗਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

16 ਮਾਰਚ 1992 ਦੇ ਦਿਨ ਪੁਲੀਸ ਨੇ ਬਲਵਿੰਦਰ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਪਿੰਡ ਜਲਾਲਬਾਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜਰਨੈਲ ਸਿੰਘ ਤੇ ਨਿਰਵੈਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

16 ਮਾਰਚ 1993 ਨੂੰ ਜਰਨੈਲ ਸਿੰਘ (ਪੁੱਤਰ ਬਚਨ ਸਿੰਘ, ਵਾਸੀ ਭਾਮੇ ਕਲਾਂ, ਜ਼ਿਲ੍ਹਾ ਮਾਨਸਾ) ਤੇ ਨਿਰਵੈਲ ਸਿੰਘ ਜੰਡਿਆਲਾ ਨੂੰ ਨਕਲੀ ਪੁਲੀਸ ਮੁਕਾਬਲਾ ਵਿਚ ਸ਼ਹੀਦ ਕਰ ਦਿੱਤਾ ਗਿਆ।

17 ਮਾਰਚ

1701: ਸਾਹਿਬਜ਼ਾਦਾ ਅਜੀਤ ਸਿੰਘ ਤੇ ਊਦੇ ਸਿੰਘ ਵੱਲੋਂ ਬਜਰੌੜੀਆਂ ਨੂੰ ਸਜ਼ਾ ਦਿਤੀ

15 ਮਾਰਚ 1701 ਦੇ ਦਿਨ ਦਰਪ ਦੇਸ਼ ਦੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਸਾਹਿਬ ਆਈ ਤਾਂ ਰਾਹ ਵਿਚ ਜ਼ਿਲਾ ਹੁਸ਼ਿਆਰਪੁਰ ਦੇ ਇਕ ਪਿੰਡ ਬਜਰੌੜ (ਹਰੀਆਂ ਵੇਲਾਂ ਦੇ ਨੇੜੇ) ਦੇ ਗੁੱਜਰਾਂ ਤੇ ਰੰਘੜਾਂ ਨੇ ਲੁੱਟ ਲਈ। **ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਊਦੇ ਸਿੰਘ ਦੀ ਅਗਵਾਈ ਵਿਚ 100 ਸਿੱਖਾਂ ਦੇ ਜੱਥੇ ਨੇ 17 ਮਾਰਚ 1701 ਦੇ ਦਿਨ ਬਜਰੌੜ ਪੁੱਜ ਕੇ ਪਿੰਡ ਦੇ ਲੁਟੇਰੇ ਮੁਖੀਆਂ ਚਿੱਤੂ ਤੇ ਮਿੱਤੂ ਨੂੰ ਸਖ਼ਤ ਸਜ਼ਾ ਦਿੱਤੀ।** ਇਸ ਘਟਨਾ ਤੋਂ ਮਗਰੋਂ ਫਿਰ ਕੋਈ ਸ਼ਿਕਾਇਤ ਅਨੰਦਪੁਰ ਨਹੀਂ ਪਹੁੰਚੀ।

1948: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਐਮ.ਐਲ. ਏਜ਼ ਨੂੰ ਕਾਂਗਰਸ ਵਿਚ ਸ਼ਾਮਿਲ ਹੋਣ ਦੀ ਹਦਾਇਤ ਦਿੱਤੀ

1947 ਵਿਚ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਇਕੋ-ਇਕ, ਵਾਹਿਦ ਨੁਮਾਇੰਦਾ ਜਥੇਬੰਦੀ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਸੀ। ਉਸ ਵੇਲੇ ਤਕ ਸਵਰਨ ਸਿੰਘ, ਉੱਜਲ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਫੇਰੂਮਾਨ ਵਗੈਰਾ ਹੋਰ ਮੌਕਾ-ਪ੍ਰਸਤਾਂ ਵਾਂਗੂ ਕਾਂਗਰਸ ਵਿਚ ਜਾ ਕੇ ਅਹੁਦਿਆਂ ਦੀ ਇੰਤਜ਼ਾਰ ਕਰ ਰਹੇ ਸਨ ਜਾਂ ਹਾਸਿਲ ਕਰ ਚੁਕੇ ਸਨ। ਇਸ ਹਾਲਤ ਵਿਚ ਗਿਆਨੀ ਕਰਤਾਰ ਸਿੰਘ ਨੂੰ ਵੀ ਵਜ਼ੀਰੀ ਦਾ ਲਾਲਚ ਆ ਗਿਆ ਤੇ ਉਸ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਵਾਸਤੇ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਫੁੱਟ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਬਾਵਾ ਬਚਿੱਤਰ ਸਿੰਘ ਹਾਜ਼ਰ ਸਨ।(ਮਗਰੋਂ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਵਿਚ 20 ਜੁਲਾਈ 1950 ਨੂੰ ਇਨ੍ਹਾਂ ਨੂੰ ਵਾਪਸ ਮੁੜ ਆਉਣ ਵਾਸਤੇ ਕਿਹਾ)।

1972: ਜ਼ੈਲ ਸਿੰਘ ਪੰਜਾਬ ਦਾ ਚੀਫ਼ ਮਨਿਸਟਰ ਬਣਿਆ

ਪੰਜਾਬ ਅਸੈਂਬਲੀ ਦੀਆਂ ਚੋਣਾਂ 12 ਮਾਰਚ 1972 ਨੂੰ ਹੋਈਆਂ। ਕਾਂਗਰਸ ਤੇ ਸੀ.ਪੀ.ਆਈ. ਨੇ ਰਲ ਕੇ ਚੋਣਾਂ ਲੜੀਆਂ ਸਨ। 13 ਮਾਰਚ ਨੂੰ ਸਾਰੀਆਂ ਸੀਟਾਂ ਦੇ ਨਤੀਜੇ ਨਿਕਲ ਗਏ। ਕਾਂਗਰਸ ਦੇ 66, ਅਕਾਲੀ ਦਲ ਦੇ 24, ਸੀ.ਪੀ.ਆਈ. ਦੇ 10, ਸੀ.ਪੀ.ਐਮ. ਦਾ 1 ਤੇ ਤਿੰਨ ਅਜ਼ਾਦ ਕਾਮਯਾਬ ਹੋਏ। 17 ਮਾਰਚ 1972 ਦੇ ਦਿਨ ਜ਼ੈਲ ਸਿੰਘ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਚਾਰ ਸਾਲ ਦੇ ਕਰੀਬ ਹਕੂਮਤ ਵਿਚ ਰਹਿਣ, ਤੇ ਚਾਰ ਵਾਰ ਚੀਫ਼ ਮਨਿਸਟਰ ਬਦਲਣ ਪਿੱਛੋਂ ਅਕਾਲੀ ਇਕ ਵਾਰ ਫੇਰ ਅਪੋਜ਼ੀਸ਼ਨ ਵਿਚ ਆ ਗਏ।

1986: ਜਲੰਧਰ ਵਿਚ ਦਹਿਸ਼ਤਗਰਦ ਹਿੰਦੂਆਂ ਦੀ ਭੀੜ ਵੱਲੋਂ ਗੁੰਡਾਗਰਦੀ – ਸਿੱਖਾਂ ਅਤੇ ਸਿੱਖ ਅਦਾਰਿਆਂ ਤੇ ਹਮਲੇ

15 ਮਾਰਚ 1986 ਦੇ ਦਿਨ ਜਲੰਧਰ ਵਿਚ ਫ਼ਿਰਕੂ ਹਿੰਦੂ ਵਕੀਲ ਤਰਸੇਮ ਪ੍ਰਕਾਸ਼ ਦੇ ਕਤਲ ਮਗਰੋਂ 16 ਮਾਰਚ ਨੂੰ ਉਸ ਦੀ ਲਾਸ਼ ਲਿਜਾਂਦੇ ਹਿੰਦੂਆਂ ਨੇ ਸਿੱਖਾਂ ਤੇ ਹਮਲੇ ਕੀਤੇ; ਸਨ ਇਹ ਹਮਲੇ 17 ਮਾਰਚ ਨੂੰ ਫਿਰ ਕੀਤੇ ਗਏ। ਮਾਈ ਹੀਰਾਂ ਗੇਟ, ਐਸ.ਐਸ.ਪੀ. ਦੇ ਦਫ਼ਤਰ ਦੇ ਬਾਹਰ ਅਤੇ ਸ਼ਿਵ ਬਾੜੀ ਮੁਹੱਲੇ 'ਚ ਸਿੱਖਾਂ ਉੱਤੇ ਹਮਲੇ ਹੋਏ। ਫਗਵਾੜਾ ਗੇਟ 'ਚ

'ਕਾਲਜੀਏਟ ਚੇਨ ਰਿਪੇਅਰ' ਵਾਲਾ ਗੁਰਦੇਵ ਸਿੰਘ ਕੁੱਟ ਕੇ ਜ਼ਖਮੀ ਕਰ ਦਿਤਾ ਗਿਆ (ਇਹ ਦਿਲਚਸਪ ਗੱਲ ਹੈ ਕਿ ਇਹ ਗੁਰਦੇਵ ਸਿੰਘ ਸੁਰਜੀਤ ਬਰਨਾਲੇ ਦਾ ਵੱਡਾ ਚਾਪਲੂਸ ਸੀ)।

1986: ਬਟਾਲਾ ਵਿਚ ਦਹਿਸ਼ਤਗਰਦ ਹਿੰਦੂਆਂ ਦੀ ਭੀੜ ਵੱਲੋਂ ਗੁੰਡਾਗਰਦੀ - ਸਿੱਖਾਂ ਅਤੇ ਸਿੱਖ ਅਦਾਰਿਆਂ 'ਤੇ ਹਮਲੇ

15 ਮਾਰਚ 1986 ਦੇ ਦਿਨ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ ਦੇ ਗੁਰਦੁਆਰਾ ਸਤਿਕਰਤਾਰੀਆ ਉੱਤੇ ਬੰਬ ਸੁਟੇ ਸਨ। 17 ਮਾਰਚ ਨੂੰ ਹਿੰਦੂਆਂ ਨੇ ਸਿੱਖਾਂ ਉਤੇ ਫੇਰ ਫ਼ਾਇਰਿੰਗ ਕੀਤੀ। ਇਸ ਨਾਲ ਈਸ਼ਵਰਜਨ ਪਾਲ ਸਿੰਘ ਅਤੇ ਛਿੰਦੇ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਹਰਮਿੰਦਰ ਸਿੰਘ, ਗੁਰਦੀਪ ਸਿੰਘ, ਅਮਰੀਕ ਸਿੰਘ, ਕਿਰਪਾਲ ਸਿੰਘ, ਲਖਵਿੰਦਰ ਸਿੰਘ, ਹਰਭਜਨ ਸਿੰਘ, ਬਲਦੇਵ ਸਿੰਘ, ਗੁਰਦੀਪ ਸਿੰਘ ਵਗ਼ੈਰਾ ਜ਼ਖਮੀ ਹੋਏ। ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਸਿੱਖਾਂ ਦੀ ਸੁਣਵਾਈ ਤਕ ਕਰਨ ਤੋਂ ਨਾਂਹ ਕਰ ਦਿਤੀ।

1987: ਲੱਖਾ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਮਾਰਚ 1987 ਦੇ ਦਿਨ ਪੁਲੀਸ ਨੇ ਲੱਖਾ ਸਿੰਘ (ਪੁੱਤਰ ਵਿਰਸਾ ਸਿੰਘ, ਵਾਸੀ ਅਲਗੋ ਕੋਠੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਅਵਤਾਰ ਸਿੰਘ ਕੰਗਰੋੜ ਨਕਲੀ ਮੁਕਾਬਲੇ ਵਿਚ ਸ਼ਹੀਦ

17 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਭਾਈ ਅਵਤਾਰ ਸਿੰਘ ਉਰਫ਼ ਬੀਲ੍ਹਾ ਉਰਫ਼ ਇੰਦੀ (ਵਾਸੀ ਕੰਗਰੋੜ, ਜਲੰਧਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਗੁਰਮੀਤ ਸਿੰਘ ਤੇ ਰਣਧੀਰ ਸਿੰਘ ਧੀਰਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਮਾਰਚ 1993 ਦੇ ਦਿਨ ਪੁਲੀਸ ਨੇ ਗੁਰਮੀਤ ਸਿੰਘ (ਪੁੱਤਰ ਜਗਰੂਪ ਸਿੰਘ, ਵਾਸੀ ਬਰਨਾਲਾ) ਤੇ ਰਣਧੀਰ ਸਿੰਘ ਧੀਰਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1999: ਬਾਦਲ ਨੇ ਗੁਰਚਰਨ ਸਿੰਘ ਟੌਹੜਾ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਲਿਆ ਕੇ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹਿਆ ਤੇ ਜਗੀਰ ਕੌਰ ਨੂੰ ਪ੍ਰਧਾਨ ਬਣਾਇਆ

1998-99 ਵਿਚ ਬਰਜਿੰਦਰ ਸਿੰਘ ਹਮਦਰਦ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਕੈਪਟਨ ਕੰਵਲਜੀਤ, ਰਣਜੀਤ ਸਿੰਘ ਬ੍ਰਹਮਪੁਰਾ, ਮਨਜੀਤ ਸਿੰਘ (ਕੇਸਗੜ੍ਹ ਸਾਹਿਬ), ਕੇਵਲ ਸਿੰਘ (ਦਮਦਮਾ ਸਾਹਿਬ) ਇਕ ਗਰੁੱਪ ਵਜੋਂ ਵਿਚਰ ਰਹੇ ਸਨ। ਇਹ ਸਾਰੇ ਟੌਹੜਾ ਦੇ ਖ਼ਿਲਾਫ਼ ਜਹਾਦ ਛੇੜਨ ਵਾਸਤੇ ਮੌਕਾ ਢੂੰਢ ਰਹੇ ਸਨ। ਅਖ਼ੀਰ, ਟੌਹੜਾ ਦੇ ਇਕ ਮਾਮੂਲੀ ਜਿਹੇ ਬਿਆਨ 'ਤੇ ਇਨ੍ਹਾਂ ਨੇ ਇਹ ਜਹਾਦ ਸ਼ੁਰੂ ਕਰ ਦਿੱਤਾ। ਟੌਹੜਾ ਨੇ ਸਿਰਫ਼ ਇਹ ਕਿਹਾ ਸੀ ਕਿ ਮੈਂ ਚਾਹੁੰਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਕੇ ਸਰਕਾਰੀ ਪ੍ਰਬੰਧਾਂ ਵਿਚ ਪੂਰਾ ਵਕਤ ਦੇਣ। ਟੌਹੜਾ ਦੇ ਇਸ ਬਿਆਨ ਵਿਚ ਨਾ ਤਾਂ ਬਾਦਲ ਦੀ ਨੁਕਤਾਚੀਨੀ ਸੀ ਤੇ ਨਾ ਹੀ ਕੋਈ ਗੱਲ ਪਾਰਟੀ ਦੇ ਮੁਫ਼ਾਦ ਦੇ ਖ਼ਿਲਾਫ਼ ਆਖੀ ਹੋਈ ਸੀ। ਇਹ ਤਾਂ ਇਕ ਤਰ੍ਹਾਂ ਨਾਲ ਪਾਰਟੀ ਦੇ ਭਲੇ ਦੀ ਅਰਦਾਸ ਵਰਗੀ ਸੋਚ ਸੀ। ਪਰ, ਟੌਹੜਾ ਦੇ ਮੁਖ਼ਾਲਿਫ਼ਾਂ, ਖ਼ਾਸ ਕਰ ਕੇ ਬਰਜਿੰਦਰ ਹਮਦਰਦ, ਭੂੰਦੜ, ਕੈਪਟਨ ਕੰਵਲਜੀਤ, ਢੀਂਡਸਾ ਤੇ ਜਾਗੀਰ ਕੌਰ ਨੇ, ਪਾਰਟੀ ਦਾ ਭਲਾ ਸੋਚਣ ਦੀ ਗੱਲ ਛਿੱਕੇ 'ਤੇ ਟੰਗ ਕੇ ਟੌਹੜਾ ਦੇ ਬਿਆਨ ਨੂੰ

ਪਾਰਟੀ ਦੇ ਖ਼ਿਲਾਫ਼ ਬਗ਼ਾਵਤ, ਗੁਨਾਹ ਤੇ ਗ਼ਦਾਰੀ ਆਖ ਕੇ 'ਫ਼ਤਵਾ' ਜਾਰੀ ਕਰ ਦਿੱਤਾ। ਪਰ ਅਚਾਨਕ 26 ਦਸੰਬਰ 1998 ਨੂੰ ਫ਼ਤਹਿਗੜ੍ਹ ਸਾਹਿਬ ਵਿਚ ਹੋਈ ਅਕਾਲੀ ਕਾਨਫ਼ਰੰਸ ਵਿਚ ਟੌਹੜਾ ਤੇ ਬਾਦਲ ਇੱਕੋ ਸਟੇਜ ਤੋਂ ਬੋਲੇ। ਟੌਹੜਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ "ਮੈਂ ਅਕਾਲੀ ਦਲ ਦੋਫਾੜ ਹੋਣ ਨਹੀਂ ਦਿਆਂਗਾ। ਜੇ ਬਾਦਲ ਜੀ ਆਖਣ ਤਾਂ ਮੈਂ ਹੁਣੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਵਾਸਤੇ ਤਿਆਰ ਹਾਂ।" ਟੌਹੜਾ ਨੇ ਇੱਥੋਂ ਤਕ ਆਖਿਆ ਕਿ 'ਜੇ ਮੇਰੇ ਆਖੇ ਲਫ਼ਜ਼ਾਂ ਨਾਲ ਕਿਸੇ ਨੂੰ ਕੋਈ ਤਕਲੀਫ਼ ਹੋਈ ਹੈ ਤਾਂ ਮੈਂ ਮੁਆਫ਼ੀ ਮੰਗਦਾ ਹਾਂ।' ਜਦੋਂ ਭਾਈ ਰਣਜੀਤ ਸਿੰਘ ਨੇ ਇਹ ਵੇਖਿਆ ਕਿ ਟੌਹੜਾ ਵਲੋਂ ਸ਼ਰੇਆਮ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਅਤੇ ਫ਼ਤਹਿਗੜ੍ਹ ਕਾਨਫ਼ਰੰਸ ਵਿਚ ਏਕਤਾ ਦੀਆਂ ਗੱਲਾਂ ਕਰਨ ਦੇ ਬਾਵਜੂਦ ਬਾਦਲ ਧੜਾ ਧਿੰਙੋਜ਼ੋਰੀ ਕਰਨ 'ਤੇ ਤੁਲਿਆ ਹੋਇਆ ਹੈ ਤਾਂ ਉਸ ਨੇ 31 ਦਸੰਬਰ 1998 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕਰ ਕੇ 15 ਅਪ੍ਰੈਲ ਤਕ ਟੌਹੜਾ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ। ਹੁਣ ਬਾਦਲ ਵਲੋਂ ਟੌਹੜਾ ਨੂੰ ਹਟਾਏ ਜਾਣ ਦੇ ਰਸਤੇ ਵਿਚ ਸਿਰਫ਼ ਇੱਕੋ ਰੁਕਾਵਟ ਸੀ: ਉਹ ਸੀ ਰਣਜੀਤ ਸਿੰਘ ਦਾ 'ਹੁਕਮਨਾਮਾ', ਜਿਸ ਮੁਤਾਬਿਕ ਟੌਹੜਾ ਨੂੰ 15 ਅਪ੍ਰੈਲ ਤਕ ਹਟਾਇਆ ਨਹੀਂ ਸੀ ਜਾ ਸਕਦਾ। ਇਸ 'ਤੇ ਬਾਦਲ ਧੜੇ ਨੇ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਅਹੁਦੇ ਤੋਂ 'ਮੁਅੱਤਲ' ਕਰ ਦਿੱਤਾ ਤੇ ਪੂਰਨ ਸਿੰਘ ਨੂੰ ਲੈ ਆਂਦਾ; ਉਸ ਨੇ ਟੌਹੜਾ ਨੂੰ ਹਟਾਉਣ ਦਾ ਰਾਹ ਪਧਰਾ ਕਰ ਦਿੱਤਾ।16 ਮਾਰਚ ਨੂੰ ਟੌਹੜਾ ਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਸ਼੍ਰੋਮਣੀ ਕਮੇਟੀ ਨੂੰ ਅਲਵਿਦਾ ਆਖਣ ਦਾ ਵੇਲਾ ਆ ਗਿਆ ਹੈ। ਸੋ, ਉਸ ਨੇ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਅਗਲੇ ਦਿਨ 17 ਮਾਰਚ 1999 ਦੇ ਦਿਨ ਸ਼੍ਰੋਮਣੀ ਕਮੇਟੀ ਦਾ ਇਜਲਾਸ ਹੋਇਆ। ਇਸ ਵਿਚ ਟੌਹੜਾ ਨੂੰ ਹਟਾ ਕੇ ਜਾਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਟੌਹੜਾ ਤੇ ਮਾਨ ਧੜੇ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ।

18 ਮਾਰਚ

1631: ਗੁਰੂ ਹਰਿਗੋਬਿੰਦ ਸਾਹਿਬ ਡਰੌਲੀ ਭਾਈ ਗਏ

18 ਮਾਰਚ 1631 ਦੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਮਾਲਵੇ ਦੇ ਦੌਰੇ 'ਤੇ ਗਏ; ਸਭ ਤੋਂ ਪਹਿਲਾਂ ਆਪ ਡਰੌਲੀ ਭਾਈ (ਨੇੜੇ ਮੋਗਾ) ਗਏ ਤੇ ਪ੍ਰਵਾਰ ਨੂੰ ਆਪਣੇ ਸਾਂਢੂ ਭਾਈ ਸਾਂਈਂ ਦਾਸ ਕੋਲ ਛੱਡਿਆ; ਇੱਥੋਂ ਆਪ ਪ੍ਰਚਾਰ ਵਾਸਤੇ ਵੱਖ-ਵੱਖ ਪਿੰਡਾਂ ਵਿਚ ਜਾਂਦੇ ਰਹੇ। ਇੱਥੇ ਹੀ 13 ਜੁਲਾਈ 1631 ਦੇ ਦਿਨ (ਆਪ ਦੀ ਪਹਿਲੀ ਪਤਨੀ) ਮਾਤਾ ਦਮੋਦਰੀ ਦੀ ਮੌਤ ਹੋ ਗਈ। ਅਕਾਲ ਪੁਰਖ ਦਾ ਭਾਣਾ ਕਿ ਕੁਝ ਹੀ ਹਫ਼ਤਿਆਂ ਵਿਚ ਹੀ ਇਸੇ ਹੀ ਥਾਂ ਆਪ ਦੀ ਸੱਸ, ਸਹੁਰਾ, ਸਾਲੀ ਤੇ ਸਾਂਢੂ ਵੀ ਚੜ੍ਹਾਈ ਕਰ ਗਏ।

1664: ਗੁਰੂ ਹਰਿਕ੍ਰਿਸ਼ਨ ਵਾਸਤੇ ਔਰੰਗਜ਼ੇਬ ਦੇ ਸੰਮਨ ਲੈ ਕੇ ਦੀਵਾਨ ਪਰਸ ਰਾਮ ਕੀਰਤਪੁਰ ਪੁੱਜਾ

ਰਾਮ ਰਾਇ ਦੀ ਮਦਦ ਕਰਨ ਦੀ ਪਲਾਨ ਹੇਠ ਔਰੰਗਜ਼ੇਬ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਦਿੱਲੀ ਲਿਆਉਣ ਵਾਸਤੇ ਰਾਜਾ ਜੈ ਸਿੰਘ ਮਿਰਜ਼ਾ ਦੇ ਦੀਵਾਨ ਪਰਸ ਰਾਮ ਦੀ ਡਿਊਟੀ ਲਾਈ। ਪਰਸ ਰਾਮ ਪਹਿਲਾਂ ਵੀ ਕੀਰਤਪੁਰ ਜਾ ਚੁਕਾ ਸੀ। ਉਹ 18 ਮਾਰਚ 1664 ਦੇ ਦਿਨ ਕੀਰਤਪੁਰ ਪੁੱਜਾ ਅਤੇ ਔਰੰਗਜ਼ੇਬ ਦਾ ਸੁਨੇਹਾ ਦਿਤਾ। ਸੁਨੇਹਾ ਮਿਲਦਿਆਂ ਹੀ ਗੁਰੂ ਸਾਹਿਬ ਨੇ ਦਿੱਲੀ ਜਾਣ 'ਤੇ ਦੀ ਤਿਆਰੀ ਸ਼ੁਰੂ ਕਰ ਦਿਤੀ। ਅਗਲੇ ਦਿਨ ਗੁਰੂ ਜੀ ਪਰਸ ਰਾਮ ਦੇ ਲਿਆਂਦੇ ਰਥ 'ਤੇ ਸਵਾਰ ਹੋ ਕੇ ਦਿੱਲੀ ਵਲ ਨੂੰ ਚਲ ਪਏ। ਗੁਰੂ ਜੀ ਦੇ ਨਾਲ ਦਾਦੀ

ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਭਾਈ ਦਰੀਆ ਪਰਮਾਰ, ਭਾਈ ਮਨੀ ਰਾਮ (ਮਗਰੋਂ ਸਿੰਘ) ਤੇ ਕਈ ਹੋਰ ਸਿੱਖ ਵੀ ਦਿੱਲੀ ਨੂੰ ਚਲ ਪਏ।

1767: ਪਟਿਆਲਾ ਰਾਜਾ ਅਮਰ ਸਿੰਘ ਨੇ ਆਪਣੇ ਆਪ ਨੂੰ ਅਮਰ ਸਿੰਘ 'ਬਮਜ਼ਈ' ਲਿਖਣਾ ਸ਼ੁਰੂ ਕਰ ਦਿਤਾ

ਆਪਣੇ 8ਵੇਂ ਹਮਲੇ ਦੌਰਾਨ ਅਹਿਮਦ ਸ਼ਾਹ ਦਿੱਲੀ ਨੂੰ ਜਾ ਰਿਹਾ ਸੀ; ਪਰ ਦਿੱਲੀ ਦੇ ਪ੍ਰਾਈਮ ਮਨਿਸਟਰ ਨਜੀਬੁਦੌਲਾ ਦੇ ਅਰਜ਼ ਕਰਨ 'ਤੇ ਉਸ ਨੇ ਦੌਲਤ ਲੈ ਕੇ ਅੰਬਾਲਾ ਤੋਂ ਹੀ 17 ਮਾਰਚ ਨੂੰ ਵਾਪਸੀ ਸ਼ੁਰੂ ਕਰ ਦਿੱਤੀ। 18 ਮਾਰਚ 1767 ਦੇ ਦਿਨ ਉਹ ਅੰਬਾਲਾ ਵਿਚ ਸੀ ਜਿੱਥੇ ਪਟਿਆਲੇ ਦੇ ਰਾਜਾ ਅਮਰ ਸਿੰਘ ਉਸ ਕੋਲ ਪੇਸ਼ ਹੋਇਆ। ਅਮਰ ਸਿੰਘ ਤੋਂ ਉਸ ਨੇ 9 ਲਖ ਰੁਪੈ ਤਾਵਾਨ ਦੀ ਮੰਗ ਕੀਤੀ। ਇਸ ਮੌਕੇ 'ਤੇ ਅਹਿਮਦ ਸ਼ਾਹ ਨੇ ਆਪਣੇ ਪੁਤਰ ਜ਼ਾਬਤਾ ਖ਼ਾਨ ਨੂੰ ਦਾ ਸੂਬੇਦਾਰ ਬਣਾਉਣ ਦਾ ਫੈਸਲਾ ਕੀਤਾ। ਇਸੇ ਖਿਆਲ ਨਾਲ ਉਸ ਨੇ ਰਾਜਾ ਅਮਰ ਸਿੰਘ ਨੂੰ ਕੈਦ ਕਰ ਲਿਆ। ਜਦ ਉਸ ਦੀ ਦਾਦੀ ਮਾਈ ਫੱਤੋ (ਪਤਨੀ ਮਹਾਰਾਜਾ ਆਲਾ ਸਿੰਘ) ਨੂੰ ਇਹ ਪਤਾ ਲਗਾ ਤਾਂ ਉਸ ਨੇ ਦਿੱਲੀ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਤਕ ਪਹੁੰਚ ਕੀਤੀ ਤੇ ਉਸ ਨੂੰ ਕੀਮਤੀ ਤੋਹਫ਼ੇ ਦੇ ਕੇ ਅਮਰ ਸਿੰਘ ਦੀ ਰਿਹਾਈ ਵਾਸਤੇ ਮਨਾ ਲਿਆ। ਵਜ਼ੀਰ ਨੇ ਅਹਿਮਦ ਸ਼ਾਹ ਨੂੰ ਸਮਝਾਇਆ ਕਿ ਕੋਈ ਅਫ਼ਗਾਨ ਸੂਬੇਦਾਰ ਉਸ ਇਲਾਕੇ ਵਿਚ ਅਮਨ ਨਹੀਂ ਰਖ ਸਕਦਾ। ਅਫ਼ਗਾਨ ਸੂਬੇਦਾਰ ਨੂੰ ਸਿੱਖ ਯਕੀਨਨ ਮਾਰ ਦੇਣਗੇ। ਸਿਰਫ਼ ਅਮਰ ਸਿੰਘ ਹੀ ਇੱਥੋਂ ਦੀ ਸੂਬੇਦਾਰੀ ਕਰ ਸਕੇਗਾ; ਤੇ ਨਾਲੇ ਉਹ ਸਾਡਾ ਵਫ਼ਾਦਾਰ ਵੀ ਹੈ। ਅਖ਼ੀਰ ਅਹਿਮਦ ਸ਼ਾਹ ਨੂੰ ਸਮਝ ਆ ਗਈ ਤੇ ਉਸ ਨੇ ਅਮਰ ਸਿੰਘ ਨੂੰ ਦੀ ਸੂਬੇਦਾਰੀ ਸੌਂਪ ਕੇ **'ਰਾਜਾ-ਇ-ਰਾਜਗਾਂ'** ਦਾ ਖ਼ਿਤਾਬ ਵੀ ਦੇ ਦਿਤਾ । ਇਸ 'ਤੇ ਪਟਿਆਲੇ ਰਾਜੇ ਨੇ ਆਪਣੇ ਆਪ ਨੂੰ "ਅਮਰ ਸਿੰਘ ਬਮਜ਼ਈ" ਲਿਖਣਾ ਸ਼ੁਰੂ ਕਰ ਦਿਤਾ। (ਕਿਉਂਕਿ ਅਮਰ ਸਿੰਘ ਨੂੰ ਰਿਹਾ ਕਰਵਾਉਣ ਵਾਲਾ ਵਜ਼ੀਰ, ਸ਼ਾਹ ਵਲੀ ਖ਼ਾਨ, ਖ਼ੁਦ 'ਬਮਜ਼ਈ ਕਬੀਲੇ' ਵਿਚੋਂ ਸੀ)।

1887: ਪੁਜਾਰੀਆਂ ਨੇ ਪ੍ਰੋ ਗੁਰਮੁਖ ਸਿੰਘ ਨੂੰ ਪੰਥ ਚੋਂ ਛੇਕਣ ਦਾ ਡਰਾਮਾ ਕੀਤਾ

ਸਿੰਘ ਸਭਾ ਲਹਿਰ ਦੌਰਾਨ ਖੇਮ ਸਿੰਘ ਬੇਦੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਦੇਲੇ ਲਾ ਕੇ ਬੈਠਣ ਲਗ ਪਿਆ ਸੀ; ਉਸ ਨੇ ਧਾਰਮਿਕ ਸੁਧਾਰਾਂ ਦਾ ਵੀ, ਪਹਿਲੋਂ ਹੌਲੀ-ਹੌਲੀ ਤੇ ਮਗਰੋਂ ਸ਼ਰੇ-ਆਮ, ਵਿਰੋਧ ਕਰਨਾ ਸ਼ੁਰੂ ਕਰ ਦਿਤਾ। ਉਸ ਨੇ ਤਾਂ ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿਤ ਸਿੰਘ ਵਲੋਂ ਛੂਤ-ਛਾਤ, ਸਿੱਖੀ ਵਿਚ ਆ ਵੜੀਆਂ ਹਿੰਦੂ ਰੀਤੀਆਂ, ਸਿੱਖ-ਘਰਾਂ ਵਿਚ ਠਾਕਰਾਂ ਦੀ ਪੂਜਾ ਦੇ ਵਿਰੋਧ, ਦਾ ਵੀ ਵਿਰੋਧ ਸ਼ੁਰੂ ਕਰ ਦਿਤਾ ਅਤੇ ਕਈ ਪੁਜਾਰੀ ਵੀ ਆਪਣੇ ਨਾਲ ਰਲਾ ਲਏ। ਕਈ ਨਿਰਮਲੇ ਤੇ ਉਦਾਸੀ ਸਾਧ, ਜੋ ਮਨੋਂ ਹਿੰਦੂ ਸਨ, ਵੀ ਉਸ ਦੇ ਹਿਮਾਇਤੀ ਬਣਨੇ ਹੀ ਸਨ।ਫ਼ਰੀਦਕੋਟ ਰਿਆਸਤ ਦੇ ਰਾਜੇ ਬਿਕਰਮਾ ਸਿੰਘ ਨੂੰ ਵੀ ਖੇਮ ਸਿੰਘ ਬੇਦੀ ਵਾਂਗ ਦੀਵਾਨ ਵਿਚ ਸਪੈਸ਼ਲ ਗੱਦੇ ਅਤੇ ਗਲੀਚੇ ਬੈਠਣ ਵਾਸਤੇ ਮਿਲਦੇ ਸੀ; ਉਹ ਵੀ ਇਸ ਕਰ ਕੇ ਖੇਮ ਸਿੰਘ ਦਾ ਹਿਮਾਇਤੀ ਸੀ। ਇਕ ਵਾਰ ਪ੍ਰੋ. ਗੁਰਮੁਖ ਸਿੰਘ ਨੇ ਇਨ੍ਹਾਂ ਦੇ ਗਦੇਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚੋਂ ਚੁਕ ਕੇ ਬਾਹਰ ਸੁਟ ਦਿੱਤੇ ਸਨ। ਇਸ ਕਰ ਕੇ ਉਹ ਉਸ 'ਤੇ ਵੱਡਾ ਵਾਰ ਕਰਨ ਦੀ ਸਕੀਮ ਬਣਾ ਰਹੇ ਸਨ। ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਦੂਜੇ ਮੁਲਾਜ਼ਮ ਉਨ੍ਹਾਂ ਦੇ ਟਾਊਟ ਸਨ।ਹੁਣ ਖੇਮ ਸਿੰਘ ਬੇਦੀ ਤੇ ਪੁਜਾਰੀ ਥਾਂ-ਥਾਂ ਜਾ ਕੇ ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਪਰਚਾਰ ਵੀ ਕਰਨ ਲਗ ਪਏ। ਇਨ੍ਹਾਂ ਨੇ ਅੰਮ੍ਰਿਤਸਰ ਖ਼ਾਲਸਾ ਦੀਵਾਨ, ਰਾਵਲਪਿੰਡੀ ਸਿੰਘ ਸਭਾ ਅਤੇ ਫ਼ਰੀਦਕੋਟ ਰਾਜੇ ਬਿਕਰਮਾ ਸਿੰਘ ਦੇ ਹੋਰ ਹਿਮਾਇਤੀਆਂ ਨੂੰ ਵੀ ਨਾਲ ਰਲਾ ਲਿਆ। ਇਨ੍ਹਾਂ ਨੇ ਪ੍ਰੋ. ਗੁਰਮੁਖ ਸਿੰਘ ਤੇ ਕਈ "ਦੋਸ਼"

ਲਾਏ ਜੋ ਬ੍ਰਾਹਮਣੀ ਕਿਸਮ ਦੇ ਸਨ ਤੇ ਇਹ ਦੋਸ਼ ਲਾ ਕੇ ਇਸ ਧੜੇ ਨੇ ਰਾਵਲਪਿੰਡੀ, ਕਪੂਰਥਲਾ, ਜਲੰਧਰ, ਫ਼ਿਲੌਰ, ਸ਼ਾਹਕੋਟ, ਖਮਾਣੋਂ, ਘੜੂੰਆਂ, ਖਰੜ, ਬੂੜੀਆ, ਨਾਰੰਗਵਾਲ, ਜੰਡਿਆਲਾ, ਨਵਾਂਸ਼ਹਿਰ, ਕੀਰਤਪੁਰ, ਗੁਜਰਾਂਵਾਲਾ, ਸਿਆਲਕੋਟ, ਅਨੰਦਪੁਰ, ਪਟਨਾ, ਤਲਵੰਡੀ ਸਾਬੋ ਅਤੇ 18 ਮਾਰਚ 1887 ਦੇ ਦਿਨ ਅਕਾਲ ਤਖ਼ਤ ਦੇ ਪੁਜਾਰੀਆਂ ਤੋਂ ਵੀ ਗੁਰਮੁਖ ਸਿੰਘ ਨੂੰ "ਪੰਥ 'ਚੋਂ ਖਾਰਜ" ਕਰਨ ਵਾਲਾ ਅਖੌਤੀ-**ਹੁਕਮ**(ਨਾਮਾ) ਜਾਰੀ ਕਰਵਾਇਆ। ਨਫ਼ਰਤ ਤੇ ਈਰਖਾ ਵਾਲਾ, ਅਖੌਤੀ **ਹੁਕਮ**(ਨਾਮਾ) ਇਹ ਸੀ:

ਹਮ ਜੁਮਲੇ ਸਿੰਘਾਨ ਪੁਜਾਰੀਅਨ ਤਖ਼ਤ ਸਾਹਿਬ ਅਕਾਲ ਬੁੰਗਾ ਵ ਦਰਬਾਰ ਸਾਹਿਬ ਜੀ ਵ ਬਾਬਾ ਅਟਲ ਰਾਇ ਜੀ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ ਨੇ ਮੁਲਾਹਜ਼ੇ ਕਾਰਵਾਈ ਗੁਰਮੁਖ ਸਿੰਘ ਸਕੱਤ੍ਰ ਕਾ ਕੀਆ। ਮਾਲੂਮ ਹੂਆ ਹੈ ਕਿ ਇਸ ਸ਼ਖ਼ਸ ਨੇ ਚੰਦ ਜਗਾ ਬਰਖ਼ਿਲਾਫ਼ ਗੁਰਇਸ਼ਟ ਕੇ ਤੌਹੀਨ ਗੁਰੂ ਗ੍ਰੰਥ ਸਾਹਿਬ ਵ ਗੁਰੂ ਅੰਸ ਵ ਗੁਰਬਾਨੀ ਕੇ ਤਹਿਰੀਰ ਵ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਕਦਾਦ ਸਿੱਖ ਧਰਮ ਸੇ ਬਿਲਕੁਲ ਬਰਖ਼ਿਲਾਫ਼ ਹੈ। ਇਸ ਵਾਸਤੇ ਹਮ ਤਮਾਮ ਪੁਜਾਰੀਅਨ ਵ ਗ੍ਰੰਥੀਅਨ ਵ ਨੰਬਰਦਾਰ ਗੁਰਦੁਆਰੇ ਹਾਇ ਮਦਦੂਹ ਤਜਿਜੀਰ ਕਰਤੇ ਹੈਂ ਕਿ ਗੁਰਮੁਖ ਸਿੰਘ ਮਜ਼ਕੂਰ ਪੰਥ ਖ਼ਾਲਸਾ ਸੇ ਅਲਹਿਦਾ ਕੀਆ ਗਿਆ ਹੈ। ਗੁਰਦੁਆਰੇ ਹਾਇ ਮੌਸੂਫ਼ ਉਸ ਕੀ ਅਰਦਾਸ ਨਾ ਹੋਗੀ ਵ ਬਰਤਾਉ ਨ ਹੋਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ। ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ ਵੁਹ ਭੀ ਬੇਮੁਖ ਲਾਇਕ ਤਨਖ਼ਾਹ ਸਮਝਾ ਜਾਏਗਾ। ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਵੇਗਾ। ਫ਼ਕਾਤ ਵ ਤਾਰੀਖ਼ ਸਤਵੀਂ ਮਾਹ ਚੇਤ 418 ਗੁਰੂ ਨਾਨਕਸ਼ਾਹੀ, ਮੁਤਾਬਿਕ 18 ਮਾਰਚ ਸੰਨ 1887.

1982: ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਚੜ੍ਹਾਈ ਕਰ ਗਏ

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ 18 ਮਾਰਚ 1982 ਨੂੰ ਚੜ੍ਹਾਈ ਕਰ ਗਏ।

1990: ਸਵਿੰਦਰ ਸਿੰਘ ਧਿਆਨਪੁਰ, ਨਿਰਮਲ ਸਿੰਘ ਸਮਾਲਸਰ, ਗੁਰਬਖ਼ਸ਼ ਸਿੰਘ ਝੋਕ ਮੋਹੜ੍ਹੇ ਨਕਲੀ ਮੁਕਾਬਲੇ ਵਿਚ ਸ਼ਹੀਦ

18 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ (ਵਾਸੀ ਧਿਆਨਪੁਰ, ਅੰਮ੍ਰਿਤਸਰ), ਨਿਰਮਲ ਸਿੰਘ (ਵਾਸੀ ਸਮਾਲਸਰ, ਫਰੀਦਕੋਟ), ਗੁਰਬਖ਼ਸ਼ ਸਿੰਘ ਜ਼ੈਲਦਾਰ (ਵਾਸੀ ਝੋਕ ਮੋਹੜ੍ਹੇ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਚੈਨ ਸਿੰਘ ਮਾਨ ਖੇੜਾ ਤੇ ਮਾਨ ਸਿੰਘ ਦੇਹਰ, ਜਸਬੀਰ ਸਿੰਘ ਮਦਰੇ, ਬਲਜਿੰਦਰ ਸਿੰਘ ਸੋਢੀਵਾਲਾ, ਹਰਦੇਵ ਸਿੰਘ ਪੰਜਗਰਾਈਂ, ਗੁਰਮੁੱਖ ਸਿੰਘ ਤਰਨ ਤਾਰਨ, ਗੁਰਦੇਵ ਸਿੰਘ ਬੱਗੂ ਤੇ ਜਗਦੀਪ ਸਿੰਘ ਜੱਸਾ ਪੰਜ ਗਰਾਈਆਂ, ਸਤਨਾਮ ਸਿੰਘ ਸੱਤਾ ਸੋਹੀਆਂ, ਉਪਕਾਰ ਸਿੰਘ ਖੋਡੇ ਬੇਟ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

18 ਮਾਰਚ 1991 ਦੇ ਦਿਨ ਪੁਲੀਸ ਨੇ ਸੁਖਚੈਨ ਸਿੰਘ (ਪੁੱਤਰ ਸੰਤੋਖ ਸਿੰਘ, ਵਾਸੀ ਪਿੰਡ ਮਾਨ ਖੇੜਾ, ਜ਼ਿਲ੍ਹਾ ਗੁਰਦਾਸਪੁਰ) ਤੇ ਮਾਨ ਸਿੰਘ (ਪੁੱਤਰ ਸਰਵਨ ਸਿੰਘ, ਵਾਸੀ ਦੇਹਰ, ਨੇੜੇ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ), ਜਸਬੀਰ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੇ ਮਦਰੇ, ਜ਼ਿਲ੍ਹਾ ਗੁਰਦਾਸਪੁਰ), ਬਲਜਿੰਦਰ ਸਿੰਘ (ਪੁੱਤਰ ਗੁਰਮੇਜ ਸਿੰਘ, ਵਾਸੀ ਸੋਢੀਵਾਲਾ, ਜ਼ਿਲ੍ਹਾ ਫ਼ੀਰੋਜ਼ਪੁਰ) ਤੇ ਹਰਦੇਵ ਸਿੰਘ ਦੇਬਾ ਉਰਫ਼ ਬਲਵਾਨ (ਪੁੱਤਰ ਸੁਲੱਖਣ ਸਿੰਘ, ਵਾਸੀ ਪੰਜ

ਗਰਾਈਂ, ਜ਼ਿਲ੍ਹਾ ਗੁਰਦਾਸਪੁਰ), ਗੁਰਮੁੱਖ ਸਿੰਘ (ਵਾਸੀ ਤਰਨ ਤਾਰਨ), ਗੁਰਦੇਵ ਸਿੰਘ ਬੱਗੂ ਤੇ ਜਗਦੀਪ ਸਿੰਘ ਜੱਸਾ (ਵਾਸੀ ਪੰਜ ਗਰਾਈਆਂ), ਸਤਨਾਮ ਸਿੰਘ ਸੱਤਾ (ਵਾਸੀ ਸੋਹੀਆਂ), ਉਪਕਾਰ ਸਿੰਘ ਉਰਫ਼ ਬੱਘਾ (ਵਾਸੀ ਖੋਡੇ ਬੇਟ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕਸ਼ਮੀਰ ਸਿੰਘ ਤੇ ਦਰਸ਼ਨ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

18 ਮਾਰਚ 1993 ਦੇ ਦਿਨ ਪੁਲੀਸ ਨੇ ਕਸ਼ਮੀਰ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਪਿੰਡ ਕੁਨਾਲੀ, ਨੇੜੇ ਬਹਿਰਾਮਪੁਰ, ਜ਼ਿਲ੍ਹਾ ਗੁਰਦਾਸਪੁਰ) ਤੇ ਦਰਸ਼ਨ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਬਰਨਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਪਿਆਰਾ ਭਨਿਆਰਾ ਕਤਲ ਸਾਜ਼ਸ ਰਚਨ ਦੇ ਨਾਂ 'ਤੇ ਸਿੱਖ ਗ੍ਰਿਫ਼ਤਾਰ

18 ਮਾਰਚ 2014 ਦੇ ਦਿਨ ਬਾਦਲ ਸਰਕਾਰ ਨੇ, ਪਿਆਰਾ ਭਨਿਆਰਾ ਕਤਲ ਦੀ ਸਾਜ਼ਸ ਰਚਨ ਦੇ ਨਾਂ 'ਤੇ ਗੁਰਦੀਪ ਸਿੰਘ (ਪੁਤਰ ਬਾਬੂ ਸਿੰਘ, ਵਾਸੀ ਆਲਮਪੁਰ, ਜ਼ਿਲ੍ਹਾ ਫ਼ਤਹਿਗੜ੍ਹ), ਅਮਰਜੀਤ ਸਿੰਘ (ਪੁੱਤਰ ਗੁਰਨਾਕ ਸਿੰਘ, ਵਾਸੀ ਮਿਰਜ਼ਾਪੁਰ ਘਨੌਰ), ਜਸਬੀਰ ਸਿੰਘ (ਪੁੱਤਰ ਸ਼ਿਵਦੇਵ ਸਿੰਘ, ਵਾਸੀ ਹੇਲ੍ਹਕਾਂ), ਸਮਰਦੀਪ ਸਿੰਘ ਸੰਮੀ (ਪੁੱਤਰ ਸਵਰਨ ਸਿੰਘ, ਵਾਸੀ ਗੀਗੇ ਮਾਜਰਾ, ਜ਼ਿਲ੍ਹਾ ਮੋਹਾਲੀ), ਸੁਚਾ ਸਿੰਘ (ਪੁਤਰ ਹਰਬੰਸ ਸਿੰਘ, ਵਾਸੀ ਖੁਡਾ ਅਲੀਸ਼ੇਰ), ਹਰਜਿੰਦਰ ਸਿੰਘ (ਪੁੱਤਰ ਅਮਰਜੀਤ ਸਿੰਘ, ਵਾਸੀ ਸੈਕਟਰ 45 ਬੀ ਬੁੜੈਲ, ਚੰਡੀਗੜ੍ਹ) ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਤੋਂ 1 ਰਾਈਫ਼ਲ, 2 ਪਿਸਤੌਲ 315 ਬੋਰ, 4 ਕਾਰਤੂਸ, ਇਸ ਪਿਸਤੌਲ 32 ਬੋਰ ਬਰਾਮਦ ਕਰਨ ਦਾ ਡਰਾਮਾ ਕੀਤਾ ਗਿਆ ਤੇ ਉਨ੍ਹਾਂ 'ਤੇ ਦਫ਼ਾ 390 ਅਤੇ 402 ਦਾ ਕੇਸ ਪਾਇਆ।

19 ਮਾਰਚ

1691: ਨਦੌਣ ਦੀ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹਿੱਸਾ ਲਿਆ

ਮਾਰਚ 1691 ਵਿਚ ਲਾਹੌਰ ਦੇ ਗਵਰਨਰ ਵੱਲੋਂ ਅਲਫ਼ ਖ਼ਾਨ ਦੀ ਅਗਵਾਈ 'ਚ ਭੇਜੀ ਫ਼ੌਜ ਨੇ ਪਹਾੜੀ ਰਾਜਿਆਂ 'ਤੇ ਹਮਲਾ ਕਰ ਦਿੱਤਾ। ਲਾਹੌਰ ਦੀਆਂ ਫ਼ੌਜਾਂ ਕਾਂਗੜੇ ਵਾਲੇ ਪਾਸੇ ਵੱਲ ਵਧ ਰਹੀਆਂ ਸਨ। ਇਸ ਮੌਕੇ 'ਤੇ ਪਹਾੜੀ ਰਾਜਿਆਂ ਨੇ ਰਾਜਾ ਭੀਮ ਚੰਦ ਰਾਹੀਂ ਗੁਰੂ ਸਾਹਿਬ ਨੂੰ ਖ਼ਤ ਭੇਜਿਆ ਤੇ ਮੁਗ਼ਲਾਂ ਦੇ ਹਮਲੇ ਦੇ ਖ਼ਿਲਾਫ਼ ਮਦਦ ਮੰਗੀ ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ, ਧਰਮ ਚੰਦ (ਸਿੰਘ) ਛਿਬਰ, ਭਾਈ ਮਨੀ ਰਾਮ (ਸਿੰਘ), ਭਾਈ ਆਲਮ ਚੰਦ (ਸਿੰਘ) 'ਨੱਚਣਾ' ਅਤੇ ਹੋਰ ਜਰਨੈਲਾਂ ਦੀ ਅਗਵਾਈ ਵਿਚ ਫ਼ੌਜ ਨੂੰ ਨਦੌਣ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਅਨੰਦਗੜ੍ਹ ਤੋਂ ਚਲ ਕੇ ਸਿੱਖ ਫ਼ੌਜਾਂ ਦਾ ਜੱਥਾ ਨਦੌਣ ਜਾ ਪੁੱਜਾ। 19 ਮਾਰਚ 1691 ਦੇ ਦਿਨ ਬੜੀ ਜ਼ਬਰਦਸਤ ਲੜਾਈ ਹੋਈ। ਸਿੱਖ ਜਰਨੈਲ ਅਲਫ਼ ਖ਼ਾਨ ਦੀ ਫ਼ੌਜ ਦੇ ਸਭ ਤੋਂ ਤਾਕਤਵਰ ਜੱਥੇ ਦੇ ਖ਼ਿਲਾਫ਼ ਡੱਟ ਕੇ ਲੜੇ। ਦੋਹਾਂ ਪਾਸਿਆਂ ਤੋਂ ਬਹਾਦਰਾਂ ਨੇ ਖ਼ੂਬ ਜੌਹਰ ਦਿਖਾਏ। ਧਰਮ ਚੰਦ, ਮਨੀ ਰਾਮ (ਮਨੀ ਸਿੰਘ), ਮੂਲ ਚੰਦ ਕੰਬੋਜ, ਸੋਹਨ ਚੰਦ ਪਰਮਾਰ (ਭਰਾ ਮਨੀ ਸਿੰਘ) ਵਰਗੇ ਸਿੱਖ ਜਰਨੈਲਾਂ ਦੇ ਤੀਰਾਂ ਦੀ ਵਾਛੜ ਨੇ ਅਲਫ਼ ਖ਼ਾਨ ਦੀ ਫ਼ੌਜ ਦੇ ਹੌਸਲੇ ਢਾਹ ਦਿੱਤੇ। ਸੂਰਜ ਛੁਪ ਜਾਣ ਮਗਰੋਂ ਅਲਫ਼ ਖ਼ਾਨ ਦੀ ਫ਼ੌਜ ਪਿੱਛੇ ਵੱਲ ਭੱਜਣੀ ਸ਼ੁਰੂ ਹੋ ਗਈ। ਨਦੌਣ ਦੀ ਲੜਾਈ ਵਿਚ ਭਾਈ ਸੋਹਨ ਚੰਦ, ਭਾਈ ਮੂਲ ਚੰਦ (ਪੁੱਤਰ ਭਾਈ ਰਘੁਪਤਿ ਰਾਇ ਨਿੱਝਰ) ਅਤੇ ਹੋਰ ਸਿੱਖ ਸ਼ਹੀਦ ਹੋਏ।

1707: ਗੁਰੂ ਗੋਬਿੰਦ ਸਿੰਘ ਜੀ ਕੁਲਾਇਤ ਪੁੱਜੇ

30 ਅਕਤੂਬਰ 1706 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵਲ ਚਲ ਪਏ। ਗੁਰੂ ਜੀ ਸਿਰਸਾ, ਨੌਹਰ, ਭਾਦਰਾ, ਸੁਹੇਵਾ, ਪੁਸ਼ਕਰ (ਅਜਮੇਰ), ਨਰੈਣਾ ਹੁੰਦੇ ਹੋਏ ਬਘੌਰ ਪੁੱਜੇ। ਇੱਥੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੁਰੂ ਜੀ ਨੂੰ ਆ ਮਿਲੇ ਅਤੇ ਦਸਿਆ ਕਿ ਉਨ੍ਹਾਂ ਨੇ ਔਰੰਗਜ਼ੇਬ ਨੂੰ ਉਨ੍ਹਾਂ ਦਾ ਖ਼ਤ ਪਹੁੰਚਾ ਦਿੱਤਾ ਸੀ। ਉਨ੍ਹਾਂ ਗੁਰੂ ਸਾਹਿਬ ਨੂੰ ਇਹ ਵੀ ਦੱਸਿਆ ਕਿ ਔਰੰਗਜ਼ੇਬ ਨੇ ਉਹ ਚਿੱਠੀ ਪੜ੍ਹ ਕੇ ਤੁਹਾਡੇ (ਗੁਰੂ ਜੀ) ਨਾਲ ਮੁਲਾਕਾਤ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ ਸੀ ਅਤੇ ਆਪਣੇ ਦੋ ਅਹਿਦੀਏ (ਸੀਨੀਅਰ ਅਫ਼ਸਰ) ਤੇ ਗੁਰਜਬਰਦਾਰ ਦਿੱਲੀ ਨੂੰ ਭੇਜੇ ਸਨ ਤਾਂ ਜੋ ਮੁਗ਼ਲ ਸੂਬੇਦਾਰ ਤੁਹਾਡੇ ਔਰੰਗਾਬਾਦ ਪੁੱਜਣ ਦਾ ਇੰਤਜ਼ਾਮ ਕਰ ਦੇਵੇ। ਗੁਰੂ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਕਿਹਾ ਕਿ ਹੁਣ ਔਰੰਗਜ਼ੇਬ ਨਾਲ ਸ਼ਾਇਦ ਮੇਰਾ ਮੇਲ ਨਹੀਂ ਹੋ ਸਕਣਾ। ਉਸ ਦੇ ਸਾਹ ਹੁਣ ਪੂਰੇ ਹੋਣ ਵਾਲੇ ਹਨ। ਇਸ ਦੇ ਬਾਵਜੂਦ ਗੁਰੂ ਸਾਹਿਬ ਅੱਗੇ ਵੱਲ ਚਲ ਪਏ। ਜਦ ਗੁਰੂ ਜੀ ਕੁਲਾਇਤ ਪੁੱਜੇ ਤਾਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ। ਇਹ ਗੱਲ 19 ਮਾਰਚ 1707 ਦੀ ਹੈ। ਇਸ ਮਗਰੋਂ ਗੁਰੂ ਸਾਹਿਬ ਦਿੱਲੀ ਆ ਗਏ।

1923: ਬਬਰਾਂ ਨੇ ਸੀ.ਆਈ.ਡੀ. ਦਾ ਸਿਪਾਹੀ ਮਿਸਤਰੀ ਲਾਭ ਸਿੰਘ ਮਾਰਿਆ

19 ਮਾਰਚ 1923 ਦੇ ਦਿਨ ਡੰਸੀਵਾਲ ਪਿੰਡ ਵਿਚ ਬਬਰਾਂ ਨੇ ਧੰਨਾ ਸਿੰਘ ਬਹਿਬਲਪੁਰ ਦੀ ਅਗਵਾਈ ਵਿਚ ਸੀ.ਆਈ.ਡੀ. ਦਾ ਸਿਪਾਹੀ ਮਿਸਤਰੀ ਲਾਭ ਸਿੰਘ ਬਬਰਾਂ ਖ਼ਿਲਾਫ਼ ਖ਼ਬਰਾਂ ਦੇਣ ਕਾਰਨ ਮਾਰਿਆ।

1980: ਦੁਰਗ (ਮਧ ਪ੍ਰਦੇਸ਼) ਵਿਚ ਨਿਰੰਕਾਰੀ ਗੁਰਬਚਨ ਨੂੰ ਟਰੱਕ ਹੇਠਾਂ ਦੇਣ ਦੀ ਨਾਕਾਮ ਕੋਸ਼ਿਸ਼, ਸੁਚਾ ਸਿੰਘ ਸਣੇ ਚਾਰ ਸਿੱਖ ਗ੍ਰਿਫ਼ਤਾਰ

13 ਅਪ੍ਰੈਲ 1978 ਦੇ ਦਿਨ 13 ਸਿੱਖਾਂ ਨੂੰ ਸ਼ਹੀਦ ਕਰਨ ਦੇ ਦੋਸ਼ ਵਿਚ ਨਿਰੰਕਾਰੀ ਗੁਰਬਚਨ ਨਿਰੰਕਾਰੀ 'ਤੇ ਚਲਾਏ ਮੁਕੱਦਮੇ ਵਿਚ ਜਜ ਗੁਪਤਾ ਨੇ 4 ਜਨਵਰੀ 1980 ਦੇ ਦਿਨ ਬਰੀ ਕਰ ਦਿੱਤਾ। ਇਹ ਦੋਸ਼ ਲਾਇਆ ਗਿਆ ਕਿ ਉਸ ਨੇ ਮੋਟੀ ਰਕਮ ਰਿਸ਼ਵਤ ਵਜੋਂ ਲਈ ਸੀ। ਭਾਵੇਂ ਜੱਜ ਗੁਪਤਾ ਨੇ ਨਿਰੰਕਾਰੀ ਨੂੰ ਬਰੀ ਕਰ ਦਿੱਤਾ ਸੀ ਪਰ ਕੁਝ ਸਿੱਖਾਂ ਨੇ ਉਸ ਨੂੰ ਸਜ਼ਾ ਦੇਣ ਦੀ ਤਿਆਰੀ ਕਰ ਲਈ। ਇਸ ਪਾਸੇ ਵੱਲ ਪਹਿਲੀ ਕੋਸ਼ਿਸ਼ 19 ਮਾਰਚ 1980 ਨੂੰ ਹੋਈ ਜਦੋਂ ਦੁਰਗ (ਮੱਧ ਪ੍ਰਦੇਸ਼) ਕੋਲ ਉਸ ਉੱਤੇ ਹਮਲਾ ਕੀਤਾ ਗਿਆ। ਪਰ ਇਸ ਹਮਲੇ ਵਿਚ ਉਹ ਬਚ ਗਿਆ ਤੇ ਉਸ ਦੀ ਇਕ ਰਿਸ਼ਤੇਦਾਰ ਔਰਤ ਮਰ ਗਈ। ਇਸ ਕੇਸ ਵਿਚ ਸੁਚਾ ਸਿੰਘ ਤੇ ਸੰਤੋਖ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ (ਪਰ, ਮਗਰੋਂ, 28 ਦਸੰਬਰ 1982 ਨੂੰ ਹੋਏ ਅਦਾਲਤੀ ਫ਼ੈਸਲੇ ਵਿਚ ਸੁੱਚਾ ਸਿੰਘ ਅਤੇ 14 ਹੋਰ ਬਰੀ ਹੋ ਗਏ)।

1981: ਦਲ ਖਾਲਸਾ ਵਲੋਂ ਹੋਲਾ ਮਹੱਲਾ ਸਮੇਂ ਖਾਲਿਸਤਾਨ ਮਾਰਚ ਕੀਤਾ ਗਿਆ

19 ਮਾਰਚ 1981 ਦੇ ਦਿਨ ਦਲ ਖਾਲਸਾ ਵਲੋਂ ਹੋਲਾ ਮਹੱਲਾ ਸਮੇਂ ਅਨੰਦਪੁਰ ਵਿਚ ਖਾਲਿਸਤਾਨ ਮਾਰਚ ਕੀਤਾ ਗਿਆ ਤੇ ਖਾਲਿਸਤਾਨ ਦਾ ਝੰਡਾ ਝੁਲਾਇਆ ਗਿਆ।

1984: ਭਾਰਤ ਸਰਕਾਰ ਵੱਲੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਕਰਾਰ ਦਿਤਾ ਗਿਆ

ਧਰਮ ਯੁੱਧ ਮੋਰਚੇ ਵਿਚ ਸਿੱਖ ਨੌਜਵਾਨਾਂ ਦੇ ਰੋਲ ਤੋਂ ਘਬਰਾ ਕੇ ਸਰਕਾਰ ਨੇ 19 ਮਾਰਚ 1984 ਨੂੰ ਸਿੱਖ ਸਟੂਡੈਂਟ ਫ਼ੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਕਰਾਰ ਦੇ ਦਿੱਤਾ ਅਤੇ ਨਾਲ ਹੀ ਅਗਲੇ ਦਿਨ ਹਰਚੰਦ ਸਿੰਘ ਲੌਂਗੋਵਾਲ ਦੇ ਖ਼ਿਲਾਫ਼ ਵੀ ਬਗ਼ਾਵਤ ਦਾ ਮੁਕੱਦਮਾ ਦਰਜ ਕਰ ਲਿਆ।

1986: ਬਟਾਲਾ ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਗੁੰਡਾਗਰਦੀ ਕਰਨ ਦੇ ਜਵਾਬ ਵਜੋਂ ਪਿੰਡਾਂ ਤੋਂ ਆਏ ਸਿੱਖਾਂ ਵਲੋਂ ਸ਼ਹਿਰ ਦਾ ਘੇਰਾਓ

15 ਮਾਰਚ 1986 ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ ਦੇ ਗੁਰਦੁਆਰਾ ਸਤਿਕਰਤਾਰੀਆ ਉੱਤੇ ਬੰਬ ਸੁਟੇ।17 ਮਾਰਚ ਨੂੰ ਹਿੰਦੂਆਂ ਨੇ ਸਿੱਖਾਂ ਉਤੇ ਫੇਰ ਫ਼ਾਇਰਿੰਗ ਕੀਤੀ।ਜਦ ਅਖੌਤੀ 'ਅਕਾਲੀ' ਸਰਕਾਰ ਨੇ ਦਹਿਸ਼ਤਗਰਦ ਹਿੰਦੂਆਂ ਤੋਂ ਸਿੱਖਾਂ 'ਤੇ ਜ਼ੁਲਮ ਕਰਵਾਉਣੇ ਤੇ ਆਪ ਕਰਨੇ ਬੰਦ ਨਾ ਕੀਤੇ ਤਾਂ **ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦੇ 'ਤੇ 19 ਮਾਰਚ ਨੂੰ ਬਟਾਲੇ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਸਿੱਖਾਂ ਨੇ ਆ ਕੇ ਕਸਬੇ ਨੂੰ ਘੇਰ ਲਿਆ। ਕਸਬੇ ਵਿਚ ਪੱਠੇ, ਦੁਧ, ਸਬਜ਼ੀਆਂ, ਅਨਾਜ ਆਉਣ ਤੋਂ ਰੋਕ ਦਿਤਾ ਗਿਆ। ਇਹ ਘੇਰਾ ਕਈ ਦਿਨ ਜਾਰੀ ਰਿਹਾ।**

1987: ਨਿਸ਼ਾਨ ਸਿੰਘ ਮਾਕੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

19 ਮਾਰਚ 1987 ਦੇ ਦਿਨ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ (ਵਾਸੀ ਮਾਕੋਵਾਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਸੁਦਾਮਾ ਸਿੰਘ ਤੇ ਕੁਲਵੰਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਮਾਰਚ 1988 ਦੇ ਦਿਨ ਪੁਲੀਸ ਨੇ ਸੁਦਾਮਾ ਸਿੰਘ (ਪੁੱਤਰ ਸਾਹਿਬ ਸਿੰਘ, ਵਾਸੀ ਪਿੰਡ ਢੇਰੀ, ਜ਼ਿਲ੍ਹਾ ਲੁਧਿਆਣਾ) ਤੇ ਕੁਲਵੰਤ ਸਿੰਘ ਉਰਫ਼ ਸੇਵਾ ਸਿੰਘ (ਵਾਸੀ ਪੀਰੂ ਸ਼ਾਹ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜਸਬੀਰ ਸਿੰਘ ਤੇ ਅਮਨਦੀਪ ਸਿੰਘ ਵਾਸੀ ਚੌੜਾ ਮਧਰਾ, ਜਸਬੀਰ ਸਿੰਘ ਵਾਸੀ ਗਜਿਆਣਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਮਾਰਚ 1991 ਦੇ ਦਿਨ ਪੁਲੀਸ ਨੇ ਜਸਬੀਰ ਸਿੰਘ ਵਿਦਿਆਰਥੀ ਬੀ.ਏ. ਤੇ ਅਮਨਦੀਪ ਸਿੰਘ, ਬੀ. ਐਸ.ਸੀ (ਦੋਵੇਂ ਵਾਸੀ ਚੋੜਾ ਮਧਰਾ), ਜਸਬੀਰ ਸਿੰਘ ਉਰਫ਼ ਪੱਪੂ (ਪੁੱਤਰ ਸੁਰਿੰਦਰ ਸਿੰਘ ਨਿਹੰਗ, ਵਾਸੀ ਗਜਿਆਣਾ, ਫਰੀਦਕੋਟ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਨਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਮਾਰਚ 1991 ਦੇ ਦਿਨ ਪੁਲੀਸ ਨੇ ਮਨਜੀਤ ਸਿੰਘ (ਪੁੱਤਰ ਬਲਬੀਰ ਸਿੰਘ, ਵਾਸੀ ਪਿੰਡ ਅਲਾਵਲਪੁਰ, ਨੇੜੇ ਭਾਂਬਲੀ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਜੇਨ ਸਿੰਘ ਤੇ ਪਰਮਜੀਤ ਸਿੰਘ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕੀਤੇ

19 ਮਾਰਚ 1992 ਦੇ ਦਿਨ ਪੁਲਸ ਨੇ ਹਰਜੇਨ ਸਿੰਘ ਪੁੱਤਰ ਗਿਆਨ ਸਿੰਘ ਹੇਲਰਾਂ, ਪਰਮਜੀਤ ਸਿੰਘ ਖੇੜਾ ਅਤੇ ਇਕ 15-16 ਸਾਲ ਦੇ ਬੱਚੇ ਨੂੰ ਸੰਨੜਾਂ ਰਾਜਪੂਤਾਂ (ਫਗਵਾੜਾ) ਲਾਗੇ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਇਨ੍ਹਾਂ ਦੋਹਾਂ ਸਿੰਘਾਂ ਨੂੰ 15 ਮਾਰਚ ਦੇ ਦਿਨ ਢਾਹਾਂ ਕਲੇਰਾਂ ਬਸ ਵਿਚੋਂ ਲਾਹ ਕੇ ਗ੍ਰਿਫ਼ਤਾਰ ਕੀਤਾ ਸੀ।

1993: ਰਛਪਾਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

19 ਮਾਰਚ 1993 ਦੇ ਦਿਨ ਪੁਲੀਸ ਨੇ ਰਛਪਾਲ ਸਿੰਘ (ਪੁੱਤਰ ਹਰੀ ਸਿੰਘ, ਵਾਸੀ ਫ਼ਰੀਦਕੋਟ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਨੇ ਕੂਕੇ ਦਾ ਸੁਆਗਤ ਕੀਤਾ

19 ਮਾਰਚ 2014 ਦੇ ਦਿਨ ਕੂਕਾ ਮੁਖੀ ਦਲੀਪ ਸਿੰਘ ਪੁਜਾਰੀ ਗੁਰਬਚਨ ਸਿੰਘ ਨੂੰ ਮਿਲਿਆਂ ਤੇ ਉਸ ਦਾ ਸਨਮਾਨ ਕੀਤਾ। ਇਸ ਦਿਨ ਕੂਕਾ ਸੌ ਦੇ ਕਰੀਬ ਕੂਕਿਆਂ ਦਾ ਟੋਲਾ ਲੈ ਕੇ ਦਰਬਾਰ ਸਾਹਿਬ ਆਇਆ ਅਤੇ ਸੰਗਤਾਂ ਦੇ ਦਰਸ਼ਨ ਵਿਚ ਰੋੜਾ ਬਣਿਆ।

20 ਮਾਰਚ

1956: ਸ਼੍ਰੋਮਣੀ ਅਕਾਲੀ ਦਲ ਦਾ ਐਮ.ਪੀ. ਹੁਕਮ ਸਿੰਘ ਭਾਰਤੀ ਲੋਕ ਸਭਾ ਦਾ ਡਿਪਟੀ ਸਪੀਕਰ ਬਣਿਆ

ਫ਼ਰਵਰੀ 1956 ਵਿਚ ਕਾਂਗਰਸ ਨੇ ਆਪਣਾ ਸਾਲਾਨਾ ਇਜਲਾਸ ਅੰਮ੍ਰਿਤਸਰ ਵਿਚ ਰੱਖਿਆ। ਅਕਾਲੀ ਦਲ ਨੇ ਵੀ ਆਪਣੀ ਦਸਵੀਂ ਸਾਲਾਨਾ ਕਾਨਫ਼ਰੰਸ ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਵਿਚ ਬੁਲਾ ਲਈ। ਉਧਰ ਜਨਸੰਘ ਨੇ ਵੀ ਮਹਾਂ ਪੰਜਾਬ ਦੇ ਹੱਕ ਵਿਚ ਕਾਨਫ਼ਰੰਸ ਵੀ ਉਨ੍ਹਾਂ ਹੀ ਤਾਰੀਖ਼ਾਂ ਤੇ ਹੀ ਰੱਖ ਲਈ। 11 ਫ਼ਰਵਰੀ 1956 ਦੇ ਦਿਨ ਅਕਾਲੀ ਕਾਨਫ਼ਰੰਸ ਦਾ ਜਲੂਸ ਨਿਕਲਿਆ। ਅਕਾਲੀ ਦਲ ਨੇ 3 ਲੱਖ ਲੋਕਾਂ ਦੀ ਸ਼ਮੂਲੀਅਤ ਦੀ ਉਮੀਦ ਕੀਤੀ ਸੀ ਪਰ ਇਸ ਜਲੂਸ ਵਿਚ ਪੰਜ ਲੱਖ ਤੋਂ ਵਧ ਸਿੱਖ ਸ਼ਾਮਿਲ ਹੋਏ (ਅਤੇ ਅਗਲੇ ਦਿਨ ਦੀ ਕਨਵੈਨਸ਼ਨ ਵਿਚ ਅਠ ਤੋਂ ਦੱਸ ਲੱਖ ਤਕ ਸਿੱਖ ਸ਼ਾਮਿਲ ਹੋਏ)। ਇਸ 6 ਮੀਲ ਲੰਬੇ ਜਲੂਸ ਦੀ ਖ਼ਾਸ ਗੱਲ ਇਹ ਸੀ ਕਿ ਜਦੋਂ ਇਸ ਜਲੂਸ ਦਾ ਪਹਿਲਾ ਸਿਰਾ ਆਪਣੀ ਮੰਜ਼ਿਲ 'ਤੇ ਪਹੁੰਚ ਚੁੱਕਾ ਸੀ ਤਾਂ ਵੀ ਜਲੂਸ ਦਾ ਆਖ਼ਰੀ ਸਿਰਾ ਅਜੇ ਚੱਲਣ ਵਾਲੀ ਥਾਂ 'ਤੇ ਹੀ ਸੀ ਯਾਨਿ ਛੇ ਮੀਲ ਤਕ ਸਿੱਖ ਹੀ ਸਿੱਖ ਫੈਲੇ ਹੋਏ ਸਨ। ਦੂਜੇ ਪਾਸੇ ਮਹਾਂ ਪੰਜਾਬ ਦੇ ਮਹਾਸ਼ਿਆਂ ਦੇ ਜਲੂਸ ਵਿਚ ਸਿਰਫ਼ 70,000 ਹਿੰਦੂ ਸ਼ਾਮਿਲ ਹੋਏ। ਇਸ ਵਿਚ ਕਾਂਗਰਸੀ ਐਮ.ਐਲ.ਏ. ਖੇਮ ਸਿੰਘ ਤੁੰਗ, ਅਤੇ ਭਾੜੇ 'ਤੇ ਲਿਆਂਦੇ ਹੋਏ, ਜੀਵਨ ਸਿੰਘ ਮਜ਼ਹਬੀ ਦੱਲ ਦੇ 2000 ਮਜ਼ਹਬੀ ਸਿੱਖ ਵੀ ਸ਼ਾਮਿਲ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਜਲਸੇ ਵਿਚ ਦੱਸ ਲੱਖ ਸਿੰਘਾਂ ਦੇ ਮੁਕਾਬਲੇ ਵਿਚ ਜਨਸੰਘੀਆਂ ਦੇ ਅਤੇ ਕਾਂਗਰਸੀ ਇਕੱਠ ਬੜੇ ਫਿੱਕੇ-ਫਿੱਕੇ ਜਾਪਦੇ ਸਨ। ਇਸ ਕਾਨਫ਼ਰੰਸ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ: (1) ਸਿੱਖ ਭਾਰਤ ਵਿਚ ਦੁਖੀ ਹਨ (2) ਸਿੱਖ ਪੰਜਾਬੀ ਸੂਬੇ ਲਈ ਇਕ ਹਨ (3) ਸਿੱਖਾਂ ਦੇ ਨੁਮਾਇੰਦੇ ਅਕਾਲੀ ਹੀ ਹਨ ਅਤੇ (4) ਮਾਸਟਰ ਤਾਰਾ ਸਿੰਘ ਹੀ ਅਕਾਲੀ ਦਲ ਦਾ ਇਕੋ-ਇੱਕ ਆਗੂ ਹੈ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੀ ਕਾਇਮੀ ਦੀ ਮੰਗ ਕੀਤੀ। ਇਕ ਹੋਰ ਮਤੇ ਰਾਹੀਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਨਿੰਦਾ ਕੀਤੀ ਗਈ।

ਜਵਾਹਰ ਲਾਲ ਤੇ ਹੋਰ ਕਾਂਗਰਸੀ ਇਸ ਸਿੱਖ-ਅਕਾਲੀ ਤਾਕਤ ਨੂੰ ਵੇਖ ਕੇ ਘਬਰਾ ਗਏ। ਹੈ ਵੀ ਠੀਕ ਸੀ; ਕੁਲ 60 ਲੱਖ ਸਿੱਖਾਂ ਵਿਚੋਂ ਜੇ ਬੱਚੇ, ਬਜ਼ੁਰਗ ਤੇ ਔਰਤਾਂ ਕੱਢ ਦਿੱਤੀਆਂ ਜਾਣ ਤਾਂ ਬਾਕੀ 20 ਲੱਖ ਸਿੱਖ ਹੀ ਬਚਦੇ ਸਨ। ਇਸ ਵਿਚੋਂ ਦੱਸ ਲੱਖ ਸਿੱਖ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਹਾਜ਼ਰ ਸਨ। ਇਸ ਹਾਲਤ ਵਿਚ ਕਾਂਗਰਸ ਨੇ ਸਿੱਖਾਂ ਨੂੰ ਚੁਪ ਕਰਾਉਣ ਵਾਸਤੇ ਬਲਦੇਵ ਸਿੰਘ ਰਾਹੀਂ ਪੰਜਾਬ ਨੂੰ 'ਤਿਨ ਜ਼ੋਨ' ਵਿਚ ਵੰਡਣ ਦਾ ਫ਼ਾਰਮੂਲਾ ਪੇਸ਼ ਕੀਤਾ ਪਰ ਅਕਾਲੀ ਦਲ ਨੇ ਇਸ ਨੂੰ ਨਾ-ਮਨਜ਼ੂਰ ਕਰ ਦਿੱਤਾ। ਇਸ ਮਗਰੋਂ ਵੀ ਦਲ ਅਤੇ ਕਾਂਗਰਸ ਵਿਚ ਗੱਲਬਾਤ ਹੁੰਦੀ ਰਹੀ ਪਰ ਕੋਈ ਨਤੀਜਾ ਨਾ ਨਿਕਲਿਆ।

ਮਾਰਚ 1956 ਵਿਚ ਸਰਕਾਰ ਨੇ **'ਰਿਜਨਲ ਫ਼ਾਰਮੂਲਾ'** ਪੇਸ਼ ਕੀਤਾ। ਇਸ ਮੁਤਾਬਿਕ ਪੰਜਾਬ ਅਤੇ ਪੈਪਸੂ ਨੂੰ ਇਕ ਕਰਨ ਅਤੇ ਇਸ ਦੇ ਦੋ ਜ਼ੋਨ ਬਣਾਉਣ ਦਾ ਫ਼ੈਸਲਾ ਹੋਇਆ। ਹਿਮਾਚਲ ਵੱਖਰਾ ਹੋਣਾ ਸੀ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੋ ਹਿੱਸੇ ਹੋਣੇ ਸਨ। ਇਸ ਵਿਚ ਵੱਖ-ਵੱਖ ਦੋ ਰਿਜਨਲ ਕੌਂਸਲਾਂ ਹੋਈਆਂ ਸਨ। ਇਨ੍ਹਾਂ ਕੌਂਸਲਾਂ ਨੂੰ ਲਾਅ ਐਂਡ ਆਰਡਰ, ਟੈਕਸ, ਤੇ ਫ਼ਿਨਾਂਸ ਤੋਂ ਬਿਨਾਂ ਬਾਕੀ ਸਾਰੇ ਹੱਕ ਹੋਣੇ ਸਨ ਅਤੇ ਇਨ੍ਹਾਂ ਦੇ ਫ਼ੈਸਲੇ ਵਜ਼ਾਰਤ 'ਤੇ ਲਾਗੂ ਹੋਣੇ ਸਨ। ਆਪਸੀ ਝਗੜਾ ਹੋਣ ਦੀ ਸੂਰਤ ਵਿਚ ਗਵਰਨਰ ਦਾ ਫ਼ੈਸਲਾ ਆਖ਼ਰੀ ਹੋਣਾ ਸੀ। ਪੰਜਾਬੀ ਰਿਜਨ ਦੀ ਬੋਲੀ ਪੰਜਾਬੀ (ਗੁਰਮੁਖੀ ਲਿੱਪੀ ਵਿਚ) ਮੰਨੀ ਗਈ। ਪੈਪਸੂ ਵਿਚ ਵੀ ਪੰਜਾਬੀ ਜ਼ੋਨ ਵਿਚ ਪੰਜਾਬੀ ਫ਼ਾਰਮੂਲਾ ਅਤੇ ਹਿੰਦੀ ਜ਼ੋਨ 'ਤੇ ਸੱਚਰ ਫ਼ਾਰਮੂਲਾ ਲਾਗੂ ਹੋਣਾ ਮੰਨਿਆ ਗਿਆ।

ਇਸ ਫ਼ਾਰਮੂਲੇ ਵਿਚ ਕਈ ਗੱਲਾਂ ਸਨ ਜਿਹੜੀਆਂ ਸ਼ੱਕ ਵਾਲੀਆਂ ਸਨ; ਇਸ ਕਰ ਕੇ ਮਾਸਟਰ ਤਾਰਾ ਸਿੰਘ ਇਸ ਨੂੰ ਮੰਨਣ ਲਈ ਤਿਆਰ ਨਹੀਂ ਸਨ। ਕਰਤਾਰ ਸਿੰਘ ਦੀਵਾਨਾ ਤੇ ਭੁਪਿੰਦਰ ਸਿੰਘ ਮਾਨ ਨੇ ਵੀ ਇਸ ਦੀ ਹਿਮਾਇਤ ਨਾ ਕੀਤੀ। ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਗਿਆਨ ਸਿੰਘ ਰਾੜੇਵਾਲਾ ਇਸ ਫ਼ਾਰਮੂਲੇ ਨੂੰ ਸਭ ਤੋਂ ਪਹਿਲਾਂ **'ਮੰਨਣ ਵਾਲੇ'** ਸਨ। ਅਜੀਤ ਸਿੰਘ ਸਰਹੱਦੀ ਮੁਤਾਬਿਕ: *''ਇਹ ਫ਼ਾਰਮੂਲਾ ਸ਼ਾਇਦ ਹੁਕਮ ਸਿੰਘ ਦੇ ਦਿਮਾਗ ਦੀ ਕਾਢ ਸੀ। ਹੁਕਮ ਸਿੰਘ ਨੇ ਇਹ ਤਾਂ ਮੰਨਿਆ ਹੈ ਕਿ ਉਨ੍ਹਾਂ ਨੇ ਰਿਸਾਲੇ 'ਫ਼ਰੀ ਥਿੰਕਰ' ਦਾ ਲੇਖ ਪੰਡਤ ਪੰਤ ਨੂੰ ਭੇਜਿਆ ਸੀ। ਸਰੂਪ ਸਿੰਘ (ਬਾਅਦ 'ਚ ਅਕਾਲੀ ਐਮ.ਐਲ.ਏ.) ਨੇ ਤਾਂ ਇਹ ਵੀ ਕਿਹਾ ਇਹ ਲੇਖ ਹੁਕਮ ਸਿੰਘ ਨੇ ਆਪ ਲਿਖ ਕੇ ਆਪਣੇ ਨਾਮ ਤੋਂ ਬਿਨਾਂ ਛਪਵਾਇਆ ਸੀ। ਸਰੂਪ ਸਿੰਘ ਅਨੁਸਾਰ ਗਿਆਨ ਸਿੰਘ ਨੇ ਪੰਡਤ ਪੰਤ ਨੂੰ ਹੁਕਮ ਸਿੰਘ ਦਾ ਰਿਜਨਲ ਸਕੀਮ ਬਾਰੇ ਧੰਨਵਾਦ ਕਰਦਿਆਂ ਸੁਣਿਆ ਸੀ।''*

ਇਸ **ਫ਼ਾਰਮੂਲੇ** 'ਤੇ ਵਿਚਾਰ ਕਰਨ ਵਾਸਤੇ 8 ਮਾਰਚ ਨੂੰ ਹੁਕਮ ਸਿੰਘ ਦੀ ਕੋਠੀ 'ਤੇ ਸੀਨੀਅਰ ਅਕਾਲੀਆਂ ਦੀ ਮੀਟਿੰਗ ਹੋਈ। ਇਸ ਮਗਰੋਂ 11 ਮਾਰਚ 1956 ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਅੰਮ੍ਰਿਤਸਰ ਵਿਚ ਹੋਇਆ। ਇਸ ਵਿਚ 465 ਮੈਂਬਰ ਹਾਜ਼ਰ ਸਨ। ਇਸ ਵਿਚ ਗਿਆਨ ਸਿੰਘ ਰਾੜੇਵਾਲਾ ਨੇ ਰਿਜਨਲ ਫ਼ਾਰਮੂਲੇ ਦੀ ਪਲਾਨ ਪੇਸ਼ ਕੀਤੀ ਤੇ ਗਿਆਨੀ ਕਰਤਾਰ ਸਿੰਘ ਨੇ ਤਾਈਦ ਕੀਤੀ। ਇਸ ਤੋਂ ਬਿਨਾਂ ਸਤਬੀਰ ਸਿੰਘ, ਪ੍ਰੀਤਮ ਸਿੰਘ ਗੋਜਰਾਂ, ਅਜੀਤ ਸਿੰਘ ਸਰਹੱਦੀ, ਮਾਸਟਰ ਤਾਰਾ ਸਿੰਘ ਵੀ ਬੋਲੇ। ਗਿਆਨੀ ਕਰਤਾਰ ਸਿੰਘ ਨੇ ਆਪਣੇ ਬੰਦੇ ਤਿਆਰ ਕੀਤੇ ਹੋਏ ਸਨ ਜਿਹੜੇ ਫ਼ਾਰਮੂਲੇ ਖ਼ਿਲਾਫ਼ ਬੋਲਣ ਵਾਲੇ ਨੂੰ ਬਿਠਾਉਣ। ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ ਤੇ ਰਾੜੇਵਾਲਾ ਦੀ ਬਹੁਤ ਮੁਖ਼ਾਲਫ਼ਤ ਹੋਈ। ਜਾਪਦਾ ਸੀ ਕਿ ਨੌਜਵਾਨ ਇਸ ਫ਼ਾਰਮੂਲੇ ਨੂੰ ਮੰਨਣ ਲਈ ਤਿਆਰ ਨਹੀਂ ਸਨ। ਸਰੂਪ ਸਿੰਘ ਇਸ ਮੀਟਿੰਗ ਵਿਚ ਸ਼ਾਮਿਲ ਹੀ ਨਹੀਂ ਹੋਏ। ਸਤਬੀਰ ਸਿੰਘ ਉੱਤੇ ਹੂਟਿੰਗ ਹੋਈ। ਅਮਰ ਸਿੰਘ ਅੰਬਾਲਵੀ ਨੇ ਆਪਣਾ ਵਖਰਾ ਨੋਟ ਲਿਖਵਾਇਆ। ਪਰ, ਅਖ਼ੀਰ ਇਸ ਨੂੰ ਮਨਜ਼ੂਰੀ ਦੇਣਾ ਮੰਨ ਲਿਆ ਗਿਆ।ਪਰ ਅਕਾਲੀ ਲੀਡਰਸ਼ਿਪ ਦੀ ਮਜਬੂਰੀ ਸੀ ਕਿ ਜੇ ਇਹ ਨਾ ਮੰਨਿਆ ਜਾਂਦਾ

ਤਾਂ ਬਹੁਤ ਸਾਰੇ ਅਕਾਲੀ ਆਗੂ, (ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ, ਰਾੜੇਵਾਲਾ ਤੇ ਉਨ੍ਹਾਂ ਦੇ ਸਾਥੀ) ਕਾਂਗਰਸ ਵਿਚ ਜਾਣ ਲਈ ਕਾਹਲੇ ਸਨ।

ਜਦੋਂ ਅਕਾਲੀ ਦਲ ਨੇ ਰਿਜਨਲ ਫ਼ਾਰਮੂਲਾ ਮਨਜ਼ੂਰ ਕੀਤਾ ਤੇ ਕਾਂਗਰਸ ਨੇ ਇਸ ਉਪਰ ਪੱਕੀ ਹਾਂ ਦੀ ਮੋਹਰ ਲਾ ਦਿੱਤੀ ਤਾਂ ਪੰਜਾਬ ਵਿਚ 'ਮਹਾਂ ਪੰਜਾਬ' ਦੇ ਨਾਂ 'ਤੇ ਮੋਰਚਾ ਸ਼ੁਰੂ ਹੋ ਗਿਆ। ਅਪ੍ਰੈਲ ਤੋਂ ਜੂਨ 1956 ਤਕ ਅੰਮ੍ਰਿਤਸਰ, ਪਠਾਨਕੋਟ, ਬਟਾਲਾ, ਲੁਧਿਆਣਾ, ਜਲੰਧਰ ਅਤੇ ਹੋਰ ਕਈ ਸ਼ਹਿਰਾਂ ਵਿਚ ਜਨਸੰਘੀਆਂ ਤੇ ਮਹਾਂ ਪੰਜਾਬੀਆਂ ਨੇ ਜਲੂਸ ਕੱਢੇ, ਸਿੱਖਾਂ ਉੱਤੇ ਹਮਲੇ ਕੀਤੇ, ਪੰਜਾਬੀ ਸੂਬੇ ਵਿਰੁੱਧ ਗੰਦ ਉਛਾਲਿਆ ਅਤੇ ਪੁਲਿਸ ਨਾਲ ਲੜੇ। ਜੂਨ ਵਿਚ ਇਹ ਲਹਿਰ ਘਟਦੀ-ਘਟਦੀ ਆਪਣੇ-ਆਪ ਖ਼ਤਮ ਹੋ ਗਈ।

ਇਨ੍ਹਾਂ ਦਿਨਾਂ ਵਿਚ ਰਿਜਨਲ ਫ਼ਾਰਮੂਲੇ ਦਾ ਸਮਝੌਤਾ ਹੋਣ ਮਗਰੋਂ ਹੁਕਮ ਸਿੰਘ ਦੀਆਂ 'ਸੇਵਾਵਾਂ' ਦਾ ਈਨਾਮ ਦੇਣ ਵਾਸਤੇ ਲੋਕ ਸਭਾ ਦੇ 20 ਮਾਰਚ 1956 ਦੇ ਇਜਲਾਸ ਵਿਚ ਪੰਡਿਤ ਨਹਿਰੂ ਨੇ ਹੁਕਮ ਸਿੰਘ ਦਾ ਨਾਂ ਡਿਪਟੀ ਸਪੀਕਰ ਲਈ ਪੇਸ਼ ਕੀਤਾ ਅਤੇ ਕਿਹਾ ਕਿ "ਭਾਰਤ ਦੀ ਤਵਾਰੀਖ਼ ਵਿਚ ਪਹਿਲੀ ਵਾਰੀ (ਅਤੇ ਆਖ਼ਰੀ ਵਾਰ ਵੀ) ਇਹ ਅਹੁਦਾ ਕਿਸੇ ਅਪੋਜ਼ੀਸ਼ਨ ਦੇ ਆਗੂ ਨੂੰ ਦਿੱਤਾ ਜਾ ਰਿਹਾ ਹੈ।" ਦਰਅਸਲ ਹੁਕਮ ਸਿੰਘ ਨੂੰ ਰੀਜਨਲ ਫ਼ਾਰਮੂਲਾ ਸਕੀਮ ਘੜਨ ਕਰ ਕੇ ਇਹ ਈਨਾਮ ਦਿੱਤਾ ਗਿਆ ਸੀ। ਉਂਞ ਸਿਰਫ਼ ਚਾਰ ਸਾਲ ਪਹਿਲਾਂ ਹੁਕਮ ਸਿੰਘ ਇਸੇ ਨਹਿਰੂ ਨੂੰ ਆਪਣੇ ਪਰਚੇ ਵਿਚ "ਹਿੰਦੂ ਸ਼ਾਵਨਵਾਦ ਦਾ ਗੁਰੂ-ਘੰਟਾਲ, ਜ਼ਾਲਮ, ਗੋਇਬਲਜ਼ ਵਰਗਾ ਝੂਠਾ, ਧੋਖੇਬਾਜ਼, ਦਗ਼ਾ ਦੇਣ ਵਾਲਾ ਤੇ ਦੋਗਲਾ ਕਹਿ ਚੁਕਾ ਸੀ (ਸਪੋਕਸਮੈਨ ਵੀਕਲੀ, 16 ਜਨਵਰੀ 1952)।

1990: ਬਿਸੇਸਰ ਸਿੰਘ ਲੋਹਾਰੀ ਕਲਾ, ਸੰਤ ਸਿੰਘ ਗੀਗੇਮਾਜਰਾ ਤੇ ਭੁਪਿੰਦਰ ਸਿੰਘ ਪਾਲੀ ਮੋਹਾਲੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

20 ਮਾਰਚ 1990 ਦੇ ਦਿਨ ਪੁਲੀਸ ਨੇ ਬਿਸੇਸਰ ਸਿੰਘ ਬਬਰ (ਵਾਸੀ ਲੋਹਾਰੀ ਕਲਾ, ਪਟਿਆਲਾ), ਸੰਤ ਸਿੰਘ (ਵਾਸੀ ਗੀਗੇਮਾਜਰਾ) ਤੇ ਭੁਪਿੰਦਰ ਸਿੰਘ ਪਾਲੀ (ਵਾਸੀ ਮੋਹਾਲੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਬਸਰੌਹੀ, ਸੁਰਿੰਦਰ ਸਿੰਘ ਛਿੰਦਾ ਚੰਨ ਚੱਕ ਤੇ 18 ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

20 ਮਾਰਚ 1992 ਦੇ ਦਿਨ ਪੁਲੀਸ ਨੇ ਮਨਜੀਤ ਸਿੰਘ (ਵਾਸੀ ਬਸਰੌਹੀ, ਹੁਸ਼ਿਆਰਪੁਰ), ਸੁਰਿੰਦਰ ਸਿੰਘ ਛਿੰਦਾ (ਵਾਸੀ ਚੰਨ ਚੱਕ, ਅੰਮ੍ਰਿਤਸਰ) ਤੇ ਹੋਰ 18 ਸਿੱਖਾਂ ਨੂੰ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ।

1993: ਮੱਖਣ ਸਿੰਘ ਤੇ ਜੱਸਾ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

20 ਮਾਰਚ 1993 ਦੇ ਦਿਨ ਪੁਲੀਸ ਨੇ ਮੱਖਣ ਸਿੰਘ (ਪੁੱਤਰ ਕੇਹਰ ਸਿੰਘ, ਵਾਸੀ ਪਿੰਡ ਵੜਿੰਗ ਸੂਬਾ ਸਿੰਘ, ਜ਼ਿਲ੍ਹਾ ਅੰਮ੍ਰਿਤਸਰ) ਤੇ ਜੱਸਾ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਨਾਗੋਕੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2010: ਰੋਡੇ ਫ਼ੈਡਰੇਸ਼ਨ ਵੱਲੋਂ ਸਾਊਥਾਲ (ਇੰਗਲੈਂਡ) ਵਿਚ ਗੁਰਦੁਆਰਾ ਮੀਰੀ ਪੀਰੀ 'ਤੇ ਹਮਲਾ

20 ਮਾਰਚ 2010 ਦੇ ਦਿਨ ਰਾਗੀ ਦਰਸ਼ਨ ਸਿੰਘ ਨੇ ਇੰਗਲੈਂਡ ਦੇ ਸ਼ਹਿਰ ਸਾਊਥਾਲ ਵਿਚ, ਜਸਵੰਤ ਸਿੰਘ ਠੇਕਦਾਰ ਦੇ ਗੁਰਦੁਆਰੇ ਮੀਰੀ ਪੀਰੀ ਵਿਚ ਕੀਰਤਨ ਕਰਨਾ ਸੀ। ਇਸ ਨੂੰ ਰੋਕਣ ਵਾਸਤੇ (ਚੌਕ ਮਹਿਤਾ ਡੇਰੇ ਨਾਲ ਸਬੰਧਤ) ਸਿੱਖ ਯੂਥ (ਰੋਡੇ) ਫ਼ੈਡਰੇਸ਼ਨ, ਦਸਮਗ੍ਰੰਥੀ ਟੋਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗੁਰਦੁਆਰਾ ਮੀਰੀ ਪੀਰੀ 'ਤੇ ਹਮਲਾ ਕੀਤਾ ਗਿਆ। ਇਸ ਟੋਲੇ ਨੇ ਗੁਰਦੁਆਰੇ 'ਤੇ ਰੋੜੇ ਪੱਥਰ ਵੀ ਮਾਰੇ। ਪਰ, ਪੁਲੀਸ ਦੀ ਮੌਜੂਦਗੀ ਕਾਰਨ ਵੱਡੀ ਘਟਨਾ ਹੋਣ ਤੋਂ ਬਚਾਅ ਹੋ ਗਿਆ।

2014: ਮਸ਼ਹੂਰ ਲੇਖਕ ਖ਼ੁਸ਼ਵੰਤ ਸਿੰਘ ਦੀ ਮੌਤ ਹੋਈ

ਖ਼ੁਸ਼ਵੰਤ ਸਿੰਘ (2.2.1915- 20.3.2014), ਪੁੱਤਰ ਸੋਭਾ ਸਿੰਘ, ਪੋਤਾ ਸੁਜਾਨ ਸਿੰਘ, ਦਾ ਜਨਮ ਹਡਿਆਲੀ (ਜ਼ਿਲ੍ਹਾ ਖ਼ੁਸ਼ਾਬ, ਪਾਕਿਸਤਾਨ) ਵਿਚ ਹੋਇਆ ਸੀ। ਉਸ ਦੇ ਐਡੀਟਰ ਬਣਨ 'ਤੇ ਇਲਸਟਰੇਟਡ ਵੀਕਲੀ ਆਫ਼ ਇੰਡੀਆ 65 ਹਜ਼ਾਰ ਤੋਂ 4 ਲੱਖ ਛਪਣਾ ਸ਼ੁਰੂ ਹੋ ਗਿਆ ਸੀ; ਤੇ ਉਹ ਹਿੰਦੁਸਤਾਨ ਟਾਈਮਜ਼ ਦਾ ਐਡੀਟਰ ਵੀ ਰਿਹਾ ਸੀ। ਉਹ ਕਈ ਕਿਤਾਬਾਂ ਦਾ ਲੇਖਕ ਸੀ। ਉਹ 1980 ਤੋਂ 1986 ਤਕ ਰਾਜ ਸਭਾ ਦਾ ਮੈਂਬਰ ਵੀ ਰਿਹਾ ਸੀ। 1974 ਵਿਚ ਉਸ ਪਦਮ ਭੂਸ਼ਨ ਦਿੱਤਾ ਗਿਆ ਸੀ ਜੋ ਉਸ ਨੇ 1984 ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਮੋੜ ਦਿੱਤਾ। ਉਸ ਦੀ ਪਤਨੀ ਕੰਵਲ ਕੌਰ ਮਲਿਕ (ਪੁਤਰੀ ਭਾਰਤ ਦੇ ਪਹਿਲੇ ਚੀਫ਼ ਇੰਜਨੀਅਰ ਤੇਜਾ ਸਿੰਘ ਮਲਿਕ, ਜੋ ਹਰਦਿਤ ਸਿੰਘ ਮਲਿਕ ਦਾ ਛੋਟਾ ਭਰਾ ਸੀ, ਤੇ ਜਿਸ ਦੀ ਕੋਠੀ 'ਤੇ 1947 ਵਿਚ ਮਾਸਟਰ ਜੀ ਤੇ ਜਿਨਾਹ ਮਿਲੇ ਸਨ) ਨਾਲ ਹੋਈ ਸੀ। ਉਸ ਦੇ ਦੋ ਬੱਚੇ ਸਨ: ਪੁੱਤਰ ਰਾਹੁਲ ਸਿੰਘ ਤੇ ਧੀ ਮਾਲਾ ਕੌਰ। ਆਪਣੀ ਉਮਰ ਦੇ ਬਹੁਤੇ ਸਾਲ ਉਹ ਦਿੱਲੀ ਵਿਚ (ਆਪਣੇ ਦਾਦੇ ਦੇ ਨਾਂ 'ਤੇ ਬਣੇ) ਸੁਜਾਨ ਸਿੰਘ ਪਾਰਕ ਇਲਾਕੇ ਵਿਚ ਰਹਿੰਦਾ ਰਿਹਾ ਸੀ।

21 ਮਾਰਚ

1664: ਗੁਰੂ ਤੇਗ਼ ਬਹਾਦਰ ਪੂਰਬ ਦੇ ਦੌਰੇ ਤੋਂ ਪੰਜਾਬ ਮੁੜਦੇ ਦਿੱਲੀ ਵਿਚ ਰੁਕੇ

20 ਮਾਰਚ 1664 ਦੇ ਦਿਨ ਜਦੋਂ ਗੁਰੂ ਹਰਕ੍ਰਿਸ਼ਨ ਸਾਹਿਬ ਦਿੱਲੀ ਪੁੱਜੇ ਤਾਂ ਉਸ ਤੋਂ ਇਕ ਦਿਨ ਮਗਰੋਂ ਹੀ **21 ਮਾਰਚ 1664 ਦੇ ਦਿਨ (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਪੂਰਬ ਦੇ ਦੌਰੇ ਤੋਂ ਦਿੱਲੀ ਮੁੜੇ ਸਨ।** ਉਹ ਦਿਲਵਾਲੀ ਮੁਹੱਲੇ ਵਿਚ ਭਾਈ ਕਲਿਆਣਾ ਦੀ ਧਰਮਸਾਲਾ ਵਿਚ ਠਹਿਰੇ ਸਨ। ਉਸੇ ਸ਼ਾਮ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਵੀ ਦਿੱਲੀ ਆਏ ਹੋਏ ਹਨ ਅਤੇ ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ ਵਿਚ ਠਹਿਰੇ ਹਨ।

1747: ਜ਼ਕਰੀਆ ਖ਼ਾਨ ਦੇ ਦੂਜੇ ਪੁੱਤਰ ਸ਼ਾਹ ਨਵਾਜ਼ ਖ਼ਾਨ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਅਤੇ ਆਪਣੇ ਭਰਾ ਯਾਹੀਆ ਖ਼ਾਨ ਨੂੰ ਕੈਦ ਕਰ ਦਿਤਾ

ਜਦ ਯਾਹੀਆ ਖ਼ਾਨ ਲਾਹੌਰ ਦਾ ਰਸਮੀ ਸੂਬੇਦਾਰ ਬਣਿਆ ਤਾਂ ਉਸ ਦਾ ਭਰਾ ਮਿਰਜ਼ਾ ਹਯਾਤਉੱਲਾ ਮੁਲਤਾਨ ਵਿਚ ਸੀ। ਜਦ ਯਾਹੀਆ ਖ਼ਾਨ ਅਤੇ ਲਖਪਤ ਰਾਏ ਨੇ ਅੱਤ ਚੁੱਕ ਲਈ ਤਾਂ ਦੀਵਾਨ ਕੌੜਾ ਮੱਲ ਲਾਹੌਰ ਤੋਂ ਮੁਲਤਾਨ ਚਲਾ ਗਿਆ। ਉਸ ਨੇ ਆਪਣੀ ਵਫ਼ਾਦਾਰੀ ਸ਼ਾਹ ਨਵਾਜ਼ ਖ਼ਾਨ ਨਾਲ ਜੋੜ ਲਈ। ਹੁਣ ਦੋਵੇਂ ਲਾਹੌਰ 'ਤੇ ਕਬਜ਼ਾ ਕਰਨ ਦੀ ਤਿਆਰੀ ਕਰਨ ਲਗ ਪਏ। **21 ਮਾਰਚ 1747 ਦੇ ਦਿਨ ਸ਼ਾਹ ਨਿਵਾਜ਼ ਖ਼ਾਨ ਦੀ ਫ਼ੌਜ**

ਲਾਹੌਰ ਸ਼ਹਿਰ ਵਿਚ ਦਾਖ਼ਿਲ ਹੋ ਗਈ ਤੇ ਈਦ ਦੀ ਨਮਾਜ਼ ਖ਼ਤਮ ਹੋਣ ਮਗਰੋਂ ਇਸ ਫ਼ੌਜ ਨੇ ਯਾਹੀਆ ਖ਼ਾਨ ਅਤੇ ਉਸ ਦੇ ਸਾਥੀਆਂ 'ਤੇ ਹਮਲਾ ਕਰ ਦਿਤਾ। ਇਸ ਹਮਲੇ ਵਿਚ ਯਾਹੀਆ ਖ਼ਾਨ ਦੇ ਬਹੁਤ ਸਾਰੇ ਸਾਥੀ ਮਾਰੇ ਗਏ। ਯਾਹੀਆ ਖ਼ਾਨ ਆਪ ਬੜੀ ਮੁਸ਼ਕਲ ਨਾਲ ਬਚਿਆ ਅਤੇ ਦੌੜ ਕੇ ਜ਼ਨਾਨਖ਼ਾਨੇ ਵਿਚ ਜਾ ਲੁਕਿਆ। ਸ਼ਾਹ ਨਿਵਾਜ਼ ਖ਼ਾਨ ਨੇ ਉਸ ਨੂੰ ਇਸੇ ਈਮਾਰਤ ਵਿਚ ਨਜ਼ਰਬੰਦ ਕਰ ਦਿਤਾ ਅਤੇ ਆਪ ਲਾਹੌਰ ਦਾ ਹਾਕਮ ਬਣ ਬੈਠਾ। ਉਸ ਨੇ ਯਾਹੀਆ ਖ਼ਾਨ ਦੇ ਸਾਰੇ ਵਫ਼ਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ।

1986: ਬਾਬਾ ਜੋਗਿੰਦਰ ਸਿੰਘ ਦੇ ਅਕਾਲੀ ਦਲ ਵੱਲੋਂ ਪੰਜਾਬ ਅਸੈਂਬਲੀ ਦਾ ਘੇਰਾਓ; ਪੁਲੀਸ ਨੇ ਗੋਲੀ ਚਲਾ ਕੇ 9 ਸਿੱਖ ਮਾਰੇ ਤੇ 60 ਜ਼ਖ਼ਮੀ ਕੀਤੇ

ਬਾਬਾ ਜੋਗਿੰਦਰ ਸਿੰਘ ਦੇ ਅਕਾਲੀ ਦਲ ਨੇ ਕੀਤੇ ਇਕ ਐਲਾਨ ਮੁਤਾਬਿਕ 21 ਮਾਰਚ 1986 ਦੇ ਦਿਨ ਪੰਜਾਬ ਅਸੈਂਬਲੀ ਦਾ ਘੇਰਾਓ ਕੀਤਾ। ਉਨ੍ਹਾਂ ਦੀ ਮੰਗ ਸੀ ਕਿ ਗ੍ਰਿਫ਼ਤਾਰ ਕੀਤੇ ਹੋਏ ਸਿੱਖਾਂ ਨੂੰ ਰਿਹਾ ਕੀਤਾ ਜਾਵੇ ਤੇ 'ਧਰਮੀ' ਫ਼ੌਜੀਆਂ ਦੀ ਬਹਾਲੀ ਕੀਤੀ ਜਾਵੇ। ਬਾਕੀ ਸਿੱਖ ਪਾਰਟੀਆਂ ਨੇ ਵੀ ਬਾਬਾ ਦਲ ਨਾਲ ਮਿਲਵਰਤਣ ਕੀਤਾ। ਐਮ.ਐਲ.ਏ. ਫ਼ਲੈਟਸ ਕੋਲ ਬੀ.ਐਸ.ਐਫ਼. ਦੇ ਹਿੰਦੂ ਅਫ਼ਸਰਾਂ ਨੇ ਬੇਵਜਹ ਗੋਲੀਆਂ ਚਲਾ ਕੇ 9 ਸਿੱਖ ਮਾਰ ਦਿਤੇ ਤੇ 60 ਫੱਟੜ ਕਰ ਦਿਤੇ। ਇਨ੍ਹਾਂ ਵਿਚ ਸੁਖਦੇਵ ਸਿੰਘ (ਅਗੇਜੋ), ਬਲਕਾਰ ਸਿੰਘ, ਹਿੰਮਤ ਸਿੰਘ (ਨਿੱਕੇ ਸਰਾਏ), ਲਖਾ ਸਿੰਘ (ਜਮਾਲਪੁਰ), ਜੀਵਨ ਸਿੰਘ (ਮੋਗਾ), ਜੀਤ ਸਿੰਘ (ਰੋੜੇ), ਗੁਰਬਚਨ ਸਿੰਘ, ਗੁਰਦੇਵ ਸਿੰਘ ਤੇ ਸਤਨਾਮ ਸਿੰਘ ਨਿਪਾਲ (ਤਿੰਨੇ ਅੰਮ੍ਰਿਤਸਰ), ਗੁਰਦੇਵ ਸਿੰਘ (ਮਸ਼ੇਹਰੀ ਸਿਧਵਾਂ), ਆਤਮਾ ਸਿੰਘ (ਨੌਸ਼ਹਿਰਾ ਪੰਨਵਾਂ), ਜਰਨੈਲ ਸਿੰਘ ਤੇ ਮਲੂਕ ਸਿੰਘ (ਦੋਵੇਂ ਲੁਧਿਆਣਾ), ਗੁਰਬਚਨ ਸਿੰਘ (ਡਰੋਲੀ ਭਾਈ), ਜਸਵੰਤ ਸਿੰਘ (ਲੁਧਿਆਣਾ) ਸਰਬਜੀਤ ਸਿੰਘ (ਕੋਕਰੀ ਕਲਾਂ) ਸਵਰਨ ਸਿੰਘ ਮਹਿਲ (ਹਰੀਕੇ), ਰੁਪਿੰਦਰ ਸਿੰਘ ਚੰਦਰਾ (ਲੁਧਿਆਣਾ) ਤੇ ਚਰਨ ਸਿੰਘ ਬ੍ਰਹਮਪੁਰਾ (ਅੰਮ੍ਰਿਤਸਰ) ਸ਼ਾਮਿਲ ਸਨ।

1986: ਅੰਬਾਲਾ ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ ਅਤੇ ਸਿੱਖ ਅਦਾਰਿਆਂ 'ਤੇ ਹਮਲੇ, 8 ਦੁਕਾਨਾਂ ਸਾੜੀਆਂ

21 ਮਾਰਚ 1986 ਦੇ ਦਿਨ ਅੰਬਾਲੇ 'ਚ ਹਿੰਦੂ ਦਹਿਸ਼ਤਗਰਦਾਂ ਨੇ 8 ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ। ਇਸ ਸਮੇਂ ਪੁਲੀਸ ਇਸ ਭੀੜ ਦੇ ਨਾਲ ਸੀ ਯਾਨਿ ਭਜਨ ਲਾਲ ਦੀ ਸਰਕਾਰ ਦੀ ਸਰਪਰਸਤੀ ਇਨ੍ਹਾਂ ਦਹਿਸ਼ਤਗਰਦ ਹਿੰਦੂ ਭੀੜਾਂ ਨੂੰ ਹਾਸਿਲ ਸੀ। ਇਸ ਸਿਲਸਿਲੇ ਵਿਚ ਕਿਸੇ ਹਿੰਦੂ ਦੀ ਕਦੇ ਵੀ ਗ੍ਰਿਫ਼ਤਾਰੀ ਵੀ ਨਹੀਂ ਕੀਤੀ ਗਈ।

1989: ਬੂਟਾ ਸਿੰਘ ਤੇ ਸੁਬੇਗ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

21 ਮਾਰਚ 1989 ਦੇ ਦਿਨ ਪੁਲੀਸ ਨੇ ਬੂਟਾ ਸਿੰਘ ਬੱਗਰ (ਪੁੱਤਰ ਨਿਰਵੈਲ ਸਿੰਘ, ਵਾਸੀ ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ) ਤੇ ਸੁਬੇਗ ਸਿੰਘ (ਪੁੱਤਰ ਧਿਆਨ ਸਿੰਘ, ਵਾਸੀ ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਕਸ਼ਮੀਰ ਸਿੰਘ ਬਿਲਾ ਸੰਗਰਾਵਾਂ ਨਕਲੀ ਮੁਕਾਬਲੇ ਵਿਚ ਸ਼ਹੀਦ

21 ਮਾਰਚ 1990 ਦੇ ਦਿਨ ਪੁਲੀਸ ਨੇ ਕਸ਼ਮੀਰ ਸਿੰਘ ਬਿਲਾ (ਵਾਸੀ ਸੰਗਰਾਵਾਂ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਰਜਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

21 ਮਾਰਚ 1991 ਦੇ ਦਿਨ ਪੁਲੀਸ ਨੇ ਅਰਜਿੰਦਰ ਸਿੰਘ ਉਰਫ਼ ਟੋਨੀ (ਪੁੱਤਰ ਚੈਨ ਸਿੰਘ, ਵਾਸੀ ਪਿੰਡ ਕਰੈਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਿਰਨਪਾਲ ਸਿੰਘ ਤੇ ਜਸਕਰਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

21 ਮਾਰਚ 1992 ਦੇ ਦਿਨ ਪੁਲੀਸ ਨੇ ਕਿਰਨਪਾਲ ਸਿੰਘ (ਪੁੱਤਰ ਸੇਵਾ ਸਿੰਘ, ਵਾਸੀ 1446, ਫ਼ੇਜ਼ 9, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਹੁਣ ਅਜੀਤਗੜ੍ਹ, ਮੋਹਾਲੀ) ਤੇ ਜਸਕਰਨ ਸਿੰਘ (ਪੁੱਤਰ ਠਾਕਰ ਸਿੰਘ, ਵਾਸੀ ਪੱਧਰੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਨਸੀਬ ਸਿੰਘ, ਜਰਨੈਲ ਦਿਲਬਾਗ ਸਿੰਘ ਬਾਘਾ, ਜਰਨੈਲ ਨਵਰੂਪ ਸਿੰਘ ਢੋਟੀਆਂ, ਰਤਨ ਸਿੰਘ ਰੱਤੂ, ਜਗਦੀਸ਼ ਸਿੰਘ ਦੀਸ਼ਾ ਕਾਓਂਕੇ, ਗੁਰਦੀਪ ਸਿੰਘ ਭੋਲਾ ਅਬੂਵਾਲ, ਦਰਸ਼ਨ ਸਿੰਘ ਮਾਣਕੀ, ਕਿਰਨਦੀਪ ਸਿੰਘ ਮੋਗਾ ਤੇ ਉਸ ਦੀ ਪਤਨੀ ਜੋਤੀ ਤੇ 5 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਇੱਕੀ ਮਾਰਚ 1993 ਦੇ ਦਿਨ ਨਸੀਬ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਪਿੰਡ ਦਹਿਰ, ਜ਼ਿਲ੍ਹਾ ਰੋਪੜ), ਕੇ.ਐਲ.ਐਫ਼ ਜਰਨੈਲ ਦਿਲਬਾਗ ਸਿੰਘ ਬਾਘਾ (ਰਾਜਿਸਥਾਨ ਵਿਚ), ਨਵਰੂਪ ਸਿੰਘ ਢੋਟੀਆਂ, ਰਤਨ ਸਿੰਘ ਰੱਤੂ, ਜਗਦੀਸ਼ ਸਿੰਘ ਦੀਸ਼ਾ ਕਾਓਂਕੇ, ਗੁਰਦੀਪ ਸਿੰਘ ਭੋਲਾ ਅਬੂਵਾਲ, ਦਰਸ਼ਨ ਸਿੰਘ ਮਾਣਕੀ, ਕਿਰਨਦੀਪ ਸਿੰਘ ਮੋਗਾ ਤੇ ਉਸ ਦੀ ਪਤਨੀ ਜੋਤੀ ਉਰਫ਼ ਮੋਹਣੀ ਅਤੇ ਪੰਜ ਹੋਰ ਪੁਲੀਸ ਵੱਲੋਂ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2000: ਅਮਰੀਕਾ ਦੇ ਪ੍ਰਧਾਨ ਬਿਲ ਕਲਿੰਟਨ ਦੀ ਆਮਦ 'ਤੇ ਚਿੱਠੀ ਸਿੰਘ ਪੁਰਾ ਵਿਚ 36 ਸਿੱਖ ਕਤਲ ਕੀਤੇ ਗਏ।

20-21 ਮਾਰਚ 2000 ਦੀ ਰਾਤ ਨੂੰ 17 ਹਥਿਆਰਬੰਦ ਬੰਦਿਆਂ ਨੇ ਭਾਰਤੀ ਸਿਪਾਹੀਆਂ ਦੀ ਵਰਦੀ ਵਿਚ, ਕਸ਼ਮੀਰ ਦੇ ਪਿੰਡ ਚਿੱਠੀਸਿੰਘਪੁਰਾ ਵਿਚ ਘਰ-ਘਰ ਜਾ ਕੇ 35 ਸਿੱਖਾਂ ਨੂੰ ਬਾਹਰ ਕੱਢ ਕੇ ਗੁਰਦੁਆਰੇ ਲੈ ਆਂਦਾ ਅਤੇ ਗੋਲੀਆਂ ਮਾਰ ਕੇ ਮਾਰ ਦਿੱਤਾ। 21 ਮਾਰਚ ਦੇ ਦਿਨ ਨੇੜੇ ਦੇ ਪਿੰਡਾਂ ਵਿਚੋਂ ਪੰਜ ਮੁਸਲਮਾਨਾਂ ਨੂੰ ਘਰੋਂ ਫੜ ਕੇ ਉਨ੍ਹਾਂ ਨੂੰ ਚਿੱਠੀਸਿੰਘਪੁਰਾ ਦੇ ਸਿੱਖਾਂ ਦੇ ਕਾਤਲ ਕਹਿ ਕੇ 26 ਮਾਰਚ ਦੇ ਦਿਨ ਇਕ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਭਾਰਤ ਸਰਕਾਰ ਨੇ ਇਸ ਦਾ ਦੋਸ਼ ਮੁਸਲਮਾਨ ਦਹਿਸ਼ਤਗਰਦਾਂ 'ਤੇ ਲਾਇਆ। ਪਰ ਅਗਲੇ ਦਿਨ ਅਮਰੀਕਾ ਦੇ ਪ੍ਰੈਜ਼ੀਡੈਂਟ ਬਿਲ ਕਲਿੰਟਨ ਨਾਲ ਭਾਰਤ ਦੇ ਦੌਰੇ 'ਤੇ ਆਈ ਸਟਰੋਬ ਟਾਲਬੋਟ ਨੇ ਕਿਹਾ ਕਿ ਕਲਿੰਟਨ ਦਾ ਵਿਚਾਰ ਸੀ ਕਿ ਇਹ ਭਾਰਤੀ ਏਜੰਸੀਆਂ ਦਾ ਕਾਰਨਾਮਾ ਹੈ। 2006 ਵਿਚ ਛਪੀ ਮੈਡਲਿਨ ਅਲਬਰਾਈਟ ਦੀ ਕਿਤਾਬ 'ਦ ਮਾਇਟੀ ਐਂਡ ਦਾ ਅਲਮਾਇਟੀ' (ਹਾਰਪਰ ਕੌਲਿਨਜ਼ ਪਬਲਿਸ਼ਰ, ਨਿਊ ਯਾਰਕ, 2006) ਵਿਚ ਪੇਸ਼ਕਾਰੀ (ਇੰਟਰੋਡਕਸ਼ਨ) ਦੇ ਸਫ਼ਾ 11 'ਤੇ ਕਲਿੰਟਨ ਨੇ ਲਿਖਿਆ ਕਿ "2000 ਵਿਚ ਮੇਰੀ ਭਾਰਤ ਫੇਰੀ ਦੌਰਾਨ ਕੁਝ ਹਿੰਦੂ ਦਹਿਸ਼ਤਗਰਦਾਂ ਨੇ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਵਾਸਤੇ 38 ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ।"

2014: ਭਾਰਤੀ ਜਨਤਾ ਪਾਰਟੀ ਦੇ ਮਨੋਰੰਜਨ ਕਾਲੀਆ ਨੇ ਕਿਹਾ 1984 ਭੁੱਲ ਜਾਓ

21 ਮਾਰਚ 2014 ਦੇ ਦਿਨ ਭਾਰਤੀ ਜਨਤਾ ਪਾਰਟੀ ਦੇ ਮਨੋਰੰਜਨ ਕਾਲੀਆ ਨੇ ਕਿਹਾ: ਦਰਬਾਰ ਸਾਹਿਬ ਉਪਰ ਫ਼ੌਜੀ ਹਮਲੇ ਦੀ ਘਟਨਾ ਨੂੰ ਭੁੱਲ ਕੇ ਵਿਕਾਸ ਦੀਆਂ ਗੱਲਾਂ ਕਰਨਾ ਹੀ ਪੰਜਾਬ ਦੇ ਹਿਤ ਵਿਚ ਹੈ। "ਸਾਕਾ ਨੀਲਾ ਤਾਰਾ ਬੀਤੇ ਸਮੇਂ ਦੀ ਗੱਲ ਹੈ ਅਤੇ ਕਾਂਗਰਸੀ ਆਗੂ ਵਾਰ ਵਾਰ ਇਸ ਮੁੱਦੇ ਨੂੰ ਕੁਰੇਦ ਰਹੇ ਹਨ। ਉਹਨਾਂ ਨੂੰ ਇਸ ਦੀ ਬਜਾਏ ਵਿਕਾਸ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ।" ਇਹ ਕਿਸੇ ਕਾਂਗਰਸੀ ਨੇ ਨਹੀਂ ਕਿਹਾ ਸੀ ਬਲਕਿ ਇਕ ਭਾਜਪ ਆਗੂ ਨੇ ਕਿਹਾ ਸੀ। ਇਹ ਤਾਂ ਸਗੋਂ ਕਾਂਗਰਸ ਦੀ ਏਜੰਟੀ ਸੀ।

22 ਮਾਰਚ

1664: ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਚ ਜੈ ਸਿੰਘ ਮਿਰਜ਼ਾ ਦੇ ਬੰਗਲੇ (ਹੁਣ ਬੰਗਲਾ ਸਾਹਿਬ ਗੁਰਦੁਆਰਾ) 'ਤੇ ਮਿਲੇ

6 ਅਕਤੂਬਰ 1661 ਦੇ ਦਿਨ ਗੁਰੂ ਹਰਿਰਾਇ ਸਾਹਿਬ ਜੋਤੀ-ਜੋਤਿ ਸਮਾ ਗਏ। ਇਸ ਵੇਲੇ ਰਾਮਰਾਇ ਦਿੱਲੀ ਵਿਚ ਸੀ। ਗੁਰੂ ਹਰਿਰਾਇ ਸਾਹਿਬ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ ਸੁਣ ਕੇ ਉਹ ਕੀਰਤਪੁਰ ਪੁੱਜਾ ਅਤੇ ਗੁਰਗੱਦੀ 'ਤੇ ਆਪਣਾ ਹੱਕ ਜਿਤਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਨਿਜੀ ਸੇਵਾਦਾਰਾਂ (ਗੁਰਦਾਸ, ਗੁਰਬਖ਼ਸ਼ ਤੇ ਤਾਰਾ) ਨੂੰ ਛੱਡ ਕੇ ਇਕ ਵੀ ਸਿੱਖ ਨੇ ਉਸ ਦਾ ਸਾਥ ਨਾ ਦਿਤਾ। ਅਖ਼ੀਰ ਉਹ ਨਿਰਾਸ਼ ਹੋ ਕੇ ਦਿੱਲੀ ਪਰਤ ਗਿਆ। ਉਸ ਨੇ ਦਿੱਲੀ ਜਾ ਕੇ ਔਰੰਗਜ਼ੇਬ ਦੀ ਮਦਦ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਪਰ, ਔਰੰਗਜ਼ੇਬ ਆਪਣੀ ਸਲਤਨਤ ਦੇ ਇੰਤਜ਼ਾਮ ਵਿਚ ਏਨਾ ਫਸਿਆ ਹੋਇਆ ਸੀ ਕਿ ਉਹ ਰਾਮਰਾਇ ਨੂੰ ਪ੍ਰਾਈਵੇਟ ਮੁਲਾਕਾਤ ਵਾਸਤੇ ਸਮਾਂ ਨਾ ਦੇ ਸਕਿਆ। ਰਾਮਰਾਇ ਦੀਆਂ ਇਨ੍ਹਾਂ ਕੋਸ਼ਿਸ਼ਾਂ ਵਿਚ ਦੋ ਸਾਲ ਤੋਂ ਵੀ ਵਧ ਦਾ ਸਮਾਂ ਬੀਤ ਗਿਆ। ਅਖ਼ੀਰ ਮਾਰਚ 1664 ਵਿਚ ਰਾਮਰਾਇ ਨੂੰ ਔਰੰਗਜ਼ੇਬ ਨਾਲ ਮਿਲਣ ਦਾ ਸਮਾਂ ਮਿਲ ਹੀ ਗਿਆ। ਰਾਮਰਾਇ ਨੇ ਬੜਾ ਆਜਿਜ਼ ਹੋ ਕੇ ਔਰੰਗਜ਼ੇਬ ਤੋਂ ਮਦਦ ਮੰਗੀ। ਔਰੰਗਜ਼ੇਬ ਨੇ ਰਾਮਰਾਇ ਦੀ ਮਦਦ ਦਾ ਵਾਅਦਾ ਕੀਤਾ। ਇਸ ਸਬੰਧ ਵਿਚ ਔਰੰਗਜ਼ੇਬ ਨੇ ਪਹਿਲਾ ਕੰਮ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੰਮਨ ਕਰਨ ਦਾ ਕੀਤਾ। ਉਸ ਨੇ ਗੁਰੂ ਜੀ ਨੂੰ ਲਿਆਉਣ ਵਾਸਤੇ ਰਾਜਾ ਜੈ ਸਿੰਘ ਮਿਰਜ਼ਾ ਦੇ ਦੀਵਾਨ ਪਰਸ ਰਾਮ ਦੀ ਡਿਊਟੀ ਲਾਈ। ਪਰਸ ਰਾਮ 18 ਮਾਰਚ 1664 ਦੇ ਦਿਨ ਕੀਰਤਪੁਰ ਪੁੱਜਾ ਅਤੇ ਔਰੰਗਜ਼ੇਬ ਦਾ ਸੁਨੇਹਾ ਦਿਤਾ। ਸੁਨੇਹਾ ਮਿਲਦਿਆਂ ਹੀ ਗੁਰੂ ਸਾਹਿਬ ਨੇ ਦਿੱਲੀ ਜਾਣ 'ਤੇ ਦੀ ਤਿਆਰੀ ਸ਼ੁਰੂ ਕਰ ਦਿਤੀ। ਅਗਲੇ ਦਿਨ ਗੁਰੂ ਜੀ ਪਰਸ ਰਾਮ ਦੇ ਲਿਆਂਦੇ ਰਥ ਤੇ ਸਵਾਰ ਹੋ ਕੇ ਦਿੱਲੀ ਵਲ ਨੂੰ ਚਲ ਪਏ। ਗੁਰੂ ਜੀ ਦੇ ਨਾਲ ਦਾਦੀ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਭਾਈ ਦਰੀਆ ਪਰਮਾਰ, ਭਾਈ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਤੇ ਕਈ ਹੋਰ ਸਿੱਖ ਵੀ ਦਿੱਲੀ ਨੂੰ ਚਲ ਪਏ।

ਪੰਜੋਖੜਾ, ਕੁਰੂਕਸ਼ੇਤਰ ਅਤੇ ਪਾਨੀਪਤ ਚੋਂ ਹੁੰਦੇ ਹੋਏ ਗੁਰੂ ਹਰਕ੍ਰਿਸ਼ਨ ਸਾਹਿਬ 20 ਮਾਰਚ 1664 ਦੇ ਦਿਨ ਦਿੱਲੀ ਪੁੱਜੇ। ਦਿੱਲੀ ਵਿਚ ਉਹ ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ (ਮੌਜੂਦਾ ਗੁਰਦੁਆਰਾ ਬੰਗਲਾ ਸਾਹਿਬ) ਵਿਚ ਠਹਿਰੇ। ਜੈ ਸਿੰਘ ਉਸ ਵੇਲੇ ਦੱਖਣ ਦਾ ਗਵਰਨਰ ਸੀ ਅਤੇ ਉਸ ਬੰਗਲੇ ਵਿਚ ਉਸ ਦੀ ਰਾਣੀ ਪੁਸ਼ਪਾ ਵਤੀ ਤੇ ਪੁਤਰ ਕੰਵਰ ਰਾਮ ਸਿੰਘ ਰਹਿੰਦੇ ਸਨ। ਉਸ ਤੋਂ ਇਕ ਦਿਨ ਮਗਰੋਂ (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਪੂਰਬ ਦੇ ਦੌਰੇ ਤੋਂ ਦਿੱਲੀ ਮੁੜੇ ਸਨ। ਉਹ ਦਿਲਵਾਲੀ ਮੁਹੱਲੇ ਵਿਚ ਭਾਈ ਕਲਿਆਣਾ ਦੀ ਧਰਮਸਾਲਾ ਵਿਚ ਠਹਿਰੇ

ਸਨ। ਉਸੇ ਸ਼ਾਮ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਵੀ ਦਿੱਲੀ ਆਏ ਹੋਏ ਹਨ ਅਤੇ ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ ਵਿਚ ਠਹਿਰੇ ਹਨ।

ਗੁਰੂ ਤੇਗ਼ ਬਹਾਦਰ ਸਾਹਿਬ 22 ਮਾਰਚ 1664 ਨੂੰ, ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ 'ਤੇ ਗਏ ਅਤੇ ਗੁਰੂ ਹਰਕ੍ਰਿਸ਼ਨ ਸਾਹਿਬ ਨਾਲ ਮੁਲਾਕਾਤ ਕੀਤੀ। ਗੁਰੂ ਹਰਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨੂੰ ਦੋ ਕੁ ਦਿਨ ਉੱਥੇ ਠਹਿਰਨ ਵਾਸਤੇ ਆਖਿਆ। ਇਹ ਦੋ ਦਿਨ ਗੁਰੂ ਹਰਕ੍ਰਿਸ਼ਨ ਸਾਹਿਬ ਉਨ੍ਹਾਂ ਨਾਲ ਵਿਚਾਰਾਂ ਕਰਦੇ ਰਹੇ। ਬਾਬਾ-ਪੋਤਾ ਵਿਚਕਾਰ ਸਿੱਖੀ ਦੀ ਜਥੇਬੰਦਕ ਹਾਲਤ, ਗੁਰਗੱਦੀ, ਮੁਗ਼ਲ ਹਕੂਮਤ, ਔਰੰਗਜ਼ੇਬ ਦੀ ਨੀਅਤ ਅਤੇ ਸਿੱਖੀ ਦੇ ਭਵਿੱਖ ਬਾਰੇ ਚਰਚਾ ਹੋਈ। ਇਸ ਦੌਰਾਨ (ਗੁਰੂ) ਤੇਗ਼ ਬਹਾਦਰ ਸਾਹਿਬ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਦਸਿਆ ਕਿ ਔਰੰਗਜ਼ੇਬ ਇਕ ਚਾਲਾਕ ਬੰਦਾ ਹੈ ਅਤੇ ਉਸ ਨਾਲ ਮੁਲਾਕਾਤ ਵੇਲੇ ਬੜੀ ਚੌਕਸੀ ਦੀ ਲੋੜ ਹੋਵੇਗੀ। ਉਸ ਤੋਂ ਸੰਭਲ ਕੇ ਰਹਿਣਾ ਅਤੇ ਉਸ ਦਾ ਵਿਸਾਹ ਨਹੀਂ ਖਾਣਾ। ਉਸ ਤੋਂ ਕਿਸੇ ਵੀ ਮਾੜੀ ਗੱਲ ਦੀ ਆਸ ਹੋ ਸਕਦੀ ਹੈ। ਇਸ ਮਗਰੋਂ (ਗੁਰੂ) ਤੇਗ਼ ਬਹਾਦਰ ਸਾਹਿਬ ਪੰਜਾਬ ਵਲ ਨੂੰ ਚਲੇ ਗਏ। ਉਨ੍ਹਾਂ ਦੇ ਟੁਰਨ ਵੇਲੇ ਗੁਰੂ ਹਰਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਇਲਹਾਮ ਹੋ ਰਿਹਾ ਹੈ ਕਿ ਮੈਨੂੰ ਅਕਾਲ ਪੁਰਖ ਦਾ ਬੁਲਾਵਾ ਆ ਰਿਹਾ ਹੈ ਤੇ ਜੇ ਅਜਿਹਾ ਹੋਇਆ ਤਾਂ ਗੁਰਗੱਦੀ ਤੁਸੀਂ ਸੰਭਾਲਣੀ ਹੈ। (ਗੁਰੂ) ਤੇਗ਼ ਬਹਾਦਰ ਸਾਹਿਬ ਪਹਿਲਾਂ ਤਾਂ ਚੁਪ ਰਹੇ ਤੇ ਫਿਰ "ਜੋ ਭਾਵੈ ਕਰਤਾਰ" ਆਖ ਕੇ ਅਲਵਿਦਾ ਬੁਲਾ ਕੇ ਬਕਾਲਾ ਵਲ ਨੂੰ ਚਲ ਪਏ।

1923: ਬਬਰ ਅਕਾਲੀਆਂ ਨੇ 179 ਝੋਲੀ-ਚੁਕਾਂ ਦੀ ਲਿਸਟ ਤਿਆਰ ਕੀਤੀ

22 ਮਾਰਚ 1922 ਦੇ ਦਿਨ ਬਬਰ ਅਕਾਲੀਆਂ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਬਹਿਬਲਪੁਰ, ਉਦੇ ਸਿੰਘ ਰਾਮਗੜ੍ਹ ਝੁੰਗੀਆਂ ਨੇ ਬਬਰ ਲਹਿਰ ਦੇ ਸਾਰੇ ਖਾੜਕੂ ਐਕਸ਼ਨਾਂ ਦੀਆਂ ਜ਼ਿੰਮੇਦਾਰੀਆਂ ਆਪਣੇ ਨਾਂ ਲੈਣ ਦੀ ਅਰਦਾਸ ਕੀਤੀ ਤੇ ਸਭ ਨੂੰ ਕਿਹਾ ਕਿ ਕੋਈ ਵੀ ਸਿੰਘ ਆਪਣੇ ਨਾਂ 'ਤੇ ਕੋਈ ਐਕਸ਼ਨ ਨਹੀਂ ਲਵੇਗਾ ਤਾਂ ਜੋ ਕਿਸੇ ਹੋਰ ਦੇ ਪਰਵਾਰ ਜਾਂ ਰਿਸ਼ਤੇਦਾਰਾਂ ਨੂੰ ਪੁਲੀਸ ਤੰਗ ਨ ਕਰੇ। ਉਨ੍ਹਾਂ ਨੇ 179 ਝੋਲੀਚੁਕਾਂ ਦੀ ਲਿਸਟ ਤਿਆਰ ਕੀਤੀ ਜਿਨ੍ਹਾਂ ਨੂੰ ਸੋਧਿਆ ਜਾਣਾ ਸੀ।

1924: ਜੈਤੋ ਮੋਰਚਾ ਵਾਸਤੇ ਤੀਜਾ ਸ਼ਹੀਦੀ ਜਥਾ ਅਕਾਲ ਤਖ਼ਤ ਸਾਹਿਬ ਤੋਂ ਚਲਿਆ

ਜੈਤੋ ਵਾਸਤੇ ਤੀਜਾ ਸ਼ਹੀਦੀ ਜਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਇਹ ਜਥਾ 7 ਅਪ੍ਰੈਲ 1924 ਨੂੰ ਜੈਤੋ ਪੁੱਜਾ, ਜਿੱਥੇ ਫ਼ੌਜ ਅਤੇ ਪੁਲਿਸ ਵੱਲੋਂ ਇਸ ਦੇ 'ਸੁਆਗਤ' ਦੀ ਪਹਿਲਾਂ ਵਾਂਗ ਹੀ ਤਿਆਰੀ ਕੀਤੀ ਗਈ ਹੋਈ ਸੀ। ਇਸ ਸਮੇਂ ਤਾਰਾ ਸਿੰਘ ਮੋਗਾ ਐਮ.ਐਲ.ਸੀ., ਮੀਆਂ ਫ਼ਜ਼ਲ ਹੱਕ, ਕਰਤਾਰ ਸਿੰਘ ਮੈਂਬਰ ਅਸੈਂਬਲੀ ਵੀ ਪਹੁੰਚੇ ਹੋਏ ਸਨ। ਏਥੇ ਜਥੇ ਨੂੰ ਰੋਕ ਕੇ, ਛੋਟੀਆਂ-ਛੋਟੀਆਂ ਟੋਲੀਆਂ ਵਿਚ ਇਨ੍ਹਾਂ ਨੂੰ ਹੱਥਕੜੀਆਂ ਅਤੇ ਰੱਸਿਆਂ ਨਾਲ ਜਕੜ ਕੇ, ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਪਹੁੰਚਾਇਆ ਗਿਆ।

1988: ਭੁਪਿੰਦਰ ਸਿੰਘ ਮਾਕੋਵਾਲ, ਬਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

22 ਮਾਰਚ 1988 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ, ਭੁਪਿੰਦਰ ਸਿੰਘ (ਵਾਸੀ ਮਾਕੋਵਾਲ, ਅੰਮ੍ਰਿਤਸਰ) ਤੇ ਪਰਮਜੀਤ ਸਿੰਘ ਪੰਮਾ ਉਰਫ਼ ਬਲਵਿੰਦਰ ਸਿੰਘ ਐਲਾਇੰਸ

ਡਾਕਟਰ (ਪੁੱਤਰ ਭਾਈ ਸਵਰਣ ਸਿੰਘ, ਵਾਸੀ 195/5, ਨਿਰੰਕਾਰੀ ਗਲੀ ਨੰ 3, ਮਿਲਰ ਗੰਜ, ਲੁਧਿਆਣਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਵਰਨ ਸਿੰਘ ਪੱਪੂ ਬਲੇਰ ਤੇ ਸੁੱਚਾ ਸਿੰਘ ਕਲੇਰ ਨਕਲੀ ਮੁਕਾਬਲੇ ਵਿਚ ਸ਼ਹੀਦ

22 ਮਾਰਚ 1991 ਦੇ ਦਿਨ ਪੁਲੀਸ ਨੇ ਸਵਰਨ ਸਿੰਘ ਪੱਪੂ (ਵਾਸੀ ਬਲੇਰ), ਸੁੱਚਾ ਸਿੰਘ ਬਬਰ (ਪੁੱਤਰ ਕੁੰਨਨ ਸਿੰਘ, ਵਾਸੀ ਕਲੇਰ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਕਸ਼ਮੀਰਾ ਸਿੰਘ ਬਿੱਲਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਈ ਮਾਰਚ 1990 ਦੇ ਦਿਨ ਕਸ਼ਮੀਰਾ ਸਿੰਘ ਉਰਫ਼ ਬਿੱਲਾ (ਪੁੱਤਰ ਸੁੰਦਰ ਸਿੰਘ, ਵਾਸੀ ਪਿੰਡ ਸਮਰਾਵਾਂ) ਨੂੰ ਪੁਲੀਸ ਨੇ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਮੀਤ ਸਿੰਘ ਤੇ ਕੇਵਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਈ ਮਾਰਚ 1991 ਦੇ ਦਿਨ ਗੁਰਮੀਤ ਸਿੰਘ (ਪੁੱਤਰ ਨਛੱਤਰ ਸਿੰਘ, ਵਾਸੀ ਪਿੰਡ ਮਹਿਰਾਜ, ਜ਼ਿਲ੍ਹਾ ਬਠਿੰਡਾ) ਤੇ ਕੇਵਲ ਸਿੰਘ (ਪੁੱਤਰ ਸੁਖਦੇਵ ਸਿੰਘ (ਵਾਸੀ ਪਿੰਡ ਬੁਰਜ ਗਿੱਲ, ਨੇੜੇ ਫੂਲ, ਜ਼ਿਲ੍ਹਾ ਬਠਿੰਡਾ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1992: ਲਾਭ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਸਿੰਘ ਬਿੱਟੂ, ਜਗਰੂਪ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ ਰਾਜਿਸਥਾਨੀ ਤੇ 6 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਈ ਮਾਰਚ 1992 ਦੇ ਦਿਨ ਲਾਭ ਸਿੰਘ (ਪੁੱਤਰ ਛੋਟਾ ਸਿੰਘ ਉਰਫ਼ ਸੁਖਦੇਵ ਸਿੰਘ) ਤੇ ਅੰਮ੍ਰਿਤਪਾਲ ਸਿੰਘ (ਪੁੱਤਰ ਅਵਤਾਰ ਸਿੰਘ) ਦੋਵੇਂ ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ, ਕੁਲਵਿੰਦਰ ਸਿੰਘ ਬਿੱਟੂ (ਨਿੱਝਰ, ਬਿਆਸ), ਜਗਰੂਪ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ (ਕਰਨਪੁਰ, ਰਾਜਿਸਥਾਨ) ਅਤੇ ਛੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993: ਬਲਵਿੰਦਰ ਸਿੰਘ ਮਾਨੋਚਾਹਲ, ਬਲਵਿੰਦਰ ਸਿੰਘ ਮੂਲੋਵਾਲੀ, ਬਲਜਿੰਦਰ ਸਿੰਘ ਕਲਾਨੌਰ, ਗੁਰਮੀਤ ਸਿੰਘ ਮੀਤਾ, ਨਸੀਬ ਸਿੰਘ ਜਥੇਦਾਰ, ਗੁਰਮੇਲ ਸਿੰਘ ਗੋਖਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਈ ਮਾਰਚ 1993 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਕਾਰਜ ਸਿੰਘ, ਵਾਸੀ ਮਾਨੋਚਾਹਲ ਕਲਾਂ, ਜ਼ਿਲ੍ਹਾ ਅੰਮ੍ਰਿਤਸਰ), ਬਲਵਿੰਦਰ ਸਿੰਘ (ਪੁੱਤਰ ਸਾਧਾ ਸਿੰਘ, ਵਾਸੀ ਮੂਲੋਵਾਲੀ), ਬਲਜਿੰਦਰ ਸਿੰਘ (ਪੱਤਟ ਵਿਰਸਾ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ), ਗੁਰਮੀਤ ਸਿੰਘ ਮੀਤਾ, ਨਸੀਬ ਸਿੰਘ ਜਥੇਦਾਰ, ਗੁਰਮੇਲ ਸਿੰਘ ਉਰਫ਼ ਗੋਖਾ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2001: ਪੰਜਾਬ ਅਸੈਂਬਲੀ ਵਿਚ ਦਰਬਾਰ ਸਾਹਿਬ ਤੇ 1984 ਦੇ ਹਮਲੇ ਦੇ ਖ਼ਿਲਾਫ਼ ਮਤਾ ਪਾਸ

22 ਮਾਰਚ 2001 ਦੇ ਦਿਨ ਪੰਜਾਬ ਅਸੈਂਬਲੀ ਨੇ 4 ਜੂਨ 1984 ਦੇ ਦਿਨ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਨਿੰਦਾ ਦਾ ਮਤਾ ਪਾਸ ਕੀਤਾ। ਇਸ ਮੌਕੇ 'ਤੇ ਬਾਦਲ ਆਪ ਜਾਣ ਬੁਝ ਕੇ ਅਸੈਂਬਲੀ ਵਿਚੋਂ ਗ਼ਾਇਬ ਰਿਹਾ ਤਾਂ ਜੋ ਉਸ ਨੂੰ ਇਸ ਹਮਲੇ ਦੇ ਖ਼ਿਲਾਫ਼ ਨਾ ਬੋਲਣਾ ਪਵੇ।

23 ਮਾਰਚ

1931: ਭਗਤ ਸਿੰਘ, ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਨੂੰ ਫ਼ਾਂਸੀ ਦਿੱਤੀ ਗਈ

23 ਮਾਰਚ 1931 ਦੇ ਦਿਨ ਭਗਤ ਸਿੰਘ, ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਨੂੰ ਪੁਲਸ ਅਫ਼ਸਰ ਸਾਂਡਰਸ ਅਤੇ ਚੰਨਣ ਸਿੰਘ ਕਾਂਸਟੇਬਲ ਦੇ ਕਤਲ ਦੇ ਜੁਰਮ ਵਿਚ ਫ਼ਾਂਸੀ ਦਿੱਤੀ ਗਈ। 30 ਅਕਤੂਬਰ 1928 ਦੇ ਦਿਨ ਜਦ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਪੁਲਸ ਨੇ ਲੋਕਾਂ 'ਤੇ ਲਾਠੀਆਂ ਚਲਾਈਆਂ ਜਿਸ ਨਾਲ ਕਈ ਆਗੂ ਵੀ ਜ਼ਖ਼ਮੀ ਹੋਏ। 17 ਨਵੰਬਰ ਦੇ ਦਿਨ ਲਾਲਾ ਲਾਜਪਤ ਰਾਏ ਦੀ ਮੌਤ ਦਿਲ ਦੇ ਦੌਰੇ ਨਾਲ ਹੋ ਗਈ ਜਿਸ ਨੂੰ ਆਰੀਆ ਸਮਾਜੀਆਂ ਨੇ ਪੁਲਸ ਦੀਆਂ ਲਾਠੀਆਂ ਕਾਰਨ ਹੋਈ ਮੌਤ ਕਹਿ ਕੇ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਪਰਚਾਰ ਦਾ ਸ਼ਿਕਾਰ ਹੋ ਕੇ ਇਨ੍ਹਾਂ ਇਨ੍ਹਾਂ ਤਿੰਨਾਂ ਅਤੇ ਚੰਦਰ ਸ਼ੇਖ਼ਰ ਆਜ਼ਾਦ ਤੇ ਜੈ ਗੋਪਾਲ ਨੇ ਪੁਲਸ ਚੀਫ਼ ਮਿਸਟਰ ਸਕਾਟ ਨੂੰ ਮਾਰਨ ਦਾ ਪਲਾਨ ਬਣਾਇਆ। 17 ਦਸੰਬਰ 1928 ਦੇ ਦਿਨ ਇਨ੍ਹਾਂ ਨੇ ਸਕਾਟ ਦੇ ਭੁਲੇਖੇ ਗ਼ਲਤੀ ਨਾਲ ਸਾਂਡਰਸ ਨੂੰ ਮਾਰ ਦਿੱਤਾ। ਇਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕਰਨ ਵਾਲੇ ਕਾਂਸਟਬਲ ਚੰਨਣ ਸਿੰਘ ਨੂੰ ਵੀ ਇਨ੍ਹਾਂ ਨੇ ਗੋਲੀ ਮਾਰ ਦਿੱਤੀ। ਮਗਰੋਂ ਜੈ ਗੋਪਾਲ ਸਰਕਾਰੀ ਗਵਾਹ ਬਣ ਗਿਆ ਅਤੇ ਚੰਦਰ ਸ਼ੇਖ਼ਰ ਪੁਲਸ ਨਾਲ ਲੜਦਾ ਮਾਰਿਆ ਗਿਆ ਤੇ ਇਨ੍ਹਾਂ ਤਿੰਨਾਂ ਨੂੰ ਲਾਹੌਰ ਜੇਲ੍ਹ ਵਿਚ ਇਸ ਦਿਨ ਫ਼ਾਂਸੀ ਦਿੱਤੀ ਗਈ।ਉਨ੍ਹਾਂ ਦੀਆਂ ਲਾਸ਼ਾਂ ਨੂੰ ਵਾਰਸਾਂ ਦੇ ਹਵਾਲੇ ਕਰਨ ਦੀ ਜਗਹ ਸਤਲੁਜ ਦਰਿਆ ਦੇ ਕੰਢੇ ਹੁਸੈਨੀਵਾਲਾ ਪਿੰਡ ਵਿਚ ਸਸਕਾਰ ਦਿੱਤਾ ਗਿਆ। 2005 ਵਿਚ ਸਿੰਧਰਾ ਦੀ ਛਪੀ ਕਿਤਾਬ *'ਹਿਡਨ ਫ਼ੈਕਟਸ ਆਫ਼ ਮਾਰਟੀਅਰਡਮ ਆਫ਼ ਭਗਤ ਸਿੰਘ'* ਵਿਚ ਇਹ ਦੱਸਿਆ ਗਿਆ ਸੀ ਕਿ ਇਹ ਸਸਕਾਰ ਹੁਸੈਨੀਵਾਲਾ ਵਿਚ ਨਹੀਂ ਬਲਕਿ ਹਰੀਕੇ ਦੇ ਨੇੜੇ ਕੀਤਾ ਗਿਆ ਸੀ।

1938: ਪਟਿਆਲਾ ਰਾਜਾ ਭੂਪਿੰਦਰਾ ਸਿੰਘ ਦੀ ਮੌਤ

23 ਮਾਰਚ 1938 ਦੇ ਦਿਨ ਪਟਿਆਲਾ ਦੇ ਮਹਾਰਾਜੇ ਭੂਪਿੰਦਰਾ ਸਿੰਘ ਦੀ ਮੌਤ ਹੋ ਗਈ। ਭੂਪਿੰਦਰਾ ਸਿੰਘ ਅੰਗਰੇਜ਼ਾਂ ਦਾ ਲੋੜੋਂ ਵਧ ਸ਼ੈਰ-ਖ਼ਾਹ ਹੋਣ ਕਰ ਕੇ ਅਤੇ ਆਪਣੀ ਐਯਾਸ਼ ਜ਼ਿੰਦਗੀ ਕਾਰਨ ਅਕਸਰ ਚਰਚਾ ਵਿਚ ਰਿਹਾ ਸੀ। ਉਂਞ ਇਹ ਵੀ ਉਸ ਦੇ ਹਿੱਸੇ ਵਿਚ ਆਉਂਦਾ ਸੀ ਕਿ ਉਸ ਨੇ ਕਰਮ ਸਿੰਘ ਹਿਸਟੋਰੀਅਨ ਨੂੰ ਸਟੇਟ ਹਿਸਟੋਰੀਅਨ ਦਾ ਦਰਜਾ ਦੇ ਕੇ ਆਪਣੇ ਕੋਲ ਰੱਖਿਆ ਸੀ; ਕਾਹਨ ਸਿੰਘ ਨਾਭਾ ਦਾ ਮਹਾਨ ਕੋਸ਼ ਵੀ ਉਸ ਨੇ ਤਿਆਰ ਕਰਵਾਇਆ ਤੇ ਛਾਪਿਆ ਸੀ ਤੇ ਇਸ ਪ੍ਰਾਜੈਕਟ ਵਾਸਤੇ ਲੱਖਾਂ ਰੁਪੈ ਲਾਏ ਸਨ; ਅਤੇ ਜਦ ਗੁਰੂ ਨਾਨਕ ਸਾਹਿਬ ਦੇ ਵਸਾਏ ਪਿੰਡ ਕਰਤਾਰਪੁਰ ਨੂੰ ਰਾਵੀ ਦਰਿਆ ਰੋੜ੍ਹ ਕੇ ਲਿਜਾਣ ਲਗਾ ਸੀ ਤਾਂ ਉਸ ਨੇ ਡੇਢ ਲਖ ਰੁਪੈ ਖ਼ਰਚ ਕੇ ਬੰਨ੍ਹ ਲੁਆਇਆ ਸੀ।

1940: ਮੁਸਲਮ ਲੀਗ ਨੇ ਆਪਣੇ ਲਾਹੌਰ ਇਜਲਾਸ ਵਿਚ ਪਾਕਿਸਤਾਨ ਦਾ ਮਤਾ ਪਾਸ ਕੀਤਾ

23 ਮਾਰਚ 1940 ਦੇ ਦਿਨ ਮੁਸਲਿਮ ਲੀਗ ਦਾ ਇਜਲਾਸ ਲਾਹੌਰ ਵਿਚ ਹੋਇਆ ਜਿਸ ਵਿਚ 'ਮੁਸਲਿਮ ਮੁਲਕ' (ਪਾਕਿਸਤਾਨ) ਦੀ ਕਾਇਮੀ ਦੀ ਮੰਗ ਕੀਤੀ ਗਈ ਸੀ। ਜਿਨਾਹ

ਮੁਤਾਬਿਕ 'ਦਿਲ ਵਿਚ ਬਦੀ ਰੱਖਣ ਵਾਲੇ ਗਾਂਧੀ ਦੀ ਕੌਮ ਤੋਂ ਮੁਸਲਮਾਨ ਬਚ ਨਹੀਂ ਸਕਦੇ, ਇਸ ਕਰ ਕੇ ਅਜਿਹਾ ਬੇਹਦ ਜ਼ਰੂਰੀ ਸੀ।' ਇਹ ਮੰਗ ਮਾਰਚ 1940 ਵਿਚ ਪਹਿਲੀ ਵਾਰੀ ਨਹੀਂ ਸੀ ਪੇਸ਼ ਹੋਈ। ਸੰਨ 1929 ਵਿਚ ਵੀ ਮੁਸਲਮ ਕਾਨਫਰੰਸ ਵਿਚ ਤਕਰੀਰ ਕਰਦਿਆਂ ਸਰ ਮੁਹੰਮਦ ਇਕਬਾਲ ਨੇ ਪੰਜਾਬ ਵਿਚੋਂ ਅੰਬਾਲਾ ਡਵੀਜ਼ਨ ਅਤੇ ਕੁਝ ਹੋਰ ਜ਼ਿਲ੍ਹੇ ਕੱਢਣ ਦੀ ਮੰਗ ਕੀਤੀ ਸੀ। ਇਸ ਨਾਲ ਪੰਜਾਬ ਵਿਚ ਮੁਸਲਮਾਨਾਂ ਦੀ ਫ਼ੀ ਸਦੀ ਆਬਾਦੀ 63 ਤੋਂ ਵੀ ਵਧ ਜਾਂਦੀ ਸੀ। ਅਜਿਹਾ ਹੀ ਖ਼ਿਆਲ ਜੈਫ਼ਰੀ ਕਾਰਬੈਂਟ ਨੇ ਵੀ ਗੋਲਮੇਜ਼ ਕਾਨਫ਼ਰੰਸ ਸਮੇਂ ਦਿੱਤਾ ਸੀ। ਉਸ ਮੁਤਾਬਿਕ ਅੰਬਾਲੇ ਡਵੀਜ਼ਨ ਦਾ ਪੰਜਾਬ ਨਾਲ ਕੋਈ ਵਾਸਤਾ ਨਹੀਂ ਸੀ ਸਗੋਂ 1857 ਦੇ ਗ਼ਦਰ ਮਗਰੋਂ ਇਸ ਨੂੰ ਸਜ਼ਾ ਦੇਣ ਲਈ ਪੰਜਾਬ ਨਾਲ ਮਿਲਾ ਦਿੱਤਾ ਗਿਆ ਸੀ। ਇਹੋ ਜਿਹਾ ਚਰਚਾ, ਤਕਰੀਰਾਂ ਤੇ ਮੰਗਾਂ ਪਹਿਲੋਂ ਵੀ ਹੁੰਦੀਆਂ ਰਹੀਆਂ ਸਨ, ਪਰ 1940 ਦਾ ਮੁਸਲਮ ਲੀਗ ਦਾ 'ਪਾਕਿਸਤਾਨ' ਦਾ ਮਤਾ ਇਸ ਦਾ ਸਿਖਰ ਸੀ।

ਪਾਕਿਸਤਾਨ ਦਾ ਮਤਾ ਪਾਸ ਹੁੰਦਿਆਂ ਹੀ ਕਈ ਪਾਸੇ ਤੋਂ ਇਸ ਦੀ ਮੁਖ਼ਾਲਫ਼ਤ ਵੀ ਸ਼ੁਰੂ ਹੋ ਗਈ। ਇਨ੍ਹੀਂ ਦਿਨੀਂ ਹੀ ਆਲ ਇੰਡੀਆ ਅਕਾਲੀ ਕਾਨਫ਼ਰੰਸ ਅਟਾਰੀ ਵਿਚ ਹੋਈ ਜਿਸ ਨੇ ਪਾਕਿਸਤਾਨ ਦੀ ਮੰਗ ਦੀ ਨਿੰਦਾ ਕੀਤੀ ਤੇ ਇਸ ਨੂੰ ਰੋਕਣ ਵਾਸਤੇ ਆਪਣਾ ਪੂਰਾ ਤਾਣ ਲਾਉਣ ਦਾ ਐਲਾਨ ਕੀਤਾ। ਖ਼ਾਲਸਾ ਨੈਸ਼ਨਲਿਸਟ ਪਾਰਟੀ ਨੇ ਵੀ 29 ਮਾਰਚ 1940 ਦੇ ਦਿਨ ਲਾਹੌਰ ਵਿਚ ਪਾਕਿਸਤਾਨ ਵਿਰੋਧੀ ਮਤਾ ਪਾਸ ਕੀਤਾ। ਇਸ ਮਗਰੋਂ ਬਾਬਾ ਖੜਕ ਸਿੰਘ ਦੀ ਜੂਨ 1940 ਦੀ ਲਾਹੌਰ ਵਿਚ ਹੋਈ ਕਾਨਫ਼ਰੰਸ ਨੇ ਵੀ ਪਾਕਿਸਤਾਨ ਦੀ ਮੰਗ ਦੀ ਭਰਪੂਰ ਨਿੰਦਾ ਕੀਤੀ।

ਪਹਿਲੀ ਦਸੰਬਰ 1940 ਨੂੰ ਲਾਹੌਰ ਵਿਚ ਪਾਕਿਸਤਾਨ ਦੀ ਮੰਗ ਵਿਰੁਧ ਇਕ ਭਾਰੀ ਕਾਨਫ਼ਰੰਸ ਹੋਈ ਜਿਸ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਮਹਾਸ਼ਾ ਕ੍ਰਿਸ਼ਨ, ਜਲਾਲ-ਉਦ-ਦੀਨ ਅੰਬਰ, ਪ੍ਰੋਫ਼ੈਸਰ ਅਬਦੁਲ ਮਜੀਦ ਖ਼ਾਨ, ਡਾਕਟਰ ਐਮ.ਐਸ. ਐਨੇ, ਰਾਜਾ ਨਰਿੰਦਰ ਨਾਥ ਵਗ਼ੈਰਾ ਸ਼ਾਮਿਲ ਹੋਏ ਤੇ ਪਾਕਿਸਤਾਨ ਦੀ ਮੰਗ ਦੇ ਖ਼ਿਲਾਫ਼ ਮਤਾ ਪਾਸ ਕੀਤਾ।

ਪਾਕਿਸਤਾਨ ਦੇ ਨਾਅਰੇ ਦੀ ਸਭ ਤੋਂ ਵਧ ਮੁਖ਼ਾਲਫ਼ਤ ਪੰਜਾਬ ਵਿਚ ਹੋਈ। ਲੁਧਿਆਣੇ ਦੇ ਡਾ: ਵੀਰ ਸਿੰਘ ਭੱਟੀ ਨੇ ਪਾਕਿਸਤਾਨ ਦੇ ਮੁਕਾਬਲੇ ਵਿਚ ਖ਼ਾਲਿਸਤਾਨ ਨਾਂ ਦਾ ਇਕ ਪੈਂਫ਼ਲਟ ਛਾਪ ਕੇ ਮੁਸਲਮਾਨਾਂ ਦੀ ਮੰਗ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਡਾ. ਵੀਰ ਸਿੰਘ ਨੇ ਪਾਕਿਸਤਾਨ ਤੇ ਹਿੰਦੁਸਤਾਨ ਵਿਚਕਾਰ ਇਕ ਆਜ਼ਾਦ ਮੁਲਕ ਖ਼ਾਲਿਸਤਾਨ ਦੀ ਮੰਗ ਕੀਤੀ ਸੀ। ਡਾਕਟਰ ਭੱਟੀ ਦੀ ਸਕੀਮ ਵਿਚ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਲਸੀਆ ਦੀਆਂ ਸਿੱਖ ਰਿਆਸਤਾਂ, ਮਲੇਰਕੋਟਲਾ, ਸ਼ਿਮਲਾ, ਜਲੰਧਰ, ਅੰਬਾਲਾ, ਫ਼ਿਰੋਜ਼ਪੁਰ, ਅੰਮ੍ਰਿਤਸਰ, ਲਾਹੌਰ, ਲਾਇਲਪੁਰ, ਗੁਜਰਾਂਵਾਲਾ, ਸ਼ੇਖ਼ੂਪੁਰਾ, ਮਿੰਟਗੁਮਰੀ, ਹਿਸਾਰ, ਰੋਹਤਕ ਤੇ ਕਰਨਾਲ ਜ਼ਿਲ੍ਹੇ ਸ਼ਾਮਿਲ ਸਨ। ਡਾਕਟਰ ਭੱਟੀ ਚਾਹੁੰਦਾ ਸੀ ਕਿ ਇਸ ਨਵੇਂ ਦੇਸ਼ ਦੀ ਅਗਵਾਈ ਮਹਾਰਾਜਾ ਪਟਿਆਲਾ ਕਰੇ ਤੇ ਇਸ ਦੀ ਵਜ਼ਾਰਤ ਵਿਚ ਹਰ ਪੱਖ ਦੇ ਨੁਮਾਇੰਦੇ ਹੋਣ (ਰਾਜਿੰਦਰ ਪ੍ਰਸਾਦ, *ਇੰਡੀਆ ਡਿਵਾਈਡਡ*, ਸਫ਼ਾ 254)।

1942: ਕ੍ਰਿਪਸ ਮਿਸ਼ਨ ਦਿੱਲੀ ਪੁੱਜਾ

1942 ਦਾ ਸਾਲ ਭਾਰਤ ਵਿਚ ਅਹਿਮ ਸਿਆਸੀ ਤਬਦੀਲੀ ਨੂੰ ਨਾਲ ਲੈ ਕੇ ਆਇਆ। 22 ਮਾਰਚ 1942 ਦੇ ਦਿਨ ਕਰਾਚੀ ਵਿਚ ਸਰ ਸਟੈਫ਼ੋਰਡ ਕ੍ਰਿਪਸ ਦੀ ਅਗਵਾਈ ਵਿਚ ਤਿੰਨ ਬਰਤਾਨਵੀ ਵਜ਼ੀਰਾਂ ਦਾ ਇਕ ਸਰਕਾਰੀ ਨੁਮਾਇੰਦਾ ਕਮਿਸ਼ਨ (ਕ੍ਰਿਪਸ ਮਿਸ਼ਨ) ਪਹੁੰਚਿਆ। ਦਿੱਲੀ ਪੰਹੁਚ ਕੇ 23 ਮਾਰਚ 1942 ਨੂੰ ਇਸ ਨੇ ਭਾਰਤੀਆਂ ਨੂੰ ਡੋਮੀਨੀਅਨ

ਸਟੇਟਸ ਦੀ ਪੇਸ਼ਕਸ਼ ਕੀਤੀ। ਇਸ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਹੱਕਾਂ ਦੀ ਰਾਖੀ ਕੀਤੀ ਸੀ ਪਰ ਸਿੱਖਾਂ ਸਬੰਧੀ ਕੋਈ ਚਰਚਾ ਨਹੀਂ ਸੀ। 24 ਤੋਂ 29 ਮਾਰਚ ਤਕ ਨਵੀਂ ਦਿੱਲੀ ਵਿਚ ਭਾਰਤ ਭਰ ਦੀਆਂ ਸਿਆਸੀ ਪਾਰਟੀਆਂ ਦੇ ਮੁਖੀ ਆਗੂਆਂ ਨਾਲ ਕ੍ਰਿਪਸ ਦੀਆਂ ਮੁਲਾਕਾਤਾਂ ਹੁੰਦੀਆਂ ਰਹੀਆਂ। ਇਸ ਕਰ ਕੇ ਇਨ੍ਹਾਂ ਦਿਨਾਂ ਵਿਚ ਵਹਿਲਾ ਕਲਾਂ ਵਿਚ ਹੋਣ ਵਾਲੀ ਅਕਾਲੀ ਕਾਨਫ਼ਰੰਸ ਵੀ ਮੁਲਤਵੀ ਕਰਨੀ ਪਈ।

1988: ਗੁਰਮੀਤ ਸਿੰਘ ਤੇ ਕੇਵਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤੇਈ ਮਾਰਚ 1988 ਦੇ ਦਿਨ ਸੁਖਜੀਤ ਸਿੰਘ ਸੁੱਖਾ ਤੇ ਮਨਜੀਤ ਸਿੰਘ ਮੀਤਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1988: ਨਕਸਲੀ ਕਵੀ ਅਵਤਾਰ ਪਾਸ਼ ਦਾ ਕਤਲ

23 ਮਾਰਚ 1988 ਦੇ ਦਿਨ ਨਕਸਲੀ ਕਵੀ ਅਵਤਾਰ ਪਾਸ਼ ਨੂੰ ਕਤਲ ਕਰ ਦਿੱਤਾ ਗਿਆ। ਉਹ ਕਈ ਚਿਰ ਤੋਂ ਖਾੜਕੂਆਂ ਦੇ ਖ਼ਿਲਾਫ਼ ਬੋਲਦਾ ਤੇ ਉਨ੍ਹਾਂ ਨੂੰ ਚੈਲੰਜ ਕਰਦਾ ਰਿਹਾ ਸੀ। ਕਤਲ ਤੋਂ ਪਹਿਲੀ ਰਾਤ ਵੀ ਉਸ ਨੇ ਰੱਜ ਕੇ ਸ਼ਰਾਬ ਪੀ ਕੇ ਸ਼ਰੇਆਮ ਖਾੜਕੂਆਂ ਨੂੰ ਗਾਲ੍ਹਾਂ ਕੱਢੀਆਂ ਸਨ ਅਤੇ ਧਮਕੀਆਂ ਦਿੱਤੀਆਂ ਸਨ, ਜਿਸ ਕਾਰਨ ਅਗਲੇ ਦਿਨ ਹੀ ਉਸ ਦਾ ਕਤਲ ਹੋ ਗਿਆ। ਪਾਸ਼ ਨੇ 1970ਵਿਆਂ ਵਿਚ ਬਹੁਤ ਵਧੀਆ ਕਵਿਤਾਵਾਂ ਲਿਖੀਆਂ ਸਨ ਪਰ ਉਹ ਇਖ਼ਲਾਕ ਪੱਖੋਂ ਬਹੁਤ ਘਟੀਆ ਸ਼ਖ਼ਸ ਸੀ। ਨਕਸਲੀ ਲਹਿਰ ਫੇਲ੍ਹ ਹੋਣ ਮਗਰੋਂ ਉਹ ਇੰਗਲੈਂਡ ਤੇ ਫਿਰ ਅਮਰੀਕਾ ਚਲਾ ਗਿਆ ਸੀ ਜਿੱਥੇ ਉਹ ਮਜ਼ਦੂਰੀ ਕਰਦਾ ਰਿਹਾ ਸੀ। ਕਤਲ ਵਾਲੇ ਦਿਨ ਉਸ ਨੇ ਦੋਬਾਰਾ ਅਮਰੀਕਾ ਜਾਣਾ ਸੀ।

1989: ਬਲਰਾਜ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤੇਈ ਮਾਰਚ 1989 ਦੇ ਦਿਨ ਬਲਰਾਜ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਸਰਹਾਲੀ, ਜ਼ਿਲ੍ਹਾ ਜਲੰਧਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਛਪਾਲ ਸਿੰਘ ਤੇ ਜਸਬੀਰ ਸਿਘ ਲੋਹਾਰਾ ਸਿੰਘ ਤੇ ਦੋ ਹੋਰ ਸ਼ਹੀਦ

ਤੇਈ ਮਾਰਚ 1992 ਦੇ ਦਿਨ ਰਛਪਾਲ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ), ਜਸਬੀਰ ਸਿੰਘ ਲੋਹਾਰਾ ਤੇ ਦੋ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1994: ਕੁਲਵੰਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

23 ਮਾਰਚ 1994 ਦੇ ਦਿਨ ਪੁਲੀਸ ਨੇ ਕੁਲਵੰਤ ਸਿੰਘ (ਪੁੱਤਰ ਮੋਹਨ ਸਿੰਘ, ਵਾਸੀ ਪਿੰਡ ਮੌੜ ਖ਼ੁਰਦ, ਜ਼ਿਲ੍ਹਾ ਬਠਿੰਡਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

24 ਮਾਰਚ

1959: ਗੁਰਦੁਆਰਿਆਂ ਵਿਚ ਪ੍ਰਤਾਪ ਸਿੰਘ ਕੈਰੋਂ ਦੇ ਦਖ਼ਲ ਦੇ ਖ਼ਿਲਾਫ਼ ਕਾਨਫ਼ਰੰਸ

1959 ਵਿਚ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ।

ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਞ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸਾਰੇ ਕਮਿਊਨਿਸਟਾਂ ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਪ੍ਰੇਮ ਸਿੰਘ ਲਾਲਪੁਰਾ ਨੇ ਪ੍ਰਧਾਨ ਬਣਦਿਆਂ ਹੀ ਆਪਣਾ ਪਹਿਲਾ ਬਿਆਨ ਪੰਜਾਬੀ ਸੂਬੇ ਦਾ ਵਿਰੋਧ ਕਰ ਕੇ ਅਤੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤ ਆਖ ਕੇ ਦਿੱਤਾ।

ਮਾਸਟਰ ਤਾਰਾ ਸਿੰਘ ਦੀ ਹਾਰ ਦਾ ਮੁੱਖ ਕਾਰਨ ਸੀ ਕਾਂਗਰਸ ਤੇ ਕਮਿਊਨਿਸਟਾਂ ਦਾ ਗਠਜੋੜ ਅਤੇ ਸਰਕਾਰੀ ਮਸ਼ੀਨਰੀ ਦੀ ਅੰਨ੍ਹੀ ਵਰਤੋਂ। ਇਹ ਗੱਲ ਅਚਾਰੀਆ ਵਿਨੋਬਾ ਭਾਵੇ ਨੇ ਵੀ ਕਹੀ। ਅਚਾਰੀਆ ਵਿਨੋਬਾ ਭਾਵੇ ਨੇ ਇਕ ਬਿਆਨ 'ਚ ਕਿਹਾ ਸੀ ਕਿ 'ਮਾਸਟਰ ਤਾਰਾ ਸਿੰਘ ਸਿੱਖਾਂ ਵਿਚ ਆਰਕ ਬਿਸ਼ਪ ਵਾਲੀ ਥਾਂ ਰੱਖਦਾ ਹੈ। ਕਾਂਗਰਸ ਅਤੇ ਕਮਿਊਨਿਸਟਾਂ ਨੇ ਮਿਲ ਕੇ ਮਾਸਟਰ ਨੂੰ ਹਰਾਇਆ ਹੈ; ਜੇ ਕਮਿਊਨਿਸਟ ਗੁਰਦੁਆਰਾ ਕਮੇਟੀ ਛੱਡ ਜਾਣ ਤਾਂ ਝਗੜਾ ਮੁੱਕ ਸਕਦਾ ਹੈ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਅਤੇ ਸ਼੍ਰੋਮਣੀ ਕਮੇਟੀ ਵਿਚ ਪੈਪਸੂ ਦੀਆਂ ਸੀਟਾਂ ਵਧਾ ਦਿੱਤੀਆਂ। 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦੁਆਰਾ (ਸੋਧ) ਬਿਲ ਪਾਸ ਕਰ ਦਿੱਤਾ। ਇਸ ਵਿਰੁਧ ਮਾਸਟਰ ਤਾਰਾ ਸਿੰਘ ਨੇ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ। ਮਾਸਟਰ ਜੀ ਨੇ ਨਹਿਰੂ ਨੂੰ ਗੁਰਦੁਆਰਾ ਐਕਟ 'ਚ ਸੋਧ ਦੇ ਖ਼ਿਲਾਫ਼ ਮੈਮੋਰੰਡਮ ਵੀ ਦਿੱਤਾ ਪਰ ਕੋਈ ਹੱਲ ਨਾ ਨਿਕਲਿਆ।ਮਾਸਟਰ ਤਾਰਾ ਸਿੰਘ ਨੂੰ 14 ਫ਼ਰਵਰੀ 1959 ਦੇ ਦਿਨ ਅਕਾਲੀ ਦਲ ਦਾ ਮੁੜ ਪ੍ਰਧਾਨ ਚੁਣ ਲਿਆ ਗਿਆ। ਪ੍ਰਧਾਨਗੀ ਚੋਣ ਮਗਰੋਂ ਗੁਰਦੁਆਰਾ ਐਕਟ ਵਿਚ ਸੋਧ ਦੇ ਸਵਾਲ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਪਰੋਟੈਸਟ ਵਜੋਂ ਅਕਾਲੀ ਦਲ ਨੇ 15 ਮਾਰਚ 1959 ਨੂੰ ਦਿੱਲੀ ਵਿਚ 'ਚੁਪ-ਜਲੂਸ' ਕੱਢਣ ਦਾ ਫ਼ੈਸਲਾ ਕੀਤਾ। ਇਸ 'ਤੇ 12 ਮਾਰਚ 1959 ਦੀ ਰਾਤ ਦੇ 12 ਵਜੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਧਰਮਸਾਲਾ ਜੇਲ੍ਹ ਭੇਜ ਦਿਤਾ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁਧ ਰੋਸ ਵਜੋਂ ਪਟਿਆਲੇ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਅੱਧ-ਪਚੱਧੀ ਹੜਤਾਲ ਹੋਈ। ਇਸ ਤੋਂ ਅਗਲੇ ਦਿਨ ਹੀ ਕਿਹਰ ਸਿੰਘ ਵੈਰਾਗੀ, ਹਰਬੰਸ ਸਿੰਘ ਮਜੀਠਾ, ਗੁਰਚਰਨ ਸਿੰਘ ਗ਼ਰੀਬ, ਨਰਿੰਜਨ ਸਿੰਘ ਪ੍ਰਵਾਨਾ ਤੇ ਰਛਪਾਲ ਸਿੰਘ ਬੇਦੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਅਸੈਂਬਲੀ ਵਿਚੋਂ ਅਕਾਲੀ ਮੈਂਬਰ ਆਤਮਾ ਸਿੰਘ, ਹਰਗੁਰਅਨਾਦ ਸਿੰਘ, ਊਧਮ ਸਿੰਘ, ਮਾਸਟਰ ਪ੍ਰਤਾਪ ਸਿੰਘ ਤੇ ਸਰੂਪ ਸਿੰਘ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਵਾਕ ਆਊਟ ਕਰ ਕੇ ਆ ਗਏ।

ਇਨ੍ਹਾਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਰਛਪਾਲ ਸਿੰਘ ਨੇ ਐਲਾਨ ਕੀਤਾ ਕਿ ਦਿੱਲੀ ਵਿਚ 15 ਮਾਰਚ ਨੂੰ ਜਲੂਸ ਜ਼ਰੂਰ ਨਿਕਲੇਗਾ। 14 ਮਾਰਚ ਨੂੰ ਦੋ ਦਰਜਨ ਅਕਾਲੀ ਅੰਮ੍ਰਿਤਸਰ ਤੋਂ ਬੰਬਈ ਐਕਸਪਰੈਸ 'ਤੇ ਇਸ ਜਲੂਸ ਵਿਚ ਸ਼ਾਮਿਲ ਹੋਣ ਲਈ ਤੁਰੇ। ਅਗਲੇ ਦਿਨ ਲਾਲ ਕਿਲ੍ਹੇ ਤੋਂ ਰਕਾਬ ਗੰਜ ਤਕ ਸਿੱਖਾਂ 'ਚ ਸਤ ਮੀਲ ਲੰਬਾ 'ਚੁੱਪ ਜਲੂਸ' ਨਿਕਲਿਆ। ਇਸ ਵਿਚ 3 ਲੱਖ ਤੋਂ ਵਧ ਸਿੱਖ ਸ਼ਾਮਲ ਸਨ। ਗੋਪਾਲ ਸਿੰਘ ਕੌਮੀ ਨੇ ਆਪਣੀ ਤਕਰੀਰ ਵਿਚ ਕਿਹਾ, 'ਸਿੱਖੋ ਮੋਰਚੇ ਲਈ ਤਿਆਰ ਹੋ ਜਾਵੋ। ਨਵਾਂ ਗੁਰਦੁਆਰਾ ਐਕਟ ਸਿੱਖ ਧਰਮ ਵਿਚ ਦਖ਼ਲ

ਹੈ।' ਇਸ ਜਲੂਸ ਦੀ ਸ਼ਾਨਦਾਰ ਕਾਮਯਾਬੀ ਤੋਂ ਇਕ ਵਾਰੀ ਫੇਰ ਮਾਸਟਰ ਤਾਰਾ ਸਿੰਘ 'ਤੇ ਸਿੱਖ ਕੌਮ ਦੇ ਯਕੀਨ ਦਾ ਇਜ਼ਹਾਰ ਹੋ ਗਿਆ ਇਸੇ ਦਿਨ 15 ਮਾਰਚ 1959 ਨੂੰ ਅਕਾਲੀ ਦਲ ਦੇ ਇਕ ਇਜਲਾਸ ਨੇ ਮਾਸਟਰ ਜੀ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ। ਅਖੀਰ ਕੈਰੋਂ ਨੇ 21 ਮਾਰਚ 1959 ਨੂੰ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਗੁਰਦੁਆਰਿਆਂ 'ਚ ਸਰਕਾਰੀ ਦਖਲ ਵਾਸਤੇ ਵਿਚੋਲੇ ਤੋਂ ਫ਼ੈਸਲਾ ਕਰਵਾਉਣ ਦੀ ਪੇਸ਼ਕਸ਼ ਕੀਤੀ ਜੋ ਨਹਿਰੂ ਨੇ ਮਨਜ਼ੂਰ ਨਾ ਕੀਤੀ। 24 ਮਾਰਚ 1959 ਨੂੰ ਅਨੰਦਪੁਰ ਸਾਹਿਬ 'ਚ ਅਕਾਲੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਨੇ ਮਤਾ ਪਾਸ ਕੀਤਾ ਕਿ ਜੇ ਸਰਕਾਰ ਨੇ ਸਿੱਖਾਂ ਦੇ ਮਾਮਲਿਆਂ ਵਿਚ ਦਖ਼ਲ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਤਾਂ ਦਲ ਵੱਡਾ ਐਕਸ਼ਨ ਲੈਣ 'ਤੇ ਮਜਬੂਰ ਹੋ ਜਾਵੇਗਾ।

1985: ਚੰਡੀਗੜ੍ਹ ਵਿਚ ਜਨਸੰਘੀ ਲੀਡਰ ਮਨਚੰਦਾ ਦਾ ਕਤਲ

ਜੂਨ 1984 ਤੋਂ ਹੀ ਸਾਰੇ ਸੀਨੀਅਰ ਅਕਾਲੀ ਆਗੂ ਜੇਲ੍ਹਾਂ ਵਿਚ ਸਨ। ਰਾਜੀਵ ਗਾਂਧੀ ਨੇ ਆਪਣੇ ਖ਼ਾਸ ਸਾਥੀਆਂ ਅਰੁਣ ਸਿੰਹ, ਅਰੁਣ ਨਹਿਰੂ ਵਰਗਿਆਂ ਦੀ ਡਿਊਟੀ ਲਾਈ ਕਿ ਉਹ ਅਜਿਹੇ ਬੰਦੇ ਢੂੰਢਣ ਜੋ ਜੇਲ੍ਹਾਂ ਵਿਚ ਬੈਠੇ ਅਕਾਲੀ ਆਗੂਆਂ ਨੂੰ ਸਰਕਾਰ ਨਾਲ ਗਲਬਾਤ ਕਰਨ ਵਾਸਤੇ ਮਨਾ ਸਕਣ। ਇਸ ਕੋਸ਼ਿਸ਼ ਵਿਚ ਸੁਰਜੀਤ ਬਰਨਾਲਾ, ਬਲਵੰਤ ਸਿੰਘ ਸੁਲਤਾਨਪੁਰੀ, ਮਨਜੀਤ ਖਹਿਰਾ, ਬਲਵੰਤ ਰਾਮੂਵਾਲੀਆ, ਪ੍ਰੋ: ਅਤਰ ਸਿੰਘ, ਪ੍ਰਿਥੀਪਾਲ ਕਪੂਰ ਅਤੇ ਬਰਜਿੰਦਰ ਹਮਦਰਦ ਨੇ ਰਾਜੀਵ ਗਾਂਧੀ ਦੇ ਏਲਚੀਆਂ ਦਾ ਪੂਰਾ-ਪੂਰਾ ਸਾਥ ਦਿੱਤਾ। ਇਹ ਲੋਕ ਦਸੰਬਰ 1984 ਵਿਚ ਅਕਾਲੀ ਆਗੂਆਂ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂਆਂ ਨੂੰ ਮਿਲੇ ਪਰ ਜੇਲ੍ਹੀਂ ਬੈਠੇ ਆਗੂਆਂ ਨੇ ਰਿਹਾਈ ਤੋਂ ਪਹਿਲਾਂ ਕੋਈ ਵੀ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਦੂਜੇ ਪਾਸੇ, ਰਾਜੀਵ ਅਜੇ ਅਕਾਲੀ ਆਗੂਆਂ ਨੂੰ ਰਿਹਾ ਕਰਨਾ ਨਹੀਂ ਚਾਹੁੰਦਾ ਸੀ। 3 ਜਨਵਰੀ 1985 ਨੂੰ ਰਾਜੀਵ ਨੇ ਪੰਜਾਬ ਬਾਰੇ ਇਕ ਤਿੰਨ ਮੈਂਬਰੀ ਪੈਨਲ ਬਣਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਅਰਜਨ ਸਿੰਹ ਵੀ ਸ਼ਾਮਿਲ ਸੀ। ਇਹ ਪੈਨਲ ਭਾਵੇਂ ਕੋਈ ਵੱਡੀ ਕਾਮਯਾਬੀ ਹਾਸਿਲ ਨਾ ਕਰ ਸਕਿਆ, ਪਰ ਇਸ ਨਾਲ ਬਰਨਾਲਾ, ਬਲਵੰਤ ਸਿੰਘ, ਮਨਜੀਤ ਖਹਿਰਾ, ਰਾਮੂਵਾਲੀਆ, ਅਤਰ ਸਿੰਘ ਤੇ ਪ੍ਰਿਥੀਪਾਲ ਸਿੰਘ ਕਪੂਰ, ਅਰਜਨ ਸਿੰਹ ਅਤੇ ਕਾਂਗਰਸ ਪਾਰਟੀ ਦੇ ਬਹੁਤ ਨੇੜੇ ਆ ਗਏ।ਜਦੋਂ ਰਾਜੀਵ ਗਾਂਧੀ ਨੇ ਮਹਿਸੂਸ ਕੀਤਾ ਕਿ ਹੁਣ ਪੰਜਾਬ ਵਿਚ ਅਕਾਲੀ ਆਗੂਆਂ ਦਾ ਆਧਾਰ ਖ਼ਤਮ ਹੋ ਰਿਹਾ ਹੈ ਅਤੇ ਖਾੜਕੂ ਹਾਵੀ ਹੋ ਰਹੇ ਹਨ ਤਾਂ ਉਸ ਨੇ 11 ਮਾਰਚ 1985 ਦੇ ਦਿਨ 8 ਵੱਡੇ ਅਕਾਲੀ ਆਗੂ ਰਿਹਾਅ ਕਰ ਦਿੱਤੇ। 12 ਮਾਰਚ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਵੀ ਪਾਬੰਦੀ ਹਟਾ ਲਈ ਗਈ।12 ਮਾਰਚ ਨੂੰ ਮੱਧ ਪ੍ਰਦੇਸ਼ ਦਾ ਸਾਬਕਾ ਚੀਫ਼ ਮਨਿਸਟਰ ਅਰਜਨ ਸਿੰਹ ਪੰਜਾਬ ਦਾ ਗਵਰਨਰ ਬਣਾ ਕੇ ਭੇਜ ਦਿੱਤਾ ਗਿਆ। ਅਕਾਲੀਆਂ ਦੀਆਂ ਰਿਹਾਈਆਂ ਦੇ ਬਾਵਜੂਦ ਖਾੜਕੂਆਂ ਨੇ ਆਪਣੇ ਐਕਸ਼ਨ ਜਾਰੀ ਰਖੇ। ਉਨ੍ਹਾਂ ਵਲੋਂ 24 ਮਾਰਚ 1985 ਨੂੰ ਚੰਡੀਗੜ੍ਹ 'ਚ ਜਨਸੰਘੀ ਲੀਡਰ ਮਨਚੰਦਾ ਨੂੰ ਕਤਲ ਕਰ ਦਿੱਤਾ ਗਿਆ।

1986: ਹਰਭਜਨ ਸਿੰਘ ਮੰਡ ਸੀ.ਆਰ.ਪੀ. ਨਾਲ ਮੁਕਾਬਲੇ 'ਚ ਸ਼ਹੀਦ

4 ਮਾਰਚ 1986 ਦੇ ਦਿਨ ਸ ਹਰਭਜਨ ਸਿੰਘ ਮੰਡ, ਜੋ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੋਢੀਆਂ ਵਿਚੋਂ ਇਕ ਸਨ, ਸੀ.ਆਰ.ਪੀ.ਐਫ਼. ਨਾਲ ਕੱਥੂ ਨੰਗਲ ਨੇੜੇ ਹੋਏ ਇਕ ਮੁਕਾਬਲੇ ਵਿਚ ਸ਼ਹੀਦ ਹੋ ਗਏ। (ਮਗਰੋਂ, 1989 ਵਿਚ, ਉਨ੍ਹਾਂ ਦਾ ਭਰਾ ਧਿਆਨ ਸਿੰਘ ਮੰਡ, ਫ਼ੀਰੋਜ਼ਪੁਰ ਤੋਂ ਐਮ.ਪੀ. ਬਣਿਆ ਸੀ)।

1990: ਬਲਵਿੰਦਰ ਸਿੰਘ ਤੇ ਪੂਰਨ ਸਿੰਘ ਸਰਲੀ ਨਕਲੀ ਮੁਕਾਬਲੇ 'ਚ ਸ਼ਹੀਦ

24 ਮਾਰਚ 1990 ਦੇ ਦਿਨ ਪੁਲੀਸ ਨੇ ਬਲਵਿੰਦਰ ਸਿੰਘ ਬਾਦਸ਼ਾਹ ਤੇ ਪੂਰਨ ਸਿੰਘ ਲਵਲੀ (ਦੋਵੇਂ ਵਾਸੀ ਸਰਲੀ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਰਜਿੰਦਰਪਾਲ ਸਿੰਘ ਵਾਸੀ ਕਸੇਲ, ਬੇਅੰਤ ਸਿੰਘ ਜੋਗਾ ਸਿੰਘ ਵਾਲਾ, ਰਾਜਬੀਰ ਸਿੰਘ ਹੀਰੋ ਕਸੇਲ, ਨਿਰਮਲ ਸਿੰਘ ਢੋਟੀਆਂ, ਨਿਰਵੈਰ ਸਿੰਘ ਗੱਗੋਬੂਹਾ ਤੇ ਕੁਲਦੀਪ ਸਿੰਘ ਸਰਲੀ ਨਕਲੀ ਮੁਕਾਬਲੇ ਵਿਚ ਸ਼ਹੀਦ

24 ਮਾਰਚ 1991 ਦੇ ਦਿਨ ਪੁਲੀਸ ਨੇ ਅਰਜਿੰਦਰਪਾਲ ਸਿੰਘ ਉਰਫ਼ ਨਿਸ਼ਾਨ ਸਿੰਘ ਫ਼ੌਜੀ (ਵਾਸੀ ਕਸੇਲ, ਅੰਮ੍ਰਿਤਸਰ), ਬੇਅੰਤ ਸਿੰਘ (ਵਾਸੀ ਜੋਗਾ ਸਿੰਘ ਵਾਲਾ), ਰਾਜਬੀਰ ਸਿੰਘ ਹੀਰੋ (ਵਾਸੀ ਕਸੇਲ, ਅੰਮ੍ਰਿਤਸਰ), ਨਿਰਮਲ ਸਿੰਘ (ਵਾਸੀ ਢੋਟੀਆਂ, ਅੰਮ੍ਰਿਤਸਰ), ਨਿਰਵੈਰ ਸਿੰਘ ਉਰਫ਼ ਬਗੀਚਾ ਸਿੰਘ (ਵਾਸੀ ਗੱਗੋਬੂਹਾ, ਅੰਮ੍ਰਿਤਸਰ) ਤੇ ਕੁਲਦੀਪ ਸਿੰਘ (ਵਾਸੀ ਸਰਲੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕੁਲਦੀਪ ਸਿੰਘ ਤੇ ਹਰਭਜਨ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚੌਵੀ ਮਾਰਚ 1991 ਦੇ ਦਿਨ ਕੁਲਦੀਪ ਸਿੰਘ ਉਰਫ਼ ਮੰਗਲੀ (ਪੁੱਤਰ ਗੁਰਜੀਤ ਸਿੰਘ, ਵਾਸੀ ਪਿੰਡ ਮੱਲ੍ਹੀ) ਤੇ ਹਰਭਜਨ ਸਿੰਘ (ਪੁੱਤਰ ਸੋਹਨ ਸਿੰਘ (ਵਾਸੀ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1992: ਜੈਮਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚੌਵੀ ਮਾਰਚ 1992 ਦੇ ਦਿਨ ਜੈਮਲ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਭੇਲ ਪਿੰਡ) ਨੂੰ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ।

1993: ਰਣਧੀਰ ਸਿੰਘ ਤੇ ਜਸਵੰਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚੌਵੀ ਮਾਰਚ 1993 ਦੇ ਦਿਨ ਰਣਧੀਰ ਸਿੰਘ (ਪੁੱਤਰ ਜ਼ਿੰਦਰਪਾਲ ਸਿੰਘ, ਵਾਸੀ ਅਮਰਗੜ੍ਹ ਧੂਰੀ ਰੋਡ, ਸੰਗਰੂਰ) ਤੇ ਜਸਵੰਤ ਸਿੰਘ (ਪੁੱਤਰ ਗੁਰਮੇਲ ਸਿੰਘ (ਵਾਸੀ ਪਿੰਡ ਦੇਹਰ, ਨੇੜੇ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

25 ਮਾਰਚ

1664: ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਔਰੰਗਜ਼ੇਬ ਨਾਲ ਲਾਲ ਕਿਲ੍ਹਾ ਵਿਚ ਮੁਲਾਕਾਤ

ਔਰੰਗਜ਼ੇਬ ਨੇ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ 25 ਮਾਰਚ 1664 ਦੇ ਦਿਨ ਮੁਲਾਕਾਤ ਵਾਸਤੇ ਬੁਲਾਇਆ। ਗੁਰੂ ਸਾਹਿਬ ਰਾਜਾ ਜੈ ਸਿੰਹ ਮਿਰਜ਼ਾ ਦੇ ਘਰੋਂ ਪਾਲਕੀ ਵਿਚ ਸਵਾਰ ਹੋ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਲਾਲ ਕਿਲ੍ਹਾ ਪੁੱਜੇ। ਗੁਰੂ ਜੀ ਦੇ ਨਾਲ ਉਸ ਵੇਲੇ ਕੰਵਰ ਰਾਮ ਸਿੰਹ ਮਿਰਜ਼ਾ, ਦੀਵਾਨ ਦਰਗਹ ਮੱਲ, ਭਾਈ ਮਨੀ ਰਾਮ (ਮਗਰੋਂ ਸਿੰਘ) ਅਤੇ ਕੁਝ ਹੋਰ ਸਿੱਖ ਵੀ ਗਏ; ਦੋਹਾਂ ਵਿਚ ਥੋੜ੍ਹਾ ਜਿਹਾ ਚਿਰ ਰਸਮੀ ਗੱਲਬਾਤ ਹੋਈ।

1921: ਬਬਰ ਅਕਾਲੀ ਪਹਿਲੀ ਵਾਰ ਆਪਸ ਵਿਚ ਮਿਲੇ ਤੇ ਐਕਸ਼ਨ ਕਰਨ ਦਾ ਫ਼ੈਸਲਾ ਕੀਤਾ

1921 ਵਿਚ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੁਸ਼ਿਆਰਪੁਰ ਵਿਚ 25 ਤੋਂ 27 ਮਾਰਚ ਤਕ ਹੋਈ। ਕੁਝ ਖਾੜਕੂ ਸਿੱਖ (ਜਿਨ੍ਹਾਂ ਮਗਰੋਂ ਬਬਰ ਅਕਾਲੀ ਦਲ ਬਣਾਇਆ) ਪਹਿਲੀ ਵਾਰ ਇਸ ਮੌਕੇ ਤੇ ਮਿਲੇ ਤੇ ਰਲ ਕੇ ਖਾੜਕੂ ਐਕਸ਼ਨ ਕਰਨ ਦਾ ਫ਼ੈਸਲਾ ਕੀਤਾ।

1940: ਬਬਰ ਅਕਾਲੀਆਂ ਨੇ ਮੁਖ਼ਬਰ ਕਰਮ ਸਿੰਘ ਮੰਨਣਹਾਨਾ ਨੂੰ ਕਤਲ ਕੀਤਾ

ਧੰਨਾ ਸਿੰਘ ਬਹਿਬਲਪੁਰ ਬਬਰ ਅਕਾਲੀ ਲਹਿਰ ਦਾ ਇਕ ਵੱਡਾ ਥੰਮ ਸੀ; ਉਸ ਦੀ ਸ਼ਹੀਦੀ ਵਾਲੇ ਦਿਨ ਮੁਖ਼ਬਰੀ ਕਰਮ ਸਿੰਘ ਮੰਨਣਹਾਨਾ ਨੇ ਕੀਤੀ ਸੀ। ਬਬਰ ਉਸ ਨੂੰ ਸਜ਼ਾ ਦੇਣਾ ਚਾਹੁੰਦੇ ਸੀ ਪਰ ਉਹ 17 ਸਾਲ ਬਚਿਆ ਰਿਹਾ ਅਖ਼ੀਰ 25 ਮਾਰਚ 1940 ਦੇ ਦਿਨ ਉਸ ਨੂੰ ਅਜਾਇਬ ਸਿੰਘ (ਦਾਖਾ, ਲੁਧਿਆਣਾ) ਤੇ ਬਚਿੰਤ ਸਿੰਘ (ਢੁੰਢਾਲੀ, ਫਗਵਾੜਾ ਕੋਲ) ਨੇ ਕਤਲ ਕਰ ਦਿੱਤਾ।

1940: ਭਾਈ ਰਣਧੀਰ ਸਿੰਘ ਦਾ ਰਿਹਾਈ ਮਗਰੋਂ ਅਕਾਲ ਤਖ਼ਤ ਪੁੱਜਣ 'ਤੇ ਸਨਮਾਨ

ਗ਼ਦਰ ਲਹਿਰ ਵਿਚ ਉਮਰ ਕੈਦ ਕੱਟਣ ਮਗਰੋਂ ਭਾਈ ਰਣਧੀਰ ਸਿੰਘ 25 ਮਾਰਚ 1940 ਦੇ ਦਿਨ ਅਕਾਲ ਤਖ਼ਤ ਤੇ ਹਾਜ਼ਰ ਹੋਏ ਜਿਥੇ ਉਨ੍ਹਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤਾ ਗਿਆ।

1970: ਫ਼ਤਹਿ ਸਿੰਘ ਨੂੰ ਨਾਰਾਜ਼ ਕਰਨ ਕਾਰਨ ਗੁਰਨਾਮ ਸਿੰਘ ਸਰਕਾਰ ਤੋੜੀ ਗਈ

ਮਾਰਚ 1970 ਵਿਚ ਰਾਜ ਸਭਾ ਦੀਆਂ ਕੁਝ ਸੀਟਾਂ ਦੀਆਂ ਚੋਣਾਂ ਆ ਗਈਆਂ। ਗਿਣਤੀ ਮੁਤਾਬਿਕ ਅਕਾਲੀਆਂ ਨੂੰ ਦੋ ਸੀਟਾਂ ਮਿਲ ਸਕਦੀਆਂ ਸਨ। ਫ਼ਤਹਿ ਸਿੰਘ ਨੇ ਸੰਤੋਖ ਸਿੰਘ ਤੇ ਟੌਹੜਾ ਨੂੰ ਉਮੀਦਵਾਰ ਨਾਮਜ਼ਦ ਕਰ ਦਿੱਤਾ। ਇਸ 'ਤੇ ਗਿਆਨੀ ਭੁਪਿੰਦਰ ਸਿੰਘ ਨੇ ਅਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ।25 ਮਾਰਚ 1970 ਨੂੰ ਹੋਈ ਚੋਣ ਵਿਚ ਗੁਰਨਾਮ ਸਿੰਘ ਨੇ ਅੰਦਰੋਂ-ਅੰਦਰੀਂ ਭੁਪਿੰਦਰ ਸਿੰਘ ਦੀ ਮਦਦ ਕੀਤੀ ਅਤੇ ਉਹ ਜਿੱਤ ਗਿਆ। ਇਸੇ ਦਿਨ ਐਪਰੋਪਰੀਏਸ਼ਨ ਬਿੱਲ ਪੇਸ਼ ਹੋਣਾ ਸੀ। ਫ਼ੀਨਾਂਸ ਵਜ਼ੀਰ ਬਲਵੰਤ ਸਿੰਘ ਨੇ ਬਿੱਲ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰਨਾਮ ਸਿੰਘ ਨੇ ਆਪ ਉੱਠ ਕੇ ਬਿੱਲ ਪੇਸ਼ ਕਰ ਦਿੱਤਾ ਜੋ 22 ਦੇ ਮੁਕਾਬਲੇ 44 ਵੋਟਾਂ ਨਾਲ ਫੇਲ੍ਹ ਹੋ ਗਿਆ। ਅਗਲੇ ਦਿਨ ਸ਼ਾਮ ਨੂੰ ਸਾਢੇ ਸਤ ਵਜੇ ਗੁਰਨਾਮ ਸਿੰਘ ਨੇ ਅਸਤੀਫ਼ਾ ਭੇਜ ਦਿੱਤਾ, ਜਿਸ ਨੂੰ ਮਨਜ਼ੂਰ ਕਰ ਲਿਆ ਗਿਆ।

1972: ਜਥੇਦਾਰ ਮੋਹਨ ਸਿੰਘ ਤੁੜ ਅਕਾਲੀ ਦਲ ਦਾ ਕਾਇਮ ਮੁਕਾਮ ਪ੍ਰਧਾਨ ਬਣਿਆ

12 ਮਾਰਚ 1972 ਨੂੰ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ; ਕਾਂਗਰਸ ਦੇ 66 ਤੇ ਅਕਾਲੀ ਦਲ ਦੇ 24 ਉਮੀਦਵਾਰ ਕਾਮਯਾਬ ਹੋਏ। ਜ਼ਬਰਦਸਤ ਹਾਰ ਕਾਰਨ ਅਕਾਲੀ ਆਗੂਆਂ ਅਤੇ ਵਰਕਰਾਂ ਵਿਚ ਨਮੋਸ਼ੀ ਆਉਣੀ ਲਾਜ਼ਮੀ ਸੀ। ਅਕਾਲੀ ਦਲ ਵਲੋਂ ਪੰਜਾਬ ਦੀ ਖ਼ੁਸ਼ਹਾਲੀ ਵਿਚ ਜਮ੍ਹਾਂ-ਪੱਖੀ ਰੋਲ ਅਦਾ ਕੀਤੇ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਹਾਰ ਦਾ ਕਾਰਨ ਇਹ ਸੀ ਕਿ ਵਰਕਰਾਂ ਦਾ ਪੁਰਾਣੀ ਲੀਡਰਸ਼ਿਪ ਤੋਂ ਯਕੀਂ ਉਠ ਚੁਕਾ ਸੀ। ਅਕਾਲੀ ਵਰਕਰ ਚਾਹੁੰਦੇ ਸੀ ਕਿ ਦਲ ਦੀ ਅਗਵਾਈ ਨੌਜਵਾਨ ਆਗੂਆਂ ਕੋਲ ਹੋਣੀ ਚਾਹੀਦੀ ਹੈ। ਕੁਝ ਅਕਾਲੀ ਆਗੂਆਂ ਨੇ ਚੋਣਾਂ ਵਿਚ ਹੋਈ ਹਾਰ ਨੂੰ ਫ਼ਤਹਿ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ; ਮਜਬੂਰ ਹੋ ਕੇ 19 ਮਾਰਚ ਨੂੰ ਫ਼ਤਹਿ ਸਾਹਿਬ ਨੇ

ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ ਅਤੇ 25 ਮਾਰਚ ਨੂੰ ਮੋਹਣ ਸਿੰਘ ਤੁੜ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਾ ਦਿੱਤਾ ਤੇ ਆਪ ਗੰਗਾ ਨਗਰ ਚਲਾ ਗਿਆ।

1981: ਸ਼੍ਰੋਮਣੀ ਕਮੇਟੀ ਨੇ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕੀਤਾ

ਚੀਫ਼ ਖਾਲਸਾ ਦੀਵਾਨ ਨੇ ਸਾਲਾਨਾ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਦੇ ਮੌਕੇ 'ਤੇ 15 ਮਾਰਚ 1981 ਦੇ ਸੈਸ਼ਨ ਵਿਚ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸਿਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਪਾਸ ਕੀਤਾ। ਕੁਝ ਦਿਨ ਮਗਰੋਂ ਚੀਫ਼ ਖਾਲਸਾ ਦੀਵਾਨ ਨੇ ਇਹ ਮਤਾ ਵਾਪਿਸ ਲੈ ਲਿਆ ਸੀ।

ਜਦ ਚੀਫ਼ ਖਾਲਸਾ ਦੀਵਾਨ ਨੇ ਕਮਜ਼ੋਰੀ ਦਿਖਾਈ ਤਾਂ 25 ਮਾਰਚ 1981 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕਰ ਕੇ ਚੀਫ਼ ਖਾਲਸਾ ਦੀਵਾਨ ਦੀ ਡਰੂ ਪਾਲਿਸੀ ਅਤੇ ਬੁਜ਼ਦਿਲੀ ਦਾ ਧੋਣਾ ਧੋ ਦਿੱਤਾ।

1986: ਸੁਰਜੀਤ ਬਰਨਾਲਾ ਦੀ ਪੁਲੀਸ ਨੇ ਅਨੰਦਪੁਰ ਵਿਚ 12 ਸਿੱਖ ਮਾਰੇ

25 ਮਾਰਚ 1986 ਨੂੰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਭਿੰਡਰਾਂ-ਮਹਿਤਾ ਜਥਾ ਦੇ ਭਾਈ ਮੋਹਕਮ ਸਿੰਘ ਨੂੰ ਭੁਪਿੰਦਰ ਸਿੰਘ ਕੰਵੀ ਤੇ ਦੋ ਹੋਰ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਫ਼ੈਡਰੇਸ਼ਨ ਨੇ ਸਰਕਾਰ ਨੂੰ ਵਾਰਨਿੰਗ ਦਿਤੀ ਕਿ ਜੇ ਭਾਈ ਮੋਹਕਮ ਸਿੰਘ ਨੂੰ ਰਿਹਾ ਨਾ ਕੀਤਾ ਗਿਆ ਤਾਂ ਹੋਲੇ ਮੁਹੱਲੇ 'ਤੇ 26 ਮਾਰਚ ਨੂੰ ਸੁਰਜੀਤ ਬਰਨਾਲੇ ਨੂੰ ਤਕਰੀਰ ਨਹੀਂ ਕਰਨ ਦਿਆਂਗੇ। ਬਰਨਾਲੇ ਨੇ ਇਸ ਦੀ ਪਰਵਾਹ ਨਾ ਕਰਦਿਆਂ ਆਪਣੀ ਧੌਂਸ ਕਾਇਮ ਰੱਖੀ। ਜਦੋਂ ਬਰਨਾਲਾ ਸਟੇਜ ਵਲ ਵਧਿਆ ਤਾਂ ਸਿੱਖਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਫ਼ੈਡਰੇਸ਼ਨ ਦੇ ਪੰਡਾਲ ਵਿਚੋਂ ਵੀ ਕਈ ਸਿੱਖ ਨੌਜਵਾਨ ਬਰਨਾਲੇ ਦੇ ਪੰਡਾਲ ਵਲ ਤੁਰ ਪਏ। ਇਸ 'ਤੇ ਪੁਲੀਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਸ ਨਾਲ 12 ਸਿੱਖ ਮਾਰੇ ਗਏ ਅਤੇ 50 ਜ਼ਖ਼ਮੀ ਹੋਏ; ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਮੇਜਰ ਸਿੰਘ (ਸਾਲਚਕ), ਮਹਿੰਗਾ ਸਿੰਘ, (ਪਟਿਆਲਾ), ਰਜਿੰਦਰ ਸਿੰਘ (ਮਿਲਵਾਲਾ), ਗੁਰਮੀਤ ਸਿੰਘ (ਹਰਤਾ), ਗੁਰਨਾਮ ਸਿੰਘ (ਮਾਨਸਾ), ਅਵਤਾਰ ਸਿੰਘ (ਪਠਾਣ ਮਾਜਰਾ), ਹਰਨੇਕ ਸਿੰਘ (ਭੁੱਲਰਬੇਟ), ਕੁਲਵਿੰਦਰ ਸਿੰਘ ਲੱਕੀ (ਫੋਲੜੀਵਾਲ, ਜਲੰਧਰ ਛਾਵਣੀ), ਲਖਾ ਸਿੰਘ (ਮਨੀਪੁਰ ਕਾਲਾ), ਪੂਰਨ ਸਿੰਘ (ਅਲੂਵਾਲ ਧਾਰੀਵਾਲ), ਸੁਖਵਿੰਦਰ ਸਿੰਘ (ਖਾਬਲਾ), ਬਲਵਿੰਦਰ ਕੌਰ ਪੂਨਮ (ਗੜ੍ਹਸ਼ੰਕਰ), ਸਤਨਾਮ ਸਿੰਘ (ਖਿੰਡਾ), ਲਾਲ ਸਿੰਘ (ਜਗਰਾਓ), ਕੁਲਦੀਪ ਸਿੰਘ (ਲੋਪੀ ਮਾਜਰਾ), ਕੁਲਦੀਪ ਸਿੰਘ (ਦੂਜਾ), ਗੁਰਮੀਤ ਸਿੰਘ ਵਗੈਰਾ।

1991: ਕੁਲਦੀਪ ਸਿੰਘ ਤੇ ਅਮਨਦੀਪ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਝੀ ਮਾਰਚ 1991 ਦੇ ਦਿਨ ਕੁਲਦੀਪ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਪਿੰਡ ਕੋਹਾਲੀ, ਨੇੜੇ ਰਾਇ ਚੱਕ, ਜ਼ਿਲ੍ਹਾ ਗੁਰਦਾਸਪੁਰ) ਤੇ ਅਮਨਦੀਪ ਸਿੰਘ (ਪੁੱਤਰ ਬਲਰਾਜ ਸਿੰਘ (ਵਾਸੀ ਪਿੰਡ ਮਦਰ, ਜ਼ਿਲ੍ਹਾ ਗੁਰਦਾਸਪੁਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993: ਜਗਤਾਰ ਸਿੰਘ, ਰਛਪਾਲ ਸਿੰਘ ਪਾਲਾ, ਕਰਮਜੀਤ ਸਿੰਘ, ਦਰਸ਼ਨ ਸਿੰਘ, ਜਸਵੰਤ ਸਿੰਘ, ਰਛਪਾਲ ਸਿੰਘ ਬਿੱਟੂ ਤੇ ਗੁਰਦੀਪ ਸਿੰਘ ਭਗਤਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਝੀ ਮਾਰਚ 1993 ਦੇ ਦਿਨ ਜਗਤਾਰ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਖਿਆਲਾ ਖੁਰਦ, ਜ਼ਿਲ੍ਹਾ ਅੰਮ੍ਰਿਤਸਰ), ਰਛਪਾਲ ਸਿੰਘ ਪਾਲਾ, ਉਸ ਦਾ ਭਰਾ ਕਰਮਜੀਤ ਸਿੰਘ, ਦਰਸ਼ਨ

ਸਿੰਘ, ਜਸਵੰਤ ਸਿੰਘ, ਰਛਪਾਲ ਸਿੰਘ ਬਿੱਟੂ, ਗੁਰਦੀਪ ਸਿੰਘ ਉਰਫ਼ ਭਗਤਾ (ਪੁੱਤਰ ਸਵਰਨ ਸਿੰਘ, ਵਾਸੀ ਨਮਗਲੀ ਮਹਿਤਾ) ਨਕਲੀ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤੇ ਗਏ।

2014: ਰਾਏਪਰ ਵਿਚ 'ਜਪ ਤਪ ਸਮਾਗਮ' ਵਿਚ ਇਕ ਰਾਗੀ ਅਤੇ ਉਸ ਦੇ ਨਾਲ ਦੀਆਂ ਬੀਬੀਆਂ ਨੇ ਰਾਮ ਤੇ ਕ੍ਰਿਸ਼ਨ ਦਾ ਕੀਰਤਨ ਕੀਤਾ

25 ਮਾਰਚ 2014 ਦੇ ਦਿਨ ਰਾਏਪਰ ਵਿਚ ਹੋਏ 'ਜਪ ਤਪ ਸਮਾਗਮ' ਵਿਚ ਇਕ ਰਾਗੀ ਅਤੇ ਉਸ ਦੇ ਨਾਲ ਦੀਆਂ ਬੀਬੀਆਂ ਨੇ "ਹਰੇ ਰਾਮ ਹਰੇ ਰਾਮਾ ਰਾਮ ਰਾਮ ਹਰੇ ਹਰੇ; ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨਾ ਕਿਸ਼ਨਾ ਕ੍ਰਿਸ਼ਨਾ ਹਰੇ ਹਰੇ' ਨੂੰ ਕੀਰਤਨ ਵਜੋਂ ਗਾਇਆ ਤੇ ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ। ਇਹ ਪ੍ਰੋਗਰਾਮ 'ਸ਼ਰਧਾ' ਚੈਨਲ ਤੋਂ ਲਾਈਵ ਆ ਰਿਹਾ ਸੀ। ਉਸ ਮਗਰੋਂ ਵੀ ਕਿਸੇ ਨੇ ਇਸ 'ਤੇ ਕੋਈ ਐਕਸ਼ਨ ਨਹੀਂ ਲਿਆ।

2014: ਅਰੁਣ ਜੇਤਲੀ ਨੇ ਜੂਨ 1984 ਦੇ ਹਮਲੇ ਸਬੰਧੀ ਯਾਦਗਾਰ ਦਾ ਵਿਰੋਧ ਕੀਤਾ

25 ਮਾਰਚ 2014 ਦੇ ਦਿਨ ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਉਮੀਦਵਾਰ ਅਰੁਣ ਜੇਤਲੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਜੂਨ 1984 ਦੇ ਹਮਲੇ ਸਬੰਧੀ ਦਰਬਾਰ ਸਾਹਿਬ ਵਿਚ ਬਣਾਈ ਯਾਦਗਾਰ ਨੂੰ ਗ਼ਲਤ ਮੰਨਦੀ ਹੈ। ਉਸ ਨੇ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਸਿੱਖਾਂ ਨਾਲ ਸਭ ਤੋਂ ਵਧ ਨਫ਼ਰਤ ਕਰਨ ਵਾਲੇ ਹਰਬੰਸ ਲਾਲ ਖੰਨਾ ਮੈਮੋਰੀਅਲ ਵਿਚ ਕੀਤਾ ਅਤੇ ਉਸ ਦੇ ਬੁੱਤ 'ਤੇ ਹਾਰ ਵੀ ਪਾਏ। ਇਹ ਹਰਬੰਸ ਲਾਲ ਖੰਨਾ ਉਹੀ ਸਿੱਖ ਦੁਸ਼ਮਣ ਸੀ ਜਿਸ ਨੇ 1982 ਵਿਚ ਦਰਬਾਰ ਸਾਹਿਬ ਵਲ ਕੂਚ ਕਰ ਕੇ ਇਨਫ਼ਰਮੇਸ਼ਨ ਹਾਊਸ 'ਤੇ ਪੱਥਰ ਸੁਟਵਾਏ ਸਨ ਅਤੇ ਰੇਲਵੇ ਸਟੇਸ਼ਨ 'ਤੇ ਪਏ ਦਰਬਾਰ ਸਾਹਿਬ ਦੇ ਮਾਡਲ ਨੂੰ ਮ ਤੋੜ ਕੇ ਗੁਰੂ ਰਾਮਦਾਸ ਜੀ ਦੀ ਤਸਵੀਰ ਪਾੜ ਕੇ ਉਸ ਨੂੰ ਸਿਗਰਟ ਨਾਲ ਸਾੜਿਆ ਸੀ।

2014: ਸੋਨੀਆ ਨੇ ਸਿੱਖ ਕਾਤਲਾਂ ਨੂੰ ਚੋਣ ਕਮੇਟੀ ਵਿਚ ਖ਼ਾਸ ਦਰਜਾ ਦਿੱਤਾ

25 ਮਾਰਚ 2014 ਦੇ ਦਿਨ ਸੋਨੀਆ ਗਾਂਧੀ ਨੇ ਲੋਕ ਸਭਾ ਚੋਣਾਂ ਲੜਨ ਵਾਸਤੇ ਬਣਾਈ ਕਾਂਗਰਸ ਪਾਰਟੀ ਦੀ 65 ਮੈਂਬਰੀ ਉਚ ਕੋਟੀ ਦੀ ਕਮੇਟੀ ਵਿਚ ਸਿੱਖਾਂ ਦੇ ਕਾਤਲਾਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਸਭ ਤੋਂ ਉਚੇ ਦਰਜੇ 'ਤੇ ਰੱਖਿਆ।

26 ਮਾਰਚ

1931: ਮੌਜੂਦਾ ਤਿਰੰਗਾ ਝੰਡਾ ਬਣਾਉਣ ਵਾਸਤੇ ਕਮੇਟੀ ਬਣੀ

1930 ਵਿਚ (ਆਜ਼ਾਦ) ਭਾਰਤ ਦੇ ਝੰਡੇ ਬਾਰੇ ਝਗੜਾ ਚਲ ਰਿਹਾ ਸੀ। ਇਸ ਝੰਡੇ ਵਿਚ ਲਾਲ (ਹਿੰਦੂ ਧਰਮ ਦਾ), ਹਰਾ (ਮੁਸਲਮਾਨਾਂ ਦਾ) ਅਤੇ ਚਿੱਟਾ (ਬਾਕੀ ਸਾਰੀਆਂ ਕੌਮਾਂ ਦਾ) ਰੰਗ ਸਨ। ਸਿੱਖ ਆਗੂਆਂ ਦੀ ਮੰਗ ਸੀ ਕਿ ਇਸ ਵਿਚ ਸਿੱਖਾਂ ਦਾ 'ਕੇਸਰੀ' ਰੰਗ ਵੀ ਸ਼ਾਮਿਲ ਕੀਤਾ ਜਾਵੇ। ਝੰਡੇ ਵਿਚ ਸਿੱਖਾਂ ਦਾ ਰੰਗ ਪਾਉਣ ਦੀ ਮੰਗ 1930 ਵਿਚ ਸ਼ੁਰੂ ਨਹੀਂ ਸੀ ਹੋਈ। ਇਸ ਦੀ ਚਰਚਾ ਤਾਂ 1920-21 ਤੋਂ ਵੀ ਪਹਿਲਾਂ ਤੋਂ ਚਲ ਰਹੀ ਸੀ ਤੇ ਕਾਂਗਰਸ ਨੇ ਸਿੱਖਾਂ ਨਾਲ ਵਾਅਦੇ ਵੀ ਕੀਤੇ ਸਨ। ਇਸ ਬਾਰੇ ਅਖ਼ਬਾਰਾਂ ਵਿਚ ਚਰਚਾ ਚਲਦਾ ਰਿਹਾ ਸੀ। 1930 ਵਿਚ ਜਦੋਂ ਕਾਂਗਰਸ ਨੇ ਸਫ਼ੈਦ ਉੱਪਰ ਅਤੇ ਸਬਜ਼ (ਹਰਾ) ਰੰਗ ਹੇਠਾਂ ਰਖ ਕੇ ਝੰਡਾ ਬਣਾ ਲਿਆ ਤਾਂ ਸਿੱਖਾਂ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ।

ਜਦੋਂ ਸਿੱਖਾਂ ਵਲੋਂ ਕੀਤੀ ਮੁਖ਼ਾਲਫ਼ਤ ਦੀ ਗੱਲ ਗਾਂਧੀ ਤਕ ਪੁੱਜੀ ਤਾਂ ਉਸ ਨੇ ਇਸ ਦੇ ਜਵਾਬ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਇਕ ਹਿੱਸਾ ਆਖ ਕੇ ਸਿੱਖਾਂ ਨੂੰ ਹੋਰ ਗੁੱਸੇ ਵਿਚ ਲੈ ਆਂਦਾ। ਸਿੱਖਾਂ ਨੇ ਹਮੇਸ਼ਾਂ ਹੀ ਇਸ ਗੱਲ ਦੀ ਮੁਜ਼ੰਮਤ ਕੀਤੀ ਹੈ ਕਿ ਉਨ੍ਹਾਂ ਨੂੰ 'ਹਿੰਦੂਆਂ ਦਾ ਇਕ ਹਿੱਸਾ' ਕਿਹਾ ਜਾਵੇ ਕਿਉਂਕਿ ਸਿੱਖਾਂ ਤੇ ਹਿੰਦੂਆਂ ਦੇ ਧਾਰਮਿਕ ਫ਼ਲਸਫ਼ੇ ਤੇ ਕਲਚਰ ਵਿਚ 90 ਫ਼ੀ ਸਦੀ ਤੋਂ ਵਧ ਵਖਰੇਵਾਂ ਹੈ ਤੇ ਦੂਜੇ ਪਾਸੇ ਜਿੰਨੀ ਕੁ ਸਾਂਝ ਹਿੰਦੂਆਂ ਤੇ ਸਿੱਖਾਂ ਵਿਚ ਹੈ ਓਨੀ ਤਾਂ ਸਿੱਖੀ ਤੇ ਇਸਲਾਮ ਵਿਚ ਜਾਂ ਸਿੱਖੀ ਅਤੇ ਈਸਾਈਅਤ ਵਿਚ ਵੀ ਹੈ। ਪਰ ਫਿਰ ਵੀ ਫ਼ਿਰਕਾਪ੍ਰਸਤ ਹਿੰਦੂ ਆਨੇ-ਬਹਾਨੇ ਸਿੱਖਾਂ 'ਤੇ ਅਜਿਹੇ ਹਮਲੇ ਕਰਦੇ ਹੀ ਰਹਿੰਦੇ ਸਨ। ਸਿੱਖਾਂ ਨਾਲ (ਅਜਿਹੀ ਤੇ ਹੋਰ ਨੁਕਤਿਆਂ ਬਾਰੇ) ਨਫ਼ਰਤ ਵਿਚ ਗਾਂਧੀ ਵੀ ਕਿਸੇ ਹੋਰ ਫ਼ਿਰਕੂ ਹਿੰਦੂ ਤੋਂ ਵੱਖਰਾ ਨਹੀਂ ਸੀ।

ਖ਼ੈਰ, ਸਿੱਖਾਂ ਦੀ ਨਹਿਰੂ ਰਿਪੋਰਟ ਵਾਸਤੇ ਮੁਖ਼ਾਲਫ਼ਤ ਤੋਂ ਗਾਂਧੀ ਤੇ ਮੋਤੀ ਲਾਲ ਪਹਿਲੋਂ ਹੀ ਸਬਕ ਸਿੱਖ ਚੁਕੇ ਸਨ। ਇਸ ਕਰ ਕੇ ਹੁਣ ਝੰਡੇ ਦੇ ਸਵਾਲ ਤੇ ਉਹ ਬੇਵਕੂਫ਼ੀ ਕਰਨਾ ਨਹੀਂ ਚਾਹੁੰਦੇ ਸਨ। ਇਹ ਸੋਚ ਕੇ ਗਾਂਧੀ ਨੇ ਕਾਂਗਰਸ ਦੇ ਝੰਡੇ ਦੇ ਸਵਾਲ 'ਤੇ ਇਕ ਕਮੇਟੀ ਬਣਾ ਦਿਤੀ ਜਿਸ ਵਿਚ ਜਵਾਹਰ ਲਾਲ ਨਹਿਰੂ ਤੇ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ।

ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਰੰਗ ਨਾ ਹੋਣ ਕਰ ਕੇ ਬਾਬਾ ਖੜਕ ਸਿੰਘ ਨੇ ਐਲਾਨ ਕੀਤਾ ਕਿ ਸਿੱਖ ਕਾਂਗਰਸ ਪਾਰਟੀ ਦੀ ਐਜੀਟੇਸ਼ਨ ਵਿਚ ਹਿੱਸਾ ਨਹੀਂ ਲੈਣਗੇ। ਮਾਸਟਰ ਤਾਰਾ ਸਿੰਘ ਨੇ ਵੀ ਇਸ ਨੁਕਤੇ 'ਤੇ ਉਸ ਦੀ ਹਿਮਾਇਤ ਕੀਤੀ ਪਰ ਨਾਲ ਹੀ ਐਲਾਨ ਕੀਤਾ ਕਿ ਸਿੱਖ ਸਿਵਲ ਨਾ-ਫ਼ੁਰਮਾਨੀ ਦੀ ਜੱਦੋ-ਜਹਿਦ ਵਿਚ ਪਿੱਛੇ ਨਹੀਂ ਰਹਿਣਗੇ; ਉਸ ਨੇ ਕਿਹਾ ਕਿ 'ਗਾਂਧੀ ਨੇ ਵਾਅਦੇ ਦੇ ਬਾਵਜੂਦ ਸਿੱਖਾਂ ਦਾ ਰੰਗ ਆਪਣੇ ਝੰਡੇ ਵਿਚ ਸ਼ਾਮਿਲ ਨਹੀਂ ਕੀਤਾ। ਸਿੱਖ ਇਸ ਕਰ ਕੇ ਕੁੜਿੱਕੀ ਵਿਚ ਹਨ। ਜੇ ਸਿੱਖਾਂ ਨੇ ਇਸ ਲਹਿਰ ਵਿਚ ਹਿੱਸਾ ਨਾ ਪਾਇਆ ਤੇ ਗਾਂਧੀ ਦੀ ਜੱਦੋਜਹਿਦ ਕਾਮਯਾਬ ਹੋ ਗਈ ਤਾਂ ਸਿੱਖਾਂ ਨੂੰ ਇਸ ਵਿਚ ਕੋਈ ਥਾਂ ਨਹੀਂ ਮਿਲੇਗੀ ਅਤੇ ਜੇ ਕਰ ਇਹ ਜੱਦੋਜਹਿਦ ਫੇਲ੍ਹ ਹੋ ਗਈ ਤਾਂ ਉਨ੍ਹਾਂ ਉੱਤੇ ਜ਼ਿੰਮੇਦਾਰੀ ਆਵੇਗੀ। ਸਿੱਖਾਂ ਨੂੰ ਆਪਣੇ ਹੀ ਨਿਸ਼ਾਨ ਸਾਹਿਬ ਹੇਠ ਜੱਦੋਜਹਿਦ ਵਿਚ ਹਿੱਸਾ ਲੈਣਾ ਚਾਹੀਦਾ ਹੈ।' ਬਾਬਾ ਖੜਕ ਸਿੰਘ ਦੀ ਮੁਖ਼ਾਲਫ਼ਤ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਤੇ ਊਧਮ ਸਿੰਘ ਨਾਗੋਕੇ ਦੇ ਸਾਥੀਆਂ ਨੇ ਅਕਾਲੀ ਦਲ ਦੇ ਝੰਡੇ ਹੇਠ ਸਿਵਲ ਨਾ-ਫ਼ੁਰਮਾਨੀ ਵਿਚ ਹਿੱਸਾ ਲਿਆ; ਦਲ ਨੇ 5000 ਵਾਲੰਟੀਅਰ ਤਿਆਰ ਕੀਤੇ ਸਨ। ਪੰਜਾਬ ਵਿਚ ਗ੍ਰਿਫ਼ਤਾਰੀਆਂ ਦੇਣ ਵਾਲੇ 7000 ਲੋਕਾਂ ਵਿਚੋਂ 3000 ਤੋਂ ਵਧ ਅਕਾਲੀ ਸਨ (ਪੰਜਾਬ ਵਿਚ ਸਿੱਖਾਂ ਦੀ ਆਬਾਦੀ ਸਿਰਫ਼ 13 ਫ਼ੀ ਸਦੀ ਸੀ ਪਰ ਗ੍ਰਿਫ਼ਤਾਰੀਆਂ ਵਿਚ ਉਨ੍ਹਾਂ ਦਾ ਹਿੱਸਾ 42 ਫ਼ੀ ਸਦੀ ਸੀ)।

ਨਵੰਬਰ 1930 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਬਾਬਾ ਖੜਕ ਸਿੰਘ ਨੇ ਮਤਾ ਰਖਿਆ ਕਿ ਜੇ ਸਿੱਖਾਂ ਦਾ ਰੰਗ ਝੰਡੇ ਵਿਚ ਨਾ ਪਾਇਆ ਗਿਆ ਤਾਂ ਸਿੱਖ ਕਾਂਗਰਸ ਦਾ ਸਾਥ ਦੇਣ ਤੋਂ ਨਾਂਹ ਕਰ ਦੇਣ। ਬਾਬਾ ਖੜਕ ਸਿੰਘ ਦਾ ਮਤਾ 7 ਦੇ ਮੁਕਾਬਲੇ 9 ਵੋਟਾਂ ਨਾਲ ਰਹਿ ਗਿਆ। ਇਸ ਨਾਲ ਤੇਜਾ ਸਿੰਘ ਅਕਰਪੁਰੀ, ਵਰਿਆਮ ਸਿੰਘ ਅਤੇ ਭਾਗ ਸਿੰਘ ਵਕੀਲ ਨੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿਤਾ।

ਝੰਡੇ ਵਿਚ ਸਿੱਖਾਂ ਦੇ ਰੰਗ ਦੇ ਸਵਾਲ 'ਤੇ ਏਨਾ ਰੌਲਾ ਪਿਆ ਕਿ 25-26 ਮਾਰਚ 1931 ਦੇ ਦਿਨ ਕਰਾਚੀ ਕਾਂਗਰਸ ਵਿਚ ਝੰਡੇ ਦਾ ਮਸਲਾ ਹੱਲ ਕਰਨ ਵਾਸਤੇ ਇਕ ਚਾਰ-ਮੈਂਬਰੀ ਕਮੇਟੀ ਬਣਾਉਣੀ ਪਈ ਜਿਸ ਵਿਚ ਮਾਸਟਰ ਤਾਰਾ ਸਿੰਘ ਵੀ ਮੈਂਬਰ ਸੀ। ਇਸ ਕਮੇਟੀ ਵਲੋਂ ਸਫ਼ੈਦ (ਹਿੰਦੂ) ਤੇ ਹੇਠਾਂ ਹਰੇ (ਮੁਸਲਿਮ) ਰੰਗ ਵਾਲੇ ਝੰਡੇ 'ਚ ਸਭ ਤੋਂ ਉੱਪਰ ਕੇਸਰੀ (ਸਿੱਖ ਨੁਮਾਇੰਦਗੀ ਵਜੋਂ) ਰੰਗ ਪਾ ਕੇ ਤਿਰੰਗਾ ਬਣਾ ਲਿਆ ਗਿਆ। (ਇਸ ਕਮੇਟੀ ਨੇ ਧਰਮਾਂ ਦੀ ਲੜਾਈ ਖ਼ਤਮ ਕਰਨ ਵਾਸਤੇ, ਮਗਰੋਂ ਇਹ ਬਿਆਨ ਦਿਤਾ

ਕਿ ਇਹ ਰੰਗ ਧਰਮਾਂ ਦੀ ਬਜਾਇ ਕੁਰਬਾਨੀ, ਅਮਨ ਤੇ ਖ਼ੁਸ਼ਹਾਲੀ ਦੀ ਨੁਮਾਇੰਦਗੀ ਕਰਦੇ ਮੰਨੇ ਜਾਣਗੇ)।

ਜਦੋਂ ਕਾਂਗਰਸ ਦੇ ਝੰਡੇ ਵਿਚ ਕੇਸਰੀ ਰੰਗ ਸ਼ਾਮਿਲ ਕਰ ਦਿਤਾ ਗਿਆ ਤਾਂ ਬਾਬਾ ਖੜਕ ਸਿੰਘ ਦੀ ਫੇਰ ਵੀ ਤਸੱਲੀ ਨਾ ਹੋਈ। ਉਨ੍ਹਾਂ ਕੇਸਰੀ ਰੰਗ ਤੇ ਵੀ ਇਤਰਾਜ਼ ਕਰ ਦਿਤਾ। ਉਨ੍ਹਾਂ ਆਖਿਆ ਕਿ ਸਿੱਖਾਂ ਦਾ ਰੰਗ ਪੀਲਾ ਹੈ। ਇਕ ਵਾਰ ਉਨ੍ਹਾਂ ਕਾਲਾ ਰੰਗ ਸ਼ਾਮਿਲ ਕਰਨ ਦੀ ਮੰਗ ਵੀ ਕੀਤੀ। (ਉਂਵ ਗੁਰੂ ਸਾਹਿਬ ਵੇਲੇ ਸਿੱਖਾਂ ਦੇ ਨਿਸ਼ਾਨ ਸਾਹਿਬ ਦਾ ਰੰਗ **ਨੀਲਾ** ਸੀ ਅਤੇ ਰਣਜੀਤ ਸਿੰਘ ਕਾਲ ਵਿਚ ਇਹ ਰੰਗ ਕੇਸਰੀ ਬਣ ਗਿਆ ਸੀ)। ਖ਼ੈਰ, ਬਾਬਾ ਖੜਕ ਸਿੰਘ ਨੇ ਕਈ ਸਾਲ ਤਕ ਕਾਂਗਰਸ ਦੇ ਝੰਡੇ ਦੇ ਰੰਗਾਂ ਦਾ ਰੇੜਕਾ ਪਾਈ ਰੱਖਿਆ।

1986: ਪਰਗਟ ਸਿੰਘ ਤੇ ਕੁਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

26 ਮਾਰਚ 1986 ਦੇ ਦਿਨ ਪੰਜਾਬ ਪੁਲੀਸ ਨੇ ਪਰਗਟ ਸਿੰਘ ਤੇ ਕੁਲਵਿੰਦਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਵੱਸਣ ਸਿੰਘ ਸਾਰਲੀ ਤੇ ਸੁਖਦੇਵ ਸਿੰਘ ਲਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

26 ਮਾਰਚ 1991 ਦੇ ਦਿਨ ਪੰਜਾਬ ਪੁਲੀਸ ਨੇ ਵੱਸਣ ਸਿੰਘ ਸਾਰਲੀ ਤੇ ਸੁਖਦੇਵ ਸਿੰਘ ਲਾਲੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਬਾਦਲ ਸਰਕਾਰ ਵੱਲੋਂ ਝੂਠੇ ਕੇਸ ਵਿਚ ਗ੍ਰਿਫ਼ਤਾਰ ਕੀਤੇ ਸਿੱਖ ਬਰੀ ਹੋਏ

26 ਮਾਰਚ 2014 ਦੇ ਦਿਨ ਇਕ ਅਦਾਲਤ ਨੇ ਬਾਦਲ ਸਰਕਾਰ ਵੱਲੋਂ 19 ਮਾਰਚ 2010 ਦੇ ਦਿਨ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਬਾਇਜ਼ਤ ਬਰੀ ਕਰ ਦਿੱਤਾ। ਇਨ੍ਹਾਂ ਨੂੰ ਜ਼ੀਰਕਪੁਰ ਥਾਨਾ ਦੇ ਮੁਖੀ ਯੋਗੀ ਰਾਜ ਨੇ, 18-18 ਮਾਰਚ 2010 ਦੀ ਰਾਤ ਨੂੰ ਗੁਰਦੁਆਰਾ ਨਾਭਾ ਸਾਹਿਬ ਕੋਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ 'ਤੇ ਧਾਰਾ 17/18/20 ਅਨਲਾਅਫ਼ੁਲ ਐਕਟੀਵਿਟੀਜ਼ ਐਕਟ, 3/4/5 ਐਕਸਪਲੋਸਿਵ ਐਕਟ, 25/54/59 ਅਸਲਾ ਐਕਟ ਹੇਠ ਕੇਸ ਪਾਏ ਹੋਏ ਸਨ। ਇਸ ਸਨ: ਹਰਮਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਖਾਲਸਾ (ਦੋਵੇਂ ਸ਼ਿੰਗਾਰ ਬੰਬ ਕੇਸ), ਬਲਬੀਰ ਸਿੰਘ ਭੂਤਨਾ, (ਲਿਲੀ ਸ਼ਰਮਾ ਸੌਦਾ ਸਾਧ ਕਤਲ ਕੇਸ), ਪਿਆਰਾ ਸਿੰਘ, ਪਰਸ਼ੋਤਮ ਸਿੰਘ, ਨਿਰਮਲ ਸਿੰਘ ਭੋਮਾ, ਤਰਵਿੰਦਰ ਸਿੰਘ ਢਿੱਲੋਂ, ਦਲਜੀਤ ਕੁਮਾਰ ਦੀਪਕ।

27 ਮਾਰਚ

1629: ਮਾਤਾ ਗੰਗਾ ਜੀ ਚੜ੍ਹਾਈ ਕਰ ਗਏ

27 ਮਾਰਚ 1629 ਦੇ ਦਿਨ ਗੁਰੂ ਅਰਜਨ ਸਾਹਿਬ ਦੇ ਮਹਿਲ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਮਾਤਾ ਗੰਗਾ ਜੀ ਬਕਾਲਾ ਵਿਚ ਚੜ੍ਹਾਈ ਕਰ ਗਏ; ਉਨ੍ਹਾਂ ਦਾ ਜਿਸਮ ਜਲ-ਪ੍ਰਵਾਹ ਕੀਤਾ ਗਿਆ।

1915: ਗ਼ਦਰੀ ਆਗੂਆਂ ਨੂੰ ਫ਼ਾਂਸੀ ਦਿਤੀ ਗਈ

27 ਮਾਰਚ 1915 ਦੇ ਦਿਨ ਗ਼ਦਰੀ ਆਗੂਆਂ ਕਾਸ਼ੀ ਰਾਮ (ਵਾਸੀ ਮੜੌਲੀ) ਤੇ ਜੀਵਨ ਸਿੰਘ (ਵਾਸੀ ਦੌਲੇ ਸਿੰਘ ਵਾਲਾ-ਪਟਿਆਲਾ) ਨੂੰ ਲਾਹੌਰ ਜੇਲ੍ਹ ਵਿਚ; ਅਤੇ ਰਹਿਮਤ ਅਲੀ, ਲਾਲ ਸਿੰਘ (ਵਾਸੀ ਸਾਹਿਬਆਣਾ) ਤੇ ਜਗਤ ਸਿੰਘ (ਵਾਸੀ ਬਿੰਝਲ, ਲੁਧਿਆਣਾ) ਨੂੰ ਮਿੰਟਗੁਮਰੀ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ।

1917: ਗ਼ਦਰੀ ਆਗੂਆਂ ਨੂੰ ਫ਼ਾਂਸੀ ਦਿਤੀ ਗਈ

27 ਮਾਰਚ 1917 ਦੇ ਦਿਨ ਗ਼ਦਰੀ ਆਗੂ ਡਾ ਮਥਰਾ ਸਿੰਘ (ਵਾਸੀ ਢੁਡਿਆਲ, ਜਿਹਲਮ) ਨੂੰ ਲਾਹੌਰ ਜੇਲ ਵਿਚ ਫ਼ਾਂਸੀ ਦਿਤੀ ਗਈ।

1923: ਬਬਰ ਅਕਾਲੀਆਂ ਨੇ ਮੁਖ਼ਬਰ ਹਜ਼ਾਰਾ ਸਿੰਘ ਬਹਿਬਲਪੁਰ ਨੂੰ ਕਤਲ ਕੀਤਾ

27 ਮਾਰਚ 1923 ਦੇ ਦਿਨ ਬਬਰ ਅਕਾਲੀਆਂ ਧੰਨਾ ਸਿੰਘ (ਵਾਸੀ ਬਹਿਬਲਪੁਰ), ਊਦੇ ਸਿੰਘ (ਵਾਸੀ ਰਾਮਪੁਰ ਝੰਗੀਆਂ) ਅਤੇ ਕਰਮ ਸਿੰਘ (ਵਾਸੀ ਦੌਲਤਪੁਰ) ਨੇ ਪੁਲਸ ਦੇ ਮੁਖ਼ਬਰ ਨੰਬਰਦਾਰ ਹਜ਼ਾਰਾ ਸਿੰਘ (ਵਾਸੀ ਬਹਿਬਲਪੁਰ) ਨੂੰ ਕਤਲ ਕੀਤਾ।

1844: ਸੁਚੇਤ ਸਿੰਹ ਡੋਗਰਾ ਮਾਰਿਆ ਗਿਆ

ਸੁਚੇਤ ਸਿੰਹ ਡੋਗਰਾ ਰਣਜੀਤ ਸਿੰਘ ਦੀ ਹਕੂਮਤ ਵਿਚੋਂ ਲੁੱਟ ਦੇ ਮਾਲ ਦਾ ਹਿੱਸਾ ਵੰਡਾਉਣ ਦੀ ਖ਼ਾਹਿਸ਼ ਨਾਲ ਲਾਹੌਰ ਪੁੱਜਾ; ਪਰ 27 ਮਾਰਚ 1844 ਦੇ ਦਿਨ ਆਪਣੇ ਭਤੀਜੇ ਹੀਰਾ ਸਿੰਹ ਡੋਗਰਾ ਦੀ ਫ਼ੌਜ ਨਾਲ ਲੜਦਾ ਮਾਰਿਆ ਗਿਆ।

1939: ਅਕਾਲੀ ਦਲ ਵੱਲੋਂ 'ਅਕਾਲ ਰਜਮੰਟ' ਕਾਇਮ ਕਰਨ ਦਾ ਫੈਸਲਾ

ਮੁਸਲਮਾਨਾਂ ਵੱਲੋਂ ਫ਼ਿਰਕੂ ਹਮਲਿਆਂ ਨੂੰ ਮੁੱਖ ਰਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 27 ਮਾਰਚ 1939 ਦੇ ਦਿਨ 'ਅਕਾਲ ਰਜਮੰਟ' ਦੇ ਨਾਂ ਇਕ ਵਾਲੰਟੀਅਰ ਫ਼ੌਜ ਬਣਾਉਣ ਦਾ ਫ਼ੈਸਲਾ ਕੀਤਾ। ਮਾਸਟਰ ਤਾਰਾ ਸਿੰਘ ਇਸ ਅਕਾਲ ਰਜਮੰਟ ਦੇ ਪਹਿਲੇ 'ਚੀਫ਼ ਆਫ਼ ਆਰਮੀ' ਬਣਾਏ ਗਏ। ਮਗਰੋਂ 10-11 1940 ਫ਼ਰਵਰੀ ਦੇ ਦਿਨ ਅਕਾਲੀ ਕਾਨਫ਼ਰੰਸ ਅਟਾਰੀ ਵਿਚ ਹੋਈ। ਇਸ ਵਿਚ ਅਕਾਲੀ ਦਲ ਦੀ ਨਵੀਂ ਨੀਮ-ਫ਼ੌਜੀ ਜਥੇਬੰਦੀ ਅਕਾਲ ਰਜਮੰਟ ਦੇ 10,000 ਸਿੱਖਾਂ ਨੇ ਜਲੂਸ ਵਿਚ ਸ਼ਾਮਿਲ ਹੋ ਕੇ ਅਪਣੀ ਤਾਕਤ ਦੀ ਨੁਮਾਇਸ਼ ਕੀਤੀ।

1955: ਫ਼ਿਰਕੂ ਹਿੰਦੂਆਂ ਵੱਲੋਂ ਮਹਾਂ ਪੰਜਾਬ ਦੇ ਹੱਕ ਵਿਚ ਤੇ ਪੰਜਾਬੀ ਸੂਬਾ ਦੇ ਖ਼ਿਲਾਫ਼ ਕਾਨਫ਼ਰੰਸ

5 ਮਾਰਚ 1955 ਦੇ ਦਿਨ ਪਟਿਆਲੇ ਵਿਚ ਇਕ ਹਿੰਦੂ ਕਾਨਫ਼ਰੰਸ ਹੋਈ। ਇਸ ਵਿਚ ਸੇਠ ਰਾਮ ਨਾਥ, ਠਾਕਰ ਨਵਲ ਕਿਸ਼ੋਰ, ਚੌਧਰੀ ਕਰਤਾਰ ਸਿੰਹ ਵੀ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ। ਅਪ੍ਰੈਲ ਵਿਚ ਅੰਬਾਲੇ ਵਿਚ ''ਆਲ ਇੰਡੀਆ ਲਿੰਗੁਇਸਟਿਕ ਕਾਨਫ਼ਰੰਸ'' ਹੋਈ। ਇਸ ਦੀ ਪ੍ਰਧਾਨਗੀ ਡਾਕਟਰ ਲੰਕਾ ਸੁੰਦਰਮ ਨੇ ਕੀਤੀ। ਇਸ ਕਾਨਫ਼ਰੰਸ ਨੇ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਇਸ ਦੇ ਮੁਕਾਬਲੇ ਵਿਚ ਫ਼ਿਰਕੂ ਹਿੰਦੂਆਂ ਨੇ 27 ਮਾਰਚ 1955 ਦੇ ਦਿਨ ਅੰਮ੍ਰਿਤਸਰ ਵਿਚ 'ਮਹਾਂ ਪੰਜਾਬ ਕਾਨਫ਼ਰੰਸ' ਕੀਤੀ ਜਿਸ ਵਿਚ ਇਨ੍ਹਾਂ ਨੇ ਸਿੱਖਾਂ ਦੇ ਖ਼ਿਲਾਫ਼ ਬੜੇ ਭੜਕਾਊ ਲਫ਼ਜ਼ ਵਰਤੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਮਾਸਟਰ ਤਾਰਾ ਸਿੰਘ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ। ਇਸ ਕਾਨਫ਼ਰੰਸ ਤੋਂ ਬਾਅਦ ਦਹਿਸ਼ਤਗਰਦ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਫਿਰ ਪੰਜਾਬੀ ਸੂਬਾ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖਾਂ ਦੇ ਖ਼ਿਲਾਫ਼ ਲਗਾਤਾਰ ਬਿਆਨ ਦੇਣੇ ਸ਼ੁਰੂ ਕਰ ਦਿੱਤੇ। ਹਿੰਦੂ ਜਿਥੇ ਵੀ ਇਕੱਠੇ ਹੁੰਦੇ, ਸਿੱਖਾਂ ਨੂੰ ਚਿੜਾਉਣ ਅਤੇ ਉਨ੍ਹਾਂ ਦੇ ਖ਼ਿਲਾਫ਼ ਮਾੜੇ ਲਤੀਫ਼ੇ ਬਣਾਉਣ ਦੀਆਂ ਅਤੇ ਉਨ੍ਹਾਂ 'ਤੇ ਪੱਥਰ ਮਾਰਨ ਤਕ ਵਰਗੀਆਂ ਹਰਕਤਾਂ ਪੰਜਾਬ ਵਿਚ ਆਮ ਕਰਨ ਲੱਗ ਪਏ ਸਨ। ਪੰਜਾਬੀ ਸੂਬਾ ਹਿੰਦੂਆਂ ਨੂੰ 'ਹਊਆ' ਨਜ਼ਰ ਆਉਂਦਾ ਸੀ।

ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਆਮ ਹਿਦੂ 'ਪੰਜਾਬੀ ਸੂਬਾ ਮੁਰਦਾਬਾਦ' ਦੇ ਨਾਅਰੇ ਲਾਉਂਦੇ ਨਜ਼ਰ ਆ ਸਕਦੇ ਸਨ।

1970: ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਪੰਜਾਬ ਦਾ ਚੀਫ਼ ਮਨਿਸਟਰ ਬਣਿਆ

25 ਮਾਰਚ 1970 ਦੇ ਦਿਨ ਐਪਰੋਪਰੀਏਸ਼ਨ ਬਿੱਲ 'ਤੇ ਹਾਰ ਹੋਣ ਮਗਰੋਂ ਜਸਟਿਸ ਗੁਰਨਾਮ ਸਿੰਘ ਵਜ਼ਾਰਤ ਨੇ ਅਸਤੀਫ਼ਾ ਦੇ ਦਿੱਤਾ ਸੀ। 26 ਮਾਰਚ 1970 ਦੇ ਦਿਨ ਅਕਾਲੀ ਐਮ.ਐਲ.ਏਜ਼. ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਅਸੈਂਬਲੀ ਪਾਰਟੀ ਦਾ ਆਗੂ ਚੁਣ ਲਿਆ। ਜਨਸੰਘ, ਸੁਤੰਤਰ ਤੇ ਸੋਸ਼ਲਿਸਟਾਂ ਨੇ ਵੀ ਬਾਦਲ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। 26 ਤਾਰੀਖ਼ ਨੂੰ ਬਾਦਲ ਆਪਣੇ ਨਾਲ 54 ਹਿਮਾਇਤੀਆਂ ਨੂੰ ਲੈ ਕੇ ਗਵਰਨਰ ਦੀ ਕੋਠੀ 'ਤੇ ਪਹੁੰਚ ਗਿਆ। ਇਸ ਤੋਂ ਬਿਨਾਂ ਉਸ ਨੇ 2 ਮਾਰਕਸਵਾਦੀ ਮੈਂਬਰਾਂ ਦੀ ਹਿਮਾਇਤ ਦਾ ਦਾਅਵਾ ਵੀ ਕੀਤਾ। ਇਸੇ ਦਿਨ 28 ਕਾਂਗਰਸੀ, 7 ਅਕਾਲੀ ਮੈਂਬਰਾਂ ਨੂੰ ਲੈ ਕੇ ਗੁਰਨਾਮ ਸਿੰਘ ਵੀ ਗਵਰਨਰ ਨੂੰ ਮਿਲਿਆ। ਪਰ ਗਵਰਨਰ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਦੇ ਦਿੱਤਾ। 27 ਮਾਰਚ 1970 ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ।ਇਹ ਬਾਦਲ ਦੀ ਪਹਿਲੀ ਚੀਫ਼ ਮਨਿਸਟਰੀ ਸੀ।

1988: ਭਿੰਡਰਾ-ਮਹਿਤਾ ਜਥਾ ਦੇ ਭਾਈ ਮੋਹਕਮ ਸਿੰਘ, ਸੂਰਤ ਸਿੰਘ ਤੇ ਗੱਜਾ ਸਿੰਘ ਰਿਹਾ; ਮੇਜਰ ਜਨਰਲ ਨਰਿੰਦਰ ਸਿੰਘ ਵੀ ਰਿਹਾ

ਅੰਦਰੋ-ਅੰਦਰੀਂ ਹੋਏ ਸਮਝੌਤੇ ਹੇਠ ਸਰਕਾਰ ਨੇ ਜਸਬੀਰ ਸਿੰਘ ਰੋਡੇ ਨੂੰ ਰਿਹਾ ਕਰ ਕੇ ਅਕਾਲ ਤਖ਼ਤ ਤੇ ਬਿਠਾਉਣ ਮਗਰੋਂ 27 ਮਾਰਚ ਨੂੰ ਮੋਹਕਮ ਸਿੰਘ ਤੇ ਗੱਜਾ ਸਿੰਘ ਰਿਹਾਅ ਕਰ ਦਿੱਤੇ। ਇਸ ਮਗਰੋਂ 1965 ਦੀ ਜੰਗ ਦਾ ਹੀਰੋ ਮੇਜਰ ਜਨਰਲ ਨਰਿੰਦਰ ਸਿੰਘ ਤੇ ਭਾਈ ਸੂਰਤ ਸਿੰਘ ਵੀ ਰਿਹਾਅ ਕਰ ਦਿੱਤੇ ਗਏ। ਰਾਜੀਵ ਗਾਂਧੀ ਇਹ ਸਮਝਦਾ ਸੀ ਕਿ ਇਹ ਸਾਰੇ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧਤ ਹਨ ਤੇ ਇਹ ਬਾਹਰ ਜਾ ਕੇ ਜਸਬੀਰ ਸਿੰਘ ਦਾ ਸਾਥ ਦੇਣਗੇ (ਪਰ ਉਲਟਾ ਇਹ ਸਾਰੇ ਉਸ ਦੇ ਖ਼ਿਲਾਫ਼ ਜਾ ਖੜ੍ਹੇ ਹੋਏ)।

1988: ਜਗੀਰ ਸਿੰਘ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਖਾਲਿਸਤਾਨ ਦਾ ਨਕਸ਼ਾ ਜਾਰੀ ਕੀਤਾ

ਜਸਬੀਰ ਸਿੰਘ ਰੋਡੇ ਦੀਆਂ ਸਰਕਾਰ ਨਾਲ ਮਿਲੀਭੁਗਤ ਦੀਆਂ ਸਾਜ਼ਿਸ਼ਾਂ ਨੂੰ ਤਾਰਪੀਡੋ ਕਰਨ ਦੀ ਸੋਚ ਨਾਲ 27 ਮਾਰਚ 1988 ਨੂੰ ਇਕ ਪੰਥਕ ਕਮੇਟੀ (ਉਸ ਵੇਲੇ ਦੋ-ਤਿੰਨ 'ਪੰਥਕ ਕਮੇਟੀਆਂ' ਬਣੀਆਂ ਹੋਈਆਂ ਸਨ) ਦੇ ਇਕ ਕਾਰਕੁੰਨ ਜਗੀਰ ਸਿੰਘ ਨੇ ਦਰਬਾਰ ਸਾਹਿਬ ਦੀ ਪਰਕਰਮਾ ਦੇ ਕਮਰਾ ਨੰਬਰ 47 ਤੋਂ ਖਾਲਿਸਤਾਨ ਦਾ ਇਕ ਅਜੀਬੋ-ਗ਼ਰੀਬ ਨਕਸ਼ਾ ਜਾਰੀ ਕਰ ਦਿੱਤਾ (ਇਸ ਨਕਸ਼ੇ 'ਚ ਸਾਰੇ ਭਾਰਤ ਨੂੰ ਹੀ ਖਾਲਿਸਤਾਨ ਕਿਹਾ ਹੋਇਆ ਸੀ)।

1989: ਦਲਬੀਰ ਸਿੰਘ ਤੇ ਸੋਮਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤਾਈ ਮਾਰਚ 1989 ਦੇ ਦਿਨ ਦਲਬੀਰ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਪਿੰਡ ਤਲਵੰਡੀ ਗੋਰਾਇਆ, ਜ਼ਿਲ੍ਹਾ ਗੁਰਦਾਸਪੁਰ) ਤੇ ਸੋਮਾ (ਪੁੱਤਰ ਤੀਰਥ ਰਾਮ, ਵਾਸੀ ਪਿੰਡ ਘੰਣੂਪੁਰ, ਨੇੜੇ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1990: ਮੇਹਰ ਸਿੰਘ ਵਲਟੋਹਾ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਾਰਚ 1990 ਦੇ ਦਿਨ ਪੰਜਾਬ ਪੁਲੀਸ ਨੇ ਮੇਹਰ ਸਿੰਘ (ਪੁੱਤਰ ਗੋਪਾਲ ਸਿੰਘ, ਵਾਸੀ ਵਲਟੋਹਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਪਾਲ ਸਿੰਘ ਰੂੜੇ ਆਸਲ ਤੇ ਮੇਹਰ ਸਿੰਘ, ਵਲਟੋਹਾ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਾਰਚ 1991 ਦੇ ਦਿਨ ਪੰਜਾਬ ਪੁਲੀਸ ਨੇ ਗੁਰਪਾਲ ਸਿੰਘ ਸਿਪਾਹੀ ਉਰਫ਼ ਪਾਲੀ (ਵਾਸੀ ਰੂੜੇ ਆਸਲ) ਅਤੇ ਮੇਹਰ ਸਿੰਘ (ਵਾਸੀ ਵਲਟੋਹਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਵਿੰਦਰ ਸਿੰਘ, ਜਸਵੀਰ ਸਿੰਘ ਤੇ ਮਲਕੀਅਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤਾਈ ਮਾਰਚ 1992 ਦੇ ਦਿਨ ਜਸਵਿੰਦਰ ਸਿੰਘ (ਪੁੱਤਰ ਬ੍ਰਹਮ ਸਿੰਘ, ਵਾਸੀ ਪਿੰਡ ਰਾਜੋਆਣਾ, ਜ਼ਿਲ੍ਹਾ ਲੁਧਿਆਣਾ) ਤੇ ਜਸਵੀਰ ਸਿੰਘ (ਪੁੱਤਰ ਗੁਰਦੇਵ ਸਿੰਘ (ਵਾਸੀ ਪਿੰਡ ਕਾਕੜਾ, ਜ਼ਿਲ੍ਹਾ ਸੰਗਰੂਰ) ਤੇ ਮਲਕੀਅਤ ਸਿੰਘ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਰਣਕਾਲਾ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993: ਸਵਿੰਦਰ ਸਿੰਘ ਕਾਲੇਕੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤਾਈ ਮਾਰਚ 1993 ਦੇ ਦਿਨ ਸਵਿੰਦਰ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਕਾਲੇਕੇ, ਨੇੜੇ ਖਲਚੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

28 ਮਾਰਚ

1624: ਬਿਲਾਸਪੁਰ, ਹੰਡੂਰ, ਨਾਹਨ ਤੇ ਹੋਰ ਰਿਆਸਤਾਂ ਦੇ ਰਾਜੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਵਾਸਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ

28 ਮਾਰਚ 1624 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸਿੱਖਾਂ ਦਾ ਇਕ ਭਾਰੀ ਇਕੱਠ ਹੋਇਆ। ਇਸ ਵਿਚ ਬਿਲਾਸਪੁਰ, ਹੰਡੂਰ ਅਤੇ ਹੋਰ ਕਈ ਰਿਆਸਤਾਂ ਦੇ ਰਾਜੇ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਰਿਹਾ ਕਰਵਾਇਆ ਸੀ, ਵੀ ਪੁੱਜੇ। ਬਿਲਾਸਪੁਰ ਦਾ ਰਾਜਾ ਕਲਿਆਣ ਚੰਦ ਉੱਥੇ ਕਈ ਦਿਨ ਠਹਿਰਿਆ। 11 ਅਪਰੈਲ ਦੇ ਦਿਨ ਵਾਪਿਸ ਜਾਣ ਤੋਂ ਪਹਿਲਾਂ ਉਸ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਆਪਣਾ ਹੈੱਡਕੁਆਰਟਰ ਬਣਾਉਣ। ਕਲਿਆਣ ਚੰਦ ਨੂੰ ਰੁਹੀਲਾ ਦੀ ਲੜਾਈ ਵਿਚ ਗੁਰੂ ਸਾਹਿਬ ਦੀ ਜਿੱਤ ਦਾ ਅਹਿਸਾਸ ਸੀ 'ਤੇ ਉਸ ਚਾਹੁੰਦਾ ਸੀ ਕਿ ਜੇ ਗੁਰੂ ਸਾਹਿਬ ਉਸ ਦੀ ਰਿਆਸਤ ਵਿਚ ਆ ਗਏ ਤਾਂ ਛੇਤੀ ਕੀਤਿਆਂ ਕੋਈ ਉਸ 'ਤੇ ਹਮਲਾ ਨਹੀਂ ਕਰੇਗਾ ਅਤੇ ਜੇ ਫਿਰ ਵੀ ਕਿਸੇ ਨੇ ਹਮਲਾ ਕਰਨ ਦੀ ਹਰਕਤ ਕੀਤੀ ਤਾਂ ਉਸ ਨੂੰ ਗੁਰੂ ਸਾਹਿਬ ਦੀ ਮਦਦ ਮਿਲ ਸਕੇਗੀ। ਗੁਰੂ ਸਾਹਿਬ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਥਾਂ ਬਿਲਾਸਪੁਰ ਜਾਣਾ ਤਾਂ ਨਾ ਮੰਨਿਆ ਪਰ ਇਹ ਵਾਅਦਾ ਜ਼ਰੂਰ ਕੀਤਾ ਕਿ ਉਹ ਉਸ ਦੀ ਰਿਆਸਤ ਵਿਚ ਇਕ ਸਿੱਖ ਨਗਰ ਜ਼ਰੂਰ ਵਸਾਉਣਗੇ।

1692: ਗੁਰੂ ਗੋਬਿੰਦ ਸਿੰਘ ਸਾਹਿਬ ਰਵਾਲਸਰ ਪੁੱਜੇ

ਮਾਰਚ 1692 ਵਿਚ ਰਾਜਾ ਭੀਮ ਚੰਦ ਨੇ ਪਹਾੜ ਦੀਆਂ ਬਾਈ ਧਾਰਾਂ ਦੇ ਰਾਜਿਆਂ ਦਾ ਇਕੱਠ ਬੁਲਾਇਆ। ਨਦੌਣ ਦੀ ਲੜਾਈ ਮਗਰੋਂ ਮੁਗ਼ਲ ਸਰਕਾਰ ਦੇ ਹੋਣ ਵਾਲੇ ਹਮਲਿਆਂ ਦੇ ਡਰ ਹੇਠ ਰਹਿ ਰਹੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸਰਪ੍ਰਸਤੀ ਹਾਸਿਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਮਾਰਚ 1692 ਦੇ ਆਖ਼ਰੀ ਹਫ਼ਤੇ ਗੁਰੂ ਸਾਹਿਬ ਬਿਲਾਸਪੁਰ ਤੇ ਮੰਡੀ ਵੱਲ ਗਏ। 28 ਮਾਰਚ 1692 ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਉਨ੍ਹਾਂ ਦੀ ਸਦਾਰਤ ਗੁਰੂ ਸਾਹਿਬ ਨੇ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਜੇ ਉਹ ਮੁਗ਼ਲਾਂ ਦੀ ਗ਼ੁਲਾਮੀ ਵਿਚ ਨਾ ਰਹਿਣਾ ਚਾਹੁਣ ਤਾਂ ਉਹ (ਗੁਰੂ ਸਾਹਿਬ) ਉਨ੍ਹਾਂ ਦੀ ਨਿਗਹਬਾਨੀ ਤੇ ਸਰਪ੍ਰਸਤੀ ਕਰਨ ਵਾਸਤੇ ਤਿਆਰ ਹਨ। ਸਾਰੇ ਰਾਜਿਆਂ ਨੇ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਣ ਦਾ ਵਾਅਦਾ ਕੀਤਾ। ਗੁਰੂ ਸਾਹਿਬ ਕੁਝ ਦਿਨ ਰਵਾਲਸਰ ਰਹੇ ਤੇ ਫੇਰ ਪੁਰਮੰਡਲ, ਜੰਮੂ, ਚੱਕ-ਕਾਨ੍ਹਾ, ਰਾਮਗੜ੍ਹ ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਵਾਪਿਸ ਅਨੰਦਪੁਰ ਆ ਗਏ। ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਣ 'ਤੇ ਸੰਗਤਾਂ ਦੇ ਕਾਫ਼ਲੇ ਫੇਰ ਅਨੰਦਪੁਰ ਸਾਹਿਬ ਵੱਲ ਆਉਣੇ ਸ਼ੁਰੂ ਹੋ ਗਏ।

1660: ਗੁਰੂ ਹਰਿ ਰਾਇ ਸਾਹਿਬ ਸਿਆਲਕੋਟ ਪੁੱਜੇ

ਮਾਰਚ 1660 ਦੇ ਆਖ਼ਰੀ ਹਫ਼ਤੇ ਸਿਆਲਕੋਟ ਨਗਰ ਦਾ ਭਾਈ ਨੰਦ ਲਾਲ ਪੁਰੀ (ਸ਼ਹੀਦ ਵੀਰ ਹਕੀਕਤ ਸਿੰਘ ਦਾ ਦਾਦਾ) ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਗੁਰੂ ਸਾਹਿਬ 28 ਮਾਰਚ 1660 ਦੇ ਦਿਨ ਸਿਆਲਕੋਟ ਪੁੱਜੇ ਤੇ ਤਕਰੀਬਨ ਡੇਢ ਮਹੀਨਾ ਗੁਰੂ ਹਰਿਰਾਇ ਸਾਹਿਬ ਪੰਜਾਬ ਦੀ ਇਸ ਪੁਰਾਣੀ ਰਾਜਧਾਨੀ ਵਿੱਚ ਰਹੇ। ਏਥੇ ਸੰਗਤਾਂ ਦੂਰ-ਦੂਰ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀਆਂ ਰਹੀਆਂ।

1983: ਇੰਗਲੈਂਡ ਦੇ 'ਹਾਊਸ ਆਫ਼ ਲਾਰਡਜ਼' ਨੇ "ਸਿੱਖ ਇਕ ਵਖਰੀ ਕੌਮ ਹਨ ਤੇ ਇਕ ਵਖਰੀ ਨਸਲ ਹਨ" ਫ਼ਤਵਾ ਦਿੱਤਾ

28 ਮਾਰਚ 1983 ਦੇ ਦਿਨ ਮਾਂਡਲਾ ਕੇਸ ਦਾ ਫ਼ੈਸਲਾ ਸੁਣਾਉਂਦੇ ਹੋਏ ਇੰਗਲੈਂਡ ਦੇ 'ਹਾਊਸ ਆਫ਼ ਲਾਰਡਜ਼' ਨੇ ਕਿਹਾ: 'ਸਿੱਖ ਇਕ ਵਖਰੀ ਕੌਮ ਹਨ ਤੇ ਤਕਰੀਬਨ ਇਕ ਵਖਰੀ ਨਸਲ ਹਨ।' ਇਸ ਫ਼ੈਸਲੇ ਨਾਲ ਸਿੱਖਾਂ ਦੀ ਕੌਮੀਅਤ ਨੂੰ ਬਹੁਤ ਤਾਕਤ ਮਿਲੀ।

1986: ਜੂਲੀਆ ਰਬੈਰੋ ਪੰਜਾਬ ਪੁਲੀਸ ਦਾ ਮੁਖੀ ਬਣ ਦਿੱਤਾ ਗਿਆ

ਪੰਜਾਬ ਦੇ ਮੁਖ ਮੰਤਰੀ ਸੁਰਜੀਤ ਬਰਨਾਲਾ ਨੇ ਸਿੱਖ ਜੱਦੋਜਹਿਦ ਨੂੰ ਖ਼ਤਮ ਕਰਨ ਵਾਸਤੇ, ਰਾਜੀਵ ਗਾਂਧੀ ਦੇ ਹੁਕਮ ਹੇਠ, ਇਕ 'ਬੁੱਚੜ' ਜਾਣੇ ਜਾਂਦੇ ਪੁਲੀਸ ਅਫ਼ਸਰ, ਜੂਲੀਓ ਰਬੈਰੋ ਨੂੰ 28 ਮਾਰਚ 1986 ਨੂੰ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ। ਰਬੈਰੋ ਨੇ, ਸਿੱਖਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ, ਪਹਿਲੇ ਦਿਨ ਹੀ 15 ਨੌਜਵਾਨ ਘਰਾਂ ਵਿਚੋਂ ਫੜ ਕੇ ਮਾਰ ਦਿੱਤੇ ਤੇ ਇਸ ਦੇ ਨਾਲ ਹੀ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ।

1986: ਲੁਧਿਆਣਾ ਵਿਚ ਦਰੇਸੀ ਕੈਂਪ ਤੇ ਹਮਲਾ ਕਰ ਕੇ ਖਾੜਕੂਆਂ ਨੇ ਆਰ. ਐਸ. ਐਸ. ਦੇ 10 ਕਾਰਕੁੰਨ ਮਾਰੇ

ਮਾਰਚ 1986 ਵਿਚ ਪੰਜਾਬ ਵਿਚ ਹਰ ਪਾਸੇ ਹਿੰਦੂਆਂ ਦੇ ਸਿੱਖਾਂ 'ਤੇ ਹਮਲੇ ਜਾਰੀ ਸਨ। ਹਰਿਆਣੇ 'ਚ ਸਿੱਖਾਂ 'ਤੇ ਜਿਸਮਾਨੀ ਹਮਲੇ ਅਤੇ ਉਨ੍ਹਾਂ ਦੇ ਅਦਾਰਿਆਂ ਨੂੰ ਅੱਗਾਂ

ਲਾਉਣਾ ਮਾਮੂਲੀ ਗੱਲ ਸੀ। ਬਟਾਲਾ, ਜਲੰਧਰ, ਨਕੋਦਰ, ਅੰਬਾਲਾ, ਜਮਨਾਨਗਰ 'ਚ ਦਰਜਨ ਤੋਂ ਵਧ ਸਿੱਖ ਮਾਰੇ ਜਾ ਚੁਕੇ ਸੀ ਅਤੇ ਉਨ੍ਹਾਂ ਦੀਆਂ 25 ਤੋਂ ਵਧ ਦੁਕਾਨਾਂ ਸਾੜੀਆਂ ਜਾ ਚੁਕੀਆਂ ਸਨ। ਇਸ ਦਾ ਜਵਾਬ ਦੇਣ ਵਾਸਤੇ ਖਾੜਕੂਆਂ ਨੇ 28 ਮਾਰਚ 1986 ਦੇ ਦਿਨ ਲੁਧਿਆਣੇ ਦੇ ਦਰੇਸੀ ਇਲਾਕੇ ਵਿਚ, ਹਿੰਦੂ ਦਹਿਸ਼ਤਗਰਦਾਂ ਦੀ ਇਕ ਜਮਾਤ ਸ਼ਿਵ ਸੈਨਾ ਦੇ ਇਕ ਟਰੇਨਿੰਗ ਕੈਂਪ 'ਤੇ ਹਮਲਾ ਕਰ ਕੇ 10 ਹਿੰਦੂ ਮਾਰ ਦਿਤੇ। ਇਹ ਕਾਰਵਾਈ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਨੇ ਕੀਤੀ ਸੀ।

1991: ਸੁਬਾ ਸਿੰਘ, ਗੁਰਿੰਦਰ ਤੇ ਜਗਤਾਰ ਸਿੰਘ ਨਕਲੀ ਮੁਕਾਬਲੇ ਚ ਸ਼ਹੀਦ

ਅਠਾਈ ਮਾਰਚ 1991 ਦੇ ਦਿਨ ਸੁਬਾ ਸਿੰਘ (ਪੁੱਤਰ ਗੁਰਚਰਨ ਸਿੰਘ, ਵਾਸੀ ਸ਼ਕੂਰ, ਜ਼ਿਲ੍ਹਾ ਫ਼ੀਰੋਜ਼ਪੁਰ), ਗੁਰਿੰਦਰ ਸਿੰਘ (ਪੁੱਤਰ ਦਯਾਲ ਸਿੰਘ, ਵਾਸੀ ਬਲੀਪੁਰ) ਤੇ ਜਗਤਾਰ ਸਿੰਘ (ਪੁੱਤਰ ਸਾਧਾ ਸਿੰਘ, ਵਾਸੀ ਪਿੰਡ ਬਲੀਪੁਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1992: ਜੋਗਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਅਠਾਈ ਮਾਰਚ 1992 ਦੇ ਦਿਨ ਜੋਗਿੰਦਰ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਪਿੰਡ ਫੋਲੜੀਵਾਲ, ਜ਼ਿਲ੍ਹਾ ਜਲੰਧਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

2000: ਪੂਰਨ ਸਿੰਘ ਨੂੰ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ ਹਟਾ ਕੇ ਜੋਗਿੰਦਰ ਸਿੰਘ ਵੇਦਾਂਤੀ ਨੂੰ ਲਾਇਆ ਗਿਆ

ਪਾਲ ਸਿੰਘ ਪੁਰੇਵਾਲ ਦੇ ਕੈਲੰਡਰ ਦੇ ਮਸਲੇ 'ਤੇ ਜਗੀਰ ਕੌਰ ਵੱਲੋਂ ਅੜੀ ਕਰਨ 'ਤੇ 25 ਜਨਵਰੀ 2000 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਪੂਰਨ ਸਿੰਘ ਨੇ ਗੁਣਾ ਸ਼ਹਿਰ ਤੋਂ ਇਕ ਫ਼ੈਕਸ ਰਾਹੀਂ ਜਗੀਰ ਕੌਰ ਨੂੰ 'ਪੰਥ ਚੋਂ ਖਾਰਜ' ਕਰਨ ਦਾ ਅਖੌਤੀ ਹੁਕਮਨਾਮਾ ਜਾਰੀ ਕਰ ਦਿੱਤਾ। ਜਗੀਰ ਕੌਰ ਤਕਰੀਬਨ ਦੋ ਮਹੀਨੇ ਲੁਕਣਮੀਟੀ ਖੇਡਦੀ ਰਹੀ ਅਖ਼ੀਰ ਉਸ ਨੇ ਆਪਣਾ ਦਾਅ ਖੇਡਦਿਆਂ 28 ਮਾਰਚ 2000 ਦੇ ਦਿਨ ਪੂਰਨ ਸਿੰਘ ਨੂੰ ਅਖੌਤੀ ਜਥੇਦਾਰੀ ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਇਕ ਜੀ ਹਜ਼ੂਰ ਗ੍ਰੰਥੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਅਖੌਤੀ ਜਥੇਦਾਰ ਲਾ ਦਿੱਤਾ।

2012: ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੇ ਖ਼ਿਲਾਫ਼ 'ਪੰਜਾਬ ਬੰਦ'

28 ਮਾਰਚ 2012 ਦੇ ਦਿਨ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਸਤੇ ਪੰਜਾਬ ਬੰਦ ਕੀਤਾ ਗਿਆ। ਇਸੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਬਾਦਲ ਨੇ ਭਾਰਤੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਾਲ ਨਾਲ ਮੁਲਾਕਾਤ ਕਰ ਕੇ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਤੇ ਰੋਕ ਲਾਉਣ ਵਾਸਤੇ ਅਰਜ਼ ਕੀਤੀ। ਰਾਸ਼ਟਰਪਤੀ ਨੇ ਇਹ ਮੰਗ ਮੰਨ ਕੇ ਫ਼ਾਂਸੀ 'ਤੇ ਆਰਜ਼ੀ ਰੋਕ ਲਾ ਦਿੱਤੀ।

2014: ਬਰਨਾਲਾ ਨੇ ਕਿਹਾ ਕਿ ਸਿੱਖਾਂ ਨੂੰ ਦਰਬਾਰ ਸਾਹਿਬ 'ਤੇ ਹਮਲੇ ਨੂੰ ਭੁੱਲਣਾ ਚਾਹੀਦਾ ਹੈ

28 ਮਾਰਚ 2014 ਦੇ ਦਿਨ ਗਗਨਜੀਤ ਬਰਨਾਲਾ (ਪੁਤਰ ਸੁਰਜੀਤ ਬਰਨਾਲਾ) ਮੀਤ ਪ੍ਰਧਾਨ ਅਕਾਲੀ ਦਲ ਲੌਂਗੋਵਾਲ ਨੇ ਕਿਹਾ ਕਿ ਸਿੱਖਾਂ ਨੂੰ ਦਰਬਾਰ ਸਾਹਿਬ 'ਤੇ ਹਮਲੇ ਨੂੰ ਭੁੱਲ ਕੇ ਹੁਣ ਭਵਿੱਖ ਦੀ ਗੱਲ ਕਰਨੀ ਚਾਹੀਦੀ ਹੈ।

2014; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 905 ਕਰੋੜ ਰੁਪੈ ਦਾ ਬਜਟ ਪਾਸ

28 ਮਾਰਚ 2014 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ 2014-15 ਦਾ ਸਾਲਾਨਾ ਬਜਟ ਪਾਸ ਕੀਤਾ। ਇਸ ਵਾਰ ਦਾ ਬਜਟ ਪਿਛਲੇ ਸਾਲ ਦੇ 806 ਤੋਂ ਵਧ ਕੇ 905 ਕਰੋੜ ਹੋ ਗਿਆ। ਇਸ ਵਿਚੋਂ 506 ਕਰੋੜ 51 ਲਖ ਰੁਪੈ ਦਫ਼ਾ 85 ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਗੈਰਾ ਵਾਸਤੇ, 154 ਕਰੋੜ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਾਸਤੇ, 63 ਕਰੋੜ ਧਰਮ ਪਰਚਾਰ ਵਾਸਤੇ, 29 ਕਰੋੜ 25 ਲੱਖ ਉਚ ਵਿਦਿਆ ਵਾਸਤੇ ਅਤੇ 6 ਕਰੋੜ 40 ਲੱਖ ਪ੍ਰਿੰਟਿੰਗ ਪ੍ਰੈਸ ਵਾਸਤੇ ਰੱਖੇ ਗਏ ਸਨ।

29 ਮਾਰਚ

(ਸਿੱਖ ਤਵਾਰੀਖ਼ ਵਿਚ ਜਿੰਨੀਆਂ ਘਟਨਾਵਾਂ 29 ਮਾਰਚ ਜਾਂ 10 ਅਪਰੈਲ ਦੇ ਦਿਨ ਹੋਈਆਂ ਹਨ ਕਿਸੇ ਹੋਰ ਦਿਨ ਨਹੀਂ ਹੋਈਆਂ ਕਿਉਂਕਿ ਚਾਲੂ, ਗਰੈਗੋਰੀਅਨ, ਕੈਲੰਡਰ ਦੇ ਮੌਜੂਦਾ ਰੂਪ, ਜੋ 1752 ਵਿਚ ਸ਼ੁਰੂ ਹੋਇਆ, ਤੋਂ ਪਹਿਲਾਂ ਵਿਸਾਖ ਦੀ ਪਹਿਲੀ 29 ਮਾਰਚ ਨੂੰ ਹੀ ਆਇਆ ਕਰਦੀ ਸੀ, 1752 ਵਿਚ ਗਰੈਗੋਰੀਅਨ ਕੈਲੰਡਰ ਦੀ ਸੁਧਾਈ ਨਾਲ ਇਸ ਵਿਚ 11 ਦਿਨ ਦਾ ਵਾਧਾ ਹੋ ਗਿਆ ਸੀ ਤੇ ਪਹਿਲੀ ਵਿਸਾਖ 10 ਅਪ੍ਰੈਲ ਨੂੰ ਆਉਣ ਲਗ ਪਈ ਸੀ)।

1552: ਗੁਰੂ ਅੰਗਦ ਸਾਹਿਬ ਜੋਤੀ ਜੋਤਿ ਸਮਾਏ

ਗੁਰੂ ਅੰਗਦ ਸਾਹਿਬ ਜਿਸ ਦਿਨ ਜੋਤੀ-ਜੋਤਿ ਸਮਾਏ ਉਸ ਦਿਨ ਮੌਜੂਦਾ ਕੌਮਾਂਤਰੀ ਕੈਲੰਡਰ (ਗਰੈਗੋਰੀਅਨ ਕੈਲੰਡਰ) ਦੀ ਤਾਰੀਖ਼ 29 ਮਾਰਚ 1552 ਸੀ।

1657: ਗੁਰੂ ਤੇਗ਼ ਬਹਾਦਰ ਸਾਹਿਬ ਹਰਦੁਆਰ ਪੁੱਜੇ

ਗੁਰੂ ਤੇਗ਼ ਬਹਾਦਰ ਸਾਹਿਬ 1656 ਤੋਂ 1664 ਦੇ ਸ਼ੁਰੂ ਤਕ ਪੂਰਬ ਵਿਚ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਗਏ ਹੋਏ ਸਨ; ਇਸ ਦੌਰਾਨ ਆਪ 29 ਮਾਰਚ 1657 ਦੇ ਦਿਨ ਮਾਇਆਪੁਰੀ (ਹੁਣ ਹਰਦੁਆਰ) ਵਿਚ ਪੁੱਜੇ ਸਨ।

1682: ਭਾਈ ਨੰਦ ਲਾਲ ਅਨੰਦਪੁਰ ਪੁੱਜੇ

ਜਦ ਗੁਰੂ ਗੋਬਿੰਦ ਸਾਹਿਬ ਚੱਕ ਨਾਨਕੀ/ਅਨੰਦਪੁਰ ਵਿਚ ਸਨ ਤਾਂ ਆਪ ਕੋਲ ਬਹੁਤ ਸਾਰੇ ਕਵੀ ਤੇ ਕਲਾਕਾਰ ਆ ਕੇ ਰਹਿਣ ਲਗ ਪਏ ਸਨ; ਇਨ੍ਹਾਂ ਵਿਚ ਭਾਈ ਨੰਦ ਲਾਲ ਤੇ ਕਵੀ ਮੰਗਲ ਵੀ ਸਨ; ਭਾਈ ਨੰਦ ਲਾਲ 29 ਮਾਰਚ 1682 ਦੇ ਦਿਨ ਉੱਥੇ ਪੁੱਜੇ ਸਨ।

1689: ਬਿਲਾਸਪੁਰ ਦੀ ਰਾਣੀ ਚੰਪਾ ਚੱਕ ਨਾਨਕੀ ਆਈ

ਗੁਰੂ ਗੋਬਿੰਦ ਸਾਹਿਬ ਪਾਉਂਟਾ ਤੋਂ ਨਵੰਬਰ 1688 ਵਿਚ ਚੱਕ ਨਾਨਕੀ ਵਾਪਿਸ ਪੁੱਜ ਗਏ ਸਨ; ਉਨ੍ਹਾਂ ਨੇ ਪਹਿਲੀ ਵਿਸਾਖ ਸੰਮਤ 1746 (29 ਮਾਰਚ 1689) ਦੇ ਦਿਨ ਸੰਗਤਾਂ ਦਾ

ਇਕ ਵੱਡਾ ਇਕੱਠ ਬੁਲਾਇਆ ਸੀ ਜਿਸ ਵਿਚ ਬਿਲਾਸਪੁਰ ਦੀ ਰਾਣੀ ਚੰਪਾ ਵੀ ਆਪਣੇ ਪੁੱਤਰ ਭੀਮ ਚੰਦ ਨੂੰ ਲੈ ਕੇ ਹਾਜ਼ਰ ਹੋਈ ਸੀ।

1695: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਰ ਸਿੱਖ ਨੂੰ ਕੜਾ ਪਾਉਣ ਤੇ ਕੇਸ ਸਾਬਤ ਰਖਣ ਦਾ ਹੁਕਮਨਾਮਾ ਜਾਰੀ ਕੀਤਾ

29 ਮਾਰਚ 1695 (ਪਹਿਲੀ ਵਿਸਾਖ, ਸੰਮਤ 1752 ਬਿਕ੍ਰਮੀ) ਦੇ ਦਿਨ ਅਨੰਦਪੁਰ ਸਾਹਿਬ 'ਚ ਸੰਗਤਾਂ ਦਾ ਇਕ ਭਾਰੀ ਇਕੱਠ ਹੋਇਆ। ਅਨੰਦਪੁਰ ਸਾਹਿਬ 'ਚ ਅਜਿਹਾ ਵੱਡਾ ਇਕੱਠ ਪਹਿਲਾਂ ਕਦੇ ਨਹੀਂ ਹੀ ਹੋਇਆ ਸੀ। ਇਸ ਇਕੱਠ ਵਿਚ ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕਈ ਵੀ ਸਿੱਖ ਆਪਣੇ ਕੇਸ ਨਹੀਂ ਕਟਾਏਗਾ, ਮਰਨੇ-ਪਰਨੇ (ਮੌਤ ਜਾਂ ਵਿਆਹ ਵਗ਼ੈਰਾ) 'ਤੇ ਭੱਦਣ ਨਹੀਂ ਕਰੇਗਾ (ਕੇਸ ਨਹੀਂ ਕੱਟੇਗਾ)। ਉਨ੍ਹਾਂ ਕਿਹਾ ਕਿ ਅੱਗੇ ਤੋਂ ਹਰ ਇਕ ਸਿੱਖ ਆਪਣੇ ਬੱਚਿਆਂ ਦੇ ਕੇਸ ਜਮਾਂਦਰੂ ਰੱਖੇਗਾ ਅਤੇ ਹੱਥ ਵਿਚ ਕੜਾ ਪਹਿਨੇਗਾ। (ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜੇ ਲੋਕ ਪਹਿਲਾਂ ਵੀ ਕੇਸ ਨਹੀਂ ਕਟਵਾਉਂਦੇ ਸੀ; ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਹੁਕਮ ਸਿੱਖੀ ਵਿਚ ਸ਼ਾਮਿਲ ਹੋਣ ਵਾਲੇ ਨਵੇਂ ਲੋਕਾਂ ਵਾਸਤੇ ਕੀਤਾ ਸੀ)।

1698/1699: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪਰਗਟ ਕੀਤਾ ਅਤੇ 'ਖੰਡੇ ਦੀ ਪਾਹੁਲ' ਦੀ ਰਸਮ ਸ਼ੁਰੂ ਕੀਤੀ

ਗੁਰੂ ਗੋਬਿੰਦ ਸਾਹਿਬ ਨੇ ਪਹਿਲੀ ਵਿਸਾਖ 1755 (29 ਮਾਰਚ 1698) ਦੇ ਦਿਨ ਅਨੰਦਪੁਰ ਵਿਚ ਸਿੱਖ ਪੰਥ ਦਾ ਇਕ ਅਹਿਮ ਇਕੱਠ ਬੁਲਾਇਆ। ਇਸ ਇਕੱਠ ਵਿਚ ਆਪ ਨੇ ਪੰਜ ਸਿਰਾਂ ਦੀ ਮੰਗ ਕੀਤੀ; ਖਾਲਸਾ ਪਰਗਟ ਕੀਤਾ ਅਤੇ ਖੰਡੇ ਦੀ ਪਾਹੁਲ ਦੀ ਰਸਮ ਸ਼ੁਰੂ ਕੀਤੀ। ਭੱਟ ਵਹੀਆਂ ਵਿਚ ਇਹ ਤਾਰੀਖ਼ 29 ਮਾਰਚ 1698 ਹੈ ਪਰ ਬਹੁਤ ਸਾਰੇ ਲਿਖਾਰੀਆਂ ਨੇ 29 ਮਾਰਚ 1699 ਲਿਖੀ ਹੈ ਜੋ ਕਿ ਵਧੇਰੇ ਪਰਚੱਲਤ ਹੈ; ਦਰਅਸਲ 1699 ਦੇ ਦਿਨ ਵੀ ਅਨੰਦਪੁਰ ਸਾਹਿਬ ਵਿਚ ਇਕ ਵੱਡਾ ਇਕੱਠ ਹੋਇਆ ਸੀ। ਇੰਝ ਹੀ ਕੁਝ ਲੇਖਕਾਂ ਨੇ ਗ਼ਲਤੀ ਨਾਲ ਇਸ ਪਹਿਲੀ ਵਿਸਾਖ ਨੂੰ 29 ਦੀ ਥਾਂ 30 ਮਾਰਚ ਲਿਖ ਦਿੱਤਾ ਸੀ।

1733: ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਜਾਗੀਰ ਦੀ ਪੇਸ਼ਕਸ਼ ਕੀਤੀ

ਸਿੱਖਾਂ ਤੇ ਮੁਗ਼ਲਾਂ ਵਿਚ ਟਕਰਾਅ ਨਾਲ ਸਿੱਖਾਂ ਦਾ ਨੁਕਸਾਨ ਤਾਂ ਹੋ ਹੀ ਰਿਹਾ ਸੀ ਪਰ ਸਰਕਾਰ ਦੀ ਆਪਣੀ ਮਾਲੀ ਹਾਲਤ ਵੀ ਵਿਗੜ ਰਹੀ ਸੀ। ਮੁਗ਼ਲਾਂ ਦੇ ਬਹੁਤ ਸਾਰੇ ਫ਼ੌਜੀ ਵੀ ਮਾਰੇ ਜਾ ਚੁਕੇ ਸਨ। ਇਸ ਹਾਲਤ ਵਿਚ ਜ਼ਕਰੀਆ ਖ਼ਾਨ ਨੇ ਸਿੱਖਾਂ ਨਾਲ ਟੱਕਰ ਲੈਣ ਦੀ ਥਾਂ ਉਨ੍ਹਾਂ ਨਾਲ ਸਮਝੌਤਾ ਕਰ ਲੈਣ ਦਾ ਫ਼ੈਸਲਾ ਕੀਤਾ। ਉਸ ਨੇ ਇਸ ਮਕਸਦ ਵਾਸਤੇ ਮੁਗ਼ਲ ਬਾਦਸ਼ਾਹ ਨਾਲ ਵੀ ਗੱਲਬਾਤ ਕੀਤੀ। ਉਸ ਨੇ ਵੀ ਇਸ ਤਰਕੀਬ ਦੀ ਹਾਮੀ ਭਰੀ। ਜ਼ਕਰੀਆ ਖ਼ਾਨ ਨੇ ਸੁਬੇਗ ਸਿੰਘ (ਜੰਬਰ ਪਿੰਡ) ਦੀ ਭਾਲ ਕਰ ਕੇ ਉਸ ਨੂੰ ਕਿਹਾ ਕਿ 'ਮੈਂ ਸਿਖਾਂ ਨੂੰ ਗੁਰੂ ਦਾ ਚੱਕ ਅਤੇ ਆਲੇ ਦੁਆਲੇ ਦੇ ਸਾਰੇ ਪਰਗਨਿਆਂ ਦੀ ਜਾਗੀਰ ਦੇਣ ਵਾਸਤੇ ਤਿਆਰ ਹਾਂ ਪਰ ਸ਼ਰਤ ਇਹ ਹੈ ਕਿ ਉਹ ਮੇਰੀ ਦੋਸਤੀ ਦਾ ਹੱਥ ਕਬੂਲ ਕਰ ਲੈਣ।' ਸੁਬੇਗ ਸਿੰਘ ਜ਼ਕਰੀਆ ਖ਼ਾਨ ਦੀ ਇਹ ਪੇਸ਼ਕਸ਼ ਲੈਕੇ ਸਿੱਖਾਂ ਕੋਲ ਪੁੱਜਾ; ਪਹਿਲਾਂ ਤਾਂ ਸਾਰੇ ਸਿੱਖਾਂ ਨੇ ਇਸ ਨੂੰ ਰੱਦ ਕਰ ਦਿੱਤਾ ਪਾ ਅਖੀਰ ਸੁਬੇਗ ਸਿੰਘ ਦੇ ਸੁਝਾਅ ਤੇ ਇਸ ਨੂੰ ਵਕਤੀ ਤੌਰ ਤੇ ਕਬੂਲ ਕਰ ਲਿਆ ਤੇ ਨਵਾਬੀ ਦੀ ਖਿੱਲਤ ਸਰਦਾਰ ਕਪੂਰ ਸਿੰਘ ਨੂੰ ਭੇਟ ਕੀਤੀ ਗਈ।

1748: ਦਲ ਖਾਲਸਾ ਕਾਇਮ ਕੀਤਾ ਗਿਆ ਅਤੇ ਸਾਰੀਆਂ ਸਿੱਖ ਫ਼ੌਜਾਂ ਨੂੰ 11 ਮਿਸਲਾਂ ਵਿਚ ਵੰਡਿਆ ਗਿਆ

29 ਮਾਰਚ 1748 ਦੇ ਦਿਨ ਸਰਬੱਤ ਖਾਲਸਾ ਦਾ ਇਕ ਅਹਿਮ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਵੇਲੇ ਖਾਲਸਾ ਫ਼ੌਜਾਂ ਦੇ 65 ਜੱਥੇ ਵੱਖ-ਵੱਖ ਇਲਾਕਿਆਂ ਵਿਚ ਵਿਚਰ ਰਹੇ ਸਨ।ਸਰਬੱਤ ਖਾਲਸਾ ਦੇ ਇਸ ਇਕੱਠੇ ਨੇ ਸਾਰੇ 65 ਜਥਿਆਂ ਨੂੰ 11 ਮਿਸਲਾਂ ਵਿਚ ਵੰਡਣ ਦਾ ਗੁਰਮਤਾ ਕੀਤਾ। ਇਹ 11 ਸਨ: 1. ਆਹਲੂਵਾਲੀਆ ਮਿਸਲ (ਜੱਸਾ ਸਿੰਘ), 2. ਭੰਗੀ ਮਿਸਲ (ਹਰੀ ਸਿੰਘ), 3. ਡੱਲੇਵਾਲੀਆ ਮਿਸਲ (ਗੁਲਾਬ ਸਿੰਘ), 4. ਫ਼ੈਜ਼ਲਾਪੁਰੀਆ ਮਿਸਲ (ਕਪੂਰ ਸਿੰਘ), 5. ਕਨ੍ਹਈਆ ਮਿਸਲ (ਜੈ ਸਿੰਘ ਕਾਨ੍ਹਾ), 6. ਕਰੋੜ ਸਿੰਘੀਆ ਮਿਸਲ (ਕਰੋੜਾ ਸਿੰਘ), 7. ਨੱਕਈ ਮਿਸਲ (ਹੀਰਾ ਸਿੰਘ), 8. ਨਿਸ਼ਾਨਵਾਲੀਆ ਮਿਸਲ (ਦਸੌਂਧਾ ਸਿੰਘ), 9. ਨੰਦ ਸਿੰਘ ਸਾਂਙਣੀਆ ਮਿਸਲ (ਨੰਦ ਸਿੰਘ ਸਾਂਙਣਾ); ਮਗਰੋਂ ਇਸ ਨੂੰ ਮਿਸਲ ਸੰਙਾਣੀਆਂ ਤੇ ਫਿਰ ਰਾਮਗੜ੍ਹੀਆਂ ਕਿਹਾ ਜਾਣ ਲੱਗ ਪਿਆ ਸੀ। 10. ਸੁਕਰਚਕੀਆ ਮਿਸਲ (ਨੌਧ ਸਿੰਘ), 11. ਦੀਪ ਸਿੰਘ ਦੀ ਮਿਸਲ (ਬਾਬਾ ਦੀਪ ਸਿੰਘ)। ਮਗਰੋਂ ਇਸ ਨੂੰ ਮਿਸਲ ਸ਼ਹੀਦਾਂ ਕਿਹਾ ਜਾਣ ਲੱਗ ਪਿਆ। ਗੁਰਮਤੇ ਮੁਤਾਬਿਕ (ਨਵਾਬ) ਕਪੂਰ ਸਿੰਘ ਸਰਬੱਤ ਖਾਲਸਾ ਦੇ ਜਥੇਦਾਰ ਅਤੇ ਜੱਸਾ ਸਿੰਘ ਆਹੂਲਵਾਲੀਆ ਦਲ ਖਾਲਸਾ (ਯਾਨਿ ਸਾਰੀ ਖਾਲਸਾ ਫ਼ੌਜ) ਦੇ ਜਥੇਦਾਰ ਬਣਾਏ ਗਏ। ਫੂਲਕੀਆਂ ਮਿਸਲ ਦਲ ਖਾਲਸਾ ਦਾ ਹਿੱਸਾ ਨਹੀਂ ਸੀ; ਮਗਰੋਂ ਉਹ ਖ਼ੁਦ ਹੀ ਆਪਣੇ ਆਪ ਨੂੰ ਬਾਰ੍ਹਵੀਂ ਮਿਸਲ ਕਹਿਣ ਲਗ ਪਏ ਸਨ।

1761: ਅਹਿਮਦ ਸ਼ਾਹ ਦੁਰਾਨੀ ਨੇ ਆਲਾ ਸਿੰਘ ਨੂੰ 'ਰਾਜਾ' ਦਾ ਖ਼ਿਤਾਬ ਦਿੱਤਾ

ਮਰਹੱਟਿਆਂ, ਨੂੰ ਬੁਰੀ ਤਰ੍ਹਾਂ ਤਬਾਹ ਕਰਨ; ਅਤੇ ਲੱਖਾਂ-ਕਰੋੜਾਂ ਦਾ ਮਾਲ ਲੁੱਟਣ ਮਗਰੋਂ, ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਅਤੇ ਕਾਮਯਾਬ ਤਾਕਤ ਸਮਝਦਾ ਹੋਇਆ, ਅਹਿਮਦ ਸ਼ਾਹ ਦਿੱਲੀ ਤੋਂ ਮੁੜ ਪਿਆ। ਉਹ 29 ਮਾਰਚ 1761 ਦੇ ਦਿਨ ਪੁੱਜਾ। ਇੱਥੇ ਪਟਿਆਲੇ ਦਾ ਰਾਜਾ ਆਲਾ ਸਿੰਘ ਅਹਿਮਦ ਸ਼ਾਹ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਅਤੇ ਬਹੁਤ ਸਾਰੇ ਕੀਮਤੇ ਤੋਹਫ਼ੇ ਪੇਸ਼ ਕੀਤੇ। ਅਹਿਮਦ ਸ਼ਾਹ ਨੇ ਖ਼ੁਸ਼ ਹੋਣ ਦੀ ਬਜਾਇ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਸ (ਆਲਾ ਸਿੰਘ) ਨੇ ਬੀਤੇ ਸਾਲ ਮਰਹੱਟਿਆਂ ਦੀ ਮਦਦ ਕੀਤੀ ਸੀ। ਆਲਾ ਸਿੰਘ ਨੇ ਅਹਿਮਦ ਸ਼ਾਹ ਤੋਂ ਇਸ ਗ਼ਲਤੀ ਦੀ ਮੁਆਫ਼ੀ ਮੰਗ ਲਈ। ਅਹਿਮਦ ਸ਼ਾਹ ਨੇ ਉਸ ਨੂੰ ਤਿੰਨ ਲੱਖ ਰੁਪਏ ਜੁਰਮਾਨਾ ਅਦਾ ਕਰਨ ਵਾਸਤੇ ਆਖਿਆ। ਜੁਰਮਾਨਾ ਵਸੂਲ ਕਰਨ ਮਗਰੋਂ ਅਹਿਮਦ ਸ਼ਾਹ ਨੇ ਆਲਾ ਸਿੰਘ ਨੂੰ ਅਫ਼ਗਾਨ ਹਕੂਮਤ ਵਲੋਂ 'ਪਟਿਆਲੇ ਦਾ ਰਾਜਾ' ਦਾ ਅਹੁਦਾ (ਖ਼ਿਤਾਬ) ਦਿੱਤਾ। ਮਗਰੋਂ ਆਲਾ ਸਿੰਘ ਵਲੋਂ ਅਫ਼ਗ਼ਾਨੀਆਂ ਦੀ ਗ਼ੁਲਾਮੀ ਕਬੂਲਣ 'ਤੇ ਸਰਬੱਤ ਖਾਲਸਾ ਦੇ ਜਥੇਦਾਰ ਸ: ਜੱਸਾ ਸਿੰਘ ਆਹੂਲਵਾਲੀਆ ਨੇ ਉਸ ਦੀ ਬੇਇੱਜ਼ਤੀ ਕੀਤੀ ਤੇ ਉਸ ਨੂੰ ਭਾਰੀ ਜੁਰਮਾਨਾ ਕੀਤਾ। ਆਲਾ ਸਿੰਘ ਨੇ ਸਰਬੱਤ ਖਾਲਸਾ ਨੂੰ ਵੀ ਜੁਰਮਾਨਾ ਅਦਾ ਕਰ ਦਿੱਤਾ। (ਆਲਾ ਸਿੰਘ ਹਰ ਚੜ੍ਹਦੇ ਸੂਰਜ ਤੇ ਹਰ ਤਾਕਤ ਨੂੰ ਸਲਾਮ ਕਰਦਾ ਹੁੰਦਾ ਸੀ)।

1849: ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕੀਤਾ

ਗੁਜਰਾਤ ਦੀ ਹਾਰ ਮਗਰੋਂ ਚਤਰ ਸਿੰਘ ਤੇ ਸ਼ੇਰ ਸਿੰਘ ਨੇ 14 ਮਾਰਚ 1849 ਦੇ ਦਿਨ ਹਥਿਆਰ ਸੁੱਟ ਦਿੱਤੇ। ਸਿੱਖ ਫ਼ੌਜਾਂ ਵੱਲੋਂ ਹਥਿਆਰ ਸੁੱਟਣ ਤੋਂ 15 ਦਿਨ ਬਾਅਦ, 29 ਮਾਰਚ 1849 ਨੂੰ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ; ਇਸ ਦਿਨ ਪੰਜਾਬ ਫੇਰ ਗ਼ੁਲਾਮ ਹੋ ਗਿਆ।

1917: ਗ਼ਦਰੀ ਆਗੂਆਂ ਹਾਫ਼ਿਜ਼ ਅਬਦੁੱਲਾ, ਅਰੂੜ ਸਿੰਘ ਸੰਘਵਾਲ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫ਼ਾਂਸੀ ਦਿਤੀ ਗਈ

29 ਮਾਰਚ 1917 ਦੇ ਦਿਨ ਗ਼ਦਰੀ ਆਗੂਆਂ ਫ਼ਿਲਪਾਈਨ ਵਾਸੀ ਹਾਫ਼ਿਜ਼ ਅਬਦੁੱਲਾ ਤੇ ਅਰੂੜ ਸਿੰਘ (ਵਾਸੀ ਸੰਘਵਾਲ) ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ। ਇਸੇ ਦਿਨ ਗ਼ਦਰ ਲਹਿਰ ਦੇ ਇਕ ਹੋਰ ਮੁਖ ਆਗੂ ਭਾਈ ਬਲਵੰਤ ਸਿੰਘ ਵਾਸੀ ਖੁਰਦਪੁਰ (ਜ਼ਿਲ੍ਹਾ ਜਲੰਧਰ) ਜੋ ਵੈਨਕੂਵਰ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਰਹੇ ਸਨ, ਨੂੰ ਝੂਠਾ ਮੁਕੱਦਮਾ ਬਣਾ ਕੇ ਗ਼ਦਰ ਸਾਜ਼ਿਸ਼ ਕੇਸ ਦੇ ਨਾਂ ਤੇ ਇਸੇ ਦਿਨ ਹੀ ਲਾਹੌਰ ਜੇਲ੍ਹ ਵਿਚ ਫ਼ਾਂਸੀ 'ਤੇ ਚੜ੍ਹਾ ਦਿੱਤਾ ਗਿਆ।

1922: ਅਕਾਲੀ ਦਲ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰਖਿਆ ਗਿਆ

ਅਕਾਲੀ ਦਲ ਦੀ ਸੈਂਟਰਲ ਜਮਾਤ ਨੂੰ ਜ਼ਿਲ੍ਹਾ ਤੇ ਦੂਜੇ ਅਕਾਲੀ ਜੱਥਿਆਂ ਤੋਂ ਵੱਖਰਿਆਉਣ ਵਾਸਤੇ 29 ਮਾਰਚ 1922 ਦੇ ਦਿਨ ਦਲ ਨੇ ਆਪਣੇ ਛੇਵੇਂ ਮਤੇ ਮੁਤਾਬਿਕ ਇਸ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ' ਰਖ ਦਿੱਤਾ।

1967: ਕਲਕੱਤਾ ਵਿਚ ਬਾਘਮਾੜੀ ਗੁਰਦੁਆਰਾ 'ਤੇ ਹਮਲਾ

ਭਾਵੇਂ 1967 ਵਿਚ ਬੰਗਾਲ ਵਿਚ ਕਮਿਊਨਿਸਟ ਪਾਰਟੀ ਦੀ ਸਰਕਾਰ ਬਣ ਗਈ ਸੀ ਪਰ ਫਿਰ ਵੀ ਉਥੇ ਅਜੇ ਮੁਕਾਮੀ ਹਿੰਦੂਆਂ ਵਿਚ ਕਾਫ਼ੀ ਲੋਕ ਫ਼ਿਰਕਾਪ੍ਰਸਤ ਤੇ ਦਹਿਸ਼ਤਗਰਦੀ ਸੋਚ ਵਾਲੇ ਸਨ ਇਸ ਕਰ ਕੇ ਇਕ ਦਹਿਸ਼ਤਗਰਦ ਹਿੰਦੂ ਟੋਲੇ ਨੇ 29 ਮਾਰਚ 1967 ਨੂੰ ਕਲਕੱਤਾ ਵਿਖੇ ਗੁਰਦੁਆਰਾ ਬਾਘਮਾੜੀ 'ਤੇ ਹਮਲਾ ਕਰ ਦਿੱਤਾ ਜਿਸ ਵਿਚ 6 ਸਿੱਖ ਮਰੇ ਤੇ 100 ਜ਼ਖਮੀ ਹੋਏ, ਜਿਸ ਨਾਲ ਮਾਹੌਲ ਅਣਸੁਖਾਵਾਂ ਹੋ ਗਿਆ। ਪਰ, ਬੰਗਾਲ ਵਿਚ ਵੀ ਫ਼ਰੰਟ ਸਰਕਾਰ ਹੋਣ ਕਰ ਕੇ ਚੀਫ਼ ਮਨਿਸਟਰ ਨੇ ਇਕ ਦਮ ਜੁਡੀਸ਼ੀਅਲ ਪੜਤਾਲ ਦਾ ਐਲਾਣ ਕਰ ਦਿੱਤਾ ਜਿਸ ਨਾਲ ਅਕਾਲੀ-ਕਮਿਊਨਿਸਟ ਝਗੜਾ ਹੁੰਦਾ-ਹੁੰਦਾ ਮਸਾਂ ਬਚਿਆ।

1986: ਪੰਜਾਬ ਤੇ ਹਰਿਆਣਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ ਅਤੇ ਉਨ੍ਹਾਂ ਦੇ ਅਦਾਰਿਆਂ ਤੇ ਹਮਲੇ

ਖਾੜਕੂਆਂ ਨੇ 28 ਮਾਰਚ 1986 ਨੂੰ ਲੁਧਿਆਣੇ ਦੇ ਦਰੇਸੀ ਇਲਾਕੇ ਵਿਚ, ਸ਼ਿਵਸੈਨਾ ਦੇ ਹਿੰਦੂ ਦਹਿਸ਼ਤਗਰਦਾਂ ਦੇ ਇਕ ਟਰੇਨਿੰਗ ਕੈਂਪ 'ਤੇ ਹਮਲਾ ਕਰ ਕੇ, 10 ਹਿੰਦੂ ਮਾਰ ਦਿਤੇ ਸਨ। ਅਗਲੇ ਦਿਨ 29 ਮਾਰਚ ਨੂੰ ਹਿੰਦੂਆਂ ਨੇ ਪੰਜਾਬ ਬੰਦ ਦੇ ਨਾਂ 'ਤੇ ਅੱਗਜ਼ਨੀ ਅਤੇ ਪਥਰਾਓ ਕੀਤਾ। ਅੰਮ੍ਰਿਤਸਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ 'ਚ ਹਿੰਦੂਆਂ ਨੇ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕਰ ਕੇ ਲੁੱਟ-ਮਾਰ ਕੀਤੀ। ਲੁਧਿਆਣੇ 'ਚ ਡੀ.ਸੀ. ਦਾ ਦਫ਼ਤਰ ਸਾੜ ਦਿੱਤਾ। ਹਰਿਆਣਾ ਦੇ ਸ਼ਹਿਰ ਅੰਬਾਲੇ 'ਚ 6 ਸਿੱਖ ਦੁਕਾਨਾਂ ਸਾੜ ਦਿੱਤੀਆਂ; ਜਮਨਾਨਗਰ 'ਚ ਸਿੱਖਾਂ ਉੱਤੇ ਹਮਲੇ ਕਰ ਕੇ 25 ਸਿੱਖ ਜ਼ਖ਼ਮੀ ਕੀਤੇ; ਜਮਨਾਨਗਰ 'ਚ 20 ਸਿੱਖਾਂ ਦੀਆਂ ਦੁਕਾਨਾਂ ਵੀ ਸਾੜ ਦਿਤੀਆਂ ਗਈਆਂ। ਇਸ ਸਾਰੀ ਕਾਰਵਾਈ ਵੇਲੇ ਪੁਲੀਸ ਤੇ ਸੀ.ਆਰ.ਪੀ.ਐਫ਼. ਹਾਜ਼ਿਰ ਸਨ। ਉਨ੍ਹਾਂ ਨੇ ਹਿੰਦੂਆਂ ਉੱਤੇ ਕੋਈ ਫ਼ਾਇਰਿੰਗ, ਲਾਠੀਚਾਰਜ, ਅਥਰੂ ਗੈਸ ਜਾਂ ਗ੍ਰਿਫ਼ਤਾਰੀ ਦਾ ਐਕਸ਼ਨ ਨਹੀਂ ਕੀਤਾ।

1986: ਨਵਦੀਪ ਸਿੰਘ ਕੈਰੋਂਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਕਤਲ

29 ਮਾਰਚ 1986 ਦੇ ਦਿਨ ਪੁਲੀਸ ਨੇ ਤਰਨਤਾਰਨ ਕੋਲ ਪਿੰਡ ਕੈਰੋਂਵਾਲ 'ਚ 18 ਸਾਲ ਦੇ ਇਕ ਸਿੱਖ ਨੌਜਵਾਨ ਨਵਦੀਪ ਸਿੰਘ ਪੁਤਰ ਅਣੋਖ ਸਿੰਘ ਨੂੰ ਉਸ ਦੇ ਘਰ ਵਿਚ ਹੀ ਗੋਲੀਆਂ ਮਾਰ ਕੇ ਕਤਲ ਕਰ ਦਿਤਾ।

1987: ਹੀਰਾ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

29 ਮਾਰਚ 1987 ਦੇ ਦਿਨ ਮੈਡੀਕਲ ਕਾਲਜ ਅੰਮ੍ਰਿਤਸਰ ਨੇੜੇ ਹੀਰਾ ਸਿੰਘ ਨਾਂ ਦੇ ਇਕ ਸਿੱਖ ਨੂੰ ਨਕਲੀ ਮੁਬਲੇ ਦੇ ਨਾਂ ਹੇਠ ਮਾਰ ਦਿੱਤਾ ਗਿਆ।

1990: ਜਸਬੀਰ ਸਿੰਘ ਬੱਬੂ, ਜਗਤਾਰ ਸਿੰਘ ਨੁਸ਼ਹਿਰਾ ਪੰਨੂਆ, ਪ੍ਰੇਮ ਸਿੰਘ ਦੇਊ ਬਾਠ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਾਰਚ 1990 ਦੇ ਦਿਨ ਪੰਜਾਬ ਪੁਲੀਸ ਨੇ ਜਸਬੀਰ ਸਿੰਘ ਬੱਬੂ (ਪੁੱਤਰ ਗੁਰਦੀਪ ਸਿੰਘ, ਵਾਸੀ ਰਮਦਾਸ, ਹੁਸ਼ਿਆਰਪੁਰ), ਜਗਤਾਰ ਸਿੰਘ (ਪੀ.ਏ ਬਾਬਾ ਗੁਰਬਚਨ ਸਿੰਘ ਮਾਨੋਚਾਲ, ਵਾਸੀ ਨੁਸ਼ਹਿਰਾ ਪੰਨੂਆ, ਤਰਨਤਾਰਨ), ਪ੍ਰੇਮ ਸਿੰਘ (ਪੁੱਤਰ ਪੂਰਨ ਸਿੰਘ ਦੇਊ ਬਾਠ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਪਵਿੱਤਰ ਸਿੰਘ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਾਰਚ 1991 ਦੇ ਦਿਨ ਪੰਜਾਬ ਪੁਲੀਸ ਨੇ ਪਵਿੱਤਰ ਸਿੰਘ ਬਬਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਹਰਵਿੰਦਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

29 ਮਾਰਚ 1987 ਦੇ ਦਿਨ ਹਰਵਿੰਦਰ ਸਿੰਘ (ਪੱਤਰ ਗੁਰਦੀਪ ਸਿੰਘ, ਵਾਸੀ ਥਨੇਠਾ, ਪਟਿਆਲਾ) ਨੂੰ ਨਕਲੀ ਮੁਬਲੇ ਦੇ ਨਾਂ ਹੇਠ ਸ਼ਹੀਦ ਕਰ ਦਿੱਤਾ ਗਿਆ।

1994: ਭਾਈ ਕੰਵਰ ਸਿੰਘ ਨੇ ਕੇ.ਪੀ. ਗਿੱਲ ਦੇ ਪੈਰੀਂ ਹੱਥ ਲਾਉਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ: 'ਮੈਂ ਔਰੰਗਜ਼ੇਬ ਦੇ ਪੈਰੀਂ ਹੱਥ ਨਹੀਂ ਲਾਵਾਂਗਾ'

30 ਮਾਰਚ 1993 ਦੇ ਦਿਨ ਅਕਾਲ ਫ਼ੈਡਰੇਸ਼ਨ ਦੇ ਮੁਖੀਭਾਈ ਕੰਵਰ ਸਿੰਘ ਨੂੰ ਉਸ ਦੀ ਸਿੰਘਣੀ ਬੀਬੀ ਕੁਲਬੀਰ ਕੌਰ ਧਾਮੀ ਅਤੇ ਉਨ੍ਹਾਂ ਦੇ ਬੱਚੇ ਸਣੇ ਨੈਪਾਲ ਵਿਚੋਂ ਗ੍ਰਿਫ਼ਤਾਰ ਕਰ ਕੇ ਪੁਲੀਸ ਨੇ ਤਕਰੀਬਨ ਇਕ ਸਾਲ ਨਾਜਾਇਜ਼ ਕੈਦ ਵਿਚ ਰੱਖਿਆ ਅਤੇ ਪੁਲੀਸ ਦੀ ਵੱਡੀ ਕਾਮਯਾਬੀ ਦਿਖਾਉਣ ਵਾਸਤੇ ਉਸ ਵੱਲੋਂ ਖਾੜਕੂ ਲਹਿਰ ਤੋਂ ਅਲਹਿਦਗੀ ਤੇ ਪੁਲੀਸ ਅੱਗੇ ਹਥਿਆਰ ਸੁੱਟਣ ਦਾ ਡਰਾਮਾ ਕਰਨ ਵਾਸਤੇ ਤਿਆਰ ਕੀਤਾ। ਦਰਅਸਲ ਕੰਵਰ ਸਿੰਘ ਚਾਲਾਕੀ ਕਰ ਰਿਹਾ ਸੀ ਕਿਉਂਕਿ ਜੇ ਉਹ ਇਸ ਵਾਸਤੇ ਹਾਂ ਨਾ ਕਰਦਾ ਤਾਂ ਉਸ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਣਾ ਸੀ। ਪਰ ਜਦ 29 ਮਾਰਚ 1992 ਦੇ ਦਿਨ ਇਕ ਉਚੇਚੀ ਪ੍ਰੈਸ ਕਾਨਫ਼ਰੰਸ ਕਰ ਕੇ ਕੰਵਰ ਸਿੰਘ ਨੂੰ ਲਿਆਂਦਾ ਗਿਆ ਤੇ ਜ਼ਾਲਮ ਪੁਲੀਸ ਚੀਫ਼ ਕੇ.ਪੀ. ਗਿੱਲ ਦੇ ਪੈਰੀਂ ਹੱਥ ਲਾਉਣ ਵਾਸਤੇ ਕਿਹਾ ਗਿਆ ਤਾਂ ਉਸ ਨੇ ਦਰਜਨਾਂ ਪੈਸ ਨੁਮਾਇੰਦਿਆਂ ਸਾਹਮਣੇ ਮਾਈਕ ਫੜ ਕੇ ਕਿਹਾ ਕਿ 'ਮੈਂ ਔਰੰਗਜ਼ੇਬ ਕੇ. ਪੀ. ਗਿੱਲ ਦੇ ਪੈਰੀਂ ਹੱਥ ਨਹੀਂ ਲਾਵਾਗਾ ਤੇ ਇਹ ਸਾਰਾ ਡਰਾਮਾ ਇਨ੍ਹਾਂ ਨੇ ਰਚਿਆ ਹੈ ਮੈਂ ਕੋਈ ਹਥਿਆਰ ਨਹੀਂ ਸੁੱਟ ਰਿਹਾ; ਇਨ੍ਹਾਂ ਨੇ ਮੈਨੂੰ ਇਕ ਸਾਲ ਪਹਿਲਾਂ ਗ੍ਰਿਫ਼ਤਾਰ ਕਰ ਕੇ ਨਾਜਾਇਜ਼ ਹਿਰਾਸਤ ਵਿਚ ਰੱਖਿਆ

ਹੋਇਆ ਸੀ।' ਦਰਅਸਲ ਕੰਵਰ ਸਿੰਘ ਨੂੰ ਪਤਾ ਸੀ ਕਿ ਪ੍ਰੈਸ ਦੇ ਸਾਹਮਣੇ ਇਹ ਐਲਾਨ ਹੋ ਜਾਣ ਮਗਰੋਂ ਪੁਲੀਸ ਉਸ ਨੂੰ ਨਕਲੀ ਮੁਕਾਬਲੇ ਵਿਚ ਮਾਰ ਨਹੀਂ ਸਕੇਗੀ ਇਸ ਕਰ ਕੇ ਉਸ ਨੇ ਚਾਲਾਕੀ ਖੇਡ ਕੇ ਪੁਲੀਸ ਦੀ ਸਾਜ਼ਿਸ਼ ਨਾਕਾਮ ਕਰ ਦਿੱਤੀ।

2012: ਭਾਰਤੀ ਸੁਪਰੀਮ ਕੋਰਟ ਦੇ ਜੱਜਾਂ ਜੀ. ਐਸ. ਸਿੰਘਵੀ ਅਤੇ ਐਸ.ਜੇ. ਮੁਖੋਪਾਧਿਆਏ ਨੇ ਸਿੱਖਾਂ ਦੇ ਖ਼ਿਲਾਫ਼ ਫ਼ਿਰਕੂ ਭੜਾਸ ਕੱਢੀ

29 ਮਾਰਚ 2012 ਦੇ ਦਿਨ ਸੁਪਰੀਮ ਕੋਰਟ ਦੇ ਜੱਜਾਂ ਜੀ. ਐਸ. ਸਿੰਘਵੀ ਅਤੇ ਐਸ.ਜੇ. ਮੁਖੋਪਾਧਿਆਏ ਨੇ ਰਾਜੋਆਣਾ ਦੀ ਹਿਮਾਇਤ ਕਰਨ 'ਤੇ ਪੰਜਾਬ ਸਰਕਾਰ ਦੇ ਖ਼ਿਲਾਫ਼ ਗ਼ੈਰ ਕਾਨੂੰਨੀ ਟਿੱਪਣੀਆਂ ਕੀਤੀਆਂ ਅਤੇ ਆਪਣੀ ਸਿੱਖ-ਨਫ਼ਰਤ ਦਾ ਇਜ਼ਹਾਰ ਕਿਤਾ। ਫ਼ਿਰਕੂ ਜੱਜਾਂ ਨੇ ਰਾਜੋਆਣਾ ਦੇ ਹੱਕ ਵਿਚ ਐਜੀਟੇਸ਼ਨ 'ਤੇ ਵੀ ਸਾੜੇ ਅਤੇ ਕੀਨੇ ਦਾ ਇਜ਼ਹਾਰ ਕੀਤਾ। ਜੱਜਾਂ ਨੇ ਤਾਂ ਇਥੋਂ ਤਕ ਕਿਹਾ ਕਿ ਇਕ ਬੰਦੇ ਨੂੰ ਕਤਲਾਂ ਦੀ ਸਜ਼ਾ ਦਿੱਤੀ ਗਈ ਹੈ; ਉਹ ਇਕ ਚੀਫ਼ ਮਨਿਸਟਰ ਨੂੰ ਦਿਨ-ਦਿਹਾੜੇ ਕਤਲ ਕਰਨ ਦਾ ਮੁਜਰਮ ਹੈ; ਉਸ ਨੂੰ ਕਿਵੇਂ ਛੱਡਿਆ ਜਾ ਸਕਦਾ ਹੈ। ਪਿਛਲੇ ਚਾਰ ਦਿਨ ਤੋਂ ਪੰਜਾਬ ਵਿਚ ਗੜਬੜ ਹੋ ਰਹੀ ਹੈ। ਇਹ ਹੋਰ ਵੀ ਸ਼ਰਮਨਾਕ ਗੱਲ ਇਹ ਸੀ ਕਿ ਸੁਪਰੀਮ ਕੋਰਟ ਦੇ ਜੱਜਾਂ ਕੋਲ ਰਾਜੋਆਣਾ ਦਾ ਨਹੀਂ ਬਲਕਿ ਦਵਿੰਦਰਪਾਲ ਸਿੰਘ ਭੁੱਲਰ ਦਾ ਕੇਸ ਪੇਸ਼ ਹੋਇਆ ਸੀ ਪਰ ਉਹ ਗੁੱਸਾ ਰਾਜੋਆਣਾ ਤੇ ਕੱਢ ਰਹੇ ਸਨ।

2012: ਗੁਰਦਾਸਪੁਰ ਵਿਚ ਜਸਪਾਲ ਸਿੰਘ ਸਿੱਧਵਾਂ ਪਿੰਡ ਨੂੰ ਪੁਲਸ ਨੇ ਸ਼ਹੀਦ ਕੀਤਾ

29 ਮਾਰਚ 2012 ਦੇ ਦਿਨ ਗੁਰਦਾਸਪੁਰ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੇ ਖ਼ਿਲਾਫ਼ ਹੋ ਰਹੇ ਪ੍ਰੋਟੈਸਟ 'ਤੇ ਦਹਿਸ਼ਤਗਰਦ ਹਿੰਦੂ ਜਮਾਤ ਸ਼ਿਵ ਸੈਨਾ ਦੇ ਵਰਕਰਾਂ ਦਾ ਹਮਲਾ।ਦਹਿਸ਼ਤਗਰਦ ਹਿੰਦੂਆਂ ਦੀ ਮਦਦ ਕਰ ਰਹੇ ਪੁਲਸੀਆਂ ਨੇ ਸਿੱਖਾਂ 'ਤੇ ਗੋਲੀਆਂ ਚਲਾ ਕੇ 18 ਸਾਲਾ ਦੇ ਜਸਪਾਲ ਸਿੰਘ (ਪੁੱਤਰ ਗੁਰਬਚਨਜੀਤ ਸਿੰਘ, ਵਾਸੀ ਸਿੱਧਵਾਂ ਪਿੰਡ) ਨੂੰ ਗੋਲੀਆਂ ਮਾਰ ਕੇ ਮਾਰਿਆ ਤੇ ਰਣਜੀਤ ਸਿੰਘ ਪੰਧੇਰ ਨੂੰ ਸਖ਼ਤ ਜ਼ਖ਼ਮੀ ਕੀਤਾ। ਸਿੱਖਾਂ ਨੇ 14 ਸ਼ਿਵ ਸੈਨਕਾਂ ਤੇ ਕੇਸ ਦਰਜ ਕਰਵਾਇਆ ਪਰ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਬਾਦਲ ਨੇ ਕੁਝ ਪੁਲਸ ਅਫ਼ਸਰ ਮੁਅੱਤਲ ਕੀਤੇ ਪਰ ਇਹ ਸਭ ਦਿਖਾਵੇ ਦੀ ਕਾਰਵਾਈ ਸੀ। ਮਗਰੋਂ ਮਹਿੰਦਰ ਸਿੰਘ ਬੱਬੇਹਾਲੀ ਅਕਾਲੀ ਐਮ.ਐਲ.ਏ. ਨੇ ਦਹਿਸ਼ਤਗਰਦ ਹਿੰਦੂ ਜਮਾਤ ਸ਼ਿਵ ਸੈਨਾ ਦੀ ਪੂਰੀ ਪੂਰੀ ਮਦਦ ਕੀਤੀ।

30 ਮਾਰਚ

1664: ਗੁਰੂ ਹਰਕਿਸ਼ਨ ਸਾਹਿਬ ਜੋਤੀ ਜੋਤਿ ਸਮਾਏ

ਰਾਮ ਰਾਇ ਦੀ ਸਾਜ਼ਸ਼ ਹੇਠ ਔਰੰਗਜ਼ੇਬ ਦੇ ਬੁਲਾਏ ਗੁਰੂ ਹਰਕਿਸ਼ਨ ਸਾਹਿਬ ਦਿੱਲੀ ਪੁੱਜੇ। 25 ਮਾਰਚ 1664 ਦੇ ਦਿਨ ਗੁਰੂ ਹਰਕਿਸ਼ਨ ਸਾਹਿਬ ਤੇ ਔਰੰਗਜ਼ੇਬ ਵਿਚਕਾਰ ਮੁਲਾਕਾਤ ਹੋਈ; ਔਰੰਗਜ਼ੇਬ ਨੇ ਉਨ੍ਹਾਂ ਨੂੰ ਦੋ ਦਿਨ ਬਾਅਦ ਫੇਰ ਮਿਲਣ ਵਾਸਤੇ ਕਿਹਾ। ਉਸ ਰਾਤ ਨੂੰ ਗੁਰੂ ਸਾਹਿਬ 'ਤੇ ਚੀਚਕ ਦੀ ਬੀਮਾਰੀ ਨੇ ਹਮਲਾ ਕੀਤਾ। ਅਗਲੇ ਚਾਰ ਦਿਨ ਬੁਖ਼ਾਰ ਵਧਦਾ ਗਿਆ। ਅਖ਼ੀਰ ਸਮਾਂ ਆਇਆ ਜਾਣ ਕੇ ਆਪ ਨੇ ਨੇ 30 ਮਾਰਚ 1664 ਦੇ ਦਿਨ ਸਾਰਿਆਂ ਨੂੰ ਕੋਲ ਬੁਲਾ ਕੇ ਆਖਿਆ ਕਿ ਮੇਰੇ ਮਗਰੋਂ ਗੁਰਗੱਦੀ "ਬਕਾਲੇ (ਗੁਰੂ ਤੇਗ਼ ਬਹਾਦਰ ਸਾਹਿਬ) ਵਾਲੇ ਬਾਬੇ" ਨੂੰ ਸੌਂਪਣੀ ਹੈ। ਇਹ ਕਹਿਣ ਤੋਂ ਥੋੜ੍ਹਾ ਚਿਰ ਮਗਰੋਂ ਹੀ ਉਹ ਜੋਤੀ-ਜੋਤਿ ਸਮਾ ਗਏ।

1689: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਨਗਰੀ ਦੀ ਨੀਂਹ ਰੱਖੀ

30 ਮਾਰਚ 1689 ਦੇ ਦਿਨ ਗੁਰੂ ਗੋਬਿੰਦ ਜੀ ਨੇ (19 ਜੂਨ 1665 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਵਸਾਏ) ਪਿੰਡ ਚੱਕ ਨਾਨਕੀ ਦੇ ਨੇੜੇ, ਮੌਜੂਦਾ ਕੇਸਗੜ੍ਹ ਵਾਲੀ ਜਗ੍ਹਾ ਦੇ ਨੇੜੇ, ਨਵੇਂ ਪਿੰਡ ਦੀ ਮੋੜ੍ਹੀ ਗੱਡੀ। ਭਾਈ ਚਉਪਤਿ ਰਾਏ (ਮਗਰੋਂ ਚੌਪਾ ਸਿੰਘ) ਨੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਰਦਾਸ ਕੀਤੀ। ਨਵੇਂ ਨਗਰ ਦਾ ਨਾਂ ਗੁਰੂ ਸਾਹਿਬ ਨੇ 'ਅਨੰਦਪੁਰ' ਰੱਖਿਆ। (ਅੱਜ-ਕੱਲ੍ਹ ਚੱਕ ਨਾਨਕੀ, ਅਨੰਦਪੁਰ ਤੇ ਆਲੇ-ਦੁਆਲੇ ਦੇ ਕਈ ਪਿੰਡਾਂ, ਸਾਰੇ ਨੂੰ ਅਨੰਦਪੁਰ ਸਾਹਿਬ ਆਖਿਆ ਜਾਂਦਾ ਹੈ)।

1747: ਰਾਮ ਰੌਣੀ ਕਿਲ੍ਹੇ ਦੀ ਨੀਂਹ ਰੱਖੀ ਗਈ

21 ਮਾਰਚ 1747 ਦੇ ਦਿਨ ਲਖਪਤ ਰਾਏ ਦੀ ਗ੍ਰਿਫ਼ਤਾਰੀ ਹੋਣ ਅਤੇ ਕੌੜਾ ਮਲ ਦੇ ਦੀਵਾਨ ਬਣਨ 'ਤੇ ਸਿੱਖਾਂ ਨੂੰ ਰਾਹਤ ਮਿਲੀ। ਹੁਣ ਸਿੱਖ ਫਿਰ ਗੁਰੂ-ਦਾ-ਚੱਕ (ਅੰਮ੍ਰਿਤਸਰ) ਬੇਧੜਕ ਹੋ ਕੇ ਪੁੱਜਣ ਲੱਗ ਪਏ। 30 ਮਾਰਚ 1747 ਦੇ ਦਿਨ ਸਰਬੱਤ ਖ਼ਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਇਸ ਇਕੱਠ ਵਿਚ ਬਹੁਤ ਸਾਰੇ ਕੌਮੀ ਮਸਲੇ ਵਿਚਾਰੇ ਗਏ। ਸਰਬੱਤ ਖ਼ਾਲਸਾ ਨੇ ਗੁਰਮਤਾ ਕੀਤਾ ਕਿ ਸਿੱਖ ਜੱਦੋ-ਜਹਿਦ ਨੂੰ ਜਥੇਬੰਦ ਕੀਤਾ ਜਾਵੇ। ਖ਼ਾਲਸਾ ਫ਼ੌਜਾਂ ਨੂੰ ਸ਼ਸਤਰਾਂ-ਅਸਤਰਾਂ ਨਾਲ ਲੈਸ ਕਰ ਕੇ ਮੁਗ਼ਲ ਫ਼ੌਜਾਂ ਦੇ ਟਾਕਰੇ ਵਾਸਤੇ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਕੀਤਾ ਜਾਵੇ। ਇਸ ਦੇ ਨਾਲ ਹੀ ਇਹ ਗੁਰਮਤਾ ਵੀ ਕੀਤਾ ਗਿਆ ਕਿ ਗੁਰੂ ਦਾ ਚੱਕ ਵਿਚ ਇਕ ਕਿਲ੍ਹਾ ਵੀ ਉਸਾਰਿਆ ਜਾਵੇ । ਇਹ ਕੱਚਾ ਕਿਲ੍ਹਾ ਸ਼ਹਿਰ ਦੀ ਉਦੋਂ ਦੀ ਹੱਦ ਦੇ ਬਾਹਰ ਰਾਮਸਰ ਸਰੋਵਰ ਦੇ ਨੇੜੇ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਇਸ ਦਾ ਨਾਂ ਗੁਰੂ-ਦਾ-ਚੱਕ ਸ਼ਹਿਰ ਵਸਾਉਣ ਵਾਲੇ ਗੁਰੂ ਰਾਮਦਾਸ ਸਾਹਿਬ ਦੇ ਨਾਂ 'ਤੇ 'ਰਾਮ ਰੌਣੀ' ਰਖਿਆ ਗਿਆ। (ਰੌਣੀ ਦਾ ਮਾਅਨਾ ਹੈ: ਫ਼ਸੀਲ/ਚਾਰਦੀਵਾਰੀ। ਯਾਨਿ ਇਹ ਕਿਲ੍ਹਾ ਘਟ ਅਤੇ ਇਕ ਵਲਗਣ ਵਧੇਰੇ ਸੀ)। ਇਸ ਵਿਚ ਸਿਰਫ਼ 500 ਬੰਦੇ ਹੀ ਰਹਿ ਸਕਦੇ ਸਨ। ਭਾਵੇਂ ਇਹ ਇਕ ਵੱਡੀ ਹਵੇਲੀ ਹੀ ਜਾਪਦਾ ਸੀ, ਪਰ ਇਹ ਵਧੀਆ ਤਰੀਕੇ ਨਾਲ ਬਣਾਇਆ ਗਿਆ ਸੀ ਅਤੇ ਹਮਲੇ ਵੇਲੇ ਕੁਝ ਦੇਰ ਤਕ ਚੰਗੀ ਹਿਫ਼ਾਜ਼ਤ ਦੇ ਸਕਦਾ ਸੀ।

1919: ਗੱਜਣ ਸਿੰਘ ਲੁਧਿਆਣਾ ਤੇ ਕੌਂਸਲ ਦੇ ਹੋਰ ਸਿੱਖ ਮੈਂਬਰਾਂ ਵੱਲੋਂ ਸਿੱਖਾਂ ਦੀ ਇਕ ਸਿਆਸੀ ਜਥੇਬੰਦੀ ਬਣਾਉਣ ਦਾ ਫ਼ੈਸਲਾ

1919 ਤਕ ਹਿੰਦੂਆਂ ਦੇ ਹੱਕਾਂ ਵਾਸਤੇ ਜੱਦੋਜਹਿਦ ਕਰਨ ਵਾਸਤੇ ਕਾਂਗਰਸ ਅਤੇ ਮੁਸਲਮਾਨਾਂ ਵਾਸਤੇ ਮੁਸਲਿਮ ਲੀਗ ਬਣੀਆਂ ਹੋਈਆਂ ਸਨ। 30 ਮਾਰਚ 1919 ਦੇ ਦਿਨ ਸ:ਬ: ਗੱਜਣ ਸਿੰਘ, ਕੌਂਸਲ ਦੇ ਕੁਝ ਹੋਰ ਸਿੱਖ ਮੈਂਬਰ ਅਤੇ ਕੁਝ ਸਿੱਖ ਰਈਸ ਲਾਹੌਰ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਸਿੱਖ ਹੱਕਾਂ ਦੀ ਇਕ ਸਿਆਸੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ (ਮਗਰੋਂ ਇਸ ਕੋਸ਼ਿਸ਼ ਹੇਠ 'ਸਿੱਖ ਲੀਗ' ਕਾਇਮ ਹੋਈ ਸੀ)।

1986: ਓਂਕਾਰ ਸਿੰਘ ਸੁਰਜੀਤ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

30 ਮਾਰਚ 1986 ਦੇ ਦਿਨ ਸੀ.ਆਰ.ਪੀ.ਐਫ਼. ਨੇ ਪਾਂਛਟਾ (ਤਹਿਸੀਲ ਫਗਵਾੜਾ) ਕੋਲ ਓਂਕਾਰ ਸਿੰਘ ਅਤੇ ਇਕ ਹੋਰ ਸਿੱਖ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤੇ। ਇਸੇ ਦਿਨ ਖਲਚੀਆਂ (ਅੰਮ੍ਰਿਤਸਰ) ਪੁਲੀਸ ਨੇ ਸੁਰਜੀਤ ਸਿੰਘ ਦੇ ਹਿਰਾਸਤ 'ਚ ਫ਼ਰਾਰ ਹੋਣ ਦਾ ਡਰਾਮਾ ਖੇਡਿਆ ਤੇ ਸ਼ਹੀਦ ਕਰ ਕੇ ਨਕਲੀ ਪੁਲੀਸ ਮੁਕਾਬਲੇ ਤੋਂ ਪਹਿਲਾਂ ਵਰਗੀ ਕਹਾਣੀ ਦੋਹਰਾਈ।

1986: ਦਿੱਲੀ ਵਿਚ ਸਰਕਾਰ ਦੇ ਚਾਪਲੂਸ ਸਿੱਖਾਂ ਨੇ ਹਿੰਦੂਆਂ ਦੇ ਕਤਲ ਦੇ ਜਲੂਸ ਕੱਢਿਆ; ਉਨ੍ਹਾਂ ਕਦੇ ਵੀ ਬੇਗੁਨਾਹ ਸਿੱਖਾਂ ਦੇ ਕਤਲ ਤੇ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ ਸੀ

30 ਮਾਰਚ 1986 ਦੇ ਦਿਨ ਦਿੱਲੀ 'ਚ ਸਰਕਾਰ ਦੇ ਹਿਮਾਇਤੀ ਸਿੱਖਾਂ ਨੇ ਪੰਜਾਬ 'ਚ ਹਿੰਦੂਆਂ ਦੇ ਕਤਲਾਂ ਦੇ ਖ਼ਿਲਾਫ਼ ਜਲੂਸ ਕੱਢਿਆ। ਇਨ੍ਹਾਂ ਨੇ ਪੰਜਾਬ, ਹਰਿਆਣਾ ਤੇ ਹੋਰ ਸੂਬਿਆਂ ਵਿਚ ਮਾਰੇ ਗਏ ਸੈਂਕੜੇ ਸਿੱਖਾਂ ਉੱਤੇ ਬੇਵਜਹ ਹਮਲਿਆਂ ਦੇ ਖ਼ਿਲਾਫ਼ ਕਦੇ ਆਵਾਜ਼ ਨਹੀਂ ਉਠਾਈ ਸੀ। ਇਨ੍ਹਾਂ ਨੇ ਤਾਂ ਖ਼ੂਨੀ ਨਵੰਬਰ 1984 ਵਿਚ ਦਿੱਲੀ 'ਚ ਸਿੱਖਾਂ ਦੇ ਕਤਲੇਆਮ, ਹਰਿਆਣਾ, ਯੂ.ਪੀ., ਬਿਹਾਰ ਵਗੈਰਾ 'ਚ ਸਿੱਖਾਂ ਉੱਤੇ ਹਮਲਿਆਂ, ਉਨ੍ਹਾਂ ਦੇ ਕਤਲ, ਜਾਇਦਾਦਾਂ ਸਾੜਨ, ਨਾਜਾਇਜ਼ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਕਦੇ ਜਲੂਸ ਨਹੀਂ ਕੱਢਿਆ ਸੀ। ਇਸ ਜਲੂਸ ਵਿਚ ਹੋਰਨਾਂ ਤੋਂ ਇਲਾਵਾ ਡਾ: ਜਸਪਾਲ ਸਿੰਘ (ਮਗਰੋਂ ਵੀ. ਸੀ. ਪੰਜਾਬੀ ਯੂਨੀਵਰਸਿਟੀ ਪਟਿਆਲਾ), ਜਨਰਲ ਜਗਜੀਤ ਸਿੰਘ ਅਰੋੜਾ, ਬਲਵੰਤ ਰਾਮੂੰਵਾਲੀਆ ਤੇ ਆਈ. ਕੇ. ਗੁਜਰਾਲ (ਮਗਰੋਂ ਪ੍ਰਾਈਮ ਮਨਿਸਟਰ) ਵੀ ਸ਼ਾਮਿਲ ਸਨ।

1987: ਹਰਜਿੰਦਰ ਸਿੰਘ ਅਰਜਨਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

30 ਮਾਰਚ 1987 ਦੇ ਦਿਨ ਪੰਜਾਬ ਪੁਲੀਸ ਨੇ ਹਰਜਿੰਦਰ ਸਿੰਘ ਅਰਜਨਪੁਰਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਪਰਮਜੀਤ ਸਿੰਘ ਬਾਂਗਵਾਲਾ ਤੇ ਪਰਮਜੀਤ ਸਿੰਘ ਚੀਮਾ ਖੁੱਡੀ ਨਕਲੀ ਮੁਕਾਬਲੇ ਵਿਚ ਸ਼ਹੀਦ

30 ਮਾਰਚ 1988 ਦੇ ਦਿਨ ਪੰਜਾਬ ਪੁਲੀਸ ਨੇ ਪਰਮਜੀਤ ਸਿੰਘ ਉਰਫ਼ ਬਾਬਾ (ਵਾਸੀ ਬਾਂਗਵਾਲਾ, ਹੁਸ਼ਿਆਰਪੁਰ) ਤੇ ਪਰਮਜੀਤ ਸਿੰਘ ਉਰਫ਼ ਪੰਮਾ (ਵਾਸੀ ਚੀਮਾ ਖੁੱਡੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਲਬੀਰ ਸਿੰਘ ਤੇ ਗੁਰਮੀਤ ਸਿੰਘ ਮਾਜਰੀ ਰਸੂਲਪੁਰਾ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

30 ਮਾਰਚ 1991 ਦੇ ਦਿਨ ਪੁਲਸ ਨੇ ਬਲਬੀਰ ਸਿੰਘ ਉਰਫ਼ ਬੀਰਾ ਉਰਫ਼ ਬਬਰ (ਵਾਸੀ ਠੱਠੀਆਂ ਸਾਹਿਬ, ਫ਼ੀਰੋਜ਼ਪੁਰ) ਤੇ ਗੁਰਮੀਤ ਸਿੰਘ (ਪੁੱਤਰ ਗੁਰਬਖਸ ਸਿੰਘ, ਵਾਸੀ ਮਾਜਰੀ ਰਸੂਲਪੁਰਾ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਟ ਦਿੱਤਾ ਗਿਆ।

1992: ਜਸਪਾਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

30 ਮਾਰਚ 1992 ਦੇ ਦਿਨ ਪੁਲਸ ਨੇ ਜਸਪਾਲ ਸਿੰਘ (ਪੁੱਤਰ ਭਗਤ ਸਿੰਘ, ਵਾਸੀ ਨੱਤ, ਨੇੜੇ ਚਾਹਲ ਕਲਾਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਟ ਦਿੱਤਾ ਗਿਆ।

1993: ਬਲਵਿੰਦਰ ਸਿੰਘ ਰਬੈਰੋ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

ਤੀਹ ਮਾਰਚ 1993 ਦੇ ਦਿਨ ਬਲਵਿੰਦਰ ਸਿੰਘ ਉਰਫ਼ ਰਬੈਰੋ (ਪੁੱਤਰ ਨਾਜਰ ਸਿੰਘ, ਵਾਸੀ ਮਾਨੋਚਾਹਲ) ਤੇ ਦੋ ਹੋਰ ਸਿੱਖ ਨਕਲੀ ਮੁਕਾਬਲੇ ਬਣਾ ਸ਼ਹੀਦ ਕਟ ਦਿੱਤੇ ਗਏ।

1993: ਭਾਈ ਕੰਵਰ ਸਿੰਘ ਤੇ ਕੁਲਬੀਰ ਕੌਰ ਬੱਚੇ ਸਮੇਤ ਨੈਪਾਲ ਵਿਚ ਗ੍ਰਿਫ਼ਤਾਰ

30 ਮਾਰਚ 1993 ਦੇ ਦਿਨ ਅਕਾਲ ਫ਼ੈਡਰੇਸ਼ਨ ਦੇ ਮੁਖੀ ਭਾਈ ਕੰਵਰ ਸਿੰਘ ਨੂੰ ਉਸ ਦੀ ਸਿੰਘਣੀ ਬੀਬੀ ਕੁਲਬੀਰ ਕੌਰ ਧਾਮੀ ਅਤੇ ਉਨ੍ਹਾਂ ਦੇ ਬੱਚੇ ਸਣੇ ਨੈਪਾਲ ਵਿਚੋਂ ਗ੍ਰਿਫ਼ਤਾਰ ਕੀਤਾ।

2012: *(ਬੀਬੀ)* ਜਗੀਰ ਕੌਰ ਨੂੰ ਧੀ ਦਾ ਜਬਰੀ ਗਰਭਪਾਤ ਕਰਵਾਉਣ 'ਤੇ 5 ਸਾਲ ਕੈਦ ਦੀ ਸਜ਼ਾ ਮਿਲੀ

30 ਮਾਰਚ 2012 ਦੇ ਦਿਨ ਇਕ ਅਦਾਲਤ ਨੇ ਬਾਦਲ ਸਰਕਾਰ ਦੀ ਵਜ਼ੀਰ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਅਤੇ ਉਸ ਦੇ 4 ਸਾਥੀਆਂ ਨੂੰ (ਜਗੀਰ ਕੌਰ ਦੀ) ਧੀ ਦਾ ਜਬਰੀ ਗਰਭ ਪਾਤ ਕਰਵਾਉਣ ਦੇ ਦੋਸ਼ ਵਿਚ 5-5 ਸਾਲ ਕੈਦ ਦੀ ਸਜ਼ਾ ਸੁਣਾਈ। ਕਈ ਹਫ਼ਤੇ ਜੇਲ੍ਹ ਵਿਚ ਰਹਿਣ ਮਗਰੋਂ ਉਸ ਨੂੰ ਹਾਈ ਕੋਰਟ ਵਿਚ ਅਪੀਲ ਦਾਇਰ ਹੋਣ 'ਤੇ ਉਸ ਨੂੰ ਅਪੀਲ ਦਾ ਫ਼ੈਸਲਾ ਹੋਣ ਤਕ ਦੇ ਸਮੇਂ ਵਾਸਤੇ ਰਿਹਾਈ ਮਿਲੀ।

31 ਮਾਰਚ

1504: ਗੁਰੂ ਅੰਗਦ ਸਾਹਿਬ ਦਾ ਜਨਮ ਹੋਇਆ

ਗੁਰੂ ਅੰਗਦ ਸਾਹਿਬ ਦਾ ਜਨਮ 31 ਮਾਰਚ 1504 ਦੇ ਦਿਨ ਮੱਤੇ ਦੀ ਸਰਾਂ (ਮੁਕਤਸਰ ਤੋਂ 12 ਕਿਲੋਮੀਟਰ ਅਤੇ ਫ਼ਰੀਦਕੋਟ ਤੋਂ 13 ਕਿਲੋਮੀਟਰ ਦੂਰ) ਵਿਚ ਹੋਇਆ। ਚੌਧਵੀਂ ਸਦੀ ਤਕ ਪਿੰਡ ਮੱਤੇ ਦੀ ਸਰਾਂ ਏਸ਼ੀਆ ਦੇ ਸਭ ਤੋਂ ਵੱਡੇ ਤਜਾਰਤੀ ਰੂਟ (ਵਪਾਰਕ ਸ਼ਾਹ ਰਾਹ, ਯਾਨਿ ਜੀ.ਟੀ.ਰੋਡ.) 'ਤੇ ਪੈਂਦਾ ਸੀ। ਉਨ੍ਹੀਂ ਦਿਨੀਂ ਲੈਬਨਾਨ, ਈਰਾਕ, ਈਰਾਨ ਵਾਲੇ ਪਾਸਿਓਂ ਤੋਂ ਆਉਣ ਵਾਲੇ ਸਾਰੇ, ਵਣਜਾਰੇ ਵੀ ਅਤੇ ਜਰਵਾਣੇ ਵੀ, ਇਸੇ ਰੂਟ ਰਾਹੀਂ ਦਿੱਲੀ ਨੂੰ ਜਾਇਆ ਕਰਦੇ ਸਨ। ਇਸ ਕਰ ਕੇ ਇਸ ਰੂਟ 'ਤੇ ਥਾਂ-ਥਾਂ 'ਤੇ ਮੁਸਾਫ਼ਿਰਾਂ ਦੇ ਠਹਿਰਣ ਲਈ ਕਈ ਸਰਾਵਾਂ ਬਣੀਆਂ ਹੋਈਆਂ ਸਨ।'ਮੱਤੇ ਦੀ ਸਰਾਂ' ਉਨ੍ਹਾਂ ਸਰਾਵਾਂ ਵਿਚੋਂ ਇਕ ਸੀ। ਇਸ ਸਰਾਂ ਦਾ ਇੰਚਾਰਜ ਮੀਆਂ ਮੱਤਾ ਖ਼ਾਨ ਸੀ, ਜਿਸ ਕਰ ਕੇ ਇਸ ਨੂੰ ਮੱਤੇ ਦੀ ਸਰਾਂ ਕਿਹਾ ਜਾਂਦਾ ਸੀ। ਹੌਲੀ-ਹੌਲੀ ਇਸ ਸਰਾਂ ਦੇ ਦੁਆਲੇ ਇਕ ਪਿੰਡ ਵਸ ਗਿਆ ਸੀ। ਗੁਰੂ ਅੰਗਦ ਸਾਹਿਬ ਦੇ ਪਿਤਾ ਬਾਬਾ ਫੇਰੂ ਅਤੇ ਦਾਦਾ ਨਾਰਾਇਣ ਦਾਸ ਤਰੇਹਣ ਇਸ ਪਿੰਡ ਵਿਚ ਦੁਕਾਨਦਾਰੀ ਕਰਿਆ ਕਰਦੇ ਸਨ।

1689: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਗੜ੍ਹ ਕਿਲ੍ਹੇ ਦੀ ਨੀਂਹ ਰੱਖੀ

31 ਮਾਰਚ 1689 ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ-ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪੰਜ ਕਿਲ੍ਹੇ ਬਣਾਉਣੇ ਸ਼ੁਰੂ ਕੀਤੇ। ਗੁਰੂ ਸਾਹਿਬ ਨੇ ਇਨ੍ਹਾਂ ਕਿਲ੍ਹਿਆਂ ਦੇ ਨਾਂ **ਅਨੰਦਗੜ੍ਹ** (ਮੌਜੂਦਾ ਅਨੰਦਗੜ੍ਹ ਕਿਲ੍ਹਾ ਵਾਲੀ ਜਗ੍ਹਾ), **ਲੋਹਗੜ੍ਹ** (ਮੌਜੂਦਾ ਲੋਹਗੜ੍ਹ ਗੁਰਦੁਆਰੇ ਵਾਲੀ ਜਗ੍ਹਾ), **ਤਾਰਾਗੜ੍ਹ** (ਪੁਰਾਣੇ ਕੋਟ ਕਹਿਲੂਰ ਦੇ ਨੇੜੇ ਪਿੰਡ ਤਾਰਾਪੁਰ ਵਿਚ ਮੌਜੂਦਾ ਗੁਰਦੁਆਰਾ ਤਾਰਾਗੜ੍ਹ ਦੀ ਜਗ੍ਹਾ), **ਅਗੰਮਗੜ੍ਹ** (ਪਿੰਡ ਅਗੰਮਗੜ੍ਹ, ਮਾਤਾ ਜੀਤ ਕੌਰ ਜੀ ਦੇ ਗੁਰਦੁਆਰੇ ਦੇ ਨੇੜੇ ਮੌਜੂਦਾ ਗੁਰਦੁਆਰਾ ਹੋਲਗੜ੍ਹ ਦੀ ਜਗ੍ਹਾ) ਅਤੇ **ਫ਼ਤਹਿਗੜ੍ਹ** (ਚਰਨ ਗੰਗਾ ਦੇ ਨੇੜੇ ਪਿੰਡ ਸਹੋਟਾ ਦੀ ਹਦੂਦ ਵਿਚ, ਮੌਜੂਦਾ ਗੁਰਦੁਆਰਾ ਫ਼ਤਹਿਗੜ੍ਹ ਵਾਲੀ ਜਗ੍ਹਾ) ਰੱਖੇ। ਸਭ ਤੋਂ ਪਹਿਲਾਂ ਕਿਲ੍ਹਾ ਅਨੰਦਗੜ੍ਹ ਤਿਆਰ ਹੋਇਆ ਤੇ ਬਾਕੀ ਚਾਰ ਮਗਰੋਂ ਤਿਆਰ ਹੋਏ ।

1942: ਸਿੱਖਾਂ ਨੇ ਕ੍ਰਿਪਸ ਮਿਸ਼ਨ ਨੂੰ ਮੈਮੋਰੰਡਮ ਦਿੱਤਾ

1942 ਵਿਚ ਬ੍ਰਿਟਿਸ਼ ਸਰਕਾਰ ਨੇ ਭਾਰਤੀਆਂ ਨੂੰ ਵਧੇਰੇ ਹੱਕ ਦੇਣ ਵਾਸਤੇ ਇਕ ਕਮਿਸ਼ਨ ਬਣਾਇਆ ਜਿਸ ਦਾ ਮੁਖੀ ਸਰ ਸਟੈਫ਼ੋਰਡ ਕ੍ਰਿਪਸ ਸੀ; ਇਸ ਨੇ 23 ਮਾਰਚ 1942 ਨੂੰ ਦਿੱਲੀ ਪੁੱਜ ਕੇ ਭਾਰਤੀਆਂ ਨੂੰ ਡੋਮੀਨੀਅਨ ਸਟੇਟਸ ਦੀ ਪੇਸ਼ਕਸ਼ ਕੀਤੀ। ਕ੍ਰਿਪਸ ਦੀ ਪੇਸ਼ਕਸ਼ ਮਗਰੋਂ, 31 **ਮਾਰਚ 1942 ਦੇ ਦਿਨ, ਸਾਰੇ ਸਿੱਖਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਨੇ, ਇਕ ਮੈਮੋਰੰਡਮ ਕ੍ਰਿਪਸ ਮਿਸ਼ਨ ਨੂੰ ਦਿੱਤਾ।** ਇਸ ਵਿਚ ਕਿਹਾ ਗਿਆ ਸੀ: 1. ਮੌਜੂਦਾ ਪੰਜਾਬ ਦੀਆਂ ਹੱਦਾਂ ਦੀ ਨਵੇਂ ਸਿਰਿਓਂ ਵੰਡ ਕਰ ਕੇ ਜਲੰਧਰ ਤੇ ਅੰਬਾਲਾ ਡਿਵੀਜ਼ਨਾਂ ਵਿਚ ਅੰਮ੍ਰਿਤਸਰ, ਗੁਰਦਾਸਪੁਰ ਤੇ ਲਾਹੌਰ ਜ਼ਿਲੇ ਸ਼ਾਮਿਲ ਕਰ ਕੇ ਵੱਖ ਸੂਬਾ ਬਣਾਇਆ ਜਾਵੇ। 2. ਸੂਬਿਆਂ ਵਿਚ ਸਿੱਖ ਘੱਟ ਗਿਣਤੀ ਨੂੰ ਉਵੇਂ ਹੀ ਨੁਮਾਇੰਦਗੀ ਦਿੱਤੀ ਜਾਵੇ ਜਿਵੇਂ ਬਾਕੀ ਸੂਬਿਆਂ ਵਿਚ ਮੁਸਲਮਾਨਾਂ ਨੂੰ ਦਿੱਤੀ ਜਾਣੀ ਹੈ।3. ਜਦੋਂ ਤੱਕ ਫ਼ਿਰਕੂ ਚੋਣਾਂ ਚਲਣੀਆਂ ਹਨ ਸੂਬਿਆਂ ਵਿਚ ਕੁਲੀਸ਼ਨ-ਵਜ਼ਾਰਤਾਂ ਬਣਾਈਆਂ ਜਾਣ।4. ਸੈਂਟਰ ਵਿਚ ਸਿੱਖਾਂ ਨੂੰ 5 ਫ਼ੀ ਸਦੀ ਨੁਮਾਇੰਦਗੀ ਮਿਲੇ। 5. ਸੈਂਟਰ ਦੀ ਵਜ਼ਾਰਤ ਵਿਚ ਇਕ ਸਿੱਖ ਜ਼ਰੂਰ ਲਿਆ ਜਾਵੇ।6. ਭਾਰਤੀ ਰੱਖਿਆ ਵਜ਼ਾਰਤ ਦੇ ਸਲਾਹਕਾਰ ਬੋਰਡ ਵਿਚ ਇਕ ਸਿੱਖ ਜ਼ਰੂਰ ਹੋਵੇ। 7. ਫ਼ੌਜਾਂ ਵਿਚ ਸਿੱਖਾਂ ਦੀ ਗਿਣਤੀ ਉਨ੍ਹਾਂ ਦੇ ਬੀਤੇ ਰਿਕਾਰਡ ਦੇ ਹਿਸਾਬ ਨਾਲ ਕਾਇਮ ਰੱਖੀ ਜਾਵੇ। 8. ਮੁਲਕੀ ਤੇ ਸੂਬਾਈ ਮੁਲਾਜ਼ਮਤਾਂ ਵਿਚ ਮੁਸਲਮਾਨਾਂ ਵਾਂਗ ਸਿੱਖਾਂ ਨੂੰ ਹੱਕ ਤੇ ਰਾਖਵਾਂ ਕੋਟਾ ਦਿੱਤਾ ਜਾਵੇ। 9. ਸਿੱਖਾਂ ਸਬੰਧੀ ਕਾਨੂੰਨ ਕੇਵਲ ਸਿੱਖਾਂ ਦੀ ਬਹੁ ਗਿਣਤੀ ਦੇ ਅਧਾਰ 'ਤੇ ਹੀ ਸੋਧੇ ਜਾਣ। 10. ਸਿੱਖ ਰੀਤੀਆਂ ਅਤੇ ਧਾਰਮਿਕ ਅਕੀਦੇ ਬਾਰੇ ਕੋਈ ਪਾਬੰਦੀ ਨਾ ਲਾਈ ਜਾਵੇ। 11. ਸਰਕਾਰ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦੀ ਲਾਜ਼ਮੀ ਪੜ੍ਹਾਈ ਦਾ ਇੰਤਜ਼ਾਮ ਕਰੇ।"

1973: ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ

1923 ਤੋਂ ਮਗਰੋਂ ਦਰਬਾਰ ਸਾਹਿਬ ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ 31 ਮਾਰਚ 1973 ਦੇ ਦਿਨ ਸ਼ੁਰੂ ਕੀਤੀ ਗਈ ਜਿਸ ਵਿਚ ਲੱਖਾਂ ਸਿੱਖਾਂ ਨੇ ਹਿੱਸਾ ਲਿਆ ਜਿਸ ਕਾਰਨੇ ਕੁਝ ਹੀ ਦਿਨਾਂ ਵਿਚ ਇਹ ਪੂਰੀ ਹੋ ਗਈ।

1979: ਸ਼੍ਰੋਮਣੀ ਕਮੇਟੀ ਦੀਆਂ ਚੋਣਾਂ; ਸਰਕਾਰ ਨੇ ਸਾਰੇ ਵਸੀਲੇ ਕਰ ਕੇ ਜਾਅਲੀ ਵੋਟਾਂ ਭੁਗਤਾ ਕੇ ਭਾਈ ਅਮਰੀਕ ਸਿੰਘ ਨੂੰ ਹਰਾਇਆ

ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, ਜਿਹੜੀਆਂ 1965 ਤੋਂ ਬਾਅਦ ਨਹੀਂ ਕਰਵਾਈਆਂ ਗਈਆਂ ਸਨ, 14 ਸਾਲ ਬਾਅਦ 1979 ਵਿਚ ਹੋਈਆਂ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਤੇ ਭਿੰਡਰਾਂ-ਮਹਿਤਾ ਜਥਾ, ਦਲ ਖ਼ਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਵੀ ਆਪਣੇ ਉਮੀਦਵਾਰ ਖੜੇ ਕੀਤੇ। ਅਕਾਲੀ ਪਾਰਟੀ ਦੀ ਆਪਣੀ ਸਰਕਾਰ ਹੋਣ ਕਾਰਨ, ਸਾਰੀ ਸਰਕਾਰੀ ਮਸ਼ੀਨਰੀ ਵਰਤ ਕੇ, ਅਕਾਲੀ ਦਲ 140 ਵਿਚੋਂ 132 ਸੀਟਾਂ ਜਿਤ ਗਿਆ। ਬਿਆਸ ਦੀ ਸੀਟ ਤੋਂ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਹਰਾਉਣ ਵਾਸਤੇ ਪੰਜਾਬ ਵਿਚ ਅਕਾਲੀ-ਜਨਤਾ ਸਰਕਾਰ ਨੇ ਅਣਗਿਣਤ ਬੇਨਿਯਮੀਆਂ ਅਤੇ ਬੇਈਮਾਨੀਆਂ ਕੀਤੀਆਂ ਅਤੇ ਜੀਵਨ ਸਿੰਘ ਉਮਰਾਨੰਗਲ ਨੂੰ 'ਕਾਮਯਾਬ' ਕੀਤੇ ਜਾਣ ਦਾ ਢੌਂਗ ਰਚਿਆ।

1988: ਮਾਰਚ ਮਹੀਨੇ ਵਿਚ ਬਹੁਤ ਸਾਰੇ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਮਾਰਚ 1988 ਵਿਚ ਵੱਖ-ਵੱਖ ਤਾਰੀਖ਼ਾਂ ਵਿਚ ਪੁਲਸ ਨੇ ਬਹੁਤ ਸਾਰੇ ਸਿੱਖ ਨਕਲੀ ਮੁਕਾਬਲਿਆਂ ਵਿਚ ਕਤਲ ਕੀਤੇ ਸਨ; ਇਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਗੁਲਜ਼ਾਰ ਸਿੰਘ ਪੱਪੂ, ਜਗਦੀਸ਼ ਸਿੰਘ ਜੱਗਾ, ਬਲਵੰਤ ਸਿੰਘ, ਦਰਬਾਰਾ ਸਿੰਘ ਢਿੱਲੋਂ, ਸਰਤਾਜ ਸਿੰਘ ਫ਼ੌਜੀ, ਨਿਸ਼ਾਨ ਸਿੰਘ ਵਿਛੋਆ, ਭੁਪਿੰਦਰ ਸਿੰਘ ਮਾਕੋਵਾਲ, ਬਲਬੀਰ ਸਿੰਘ ਸਾਹਮਣਾ, ਕੁਲਦੀਪ ਸਿੰਘ ਕੋਲਾ, ਜਸਬੀਰ ਸਿੰਘ ਅਜਨਾਲਾ, ਦਵਿੰਦਰ ਸਿੰਘ ਮਹਿਤਾ ਤੇ ਕਈ ਹੋਰ ਸ਼ਾਮਿਲ ਸਨ।

1990: ਦਰਜਨਾਂ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

31 ਮਾਰਚ 1990 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ ਛਿੰਦਾ (ਵਾਸੀ ਭੋਲੇਕੇ, ਗੁਰਦਾਸਪੁਰ), ਅਮਰੀਕ ਸਿੰਘ ਉਰਫ਼ ਫੌਜੀ, ਸਤਨਾਮ ਸਿੰਘ ਸੱਤਾ (ਵਾਸੀ ਮਦਰ, ਅੰਮ੍ਰਿਤਸਰ), ਇਕਬਾਲ ਸਿੰਘ ਉਰਫ਼ ਗੋਰਾ (ਵਾਸੀ ਅਲਗੋ, ਅੰਮ੍ਰਿਤਸਰ), ਗੁਰਮੀਤ ਸਿੰਘ ਮਿੰਨੂ ਉਰਫ਼ ਗੁਰਮੁੱਖ ਸਿੰਘ ਐਮ.ਏ., ਸਵਰਨ ਸਿੰਘ ਪੱਪੂ ਤੇ ਪਰਗਟ ਸਿੰਘ (ਤਿੰਨੇ ਵਾਸੀ ਬਲਿਹਾਰ, ਅੰਮ੍ਰਿਤਸਰ), ਸੁਖਵੰਤ ਸਿੰਘ ਸੁੱਖਾ (ਵਾਸੀ ਮਾੜੀ ਮੇਘਾ, ਅੰਮ੍ਰਿਤਸਰ), ਸੁਖਦੇਵ ਸਿੰਘ ਸੁੱਖਾ (ਵਾਸੀ ਜਨੀਆਨਾ, ਅੰਮ੍ਰਿਤਸਰ), ਸਰਬਜੀਤ ਸਿੰਘ ਭੁੱਲਰ ਉਰਫ਼ ਛੱਬਾ (ਪੁੱਤਰ ਸਾਧਾ ਸਿੰਘ, ਵਾਸੀ ਪੱਟੀ ਭਾਈ ਕੀ, ਸੁਰ ਸਿੰਘ), ਦਵਿੰਦਰ ਸਿੰਘ ਦਿੰਦ (ਪੁੱਤਰ ਨਿਰੰਜਣ ਸਿੰਘ, ਵਾਸੀ ਮਹਿਤਾ), ਭੁਪਿੰਦਰ ਸਿੰਘ ਉਰਫ਼ ਭਿੰਦਾ ਦਾਗੀ (ਵਾਸੀ ਛੋਟਾ ਭਕਨਾ, ਅੰਮ੍ਰਿਤਸਰ), ਬੂਟਾ ਸਿੰਘ (ਵਾਸੀ ਸੁਰ ਸਿੰਘ, ਅੰਮ੍ਰਿਤਸਰ), ਜੱਗਾ ਸਿੰਘ, (ਵਾਸੀ ਖਾਨਪੁਰ), ਜਸਮੇਲ ਸਿੰਘ ਜੱਸਾ ਤੇ ਫੌਜਾ ਸਿੰਘ (ਦੋਵੇਂ ਵਾਸੀ ਚੈਨ ਸਿੰਘ ਵਾਲਾ ਬੜ੍ਹਾ, ਫਿਰੋਜ਼ਪੁਰ), ਅਮਰਜੀਤ ਸਿੰਘ ਜੀਤਾ (ਵਾਸੀ ਬੀਰ ਪਿੰਡ), ਸਮਸ਼ੇਰ ਸਿੰਘ ਸ਼ੇਰਾ (ਵਾਸੀ ਖੱਬੇ ਰਾਜਪੂਤਾਂ, ਅੰਮ੍ਰਿਤਸਰ), ਪਰਗਟ ਸਿੰਘ ਪੱਗਾ (ਪੁੱਤਰ ਪ੍ਰੀਤਮ ਸਿੰਘ, ਵਾਸੀ ਪੱਤੀ ਮਾਣੇ ਕੀ, ਸੁਰ ਸਿੰਘ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ।

1991: ਦਰਜਨਾਂ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

30-31 ਮਾਰਚ 1991 ਦੀ ਰਾਤ ਪੰਜਾਬ ਪੁਲਸ ਨੇ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੇਜਰ ਸਿੰਘ (ਜੋ 250 ਕਤਲਾਂ ਵਿਚ ਲੋੜੀਂਦਾ ਸੀ ਅਤੇ ਜਿਸ 'ਤੇ 10 ਲੱਖ ਰੁਪੈ ਦਾ ਈਨਾਮ ਸੀ) ਅਤੇ ਉਸ ਦੇ ਪਤਨੀ ਬੀਬੀ ਰਾਜਵਿੰਦਰ ਕੌਰ (ਵਾਸੀ ਖਤਰਾਏ ਕਲਾਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਇਕ ਹੋਰ ਨਕਲੀ ਮੁਕਾਬਲੇ ਵਿਚ ਕੁਲਵੰਤ ਸਿੰਘ ਖੁਖਰਾਣਾ ਨੂੰ ਵੀ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਧਰਤੀ ਧਕੇਲ ਸਿੰਘ, ਖਜ਼ਾਨ ਸਿੰਘ, (ਵਾਸੀ ਦਦੇਹਰ ਸਾਹਿਬ), ਬਲਰਾਜ ਸਿੰਘ ਰਾਜਾ (ਵਾਸੀ ਖਾਰਾ), ਰਜਿੰਦਰ ਸਿੰਘ ਫੌਜੀ ਉਰਫ਼ ਇੰਦਰਜੀਤ ਸਿੰਘ (ਵਾਸੀ ਸ਼ਿਕਾਰ ਮੱਛੀਆਂ, ਗੁਰਦਾਸਪੁਰ), ਬਾਵਾ ਸਿੰਘ ਸਰਪੰਚ (ਵਾਸੀ ਨਦੋਹਰ), ਸਵਰਨ ਸਿੰਘ (ਵਾਸੀ ਕੰਡਿਆਲਾ, ਅੰਮ੍ਰਿਤਸਰ), ਮਾਨ ਸਿੰਘ ਬਬਰ (ਵਾਸੀ ਚਮਕੌਰ ਸਾਹਿਬ, ਰੋਪੜ), ਸੁਰਿੰਦਰ ਸਿੰਘ ਪਰਵਾਨਾ (ਵਾਸੀ ਵਲੀਪੁਰ, ਅੰਮ੍ਰਿਤਸਰ), ਬਲਵਿੰਦਰ ਸਿੰਘ (ਵਾਸੀ ਮਰਖੀ, ਫਿਰੋਜ਼ਪੁਰ), ਲਖਬੀਰ ਸਿੰਘ ਲੱਖਾ (ਵਾਸੀ ਕਾਲੇਵਾਲ), ਦਲਜੀਤ ਸਿੰਘ ਬਾਬਾ ਅਤੇ ਉਸ ਦਾ ਭਰਾ (ਵਾਸੀ ਮਾਨਸਰੋਵਰਵਾਲ, ਫਿਰੋਜ਼ਪੁਰ), ਸਤਨਾਮ ਸਿੰਘ ਉਰਫ਼ ਭੁੱਟੋ, ਬੇਅੰਤ ਸਿੰਘ ਬੂਟਾ (ਵਾਸੀ ਲੁਧਿਆਣਾ), ਖਜਾਨ ਸਿੰਘ (ਵਾਸੀ ਲਾਡੂਵਾਲਾ, ਫਿਰੋਜ਼ਪੁਰ), ਹਰਜੀਤ ਸਿੰਘ ਮਾਨ ਉਰਫ਼ ਬਾਈ ਸਿੰਘ ਬੰਬਈ ਵਾਲੇ (ਵਾਸੀ ਚੋਹਲਾ ਸਾਹਿਬ, ਅੰਮ੍ਰਿਤਸਰ), ਪਵਿੱਤਰ ਸਿੰਘ ਬਬਰ (ਵਾਸੀ ਮਗਰੋਹ, ਰੋਪੜ) ਨੂੰ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ।

1992: ਸਤਨਾਮ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ

31 ਮਾਰਚ 1992 ਦੇ ਦਿਨ ਪੁਲੀਸ ਨੇ ਸਤਨਾਮ ਸਿੰਘ ਸੱਤਾ ਤੇ ਹੋਰ ਕਈ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2004: ਗੁਰਚਰਨ ਸਿੰਘ ਟੌਹੜਾ ਦੀ ਅੱਧੀ ਰਾਤ ਨੂੰ ਮੌਤ ਹੋਈ

ਗੁਰਚਰਨ ਸਿੰਘ ਟੌਹੜਾ ਨੂੰ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕਰਨ ਦਾ ਸਭ ਤੋਂ ਵੱਧ ਜ਼ਿੰਮੇਦਾਰ ਮੰਨਿਆ ਜਾਏਗਾ। ਉਸ ਨੇ 1979 ਵਿਚ ਇਸ ਤਖ਼ਤ ਨੂੰ ਨਿੱਜੀ ਮੁਫ਼ਾਦ ਵਾਸਤੇ ਵਰਤਣ ਦੀ ਸ਼ੁਰੂਆਤ ਕੀਤੀ ਸੀ ਅਤੇ ਫਿਰ ਕਈ ਵਾਰ ਅਜਿਹੀ ਹਰਕਤ ਦੋਹਰਾਈ ਸੀ। ਸਿਰਫ਼ ਅਕਾਲ ਤਖ਼ਤ ਸਾਹਿਬ ਹੀ ਨਹੀਂ, ਸਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸ ਨੇ ਆਪਣੀ ਨਿੱਜੀ ਸ਼ਾਨ ਤੇ ਤਾਕਤ ਕਾਇਮ ਰੱਖਣ ਵਾਸਤੇ ਕੁਰਪਸ਼ਨ, ਨਾ-ਅਹਲੀਅਤ, ਨਾਲਾਇਕੀ, ਮਨਮਤ, ਜੁਰਮ, ਪਾਪ ਤੇ ਅਧਰਮ ਦਾ ਸੈਂਟਰ ਬਣਨ ਦਿੱਤਾ। ਉਸ ਨੇ ਕਮਿਊਨਿਸਟਾਂ, ਫ਼ਿਰਕੂ ਹਿੰਦੂਆਂ ਅਤੇ ਪਤਿਤ ਸਿੱਖਾਂ ਨੂੰ ਸਕੂਲਾਂ-ਕਾਲਜਾਂ ਤੇ ਹਸਤਪਤਾਲਾਂ 'ਚ ਵੱਡੀਆਂ ਨੌਕਰੀਆਂ ਦਿੱਤੀਆਂ, ਧਰਮ ਪਰਚਾਰ ਦੇ ਕਰੋੜਾਂ ਰੁਪੈ ਖੂਹ ਖਾਤੇ ਪਾਏ। ਉਸ ਨੇ ਕੌਮ ਦੇ ਕਰੀਬ ਤਿੰਨ ਦਹਾਕੇ ਜ਼ਾਇਆ ਕਰ ਕੇ ਕੌਮ ਨੂੰ ਸੌ ਸਾਲ ਪਿੱਛੇ ਸੁੱਟ ਦਿੱਤਾ। ਮਾਰਚ 2004 ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਤਾਂ ਟੌਹੜਾ ਨੂੰ ਦਿਲ ਦਾ ਦੌਰਾ ਪਿਆ ਤੇ ਉਹ 31 ਮਾਰਚ ਤੇ ਪਹਿਲੀ ਅਪ੍ਰੈਲ ਵਿਚਲੀ ਰਾਤ ਨੂੰ ਚੜ੍ਹਾਈ ਕਰ ਗਿਆ। ਉਸ ਦਾ ਭੋਗ 11 ਅਪ੍ਰੈਲ ਨੂੰ ਪਾਇਆ ਗਿਆ, ਜਿੱਥੇ ਉਸ ਨੂੰ ਅਖੌਤੀ 'ਪੰਥ ਰਤਨ' ਦਾ 'ਖ਼ਿਤਾਬ' ਦੇਣ ਦਾ ਐਲਾਨ ਕੀਤਾ ਗਿਆ। ਸਿਰਫ਼ ਟੌਹੜਾ ਹੀ ਨਹੀਂ ਇਨ੍ਹਾਂ ਦਿਨਾਂ ਵਿਚ ਹੋਰਨਾਂ ਨੂੰ ਵੀ ਬੇਮਾਅਨਾ ਖ਼ਿਤਾਬ ਦਿੱਤੇ ਗਏ ਸਨ। ਅਮਰੀਕਾ ਵਿਚ 7 ਅਕਤੂਬਰ 2003 ਨੂੰ ਹਰਭਜਨ ਸਿੰਘ ਯੋਗੀ ਦੀ ਮੌਤ ਹੋ ਗਈ ਤਾਂ ਉਸ ਦੀ ਘਰਵਾਲੀ ਨੂੰ **ਸਿੰਘ ਸਾਹਿਬਾ** ਦਾ ਖ਼ਿਤਾਬ ਦਿੱਤਾ ਗਿਆ। ਮਾਰਚ 2005 ਵਿਚ ਸਿੱਖ ਫ਼ਲਸਫ਼ਾ ਵਿਗਾੜਨ ਵਾਲੇ ਸੰਤ ਸਿੰਘ ਮਸਕੀਨ ਦੀ ਮੌਤ ਹੋ ਗਈ। ਇਸ ਵੇਦਾਂਤੀ ਨੇ ਉਸ ਨੂੰ ਵੀ **'ਗੁਰਮਤਿ ਮਾਰਤੰਡ'** ਦਾ ਅਖੌਤੀ ਖ਼ਿਤਾਬ ਦਿੱਤਾ। ਸ਼੍ਰੋਮਣੀ ਕਮੇਟੀ ਵੱਲੋਂ **'ਭਾਈ ਗੁਰਦਾਸ ਐਵਾਰਡ'** ਵੀ ਇਸੇ ਫ਼ਲਸਫ਼ਾ-ਵਿਗਾੜ ਕੇ ਪੇਸ਼ ਕਰਨ ਵਾਲੇ ਨੂੰ 27 ਮਾਰਚ 2005 ਨੂੰ ਦਿੱਤਾ ਗਿਆ। 2006 ਵਿਚ ਜਸਬੀਰ ਸਿੰਘ ਖੰਨਾ ਦੀ ਮੌਤ ਮਗਰੋਂ ਉਸ ਨੂੰ ਵੀ ਪੰਥ ਰਤਨ ਬਣਾ ਦਿੱਤਾ ਗਿਆ। ਇਸ ਨਾਲ ਇਹ ਚਰਚਾ ਚਲ ਪਿਆ ਕਿ ਹੁਣ ਬਾਦਲ, ਤਲਵੰਡੀ, ਵੇਦਾਂਤੀ ਵੀ ਮਰਨ ਮਗਰੋਂ ਪੰਥ ਰਤਨ ਬਣਾਏ ਜਾਣਗੇ। (ਕੀ ਇੰਞ ਵੀ ਕੋਈ **ਪੰਥ ਦਾ ਰਤਨ** ਬਣ ਸਕਦਾ ਹੈ?)

2014: ਦਵਿੰਦਰ ਸਿੰਘ ਭੁੱਲਰ ਦੀ ਫ਼ਾਂਸੀ ਉਮਰ ਕੈਦ ਵਿਚ ਬਦਲੀ

31 ਮਾਰਚ 2014 ਦੇ ਦਿਨ ਭਾਰਤ ਦੀ ਸੁਪਰੀਮ ਕੋਰਟ ਨੇ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿਤੀ। ਪਹਿਲਾਂ ਦਿੱਲੀ ਦੇ ਚੀਫ਼ ਮਨਿਸਟਰ ਅਰਵਿੰਦ ਕੇਜਰੀਵਾਲ ਤੇ ਮਗਰੋਂ ਲੈਫ਼ਟੀਨੈਂਟ ਗਵਰਨਰ ਨੇ ਸੁਪਰੀਮ ਕੋਰਟ ਨੂੰ ਲਿਖ ਕੇ ਦਿੱਤਾ ਸੀ ਕਿ ਉਸ ਦੀ ਫ਼ਾਂਸੀ ਦੀ ਸਜ਼ਾ ਮੁਆਫ਼ ਕਰਨ 'ਤੇ ਦਿੱਲੀ ਸਰਕਾਰ ਨੂੰ ਕੋਈ ਇਤਰਾਜ਼ ਨਹੀਂ। ਸੁਪਰੀਮ ਕੋਰਟ ਨੇ ਪਹਿਲਾਂ 26 ਅਤੇ ਫਿਰ 31 ਮਾਰਚ 'ਤੇ ਤਾਰੀਖ਼ ਪਾ ਦਿੱਤੀ ਤੇ ਉਸ ਦਿਨ ਉਸ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ।

2014: ਹਜ਼ੂਰ ਸਾਹਿਬ ਵਿਚ ਰੱਖੇ ਪੁਰਾਤਨ ਹਥਿਆਰਾਂ ਵਿਚ ਸ਼ਿਵ ਦਾ ਤਿਰਸ਼ੂਲ ਵੀ ਰੱਖ ਦਿੱਤਾ ਗਿਆ

31 ਮਾਰਚ 2014 ਦੇ ਦਿਨ ਸਿਮਰਨਜੀਤ ਸਿੰਘ ਮਾਨ ਨੇ ਗੁਰਦੁਆਰਾ ਹਜ਼ੂਰ ਸਾਹਿਬ ਨੰਦੇੜ ਵਿਚ ਰੱਖੇ ਹੋਏ ਪੁਰਾਤਨ ਹਥਿਆਰਾਂ ਵਿਚ ਕਾਲਪਨਿਕ ਹਿੰਦੂ ਦੇਵਤੇ ਸਿਵ ਦਾ ਤ੍ਰਿਸ਼ੂਲ ਵੀ ਰੱਖਣ ਦੀ ਭਰਪੂਰ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਤ੍ਰਿਸ਼ੂਲ ਦਾ ਸਿੱਖੀ ਨਾਲ ਕੋਈ ਸਬੰਧ ਨਹੀਂ; ਇਹ ਸ਼ਿਵ ਪੂਜਾ ਵਾਲੀ ਹਰਕਤ ਹੈ ਤੇ ਗੁਰਦੁਆਰੇ ਦੀ ਬੇਅਦਬੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਹਰਕਤ ਹੈਡ ਗ੍ਰੰਥੀ ਪ੍ਰਤਾਪ ਸਿੰਘ ਨੇ ਕੀਤੀ ਹੈ ਜੋ ਫ਼ਿਰਕੂ ਹਿੰਦੂ ਜਮਾਤ ਰਾਸ਼ਟਰ ਸੋਇਮ ਸੇਵਕ ਸੰਘ ਨਾਲ ਸਬੰਧਤ ਹੈ।

1 ਅਪਰੈਲ

1705: ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਬੀਬੀ ਤਾਰਾ ਕੌਰ ਅਨੰਦਪੁਰ ਸਾਹਿਬ ਤੋਂ ਦਿੱਲੀ ਵਾਸਤੇ ਰਵਾਨਾ ਹੋਏ

13 ਮਾਰਚ 1705 ਦੇ ਦਿਨ ਅਜਮੇਰ ਚੰਦ ਨੇ ਹੰਡੂਰੀ ਫ਼ੌਜਾਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ 'ਤੇ ਇਕ ਵਾਰ ਫੇਰ ਹਮਲਾ ਕਰ ਦਿੱਤਾ। ਅਜਮੇਰ ਚੰਦ ਇਸ ਵਾਰ ਫੇਰ ਹਾਰ ਗਿਆ। ਇਸ ਵਕਤ ਤਕ ਗੁਰੂ ਸਾਹਿਬ ਨੂੰ ਪਤਾ ਲੱਗ ਚੁਕਾ ਸੀ ਕਿ ਅਜਮੇਰ ਚੰਦ ਨੇ ਹੰਡੂਰ ਤੇ ਹੋਰ ਪਹਾੜੀ ਰਾਜਿਆਂ ਨੂੰ ਨਾਲ ਮਿਲਾ ਕੇ, ਸੂਬਾ ਸਰਹੰਦ ਦੀ ਮਦਦ ਨਾਲ ਇਕ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਇਸ ਮੌਕੇ 'ਤੇ ਇਕ ਵੱਡੀ ਤੇ ਲੰਬੀ ਜੰਗ ਹੋਣ ਦੇ ਆਸਾਰ ਸਨ। ਇਸ ਕਰ ਕੇ ਗੁਰੂ ਸਾਹਿਬ ਨੇ 29 ਮਾਰਚ 1705 ਦੇ ਦਿਨ ਅਨੰਦਪੁਰ ਸਾਹਿਬ 'ਚ ਰਹਿ ਰਹੇ ਸਾਰੇ ਸਿੱਖਾਂ ਦਾ ਇਕੱਠ ਬੁਲਾਇਆ ਅਤੇ ਉਨ੍ਹਾਂ ਨੂੰ ਆਖਿਆ ਕਿ ਸਾਰੇ ਗ੍ਰਿਹਸਤੀ ਸਿੰਘ ਆਪਣੇ ਬੀਵੀ ਬੱਚਿਆਂ ਨੂੰ ਲੈ ਕੇ ਆਪੋ-ਆਪਣੇ ਵਤਨਾਂ ਨੂੰ ਚਲੇ ਜਾਣ। ਪਹਿਲੀ ਅਪ੍ਰੈਲ 1705 ਦੇ ਦਿਨ ਦੋਹਾਂ ਮਾਤਾਵਾਂ (ਸੁੰਦਰ ਕੌਰ ਤੇ ਸਾਹਿਬ ਕੌਰ) ਨੂੰ ਵੀ ਭਾਈ ਜੇਠਾ ਸਿੰਘ ਤੇ ਬੀਬੀ ਤਾਰਾ ਕੌਰ ਦੇ ਨਾਲ ਦਿੱਲੀ ਵੱਲ ਟੋਰ ਦਿੱਤਾ ਗਿਆ, ਸ਼ਾਇਦ ਉਨ੍ਹਾਂ ਦੀ ਮੰਜ਼ਿਲ ਬੁਰਾਹਨਪੁਰ ਸੀ ਜਿੱਥੇ ਭਾਈ ਜੇਠਾ ਸਿੰਘ ਰਹਿੰਦੇ ਸਨ। ਹੁਣ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ, ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ ਤੇ ਤਕਰੀਬਨ ਪੰਜ ਕੁ ਸੌ ਸਿੰਘ ਹੀ ਬਾਕੀ ਰਹਿ ਗਏ ਸਨ। 3 ਮਈ 1705 ਦੇ ਦਿਨ ਅਜਮੇਰ ਚੰਦ ਨੇ ਹਜ਼ਾਰਾਂ ਫ਼ੌਜਾਂ ਨਾਲ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਗੁਰੂ ਸਾਹਿਬ ਨੇ ਸਾਰੇ ਕਿਲ੍ਹਿਆਂ ਵਿਚ ਪੂਰੀ ਤਕੜਾਈ ਕੀਤੀ ਹੋਈ ਸੀ ਪਰ ਉਸ ਵੇਲੇ ਅਨੰਦਪੁਰ ਸਾਹਿਬ 'ਚ ਅਨਾਜ ਕੋਈ ਬਹੁਤਾ ਨਹੀਂ ਸੀ। ਅਜਮੇਰ ਚੰਦ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾਇਆ ਹੋਇਆ ਸੀ। ਇਸ ਘੇਰੇ ਤੋਂ ਕੁਝ ਹੋਰ ਦੂਰ ਹੰਡੂਰੀ ਫ਼ੌਜਾਂ ਅਤੇ ਗੁੱਜਰਾਂ ਤੇ ਰੰਘੜਾਂ ਨੇ ਮੋਰਚੇ ਸੰਭਾਲੇ ਹੋਏ ਸਨ। ਹੌਲੀ-ਹੌਲੀ ਸਿੰਘਾਂ ਦੇ ਲੰਗਰ ਮਸਤਾਨੇ ਹੋ ਗਏ। ਸਿੰਘ ਛੋਲਿਆਂ ਦੀ ਰੋਜ਼ਾਨਾ ਇਕ ਮੁੱਠ ਨਾਲ ਗੁਜ਼ਾਰਾ ਕਰਨ ਲੱਗੇ।

(ਨੋਟ: ਮਾਤਾਵਾਂ ਨੂੰ 5 ਤੇ 6 ਦਸੰਬਰ ਦੀ ਰਾਤ ਨੂੰ ਬਾਕੀ ਸਾਰਿਆਂ ਦੇ ਨਾਲ-ਨਾਲ ਇਕੱਠਿਆ ਜਾਣ ਅਤੇ ਉਨ੍ਹਾਂ ਨੂੰ ਭਾਈ ਮਨੀ ਸਿੰਘ ਦੇ ਨਾਲ ਭੇਜਣ ਦੀ ਕਹਾਣੀ ਮਗਰੋਂ ਪਰਚਾਰੀ ਗਈ ਸੀ। ਭਾਈ ਮਨੀ ਸਿੰਘ ਤਾਂ ਉਸ ਵੇਲੇ ਅਨੰਦਪੁਰ ਵਿਚ ਨਹੀਂ ਸਨ ਬਲਕਿ ਗੁਰੂ ਦਾ ਚੱਕ, ਅੰਮ੍ਰਿਤਸਰ, ਦੀ ਸੇਵਾ-ਸੰਭਾਲ ਕਰਦੇ ਸਨ)।

1937: ਕੋਟ ਭਾਈ ਥਾਨ ਸਿੰਘ ਗੁਰਦੁਆਰੇ ਤੇ ਮੁਸਲਮਾਨਾਂ ਦਾ ਬੇਵਜਹ ਹਮਲਾ

ਰਾਵਲਪਿੰਡੀ ਤੋਂ 25 ਮੀਲ ਦੂਰ, ਕੋਟ ਭਾਈ ਥਾਨ ਸਿੰਘ ਪਿੰਡ ਮੁਹੰਮਦ ਸ਼ਾਹ ਨਵਾਜ਼ ਖ਼ਾਨ ਦੀ ਮਲਕੀਅਤ ਸੀ। ਗੁਰਦੁਆਰੇ ਦੇ ਆਲੇ ਦੁਆਲੇ ਦੀ ਸਾਰੀ ਜ਼ਮੀਨ ਉਸੇ ਦੀ ਸੀ।

ਸਾਰਾ ਇਲਾਕਾ ਮੁਸਲਮਾਨਾਂ ਦਾ ਸੀ ਤੇ ਜੋ ਹਿੰਦੂ ਅਤੇ ਸਿੱਖ ਪਹਿਲੋਂ ਉਥੇ ਰਹਿੰਦੇ ਸਨ ਉਹ ਸ਼ਾਹ ਨਿਵਾਜ਼ ਦੇ ਬੰਦਿਆਂ ਤੋਂ ਡਰ ਕੇ ਪਿੰਡ ਛੱਡ ਗਏ ਸਨ। ਹੁਣ ਸਿਰਫ਼ ਗੁਰਦੁਆਰੇ ਵਿਚ ਹੀ ਸੱਤ-ਅੱਠ ਸੇਵਾਦਾਰ ਰਹਿ ਗਏ ਸਨ। ਮੁਹੰਮਦ ਖ਼ਾਨ ਨੇ ਇਨ੍ਹਾਂ ਸਿੱਖਾਂ ਨੂੰ ਵੀ ਨਹਿਰ ਵਿਚੋਂ ਪਾਣੀ ਲੈਣ ਤੋਂ ਵੀ ਰੋਕ ਦਿੱਤਾ। ਪਹਿਲੀ ਅਪਰੈਲ 1937 ਨੂੰ ਰਾਤ ਦੇ ਸਤ ਵਜੇ ਕੋਟ ਭਾਈ ਥਾਨ ਸਿੰਘ ਦੇ ਗੁਰਦੁਆਰੇ ਉੱਤੇ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ। ਘਟਨਾ ਵੇਲੇ ਸਿੱਖ ਗੁਰਦੁਆਰੇ ਵਿਚ ਕੀਰਤਨ ਕਰ ਰਹੇ ਸਨ। ਮੁਸਲਮਾਨਾਂ ਨੇ ਸਿੱਖਾਂ ਨੂੰ ਕੀਰਤਨ ਕਰਨ ਤੋਂ ਰੋਕਿਆ। ਪਰ ਸਿੱਖ ਨਾ ਰੁਕੇ ਅਤੇ ਕੀਰਤਨ ਕਰਦੇ ਰਹੇ। ਮੁਸਲਮਾਨ ਗੁਰਦੁਆਰੇ ਅੰਦਰ ਜਾ ਵੜੇ ਤੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ। ਇਕ ਸਿੰਘ ਭਾਈ ਨਿਰਮਲ ਸਿੰਘ ਸ਼ਹੀਦ ਹੋ ਗਿਆ ਅਤੇ 13 ਸਿੱਖ ਫੱਟੜ ਹੋਏ। ਮੁਸਲਮਾਨਾਂ ਨੇ ਗੁਰਦੁਆਰੇ ਦੀਆਂ ਬਾਰੀਆਂ ਤੋੜ ਸੁੱਟੀਆਂ। ਪੁਲੀਸ ਨੇ ਪਹੁੰਚ ਕੇ ਗੋਲੀ ਚਲਾ ਕੇ ਹਾਲਤ 'ਤੇ ਕਾਬੂ ਪਾਇਆ ਪਰ ਕੋਈ ਗ੍ਰਿਫ਼ਤਾਰੀ ਨਾ ਕੀਤੀ (ਕਿਉਂਕਿ ਮੁਕਾਮੀ ਪੁਲੀਸ ਵਿਚ ਸਿਰਫ਼ ਮੁਸਲਮਾਨ ਹੀ ਸਨ)। ਅਗਲੇ ਦਿਨ 2 ਅਪਰੈਲ ਨੂੰ ਕੁਝ ਸਿੱਖ ਆਗੂ ਉੱਥੇ ਪਹੁੰਚੇ ਤਾਂ ਪੁਲੀਸ ਨੇ 18 ਮੁਸਲਮਾਨ ਗ੍ਰਿਫ਼ਤਾਰ ਕੀਤੇ।11 ਅਪਰੈਲ 1937 ਨੂੰ ਅਕਾਲੀ ਜਥੇ ਕੋਟ ਭਾਈ ਥਾਨ ਨੂੰ ਸਿੰਘ ਰਵਾਨਾ ਹੋਣ ਲੱਗ ਪਏ। ਮਾਸਟਰ ਤਾਰਾ ਸਿੰਘ ਵੀ ਉੱਥੇ ਪਹੁੰਚ ਗਏ। 12 ਅਪਰੈਲ ਨੂੰ ਕੋਟ ਭਾਈ ਥਾਨ ਸਿੰਘ ਵਿਚ ਦੀਵਾਨ ਸਜਿਆ ਜਿਸ ਵਿਚ ਮਾਸਟਰ ਤਾਰਾ ਸਿੰਘ, ਈਸ਼ਰ ਸਿੰਘ ਮਝੈਲ, ਚੰਨਣ ਸਿੰਘ ਉਰਾੜਾ ਤੇ ਗਿ: ਕਰਤਾਰ ਸਿੰਘ ਨੇ ਤਕਰੀਰਾਂ ਕੀਤੀਆਂ ਅਤੇ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ।

ਅਕਾਲੀ ਦਲ ਨੇ 24-25 ਅਪਰੈਲ 1937 ਨੂੰ ਆਪਣੇ ਜਨਰਲ ਇਜਲਾਸ ਵਿਚ ਕੋਟ ਭਾਈ ਥਾਨ ਸਿੰਘ ਦੇ ਮਸਲੇ 'ਤੇ ਸਰਕਾਰ ਅਤੇ ਪੁਲੀਸ ਦੀ ਵਧੀਕੀ ਅਤੇ ਸਰਕਾਰ ਵਲੋਂ ਮੁਸਲਮਾਨਾਂ ਦੀ ਨਾਜਾਇਜ਼ ਹਿਮਾਇਤ ਦੀ ਨਿੰਦਾ ਕੀਤੀ। 6 ਅਗਸਤ 1937 ਤੋਂ ਅਕਾਲੀ ਦਲ ਨੇ ਕੋਟ ਭਾਈ ਥਾਨ ਸਿੰਘ ਵਿਚ ਪਾਣੀ ਦੇ ਮਸਲੇ 'ਤੇ ਮੋਰਚਾ ਲਾਉਣ ਦਾ ਐਲਾਨ ਕਰ ਦਿਤਾ। ਪਰ 19 ਅਗਸਤ 1937 ਨੂੰ ਅਦਾਲਤੀ ਕੇਸ ਵਿਚ ਜਿੱਤ ਹੋਣ 'ਤੇ ਕੋਟ ਭਾਈ ਥਾਨ ਸਿੰਘ ਦਾ ਮਸਲਾ ਹਲ ਹੋ ਗਿਆ। ਪੰਜਾਬ ਹਾਈਕੋਰਟ ਨੇ ਸਿੱਖਾਂ ਨੂੰ ਸਾਢੇ 10 ਤੋਂ ਡੇਢ ਵਜੇ ਤੱਕ ਪਾਣੀ ਦੀ ਇਜਾਜ਼ਤ ਦੇ ਦਿੱਤੀ ਤੇ ਹੁਕਮ ਕੀਤਾ ਕਿ ਮੁਸਲਮਾਨ ਉਸ ਸਮੇਂ ਪਾਣੀ ਲੈਣ ਨਾ ਜਾਣ। ਇਸ ਦੇ ਨਾਲ ਹੀ ਕੈਂਬਲਪੁਰ ਦਾ ਮਜਿਸਟਰੇਟ ਵੀ ਬਦਲ ਦਿੱਤਾ ਗਿਆ। ਇਸ ਹੁਕਮ ਦੇ ਬਾਵਜੂਦ 23 ਅਗਸਤ 1937 ਨੂੰ ਮੁਸਲਮਾਨ ਔਰਤਾਂ ਨੇ ਸਿੱਖਾਂ ਦੇ ਪਾਣੀ ਦੇ ਘੜੇ ਭੰਨ ਦਿੱਤੇ ਤੇ ਪੁਲੀਸ ਨੇ ਰਿਪੋਰਟ ਵੀ ਨਾ ਲਿਖੀ। ਇਹੋ ਜਿਹੀਆਂ ਹਰਕਤਾਂ ਅਕਸਰ ਹੁੰਦੀਆਂ ਰਹੀਆਂ ਤੇ ਸਿੱਖਾਂ ਨੂੰ ਤੰਗ ਕੀਤਾ ਜਾਂਦਾ ਰਿਹਾ। 24 ਫ਼ਰਵਰੀ 1938 ਨੂੰ ਅਕਾਲੀ ਮੈਂਬਰਾਂ ਨੇ ਕੌਂਸਲ ਵਿਚ, ਕੋਟ ਭਾਈ ਥਾਨ ਸਿੰਘ ਵਿਚ ਪੁਲੀਸ ਦੇ ਰੋਲ ਦੇ ਖ਼ਿਲਾਫ਼ ਕੰਮ-ਰੋਕੂ ਮਤਾ ਪੇਸ਼ ਕੀਤਾ। ਪਰ 30 ਮੈਂਬਰਾਂ ਦੀ ਹਿਮਾਇਤ ਨਾ ਮਿਲ ਸਕਣ ਕਰ ਕੇ ਇਹ ਮਤਾ ਪੇਸ਼ ਕਰਨ ਦੀ ਇਜਾਜ਼ਤ ਨਾ ਮਿਲੀ। ਚੀਫ਼ ਖਾਲਸਾ ਦੀਵਾਨ ਤੇ ਖਾਲਸਾ ਨੈਸ਼ਨਲਿਸਟ ਪਾਰਟੀ ਦੇ ਮੈਂਬਰਾਂ ਨੇ ਵੀ ਇਸ ਮੌਕੇ 'ਤੇ ਸਾਥ ਨਾ ਦਿੱਤਾ।

1990: ਹਰਜਿੰਦਰ ਸਿੰਘ ਛਿੰਦਾ ਕੋਹਰ ਵਾਲਾ, ਮਲਕੀਤ ਸਿੰਘ, ਕੁਲਵੰਤ ਕੌਰ ਅਤੇ ਅਵਤਾਰ ਸਿੰਘ ਤਾਰੀ ਲੈਹਰਾ ਰੋਹੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਹਰਜਿੰਦਰ ਸਿੰਘ ਛਿੰਦਾ (ਵਾਸੀ ਕੋਹਰ ਵਾਲਾ, ਫਿਰੋਜ਼ਪੁਰ), ਮਲਕੀਤ ਸਿੰਘ, ਉਸ ਦੀ ਸਿੰਘਣੀ ਬੀਬੀ ਕੁਲਵੰਤ ਕੌਰ ਅਤੇ ਉਨ੍ਹਾਂ ਦਾ ਪੁੱਤਰ ਅਵਤਾਰ ਸਿੰਘ ਤਾਰੀ (ਵਾਸੀ ਲੈਹਰਾ ਰੋਹੀ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਅਮਰੀਕ ਸਿੰਘ ਤੋਤਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਅਪ੍ਰੈਲ 1992 ਦੇ ਦਿਨ ਪੁਲੀਸ ਨੇ ਅਮਰੀਕ ਸਿੰਘ ਤੋਤਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਦਿੱਤਾ।

1993: ਜਗਤਾਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਜਗਤਾਰ ਸਿੰਘ ਜੱਗਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2011: ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦਾ 1 ਕਰੋੜ 64 ਲੱਖ ਰੁਪੈ ਦਾ ਤੇਲ ਵਰਤਿਆ

ਪਹਿਲੀ ਅਪ੍ਰੈਲ 2006 ਤੋਂ 31 ਮਾਰਚ 2011 ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦੀ ਦਫ਼ਤਰੀ ਗੱਡੀ ਨੇ 1 ਕਰੋੜ 64 ਲੱਖ ਰੁਪੈ ਦਾ ਤੇਲ ਵਰਤਿਆ। ਇਸ ਵਿਚੋਂ 2006-07 ਦਾ ਖ਼ਰਚ 26,26,124 ਰੁਪੈ, 2007-08 ਦਾ ਖ਼ਰਚ 30,99,868 ਰੁਪੈ, 2008-09 ਦਾ ਖ਼ਰਚ 27,54,278 ਰੁਪੈ, 2009-10 ਦਾ ਖ਼ਰਚ 32,60,514 ਰੁਪੈ ਅਤੇ 2010-11 ਦਾ ਖ਼ਰਚ 47,53,526 ਰੁਪੈ ਸੀ। ਇਸ ਹਿਸਾਬ ਨਾਲ ਰੋਜ਼ 1953 ਕਿਲੋਮੀਟਰ ਬਣਦੇ ਹਨ ਅਤੇ ਇਕ ਦਿਨ ਦਾ ਖ਼ਰਚ 13023 ਰੁਪੈ ਬਣਦਾ ਹੈ। ਗੁਰਦੁਆਰਿਆਂ ਦੇ ਚੜ੍ਹਾਵੇ ਦੀ ਇਹ ਲੁੱਟ ਸ਼ਰਮਨਾਕ, ਘਟੀਆ ਅਤੇ ਪਾਪ ਹੈ।

2 ਅਪਰੈਲ

1849: ਅੰਗਰੇਜ਼ਾਂ ਨੇ ਸਿੱਖ ਫ਼ੌਜ ਤੋੜ ਕੇ ਫ਼ੌਜੀਆਂ ਨੂੰ ਘਰੋ-ਘਰੀਂ ਭੇਜ ਦਿੱਤਾ

ਅੰਗਰੇਜ਼ਾਂ ਨੇ 29 ਮਾਰਚ 1849 ਦੇ ਦਿਨ 'ਪੰਜਾਬ' (ਲਾਹੌਰ ਹਕੂਮਤ ਦੇ ਇਲਾਕੇ) ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ, ਇਸ 'ਤੇ ਨਾਰਾਜ਼ ਹੋ ਕੇ ਰੈਜ਼ੀਡੈਂਟ ਹੈਨਰੀ ਲਾਰੰਸ ਨੇ ਅਸਤੀਫ਼ਾ ਦੇ ਦਿੱਤਾ। 'ਪੰਜਾਬ' 'ਤੇ ਕਬਜ਼ਾ ਕਰਨ ਮਗਰੋਂ ਲਾਰਡ ਡਲਹੌਜ਼ੀ ਨੇ ਇਕ 'ਬੋਰਡ ਆਫ਼ ਐਡਮਨਿਸਟਰੇਸ਼ਨ' ਬਣਾ ਦਿੱਤਾ। ਉਹ ਇਸ ਦਾ ਮੁਖੀ ਹੈਨਰੀ ਲਾਰੰਸ ਨੂੰ ਬਣਾਉਣਾ ਚਾਹੁੰਦਾ ਸੀ ਇਸ ਕਰ ਕੇ ਉਸ ਨੇ ਕੋਸ਼ਿਸ਼ ਕਰ ਕੇ ਉਸ ਦਾ ਅਸਤੀਫ਼ਾ ਵਾਪਿਸ ਕਰਵਾ ਲਿਆ। ਲਾਰਡ ਡਲਹੌਜ਼ੀ ਨੂੰ ਹੈਨਰੀ ਲਾਰੰਸ ਦੀ ਸਿੱਖਾਂ ਨਾਲ ਹਮਦਰਦੀ ਬਾਰੇ ਪਤਾ ਸੀ ਇਸ ਕਰ ਕੇ ਉਸ ਨੇ ਇਸ ਬੋਰਡ ਵਿਚ ਉਸ ਦਾ ਭਰਾ ਜੌਹਨ ਲਾਰੰਸ (ਜੋ ਡਲਹੌਜ਼ੀ ਦੀ ਪਾਲਸੀ ਦਾ ਪੱਕਾ ਹਿਮਾਇਤੀ ਸੀ) ਅਤੇ ਚਾਰਲਸ ਮੈਨਸਲ (ਮਗਰੋਂ ਉਸ ਦੀ ਥਾਂ 'ਤੇ ਰੌਬਰਟ ਮਿੰਟਗੁਮਰੀ) ਵੀ ਮੈਂਬਰ ਪਾ ਦਿੱਤੇ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾ ਕੰਮ ਰਣਜੀਤ ਸਿੰਘ ਦੀ ਫ਼ੌਜ ਨੂੰ ਖ਼ਤਮ ਕਰਨ ਦਾ ਕੀਤਾ। ਲਾਹੌਰ ਵਿਚ ਫ਼ੌਜੀਆਂ ਦਾ ਇਕ ਇਕੱਠ ਕਰ ਕੇ ਹਰ ਇਕ ਫ਼ੌਜੀ ਨੂੰ ਤਨਖ਼ਾਹਾਂ ਦੇ ਕੇ ਘਰੋ-ਘਰੀਂ ਟੋਰ ਦਿੱਤਾ ਗਿਆ ਤੇ ਉਨ੍ਹਾਂ ਤੋਂ ਹਥਿਆਰ ਲੈ ਲਏ ਗਏ। ਸਰਕਾਰ ਦੇ ਹਵਾਲੇ ਕੀਤੇ ਗਏ ਹਥਿਆਰਾਂ ਦੀ ਗਿਣਤੀ ਇਕ ਲੱਖ ਉੱਨੀ ਹਜ਼ਾਰ ਸੱਤ ਸੌ ਛਿਆਨਵੇਂ ਸੀ। ਇਸ ਦੇ ਨਾਲ ਹੀ ਫ਼ੈਸਲਾ ਕੀਤਾ ਗਿਆ ਕਿ ਵੱਡੇ-ਵੱਡੇ ਤੇ ਪੱਕੇ ਕਿਲ੍ਹੇ ਜਾਂ ਜਿਹੜੇ ਕਿਲ੍ਹੇ ਅੰਗਰੇਜ਼ਾਂ ਨੂੰ ਹਿਫ਼ਾਜ਼ਤੀ ਜਾਂ ਫ਼ੌਜੀ ਪੱਖੋਂ ਚਾਹੀਦੇ ਹਨ, ਨੂੰ ਛੱਡ ਕੇ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਸਾਰੇ ਸੈਂਕੜੇ ਕਿਲ੍ਹੇ ਢਾਹ ਦਿੱਤੇ ਜਾਣ। ਕੁਝ ਹੀ ਮਹੀਨਿਆਂ ਵਿਚ ਸਾਰੇ ਕਿਲ੍ਹਿਆਂ ਦਾ ਨਾਮ-ਓ-ਨਿਸ਼ਾਨ ਮਿਟ ਚੁਕਿਆ ਸੀ।

1924: ਗੁਰੂ ਦਾ ਬਾਗ ਮੋਰਚਾ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਜਥੇਦਾਰ ਪ੍ਰਿਥੀਪਾਲ ਸਿੰਘ ਦਮ ਤੋੜ ਗਿਆ

ਗੁਰੂ ਦਾ ਬਾਗ਼ ਮੋਰਚਾ 8 ਅਗਸਤ 1922 ਦੇ ਦਿਨ ਸ਼ੁਰੂ ਹੋਇਆ ਸੀ; ਪਹਿਲਾਂ ਤਾਂ ਪੁਲਸ ਜੱਥਿਆਂ ਨੂੰ ਸਿਰਫ਼ ਗ੍ਰਿਫ਼ਤਾਰ ਹੀ ਕਰਦੀ ਸੀ ਪਰ 27 ਅਗਸਤ ਤੋਂ ਇਨ੍ਹਾਂ ਨੂੰ ਬੁਰੀ ਤਰ੍ਹਾਂ ਕੁਟਣਾ ਸ਼ੁਰੂ ਕਰ ਦਿੱਤਾ।ਗੁਰੂ ਦਾ ਬਾਗ਼ ਦੇ ਜ਼ੁਲਮਾਂ ਦਾ ਚਰਚਾ ਦੁਨੀਆਂ ਭਰ ਵਿਚ ਹੋਇਆ। ਬੇਗੁਨਾਹ ਸਿੱਖਾਂ ਦੀ ਕੁੱਟ-ਮਾਰ ਬਾਰੇ ਖ਼ਬਰਾਂ ਸਾਰੇ ਪਾਸੇ ਛਪੀਆਂ। ਪੜਤਾਲੀਆ ਕਮੇਟੀ ਦੀ ਰਿਪੋਰਟ ਮੁਤਾਬਿਕ 1656 ਸਿੱਖਾਂ ਨੂੰ ਮਾਰ-ਕੁੱਟ ਨਾਲ ਸੱਟਾਂ ਲੱਗੀਆਂ। ਇਨ੍ਹਾਂ ਸੱਟਾਂ ਵਿਚੋਂ ਕਈ ਤੇਜ਼ ਹਥਿਆਰਾਂ, ਚੋਭਾਂ ਅਤੇ ਬੰਦੂਕ ਦੇ ਬੱਟਾਂ ਦੇ ਫੱਟ ਵੀ ਸਨ। ਪੁਲੀਸ ਦੀਆਂ ਡਾਂਗਾਂ ਦੇ ਧੜ ਤੋਂ ਉਪਰ 369, ਛਾਤੀ ਤੇ 300, ਦਿਮਾਗ ਅਤੇ ਸਿਰ 'ਤੇ 75, ਨਲਾਂ ਵਿਚ 19, ਪਤਾਲੂ 'ਤੇ 60 ਸੱਟਾਂ ਦੇ ਨਿਸ਼ਾਨ ਸਨ। ਇਸ ਤੋਂ ਇਲਾਵਾ ਹੱਡੀਆਂ ਤੇ ਦੰਦ ਟੁੱਟਣ, ਪਿਸ਼ਾਬ ਦੀ ਤਕਲੀਫ਼, ਅੰਗ ਉਤਰਣ ਅਤੇ ਹੋਰ ਸੱਟਾਂ ਦੇ ਵੀ ਬਹੁਤ ਸਾਰੇ ਕੇਸ ਸਨ।

ਇਸ ਮੋਰਚੇ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਵੀ ਹੋਏ। ਇਨ੍ਹਾਂ ਸ਼ਹੀਦਾਂ ਵਿਚ ਇਕ ਪ੍ਰਿਥੀਪਾਲ ਸਿੰਘ (ਜਥੇਦਾਰ ਅਕਾਲੀ ਜਥਾ ਲਾਇਲਪੁਰ) ਵੀ ਸੀ, ਜੋ 5 ਸਤੰਬਰ ਦੀ ਮਾਰ-ਕੁੱਟ ਨਾਲ ਸਖ਼ਤ ਜ਼ਖ਼ਮੀ ਹੋ ਗਿਆ ਸੀ, ਦਾ ਇਲਾਜ ਕਾਫ਼ੀ ਦੇਰ ਤਕ ਚਲਦਾ ਰਿਹਾ; ਉਹ ਕਦੇ ਕੁਝ ਠੀਕ ਹੋ ਜਾਂਦਾ ਸੀ ਪਰ ਉਸ ਦੇ ਗੁੱਝੇ ਜ਼ਖ਼ਮ ਫੇਰ ਦੁਖਣ ਲਗ ਪੈਂਦੇ ਸਨ; ਅਖ਼ੀਰ ਉਹ 2 ਅਪ੍ਰੈਲ 1924 ਦੇ ਦਿਨ ਚੜ੍ਹਾਈ ਕਰ ਗਿਆ। ਉਸ ਦੇ ਜਿਸਮ ਤੇ 100 ਤੋਂ ਵੱਧ ਜ਼ਖ਼ਮਾਂ ਦੇ ਨਿਸ਼ਾਨ ਸਨ।

1958: ਗਿਆਨੀ ਭੁਪਿੰਦਰ ਸਿੰਘ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਬਣੇ

1958 ਵਿਚ ਗਿਆਨੀ ਭੁਪਿੰਦਰ ਸਿੰਘ ਨੂੰ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਬਣਾ ਦਿੱਤਾ ਗਿਆ।1962 ਵਿਚ ਸ਼੍ਰੋਮਣੀ ਕਮੇਟੀ 'ਤੇ ਫ਼ਤਹਿ ਸਿੰਘ ਗਰੁਪ ਦੇ ਕਬਜ਼ੇ ਮਗਰੋਂ ਮਾੜੇ ਨਿਜ਼ਾਮ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਉਸ ਨੇ ਅਸਤੀਫ਼ਾ ਦੇ ਦਿੱਤਾ। 1964 ਵਿਚ ਉਸ ਨੂੰ ਅਕਾਲੀ ਦਲ (ਮਾਸਟਰ) ਦਾ ਪ੍ਰਧਾਨ ਬਣਾਇਆ ਗਿਆ। 1968 ਵਿਚ ਦੋਵੇਂ ਅਕਾਲੀ ਧੜੇ (ਮਾਸਟਰ ਤੇ ਫ਼ਤਹਿ ਸਿੰਘ) ਇਕ ਹੋ ਗਏ ਤਾਂ ਉਸ ਨੂੰ ਪਾਰਲੀਮੈਂਟਰੀ ਬੋਰਡ ਦਾ ਚੇਅਰਮੈਨ ਲਾਇਆ ਗਿਆ। ਪਰ 1970 ਵਿਚ ਰਾਜ ਸਭਾ ਦੀ ਨਾਮਜ਼ਦਗੀਆਂ ਵੇਲੇ ਜਦ ਫ਼ਤਹਿ ਸਿੰਘ ਨੇ ਉਸ ਦੀ ਥਾਂ ਜਥੇਦਾਰ ਸੰਤੋਖ ਸਿੰਘ ਨੂੰ ਸੀਟ ਦੇ ਦਿੱਤੀ ਤਾਂ ਉਹ ਆਜ਼ਾਦ ਖੜ੍ਹਾ ਹੋ ਗਿਆ। ਚੀਫ਼ ਮਨਿਸਟਰ ਗੁਰਨਾਮ ਸਿੰਘ ਨੇ ਉਸ ਦੀ ਮਦਦ ਕੀਤੀ ਤੇ ਉਸ ਨੂੰ ਜਿਤਾ ਦਿੱਤਾ ਪਰ ਗੁਰਨਾਮ ਸਿੰਘ ਨੇ ਆਪਣੀ ਚੀਫ਼ ਮਨਿਸਟਰੀ ਖੁਹਾ ਲਈ।

1984: ਚੰਡੀਗੜ੍ਹ ਵਿਚ ਵਿਸ਼ਵਾ ਨਾਥ ਤਿਵਾੜੀ ਐਮ.ਪੀ. ਦਾ ਕਤਲ

ਇਕ ਪਾਸੇ ਹਿੰਦੂ ਸਿੱਖਾਂ ਉੱਤੇ ਹਮਲੇ ਕਰ ਰਹੇ ਸਨ; ਬੇਗੁਨਾਹ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ ਤੇ ਦੂਜੇ ਪਾਸੇ ਕੁਝ ਗ਼ਦਾਰ ਸਿੱਖ ਅਤੇ ਹਿੰਦੂ ਉਲਟਾ ਸਿੱਖਾਂ ਦੇ ਖ਼ਿਲਾਫ਼ ਹੀ ਪ੍ਰਾਪੇਗੰਡਾ ਕਰ ਰਹੇ ਸਨ। ਇਸੇ ਤਰ੍ਹਾਂ ਕੁਝ ਲੋਕ ਹੋਰ ਡੂੰਘੀਆਂ ਐਂਟੀ-ਸਿੱਖ ਸਾਜ਼ਿਸ਼ਾਂ ਵਿਚ ਰੁੱਝੇ ਹੋਏ ਸਨ। ਖਾੜਕੂਆਂ ਨੇ ਇਸ ਸਬੰਧੀ ਐਕਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ 2 ਅਪ੍ਰੈਲ 1984 ਨੂੰ ਚੰਡੀਗੜ੍ਹ ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਤੇ ਕਾਂਗਰਸ ਦੇ ਰਾਜ ਸਭਾ ਮੈਂਬਰ ਪੰਡਿਤ ਵਿਸ਼ਵਾ ਨਾਥ ਤਿਵਾੜੀ ਨੂੰ ਕਤਲ ਕਰ ਦਿੱਤਾ। ਕਤਲ ਵੇਲੇ ਡਾ ਤਿਵਾੜੀ ਦੀ ਪਤਨੀ ਵੀ ਉੱਥੇ ਹੀ ਪਰ ਉਸ ਨੇ ਕਾਤਲਾਂ ਦੀ ਪਛਾਣ ਨਾ ਕੀਤੀ। ਕਿਹਾ ਜਾਂਦਾ ਹੈ ਕਿ ਕਤਲ ਕਰਨ ਵਾਲੇ ਤਿਵਾੜੀ ਦੇ ਪਹਿਲਾਂ ਤੋਂ ਹੀ ਚੰਗੇ ਜਾਣੂੰ ਸਨ। ਮਗਰੋਂ

2009 ਵਿਚ ਤਿਵਾੜੀ ਦਾ ਪੁੱਤਰ ਮਨੀਸ਼ ਲੁਧਿਆਣਾ ਤੋਂ ਕਾਂਗਰਸ ਟਿਕਟ 'ਤੇ ਐਮ.ਪੀ. ਤੇ 2013 ਵਿਚ ਸੈਂਟਰ ਵਿਚ ਵਜ਼ੀਰ ਬਣਿਆ।

1984: ਪੰਜਾਬ ਨੂੰ ਗੜਬੜ ਵਾਲਾ ਇਲਾਕਾ ਐਲਾਨਿਆ

ਪੰਜਾਬ ਵਿਚ ਖਾੜਕੂਆਂ 'ਤੇ ਕਾਬੂ ਨਾ ਪਾ ਸਕਣ ਦੇ ਨਾਂ 'ਤੇ 2 ਅਪ੍ਰੈਲ 1984 ਦੀ ਸ਼ਾਮ ਨੂੰ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ। ਦਰਅਸਲ ਪੰਜਾਬ ਦੀ ਗੜਬੜ ਇੰਦਰਾ ਗਾਂਧੀ ਦੀ ਖ਼ੁਫ਼ੀਆ ਏਜੰਸੀ ਨੇ ਫ਼ੈਲਾਈ ਹੋਈ ਸੀ; ਪੰਜਾਬ ਵਿਚ ਬੇਗੁਨਾਹਾਂ ਦੇ ਕਤਲ ਤੇ ਤਸ਼ੱਦਦ ਦੀਆਂ ਹੋਰ ਕਾਰਵਾਈਆਂ, ਤਕਰੀਬਨ ਸਾਰੀਆਂ ਹੀ, ਇਸ ਖ਼ੁਫ਼ੀਆ ਏਜੰਸੀ ਨੇ ਕੀਤੀਆਂ ਸਨ।

1987: ਕੁਲਵੰਤ ਸਿੰਘ ਬਬਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

2 ਅਪਰੈਲ 1987 ਦੇ ਦਿਨ ਕੰਤਰਪੁਰ ਘਰੋਟਾ (ਗੁਰਦਾਸਪੁਰ) ਵਿਚ ਕੁਲਵੰਤ ਸਿੰਘ ਬਬਰ (ਪੱਤਰ ਸੋਹਣ ਸਿੰਘ, ਵਾਸੀ ਗੋਨੇਪੁਰ, ਜ਼ਿਲ੍ਹਾ ਗੁਰਦਾਸਪੁਰ), ਭਾਈ ਗੁਰਮੀਤ ਸਿੰਘ ਭੁੱਟੋ ਉਰਫ਼ ਐਲਾਇੰਸ (ਪੁਤਰ ਵਿਰਸਾ ਸਿੰਘ, ਵਾਸੀ ਬੀ 157, ਆਦਰਸ਼ ਨਗਰ ਮੰਡੀ, ਗੁਰਦਾਸਪੁਰ) ਤੇ ਇਕ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਦਿੱਤੇ ਗਏ।

1991: ਧਰਮ ਸਿੰਘ ਤੇ ਸਵਿੰਦਰਪਾਲ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

2 ਅਪਰੈਲ 1991 ਦੇ ਦਿਨ ਧਰਮ (ਪੁੱਤਰ ਮੁਖਤਾਰ ਸਿੰਘ) ਅਤੇ ਸਵਿੰਦਰਪਾਲ ਸਿੰਘ (ਪੁੱਤਰ ਜੀਵਨ ਸਿੰਘ) ਦੋਵੇਂ ਵਾਸੀ ਜੌੜਾ, ਅੰਮ੍ਰਿਤਸਰ ਨੂੰ ਪੁਲਸ ਨੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਦਿੱਤਾ ਗਿਆ।

1992: ਹਰਜਾਪ ਸਿੰਘ ਸੋਢੀਆਂਵਾਲਾ, ਗੁਰਮੁਖ ਸਿੰਘ ਗੋਰਖੀ, ਗੁਰਨਾਮ ਸਿੰਘ ਮਹਿਤਾ, ਹਰਜਿੰਦਰ ਸਿੰਘ ਅਦੋਵਾਲੀ ਤੇ 12 ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦੋ ਅਪ੍ਰੈਲ 1992 ਦੇ ਦਿਨ ਹਰਜਾਪ ਸਿੰਘ ਸੋਢੀਆਂਵਾਲਾ, ਗੁਰਮੁਖ ਸਿੰਘ ਗੋਰਖੀ (ਪੁੱਤਰ ਬੀਰ ਸਿੰਘ, ਵਾਸੀ ਜਾਨੀ ਕੀ ਪੱਤੀ), ਗੁਰਨਾਮ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਮਹਿਤਾ, ਨੇੜੇ ਸਿੰਘਪੁਰਾ, ਜ਼ਿਲ੍ਹਾ ਗੁਰਦਾਸਪੁਰ), ਹਰਜਿੰਦਰ ਸਿੰਘ (ਪੁੱਤਰ ਅਮਰਜੀਤ ਸਿੰਘ, ਵਾਸੀ ਅਦੋਵਾਲੀ, ਨੇੜੇ ਰੰਘੜ ਨੰਗਲ, ਜ਼ਿਲ੍ਹਾ ਗੁਰਦਾਸਪੁਰ) ਤੇ ਬਾਰਾਂ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993 ਹਰਪ੍ਰੀਤ ਸਿੰਘ ਬੁਤਾਲਾ ਤੇ ਮੁਖ਼ਤਿਆਰ ਸਿੰਘ ਭਾਗੋ ਕਾਵਾਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦੋ ਅਪ੍ਰੈਲ 1993 ਦੇ ਦਿਨ ਹਰਪ੍ਰੀਤ ਸਿੰਘ (ਪੁੱਤਰ ਗੁਰਮੀਤ ਸਿੰਘ, ਵਾਸੀ ਬੁਤਾਲਾ, ਜ਼ਿਲ੍ਹਾ ਅੰਮ੍ਰਿਤਸਰ) ਤੇ ਮੁਖ਼ਤਿਆਰ ਸਿੰਘ (ਪੁੱਤਰ ਬਲਵਿੰਦਰ ਸਿੰਘ, ਵਾਸੀ ਭਾਗੋ ਕਾਵਾਂ, ਨੇੜੇ ਮਗਰ ਮੂਡੀਆਂ, ਜ਼ਿਲ੍ਹਾ ਗੁਰਦਾਸਪੁਰ), ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2010: ਭਿੰਡਰਾਂ ਮਹਿਤਾ ਜਥੇ ਦੇ ਕਾਰਕੁੰਨਾਂ ਵੱਲੋਂ ਗੁਰਦੁਆਰਾ ਸਿੱਖ ਲਹਿਰ (ਬਰੈਂਪਟਨ, ਟਰਾਂਟੋ) 'ਤੇ ਧਾਵਾ

2 ਅਪ੍ਰੈਲ 2010 ਦੇ ਦਿਨ ਗੁਰਦੁਆਰਾ ਸਿੱਖ ਬਰੈਂਪਟਨ (ਟਰਾਂਟੋ, ਕਨੇਡਾ) ਵਿਚ ਰਾਗੀ ਦਰਸ਼ਨ ਸਿੰਘ ਦਾ ਕੀਰਤਨ ਰੱਖਿਆ ਹੋਇਆ ਸੀ। ਉਸ ਦਿਨ ਭਿੰਡਰਾਂ ਮਹਿਤਾ ਜਥੇ ਦੇ ਇਕ ਟੋਲੇ ਨੇ (ਜੋ ਗੁਰਦੁਆਰਾ ਮਾਲਟਨ 'ਤੇ ਕਾਬਜ਼ ਸੀ) ਹਥਿਆਰਾਂ ਨਾਲ ਲੈਸ ਹੋ ਕੇ ਗੁਰਦੁਆਰਾ ਸਿੱਖ ਲਹਿਰ 'ਤੇ ਧਾਵਾ ਬੋਲ ਦਿੱਤਾ। ਟੋਲੇ ਦੇ ਮੁਖੀਆਂ ਵੱਲੋਂ ਉਕਸਾਏ ਇਕ ਬੰਦੇ ਨੇ ਤਾਂ ਪੁਲੀਸ ਦੀ ਮੌਜੂਦਗੀ ਵਿਚ ਗੁਰਦੁਆਰੇ ਦੇ ਪ੍ਰਧਾਨ ਮਨਜੀਤ ਸਿੰਘ ਮਾਂਗਟ 'ਤੇ ਕਿਰਪਾਨ ਨਾਲ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਮਗਰੋਂ ਇਸ ਕੇਸ ਵਿਚ ਅਦਾਲਤ ਨੇ ਹਮਲਾਵਰ ਨੂੰ ਕੈਦ ਦੀ ਸਜ਼ਾ ਦਿੱਤੀ।

3 ਅਪਰੈਲ

1708: ਚਿਤੌੜ ਦੇ ਕਿਲ੍ਹੇ ਦੇ ਬਾਹਰ ਪਾਲਿਤ ਜ਼ੋਰਾਵਰ ਸਿੰਘ ਤੇ 20 ਸਿੱਖ ਮੁਸਲਮਾਨ ਚੌਕੀਦਾਰਾਂ ਤੇ ਬਹਾਦਰ ਸ਼ਾਹ ਦੀਆਂ ਫ਼ੌਜਾਂ ਨਾਲ ਲੜਦੇ ਮਾਰੇ ਗਏ

ਜਦ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਵੱਲ ਜਾ ਰਹੇ ਸਨ ਤਾਂ ਉਹ ਰਾਹ ਵਿਚ ਆਗਰਾ ਦੇ ਨੇੜੇ ਇਤਮਾਦਪੁਰ ਵੀ ਰੁਕ; ਇੱਥੇ ਪਾਲਿਤ ਜ਼ੋਰਾਵਰ ਸਿੰਘ ਵੀ ਪੁੱਜ ਗਿਆ ਅਤੇ ਗੁਰੂ ਸਾਹਿਬ ਦੇ ਨਾਲ ਰਹਿਣ ਲੱਗ ਪਿਆ। ਇਤਮਾਦਪੁਰ ਤੋਂ ਰਾਜਪੂਤਾਨਾ ਦੇ ਕਈ ਨਗਰਾਂ ਵਿਚ ਹੁੰਦੇ ਹੋਏ ਗੁਰੂ ਸਾਹਿਬ ਪਹਿਲੀ ਅਪ੍ਰੈਲ 1708 ਦੇ ਦਿਨ ਚਿਤੌੜ ਪੁੱਜੇ। ਚਿਤੌੜ ਵਿਚ ਇਕ ਬੜਾ ਪੁਰਾਣਾ ਰਾਜਪੂਤਾਂ ਦਾ ਕਿਲ੍ਹਾ ਸੀ। ਇਸ ਕਿਲ੍ਹੇ ਦੀ ਸ਼ਾਨ ਨਿਰਾਲੀ ਹੀ ਹੈ। 3 ਅਪ੍ਰੈਲ 1708 ਦੇ ਦਿਨਪਾਲਿਤ ਜ਼ੋਰਾਵਰ ਸਿੰਘ 20 ਸਾਥੀਆਂ ਅਤੇ ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਨਾਲ ਲੈ ਕੇ ਇਹ ਕਿਲ੍ਹਾ ਵੇਖਣ ਗਿਆ। ਕਿਲ੍ਹੇ 'ਤੇ ਸਵਾ ਕੁ ਸੌ ਮੁਗ਼ਲ ਫ਼ੌਜੀ ਤਾਇਨਾਤ ਸਨ । ਉਨ੍ਹਾਂ ਪਹਿਰੇਦਾਰਾਂ ਨੇ ਸਿੱਖਾਂ ਨੂੰ ਕਿਲ੍ਹੇ ਦੇ ਅੰਦਰ ਵੜਨ ਦੀ ਇਜਾਜ਼ਤ ਨਾ ਦਿੱਤੀ ਤੇ ਆਖਿਆ ਕਿ ਇਸ ਕਿਲ੍ਹੇ ਵਿਚ ਕੋਈ ਗ਼ੈਰ-ਮੁਸਲਿਮ ਦਾਖ਼ਿਲ ਨਹੀਂ ਹੋ ਸਕਦਾ। ਬਹਿਸ-ਮੁਬਾਹਿਸਾ ਹੌਲੀ-ਹੌਲੀ ਧੱਕਾ-ਮੁੱਕੀ ਵਿਚ ਬਦਲ ਗਿਆ। ਇਸ ਦੇ ਨਾਲ ਦੋਹਾਂ ਧਿਰਾਂ ਵਿਚ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਇਕ ਸੌ ਦੇ ਕਰੀਬ ਮੁਗ਼ਲ ਸਿਪਾਹੀ ਅਤੇ 20 ਸਿੱਖ ਮਾਰੇ ਗਏ। ਇਨ੍ਹਾਂ ਵਿਚ ਪਾਲਿਤ ਜ਼ੋਰਾਵਰ ਸਿੰਘ ਵੀ ਸੀ। ਇਸ ਵੇਲੇ ਉਸ ਦੀ ਉਮਰ ਸਿਰਫ਼ 11 ਸਾਲ 3 ਮਹੀਨੇ 10 ਦਿਨ ਸੀ।

ਪਾਲਿਤ ਜ਼ੋਰਾਵਰ ਸਿੰਘ ਦਾ ਜਨਮ ਭਾਈ ਨੱਥੂ ਰਾਮ ਲੋਟੇ ਤਰਖਾਣ ਅਤੇ ਮਾਤਾ ਭਿੱਖੀ ਦੇ ਘਰ 24 ਦਸੰਬਰ 1696 ਦੇ ਦਿਨ ਬੱਸੀ ਪਠਾਣਾਂ, ਮਹੱਲਾ ਬੜਾ ਬੇਹੜਾ ਵਿਚ ਹੋਇਆ ਸੀ। ਉਸ ਬਾਰੇ ਇਹ ਵੀ ਆਉਂਦਾ ਹੈ ਕਿ ਉਹ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੋਂ ਇਕ ਦਿਨ ਵੱਡਾ ਸੀ। ਇਸ ਹਿਸਾਬ ਨਾਲ ਉਸ ਦਾ ਜਨਮ 16 ਨਵੰਬਰ 1696 ਦਾ ਹੋਣਾ ਚਾਹੀਦਾ ਹੈ (ਸਾਹਿਬਜ਼ਾਦੇ ਦਾ ਜਨਮ 17 ਨਵੰਬਰ 1696 ਦਾ ਹੈ)। ਪਰ ਪਾਲਿਤ ਜ਼ੋਰਾਵਰ ਸਿੰਘ ਦੇ ਭਰਾਵਾਂ ਨੇ ਉਸ ਦੀਆਂ ਜੋ ਯਾਦਗਾਰਾਂ ਬਣਾਈਆਂ ਹੋਈਆਂ ਹਨ ਉਥੇ ਉਹ ਉਸ ਦਾ ਜਨਮ ਦਿਨ ਪੋਹ ਸੁਦੀ ਇਕਾਦਸ਼ੀ ਸੰਮਤ 1753 ਬਿਕਰਮੀ (24 ਦਸੰਬਰ 1696) ਦੇ ਹਿਸਾਬ ਨਾਲ ਹੀ ਮਨਾਉਂਦੇ ਹਨ।

ਪਾਲਿਤ ਜ਼ੋਰਾਵਰ ਸਿੰਘ ਦੇ ਪਿਤਾ ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਸੇਵਾ ਕਰਦੇ ਸਨ। ਉਨ੍ਹਾਂ ਦੀ ਮਾਤਾ ਬੀਬੀ ਭਿੱਖੀ ਗੁਰੂ ਪ੍ਰਵਾਰ ਦੀ ਟਹਿਲ ਕਰਿਆ ਕਰਦੀ ਸੀ। ਭਿੱਖੀ ਨੇ ਸਾਹਿਬਜ਼ਾਦਿਆਂ ਦਾ ਪਾਲਣ-ਪੋਸ਼ਣ ਕਰਨ ਵਿਚ ਵੀ ਬੜੀ

ਮਦਦ ਕੀਤੀ ਸੀ। ਭਾਵੇਂ ਬੀਬੀ ਭਿੱਖੀ ਮਾਤਾ ਜੀ ਦੀ ਟਹਿਲਣ ਸੀ ਪਰ ਉਹ ਇਕ ਵੱਡੇ ਘਰ ਦੀ ਧੀ ਸੀ ਉਸ ਦੇ ਪਿਤਾ ਬਾਬਾ ਭਾਨਾ ਫਸਲਾਂ ਕੱਢਣ ਵਾਲੇ ਸਰਕਾਰੀ ਕੱਢੀ (ਕਾਨੂੰਗੋ) ਸਨ।

ਪਾਲਿਤ ਜ਼ੋਰਾਵਰ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਘਰ ਹੀ ਬਿਤਾਈ ਸੀ। ਉਹ ਸਾਹਿਬਜ਼ਾਦਿਆਂ ਦੇ ਨਾਲ ਹੀ ਪਲਿਆ ਤੇ ਜਵਾਨ ਹੋਇਆ ਸੀ। ਗੁਰੂ ਸਾਹਿਬ ਉਸ ਨੂੰ ਆਪਣੇ ਬੱਚਿਆਂ ਵਾਂਗ ਹੀ ਰੱਖਿਆ ਕਰਦੇ ਸਨ। ਇਕ ਵਾਰ ਪਾਲਿਤ ਜ਼ੋਰਾਵਰ ਸਿੰਘ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਾਲ ਕੁਸ਼ਤੀ ਕੀਤੀ ਤੇ ਉਸ ਨੂੰ ਹਰਾ ਦਿੱਤਾ। ਇਸ 'ਤੇ ਗੁਰੂ ਸਾਹਿਬ ਨੇ ਆਖਿਆ ਕਿ 'ਇਹ ਪਾਲਿਤ ਵੀ ਸਾਡਾ ਹੀ ਬੇਟਾ ਹੈ।'

1944: ਬਬਰ ਹਰਬੰਸ ਸਿੰਘ ਸਰਹਾਲਾ ਕਲਾਂ ਨੂੰ ਫ਼ਾਂਸੀ ਦਿੱਤੀ ਗਈ

ਭਾਵੇਂ ਬਬਰ ਅਕਾਲੀ ਲਹਿਰ 1925 ਵਿਚ ਖ਼ਤਮ ਹੋ ਗਈ ਸੀ ਪਰ ਫਿਰ ਵੀ ਇੱਕਾ ਦੁੱਕਾ ਬਬਰ ਅਜੇ ਵੀ ਐਕਸ਼ਨ ਕਰਦੇ ਰਹਿੰਦੇ ਸਨ; ਇਨ੍ਹਾਂ ਵਿਚ ਇਕ ਗਿਆਨੀ ਹਰਬੰਸ ਸਿੰਘ ਸਰਹਾਲਾ ਕਲਾਂ ਵੀ ਸੀ ਜਿਸ ਨੂੰ 3 ਅਪ੍ਰੈਲ 1944 ਦੇ ਦਿਨ ਫ਼ਾਂਸੀ ਦਿੱਤੀ ਗਈ ਸੀ।

1947: ਵੱਲਭ ਭਾਈ ਪਟੇਲ ਨੇ ਕਿਹਾ ਅੰਗਰੇਜ਼ਾਂ ਦੇ ਜਾਣ ਮਗਰੋਂ ਸਿੱਖਾਂ ਨੂੰ ਸਿੱਖਸਤਾਨ ਦਾ ਇਲਾਕਾ ਦਿਆਂਗੇ

3 ਅਪ੍ਰੈਲ 1947 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਪਟੇਲ ਵਿਚਕਾਰ ਗਲਬਾਤ ਹਈ ਸੀ ਇਸ ਮੌਕੇ ਤੇ ਪਟੇਲ ਨੇ ਕਿਹਾ ਸੀ 'ਸਿੱਖਾਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ; ਤਾਕਤ ਭਾਰਤੀਆਂ ਹਥ ਆਉਣ ਮਗਰੋਂ ਆਈਨੀ ਕਮੇਟੀ ਦੀ ਮੀਟਿੰਗ ਵਿਚ ਸਿੱਖਸਤਾਨ ਬਾਰੇ ਗਲਬਾਤ ਕੀਤੀ ਜਾਵੇਗੀ।' ਪਰ ਜਦ 15 ਅਗਸਤ 1947 ਦੇ ਦਿਨ ਹਿੰਦੂ ਆਗੂਆਂ ਕੋਲ ਮੁਲਕ ਦੀ ਹਕੂਮਤ ਆ ਗਈ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਜਵਾਬ ਦਿੱਤਾ: 'ਅਬ ਹਾਲਾਤ ਬਦਲ ਚੁਕੇ ਹੈਂ; ਤਾਕਤ ਅਬ ਹਮਾਰੇ ਪਾਸ ਹੈ, ਅੰਗਰੇਜ਼ੋਂ ਕੇ ਪਾਸ ਨਹੀਂ'।

1984: ਸੀ.ਆਰ.ਪੀ. ਨੇ 8 ਮਾਸੂਮ ਸਿੱਖ ਗੋਲੀਆਂ ਨਾਲ ਭੁੰਨ ਦਿੱਤੇ

3 ਅਪ੍ਰੈਲ 1984 ਦੇ ਦਿਨ ਹਰਬੰਸ ਲਾਲ ਖੰਨਾ ਦੇ ਕਤਲ ਮਗਰੋਂ ਉਸ ਦੀ ਲਾਸ਼ ਨਾਲ ਜਾਂਦੇ ਜਲੂਸ ਦੌਰਾਨ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਅਤੇ ਸਿੱਖ ਅਦਾਰਿਆਂ ਤੇ ਹਮਲੇ ਕੀਤੇ। ਨਾਲ ਜਾਂਦੀ ਸੀ.ਆਰ.ਪੀ. ਨੇ ਉਲਟਾ 8 ਮਾਸੂਮ ਸਿੱਖ ਗੋਲੀਆਂ ਨਾਲ ਭੁੰਨ ਦਿੱਤੇ।

1992: ਜਸਟਿਸ ਅਜੀਤ ਸਿੰਘ ਬੈਂਸ 'ਤੇ ਝੂਠਾ ਕੇਸ ਪਾ ਕੇ ਉਨ੍ਹਾਂ ਨੂੰ ਗੋਲਫ਼ ਕਲਬ ਚੰਡੀਗੜ੍ਹ ਵਿਚ ਹਥਕੜੀ ਲਾ ਕੇ ਗ੍ਰਿਫ਼ਤਾਰ ਕੀਤਾ ਗਿਆ

ਚੀਫ਼ ਮਨਿਸਟਰ ਬੇਅੰਤ ਤੇ ਪੁਲਸ ਚੀਫ਼ ਕੇ.ਪੀ. ਗਿੱਲ ਹੱਥੋਂ ਬੇਗੁਨਾਹ ਸਿੱਖਾਂ ਦੇ ਕਤਲੇਆਮ ਦਾ ਦੌਰ ਮਾਰਚ 1992 ਤੋਂ ਮਈ 1993 ਤਕ ਤੇਜ਼ੀ ਨਾਲ ਚਲਦਾ ਰਿਹਾ ਤੇ ਬੇਪਨਾਹ ਜ਼ੁਲਮ ਹੋਏ। ਜ਼ੁਲਮਾਂ ਦਾ ਇਹ ਵੱਡਾ ਦੌਰ ਜੂਨ 1993 ਤੋਂ ਮਗਰੋਂ ਕੁਝ ਘਟ ਗਿਆ ਸੀ। ਪਰ ਹੁਣ ਪੁਲੀਸ ਦੇ ਮੂੰਹ ਨੂੰ ਲਹੂ ਲਗ ਚੁਕਾ ਸੀ ਤੇ ਉਹ ਹੁਣ ਆਮ ਲੋਕਾਂ ਤੋਂ ਵੀ ਪੈਸੇ ਬਟੋਰਨ ਵਲ ਲਗ ਪਈ। ਪੁਲੀਸ ਦੀ ਦਹਿਸ਼ਤਗਰਦੀ ਦੀ ਸੋਚ ਨੇ ਇਕ ਨਵੀਂ ਜੁਰਮ ਲਹਿਰ ਕਾਇਮ ਕੀਤੀ। ਪੁਲੀਸ ਵਾਲੇ ਖ਼ੂੰਖਾਰ, ਦਹਿਸ਼ਤਗਰਦ, ਲੁਟੇਰੇ, ਠੱਗ ਬਣਨ ਵੱਲ ਟੁਰ ਪਏ। ਇੰਞ ਕਈ ਪੁਲਸੀਆਂ ਨੇ ਹਜ਼ਾਰਾਂ ਬੇਗੁਨਾਹ ਲੋਕ ਮਾਰੇ, ਜੇਲ੍ਹਾਂ ਵਿਚ ਸੁੱਟੇ ਅਤੇ ਲੁੱਟ ਕੇ ਕੰਗਾਲ

ਕੀਤੇ। ਇਸ ਵੇਲੇ ਪੰਜਾਬ ਵਿਚ ਕੋਈ ਕਾਨੂੰਨ, ਅਪੀਲ, ਦਲੀਲ ਨਹੀਂ ਸੀ। ਇਹੋ ਜਿਹਾ ਤਾਂ ਹਿਟਲਰ ਨੇ ਯਹੂਦੀਆਂ ਜਾਂ ਇਸਰਾਈਲ ਨੇ ਫ਼ਿਲਸਤੀਨੀਆਂ ਨਾਲ ਵੀ ਨਹੀਂ ਕੀਤਾ ਸੀ।

ਬੇਅੰਤ ਤੇ ਕੇ.ਪੀ.ਗਿੱਲ ਨੇ ਤਾਂ ਸਿੱਖ ਨੌਜਵਾਨਾਂ ਦਾ ਕਤਲੇਆਮ ਕਰ ਕੇ ਉਨ੍ਹਾ ਦੀਆਂ ਲਾਸ਼ਾਂ ਨੂੰ ਦਰਿਆਵਾਂ ਤੇ ਨਹਿਰਾਂ ਵਿਚ ਰੋੜ੍ਹਨਾ ਵੀ ਸ਼ੁਰੂ ਕਰ ਦਿੱਤਾ ਸੀ (ਪੰਜਾਬ ਤੋਂ ਹਰਿਆਣਾ ਤੇ ਰਾਜਿਸਥਾਨ ਜਾਂਦੀਆਂ ਨਹਿਰਾਂ ਵਿਚੋਂ ਰੋਜ਼ ਕਈ-ਕਈ ਲਾਸ਼ਾਂ ਨਿਕਲਦੀਆਂ ਸਨ)। ਹਜ਼ਾਰਾਂ ਲਾਸ਼ਾਂ ਇੰਞ ਸੁੱਟੀਆਂ ਗਈਆਂ ਜਾਂ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ। ਜਦ ਜਸਵੰਤ ਸਿੰਘ ਖਾਲੜਾ ਨੇ ਪੰਝੀ ਹਜ਼ਾਰ ਲਾਸ਼ਾਂ ਬਾਰੇ ਕਿਹਾ ਤਾਂ ਉਸ ਨੂੰ ਵੀ ਘਰੋਂ ਚੁੱਕ ਕੇ ਖ਼ਤਮ ਕਰ ਦਿੱਤਾ ਗਿਆ। ਬੇਅੰਤ ਤੇ ਕੇ.ਪੀ.ਗਿੱਲ ਨੇ ਤਾਂ ਇੱਥੋਂ ਤਕ ਜ਼ੁਲਮ ਕੀਤਾ ਕਿ ਖਾੜਕੂ ਪਰਵਾਰਾਂ ਦੀਆਂ ਧੀਆਂ-ਨੂੰਹਾਂ ਵੀ ਚੁੱਕ ਲਈਆਂ। ਜਸਟਿਸ ਅਜੀਤ ਸਿੰਘ ਬੈਂਸ ਨੇ ਸਿੱਖ ਬੀਬੀਆਂ ਦੇ ਅਜਿਹੇ ਸੈਂਕੜੇ ਕੇਸ ਜ਼ਾਹਰ ਕੀਤੇ ਸਨ। ਹਾਈ ਕੋਰਟ ਦੇ ਇਕ ਸਾਬਕਾ ਜੱਜ ਜਸਟਿਸ ਬੈਂਸ ਨੂੰ ਲੋਕਾਂ ਵਾਸਤੇ ਇਨਸਾਫ਼ ਮੰਗਣ ਦੀ ਸਜ਼ਾ ਦੇਣ ਵਾਸਤੇ ਪੰਜਾਬ ਪੁਲੀਸ ਨੇ ਉਨ੍ਹਾਂ ਨੂੰ **ਤਿੰਨ ਅਪ੍ਰੈਲ ਉੱਨੀ ਸੌ ਬਾਨਵੇ ਨੂੰ ਹਥਕੜੀ ਲਾ ਕੇ ਗ੍ਰਿਫ਼ਤਾਰ ਕਰ ਕੇ ਜ਼ਲੀਲ ਕੀਤਾ।** ਜਸਟਿਸ ਬੈਂਸ ਨੇ ਜ਼ਮਾਨਤ ਕਰਵਾਉਣ ਤੋਂ ਨਾਂਹ ਕਰ ਦਿੱਤੀ ਅਤੇ ਬੁੜੈਲ ਜੇਲ੍ਹ ਵਿਚ ਰਹੇ। ਤਕਰੀਬਨ ਇਕ ਸਾਲ ਕੇਸ ਚਲਣ ਮਗਰੋਂ ਜਸਟਿਸ ਬੈਂਸ ਬਰੀ ਹੋਏ।

1990: ਸੁਖਦੇਵ ਸਿੰਘ ਕਾਲਾ ਲਾਲੂ ਘੁਮਾਣ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤਿੰਨ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਕਾਲਾ ਉਰਫ਼ ਹੀਰਾ (ਪੁੱਤਰ ਮਹਿੰਦਰ ਸਿੰਘ, ਵਾਸੀ ਲਾਲੂ ਘੁਮਾਣ, ਗੁਰਦਾਸਪੁਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਵਿੰਦਰ ਸਿੰਘ ਪੱਡੇ, ਗੁਰਮੇਜ ਸਿੰਘ ਫ਼ੌਜੀ ਪੰਜਵੜ, ਜਸਵੰਤ ਸਿੰਘ ਪੱਪੂ ਪੰਜਵੜ, ਲਖਬੀਰ ਸਿੰਘ ਲੱਖਾ ਕਲੇਰਵਾਲ, ਗੁਰਦੀਪ ਸਿੰਘ ਬੋਗੀ ਮਾਨਸਰੋਵਰਵਾਲਾ, ਜਸਮੇਲ ਸਿੰਘ ਜੱਸਾ ਮਾਨਸਰੋਵਰਵਾਲਾ, ਸੇਵਕ ਸਿੰਘ ਸੇਵਾ, ਹਰਜਿੰਦਰ ਸਿੰਘ ਜਿੰਦੀ ਅੱਬੂਵਾਲ, ਨਿਰਵੈਲ ਸਿੰਘ ਚੋਹਲਾ ਸਾਹਿਬ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤਿੰਨ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ (ਪੁੱਤਰ ਭਗਤ ਸਿੰਘ, ਵਾਸੀ ਪੱਡੇ, ਨੇੜੇ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ), ਗੁਰਮੇਜ ਸਿੰਘ ਫੌਜੀ ਅਤੇ ਉਸ ਦਾ ਭਰਾ (ਵਾਸੀ ਪੰਜਵੜ, ਅੰਮ੍ਰਿਤਸਰ), ਜਸਵੰਤ ਸਿੰਘ ਪੱਪੂ (ਵਾਸੀ ਪੰਜਵੜ), ਲਖਬੀਰ ਸਿੰਘ ਲੱਖਾ (ਵਾਸੀ ਕਲੇਰਵਾਲ, ਅੰਮ੍ਰਿਤਸਰ), ਗੁਰਦੀਪ ਸਿੰਘ ਬੋਗੀ (ਵਾਸੀ ਮਾਨਸਰੋਵਰਵਾਲਾ, ਫਿਰੋਜ਼ਪੁਰ), ਜਸਮੇਲ ਸਿੰਘ ਉਰਫ਼ ਜੱਸਾ ਬਬਰ (ਵਾਸੀ ਮਾਨਸਰੋਵਰਵਾਲਾ, ਫਿਰੋਜ਼ਪੁਰ), ਸੇਵਕ ਸਿੰਘ ਸੇਵਾ, ਬੱਲ (ਵਾਸੀ ਫਿਰੋਜ਼ਪੁਰ), ਹਰਜਿੰਦਰ ਸਿੰਘ ਜਿੰਦੀ (ਵਾਸੀ ਅੱਬੂਵਾਲ, ਲੁਧਿਆਣਾ), ਨਿਰਵੈਲ ਸਿੰਘ (ਵਾਸੀ ਚੋਹਲਾ ਸਾਹਿਬ) ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

1992: ਗੁਰਜੰਟ ਸਿੰਘ ਢਿਲਵਾਂ, ਹਰਜਿੰਦਰ ਸਿੰਘ ਕਲ੍ਹਾ ਤੇ 8 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਤਿੰਨ ਅਪ੍ਰੈਲ 1992 ਦੇ ਦਿਨ ਗੁਰਜੰਟ ਸਿੰਘ (ਪੁੱਤਰ ਗੁਰਨਾਮ ਸਿੰਘ, ਵਾਸੀ ਢਿਲਵਾਂ, ਜ਼ਿਲ੍ਹਾ ਸੰਗਰੂਰ), ਹਰਜਿੰਦਰ ਸਿੰਘ ਕਲ੍ਹਾ ਤੇ 8 ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2013: ਬਲਜੀਤ ਸਿੰਘ ਦਾਦੂਵਾਲ ਦੇ ਵਿਆਹ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਾਧਾਸੁਆਮੀਆਂ ਦੇ ਜੈਕਾਰੇ ਬੁਲਾਏ ਗਏ

3 ਅਪ੍ਰੈਲ 2013 ਦੇ ਦਿਨ ਦਾਦੂਵਾਲ ਦੇ ਡੇਰੇਦਾਰ ਬਲਜੀਤ ਸਿੰਘ (39) ਦਾ ਵਿਆਹ ਸੁਖਜੀਤ ਕੌਰ (21) ਨਾਲ ਹੋਇਆ। ਇਸ ਮੌਕੇ 'ਤੇ ਹਜ਼ਾਰਾਂ ਲੋਕ ਹਾਜ਼ਰ ਸਨ। ਹੋਰਨਾਂ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ, ਹਰਚਰਨ ਸਿੰਘ ਧਾਮੀ (ਦਲ ਖ਼ਾਲਸਾ - ਗਜਿੰਦਰ ਸਿੰਘ ਗਰੁੱਪ), ਹਰਪਾਲ ਸਿੰਘ ਚੀਮਾ (ਪੰਚਪ੍ਰਧਾਨੀ ਅਕਾਲੀ ਦਲ) ਅਤੇ ਗੁਰਿੰਦਰ ਢਿੱਲੋਂ (ਮੁਖੀ ਰਾਧਾਸੁਆਮੀ ਡੇਰਾ, ਬਿਆਸ) ਵੀ ਪੁੱਜੇ। ਇਸ ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ "ਧੰਨ ਧੰਨ ਰਾਧਾਸੁਆਮੀ" ਦੇ ਜੈਕਾਰੇ ਬੁਲਾਏ ਗਏ; ਪਰ, ਕਿਸੇ ਵੀ ਅਕਾਲੀ ਲੀਡਰ ਤਕ ਨੇ ਇਸ ਦਾ ਵਿਰੋਧ ਨਾ ਕੀਤਾ।

4 ਅਪਰੈਲ

1914: ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਕਨੇਡਾ ਵਾਸਤੇ ਰਵਾਨਾ ਹੋਇਆ

1914 ਵਿਚ ਕਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਆਪਣੇ ਮੁਲਕ ਤੋਂ ਸਿਰਫ਼ ਸਿੱਧੇ ਕਨੇਡਾ ਪੁੱਜਣ ਵਾਲੇ ਮੁਸਾਫ਼ਿਰਾਂ ਨੂੰ ਹੀ ਕਨੇਡਾ ਵਿਚ ਉਤਰਨ ਅਤੇ ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਗੁਰਦਿਤ ਸਿੰਘ ਸਰਹਾਲੀ (ਅੰਮ੍ਰਿਤਸਰ) ਨੇ ਇਕ ਜਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ ਤਾਂ ਜੋ ਕਾਨੂੰਨੀ ਅੜਿੱਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿੱਧੇ ਕੈਨੇਡਾ ਪਹੁੰਚਣਾ ਸੀ। ਪਰ ਹਾਂਗਕਾਂਗ ਵਿਚ ਦੇਰ ਹੋਣ ਕਾਰਨ ਇਹ ਜਹਾਜ਼ 4 ਅਪ੍ਰੈਲ 1914 ਨੂੰ ਚਲ ਸਕਿਆ ਤੇ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਞ ਸਿੱਧੇ ਪੁੱਜੇ ਮੁਸਾਫ਼ਿਰਾਂ ਨੂੰ ਵੀ ਉਤਰਨ ਦੀ ਇਜਾਜ਼ਤ ਨਾ ਦਿੱਤੀ। ਕਾਫ਼ੀ ਲੰਬੀ ਜਦੋਜਹਿਦ ਮਗਰੋਂ ਵੀ ਜਦੋਂ ਇਜਾਜ਼ਤ ਨਾ ਮਿਲੀ ਤਾਂ ਸਿੱਖ ਵੀ ਡਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇ ਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਸਿੱਖਾਂ ਦੇ ਇਸ ਐਲਾਨਨਾਮੇ 'ਤੇ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਕੇ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਇਕ ਹੋਰ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਦੇ ਖ਼ਿਲਾਫ਼ ਟੱਕਰ ਲੈਣ ਦੀ ਬਜਾਏ ਵਾਪਿਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ ਪੀਣ ਦਾ ਸਮਾਨ ਲੈਣ ਦੀ ਇਜਾਜ਼ਤ ਦੇ ਦਿੱਤੀ। ਅਖ਼ੀਰ 23 ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਿਸ ਮੁੜ ਪਿਆ। ਦੋ ਮਹੀਨੇ ਦੇ ਸਫ਼ਰ ਮਗਰੋਂ ਜਹਾਜ਼ 26 ਸਤੰਬਰ 1914 ਨੂੰ ਕਿਲਪੀ ਪਹੁੰਚਿਆ। ਉਥੇ ਇਸ ਦੀ ਪੂਰੀ ਤਲਾਸ਼ੀ ਲਈ ਗਈ। 29 ਸਤੰਬਰ ਨੂੰ ਜਹਾਜ਼ ਕਲਕੱਤਾ ਨੇੜੇ ਬਜਬਜ ਘਾਟ ਵਿਖੇ ਪੁੱਜਿਆ ਜਿੱਥੇ ਮੁਸਾਫ਼ਿਰਾਂ ਤੇ ਗੋਲੀਆਂ ਚਲਾ ਕੇ ਦਰਜਨ ਤੋਂ ਵਧ ਮੁਸਾਫ਼ਿਰ ਮਾਰ ਦਿੱਤੇ ਗਏ।

1921: ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਿੱਖਾਂ ਨੇ ਕਾਲੀਆਂ ਦਸਤਾਰਾਂ ਤੇ ਬੀਬੀਆਂ ਨੇ ਕਾਲੇ ਦੁਪੱਟੇ ਸਜਾਏ

20 ਫ਼ਰਵਰੀ 1921 ਦੇ ਦਿਨ ਨਾਨਕਾਣਾ ਸਾਹਿਬ ਵਿਚ ਮਹੰਤ ਨਰੈਣੂ ਦੇ ਹੱਥੋਂ ਦੋ ਸੌ ਸਿੱਖਾਂ ਦੇ ਕਤਲੇਆਮ ਮਗਰੋਂ ਇਕ ਸ਼ਹੀਦੀ ਸਮਾਗਮ 4 ਅਪ੍ਰੈਲ 1921 ਦੇ ਦਿਨ ਨਾਨਕਾਣਾ

ਸਾਹਿਬ ਵਿਚ ਕੀਤਾ ਗਿਆ ਜਿਸ ਵਿਚ ਸਾਰੇ ਸਿੱਖ ਕਾਲੀਆਂ ਦਸਤਾਰਾਂ ਤੇ ਬੀਬੀਆਂ ਅਤੇ ਕਾਲੇ ਦੁੱਪਟੇ ਸਜਾ ਕੇ ਪੁੱਜੀਆਂ। ਨਾਨਕਾਣਾ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ ਅਤੇ ਸਾਰੇ ਹੀ ਉੱਥੇ ਦਸਤਾਰਾਂ ਤੇ ਦੁਪੱਟੇ ਕਾਲੇ ਰੰਗ ਵਿਚ ਰੰਗਾ ਕੇ ਜਾਂਦੇ ਸਨ। ਸਿੱਖਾਂ ਨੇ ਇਹ ਫ਼ੈਸਲਾ ਇਕ ਸਾਲ ਵਾਸਤੇ ਕੀਤਾ ਸੀ ਪਰ ਕਈਆਂ ਨੇ ਦਸਤਾਰਾਂ ਦਾ ਕਾਲਾ ਰੰਗ ਪੱਕਾ ਹੀ ਅਪਣਾ ਲਿਆ।

1946: ਮਾਸਟਰ ਤਾਰਾ ਸਿੰਘ ਤੇ ਜਿਨਾਹ ਵਿਚ ਦਿੱਲੀ ਵਿਚ ਮੁਲਾਕਾਤ ਹੋਈ

4 ਅਪ੍ਰੈਲ 1946 ਨੂੰ ਮਾਸਟਰ ਤਾਰਾ ਸਿੰਘ ਤੇ ਜਿਨਾਹ ਦਿੱਲੀ ਵਿਚ ਤੇਜਾ ਸਿੰਘ ਮਲਿਕ ਦੀ ਕੋਠੀ ਤੇ ਇਕੱਠੇ ਹੋਏ; ਉਨ੍ਹਾਂ ਨਾਲ ਮਹਾਰਾਜਾ ਪਟਿਆਲਾ ਅਤੇ ਗਿਆਨੀ ਕਰਤਾਰ ਸਿੰਘ ਵੀ ਹਾਜ਼ਰ ਸਨ। ਤਕਰੀਬਨ 90 ਮਿੰਟ ਗਲਬਾਤ ਹੋਈ; ਪਰ ਕੋਈ ਨਤੀਜਾ ਨਾ ਨਿਕਲਿਆ ਕਿਉਂ ਕਿ ਜਿਨਾਹ ਸਿੱਖਾਂ ਵਾਸਤੇ ਕੋਈ ਕਾਨੂੰਨੀ ਗਾਰੰਟੀ ਦੇਣ ਵਾਸਤੇ ਤਿਆਰ ਨਹੀਂ ਸੀ ਤੇ ਸਿਰਫ਼ 'ਆਦਲਾਨਾ ਸਲੂਕ ਕਰਾਂਗੇ' ਦਾ ਵਾਅਦਾ ਕਰਦਾ ਸੀ।

1949: ਸਿੱਖ ਉੱਲਮਾਂ (ਬੁੱਧੀਜੀਵੀਆਂ) ਦੀ ਕਾਨਫ਼ਰੰਸ ਵੱਲੋਂ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੀ ਨਿੰਦਾ

20 ਫ਼ਰਵਰੀ 1949 ਨੂੰ ਅਕਾਲੀ ਦਲ ਨੇ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਹੋਇਆ ਸੀ। ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ 'ਤੇ, 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ, ਗ੍ਰਿਫ਼ਤਾਰ ਕਰ ਲਿਆ ਗਿਆ।4 ਅਪਰੈਲ 1949 ਨੂੰ ਅੰਮ੍ਰਿਤਸਰ ਵਿਚ ਸਿੱਖ ਸਿਆਸੀ ਕਾਰਕੁੰਨਾਂ, ਉਸਤਾਦਾਂ, ਵਪਾਰੀਆਂ, ਡਾਕਟਰਾਂ, ਵਕੀਲਾਂ ਦੀ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਮਾਸਟਰ ਤਾਰਾ ਸਿੰਘ ਤੇ ਹੋਰ ਅਕਾਲੀ ਆਗੂਆਂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਗਿਆ। ਇਸ ਕਨਵੈਨਸ਼ਨ ਵਿਚ ਪਹਿਲੀ ਵਾਰ ਪੰਜਾਬੀ ਸੂਬੇ ਦੀ ਕਾਇਮੀ ਦਾ ਮਤਾ ਵੀ ਪਾਸ ਕੀਤਾ ਗਿਆ।

1983: ਰਸਤਾ ਰੋਕੋ ਲਹਿਰ ਵਿਚ ਪੰਜਾਬ ਪੁਲੀਸ ਤੇ ਸੀ.ਆਰ.ਪੀ.ਐਫ਼. ਨੇ 24 ਸਿੱਖ ਸ਼ਹੀਦ ਕੀਤੇ

ਅਕਾਲੀ ਪਾਰਟੀ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਰੋਸ ਜ਼ਾਹਿਰ ਕਰਨ ਵਾਸਤੇ 4 ਅਪ੍ਰੈਲ 1983 ਦੇ ਦਿਨ ਨੂੰ 'ਰਸਤਾ ਰੋਕੋ' ਹੜਤਾਲ ਦਾ ਐਲਾਨ ਕੀਤਾ ਹੋਇਆ ਸੀ। ਇਸ ਦਿਨ ਉਨ੍ਹਾਂ ਨੇ ਪੁਰਅਮਨ ਤਰੀਕੇ ਨਾਲ ਸੜਕਾਂ ਦੀ ਆਵਾਜਾਈ ਰੋਕੀ ਸੀ। ਇਸ ਮੌਕੇ 'ਤੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ ਪੁਲਿਸ ਤੇ ਸੈਂਟਰਲ ਰੀਜ਼ਰਵ ਪੁਲੀਸ ਫ਼ੋਰਸਿਜ਼ ਨੇ 24 ਸਿੱਖਾਂ ਨੂੰ ਪਾਠ ਤੇ ਕੀਰਤਨ ਕਰਦਿਆਂ ਨੂੰ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਨ੍ਹਾਂ ਵਿਚੋਂ 6 ਕੁਮ ਕਲਾਂ, 5 ਮਲੇਰਕੋਟਲਾ, 2-2 ਬੰਕਰਪੁਰ, ਮੁਬਾਰਕਪੁਰ ਤੇ ਭੁੱਚੋ ਮੰਡੀ, ਅਤੇ 1-1 ਰਾਜਪੁਰਾ, ਫਗਵਾੜਾ, ਪਟਿਆਲਾ, ਤੇ ਫ਼ਿਰੋਜ਼ਪੁਰ ਵਿਚ ਮਾਰੇ ਗਏ ਸਨ। ਚੀਫ਼ ਮਨਿਸਟਰ ਦਰਬਾਰੇ ਨੇ ਇਨ੍ਹਾਂ ਬੇਗੁਨਾਹਾਂ ਦੇ ਕਤਲਾਂ ਨੂੰ ਜਾਇਜ਼ ਆਖਿਆ ਤੇ ਕਾਤਲਾਂ ਨੂੰ ਸ਼ਾਬਾਸ਼ ਦਿੱਤੀ। 9 ਅਪ੍ਰੈਲ ਨੂੰ ਕੁਝ ਹਿੰਦੂ ਆਗੂਆਂ ਨੇ ਇਨ੍ਹਾਂ ਸਰਕਾਰੀ ਕਤਲਾਂ ਦੀ ਜੁਡੀਸ਼ੀਅਲ ਪੜਤਾਲ ਦੀ ਮੰਗ ਕੀਤੀ। ਪਰ ਅਟਲ ਬਿਹਾਰੀ ਬਾਜਪਈ ਨੇ ਕਿਹਾ ਕਿ 'ਜੇ ਅਕਾਲੀ ਸਾਡੀ ਹਿਮਾਇਤ ਲੈਣਾ ਚਾਹੁੰਦੇ ਹਨ ਤਾਂ ਪਹਿਲਾਂ ਉਹ ਹਿੰਦੂਆਂ ਨੂੰ ਯਕੀਨ ਦਿਵਾਉਣ।' ਇਸੇ ਦਿਨ

ਦਹਿਸ਼ਤਗਰਦ ਹਿੰਦੂਆਂ ਦੀ ਪਾਰਟੀ 'ਪੰਜਾਬ ਹਿੰਦੂ ਸੁਰੱਖਿਆ ਸੰਮਤੀ' ਨੇ 24 ਸਿੱਖਾਂ ਦੇ ਕਤਲ ਬਾਰੇ ਪੁਲੀਸ ਦੀ ਹਿਮਾਇਤ ਕੀਤੀ।

1990: ਜਸਵੰਤ ਸਿੰਘ ਸਾਂਙਣਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚਾਰ ਅਪ੍ਰੈਲ 1990 ਦੇ ਦਿਨ ਜਸਵੰਤ ਸਿੰਘ (ਪੁੱਤਰ ਸੇਵਾ ਸਿੰਘ, ਵਾਸੀ ਸਾਂਙਣਾ, ਜ਼ਿਲ੍ਹਾ ਤਰਨ ਤਾਰਨ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1991: ਜਗਤਾਰ ਸਿੰਘ ਕੋਹਾੜਕਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚਾਰ ਅਪ੍ਰੈਲ 1991 ਦੇ ਦਿਨ ਜਗਤਾਰ ਸਿੰਘ (ਪੁੱਤਰ ਮੱਘਰ ਸਿੰਘ, ਵਾਸੀ ਕੋਹਾੜਕਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1993: ਹਰਬੰਸ ਸਿੰਘ ਤੇ 7 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚਾਰ ਅਪ੍ਰੈਲ 1993 ਦੇ ਦਿਨ ਹਰਬੰਸ ਸਿੰਘ ਤੇ ਸੱਤ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

5 ਅਪਰੈਲ

1946: ਬਲਦੇਵ ਸਿੰਘ ਕੈਬਨਟ ਮਿਸ਼ਨ ਕੋਲ ਪੇਸ਼ ਹੋਇਆ ਤੇ ਸਿੱਖ ਸਟੇਟ ਦੀ ਮੰਗ ਕੀਤੀ।

ਲਾਰਡ ਐਟਲੀ ਨੇ ਬਰਤਾਨੀਆਂ ਦਾ ਪ੍ਰਾਈਮ ਮਨਿਸਟਰ ਬਣਦਿਆਂ ਹੀ 19 ਫ਼ਰਵਰੀ 1946 ਨੂੰ ਭਾਰਤ ਵਾਸਤੇ ਇਕ ਕਮਿਸ਼ਨ, ਜਿਸ ਵਿਚ ਕੈਬਨਿਟ ਦੇ ਵਜ਼ੀਰ ਸ਼ਾਮਿਲ ਹੋਣ, ਭੇਜਣ ਦਾ ਐਲਾਨ ਕੀਤਾ। ਇਸ ਵਿਚ ਲਾਰਡ ਪਥਿਕ ਲਾਰੈਂਸ, ਸਰ ਕ੍ਰਿਪਸ (ਕ੍ਰਿਪਸ ਮਿਸ਼ਨ ਵਾਲਾ) ਤੇ ਏ.ਵੀ. ਅਲੈਗਜ਼ੈਂਡਰ, ਤਿੰਨ ਮੈਂਬਰ ਸਨ। ਇਸ ਮਿਸ਼ਨ ਨੇ ਵਾਇਸਰਾਏ ਦੀ ਮਦਦ ਨਾਲ ਭਾਰਤ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮਿਲ ਕੇ ਭਾਰਤ ਦੀ ਆਜ਼ਾਦੀ ਬਾਰੇ ਫ਼ੈਸਲਾ ਕਰਨਾ ਸੀ। ਕੈਬਨਿਟ ਮਿਸ਼ਨ ਦੇ ਸਟਾਫ਼ ਵਿਚ ਮੇਜਰ ਸ਼ਾਰਟ ਵੀ ਸ਼ਾਮਿਲ ਸੀ। ਮੇਜਰ ਸ਼ਾਰਟ ਸਿੱਖਾਂ ਨਾਲ ਨੇੜਤਾ ਰੱਖਦਾ ਰਿਹਾ ਸੀ ਅਤੇ ਅਕਾਲੀਆਂ ਤੇ ਅੰਗਰੇਜ਼ਾਂ ਵਿਚਕਾਰ ਵਿਚੋਲੇ ਦਾ ਰੋਲ ਅਦਾ ਕਰਦਾ ਰਿਹਾ ਸੀ। ਉਸ ਦੀ ਸ਼ਮੂਲੀਅਤ ਦਾ ਸਿੱਖਾਂ ਨੂੰ ਫ਼ਾਇਦਾ ਹੋਣ ਦੀ ਆਸ ਸੀ। ਪਰ ਦੂਜੇ ਪਾਸੇ ਸਰ ਕ੍ਰਿਪਸ ਜੋ ਪਹਿਲਾਂ ਵੀ 'ਕ੍ਰਿਪਸ ਮਿਸ਼ਨ' ਦਾ ਮੁਖੀ ਬਣ ਕੇ ਆਇਆ ਸੀ, ਵੀ ਇਸ ਕੈਬਨਿਟ ਮਿਸ਼ਨ ਦਾ ਮੈਂਬਰ ਸੀ, ਇਸ ਕਰ ਕੇ 1942 ਵਾਲਾ ਨਤੀਜਾ ਨਿਕਲਣ ਦਾ ਡਰ ਵੀ ਅਕਾਲੀ ਆਗੂਆਂ ਨੂੰ ਸੀ। ਕੈਬਨਿਟ ਮਿਸ਼ਨ 24 ਮਾਰਚ 1946 ਦੇ ਦਿਨ ਦਿੱਲੀ ਪਹੁੰਚ ਗਿਆ। 3 ਮਹੀਨੇ ਵਿਚ ਮਿਸ਼ਨ ਦੇ ਮੈਂਬਰਾਂ ਨੇ ਤਕਰੀਬਨ 5 ਸੌ ਆਗੂਆਂ ਨਾਲ ਕੋਈ ਦੋ ਸੌ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿਚ ਮੁੱਖ ਤੌਰ 'ਤੇ ਅਕਾਲੀ, ਮੁਸਲਿਮ ਲੀਗ ਅਤੇ ਕਾਂਗਰਸੀ ਆਗੂ ਹੀ ਸ਼ਾਮਿਲ ਸਨ। ਉਂਞ ਇਨ੍ਹਾਂ ਦੀ ਹੋਰ ਵੀ ਕਈ ਆਗੂਆਂ ਨਾਲ ਗਲਬਾਤ ਹੋਈ, ਪਰ ਅਸਲੀ ਮਸਲਾ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਹੀ ਸੀ ਤੇ ਤਿੰਨਾਂ ਕੌਮਾਂ ਦੇ ਮਸਲਿਆਂ ਦੇ ਹੱਲ ਕੱਢਣ ਬਾਰੇ ਵਿਚਾਰਾਂ ਹੀ ਮੁੱਖ ਤੌਰ ਤੇ ਹੁੰਦੀਆਂ ਰਹੀਆਂ। ਅਕਾਲੀ ਆਗੂ 5 ਅਪਰੈਲ ਨੂੰ ਕੈਬਨਟ ਮਿਸ਼ਨ ਨੂੰ ਮਿਲੇ ਬਲਦੇਵ ਸਿੰਘ ਨੇ ਕੈਬਨਿਟ ਮਿਸ਼ਨ ਨਾਲ ਇਸੇ ਦਿਨ ਫੇਰ ਮੁਲਾਕਾਤ ਕੀਤੀ। ਉਸ ਨੇ ਵੀ ਖ਼ਾਲਿਸਤਾਨ ਦੀ ਹਿਮਾਇਤ ਕੀਤੀ ਕਿ ਪੰਜਾਬ ਵਿਚੋਂ ਰਾਵਲਪਿੰਡੀ ਤੇ ਮੁਲਤਾਨ ਡਿਵੀਜ਼ਨ ਕਢਣ ਮਗਰੋਂ ਬਾਕੀ ਸਿੱਖ ਸਟੇਟ ਰਹਿ ਜਾਵੇਗੀ। ਪਰ ਉਸ ਨੇ ਇਸ ਦੇ ਬਾਵਜੂਦ 'ਸਾਂਝਾ ਭਾਰਤ' ਦੀ ਹਿਮਾਇਤ ਕੀਤੀ। ਇਕ

ਅਜਿਹਾ ਭਾਰਤ ਜਿਸ ਵਿਚ ਘਟ ਗਿਣਤੀਆਂ ਵਾਸਤੇ ਰਾਖਵੇਂ ਹੱਕ ਤੇ ਅਸੈਂਬਲੀਆਂ ਵਿਚ ਲੋੜੀਂਦੀ ਨੁਮਾਇੰਦਗੀ ਹੋਵੇ।

1986: ਖਾੜਕੂਆਂ ਨੇ ਜਲੰਧਰ ਵਿਚ ਪੁਲਸ ਤੋਂ ਤਿੰਨ ਸਾਥੀ ਛੁਡਵਾਏ

ਪੰਜ ਅਪਰੈਲ 1986 ਦੇ ਦਿਨ ਖਾੜਕੂਆਂ ਨੇ ਹਮਲਾ ਕਰ ਕੇ, ਜੋਧਪੁਰ ਜੇਲ੍ਹ ਤੋਂ ਜਲੰਧਰ ਕਚਹਿਰੀ ਵਿਚ ਪੇਸ਼ੀ 'ਤੇ ਲਿਆਂਦੇ, ਆਪਣੇ ਚਾਰ ਸਾਥੀਆਂ ਵਿਚੋਂ ਤਿੰਨਾਂ ਨੂੰ ਛੁਡਾ ਲਿਆ। ਤਰਨਤਾਰਨ ਦਾ ਗੁਰਿੰਦਰ ਸਿੰਘ ਭੋਲਾ, ਪੰਜਵੜ-ਝਬਾਲ ਦਾ ਸੁਖਦੇਵ ਸਿੰਘ ਸੁੱਖਾ (ਉਰਫ਼ ਜਨਰਲ ਲਾਭ ਸਿੰਘ) ਤੇ ਅਲਾਦੀਨਪੁਰ (ਤਰਨਤਾਰਨ) ਦਾ ਸਵਰਨਜੀਤ ਸਿੰਘ ਛੁਡਾਏ ਗਏ ਪਰ ਚੌਥਾ ਦਲਜੀਤ ਸਿੰਘ ਦੌੜ ਨਾ ਸਕਿਆ। ਉਨ੍ਹਾਂ ਨੂੰ 12 ਮਈ 1984 ਨੂੰ ਕਤਲ ਕੀਤੇ 'ਪੰਜਾਬ ਕੇਸਰੀ' ਅਖ਼ਬਾਰ ਦੇ ਮਾਲਿਕ ਰਮੇਸ਼ ਦੇ ਕਤਲ 'ਚ ਪੇਸ਼ੀ ਵਾਸਤੇ ਲਿਆਂਦਾ ਹੋਇਆ ਸੀ। ਇਹ ਐਕਸ਼ਨ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਮਨਬੀਰ ਸਿੰਘ ਚਹੇੜੂ ਨੇ ਆਪਣੇ ਸਾਥੀਆਂ ਨਾਲ ਰਲ ਕੇ ਕੀਤਾ ਸੀ। ਇਸ ਐਕਸ਼ਨ ਦੌਰਾਨ 15 ਮਿੰਟ ਲਗਾਤਾਰ ਗੋਲੀ ਚਲਦੀ ਰਹੀ ਅਤੇ 6 ਸਿਪਾਹੀ ਮਾਰੇ ਗਏ।

ਮਗਰੋਂ ਇਨ੍ਹਾਂ ਛੁਡਾਏ ਸਿੱਖਾਂ ਵਿਚੋਂ ਸੁਖਦੇਵ ਸਿੰਘ ਖ਼ਾਲਿਸਤਾਨ ਕਮਾਂਡੋ ਦਾ ਮੁਖੀ ਬਣਿਆ ਅਤੇ ਗੁਰਿੰਦਰ ਸਿੰਘ ਭੋਲਾ ਵੀ ਉਸ ਨਾਲ ਰਲ ਕੇ ਐਕਸ਼ਨ ਕਰਦਾ ਰਿਹਾ। 1987 ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆ ਦੇ ਜੂਨ 1984 ਵਿਚ ਦਰਬਾਰ ਸਾਹਿਬ ਵਿਚੋਂ ਬਚ ਕੇ ਨਿਕਲ ਜਾਣਾ ਦਾ ਚਰਚਾ ਸ਼ੁਰੂ ਹੋਇਆ ਤਾਂ ਗੁਰਿੰਦਰ ਸਿੰਘ ਭੋਲਾ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਭਿੰਡਰਾਂਵਾਲਾ ਸ਼ਹੀਦ ਹੋ ਗਏ ਸਨ। ਇਸ 'ਤੇ ਇਕ ਦਿਨ ਉਸ ਨੂੰ ਠਾਕਰ ਸਿੰਘ ਦਾ ਸੁਨੇਹਾ ਦੇ ਕੇ ਚੌਕ ਮਹਿਤਾ ਸੱਦ ਲਿਆ ਗਿਆ ਅਤੇ ਕਿਹਾ ਗਿਆ ਕਿ ਉਹ ਇਹ ਨਾ ਕਹੇ ਕਿ ਭਿੰਡਰਾਂਵਾਲੇ ਸ਼ਹੀਦ ਹੋ ਗਏ ਹਨ। ਜਦ ਉਹ ਝੂਠ ਬੋਲਣਾ ਨਾ ਮੰਨਿਆ ਤਾਂ ਠਾਕਰ ਸਿੰਘ ਦੇ ਖ਼ਾਸਮ-ਖ਼ਾਸ ਇਕ ਸਾਥੀ ਨੇ ਉਸ ਨੂੰ ਗੋਲੀ ਮਾਰ ਦਿੱਤੀ। ਇਸ ਗੋਲੀ ਮਾਰਨ ਵਾਲੇ ਨੂੰ 'ਬੁੰਡਾਲਾ ਜੱਲਾਦ' ਕਹਿ ਕੇ ਬੁਲਾਇਆ ਜਾਂਦਾ ਸੀ (ਕਿਉਂਕਿ ਉਹ ਕਿਸੇ ਨੂੰ ਗੋਲੀ ਮਾਰਨ ਲੱਗਿਆਂ ਨਾ ਤਾਂ ਸੋਚਦਾ ਸੀ ਤੇ ਨਾ ਤਰਸ ਕਰਦਾ ਸੀ)। ਖਾੜਕੂਆਂ ਮੁਤਾਬਿਕ ਇਹ 'ਜੱਲਾਦ' ਗੁਰਨਾਮ ਸਿੰਘ ਬੁੰਡਾਲਾ ਸੀ।

1986 ਬਰਨਾਲਾ ਸਰਕਾਰ ਨੇ 150 ਸਿੱਖਾਂ ਦੇ ਗੁਰਪੁਰਬ ਮਨਾਉਣ ਵਾਸਤੇ ਪਾਕਿਸਤਾਨ ਜਾਣ 'ਤੇ ਪਾਬੰਦੀ ਲਾਈ ਗਈ

ਪੰਜਾਬ ਦੀ ਬਰਨਾਲਾ ਸਰਕਾਰ ਨੇ ਪੰਜਾ ਸਾਹਿਬ ਵਿਸਾਖੀ ਮਨਾਉਣ ਜਣ ਵਾਲੇ ਜੱਥੇ ਵਿਚੋਂ 150 ਸਿੱਖਾਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਾ ਦਿਤੀ। ਸੈਂਟਰ ਸਰਕਾਰ ਦੀ ਸੀ.ਬੀ. ਆਈ. ਨੇ ਸਿਰਫ਼ 32 ਸਿੱਖ ਰੋਕੇ ਸਨ।ਬਰਨਾਲਾ ਸਰਕਾਰ ਵੱਲੋਂ ਰੋਕੇ ਜਾਣ ਵਾਲਿਆਂ ਵਿਚ ਸ਼ਰੋਮਣੀ ਕਮੇਟੀ ਦਾ ਮੈਂਬਰ ਹਰਦਿਆਲ ਸਿੰਘ ਬਰਾੜ ਅਤੇ ਦਰਬਾਰ ਸਾਹਿਬ ਦਾ ਅਸਿਸਟੈਂਟ ਮੈਨੇਜਰ ਰਾਜ ਸਿੰਘ ਵੀ ਸ਼ਾਮਿਲ ਸਨ। ਸ਼੍ਰੋਮਣੀ ਕਮੇਟੀ ਦੇ 30 ਵਿਚੋਂ 11 ਮੁਲਾਜ਼ਮ ਰੋਕੇ ਗਏ ਸਨ। ਇਹ ਸਰਕਾਰ ਅਜੇ ਵੀ 'ਅਕਾਲੀ ਸਰਕਾਰ' ਅਖਵਾਉਂਦੀ ਸੀ।

1991: ਅਵਤਾਰ ਸਿੰਘ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜ ਅਪ੍ਰੈਲ 1991 ਦੇ ਦਿਨ ਅਵਤਾਰ ਸਿੰਘ (ਪੁੱਤਰ ਸੰਪੂਰਨ ਸਿੰਘ, ਵਾਸੀ ਮੁਹੰਮਦਪੁਰ, ਪਟਿਆਲਾ) ਨੂੰ ਪੁਲਸ ਨੇ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਤਰਲੋਚਨ ਸਿੰਘ, ਸੁਖਵਿੰਦਰ ਸਿੰਘ, ਪ੍ਰਿਤਪਾਲ ਸਿੰਘ ਕੋਸਲੀ, ਬਲਵਿੰਦਰ ਸਿੰਘ ਧੀਮੇਵਾਲ, ਰਜਿੰਦਰ ਸਿੰਘ, ਗੁਰਜੰਟ ਸਿੰਘ ਰੁੜਕੇ ਕਲਾਂ, ਤਰਲੋਚਨ ਸਿੰਘ ਕੁਜਾਵਾਲ, ਸੁਖਵਿੰਦਰ ਸਿੰਘ ਚੁਗਾਵਾਂ, ਪ੍ਰਿਤਪਾਲ ਸਿੰਘ ਭੂਰੇ ਗਿੱਲ, ਹਰਜਿੰਦਰ ਸਿੰਘ ਕਾਲਾ, ਗੁਰਬਚਨ ਸਿੰਘ ਤੇ ਮੋਹਨ ਸਿੰਘ ਫ਼ੀਰੋਜ਼ਪੁਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜ ਅਪ੍ਰੈਲ 1992 ਦੇ ਦਿਨ ਤਰਲੋਚਨ ਸਿੰਘ, ਸੁਖਵਿੰਦਰ ਸਿੰਘ ਤੇ ਪ੍ਰਿਤਪਾਲ ਸਿੰਘ (ਕੋਸਲੀ, ਮਜੀਠਾ), ਬਲਵਿੰਦਰ ਸਿੰਘ (ਧੀਮੇਵਾਲ, ਫ਼ਰੀਦਕੋਟ), ਰਜਿੰਦਰ ਸਿੰਘ (ਅੰਮ੍ਰਿਤਸਰ ਸ਼ਹਿਰ), ਗੁਰਜੰਟ ਸਿੰਘ (ਪੁੱਤਰ ਧੰਨਾ ਸਿੰਘ, ਵਾਸੀ ਰੁੜਕੇ ਕਲਾਂ, ਜ਼ਿਲ੍ਹਾ ਸੰਗਰੂਰ), ਤਰਲੋਚਨ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਕੁਜਾਵਾਲ), ਸੁਖਵਿੰਦਰ ਸਿੰਘ ਉਰਫ਼ ਬਿੱਟੂ (ਪੁੱਤਰ ਕੇਵਲ ਸਿੰਘ, ਵਾਸੀ ਚੁਗਾਵਾਂ, ਜ਼ਿਲ੍ਹਾ ਨੇੜੇ ਲੋਪੋਕੇ), ਪ੍ਰਿਤਪਾਲ ਸਿੰਘ (ਪੁੱਤਰ ਸਾਧੂ ਸਿੰਘ, ਵਾਸੀ ਭੂਰੇ ਗਿੱਲ, ਨੇੜੇ ਰਮਦਾਸ), ਹਰਜਿੰਦਰ ਸਿੰਘ ਉਰਫ਼ ਕਾਲਾ (ਪੁੱਤਰ ਸਾਧੂ ਸਿੰਘ, ਵਾਸੀ ਗਲੀ ਨੰਬਰ 2, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਸ਼ਹਿਰ), ਗੁਰਬਚਨ ਸਿੰਘ ਤੇ ਮੋਹਨ ਸਿੰਘ (ਫ਼ੀਰੋਜ਼ਪੁਰ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

1993: ਮੱਖਣ ਸਿੰਘ ਚੌੜਾ ਤੇ ਰਾਣਾ ਪ੍ਰਤਾਪ ਸਿੰਘ ਦਿਓ, ਬਲਬੀਰ ਸਿੰਘ ਦਿਓ ਤੇ ਬਿੱਟਾ ਦਿਓ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਪੰਜ ਅਪ੍ਰੈਲ 1993 ਦੇ ਦਿਨ ਮੱਖਣ ਸਿੰਘ (ਪੁੱਤਰ ਕਾਬਲ ਸਿੰਘ, ਵਾਸੀ ਚੌੜਾ, ਜ਼ਿਲ੍ਹਾ ਗੁਰਦਾਸਪੁਰ), ਰਾਣਾ ਪ੍ਰਤਾਪ ਸਿੰਘ (ਪੁੱਤਰ ਜੈਲਾ ਸਿੰਘ, ਵਾਸੀ ਦਿਓ ਪਿੰਡ), ਬਲਬੀਰ ਸਿੰਘ ਤੇ ਬਿੱਟਾ (ਦੋਵੇਂ ਪੁਤਰ ਮੁਖ਼ਤਿਆਰ ਸਿੰਘ, ਵਾਸੀ ਦਿਓ ਪਿੰਡ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2013: ਬਾਦਲ ਸਰਕਾਰ ਨੇ ਸਾਡਾ ਹੱਕ ਫ਼ਿਲਮ ਬੈਨ ਕੀਤੀ

'ਸਾਡਾ ਹੱਕ' ਫ਼ਿਲਮ ਦੇ ਦਿਖਾਏ ਜਾਣ 'ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਖੌਤੀ ਪੰਥਕ ਸਰਕਾਰ ਨੇ 5 ਅਪ੍ਰੈਲ 2013 ਦੇ ਦਿਨ ਪਾਬੰਦੀ ਲਾ ਦਿੱਤੀ।ਕੁਲਜਿੰਦਰ ਸਿੰਘ ਸਿੱਧੂ ਦੀ ਬਣਾਈ ਇਸ ਫ਼ਿਲਮ ਵਿਚ 1982 ਤੋਂ 1995 ਵਿਚਕਾਰ ਹੋਏ ਸਿੱਖਾਂ ਦੇ ਨਕਲੀ ਮੁਕਾਬਲਿਆਂ ਦੀ ਪੇਸ਼ਕਾਰੀ ਸੀ। ਪਹਿਲਾਂ ਸੈਂਸਰ ਬੋਰਡ ਨੇ ਇਸ 'ਤੇ ਬੇਮਾਅਨਾ ਇਤਰਾਜ਼ ਲਾਏ ਤੇ ਜਦ ਉਹ ਇਤਰਾਜ਼ ਦੂਰ ਕਰ ਦਿੱਤੇ ਗਏ ਤਾਂ ਬਾਦਲ ਨੇ ਜ਼ਾਲਮ ਪੁਲਸ ਅਫ਼ਸਰ ਸੁਮੇਧ ਸੈਣੀ ਦੇ ਕਹਿਣ 'ਤੇ ਇਸ ਫ਼ਿਲਮ 'ਤੇ ਪਾਬੰਦੀ ਲਾ ਦਿੱਤੀ। ਬਾਦਲ ਸਰਕਾਰ ਦੀ ਦੇਖਾ ਦੇਖੀ ਚੰਡੀਗੜ੍ਹ, ਹਰਿਆਣਾ, ਦਿੱਲੀ ਅਤੇ ਜੰਮੂ ਕਸ਼ਮੀਰ ਸਰਕਾਰਾਂ ਨੇ ਵੀ ਇਸ 'ਤੇ ਪਾਬੰਦੀ ਲਾ ਦਿੱਤੀ। ਇਸ ਮਗਰੋਂ ਇਹ ਕੇਸ ਹਾਈ ਕੋਰਟ ਵਿਚ ਲਿਜਾਇਆ ਗਿਆ। ਹਾਈ ਕੋਰਟ ਨੇ ਕੁਝ ਹੋਰ ਮਾਮੂਲੀ ਤਬਦੀਲੀਆਂ ਮਗਰੋਂ 10 ਮਈ ਦੇ ਦਿਨ ਫ਼ਿਲਮ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ।

6 ਅਪਰੈਲ

1709: ਅੰਮ੍ਰਿਤਸਰ 'ਤੇ ਪੱਟੀ ਤੋਂ ਆਈਆਂ ਮੁਗ਼ਲ ਫ਼ੌਜਾਂ ਦਾ ਹਮਲਾ

1697 ਵਿਚ ਹਰਜੀ ਸੋਢੀ ਦੀ ਮੌਤ ਮਗਰੋਂ ਉਸ ਦੇ ਪੁੱਤਰ ਗੁਰੂ-ਦਾ-ਚੱਕ (ਅੰਮ੍ਰਿਤਸਰ) ਛੱਡ ਕੇ ਚਲੇ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ। ਭਾਈ ਮਨੀ ਸਿੰਘ 2 ਮਈ 1698 ਦੇ ਦਿਨ ਅੰਮ੍ਰਿਤਸਰ ਪੁੱਜੇ ਅਤੇ 3 ਮਈ ਨੂੰ ਦਰਬਾਰ ਸਾਹਿਬ 'ਚ ਨੀਲਾ ਨਿਸ਼ਾਨ ਸਾਹਿਬ ਝੁਲਾ ਕੇ ਗੁਰੂ

ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਇਸ ਤੋਂ ਬਾਅਦ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹਿਣ ਲੱਗ ਪਏ। ਹੁਣ ਅੰਮ੍ਰਿਤਸਰ ਵਿਚ ਸੰਗਤਾਂ ਦੋਬਾਰਾ ਆਉਣ ਲੱਗ ਪਈਆਂ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਵਿਚ ਹੀ ਸਨ। ਆਪ ਜਨਵਰੀ 1706 ਵਿਚ ਗੁਰੂ ਸਾਹਿਬ ਨੂੰ ਤਲਵੰਡੀ ਸਾਬੋ ਜਾ ਕੇ ਮਿਲੇ। ਆਪ ਅਕਤੂਬਰ 1706 ਵਿਚ ਗੁਰੂ ਸਾਹਿਬ ਨਾਲ ਤਲਵੰਡੀ ਸਾਬੋ ਰਹਿ ਕੇ ਫੇਰ ਅੰਮ੍ਰਿਤਸਰ ਚਲੇ ਗਏ। ਜਦੋਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਭਾਈ ਮਨੀ ਸਿੰਘ ਫੇਰ ਅੰਮ੍ਰਿਤਸਰ ਤੋਂ ਚੱਲ ਕੇ ਤਲਵੰਡੀ ਸਾਬੋ ਪੁੱਜੇ। 30 ਅਕਤੂਬਰ 1706 ਨੂੰ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਚੱਲ ਪਏ। ਆਪ ਦੇ ਨਾਲ ਭਾਈ ਮਨੀ ਸਿੰਘ ਤੇ ਚਾਰ ਹੋਰ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਚੱਲ ਪਏ। ਮਾਰਚ 17007 ਵਿਚ ਗੁਰੂ ਸਾਹਿਬ ਬਘੌਰ ਪੁੱਜੇ। ਏਥੋਂ ਆਪ ਨੇ 19 ਮਾਰਚ 1707 ਦੇ ਦਿਨ ਭਾਈ ਮਨੀ ਸਿੰਘ ਤੇ ਚਾਰ ਹੋਰ ਸਿੱਖਾਂ ਨੂੰ ਅੰਮ੍ਰਿਤਸਰ ਵਾਪਿਸ ਜਾਣ ਵਾਸਤੇ ਵਿਦਾ ਕਰ ਦਿੱਤਾ। ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਆ ਕੇ ਫੇਰ ਦੀਵਾਨ ਸਜਾਣੇ ਸ਼ੁਰੂ ਕਰ ਦਿੱਤੇ।

ਉਧਰ, ਭਾਵੇਂ ਮੀਣੇ 1697 ਵਿਚ ਅੰਮ੍ਰਿਤਸਰ ਤੋਂ ਜਾ ਕੇ ਚੁੱਕੇ ਸਨ ਪਰ ਉਨ੍ਹਾਂ ਦਾ ਇਕ ਮੁਖ਼ਤਿਆਰ ਚੂਹੜ ਮੱਲ ਅਜੇ ਵੀ ਉਥੇ ਹੀ ਸੀ। ਚੂਹੜ ਮੱਲ ਦੇ ਦੋ ਪੁੱਤਰ ਸਨ : ਮੋਹਕਮ ਸਿੰਘ (ਜੋ ਸਿੰਘ ਸਜ ਗਿਆ ਸੀ) ਅਤੇ ਰਾਮੂ ਮੱਲ। ਵਿਸਾਖੀ (29 ਮਾਰਚ 1709) ਦੇ ਦਿਨਾਂ ਵਿਚ ਇਸ ਚੂਹੜ ਮੱਲ ਨੇ ਗੁਰਦੁਆਰੇ ਦੀ ਜ਼ਮੀਨ ਵਿਚੋਂ ਕੁਝ ਤੂਤਾਂ ਦੇ ਦਰੱਖ਼ਤ ਕਟਵਾ ਲਏ। ਸਿੰਘਾਂ ਨੇ ਉਸ ਨੂੰ ਇਨ੍ਹਾਂ ਦਾ ਮੁੱਲ ਤਾਰਨ ਵਾਸਤੇ ਆਖਿਆ। ਪਰ ਉਹ ਆਕੜ ਗਿਆ ਤੇ ਧਮਕੀਆਂ ਦੇਣ ਲੱਗ ਪਿਆ। ਇਸ 'ਤੇ ਸਿੰਘਾਂ ਨੇ ਉਸ ਦੀ 'ਸੇਵਾ' ਕਰ ਦਿੱਤੀ। ਉਹ ਸੜਿਆ-ਬਲਿਆ ਲਾਹੌਰ ਦਰਬਾਰ ਜਾ ਹਾਜ਼ਿਰ ਹੋਇਆ। ਪਹਿਲਾਂ ਤਾਂ ਲਾਹੌਰ ਦਰਬਾਰ ਨੇ ਉਸ ਦੀ ਪਰਵਾਹ ਨਾ ਕੀਤੀ ਪਰ ਅਖ਼ੀਰ ਉਸ ਵੱਲੋਂ ਵਾਰ-ਵਾਰ ਅਰਜ਼ੋਈ ਕਰਨ 'ਤੇ ਲਾਹੌਰ ਦੇ ਨਾਇਬ ਸੂਬੇਦਾਰ ਨੇ ਪੱਟੀ ਦੇ ਚੌਧਰੀ ਹਰ ਸਹਾਇ ਨੂੰ ਗੁਰੂ ਦਾ ਚੱਕ 'ਤੇ ਹਮਲਾ ਕਰਨ ਵਾਸਤੇ ਆਖ ਦਿੱਤਾ। ਹਰ ਸਹਾਇ ਨੇ 6 ਅਪ੍ਰੈਲ ਨੂੰ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਭਾਈ ਮਨੀ ਸਿੰਘ ਤੇ ਭਾਈ ਤਾਰਾ ਸਿੰਘ ਡੱਲ-ਵਾਂ ਦੀ ਅਗਵਾਈ ਹੇਠ ਸਿੰਘਾਂ ਨੇ ਪੱਟੀ ਦੀ ਫ਼ੌਜ ਦੇ ਖ਼ੂਬ ਆਹੂ ਲਾਹੇ। ਚੌਧਰੀ ਹਰ ਸਹਾਇ ਭਾਈ ਤਾਰਾ ਸਿੰਘ ਡੱਲ-ਵਾਂ ਹੱਥੋਂ ਮਾਰਿਆ ਗਿਆ।

1849: ਰਾਣੀ ਜਿੰਦਾਂ ਚੁਨਾਰ ਦੇ ਕਿਲ੍ਹੇ ਵਿਚੋਂ ਨੌਕਰਾਨੀਆਂ ਨੂੰ ਰਿਸ਼ਵਤ ਦੇ ਕੇ ਨਿਕਲ ਗਈ

ਰਾਣੀ ਜਿੰਦਾਂ ਨੂੰ 16 ਮਈ 1848 ਦੇ ਦਿਨ, ਇਕ ਕੈਦੀ ਵਜੋਂ, ਪੰਜਾਬ ਤੋਂ ਬਨਾਰਸ ਲਿਜਾਇਆ ਗਿਆ ਸੀ। ਬਨਾਰਸ ਕਿਲ੍ਹੇ ਵਿੱਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਅਤੇ ਚਤਰ ਸਿੰਘ ਅਟਾਰੀਵਾਲਾ ਨਾਲ ਬਣਿਆ ਹੋਇਆ ਸੀ। ਜਦ ਇਸ ਦਾ ਪਤਾ ਅੰਗਰੇਜ਼ਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਸਕਿਉਰਿਟੀ ਵਧਾਉਣ ਦੀ ਬਜਾਏ ਰਾਣੀ ਨੂੰ ਸਭ ਤੋਂ ਵਧ ਮਹਿਫ਼ੂਜ਼ ਕਿਲ੍ਹੇ ਚਿਨਾਰ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮਾਰਚ 1849 ਦੇ ਅਖ਼ੀਰਲੇ ਦਿਨਾਂ ਦੀ ਹੈ। ਜਦ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰੋਣ ਲਗ ਪਈ ਤੇ ਇਸ ਦਾ ਡੱਟਵਾਂ ਵਿਰੋਧ ਕੀਤਾ। ਜਦ ਉਸ ਨੂੰ ਜ਼ਬਰਦਸਤੀ ਲਿਜਾਉਣ ਦੀ ਧਮਕੀ ਦਿੱਤੀ ਗਈ ਤਾਂ ਮਜਬੂਰਨ ਉਸ ਨੂੰ ਜਾਣਾ ਪਿਆ। ਉਸ ਨੂੰ ਚਿਨਾਰ ਪਹੁੰਚਾਉਣ ਵਾਸਤੇ ਇਕ ਵੱਡੀ ਫ਼ੌਜ ਵੀ ਨਾਲ ਭੇਜੀ ਗਈ। ਇਸ ਫ਼ੌਜ ਦੀ ਅਗਵਾਈ ਮੇਜਰ ਮੈਕਗਰੇਗਰ ਕਰ ਰਿਹਾ ਸੀ। 4 ਅਪ੍ਰੈਲ ਦੇ ਦਿਨ ਚਿਨਾਰ ਪਹੁੰਚ ਕੇ ਮੇਜਰ ਮੈਕਗਰੇਗਰ ਨੇ ਰਾਣੀ ਨੂੰ ਚਿਨਾਰ ਕਿਲ੍ਹੇ ਦੇ ਇੰਚਾਰਜ ਕੈਪਟਨ ਰੀਅਸ ਦੇ ਹਵਾਲੇ ਕਰਦਿਆਂ ਕਿਹਾ ਕਿ ਉਹ ਰਾਣੀ ਦੀ ਆਵਾਜ਼ ਪਛਾਣ ਲਵੇ ਅਤੇ ਹਰ ਰੋਜ਼ ਅੰਦਰ ਜਾ ਕੇ ਉਸ ਦੀ ਕੋਠੜੀ ਵਿਚ ਉਸ ਨੂੰ ਵੇਖ ਕੇ ਆਵੇ। ਕਿਉਂਕਿ ਰਾਣੀ ਨੇ

ਪਰਦੇ ਵਿਚ ਹੋਣਾ ਸੀ, ਉਸ ਨੂੰ ਉਸ ਦੀ ਆਵਾਜ਼ ਤੋਂ ਪਛਾਣਿਆ ਜਾਣਾ ਸੀ। 5 ਤੋਂ 15 ਅਪਰੈਲ 1849 ਤਕ ਕੈਪਟਨ ਰੀਅਸ ਹਰ ਰੋਜ਼ ਰਾਣੀ ਦੇ ਕਮਰੇ ਵਿਚ ਜਾ ਕੇ ਉਸ ਦੀ ਆਵਾਜ਼ ਦੀ ਸ਼ਨਾਖ਼ਤ ਕਰ ਕੇ ਉਸ ਦੀ 'ਹਾਜ਼ਰੀ' ਲਾਉਂਦਾ ਰਿਹਾ। 15 ਅਪਰੈਲ ਨੂੰ ਕੈਪਟਨ ਨੇ ਮਹਿਸੂਸ ਕੀਤਾ ਕਿ ਉਸ ਦੀ ਆਵਾਜ਼ ਵਿਚ ਫ਼ਰਕ ਹੈ। ਜਦ ਕੈਪਟਨ ਨੇ 'ਰਾਣੀ' (ਉਸ ਦੇ ਕਪੜੇ ਪਾ ਕੇ ਬੈਠੀ ਸੇਵਾਦਾਰਨੀ) ਤੋਂ ਆਵਾਜ਼ ਵਿਚ ਫ਼ਰਕ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੈਨੂੰ ਜ਼ੁਕਾਮ ਹੋਇਆ ਹੈ। ਕੈਪਟਨ ਨੇ ਇਸ ਨੂੰ ਸੱਚ ਸਮਝ ਲਿਆ ਤੇ ਮੁੜ ਗਿਆ। ਦਰਅਸਲ ਰਾਣੀ ਜਿੰਦਾਂ ਤਾਂ 6 ਅਪਰੈਲ ਨੂੰ ਹੀ ਕਿਲ੍ਹੇ ਵਿੱਚੋਂ ਨਿਕਲ ਚੁਕੀ ਸੀ। ਅਖ਼ੀਰ 19 ਅਪਰੈਲ ਨੂੰ ਰਾਣੀ ਦੇ ਨਿਕਲ ਚੁਕੇ ਹੋਣ ਦਾ ਰਾਜ਼ ਖੁਲ੍ਹਿਆ।

1986: ਹਿੰਦੂ ਦਹਿਸਤਗਰਦਾਂ ਦਾ ਗੜ੍ਹਸ਼ੰਕਰ ਥਾਣੇ ਉੱਤੇ ਹਮਲਾ

6 ਅਪਰੈਲ 1986 ਦੇ ਦਿਨ ਹਿੰਦੂਆਂ ਨੇ ਗੜ੍ਹਸ਼ੰਕਰ ਥਾਣੇ ਉੱਤੇ ਹਮਲਾ ਕੀਤਾ। ਉਨ੍ਹਾਂ ਨੇ ਥਾਣੇ ਉੱਤੇ ਬੰਬ ਵੀ ਸੁਟੇ, ਜਿਸ ਨਾਲ ਸਿਪਾਹੀ ਸੰਤੋਖ ਸਿੰਘ, ਹੈੱਡਕਾਂਸਟੇਬਲ ਗੁਰਮੇਲ ਸਿੰਘ ਤੇ ਡੀ.ਐਸ.ਪੀ. ਗੁਰਦਿਆਲ ਸਿੰਘ ਜ਼ਖ਼ਮੀ ਹੋ ਗਏ। ਪੁਲੀਸ ਨੇ ਹਿੰਦੂਆਂ ਉੱਤੇ ਕੋਈ ਲਾਠੀਚਾਰਜ, ਟੀਅਰ ਗੈਸ ਜਾਂ ਫ਼ਾਇਰਿੰਗ ਨਹੀਂ ਕੀਤੀ ਤੇ ਨਾ ਹੀ ਕਿਸੇ ਹਿੰਦੂ ਨੂੰ ਗ੍ਰਿਫ਼ਤਾਰ ਹੀ ਕੀਤਾ।

1986: ਬਟਾਲੇ ਦੇ ਪਿੰਡਾਂ ਵਿਚੋਂ 26 ਸਿੱਖ ਗ੍ਰਿਫ਼ਤਾਰ

6 ਅਪ੍ਰੈਲ 1986 ਦੇ ਦਿਨ ਬਟਾਲੇ ਦੇ ਪਿੰਡਾਂ ਵਿਚੋਂ ਸਕਰੀਨਿੰਗ ਦੇ ਨਾਂ 'ਤੇ 26 ਬੇਗੁਨਾਹ ਸਿੱਖ ਗ੍ਰਿਫ਼ਤਾਰ ਕੀਤੇ ਗਏ।

1990: ਚਰਨਜੀਤ ਸਿੰਘ ਤੇ ਕੁਲਵੰਤ ਸਿੰਘ ਫ਼ੌਜੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

6 ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਚਰਨਜੀਤ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਭਾਈ ਕੁਲਵੰਤ ਸਿੰਘ ਫ਼ੌਜੀ (ਵਾਸੀ ਕੋਟ ਸੰਤੋਖ ਰਾਏ, ਗੁਰਦਾਸਪੁਰ) ਨੂੰ ਵੀ ਸ਼ਹੀਦ ਕਰ ਦਿੱਤਾ। ਪਹਿਲਾਂ ਉਸ ਦਾ ਭਰਾ ਅਮਰੀਕ ਸਿੰਘ 27 ਅਕਤੂਬਰ 1987 ਨੂੰ ਸ਼ਹੀਦ ਕੀਤਾ ਜਾ ਚੁਕਾ ਸੀ।

1991: ਸੁਖਦੇਵ ਸਿੰਘ ਸੁੱਖਾ ਗੰਡੀਵਿੰਡ ਸਰਾਂ, ਵਰਿਆਮ ਸਿੰਘ ਅਹਿਮਦਪੁਰ, ਬਲਵਿੰਦਰ ਸਿੰਘ ਮਾੜੀ ਕੰਬੋਕੇ, ਸੁਰਜੀਤ ਸਿੰਘ ਕਾਲਾ ਲਖਣਾ ਕਰੀਆਂ, ਸਰਬਜੀਤ ਸਿੰਘ ਬੋਹ, ਬਲਵੀਰ ਸਿੰਘ ਮਦਰੋੜ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

6 ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਸੁੱਖਾ (ਵਾਸੀ ਗੰਡੀਵਿੰਡ ਸਰਾਂ, ਅੰਮ੍ਰਿਤਸਰ), ਵਰਿਆਮ ਸਿੰਘ (ਵਾਸੀ ਅਹਿਮਦਪੁਰ, ਅੰਮ੍ਰਿਤਸਰ), ਬਲਵਿੰਦਰ ਸਿੰਘ (ਵਾਸੀ ਮਾੜੀ ਕੰਬੋਕੇ, ਅੰਮ੍ਰਿਤਸਰ), ਸੁਰਜੀਤ ਸਿੰਘ ਕਾਲਾ (ਵਾਸੀ ਲਖਣਾ ਕਰੀਆਂ, ਫ਼ਿਰੋਜ਼ਪੁਰ), ਸਰਬਜੀਤ ਸਿੰਘ ਡਰਾਈਵਰ (ਵਾਸੀ ਬੋਹ) ਅਤੇ ਬਲਵੀਰ ਸਿੰਘ ਬੱਬਰ ਉਰਫ਼ ਫ਼ੌਜੀ (ਵਾਸੀ ਮਦਰੋੜ, ਰੋਪੜ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਦਿੱਲੀ ਵਿਚ ਪੁਲੀਸ ਨੇ ਹਰਭਜਨ ਸਿੰਘ ਤੇ ਰਾਜਵਿੰਦਰ ਸਿੰਘ ਸ਼ਹੀਦ ਕੀਤੇ

ਛੇ ਅਪ੍ਰੈਲ 1992 ਦੇ ਦਿਨ ਦਿੱਲੀ ਵਿਚ ਹਰਭਜਨ ਸਿੰਘ ਤੇ ਰਾਜਵਿੰਦਰ ਸਿੰਘ (ਸ਼ਹੀਦ ਸੁਰਜੀਤ ਸਿੰਘ ਪੈਂਟਾ ਦਾ ਭਰਾ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਦਿੱਤੇ ਗਏ।

1993: ਬਿਕਰਮਜੀਤ ਸਿੰਘ ਤੇ 2 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਛੇ ਅਪ੍ਰੈਲ 1993 ਦੇ ਦਿਨ ਬਿਕਰਮਜੀਤ ਸਿੰਘ ਫ਼ੌਜੀ, ਨਿਰਵੈਰ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਭਾਊਵਾਲ, ਜ਼ਿਲਾ ਰੋਪੜ) ਤੇ ਦੋ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2012: ਬਾਦਲ ਨੇ ਸਿੱਖ ਨੌਜਵਾਨਾਂ ਦੇ ਕਾਤਲ ਇਜ਼ਹਾਰ ਆਲਮ ਦੀ ਬੀਵੀ ਨੂੰ ਪਾਰਲੀਮੈਂਟਰੀ ਸੈਕਟਰੀ ਬਣਾਇਆ

ਅਕਾਲੀ ਅਖਵਾਉਣ ਵਾਲੇ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਨੌਜਵਾਨਾਂ ਦੇ ਕਾਤਲ ਇਜ਼ਹਾਰ ਆਲਮ ਦੀ ਬੀਵੀ ਨਿਸਾਰਾ ਖਾਤੂਨ ਨੂੰ ਪਹਿਲਾਂ ਤਾਂ ਐਮ.ਐਲ.ਏ. ਬਣਾਇਆ ਸੀ ਪਰ ਅਪ੍ਰੈਲ 2012 ਵਿਚ ਉਸ ਨੂੰ ਪਾਰਲੀਮੈਂਟਰੀ ਸੈਕਟਰੀ ਵੀ ਬਣਾ ਦਿੱਤਾ।

7 ਅਪ੍ਰੈਲ

1925: ਜੈਤੋ ਮੋਰਚੇ ਸਬੰਧੀ ਤੀਜਾ ਜਥਾ ਜਥੇਦਾਰ ਸੰਤਾ ਸਿੰਘ ਦੀ ਅਗਵਾਈ ਵਿਚ ਜੈਤੋ ਪੁੱਜਾ

ਜੈਤੋ ਮੋਰਚੇ ਵਾਸਤੇ ਤੀਜਾ ਜਥਾ 22 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ ਸੀ। ਇਹ ਜਥਾ 7 ਅਪ੍ਰੈਲ 1924 ਨੂੰ ਜੈਤੋ ਪੁੱਜਾ, ਜਿੱਥੇ ਫ਼ੌਜ ਅਤੇ ਪੁਲਿਸ ਵੱਲੋਂ ਇਸ ਦੇ ਸੁਆਗਤ ਦੀ ਪਹਿਲਾਂ ਵਾਂਗ ਹੀ ਤਿਆਰੀ ਕੀਤੀ ਗਈ ਹੋਈ ਸੀ। ਇਸ ਸਮੇਂ ਤਾਰਾ ਸਿੰਘ ਮੋਗਾ ਐਮ.ਐਲ.ਸੀ., ਮੀਆਂ ਫ਼ਜ਼ਲ ਹੱਕ, ਕਰਤਾਰ ਸਿੰਘ ਮੈਂਬਰ ਅਸੈਂਬਲੀ ਵੀ ਪਹੁੰਚੇ ਹੋਏ ਸਨ; ਉਨ੍ਹਾਂ ਪੁਲਸ ਨੂੰ ਕਿਹਾ ਕਿ ਜੱਥਾ ਨਿਹੱਥਾ ਹੈ ਇਸ 'ਤੇ ਇਸ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ ਗਿਆ। ਏਥੇ ਜਥੇ ਨੂੰ ਰੋਕ ਕੇ, ਛੋਟੀਆਂ-ਛੋਟੀਆਂ ਟੋਲੀਆਂ ਵਿਚ ਇਨ੍ਹਾਂ ਨੂੰ ਹੱਥਕੜੀਆਂ ਅਤੇ ਰੱਸਿਆਂ ਨਾਲ ਜਕੜ ਕੇ, ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਪਹੁੰਚਾਇਆ ਗਿਆ।

1948: ਅਕਾਲੀ ਦਲ ਨੇ ਆਪਣੀ ਅੱਡਰੀ ਹੋਂਦ ਕਾਇਮ ਰਖਣ ਦਾ ਮਤਾ ਪਾਸ ਕੀਤਾ

ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਪਰ ਮਗਰੋਂ 7 ਅਪ੍ਰੈਲ ਨੂੰ ਇਹ ਮਤਾ ਵੀ ਪਾਸ ਕੀਤਾ ਕਿ ਅਕਾਲੀ ਦਲ ਬਤੌਰ ਜਥੇਬੰਦੀ ਆਪਣੀ ਅੱਡਰੀ ਹੋਂਦ ਕਾਇਮ ਰੱਖੇਗਾ।

1983: ਫ਼ੀਰੋਜ਼ਪੁਰ ਵਿਚ ਭਾਰਤੀ ਫ਼ੌਜ ਦੇ ਅਫ਼ਸਰ ਐਸ.ਪੀ. ਚੱਡਾ ਨੇ ਦੋ ਸਿੱਖ ਫ਼ੌਜੀ ਸੀਤਲ ਸਿੰਘ ਤੇ ਬੀਰ ਸਿੰਘ ਬੇਵਜਹ ਬੁਰੀ ਤਰ੍ਹਾਂ ਕੁਟੇ; ਸੀਤਲ ਸਿੰਘ ਦੀ ਮੌਤ ਹੋ ਗਈ

7 ਅਪ੍ਰੈਲ ਨੂੰ ਫ਼ੀਰੋਜ਼ਪੁਰ ਦੇ ਫ਼ੌਜੀ ਅਸਲਾਖਾਨੇ ਵਿਚੋਂ 14 ਸਟੇਨਗੰਨਾਂ, 28 ਰਾਈਫ਼ਲਾਂ ਤੇ 360 ਕਾਰਤੂਸ ਚੋਰੀ ਹੋ ਗਏ। ਇਸੇ ਤਰ੍ਹਾਂ ਗੰਗਾਨਗਰ ਵਿਚੋਂ ਵੀ ਅਸਲਾ ਚੋਰੀ ਹੋਇਆ। ਆਮ ਵਾਂਗ ਇਕ ਅੱਧ ਹੋਰ ਬਟਾਲੀਅਨ ਵਿਚੋਂ ਵੀ ਰਾਈਫ਼ਲਾਂ ਦੀ ਚੋਰੀ ਹੁੰਦੀ ਰਹੀ। ਅਜਿਹੀ ਹੀ ਇਕ ਸਟੇਨਗੰਨ ਦੀ ਚੋਰੀ 'ਸੈਕੰਡ ਬਟਾਲੀਅਨ, ਸਿੱਖ ਲਾਈਟ

ਇਨਫੈਂਟਰੀ' ਵਿਚ ਵੀ ਹੋਈ। ਏਥੇ ਕਮਾਂਡਿੰਗ ਅਫ਼ਸਰ ਇਕ ਫ਼ਿਰਕਾਪ੍ਰਸਤ ਹਿੰਦੂ ਐਸ. ਪੀ. ਚੱਢਾ ਸੀ ਜੋ ਸਿੱਖਾਂ ਨੂੰ ਬੜੀ ਨਫ਼ਰਤ ਕਰਦਾ ਸੀ। ਉਸ ਨੇ ਇਸ ਚੋਰੀ ਦੇ ਸਿਲਸਿਲੇ ਵਿਚ ਦੋ ਸਿੱਖ ਫ਼ੌਜੀਆਂ ਸੀਤਲ ਸਿੰਘ ਅਤੇ ਬੀਰ ਸਿੰਘ ਨੂੰ ਬੇਪਨਾਹ ਜ਼ੁਲਮ ਦਾ ਸ਼ਿਕਾਰ ਬਣਾਇਆ। ਸੀਤਲ ਸਿੰਘ ਦੀ ਗੁਦਾ ਵਿਚ ਅੱਧਾ ਕਿੱਲੋ ਲਾਲ ਮਿਰਚ ਪਾਈ ਗਈ। ਉਸ ਦੀਆਂ ਅੱਖਾਂ ਵਿਚ ਵੀ ਲਾਲ ਮਿਰਚਾਂ ਪਾਈਆਂ ਗਈਆਂ। ਅਖ਼ੀਰ ਉਹ ਜ਼ੁਲਮ ਬਰਦਾਸ਼ਤ ਨਾ ਕਰ ਸਕਿਆ ਤੇ ਮਰ ਗਿਆ। ਦੂਜਾ ਫ਼ੌਜੀ ਵੀਰ ਸਿੰਘ ਬਹੁਤ ਚਿਰ ਹਸਪਤਾਲ ਵਿਚ ਦਾਖ਼ਲ ਰਿਹਾ (ਮਗਰੋਂ ਅਸਲ ਚੋਰ ਦਾ ਪਤਾ ਲਗ ਗਿਆ ਜੋ ਇਕ ਹਿੰਦੂ ਸੀ, ਸਿੱਖ ਨਹੀਂ ਸੀ)।

ਇਸੇ ਤਰ੍ਹਾਂ ਮੇਰਠ ਵਿਚ ਇਕ ਸਿਪਾਹੀ ਪਿਆਰਾ ਸਿੰਘ ਨੂੰ ਵੀ ਅਸਲੇ ਦੀ ਚੋਰੀ ਦੇ ਨਾਂ ਹੇਠ ਹਿੰਦੂ ਅਫ਼ਸਰ ਨੇ ਤਸੀਹੇ ਦੇ-ਦੇ ਕੇ ਮਾਰ ਦਿੱਤਾ। ਮਗਰੋਂ ਚੋਰੀ ਹੋਇਆ ਅਸਲਾ ਇਕ ਹਿੰਦੂ ਪੁਲਸੀਏ ਦੇ ਘਰੋਂ ਬਰਾਮਦ ਹੋ ਗਿਆ। ਸੀਤਲ ਸਿੰਘ, ਬੀਰ ਸਿੰਘ ਤੇ ਪਿਆਰਾ ਸਿੰਘ ਕੋਈ ਇਕੱਲੇ-ਦੁਕੱਲੇ ਕੇਸ ਨਹੀਂ ਸਨ। ਸਿੱਖਾਂ ਨੂੰ ਤਾਂ ਅਜਿਹੇ ਜ਼ੁਲਮਾਂ ਦਾ ਵਾਰ-ਵਾਰ ਸ਼ਿਕਾਰ ਹੋਣਾ ਪਿਆ ਸੀ। ਹਿੰਦੂ ਹਾਕਮਾਂ ਅਤੇ ਅਫ਼ਸਰਾਂ ਨੂੰ ਜਿੱਥੇ ਵੀ ਮੌਕਾ ਮਿਲਿਆ ਉਨ੍ਹਾਂ ਨੇ ਸਿੱਖਾਂ ਉੱਤੇ ਜ਼ੁਲਮ ਕੀਤਾ ਜਾਂ ਕਰਵਾਇਆ।

1986 ਪੁਲੀਸ ਚੀਫ਼ ਰਬੈਰੋ ਨੇ ਕਿਹਾ ਕਿ ਲੋੜ ਪੈਣ 'ਤੇ ਪੁਲੀਸ ਦਰਬਾਰ ਸਾਹਿਬ ਵਿਚ ਦਾਖ਼ਲ ਹੋਵੇਗੀ

ਸੁਰਜੀਤ ਬਰਨਾਲਾ ਰਾਜੀਵ ਗਾਂਧੀ ਦੇ ਰਹਿਮੋ ਕਰਮ ਨਾਲ ਹੀ ਪੰਜਾਬ ਦਾ ਚੀਫ਼ ਮਨਿਸਟਰ ਬਣਿਆ ਸੀ। ਰਾਜੀਵ ਦੇ ਹੁਕਮ ਹੇਠ 28 ਮਾਰਚ 1986 ਨੂੰ ਉਸ ਨੇ ਇਕ 'ਬੁੱਚੜ' ਵਜੋਂ ਜਾਣੇ ਜਾਂਦੇ ਪੁਲੀਸ ਅਫ਼ਸਰ ਜੂਲੀਓ ਰਬੈਰੋ ਨੂੰ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ ਸੀ। ਰਬੈਰੋ ਨੇ, ਸਿੱਖਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ, ਪਹਿਲੇ ਦਿਨ ਹੀ 15 ਨੌਜਵਾਨ ਘਰਾਂ ਵਿਚੋਂ ਫੜ ਕੇ ਮਾਰ ਦਿੱਤੇ। ਹੁਣ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ। 7 ਅਪਰੈਲ 1986 ਦੇ ਦਿਨ ਇਸ ਜੂਲੀਅਸ ਰਬੈਰੋ ਨੇ ਐਲਾਨ ਕੀਤਾ ਕਿ 'ਲੋੜ ਪੈਣ ਤੇ ਪੁਲੀਸ ਦਰਬਾਰ ਸਾਹਿਬ 'ਚ ਦਾਖ਼ਿਲ ਹੋਵੇਗੀ।' ਇਸ ਦਾ ਮਤਲਬ ਸਾਫ਼ ਸੀ ਕਿ ਸੁਰਜੀਤ ਬਰਨਾਲਾ ਦਰਬਾਰ ਸਾਹਿਬ 'ਤੇ ਹਮਲੇ ਦੀਆਂ ਤਿਆਰੀਆਂ ਕਰ ਰਿਹਾ ਹੈ।

1986: ਮੁਕਤਸਰ 'ਚ ਹਿੰਦੂਆਂ ਨੇ ਸਿਖਾਂ ਉੱਤੇ ਹਮਲੇ ਕੀਤੇ

ਰਬੈਰੋ ਦੇ ਖਾੜਕੂਆਂ ਅਤੇ ਆਮ ਸਿੱਖਾਂ ਦੇ ਖ਼ਿਲਾਫ਼ ਬਿਆਨਾਂ ਨਾਲ ਹਿੰਦੂਆਂ ਨੂੰ ਵਧੇਰੇ ਹੱਲਾਸ਼ੇਰੀ ਮਿਲੀ। 7 ਅਪਰੈਲ 1986 ਦੇ ਦਿਨ ਮੁਕਤਸਰ 'ਚ ਹਿੰਦੂਆਂ ਨੇ ਸਿਖਾਂ ਉੱਤੇ ਹਮਲੇ ਕੀਤੇ। ਅਤੇ ਦੁਕਾਨਾਂ ਤੋਂ ਲੁੱਟਮਾਰ ਵੀ ਕੀਤੀ, ਪਰ ਪੁਲੀਸ ਨੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ।

1991: ਜਸਕਰਨ ਸਿੰਘ ਭੁਜੰਗੀ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਜਸਕਰਨ ਸਿੰਘ ਭੁਜੰਗੀ ਉਰਫ਼ ਜੁਝਾਰ ਸਿੰਘ ਯੋਧਾ (ਵਾਸੀ ਹਰਰਾਜ, ਫ਼ਿਰੋਜ਼ਪੁਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਰਨੈਲ ਸਿੰਘ ਬੂਹ, ਤਿਰਲੋਚਨ ਸਿੰਘ ਮਾਰਕਫ਼ੈਡ, ਸਲਵਿੰਦਰ ਸਿੰਘ ਬਿੱਟੂ, ਪ੍ਰਿਥੀਪਾਲ ਸਿੰਘ ਤੇ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸਤ ਅਪ੍ਰੈਲ 1992 ਦੇ ਦਿਨ ਪੰਜਾਬ ਪੁਲਸ ਨੇ ਜਰਨੈਲ ਸਿੰਘ ਬੂਹ, ਤਿਰਲੋਚਨ ਸਿੰਘ (ਉਰਫ਼ ਮਾਰਕਫੈੱਡ), ਸਲਵਿੰਦਰ ਸਿੰਘ ਉਰਫ਼ ਬਿੱਟੂ ਤੇ ਪ੍ਰਿਥੀਪਾਲ ਸਿੰਘ (ਕੁਰਾਲੀ, ਨੇੜੇ ਰਾਮਦਾਸ, ਅੰਮ੍ਰਿਤਸਰ) ਤੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993 ਫ਼ੌਜਾ ਸਿੰਘ ਬਾਬਾ ਤੇ 5 ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੱਤ ਅਪ੍ਰੈਲ 1993 ਦੇ ਦਿਨ ਫ਼ੌਜਾ ਸਿੰਘ ਉਰਫ਼ ਬਾਬਾ ਤੇ 5 ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

2009: ਦਿੱਲੀ ਵਿਚ ਜਰਨੈਲ ਸਿੰਘ ਪੱਤਰਕਾਰ ਨੇ ਵਜ਼ੀਰ ਚਿਦੰਬਰਮ ਨੂੰ ਜੁੱਤੀ ਮਾਰੀ

7 ਅਪ੍ਰੈਲ 2009 ਦੇ ਦਿਨ ਦਿੱਲੀ ਵਿਚ ਜਰਨੈਲ ਸਿੰਘ ਪੱਤਰਕਾਰ ਨੇ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਵਜ਼ੀਰ ਚਿਦੰਬਰਮ ਨੂੰ ਜੁੱਤੀ ਮਾਰ ਕੇ ਉਸ ਵੱਲੋਂ ਖ਼ੂਨੀ ਚੌਰਾਸੀ ਦੇ ਸਿੱਖ ਕਤਲੇਆਮ ਦੇ ਸਭ ਤੋਂ ਵੱਡੇ ਮੁਜਰਿਮ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਸਬੰਧੀ ਦੇ ਖ਼ਿਲਾਫ਼ ਰੋਸ ਜ਼ਾਹਿਰ ਕੀਤਾ। ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਉਸੇ ਸ਼ਾਮ ਨੂੰ ਰਿਹਾ ਕਰ ਦਿੱਤਾ ਗਿਆ।

2014: ਬ੍ਰਿਟੇਨ ਨੇ ਉਸਾਰੀ ਵਾਲੀਆਂ ਜਗਹ 'ਤੇ ਸਿੱਖਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਦਿੱਤੀ

7 ਅਪ੍ਰੈਲ 2014 ਦੇ ਦਿਨ, ਬ੍ਰਿਟੇਨ ਪ੍ਰਾਈਮ ਮਨਿਸਟਰ ਡੇਵਿਡ ਕੈਮਰਨ ਦੇ ਘਰ, 10 ਡਾਊਨਿੰਗ ਸਟਰੀਟ ਵਿਚ ਵਿਸਾਖੀ ਸਮਾਗਮ ਸਮੇਂ ਕੈਮਰਨ ਨੇ ਉਸਾਰੀ ਵਾਲੀਆਂ ਜਗਹ 'ਤੇ ਸਿੱਖਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਦਾ ਐਲਾਨ ਕੀਤਾ। ਉਸ ਨੇ ਕਿਹਾ ਕਿ ਅੱਡਿਆਂ 'ਤੇ ਪੱਗ ਲਾਹੁਣ ਤੋਂ ਅੱਗੇ ਛੋਟ ਦਿੱਤੀ ਹੋਈ ਹੈ। ਕੈਮਰਨ ਨੇ ਅਜਿਹਾ ਜੂਨ 1984 ਵਿਚ ਥੈਚਰ ਵੱਲੋਂ ਇੰਦਰਾ ਦੀ ਮਦਦ ਕਰਨ ਵਾਸਤੇ ਕੀਤੀ ਮਦਦ ਦੇ ਵਿਰੋਧ ਨੂੰ ਘਟ ਕਰਨ ਵਾਸਤੇ ਕੀਤਾ ਸੀ।

8 ਅਪਰੈਲ

1929: ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਦਿੱਲੀ ਵਿਚ ਸੈਂਟਰਲ ਲੈਜਿਸਲੇਟਿਵ ਅਸੈਂਬਲੀ (ਪਾਰਲੀਮੈਂਟ) ਵਿਚ ਬੰਬ ਸੁੱਟਿਆ

8 ਅਪ੍ਰੈਲ 1929 ਦੇ ਦਿਨ ਭਗਤ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਖਟਕੜ, ਜ਼ਿਲ੍ਹਾ ਲਾਇਲਪੁਰ) ਤੇ ਬਟੁਕੇਸ਼ਵਰ (ਬੀ.ਕੇ.) ਦੱਤ (ਪੁੱਤਰ ਗੋਸ਼ਟਾ ਬਿਹਾਰੀ ਦੱਤ, ਵਾਸੀ ਬੁਰਦਵਾਨ, ਬੰਗਾਲ, ਜੋ ਮਗਰੋਂ ਕਾਨਪੁਰ ਆ ਗਏ ਸਨ ਤੇ ਜੋ ਚੰਦਰ ਸ਼ੇਖਰ ਆਜ਼ਾਦ ਦਾ ਸਾਥੀ ਸੀ) ਨੇ ਪਾਰਲੀਮੈਂਟ ਵਿਚ ਕਾਰਵਾਈ ਦੇ ਦੌਰਾਨ ਇਕ ਬੰਬ ਚਲਾਇਆ; ਇਹ ਬੰਬ ਮਾਰੂ ਬੰਬ ਨਹੀਂ ਸੀ ਬਲਕਿ ਧਮਾਕਾ ਕਰਨ ਵਾਲਾ ਸੀ ਤੇ ਇਸ ਦਾ ਮਕਸਦ ਦੁਨੀਆਂ ਦਾ ਧਿਆਨ ਆਪਣੇ ਵਲ ਖਿਚਣਾ ਸੀ। ਬੰਬ ਚਲਾਉਣ ਮਗਰੋਂ ਵੀ ਭਗਤ ਸਿੰਘ ਤੇ ਦੱਤ ਭੱਜੇ ਨਹੀਂ ਬਲਕਿ ਆਪਣੇ ਆਪ ਨੂੰ ਗ੍ਰਿਫ਼ਤਾਰ ਕਰਵਾਇਆ ਤੇ ਕਿਹਾ ਕਿ ਸਾਡਾ ਨਿਸ਼ਾਨਾ ਦੁਨੀਆਂ ਦਾ ਧਿਆਨ ਆਪਣੇ ਮਕਸਦ ਵੱਲ ਖਿਚਣਾ ਸੀ।

ਇਸ ਕੇਸ ਵਿਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਦੋਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ (ਭਗਤ ਸਿੰਘ ਨੂੰ ਫ਼ਾਂਸੀ ਪੁਲਸ ਅਫ਼ਸਰ ਸਕਾਟ ਦੀ ਜਗਹ ਗਲਤੀ ਨਾਲ ਸਾਂਡਰਸ ਨੂੰ ਮਾਰਨ ਕਰ ਕੇ ਹੋਈ ਸੀ)। ਸਜ਼ਾ ਸੁਣਾਉਣ ਮਗਰੋਂ ਬਟੁਕੇਸ਼ਵਰ ਦੱਤ ਨੂੰ ਅੰਡੇਮਾਨ ਦੀ

ਸੈਲੂਲਰ ਜੇਲ੍ਹ ਵਿਚ ਕੈਦ ਕਰ ਦਿਤਾ ਗਿਆ ਜਿਥੋਂ ਉਹ 1939 ਵਿਚ ਰਿਹਾ ਹੋਇਆ। ਇਸ ਵਕਤ ਭਾਵੇਂ ਉਸ ਦੀ ਸਿਹਤ ਬਹੁਤ ਮਾੜੀ ਸੀ ਤੇ ਉਸ ਨੂੰ ਤਪਦਿਕ ਹੋ ਚੁਕੀ ਸੀ ਪਰ ਉਸ ਨੇ 'ਭਾਰਤ ਛੱਡੋ' ਮੋਰਚੇ ਵਿਚ ਹਿੱਸਾ ਲਿਆ। ਇਸ ਕੇਸ ਵਿਚ ਵੀ ਉਸ ਨੂੰ 4 ਸਾਲ ਕੈਦ ਦੀ ਸਜ਼ਾ ਹੋਈ। ਰਿਹਾਈ ਮਗਰੋਂ ਉਸ ਨੇ 1947 ਵਿਚ ਅੰਜਲੀ ਨਾਂ ਦੀ ਇਕ ਔਰਤ ਨਾਲ ਵਿਆਹ ਕੀਤਾ ਤੇ ਉਨ੍ਹਾਂ ਦੇ ਘਰ ਭਾਰਤੀ ਨਾਂ ਦੀ ਬੱਚੀ ਨੇ ਜਨਮ ਲਿਆ। 1947 ਤੋਂ ਮਗਰੋਂ ਵੀ ਕਿਸੇ ਜਥੇਬੰਦੀ ਜਾਂ ਭਾਰਤ ਸਰਕਾਰ ਨੇ ਉਸ ਦੀ ਸਾਰ ਨਾ ਲਈ ਤੇ ਉਹ ਬਹੁਤ ਗ਼ਰੀਬੀ ਦੀ ਹਾਲਤ ਵਿਚ 20 ਜੁਲਾਈ 1965 ਦੇ ਦਿਨ ਚੜ੍ਹਾਈ ਕਰ ਗਿਆ। ਭਾਵੇਂ ਭਗਤ ਸਿੰਘ ਨੂੰ ਆਰੀਆ ਸਮਾਜ, ਜਨਸੰਘ ਤੇ ਕਮਿਊਨਿਸਟਾਂ ਨੇ ਬਹੁਤ ਚੁੱਕਿਆ ਪਰ ਬਟੁਕੇਸ਼ਵਰ ਦੱਤ ਬੇਹਦ ਗ਼ਰੀਬੀ ਨਾਲ ਜੂਝਦਾ ਰਿਹਾ।

ਸੰਧਰ ਤੇ ਕੂਨਰ ਦੀ ਕਿਤਾਬ *'ਮਾਰਟੀਅਰਡਮ ਆਫ਼ ਭਗਤ ਸਿੰਘ: ਸਮ ਹਿਡਨ ਫ਼ੈਕਟਸ'* ਮੁਤਾਬਿਕ 'ਜੇ ਭਗਤ ਸਿੰਘ 8 ਅਪਰੈਲ ਦੇ ਦਿਨ ਅਸੈਂਬਲੀ ਵਿਚ ਬੰਬ ਸੁੱਟਣ ਸਮੇਂ ਆਪਣਾ ਪਿਸਤੌਲ ਨੰਬਰ 168096 ਆਪਣੇ ਨਾਲ ਨਾ ਲੈ ਗਿਆ ਹੁੰਦਾ ਤਾਂ ਸਾਂਡਰਸ ਦੇ ਕਤਲ ਦੀ ਗੁੱਥੀ ਨਹੀਂ ਸੀ ਸੁਲਝਣੀ ਤੇ ਭਗਤ ਸਿੰਘ ਨੂੰ ਬੰਬ ਚਲਾਉਣ ਬਦਲੇ ਉਮਰ ਕੈਦ ਤਾਂ ਭਾਵੇਂ ਹੋ ਜਾਂਦੀ ਪਰ ਉਸ ਨੂੰ ਫ਼ਾਂਸੀ ਨਹੀਂ ਸੀ ਮਿਲਣੀ।'

1938: ਬਬਰ ਕਰਮ ਸਿੰਘ ਝਿੰਗੜ ਦੀ ਰਿਹਾਈ ਤੋਂ ਕੁਝ ਘੰਟੇ ਪਹਿਲਾਂ ਜੇਲ੍ਹ ਵਿਚ ਮੌਤ

ਬਬਰ ਅਕਾਲੀ ਲਹਿਰ ਵਿਚ ਕਰਮ ਸਿੰਘ ਝਿੰਗੜ ਨੂੰ ਵੀਹ ਸਾਲ ਦੀ ਕੈਦ ਹੋਈ ਸੀ; ਉਸ ਨੂੰ 14 ਸਾਲ ਕੈਦ ਭੁਗਤਣ ਮਗਰੋਂ 8 ਅਪ੍ਰੈਲ 1938 ਦੇ ਦਿਨ ਰਿਹਾਈ ਮਿਲਣੀ ਸੀ; ਪਰ ਰਿਹਾਈ ਤੋਂ ਕੁਝ ਘੰਟੇ ਪਹਿਲਾਂ ਹੀ ਉਸ ਨੂੰ ਹਾਰਟ ਅਟੈਕ ਹੋਇਆ ਅਤੇ ਉਹ ਚੜ੍ਹਾਈ ਕਰ ਗਿਆ।

1982: ਕਪੂਰੀ ਵਿਚ ਇੰਦਰਾ ਨੇ ਸਤਲੁਜ-ਜਮਨਾ ਲਿੰਕ ਨਹਿਰ ਦਾ ਨੀਂਹ ਪੱਥਰ ਰੱਖਿਆ। ਅਕਾਲੀ ਦਲ ਨੇ ਇਸ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕੀਤਾ

ਦਸੰਬਰ 1981 ਵਿਚ ਇੰਦਰਾ ਨੇ ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਦੇ ਅਖੌਤੀ 'ਝਗੜੇ' ਬਾਰੇ (ਜਿਵੇਂ ਕਿ ਪਹਿਲਾਂ ਹੀ ਉਮੀਦ ਸੀ) ਆਪਣਾ ਐਂਟੀ-ਪੰਜਾਬ 'ਸਾਲਸੀ ਫ਼ੈਸਲਾ' ਦੇ ਦਿੱਤਾ। ਪੰਜਾਬ ਦੇ ਚੀਫ਼ ਮਨਿਸਟਰ ਦਰਬਾਰਾ ਸਿੰਘ ਨੇ ਇੰਦਰਾ ਦੇ ਦਬਕੇ ਤੋਂ ਡਰ ਕੇ ਚੁਪਚਾਪ ਇਸ 'ਤੇ ਦਸਤਖ਼ਤ ਕਰ ਦਿਤੇ। ਉਸ ਵੇਲੇ ਅਕਾਲੀ ਤਾਂ ਪੰਜਾਬ ਦੇ ਹੱਕਾਂ ਵਾਸਤੇ ਜੱਦੋਜਹਿਦ ਕਰ ਰਹੇ ਸਨ ਅਤੇ ਇੰਦਰਾ ਦਾ ਐਵਾਰਡ ਪੰਜਾਬ ਨਾਲ ਸਗੋਂ ਹੋਰ ਵੀ ਜ਼ਿਆਦਤੀ ਸੀ। ਇੰਦਰਾ ਹਰਿਆਣੇ ਦੀਆਂ ਚੋਣਾਂ ਨੂੰ ਮੱਦੇ-ਨਜ਼ਰ ਰਖਦਿਆਂ ਪੰਜਾਬ ਅਤੇ ਸਿੱਖਾਂ ਨਾਲ ਸ਼ਰੇ-ਆਮ ਧੱਕਾ ਕਰ ਰਹੀ ਸੀ। ਇਸ ਦੇ ਬਾਵਜੂਦ ਅਕਾਲੀਆਂ ਦੀ ਇੰਦਰਾ ਨਾਲ 5 ਅਪ੍ਰੈਲ 1982 ਨੂੰ ਫੇਰ ਗੱਲਬਾਤ ਹੋਈ, ਪਰ ਪਾਣੀਆਂ ਬਾਰੇ ਉਸ ਦੇ ਐਵਾਰਡ ਤੋਂ ਬਾਅਦ ਇੰਦਰਾ ਦੀ ਨੀਅਤ ਜਗ-ਜ਼ਾਹਿਰ ਹੋ ਚੁੱਕੀ ਸੀ ਇਸ ਕਰ ਕੇ ਇਹ ਗਲਬਾਤ ਫੇਲ੍ਹ ਹੋ ਗਈ। ਹੁਣ ਇੰਦਰਾ ਨੇ ਆਪਣੇ ਧੱਕੇਸ਼ਾਹੀ ਹੁਕਮ ਨੂੰ ਲਾਗੂ ਕਰਨ ਵਾਸਤੇ 8 ਅਪ੍ਰੈਲ 1982 ਦੇ ਦਿਨ ਹਰਿਆਣਾ ਦੇ ਇਕ ਸਰਹੱਦੀ ਪਿੰਡ ਕਪੂਰੀ ਵਿਚ ਸਤਲੁਜ-ਜਮਨਾ ਲਿੰਕ ਨਹਿਰ ਦਾ ਟੱਕ ਵੀ ਲਾਉਣ ਦਾ ਐਲਾਨ ਕਰ ਦਿੱਤਾ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ।

ਮਿਥੇ ਦਿਨ 8 ਅਪਰੈਲ ਨੂੰ ਇੰਦਰਾ ਨੇ ਕਪੂਰੀ ਪਿੰਡ ਵਿਚ ਇਸ ਨਹਿਰ ਦਾ ਨੀਂਹ-ਪੱਥਰ ਰੱਖਿਆ। ਅਕਾਲੀਆਂ ਨੇ ਇਸੇ ਦਿਨ ਨੇੜੇ ਦੇ ਇੱਕ ਪਿੰਡ ਘਨੌਰ ਵਿਚ ਮੁਜ਼ਾਹਰਾ ਕੀਤਾ ਅਤੇ

ਦਮਗਜਾ ਮਾਰਿਆ ਕਿ 'ਅਸੀਂ ਸਰਕਾਰ ਨਾਲ ਗੱਲਬਾਤ ਨਹੀਂ ਕਰਾਂਗੇ ਬਲਕਿ ਹੁਣ ਲੜਾਈ ਖੇਤਾਂ ਵਿਚ ਅਤੇ ਗਲੀਆਂ ਵਿੱਚ ਕੀਤੀ ਜਾਵੇਗੀ।' ਭਾਵੇਂ ਪੁਲੀਸ ਨੇ ਅਕਾਲੀ ਆਗੂਆਂ ਨੂੰ ਕਪੂਰੀ ਨਾ ਪੁੱਜਣ ਦਿੱਤਾ ਪਰ ਡਾਕਟਰ ਰਾਜਿੰਦਰ ਕੌਰ ਐਮ.ਪੀ. ਨੇ ਬੀਬੀ ਜਸਬੀਰ ਕੌਰ ਤੇ ਕੁਝ ਹੋਰ ਬੀਬੀਆਂ ਨਾਲ ਚੁਪਚਾਪ ਕਪੂਰੀ ਪਿੰਡ ਪੁੱਜ ਕੇ ਜ਼ਬਰਦਸਤ ਮੁਜ਼ਾਹਰਾ ਕੀਤਾ।

ਪਾਣੀਆਂ ਦੇ ਮਸਲੇ ਸਬੰਧੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਿਛਲੀ ਹਕੂਮਤ ਵੇਲੇ ਹਰਿਆਣੇ ਨੂੰ ਪਾਣੀ ਦੇਣ ਲਈ ਨਹਿਰ ਕੱਢਣ ਵਾਸਤੇ ਸਮਝੌਤਾ ਕੀਤਾ ਹੋਇਆ ਸੀ। ਉਸ ਨੇ ਨਹਿਰ ਪੁੱਟਣ ਵਾਸਤੇ ਹਰਿਆਣਾ ਸਰਕਾਰ ਤੋਂ ਦੋ ਕਰੋੜ ਰੁਪੈ ਲਏ ਵੀ ਹੋਏ ਸਨ। (ਸਿਆਣੇ ਸਿੱਖਾਂ ਨੇ ਤਾਂ ਪਹਿਲਾਂ ਹੀ ਅਕਾਲੀਆਂ ਨੂੰ ਇਸ ਬੇਵਕੂਫ਼ੀ ਤੋਂ ਰੋਕਿਆ ਸੀ, ਪਰ ਅਕਾਲੀਆਂ ਨੂੰ ਆਪਣੀ ਹਕੂਮਤ ਦੇ ਦਿਨਾਂ ਵਿਚ ਸਿੱਖ ਆਲਮਾਂ ਨਾਲੋਂ ਆਪਣੀ ਅਕਲ ਜ਼ਿਆਦਾ ਨਜ਼ਰ ਆਉਣ ਲੱਗ ਪੈਂਦੀ ਹੈ)। ਪਰ ਜਦੋਂ ਅਕਾਲੀ ਹਾਕਮ ਨਾ ਰਹੇ ਤਾਂ ਉਨ੍ਹਾਂ ਨੇ ਇਸ ਨਹਿਰ ਨੂੰ ਪੰਜਾਬ ਨਾਲ ਜ਼ਿਆਦਤੀ ਆਖ ਕੇ ਇਸ ਦੀ ਮੁਖ਼ਾਲਫ਼ਤ ਸ਼ੁਰੂ ਕਰ ਦਿਤੀ।

1990: ਜੁਗਰਾਜ ਸਿੰਘ ਤੂਫ਼ਾਨ ਸੈਂਕੜੇ ਦੀ ਗਿਣਤੀ ਵਿਚ ਫ਼ੋਰਸਾਂ ਵੱਲੋਂ ਹਮਲੇ ਵਿਚ ਸ਼ਹੀਦ

ਭਾਈ ਜੁਗਰਾਜ ਸਿੰਘ ਤੂਫ਼ਾਨ (ਇਕਲੌਤਾ ਪੁਤਰ ਭਾਈ ਮਹਿੰਦਰ ਸਿੰਘ, ਵਾਸੀ ਚੀਮਾ ਖੁਰਦ), ਜੋ ਅਵਤਾਰ ਸਿੰਘ ਬ੍ਰਹਮਾ (ਮੁਖੀ ਖਾਲਿਸਤਾਨ ਲਿਬਰੇਸ਼ਨ ਫ਼ੋਰਸ) ਦਾ ਸਾਥੀ ਸੀ ਤੇ 14 ਸਾਲ ਦੀ ਉਮਰ ਤੋਂ ਹੀ ਖਾਲਿਸਤਾਨ ਲਹਿਰ ਨਾਲ ਜੁੜ ਗਿਆ ਸੀ। ਜ਼ਾਲਮ ਪੁਲਸ ਅਫ਼ਸਰ ਗੋਬਿੰਦ ਰਾਮ ਨੂੰ ਫ਼ਿਲੌਰ ਕਿਲ੍ਹੇ ਵਿਚ ਸੋਧਣ ਵਿਚ ਵੀ ਉਸ ਨੇ ਅਹਿਮ ਰੋਲ ਅਦਾ ਕੀਤਾ ਸੀ। ਉਹ ਏਨਾ ਭਲਾ ਬੰਦਾ ਸੀ ਕਿ ਸਿੱਖ ਹੀ ਨਹੀਂ ਬਲਕਿ ਹਿੰਦੂ ਤੇ ਮੁਸਲਮਾਨ ਵੀ ਉਸ ਦੀ ਬਹੁਤ ਕਦਰ ਕਰਦੇ ਸਨ। 8 ਅਪ੍ਰੈਲ 1990 ਦੇ ਦਿਨ ਜਦ ਉਹ ਪਿੰਡ ਮਾੜੀ ਬੁੱਚੀਆਂ (ਨੇੜੇ ਹਰਗੋਬਿੰਦਪੁਰ) ਦੇ ਇਕ ਘਰ ਵਿਚ ਮੌਜੂਦ ਸੀ ਤਾਂ ਸੈਂਕੜੇ ਪੁਲਸ ਅਤੇ ਸੀ.ਆਰ.ਪੀ.ਐਫ਼ ਫ਼ੋਰਸਾਂ ਨੇ ਉਸ ਘਰ ਨੂੰ ਘੇਰਾ ਪਾ ਲਿਆ। ਉਸ ਨੂੰ ਪਤਾ ਲਗ ਗਿਆ ਕਿ ਇਹ ਕਾਰਾ ਉਸ ਦੇ ਇਕ ਸਾਥੀ ਦਾ ਹੈ ਜੋ ਕੁਝ ਚਿਰ ਪਹਿਲਾਂ ਹੀ ਦੁਆਈ ਲੈਣ ਦੇ ਬਹਾਨੇ ਸ਼ਹਿਰ ਗਿਆ ਸੀ। ਜੁਗਰਾਜ ਸਿੰਘ ਨੂੰ ਫ਼ੋਰਸਿਜ਼ ਦੇ ਆਉਣ ਦਾ ਪਤਾ ਲਗ ਗਿਆ ਤੇ ਉਥੇ ਮੌਜੂਦ 5 ਸਿੰਘ ਦੋ ਹਿੱਸਿਆਂ ਵਿਚ ਉਸ ਘਰ ਵਿਚੋਂ ਨਿਕਲ ਗਏ। ਫ਼ੋਰਸਿਜ਼ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਜਿਸ ਨਾਲ ਜੁਗਰਾਜ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ; ਪਰ ਉਸ ਨੂੰ ਉਥੇ ਛੱਡਣ ਦੀ ਬਜਾਏ ਬਖ਼ਸ਼ੀਸ਼ ਸਿੰਘ ਨੇ ਉਸ ਨੂੰ ਮੋਢਿਆਂ ਤੇ ਚੁਕ ਲਿਆ ਤੇ ਫਿਰ ਇਕ ਟਰੈਕਟਰ ਤੇ ਪਾ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਟਰੈਕਟਰ ਖੇਤਾਂ ਵਿਚ ਫ਼ਸ ਗਿਆ ਤੇ ਕੁਝ ਚਿਰ ਮਗਰੋਂ ਉਹ ਵੀ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਦੂਜੇ ਬੈਚ ਦੇ ਬਾਕੀ ਤਿੰਨ ਸਿੰਘ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਜੁਗਰਾਜ ਸਿੰਘ ਇਲਾਕੇ ਵਿਚ ਏਨਾ ਹਰਮਨ ਪਿਆਰਾ ਸੀ ਕਿ ਜਦ ਉਸ ਦਾ ਸਸਕਾਰ ਕੀਤਾ ਗਿਆ ਤਾਂ ਇਲਾਕੇ ਦੇ 3-4 ਲੱਖ ਲੋਕ ਅਤੇ ਬਹੁਤ ਸਾਰੇ ਸਿੱਖ ਆਗੂ ਉਥੇ ਪੁਜੇ ਹੋਏ ਸਨ ਜਿਨ੍ਹਾਂ ਵਿਚ ਸਿਮਰਨਜੀਤ ਸਿੰਘ ਮਾਨ, ਜਸਟਿਸ ਅਜੀਤ ਸਿੰਘ ਬੈਂਸ, ਬਿਮਲ ਕੌਰ ਖਾਲਸਾ, ਰਜਿੰਦਰ ਕੌਰ ਬੁਲਾਰਾ ਵੀ ਸ਼ਾਮਿਲ ਸਨ।

1991: ਕੁਲਦੀਪ ਸਿੰਘ ਫ਼ਤਹਿਬਾਦ, ਕੁਲਦੀਪ ਸਿੰਘ ਟਿੱਬਾ, ਕਰਨੈਲ ਸਿੰਘ ਟਿੱਬਾ, ਗੁਲਜ਼ਾਰ ਸਿੰਘ ਖਰੜ, ਹਰਦੇਵ ਸਿੰਘ ਪ੍ਰਹਲਾ, ਪਰਮਜੀਤ ਸਿੰਘ ਤੁਗਲਵਾਲ ਤੇ ਹੋਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਅੱਠ ਅਪ੍ਰੈਲ 1991 ਦੇ ਦਿਨ ਪੁਲਸ ਨੇ ਕੁਲਦੀਪ ਸਿੰਘ (ਪੁਤਰ ਨੰਦ ਸਿੰਘ, ਵਾਸੀ ਫ਼ਤਹਿਬਾਦ, ਜ਼ਿਲ੍ਹਾ ਅੰਮ੍ਰਿਤਸਰ), ਕੁਲਦੀਪ ਸਿੰਘ (ਪੁਤਰ ਮੁਕੰਦ ਸਿੰਘ, ਵਾਸੀ ਟਿੱਬਾ, ਜ਼ਿਲ੍ਹਾ

ਸੰਗਰੂਰ), ਕਰਨੈਲ ਸਿੰਘ (ਪੁਤਰ ਸੁਖਦੇਵ ਸਿੰਘ, ਵਾਸੀ ਟਿੱਬਾ, ਜ਼ਿਲ੍ਹਾ ਸੰਗਰੂਰ), ਗੁਲਜ਼ਾਰ ਸਿੰਘ (ਪੁੱਤਰ ਤੇਜਾ ਸਿੰਘ, ਵਾਸੀ ਖਰੜ), ਹਰਦੇਵ ਸਿੰਘ (ਪੁਤਰ ਅਜਮੇਰ ਸਿੰਘ, ਵਾਸੀ ਪੂਹਲਾ, ਨੇੜੇ ਨਥਾਣਾ, ਜ਼ਿਲ੍ਹਾ ਬਠਿੰਡਾ), ਪਰਮਜੀਤ ਸਿੰਘ (ਵਾਸੀ ਤੁਗਲਵਾਲ, ਗੁਰਦਾਸਪੁਰ) ਤੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਪੰਜਾਬ ਸਿੰਘ ਮਨਾਵਾਂ, ਲਖਵਿੰਦਰ ਸਿੰਘ, ਅਮਰਜੀਤ ਸਿੰਘ, ਗੁਰਤੇਜ ਸਿੰਘ, ਗੁਰਚਰਨ ਸਿੰਘ, ਦਿਲਬਾਗ ਸਿੰਘ, ਬਲਵਿੰਦਰ ਸਿੰਘ ਬਿੰਦਾ, ਭੁਪਿੰਦਰ ਸਿੰਘ ਬਲਪੁਰੀਆ, ਜਰਨੈਲ ਸਿੰਘ ਭੁਬਾਤ ਤੇ ਕਈ ਹੋਰ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

ਅੱਠ ਅਪ੍ਰੈਲ 1992 ਦੇ ਦਿਨ ਪੁਲਸ ਨੇ ਪੰਜਾਬ ਸਿੰਘ ਮਨਾਵਾਂ ਉਰਫ਼ ਜਸਵਿੰਦਰ ਸਿੰਘ (ਪੁਤਰ ਜਸਵੰਤ ਸਿੰਘ, ਵਾਸੀ ਮੁਕਰਾਜ), ਲਖਵਿੰਦਰ ਸਿੰਘ, ਅਮਰਜੀਤ ਸਿੰਘ, ਗੁਰਤੇਜ ਸਿੰਘ, ਗੁਰਚਰਨ ਸਿੰਘ, ਦਿਲਬਾਗ ਸਿੰਘ, ਬਲਵਿੰਦਰ ਸਿੰਘ ਉਰਫ਼ ਬਿੰਦਾ (ਪੁੱਤਰ ਸਰਵਨ ਸਿੰਘ, ਵਾਸੀ ਕੋਟ ਜੰਪਤ), ਗੁਰਦੀਪ ਸਿੰਘ, ਭੁਪਿੰਦਰ ਸਿੰਘ (ਪੁਤਰ ਹਰਬੰਸ ਸਿੰਘ, ਵਾਸੀ ਬਲਪੁਰੀਆਂ, ਜ਼ਿਲ੍ਹਾ ਗੁਰਦਾਸਪੁਰ), ਜਰਨੈਲ ਸਿੰਘ (ਪੁੱਤਰ ਗੰਗਾ ਸਿੰਘ, ਵਾਸੀ ਭੁਬਾਤ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

9 ਅਪਰੈਲ

1598: ਗੁਰੂ ਅਰਜਨ ਸਾਹਿਬ ਦੇ ਮਾਤਾ ਭਾਨੀ ਜੀ ਚੜ੍ਹਾਈ ਕਰ ਗਏ

9 ਅਪਰੈਲ 1598 ਦੇ ਦਿਨ ਗੁਰੂ ਰਾਮਦਾਸ ਸਾਹਿਬ ਦੇ ਮਹਿਲ ਤੇ ਗੁਰੂ ਅਰਜਨ ਸਾਹਿਬ ਦੇ ਮਾਤਾ ਭਾਨੀ ਜੀ (ਜਨਮ 30.4.1533) ਚੜ੍ਹਾਈ ਕਰ ਗਏ। ਗੁਰੂ ਅਮਰ ਦਾਸ ਸਾਹਿਬ ਜੀ ਦੀ ਬੇਟੀ ਬੀਬੀ ਭਾਨੀ ਦਾ ਵਿਆਹ 16 ਫ਼ਰਵਰੀ 1554 ਦੇ ਦਿਨ ਗੁਰੂ ਰਾਮ ਦਾਸ ਸਾਹਿਬ ਨਾਲ ਹੋਇਆ ਸੀ। ਆਪ ਜੀ ਦੇ ਘਰ 1558 ਵਿਚ ਵੱਡੇ ਪੁਤਰ ਪ੍ਰਿਥੀ ਚੰਦ ਨੇ, 1560 ਵਿਚ ਦੂਜੇ ਪੁੱਤਰ ਮਹਾਂਦੇਵ ਨੇ ਤੇ 15 ਅਪਰੈਲ 1563 ਦੇ ਦਿਨ (ਗੁਰੂ) ਅਰਜਨ ਸਾਹਿਬ ਨੇ ਜਨਮ ਲਿਆ ਸੀ। ਆਪ ਦੇ ਪਤੀ ਗੁਰੂ ਰਾਮਦਾਸ ਸਾਹਿਬ ਇਸ ਤੋਂ ਸਤਾਰਾਂ ਸਾਲ ਪਹਿਲਾਂ 1581 ਵਿਚ ਜੋਤੀ-ਜੋਤਿ ਸਮਾ ਚੁਕੇ ਸਨ।

1649: ਗੁਰੂ ਹਰਿ ਰਾਇ ਸਾਹਿਬ ਦੀ ਬੇਟੀ ਰੂਪ ਕੌਰ ਦਾ ਜਨਮ ਹੋਇਆ

ਗੁਰੂ ਹਰਿਰਾਇ ਸਾਹਿਬ ਦਾ ਵਿਆਹ 14 ਜਨਵਰੀ 1640 ਦੇ ਦਿਨ ਅਰੂਪ ਨਗਰ (ਜ਼ਿਲਾ ਗੁਜਰਾਂਵਾਲਾ) ਦੇ ਭਾਈ ਦਇਆ ਰਾਮ ਦੀ ਬੇਟੀ ਸੁਲੱਖਣੀ ਨਾਲ ਹੋਇਆ ਸੀ। ਗੁਰੂ ਹਰਿਰਾਇ ਸਾਹਿਬ ਦੀ ਪਤਨੀ ਬੀਬੀ ਸੁਲੱਖਣੀ ਦੇ ਮਾਪੇ ਕਿਉਂਕਿ ਕੋਟ ਕਲਿਆਣਪੁਰ ਵਿਚ ਰਹਿਣ ਲੱਗ ਪਏ ਸੀ, ਇਸ ਕਰ ਕੇ ਉਸ ਨੂੰ ਕੋਟ ਕਲਿਆਣੀ ਵੀ ਆਖਦੇ ਸਨ। ਬੀਬੀ ਸੁਲੱਖਣੀ ਨੇ 24 ਫਰਵਰੀ 1646 ਦੇ ਦਿਨ ਰਾਮਰਾਇ, **9 ਅਪ੍ਰੈਲ 1649 ਦੇ ਦਿਨ ਰੂਪ ਕੌਰ** ਅਤੇ 20 ਜੁਲਾਈ 1652 ਦੇ ਦਿਨ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਜਨਮ ਦਿਤਾ। ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਕ ਦੋ ਲੇਖਕਾਂ ਨੇ ਗੁਰੂ ਹਰ ਰਾਇ ਜੀ ਦੇ ਸੱਤ ਵਿਆਹ ਵੀ ਲਿਖ ਦਿੱਤੇ ਹਨ, ਜੋ ਨਾ ਸਿਰਫ਼ ਗਲਤ ਹੈ ਬਲਕਿ ਬੇਬੁਨਿਆਦ ਤੇ ਹਾਸੋਹੀਣਾ ਵੀ ਹੈ। ਕੋਈ ਵੀ ਬਾਪ 10 ਸਾਲ ਦੇ ਮੁੰਡੇ (ਗੁਰੂ ਦੀ ਔਲਾਦ ਹੀ ਸਹੀ) ਨਾਲ ਸਾਰੀਆਂ ਸੱਤੇ ਧੀਆਂ ਦਾ ਵਿਆਹ ਨਹੀਂ ਕਰ ਸਕਦਾ। ਉਂਵ ਇਹ ਨਾਮੁਮਕਿਨ ਵੀ ਹੈ; ਇਸ ਹਿਸਾਬ ਨਾਲ ਤਾਂ ਸਭ ਤੋਂ ਛੋਟੀ (ਸਤਵੀਂ) ਕੁੜੀ ਤਾਂ ਅਜੇ ਗੋਦ ਵਿੱਚ ਹੀ ਖੇਡਦੀ ਹੋਵੇਗੀ। ਇਕ ਲੇਖਕ ਨੇ ਤਾਂ ਬੀਬੀ

ਰੂਪ ਕੌਰ ਨੂੰ ਗੁਰੂ ਸਾਹਿਬ ਦੀ ਪਾਲਿਤ ਪੁਤਰੀ ਵੀ ਲਿਖਿਆ ਹੈ ਤੇ ਇਕ ਨੇ ਤਾਂ ਇਹ ਯੁਬਲੀ ਵੀ ਮਾਰੀ ਹੈ ਕਿ ਇਹ ਬੱਚੀ ਗੁਰੂ ਸਾਹਿਬ ਨੂੰ ਕੂੜੇ ਦੇ ਢੇਰ ਤੋਂ ਮਿਲੀ ਸੀ। ਸਿੱਖ ਤਵਾਰੀਖ਼ ਵਿਚ ਇਹੋ ਜਿਹੇ ਗਪੌੜੇ ਥਾਂ-ਥਾਂ ਲਿਖੇ ਮਿਲਦੇ ਹਨ।

1925 ਹਿੰਦੂ ਆਗੂ ਗਾਂਧੀ ਨੇ ਆਪਣੇ ਪਰਚੇ 'ਯੰਗ ਇੰਡੀਆ' ਵਿਚ ਗੁਰੂ ਗੋਬਿੰਦ ਸਿੰਘ ਨੂੰ 'ਭੁੱਲੜ ਦੇਸ਼ ਭਗਤ' ਲਿਖਿਆ

ਹਿੰਦੂ ਆਗੂ ਮੋਹਨ ਦਾਸ ਕਰਮ ਚੰਦ (ਮਹਾਤਮਾ) ਗਾਂਧੀ, ਆਮ ਫ਼ਿਰਕੂ ਹਿੰਦੂਆਂ ਵਾਂਗ, ਸਿੱਖ ਧਰਮ ਨੂੰ ਹਿੰਦੂ ਧਰਮ ਦਾ ਇਕ ਅੰਗ ਕਿਹਾ ਕਰਦਾ ਸੀ। ਸਿੱਖ ਆਗੂਆਂ ਨੇ ਉਸ ਨੂੰ ਮਿਲ ਕੇ ਵੀ ਤੇ ਬਿਆਨਾਂ ਰਾਹੀਂ ਵੀ (ਤੇ ਇਕੱਠਾਂ ਤੇ ਮੀਟਿੰਗਾਂ ਵਿਚ ਵੀ) ਉਸ ਨੂੰ ਅਜਿਹਾ ਕਹਿਣ ਤੋਂ ਰੋਕਿਆ ਸੀ। (ਇਸ 'ਤੇ ਇਕ ਪੰਜਾਬੀ ਅਖ਼ਬਾਰ ਨੇ ਗਾਂਧੀ ਬਾਰੇ ਲਿਖਿਆ ਸੀ:'ਮਹਾਤਮਾ ਗਾਂਧੀ ਪਾਗਲ ਹੋ ਗਿਆ' (ਅਖ਼ਬਾਰ *ਬਬਰ ਸ਼ੇਰ*, 4 ਮਾਰਚ 1925)। ਜਦੋਂ ਗਾਂਧੀ ਪੰਜਾਬ ਆਇਆ ਤਾਂ ਉਸ ਨੇ ਮੰਨ ਲਿਆ ਕਿ ਮੈਂ ਅਜਿਹਾ ਪਬਲਿਕ ਵਿਚ ਕਦੇ ਨਹੀਂ ਕਹਾਂਗਾ ਪਰ ਫਿਰ ਵੀ ਉਹ ਟਲਿਆ ਨਹੀਂ। ਉਸ ਨੇ 9 ਅਪ੍ਰੈਲ 1925 ਦੇ 'ਯੰਗ ਇੰਡੀਆ ਵਿਚ ਇਕ ਲੇਖ ਲਿਖ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਹਿੰਦੂ ਧਰਮ ਦਾ ਰੱਖਿਅਕ ਪਰ ਇਕ 'ਭੁੱਲੜ ਦੇਸ਼ ਭਗਤ' ਕਿਹਾ (ਪਰ ਉਸ ਨੇ ਰਾਣਾ ਪ੍ਰਤਾਪ, ਸ਼ਿਵਾਜੀ ਮਰਹੱਟਾ ਤੇ ਰਾਣੀ ਝਾਂਸੀ ਨੂੰ ਕਦੇ ਭੁੱਲੜ ਨਹੀਂ ਕਿਹਾ)। ਜਦ ਮੰਗਲ ਸਿੰਘ ਨੇ ਉਸ ਨੂੰ ਇਸ ਬਾਰੇ ਸਪਸ਼ਟੀਕਰਨ ਵਾਸਤੇ ਕਿਹਾ ਤਾਂ ਉਸ ਨੇ ਗ਼ਲਤੀ ਨਹੀਂ ਮੰਨੀ ਤੇ ਆਪਣੀ ਗੱਲ 'ਤੇ ਅੜਿਆ ਰਿਹਾ, ਸਗੋਂ ਉਸ ਨੇ ਕ੍ਰਿਸ਼ਨ ਬਾਰੇ ਨਵੀਂ ਟਿੱਪਣੀ ਦੇ ਦਿੱਤੀ ਕਿ "ਮੇਰੀ ਨਿਗਾਹ ਵਿਚ ਕ੍ਰਿਸ਼ਨ ਇਤਿਹਾਸਕ ਇਨਸਾਨ ਨਹੀਂ ਸੀ' ਤੇ ਜੇ ਇਹ ਸਾਬਿਤ ਹੋ ਜਾਵੇ ਕਿ ਮਹਾਂਭਾਰਤ 'ਇਤਿਹਾਸ' ਸੀ ਤਾਂ ਮੈਂ ਕ੍ਰਿਸ਼ਨ ਨੂੰ ਰੱਬ ਦਾ ਅਵਤਾਰ ਮੰਨਣ ਤੋਂ ਸਾਫ਼ ਇਨਕਾਰ ਕਰ ਦੇਵਾਂਗਾ।" ਉਂਞ ਗਾਂਧੀ ਨੇ ਮੰਨਿਆ ਕਿ ਉਸ ਨੇ ਸਿੱਖ ਆਗੂਆਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਉਨ੍ਹਾਂ ਨੂੰ ਹਿੰਦੂ ਧਰਮ ਦਾ ਅੰਗ ਨਹੀਂ ਕਹਾਂਗਾ। ਪਰ ਗਾਂਧੀ ਫਿਰ ਵੀ ਵਾਰ-ਵਾਰ ਸਿੱਖ ਧਰਮ 'ਤੇ ਹਮਲੇ ਕਰਦਾ ਰਿਹਾ। ਉਹ ਤਾਂ 15 ਅਗਸਤ 1947 ਤੋਂ ਬਾਅਦ ਵੀ ਸਿੱਖ ਧਰਮ ਬਾਰੇ ਊਲ-ਜਲੂਲ ਬੋਲਦਾ ਰਹਿੰਦਾ ਸੀ; ਮਿਸਾਲ ਵਜੋਂ:

ਸਿੱਖਾਂ ਨੂੰ ਵਖਰਾ ਧਰਮ ਤਾਂ ਮੈਕਾਲੇ (ਉਹ ਸ਼ਾਇਦ ਕਨਿੰਘਮ ਕਹਿਣਾ ਚਾਹੁੰਦਾ ਸੀ) ਨੇ ਕਿਤਾਬ ਲਿਖ ਕੇ ਬਣਾਇਆ ਸੀ। ਗਾਂਧੀ ਦੇ ਲਫ਼ਜ਼ਾਂ ਵਿਚ: ਇਹ ਸਾਰਾ ਮੈਕਾਲੇ ਨੇ ਖੜਾ ਕੀਤਾ ਸੀ। ਉਹ ਇਤਿਹਾਸਕਾਰ ਤਾਂ ਸੀ ਹੀ ਨਹੀਂ। ਉਸ ਨੇ ਸਿੱਖਾਂ ਨੂੰ ਅਲਗ ਧਰਮ ਕਹਿਣ ਦੀ ਜ਼ਹਿਰ ਫੈਲਾਈ ਜਿਸ ਨੂੰ ਹਰ ਇਕ ਨੇ ਨਿਗਲ ਲਿਆ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 88, ਸਫ਼ੇ 4-5)।

ਗ੍ਰੰਥ ਸਾਹਿਬ ਕੀ ਹੈ, ਇਹ ਤਾਂ ਹਿੰਦੂ ਸ਼ਾਸ਼ਤਰਾਂ 'ਤੇ ਅਧਾਰਤ ਹੈ।...ਇਹ ਸਿੱਖਾਂ ਦਾ ਸਵਾ ਲਾਖ ਕੀ ਮਜ਼ਾਕ ਹੈ। ਐਟਮ ਬੰਬ ਦੇ ਇਸ ਜ਼ਮਾਨੇ ਵਿਚ ਸਿੱਖਾਂ ਦੀ ਕਿਰਪਾਨ ਇਕ ਜ਼ੰਗਾਲ ਲੱਗਾ ਹਥਿਆਰ ਹੈ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 89, ਸਫ਼ਾ 284)।

ਜਿਸ ਤਰ੍ਹਾਂ ਲੋਕ ਕਿਰਪਾਨ ਪਹਿਨੀ ਫਿਰਦੇ ਹਨ; ਇਹ ਇਕ ਜੰਗਲੀ ਵਰਤਾਰਾ ਹੈ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 89, ਸਫ਼ੇ 274)।

ਸਿੱਖ ਕਹਿੰਦੇ ਹਨ ਕਿ ਉਹ ਪ੍ਰੀਵੀ ਕੌਂਸਲ ਦੇ ਫ਼ੈਸਲੇ ਮੁਤਾਬਿਕ ਕਿਸੇ ਵੀ ਸਾਈਜ਼ ਦੀ ਕਿਰਪਾਨ ਪਹਿਣ ਸਕਦੇ ਹਨ। ਹੁਣ ਹਿੰਦੂਆਂ ਦੀ ਹਕੂਮਤ ਹੈ ਤੇ ਪ੍ਰੀਵੀ ਕੌਂਸਲ ਦਾ ਫ਼ੈਸਲਾ ਖ਼ਤਮ ਹੋ ਚੁਕਾ ਹੈ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 72-73)।

ਇਕ ਸਿੱਖ ਜੇ ਸਵਾ ਲੱਖ ਹੈ ਤਾਂ ਉਹ ਦੁਸ਼ਮਣ ਨੂੰ ਮੁੱਕਿਆਂ ਨਾਲ ਹੀ ਮਾਰ ਸਕਦਾ ਹੈ, ਕਿਰਪਾਨ ਦੀ ਕੀ ਲੋੜ ਹੈ।

ਗੁਰੂ ਨਾਨਕ ਨੇ ਕਦੇ ਨਹੀਂ ਸੀ ਕਿਹਾ ਕਿ ਮੈਂ ਹਿੰਦੂ ਨਹੀਂ, ਨਾ ਹੀ ਕਿਸੇ ਹੋਰ ਗੁਰੂ ਨੇ ਅਜਿਹਾ ਕਿਹਾ। ਸਿੱਖ, ਹਿੰਦੂ, ਬੋਧੀ, ਜੈਨੀ ਧਰਮਾਂ ਨੂੰ ਅਲਗ ਨਹੀਂ ਮੰਨਿਆ ਜਾ ਸਕਦਾ। ਇਹ ਸਾਰੇ ਇਸ ਹਿੰਦੂ

ਧਰਮ ਦੀਆਂ ਸ਼ਾਖਾਵਾਂ ਹਨ। ਹਿੰਦੂ ਧਰਮ ਇਕ ਸਮੁੰਦਰ ਹੈ ਜਿਸ ਵਿਚ ਸਾਰੇ ਦਰਿਆ ਸਮਾ ਜਾਂਦੇ ਹਨ (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 177)।

ਮੈਂ ਤੁਹਾਡਾ ਗ੍ਰੰਥ ਸਾਹਿਬ ਪੜ੍ਹਦਾ ਹਾਂ ਪਰ ਮੈਂ ਇਹ ਤੁਹਾਨੂੰ ਖ਼ੁਸ਼ ਕਰਨ ਵਾਸਤੇ ਨਹੀਂ ਪੜ੍ਹਦਾ। ਨਾ ਹੀ ਅਜਿਹਾ ਕਰਨ ਵਾਸਤੇ ਮੈਨੂੰ ਤੁਹਾਡੀ ਇਜਾਜ਼ਤ ਦੀ ਲੋੜ ਹੈ। ਪਰ ਗੁਰੂ ਜੀ ਨੇ ਕਿਤੇ ਵੀ ਨਹੀਂ ਕਿਹਾ ਕਿ ਤੁਹਾਨੂੰ ਦਾੜ੍ਹੀ ਜ਼ਰੂਰ ਉਗਾਉਣੀ ਚਾਹੀਦੀ ਹੈ ਤੇ ਕਿਰਪਾਨ ਜ਼ਰੂਰ ਚੁੱਕਣੀ ਚਾਹੀਦੀ ਹੈ। (ਗਾਂਧੀ, *ਕੁਲੈਕਟਡ ਵਰਕਸ*, ਜਿਲਦ 90, ਸਫ਼ਾ 470)।

ਗਾਂਧੀ ਸਿੱਖ ਧਰਮ ਦੇ ਖ਼ਿਲਾਫ਼ ਅਜਿਹੀ ਘਟੀਆ ਬੋਲੀ ਅਕਸਰ ਬੋਲਦਾ ਹੀ ਰਹਿੰਦਾ ਸੀ ਪਰ ਬੇਗ਼ੈਰਤ ਕਾਂਗਰਸੀ 'ਸਿੱਖ' ਵਜ਼ੀਰੀਆਂ ਤੇ ਹੋਰ ਲਾਲਚਾਂ ਕਾਰਨ ਇਹ ਸਭ ਕੁਝ ਚੁਪ ਕਰ ਕੇ ਸੁਣ ਲੈਂਦੇ ਸਨ ਤੇ ਕੰਨ ਬੰਦ ਕਰ ਲੈਂਦੇ ਸਨ ਤੇ ਕਬੂਤਰ ਵਾਂਗ ਬਿੱਲੀ ਵੇਖ ਕੇ ਅੱਖਾਂ ਮੀਟ ਲੈਂਦੇ ਸਨ ਤੇ ਗੂੰਗੇ ਬਣੇ ਰਹਿੰਦੇ ਸਨ। ਖ਼ਾਸ ਕਰ ਕੇ ਪ੍ਰਤਾਪ ਸਿੰਘ ਕੈਰੋਂ, ਮੰਗਲ ਸਿੰਘ ਗਿੱਲ, ਅਮਰ ਸਿੰਘ ਝਬਾਲ, ਸਵਰਨ ਸਿੰਘ ਜਲੰਧਰ, ਗੁਰਦਿਆਲ ਸਿੰਘ ਢਿੱਲੋਂ, ਜ਼ੈਲ ਸਿੰਘ, ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ ਵਗ਼ੈਰਾ ਤਾਂ ਇਸ ਜ਼ਲਾਲਤ ਨੂੰ ਮਿੱਠਾ ਕਰ ਕੇ ਪੀਂਦੇ ਸਨ।

1991: ਗੁਰਦੇਵ ਸਿੰਘ ਜਾਮਾ ਰਾਏ, ਹਰਦੇਵ ਸਿੰਘ ਪੂਹਲਾ, ਸਿਕੰਦਰ ਸਿੰਘ ਸੂਬਾ ਸਿੰਘੇਵਾਲਾ, ਸੁਖਚੈਨ ਸਿੰਘ ਲੱਡੂ, ਸ਼ਮਸੇਰ ਸਿੰਘ ਤੇ ਸੁਖਜਿੰਦਰ ਸਿੰਘ ਛਿੰਦਾ ਵਲਟੋਹਾ), ਦਿਲਬਾਗ ਸਿੰਘ ਭੋਲਾ ਚੈਨ ਚੱਕ, ਮੇਜਰ ਸਿੰਘ ਭੰਡਾਲ, ਬਿੱਟੂ ਸਿੰਘ ਗੁੰਬੀ ਭਾਈ ਲੱਧੂ, ਸੁਖਚਰਨ ਸਿੰਘ ਸੁੱਖਾ ਅੰਮ੍ਰਿਤਸਰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

ਨੌਂ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ (ਪੁੱਤਰ ਅਜੀਤ ਸਿੰਘ ਵਾਸੀ ਜਾਮਾ ਰਾਏ, ਜ਼ਿਲ੍ਹਾ ਅੰਮ੍ਰਿਤਸਰ), ਹਰਦੇਵ ਸਿੰਘ (ਵਾਸੀ ਪੂਹਲਾ ਬਠਿੰਡਾ), ਸਿਕੰਦਰ ਸਿੰਘ ਸੂਬਾ (ਵਾਸੀ ਸਿੰਘੇਵਾਲਾ, ਬਠਿੰਡਾ), ਸੁਖਚੈਨ ਸਿੰਘ ਲੱਡੂ, ਸ਼ਮਸੇਰ ਸਿੰਘ ਤੇ ਸੁਖਜਿੰਦਰ ਸਿੰਘ ਛਿੰਦਾ (ਵਾਸੀ ਵਲਟੋਹਾ), ਦਿਲਬਾਗ ਸਿੰਘ ਭੋਲਾ (ਵਾਸੀ ਚੈਨ ਚੱਕ), ਮੇਜਰ ਸਿੰਘ ਉਰਫ਼ ਕਾਲ (ਵਾਸੀ ਭੰਡਾਲ), ਬਿੱਟੂ ਸਿੰਘ ਗੁੰਬੀ (ਵਾਸੀ ਭਾਈ ਲੱਧੂ), ਸੁਖਚਰਨ ਸਿੰਘ ਸੁੱਖਾ (ਵਾਸੀ ਚੰਨਣ ਸਿੰਘ ਕਲੋਨੀ, ਅੰਮ੍ਰਿਤਸਰ) ਤੇ ਹੋਰ ਕਈ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਨਿਸ਼ਾਨ ਸਿੰਘ, ਗੁਰਜੰਟ ਸਿੰਘ ਚੱਕ ਭਗਤੂ, ਬਲਵਿੰਦਰ ਸਿੰਘ ਤੇਜਸਿੰਘਵਾਲਾ, ਗੁਰਦਿੱਤ ਸਿੰਘ ਚੋਹਲਾ, ਗੁਰਪਾਲ ਸਿੰਘ ਗਗੜੇਵਾਲ, ਮਨਜੀਤ ਸਿੰਘ ਬਾਸਰਕੇ ਤੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਨੌਂ ਅਪ੍ਰੈਲ 1992 ਦੇ ਦਿਨ ਨਿਸ਼ਾਨ ਸਿੰਘ, ਗੁਰਜੰਟ ਸਿੰਘ (ਚੱਕ ਭਗਤੂ, ਬਠਿੰਡਾ ਵਿਚ), ਬਲਵਿੰਦਰ ਸਿੰਘ (ਤੇਜਸਿੰਘ ਵਾਲਾ, ਅੰਮ੍ਰਿਤਸਰ ਵਿਚ), ਗੁਰਦਿੱਤ ਸਿੰਘ (ਚੋਹਲਾ, ਫ਼ੀਰੋਜ਼ਪੁਰ ਵਿਚ), ਗੁਰਪਾਲ ਸਿੰਘ (ਪੁੱਤਰ ਬੇਲਾ ਸਿੰਘ, ਵਾਸੀ ਗਗੜੇਵਾਲ, ਜ਼ਿਲ੍ਹਾ ਅੰਮ੍ਰਿਤਸਰ), ਮਨਜੀਤ ਸਿੰਘ ਉਰਫ਼ ਮਾਨਾ (ਪੁੱਤਰ ਅਜੀਤ ਸਿੰਘ, ਵਾਸੀ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ) ਤੇ ਹੋਰ ਕਈ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

10 ਅਪਰੈਲ

(ਸਿੱਖ ਤਵਾਰੀਖ਼ ਵਿਚ ਜਿੰਨੀਆਂ ਘਟਨਾਵਾਂ 29 ਮਾਰਚ ਜਾਂ 10 ਅਪਰੈਲ ਦੇ ਦਿਨ ਹੋਈਆਂ ਹਨ ਕਿਸੇ ਹੋਰ ਦਿਨ ਨਹੀਂ ਹੋਈਆਂ ਕਿਉਂਕਿ ਅਜ-ਕਲ੍ਹ ਦੇ ਗਰੈਗੋਰੀਅਨ ਕੈਲੰਡਰ ਦੇ ਮੌਜੂਦਾ ਰੂਪ, ਜੋ 1752 ਵਿਚ ਸ਼ੁਰੂ ਹੋਇਆ, ਤੋਂ ਪਹਿਲਾਂ ਬਿਕਰਮੀ ਸੰਮਤ ਦੇ ਮਹੀਨੇ ਵਸਾਖ ਦੀ ਪਹਿਲੀ 29 ਮਾਰਚ ਨੂੰ

ਆਇਆ ਕਰਦੀ ਸੀ, 1752 ਵਿਚ ਗਰੇਗੋਰੀਅਨ ਕੈਲੰਡਰ ਦੀ ਸੁਧਾਈ ਨਾਲ ਇਸ ਵਿਚ 11 ਦਿਨ ਦਾ ਵਾਧਾ ਹੋ ਗਿਆ ਸੀ ਤੇ ਪਹਿਲੀ ਵਿਸਾਖ 10 ਅਪ੍ਰੈਲ ਨੂੰ ਆਉਣ ਲਗ ਪਈ ਸੀ; ਹੁਣ ਇਹ 12-13-14 ਅਪ੍ਰੈਲ ਨੂੰ ਆਉਂਦੀ ਹੈ)।

1754: ਸਿੱਖਾਂ ਵਲੋਂ ਪੰਜਾਬ ਦੇ ਜ਼ਮੀਂਦਾਰਾਂ ਅਤੇ ਵਪਾਰੀਆਂ ਨੂੰ 'ਰਾਖੀ' ਦੇਣ ਦਾ ਐਲਾਨ

4 ਨਵੰਬਰ 1753 ਦੇ ਦਿਨ ਮੀਰ ਮੰਨੂ ਦੇ ਮਰਨ ਤੋਂ 5 ਮਹੀਨੇ ਮਗਰੋਂ, 10 ਅਪਰੈਲ 1754 ਦੇ ਦਿਨ, ਕਈ ਸਾਲ ਮਗਰੋਂ ਪਹਿਲੀ ਵਾਰ, ਸਿੱਖ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ। ਇਸ ਮੌਕੇ 'ਤੇ ਹੋਏ ਇਕ ਸਰਬੱਤ ਖਾਲਸਾ ਇਕੱਠ ਵਿਚ ਸਿੱਖ ਕੌਮ ਨੇ ਪੰਜਾਬੀਆਂ ਨੂੰ 'ਰਾਖੀ' ਦੇਣ ਦਾ ਗੁਰਮਤਾ ਕੀਤਾ। ਇਸ ਮੁਤਾਬਿਕ ਕਿਸਾਨਾਂ ਅਤੇ ਵਪਾਰੀਆਂ ਨੇ ਸਿੱਖ ਨੂੰ ਮਾਲੀਆ ਦੇਣਾ ਸੀ ਤੇ ਇਸ ਬਦਲੇ ਸਿੱਖਾਂ ਨੇ ਉਨ੍ਹਾਂ ਨੂੰ ਅਫ਼ਗਾਨ ਧਾੜਵੀਆਂ ਅਤੇ ਮੁਗਲ ਸਰਕਾਰ ਤੋਂ ਹਿਫ਼ਾਜ਼ਤ ਦੇਣੀ ਸੀ। ਸਿੱਖਾਂ ਵਲੋਂ ਮਿਲੀ ਇਹ ਪੇਸ਼ਕਸ਼ ਵਪਾਰੀਆਂ, ਅਤੇ ਖ਼ਾਸ ਕਰ ਕੇ ਕਿਸਾਨਾਂ, ਵਾਸਤੇ ਇਕ ਗ਼ੈਬੀ ਤੋਹਫ਼ਾ ਸੀ। ਕਿਉਂਕਿ ਉਨ੍ਹਾਂ ਦਿਨਾਂ ਵਿਚ ਕਿਸਾਨਾਂ ਨੂੰ ਆਪਣੀ ਫ਼ਸਲ ਅਤੇ ਸ਼ਾਹੂਕਾਰ ਤੇ ਵਪਾਰੀ ਨੂੰ ਆਪਣੀ ਦੌਲਤ ਅਤੇ ਜਿਣਸ ਦਾ ਮੁਗ਼ਲਾਂ ਅਤੇ ਅਹਿਮਦ ਸ਼ਾਹ ਹੱਥੋਂ ਲੁੱਟੇ ਜਾਣ ਦਾ ਹਮੇਸ਼ਾ ਡਰ ਰਹਿੰਦਾ ਸੀ। ਪੰਜਾਬ 'ਚ ਇਹ ਅਖਾਣ ਆਮ ਤੌਰ ਤੇ ਮਸ਼ਹੂਰ ਸੀ: ***ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ*** । ਇਸ ਕਰ ਕੇ ਪੰਜਾਬ ਦੇ ਕਿਸਾਨਾਂ ਨੇ ਬੜੀ ਖ਼ੁਸ਼ੀ ਨਾਲ ਸਿੱਖਾਂ ਦੀ 'ਰਾਖੀ' ਦੀ ਪੇਸ਼ਕਸ਼ ਕਬੂਲ ਕੀਤੀ। ਹੌਲੀ-ਹੌਲੀ ਪੰਜਾਬ ਦਾ ਬਹੁਤ ਸਾਰਾ ਹਿੱਸਾ ਸਿੱਖਾਂ ਦੀ ਪਨਾਹ ਹੇਠ ਆ ਗਿਆ।

1761: ਅਹਿਮਦ ਸ਼ਾਹ ਵੱਲੋਂ ਲਿਜਾਈਆਂ ਜਾ ਰਹੀਆਂ 2200 ਕੁੜੀਆਂ ਦੇ ਮਾਪਿਆਂ ਵਲੋਂ ਅਕਾਲ ਤਖ਼ਤ 'ਤੇ ਫ਼ਰਿਆਦ

10 ਅਪਰੈਲ 1763 ਦੇ ਦਿਨ ਸਿੱਖਾਂ ਦਾ ਸਰਬਤ ਖਾਲਸਾ ਇਕੱਠ ਅੰਮ੍ਰਿਤਸਰ ਵਿਚ ਹੋਇਆ। ਇਸ ਮੌਕੇ 'ਤੇ ਬਹੁਤ ਸਾਰੇ ਹਿੰਦੂ ਦਲ ਖਾਲਸਾ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਆ ਫ਼ਰਿਆਦੀ ਹੋਏ ਤੇ ਉਨ੍ਹਾਂ ਨੇ ਆਪਣੀਆਂ ਧੀਆਂ ਅਹਿਮਦ ਸ਼ਾਹ ਤੋਂ ਛੁਡਵਾਉਣ ਵਾਸਤੇ ਅਰਜ਼ੋਈਆਂ ਕੀਤੀਆਂ। ਉਨ੍ਹਾਂ ਦੀ ਗਈ ਫ਼ਰਿਆਦ ਅਠਾਰ੍ਹਵੀਂ ਸਦੀ ਦੇ ਇਸ ਗੀਤ 'ਚ ਪੇਸ਼ ਕੀਤੀ ਮਿਲਦੀ ਹੈ:

ਵੇ ਮੋੜੀਂ ਬਾਹੀ ਕੱਛ ਵਾਲਿਆ ਸਿਰਦਾਰਾ।* (*ਕੱਛ=ਕਛਹਿਰਾ)
ਧੀ ਸਾਡੀ ਗਈ, ਬਸਰੇ ਨੂੰ ਗਈ।
ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘਾਂ ਛਈ।
ਵੇ ਮੋੜੀਂ ਬਾਹੀ ਕੱਛ ਵਾਲਿਆ ਸਿਰਦਾਰਾ।

ਹਿੰਦੂਆਂ ਦੇ ਵਿਰਲਾਪ ਅਤੇ ਅਰਜ਼ੋਈਆਂ ਨੂੰ ਸੁਣ ਕੇ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਖਾਲਸਾ ਜਰਨੈਲਾਂ ਨੇ ਅਗਲੇ ਦਿਨ 11 ਅਪ੍ਰੈਲ ਨੂੰ ਕਾਬਲ ਜਾ ਰਹੀ ਅਫ਼ਗਾਨ ਫ਼ੌਜ 'ਤੇ ਹਮਲਾ ਕਰ ਦਿੱਤਾ ਅਤੇ 2200 ਹਿੰਦੂ ਕੁੜੀਆਂ ਨੂੰ ਰਿਹਾਅ ਕਰਵਾਇਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀਂ ਛੱਡ ਆਏ। (ਹੈਰਾਨੀ ਦਾ ਮੁਕਾਮ ਇਹ ਸੀ ਕਿ ਕਈਆਂ ਹਿੰਦੂਆਂ ਨੇ ਡਰ ਦੇ ਮਾਰੇ ਆਪਣੀ ਧੀਆਂ, ਭੈਣਾਂ ਤੇ ਬੀਵੀਆਂ ਨੂੰ ਵਾਪਿਸ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ 'ਜੇ ਅਸੀਂ ਇਨ੍ਹਾਂ ਕੁੜੀਆਂ ਨੂੰ ਵਾਪਿਸ ਰੱਖ ਲਿਆ ਤਾਂ ਦੁੱਰਾਨੀ ਅਗਲੇ ਹਮਲੇ ਵੇਲੇ ਸਾਨੂੰ ਕਤਲ ਕਰ ਦੇਵੇਗਾ।' ਇਹ ਸੀ ਹਾਲ ਆਪਣੀਆਂ ਭੈਣਾਂ ਤੋਂ 'ਰਖੜੀ' ਬੰਨ੍ਹਵਾਉਣ ਵਾਲੇ ਹਿੰਦੂ ਭਰਾਵਾਂ ਦਾ!)। ਅਫ਼ਗਾਨ ਫ਼ੌਜਾਂ 'ਤੇ ਹਮਲੇ ਦੌਰਾਨ ਸਿੱਖਾਂ ਨੇ ਉਨ੍ਹਾਂ ਦਾ ਕਾਫ਼ੀ ਖ਼ਜ਼ਾਨਾ ਤੇ ਅਸਲਾ ਵੀ ਖੋਹ ਲਿਆ। ਸਿੱਖਾਂ ਨੇ ਅਹਿਮਦ ਸ਼ਾਹ ਦੀ ਫ਼ੌਜ ਦਾ ਦਰਿਆ ਸਿੰਧ (ਇਕ ਸੋਮੇ ਮੁਤਾਬਿਕ ਦਰਿਆ ਅਟਕ ਤਕ) ਤਕ ਪਿੱਛਾ ਕੀਤਾ। ਹਜ਼ਾਰਾਂ ਹਿੰਦੂ ਕੁੜੀਆਂ ਰਿਹਾਅ

ਕਰਵਾਉਣ ਦੇ ਕਾਰਨਾਮੇ 'ਤੇ ਲੋਕਾਂ ਨੇ ਜੱਸਾ ਸਿੰਘ ਅਤੇ ਖਾਲਸਾ ਫ਼ੌਜ ਨੂੰ ਬੰਦੀ-ਛੋੜ ਦਾ ਖ਼ਿਤਾਬ ਦਿੱਤਾ। (ਪਰ ਇਸ ਦੇ ਮੁਕਾਬਲੇ ਵਿਚ 1984 ਦੀ ਖ਼ੂਨੀ ਨਵੰਬਰ ਵਿਚ ਅਹਿਸਾਨ-ਫ਼ਰਾਮੋਸ਼ ਹਿੰਦੂ ਦਹਿਸ਼ਤਗਰਦਾਂ ਨੇ ਦਿੱਲੀ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਨ੍ਹਾਂ ਦੀ ਕੁੜੀਆਂ ਅਗਵਾ ਕਰ ਕੇ ਉਨ੍ਹਾ ਨਾਲ ਵਹਿਸ਼ੀਆਨਾ ਜਬਰ-ਜ਼ਨਾਹ ਕੀਤਾ)।

1762: ਅਹਿਮਦ ਸ਼ਾਹ ਦੁੱਰਾਨੀ ਨੇ ਦਰਬਾਰ ਸਾਹਿਬ ਢਾਹਿਆ

ਅਹਿਮਦ ਸ਼ਾਹ ਨੂੰ 5 ਫ਼ਰਵਰੀ 1762 ਦੇ ਦਿਨ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰ ਕੇ ਵੀ ਚੈਨ ਨਹੀਂ ਆਇਆ। ਉਸ ਨੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਨੂੰ ਵੀ ਤਬਾਹ ਕਰਨ ਦਾ ਫ਼ੈਸਲਾ ਕੀਤਾ। ਉਹ 7 ਅਪਰੈਲ ਦੇ ਦਿਨ ਲਾਹੌਰ ਤੋਂ ਗੁਰੂ-ਦਾ-ਚੱਕ ਨੂੰ ਚਲ ਪਿਆ ਤੇ 10 ਅਪਰੈਲ 1762 ਦੇ ਦਿਨ ਉਥੇ ਪੁੱਜਾ। ਇੱਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਲਾਹੌਰ ਤੋਂ ਸਿਰਫ਼ 50 ਕਿਲੋਮੀਟਰ ਦੂਰ ਗੁਰੂ-ਦਾ-ਚੱਕ ਪੁੱਜਣ ਵਿਚ ਅਹਿਮਦ ਸ਼ਾਹ ਨੂੰ ਤਿੰਨ ਦਿਨ ਲੱਗੇ, ਜਦ ਕਿ ਦੋ ਮਹੀਨੇ ਪਹਿਲਾਂ ਉਸ ਨੇ ਲਾਹੌਰ ਤੋਂ ਮਲੇਰਕੋਟਲਾ (ਕੁੱਪ) ਦਾ 225 ਕਿਲੋਮੀਟਰ ਦਾ ਸਫ਼ਰ ਸਿਰਫ਼ 36 ਘੰਟੇ ਵਿਚ ਤੈਅ ਕੀਤਾ ਸੀ। ਦਰਅਸਲ ਉਹ ਅਜੇ ਵੀ ਸਿੱਖਾਂ ਤੋਂ ਡਰਦਾ ਸੀ ਕਿ ਕਿਤੇ ਰਾਹ ਵਿਚ ਉਹ ਉਸ ਨੂੰ ਵਖ਼ਤ ਹੀ ਨਾ ਪਾ ਦੇਣ।

ਗੁਰੂ-ਦਾ-ਚੱਕ ਪਹੁੰਚ ਕੇ ਉਸ ਨੇ ਸਾਹਮਣੇ ਖੜ੍ਹਾ ਹੋ ਕੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਅਜੇ ਅਧੂਰੀਆਂ ਬਣੀਆਂ ਇਮਾਰਤਾਂ ਢੁਹਾ ਦਿੱਤੀਆਂ ਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ ਭਰ ਦਿੱਤਾ। ਇਹ ਵੀ ਕਿਹਾ ਜਾਂਦਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਬਾਰੂਦ ਨਾਲ ਉਡਾਂਦਿਆਂ ਇਕ ਇੱਟ ਅਹਿਮਦ ਸ਼ਾਹ ਦੇ ਨੱਕ 'ਤੇ ਜਾ ਵੱਜੀ। ਇਸ ਇੱਟ ਨਾਲ ਹੋਇਆ ਜ਼ਖ਼ਮ ਕਦੇ ਵੀ ਠੀਕ ਨਾ ਹੋ ਸਕਿਆ ਅਤੇ ਇਸ ਜ਼ਖ਼ਮ ਨੇ ਹੀ ਅਖ਼ੀਰ ਅਹਿਮਦ ਸ਼ਾਹ ਦੀ ਜਾਨ ਲੈ ਲਈ।(ਪਰ ਇਸ ਗੱਲ ਦੀ ਤਸਦੀਕ ਕਿਸੇ ਸੋਮੇ ਤੋਂ ਨਹੀਂ ਹੁੰਦੀ। ਉਂਞ ਉਸ ਦੀ ਮੌਤ ਇਸ ਤੋਂ 10 ਸਾਲ ਬਾਅਦ 1772 ਵਿਚ ਹੋਈ ਸੀ)।

1763: ਇਕ ਬ੍ਰਾਹਮਣ ਦੀ ਫ਼ਰਿਆਦ ਤੇ ਸਿੱਖਾਂ ਨੇ ਉਸ ਦੀ ਬੀਵੀ ਛੁਡਾਉਣ ਵਾਸਤੇ ਕਸੂਰ ਤੇ ਹਮਲਾ ਕਰਨ ਦਾ ਮਤਾ ਪਾਸ ਕੀਤਾ

10 ਅਪਰੈਲ 1763 ਦੇ ਦਿਨ ਜਦੋਂ ਖਾਲਸਾ ਫ਼ੌਜਾਂ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋ ਰਿਹਾ ਸੀ ਤਾਂ ਕਸੂਰ ਦਾ ਇਕ ਬ੍ਰਾਹਮਣ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਅਤੇ ਅਰਜ਼ ਕੀਤੀ ਕਿ ਕਸੂਰ ਦਾ ਹਾਕਮ ਉਸਮਾਨ ਖ਼ਾਨ ਉਸ ਦੀ ਬੀਵੀ ਨੂੰ ਚੁੱਕ ਲੈ ਕੇ ਗਿਆ ਹੈ। ਹਰੀ ਸਿੰਘ ਭੰਗੀ ਨੇ ਇਕ ਦਮ ਉਸ ਬ੍ਰਾਹਮਣ ਦੀ ਮਦਦ ਕਰਨ ਵਾਸਤੇ 'ਹਾਂ' ਕਰ ਦਿੱਤੀ। ਪਰ ਉਸ ਨੂੰ ਕੁਝ ਸਿੱਖ ਜਰਨੈਲਾਂ ਨੇ ਸਮਝਾਇਆ ਕਿ ਕਸੂਰ ਕੋਈ ਮਾਮੂਲੀ ਰਿਆਸਤ ਨਹੀਂ ਬਲਕਿ ਇਸ ਨੂੰ ਤਾਂ ਵੱਡੇ-ਵੱਡੇ ਮੁਗ਼ਲ ਤੇ ਅਫ਼ਗ਼ਾਨ ਹਾਕਮ ਵੀ ਨਹੀਂ ਸਨ ਝੁਕਾ ਸਕੇ। ਪਰ, ਹਰੀ ਸਿੰਘ ਨੇ ਕਿਹਾ ਕਿ 'ਮੈਂ ਬਚਨ ਕਰ ਦਿੱਤਾ ਹੈ ਤੇ ਮੈਂ ਤਾਂ ਕਸੂਰ ਜਾਵਾਂਗਾ ਹੀ।' ਇਸ 'ਤੇ ਹਾਜ਼ਰ ਸਰਬੱਤ ਖਾਲਸਾ ਨੇ ਉਸ ਵੇਲੇ ਗੁਰਮਤਾ ਸੋਧਿਆ ਤੇ ਗੁਰੂ ਗ੍ਰੰਥ ਸਾਹਿਬ 'ਚੋਂ ਵਾਕ ਲਿਆ। ਇਸ ਮਗਰੋਂ ਅਰਦਾਸਿ ਕਰ ਕੇ ਸਿੱਖ ਫ਼ੌਜਾਂ ਨੇ ਉਸ ਬ੍ਰਾਹਮਣ ਦੀ ਬੀਵੀ ਨੂੰ ਵਾਪਿਸ ਦਿਵਾਉਣ ਵਾਸਤੇ ਕਸੂਰ 'ਤੇ ਚੜ੍ਹਾਈ ਕਰ ਦਿੱਤੀ।

ਕਸੂਰ 'ਤੇ ਹਮਲੇ ਦਾ ਫ਼ੈਸਲਾ ਕਾਹਲੀ ਵਿਚ ਲਿਆ ਗਿਆ ਸੀ ਕਿਉਂਕਿ ਕਸੂਰ ਕੋਈ ਨਿੱਕੀ-ਮੋਟੀ ਰਿਆਸਤ ਨਹੀਂ ਸੀ। ਇਹ ਬੜੇ ਜ਼ਬਰਦਸਤ ਪਠਾਣਾਂ ਦਾ ਇਲਾਕਾ ਸੀ ਜਿਸ ਵਿਚ 12 ਵੱਡੇ ਕਿਲ੍ਹੇ ਸਨ (ਕੋਟ ਖਵਾਜਾ ਹੁਸੈਨ ਖ਼ਾਨ, ਕੋਟ ਖਵਾਜਾ ਗ਼ੁਲਾਮ ਮੁਹੱਈ-ਉਦ-ਦੀਨ, ਕੋਟ ਉਸਮਾਨ ਖ਼ਾਨ, ਕੋਟ ਬਦਰ-ਉਦ-ਦੀਨ ਖ਼ਾਨ, ਕੋਟ ਮੁਰਾਦ ਖ਼ਾਨ, ਕੋਟ ਰੁਕਨ-

ਉਦ-ਦੀਨ ਖ਼ਾਨ, ਕੋਟ ਹਲੀਮ ਖ਼ਾਨ, ਕੋਟ ਆਜ਼ਮ ਖ਼ਾਨ, ਕੋਟ ਬਹਾ-ਉਦ-ਦੀਨ ਖ਼ਾਨ, ਪੀਰ ਦਾ ਕੋਟ, ਕੋਟ ਗੜ੍ਹੀ ਤੇ ਕੱਚਾ ਕੋਟ)। ਇਨ੍ਹਾਂ ਸਾਰੇ ਕਿਲ੍ਹਿਆਂ ਵਿਚ ਫ਼ੌਜ ਵੀ ਬੜੀ ਸੀ ਤੇ ਉਨ੍ਹਾਂ ਕੋਲ ਅਸਲਾ ਵੀ ਬਹੁਤ ਸੀ।

ਚੜ੍ਹਤ ਸਿੰਘ ਸੁਕਰਚੱਕੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਖਾਲਸਾ ਫ਼ੌਜਾਂ ਨੇ ਕਸੂਰ 'ਤੇ ਚੜ੍ਹਾਈ ਕਰ ਦਿੱਤੀ। ਐਡਵਾਂਸ ਪਾਰਟੀ ਨੇ ਵਪਾਰੀਆਂ ਦੇ ਭੇਸ ਵਿਚ ਕਸੂਰ ਦਾ ਚੱਕਰ ਲਾ ਕੇ ਖ਼ਬਰ ਲਿਆਂਦੀ ਕਿ ਕਸੂਰ ਵਿਚ ਕਿਸੇ ਨੂੰ ਸਿੱਖਾਂ ਵੱਲੋਂ ਹਮਲਾ ਕੀਤੇ ਜਾਣ ਬਾਰੇ ਖ਼ਾਬੋ-ਖ਼ਿਆਲ ਵੀ ਨਹੀਂ। ਦੂਜਾ, ਗਰਮੀਆਂ ਹੋਣ ਕਾਰਨ ਪਠਾਣ ਸਾਰਾ ਦਿਨ ਤਹਿਖ਼ਾਨਿਆਂ ਵਿਚ ਵੜੇ ਰਹਿੰਦੇ ਸਨ। ਤੀਜਾ, ਰਮਜ਼ਾਨ (ਰੋਜ਼ਿਆਂ) ਦਾ ਮਹੀਨਾ ਹੋਣ ਕਰ ਕੇ, ਉਹ ਸਾਰਾ ਦਿਨ ਭੁੱਖੇ-ਪਿਆਸੇ ਰਹਿੰਦੇ ਸਨ ਤੇ ਦਿਨ ਦਾ ਬਹੁਤਾ ਹਿੱਸਾ ਉਹ ਆਰਾਮ ਕਰਦੇ ਸਨ। ਸਿੱਖ ਜਰਨੈਲਾਂ ਨੇ ਫ਼ੈਸਲਾ ਕੀਤਾ ਕਿ ਕਸੂਰ 'ਤੇ ਹਮਲਾ ਸਿਖਰ ਦੁਪਹਿਰ ਵੇਲੇ ਹੀ ਕੀਤਾ ਜਾਵੇ।ਕਸੂਰ ਪੁੱਜ ਕੇ ਸਿੱਖ ਫ਼ੌਜਾਂ ਨੇ ਸ਼ਹਿਰ ਦੇ ਹਰ ਦਰਵਾਜ਼ੇ 'ਤੇ ਆਪਣੇ ਫ਼ੌਜੀ ਤਾਈਨਾਤ ਕਰ ਦਿੱਤੇ ਤੇ ਕਿਲ੍ਹਿਆਂ 'ਤੇ ਧਾਵਾ ਬੋਲ ਦਿੱਤਾ। ਸਭ ਤੋਂ ਪਹਿਲਾਂ ਉਸਮਾਨ ਖ਼ਾਨ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ ਗਿਆ। ਉਸਮਾਨ ਖ਼ਾਨ ਮਾਰਿਆ ਗਿਆ ਤੇ ਬ੍ਰਾਹਮਣ ਨੂੰ ਉਸ ਦੀ ਬੀਵੀ ਮਿਲ ਗਈ। ਇਸ ਮਗਰੋਂ ਪਠਾਣਾਂ ਦਾ ਚੀਫ਼ ਗ਼ੁਲਾਮ ਮੁਹੱਈ-ਉਦ-ਦੀਨ ਵੀ ਮਾਰਿਆ ਗਿਆ। ਉਸ ਦੇ ਭਤੀਜੇ ਹਮੀਦ ਖ਼ਾਨ ਨੇ ਹਥਿਆਰ ਸੁੱਟ ਦਿੱਤੇ ਤੇ ਝੰਡਾ ਸਿੰਘ ਭੰਗੀ ਤੋਂ ਜਾਨ-ਬਖ਼ਸ਼ੀ ਦੀ ਅਰਜ਼ ਕੀਤੀ। ਉਸ ਨੂੰ ਚਾਰ ਲੱਖ ਰੁਪੈ ਨਜ਼ਰਾਨਾ ਲੈ ਕੇ ਮੁਆਫ਼ ਕੀਤਾ ਗਿਆ। ਕਸੂਰ ਦੇ ਬ੍ਰਾਹਮਣ ਦੀ ਬੀਵੀ ਉਸ ਨੂੰ ਵਾਪਿਸ ਦਿਵਾ ਦਿੱਤੀ ਗਈ।

1765: ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰਨ ਵਾਸਤੇ ਹਮਲਾ ਕਰਨ ਦਾ ਗੁਰਮਤਾ ਕੀਤਾ

ਅਹਿਮਦ ਸ਼ਾਹ ਨੂੰ ਬੁਰੀ ਤਰ੍ਹਾਂ ਹਰਾ ਕੇ ਪੰਜਾਬ ਵਿੱਚੋਂ ਕੱਢਣ ਮਗਰੋਂ, ਸਿੱਖ ਫ਼ੌਜਾਂ ਆਪਣੇ ਕੌਮੀ ਇਜਲਾਸ (ਸਰਬਤ ਖਾਲਸਾ) ਵਾਸਤੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਇਕੱਠੀਆਂ ਹੋਈਆਂ। 10 ਅਪਰੈਲ 1765 ਦੇ ਦਿਨ ਸਰਬੱਤ ਖਾਲਸਾ ਦਾ ਇਹ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਇਸ ਇਕੱਠ ਵਿਚ ਇਹ ਗੁਰਮਤਾ ਵੀ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਇਸ ਇਕੱਠ ਵਿਚ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ ਤੋਂ ਇਲਾਵਾ ਪੰਜ ਭੰਗੀ ਜਰਨੈਲ (ਗੁੱਜਰ ਸਿੰਘ, ਲਹਿਣਾ ਸਿੰਘ, ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ) ਅਤੇ ਸੋਭਾ ਸਿੰਘ ਕਨ੍ਹਈਆ ਵੀ ਹਾਜ਼ਿਰ ਸਨ। ਇਨ੍ਹਾਂ ਨੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਇਕ ਦਮ ਕਬਜ਼ਾ ਕਰ ਲਿਆ ਜਾਵੇ।

1914: ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹਰਚੰਦ ਸਿੰਘ ਲਾਇਲਪੁਰੀ ਨੂੰ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹੇ ਜਾਣ ਦੇ ਖ਼ਿਲਾਫ਼ ਮਤਾ ਪੇਸ਼ ਨਾ ਕਰਨ ਦਿਤਾ ਗਿਆ

14 ਜਨਵਰੀ 1914 ਦੇ ਦਿਨ ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਵਿਚ ਇਸ ਦੇ ਖਿਲਾਫ਼ ਰੋਸ ਜਾਗਿਆ। ਹਰਚੰਦ ਸਿੰਘ ਰਈਸ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ। 10 ਤੋਂ 12

ਅਪ੍ਰੈਲ 1914 ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹੋਈ। ਮਾਸਟਰ ਸੁੰਦਰ ਸਿੰਘ ਤੇ ਹਰਚੰਦ ਸਿੰਘ ਨੇ ਪਹਿਲੇ ਦਿਨ 10 ਅਪ੍ਰੈਲ ਨੂੰ ਕਾਨਫ਼ਰੰਸ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਉਠਾਉਣਾ ਚਾਹਿਆ। ਜਦੋਂ ਕਮੇਟੀ ਵਾਲੇ ਨਾ ਮੰਨੇ ਤਾਂ ਇਨ੍ਹਾਂ ਨੇ ਉੱਚੀ ਅਵਾਜ਼ ਵਿਚ ਹਾਜ਼ਰ ਸਿੱਖਾਂ ਵਿਚ ਮਸਲਾ ਰੱਖਣਾ ਚਾਹਿਆ। ਇਸ 'ਤੇ ਕਾਨਫ਼ਰੰਸ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਕਾਨਫ਼ਰੰਸ ਵਿੱਚੋਂ ਕੱਢ ਦਿੱਤਾ। ਇਸ ਮਗਰੋਂ ਇਨ੍ਹਾਂ ਨੇ ਜਲੰਧਰ ਸਟੇਸ਼ਨ 'ਤੇ ਆ ਕੇ ਇਕ ਜਲਸਾ ਕਰ ਕੇ ਲੋਕਾਂ ਨੂੰ ਹਾਲਾਤ ਦੱਸੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਮੰਗ ਕੀਤੀ।

1986: ਪੰਜਾਬ ਪੁਲੀਸ ਚੀਫ਼ ਰਬੈਰੋ ਦਾ ਐਲਾਨ: 'ਮੈਂ ਖਾੜਕੂਆਂ ਨੂੰ ਗੋਲੀ ਦਾ ਜਵਾਬ ਗੋਲੀ ਨਾਲ ਦਿਆਂਗਾ'

ਕਾਂਗਰਸ ਦੀ ਮਦਦ ਨਾਲ ਮੁਖ ਮੰਤਰੀ ਬਣੇ ਸੁਰਜੀਤ ਬਰਨਾਲਾ ਨੇ, ਇਕ 'ਬੁੱਚੜ' ਜਾਣੇ ਜਾਂਦੇ ਪੁਲੀਸ ਅਫ਼ਸਰ, ਜੂਲੀਓ ਰਬੈਰੋ ਨੂੰ 28 ਮਾਰਚ 1986 ਦੇ ਦਿਨ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ। ਰਬੈਰੋ ਨੇ 10 ਅਪਰੈਲ ਨੂੰ ਇਕ ਬਿਆਨ ਵਿਚ ਐਲਾਨ ਕੀਤਾ ਕਿ ਮੈਂ ਖਾੜਕੂਆਂ ਨੂੰ ਗ੍ਰਿਫ਼ਤਾਰ ਨਹੀਂ ਕਰਾਂਗਾ ਅਤੇ '**ਗੋਲੀ ਦਾ ਜਵਾਬ ਗੋਲੀ 'ਚ ਦਿੱਤਾ ਜਾਵੇਗਾ।**'

1989:ਪਲਵਿੰਦਰ ਸਿੰਘ ਮਨਸੂਰਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦਸ ਅਪ੍ਰੈਲ 1989 ਦੀ ਰਾਤ ਨੂੰ ਪੰਜਾਬ ਪੁਲਸ ਨੇ ਪਲਵਿੰਦਰ ਸਿੰਘ (ਪੁੱਤਰ ਬਾਵਾ ਸਿੰਘ, ਵਾਸੀ ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਦੇ ਨਾਲ ਹੀ ਪਲਿਸ ਨੇ ਉਸ ਦੇ ਸਾਥੀ ਪਲਵਿੰਦਰਪਾਲ ਸਿੰਘ ਬੂੜੇਵਾਲ ਨੂੰ ਭੱਜ ਗਿਆ ਕਰਾਰ ਦੇ ਦਿੱਤਾ ਤੇ ਉਸ ਨੂੰ ਵੀ ਕੁਝ ਦਿਨ ਮਗਰੋਂ ਸ਼ਹੀਦ ਕਰ ਦਿੱਤਾ।

1991: ਸੁਭਾਸ਼ ਸਿੰਘ ਜੇਠੂਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦਸ ਅਪ੍ਰੈਲ 1991 ਦੇ ਦਿਨ ਪੁਲਸ ਨੇ ਸੁਭਾਸ਼ ਸਿੰਘ (ਪੁੱਤਰ ਦੀਵਾਨ ਸਿੰਘ, ਵਾਸੀ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਬੇਜ ਸਿੰਘ ਗੇਜਾ, ਸਤਵਿੰਦਰ ਸਿੰਘ ਦਾਦੂ ਦੁਆਰ ਤੇ ਹੋਰ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

ਦਸ ਅਪ੍ਰੈਲ 1992 ਦੇ ਦਿਨ ਗੁਰਬੇਜ ਸਿੰਘ ਭੇਜਾ ਉਰਫ਼ ਸਾਇਆਨਾਈਡ (ਪੁੱਤਰ ਜਸਵਿੰਦਰ ਸਿੰਘ, ਵਾਸੀ ਲਾਲਪੁਰਾ, ਜ਼ਿਲ੍ਹਾ ਤਰਨ ਤਾਰਨ) ਨੂੰ ਪੁਲਸੀਏ ਅਜੀਤ ਸੰਧੂ ਨੇ ਸ਼ਹੀਦ ਕੀਤਾ। ਉਸ ਦੇ ਨਾਲ ਜੋਧਾ ਸਿੰਘ (ਕਲ੍ਹਾ ਪਿੰਡ) ਤੇ 3 ਹੋਰ ਵੀ ਸਨ। ਇਸੇ ਦਿਨ ਸਤਵਿੰਦਰ ਸਿੰਘ (ਦਾਦੂ ਦੁਆਰ, ਹੁਸ਼ਿਆਰਪੁਰ) ਤੇ ਛੇ ਹੋਰ ਸਿੱਖਾਂ ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਮਥਰਾ ਸਿੰਘ ਸ਼ਿਕਾਰ ਮਾਛੀਆਂ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਦੱਸ ਅਪ੍ਰੈਲ 1993 ਦੇ ਦਿਨ ਪੁਲਸ ਨੇ ਮਥਰਾ ਸਿੰਘ ਉਰਫ਼ ਸੁਰਦੀਪ ਸਿੰਘ (ਵਾਸੀ ਸ਼ਿਕਾਰ ਮਾਛੀਆਂ) ਨੂੰ ਇਕ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2003: ਭਾਰਤ ਸਰਕਾਰ ਨੇ ਡਾ: ਦਿਲਗੀਰ ਦਾ ਨਾਂ ਪ੍ਰਵਾਸੀ ਸਿੱਖਾਂ ਦੀ ਬਲੈਕ ਲਿਸਟ ਵਿਚੋਂ ਕੱਢਿਆ

10 ਅਪਰੈਲ 2003 ਦੇ ਦਿਨ ਭਾਰਤ ਸਰਕਾਰ ਨੇ ਦਿਨ ਉਘੇ ਸਿੱਖ ਇਤਿਹਾਸਕਾਰ ਡਾ: ਹਰਜਿੰਦਰ ਸਿੰਘ ਦਿਲਗੀਰ ਦਾ ਨਾਂ ਪ੍ਰਵਾਸੀ ਸਿੱਖਾਂ ਦੀ ਬਲੈਕ ਲਿਸਟ ਵਿਚੋਂ ਕੱਢ ਦੇਣ ਦਾ ਐਲਾਨ ਕੀਤਾ। ਚੇਤੇ ਰਹੇ ਕਿ 1984 ਤੋਂ ਮਗਰੋਂ ਹਜ਼ਾਰਾਂ ਪਰਵਾਸੀ ਸਿੱਖਾਂ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ ਸੀ। ਇਹ ਉਹ ਸਿੱਖ ਸਨ ਜਿਨ੍ਹਾਂ ਨੇ ਜੂਨ 1984 ਵਿਚ ਦਰਬਾਰ ਸਾਹਿਬ ‘ਤੇ ਭਾਰਤੀ ਫ਼ੌਜਾਂ ਦੇ ਹਮਲੇ ਦੇ ਖ਼ਿਲਾਫ਼ ਰੋਸ ਤੇ ਰੋਹ ਜ਼ਾਹਿਰ ਕੀਤਾ ਸੀ। ਸ. ਸਿਮਰਨਜੀਤ ਸਿੰਘ ਮਾਨ ਨੇ ਮਾਰਚ 2003 ਵਿਚ ਡਾ: ਹਰਜਿੰਦਰ ਸਿੰਘ ਦਿਲਗੀਰ ਨੂੰ ਦੋਬਾਰਾ ਬਲੈਕ ਲਿਸਟ ਕਰਨ ਦੇ ਖ਼ਿਲਾਫ਼ ਹਿਊਮਨ ਰਾਈਟਸ ਕਮਿਸ਼ਨ ਵਿਚ ਕੀਤੀ ਪਟੀਸ਼ਨ ਸਬੰਧੀ ਜਵਾਬ ਤਲਬੀ ਵਿਚ ਭਾਰਤ ਸਰਕਾਰ ਦੀ ਹੋਮ ਮਨਿਸਟਰੀ ਨੇ 10 ਅਪਰੈਲ 2003 ਦੇ ਦਿਨ ਡਾ ਦਿਲਗੀਰ ਦਾ ਨਾਂ ਇਸ ਲਿਸਟ ਵਿਚੋਂ ਕੱਢਣਾ ਮੰਨ ਲਿਆ ਤੇ ਉਨ੍ਹਾਂ ਤੋਂ ਮਗਰੋਂ 353 ਹੋਰ ਨਾਂ ਕੱਢ ਦਿੱਤੇ ਗਏ। 6 ਅਗਸਤ ਨੂੰ ਇਸ ਵਿਚ ਸਿਰਫ਼ 141 ਨਾਂ ਰਹਿ ਗਏ ਸਨ (ਰਿਪੋਰਟ ਹਿਊਮਨ ਰਾਈਟਸ ਕਮਿਸ਼ਨ, 12 ਨਵੰਬਰ 2003)। ਇਸ ਮਗਰੋਂ ਫਿਰ ਕਈ ਹੋਰ ਸਿੱਖ ਬਲੈਕ ਲਿਸਟ ਕੀਤੇ ਗਏ ਤੇ ਇਹ ਗਿਣਤੀ ਫਿਰ 169 ਤਕ ਪਹੁੰਚ ਗਈ। ਫਿਰ 13 ਮਈ 2011 ਦੇ ਦਿਨ ਇਨ੍ਹਾਂ ਵਿਚੋਂ 142 ਨਾਂ ਕੱਢ ਦਿੱਤੇ ਗਏ। ਭਾਵੇਂ ਇਸ ਦਿਨ ਸਿਰਫ਼ 27 ਨਾਂ ਬਾਕੀ ਸਨ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਅਣ-ਐਲਾਨੇ ਤੌਰ ‘ਤੇ ਵੀ ਬਲੈਕ ਲਿਸਟ ਕੀਤਾ ਹੋਇਆ ਸੀ।

2013: ਸੀ.ਬੀ.ਆਈ. ਵੱਲੋਂ ਟਾਈਟਲਰ ਨੂੰ ਦਿੱਤੀ ਕਲੀਨ ਚਿੱਟ ਅਦਾਲਤ ਵੱਲੋਂ ਰੱਦ

10 ਅਪ੍ਰੈਲ 2013 ਦੇ ਦਿਨ ਦਿੱਲੀ ਦੀ ਕੜਕੜਡੂਮਾ ਅਦਾਲਤ (ਐਡੀਸ਼ਨਲ ਸੈਸ਼ਨ ਜੱਜ ਅਨੁਰਾਧਾ ਸ਼ੁਕਲਾ ਭਾਰਦਵਾਜ) ਨੇ ਸੀ.ਬੀ.ਆਈ. ਵੱਲੋਂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਉਸ ‘ਤੇ ਮੁਕੱਦਮਾ ਚਲਾਉਣ ਵਾਸਤੇ ਕਿਹਾ।

2014: ਬਾਦਲ ਦਲ ਦੇ ਐਮ.ਐਲ.ਏ. ਗੁਰਬਚਨ ਸਿੰਘ ਬੱਬੇਹਾਲੀ ਨੂੰ ਜੁੱਤੀ ਮਾਰੀ

10 ਅਪ੍ਰੈਲ 2014 ਦੇ ਦਿਨ ਗੁਰਦਾਸਪੁਰ ਵਿਚ, (29 ਮਾਰਚ 2012 ਦੇ ਦਿਨ, ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੇ ਖ਼ਿਲਾਫ਼ ਕੱਢੇ ਜਲੂਸ ਦੌਰਾਨ, ਪੁਲਸ ਦੀਆਂ ਗੋਲੀਆਂ ਨਾਲ ਮਾਰੇ ਗਏ) ਜਸਪਾਲ ਸਿੰਘ ਦੀ ਮਾਤਾ ਸਰਬਜੀਤ ਕੌਰ ਨੇ 10 ਅਪ੍ਰੈਲ 2014 ਦੇ ਦਿਨ, ਪਿੰਡ ਚੌੜਾ ਸਿੱਧਵਾਂ ਵਿਚ ਇਕ ਸਮਾਗਮ ਦੌਰਾਨ, ਬਾਦਲ ਦਲ ਦੇ ਐਮ.ਐਲ.ਏ. ਗੁਰਬਚਨ ਸਿੰਘ ਬੱਬੇਹਾਲੀ ਨੂੰ ਜੁੱਤੀ ਮਾਰੀ ਕਿਉਂ ਕਿ ਉਸ ਨੇ ਜਸਪਾਲ ਸਿੰਘ ਦੇ ਕਾਤਲਾਂ, ਸਿੱਖ ਦੁਸ਼ਮਣ ਜਮਾਤ ਸ਼ਿਵ ਸੈਨਾ ਦੇ ਵਰਕਰਾਂ ਨੂੰ ਬਚਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਇਸ ਕੇਸ ਸਬੰਧੀ ਪੰਜਾਬ ਸਰਕਾਰ ਨੇ, ਰੀਟਾਇਰਡ ਸੈਸ਼ਨ ਜੱਜ ਬੀ.ਸੀ. ਗੁਪਤਾ ‘ਤੇ ਅਧਾਰਿਤ ਇਕ ਕਮਿਸ਼ਨ ਬਣਾਇਆ ਸੀ, ਜਿਸ ਨੇ ਇਕ ਹਫ਼ਤਾ ਪਹਿਲਾਂ ਹੀ ਰਿਪੋਰਟ ਦਿੱਤੀ ਸੀ ਜਿਸ ਵਿਚ ਉਸ ਵੇਲੇ ਦੇ ਐਸ.ਐਸ.ਪੀ. ਵਰਿੰਦਰਪਾਲ ਸਿੰਘ ਅਤੇ ਡੀ.ਐਸ.ਪੀ.

ਮਨਪ੍ਰੀਤ ਸਿੰਘ ਨੂੰ ਬੇਕਸੂਰ ਦੱਸਿਆ ਸੀ ਤੇ ਕਿਹਾ ਸੀ ਕਿ ਉਨ੍ਹਾਂ ਨੇ ਡਿਊਟੀ ਦੌਰਾਨ ਕੋਈ ਕੁਤਾਹੀ ਨਹੀਂ ਵਰਤੀ ਸੀ।

11 ਅਪਰੈਲ

1624: ਬਿਲਾਸਪੁਰ ਦੇ ਰਾਜੇ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਆਪਣਾ ਹੈਡਕੁਆਰਟਰ ਬਣਾਉਣ

28 ਮਾਰਚ 1624 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਸਿੱਖਾਂ ਦਾ ਇਕ ਭਾਰੀ ਇਕੱਠ ਹੋਇਆ। ਇਸ ਵਿਚ ਬਿਲਾਸਪੁਰ, ਹੰਡੂਰ ਅਤੇ ਹੋਰ ਕਈ ਰਿਆਸਤਾਂ ਦੇ ਰਾਜੇ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਰਿਹਾ ਕਰਵਾਇਆ ਸੀ, ਵੀ ਪੁੱਜੇ। ਬਿਲਾਸਪੁਰ ਦਾ ਰਾਜਾ ਕਲਿਆਣ ਚੰਦ ਉੱਥੇ ਕਈ ਦਿਨ ਠਹਿਰਿਆ। 11 ਅਪਰੈਲ ਦੇ ਦਿਨ ਵਾਪਿਸ ਜਾਣ ਤੋਂ ਪਹਿਲਾਂ ਉਸ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਆਪਣਾ ਹੈੱਡਕੁਆਰਟਰ ਬਣਾਉਣ। ਕਲਿਆਣ ਚੰਦ ਨੂੰ 1621 ਦੀ ਰੁਹੀਲਾ ਦੀ ਲੜਾਈ ਵਿਚ ਗੁਰੂ ਸਾਹਿਬ ਦੀ ਜਿੱਤ ਦਾ ਅਹਿਸਾਸ ਸੀ 'ਤੇ ਉਸ ਸੋਚਦਾ ਸੀ ਕਿ ਜੇ ਗੁਰੂ ਸਾਹਿਬ ਉਸ ਦੀ ਰਿਆਸਤ ਵਿਚ ਆ ਗਏ ਤਾਂ ਛੇਤੀ ਕੀਤਿਆਂ ਕੋਈ ਉਸ 'ਤੇ ਹਮਲਾ ਨਹੀਂ ਕਰੇਗਾ ਅਤੇ ਜੇ ਫਿਰ ਵੀ ਕਿਸੇ ਨੇ ਹਮਲਾ ਕਰਨ ਦੀ ਹਰਕਤ ਕੀਤੀ ਤਾਂ ਉਸ ਨੂੰ ਗੁਰੂ ਸਾਹਿਬ ਦੀ ਮਦਦ ਮਿਲ ਸਕੇਗੀ।

1748: ਮੀਰ ਮੰਨੂ ਲਾਹੌਰ ਦਾ ਸੂਬੇਦਾਰ ਬਣਿਆ

ਅਹਿਮਦ ਸ਼ਾਹ ਦੁਰਾਨੀ ਲਾਹੌਰ ਤੇ ਕਬਜ਼ਾ ਕਰਨ ਮਗਰੋਂ ਦਿੱਲੀ ਵਲ ਚਲ ਪਿਆ। 11 ਮਾਰਚ 1748 ਦੇ ਦਿਨ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਿੱਲੀ ਦਰਬਾਰ ਦੀਆਂ ਫ਼ੌਜਾਂ ਵਿਚ ਜੰਗ ਸ਼ੁਰੂ ਹੋ ਗਈ। ਪਹਿਲੇ ਹਮਲੇ ਵਿਚ ਹੀ ਇਕ ਗੋਲਾ ਵਜ਼ੀਰੇ-ਆਲ੍ਹਾ ਕਮਰੁੱਦੀਨ ਨੂੰ (ਜੋ ਉਸ ਵੇਲੇ ਨਮਾਜ਼ ਪੜ੍ਹ ਰਿਹਾ ਸੀ) ਨੂੰ ਵੱਜਾ ਤੇ ਉਹ ਮਰ ਗਿਆ। ਮੁਈਨ-ਉਦ-ਦੀਨ (ਮੀਰ ਮੰਨੂ) ਨੇ ਆਪਣੇ ਬਾਪ ਦੀ ਲਾਸ਼ ਨੂੰ ਸਿਰਹਾਨਿਆਂ ਦੀ ਮਦਦ ਨਾਲ ਹਾਥੀ 'ਤੇ ਇੰਞ ਟਿਕਾਇਆ ਕਿ ਉਹ ਬੈਠਾ ਫ਼ੌਜ ਦੀ ਅਗਵਾਈ ਕਰਦਾ ਨਜ਼ਰ ਆਉਂਦਾ ਸੀ। ਉਸ ਨੇ ਇਸ ਦੇ ਨਾਲ ਹੀ ਦੁੱਰਾਨੀ ਦੀ ਫ਼ੌਜ 'ਤੇ ਇਕ ਜ਼ਬਰਦਸਤ ਹਮਲਾ ਕਰ ਦਿੱਤਾ। ਅਫ਼ਗ਼ਾਨ ਫ਼ੌਜਾਂ ਇਸ ਦਾ ਟਾਕਰਾ ਨਾ ਕਰ ਸਕੀਆਂ ਅਤੇ ਅਹਿਮਦ ਸ਼ਾਹ ਨੂੰ ਮੈਦਾਨ ਛੱਡ ਕੇ ਪਿੱਛੇ ਮੁੜਨਾ ਪੈ ਗਿਆ। ਮੀਰ ਮੰਨੂ ਦੀ ਇਸ ਜਿੱਤ 'ਤੇ ਖ਼ੁਸ਼ ਹੋ ਕੇ ਬਾਦਸ਼ਾਹ ਨੇ 11 ਅਪ੍ਰੈਲ 1748 ਦੇ ਦਿਨ ਉਸ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ।

1758: ਸਿੱਖ, ਮਰਹੱਟਾ ਤੇ ਅਦੀਨਾ ਬੇਗ ਦੀਆਂ ਫ਼ੌਜਾਂ ਦਾ ਲਾਹੌਰ 'ਤੇ ਕਬਜ਼ਾ

ਸਰਹੰਦ 'ਤੇ ਕਬਜ਼ੇ ਮਗਰੋਂ ਸਿੱਖ, ਮਰਹੱਟੇ ਤੇ ਅਦੀਨਾ ਬੇਗ ਦੀਅ ਫ਼ੌਜਾਂ ਲਾਹੌਰ ਵੱਲ ਨੂੰ ਚਲ ਪਈਆਂ। ਜਦ ਜਹਾਨ ਖ਼ਾਨ ਨੂੰ ਤਿੰਨਾਂ ਫ਼ੌਜਾਂ ਦੀ ਤਾਕਤ ਦਾ ਪਤਾ ਲੱਗਾ ਤਾਂ ਉਸ ਨੇ ਲਾਹੌਰ ਤੋਂ ਭੱਜਣ ਦੀ ਤਿਆਰੀ ਕਰ ਲਈ। 9 ਅਪਰੈਲ ਨੂੰ ਉਸ ਨੇ ਆਪਣੇ ਟੱਬਰ ਨੂੰ ਲਾਹੌਰ ਚੋਂ ਕੱਢ ਕੇ ਸ਼ਾਹਦਰਾ ਭੇਜ ਦਿੱਤਾ ਤੇ ਫਿਰ ਅਗਲੇ ਦਿਨ ਆਪ ਵੀ ਲਾਹੌਰ ਛੱਡ ਗਿਆ। ਮਗਰੋਂ ਸਿੱਖਾਂ ਤੇ ਮਰਹੱਟਿਆਂ ਦੀ ਫ਼ੌਜ ਨੇ ਉਸ ਦਾ ਪਿੱਛਾ ਕੀਤਾ ਪਰ ਰਾਤ ਦੇ ਹਨੇਰੇ ਵਿਚ ਉਹ ਆਪ ਤਾਂ ਦੌੜ ਗਿਆ, ਪਰ ਉਸ ਦੇ ਬਹੁਤ ਸਾਰੇ ਅਫ਼ਗ਼ਾਨ ਫ਼ੌਜੀ ਗ੍ਰਿਫ਼ਤਾਰ ਕਰ ਲਏ ਗਏ।

11 ਅਪਰੈਲ 1758 ਦੇ ਦਿਨ ਇਸ ਤਿਕੜੀ (ਸਿੱਖ, ਮਰਹੱਟੇ, ਅਦੀਨਾ ਬੇਗ) ਨੇ ਲਾਹੌਰ 'ਤੇ ਵੀ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਹਜ਼ਾਰਾਂ ਅਫ਼ਗ਼ਾਨ ਫ਼ੌਜੀ ਮਾਰੇ ਗਏ ਤੇ

ਤਕਰੀਬਨ 200 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਰਿਵਾਇਤ ਮੁਤਾਬਿਕ ਇਨ੍ਹਾਂ ਅਫ਼ਗਾਨ ਸਿਪਾਹੀਆਂ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਅਤੇ ਉਨ੍ਹਾਂ ਹੱਥੋਂ ਅੰਮ੍ਰਿਤਸਰ ਸਰੋਵਰ 'ਚ ਉਨ੍ਹਾਂ ਵਲੋਂ ਹੀ ਸਿਰਫ਼ ਇਕ ਸਾਲ ਪਹਿਲਾਂ ਸੁੱਟਿਆ ਮਲਬਾ ਕਢਵਾਇਆ ਗਿਆ। ਇਨ੍ਹਾਂ ਦਿਨਾਂ ਵਿਚ ਦਰਬਾਰ ਸਹਿਬ ਦੀ ਕਾਰ-ਸੇਵਾ ਚਲ ਰਹੀ ਸੀ ਜਿਸ ਵਿਚ ਚੜ੍ਹਤ ਸਿੰਘ ਸੁਕਰਚੱਕੀਆ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਤਾਰਾ ਸਿੰਘ ਗ਼ੈਬਾ, ਹਰੀ ਸਿੰਘ-ਲਹਿਣਾ ਸਿੰਘ-ਗੁੱਜਰ ਸਿੰਘ- ਝੰਡਾ ਸਿੰਘ (ਤਿੰਨੇਂ ਭੰਗੀਆਂ) ਤੇ 15 ਹਜ਼ਾਰ ਸਿੱਖਾਂ ਨੇ ਹਿੱਸਾ ਲਿਆ। ਲਾਹੌਰ 'ਤੇ ਕਬਜ਼ਾ ਕਰਨ ਮਗਰੋਂ ਅਦੀਨਾ ਬੇਗ ਨੇ ਲਾਹੌਰ ਵਿਚ ਇਕ ਜਲਸਾ ਕੀਤਾ। ਇਸ ਜਲਸੇ ਵਾਸਤੇ ਇਕ ਖ਼ਾਸ ਸ਼ਾਹੀ ਸਟੇਜ ਬਣਾਈ ਗਈ ਜਿਸ ਦੇ ਬਣਾਉਣ 'ਤੇ ਇਕ ਲੱਖ ਰੁਪੈ (ਉਦੋਂ ਦੇ) ਖ਼ਰਚ ਆਏ। ਸ਼ਾਲੀਮਾਰ ਬਾਗ਼ ਦੇ ਫ਼ੁਹਾਰਿਆਂ ਵਿਚ ਗੁਲਾਬ ਦਾ ਅਰਕ ਭਰ ਕੇ ਉਨ੍ਹਾਂ ਨੂੰ ਚਲਾਇਆ ਗਿਆ। ਸ਼ਹਿਰ ਵਿਚ ਹਰ ਪਾਸੇ ਦੀਵੇ ਜਗਾ ਕੇ ਰੌਸ਼ਨੀ ਕੀਤੀ ਗਈ। ਇਸ ਸਟੇਜ 'ਤੇ ਰਾਘੋ ਨਾਥ ਮਰਹੱਟੇ ਨੂੰ ਬਾਦਸ਼ਾਹਾਂ ਵਾਲਾ ਮਾਣ ਦਿੱਤਾ ਗਿਆ। ਇਸ ਸਾਰਾ ਕੁਝ ਦੇ ਬਾਵਜੂਦ ਰਾਘੋ ਨਾਥ ਲਾਹੌਰ ਵਿਚ ਠਹਿਰਨਾ ਨਹੀਂ ਚਾਹੁੰਦਾ ਸੀ। ਸ਼ਾਇਦ ਉਸ ਨੂੰ ਅਹਿਮਦ ਸ਼ਾਹ ਤੋਂ ਡਰ ਲਗਦਾ ਸੀ। ਇਸ ਕਰ ਕੇ ਉਸ ਨੇ ਅਦੀਨਾ ਬੇਗ ਨੂੰ ਸਭ ਕੁਝ ਸੌਂਪ ਦਿੱਤਾ ਤੇ ਉਸ ਨਾਲ ਲਾਹੌਰ ਬਾਰੇ ਸਮਝੌਤਾ ਕਰ ਲਿਆ। ਸਮਝੌਤੇ ਮੁਤਾਬਿਕ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਉਸ ਨੇ ਹਰ ਸਾਲ 30 ਲੱਖ ਰੁਪਏ ਮਰਹੱਟਿਆਂ ਨੂੰ ਦੇਣਾ ਮੰਨ ਲਿਆ। 10 ਮਈ 1758 ਨੂੰ ਰਾਘੋ ਨਾਥ ਪੰਜਾਬ ਤੋਂ ਵਾਪਿਸ ਚਲ ਪਿਆ।

1801: ਰਣਜੀਤ ਸਿੰਘ ਨੇ ਸਾਹਿਬ ਸਿੰਘ ਬੇਦੀ ਤੋਂ ਤਿਲਕ ਲਗਵਾ ਕੇ ਖ਼ੁਦ ਨੂੰ 'ਮਹਾਰਾਜਾ' ਐਲਾਨਿਆ

7 ਜੁਲਾਈ 1799 ਦੇ ਦਿਨ ਲਾਹੌਰ ਦੀ ਜਿੱਤ ਨੇ ਰਣਜੀਤ ਸਿੰਘ ਦੇ ਹੌਸਲੇ ਬੁਲੰਦ ਕਰ ਦਿੱਤੇ। ਹੁਣ ਉਸ ਨੇ ਗੁਜਰਾਂਵਾਲਾ ਅਤੇ ਲਾਹੌਰ ਤੋਂ ਇਲਾਵਾ ਵੀ ਦੂਜੀਆਂ ਸਿੱਖ ਮਿਸਲਾਂ ਦੇ ਇਲਾਕਿਆਂ ਵਲ ਵੀ ਲਲਚਾਈਆਂ ਅੱਖਾਂ ਨਾਲ ਵੇਖਣਾ ਸ਼ੁਰੂ ਕਰ ਦਿਤਾ। ਏਨਾ ਵੱਡਾ ਇਲਾਕਾ ਜਿੱਤਣ ਮਗਰੋਂ 19 ਸਾਲ ਦਾ ਜਵਾਨ ਰਣਜੀਤ ਸਿੰਘ ਮਸਤ ਗਿਆ। ਉਸ ਦਾ ਦਿਲ ਰਾਜਾ ਹੀ ਨਹੀਂ ਬਲਕਿ ਮਹਾਰਾਜਾ ਬਣਨ 'ਤੇ ਕਰ ਆਇਆ। ਰਣਜੀਤ ਸਿੰਘ ਨੇ 11 ਅਪਰੈਲ 1801 ਨੂੰ ਵਿਸਾਖੀ ਦੇ ਦਿਨ, ਲਾਹੌਰ ਵਿਚ ਸ਼ਾਹੀ ਦਰਬਾਰ ਲਾਇਆ ਅਤੇ ਸਾਹਿਬ ਸਿੰਘ ਬੇਦੀ ਕੋਲੋਂ "ਮਹਾਰਾਜਾ" ਦਾ 'ਰਾਜ ਤਿਲਕ' ਲਗਵਾਇਆ। ਇਸ ਮੌਕੇ 'ਤੇ ਬਾਦਸ਼ਾਹਤ (ਮਹਾਰਾਜਾ-ਅਧਿਰਾਜ) ਵਾਲੀਆਂ ਸਾਰੀਆਂ ਹਿੰਦੂ ਰਸਮਾਂ ਕੀਤੀਆਂ ਗਈਆਂ। ਸਿੱਖੀ ਤੋਂ ਭਟਕਣ ਵੱਲ ਇਹ ਇਕ ਅਹਿਮ ਕਦਮ ਸੀ। ਸਿੱਖਾਂ ਨੇ ਸੁਫ਼ਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਉਹ ਇਹੋ ਜਿਹੀਆਂ ਅ-ਸਿੱਖ ਰਸਮਾਂ ਕਰਨਗੇ (ਗੁਰੂ ਸਾਹਿਬ ਨੇ ਤਾਂ ਜਨੇਊ ਦੀ ਰਸਮ ਨੂੰ ਵੀ ਰੱਦ ਕੀਤਾ ਸੀ ਪਰ ਰਣਜੀਤ ਸਿੰਘ ਨੇ ਤਾਂ 'ਹਾਕਮ' ਬਣਨ ਵਾਲਾ ਪੂਰਾ ਬ੍ਰਾਹਮਣੀ ਪਾਖੰਡ ਕੀਤਾ ਸੀ)। ਹਕੂਮਤ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਕਾਇਮ ਕੀਤੀ ਸੀ; ਤਿਲਕ ਲੁਆਉਣ ਜਾਂ "ਮਹਾਰਾਜਾ" ਬਣਨ ਵਾਲੀਆਂ ਰਸਮਾਂ ਤਾਂ ਕੀ ਕਰਨੀਆਂ ਸਨ, ਉਸ ਨੇ ਤਾਂ ਖ਼ੁਦ ਨੂੰ ਰਾਜਾ ਤਕ ਵੀ ਨਹੀਂ ਅਖਵਾਇਆ ਸੀ। ਉਸ ਨੇ ਰਣਜੀਤ ਸਿੰਘ ਵਾਂਗ ਦੂਜੀਆਂ ਮਿਸਲਾਂ ਦੇ ਇਲਾਕੇ ਖੋਹਣੇ ਤਾਂ ਇਕ ਪਾਸੇ ਰਿਹਾ ਉਹ ਤਾਂ ਜਿਹੜਾ ਇਲਾਕਾ ਵੀ ਜਿੱਤਦਾ ਸੀ ਉਸ ਨੂੰ ਕਿਸੇ ਕਾਬਲ ਜਰਨੈਲ ਨੂੰ ਸੌਂਪ ਕੇ ਆਪ ਹੋਰ ਇਲਾਕੇ ਜਿੱਤਣ ਵਾਸਤੇ ਚਲ ਪੈਂਦਾ ਸੀ। ਬੰਦਾ ਸਿੰਘ ਤੇ ਰਣਜੀਤ ਸਿੰਘ ਦਾ ਮੁਕਾਬਲਾ ਕਰਨਾ ਹੋਵੇ ਤਾਂ ਕਿਹਾ ਜਾ ਸਦਕਾ ਹੈ: *"ਕਹਾਂ ਰਾਜਾ ਭੋਜ ਕਹਾਂ ਗੰਗੂ ਤੇਲੀ"*।

1992: ਗੁਰਮੇਜ ਸਿੰਘ ਖਡੂਰ ਸਾਹਿਬ, ਦਿਲਬਾਗ ਸਿੰਘ ਰਟੌਲ ਤੇ ਕਈ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਯਾਰ੍ਹਾਂ ਅਪ੍ਰੈਲ 1992 ਦੇ ਦਿਨ ਪੁਲਸ ਨੇ ਗੁਰਮੇਜ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਖਡੂਰ ਸਾਹਿਬ), ਦਿਲਬਾਗ ਸਿੰਘ ਉਰਫ਼ ਬਾਘਾ (ਪੁੱਤਰ ਹਰਨਾਮ ਸਿੰਘ, ਵਾਸੀ ਰਟੌਲ), ਤੇ ਸੱਤ ਹੋਰ ਸਿੱਖਾਂ ਨੂੰ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1994: ਨਰਿੰਦਰ ਸਿੰਘ ਵੇਰੋਵਾਲ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਯਾਰ੍ਹਾਂ ਅਪ੍ਰੈਲ 1994 ਦੇ ਦਿਨ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਬਲਵੰਤ ਸਿੰਘ, ਵਾਸੀ ਵੇਰੋਵਾਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਅਰਵਿੰਦ ਕੇਜਰੀਵਾਲ ਦੇ ਆਉਣ 'ਤੇ ਦਰਬਾਰ ਸਾਹਿਬ ਦੇ ਪ੍ਰੋਗਰਾਮ ਦਾ ਟੀ.ਵੀ ਰੀਲੇਅ ਬੰਦ ਕਰ ਦਿੱਤਾ ਗਿਆ

11 ਅਪ੍ਰੈਲ 2014 ਦੇ ਦਿਨ ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦਾ ਸਾਬਕਾ ਚੀਫ਼ ਮਨਿਸਟਰ ਅਰਵਿੰਦ ਕੇਜਰੀਵਾਲ ਨੇ ਅੰਮ੍ਰਿਤਸਰ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਉਹ ਦਰਬਾਰ ਸਾਹਿਬ ਵੀ ਗਿਆ। ਦਰਬਾਰ ਸਾਹਿਬ ਵਿਚ ਉਸ ਨੂੰ ਰਸਮੀ ਸਿਰੋਪਾ ਤਕ ਵੀ ਨਾ ਦਿੱਤਾ ਗਿਆ ਅਤੇ ਜਦੋਂ ਤਕ ਉਹ ਦਰਬਾਰ ਸਾਹਿਬ ਵਿਚ ਰਿਹਾ ਉਦੋਂ ਤਕ ਦਰਬਾਰ ਸਾਹਿਬ ਦੇ ਪ੍ਰੋਗਰਾਮ ਦਾ ਟੀ.ਵੀ ਰੀਲੇਅ ਬੰਦ ਕਰ ਦਿੱਤਾ ਗਿਆ। ਇਸ ਸ਼ਰਮਨਾਕ ਹਰਕਤ ਦਾ ਟਾਕਰਾ ਫ਼ਿਰਕੂ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਦੇ ਉਮੀਦਵਾਰ ਅਰੁਣ ਜੇਤਲੀ ਨਾਲ ਕੀਤਾ ਜਾਵੇ ਤਾਂ ਹੋਰ ਵੀ ਘਟੀਆ ਹਰਕਤ ਨਜ਼ਰ ਆ ਜਾਂਦੀ ਹੈ। ਉਹ ਜਿਸ ਨੇ ਦਰਬਾਰ ਸਾਹਿਬ ਵਿਚ 1984 ਜੂਨ ਦੇ ਸ਼ਹੀਦਾਂ ਦੀ ਯਾਦਗਾਰ ਦੀ ਮੁਖ਼ਾਲਫ਼ਤ ਕੀਤੀ ਸੀ ਉਸ ਨੂੰ ਦਰਬਾਰ ਸਾਹਿਬ ਵਿਚ ਸਿਰੋਪਾ ਦਿੱਤਾ ਗਿਆ ਸੀ ਤੇ ਉਹ ਕੇਜਰੀਵਾਲ ਜਿਸ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਮੁਆਫ਼ੀ ਵਾਸਤੇ ਸਭ ਤੋਂ ਵਧ ਸੰਜੀਦਾ ਰੋਲ ਅਦਾ ਕੀਤਾ ਅਤੇ 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਾਸਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾਉਣ ਦਾ ਐਲਾਨ ਕੀਤਾ, ਉਸ ਨੂੰ ਇਕ ਦੋ ਗ਼ਜ਼ ਦੀ ਲੀਰ (ਅਖੌਤੀ ਸਿਰੋਪਾ) ਵੀ ਨਾ ਦਿੱਤੀ। ਅਰੁਣ ਜੇਤਲੀ ਨੇ ਆਪਣਾ ਦਫ਼ਤਰ ਉਸ ਸਿੱਖ ਦੁਸ਼ਮਣ ਦੀ ਯਾਦਗਾਰ ਵਾਲੀ ਜਗਹ 'ਤੇ ਬਣਾਇਆ ਸੀ ਜੋ ਦਰਬਾਰ ਸਾਹਿਬ 'ਤੇ ਪੱਥਰ ਮਾਰਨ ਵਾਲੀਆਂ ਭੀੜਾਂ ਦੀ ਅਗਵਾਈ ਕਰਦਾ ਹੁੰਦਾ ਸੀ ਅਤੇ ਅੰਮ੍ਰਿਤਸਰ ਸਟੇਸ਼ਨ 'ਤੇ ਗੁਰੂ ਰਾਮਦਾਸ ਜੀ ਦੀ ਫ਼ੋਟੋ ਵੀ ਸਾੜੀ ਸੀ। ਜੇਤਲੀ ਨੇ ਉਸ ਸਿੱਖ-ਦੁਸ਼ਮਣ ਦੇ ਬੁੱਤ 'ਤੇ ਹਾਰ ਵੀ ਪਾਏ ਸਨ ਤੇ ਇਕ ਕਿਸਮ ਦੀ ਪੂਜਾ ਵੀ ਕੀਤੀ ਸੀ। ਅਰਵਿੰਦ ਕੇਜਰੀਵਾਲ 2 ਜੂਨ 2014 ਦੇ ਦਿਨ ਫਿਰ ਦਰਬਾਰ ਸਾਹਿਬ ਪੁੱਜਾ ਅਤੇ ਅੰਦਰ ਬੈਠ ਕੇ ਕੀਰਤਨ ਸੁਣਿਆ।

12 ਅਪਰੈਲ

1709: ਪੱਟੀ ਦੇ ਚੌਧਰੀ ਹਰਿ ਸਹਾਇ ਵੱਲੋਂ ਗੁਰੂ ਦਾ ਚੱਕ (ਅੰਮ੍ਰਿਤਸਰ) 'ਤੇ ਹਮਲਾ

ਜਿਵੇਂ 6 ਅਪ੍ਰੈਲ ਦੀ ਘਟਨਾ ਵਿਚ ਜ਼ਿਕਰ ਆਇਆ ਸੀ ਕਿ ਪੱਟੀ ਦੇ ਹਾਕਮ ਹਰ ਸਹਾਇ ਨੇ 6 ਅਪ੍ਰੈਲ ਨੂੰ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਤੇ ਉਹ (ਹਰ ਸਹਾਇ) ਭਾਈ ਤਾਰਾ ਸਿੰਘ ਡੱਲ-ਵਾਂ ਹੱਥੋਂ ਮਾਰਿਆ ਗਿਆ। ਇਸ ਤੋਂ 6 ਦਿਨ ਮਗਰੋਂ 12 ਅਪ੍ਰੈਲ ਨੂੰ ਚੂਹੜ

ਮੱਲ ਇਕ ਦੇਵਾ ਨਾਂ ਦੇ ਚੌਧਰੀ ਦੀ ਕਮਾਨ ਹੇਠ ਫ਼ੌਜ ਲੈ ਆਇਆ। ਸਿੰਘਾਂ ਨੇ ਇਸ ਫ਼ੌਜ ਨੂੰ ਵੀ ਬੁਰੀ ਤਰ੍ਹਾਂ ਪਛਾੜਿਆ।

1924: ਜੈਤੋ ਵਾਸਤੇ ਅਕਾਲ ਤਖ਼ਤ ਤੋਂ ਪੰਜਵਾਂ ਜਥਾ ਚਲਿਆ

ਜੈਤੋ ਮੋਰਚੇ ਵਾਸਤੇ ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਤੋਂ 12 ਅਪ੍ਰੈਲ 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਣ ਮਗਰੋਂ ਜੈਤੋ ਵਲ ਮਾਰਚ ਸ਼ੁਰੂ ਕੀਤਾ।

1959: ਨਹਿਰੂ ਤੇ ਮਾਸਟਰ ਤਾਰਾ ਸਿੰਘ ਵਿਚਕਾਰ 'ਨਹਿਰੂ-ਤਾਰਾ ਸਿੰਘ ਪੈਕਟ' ਸਮਝੌਤਾ ਹੋਇਆ

1958 ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਞ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸਾਰੇ ਕਮਿਊਨਿਸਟਾਂ ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਪ੍ਰੇਮ ਸਿੰਘ ਲਾਲਪੁਰਾ ਨੇ ਆਪਣਾ ਪਹਿਲਾ ਬਿਆਨ ਪੰਜਾਬੀ ਸੂਬੇ ਦਾ ਵਿਰੋਧ ਕਰ ਕੇ ਅਤੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤ ਆਖ ਕੇ ਦਿੱਤਾ।

ਮਾਸਟਰ ਤਾਰਾ ਸਿੰਘ ਦੀ ਹਾਰ ਦਾ ਮੁੱਖ ਕਾਰਨ ਸੀ ਕਾਂਗਰਸ ਤੇ ਕਮਿਊਨਿਸਟਾਂ ਦਾ ਗਠਜੋੜ ਅਤੇ ਸਰਕਾਰੀ ਮਸ਼ੀਨਰੀ ਦੀ ਅੰਨ੍ਹੀ ਵਰਤੋਂ। ਇਹ ਗੱਲ ਅਚਾਰੀਆ ਵਿਨੋਬਾ ਭਾਵੇ ਨੇ ਵੀ ਕਹੀ। ਅਚਾਰੀਆ ਵਿਨੋਬਾ ਭਾਵੇ ਨੇ ਇਕ ਬਿਆਨ 'ਚ ਕਿਹਾ ਕਿ 'ਮਾਸਟਰ ਤਾਰਾ ਸਿੰਘ ਸਿੱਖਾਂ ਵਿਚ ਆਰਕ ਬਿਸ਼ਪ ਵਾਲੀ ਥਾਂ ਰੱਖਦਾ ਹੈ; ਕਾਂਗਰਸ ਅਤੇ ਕਮਿਊਨਿਸਟਾਂ ਨੇ ਮਿਲ ਕੇ ਮਾਸਟਰ ਨੂੰ ਹਰਾਇਆ ਹੈ; ਜੇ ਕਮਿਊਨਿਸਟ ਗੁਰਦੁਆਰਾ ਕਮੇਟੀ ਛੱਡ ਜਾਣ ਤਾਂ ਝਗੜਾ ਮੁੱਕ ਸਕਦਾ ਹੈ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਅਤੇ ਸ਼੍ਰੋਮਣੀ ਕਮੇਟੀ ਵਿਚ ਪੈਪਸੂ ਦੀਆਂ ਸੀਟਾਂ ਵਧਾ ਦਿਤੀਆਂ। 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦੁਆਰਾ (ਸੋਧ) ਬਿਲ ਪਾਸ ਕਰ ਦਿੱਤਾ। ਇਸ ਵਿਰੁਧ ਮਾਸਟਰ ਤਾਰਾ ਸਿੰਘ ਨੇ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ।

ਪਹਿਲਾਂ ਤਾਂ ਸਿਰਫ਼ ਬਿਆਨਾਂ ਅਤੇ ਕਾਨਫ਼ਰੰਸਾਂ ਰਾਹੀਂ ਵਿਰੋਧ ਕੀਤਾ ਗਿਆ ਪਰ ਜਦ ਕੈਰੋਂ ਤੇ ਨਹਿਰੂ ਨਾ ਟਲੇ ਤਾਂ 6 ਅਪ੍ਰੈਲ 1959 ਨੂੰ ਮਾਸਟਰ ਤਾਰਾ ਸਿੰਘ ਨੇ ਨਹਿਰੂ ਨੂੰ 16 ਅਪ੍ਰੈਲ 1959 ਤੱਕ ਦਾ ਨੋਟਿਸ ਦਿੱਤਾ ਅਤੇ ਗੁਰਦੁਆਰਿਆਂ 'ਚ ਦਖ਼ਲ ਬੰਦ ਨਾ ਹੋਣ 'ਤੇ ਮਰਨ ਵਰਤ ਰੱਖਣ ਦੀ ਧਮਕੀ ਦਿੱਤੀ। ਇਸ ਤੇ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਮੁਲਾਕਾਤ ਵਾਸਤੇ ਬੁਲਾ ਲਿਆ। 12 ਅਪ੍ਰੈਲ 1959 ਨੂੰ ਨਹਿਰੂ-ਤਾਰਾ ਸਿੰਘ ਮੁਲਾਕਾਤ ਹੋਈ। ਨਹਿਰੂ ਨੇ ਸਿੱਖਾਂ ਦੇ ਗੁਰਦੁਆਰਿਆਂ ਦੇ ਮੁਆਮਲੇ ਵਿਚ ਦਖ਼ਲ ਨਾ ਦੇਣ ਦਾ ਵਾਅਦਾ ਕੀਤਾ ਅਤੇ 4 ਮੈਂਬਰੀ ਕਮੇਟੀ ਬਣਾਉਣਾ ਮੰਨ ਗਿਆ ਜਿਸ ਵਿਚ 2 ਮਾਸਟਰ ਜੀ ਦੇ ਤੇ 2 ਪੰਜਾਬ ਸਰਕਾਰ ਦੇ ਨੁਮਾਇੰਦੇ ਸ਼ਾਮਿਲ ਹੋਣੇ ਸਨ। ਇਸ ਸਮਝੌਤੇ ਨੂੰ 12 ਅਪ੍ਰੈਲ 1959 ਦੇ 'ਨਹਿਰੂ-ਤਾਰਾ ਸਿੰਘ ਪੈਕਟ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

1983: ਧਰਮ ਯੁਧ ਮੋਰਚੇ ਦੌਰਾਨ ਮਰਜੀਵੜਿਆਂ ਦੀ ਭਰਤੀ ਸ਼ੁਰੂ ਹੋਈ

ਇੰਦਰਾ ਗਾਂਧੀ ਦੀਆਂ ਜਾਲਸਾਜ਼ੀਆਂ ਵੇਖ ਕੇ ਅਕਾਲੀ ਪਾਰਟੀ ਨੇ ਮਾਰਚ 1983 ਵਿਚ ਐਲਾਨ ਕੀਤਾ ਸੀ ਕਿ ਹੁਣ ਸਰਕਾਰ ਨਾਲ ਗੱਲਬਾਤ ਨਹੀਂ ਕੀਤੀ ਜਾਵੇਗੀ ਅਤੇ 'ਮਰਜੀਵੜਿਆਂ' ਦੇ ਦਲ ਬਣਾ ਕੇ 'ਸ਼ਹੀਦੀਆਂ' ਦਿੱਤੀਆਂ ਜਾਣਗੀਆਂ। ਇਸ 'ਸ਼ਹੀਦੀ ਦਲ' ਦੇ ਨਾਂ ਹੇਠ 12 ਅਪ੍ਰੈਲ ਤੋਂ ਇਕ ਲੱਖ ਸਿੱਖਾਂ ਨੂੰ ਭਰਤੀ ਕਰਨ ਦਾ ਟੀਚਾ ਮਿੱਥਿਆ ਗਿਆ। 12 ਅਪ੍ਰੈਲ 1983 ਦੇ ਦਿਨ ਬਾਬਾ ਜਰਨੈਲ ਸਿੰਘ ਨੇ ਇਸ ਇਕ ਲੱਖ ਸਿੱਘਾਂ ਦੀ 'ਮਰਜੀਵੜਾ ਸ਼ਹੀਦੀ ਫ਼ੌਜ' ਦੇ ਪਹਿਲੇ ਸਿਪਾਹੀ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਨਾਂ ਪੇਸ਼ ਕੀਤਾ। ਇਸ ਮਗਰੋਂ ਕੁਝ ਹੀ ਦਿਨਾਂ ਵਿਚ ਇਕ ਦੀ ਥਾਂ 'ਤੇ ਦੋ ਲੱਖ ਤੋਂ ਵੱਧ ਮਰਜੀਵੜੇ ਸ਼ਹੀਦਾਂ ਦੀ ਭਰਤੀ ਹੋਈ। ਅਕਾਲੀ ਪਾਰਟੀ ਨੇ ਇਹ 'ਭਰਤੀ' ਜਾਂ 'ਸ਼ਹੀਦੀ ਦਲ' ਇਕ ਧਮਕੀ ਵਜੋਂ ਐਲਾਨਿਆ ਸੀ। ਪਰ ਪਾਰਟੀ ਅੰਦਰ ਬੈਠੇ ਜਸੂਸ ਨਾਲ ਨਾਲ ਸਰਕਾਰ ਨੂੰ ਇਹ ਵੀ ਆਖੀ ਜਾ ਰਹੇ ਸਨ ਕਿ ਇਹ 'ਦਿਖਾਵਾ' ਹੀ ਹੈ, ਇਨ੍ਹਾਂ ਵਿਚੋਂ ਕੋਈ ਵੀ ਲੀਡਰ 'ਸ਼ਹੀਦੀ' ਦੇਣ ਵਾਲਾ ਨਹੀਂ ਹੈ। ਇੰਞ ਇਹ ਸਭ ਇਕ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਸੀ ਕਿਉਂਕਿ ਇਸ 'ਸ਼ਹੀਦੀ ਫ਼ੌਜ' ਨੇ ਕਦੇ ਵੀ ਕੋਈ ਰੋਲ ਵੀ ਅਦਾ ਨਾ ਕੀਤਾ।ਇਸ ਤਰ੍ਹਾਂ ਪਾਰਟੀ ਦਾ ਇਹ ਐਲਾਨ ਵੀ ਸਰਕਾਰ ਨੂੰ ਹਿਲਾ ਨਾ ਸਕਿਆ। ਉਂਞ ਅਖ਼ਬਾਰਾਂ ਦੀਆਂ ਸੁਰਖ਼ੀਆਂ ਦਾ ਹਿੱਸਾ ਜ਼ਰੂਰ ਬਨਦਾ ਰਿਹਾ।

1986: ਪੁਲੀਸ ਨੇ ਦਰਾਬਰ ਸਾਹਿਬ (ਅੰਮ੍ਰਿਤਸਰ) ਨੂੰ ਘੇਰਾ ਪਾ ਲਿਆ

26 ਜਨਵਰੀ 1986 ਦੇ ਇਕੱਠ ਦੀ ਕਾਮਯਾਬੀ ਮਗਰੋਂ ਭਿੰਡਰਾਂ-ਮਹਿਤਾ ਜਥਾ ਨੇ 13 ਅਪ੍ਰੈਲ 1986 ਦੇ ਦਿਨ ਸਰਬੱਤ ਖਾਲਸਾ ਦੇ ਨਾਂ 'ਤੇ ਇਕ ਹੋਰ ਕਾਨਫਰੰਸ (ਦੀਵਾਨ) ਕਰਨ ਦਾ ਐਲਾਨ ਕਰ ਦਿੱਤਾ।

ਸੁਰਜੀਤ ਬਰਨਾਲੇ ਤੇ ਬਲਵੰਤ ਸਿੰਘ ਨੇ 11 ਅਪਰੈਲ ਨੂੰ ਇਕ ਬਿਆਨ 'ਚ ਕਿਹਾ ਕਿ 'ਪੁਲੀਸ ਹਾਲਤ ਮੁਤਾਬਿਕ ਦਰਬਾਰ ਸਾਹਿਬ 'ਚ ਦਾਖ਼ਲ ਹੋ ਸਕਦੀ ਹੈ' ਰਬੈਰੋ ਨੇ ਕਿਹਾ ਕਿ 'ਦਰਬਾਰ ਸਾਹਿਬ 'ਚ ਸੁਖਦੇਵ ਸਿੰਘ ਸਖੀਰਾ, ਸੁਖਦੇਵ ਸਿੰਘ ਸੁੱਖਾ, ਗੁਰਬਚਨ ਸਿੰਘ ਮਾਨੋਚਾਹਲ, ਜਰਨੈਲ ਸਿੰਘ, ਮਨਜੀਤ ਸਿੰਘ, ਵੱਸਣ ਸਿੰਘ, ਧੰਨਾ ਸਿੰਘ ਬੈਠੇ ਹਨ ਤੇ ਇਹ ਸਾਰੇ ਸਾਡੀ ਹਿੱਟ ਲਿਸਟ ਹੈ।'

ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ 13 ਅਪ੍ਰੈਲ ਨੂੰ ਦੂਜਾ 'ਸਰਬਤ ਖਾਲਸਾ' ਇਕੱਠ ਕਰਨਗੇ। ਇਸ ਨੂੰ ਰੋਕਣ ਵਾਸਤੇ 12 ਅਪਰੈਲ ਤੋਂ ਬਾਅਦ ਦਰਬਾਰ ਸਾਹਿਬ ਦੇ ਦੁਆਲੇ ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਘੇਰਾ ਪਾ ਲਿਆ ਅਤੇ ਸਾਰੇ ਰਸਤਿਆਂ 'ਤੇ ਰੋਕਾਂ ਖੜੀਆਂ ਕਰ ਦਿਤੀਆਂ। ਇਸ ਦੇ ਬਾਵਜੂਦ ਹਜ਼ਾਰਾਂ ਸਿੱਖ ਦਰਬਾਰ ਸਾਹਿਬ ਪੁੱਜ ਗਏ। ਇਸ ਤੋਂ ਇਲਾਵਾ ਪੰਜਾਬ ਵਿਚ ਸੈਂਕੜੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨਾ ਵੀ ਸ਼ੁਰੂ ਕਰ ਦਿੱਤਾ ਹੋਇਆ ਸੀ। ਗ੍ਰਿਫ਼ਤਾਰੀਆਂ ਦੀ ਗਿਣਤੀ 600 ਤੋਂ ਵੀ ਟੱਪ ਗਈ।

1988: ਡਾ: ਗੁਰਨਾਮ ਸਿੰਘ ਬੁੱਟਰ ਨਕਲੀ ਮੁਕਾਬਲੇ ਵਿਚ ਸ਼ਹੀਦ

ਡਾ: ਗੁਰਨਾਮ ਸਿੰਘ ਬੁੱਟਰ, ਜਿਸ ਨੇ 27 ਦਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਇਕੱਠ ਵਿਚ ਸ਼੍ਰੋਮਣੀ ਕਮੇਟੀ ਦੀ ਸਟੇਜ ਤੋਂ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ ਸੀ, ਨੂੰ ਪੁਲਸ ਨੇ 9 ਅਪ੍ਰੈਲ 1988 ਦੇ ਦਿਨ ਗ੍ਰਿਫ਼ਤਾਰ ਕਰ ਲਿਆ। ਉਸ ਦੀ ਗ੍ਰਿਫ਼ਤਾਰੀ ਦੀ ਖ਼ਬਰ ਇਕ ਦਮ ਇਨਸਾਨੀ ਹਕੂਕ ਲਹਿਰ ਦੇ ਆਗੂਆਂ ਨੂੰ ਮਿਲ ਗਈ। ਅਗਲੇ ਦਿਸ ਹੀ

ਜਸਟਿਸ ਅਜੀਤ ਸਿੰਘ ਬੈਂਸ ਨੇ ਇਕ ਬਿਆਨ ਵਿਚ ਕਿਹਾ ਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਡਾ: ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ; ਉਨ੍ਹਾਂ ਮੰਗ ਕੀਤੀ ਕਿ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਪਰ ਇਸ ਬਿਆਨ ਦੇ ਛਪ ਜਾਣ ਦੇ ਬਾਵਜੂਦ ਪੁਲਸ ਨੇ 12 ਅਪ੍ਰੈਲ ਦੇ ਦਿਨ ਡਾ: ਗੁਰਨਾਮ ਸਿੰਘ ਬੁੱਟਰ ਨੂੰ ਇਕ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ। ਇਹ ਗੱਲ ਕਾਬਲੇ-ਗ਼ੌਰ ਹੈ ਕਿ ਉਸ ਵੇਲੇ ਜਸਬੀਰ ਸਿੰਘ ਰੋਡੇ ਤਲਵੰਡੀ ਸਾਬੋ ਵਿਚ ਭਾਰਤ ਸਰਕਾਰ ਦੀ ਖ਼ੁਫ਼ੀਆ ਏਜੰਸੀ ਰਾਅ ਅਤੇ ਹੋਰ ਪੁਲਸ ਅਫ਼ਸਰਾਂ ਨਾਲ ਖ਼ੁਫ਼ੀਆ ਮੀਟਿੰਗਾਂ ਕਰ ਰਿਹਾ ਸੀ। ਡਾ: ਬੁਟਰ ਦਾ ਨਕਲੀ ਮੁਕਾਬਲਾ ਬਣਾਉਣ ਤੋਂ ਪਹਿਲਾਂ ਉਸ 'ਤੇ ਬੇਹੱਦ ਤਸ਼ੱਦਦ ਕੀਤਾ ਗਿਆ ਸੀ ਤੇ ਇਹ ਤਸ਼ੱਦਦ ਕਰਨ ਵਾਲੇ ਪੁਲਸੀਏ ਸਨ ਸਵਰਨ ਘੋਟਨਾ (ਐਸ.ਐਸ.ਪੀ.), ਕੇਹਰ ਸਿੰਘ (ਡੀ.ਐਸ.ਪੀ.), ਪੂਰਨ ਕੁਬੇ (ਐਸ.ਐਚ.ਓ.) ਤੇ ਉਨ੍ਹਾ ਦਾ ਸਟਾਫ਼।

1990: ਕੁਲਦੀਪ ਸਿੰਘ ਤੇ ਕਰਨੈਲ ਸਿੰਘ ਗੁਰਦਿੱਤੀ, ਕੇਵਲ ਸਿੰਘ ਜੀਤਾ ਅਲੀਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਪਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ ਤੇ ਕਰਨੈਲ ਸਿੰਘ (ਵਾਸੀ ਗੁਰਦਿੱਤੀ ਫਿਰੋਜ਼ਪੁਰ), ਕੇਵਲ ਸਿੰਘ ਜੀਤਾ (ਵਾਸੀ ਅਲੀਪੁਰ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮੁਖ਼ਤਿਆਰ ਸਿੰਘ ਦਿਓ, ਭਜਨ ਸਿੰਘ ਰਾਮਗੜ੍ਹ ਭੁੱਲਰ, ਨਿਰਵੈਲ ਸਿੰਘ ਤੇ ਰਾਮ ਸਿੰਘ ਭੈਣੀ ਗੁਰਮੁੱਖ ਸਿੰਘ, ਅਰੂੜ ਸਿੰਘ ਸਰਪੰਚ ਤੇ ਅਵਤਾਰ ਸਿੰਘ ਭੀਲੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਪਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਮੁਖ਼ਤਿਆਰ ਸਿੰਘ (ਪੁੱਤਰ ਬਲਵੰਤ ਸਿੰਘ, ਵਾਸੀ ਪਿੰਡ ਦਿਓ), ਭਜਨ ਸਿੰਘ (ਵਾਸੀ ਰਾਮਗੜ੍ਹ ਭੁੱਲਰ, ਲੁਧਿਆਣਾ), ਨਿਰਵੈਲ ਸਿੰਘ ਤੇ ਰਾਮ ਸਿੰਘ (ਦੋਵੇਂ ਵਾਸੀ ਭੈਣੀ ਗੁਰਮੁੱਖ ਸਿੰਘ), ਅਰੂੜ ਸਿੰਘ ਸਰਪੰਚ (ਵਾਸੀ ਭੀਲੋਵਾਲ, ਅੰਮ੍ਰਿਤਸਰ), ਅਵਤਾਰ ਸਿੰਘ (ਪੁੱਤਰ ਸੌਦਾਗਰ ਸਿੰਘ, ਵਾਸੀ ਭੀਲੋਵਾਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਰਿੰਦਰ ਸਿੰਘ ਛਿੰਦਾ, ਸੁਰਿੰਦਰਜੀਤ ਸਿੰਘ, ਜੱਗਾ ਸਿੰਘ ਦਾਖਾ, ਰਣਜੀਤ ਸਿੰਘ, ਜਗਦੀਸ਼ ਸਿੰਘ, ਹਰੀਆ ਸਿੰਘ ਰੂਪੋਵਾਲੀ ਤੇ ਰਣਜੀਤ ਸਿੰਘ ਅਰਜਨ ਗੰਗਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਪਰੈਲ 1992 ਦੇ ਦਿਨ ਪੁਲਸ ਨੇ ਸੁਰਿੰਦਰ ਸਿੰਘ ਛਿੰਦਾ, ਸੁਰਿੰਦਰਜੀਤ ਸਿੰਘ, ਜੱਗਾ ਸਿੰਘ (ਦਾਖਾ), ਰਣਜੀਤ ਸਿੰਘ, ਜਗਦੀਸ਼ ਸਿੰਘ, ਹਰੀਆ ਸਿੰਘ ਰੂਪੋਵਾਲੀ ਤੇ ਰਣਜੀਤ ਸਿੰਘ (ਵਾਸੀ ਅਰਜਨ ਗੰਗਾ, ਨੇੜੇ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

13 ਅਪਰੈਲ

1907: ਪੰਚ ਖਾਲਸਾ ਦੀਵਾਨ ਭਸੌੜ ਕਾਇਮ ਹੋਇਆ

ਸਿੰਘ ਸਭਾ ਲਹਿਰ ਦੇ ਅਸਰ ਹੇਠ ਪੰਚ ਖਾਲਸਾ ਭਸੌੜ 13 ਅਪ੍ਰੈਲ 1907 ਦੇ ਦਿਨ ਕਾਇਮ ਕੀਤਾ ਗਿਆ ਸੀ। ਇਸ ਦੀਵਾਨ ਨੇ ਸਿੱਖ ਬੱਚੀਆਂ ਵਾਸਤੇ ਇਕ ਸਕੂਲ ਚਲਾਇਆ ਅਤੇ ਸਿੱਖ ਧਰਮ ਦੀ ਫ਼ਿਲਾਸਫ਼ੀ ਅਤੇ ਤਵਾਰੀਖ਼ ਬਾਰੇ ਬਹੁਤ ਸਾਰੀਆਂ ਕਿਤਾਬਾਂ ਵੀ

ਛਾਪੀਆਂ। ਇਸ ਨੇ 1926 ਤਕ 19 ਸਾਲ ਲਗਾਤਾਰ ਬਹੁਤ ਮਾਅਰਕੇ ਦੀਆਂ ਕਾਰਵਾਈਆਂ ਕੀਤੀਆਂ। ਪਰ ਬਾਬੂ ਤੇਜਾ ਸਿੰਘ ਭਸੌੜ ਨੂੰ 1927 ਵਿਚ 'ਪੰਥ ਵਿਚੋਂ ਖਾਰਜ ਕਰਨ' ਦੀ ਕਾਰਵਾਈ ਮਗਰੋਂ ਇਸ ਜਥੇਬੰਦੀ ਦਾ ਰੋਲ ਤਕਰੀਬਨ ਖ਼ਤਮ ਹੋ ਗਿਆ।

1919: ਜਨਰਲ ਡਾਇਰ ਨੇ ਜਲ੍ਹਿਆਂ ਵਾਲਾ ਬਾਗ਼ ਵਿਚ ਗੋਲੀ ਚਲਾ ਕੇ 379 ਲੋਕ ਮਾਰੇ ਤੇ 1200 ਤੋਂ ਵਧ ਜ਼ਖ਼ਮੀ ਕਰ ਦਿਤੇ

13 ਅਪ੍ਰੈਲ 1919 ਦੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲਾ ਬਾਗ਼ ਵਿਚ ਮਾਰਸ਼ਲ ਲਾਅ ਦੇ ਵਿਰੋਧ ਵਿਚ ਹੋ ਰਹੇ ਇਕ ਜਲਸੇ ਨੂੰ ਸੁਣਦੇ ਹੋਏ ਲੋਕਾਂ 'ਤੇ ਬਰਗੇਡੀਅਰ ਜਨਰਲ ਰੇਜਿਨਾਲਡ ਡਾਇਰ ਨੇ ਬਿਨਾ ਵਾਰਨਿੰਗ ਤੋਂ ਅਤੇ ਅੰਨੇਵਾਹ ਗੋਲੀਆਂ ਚਲਾ ਕੇ 379 ਬੇਗੁਨਾਹ ਨਿਹੱਥੇ ਲੋਕਾਂ ਨੂੰ ਕਤਲ ਕਰ ਕੇ ਅਤੇ ਬਾਰ੍ਹਾਂ ਸੌ ਤੋਂ ਵਧ ਲੋਕਾਂ ਨੂੰ ਜ਼ਖ਼ਮੀ ਕਰ ਕੇ ਪੰਜਾਬ ਵਿਚ ਦਹਿਸ਼ਤ ਤੇ ਨਾਲ ਹੀ ਰੋਹ ਦਾ ਮਾਹੌਲ ਪੈਦਾ ਕਰ ਦਿੱਤਾ। ਕੁਲ ਲੇਖਕਾਂ ਮੁਤਾਬਿਕ 1000 ਲੋਕ ਮਾਰੇ ਗਏ ਸਨ ਅਤੇ 1500 ਜ਼ਖ਼ਮੀ ਹਏ ਸਨ; ਜੋ ਕਿ ਸਹੀ ਨਹੀਂ ਹੈ। ਸਰਕਾਰ ਨੇ ਮਾਰੇ ਗਏ ਲੋਕਾਂ ਦੇ ਨਾਂ ਪਤੇ ਉਦੋਂ ਹੀ ਜਾਰੀ ਕਰ ਦਿੱਤੇ ਸਨ ਤੇ ਕਿਸੇ ਨੇ ਇਨ੍ਹਾਂ ਨਾਂਵਾਂ 'ਤੇ ਕੋਈ ਇਤਰਾਜ਼ ਨਹੀਂ ਕੀਤਾ ਸੀ।

1967: ਬੁਜ਼ਦਿਲੀ ਦਾ ਦਾਗ਼ ਧੋਣ ਵਾਸਤੇ ਭਾਈ ਨੰਦ ਸਿੰਘ ਨੇ ਸ਼ਹੀਦੀ ਦਿੱਤੀ

ਭਾਈ ਨੰਦ ਸਿੰਘ, ਜੋ ਤਾਮਿਲ ਤੋਂ ਸਿੱਖ ਬਣਿਆ ਸੀ ਤੇ ਬਹਾਦਰਪੁਰ (ਅੰਮ੍ਰਿਤਸਰ) ਵਿਚ ਗ੍ਰੰਥੀ ਸੀ, ਨੇ ਫਤਹਿ ਸਿੰਘ ਗੰਗਾਨਗਰ ਵੱਲੋਂ ਵਾਰ-ਵਾਰ ਗੀਦੀਪੁਣਾ ਦਿਖਾ ਕੇ ਵਰਤ ਛੱਡਣ ਦੇ ਪ੍ਰੋਟੈਸਟ ਵਜੋਂ 13 ਅਪਰੈਲ 1967 ਦੇ ਦਿਨ ਆਪਣੇ ਆਪ ਨੂੰ ਅਗਨ ਭੇਟ ਕਰ ਲਿਆ; ਇਹ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ (ਜੋ 27 ਅਕਤੂਬਰ 1969 ਦੇ ਦਿਨ ਸ਼ਹੀਦ ਹੋਏ ਸਨ) ਤੋਂ ਪਹਿਲਾਂ ਦੀ ਸ਼ਹੀਦੀ ਸੀ।

1968: ਪੰਜਾਬ ਵਿਚ ਸਕਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਗਈ

19 ਦਸੰਬਰ 1967 ਦੇ ਦਿਨ ਪੰਜਾਬ ਅਸੈਂਬਲੀ ਨੇ ਪੰਜਾਬੀ ਜ਼ਬਾਨ ਬਾਰੇ ਬਿੱਲ ਪਾਸ ਕਰ ਦਿੱਤਾ। ਇਸ ਮੁਤਾਬਿਕ ਪੰਜਾਬ ਵਿਚ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। 29 ਦਸੰਬਰ 1967 ਨੂੰ ਗਵਰਨਰ ਪਾਵਤੇ ਨੇ ਬੋਲੀ ਬਿੱਲ 'ਤੇ ਦਸਤਖ਼ਤ ਕਰ ਦਿੱਤੇ। ਇਸ ਹੇਠ 13 ਅਪ੍ਰੈਲ 1968 ਤੋਂ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ ਜੋ ਲਛਮਣ ਸਿੰਘ ਗਿੱਲ ਨੇ ਕਰ ਦਿਖਾਈ।।

1978: ਅੰਮ੍ਰਿਤਸਰ ਵਿਚ ਨਿਰੰਕਾਰੀਆਂ ਨੇ ਭਾਈ ਫ਼ੌਜਾ ਸਿੰਘ ਸਣੇ13 ਸਿੱਖ ਸ਼ਹੀਦ ਕਰ ਦਿਤੇ

12-13 ਅਪ੍ਰੈਲ 1978 ਦੇ ਦਿਨ, ਸਿੱਖ ਧਰਮ ਦੇ ਖ਼ਿਲਾਫ਼ ਪ੍ਰਚਾਰ ਕਰਨ ਵਾਲੇ, ਧਾਰਮਿਕ ਮਾਫ਼ੀਆ ਤਰੀਕੇ ਨਾਲ ਚੱਲਣ ਵਾਲੇ, ਨਿਰੰਕਾਰੀ ਅਖਵਾਉਣ ਵਾਲੇ, ਦਿੱਲੀ ਦੇ ਇਕ ਡੇਰੇ ਵਾਲਿਆਂ ਨੇ ਆਪਣਾ ਇਕ ਇਕੱਠ ਅੰਮ੍ਰਿਤਸਰ ਵਿਚ ਕੀਤਾ। ਇਸ ਇਕੱਠ ਦੇ ਵੱਡੇ ਪ੍ਰਬੰਧਕਾਂ ਵਿਚ ਪੰਜਾਬ ਦੇ ਕੁਝ ਸੀਨੀਅਰ ਅਫ਼ਸਰ (ਡੀ.ਸੀ. ਤੇ ਐਸ.ਪੀ. ਵਗ਼ੈਰਾ) ਵੀ ਸਨ। ਜਿਸ ਦਿਨ ਇਹ ਇਕੱਠ ਹੋਇਆ, ਉਸ ਦਿਨ ਪੰਜਾਬ ਦਾ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਬੰਬਈ ਵਿਚ 'ਪੰਜਾਬ ਦੀ ਵਿਸਾਖੀ' ਦੇ ਜਸ਼ਨ (ਜੋ ਹਰ ਸਾਲ ਬੰਬਈ 'ਚ ਜ਼ੋਰ-ਸ਼ੋਰ ਨਾਲ ਮਨਾਇਆ ਜਾਂਦਾ ਹੈ) ਵਿਚ ਹਿੱਸਾ ਲੈਣ ਗਿਆ ਹੋਇਆ ਸੀ *(ਪਰ ਦਲਬੀਰ ਸਿੰਘ ਪਤਰਕਾਰ ਮੁਤਾਬਿਕ ਉਹ ਏਥੇ ਹੀ ਹਾਜ਼ਰ ਸੀ)*। ਉਸ ਦਿਨ ਦਰਬਾਰ ਸਾਹਿਬ ਵਿਚ ਇਕ

ਵਜ਼ੀਰ ਜੀਵਨ ਸਿੰਘ ਉਮਰਾਨੰਗਲ ਹਾਜ਼ਿਰ ਸੀ। ਮੰਜੀ ਸਾਹਿਬ 'ਤੇ ਹੋ ਰਹੇ ਦੀਵਾਨ ਵਿਚ ਬਾਬਾ ਜਰਨੈਲ ਸਿੰਘ (ਮੁਖੀ ਭਿੰਡਰਾਂ-ਮਹਿਤਾ ਜਥਾ) ਅਤੇ ਭਾਈ ਫੌਜਾ ਸਿੰਘ (ਸੀਨੀਅਰ ਆਗੂ ਅਖੰਡ ਕੀਰਤਨੀ ਜਥਾ) ਤੇ ਹਜ਼ਾਰਾਂ ਸੰਗਤਾਂ ਹਾਜ਼ਿਰ ਸਨ। ਵੱਖ-ਵੱਖ ਆਗੂਆਂ ਨੇ ਨਿਰੰਕਾਰੀਆਂ ਵੱਲੋਂ ਇਕ ਦਿਨ ਪਹਿਲਾਂ (12 ਅਪ੍ਰੈਲ ਨੂੰ) ਕੱਢੇ ਜਲੂਸ ਤੇ ਉਸ ਦਿਨ (13 ਅਪ੍ਰੈਲ ਨੂੰ) ਹੋ ਰਹੇ ਜਲਸੇ ਵਿਚ ਕੀਤੀਆਂ ਜਾ ਰਹੀਆਂ ਹਰਕਤਾਂ ਬਾਰੇ ਤਕਰੀਰਾਂ ਕੀਤੀਆਂ। ਇਸ ਮੌਕੇ 'ਤੇ ਸੰਗਤ ਵਿਚ ਇਹ ਵਿਚਾਰ ਬਣਿਆ ਕਿ ਇਸ ਨਿਰੰਕਾਰੀ ਟੋਲੇ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਰੋਸ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਇਸ ਕਰ ਕੇ ਸਿੱਖਾਂ ਦਾ ਇਕ ਜਥਾ ਨਿਰੰਕਾਰੀ ਜਲਸੇ ਵਾਲੇ ਪਾਸੇ ਜਾ ਕੇ ਰੋਸ ਮੁਜ਼ਾਹਰਾ ਕਰਨ ਵਾਸਤੇ ਤਿਆਰ ਹੋ ਗਿਆ। ਬਾਬਾ ਜਰਨੈਲ ਸਿੰਘ ਨੇ ਇਸ ਜਥੇ ਨੂੰ ਟੋਰਿਆ। ਇਸ ਜਥੇ ਵਿਚ ਭਿੰਡਰਾਂ-ਮਹਿਤਾ ਜਥਾ ਅਤੇ ਅਖੰਡ ਕੀਰਤਨੀ ਜਥਾ ਦੇ ਬਹੁਤ ਸਾਰੇ ਕਾਰਕੁੰਨ ਸ਼ਾਮਿਲ ਸਨ। ਜਥੇ ਦੀ ਕਮਾਨ ਭਾਈ ਫੌਜਾ ਸਿੰਘ ਕੋਲ ਸੀ। ਇਸ ਜਥੇ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਗੋਪਾਲ ਸਿੰਘ ਸ਼ਹੀਦ ਵੀ ਸ਼ਾਮਿਲ ਸੀ। ਜਦੋਂ ਇਹ ਜਥਾ ਨਿਰੰਕਾਰੀ ਜਲਸੇ ਦੇ ਨੇੜੇ, ਬਲਾਕ-ਬੀ ਦੇ ਕੋਲ, ਪੁੱਜਾ ਤਾਂ ਨਿਰੰਕਾਰੀਆਂ ਦੇ ਚੀਫ਼ ਗੁਰਬਚਨ ਸਿੰਘ ਦੇ ਹੁਕਮ 'ਤੇ ਉਸ ਦੇ ਹਥਿਆਰਬੰਦ ਬਰਗੇਡ ਨੇ ਬੰਦੂਕਾਂ, ਤਲਵਾਰਾਂ, ਸੋਟੀਆਂ ਅਤੇ ਜੋ ਹਥਿਆਰ ਵੀ ਉਨ੍ਹਾਂ ਕੋਲ ਸਨ, ਨਾਲ ਇਨ੍ਹਾਂ ਸਿੱਖਾਂ 'ਤੇ ਹਮਲਾ ਕਰ ਦਿੱਤਾ (ਇਨ੍ਹਾਂ ਵਿਚ ਨਿਰੰਕਾਰੀ ਡੀ.ਸੀ. ਨਰਿੰਜਨ ਸਿੰਘ ਵੀ ਸੀ)। ਇਸ ਹਮਲੇ ਵਿਚ ਭਾਈ ਫ਼ੌਜਾ ਸਿੰਘ ਤੇ 12 ਹੋਰ ਸਿੰਘ ਸ਼ਹੀਦ ਹੋ ਗਏ ਅਤੇ ਬਾਬਾ ਮਾਨੋਚਾਹਲ ਤੇ ਗੋਪਾਲ ਸਿੰਘ ਸ਼ਹੀਦ ਸਣੇ ਸੌ ਦੇ ਕਰੀਬ ਜ਼ਖ਼ਮੀ ਹੋ ਗਏ। ਭਾਵੇਂ ਪੰਜਾਬ ਵਿਚ 'ਅਕਾਲੀ' ਸਰਕਾਰ ਸੀ ਤੇ ਪੁਲੀਸ ਉਸ ਥਾਂ ਤੋਂ ਬਹੁਤੀ ਦੂਰ ਨਹੀਂ ਪਰ ਕਾਤਲ ਨਿਰੰਕਾਰੀਆਂ ਨੂੰ ਕਿਸੇ ਨੇ ਵੀ ਨਾ ਵਰਜਿਆ ਅਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕੀਤਾ। ਇਸ ਕਤਲੇਆਮ ਮਗਰੋਂ ਵੀ ਨਿਰੰਕਾਰੀਆਂ ਦਾ ਜਲਸਾ ਬੇ-ਰੋਕ ਟੋਕ ਜਾਰੀ ਰਿਹਾ ਤੇ ਕੁਝ ਘੰਟੇ ਮਗਰੋਂ ਬਾਦਲ ਸਰਕਾਰ ਦਾ ਇਕ ਸੀਨੀਅਰ ਅਫ਼ਸਰ, ਗੋਲੀ ਦਾ ਹੁਕਮ ਦੇਣ ਵਾਲੇ ਗੁਰਬਚਨ ਸਿੰਘ ਨੂੰ ਆਪਣੀ ਕਾਰ ਵਿਚ ਦਿੱਲੀ ਛੱਡ ਆਇਆ। ਸਿੱਖਾਂ ਦੇ ਕਤਲੇਆਮ ਦੇ ਖ਼ਿਲਾਫ਼ ਸਾਰੀ ਦੁਨੀਆਂ ਭਰ ਵਿਚ ਜ਼ਬਰਦਸਤ ਰੋਸ ਮੁਜ਼ਾਹਰੇ ਹੋਏ। ਇਹ ਮੁਜ਼ਾਹਰੇ ਕਈ ਦਿਨ ਤਕ ਜਾਰੀ ਰਹੇ। ਸਿੱਖਾਂ ਦੇ ਰੋਹ ਤੋਂ ਡਰ ਕੇ ਪੰਜਾਬ ਸਰਕਾਰ ਨੇ ਗੁਰਬਚਨ ਸਿੰਘ ਅਤੇ ਕਈ ਹੋਰਾਂ ਦੇ ਖ਼ਿਲਾਫ਼ ਰਸਮੀ ਤੌਰ 'ਤੇ ਕੇਸ ਦਰਜ ਕੀਤੇ। ਇਸ ਸਾਕੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੇ ਨਾਂ: 1. ਭਾਈ ਫੌਜਾ ਸਿੰਘ ਪਿੰਡ ਪਡਿਆਲ ਖਾਲਸਾ ਫਾਰਮ, ਅੰਮ੍ਰਿਤਸਰ। 2. ਭਾਈ ਅਮਰੀਕ ਸਿੰਘ ਪਿੰਡ ਖੁਜਾਲਾ, ਅੰਮ੍ਰਿਤਸਰ। 3. ਭਾਈ ਰਣਬੀਰ ਸਿੰਘ ਪਿੰਡ ਥਰਾਜ, ਫਰੀਦਕੋਟ। 4. ਭਾਈ ਗੁਰਦਿਆਲ ਸਿੰਘ ਪਿੰਡ ਮੋੜ, ਅੰਮ੍ਰਿਤਸਰ। 5. ਭਾਈ ਰਘਬੀਰ ਸਿੰਘ ਪਿੰਡ ਭਾਗਪੁਰ, ਅੰਮ੍ਰਿਤਸਰ। 6. ਭਾਈ ਧਰਮਬੀਰ ਸਿੰਘ। 7. ਬਾਬਾ ਦਰਸ਼ਨ ਸਿੰਘ ਪਿੰਡ ਨਵਾ ਵੈਰੋਵਾਲ ਨੰਗਲ, ਗੁਰਦਾਸਪੁਰ 8. ਗਿਆਨੀ ਹਰੀ ਸਿੰਘ। 9. ਭਾਈ ਗੁਰਚਰਨ ਸਿੰਘ ਪਿੰਡ ਰੁੜਕਾ ਕਲਾ, ਜਲੰਧਰ। 10. ਭਾਈ ਕੇਵਲ ਸਿੰਘ, ਹੁਸ਼ਿਆਰਪੁਰ। 11. ਭਾਈ ਹਰਭਜਨ ਸਿੰਘ ਪਿੰਡ ਭੱਟੀਆਂ, ਗੁਰਦਾਸਪੁਰ। 12. ਭਾਈ ਪਿਆਰਾ ਸਿੰਘ ਪਿੰਡ ਭੁਗਰਾਨੀ, ਹੁਸ਼ਿਆਰਪੁਰ। 13. ਭਾਈ ਅਵਤਾਰ ਸਿੰਘ ਪਿੰਡ ਕੁਰਾਲਾ, ਹੁਸ਼ਿਆਰਪੁਰ।

1986: ਭਿੰਡਰਾਂ-ਮਹਿਤਾ ਜਥਾ ਨੇ ਦਰਬਾਰ ਸਾਹਿਬ ਵਿਚ ਸਰਬਤ ਖਾਲਸਾ ਦੇ ਨਾਂ 'ਤੇ ਕਾਨਫਰੰਸ ਕੀਤੀ

ਮਾਰਚ 1986 ਵਿਚ ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ 13 ਅਪ੍ਰੈਲ ਨੂੰ ਦੂਜਾ 'ਸਰਬਤ ਖਾਲਸਾ' ਇਕੱਠ ਕਰਨਗੇ। ਇਸ ਨੂੰ ਰੋਕਣ ਵਾਸਤੇ 12

ਅਪਰੈਲ ਤੋਂ ਬਾਅਦ ਦਰਬਾਰ ਸਾਹਿਬ ਦੇ ਦੁਆਲੇ ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਘੇਰਾ ਪਾ ਲਿਆ ਅਤੇ ਸਾਰੇ ਰਸਤਿਆਂ 'ਤੇ ਰੋਕਾਂ ਖੜੀਆਂ ਕਰ ਦਿਤੀਆਂ। ਇਸ ਦੇ ਬਾਵਜੂਦ ਹਜ਼ਾਰਾਂ ਸਿੱਖ ਦਰਬਾਰ ਸਾਹਿਬ ਪੁੱਜ ਗਏ।ਭਾਵੇਂ ਇਹ ਇਕੱਠ ਭਿੰਡਰਾਂ-ਮਹਿਤਾ ਜਥਾ ਨੇ ਬੁਲਾਇਆ ਸੀ ਤੇ ਸਟੇਜ 'ਤੇ ਸਿਰਫ਼ ਉਨ੍ਹਾਂ ਦਾ ਹੀ ਕੰਟਰੋਲ ਸੀ ਪਰ ਇਸ ਇਕੱਠ ਵਿਚ ਹਰ ਪੱਖ ਦੇ ਸਿੱਖ, ਖ਼ਾਸ ਕਰ ਕੇ ਨੌਜਵਾਨ, ਪੁੱਜੇ ਹੋਏ ਸਨ। ਇਸ ਇਕੱਠ ਵਿਚ ਯੂ.ਐਨ.ਓ. ਤੋਂ ਮੰਗ ਕੀਤੀ ਗਈ ਕਿ 'ਜੂਨ 1984 ਅਤੇ ਨਵੰਬਰ 1984 'ਚ ਹਜ਼ਾਰਾਂ ਸਿੱਖਾਂ ਦੇ ਕਤਲਾਂ ਬਾਰੇ ਇੰਦਰਾ, ਜ਼ੈਲ ਸਿੰਘ, ਰਾਜੀਵ, ਨਰਸਿੰਮ੍ਹਾ ਰਾਓ, ਜਨਰਲ ਵੈਦਯ, ਜਨਰਲ ਸੁੰਦਰਜੀ ਵਗੈਰਾ ਉੱਤੇ ਕੌਮਾਂਤਰੀ ਅਦਾਲਤ 'ਚ ਮੁਕਦਮਾ ਚਲਾਇਆ ਜਾਵੇ।' ਇਕ ਮਤੇ ਰਾਹੀਂ 'ਖਾਲਸੇ ਦੀ ਆਜ਼ਾਦ ਹਸਤੀ' ਵਾਸਤੇ ਜੂਝਣ ਦਾ ਸੱਦਾ ਦਿਤਾ ਗਿਆ।

1986: ਹਰਜਿੰਦਰ ਸਿੰਘ ਅਖਾੜਾ ਨਕਲੀ ਮੁਕਾਬਲੇ ਵਿਚ ਸ਼ਹੀਦ:

13 ਅਪਰੈਲ 1986 ਦੇ ਦਿਨ ਪੰਜਾਬ ਪੁਲਸ ਨੇ ਹਰਜਿੰਦਰ ਸਿੰਘ ਅਖਾੜਾ, ਲੁਧਿਆਣਾ ਨੂੰ ਧਾਰੀਵਾਲ ਕੋਲ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਜਸਬੀਰ ਸਿੰਘ ਰੋਡੇ ਨੇ ਤਲਵੰਡੀ ਸਾਬੋ ਵਿਚ ਨਵਾਂ ਐਲਾਨ ਕਰਨਾ ਸੀ ਪਰ ਆਪਣੇ ਜੀਜੇ ਭਾਈ ਗੁਰਜੀਤ ਸਿੰਘ ਦੀ ਵਾਰਨਿੰਗ ਤੋਂ ਡਰ ਗਿਆ

ਸਰਕਾਰ ਨਾਲ ਸਮਝੌਤਾ ਕਰ ਕੇ ਜੇਲ੍ਹ ਚੋਂ ਆਏ ਜਸਬੀਰ ਸਿੰਘ ਰੋਡੇ ਨੇ 13 ਅਪਰੈਲ 1988 ਦੇ ਦਿਨ ਤਲਵੰਡੀ ਸਾਬੋ ਵਿਚ ਹੋਣ ਵਾਲੇ ਸਿੱਖਾਂ ਦੇ ਵੱਡੇ ਇਕੱਠ ਵਿਚ ਕੋਈ ਐਲਾਨ ਕਰ ਕੇ ਖਾਲਿਸਤਾਨ ਦਾ ਨਾਅਰਾ ਖ਼ਤਮ ਕਰਨ ਦੀ ਸਕੀਮ ਬਣਾਈ ਹੋਈ ਸੀ ਜਿਸ ਦੀ ਖਾੜਕੂਆਂ ਨੂੰ ਭਿਣਕ ਪੈ ਗਈ; ਇਸ 'ਤੇ 11 ਅਪ੍ਰੈਲ 1988 ਦੇ ਦਿਨ ਪੰਥਕ ਕਮੇਟੀ ਨੇ ਐਲਾਨ ਕੀਤਾ ਕਿ ਖਾਲਿਸਤਾਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕੀਤਾ ਜਾਵੇਗਾ। ਇਸ ਹਾਲਤ ਵਿਚ ਭਾਈ ਜਸਬੀਰ ਸਿੰਘ, ਜਿਸ ਨੇ ਇਕ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਮੈਂ ਵਿਸਾਖੀ 'ਤੇ ਪੰਥ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ, ਉਹ ਪੰਥਕ ਕਮੇਟੀ ਦੇ ਰੋਹ ਤੋਂ ਡਰਦਿਆਂ ਉਹ ਇਸ 'ਨਵੇਂ ਪ੍ਰੋਗਰਾਮ' ਦਾ ਐਲਾਨ ਨਾ ਕਰ ਸਕਿਆ। ਦਰਅਸਲ ਜਸਬੀਰ ਸਿੰਘ ਦੇ ਬੋਲਣ ਤੋਂ ਪਹਿਲਾਂ ਉਸ ਦੇ ਜੀਜੇ ਗੁਰਜੀਤ ਸਿੰਘ ਹਰੀ ਹਰ ਝੋਕ (ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ) ਦੇ ਇਕ ਨੁਮਾਇੰਦੇ ਨੇ ਐਲਾਨ ਕੀਤਾ ਸੀ ਕਿ 'ਖਾਲਿਸਤਾਨ ਤੋਂ ਘੱਟ ਕੁਝ ਵੀ ਨਹੀਂ ਮੰਨਿਆ ਜਾਵੇਗਾ ਅਤੇ ਭਾਰਤ ਦੇ ਆਈਨ 'ਚ ਰਹਿ ਕੇ ਗੱਲ ਕਰਨ ਵਾਲਿਆਂ ਦਾ ਹਸ਼ਰ ਲੌਂਗੋਵਾਲ ਵਾਲਾ ਹੋਵੇਗਾ।' ਇਸ ਕਰ ਕੇ ਜਸਬੀਰ ਸਿੰਘ ਨੇ ਐਲਾਨ ਕੀਤਾ ਕਿ ਸਿੱਖਾਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲੱਥਣ ਤਕ ਪੰਥਕ ਜੱਦੋ-ਜਹਿਦ ਜਾਰੀ ਰਹੇਗੀ।

1991: ਜਸਪਾਲ ਸਿੰਘ ਪੱਡਾ ਲਖਨਕੇ ਪੱਡਾ, ਮਨਦੀਪ ਸਿੰਘ ਸ਼ਾਮਪੁਰਾ, ਰਾਜਬਿੰਦਰ ਸਿੰਘ ਫ਼ੌਜੀ ਪੱਡਾ, ਜੱਸਾ ਸਿੰਘ ਜਾਮਾ ਰਾਏ, ਸੁਖਚੈਨ ਸਿੰਘ ਚੀਮਾ ਕਲਾਂ, ਤਰਸੇਮ ਸਿੰਘ ਸਰਹਾਲੀ ਮੰਡਾ, ਹਰਜੀਤ ਸਿੰਘ ਮਲਸੀਆਂ ਕਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤੇਰ੍ਹਾਂ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ ਪੱਡਾ ਉਰਫ਼ ਪਾਲਾ (ਵਾਸੀ ਲਖਨਕੇ ਪੱਡਾ, ਕਪੂਰਥਲਾ), ਮਨਦੀਪ ਸਿੰਘ (ਪੁੱਤਰ ਸੁਖਦੇਵ ਸਿੰਘ, ਵਾਸੀ ਸ਼ਾਮਪੁਰਾ, ਗੁਰਦਾਸਪੁਰ), ਰਾਜਬਿੰਦਰ ਸਿੰਘ ਫ਼ੌਜੀ (ਵਾਸੀ ਪੱਡਾ ਕਪੂਰਥਲਾ), ਜੱਸਾ ਸਿੰਘ ਉਰਫ਼ ਮੀਰ (ਵਾਸੀ ਜਾਮਾ ਰਾਏ), ਸੁਖਚੈਨ ਸਿੰਘ ਉਰਫ਼ ਦਲੇਰ (ਵਾਸੀ ਚੀਮਾ ਕਲਾਂ), ਤਰਸੇਮ ਸਿੰਘ ਮੰਡ

(ਵਾਸੀ ਸਰਹਾਲੀ ਮੰਡਾ, ਅੰਮ੍ਰਿਤਸਰ), ਹਰਜੀਤ ਸਿੰਘ (ਵਾਸੀ ਮਲਸੀਆਂ ਕਲਾਂ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਜਥੇਦਾਰ ਮਾਨੋਚਾਹਲ ਦੇ ਪਿਤਾ ਆਤਮਾ ਸਿੰਘ, ਹਰਦੀਪ ਸਿੰਘ ਰੁੜਕਾ ਤੇ ਜਗੀਰ ਸਿੰਘ ਕਲਾਨੌਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤੇਰ੍ਹਾਂ ਅਪ੍ਰੈਲ 1992 ਦੇ ਦਿਨ ਪੰਜਾਬ ਪੁਲਸ ਨੇ ਖਾਲਿਸਤਾਨ ਲਹਿਰ ਦੇ ਇਕ ਵੱਡੇ ਜਰਨੈਲ ਜੱਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਦੇ ਪਿਤਾ ਆਤਮਾ ਸਿੰਘ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਦੇ ਨਾਂ ਤੇ ਸ਼ਹੀਦ ਕਰ ਦਿੱਤਾ। ਇਸੇ ਦਿਨ ਹਰਦੀਪ ਸਿੰਘ (ਪੁੱਤਰ ਗਰੀਬ ਸਿੰਘ, ਵਾਸੀ ਰੁੜਕਾ ਕਲਾਂ, ਜ਼ਿਲ੍ਹਾ ਸੰਗਰੂਰ) ਅਤੇ ਜਗੀਰ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ।

1993: ਮਨਜੀਤ ਸਿੰਘ ਭੋਲਾ ਤੇ ਅਮਰੀਕ ਸਿੰਘ ਬੀਰੂ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਰਾਂ ਅਪ੍ਰੈਲ 1993 ਦੇ ਦਿਨ ਪੁਲਸ ਨੇ ਮਨਜੀਤ ਸਿੰਘ ਭੋਲਾ ਤੇ ਅਮਰੀਕ ਸਿੰਘ ਬੀਰੂ ਨੂੰ ਨਕਲੀ ਮੁਕਾਬਲੇ ਦੇ ਨਾਂ ਤੇ ਸ਼ਹੀਦ ਕਰ ਦਿੱਤਾ।

14 ਅਪਰੈਲ

1955: ਅੰਮ੍ਰਿਤਸਰ ਵਿਚ ਸੀਸ ਭੇਟ (ਵਿਸਾਖੀ) ਜਲੂਸ 'ਤੇ ਹਿੰਦੂਆਂ ਨੇ ਪਥਰਾਅ ਕੀਤਾ

ਸ਼੍ਰੋਮਣੀ ਅਕਾਲੀ ਦਲ ਨੇ 1955 ਦੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਂ 'ਤੇ ਲੜੀਆਂ ਸਨ ਤੇ ਅਕਾਲੀ ਦਲ ਦੇ ਖੜ੍ਹੇ 112 ਦੇ 112 ਉਮੀਦਵਾਰ ਹੀ ਸ਼ਾਨ ਨਾਲ ਜਿੱਤੇ ਸਨ। ਇਸ ਦੌਰਾਨ ਹੀ 5 ਮਾਰਚ 1955 ਦੇ ਦਿਨ ਪਟਿਆਲੇ ਵਿਚ ਇਕ ਹਿੰਦੂ ਕਾਨਫ਼ਰੰਸ ਹੋਈ। ਇਸ ਵਿਚ ਸੇਠ ਰਾਮ ਨਾਥ, ਠਾਕਰ ਨਵਲ ਕਿਸ਼ੋਰ, ਚੌਧਰੀ ਕਰਤਾਰ ਸਿੰਘ ਵੀ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ। ਅਪ੍ਰੈਲ ਵਿਚ ਅੰਬਾਲੇ ਵਿਚ 'ਆਲ ਇੰਡੀਆ ਲਿੰਗੁਇਸਟਿਕ ਕਾਨਫ਼ਰੰਸ' ਹੋਈ। ਇਸ ਦੀ ਪ੍ਰਧਾਨਗੀ ਡਾਕਟਰ ਲੰਕਾ ਸੁੰਦਰਮ ਨੇ ਕੀਤੀ। ਇਸ ਕਾਨਫ਼ਰੰਸ ਨੇ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਇਸ ਦੇ ਮੁਕਾਬਲੇ ਵਿਚ ਫ਼ਿਰਕੂ ਹਿੰਦੂਆਂ ਨੇ ਇਕ ਕਾਨਫ਼ਰੰਸ 27 ਮਾਰਚ ਨੂੰ ਅੰਮ੍ਰਿਤਸਰ ਵਿਚ ਕਰਨ ਦਾ ਐਲਾਨ ਕੀਤਾ। ਇਸ ਤੋਂ ਇਕ ਹਫ਼ਤਾ ਪਹਿਲਾਂ ਪੰਜਾਬ ਹਾਈ ਕੋਰਟ ਦੀ ਨਵੀਂ ਇਮਾਰਤ ਦੀ ਚੱਠ (ਉਦਘਾਟਨ) ਵੇਲੇ ਪੰਡਤ ਜਵਾਹਰ ਲਾਲ ਨਹਿਰੂ ਨੇ ਤਕਰੀਰ ਕਰਦਿਆਂ ਕਿਹਾ ਕਿ "ਪੰਜਾਬੀ ਹਿੰਦੂ ਪੰਜਾਬ ਵਿਚ ਫ਼ਿਰਕੂ ਮਾਹੌਲ ਪੈਦਾ ਕਰਨ ਦਾ ਜ਼ਿੰਮੇਦਾਰ ਹੈ ਤੇ ਪੰਜਾਬ ਇਸ ਬੀਮਾਰੀ ਦਾ ਸੈਂਟਰ ਬਣ ਕੇ ਰਹਿ ਗਿਆ ਹੈ।" ਪੰਡਤ ਨਹਿਰੂ ਦੇ ਇਸ ਇਕਬਾਲੀਆ ਬਿਆਨ ਦੇ ਬਾਵਜੂਦ ਪੰਜਾਬ ਦੇ ਮਹਾਸ਼ਿਆਂ ਨੇ ਫ਼ਿਰਕਾਪ੍ਰਸਤੀ ਤੇ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਜਾਰੀ ਰੱਖੀਆਂ। 27 ਮਾਰਚ ਦੇ ਦਿਨ ਅੰਮ੍ਰਿਤਸਰ ਵਿਚ ਹੋਈ 'ਮਹਾਂ ਪੰਜਾਬ ਕਾਨਫ਼ਰੰਸ' ਵਿਚ ਇਨ੍ਹਾਂ ਨੇ ਸਿੱਖਾਂ ਦੇ ਖ਼ਿਲਾਫ਼ ਬੜੇ ਭੜਕਾਊ ਲਫ਼ਜ਼ ਵਰਤੇ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਮਾਸਟਰ ਤਾਰਾ ਸਿੰਘ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ।

ਇਸ ਕਾਨਫ਼ਰੰਸ ਤੋਂ ਬਾਅਦ ਦਹਿਸ਼ਤਗਰਦ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਫਿਰ ਪੰਜਾਬੀ ਸੂਬਾ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖਾਂ ਦੇ ਖ਼ਿਲਾਫ਼ ਲਗਾਤਾਰ ਬਿਆਨ ਦੇਣੇ ਸ਼ੁਰੂ ਕਰ ਦਿੱਤੇ। ਹਿੰਦੂ ਜਿਥੇ ਵੀ ਇਕੱਠੇ ਹੁੰਦੇ, ਸਿੱਖਾਂ ਨੂੰ ਚਿੜਾਉਣ ਅਤੇ ਉਨ੍ਹਾਂ ਦੇ ਖ਼ਿਲਾਫ਼ ਮਾੜੇ ਲਤੀਫ਼ੇ ਬਣਾਉਣ ਦੀਆਂ ਅਤੇ ਉਨ੍ਹਾਂ 'ਤੇ ਪੱਥਰ ਮਾਰਨ ਤਕ ਵਰਗੀਆਂ ਹਰਕਤਾਂ ਪੰਜਾਬ ਵਿਚ ਆਮ ਕਰਨ ਲੱਗ ਪਏ ਸਨ। ਪੰਜਾਬੀ ਸੂਬਾ ਹਿੰਦੂਆਂ ਨੂੰ 'ਹਊਆ' ਨਜ਼ਰ ਆਉਂਦਾ ਸੀ। ਪੰਜਾਬ ਦੇ

ਸ਼ਹਿਰਾਂ ਅਤੇ ਕਸਬਿਆਂ ਵਿਚ ਆਮ ਹਿੰਦੂ ਪੰਜਾਬੀ ਸੂਬਾ ਮੁਰਦਾਬਾਦ ਦੇ ਨਾਅਰੇ ਲਾਉਂਦੇ ਨਜ਼ਰ ਆ ਸਕਦੇ ਸਨ। 31 ਦਸੰਬਰ 1954 ਦੇ ਦਿਨ ਲੁਧਿਆਣੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬ 'ਤੇ ਸਿੱਖਾਂ ਦੇ ਜਲੂਸ 'ਤੇ ਇੱਟਾਂ ਪੱਥਰ ਮਾਰਨ ਦੀ ਹਰਕਤ ਦੇ ਖ਼ਿਲਾਫ਼ ਹੋਏ ਪ੍ਰੋਟੈਸਟ ਤੋਂ ਬਾਅਦ ਜਾਪਦਾ ਸੀ ਕਿ ਹਿੰਦੂ ਹੁਣ ਮੁੜ ਕੇ ਅਜਿਹਾ ਨਹੀਂ ਕਰਨਗੇ। ਪਰ, ਅਪ੍ਰੈਲ ਵਿਚ ਵੈਸਾਖੀ ਦੇ ਸਬੰਧ ਵਿਚ ਨਿਕਲਣ ਵਾਲੇ ਜਲੂਸ ਤੋਂ ਪਹਿਲਾਂ ਦਹਿਸ਼ਤਪਸੰਦ ਹਿੰਦੂ ਆਗੂਆਂ ਨੇ ਫੇਰ ਐਲਾਨ ਕਰ ਦਿੱਤਾ ਕਿ ਉਹ ਕਿਸੇ ਜਲੂਸ ਵਿਚ ਪੰਜਾਬੀ ਸੂਬੇ ਦਾ ਨਾਅਰਾ ਨਹੀਂ ਲੱਗਣ ਦੇਣਗੇ ਤੇ ਜੇ ਕੋਈ ਨਾਅਰਾ ਲਾਏਗਾ ਤਾਂ ਉਹ ਪਥਰਾਓ ਕਰਨਗੇ। ਇਹੋ ਜਿਹੇ ਦਹਿਸ਼ਤਗਰਦੀ ਵਾਲੇ, ਭੜਕਾਊ, ਐਲਾਨੀਆ ਕਾਨੂੰਨ ਤੋੜਨ ਵਾਲੇ ਬਿਆਨਾਂ ਦੇ ਬਾਵਜੂਦ ਸਰਕਾਰ ਨੇ ਇਨ੍ਹਾਂ ਲੋਕਾਂ 'ਤੇ ਕੋਈ ਐਕਸ਼ਨ ਨਾ ਲਿਆ।

14 ਅਪ੍ਰੈਲ 1955 ਦੇ ਦਿਨ ਅੰਮ੍ਰਿਤਸਰ ਵਿਚ 'ਸੀਸ ਭੇਟ ਮਹੱਲਾ' ਦੇ ਸਬੰਧ ਵਿਚ ਇਕ ਜਲੂਸ ਕੱਢਿਆ ਜਾਣਾ ਸੀ। ਇਹ ਜਲੂਸ ਘੰਟਾ ਘਰ ਤੋਂ ਚੱਲਿਆ। ਹਿੰਦੂਆਂ ਨੇ ਰਸਤੇ ਵਿਚ ਬਿਨਾਂ ਵਜਹ ਸਿੱਖਾਂ 'ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਵਾਲੇ ਹਿੰਦੂ ਦਹਿਸ਼ਤਗਰਦਾਂ ਨੂੰ ਚੁਪ-ਚਾਪ ਵੇਖਦੇ ਰਹੇ। ਜਦ ਉਸ ਦੇ ਖ਼ਿਲਾਫ਼ ਪ੍ਰੋਟੈਸਟ ਹੋਇਆ ਤਾਂ ਅਗਲੇ ਦਿਨ ਸਰਕਾਰ ਨੇ ਕੁੱਝ ਇਕ ਜਨਸੰਘੀ ਗ੍ਰਿਫ਼ਤਾਰ ਕਰ ਲਏ। ਇਸ ਦੇ ਨਾਲ ਹੀ ਕਈ ਸਿੱਖ ਨੌਜਵਾਨਾਂ ਨੂੰ ਵੀ ਦਫ਼ਾ 188 ਹੇਠ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿਚ ਮਨਜੀਤ ਸਿੰਘ (ਐਡੀਟਰ ਸੰਤ ਸਿਪਾਹੀ), ਮਿਊਂਸਪਲ ਕਮਿਸ਼ਨਰ ਬੇਦੀ ਰਛਪਾਲ ਸਿੰਘ, ਹਰਬੰਸ ਸਿੰਘ ਗੜਗੱਜ, ਇੰਦਰ ਸਿੰਘ ਕੰਬੋਜ, ਪੂਰਨ ਸਿੰਘ ਜੋਸ਼, ਸੰਤੋਖ ਸਿੰਘ ਥੜ੍ਹਾ ਸਾਹਿਬ, ਕਰਤਾਰ ਸਿੰਘ ਅੰਮ੍ਰਿਤ, ਕਾਕਾ ਪ੍ਰੀਤਮ ਸਿੰਘ ਸੇਵਕ, ਤੇਜਾ ਸਿੰਘ, ਹਰਬੰਸ ਸਿੰਘ ਭਾਟੀਆ, ਪ੍ਰਿਤਪਾਲ ਸਿੰਘ, ਅਵਤਾਰ ਸਿੰਘ ਜੋਗੀ ਵੀ ਸ਼ਾਮਿਲ ਸਨ। ਇਨ੍ਹਾਂ ਸਿੱਖਾਂ ਨੇ ਜ਼ਮਾਨਤਾਂ 'ਤੇ ਰਿਹਾ ਹੋਣ ਤੋਂ ਨਾਂਹ ਕਰ ਦਿੱਤੀ।

1984: ਭਿੰਡਰਾਂਵਾਲਿਆਂ ਦਾ ਖ਼ਾਸ ਨਜ਼ਦੀਕੀ ਸੁਰਿੰਦਰ ਸਿੰਘ ਸੋਢੀ ਦਰਬਾਰ ਸਾਹਿਬ ਦੇ ਬਾਹਰ ਕਤਲ ਕਰ ਦਿੱਤਾ ਗਿਆ

ਸੁਰਿੰਦਰ ਸਿੰਘ ਸੋਢੀ ਭਿੰਡਰਾਂਵਾਲਿਆਂ ਦੇ ਬਹੁਤ ਜ਼ਿਆਦਾ ਨਜ਼ਦੀਕ ਸੀ ਅਤੇ ਉਨ੍ਹਾਂ ਵਾਸਤੇ ਖ਼ਾਸ ਅਜ਼ੀਜ਼ ਸੀ। ਉਹ ਸਰਕਾਰ ਅਤੇ ਭਿੰਡਰਾਂਵਾਲਿਆਂ ਦੇ ਮੁਖ਼ਾਲਫ਼ਾਂ ਨੂੰ ਬਹੁਤ ਜ਼ਿਆਦਾ ਰੜਕਦਾ ਸੀ। ਸਰਕਾਰ ਦੀ ਸਰਪਰਸਤੀ ਹੇਠ ਇਕ ਸਾਜ਼ਿਸ਼ ਸਦਕਾ, ਅਕਾਲੀ ਪਾਰਟੀ ਦੇ ਸੈਕਟਰੀ ਗੁਰਚਰਨ ਸਿੰਘ ਅਤੇ ਤਲਵੰਡੀ ਅਕਾਲੀ ਦਲ ਦੇ ਸਰਗਰਮ ਵਰਕਰ ਮਾਲਕ ਸਿੰਘ ਭਾਟੀਆ ਦੀ ਪਲਾਨਿੰਗ ਨਾਲ ਇਸ ਵੱਡੇ ਖਾੜਕੂ ਨੂੰ 14 ਅਪ੍ਰੈਲ 1984 ਦੇ ਦਿਨ ਦਰਬਾਰ ਸਾਹਿਬ ਦੇ ਨੇੜੇ ਕਤਲ ਕਰ ਦਿੱਤਾ ਗਿਆ। ਕਾਤਲ ਸੁਰਿੰਦਰ ਸਿੰਘ 'ਛਿੰਦਾ' ਤੇ ਬਲਜੀਤ ਕੌਰ ਨੇ ਇਸ ਕਤਲ ਨੂੰ ਸ਼ਰੇਆਮ ਕਬੂਲ ਕੀਤਾ। ਇਨ੍ਹਾਂ ਦੋਨਾਂ ਕਾਤਿਲਾਂ ਅਤੇ ਸਾਜ਼ਿਸ਼ ਵਿਚ ਭਾਈਵਾਲ ਸਮਝੇ ਗਏ ਦੋਹਾਂ ਦੁਕਾਨਦਾਰਾਂ ਬਰਜਿੰਦਰ ਸਿੰਘ ਤੇ ਮਾਲਕ ਸਿੰਘ ਭਾਟੀਆ, ਯਾਨੀ ਚਾਰਾਂ ਨੂੰ ਹੀ, ਤਿੰਨ ਦਿਨ ਦੇ ਅੰਦਰ-ਅੰਦਰ ਕਤਲ ਕਰ ਦਿੱਤਾ ਗਿਆ। ਗੁਰਚਰਨ ਸਿੰਘ ਨੂੰ ਅਕਾਲੀਆਂ ਨੇ (ਹਰਚੰਦ ਸਿੰਘ ਲੌਂਗੋਵਾਲ ਦੇ ਕਮਰੇ ਵਿਚ) ਹਿਫ਼ਾਜ਼ਤ ਦੇ ਕੇ ਸੰਭਾਲੀ ਰੱਖਿਆ। ਪਰ ਉਹ ਵੀ ਦੋ ਮਹੀਨੇ ਤੋਂ ਪਹਿਲਾਂ-ਪਹਿਲਾਂ (ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ) ਮਾਰਿਆ ਗਿਆ।

ਇਸ ਕਤਲ ਨਾਲ ਅਕਾਲੀ ਪਾਰਟੀ ਅਤੇ ਭਿੰਡਰਾਂਵਾਲਿਆਂ ਵਿਚ ਬਹੁਤ ਵੱਡਾ ਪਾੜਾ ਪੈ ਗਿਆ। ਭਿੰਡਰਾਂਵਾਲਿਆਂ ਨੇ ਮੰਜੀ ਸਾਹਿਬ ਤੋਂ ਸ਼ਰੇਆਮ ਗੁਰਚਰਨ ਸਿੰਘ, ਬਾਦਲ ਅਤੇ ਲੌਂਗੋਵਾਲ ਉੱਤੇ ਇਲਜ਼ਾਮ ਲਾਏ। ਅਖ਼ੀਰ ਅਕਾਲੀ ਪਾਰਟੀ ਨੇ ਸੈਕਟਰੀ ਗੁਰਚਰਨ ਸਿੰਘ ਤੋਂ

(25 ਅਪ੍ਰੈਲ 1984 ਨੂੰ) ਰਸਮੀ ਅਸਤੀਫ਼ਾ ਲੈ ਲਿਆ। ਪਰ ਇਸ ਦੇ ਬਾਵਜੂਦ ਮਸਲਾ ਉੱਥੇ ਦਾ ਉੱਥੇ ਹੀ ਰਿਹਾ ਕਿਉਂਕਿ ਗੁਰਚਰਨ ਅਜੇ ਜਿਊਂਦਾ ਸੀ ਅਤੇ ਉਸ ਨੂੰ ਲੌਂਗੋਵਾਲ ਦੀ ਹਿਫ਼ਾਜ਼ਤ ਹਾਸਿਲ ਸੀ। ਇਸ ਕਰ ਕੇ ਅਕਾਲੀ ਪਾਰਟੀ ਅਤੇ ਭਿੰਡਰਾਂਵਾਲਿਆਂ ਵਿਚ ਟੱਕਰ ਬਦਸਤੂਰ ਜਾਰੀ ਰਹੀ। ਭਾਵੇਂ ਉੱਪਰੋਂ-ਉਪਰੋਂ 'ਅਸੀਂ ਇੱਕਠੇ ਹਾਂ' ਦਾ ਬਿਆਨ ਕਦੇ-ਕਦੇ ਦੇ ਦਿੱਤਾ ਜਾਂਦਾ ਰਿਹਾ ਪਰ ਇਹ ਸਿਰਫ਼ ਦਿਖਾਵਾ ਹੀ ਸੀ। ਭਿੰਡਰਾਂਵਾਲਿਆਂ ਦਾ ਗਰੁਪ ਗੁਰਚਰਨ ਸਿੰਘ ਨੂੰ ਛੇਤੀ ਤੋਂ ਛੇਤੀ ਸਜ਼ਾ ਦੇਣਾ ਚਾਹੁੰਦਾ ਸੀ। ਸੋਢੀ ਦੇ ਕਤਲ ਅਤੇ ਗੁਰਚਰਨ ਨੂੰ ਅਕਾਲੀ ਪਾਰਟੀ ਦੀ ਹਮਾਇਤ ਨੇ ਅਕਾਲੀ ਪਾਰਟੀ ਦੇ ਵਕਾਰ ਨੂੰ ਬਹੁਤ ਨੁਕਸਾਨ ਪਹੁੰਚਾਇਆ।

1988: ਜਸਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

14-15 ਅਪਰੈਲ ਦੀ ਰਾਤ ਨੂੰ ਪੁਲੀਸ ਨੇ ਜਸਬੀਰ ਸਿੰਘ ਉਰਫ਼ ਮੇਜਰ ਸਿੰਘ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1990: ਬਲਜਿੰਦਰ ਸਿੰਘ ਖਾਨੋਵਾਲ ਤੇ ਤਰਸੇਮ ਸਿੰਘ ਠੱਠੀ ਸੋਹਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਪਰੈਲ 1990 ਦੇ ਦਿਨ ਪੰਜਾਬ ਪੁਲੀਸ ਨੇ ਬਲਜਿੰਦਰ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਖਾਨੋਵਾਲ, ਜ਼ਿਲ੍ਹਾ ਅੰਮ੍ਰਿਤਸਰ) ਤੇ ਤਰਸੇਮ ਸਿੰਘ ਉਰਫ਼ ਖੱਦਰ (ਵਾਸੀ ਠੱਠੀ ਸੋਹਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਰਾਮ ਸਿੰਘ ਬਹਿਲੀ ਗੁਰਮੁਖ ਸਿੰਘ, ਕੁਲਵੰਤ ਸਿੰਘ ਮੂਸੇ, ਨਿਰਵੈਲ ਸਿੰਘ ਮੂਸੇ, ਦੀਪਇੰਦਰ ਸਿੰਘ ਨਾਭਾ ਤੇ ਬਲਵਿੰਦਰ ਸਿੰਘ ਬਨਭੌਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਅਪਰੈਲ 1991 ਦੇ ਦਿਨ ਪੁਲੀਸ ਨੇ ਰਾਮ ਸਿੰਘ (ਪੁੱਤਰ ਜ਼ਿੰਦਾ ਸਿੰਘ, ਵਾਸੀ ਬਹਿਲੀ ਗੁਰਮੁਖ ਸਿੰਘ), ਕੁਲਵੰਤ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਮੂਸੇ ਪਿੰਡ), ਨਿਰਵੈਲ ਸਿੰਘ (ਪੁੱਤਰ ਅਮਰੀਕ ਸਿੰਘ ਵਾਸੀ ਮੂਸੇ ਪਿੰਡ), ਦੀਪਇੰਦਰ ਸਿੰਘ ਬੱਬਰ (ਵਾਸੀ ਨਾਭਾ) ਤੇ ਬਲਵਿੰਦਰ ਸਿੰਘ ਬੱਬਰ (ਵਾਸੀ ਬਨਭੌਰਾ) ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਜ਼ਿੰਦਰ ਸਿੰਘ ਛੋਟਾ ਚੰਗਿਆੜਾ ਤੇ ਬਾਲਾ ਜਲੰਧਰੀ ਨਕਲੀ ਮੁਕਾਬਲੇ ਵਿਚ ਸ਼ਹੀਦ

ਚੌਦਾਂ ਅਪ੍ਰੈਲ 1992 ਦੇ ਦਿਨ ਜ਼ਿੰਦਰ ਸਿੰਘ ਉਰਫ਼ ਛੋਟਾ ਚੰਗਿਆੜਾ ਨੂੰ ਅਤੇ ਬਾਲਾ ਉਰਫ਼ ਜੋਧਾ ਉਰਫ਼ ਜਲੰਧਰੀ ਨੂੰ ਲੋਪੋਕੇ ਕੋਲ ਪੁਲੀਸ ਨੇ ਨਕਲੀ ਮੁਕਾਬਲੇ ਦੇ ਨਾਂ 'ਤੇ ਮਾਰ ਦਿੱਤਾ।

1993: ਸੁਰਜੀਤ ਸਿੰਘ ਛੀਨਾ ਬਿਧੀਚੰਦ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਪਰੈਲ 1993 ਦੇ ਦਿਨ ਨੂੰ ਪੁਲੀਸ ਨੇ ਸੁਰਜੀਤ ਸਿੰਘ (ਪੁੱਤਰ ਸੂਬਾ ਸਿੰਘ, ਵਾਸੀ ਛੀਨਾ ਬਿਧੀ ਚੰਦ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1994: ਪੰਜਾਬ ਸਿੰਘ ਪੰਜਾਬਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਪਰੈਲ 1994 ਦੇ ਦਿਨ ਨੂੰ ਪੁਲੀਸ ਨੇ ਪੰਜਾਬ ਸਿੰਘ ਉਰਫ਼ ਪੰਜਾਬਾ (ਪੁੱਤਰ ਸਰਦੂਲ ਸਿੰਘ, ਵਾਸੀ ਪਿੰਡ ਛਾਪਾ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1563: ਗੁਰੂ ਅਰਜਨ ਸਾਹਿਬ ਦਾ ਜਨਮ ਹੋਇਆ

ਗੁਰੂ ਅਰਜਨ ਸਾਹਿਬ ਦਾ ਜਨਮ 15 ਅਪ੍ਰੈਲ 1563 ਦੇ ਦਿਨ ਮਾਤਾ ਭਾਨੀ ਅਤੇ ਭਾਈ ਜੇਠਾ (ਮਗਰੋਂ ਗੁਰੂ ਰਾਮ ਦਾਸ ਸਾਹਿਬ) ਦੇ ਘਰ ਗੋਇੰਦਵਾਲ ਵਿਚ ਹੋਇਆ ਸੀ। (ਇਸ ਵੇਲੇ ਤਕ ਗੁਰੂ ਰਾਮ ਦਾਸ ਸਾਹਿਬ ਦਾ ਨਾਂ ਭਾਈ ਜੇਠਾ ਸੀ ਕਿਉਂ ਕਿ ਉਨ੍ਹਾਂ ਅਜੇ ਗੁਰਗੱਦੀ ਦੀ ਸੇਵਾ ਨਹੀਂ ਸੰਭਾਲੀ ਸੀ)। ਗੁਰੂ ਅਰਜਨ ਸਾਹਿਬ ਗੁਰੂ ਰਾਮ ਦਾਸ ਸਾਹਿਬ ਦੇ ਤਿੰਨਾਂ ਪੁਤਰਾਂ ਵਿਚੋਂ ਸਭ ਤੋਂ ਛੋਟੇ ਸਨ। ਇਸ ਸੋਮਾ ਗੁਰੂ ਜੀ ਦਾ ਜਨਮ 1553 ਦਾ ਵੀ ਲਿਖਦਾ ਹੈ (ਵੇਖੋ ਕਿਤਾਬ 'ਗੁਰਪ੍ਰਣਾਲੀਆਂ', ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)।

1634: ਅੰਮ੍ਰਿਤਸਰ ਤੇ ਮੁਗ਼ਲ ਫ਼ੌਜਾਂ ਦਾ ਹਮਲਾ, ਭਾਈ ਬੱਲੂ, ਭਾਈ ਸਿੰਘਾ ਪ੍ਰੋਹਤ ਤੇ ਭਾਈ ਕੀਰਤ ਭੱਟ ਵਗ਼ੈਰਾ ਦੀ ਸ਼ਹੀਦੀ

ਜਨਵਰੀ 1613 ਵਿਚ ਜਹਾਂਗੀਰ ਦੇ ਹੁਕਮ ਹੇਠ ਗੁਰੂ ਹਰਿਗੋਬਿੰਦ ਸਾਹਿਬ ਨੂੰ 12 ਸਾਲ ਵਾਸਤੇ ਗਵਾਲੀਅਰ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ ਸੀ। ਗਵਾਲੀਅਰ ਕਿਲ੍ਹੇ ਵਿਚ ਗੁਰੂ ਸਾਹਿਬ ਤੋਂ ਇਲਾਵਾ ਇਕ ਸੌ ਤੋਂ ਵਧ ਰਾਜੇ ਸਿਆਸੀ ਕੈਦਾਂ ਭੁਗਤ ਰਹੇ ਸਨ। ਇਹ ਸ਼ਾਹੀ ਜੇਲ੍ਹ ਸਿਰਫ਼ ਰਾਜਿਆਂ ਅਤੇ ਹੋਰ ਅਹਿਮ ਤੇ ਖ਼ਾਸ ਸ਼ਖ਼ਸੀਅਤਾਂ ਨੂੰ ਕੈਦ ਕਰਨ ਵਾਸਤੇ ਵਰਤੀ ਜਾਂਦੀ ਸੀ। 1619 ਵਿਚ ਮੀਆਂ ਮੀਰ, ਸੂਬੇਦਾਰ ਵਜ਼ੀਰ ਖ਼ਾਨ ਚਨਿਓਟ ਅਤੇ ਨੂਰ ਜਹਾਂ ਦੇ ਕਹਿਣ 'ਤੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਵਾਸਤੇ ਹੁਕਮ ਜਾਰੀ ਕਰ ਦਿਤੇ। ਇਸ ਮੌਕੇ 'ਤੇ ਗੁਰੂ ਸਾਹਿਬ ਨੇ ਜਹਾਂਗੀਰ ਤੋਂ ਇਹ ਵੀ ਮੰਨਵਾ ਲਿਆ ਕਿ ਉਹ ਕਿਲ੍ਹੇ ਵਿਚ ਕੈਦ ਪਹਾੜੀ ਤੇ ਦੂਜੇ ਰਾਜਿਆਂ ਨੂੰ ਵੀ ਰਿਹਾਅ ਕਰ ਦੇਵੇ। ਜਹਾਂਗੀਰ ਨੇ ਅਸਿੱਧੇ ਤਰੀਕੇ ਨਾਲ ਇਹ ਗੱਲ ਮਨਜ਼ੂਰ ਕਰ ਲਈ ਤੇ ਕਿਲ੍ਹੇ ਵਿਚ ਕੈਦ ਛੋਟੀਆਂ ਕੈਦਾਂ ਵਾਲੇ 49 ਰਾਜੇ (ਜੋ ਸਾਰੇ ਹੀ ਹਿੰਦੂ ਸਨ) ਰਿਹਾਅ ਕਰ ਦਿਤੇ ਅਤੇ ਗੁਰੂ ਸਾਹਿਬ ਦਾ ਇਮਤਿਹਾਨ ਲੈਣ ਵਾਸਤੇ ਸ਼ਰਤ ਰੱਖੀ ਕਿ ਲੰਬੀਆਂ ਕੈਦਾਂ ਵਾਲੇ 52 ਰਾਜਿਆਂ ਵਿਚੋਂ ਜਿੰਨੇ ਰਾਜੇ ਗੁਰੂ ਸਾਹਿਬ ਦੇ ਚੋਗੇ ਦੀਆਂ ਕਲੀਆਂ (ਕੰਨੀਆਂ/ਨੁੱਕਰਾਂ/ਤਣੀਆਂ) ਫੜ ਕੇ ਕਿਲ੍ਹੇ ਵਿਚੋਂ ਬਾਹਰ ਆ ਸਕਣ ਰਿਹਾ ਹੋ ਜਾਣਗੇ। ਜਹਾਂਗੀਰ ਸੋਚਦਾ ਸੀ ਕਿ ਗੁਰੂ ਜੀ ਇਹ ਫ਼ੈਸਲਾ ਨਹੀਂ ਕਰ ਸਕਣਗੇ ਕਿ 52 ਰਾਜਿਆਂ ਵਿਚੋਂ ਉਹ ਕਿਹੜੇ-ਕਿਹੜੇ ਰਾਜੇ ਨੂੰ ਰਿਹਾਅ ਕਰਵਾਉਣਗੇ। ਇਸ 'ਤੇ ਗੁਰੂ ਸਾਹਿਬ ਨੇ ਹਰੀ ਦਾਸ ਯਾਦਵ ਦਰੋਗੇ ਕੋਲੋਂ 52 ਕਲੀਆਂ ਵਾਲਾ ਚੋਗਾ ਸਿਲਵਾ ਕੇ ਸਾਰੇ ਰਾਜੇ ਕਿਲ੍ਹੇ ਵਿਚੋਂ ਰਿਹਾਅ ਕਰਵਾ ਲਏ (ਗੁਰੂ ਜੀ ਦੇ ਇਸ ਕਦਮ ਨੂੰ ਵੇਖ ਕੇ ਜਹਾਂਗੀਰ ਨੇ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ)। ਇਸ ਮਗਰੋਂ ਜਹਾਂਗੀਰ ਤੇ ਗੁਰੂ ਸਾਹਿਬ ਵਿਚਕਾਰ ਕਾਫ਼ੀ ਨੇੜਤਾ ਬਣ ਗਈ।

28 ਅਕਤੂਬਰ 1627 ਦੇ ਦਿਨ ਜਹਾਂਗੀਰ ਦੀ ਮੌਤ ਹੋ ਗਈ ਸੀ। ਜਹਾਂਗੀਰ ਦਾ ਪੁੱਤਰ ਸ਼ਾਹਜਹਾਨ ਵੀ ਹੌਲੀ-ਹੌਲੀ ਮੁਤੱਸਬੀ ਮੁਸਲਮਾਨਾਂ ਦੇ ਅਸਰ ਹੇਠ ਆ ਗਿਆ। ਇਸ ਹਾਲਤ ਵਿਚ ਸਿੱਖਾਂ ਅਤੇ ਮੁਗ਼ਲਾਂ ਵਿਚ ਅਮਨ (ਸ਼ਾਂਤੀ) ਦੇ ਆਸਾਰ ਘਟਣਾ ਲਾਜ਼ਮੀ ਸੀ। ਉਸ ਨੇ ਗ਼ੈਰ-ਮੁਸਲਮਾਨਾਂ ਦੇ ਧਾਰਮਿਕ ਅਦਾਰਿਆਂ ਨੂੰ ਢਾਹੁਣਾ ਵੀ ਸ਼ੁਰੂ ਕਰ ਦਿਤਾ। ਇਨ੍ਹਾਂ ਵਿਚ ਲਾਹੌਰ ਦੇ ਡੱਬੀ ਬਜ਼ਾਰ ਵਿਚ ਬਣਿਆ ਹੋਇਆ ਬਾਉਲੀ ਸਾਹਿਬ ਵੀ ਸੀ। ਇਸ ਵੇਲੇ ਤਕ ਗੁਰੂ ਸਾਹਿਬ ਗੁਰੂ ਦਾ ਚੱਕ ਵਿਚ ਰਹਿ ਰਹੇ ਸਨ। ਗੁਰੂ ਸਾਹਿਬ ਨੇ ਆਪਣੀ ਬੇਟੀ ਵੀਰੋ ਦਾ ਵਿਆਹ 16 ਅਪਰੈਲ 1634 ਦੇ ਦਿਨ ਦਾ ਰਖਿਆ ਹੋਇਆ ਸੀ। ਇਸ ਮੌਕੇ 'ਤੇ ਵੱਖ-

ਵੱਖ ਇਲਾਕਿਆਂ ਤੋਂ ਬਹੁਤ ਸੰਗਤਾਂ ਪੁੱਜੀਆਂ ਹੋਈਆਂ ਸਨ। ਪਰ ਅਚਾਨਕ 15 ਅਪਰੈਲ ਦੇ ਦਿਨ ਮੁਗ਼ਲ ਫ਼ੌਜਾਂ ਨੇ ਮੁਖ਼ਲਸ ਖ਼ਾਨ ਗੋਰਖਪੁਰੀ ਦੀ ਕਮਾਂਡ ਹੇਠ ਹਮਲਾ ਕਰ ਦਿਤਾ। ਗੁਰੂ ਸਾਹਿਬ ਨੇ ਪਰਿਵਾਰ ਨੂੰ ਸੰਭਾਲ ਪਹੁੰਚਾਇਆ ਅਤੇ ਦੂਜੇ ਪਾਸੇ ਹਮਲੇ ਦਾ ਟਾਕਰਾ ਵੀ ਕੀਤਾ। ਇਸ ਹਮਲੇ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਪਰ ਮੈਦਾਨ ਸਿੰਘਾਂ ਦੇ ਹੱਥ ਵਿਚ ਹੀ ਰਿਹਾ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਬੱਲੂ (ਦਾਦਾ ਭਾਈ ਮਨੀ ਸਿੰਘ), ਭਾਈ ਸਿੰਘਾ ਪੋਰੋਹਿਤ, ਭਾਈ ਪਿਰਾਣਾ, ਭਾਈ ਕੀਰਤ ਭੱਟ (ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਵੀ ਸ਼ਹੀਦ ਹੋਏ। ਇਸ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਞ ਮਿਲਦਾ ਹੈ: "*ਬਲੂ ਬੇਟਾ ਮੂਲੇ ਕਾ ਪੋਤਾ ਰਾਊ ਕਾ, ਪੜਪੋਤਾ ਚਾਹੜ ਕਾ ਰਉਦਤ ਜਲ੍ਹਾਨਾ, ਸਾਲ ਸੋਲਾਂ ਸੈ ਇਕਾਨਮੇ ਵਿਸਾਖ ਪ੍ਰਵਿਸ਼ਟੇ ਸਤਾਰਾਂ, ਗੁਰੂ ਚੱਕ ਕੇ ਮਲ੍ਹਾਨ ਗੁਰੂ ਕਾ ਬਚਨ ਪਾਇ ਸਾਮ੍ਹੇ ਮਾਥੇ ਰਣ ਮੇਂ ਮੁਰਤਜ਼ਾ ਖਾਂ ਕੋ ਮਾਰ ਮਰਾ। ਗੈਲੋਂ ਕੀਰਤ ਬੇਟਾ ਭਿਖੇ ਕਾ ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ ਕੌਸ਼ਿਸ਼ ਗੋਤ੍ਰ ਬ੍ਰਾਹਮਣ ਮਾਰਾ ਗਿਆ*" (ਭੱਟ ਵਹੀ ਮੁਲਤਾਨ ਸਿੰਧੀ)। (ਨੋਟ: ਪਾਲ ਸਿੰਘ ਪੁਰੇਵਾਲ ਦੀ ਜੰਤਰੀ ਮੁਤਾਬਿਕ ਇਹ ਤਾਰੀਖ਼ 13 ਅਪ੍ਰੈਲ ਬਣਦੀ ਹੈ)।

1980: ਪੰਜਾਬ ਐਂਡ ਸਿੰਧ ਬੈਂਕ ਨੈਸ਼ਨਾਲਾਈਜ਼ ਹੋਇਆ

ਸਿੱਖਾਂ ਦਾ ਇੱਕੋ ਇੱਕ ਬੈਂਕ-ਅਦਾਰਾ 'ਪੰਜਾਬ ਐਂਡ ਸਿੰਧ ਬੈਂਕ' 15 ਅਪ੍ਰੈਲ 1980 ਨੂੰ ਇਕ ਆਰਡੀਨੈਂਸ ਜਾਰੀ ਕਰ ਕੇ ਨੈਸ਼ਨਾਲਾਈਜ਼ ਕਰ ਦਿੱਤਾ ਗਿਆ। ਭਾਰਤ ਸਰਕਾਰ ਦੀ ਫ਼ਿਰਕੂ ਹਿੰਦੂਆਂ ਦੀ ਲੌਬੀ ਨੂੰ ਇਹ ਬੈਂਕ ਇਸ ਕਰ ਕੇ ਚੁੱਭਦਾ ਸੀ ਕਿ ਇਸ ਅਦਾਰੇ ਨੇ ਹਜ਼ਾਰਾਂ ਦੀ ਤਾਦਾਦ ਵਿਚ ਪੜ੍ਹੇ ਲਿਖੇ ਕੇਸ ਦਾੜ੍ਹੀਆਂ ਵਾਲੇ ਸਿੱਖਾਂ ਨੂੰ ਚੰਗੇ ਰੋਜ਼ਗਾਰ ਦਿੱਤੇ ਸਨ ਵਰਨਾ ਪਹਿਲਾਂ ਤਾਂ ਬੈਂਕਾਂ ਦੀ ਮੁਲਾਜ਼ਮਤ ਵਿਚ ਸਿੱਖਾਂ ਦੀ ਤਾਦਾਦ ਸਾਰੇ ਹਿੰਦੁਸਤਾਨ ਵਿਚ ਇਕ-ਹਜ਼ਾਰਵਾਂ ਹਿੱਸਾ ਤੋਂ ਵੀ ਘੱਟ ਸੀ।

1988: ਜਸਬੀਰ ਸਿੰਘ ਉਰਫ਼ ਮੇਜਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਦਰਾਂ ਅਪ੍ਰੈਲ 1988 ਦੇ ਦਿਨ ਪੰਜਾਬ ਪੁਲਸ ਨੇ ਜਸਬੀਰ ਸਿੰਘ ਉਰਫ਼ ਮੇਜਰ ਸਿੰਘ ਨੂੰ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1990: ਸੁਰਜੀਤ ਸਿੰਘ (ਵਾਸੀ ਛੋਟੀਆਂ ਕਰੀਆ, ਫ਼ੀਰੋਜ਼ਪੁਰ) ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਦਰਾਂ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਸੁਰਜੀਤ ਸਿੰਘ (ਵਾਸੀ ਛੋਟੀਆਂ ਕਰੀਆ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਵੇਰਕਾ, ਦਲੀਪ ਸਿੰਘ ਡੇਰਾ ਬਾਬਾ ਨਾਨਕ, ਸ਼ਿੰਦਰ ਸਿੰਘ ਤੇ ਬਲਬੀਰ ਸਿੰਘ ਚੋਗਾਵਾਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਦਰਾਂ ਅਪ੍ਰੈਲ 1992 ਦੇ ਦਿਨ ਸੁਖਦੇਵ ਸਿੰਘ ਵੇਰਕਾ, ਦਲੀਪ ਸਿੰਘ ਡੇਰਾ ਬਾਬਾ ਨਾਨਕ, ਸ਼ਿੰਦਰ ਸਿੰਘ ਤੇ ਬਲਵਿੰਦਰ ਸਿੰਘ ਚੋਗਾਵਾਂ ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1993: ਹਰਬੰਸ ਸਿੰਘ ਬੰਸਾ ਉਬੋਕੇ ਤੇ ਹਰਜਿੰਦਰ ਸਿੰਘ (ਰਣਜੀਤ ਸਿੰਘ ਬਾਬਾ) ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਦਰਾਂ ਅਪ੍ਰੈਲ 1993 ਦੇ ਦਿਨ ਪੁਲਸ ਨੇ ਹਰਬੰਸ ਸਿੰਘ ਉਰਫ਼ ਬੰਸਾ (ਪੁੱਤਰ ਮਿਲਖਾ ਸਿੰਘ, ਵਾਸੀ ਉਬੋਕੇ) ਤੇ ਹਰਜਿੰਦਰ ਸਿੰਘ ਜਿੰਦਾ ਉਰਫ਼ ਰਣਜੀਤ ਸਿੰਘ ਬਾਬਾ ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

16 ਅਪਰੈਲ

1634: ਗੁਰੂ ਹਰਗੋਬਿੰਦ ਸਾਹਿਬ ਦੀ ਬੇਟੀ ਬੀਬੀ ਵੀਰੋ ਦਾ ਵਿਆਹ ਝਬਾਲ ਵਿਚ ਹੋਇਆ

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਬੇਟੀ ਵੀਰੋ ਦਾ ਵਿਆਹ 16 ਅਪਰੈਲ 1634 ਦੇ ਦਿਨ ਦਾ ਰਖਿਆ ਹੋਇਆ ਸੀ। ਇਸ ਮੌਕੇ 'ਤੇ ਵੱਖ-ਵੱਖ ਇਲਾਕਿਆਂ ਤੋਂ ਬਹੁਤ ਸੰਗਤਾਂ ਪੁੱਜੀਆਂ ਹੋਈਆਂ ਸਨ। ਪਰ ਅਚਾਨਕ 15 ਅਪਰੈਲ ਦੇ ਦਿਨ ਮੁਗ਼ਲ ਫ਼ੌਜਾਂ ਨੇ ਮੁਖ਼ਲਸ ਖ਼ਾਨ ਗੋਰਖਪੁਰੀ ਦੀ ਕਮਾਂਡ ਹੇਠ ਹਮਲਾ ਕਰ ਦਿਤਾ। ਗੁਰੂ ਸਾਹਿਬ ਨੇ ਆਪਣੇ ਪਰਿਵਾਰ, ਹੋਰ ਬੀਬੀਆਂ ਅਤੇ ਬੱਚਿਆਂ ਨੂੰ ਭਾਈ ਲੰਗਾਹ ਦੀ ਰਿਆਸਤ ਝਬਾਲ ਵੱਲ ਭੇਜ ਦਿੱਤਾ ਅਤੇ ਆਪ ਹਮਲੇ ਦਾ ਟਾਕਰਾ ਕਰਨ ਵਾਸਤੇ ਠਹਿਰ ਗਏ। ਇਸ ਹਮਲੇ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਪਰ ਮੈਦਾਨ ਸਿੰਘਾਂ ਦੇ ਹੱਥ ਵਿਚ ਹੀ ਰਿਹਾ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਬੱਲੂ (ਦਾਦਾ ਭਾਈ ਮਨੀ ਸਿੰਘ), ਭਾਈ ਸਿੰਘਾ ਪੋਰੋਹਿਤ, ਭਾਈ ਪਿਰਾਣਾ, ਭਾਈ ਕੀਰਤ ਭੱਟ (ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਵੀ ਸ਼ਹੀਦ ਹੋਏ।

ਜੰਗ ਜਿੱਤਣ ਤੋਂ ਬਾਅਦ ਗੁਰੂ ਸਾਹਿਬ ਆਪ ਵੀ ਝਬਾਲ ਗਏ ਅਤੇ 16 ਅਪ੍ਰੈਲ 1634 ਦੇ ਦਿਨ ਬੀਬੀ ਵੀਰੋ ਦਾ ਵਿਆਹ ਕੀਤਾ ਗਿਆ। (ਇੱਥੇ ਇਹ ਗੱਲ ਸਮਝਣ ਵਾਲੀ ਹੈ ਕਿ ਗੁਰੂ ਸਾਹਿਬ 'ਤੇ ਇਹ ਹਮਲਾ ਸ਼ਾਹਜਹਾਨ ਦੇ ਹੁਕਮ ਹੇਠ ਨਹੀਂ ਸੀ ਕੀਤਾ ਗਿਆ ਤੇ ਨਾ ਹੀ ਇਹ ਮੁਗ਼ਲਾਂ ਦਾ ਬਾਜ਼ ਗੁਰੂ ਸਾਹਿਬ ਵੱਲ ਉੱਡ ਆਉਣ ਅਤੇ ਸਿੱਖਾਂ ਵੱਲੋਂ ਬਾਜ਼ ਮੋੜਨ ਤੋਂ ਨਾਂਹ ਕਰਨ 'ਤੇ ਕੀਤਾ ਗਿਆ ਸੀ। ਇਹ ਕਹਾਣੀਆਂ ਮੁਸਲਮਾਨ ਲਿਖਾਰੀਆਂ ਜਾਂ ਹਾਕਮਾਂ ਨੇ ਪ੍ਰਚਾਰੀਆਂ ਹੋਣਗੀਆਂ। ਦਰਅਸਲ ਲਾਹੌਰ ਅਤੇ ਪੱਟੀ ਦੇ ਹਾਕਮ, ਗੁਰੂ ਸਾਹਿਬ ਦੀ ਵਧ ਰਹੀ ਸਿੱਖ-ਸੰਗਤ ਅਤੇ ਉਨ੍ਹਾਂ ਦੀ ਫ਼ੌਜ 'ਤੇ ਔਖੇ ਸਨ। ਉਨ੍ਹਾਂ ਨੂੰ ਇਹ ਪਤਾ ਸੀ ਕਿ ਸ਼ਾਹਜਹਾਨ ਨੇ ਅਜਿਹੇ ਐਕਸ਼ਨ 'ਤੇ ਕੋਈ ਇਤਰਾਜ਼ ਨਹੀਂ ਕਰਨਾ ਇਸ ਕਰ ਕੇ ਉਨ੍ਹਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ)।

ਜਿਸ ਜਗਹ ਬੀਬੀ ਵੀਰੋ ਦਾ ਵਿਆਹ ਹੋਇਆ ਸੀ ਉਹ ਈਮਾਰਤ ਅਜੇ ਵੀ ਕਾਇਮ ਹੈ। 20 ਅਪਰੈਲ 2007 ਦੇ ਦਿਨ ਜਦ ਮੈਂ ਤੇ ਸੁਰਜੀਤ ਸਿੰਘ ਛਦੌੜੀ ਉਥੇ ਗਏ ਤਾਂ ਵੇਖਿਆ ਕਿ ਉਸ ਤਵਾਰੀਖੀ ਤਹਿਖ਼ਾਨਿਆਂ ਦੀਆਂ ਕੰਧਾਂ 'ਤੇ ਸੀਮੈਂਟ ਕਰ ਕੇ ਉਨ੍ਹਾਂ ਦੀ ਪ੍ਰਾਚੀਨਤਾ ਖ਼ਤਮ ਕੀਤੀ ਜਾ ਰਹੀ ਸੀ। ਅਸੀਂ ਉਸ ਹਰਕਤ ਨੂੰ ਰੁਕਵਾ ਦਿੱਤਾ; ਜੇ ਅਸੀਂ ਨਾ ਵੇਖਦੇ ਤਾਂ ਦਰਬਾਰ ਸਾਹਿਬ ਦੇ ਰਾਮਗੜ੍ਹੀਆ ਬੁੰਗਾ ਵਾਂਙ ਉਹ ਤਹਿਖ਼ਾਨੇ ਵੀ ਖ਼ਤਮ ਹੋ ਜਾਣੇ ਸਨ।

1696: ਗੁਰੂ ਰਾਮ ਦਾਸ ਜੀ ਦੇ ਪੜੋਤੇ ਸੋਢੀ ਹਰਿ ਜੀ (ਪੁੱਤਰ ਮਿਹਰਬਾਨ, ਪੋਤਾ ਪ੍ਰਿਥੀ ਚੰਦ ਮੀਣਾ) ਦੀ ਮੌਤ

ਸੋਢੀ ਹਰ ਜੀ ਮਿਹਰਬਾਨ ਦਾ ਪੁੱਤਰ ਤੇ ਪ੍ਰਿਥੀ ਚੰਦ ਮੀਣਾ ਦਾ ਪੋਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਕੀਰਤਪੁਰ ਚਲੇ ਜਾਣ ਮਗਰੋਂ ਅੰਮ੍ਰਿਤਸਰ 'ਤੇ ਇਸ ਪਰਵਾਰ ਦਾ ਕਬਜ਼ਾ ਸੀ। 16 ਅਪ੍ਰੈਲ 1696 ਦੇ ਦਿਨ ਹਰ ਜੀ ਦੀ ਮੌਤ ਹੋ ਗਈ। ਉਸ ਮਗਰੋਂ ਉਸ ਦੇ ਪੁੱਤਰ ਨਗਰ ਛੱਡ ਕੇ ਵਖ ਵਖ ਥਾਵਾਂ ਤੇ ਜਾ ਵਸੇ।ਮਾਰਚ 1698 ਵਿਚ ਗੁਰੂ ਦਾ ਚੱਕ

(ਰਾਮਦਾਸਪੁਰਾ, ਅੰਮ੍ਰਿਤਸਰ) ਦੀਆਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਮੀਣੇ ਅੰਮ੍ਰਿਤਸਰ ਛੱਡ ਕੇ ਚਲੇ ਗਏ ਹਨ। ਤੁਸੀਂ ਕਿਸੇ ਮੁਖੀ ਸਿੱਖ ਨੂੰ ਉੱਥੋਂ ਦੀ ਸੇਵਾ ਸੰਭਾਲਣ ਵਾਸਤੇ ਭੇਜ ਦਿਉ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਦਾ ਇੰਚਾਰਜ ਬਣਾ ਕੇ ਭੇਜਿਆ। ਭਾਈ ਮਨੀ ਸਿੰਘ 2 ਮਈ 1698 ਦੇ ਦਿਨ ਅੰਮ੍ਰਿਤਸਰ ਪੁੱਜੇ ਅਤੇ 3 ਮਈ ਨੂੰ ਦਰਬਾਰ ਸਾਹਿਬ 'ਚ ਨੀਲਾ ਨਿਸ਼ਾਨ ਸਾਹਿਬ (ਕੇਸਰੀ ਤੇ ਪੀਲਾ ਰੰਗ ਉਦਾਸੀਆਂ ਨੇ ਸ਼ੁਰੂ ਕੀਤੇ ਸਨ) ਝੁਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਇਸ ਤੋਂ ਬਾਅਦ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹਿਣ ਲੱਗ ਪਏ।

1961: ਅਖੰਡ ਕੀਰਤਨੀ ਜਥਾ ਦੇ ਭਾਈ ਰਣਧੀਰ ਸਿੰਘ ਚੜ੍ਹਾਈ ਕਰ ਗਏ

ਅਖੰਡ ਕੀਰਤਨੀ ਜਥਾ ਦੇ ਮੋਢੀ ਅਤੇ ਗ਼ਦਰ ਪਾਰਟੀ ਦੇ ਇਕ ਅਹਿਮ ਆਗੂ ਭਾਈ ਰਣਧੀਰ ਸਿੰਘ 16 ਅਪ੍ਰੈਲ 1961 ਦੇ ਦਿਨ ਚੜ੍ਹਾਈ ਕਰ ਗਏ। ਭਾਈ ਰਣਧੀਰ ਸਿੰਘ ਜ਼ਿਲਾ ਲੁਧਿਆਣਾ ਦੇ ਪਿੰਡ ਨਾਰੰਗਵਾਲ ਨਾਲ ਸਬੰਧ ਰਖਦੇ ਸਨ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਵੀ ਹਿੱਸਾ ਪਾਇਆ ਅਤੇ ਜਦ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਤੋਂ ਪੰਜਾਬ ਆਜ਼ਾਦ ਕਰਵਾਉਣ ਦੀ ਪਲਾਨ ਬਣਾਈ ਤਾਂ ਆਪ ਨੂੰ ਫ਼ੌਜੀ ਸਿੱਖਾਂ ਵਿਚ ਪ੍ਰਚਾਰ ਕਰਨ ਦੀ ਸੇਵਾ ਸੌਂਪੀ ਗਈ ਜੋ ਆਪ ਨੇ ਬਖ਼ੂਬੀ ਨਿਭਾਈ ਅਤੇ ਸਿੱਖ ਫ਼ੌਜੀਆਂ ਨੂੰ ਗ਼ਦਰ ਵਾਸਤੇ ਤਿਆਰ ਕੀਤਾ। ਪਰ, ਕਿਰਪਾਲ ਸਿੰਘ ਮੁਖ਼ਬਰ ਨੇ ਗ਼ਦਰ ਤੋਂ ਇਕ ਦਿਨ ਪਹਿਲਾਂ ਸਾਰੇ ਆਗੂ ਗ੍ਰਿਫ਼ਤਾਰ ਕਰਵਾ ਦਿੱਤੇ। ਭਾਈ ਰਣਧੀਰ ਸਿੰਘ ਨੂੰ ਅੰਡੇਮਾਨ ਤੇ ਹੋਰ ਜੇਲ੍ਹਾਂ ਵਿਚ ਰੱਖਿਆ ਗਿਆ; ਆਪ ਨੇ ਸਾਰੀ ਜਵਾਨੀ ਜੇਲ੍ਹਾਂ ਵਿਚ ਹੀ ਗੁਜ਼ਾਰੀ।

1920 ਵਿਚ ਸਿੱਖ ਲੀਗ ਦੇ ਦੂਜੇ ਸੈਸ਼ਨ ਵਿਚ ਭਾਈ ਰਣਧੀਰ ਸਿੰਘ ਨੂੰ ਖ਼ਾਸ ਮਾਣ ਦਿੱਤਾ ਗਿਆ। ਇਹ ਸੈਸ਼ਨ 20-21 ਅਕਤੂਬਰ 1920 ਨੂੰ ਲਾਹੌਰ ਦੇ ਬਰੈਡਲਾ ਹਾਲ ਵਿਚ ਹੋਇਆ ਸੀ। ਇਕ ਹਫ਼ਤਾ ਪਹਿਲਾਂ ਇਸ ਦੀ ਪ੍ਰਧਾਨਗੀ ਖੜਕ ਸਿੰਘ ਸਿਆਲਕੋਟ ਨੇ ਕਬੂਲ ਕਰ ਲਈ। ਸੁੰਦਰ ਸਿੰਘ ਚਾਵਲਾ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ ਅਤੇ ਹਾਲ ਦੀ ਮੁੱਖ ਰੌਣਕ ਸਨ: ਬੀਬੀ ਕਰਤਾਰ ਕੌਰ (ਸਿੰਘਣੀ ਗ਼ਦਰੀ ਆਗੂ ਭਾਈ ਰਣਧੀਰ ਸਿੰਘ)। ਇਸ ਤੋਂ ਇਲਾਵਾ ਕਾਮਾਗਾਟਾਮਾਰੂ ਅਤੇ ਗ਼ਦਰ ਪਾਰਟੀ ਦੇ 50 ਆਗੂ ਸਟੇਜ ਦੇ ਸੱਜੇ ਪਾਸੇ ਇਕੱਠੇ ਬੈਠੇ ਸਨ। ਦੀਵਾਨ ਵਿਚ 7 ਕੁਰਸੀਆਂ ਜੇਲ੍ਹਾਂ ਵਿਚ ਬੈਠੇ ਗ਼ਦਰੀ ਆਗੂਆਂ (**ਭਾਈ ਰਣਧੀਰ ਸਿੰਘ**, ਚਤਰ ਸਿੰਘ, ਨਿਧਾਨ ਸਿੰਘ, ਮਦਨ ਸਿੰਘ, ਜਵਾਲਾ ਸਿੰਘ, ਅਮਰ ਸਿੰਘ ਤੇ ਨਿਧਾਨ ਸਿੰਘ ਚੁੱਘਾ) ਵਾਸਤੇ, ਖ਼ਾਲੀ ਰੱਖੀਆਂ ਹੋਈਆਂ ਸਨ। ਉਮਰ ਕੈਦ ਦੀ ਪੂਰੀ ਸਜ਼ਾ ਭੁਗਤਣ ਮਗਰੋਂ ਭਾਈ ਰਣਧੀਰ ਸਿੰਘ 25 ਮਾਰਚ 1930 ਦੇ ਦਿਨ ਅਕਾਲ ਤਖ਼ਤ ਤੇ ਹਾਜ਼ਰ ਹੋਏ ਜਿੱਥੇ ਉਨ੍ਹਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤਾ ਗਿਆ।ਭਾਈ ਰਣਧੀਰ ਸਿੰਘ ਨੂੰ ਵੈਨਕੂਵਰ ਕਨੇਡਾ ਦੀਆਂ ਸੰਗਤਾਂ ਨੇ ਵੀ ਬਹੁਤ ਮਾਣ ਦਿੱਤਾ ਸੀ। ਭਾਈ ਅਰਜਨ ਸਿੰਘ ਚੰਦ ਦੀ ਇਤਿਹਾਸਕ ਡਾਇਰੀ (ਸੰਪਾਦਕ ਡਾ: ਪੂਰਨ ਸਿੰਘ ਗਿੱਲ, ਸਫ਼ਾ 123) ਮੁਤਾਬਿਕ ਭਾਈ ਰਣਧੀਰ ਸਿੰਘ ਨੂੰ 500 ਡਾਲਰ ਦੀ ਥੈਲੀ ਅਤੇ ਇਕ ਕਿਰਪਾਨ ਭੇਜੇ ਗਏ ਸਨ।

ਭਾਈ ਰਣਧੀਰ ਸਿੰਘ ਨੇ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ ਜਿਨ੍ਹਾਂ ਵਿਚੋਂ 'ਜੇਲ੍ਹ ਚਿੱਠੀਆਂ' ਦਾ ਬਹੁਤ ਸਾਰੇ ਲੇਖਕ ਅਕਸਰ ਹਵਾਲਾ ਦੇਂਦੇ ਰਹਿੰਦੇ ਹਨ ਕਿਉਂ ਕਿ ਇਸ ਵਿਚ ਉਨ੍ਹਾਂ ਨੇ ਭਗਤ ਸਿੰਘ ਨਾਲ, ਉਸ ਦੀ ਫ਼ਾਂਸੀ ਤੋਂ ਕੁਝ ਦਿਨ ਪਹਿਲਾਂ ਜੋ ਗੱਲਬਾਤ ਕੀਤੀ ਸੀ ਉਸ ਦਾ ਜ਼ਿਕਰ ਹੈ।

ਪੰਥ ਦੀ ਸੇਵਾ ਵਿਚ ਆਪਣਾ ਰੋਲ ਅਦਾ ਕਰਦੇ ਕਰਦੇ ਭਾਈ ਰਣਧੀਰ ਸਿੰਘ 16 ਅਪਰੈਲ 1961 ਦੇ ਦਿਨ ਚੜ੍ਹਾਈ ਕਰ ਗਏ।

1984: ਪੰਜਾਬ ਵਿਚ 38 ਸਟੇਸ਼ਨ ਸਾੜੇ ਗਏ

2 ਅਪ੍ਰੈਲ 1984 ਦੇ ਦਿਨ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ ਸੀ। ਇਸ ਮਗਰੋਂ 15 ਅਪ੍ਰੈਲ 1984 ਦੇ ਦਿਨ ਪੰਜਾਬ ਵਿਚ 38 ਰੇਲਵੇ ਸਟੇਸ਼ਨਾਂ ਨੂੰ ਅੱਗ ਲਾਈ ਗਈ। ਸਰਕਾਰ ਨੇ ਇਸ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਐਕਸ਼ਨ ਦਸ ਕੇ ਇਸ ਜਥੇਬੰਦੀ 'ਤੇ ਪਾਬੰਦੀ ਲਾਉਣ ਦਾ ਬਹਾਨਾ ਬਣਾਇਆ। ਮਗਰੋਂ ਰਾਜ਼ ਖੁਲ੍ਹਿਆ ਕਿ ਇਹ ਇੰਦਰਾ ਗਾਂਧੀ ਦੀ ਖ਼ੁਫ਼ੀਆ 'ਥਰਡ ਏਜੰਸੀ' ਦਾ ਕਾਰਨਾਮਾ ਸੀ, ਜਿਸ ਨੇ ਇਹ ਹਰਕਤ ਆਪਣੇ ਏਜੰਟਾਂ ਰਾਹੀਂ ਕਰਵਾਈ ਸੀ; ਇਸ ਦਾ ਮਕਸਦ ਸਿੱਖਾਂ ਨੂੰ ਬਦਨਾਮ ਕਰ ਕੇ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਕੇ ਪੰਜਾਬ ਵਿਚ ਫ਼ੌਜ ਨੂੰ ਭੇਜਿਆ ਜਾਵੇ।

1988: ਜਗਿੰਦਰ ਸਿੰਘ ਦੀਪਾ ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

ਸੋਲਾਂ ਅਪ੍ਰੈਲ 1988 ਦੇ ਦਿਨ ਪੰਜਾਬ ਪੁਲਸ ਨੇ ਜਗਿੰਦਰ ਸਿੰਘ ਦੀਪਾ (ਪੁੱਤਰ ਜਗਿੰਦਰ ਸਿੰਘ ਫਿਲੌਸਫਰ, ਵਾਸੀ ਜਲੰਧਰ) ਨੂੰ ਇਕ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1989: ਇੰਦਰਜੀਤ ਸਿੰਘ ਰਤਨਗੜ੍ਹ ਨਕਲੀ ਮੁਕਾਬਲੇ ਵਿਚ ਸ਼ਹੀਦ

ਸੋਲਾਂ ਅਪ੍ਰੈਲ 1989 ਦੇ ਦਿਨ ਪੁਲਸ ਨੇ ਇੰਦਰਜੀਤ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਰਤਨਗੜ੍ਹ, ਜ਼ਿਲ੍ਹਾ ਰੋਪੜ) ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1992: ਸੁਰਜੀਤ ਸਿੰਘ ਕੱਥੂ ਨਕਲੀ ਮੁਕਾਬਲੇ ਵਿਚ ਸ਼ਹੀਦ

ਸੋਲਾਂ ਅਪ੍ਰੈਲ 1992 ਦੇ ਦਿਨ ਪੁਲਸ ਨੇ ਸੁਰਜੀਤ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਕੱਥੂ, ਜ਼ਿਲ੍ਹਾ ਸੰਗਰੂਰ) ਤੇ 4 ਹੋਰ ਸਿੱਖਾਂ ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

17 ਅਪਰੈਲ

1765: ਸਿੱਖਾਂ ਦਾ ਲਾਹੌਰ 'ਤੇ ਕਬਜ਼ਾ ਹੋ ਗਿਆ

ਅਹਿਮਦ ਸ਼ਾਹ ਨੂੰ ਬੁਰੀ ਤਰ੍ਹਾਂ ਹਰਾ ਕੇ ਪੰਜਾਬ ਵਿਚੋਂ ਕੱਢਣ ਮਗਰੋਂ, ਸਿੱਖ ਫ਼ੌਜਾਂ ਆਪਣੇ ਕੌਮੀ ਇਜਲਾਸ (ਸਰਬਤ ਖਾਲਸਾ) ਵਾਸਤੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਇਕੱਠੀਆਂ ਹੋਈਆਂ। 10 ਅਪਰੈਲ 1765 ਦੇ ਦਿਨ ਸਰਬੱਤ ਖਾਲਸਾ ਦਾ ਇਹ ਇਕੱਠ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੋਇਆ।

ਇਸ ਸਰਬੱਤ ਖਾਲਸਾ ਇਕੱਠ ਵਿਚ ਇਹ ਗੁਰਮਤਾ ਵੀ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਇਸ ਇਕੱਠ ਵਿਚ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ ਤੋਂ ਇਲਾਵਾ ਪੰਜ ਭੰਗੀ ਜਰਨੈਲ (ਗੁੱਜਰ ਸਿੰਘ, ਲਹਿਣਾ ਸਿੰਘ, ਹਰੀ ਸਿੰਘ, ਝੰਡਾ ਸਿੰਘ, ਗੰਡਾ ਸਿੰਘ) ਅਤੇ ਸੋਭਾ ਸਿੰਘ ਕਨ੍ਹਈਆ ਵੀ ਹਾਜ਼ਿਰ ਸਨ। ਇਨ੍ਹਾਂ ਨੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। 16 ਅਪ੍ਰੈਲ 1675 ਦੇ ਦਿਨ ਸਿੱਖ ਜਰਨੈਲਾਂ ਨੂੰ ਖ਼ਬਰ ਮਿਲੀ ਕਿ ਅਹਿਮਦ ਸ਼ਾਹ ਵੱਲੋਂ ਲਾਹੌਰ ਵਿਚ ਲਾਇਆ ਸੂਬੇਦਾਰ ਕਾਬੁਲੀ ਮੱਲ ਫ਼ੌਜ ਵਿਚ ਦੋ ਹਜ਼ਾਰ ਡੋਗਰਿਆਂ ਨੂੰ ਭਰਤੀ ਕਰਨ ਵਾਸਤੇ ਜੰਮੂ ਗਿਆ ਹੋਇਆ ਹੈ ਤੇ ਉਸ ਦੇ

ਪਿੱਛੇ ਉਸ ਦਾ ਭਤੀਜਾ ਬਖ਼ਸ਼ੀ ਅਮੀਰ ਸਿੰਘ ਕਿਲ੍ਹੇ ਦੀ ਹਿਫ਼ਾਜ਼ਤ ਕਰ ਰਿਹਾ ਹੈ। ਸਿੱਖ ਫ਼ੌਜਾਂ ਨੇ ਇਸ ਵਧੀਆ ਮੌਕੇ ਨੂੰ ਖੁੰਝਾਉਣਾ ਠੀਕ ਨਾ ਸਮਝਿਆ ਅਤੇ ਜੱਸਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਤੇ ਹੋਰ ਜਰਨੈਲਾਂ ਦੀ ਅਗਵਾਈ ਵਿਚ ਲਾਹੌਰ ਵੱਲ ਚਲ ਪਏ। ਸਿੱਖ ਫ਼ੌਜਾਂ ਦੀ ਗਿਣਤੀ ਸਿਰਫ਼ ਦੋ ਹਜ਼ਾਰ ਸੀ। ਇਨ੍ਹਾਂ ਫ਼ੌਜਾਂ ਦੀ ਮਦਦ ਮਿਹਰ ਸੁਲਤਾਨ, ਗ਼ੁਲਾਮ ਰਸੂਲ, ਅਸ਼ਰਫ਼ ਚੰਨੂ ਤੇ ਬਕਰ ਅਰਾਈਂ ਵਰਗਿਆਂ, ਜੋ ਮੁਗ਼ਲ ਅਤੇ ਪਠਾਣ ਹਾਕਮਾਂ ਤੋਂ ਦੁਖੀ ਸਨ, ਨੇ ਵੀ ਕੀਤੀ ਤੇ ਇਹ ਸਾਰੇ 17 ਅਪ੍ਰੈਲ 1765 ਦੇ ਦਿਨ ਪਹੁ-ਫੁੱਟਣ ਤੋਂ ਪਹਿਲਾਂ, ਤੂਫ਼ਾਨ ਦੀ ਤੇਜ਼ੀ ਨਾਲ, ਲਾਹੌਰ ਸ਼ਹਿਰ ਵਿਚ ਦਾਖ਼ਿਲ ਹੋ ਗਏ। ਦਿਨ ਚੜ੍ਹਦਿਆਂ ਹੀ ਜਦ ਇਸ ਦੀ ਖ਼ਬਰ ਅਮੀਰ ਸਿੰਘ ਨੂੰ ਮਿਲੀ ਤਾਂ ਉਸ ਨੇ ਕਿਲ੍ਹੇ ਦੀ ਕੰਧ ਤੋਂ ਤੋਪ ਦੇ ਕੁਝ ਗੋਲੇ ਬਰਸਾਣੇ ਸ਼ੁਰੂ ਕਰ ਦਿੱਤੇ। ਉਧਰ ਤਾਰਾ ਸਿੰਘ ਮੁਜੰਗ ਨੇ ਸਿਰਫ਼ 25 ਸਿੱਖ ਸਿਪਾਹੀਆਂ ਨੂੰ ਨਾਲ ਲੈ ਕੇ ਅਮੀਰ ਸਿੰਘ ਦੇ ਫ਼ੌਜੀਆਂ ਦਾ ਮੁਕਾਬਲਾ ਕੀਤਾ ਤੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਨ੍ਹਾਂ 'ਤੇ ਕਾਬੂ ਪਾ ਲਿਆ। ਇਕ ਸੋਮੇ ਮੁਤਾਬਿਕ ਗੁੱਜਰ ਸਿੰਘ ਭੰਗੀ 50 ਸਾਥੀਆਂ ਨੂੰ ਨਾਲ ਲੈ ਕੇ ਇਕ ਨਾਲੇ ਰਾਹੀਂ ਕਿਲ੍ਹੇ ਵਿਚ ਦਾਖ਼ਿਲ ਹੋਇਆ ਤੇ ਫਿਰ ਲਹਿਣਾ ਸਿੰਘ ਵੀ ਉਸ ਕੋਲ ਪੁੱਜ ਗਿਆ।

ਲਾਹੌਰ ਕਿਲ੍ਹੇ 'ਤੇ ਪੂਰੀ ਤਰ੍ਹਾਂ ਕਬਜ਼ਾ ਹੋਣ ਮਗਰੋਂ ਦੱਖਣੀ ਇਲਾਕਾ, ਨਿਆਜ਼ ਬੇਗ ਇਲਾਕੇ ਤਕ, ਸੋਭਾ ਸਿੰਘ ਕੋਲ ਸੀ; ਕਾਬਲੀ ਮੱਲ ਦੀ ਹਵੇਲੀ ਗੁੱਜਰ ਸਿੰਘ ਕੋਲ ਸੀ ਤੇ ਕਿਲ੍ਹੇ ਦਾ ਅੰਦਰੂਨ ਹਿੱਸਾ ਲਹਿਣਾ ਸਿੰਘ ਕੋਲ ਸੀ।

ਕੁਝ ਹੀ ਪਲਾਂ ਵਿਚ ਉਨ੍ਹਾਂ ਨੇ ਅਮੀਰ ਸਿੰਘ ਅਤੇ ਕਾਬੁਲੀ ਮੱਲ ਦੇ ਜੁਆਈ ਜਗਨ ਨਾਥ ਨੂੰ ਗ੍ਰਿਫ਼ਤਾਰ ਕਰ ਲਿਆ। ਅਗਲੀ ਸਵੇਰ ਨੂੰ ਸੋਭਾ ਸਿੰਘ ਕਨ੍ਹਈਆ ਵੀ ਲਾਹੌਰ ਪੁੱਜ ਗਿਆ। ਹੁਣ ਸ਼ਹਿਰ ਅਤੇ ਕਿਲ੍ਹੇ 'ਤੇ ਸਿੱਖਾਂ ਦਾ ਮੁਕੰਮਲ ਕਬਜ਼ਾ ਹੋ ਚੁਕਾ ਸੀ। ਜਦ ਸ਼ਹਿਰ ਵਿਚ ਇਹ ਖ਼ਬਰ ਲੋਕਾਂ ਤਕ ਪੁੱਜੀ ਤਾਂ ਉਹ ਬੜੇ ਖ਼ੁਸ਼ ਹੋਏ ਕਿਉਂ ਕਿ ਸਾਰੇ ਲੋਕ ਕਾਬੁਲੀ ਮੱਲ ਦੀ ਜ਼ਿਆਦਤੀ ਤੋਂ ਦੁਖੀ ਸਨ। ਲੋਕਾਂ ਨੇ ਸਿੱਖਾਂ ਨੂੰ ਮਿਲ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਤੇ ਇਕ ਦੂਜੇ ਨੂੰ ਮੁਬਾਰਕਾਂ ਵੀ ਦਿੱਤੀਆਂ। ਲੋਕ ਖ਼ੁਸ਼ੀ ਵਿਚ ਸ਼ਹਿਰ ਵਿਚ ਇੰਵ ਘੁੰਮ ਰਹੇ ਸਨ ਜਿਵੇਂ ਕੋਈ ਪੰਛੀ ਪਿੰਜਰੇ ਵਿੱਚੋਂ ਆਜ਼ਾਦ ਹੋ ਗਿਆ ਹੋਵੇ। ਸ਼ਹਿਰ ਦੇ ਸਿਰਕਰਦਾ ਲੋਕਾਂ ਨੇ ਖ਼ਾਲਸਾ ਦਰਬਾਰ ਵਿਚ ਹਾਜ਼ਿਰ ਹੋ ਕੇ ਸਿੱਖਾਂ ਦੀ ਹਕੂਮਤ ਨੂੰ ਕਬੂਲ ਕਰ ਲਿਆ।

ਇਕ ਦਿਨ ਲੋਕਾਂ ਨੇ ਕੁਝ ਸਿੱਖਾਂ ਨੂੰ ਸ਼ਹਿਰ ਵਿਚ ਲੁੱਟ ਮਾਰ ਕਰਦਿਆਂ ਵੇਖਿਆ। ਇਸ 'ਤੇ ਸ਼ਹਿਰ ਦੇ ਕੁਝ ਮੋਹਿਤਬਰ ਸ਼ਖ਼ਸ ਇਕੱਠੇ ਹੋ ਕੇ ਭੰਗੀ ਸਰਦਾਰਾਂ ਕੋਲ ਗਏ। ਇਨ੍ਹਾਂ ਵਿਚ ਸੱਜਣ ਸਈਅਦ ਮੀਰ, ਨੱਥੂ ਸ਼ਾਹ, ਹਾਫ਼ਿਜ਼ ਕਾਦਰ ਬਖ਼ਸ਼, ਮੀਆਂ ਮੁਹੰਮਦ ਆਸ਼ਿਕ, ਚੌਧਰੀ ਰੂਪਾ, ਲਾਲਾ ਬਿਸ਼ਨ ਸਿੰਘ ਤੇ ਮਹਾਰਾਜ ਸਿੰਘ ਵੀ ਸਨ। ਇਨ੍ਹਾਂ ਨੇ ਸਰਦਾਰਾਂ ਨੂੰ ਅਰਜ਼ ਕੀਤੀ ਕਿ ਇਹ ਨਗਰੀ ਗੁਰੂ ਰਾਮਦਾਸ ਸਾਹਿਬ ਦੀ (ਉਨ੍ਹਾਂ ਦਾ ਜਨਮ ਅਸਥਾਨ) ਹੈ ਤੇ ਇਸ ਦੀ ਲੁੱਟ-ਮਾਰ ਨਹੀਂ ਹੋਣੀ ਚਾਹੀਦੀ। ਇਹ ਸੁਣ ਕੇ ਦੋਹਾਂ ਭੰਗੀ ਸਿਰਦਾਰਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਅਤੇ ਮੁਨਿਆਦੀ ਕਰਵਾ ਦਿੱਤੀ ਕਿ ਜਿਹੜਾ ਕੋਈ ਵੀ ਲੁੱਟ-ਮਾਰ ਕਰੇਗਾ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਨ੍ਹਾਂ ਦੋਹਾਂ ਨੇ ਇਕ ਹੋਰ ਕਮਾਲ ਇਹ ਵੀ ਕੀਤੀ ਕਿ ਉਹ ਆਪ ਹੱਥਾਂ ਵਿਚ ਸੋਟੀਆਂ ਫੜ ਕੇ ਸ਼ਹਿਰ ਦੇ ਬਾਜ਼ਾਰਾਂ ਵਿਚ ਨਿਕਲੇ ਤਾਂ ਜੋ ਸਭ ਨੂੰ ਕੰਨ ਹੋ ਜਾਣ। ਉਨ੍ਹਾਂ ਨੇ ਸੋਭਾ ਸਿੰਘ ਨੂੰ ਵੀ ਪੈਗ਼ਾਮ ਭੇਜਿਆ ਕਿ ਉਹ ਵੀ ਸ਼ਹਿਰ ਦੇ ਤੀਜੇ ਹਿੱਸੇ ਦਾ ਨਾਜ਼ਮ ਹੈ ਉਸ ਨੂੰ ਵੀ ਨਾਲ ਆਉਣਾ ਚਾਹੀਦਾ ਹੈ। ਇਸ 'ਤੇ ਉਹ ਵੀ ਉਨ੍ਹਾਂ ਦੇ ਨਾਲ ਆ ਰਲਿਆ। ਇੰਵ ਉਨ੍ਹਾਂ ਨੇ ਛੇਤੀ ਹੀ ਸ਼ਹਿਰ ਵਿਚ ਅਮਨ ਅਮਾਨ ਕਾਇਮ ਕਰ ਦਿੱਤਾ।

1923: ਬਬਰ ਅਕਾਲੀਆਂ ਨੇ ਸੂਬੇਦਾਰ ਗੇਂਦਾ ਸਿੰਘ ਘੜਿਆਲ ਨੂੰ ਕਤਲ ਕੀਤਾ

17 ਅਪਰੈਲ 1923 ਦੇ ਦਿਨ ਬਬਰ ਅਕਾਲੀਆਂ (ਸੰਤਾ ਸਿੰਘ, ਕਰਮ ਸਿੰਘ, ਨੰਦ ਸਿੰਘ ਅਨੂਪ ਸਿੰਘ) ਨੇ ਸਰਕਾਰੀ ਮੁਖ਼ਬਰ ਸੂਬੇਦਾਰ ਗੇਂਦਾ ਸਿੰਘ ਘੜਿਆਲ ਨੂੰ ਕਤਲ ਕੀਤਾ; ਉਸ ਨੇ ਬਬਰਾਂ ਦੇ ਖ਼ਿਲਾਫ਼ ਪੁਲੀਸ ਨੂੰ ਬਹੁਤ ਡਾਇਰੀਆਂ ਦਿੱਤੀਆਂ ਸਨ ਤੇ ਬਬਰਾਂ 'ਤੇ ਛਾਪੇ ਪੁਆਏ ਸਨ। ਉਹ ਕਿੰਨੇ ਹੀ ਚਿਰ ਤੋਂ ਬਬਰਾਂ ਦੀ ਹਿੱਟ ਲਿਸਟ 'ਤੇ ਸੀ।

1925: ਜੈਤੋ ਵਾਸਤੇ 16ਵਾਂ ਸ਼ਹੀਦੀ ਜਥਾ ਅਕਾਲ ਤਖ਼ਤ ਤੋਂ ਚਲਿਆ

ਜੈਤੋ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਸਤੇ ਸੋਲ੍ਹਵਾਂ ਜਥਾ 17 ਅਪ੍ਰੈਲ 1925 ਨੂੰ ਅੰਮ੍ਰਿਤਸਰੋਂ ਚੱਲ ਕੇ ਅਨੇਕ ਪਿੰਡਾਂ ਤੇ ਸ਼ਹਿਰਾਂ ਵਿੱਚ ਗੁਜ਼ਰਦਾ ਹੋਇਆ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋਇਆ।

1988: ਬਾਪੂ ਹਰਨਾਮ ਸਿੰਘ ਤੁੱਗਲਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਪ੍ਰੈਲ 1988 ਦੇ ਦਿਨ ਪੰਜਾਬ ਪੁਲਸ ਨੇ ਬਾਪੂ ਹਰਨਾਮ ਸਿੰਘ (ਵਾਸੀ ਤੁੱਗਲਵਾਲ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲਾ ਵਿਖਾ ਕੇ ਸ਼ਹੀਦ ਕਰ ਦਿੱਤਾ।

1989: ਜਸਪਾਲ ਸਿੰਘ ਚੰਦੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਪ੍ਰੈਲ 1989 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ (ਵਾਸੀ ਚੰਦੋਕੇ, ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1990: ਜਸਕਰਨ ਸਿੰਘ ਭਗਵਾਨਪੁਰਾ, ਨਿਰਮਲ ਸਿੰਘ ਕੰਬੋਕੇ ਤੇ ਦਰਬਾਰਾ ਸਿੰਘ ਬਾਗੜੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਜਸਕਰਨ ਸਿੰਘ (ਵਾਸੀ ਭਗਵਾਨਪੁਰਾ), ਨਿਰਮਲ ਸਿੰਘ (ਵਾਸੀ ਕੰਬੋਕੇ) ਤੇ ਦਰਬਾਰਾ ਸਿੰਘ (ਵਾਸੀ ਬਾਗੜੀਆਂ) ਨੂੰ ਨਕਲੀ ਮੁਕਾਬਲੇ ਦਿਖਾ ਕੇ ਸ਼ਹੀਦ ਕਰ ਦਿੱਤਾ।

1991: ਜਗਸੀਰ ਸਿੰਘ ਸੁਰਜੀਤਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਜਗਸੀਰ ਸਿੰਘ (ਪੁੱਤਰ ਅਰਜਨ ਸਿੰਘ, ਵਾਸੀ ਸੁਰਜੀਤਪੁਰਾ, ਨੇੜੇ ਬਰਨਾਲਾ) ਨੂੰ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1992: ਜੋਗਿੰਦਰ ਸਿੰਘ ਕਲਾਨੌਰ, ਦੁਰਗਾ ਸਿੰਘ ਆਰਿਫਕੀ ਤੇ ਨਿਰੰਜਣ ਸਿੰਘ ਬਹਿਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਪ੍ਰੈਲ 1992 ਦੇ ਦਿਨ ਪੁਲਸ ਨੇ ਜੋਗਿੰਦਰ ਸਿੰਘ (ਪੁੱਤਰ ਬੂਟਾ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ), ਦੁਰਗਾ ਸਿੰਘ (ਵਾਸੀ ਆਰਿਫਕੀ) ਤੇ ਨਿਰੰਜਣ ਸਿੰਘ ਕਾਲਾ ਉਰਫ਼ ਗੁਰਚੇਲਾ (ਵਾਸੀ ਬਹਿਲਾ, ਅੰਮ੍ਰਿਤਸਰ) ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

2014: ਮਨਜੀਤ ਸਿੰਘ ਵਾਸੀ ਕੁੱਬਾ ਨੂੰ ਭਈਏ ਦਲੀਪ ਕੁਮਾਰ ਨੂੰ ਗੋਲੀ ਮਾਰਨ ਦੇ ਦੋਸ਼ ਵਿਚ 5 ਸਾਲ ਕੈਦ

17 ਅਪਰੈਲ 2014 ਦੇ ਦਿਨ ਅਦਾਲਤ ਨੇ ਮਨਜੀਤ ਸਿੰਘ ਵਾਸੀ ਕੁੱਬਾ ਨੂੰ 30 ਅਗਸਤ 2012 ਦੇ ਦਿਨ ਭਈਏ ਦਲੀਪ ਕੁਮਾਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ 'ਤੇ ਥਾਣਾ ਸਾਹਨੇਵਾਲ ਦੇ ਅੰਦਰ, ਗੋਲੀ ਮਾਰਨ ਦੇ ਦੋਸ਼ ਵਿਚ, ਇਰਾਦਾ ਕਤਲ ਹੇਠ, 5 ਸਾਲ ਕੈਦ ਦੀ ਸਜ਼ਾ ਸੁਣਾਈ।

18 ਅਪਰੈਲ

1509: ਗੁਰੂ ਅਮਰ ਦਾਸ ਸਾਹਿਬ ਦਾ ਜਨਮ

ਗੁਰੂ ਅਮਰ ਦਾਸ ਸਾਹਿਬ ਦਾ ਜਨਮ 18 ਅਪਰੈਲ 1509 ਦੇ ਦਿਨ ਮਾਤਾ ਲੱਖੋ ਅਤੇ ਬਾਬਾ ਤੇਜ ਭਾਨ (1488-1533) [ਬਾਬੂ ਤੇਜ ਭਾਨ ਪੁਤਰ ਬਾਬਾ ਹਰਿ ਜੀ (1463-1501), ਤੇ ਪੋਤਰਾ ਬਾਬਾ ਵਿਸ਼ਨ/ਵਿਸ਼ਨੂ ਦਾਸ (?-1500)] ਦੇ ਘਰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ (ਹੁਣ ਬਾਸਰਕੇ ਗਿੱਲਾਂ), ਛੇਹਰਟਾ ਤੋਂ 5 ਕਿਲੋਮੀਟਰ ਦੂਰ, ਵਿਚ ਹੋਇਆ ਸੀ। (ਕਿਸੇ ਸੋਮੇ ਵਿਚ ਗ਼ਲਤੀ ਨਾਲ ਉਨ੍ਹਾਂ ਦਾ ਜਨਮ ਬਿਕਰਮੀ ਸਾਲ 1566 ਦੀ ਥਾਂ 1536 ਲਿਖਿਆ ਗਿਆ। (ਉਸ ਲਿਖਤ ਵਿਚ ਗੁਰਮੁਖੀ ਦੇ ਹਿੰਦਸੇ **੬** ਦੀ ਉਪਰਲੀ ਡੰਡੀ ਜੇ ਹੇਠਾਂ ਹੋ ਜਾਣ ਕਾਰਨ ਇਹ **੩** ਬਣ ਗਿਆ ਸੀ, ਹਾਲਾਂ ਕਿ **'ਗੁਰੂ ਅਮਰ ਦਾਸ ਜਨਮੇ ਖਟਸਠ'** ਵਿਚ **ਖਟਸਠ**, ਸਾਫ਼ 66 ਹੀ ਬਣਦਾ ਹੈ)। ਇਸ ਗ਼ਲਤੀ ਕਾਰਨ ਇਹ (ਗਰੈਗੋਰੀਅਨ ਕੈਲੰਡਰ ਦੇ) 1509 ਦੀ ਥਾਂ 'ਤੇ 1479 ਬਣ ਗਿਆ। ਕੁਝ ਲੇਖਕ, ਅਜੇ ਵੀ, ਗੁਰੂ ਅਮਰ ਦਾਸ ਸਾਹਿਬ ਦਾ ਜਨਮ 1479 ਵਿਚ ਲਿਖਦੇ ਹਨ। ਗੁਰੂ ਅਮਰ ਦਾਸ ਜੀ ਦਾ ਵਿਆਹ ਬੀਬੀ ਮਨਸਾ ਦੇਵੀ ਨਾਲ 1532 ਵਿਚ ਹੋਇਆ (ਜੇ ਉਨ੍ਹਾਂ ਦਾ ਜਨਮ 1479 ਦਾ ਮੰਨ ਲਈਏ ਤਾਂ ਵਿਆਹ ਵੇਲੇ ਉਨ੍ਹਾਂ ਦੀ ਉਮਰ 53 ਸਾਲ ਸੀ, ਜੋ ਉਂਞ ਵੀ ਅਜੀਬ ਲਗਦਾ ਹੈ)। ਆਪ ਜੀ ਦੇ ਘਰ 30 ਅਪ੍ਰੈਲ 1534 ਦੇ ਦਿਨ ਇਕ ਬੇਟੀ ਭਾਨੀ, 11 ਮਾਰਚ 1536 ਦੇ ਦਿਨ ਪੁਤਰ ਮੋਹਨ ਅਤੇ 2 ਜੂਨ 1539 ਦੇ ਦਿਨ ਦੂਜੇ ਪੁਤਰ ਮੋਹਰੀ ਨੇ ਜਨਮ ਲਿਆ। ਇਕ ਰਿਵਾਇਤ ਮੁਤਾਬਿਕ ਆਪ ਦੀ ਇਕ ਬੇਟੀ ਦਾਨੀ ਵੀ ਸੀ ਪਰ ਪੁਰਾਣੇ ਤਵਾਰੀਖ਼ੀ ਸੋਮਿਆਂ ਵਿਚ ਕਿਸੇ ਦਾਨੀ ਨਾਂ ਦੀ ਕੁੜੀ ਦਾ ਕੋਈ ਜ਼ਿਕਰ ਨਹੀਂ ਮਿਲਦਾ।

1934: ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਜੇਲ੍ਹ ਵਿਚ ਭੁਖ ਹੜਤਾਲ ਸ਼ੁਰੂ ਕੀਤੀ

ਸੇਵਾ ਸਿੰਘ ਠੀਕਰੀਵਾਲਾ (ਜਨਮ 1882) ਸਿੰਘ ਸਭਾ ਲਹਿਰ ਦੇ ਪਿਛਲੇਰੇ ਹਿੱਸੇ ਦਾ ਇਕ ਅਣਥੱਕ ਆਗੂ ਸੀ। 1920 ਵਿਚ ਜਦ ਅਕਾਲੀ ਲਹਿਰ ਸ਼ੁਰੂ ਹੋਈ ਤਾਂ 1921 ਵਿਚ ਉਸ ਨੇ ਪਟਿਆਲਾ ਰਿਆਸਤ ਦਾ ਪਹਿਲਾ ਅਕਾਲੀ ਜੱਥਾ ਕਾਇਮ ਕੀਤਾ। 1923 ਵਿਚ ਜਦ ਬਰਤਾਨਵੀ ਹਕੂਮਤ ਨੇ ਅਕਾਲੀ ਦਲ ਤੇ ਪਾਬੰਦੀ ਲਾਈ ਤਾਂ ਉਸ ਨੂੰ ਵੀ ਪਟਿਆਲਾ ਹਕੂਮਤ ਨੇ ਗ੍ਰਿਫ਼ਤਾਰ ਕਰ ਲਿਆ। ਗੁਰਦੁਆਰਾ ਐਕਟ ਬਣਨ ਮਗਰੋਂ ਉਸ ਨੂੰ ਵੀ ਰਿਹਾ ਕਰ ਦਿੱਤਾ ਗਿਆ; ਪਰ ਰਾਜਾ ਭੁਪਿੰਦਰ ਸਿੰਘ ਨੇ ਆਪਣੀ ਅੜੀ ਪੁਗਾਉਣ ਵਾਸਤੇ ਕੁਝ ਚਿਰ ਮਗਰੋਂ ਉਸ ਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਤੇ ਸਾਢੇ ਤਿੰਨ ਸਾਲ ਵਾਸਤੇ ਕੈਦ ਕਰ ਦਿੱਤਾ। ਉਸ ਨੇ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਤੇ ਪਾਣੀ ਪੀਣਾ ਵੀ ਬੰਦ ਕਰ ਦਿੱਤਾ ਜਿਸ ਨਾਲ ਉਸ ਦੀ ਸਿਹਤ ਬਹੁਤ ਵਿਗੜ ਗਈ। ਜਦ ਅਕਾਲੀ ਦਲ ਨੇ ਉਸ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕੀਤਾ ਤਾਂ ਰਾਜੇ ਨੇ ਉਸ ਨੂੰ ਰਿਹਾ ਕਰ ਦਿੱਤਾ। 2 ਨਵੰਬਰ 1930 ਨੂੰ ਰਾਜੇ ਨੇ ਉਸ ਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਤੇ 10 ਸਾਲ ਦੀ ਕੈਦ ਅਤੇ 10 ਹਜ਼ਾਰ ਰੁਪੈ ਜੁਰਮਾਨੇ ਦੀ

ਸਜ਼ਾ ਸੁਣਾਈ ਪਰ 12 ਮਾਰਚ 1931 ਨੂੰ ਫੇਰ ਰਿਹਾ ਕਰ ਦਿੱਤਾ। 1932 ਵਿਚ ਰਾਜੇ ਨੇ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਤੇ 3 ਮਹੀਨੇ ਕੈਦ ਕਰੀ ਰੱਖਿਆ। ਉਸ ਦੀ ਆਖ਼ਰੀ ਗ੍ਰਿਫ਼ਤਾਰੀ 24 ਅਗਸਤ 1933 ਦੇ ਦਿਨ ਹੋਈ ਤੇ ਰਾਜੇ ਨੇ ਉਸ ਨੂੰ 8 ਸਾਲ ਦੀ ਕੈਦ ਸੁਣਾਈ।

18 ਅਪਰੈਲ 1934 ਦੇ ਦਿਨ ਉਸ ਨੇ ਜੇਲ੍ਹ ਵਿਚ ਜ਼ਿਆਦਤੀਆਂ ਦੇ ਖ਼ਿਲਾਫ਼ ਭੁੱਖ ਹੜਤਾਲ ਸ਼ੁਰੂ ਕਰ ਦਿਤੀ; ਉਸ ਨੂੰ ਜਬਰੀ ਖਾਣਾ ਖੁਆਇਆ ਜਾਣ ਲਗ ਪਿਆ; ਇਸ ਨਾਲ ਉਸ ਦੀ ਸਿਹਤ ਵਿਗੜ ਗਈ ਤੇ 20 ਜਨਵਰੀ 1935 ਦੇ ਦਿਨ ਉਹ ਜੇਲ੍ਹ ਵਿਚ ਹੀ ਚੜ੍ਹਾਈ ਕਰ ਗਏ।

1984: ਚੰਡੀਗੜ੍ਹ ਵਿਚ ਦਹਿਸ਼ਤਗਰਦ ਹਿੰਦੂ ਭੀੜਾਂ ਨੇ ਸੀ.ਆਰ.ਪੀ.ਐਫ਼. ਦੀ ਮੌਜੂਦਗੀ ਵਿਚ ਸਿੱਖਾਂ ਦੀਆਂ ਦੋ ਦਰਜਨ ਦੁਕਾਨਾਂ ਲੁੱਟੀਆਂ

ਖਾੜਕੂਆਂ ਨੇ 17 ਅਪ੍ਰੈਲ 1984 ਦੇ ਦਿਨ ਚੰਡੀਗੜ੍ਹ ਵਿਚ ਇਕ ਫ਼ਿਰਕੂ ਹਿੰਦੂ ਇੰਦਰ ਪਾਲ ਗੁਪਤਾ ਨੂੰ ਕਤਲ ਕਰ ਦਿੱਤਾ ਸੀ। ਅਗਲੇ ਦਿਨ 18 ਅਪ੍ਰੈਲ 1984 ਦੇ ਦਿਨ ਪੰਜਾਬ ਤੇ ਹਰਿਆਣੇ ਵਿਚੋਂ ਹਿੰਦੂ ਟਰੱਕਾਂ ਉੱਤੇ ਸਵਾਰ ਹੋ ਕੇ ਚੰਡੀਗੜ੍ਹ ਆ ਗਏ ਤੇ ਉਨ੍ਹਾਂ ਨੇ ਸਿੱਖਾਂ ਉੱਤੇ ਹਮਲੇ ਕੀਤੇ ਅਤੇ ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਸਾੜੀਆਂ। ਇਸ ਸਮੇਂ ਸੀ.ਆਰ.ਪੀ.ਐਫ਼. ਵੀ ਉੱਥੇ ਮੌਜੂਦ ਸੀ ਪਰ ਉਸ ਨੇ ਕਿਸੇ ਵੀ ਹਿੰਦੂ ਦਹਿਸ਼ਤਗਰਦ ਦੇ ਖ਼ਿਲਾਫ਼ ਕੋਈ ਐਕਸ਼ਨ ਨਾ ਲਿਆ ਤੇ ਚੁਪਚਾਪ ਉਨ੍ਹਾਂ ਨੂੰ ਲੁੱਟਮਾਰ ਕਰਨ ਦਿੱਤੀ।

1987: ਗੁਲਜ਼ਾਰ ਸਿੰਘ ਖਿਆਲਾ ਖੁਰਦ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਅਪ੍ਰੈਲ 1987 ਦੇ ਦਿਨ ਪੁਲਸ ਨੇ ਗੁਲਜ਼ਾਰ ਸਿੰਘ (ਪੁੱਤਰ ਅੱਛਰ ਸਿੰਘ, ਵਾਸੀ ਖਿਆਲਾ ਖੁਰਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1989: ਗੁਰਚਰਨ ਸਿੰਘ ਪੱਪੂ ਤੁਗਲਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਅਪ੍ਰੈਲ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ ਪੱਪੂ (ਪੁੱਤਰ ਜੋਗਾ ਸਿੰਘ ਜੋਗੀ, ਵਾਸੀ ਤੁਗਲਵਾਲਾ, ਗੁਰਦਾਸਪੁਰ) ਨੂੰ ਪੁਲੀਸ ਨੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1991: ਨਿਰੰਜਨ ਸਿੰਘ ਬਹਿਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਨਿਰੰਜਨ ਸਿੰਘ (ਪੁੱਤਰ ਬੂੜ ਸਿੰਘ, ਵਾਸੀ ਬਹਿਲਾ, ਜ਼ਿਲ੍ਹਾ ਤਰਨਤਾਰਨ) ਨੂੰ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ।

1992: ਪੰਜਾਬ ਸਿੰਘ ਛਾਪਾ, ਗਰਬਖ਼ਸ਼ ਸਿੰਘ ਤੇ ਜਸਵਿੰਦਰ ਸਿੰਘ ਮੰਨੀਆਂ, ਸੁਰਿੰਦਰ ਸਿੰਘ ਛਿੰਦਾ, ਹਰਦਿਆਲ ਸਿੰਘ ਚੌਕ ਮਹਿਤਾ, ਬੂਟਾ ਸਿੰਘ ਸੋਹਲ ਤੇ ਸਲਵਿੰਦਰ ਸਿੰਘ ਪੰਜਵੜ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਅਪ੍ਰੈਲ 1992 ਦੇ ਦਿਨ ਪੁਲੀਸ ਨੇ ਪੰਜਾਬ ਸਿੰਘ ਛਾਪਾ, ਗੁਰਬਖ਼ਸ਼ ਸਿੰਘ ਅਤੇ ਜੱਸਵਿੰਦਰ ਸਿੰਘ (ਵਾਸੀ ਮੰਨੀਆਂ, ਨੇੜੇ ਜਗਰਾਓਂ, ਜ਼ਿਲ੍ਹਾ ਲੁਧਿਆਣਾ), ਸੁਰਿੰਦਰ ਸਿੰਘ

ਛਿੰਦਾ, ਹਰਦਿਆਲ ਸਿੰਘ ਚੌਕ ਮਹਿਤਾ ਤੇ ਬੂਟਾ ਸਿੰਘ (ਪੁੱਤਰ ਤੇਜਾ ਸਿੰਘ, ਵਾਸੀ ਸੋਹਲ, ਜ਼ਿਲ੍ਹਾ ਅੰਮ੍ਰਿਤਸਰ) ਤੇ ਸਲਵਿੰਦਰ ਸਿੰਘ ਛਿੰਦਾ (ਵਾਸੀ ਪੰਜਵੜ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1993: ਬਲਦੇਵ ਸਿੰਘ ਦੋਰਾਂਗਲਾ, ਸੁਖਵਿੰਦਰ ਸਿੰਘ ਖੇਲਾ, ਬਲਦੇਵ ਸਿੰਘ ਈਸੀ, ਪਰਗਟ ਸਿੰਘ ਸਰਹਾਲੀ ਮੰਡਾਂ, ਬਖ਼ਸ਼ੀਸ਼ ਸਿੰਘ ਬੀਸ਼ਾ ਸੰਧੂ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਬਲਦੇਵ ਸਿੰਘ ਦੋਰਾਂਗਲਾ, ਸੁਖਵਿੰਦਰ ਸਿੰਘ (ਪੁੱਤਰ ਦਿਲਦਾਰ ਸਿੰਘ, ਵਾਸੀ ਖੇਲਾ, ਨੇੜੇ ਮੀਮਸਾਂ, ਜ਼ਿਲ੍ਹਾ ਅੰਮ੍ਰਿਤਸਰ), ਬਲਦੇਵ ਸਿੰਘ (ਪੁੱਤਰ ਪਰੇਮ ਸਿੰਘ, ਵਾਸੀ ਈਸੀ, ਨੇੜੇ ਫ਼ਤਹਿਬਾਦ, ਜ਼ਿਲ੍ਹਾ ਸੰਗਰੂਰ), ਪਰਗਟ ਸਿੰਘ (ਪੁੱਤਰ ਸਾਜਨ ਸਿੰਘ, ਵਾਸੀ ਸਰਹਾਲੀ ਮੰਡਾਂ), ਬਖ਼ਸ਼ੀਸ਼ ਸਿੰਘ ਉਰਫ਼ ਬੀਸ਼ਾ (ਪੁੱਤਰ ਤੇਗ ਸਿੰਘ, ਵਾਸੀ ਪਿੰਡ ਸੰਧੂ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

2013: ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਰਿਹਾਈ ਵਾਸਤੇ 8000 ਪੰਚਾਇਤਾਂ ਦੇ ਮਤਿਆਂ ਅਤੇ 87 ਲੱਖ ਲੋਕਾਂ ਦੇ ਦਸਤਖ਼ਤਾਂ ਵਾਲਾ ਮੈਮੋਰੰਡਮ ਪੇਸ਼ ਕੀਤਾ ਗਿਆ

ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਰਿਹਾਈ ਵਾਸਤੇ 8000 ਪੰਚਾਇਤਾਂ ਦੇ ਮਤੇ ਅਤੇ 87 ਲੱਖ ਲੋਕਾਂ ਦੇ ਦਸਤਖ਼ਤਾਂ ਵਾਲਾ ਮੈਮੋਰੰਡਮ ਪੇਸ਼ ਕਰਨ ਵਾਸਤੇ 18 ਅਪ੍ਰੈਲ 2013 ਦੇ ਦਿਨ ਵੱਖ ਵੱਖ ਸਿੱਖ ਜਥੇਬੰਦੀਆਂ ਨੇ ਫ਼ਤਹਿਗੜ੍ਹ ਸਾਹਿਬ ਤੋਂ ਦਿੱਲੀ ਨੂੰ ਮਾਰਚ ਕੀਤਾ। ਇਹ ਮੈਮੋਰੰਡਮ 19 ਅਪ੍ਰੈਲ ਦੇ ਦਿਨ ਭਾਰਤ ਦੇ ਪ੍ਰੈਜ਼ੀਡੈਂਟ ਨੂੰ ਦਿੱਤਾ ਗਿਆ। ਇਸ ਵਾਸਤੇ ਹੋਲਾ ਮਹੱਲਾ ਤੋਂ ਲੈ ਕੇ ਇਕ ਮਹੀਨਾ ਤਕ ਲਹਿਰ ਚਲਾਈ ਗਈ ਸੀ।

19 ਅਪਰੈਲ

1848: ਮੁਲਤਾਨ ਵਿਚ ਇਕ ਸਿੱਖ ਫ਼ੌਜੀ ਨੇ ਦੋ ਅੰਗਰੇਜ਼ ਅਫ਼ਸਰ ਮਾਰ ਦਿੱਤੇ

ਸਤੰਬਰ 1844 ਵਿਚ ਆਪਣੇ ਪਿਤਾ ਦੀ ਮੌਤ ਮਗਰੋਂ ਦੀਵਾਨ ਮੂਲ ਰਾਜ ਨੂੰ ਮੁਲਤਾਨ ਦਾ ਗਵਰਨਰ ਬਣਾਇਆ ਗਿਆ ਸੀ। 1846 ਵਿਚ ਅੰਗਰੇਜ਼ਾਂ ਦੇ ਲਾਹੌਰ ਦਰਬਾਰ 'ਤੇ ਕਬਜ਼ੇ ਮਗਰੋਂ, ਪ੍ਰਾਈਮ ਮਨਿਸਟਰ ਬ੍ਰਾਹਮਣ ਲਾਲ ਸਿੰਹ ਦੀਆਂ ਸਾਜ਼ਿਸ਼ਾਂ ਹੇਠ, ਉਸ ਦਾ ਮਾਮਲਾ 25% ਵਧਾ ਦਿਤਾ ਗਿਆ ਤੇ ਬਹੁਤ ਸਾਰੇ ਹੱਕ ਵੀ ਖੋਹ ਲਏ। ਅਖ਼ੀਰ ਤੰਗ ਆ ਕੇ ਉਸ ਨੇ ਦਸੰਬਰ 1847 ਵਿਚ ਅਸਤੀਫ਼ਾ ਦੇ ਦਿਤਾ। ਹੁਣ ਫ਼ਰੈਡਰਿਕ ਕੱਰੀ ਲਾਹੌਰ ਵਿਚ ਨਵਾਂ ਰੈਜ਼ੀਡੈਂਟ ਬਣ ਕੇ ਆ ਗਿਆ ਸੀ। ਉਸ ਨੇ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਵਾਂ ਸੂਬੇਦਾਰ ਲਾ ਦਿਤਾ ਅਤੇ ਵੈਨਸ ਐਗਨਿਊ ਨੂੰ ਉਸ ਦਾ ਸਿਆਸੀ ਸਲਾਹਕਾਰ ਤੇ ਲੈਫ਼ਟੀਨੈਂਟ ਐਂਡਰਸਨ ਨੂੰ ਉਸ ਦਾ ਅਸਿਸਟੈਂਟ ਬਣਾ ਦਿਤਾ।

19 ਅਪਰੈਲ 1848 ਦੇ ਦਿਨ ਕਾਹਨ ਸਿੰਘ ਮਾਨ ਮੁਲਤਾਨ ਪੁੱਜਾ। ਦੀਵਾਨ ਮੂਲ ਰਾਜ ਨੇ ਸੂਬੇਦਾਰੀ ਦਾ ਚਾਰਜ ਉਸ ਨੂੰ ਸੰਭਾਲ ਦਿਤਾ। ਜਦੋਂ ਚਾਰਜ ਲੈ ਕੇ ਕਾਹਨ ਸਿੰਘ ਤੇ ਦੋਵੇਂ ਅੰਗਰੇਜ਼ ਬਾਹਰ ਨਿਕਲ ਰਹੇ ਸਨ ਤਾਂ ਇਕ ਫ਼ੌਜੀ ਅਫ਼ਸਰ ਗੋਦੜ ਸਿੰਘ ਮਜ਼ਹਬੀ ਨੇ ਐਂਡਰਸਨ ਅਤੇ ਐਗਨਿਊ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿਤਾ।

ਜਦੋਂ ਦੋ ਅੰਗਰੇਜ਼ ਅਫ਼ਸਰਾਂ ਦੇ ਮਰਨ ਦੀ ਖ਼ਬਰ ਰੈਜ਼ੀਡੈਂਟ ਫ਼ਰੈਡਰਿਕ ਕੱਰੀ ਕੋਲ ਪੁੱਜੀ ਤਾਂ ਪਹਿਲਾਂ ਤਾਂ ਉਸ ਨੇ ਫ਼ੌਜ ਨੂੰ ਮੁਲਤਾਨ ਜਾਣ ਦਾ ਹੁਕਮ ਦੇ ਦਿਤਾ ਪਰ ਮਗਰੋਂ ਉਸ ਨੇ ਇਰਾਦਾ ਬਦਲ ਲਿਆ ਤੇ ਇਸ ਐਕਸ਼ਨ ਨੂੰ ਬਗ਼ਾਵਤ ਵਜੋਂ ਸਿੱਖਾਂ 'ਤੇ ਥੋਪਣ ਦੀ ਤਰਕੀਬ

ਘੜਨੀ ਸ਼ੁਰੂ ਕਰ ਦਿਤੀ। ਇਹ ਸੋਚ ਕੇ ਉਸ ਨੇ ਹਰਬਰਟ ਐਡਵਾਰਡੇਜ਼ ਨੂੰ ਬੰਨੂ ਵਿਚ ਖ਼ਤ ਭੇਜ ਕੇ ਆਖਿਆ ਕਿ ਉਹ ਕਾਹਨ ਸਿੰਘ ਮਾਨ ਨੂੰ ਕਹੇ ਕਿ ਉਹ ਦੀਵਾਨ ਮੂਲ ਰਾਜ ਨੂੰ ਹੀ ਸੂਬੇਦਾਰ ਰਹਿਣ ਦੇਵੇ। ਮਗਰੋਂ ਮਈ 1848 ਵਿਚ ਰੈਜ਼ੀਡੈਂਟ ਨੇ ਐਡਵਾਰਡੇਜ਼ ਨੂੰ ਫ਼ੌਜ ਲੈ ਕੇ ਮੁਲਤਾਨ ਜਾਣ ਵਾਸਤੇ ਆਖ ਦਿਤਾ। ਇਸ ਵੇਲੇ ਤਕ ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਵੀ ਮੁਲਤਾਨ ਪੁਜ ਚੁਕੇ ਸਨ। ਉਨ੍ਹਾਂ ਨੇ ਉੱਥੇ ਪਹੁੰਚ ਕੇ ਸਿੱਖ ਫ਼ੌਜਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ ਸੀ ਤਾਂ ਜੋ ਅੰਗਰੇਜ਼ਾਂ ਨੂੰ ਭਜਾਇਆ ਜਾ ਸਕੇ।

ਜਦ ਮੂਲ ਰਾਜ ਨੂੰ ਐਡਵਾਰਡੇਜ਼ ਦੇ ਆਉਣ ਦਾ ਪਤਾ ਲਗਾ ਤਾਂ ਉਸ ਨੇ ਅਮਨ ਸਮਝੌਤੇ ਦੀ ਪੇਸ਼ਕਸ਼ ਕੀਤੀ। ਐਡਵਾਰਡੇਜ਼ ਨੇ ਇਹ ਪੇਸ਼ਕਸ਼ ਠੁਕਰਾ ਦਿਤੀ ਤੇ ਮੁਲਤਾਨ 'ਤੇ ਹਮਲਾ ਕਰ ਦਿਤਾ। ਪਹਿਲਾਂ ਤਾਂ ਨਿੱਕੀਆਂ ਮੋਟੀਆਂ ਝੜਪਾਂ ਹੋਈਆਂ ਪਰ 18 ਜੂਨ 1848 ਨੂੰ ਇਕ ਵੱਡੀ ਲੜਾਈ ਹੋਈ ਜਿਸ ਵਿਚ ਐਡਵਾਰਡੇਜ਼ ਨੂੰ ਜਿੱਤ ਹਾਸਿਲ ਹੋਈ। ਇਸ ਹਾਰ ਮਗਰੋਂ ਦੀਵਾਨ ਮੂਲ ਰਾਜ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। 17 ਦਸੰਬਰ 1848 ਨੂੰ ਅੰਗਰੇਜ਼ ਫ਼ੌਜਾਂ ਨੇ ਕਿਲ੍ਹੇ 'ਤੇ ਇਕ ਜ਼ਬਰਦਸਤ ਹਮਲਾ ਕੀਤਾ ਤੇ ਅੰਦਰ ਦਾਖ਼ਿਲ ਹੋ ਗਈਆਂ। ਅਖ਼ੀਰ ਮੂਲ ਰਾਜ ਨੇ ਹਥਿਆਰ ਸੁੱਟ ਦਿਤੇ। ਦੀਵਾਨ ਮੂਲ ਰਾਜ 'ਤੇ ਦੋ ਅੰਗਰਜ਼ਾਂ ਨੂੰ ਕਤਲ ਕਰਨ (ਹਾਲਾਂ ਕਿ ਉਹ ਕਤਲ ਇਕ ਫ਼ੌਜੀ ਨੇ ਜਜ਼ਬਾਤੀ ਹੋ ਕੇ ਕੀਤੇ ਸਨ), ਜੰਗ ਕਰਨ ਅਤੇ ਗ਼ਦਾਰੀ ਕਰਨ ਦਾ ਮੁਕਦਮਾ ਚਲਾ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ (ਜੋ ਗਵਰਨਰ ਜਨਰਲ ਨੇ ਉਮਰ ਕੈਦ ਵਿਚ ਬਦਲ ਦਿਤੀ)। ਜਨਵਰੀ 1850 ਤੱਕ ਉਸ ਨੂੰ ਲਾਹੌਰ ਕਿਲੇ ਵਿਚ ਕੈਦ ਰਖ ਕੇ ਮਗਰੋਂ ਫ਼ੋਰਟ ਵਿਲੀਅਮਜ਼ (ਕਲਕਤਾ) ਭੇਜ ਦਿਤਾ ਗਿਆ। ਉੱਥੇ ਉਸ ਨੂੰ ਘਟੀਆ ਖ਼ੁਰਾਕ ਦਿੱਤੀ ਗਈ ਜਿਸ ਵਿਚ ਜ਼ਹਿਰ ਮਿਲਿਆ ਹੁੰਦਾ ਸੀ; ਦੂਜਾ ਉਸ ਨੂੰ ਉੱਥੋਂ ਦਾ ਮੌਸਮ ਵੀ ਰਾਸ ਨਾ ਆਇਆ। ਜਦ ਉਸ ਦੀ ਸਿਹਤ ਬਹੁਤ ਖ਼ਰਾਬ ਹੋ ਗਈ ਤਾਂ ਉਸ ਨੂੰ ਬਨਾਰਸ ਲੈ ਆਂਦਾ ਗਿਆ ਪਰ ਖਾਣੇ ਵਿਚ ਹਲਕੀ ਜ਼ਹਿਰ ਦੇਣੀ ਜਾਰੀ ਰੱਖੀ ਗਈ ਜਿਸ ਨਾਲ ਉਹ 11 ਅਗਸਤ 1851 ਦੇ ਦਿਨ, ਸਿਰਫ਼ 36 ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਿਆ।

1852: ਮਹਾਰਾਜਾ ਦਲੀਪ ਸਿੰਘ ਇੰਗਲੈਂਡ ਜਾਣ ਲਈ ਸਮੁੰਦਰੀ ਜਹਾਜ਼ ਵਿਚ ਸਵਾਰ ਹੋਇਆ

ਪੰਜ ਸਾਲ ਦੀ ਉਮਰ ਵਿਚ, 18 ਸਤੰਬਰ 1843 ਦੇ ਦਿਨ, ਇਕ ਵੱਡੀ ਸਲਤਨਤ ਦਾ ਮਹਾਰਾਜਾ ਬਣਨ ਵਾਲੇ, ਦਲੀਪ ਸਿੰਘ ਨੂੰ 29 ਮਾਰਚ 1849 ਦੇ ਦਿਨ, ਗੱਦੀ ਤੋਂ ਲਾਹ ਕੇ ਅੰਗਰੇਜ਼ਾਂ ਨੇ ਪੰਜਾਬ 'ਤੇ ਪੱਕਾ ਕਬਜ਼ਾ ਕਰ ਲਿਆ ਸੀ। ਗੱਦੀ ਤੋਂ ਲਾਹੁਣ ਤੋਂ ਪਿੱਛੋਂ ਉਸ ਨੂੰ ਪੰਜਾਬ ਵਿਚੋਂ ਕੱਢ ਕੇ ਹਿੰਦੁਸਤਾਨ ਭੇਜਣ ਦਾ ਫ਼ੈਸਲਾ ਕਰ ਦਿੱਤਾ ਗਿਆ। ਦਲੀਪ ਸਿੰਘ ਨੂੰ 21 ਦਸੰਬਰ 1849 ਦੇ ਦਿਨ ਪੰਜਾਬ ਤੋਂ ਹਮੇਸ਼ਾ ਵਾਸਤੇ ਕੱਢ ਕੇ, ਹਿੰਦੁਸਤਾਨ ਦੇ ਨਗਰ ਫ਼ਤਹਿਗੜ੍ਹ (ਜਮਨਾ ਦਰਿਆ ਦੇ ਕੰਢੇ) ਤੇ ਭੇਜ ਦਿੱਤਾ ਗਿਆ। ਦਲੀਪ ਸਿੰਘ ਦੇ ਇੱਥੇ ਪੁੱਜਣ ਮਗਰੋਂ ਉਸ ਦੇ ਸਾਰੇ ਸਿੱਖ ਤੇ ਪੰਜਾਬੀ ਸੇਵਾਦਾਰ ਹਟਾ ਦਿੱਤੇ ਗਏ। ਹੁਣ ਉਸ ਦਾ ਸਾਥੀ ਉਸ ਦਾ ਉਸਤਾਦ ਡਾ. ਲੋਗਨ, ਉਸ ਦੀ ਘਰਵਾਲੀ ਲੇਡੀ ਲੋਗਿਨ, ਇਕ ਹਿੰਦੂ ਤੋਂ ਈਸਾਈ ਬਣਿਆ ਭਜਨ ਲਾਲ ਤੇ ਕੁਝ ਗੋਰੇ ਨੌਕਰ ਸਨ। ਯਾਨਿ ਉਸ ਨੂੰ ਸਿੱਖੀ ਅਤੇ ਪੰਜਾਬੀ ਮਾਹੌਲ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਗਿਆ ਸੀ। ਇਸ ਈਸਾਈ ਬਣਾਉਣ ਦੀ ਸਾਜ਼ਿਸ਼ ਵਾਲੇ ਮਾਹੌਲ ਵਿਚ ਸਾਢੇ 11 ਸਾਲ ਦਾ ਦਲੀਪ ਸਿੰਘ ਬਹੁਤੀ ਦੇਰ ਬਚ ਨਾ ਸਕਿਆ ਅਤੇ ਸਿਰਫ਼ ਤਿੰਨ ਸਾਲ ਦੇ ਅੰਦਰ ਹੀ ਉਹ ਸਿੱਖੀ ਤੇ ਪੰਜਾਬੀਅਤ ਨੂੰ ਭੁੱਲ ਕੇ ਈਸਾਈਆਂ ਵਾਂਗ ਜੀਣ ਲਗ ਪਿਆ। ਸੰਨ 1853 ਦੇ ਸ਼ੁਰੂ ਹੁੰਦਿਆਂ ਹੀ ਉਸ ਨੇ ਈਸਾਈ ਬਣਨ ਦੀ ਖ਼ਾਹਸ਼ ਜ਼ਾਹਿਰ ਕੀਤੀ। 8 ਮਾਰਚ 1853 ਦੇ ਦਿਨ ਉਸ ਨੂੰ 'ਬੈਪਟਾਈਜ਼' ਕਰ ਕੇ ਈਸਾਈ ਬਣਾ ਲਿਆ ਗਿਆ। ਇਸ ਵੇਲੇ ਉਸ ਦੀ ਉਮਰ 14

ਸਾਲ 6 ਮਹੀਨੇ ਸੀ। ਦਲੀਪ ਸਿੰਘ ਨੂੰ ਈਸਾਈ ਬਣਾਉਣ ਤੋਂ ਛੇਤੀ ਮਗਰੋਂ ਹੀ ਇੰਗਲੈਂਡ ਲਿਜਾਇਆ ਗਿਆ। ਉਹ 19 ਅਪਰੈਲ 1852 ਦੇ ਦਿਨ ਜਹਾਜ਼ ਵਿਚ ਚੜ੍ਹਿਆ ਅਤੇ ਮਈ ਵਿਚ ਲੰਡਨ ਪਹੁੰਚ ਗਿਆ।

1985: ਅੰਮ੍ਰਿਤਸਰ ਵਿਚ ਰਘੂਨੰਦਨ ਲਾਲ ਭਾਟੀਆ 'ਤੇ ਖਾੜਕੂਆਂ ਨੇ ਹਮਲਾ ਕੀਤਾ

19 ਅਪ੍ਰੈਲ 1985 ਦੇ ਦਿਨ ਖਾੜਕੂਆਂ ਨੇ ਅੰਮ੍ਰਿਤਸਰ ਵਿਚ ਰਘੂਨੰਦਨ ਲਾਲ ਭਾਟੀਆ ਉੱਪਰ ਹਮਲਾ ਕੀਤਾ ਪਰ ਉਹ ਬਚ ਗਿਆ; ਭਾਟੀਆ ਖਾੜਕੂਆਂ ਅਤੇ ਸਿੱਖ ਮੰਗਾਂ ਦੇ ਖ਼ਿਲਾਫ਼ ਅਕਸਰ ਸਖ਼ਤ ਲਫ਼ਜ਼ ਬੋਲਿਆ ਕਰਦਾ ਸੀ। ਮਗਰੋਂ ਕਾਂਗਰਸ ਪਾਰਟੀ ਵੱਲੋਂ ਭਾਟੀਆ ਨੂੰ ਪਾਰਲੀਮੈਂਟ ਦਾ ਮੈਂਬਰ ਬਣਾਇਆ ਗਿਆ।

1990: ਰੇਸ਼ਮ ਸਿੰਘ ਸੰਗਤਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਉਨੀ ਅਪ੍ਰੈਲ 1990 ਦੇ ਦਿਨ ਪੰਜਾਬ ਪੁਲੀਸ ਨੇ ਰੇਸ਼ਮ ਸਿੰਘ ਸੰਗਤਪੁਰਾ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਫੂਲਾ ਸਿੰਘ (ਵਾਸੀ ਸੰਘੇੜਾ, ਸੰਗਰੂਰ) ਨਕਲੀ ਮੁਕਾਬਲੇ ਵਿਚ ਸ਼ਹੀਦ

ਉਨੀ ਅਪ੍ਰੈਲ 1991 ਦੇ ਦਿਨ ਪੰਜਾਬ ਪੁਲੀਸ ਨੇ ਫੂਲਾ ਸਿੰਘ (ਵਾਸੀ ਸੰਘੇੜਾ, ਸੰਗਰੂਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਗੁਰਪ੍ਰੀਤ ਸਿੰਘ ਦਾਤੇਵਾਲ, ਹਰਦਿਆਲ ਸਿੰਘ ਮਹਿਤਾ, ਹਰਵਿੰਦਰ ਸਿੰਘ ਟਾਹਲਾ ਸਾਹਿਬ, ਨਿਰਵੈਰ ਸਿੰਘ ਗੰਗਾਨਗਰ, ਪਰਗਟ ਸਿੰਘ ਅੰਮ੍ਰਿਤਸਰ ਤੇ ਕੁੱਲਾ ਸਿੰਘ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

ਉਨੀ ਅਪ੍ਰੈਲ 1992 ਦੇ ਦਿਨ ਪੰਜਾਬ ਪੁਲੀਸ ਨੇ ਗੁਰਪ੍ਰੀਤ ਸਿੰਘ (ਪੁੱਤਰ ਬਹਾਦਰ ਸਿੰਘ, ਵਾਸੀ ਦਾਤੇਵਾਲ, ਨੇੜੇ ਕੋਟ ਈਸੇ ਖ਼ਾਂ, ਜ਼ਿਲ੍ਹਾ ਫ਼ੀਰੋਜ਼ਪੁਰ), ਹਰਦਿਆਲ ਸਿੰਘ ਮਹਿਤਾ (ਪੁੱਤਰ ਜਸਵੰਤ ਸਿੰਘ, ਵਾਸੀ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ), ਹਰਵਿੰਦਰ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਟਾਹਲਾ ਸਾਹਿਬ, ਨੇੜੇ ਮੌੜ ਮੰਡੀ, ਜ਼ਿਲ੍ਹਾ ਬਠਿੰਡਾ), ਨਿਰਵੈਰ ਸਿੰਘ (ਵਾਸੀ ਗੰਗਾਨਗਰ), ਪਰਗਟ ਸਿੰਘ ਤੇ ਕੁੱਲਾ ਸਿੰਘ (ਵਾਸੀ ਪਰਤਾਪ ਨਗਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1993: ਕਮਲਜੀਤ ਸਿੰਘ ਘਣੀਏਕੇ ਬਾਂਗਰ ਨਕਲੀ ਮੁਕਾਬਲੇ ਵਿਚ ਸ਼ਹੀਦ

ਉੱਨੀ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਕਮਲਜੀਤ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਘਣੀਏਕੇ ਬਾਂਗਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1993: ਚੰਡੀਗੜ੍ਹ ਦੇ 7 ਨੌਜਵਾਨਾਂ ਨੂੰ ਜਹਾਜ਼ ਅਗਵਾ ਕਰਨ ਵਾਲੇ 7 ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ

ਦਰਬਾਰ ਸਾਹਿਬ ''ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ 24 ਅਗਸਤ 1984 ਦੇ ਦਿਨ ਚੰਡੀਗੜ੍ਹ ਦੇ ਸੱਤ ਨੌਜਵਾਨਾਂ ਨੇ ਭਾਰਤ ਦਾ ਇਕ ਜਹਾਜ਼ ਅਗਵਾ ਕਰਨ ਦੀ ਕਾਰਵਾਈ ਕੀਤੀ। ਇਹ ਜਹਾਜ਼ ਪਹਿਲੋਂ ਲਾਹੌਰ, ਫਿਰ ਕਰਾਚੀ ਤੇ ਅਖ਼ੀਰ ਡੁਬਈ ਲਿਜਾਇਆ ਗਿਆ।

ਮਗਰੋਂ ਡੁਬਈ ਵਿਚ ਇਨ੍ਹਾਂ ਨੌਜਵਾਨਾਂ ਨੇ ਹਥਿਆਰ ਸੁੱਟ ਦਿੱਤੇ ਤੇ ਜੇਲ੍ਹ ਜਾ ਪੁੱਜੇ। ਇਹ ਸਨ: ਤਜਿੰਦਰ ਸਿੰਘ, ਸੁਰਿੰਦਰ ਸਿੰਘ, ਮਾਨ ਸਿੰਘ ਬੱਗਾ, ਅਵਤਾਰ ਸਿੰਘ, ਦਵਿੰਦਰ ਸਿੰਘ, ਅਮਰਿੰਦਰ ਸਿੰਘ (ਜੋ ਮਗਰੋਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਬਣਿਆ) ਤੇ ਕਮਲਜੀਤ ਸਿੰਘ ਸੰਧੂ। 19 ਅਪਰੈਲ 1993 ਦ ਦਿਨ ਅਦਾਲਤ ਨੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

20 ਅਪਰੈਲ

1660: ਗੁਰੂ ਹਰਿ ਰਾਇ ਸਾਹਿਬ ਸ੍ਰੀ ਨਗਰ ਪੁੱਜੇ

ਅਪ੍ਰੈਲ ਦੇ ਸ਼ੁਰੂ ਵਿਚ ਗੁਰੂ ਹਰਿ ਰਾਇ ਸਾਹਿਬ ਸਿਆਲਕੋਟ ਵਿਚ ਸਨ; ਉਨ੍ਹੀਂ ਦਿਨੀਂ ਭਾਈ ਮੱਖਣ ਸ਼ਾਹ ਲੁਬਾਣਾ, ਜੋ ਕਸ਼ਮੀਰ ਦਾ ਇਕ ਵੱਡਾ ਵਪਾਰੀ ਸੀ, ਉੱਥੇ ਆਇਆ ਤੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਨੂੰ ਕਸ਼ਮੀਰ ਦੀ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਉਸ ਦੀ ਅਰਜ਼ ਮੰਨ ਕੇ ਉਸ ਦੇ ਕਾਫ਼ਲੇ ਦੇ ਨਾਲ ਸਿਆਲਕੋਟ ਤੋਂ ਸ੍ਰੀਨਗਰ ਵੱਲ ਚਲ ਪਏ। 20 ਅਪ੍ਰੈਲ 1660 ਦੇ ਦਿਨ ਆਪ ਸ੍ਰੀਨਗਰ ਵਿਚ ਸਨ। ਸ੍ਰੀਨਗਰ ਤੋਂ ਆਪ ਮਟਨ ਹੁੰਦੇ ਹੋਏ ਪਿੰਡ ਟਾਂਡਾ ਲੁਬਾਣਾ (ਜਿਸ ਨੂੰ ਇਕ ਵੱਡਾ ਪਿੰਡ ਹੋਣ ਕਰ ਕੇ 'ਮੋਟਾ ਟਾਂਡਾ' ਵੀ ਕਹਿੰਦੇ ਸਨ) ਵੀ ਗਏ ਅਤੇ ਭਾਈ ਮੱਖਣ ਸ਼ਾਹ ਲੁਬਾਣਾ ਦੇ ਘਰ ਰਹੇ। ਗੁਰੂ ਸਾਹਿਬ ਦੇ ਉੱਥੇ ਹੁੰਦਿਆਂ ਹੀ ਭਾਈ ਮੱਖਣ ਸ਼ਾਹ ਲੁਬਾਣਾ ਦੇ ਪਿਤਾ ਭਾਈ ਦਾਸਾ ਚੜ੍ਹਾਈ ਕਰ ਗਏ।ਭਾਈ ਦਾਸਾ ਦਾ ਸਸਕਾਰ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਹੱਥੀਂ ਕੀਤਾ।

1692: ਗੁਰੂ ਗੋਬਿੰਦ ਸਿੰਘ ਸਾਹਿਬ ਜੰਮੂ ਪੁੱਜੇ

29 ਮਾਰਚ 1692 ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਉਨ੍ਹਾਂ ਦੀ ਸਦਾਰਤ ਗੁਰੂ ਸਾਹਿਬ ਨੇ ਕੀਤੀ। ਇਸ ਸਮੇਂ ਰਾਜਿਆਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਇਕ ਵਾਰ ਸਾਰੀਆਂ ਰਿਆਸਤਾਂ ਵਿਚ ਆਉਣ ਅਤੇ ਲੋਕਾਂ ਨੂੰ ਦਰਸ਼ਨ ਦੇਣ। ਗੁਰੂ ਸਾਹਿਬ ਨੇ ਇਹ ਸੁਝਾਅ ਮਨਜ਼ੂਰ ਕਰ ਲਿਆ ਅਤੇ ਰਵਾਲਸਰ ਤੋਂ ਜੰਮੂ ਤਕ ਦਾ ਦੌਰਾ ਕੀਤਾ।ਰਵਾਲਸਰ ਤੋਂ ਆਪ ਵੱਖ-ਵੱਖ ਜਗਹ ਹੁੰਦੇ ਹੋਏ 20 ਅਪਰੈਲ 1692 ਦੇ ਦਿਨ ਜੰਮੂ ਪੁੱਜੇ। ਇੱਥੋਂ ਆਪ ਚੱਕ-ਕਾਨ੍ਹਾ, ਰਾਮਗੜ੍ਹ ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਵਾਪਿਸ ਅਨੰਦਪੁਰ ਆ ਗਏ। ਪਠਾਨਕੋਟ ਵਿਚ ਆਪ ਸ਼ਹਿਰ ਦੇ ਬਾਹਰ ਸਭ ਤੋਂ ਉਚੀ ਪਹਾੜੀ 'ਤੇ ਠਹਿਰੇ ਸਨ।

1803: ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਚੜ੍ਹਾਈ ਕਰ ਗਏ

ਰਾਮਗੜ੍ਹੀਆ ਮਿਸਲ ਦਾ ਮੁੱਢ ਸਾਂਙਣਾ ਪਿੰਡ (ਅੰਮ੍ਰਿਤਸਰ) ਦੇ ਨੰਦ ਸਿੰਘ ਸਾਂਙਨੀਆ ਤੋਂ ਬੱਝਦਾ ਹੈ। ਉਸ ਦਾ ਸਭ ਤੋਂ ਅਹਿਮ ਸਾਥੀ ਈਚੋਗਿੱਲ (ਜ਼ਿਲ੍ਹਾ ਲਾਹੌਰ) ਦਾ ਰਹਿਣ ਵਾਲਾ ਜੱਸਾ ਸਿੰਘ (1718 - 20.4.2803) ਸੀ। ਜੱਸਾ ਸਿੰਘ ਦੇ ਦਾਦਾ ਹਰਦਾਸ ਸਿੰਘ (ਮੌਤ 1715) ਤੇ ਪਿਤਾ ਭਗਵਾਨ ਸਿੰਘ (ਮੌਤ 1739) ਪਿੱਛੋਂ ਸੁਰਸਿੰਘ ਪਿੰਡ (ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਜੱਸਾ ਸਿੰਘ ਅੰਮ੍ਰਿਤਸਰ ਦੇ ਕਿਲ੍ਹੇ "ਰਾਮ ਰੌਣੀ" ਦਾ ਇੰਚਾਰਜ ਸੀ ਇਸ ਕਰ ਕੇ ਇਸ ਮਿਸਲ ਨੂੰ, ਮਗਰੋਂ, ਰਾਮਗੜ੍ਹੀਆ ਮਿਸਲ ਕਿਹਾ ਜਾਣ ਲੱਗ ਪਿਆ ਸੀ।ਜੱਸਾ ਸਿੰਘ ਨੇ ਪਹਿਲੀਆਂ ਜਿੱਤਾਂ ਗੁਰਦਾਸਪੁਰ ਦੇ ਇਲਾਕੇ ਵਿਚ ਹਾਸਿਲ ਕੀਤੀਆਂ ਸਨ। ਉਸ ਨੇ ਕਾਂਗੜੇ ਦੇ ਕਟੋਚ ਰਾਜੇ ਸੰਸਾਰ ਚੰਦ ਦੇ ਵੀ ਗੋਡੇ ਲੁਆਏ ਤੇ ਉਸ ਤੋਂ ਖਰਾਜ ਹਾਸਿਲ ਕੀਤਾ। ਇਸ ਦੂਨ ਦੇ ਇਲਾਕੇ ਦੇ ਨਿੱਕੇ-ਨਿੱਕੇ ਕਈ ਹੋਰ ਰਾਜੇ ਵੀ ਉਸ ਨੂੰ ਖਿਰਾਜ ਦਿਆ ਕਰਦੇ ਸਨ। 1775 ਵਿਚ ਜਦੋਂ ਮਿਸਲਾਂ ਦੇ ਆਪਸੀ

ਝਗੜੇ ਸ਼ੁਰੂ ਹੋ ਗਏ ਤਾਂ ਦੀਨਾ ਨਗਰ ਦੀ ਲੜਾਈ ਵਿਚ ਕਨ੍ਹਈਆ, ਸ਼ੁਕਰਚਕੀਆ ਅਤੇ ਆਹਲੂਵਾਲੀਆ ਮਿਸਲ ਇਕ ਪਾਸੇ ਅਤੇ ਰਾਮਗੜ੍ਹੀਆ ਅਤੇ ਭੰਗੀ ਦੂਜੇ ਪਾਸੇ ਸਨ। ਇਸ ਲੜਾਈ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਾਰ ਹੋਈ ਸੀ। ਪਰ ਕੁਝ ਚਿਰ ਬਾਅਦ ਇਨ੍ਹਾਂ ਮਿਸਲਾਂ ਵਿਚ ਫਿਰ ਰਸਾਈ ਹੋ ਗਈ। ਇਸ ਨੇ 11 ਮਾਰਚ 1783 ਦੇ ਦਿਨ ਜੱਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਤੇ ਹੋਰ ਸਿੱਖ ਜਰਨੈਲਾਂ ਨਾਲ ਮਿਲ ਕੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਨੀਲਾ ਨਿਸ਼ਾਨ ਸਾਹਿਬ ਝੁਲਾਇਆ ਸੀ। 1783 ਤੋਂ 1785 ਤਕ ਇਸ ਨੇ ਰਿਆੜਕੀ ਅਤੇ ਜਲੰਧਰ-ਦੋਆਬ ਦਾ ਕਾਫ਼ੀ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਬਟਾਲਾ, ਕਲਾਨੌਰ, ਦਸੂਹਾ, ਤਲਵਾੜਾ, ਮਿਆਣੀ, ਬੇਗੋਵਾਲ ਵਗੈਰਾ ਦਾ ਇਲਾਕਾ ਇਸ ਵਿਚ ਸ਼ਾਮਿਲ ਸੀ। ਪਹਾੜੀ ਰਾਜਿਆਂ ਵਿਚੋਂ ਹਰੀਪੁਰ, ਜਸਵਾਨ, ਨੂਰਪੁਰ, ਚੰਬਾ, ਮੰਡੀ, ਕਾਂਗੜਾ ਦੇ ਰਾਜੇ ਇਸ ਨੂੰ ਖਿਰਾਜ ਦੇਂਦੇ ਸਨ। ਮਗਰੋਂ ਉਸ ਨੇ ਉੜਮੁੜ ਟਾਂਡਾ ਅਤੇ ਸ਼ਾਹੀਆਪੁਰ 'ਤੇ ਵੀ ਕਬਜ਼ਾ ਕਰ ਲਿਆ। ਉਸ ਨੇ ਬਹੁਤ ਸਾਰੇ ਕਿਲ੍ਹੇ ਵੀ ਬਣਾਏ। ਹਰਿਗੋਬਿੰਦਪੁਰ ਉਸ ਦਾ ਹੈਡਕੁਆਰਟਰ ਸੀ।

20 ਅਪਰੈਲ 1803 ਦੇ ਦਿਨ ਜੱਸਾ ਸਿੰਘ ਰਾਮਗੜ੍ਹੀਆ ਦੀ ਮੌਤ ਹੋ ਗਈ। ਇਸ ਦਾ ਪੁੱਤਰ ਜੋਧ ਸਿੰਘ ਸਿਆਣਾ ਤੇ ਦਲੇਰ ਨਹੀਂ ਸੀ। 1811 ਵਿਚ ਰਣਜੀਤ ਸਿੰਘ ਨੇ ਉਸ ਨੂੰ ਥੋੜ੍ਹੀ ਜਹੀ ਜਾਗੀਰ ਦੇ ਕੇ ਉਸ ਦੀ ਰਿਆਸਤ ਨੂੰ ਆਪਣੇ ਰਾਜ ਵਿਚ ਮਿਲਾ ਲਿਆ।

1952: ਗਿਆਨ ਸਿੰਘ ਰਾੜੇਵਾਲਾ ਪੈਪਸੂ ਦਾ ਚੀਫ਼ ਮਨਿਸਟਰ ਬਣਿਆ

1952 ਵਿਚ ਭਾਰਤ ਭਰ ਵਿਚ ਆਮ ਚੋਣਾਂ ਹੋਈਆਂ। ਪੈਪਸੂ ਵਿਚ ਅਕਾਲੀ ਦਲ ਦੀ ਕਮਾਨ ਹੇਠਾਂ 'ਸਾਂਝਾ ਮੋਰਚਾ' ਦੀ ਸਰਕਾਰ ਬਣ ਗਈ। ਗਿਆਨ ਸਿੰਘ ਰਾੜੇਵਾਲਾ ਮੁਖ ਮੰਤਰੀ ਬਣਿਆ। ਗਿਆਨ ਸਿੰਘ ਰਾੜੇਵਾਲਾ ਨੇ ਪੈਪਸੂ ਦੀ ਹਕੂਮਤ 20 ਅਪਰੈਲ 1952 ਨੂੰ ਸੰਭਾਲੀ ਸੀ।

1988: ਕੇ.ਪੀ. ਗਿੱਲ ਪੰਜਾਬ ਪੁਲੀਸ ਦਾ ਮੁਖੀ ਬਣਿਆ

ਜਸਬੀਰ ਸਿੰਘ ਰੋਡੇ ਦੀ ਰਿਹਾਈ ਮਗਰੋਂ ਜਦ ਸਰਕਾਰ ਖਾੜਕੂਆਂ ਨੂੰ ਖਾਲਿਸਤਾਨ ਦੀ ਜੱਦੋਜਹਿਦ ਤੋਂ ਹਟਾਉਣ ਵਿਚ ਕਾਮਯਾਬ ਨਾ ਹੋ ਸਕੀ ਤਾਂ ਇਸ ਨੇ ਉਨ੍ਹਾਂ ਵਿਚ ਆਪਣੇ ਟਾਊਟ ਸ਼ਾਮਿਲ ਕਰ ਦਿੱਤੇ। ਜਦ ਖਾੜਕੂਆਂ ਨੂੰ ਆਪਣੇ ਵਿਚ ਸ਼ਾਮਿਲ ਹੋਏ ਕੁਝ ਬਲੈਕ ਕੈਟਜ਼ ਦਾ ਪਤਾ ਲਗ ਗਿਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਪਲਾਨ ਘੜਨੀ ਸ਼ੁਰੂ ਕਰ ਦਿੱਤੀ। ਸਰਕਾਰੀ ਅਜੰਸੀਆਂ ਨੂੰ ਇਸ ਦਾ ਪਤਾ ਲਗ ਗਿਆ। ਇਸ ਕਰ ਕੇ ਸਰਕਾਰ ਨੇ 'ਬਲੈਕ ਥੰਡਰ' ਅਪਰੇਸ਼ਨ ਦੇ ਨਾਂ 'ਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ। ਪਰ ਇਹ ਹਮਲਾ 9 ਮਈ ਨੂੰ ਅਚਾਣਕ ਹੀ ਨਹੀਂ ਸੀ ਹੋਇਆ ਤੇ ਨਾ ਹੀ ਡੀ.ਆਈ.ਜੀ. ਸਰਬਦੀਪ ਵਿਰਕ 'ਤੇ ਗੋਲੀ ਚਲਾਉਣ ਨਾਲ ਹੀ ਇਸ ਦਾ ਆਗ਼ਾਜ਼ ਹੋਇਆ ਸੀ। ਇਸ ਦੇ ਇਸ਼ਾਰੇ ਤਾਂ ਪਹਿਲਾਂ ਤੋਂ ਹੀ ਨਜ਼ਰ ਆ ਰਹੇ ਸਨ। ਪੰਜਾਬ ਅਸੈਂਬਲੀ ਤੋੜਨਾ, ਪੰਜਾਬ ਵਿਚ ਐਮਰਜੰਸੀ ਲਾਉਣ ਬਾਰੇ ਬਿਲ ਪਾਸ ਕਰਨਾ, 8 ਅਪਰੈਲ ਨੂੰ ਪੰਜਾਬ ਤੇ ਪਾਕਿਸਤਾਨ ਵਿਚਲੀ ਸਰਹੱਦ ਸੀਲ ਕਰਨਾ, 10 ਅਪਰੈਲ ਨੂੰ ਦਰਬਾਰ ਸਾਹਿਬ ਦਾ ਘੇਰਾ ਤੰਗ ਕਰ ਕੇ 'ਵੇਖਦਿਆਂ ਗੋਲੀ ਮਾਰਨ' ਦੇ ਹੁਕਮ ਜਾਰੀ ਕਰਨਾ, ਇਹ ਸਭ ਇਸ ਦੀ ਤਿਆਰੀ ਦਾ ਇਸ਼ਾਰਾ ਸਨ। 15 ਅਪਰੈਲ ਨੂੰ ਇਸ ਬਾਰੇ ਅਖ਼ਬਾਰਾਂ ਵਿਚ ਚਰਚਾ ਵੀ ਸ਼ੁਰੂ ਹੋ ਗਿਆ ਸੀ ਕਿ 'ਸਰਕਾਰ ਨਵੇਂ ਐਕਸ਼ਨ ਦੀ ਤਿਆਰੀ ਵਿਚ ਹੈ'।

ਇਸੇ ਸਕੀਮ ਹੇਠ 20 ਅਪ੍ਰੈਲ ਨੂੰ ਰਬੈਰੋ ਨੂੰ ਗਵਰਨਰ ਦਾ ਸਲਾਹਕਾਰ ਬਣਾ ਕੇ ਇਕ ਜ਼ਾਲਮ ਪੁਲੀਸ ਅਫ਼ਸਰ ਕੇ.ਪੀ.ਐਸ. ਗਿੱਲ ਨੂੰ ਪੰਜਾਬ ਦਾ ਪੁਲੀਸ ਚੀਫ਼ ਲਾ ਦਿੱਤਾ ਗਿਆ ਤੇ ਇਸ ਮਗਰੋਂ ਪੰਜਾਬ ਵਿਚ ਬੇਗੁਨਾਹ ਸਿੱਖਾਂ ਦੇ ਕਤਲੇਆਮ ਦਾ ਇਕ ਨਵਾਂ ਦੌਰ ਸ਼ੁਰੂ ਹੋ ਗਿਆ।

1993: ਪਰਗਟ ਸਿੰਘ ਪੱਗਾ, ਪ੍ਰਿਥੀ ਸਿੰਘ ਕਟਾਰ ਸਿੰਘ ਵਾਲਾ, ਬਲਬੀਰ ਸਿੰਘ ਠਰੂ ਤੇ ਪਰਗਟ ਸਿੰਘ ਮਾੜੀ ਸਿੰਘਾਂ ਨਕਲੀ ਮੁਕਾਬਲੇ ਵਿਚ ਸ਼ਹੀਦ

ਵੀਹ ਅਪ੍ਰੈਲ 1993 ਦੇ ਦਿਨਤੇ ਹੋਰ ਸਿੱਖ ਪੁਲੀਸ ਨੇ ਪਰਗਟ ਸਿੰਘ ਉਰਫ਼ ਪੱਗਾ (ਪੁਤਰ ਬੰਤਾ ਸਿੰਘ, ਵਾਸੀ ਕੋਟਲੀ) ਨੂੰ ਰਟੌਲ, ਤਰਨਤਾਰਨ ਕੋਲ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪ੍ਰਿਥੀ ਸਿੰਘ ਨੂੰ (ਕਟਾਰ ਸਿੰਘ ਵਾਲਾ, ਬਠਿੰਡਾ ਕੋਲ) ਸ਼ਹੀਦ ਕੀਤਾ ਗਿਆ। ਇਕ ਹੋਰ ਨਕਲੀ ਮੁਕਾਬਲੇ ਵਿਚ ਬਲਬੀਰ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਠਰੂ, ਜ਼ਿਲ੍ਹਾ ਤਰਨਤਾਰਨ) ਅਤੇ ਪਰਗਟ ਸਿੰਘ ਉਰਫ਼ ਪੱਡਾ (ਪੁਤਰ ਊਧਮ ਸਿੰਘ, ਵਾਸੀ ਮਾੜੀ ਸਿੰਘਾਂ) ਤੇ ਹੋਰ ਕਈ ਸਿੱਖਾਂ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

21 ਅਪਰੈਲ

1853: ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਹੋਇਆ

ਪੰਥ ਰਤਨ ਗਿਆਨੀ ਦਿੱਤ ਸਿੰਘ ਦਾ ਜਨਮ 21 ਅਪ੍ਰੈਲ **1853** ਦੇ ਦਿਨ ਕੌਲਗੜ੍ਹ (ਰਿਆਸਤ ਪਟਿਆਲਾ) ਵਿਚ ਹੋਇਆ ਸੀ। ਆਪ ਸਿੱਖ ਕੌਮ ਦੇ ਉਂਗਲੀਆਂ 'ਤੇ ਗਿਣੇ ਜਾ ਸਕਣ ਵਾਲੇ ਮਹਾਨ ਵਿਦਵਾਨਾਂ ਵਿਚੋਂ ਇਕ ਸਨ। ਦਿੱਤ ਸਿੰਘ ਬਚਪਣ ਤੋਂ ਹੀ ਬਹੁਤ ਸਿਆਣੀਆਂ ਗੱਲਾਂ ਕਰਨ ਲਗ ਪਿਆ ਸੀ ਤੇ ਸਾਰੇ ਉਸ ਦੀ ਸੂਝ ਦੇ ਕਾਇਲ ਸਨ। ਆਪ ਦੇ ਪਿਤਾ ਭਾਈ ਦੀਵਾਨ ਸਿੰਘ ਇਕ ਗ਼ਰੀਬ ਜੁਲਾਹਾ ਪਰਵਾਰ ਵਿਚੋਂ ਸਨ ਪਰ ਆਪ ਦੇ ਮਨ ਵਿਚ ਪੁੱਤਰ ਨੂੰ ਪੜ੍ਹਾਈ ਕਰਵਾਉਣ ਦੀ ਬਹੁਤ ਖ਼ਾਹਿਸ਼ ਸੀ ਇਸ ਕਰ ਕੇ ਉਨ੍ਹਾਂ ਨੇ 1862 ਵਿਚ 10 ਸਾਲ ਦੇ ਦਿੱਤ ਸਿੰਘ ਨੂੰ ਤਿਓੜ (ਜ਼ਿਲ੍ਹਾ ਰੂਪੜ) ਦੇ ਗੁਲਾਬਦਾਸੀ ਡੇਰੇ 'ਤੇ ਭੇਜ ਦਿੱਤਾ; ਇਥੇ ਉਸ ਨੇ ਵੇਦਾਂਤ, ਨੀਤੀ ਸ਼ਾਸਤਰ ਅਤੇ ਫ਼ਿਲਾਸਫ਼ੀ ਦੀਆਂ ਕਈ ਹੋਰ ਕਿਤਾਬਾਂ ਪੜ੍ਹੀਆਂ। ਉਸ ਦੀ ਕਾਬਲੀਅਤ ਨੂੰ ਵੇਖ ਕੇ 16 ਸਾਲ ਦੀ ਉਮਰ ਵਿਚ ਉਸ ਨੂੰ ਗੁਲਾਬਦਾਸੀਆਂ ਦੇ ਮੁਖ ਡੇਰੇ ਛਟੀਆਂਵਾਲਾ (ਜ਼ਿਲ੍ਹਾ ਕਸੂਰ) ਵਿਚ ਭੇਜ ਦਿੱਤਾ ਗਿਆ। ਏਥੇ ਉਸ ਨੇ ਗੁਰੂ ਗ੍ਰੰਥ ਸਾਹਿਬ ਵੀ ਪੜ੍ਹਿਆ ਤੇ ਭਾਈ ਗੁਰਦਾਸ ਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਵੀ ਪੜ੍ਹੀਆਂ।1875 ਵਿਚ, 23 ਸਾਲ ਦੀ ਉਮਰ ਵਿਚ, ਉਸ ਨੇ ਇਕ ਗੁਲਾਬਦਾਸੀ ਪਰਚਾਰਕ ਵਜੋਂ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਸ ਦਾ ਮੇਲ ਭਾਈ ਜਵਾਹਰ ਸਿੰਘ ਕਪੂਰ ਨਾਲ ਹੋਇਆ। ਇਨ੍ਹਾਂ ਦਿਨਾਂ ਵਿਚ ਆਰੀਆ ਸਮਾਜ ਦੀ ਨੀਂਹ ਰੱਖੀ ਜਾ ਚੁਕੀ ਸੀ। 1877 ਵਿਚ ਆਰੀਆ ਸਮਾਜ ਦਾ ਦਯਾ ਨੰਦ ਲਾਹੌਰ ਆਇਆ; ਦਿੱਤ ਸਿੰਘ ਤੇ ਜਵਾਹਰ ਸਿੰਘ ਕਪੂਰ ਉਸ ਨੂੰ ਮਿਲਣ ਗਏ; ਇਸ ਮੌਕੇ 'ਤੇ ਦਿੱਤ ਸਿੰਘ ਨੇ ਦਯਾ ਨੰਦ ਨਾਲ ਕੁਝ ਨੁਕਤਿਆਂ 'ਤੇ ਚਰਚਾ ਕੀਤੀ ਪਰ ਦਯਾ ਨੰਦ ਇਸ ਚਰਚਾ ਵਿਚ ਫੇਲ੍ਹ ਹੋ ਗਿਆ ਉਹ ਗਿਆਨੀ ਦਿੱਤ ਸਿੰਘ ਦੀਆਂ ਦਲੀਲਾਂ ਅੱਗੇ ਲਾਜਵਾਬ ਹੋ ਗਿਆ (ਇਹ ਗਲਬਾਤ ਕਿਤਾਬ 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ' ਵਿਚ ਦਰਜ ਹੈ)। ਇਸ ਚਰਚਾ ਦੌਰਾਨ ਗਿਆਨੀ ਦਿੱਤ ਸਿੰਘ ਤੇ ਜਵਾਹਰ ਸਿੰਘ ਕਪੂਰ ਨੂੰ ਅਹਿਸਾਸ ਹੋ ਗਿਆ ਕਿ ਦਯਾ ਨੰਦ ਕੋਲ ਕੁਝ ਨਹੀਂ ਲੋਕ ਐਵੇਂ ਹੀ ਭੇਡ ਚਾਲ ਵਿਚ ਉਸ ਦੇ ਪਿੱਛੇ ਲਗੇ ਹੋਏ ਹਨ। ਉਨ੍ਹੀਂ ਦਿਨੀਂ ਹੀ ਸਿੰਘ ਸਭਾ ਲਹਿਰ ਸ਼ੁਰੂ ਹੋ ਚੁਕੀ ਸੀ ਤੇ ਦੋਵੇਂ ਇਸ ਲਹਿਰ ਦਾ ਹਿੱਸਾ ਬਣ ਗਏ।

11 ਅਪ੍ਰੈਲ 1880 ਦੇ ਦਿਨ ਗਿਆਨੀ ਦਿੱਤ ਸਿੰਘ ਨੇ 'ਗੁਰਮੁਖੀ ਅਖ਼ਬਾਰ' ਸ਼ੁਰੂ ਕੀਤਾ ਜੋ ਛੇਤੀ ਹੀ ਹਰਮਨ ਪਿਆਰਾ ਹੋ ਗਿਆ। ਇਨ੍ਹਾਂ ਦਿਨਾਂ ਵਿਚ ਹੀ ਗਿਆਨੀ ਦਿੱਤ ਸਿੰਘ ਤੇ ਪ੍ਰੋ ਗੁਰਮੁਖ ਸਿੰਘ ਵਿਚ ਦੋਸਤੀ ਬਣ ਗਈ ਤੇ ਇਸ ਦੋਸਤੀ ਨੇ ਸਿੱਖ ਕੌਮ ਨੂੰ ਮਹਾਨ ਦੇਣ ਦਿੱਤੀ। ਕੁਝ ਚਿਰ ਮਗਰੋਂ ਪ੍ਰੋ ਗੁਰਮੁਖ ਸਿੰਘ ਨੇ 'ਖਾਲਸਾ ਅਖ਼ਬਾਰ' ਸ਼ੁਰੂ ਕੀਤਾ; ਇਸ ਅਖ਼ਬਾਰ ਦਾ ਸਾਰਾ ਕੰਮ ਵੀ ਗਿਆਨੀ ਦਿੱਤ ਸਿੰਘ ਹੀ ਕਰਦੇ ਹੁੰਦੇ ਸਨ। ਦੋਹਾਂ ਸ਼ਖ਼ਸੀਅਤਾਂ ਨੇ ਸਿੱਖੀ ਵਿਚ ਆਏ ਨਿਘਾਰ ਨੂੰ ਖ਼ਤਮ ਕਰਨ ਵਿਚ ਵੱਡਾ ਰੋਲ ਅਦਾ ਕੀਤਾ। ਪ੍ਰੋ. ਗੁਰਮੁਖ ਸਿੰਘ ਨੇ ਤਾਂ ਅਖੌਤੀ ਸਾਹਿਬਜ਼ਾਦਿਆਂ (ਬੇਦੀ, ਭੱਲੇ, ਸੋਢੀ ਖ਼ਾਨਦਾਨਾਂ) ਦਾ ਦੰਭ ਵੀ ਬੁਰੀ ਤਰ੍ਹਾਂ ਨੰਗਾ ਕੀਤਾ; ਖਾਸ ਕਰ ਕੇ ਖੇਮ ਸਿੰਘ ਬੇਦੀ ਵੱਲੋਂ ਨੀਮ-ਗੁਰੂ ਬਣਨ ਦੀ ਕਰਤੂਤ ਦੇ ਖ਼ਿਲਾਫ਼ ਉਸ ਨੇ ਇਕ ਕਿਸਮ ਦਾ ਜਹਾਦ ਖੜ੍ਹਾ ਕੀਤਾ। ਇਸ ਤੋਂ ਖਿਝ ਕੇ ਬੇਦੀ ਟੋਲੇ ਨੇ ਮਾਰਚ 1887 ਵਿਚ ਪ੍ਰੋ ਗੁਰਮੁਖ ਸਿੰਘ ਨੂੰ ਅਖੌਤੀ ਤੌਰ 'ਤੇ ਪੰਥ ਵਿਚੋਂ ਖ਼ਾਰਜ ਕਰਨ ਦਾ ਡਰਾਮਾ ਕੀਤਾ। ਗਿਆਨੀ ਦਿੱਤ ਸਿੰਘ ਨੇ ਇਸ ਹਰਕਤ ਦੀ ਜ਼ਬਰਦਸਤ ਨਿੰਦਾ ਕੀਤੀ। ਹੁਣ ਸੁਮੇਰ ਸਿੰਘ ਪਟਨਾ (ਅਖੌਤੀ ਦਸਮ ਗ੍ਰੰਥ ਦੇ ਬਹੁਤੇ ਹਿੱਸੇ ਦਾ ਲੇਖਕ) ਅਤੇ ਖੇਮ ਸਿੰਘ ਬਦੀ ਨੇ ਗਿਆਨੀ ਦਿੱਤ ਸਿੰਘ ਦੇ ਖ਼ਿਲਾਫ਼ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੂੰ ਇਕ ਲਿਖਤ ਦੇ ਮਾਮਲੇ ਵਿਚ ਅਦਾਲਤ ਵਿਚ ਵੀ ਘਸੀਟਿਆ। ਇਨ੍ਹਾਂ ਦਿਨਾਂ ਵਿਚ ਗਿਆਨੀ ਜੀ ਦੇ ਸਭ ਤੋਂ ਵੱਡੇ ਮਦਦਗਾਰ ਕੰਵਰ ਬਿਕਰਮ ਸਿੰਘ ਕਪੂਰਥਲਾ ਦੀ 8 ਮਈ 1887 ਦੇ ਦਿਨ ਮੌਤ ਹੋ ਗਈ; ਇਸ ਨਾਲ ਗਿਆਨੀ ਜੀ ਨੂੰ ਬਹੁਤ ਨੁਕਸਾਨ ਹੋਇਆ ਤੇ ਉਨ੍ਹਾਂ ਨੂੰ ਅਖ਼ਬਾਰ ਵੀ ਬੰਦ ਕਰਨਾ ਪਿਆ। ਹਿੰਮਤ ਕਰ ਕੇ ਉਨ੍ਹਾਂ ਨੇ 1893 ਵਿਚ ਅਖ਼ਬਾਰ ਦੋਬਾਰਾ ਸ਼ੁਰੂ ਕਰ ਲਿਆ। ਫਿਰ 1896 ਵਿਚ ਪ੍ਰੋ ਗੁਰਮੁਖ ਸਿੰਘ ਚੜ੍ਹਾਈ ਕਰ ਗਏ। ਇਕ ਵਾਰ ਫੇਰ ਗਿਆਨੀ ਦਿੱਤ ਸਿੰਘ ਨੂੰ ਮਾਲੀ ਮੁਸ਼ਕਿਲਾਂ ਨੇ ਘੇਰ ਲਿਆ। 1899 ਵਿਚ ਜਦ ਭਗਤ ਲਕਸ਼ਮਣ ਸਿੰਘ ਨੇ 'ਖਾਲਸਾ ਅਖ਼ਬਾਰ' ਸ਼ੁਰੂ ਕੀਤਾ ਤਾਂ ਗਿਆਨੀ ਜੀ ਨੇ ਉਸ ਦੀ ਬਹੁਤ ਮਦਦ ਕੀਤੀ।

ਗਿਆਨੀ ਦਿੱਤ ਸਿੰਘ ਜੀ ਦੇ ਦੋ ਬੱਚੇ ਸਨ: ਬੇਟਾ ਬਲਦੇਵ ਸਿੰਘ (ਜਨਮ 1886) ਬੇਟੀ ਵਿਦਿਆਵੰਤ ਕੌਰ (ਜਨਮ 1890); 17 ਜੂਨ 1901 ਦੇ ਦਿਨ ਵਿਦਿਆਵੰਤ ਕੌਰ ਦੀ ਮੌਤ ਹੋ ਗਈ; ਇਸ ਬੇਟੀ ਨਾਲ ਆਪ ਦਾ ਬਹੁਤ ਪਿਆਰ ਸੀ; ਇਸ ਮੌਤ ਨੇ ਉਨ੍ਹਾਂ ਨੂੰ ਬਹੁਤ ਉਦਾਸ ਕਰ ਦਿੱਤਾ। ਭਾਵੇਂ ਆਪ ਫਿਰ ਵੀ ਕੌਮ ਦੀ ਸੇਵਾ ਕਰਦੇ ਰਹੇ ਪਰ ਉਨ੍ਹਾਂ ਦੇ ਮਨ ਦੀ ਦਿਲਗੀਰੀ ਨੇ ਉਨ੍ਹਾਂ ਦਾ ਸਾਥ ਨਾ ਛੱਡਿਆ ਅਤੇ 6 ਸਤੰਬਰ 1906 ਦੇ ਦਿਨ ਉਹ ਇਸ ਫ਼ਾਨੀ ਦੁਨੀਆਂ ਤੋਂ ਵਿਦਾ ਹੋ ਗਏ।

ਗਿਆਨੀ ਦਿੱਤ ਸਿੰਘ ਜੀ ਨੇ ਅਖ਼ਬਾਰਾਂ ਵਾਸਤੇ ਬਹੁਤ ਕੀਮਤੀ ਲੇਖ ਤੇ ਐਡੀਟੋਰੀਅਲ ਤਾਂ ਲਿਖੇ ਹੀ ਪਰ ਉਨ੍ਹਾਂ ਦੀਆਂ ਬਹੁਤ ਸਾਰੀਆਂ ਲਿਖਤਾਂ ਕਿਤਾਬੀ ਰੂਪ ਵਿਚ ਵੀ ਮਿਲਦੀਆਂ ਹਨ (ਇਨ੍ਹਾਂ ਵਿਚੋਂ ਕਈ ਤਾਂ ਅਜੇ ਵੀ ਅਣਛਪੀਆਂ ਪਈਆਂ ਹਨ); ਉਨ੍ਹਾਂ ਦੀਆਂ ਲਿਖਤਾਂ ਵਿਚੋਂ ਮੁਖ ਇਹ ਹਨ: *ਖਾਲਸਾ ਧਰਮ ਸੰਸਕਾਰ ਵਿਧੀ, ਨਕਲੀ ਸਿੱਖ ਪ੍ਰਬੋਧ, ਦੰਭ ਨਿਵਾਰਨ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ, ਜੀਵਨ ਗੁਰੂ ਨਾਨਕ ਸਾਹਿਬ, ਗੁਰੂ ਅਮਰ ਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਕਲਗੀਧਰ ਉਪਕਾਰ, ਸਿੰਘਣੀਆਂ ਦਾ ਸਿਦਕ, ਭਾਈ ਤਾਰੂ ਸਿੰਘ ਦੀ ਸ਼ਹੀਦੀ, ਸਿੱਖ ਬੱਚੇ ਦੀ ਸ਼ਹੀਦੀ, ਗੁਰੂ ਨਾਨਕ ਪ੍ਰਬੋਧ, ਪੰਥ ਸੁਧਾਰ ਬਿਨੈ ਪੱਤਰ, ਦੁਰਗਾ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਡਰਪੋਕ ਸਿੰਘ, ਰਾਜ ਪ੍ਰਬੋਧ, ਸੁਲਤਾਨ ਪੁਆੜਾ, ਨਵਾਂ ਨਕਲੀ ਸਿੱਖ ਪ੍ਰਬੋਧ, ਖਲਾਸਾ ਪੱਤਰ* ਤੇ ਕਈ ਹੋਰ।

1986: ਇੰਦਰਜੀਤ ਸਿੰਘ ਦਸੂਹਾ ਨਕਲੀ ਮੁਕਾਬਲੇ ਵਿਚ ਸ਼ਹੀਦ:

21 ਅਪਰੈਲ 1986 ਦੇ ਦਿਨ ਪੰਜਾਬ ਪੁਲਸ ਨੇ ਇੰਦਰਜੀਤ ਸਿੰਘ ਪੁਤਰ ਪ੍ਰੀਤਮ ਸਿੰਘ ਦਸਮੇਸ਼ ਇੰਜਨੀਅਰਿੰਗ ਵਰਕਸ ਦਸੂਹਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਬਲਦੇਵ ਸਿੰਘ ਘੜਿਆਲੀ ਨਕਲੀ ਮੁਕਾਬਲੇ ਵਿਚ ਸ਼ਹੀਦ

ਇੱਕੀ ਅਪ੍ਰੈਲ 1989 ਦੇ ਦਿਨ ਪੁਲੀਸ ਨੇ ਬਲਦੇਵ ਸਿੰਘ (ਪੁਤਰ ਬੁੱਢਾ ਸਿੰਘ, ਵਾਸੀ ਘੜਿਆਲੀ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1990: ਮਹਿੰਦਰ ਸਿੰਘ ਕਾਹਨੂੰਵਾਨ, ਕਰਨੈਲ ਸਿੰਘ ਪੁੰਨੀਆ, ਰਣਜੀਤ ਸਿੰਘ ਰਾਣਾ ਜਵੱਦੀ ਕਲਾ, ਲਾਲ ਸਿੰਘ ਜੋਹਲ ਰਾਜੂ ਸਿੰਘ, ਪ੍ਰੀਤਮ ਸਿੰਘ ਬੂਟੀਆਂ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਇਕੀ ਅਪ੍ਰੈਲ 1990 ਦੇ ਦਿਨ ਪੰਜਾਬ ਪੁਲੀਸ ਨੇ ਮਹਿੰਦਰ ਸਿੰਘ ਉਰਫ਼ ਗਿਆਨੀ (ਵਾਸੀ ਕਾਹਨੂੰਵਾਨ, ਗੁਰਦਾਸਪੁਰ), ਕਰਨੈਲ ਸਿੰਘ ਪੁੰਨੀਆ, ਰਣਜੀਤ ਸਿੰਘ ਰਾਣਾ (ਵਾਸੀ ਜਵੱਦੀ ਕਲਾ, ਅੰਮ੍ਰਿਤਸਰ), ਲਾਲ ਸਿੰਘ (ਵਾਸੀ ਜੋਹਲ ਰਾਜੂ ਸਿੰਘ, ਅੰਮ੍ਰਿਤਸਰ), ਪ੍ਰੀਤਮ ਸਿੰਘ ਪੀਤੂ (ਪੁੱਤਰ ਅਵਤਾਰ ਸਿੰਘ, ਵਾਸੀ ਬੂਟੀਆਂ ਵਾਲਾ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਬਲਕਾਰ ਸਿੰਘ ਕਲੇਰ, ਰਣਜੀਤ ਸਿੰਘ ਰਾਣਾ ਧਾਨੇ ਚੀਮਾ ਤੇ ਅਵਤਾਰ ਸਿੰਘ ਕੱਥੂ ਨੰਗਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਇਕੀ ਅਪ੍ਰੈਲ 1991 ਦੇ ਦਿਨ ਪੰਜਾਬ ਪੁਲੀਸ ਨੇ ਬਲਕਾਰ ਸਿੰਘ (ਪੁਤਰ ਬਚਨ ਸਿੰਘ, ਵਾਸੀ ਕਲੇਰ, ਨੇੜੇ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ), ਰਣਜੀਤ ਸਿੰਘ ਰਾਣਾ (ਵਾਸੀ ਧਾਨੇ ਚੀਮਾ) ਤੇ ਅਵਤਾਰ ਸਿੰਘ (ਵਾਸੀ ਕੱਥੂ ਨੰਗਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਕਾਰਜ ਸਿੰਘ ਪੱਤਰਕਾਰ, ਖੜਕ ਸਿੰਘ ਘਿੱਲੀ, ਜਾਗੀਰ ਸਿੰਘ ਕੋਟਲਾ, ਸੁੱਚਾ ਸਿੰਘ ਭਸਵਾਲ, ਦਲਜੀਤ ਸਿੰਘ ਗੋਲਡੀ, ਮਨਬੀਰ ਸਿੰਘ ਨੰਗਲ, ਮਨਜੀਤ ਸਿੰਘ ਬਿੱਲਾ, ਮਨਜਿੰਦਰ ਸਿੰਘ ਰਟੌਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਇੱਕੀ ਅਪ੍ਰੈਲ 1992 ਦੇ ਦਿਨ ਪੁਲੀਸ ਨੇ ਕਾਰਜ ਸਿੰਘ ਪੱਤਰਕਾਰ, ਖੜਕ ਸਿੰਘ ਘਿੱਲੀ, ਜਾਗੀਰ ਸਿੰਘ ਉਰਫ਼ ਬਲਬੀਰ ਸਿੰਘ (ਕੋਟਲ ਮੁਗ਼ਲਾਂ), ਸੁੱਚਾ ਸਿੰਘ (ਭਸਵਾਲ), ਦਲਜੀਤ ਸਿੰਘ ਉਰਫ਼ ਗੋਲਡੀ (ਸਿਬਲ, ਬਟਾਲਾ), ਮਨਬੀਰ ਸਿੰਘ ਉਰਫ਼ ਅਰੂੜ ਸਿੰਘ (ਨੰਗਲ), ਮਨਜੀਤ ਸਿੰਘ ਉਰਫ਼ ਬਿੱਲਾ ਤੇ ਮਨਜਿੰਦਰ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਰਟੌਲ, ਜ਼ਿਲ੍ਹਾ ਤਰਨ ਤਾਰਨ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਚਮਕੌਰ ਸਿੰਘ ਰੋਡੇ ਦਾ ਕਤਲ

ਇੱਕੀ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਚਮਕੌਰ ਸਿੰਘ (ਪੁਤਰ ਸੋਹਨ ਸਿੰਘ, ਵਾਸੀ ਰੋਡੇ, ਨੇੜੇ ਮੋਗਾ) ਨੂੰ ਕਤਲ ਕਰ ਦਿੱਤਾ ਗਿਆ। ਇਕ ਖਾੜਕੂ ਆਗੂ ਮੁਤਾਬਿਕ ਚਮਕੌਰ ਸਿੰਘ ਦਾ ਕਤਲ ਪੁਲੀਸ ਨੇ ਨਹੀਂ ਕੀਤਾ ਸੀ ਅਤੇ ਇਹ ਖਾੜਕੂਆਂ ਦੀ ਆਪਸੀ ਦੁਸ਼ਮਣੀ ਦਾ

ਨਤੀਜਾ ਸੀ ਅਤੇ ਉਸ ਦੇ ਕਤਲ ਪਿੱਛੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਬਿੱਟੂ ਗਰੁੱਪ) ਦਾ ਹੱਥ ਸੀ)।

22 ਅਪਰੈਲ

1775: ਰਾਏ ਸਿੰਘ ਭੰਗੀ, ਤਾਰਾ ਸਿੰਘ ਗ਼ੈਬਾ, ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਨੇ ਬੇਗੀ ਘਾਟ ਤੋਂ ਜਮਨਾ ਪਾਰ ਇਲਾਕੇ 'ਤੇ ਹਮਲਾ ਕੀਤਾ

ਕਈ ਸਾਲ ਅਲਾਹਾਬਾਦ ਵਿਚ ਆਪ ਸਹੇੜੀ ਜਲਾਵਤਨੀ ਕੱਟਣ ਮਗਰੋਂ ਮੁਗ਼ਲਾਂ ਦਾ ਬਾਦਸ਼ਾਹ ਸ਼ਾਹ ਆਲਮ ਦੂਜਾ ਮਰਹੱਟਿਆਂ ਦੀ ਮਦਦ ਨਾਲ ਦਿੱਲੀ ਵਿਚ ਦਾਖ਼ਿਲ ਹੋਇਆ ਤੇ 6 ਜਨਵਰੀ 1770 ਦੇ ਦਿਨ ਪਹਿਲੀ ਵਾਰ ਤਖ਼ਤ ਦਿੱਲੀ ਦੇ 'ਤੇ ਬੈਠਿਆ। ਕੁਝ ਚਿਰ ਪਹਿਲਾਂ ਉਸ ਨੇ ਸਿੱਖਾਂ ਤੋਂ ਵੀ ਮਦਦ ਮੰਗੀ ਸੀ ਪਰ ਉਸ ਦੀ ਸ਼ਰਤ ਸੀ ਕਿ ਸਿੱਖਾਂ ਦੀਆਂ ਸਾਰੀਆਂ ਮਿਸਲਾਂ ਦੇ ਆਗੂ ਉਸ ਨੂੰ ਇਕੱਠਿਆਂ ਲਿਖਤੀ ਯਕੀਨ ਦਿਵਾਉਣ ਤਾਂ ਉਹ ਉਨ੍ਹਾਂ ਦੀ ਹਿਫ਼ਾਜ਼ਤ ਵਿਚ ਦਿੱਲੀ ਆਵੇਗਾ। ਪਰ ਸਿੱਖ ਅਜਿਹਾ ਨਾ ਕਰ ਸਕੇ ਤੇ ਮਰਹੱਟਿਆਂ ਨੇ ਇਹ ਮੌਕਾ ਸੰਭਾਲ ਲਿਆ। ਪਰ ਮਰਹੱਟੇ ਵੀ ਇਸ ਦਾ ਫ਼ਾਇਦਾ ਨਾ ਉਠਾ ਸਕੇ ਕਿਉਂਕਿ ਉਨ੍ਹਾਂ ਦੇ ਮੁਖੀ ਪੇਸ਼ਵਾ ਮਾਧਵ ਰਾਓ ਦੀ ਮੌਤ ਹੋ ਗਈ ਤੇ ਉਨ੍ਹਾਂ ਵਿਚ ਘਰੇਗੀ ਲੜਾਈ ਸ਼ੁਰੂ ਹੋ ਗਈ।

ਹੁਣ ਭਾਵੇਂ ਸ਼ਾਹ ਆਲਮ ਦਿੱਲੀ ਆ ਚੁਕਾ ਸੀ ਪਰ ਉਸ ਦੇ ਦੋ ਵਜ਼ੀਰਾਂ ਨਜਫ਼ ਖ਼ਾਨ ਅਤੇ ਅਬਦੁੱਲ ਅਹਿਦ ਖ਼ਾਨ ਦੀਆਂ ਸਾਜ਼ਿਸ਼ਾਂ ਦਿੱਲੀ ਸਰਕਾਰ ਦਾ ਬੜਾ ਨੁਕਸਾਨ ਕਰ ਰਹੀਆਂ ਸਨ। ਦੋ ਵਜ਼ੀਰਾਂ ਦੀ ਇਸ ਲੜਾਈ ਦਾ ਸਿੱਖਾਂ ਨੂੰ ਬੜਾ ਫ਼ਾਇਦਾ ਹੋਇਆ। ਇਧਰ 1773 ਦੇ ਅਖ਼ੀਰ ਵਿਚ ਸਿੱਖਾਂ ਨੇ ਜ਼ਾਬਤਾ ਖ਼ਾਨ ਰੋਹੀਲਾ ਨਾਲ ਸਾਂਝਾ ਫ਼ਰੰਟ ਬਣਾ ਲਿਆ ਅਤੇ ਦਸੰਬਰ 1773 ਅਤੇ ਜਨਵਰੀ 1774 ਵਿਚ ਦਿੱਲੀ 'ਤੇ ਕਈ ਵਾਰ ਹਮਲਾ ਕੀਤਾ ਅਤੇ ਬਹੁਤ ਲੁੱਟ-ਮਾਰ ਕੀਤੀ। ਸਿੱਖ ਤਾਂ ਸ਼ਾਹਦਰਾ (ਜੋ ਉਸ ਵੇਲੇ ਦਿੱਲੀ ਤੋਂ ਬਾਹਰ ਸੀ) ਵਿਚ ਵੀ ਲੁੱਟ-ਮਾਰ ਕਰਦੇ ਰਹੇ।

ਮਈ 1774 ਵਿਚ ਸ਼ਾਹ ਆਲਮ ਨੇ ਸਿੱਖਾਂ ਨੂੰ ਸ਼ਾਹਬਾਜ਼ਪੁਰ ਦੀ ਜਾਗੀਰ ਦੇਣ ਅਤੇ 80 ਹਜ਼ਾਰ ਘੋੜਸਵਾਰ ਰੱਖਣ ਵਾਸਤੇ ਖ਼ਰਚੇ ਦੀ ਪੇਸ਼ਕਸ਼ ਕੀਤੀ। ਉਸ ਨੇ ਸਿੱਖ ਆਗੂਆਂ ਨੂੰ ਖ਼ਿਲਤ ਵੀ ਭੇਜੀ। ਜਦ ਸਿੱਖਾਂ ਨੇ ਉਸ ਦਾ ਸਾਥ ਦੇਣਾ ਨਾ ਮੰਨਿਆ ਤਾਂ ਉਸ ਨੇ ਕਈ ਹਜ਼ਾਰ ਫ਼ੌਜ ਭਰਤੀ ਕਰ ਕੇ ਸਿੱਖਾਂ ਦੇ ਇਲਾਕੇ ਖੋਹਣ ਦੀ ਸਕੀਮ ਬਣਾਈ। ਇਸ ਨੂੰ ਸਾਹਵੇਂ ਰੱਖ ਕੇ ਅਬਦੁਲ ਅਹਿਦ ਖ਼ਾਨ ਨੇ ਸ਼ਹਿਜ਼ਾਦਾ ਫ਼ਰਖੁੰਦਾ ਬਖ਼ਤ ਨੂੰ ਦਾ ਸੂਬੇਦਾਰ ਬਣਾ ਕੇ ਐਕਸ਼ਨ ਦੀ ਤਿਆਰੀ ਸ਼ੁਰੂ ਕਰਵਾ ਦਿੱਤੀ। ਉਸ ਨੇ ਵਾਲਟਰ ਰਾਈਹਾਰਟ (ਸਮਰੂ) ਨੂੰ ਦਾ ਨਾਇਬ ਸੂਬੇਦਾਰ ਵੀ ਬਣਵਾ ਲਿਆ ਤੇ ਉਸ ਦੀ ਕਮਾਨ ਹੇਠ ਫ਼ੌਜ ਭੇਜ ਦਿੱਤੀ। ਪਰ ਉਹ ਸਿੱਖਾਂ ਹੱਥੋਂ ਹਾਰ ਗਿਆ ਅਤੇ ਦਿੱਲੀ ਨੂੰ ਭੱਜ ਗਿਆ। ਇਸ ਮਗਰੋਂ ਅਬਦੁਲ ਅਹਿਦ ਖ਼ਾਨ ਨੇ ਸਿੱਖਾਂ ਨਾਲ ਖ਼ੁਫ਼ੀਆ ਸਮਝੌਤਾ ਕਰ ਲਿਆ ਅਤੇ ਇਸ ਪਲਾਨ ਹੇਠ ਸਿੱਖਾਂ ਨੇ ਦਿੱਲੀ ਦੇ ਆਲੇ-ਦੁਆਲੇ ਕਈ ਹਮਲੇ ਕੀਤੇ ਅਤੇ ਨਜਫ਼ ਖ਼ਾਨ ਨੂੰ ਵਖ਼ਤ ਪਾਈ ਰੱਖਿਆ।

ਉਧਰ ਕੁਝ ਚਿਰ ਮਗਰੋਂ ਜ਼ਾਬਤਾ ਖ਼ਾਨ ਨੇ ਨਜਫ਼ ਖ਼ਾਨ ਨਾਲ ਸਮਝੌਤਾ ਕਰ ਲਿਆ ਤੇ ਆਪਣੀਆਂ ਜਾਗੀਰਾਂ ਵੀ ਮੁੜ ਹਾਸਿਲ ਕਰ ਲਈਆਂ। ਇਸ 'ਤੇ ਗੁੱਸਾ ਕਰ ਕੇ **ਸਿੱਖ ਫ਼ੌਜਾਂ ਨੇ 22 ਅਪ੍ਰੈਲ 1775 ਦੇ ਦਿਨ ਰਾਏ ਸਿੰਘ ਭੰਗੀ, ਤਾਰਾ ਸਿੰਘ ਗ਼ੈਬਾ, ਬਘੇਲ ਸਿੰਘ ਦੀ ਅਗਵਾਈ ਵਿਚ ਬੇਗੀ ਘਾਟ ਤੋਂ ਜਮਨਾ ਦਰਿਆ ਪਾਰ ਕੀਤਾ ਅਤੇ ਗੰਗ-ਦੋਆਬ ਦੇ ਇਲਾਕੇ ਵਿਚ ਦਾਖ਼ਲ ਹੋ ਗਏ।** ਸਿੱਖਾਂ ਦੇ ਹਮਲੇ ਤੋਂ ਡਰ ਕੇ ਜ਼ਾਬਤਾ ਖ਼ਾਨ ਰੁਹੀਲਾ (ਪੁੱਤਰ ਨਜੀਬੁਦੌਲਾ ਰੁਹੀਲਾ) ਭੱਜ ਗਿਆ ਅਤੇ ਗੌਸਗੜ੍ਹ ਦੇ ਕਿਲ੍ਹੇ ਵਿਚ ਜਾ ਲੁਕਿਆ। ਸਿੱਖਾਂ ਨੇ ਪਹਿਲਾਂ ਲਖਨੌਤੀ 'ਤੇ ਹਮਲਾ ਕਰ ਕੇ ਤੁਰਕਮਾਨੀਆਂ ਨੂੰ ਹਰਾਇਆ ਤੇ ਇਸ ਮਗਰੋਂ ਗੰਗੋਹ

ਅਤੇ ਅੰਬੇਤਾ 'ਤੇ ਜਾ ਪਏ। ਇਨ੍ਹਾਂ ਦੋਹਾਂ ਥਾਂਵਾਂ ਨੂੰ ਲੁੱਟਣ ਮਗਰੋਂ ਸਿੱਖ ਫ਼ੌਜਾਂ ਨੇ ਦਿਓਬੰਦ 'ਤੇ ਹਮਲਾ ਕੀਤਾ; ਇੱਥੋਂ ਦੇ ਪਠਾਨ ਹਾਕਮ ਤਾਜ਼ਾ ਬੇਗ ਖ਼ਾਨ ਨੇ ਸਿੱਖਾਂ ਦਾ ਡਟ ਕੇ ਮੁਕਾਬਲਾ ਕੀਤਾ। ਕਾਫ਼ੀ ਦੇਰ ਦੀ ਲੜਾਈ ਮਗਰੋਂ ਵੀ ਸਿੱਖ ਫ਼ੌਜਾਂ ਕਿਲ੍ਹੇ 'ਤੇ ਕਬਜ਼ਾ ਨਾ ਕਰ ਸਕੀਆਂ; ਪਰ ਸਿੱਖਾਂ ਨੇ ਵੀ ਘੇਰਾ ਨਾ ਚੁੱਕਿਆ; ਉਨ੍ਹਾਂ ਕੋਲ ਕੋਈ ਤੋਪ ਨਹੀਂ ਸੀ; ਇਸ ਸੂਰਤ ਵਿਚ ਉਨ੍ਹਾਂ ਨੇ ਇਕ ਸੁਰੰਗ ਪੁੱਟੀ ਅਤੇ ਕਿਲ੍ਹੇ ਵਿਚ ਦਾਖ਼ਿਲ ਹੋ ਗਏ; ਕਿਲ੍ਹੇ ਵਿਚ ਗਹਿ ਗੱਚ ਲੜਾਈ ਹੋਈ ਜਿਸ ਵਿਚ ਤਾਜ਼ਾ ਬੇਗ ਖ਼ਾਨ ਬੜੀ ਬਹਾਦਰੀ ਨਾਲ ਲੜਿਆ ਅਖ਼ੀਰ ਉਹ ਆਪ ਅਤੇ ਉਸ ਦੇ 400 ਜਾਂਬਾਜ਼ ਸਿਪਾਹੀ ਮਾਰੇ ਗਏ ਅਤੇ ਸਿੱਖਾਂ ਨੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇਧਰ ਜ਼ਾਬਤਾ ਖ਼ਾਨ ਨੇ ਵੀ ਸਿੱਖਾਂ ਨੂੰ 50000 ਰੁਪੈ ਨਜ਼ਰਾਨਾ ਭੇਜ ਕੇ ਮੁਆਫ਼ੀ ਮੰਗ ਲਈ। ਇਸ ਮਗਰੋਂ ਸਿੱਖ ਫ਼ੌਜਾਂ ਨੇ ਮੇਰਠ 'ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਜਿੱਤਣ ਮਗਰੋਂ ਸੋਨੀਪਤ ਨੂੰ ਕੂਚ ਕਰ ਦਿੱਤਾ ਅਤੇ ਫਿਰ ਦਿੱਲੀ 'ਤੇ ਵੀ ਹਮਲਾ ਕੀਤਾ; ਇਨ੍ਹਾਂ ਸਾਰੀਆਂ ਜਿੱਤਾਂ ਵਿਚੋਂ ਸਿੱਖਾਂ ਨੂੰ ਬਹੁਤ ਅਸਲਾ, ਸੋਨਾ ਤੇ ਹੋਰ ਦੌਲਤ ਲੱਭੀ।

1991: ਪਰਗਟ ਸਿੰਘ ਭੰਗਾਲੀ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਅਪ੍ਰੈਲ 1991 ਦੇ ਦਿਨ ਪੁਲੀਸ ਨੇ ਪਰਗਟ ਸਿੰਘ (ਪੁਤਰ ਅਵਤਾਰ ਸਿੰਘ, ਵਾਸੀ ਭੰਗਾਲੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬੇਅੰਤ ਸਰਕਾਰ ਨੇ ਅਕਾਲੀਆਂ ਨੂੰ ਯੂ.ਐਨ.ਓ. ਦੇ ਸੈਕਟਰੀ ਜਨਰਲ ਨੂੰ ਮੈਮੋਰੰਡਮ ਨਾ ਦੇਣ ਦਿੱਤਾ

ਯੂ.ਐਨ.ਓ. ਦਾ ਸੈਕਟਰੀ ਜਨਰਲ ਬੁਟਰਸ ਘਾਲੀ ਅਪ੍ਰੈਲ 1992 ਵਿਚ ਭਾਰਤ ਦਾ ਦੌਰਾ ਕਰ ਰਿਹਾ ਸੀ; ਸ਼੍ਰੋਮਣੀ ਅਕਾਲੀ ਦਲ ਨੇ ਉਸ ਨੂੰ ਬੇਅੰਤ ਸਰਕਾਰ ਦੇ ਜ਼ੁਲਮਾਂ ਦੇ ਖ਼ਿਲਾਫ਼ ਮੈਮੋਰੰਡਮ ਦੇਣ ਦਾ ਐਲਾਣ ਕੀਤਾ ਪਰ ਬੇਅੰਤ ਸਰਕਾਰ ਨੇ ਬਹੁਤੇ ਮੁਖੀ ਅਕਾਲੀਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਤੇ ਬਾਕੀਆਂ ਨੂੰ ਬੁਟਰਸ ਘਾਲੀ ਤਕ ਪਹੁੰਚਣ ਹੀ ਨਾ ਦਿੱਤਾ। ਦਿੱਲੀ ਵਿਚ ਵੀ ਅਕਾਲੀਆਂ ਨੂੰ ਬੁਟਰਸ ਘਾਲੀ ਦੇ ਨੇੜੇ ਤਕ ਨਾ ਫੜਕਣ ਦਿੱਤਾ। ਅਕਾਲੀਆਂ ਨੂੰ ਰੌਲਾ ਪਾਉਣ ਦੀ ਬਹੁਤ ਆਦਤ ਹੈ; ਜੇ ਉਹ ਥਾ ਲਿਜਾਣ ਦਾ ਐਲਾਨ ਨਾ ਕਰਦੇ ਤਾਂ ਚੁਪਚਾਪ ਉਹ ਬੁਟਰਸ ਘਾਲੀ ਤਕ ਪਹੁੰਚ ਸਕਦੇ ਸਨ; ਪਰ ਉਨ੍ਹਾਂ ਦਾ ਬਿਆਨ ਲਾਉਣ ਦਾ ਸ਼ੌਕ ਉਨ੍ਹਾਂ ਦੇ ਰਾਹ ਵਿਚ ਆ ਗਿਆ।

1993: ਦਲਬੀਰ ਸਿੰਘ ਧਾਲੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਦਲਬੀਰ ਸਿੰਘ (ਪੁਤਰ ਦਸੌਂਧਾ ਸਿੰਘ, ਵਾਸੀ ਧਾਲੀਵਾਲ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1997: ਆਤਮਾ ਸਿੰਘ ਲੁਬਾਣਾ ਨੂੰ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਪੇਸ਼ ਨਾ ਹੋਣ 'ਤੇ 'ਖਾਰਜ' ਕਰ ਦਿਤਾ

1997 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਆਤਮਾ ਸਿੰਘ ਲੁਬਾਣਾ ਨੇ ਜਗਦੀਸ਼ ਟਾਈਟਲਰ ਨਾਲ ਰਲ ਕੇ 1984 ਦੀਆਂ ਸਿੱਖ ਵਿਧਵਾਵਾਂ ਨੂੰ ਉਸ ਦੇ ਖ਼ਿਲਾਫ਼ ਬਿਆਨ ਦੇਣੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਜਦ ਉਹ ਕਾਮਯਾਬ ਨਾ ਹੋਇਆ ਤਾਂ ਉਸ ਨੇ ਇਨ੍ਹਾਂ ਬੀਬੀਆਂ ਨਾਲ ਧੱਕਾ ਕਰਨਾ ਸ਼ੁਰੂ ਕਰ ਦਿੱਤਾ; ਇਕ ਵਾਰ ਤਾਂ ਉਸ ਨੇ ਬੀਬੀਆਂ ਉੱਤੇ

ਜਿਸਮਾਨੀ ਹਮਲਾ ਤਕ ਵੀ ਕੀਤਾ ਜਿਸ ਨਾਲ ਇਕ ਬੀਬੀ ਨੂੰ ਬਹੁਤ ਸੱਟਾਂ ਲੱਗੀਆਂ ਤੇ ਹੋਰਨਾਂ ਨੂੰ ਵੀ ਚੋਟਾਂ ਲੱਗੀਆਂ। ਜਦ ਇਹ ਕੇਸ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਭਾਈ ਰਣਜੀਤ ਸਿੰਘ ਤਕ ਪੁੱਜਾ ਤਾਂ ਉਸ ਨੇ ਆਤਮਾ ਸਿੰਘ ਨੂੰ ਤਲਬ ਕਰਲਿਆ ਪਰ ਉਹ ਨਾ ਪੁੱਜਾ ਜਿਸ 'ਤੇ ਰਣਜੀਤ ਸਿੰਘ ਨੇ ਉਸ ਨੂੰ 'ਪੰਥ ਚੋਂ ਖਾਰਜ' ਕਰਨ ਦਾ ਹੁਕਮ ਜਾਰੀ ਕਰ ਦਿੱਤਾ।

2012: ਬਾਬਾ ਫ਼ੌਜਾ ਸਿੰਘ ਨੇ 101 ਸਾਲ ਦੀ ਉਮਰ ਵਿਚ ਲੰਡਨ ਦੀ ਮੈਰਾਥਨ ਦੌੜ ਪੂਰੀ ਕੀਤੀ

22 ਅਪ੍ਰੈਲ 2012 ਦੇ ਦਿਨ ਬਾਬਾ ਫ਼ੌਜਾ ਸਿੰਘ (ਜਨਮ 1 ਅਪ੍ਰੈਲ 1911), ਵਾਸੀ ਬਿਆਸ ਪਿੰਡ, ਜ਼ਿਲ੍ਹਾ ਜਲੰਧਰ, ਨੇ ਲੰਡਨ ਵਿਚ 25 ਕਿਲੋਮੀਟਰ ਮਰਾਥਨ ਦੌੜ 7 ਘੰਟੇ 49 ਮਿੰਟ ਵਿਚ ਪੂਰੀ ਕੀਤੀ। ਇਸ ਉਮਰ ਵਿਚ ਇਹ ਦੌੜ ਦੌੜਨ ਵਾਲਾ ਉਹ ਪਹਿਲਾ ਸ਼ਖ਼ਸ ਸੀ। ਉਸ ਨੇ 2003 ਵਿਚ ਉਸ ਨੇ ਇਹੀ ਦੌੜ ਲੰਡਨ ਵਿਚ 6 ਘੰਟੇ 2 ਮਿੰਟ ਅਤੇ ਕਨੇਡਾ ਵਿਚ 5 ਘੰਟੇ 40 ਮਿੰਟ ਵਿਚ ਪੂਰੀ ਕੀਤੀ ਸੀ)।

2014: ਸੌਦਾ ਸਾਧ ਦੀ ਗੁਰੂ ਗੋਬਿੰਦ ਸਿੰਘ ਵਾਲੀ ਪੌਸ਼ਾਕ ਬਾਦਲ ਨੇ ਬਣਵਾਈ

22 ਅਪ੍ਰੈਲ 2014 ਦੇ ਦਿਨ ਸ਼ਸ਼ੀ ਕਾਂਤ ਸਾਬਕਾ ਡੀ ਜੀ ਪੀ ਜੇਲ੍ਹਾਂ ਨੇ ਕਿਹਾ ਕਿ 2007 ਵਿਚ ਸੌਦਾ ਸਾਧ ਵੱਲੋਂ ਪਾਈ ਗੁਰੂ ਗੋਬਿੰਦ ਸਿੰਘ ਵਾਲੀ ਪੌਸ਼ਾਕ ਸੁਖਬੀਰ ਬਾਦਲ ਨੇ ਬਣਵਾ ਕੇ ਭੇਜੀ ਸੀ। ਉਸ ਨੇ ਹੀ 2.5 ਲੱਖ ਰੁਪੈ ਦੇ ਕੇ ਅਜੀਤ ਅਖ਼ਬਾਰ ਵਿਚ ਇਸ ਦਾ ਇਸ਼ਤਿਹਾਰ ਛਪਵਾਇਆ ਸੀ।

2014: ਬਾਦਲ ਦੇ ਵਜ਼ੀਰ ਨਸ਼ਿਆਂ ਦੇ ਸਮਗਲਰ ਹਨ

22 ਅਪ੍ਰੈਲ 2014 ਦੇ ਦਿਨ ਸ਼ਸ਼ੀ ਕਾਂਤ ਸਾਬਕਾ ਡੀ ਜੀ ਪੀ ਜੇਲ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਡਰੱਗ ਸਮਗਲਿੰਗ ਵਿਚ ਦੋ ਵਜ਼ੀਰ (ਅਜੀਤ ਕੋਹਾੜ ਤੇ ਗੁਲਜ਼ਾਰ ਰਣੀਕੇ), ਬਾਦਲ ਦਲ ਦੇ ਦੋ ਐਮ.ਐਲ.ਏ. (ਵਿਰਸਾ ਸਿੰਘ ਵਲਟੋਹਾ ਤੇ ਹਰਮੀਤ ਸਿੰਘ ਸੰਧੂ ਤਰਨਤਾਰਨ), ਸਾਬਕਾ ਐਮ.ਐਲ.ਏ. ਵੀਰ ਸਿੰਘ ਲੋਪੋਕੇ, ਜਿੰਮੀ ਮਾਲੀਆ (ਮਨਮੋਹਨ ਕਾਲੀਆ ਵਜ਼ੀਰ ਦਾ ਭਤੀਜਾ), ਓ.ਪੀ. ਸੋਨੀ ਕਾਂਗਰਸੀ ਐਮ.ਐਲ.ਏ. ਸ਼ਾਮਿਲ ਹਨ। ਉਸ ਨੇ ਕਿਹਾ ਕਿ ਉਸ ਨੇ 2007 ਵਿਚ ਬਾਦਲ ਨੂੰ 85 ਬੰਦਿਆਂ ਦੀ ਲਿਸਟ ਦਿੱਤੀ ਸੀ, ਹੁਣ ਇਸ ਵਿਚ 99 ਨਾਂ ਸ਼ਾਮਿਲ ਹਨ। ਪਹਿਲੋਂ ਫੜੇ ਗਏ ਸਮਗਲਰ ਜਗਦੀਸ਼ ਭੋਲਾ ਨੇ ਇਕ ਵਾਰ 6000 ਕਰੋੜ ਦੇ ਡਰੱਗ ਰੈਕਟ ਵਿਚ ਸੁਖਬੀਰ ਬਾਦਲ ਦੇ ਸਾਲੇ ਬਿਕਰਮਜੀਤ ਮਜੀਠਾ ਵਜ਼ੀਰ ਦਾ ਨਾਂ ਵੀ ਲਿਆ ਸੀ।

23 ਅਪਰੈਲ

1915: ਕਨੇਡਾ ਵਿਚ ਰਾਮ ਸਿੰਘ ਨੇ ਰਾਮ ਚੰਦ ਨੂੰ ਅਦਾਲਤ ਵਿਚ ਗੋਲੀ ਮਾਰੀ

ਕਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਰਾਮ ਸਿੰਘ ਨੇ ਅੰਗਰੇਜ਼ਾਂ ਦੇ ਟਾਊਟ ਰਾਮ ਚੰਦ ਨੂੰ 23 ਅਪਰੈਲ 1915 ਦੇ ਦਿਨ ਅਦਾਲਤ ਵਿਚ ਗੋਲੀ ਮਾਰ ਕੇ ਮਾਰ ਦਿੱਤਾ (ਰਾਮ ਚੰਦ ਗੋਰੇ ਹਾਕਮਾਂ ਦਾ ਟਾਊਟ ਸੀ ਅਤੇ ਸਿੱਖਾਂ ਦੇ ਖ਼ਿਲਾਫ਼ ਰਿਪੋਰਟਾਂ ਪੁਲੀਸ ਕੋਲ ਪਹੁੰਚਾਇਆ ਕਰਦਾ ਸੀ)। ਮਗਰੋਂ ਰਾਮ ਸਿੰਘ ਨੂੰ ਵੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਕ ਸਾਲ ਪਹਿਲਾਂ ਸ. ਮੇਵਾ ਸਿੰਘ ਲੋਪੋਕੇ ਨੇ ਨਸਲੀ ਅੰਗਰੇਜ਼ ਅਫ਼ਸਰ ਹਾਪਕਿਨਸਨ ਨੂੰ ਵੀ ਅਦਾਲਤ ਵਿਚ ਹੀ ਮਾਰਿਆ ਸੀ ਵੀ ਤੇ ਫ਼ਾਂਸੀ ਦਾ ਰੱਸਾ ਚੁੰਮਿਆ ਸੀ।

1921: ਅੰਗਰੇਜ਼ ਸਰਕਾਰ ਵੱਲੋਂ ਢਾਹੀ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਦੋਬਾਰਾ ਬਣ ਕੇ ਤਿਆਰ ਹੋ ਗਈ

14 ਜਨਵਰੀ 1914 ਦੇ ਦਿਨ ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ ਸੀ ਤੇ ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਰੋਸ ਜਾਗਿਆ ਸੀ।ਲਾਇਲਪੁਰੀ ਆਗੂਆਂ ਹਰਚੰਦ ਸਿੰਘ ਰਈਸ ਤੇ ਮਾਸਟਰ ਸੁੰਦਰ ਸਿੰਘ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ, 1914 ਦੀਆਂ ਗਰਮੀਆਂ ਵਿਚ ਇਹ ਇਕ ਲਹਿਰ ਬਣ ਗਈ ਸੀ। ਉਧਰ ਅਗਸਤ 1914 ਵਿਚ ਪਹਿਲੀ ਜੰਗ ਸ਼ੁਰੂ ਹੋ ਗਈ। ਲਾਇਲਪੁਰ ਦੇ ਡਿਪਟੀ ਕਮਿਸ਼ਨਰ ਨੇ ਹਰਚੰਦ ਸਿੰਘ ਨੂੰ ਬੁਲਾ ਕੇ ਕਿਹਾ ''ਹੁਣ ਜੰਗ ਸ਼ੁਰੂ ਹੋ ਚੁਕਾ ਹੈ, ਤੁਸੀਂ ਰਕਾਬ ਗੰਜ ਦੀ ਜੱਦੋਜਹਿਦ ਬੰਦ ਕਰ ਦਿਓ। ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿੱਤੀ ਹੈ; ਇਸ ਨੂੰ ਮੁੜ ਕੇ ਕਿਵੇਂ ਚੜਾਉਣਾ ਹੈ? ਇਹ ਗੱਲ ਜੰਗ ਦੇ ਖ਼ਾਤਮੇ ਮਗਰੋਂ ਸਿੱਖ ਨੁਮਾਇੰਦਿਆਂ ਦੀ ਸਲਾਹ ਨਾਲ ਫ਼ੈਸਲਾ ਕਰ ਕੇ ਕਰ ਦਿੱਤੀ ਜਾਵੇਗੀ।'' ਇੰਞ ਉਸ ਵੇਲੇ ਮੋਰਚਾ ਲਗਦਾ-ਲਗਦਾ ਰਹਿ ਗਿਆ। ਪਰ ਜੰਗ ਖ਼ਤਮ ਹੋਣ ਮਗਰੋਂ ਰਕਾਬ ਗੰਜ ਦੀ ਕੰਧ ਬਾਰੇ ਕੋਈ ਕਾਰਵਾਈ ਨਾ ਹੋਈ। ਅਗਸਤ 1920 ਦੇ ਆਖ਼ਰੀ ਹਫ਼ਤੇ ਸਰਕਾਰ ਨੇ ਢੱਠੀ ਦੀਵਾਰ ਦੇ ਬਾਹਰ ਇਕ ਨਿੱਕੀ ਦੀਵਾਰ ਬਣਾਉਣ ਦੀ ਸਾਜ਼ਿਸ਼ ਵੀ ਰਚੀ ਸੀ। ਸਰਦੂਲ ਸਿੰਘ ਕਵੀਸ਼ਰ ਨੇ 2 ਸਤੰਬਰ 1920 ਦੇ ਅਕਾਲੀ ਅਖ਼ਬਾਰ ਵਿਚ ਇਕ ਲੇਖ ਵਿਚ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਦੀ ਢੱਠੀ ਹੋਈ ਕੰਧ ਨੂੰ ਉਸਾਰਨ ਵਾਸਤੇ 100 ਸਿੱਖਾਂ ਦਾ ਇਕ ਸ਼ਹੀਦੀ ਜਥਾ ਬਣਾਉਣ ਦੀ ਅਪੀਲ ਕਰ ਕੇ ਸਿੱਖਾਂ ਨੂੰ ਆਪਣੇ ਨਾਂ ਲਿਖਾਉਣ ਵਾਸਤੇ ਆਖਿਆ ਸੀ। ਇਹ ਚਿੱਠੀ ਛਪਣ ਮਗਰੋਂ ਕੁਝ ਹੀ ਦਿਨਾਂ ਵਿਚ 800 ਤੋਂ ਵੱਧ ਨਾਂ ਆ ਗਏ ਸਨ। ਸ਼ਹੀਦੀ ਜਥੇ ਨੇ ਜਦੋਂ ਦਿੱਲੀ ਵਲ ਕੂਚ ਕਰਨ ਸੀ ਉਨ੍ਹੀਂ ਦਿਨੀਂ ਹੀ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਬਰਤਾਨਵੀ ਸਰਕਾਰ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹਰਚੰਦ ਸਿੰਘ ਲਾਇਲਪੁਰੀ ਆਪ ਵੀ ਜਥੇ ਦੀ ਤਿਆਰੀ ਵਾਸਤੇ ਦਿੱਲੀ ਗਏ ਹੋਏ ਸਨ। ਹਾਲਾਤ ਦੀ ਸੰਜੀਦਗੀ ਨੂੰ ਮਹਿਸੂਸ ਕਰਦੇ ਹੋਏ ਸਰਕਾਰ ਨੇ ਗੋਡੇ ਟੇਕ ਦਿੱਤੇ। ਇਸ 'ਤੇ ਹਰਚੰਦ ਸਿੰਘ ਲਾਇਲਪੁਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਰ ਭੇਜੀ ਕਿ ਛੇਤੀ ਹੀ ਦੀਵਾਰ ਬਣ ਕੇ ਤਿਆਰ ਹੋ ਜਾਵੇਗੀ ਇਸ ਕਰ ਕੇ ਜਥਾ ਨਾ ਭੇਜਿਆ ਜਾਵੇ। ਅਖ਼ੀਰ ਰਿਪੁਦਮਨ ਸਿੰਘ ਮਹਾਰਾਜਾ ਨਾਭਾ ਦੇ ਖ਼ਰਚ ਨਾਲ ਇਹ ਦੀਵਾਰ 23 ਅਪ੍ਰੈਲ 1921 ਦੇ ਦਿਨ ਪੂਰੂ ਤਰ੍ਹਾਂ ਤਿਆਰ ਹੋ ਚੁਕੀ ਸੀ।

1930: ਪਿਸ਼ਾਵਰ ਵਿਚ ਅੰਗਰੇਜ਼ ਫ਼ੌਜੀ ਨੇ ਗੰਗਾ ਸਿੰਘ ਕੰਬੋਜ ਦਾ ਪਰਵਾਰ ਮਾਰਿਆ

1930 ਦੀ ਸਿਵਲ ਨਾ-ਫ਼ੁਰਮਾਨੀ ਦੌਰਾਨ ਸਰਹੱਦੀ ਸੂਬੇ ਵਿਚ ਵੀ ਲਹਿਰ ਚਲਾਈ ਗਈ। ਇਸ ਲਹਿਰ ਦੇ ਇਕ ਪ੍ਰੋਗਰਾਮ ਹੇਠ 23 ਅਪੈਲ 1930 ਦੇ ਦਿਨ ਸ਼ਰਾਬ ਦੀਆਂ ਦੁਕਾਨਾਂ ਦੇ ਬਾਹਰ ਪਿਕਟਿੰਗ ਦਾ ਪ੍ਰੋਗਰਾਮ ਬਣਾਇਆ ਗਿਆ। 22 ਅਪ੍ਰੈਲ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੀ ਇਕ ਟੀਮ ਇਸ ਸਬੰਧੀ ਬੰਦੋਬਸਤ ਨੂੰ ਵੇਖਣ ਵਾਸਤੇ ਆਈ। ਸਰਕਾਰ ਨੇ ਉਸ ਟੀਮ ਨੂੰ ਸੂਬੇ ਵਿਚ ਵੜਨ ਨਾ ਦਿਤਾ। ਇਸ ਟੀਮ 'ਤੇ ਪਾਬੰਦੀ ਦੇ ਖ਼ਿਲਾਫ਼ ਸ਼ਾਹੀ ਬਾਗ਼ ਪਿਸ਼ਾਵਰ ਵਿਚ ਇਕ ਵੱਡਾ ਜਲਸਾ ਹੋਇਆ ਅਤੇ ਜਲੂਸ ਵੀ ਕੱਢਿਆ ਗਿਆ। ਅਗਲੇ ਦਿਨ, 23 ਅਪ੍ਰੈਲ ਨੂੰ, ਪੁਲੀਸ ਨੇ ਅਬਦੁਲ ਗ਼ਫ਼ੂਰ ਖ਼ਾਨ (ਖ਼ਾਨ ਬਾਦਸ਼ਾਹ) ਅਤੇ ਸੱਯਦ ਲਾਲ ਬਾਦਸ਼ਾਹ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਲਿਜਾਂਦਿਆਂ ਪੁਲੀਸ ਦੀ ਗੱਡੀ ਪੰਚਰ ਹੋ ਗਈ ਜਿਸ ਦੀ ਵਜਹ ਕਰ ਕੇ ਉਨ੍ਹਾਂ ਨੂੰ ਪੈਦਲ ਲਿਜਾਣਾ ਪਿਆ। ਰਸਤੇ ਵਿਚ ਲੋਕਾਂ ਦੀ ਇਕ ਵੱਡੀ ਭੀੜ ਉਨ੍ਹਾਂ ਦੇ ਪਿੱਛੇ ਚਲ ਪਈ। ਇਸ ਦੌਰਾਨ ਇਕ ਅੰਗਰੇਜ਼, ਜੋ

ਮੋਟਰ ਸਾਈਕਲ ਤੇ ਆ ਰਿਹਾ ਸੀ, ਪੁਲੀਸ ਦੀ ਗੱਡੀ ਨਾਲ ਟਕਰਾਅ ਕੇ ਡਿਗ ਪਿਆ ਤੇ ਲੋਕਾਂ ਦੀ ਭੀੜ ਹੇਠ ਆ ਕੇ ਜ਼ਖ਼ਮੀ ਹੋ ਗਿਆ। ਉਸ ਦੇ ਨਾਲ ਹੀ ਹੋਰ ਵੀ ਕਈ ਬੰਦੇ ਭੀੜ ਅਤੇ ਗੱਡੀਆਂ ਹੇਠ ਦਰੜੇ ਗਏ। ਇਸ 'ਤੇ ਭੀੜ ਵਿਚੋਂ ਕਿਸੇ ਨੇ ਪੁਲੀਸ ਦੀ ਗੱਡੀ ਨੂੰ ਅੱਗ ਲਾ ਦਿਤੀ। ਅੰਗਰੇਜ਼ੀ ਹਾਕਮਾਂ ਨੇ ਗੁੱਸੇ ਵਿਚ ਆ ਕੇ ਫ਼ਾਇਰਿੰਗ ਦਾ ਹੁਕਮ ਦੇ ਦਿਤਾ। ਇਸ ਫ਼ਾਇਰਿੰਗ ਨਾਲ ਕਈ ਲੋਕ ਮਾਰੇ ਗਏ। ਸਰਕਾਰੀ ਬਿਆਨ ਮੁਤਾਬਿਕ 30 ਮਰੇ ਸਨ ਤੇ 38 ਜ਼ਖ਼ਮੀ ਹੋਏ ਸਨ ਪਰ ਲੋਕਾਂ ਮੁਤਾਬਿਕ 200 ਮਰੇ ਸਨ ਤੇ ਏਨੇ ਹੀ ਜ਼ਖ਼ਮੀ ਹੋਏ ਸਨ।

ਇਸੇ ਦਿਨ ਉੱਥੇ ਗੰਗਾ ਸਿੰਘ ਕੰਬੋਜ ਦੀ ਪਤਨੀ, ਆਪਣੇ ਸਾਢੇ ਨੌਂ ਸਾਲ ਅਤੇ ਸੋਲ੍ਹਾਂ ਸਾਲ ਦੇ ਦੋ ਬੱਚਿਆਂ ਸਣੇ, ਟਾਂਗੇ ਵਿਚ ਸਵਾਰ ਹੋ ਕੇ ਜਾ ਰਹੀ ਸੀ ਕਿ ਇਕ ਬ੍ਰਿਟਿਸ਼ ਲਾਂਸ ਕਾਰਪੋਰਲ ਨੇ ਬਿਨਾਂ ਵਜਹ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਟਾਂਗੇ ਵਿਚ ਬੈਠਿਆਂ ਨੂੰ ਮਾਰ ਦਿੱਤਾ। ਔਰਤ ਦੀ ਬਾਂਹ ਅਤੇ ਛਾਤੀਆਂ ਗੋਲੀਆਂ ਨਾਲ ਵਿੰਨ੍ਹੀਆਂ ਪਈਆਂ ਸਨ। ਮੁਕਾਮੀ ਪਠਾਣ ਡੀ.ਸੀ. ਤੋਂ ਇਜਾਜ਼ਤ ਲੈ ਕੇ ਇਨ੍ਹਾਂ ਲਾਸ਼ਾਂ ਨੂੰ ਸਸਕਾਰ ਕਰਨ ਵਾਸਤੇ ਲਿਜਾ ਰਹੇ ਸਨ ਤਾਂ ਰਸਤੇ ਵਿਚ ਬ੍ਰਿਟਿਸ਼ ਮਿਲਟਰੀ ਨੇ ਜਲੂਸ ਰੋਕ ਕੇ, ਬਿਨਾਂ ਵਾਰਨਿੰਗ ਤੋਂ, ਦੋ ਗਜ਼ ਦੇ ਫ਼ਾਸਲੇ ਤੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜੋ ਪਠਾਣ ਇਨ੍ਹਾਂ ਦੀਆਂ ਲਾਸ਼ਾਂ ਚੁਕ ਕੇ ਲਿਜਾ ਰਹੇ ਸਨ, ਗੋਲੀਆਂ ਵੱਜਣ ਨਾਲ ਡਿਗ ਪਏ। ਕੁਝ ਹੋਰ ਪਠਾਣ ਅੱਗੇ ਵਧੇ ਅਤੇ ਉਨ੍ਹਾਂ ਨੇ ਕੰਬੋਜ ਪਰਿਵਾਰ ਦੀਆਂ ਲਾਸ਼ਾਂ ਚੁਕ ਲਈਆਂ। ਮਿਲਟਰੀ ਨੇ ਇਨ੍ਹਾਂ ਪਠਾਣਾਂ ਨੂੰ ਵੀ ਗੋਲੀਆਂ ਨਾਲ ਭੁੰਨ ਦਿਤਾ। (ਸਰਕਾਰ ਨੇ ਅਸੈਂਬਲੀ ਵਿਚ 17 ਰਾਊਂਡ ਗੋਲੀਆਂ ਨਾਲ 9 ਪਠਾਣਾਂ ਨੂੰ ਮਾਰਨਾ ਮੰਨਿਆ)। ਲੋਕਾਂ ਵਿਚ ਇਸ ਦੇ ਖ਼ਿਲਾਫ਼ ਜ਼ਬਰਦਸਤ ਰੋਹ ਫੈਲਿਆ। ਇਹ ਜਲ੍ਹਿਆਂ ਵਾਲਾ ਬਾਗ ਵਾਂਗ ਹੀ ਇਕ ਵਹਿਸ਼ੀ ਕਾਰਵਾਈ ਸੀ।

1984: ਫ਼ੀਰੋਜ਼ਪੁਰ ਵਿਚ ਸੀ.ਆਰ.ਪੀ. ਨੇ ਬੇਵਜਹ 8 ਸਿੱਖਾਂ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ

23 ਅਪ੍ਰੈਲ 1984 ਦੇ ਦਿਨ ਫ਼ੀਰੋਜ਼ਪੁਰ ਵਿਚ ਫ਼ਿਰਕੂ ਹਿੰਦੂ ਜ਼ਿਹਨੀਅਤ ਵਾਲੀ ਸੀ.ਆਰ.ਪੀ.ਐਫ਼. ਨੇ ਬੇਵਜਹ ਗੋਲੀਆਂ ਮਾਰ ਕੇ 8 ਬੇਗੁਨਾਹ ਸਿੱਖ ਸ਼ਹੀਦ ਕਰ ਦਿੱਤੇ ਤੇ 10 ਜ਼ਖ਼ਮੀ ਕਰ ਦਿੱਤੇ।

1987: ਭਾਗ ਸਿੰਘ ਸੰਤੂਸਿੰਘਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

23 ਅਪਰੈਲ 1987 ਦੀ ਰਾਤ ਨੂੰ ਪੁਲੀਸ ਨੇ ਭਾਗ ਸਿੰਘ (ਵਾਸੀ ਸੰਤੂਸਿੰਘ ਵਾਲਾ, ਜ਼ਿਲ੍ਹਾ ਫ਼ੀਰੋਜ਼ਪੁਰ) ਨੂੰ ਮੁਕਾਬਲੇ ਚ ਘੁਰੀਆ (ਫਰੀਦਕੋਟ) ਨੇੜੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਬਿਕਰਮਜੀਤ ਸਿੰਘ ਬਿੱਕਾ ਸਹਿੰਸਰਾ ਕਲਾਂ, ਅਮਰੀਕ ਸਿੰਘ ਜਥੇਦਾਰ ਰਾਮ ਸਿੰਘ ਰਾਮ ਥੰਮਣ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਈ ਅਪ੍ਰੈਲ 1988 ਦੇ ਦਿਨ ਪੰਜਾਬ ਪੁਲੀਸ ਨੇ ਬਿਕਰਮਜੀਤ ਸਿੰਘ ਬਿੱਕਾ ਉਰਫ਼ ਰੰਧਾਵਾ (ਵਾਸੀ ਸਹਿੰਸਰਾ ਕਲਾਂ, ਅੰਮ੍ਰਿਤਸਰ), ਅਮਰੀਕ ਸਿੰਘ (ਜਥੇਦਾਰ ਗੁਰਦੁਆਰਾ ਬਾਬਾ ਰਾਮ ਸਿੰਘ ਥੰਮਣ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991: ਸੋਮ ਕੁਮਾਰ ਸਿੰਘ ਲਵਲੀ, ਦਲੇਰ ਸਿੰਘ ਦਲੇਰਾ, ਕਾਬਲ ਸਿੰਘ, ਜਲਾਲਪੁਰਾ, ਹਰਵੰਤ ਸਿੰਘ ਵਿੱਲੋ ਜਲਾਲਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਈ ਅਪ੍ਰੈਲ 1991 ਦੇ ਦਿਨ ਪੰਜਾਬ ਪੁਲੀਸ ਨੇ ਸੋਮ ਕੁਮਾਰ ਸਿੰਘ ਲਵਲੀ (ਅੰਮ੍ਰਿਤਸਰ), ਦਲੇਰ ਸਿੰਘ ਦਲੇਰਾ, ਕਾਬਲ ਸਿੰਘ, ਜਲਾਲਪੁਰਾ, ਹਰਵੰਤ ਸਿੰਘ ਢਿੱਲੋਂ ਉਰਫ਼ ਬਿੱਟਾ (ਵਾਸੀ ਜਲਾਲਪੁਰਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਕੇਵਲ ਸਿੰਘ ਢਿਲਵਾਂ, ਹਰਭੇਜ ਸਿੰਘ, ਬਲਕਾਰ ਸਿੰਘ ਮਹਿਰਾ ਦਬੁਰਜੀ, ਸੁਰਿੰਦਰ ਸਿੰਘ ਸਿੰਘਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਈ ਅਪ੍ਰੈਲ 1992 ਦੇ ਦਿਨ ਪੰਜਾਬ ਪੁਲੀਸ ਨੇ ਕੇਵਲ ਸਿੰਘ ਢਿਲਵਾਂ (ਪੁੱਤਰ ਹਜ਼ਾਰਾ ਸਿੰਘ, ਵਾਸੀ ਢਿਲਵਾਂ, ਨੇੜੇ ਡੇਰਾ ਬਾਬਾ ਨਾਨਕ), ਹਰਭੇਜ ਸਿੰਘ, ਬਲਕਾਰ ਸਿੰਘ ਮਹਿਰਾ (ਦਬੁਰਜੀ, ਅੰਮ੍ਰਿਤਸਰ ਕੋਲ), ਸੁਰਿੰਦਰ ਸਿੰਘ ਉਰਫ਼ ਸ਼ਹੀਦ (ਪੁੱਤਰ ਅਜਮੇਰ ਸਿੰਘ, ਵਾਸੀ ਸਿੰਘਪੁਰਾ) ਤੇ ਪੰਜ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਪਰਗਟ ਸਿੰਘ ਫ਼ੌਜੀ ਸੰਗਤਪੁਰ ਤੇ ਮਨਜਿੰਦਰ ਸਿੰਘ ਤਲਵੰਡੀ ਰਾਇ ਸ਼ਹੀਦ

ਤੇਈ ਅਪ੍ਰੈਲ 1993 ਦੇ ਦਿਨ ਪਰਗਟ ਸਿੰਘ ਫ਼ੌਜੀ (ਪੁੱਤਰ ਖ਼ੁਸ਼ੀ ਮੁਹੰਮਦ, ਵਾਸੀ ਸੰਗਤਪੁਰ, ਜ਼ਿਲ੍ਹਾ ਫ਼ਰੀਦਕੋਟ) ਅਤੇ ਮਨਜਿੰਦਰ ਸਿੰਘ (ਵਾਸੀ ਤਲਵੰਡੀ ਰਾਇ), ਜੋ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਗੁਰਜੰਟ ਸਿੰਘ ਦੇ ਸਾਥੀ ਸਨ, ਨੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਦੀ ਕਾਰ ਨੂੰ ਬੰਬ ਨਾਲ ਉਡਾਇਆ ਸੀ। ਪਰ ਇਸ ਹਮਲੇ ਵਿਚ ਡੀ.ਸੀ ਬਚ ਗਿਆ।ਇਸ ਮਗਰੋਂ ਪੁਲਸ ਤੇ ਸੀ.ਆਰ.ਪੀ.ਐਫ਼. ਨੇ ਇਲਾਕੇ ਨੂੰ ਘੇਰਾ ਪਾ ਲਿਆ। ਦੋਹਾਂ ਖਾੜਕੂਆਂ ਨੇ ਡਟ ਕੇ ਮੁਕਾਬਲਾ ਕੀਤਾ ਤੇ ਕਈ ਪੁਲਸੀਆਂ ਨੂੰ ਮਾਰ ਮੁਕਾਇਆ। ਅਖ਼ੀਰ ਜਦ ਉਨ੍ਹਾਂ ਦਾ ਅਸਲਾ ਮੁੱਕ ਗਿਆ ਤਾਂ ਉਨ੍ਹਾਂ ਨੇ ਸਾਇਆਨਾਈਡ ਦੇ ਕੈਪਸੂਲ ਖਾ ਕੇ ਜਾਨਾਂ ਦੇ ਦਿੱਤੀਆਂ। ਜਦ ਪੁਲਸ ਨੂੰ ਗੋਲੀ ਦੀ ਅਵਾਜ਼ ਸੁਣਾਈ ਦੇਣੀ ਬੰਦ ਹੋ ਗਈ ਤਾਂ ਪੁਲਸ ਉਨ੍ਹਾਂ ਵੱਲ ਵਧੀ। ਭਾਵੇਂ ਉਹ ਖ਼ਤਮ ਹੋ ਚੁਕੇ ਸਨ ਪਰ ਪੁਲਸ ਨੇ ਆਪਣਾ ਗੁੱਸਾ ਕੱਢਣ ਵਾਸਤੇ ਉਨ੍ਹਾਂ ਦੀਆਂ ਦੇਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ।

24 ਅਪਰੈਲ

1937: ਕਾਂਗਰਸ ਪਾਰਟੀ ਵੱਲੋਂ ਦਲ ਦੇ ਆਗੂ ਖ਼ਰੀਦ ਕੇ ਪਾਰਟੀ ਖ਼ਤਮ ਕਰਨ ਦੀ ਸਾਜ਼ਸ਼ ਨੂੰ ਮੁਖ ਰਖ ਕੇ ਅਕਾਲੀ ਦਲ ਦਾ ਖ਼ੁਫ਼ੀਆ ਇਜਲਾਸ ਹੋਇਆ

1935 ਦੇ ਐਕਟ ਹੇਠ ਚੋਣਾਂ ਦਾ ਐਲਾਨ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇੱਕਲੇ ਤੌਰ 'ਤੇ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ ਸੀ। ਇਸ ਸਬੰਧ ਵਿਚ ਅਕਾਲੀ ਦਲ ਅਤੇ ਖ਼ਾਲਸਾ ਦਰਬਾਰ ਦੀਆਂ ਵਰਕਿੰਗ ਕਮਟੀਆਂ ਦੀ ਸਾਂਝੀ ਮੀਟਿੰਗ ਅੰਮ੍ਰਿਤਸਰ ਵਿਚ 14 ਜੂਨ 1936 ਨੂੰ ਹੋਈ, ਹਾਜ਼ਰਨ ਦੀ ਬਹੁਤੀ ਗਿਣਤੀ ਅਕਾਲੀ ਦਲ ਦੇ ਕਾਂਗਰਸ ਨਾਲ ਸਾਂਝੇ ਉਮੀਦਵਾਰ ਖੜ੍ਹੇ ਕਰਨ ਦੇ ਖ਼ਿਲਾਫ਼ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਖ਼ਾਲਸਾ ਦਰਬਾਰ ਵੱਲੋਂ ਇਕੱਲਿਆਂ ਚੋਣ ਲੜਨ ਦੇ ਐਲਾਨ ਨਾਲ ਕੁਝ ਨਿਰਾਸ ਆਗੂਆਂ ਨੇ ਇਕ 'ਕਾਂਗਰਸ ਸਿੱਖ ਪਾਰਟੀ' ਬਣਾ ਲਈ। ਇਸ ਵਿਚ ਮਾਸਟਰ ਮੋਤਾ ਸਿੰਘ, ਮਾ: ਕਾਬਲ ਸਿੰਘ, ਸੋਹਣ ਸਿੰਘ ਜੋਸ਼, ਗੋਪਾਲ ਸਿੰਘ ਕੌਮੀ ਤੇ ਕਰਮ ਸਿੰਘ ਮਾਨ ਵਗ਼ੈਰਾ ਸਨ। ਪਰ ਇਹ ਮਾਹੌਲ ਜ਼ਿਆਦਾ ਦੇਰ ਨਾ ਚਲ ਸਕਿਆ। ਕੁਝ ਆਗੂ ਦੋਹਾਂ ਪਾਸਿਆਂ ਤੋਂ ਸਮਝੌਤੇ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਅਖ਼ੀਰ 13-14 ਨਵੰਬਰ 1936 ਨੂੰ ਅਕਾਲੀ ਦਲ ਅਤੇ ਕਾਂਗਰਸ ਵਿਚ ਸਮਝੌਤਾ ਹੋ ਗਿਆ।

'ਕਾਂਗਰਸ ਸਿੱਖ ਪਾਰਟੀ' ਦੇ ਵਜੂਦ ਵਿਚ ਆਉਣ ਕਰ ਕੇ ਚੋਣਾਂ ਤੋਂ ਮਗਰੋਂ ਵੀ ਕੁਝ ਵਰਕਰ ਅਕਾਲੀ ਦਲ ਤੋਂ ਟੁਟ ਗਏ ਸਨ, ਤੇ ਕੁਝ ਸੀ.ਆਈ.ਡੀ. ਵਾਂਗ ਕਾਂਗਰਸੀਆਂ ਨੂੰ

ਰਿਪੋਰਟਾਂ ਦੇਣ ਲਗ ਪਏ। ਅਕਾਲੀ ਦਲ ਦੀ ਅਜਿਹੀ ਜਥੇਬੰਦਕ ਹਾਲਤ ਨੂੰ ਵੇਖ ਕੇ ਸ਼੍ਰੋਮਣੀ **ਅਕਾਲੀ ਦਲ ਦਾ ਖੁਫ਼ੀਆ ਜਨਰਲ ਇਜਲਾਸ ਅੰਮ੍ਰਿਤਸਰ ਵਿਚ 24 ਤੇ 25 ਅਪਰੈਲ 1937 ਦੇ ਦਿਨ ਬੁਲਾਇਆ ਗਿਆ।** ਇਜਲਾਸ ਵਿਚ 103 ਮੈਂਬਰ ਤੇਜਾ ਸਿੰਘ ਅਕਰਪੁਰੀ ਦੀ ਪ੍ਰਧਾਨਗੀ ਹੇਠ ਇਕੱਠੇ ਹੋਏ। ਇਸ ਮੀਟਿੰਗ ਵਿਚ ਸ਼ਾਮਿਲ ਹੋਣ ਵਾਲਿਆਂ ਦੀ ਪੂਰੀ ਜਾਂਚ ਕੀਤੀ ਗਈ ਤੇ ਬਾਹਰਲੇ ਕਿਸੇ ਸ਼ਖ਼ਸ ਨੂੰ ਵੀ ਅੰਦਰ ਨਹੀਂ ਆਉਣ ਦਿੱਤਾ ਗਿਆ। ਇਸ ਇਜਲਾਸ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਪੂਰੇ ਯਕੀਨ ਦਾ ਮਤਾ ਪਾਸ ਕੀਤਾ। ਇਸ ਤੋਂ ਬਿਨਾਂ ਹੇਠ ਲਿਖੇ ਮਤੇ ਵੀ ਪਾਸ ਕੀਤੇ ਗਏ: (1) ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਜਥੇਬੰਦ ਕੀਤਾ ਜਾਵੇ (2) ਸ਼੍ਰੋਮਣੀ ਅਕਾਲੀ ਦਲ ਦਾ ਅਹੁਦੇਦਾਰ ਸ਼੍ਰੋਮਣੀ ਕਮੇਟੀ ਦਾ ਅਹੁਦੇਦਾਰ ਨਾ ਬਣੇ।

ਦੂਜੇ ਪਾਸੇ 'ਕਾਂਗਰਸ ਸਿੱਖ ਪਾਰਟੀ' ਨੇ ਸਰਮੁਖ ਸਿੰਘ ਝਬਾਲ ਨੂੰ ਪ੍ਰਧਾਨ ਚੁਣ ਲਿਆ। ਇਸ ਪਾਰਟੀ ਵਿਚ ਗੋਪਾਲ ਸਿੰਘ ਕੌਮੀ, ਹੀਰਾ ਸਿੰਘ ਦਰਦ, ਸੋਹਣ ਸਿੰਘ ਭਕਨਾ, ਕਰਮ ਸਿੰਘ ਚੀਮਾ, ਸਰਦੂਲ ਸਿੰਘ ਕਵੀਸ਼ਰ, ਤੇਜਾ ਸਿੰਘ ਚੂਹੜਕਾਣਾ ਵਗੈਰਾ ਸ਼ਾਮਿਲ ਹੋ ਗਏ। 27 ਅਪਰੈਲ ਨੂੰ ਇਨ੍ਹਾਂ ਦੀ ਵਰਕਿੰਗ ਕਮੇਟੀ ਨੇ ਫ਼ੈਸਲਾ ਕੀਤਾ ਕਿ 'ਕਿਸੇ ਫ਼ਿਰਕੂ ਪਾਰਟੀ ਦਾ ਮੈਂਬਰ ਸਾਡਾ ਮੈਂਬਰ ਨਹੀਂ ਬਣ ਸਕੇਗਾ।' ਇਸ ਕਾਂਗਰਸ ਸਿੱਖ ਪਾਰਟੀ ਵਿਚ ਭਾਵੇਂ ਕੁਝ-ਕੁ 'ਵੱਡੇ-ਵੱਡੇ' ਸਿੱਖ ਆਗੂ ਸ਼ਾਮਿਲ ਸਨ ਪਰ ਉਹ ਇਸ ਜਥੇਬੰਦੀ ਨੂੰ ਆਪਣੀ ਸ਼ਖ਼ਸੀਅਤ ਤੋਂ ਅੱਗੇ ਨਾ ਲਿਜਾ ਸਕੇ ਨਾ ਹੀ ਆਮ ਸਿੱਖ ਇਸ ਪਾਰਟੀ ਨਾਲ ਜੁੜ ਸਕੇ।

1955: ਅਕਾਲੀ ਦਲ ਵਲੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਫ਼ੈਸਲਾ

1955 ਵਿਚ ਪੰਜਾਬ ਸਰਕਾਰ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ, ਅੰਮ੍ਰਿਤਸਰ ਜ਼ਿਲ੍ਹੇ ਵਿਚ, 6 ਅਪ੍ਰੈਲ ਤੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ। 15 ਅਪਰੈਲ ਨੂੰ ਮਾਸਟਰ ਤਾਰਾ ਸਿੰਘ ਨੇ ਆਖਿਆ ਕਿ ਸਿੱਖ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ 'ਤੇ ਪਾਬੰਦੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ 23 ਅਪ੍ਰੈਲ ਤਕ ਇਹ ਪਾਬੰਦੀ ਨਾ ਹਟਾਈ ਗਈ ਤਾਂ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ ਜਾਵੇਗਾ। ਸਰਕਾਰ ਨੇ ਇਸ ਐਲਾਨ ਦੀ ਪ੍ਰਵਾਹ ਨਾ ਕੀਤੀ। ਇਸ 'ਤੇ **24 ਅਪ੍ਰੈਲ 1955** ਦੇ ਦਿਨ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 10 ਮਈ 1955 ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ।

1980: ਨਿਰੰਕਾਰੀ ਮੁਖੀ ਗੁਰਬਚਨ ਸਿੰਘ ਕਤਲ ਹੋਇਆ; ਨਾਲ ਉਸ ਦਾ ਬਾਡੀਗਾਰਡ ਤੇ ਡਰਾਈਵਰ ਵੀ ਮਾਰੇ ਗਏ

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਹੋਏ ਸਿੱਖ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਪੰਜਾਬ ਤੋਂ ਬਾਹਰ ਕਰਨਾਲ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਮੁਕੱਦਮਾ ਇਕ ਹਿੰਦੂ ਜੱਜ ਮਿਸਟਰ ਗੁਪਤਾ ਕੋਲ ਸੀ। ਇਸ ਮੁਕੱਦਮੇ ਵਿਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਜਾਣ ਬੁੱਝ ਕੇ ਕਮਜ਼ੋਰ ਕੇਸ ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਇਹ ਵੀ ਚਰਚਾ ਚਲ ਪਿਆ ਸੀ ਕਿ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਆਪਣੇ ਆਪ ਨੂੰ ਅਤੇ 61 ਹੋਰ ਮੁਜਰਮਾਂ ਨੂੰ ਸਿੱਖਾਂ ਦੇ ਕਤਲ ਤੋਂ ਪੂਰੀ ਤਰਾਂ ਬਰੀ ਕਰਵਾਉਣ ਵਾਸਤੇ ਜੱਜ ਗੁਪਤਾ ਨੂੰ ਇਕ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੀ ਸੀ। 4 ਜਨਵਰੀ 1980 ਨੂੰ ਜੱਜ ਗੁਪਤੇ ਨੇ ਇਨ੍ਹਾਂ ਮੁਜਰਮਾਂ ਨੂੰ 'ਬਰੀ' ਕਰਨ ਦਾ ਫ਼ੈਸਲਾ ਦੇ ਦਿੱਤਾ। ਅਕਾਲੀ ਅਖਵਾਉਂਦੇ ਚੀਫ਼

ਮਨਿਸਟਰ ਪਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਤਕ ਦਾਇਰ ਨਾ ਕੀਤੀ। ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਕੈਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਬਹੁਤ ਸਾਰੇ ਸਰਗਰਮ ਪੰਥਕ ਕਾਰਕੁੰਨ ਸਿੱਖਾਂ ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਯਕੀਨਨ ਸਜ਼ਾ ਦੇਣਾ ਚਾਹੁੰਦੇ ਸਨ। ਭਾਰਤ ਦੀਆਂ ਬੇਇਨਸਾਫ਼ ਅਦਾਲਤਾਂ ਤੋਂ ਇਨਸਾਫ਼ ਨਾ ਮਿਲ ਸਕਣ ਮਗਰੋਂ ਇਨ੍ਹਾਂ ਸਿੱਖਾਂ ਦੇ ਇਨਸਾਫ਼ ਆਪ ਕਰਨ ਦਾ ਇਰਾਦਾ ਕੀਤਾ। ਅਖ਼ੀਰ ਉਹ ਇਸ ਮਿਸ਼ਨ ਵਿਚ ਕਾਮਯਾਬ ਹੋ ਗਏ। ਉਹ ਗੁਰਬਚਨ ਸਿੰਘ, ਜਿਸ ਦੀ ਭਾਰਤੀ ਅਦਾਲਤ ਹਥੋਂ ਬਚਣ ਦੀ ਤਰਕੀਬ ਤਾਂ ਕਾਮਯਾਬ ਹੋ ਗਈ ਸੀ, ਨੂੰ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਨੇ ਤਿੰਨ ਮਹੀਨੇ 20 ਦਿਨ ਮਗਰੋਂ 24 ਅਪ੍ਰੈਲ 1980 ਦੇ ਦਿਨ ਸਜ਼ਾ ਦੇ ਦਿੱਤੀ; ਉਸ ਨੂੰ ਉਸ ਦੇ ਘਰ ਵਿਚ ਹੀ ਉਸ ਦੇ ਦੋ ਬਾਡੀਗਾਰਡ (ਪ੍ਰਤਾਪ ਸਿੰਘ ਸਕਿਊਰਿਟੀ ਮੁਖੀ) ਤੇ ਡਰਾਇਵਰ ਸਮੇਤ ਕਤਲ ਕਰ ਦਿੱਤਾ ਗਿਆ।

1990: ਨਿਰਮਲ ਸਿੰਘ ਮਾਣੇਕੇ ਨਕਲੀ ਮੁਕਾਬਲੇ ਵਿਚ ਸ਼ਹੀਦ

ਚੌਵੀ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਨਿਰਮਲ ਸਿੰਘ ਉਰਫ਼ ਮਿੰਨੀ ਗਾਜ਼ੀ (ਵਾਸੀ ਮਾਣੇਕੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਿਮਰਨਜੀਤ ਸਿੰਘ ਮਾਨ ਨੇ ਕਿਹਾ: 'ਜੇ ਭਾਰਤ ਪਾਕ ਵਿਚ ਜੰਗ ਹੋਈ ਤਾਂ ਸਿੱਖ ਭਾਰਤ ਦੀ ਮਦਦ ਨਹੀਂ ਕਰਨਗੇ'

1989 ਵਿਚ ਐਮ.ਪੀ. ਬਣ ਕੇ, ਕਿਰਪਾਨ ਦੇ ਮਸਲੇ ਕਾਰਨ ਪਾਰਲੀਮੈਂਟ ਵਿਚ ਨਾ ਜਾ ਸਕਣ ਦੇ ਬਾਵਜੂਦ, ਸਿਰਮਨਜੀਤ ਸਿੰਘ ਮਾਨ ਨੇ ਜਬਰ ਦੇ ਖ਼ਿਲਾਫ਼ ਡਟ ਕੇ ਆਵਾਜ਼ ਉਠਾਈ। ਇਸੇ ਕਰ ਕੇ ਪੁਲਸ ਦਾ ਸਭ ਤੋਂ ਵਧ ਜ਼ੁਲਮ ਉਸ ਦੇ ਅਤੇ ਉਸ ਦੇ ਸਾਥੀਆਂ 'ਤੇ ਹੋਇਆ। ਉਸ ਨੇ ਕੌਮੀ ਮਸਲਿਆਂ ਤੇ ਡੱਟ ਕੇ ਸਟੈਂਡ ਲਿਆ ਅਤੇ ਕਿਸੇ ਸਵਾਲ 'ਤੇ ਵੀ ਸਮਝੌਤਾ ਜਾਂ ਸੌਦੇਬਾਜ਼ੀ ਨਹੀਂ ਕੀਤੀ। ਉਸ ਨੇ ਤਾਂ ਸਰਕਾਰ ਨਾਲ ਇੱਥੋਂ ਤਕ ਟੱਕਰ ਲਈ ਕਿ ਉਸ ਨੇ 24 ਅਪ੍ਰੈਲ 1990 ਦੇ ਦਿਨ ਸ਼ਰੇਆਮ ਐਲਾਣ ਕੀਤਾ ਕਿ ਸਰਕਾਰੀ ਜ਼ੁਲਮ ਹੱਦਾਂ ਟੱਪ ਗਿਆ ਹੈ ਤੇ 'ਜੇ ਭਲਕ ਨੂੰ ਭਾਰਤ ਪਾਕ ਵਿਚ ਜੰਗ ਹੋਈ ਤਾਂ ਸਿੱਖ ਭਾਰਤ ਦੀ ਮਦਦ ਨਹੀਂ ਕਰਨਗੇ।'

1992: ਹਰਪ੍ਰੀਤ ਸਿੰਘ ਅਦਲੀਵਾਲ ਤੇ ਦਵਿੰਦਰ ਸਿੰਘ ਸੁਲਤਾਨਵਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

ਚੌਵੀ ਅਪ੍ਰੈਲ 1992 ਦੇ ਦਿਨ ਹਰਪ੍ਰੀਤ ਸਿੰਘ (ਪੁੱਤਰ ਬਲਬੀਰ ਸਿੰਘ, ਵਾਸੀ (ਅਦਲੀਵਾਲ, ਨੇੜੇ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ), ਦਵਿੰਦਰ ਸਿੰਘ ਸੁਲਤਾਨਵਿੰਡ ਉਰਫ਼ ਪੱਪੂ ਉਰਫ਼ ਚਾਚਾ ਲੁਹਾਰਕੇ (ਨੇੜੇ ਰਾਜਾਸਾਂਸੀ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ।

25 ਅਪਰੈਲ

1809: ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ 'ਅਹਿਦਨਾਮਾ' ਕੀਤਾ

25 ਅਪ੍ਰੈਲ 1809 ਦੇ ਦਿਨ ਅੰਗਰੇਜ਼ਾਂ (ਈਸਟ ਇੰਡੀਆ ਕੰਪਨੀ) ਤੇ ਰਣਜੀਤ ਸਿੰਘ ਵਿਚਕਾਰ ਇਕ 'ਅਹਿਦਨਾਮੇ' ਤੇ ਦਸਖ਼ਤ ਹੋਏ ਜਿਸ ਹੇਠ ਸਤਲੁਜ ਦਰਿਆ ਨੂੰ ਦੋਹਾਂ

ਤਾਕਤਾਂ ਵਿਚ ਹੱਦ ਮੰਨ ਲਿਆ ਗਿਆ; ਇਸ ਮੁਤਾਬਿਕ ਸਤਲੁਜ ਦਰਿਆ ਦੇ ਪੱਛਮ ਵਿਚ ਰਣਜੀਤ ਸਿੰਘ ਦੀ ਸਰਦਾਰੀ ਕਬੂਲ ਕਰ ਲਈ ਗਈ ਅਤੇ ਸਤਲੁਜ ਦੇ ਪੂਰਬ ਵੱਲ ਅੰਗਰੇਜ਼ਾਂ ਦਾ ਹੱਕ ਮੰਨ ਲਿਆ ਗਿਆ।

1915: ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਜ਼ੈਲਦਾਰ ਚੰਦਾ ਸਿੰਘ ਨੂੰ ਕਤਲ ਕੀਤਾ

25 ਅਪ੍ਰੈਲ 1915 ਦੇ ਦਿਨ ਦੋ ਗ਼ਦਰ ਵਰਕਰਾਂ (ਬੂਟਾ ਸਿੰਘ ਤੇ ਬੰਤਾ ਸਿੰਘ) ਨੇ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਪੁਲਸ ਮੁਖ਼ਬਰ ਜ਼ੈਲਦਾਰ ਚੰਦਾ ਸਿੰਘ ਨੂੰ ਕਤਲ ਕਰ ਦਿੱਤਾ।

1982: ਅੰਮ੍ਰਿਤਸਰ ਵਿਚ ਦੋ ਮੰਦਰਾਂ ਦੇ ਬਾਹਰ ਮਰੀਆਂ ਹੋਈਆਂ ਦੋ ਗਊਆਂ ਦੇ ਸਿਰ ਰਖੇ

ਹਿੰਦੂਆਂ ਵਲੋਂ ਸ਼ਹਿਰਾਂ ਵਿਚ ਸਿੱਖਾਂ ਉੱਤੇ ਹਮਲਿਆਂ ਦਾ ਜਵਾਬ ਦੇਣ ਵਾਸਤੇ 24-25 ਅਪ੍ਰੈਲ 1982 ਦੀ ਰਾਤ ਨੂੰ ਅੰਮ੍ਰਿਤਸਰ ਵਿਚ ਚੌਕ ਆਹਲੂਵਾਲੀਆ ਅਤੇ ਬਜ਼ਾਰ ਕਾਠੀਆਂ ਦੇ ਮੰਦਰਾਂ ਦੇ ਬਾਹਰ ਦੋ ਮਰੀਆਂ ਹੋਈਆਂ ਗਊਆਂ ਦੇ ਕੱਟੇ ਹੋਏ ਸਿਰ ਰੱਖ ਦਿੱਤੇ ਗਏ। ਇਨ੍ਹਾਂ ਸਿਰਾਂ ਦੇ ਨਾਲ 'ਖਾਲਿਸਤਾਨ ਜ਼ਿੰਦਾਬਾਦ' ਦੇ ਪੋਸਟਰ ਵੀ ਸੁੱਟੇ ਹੋਏ ਸਨ। ਇਕ ਚਰਚਾ ਮੁਤਾਬਿਕ ਬੀਬੀ ਅਮਰਜੀਤ ਕੌਰ ਦੀ ਸਰਪਰਸਤੀ ਹੇਠ ਹੋਈ ਇਸ ਕਾਰਵਾਈ ਵਿਚ ਜਸਵੰਤ ਸਿੰਘ ਠੇਕੇਦਾਰ, ਅੰਮ੍ਰਿਤਪਾਲ ਸਿੰਘ, ਹਰਮਹਿੰਦਰ ਸਿੰਘ ਢਿੱਲੋਂ ਸ਼ਾਮਿਲ ਸਨ। ਦਹੇੜੂ ਦੇ ਅਮਰਜੀਤ ਸਿੰਘ ਦਾ ਵੀ ਇਸ ਐਕਸ਼ਨ ਵਿਚ ਵੱਡਾ ਰੋਲ ਸੀ। ਪਰ ਦੂਜੇ ਪਾਸੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਕਾਰਵਾਈ ਪਿੱਛੇ ਉਸ ਵੇਲੇ ਪੰਜਾਬ ਦੀ ਦਰਬਾਰਾ ਸਿੰਘ ਸਰਕਾਰ ਦਾ ਆਪਣਾ ਹੱਥ ਸੀ। ਘਟਨਾ ਵਾਲੀ ਸਵੇਰ ਵੇਲੇ ਹੀ ਹਜ਼ਾਰਾਂ ਹਿੰਦੂ ਇਥੇ ਇਕੱਠੇ ਹੋ ਗਏ ਅਤੇ ਦਰਬਾਰ ਸਾਹਿਬ ਵੱਲ ਚੱਲ ਪਏ। ਇਨ੍ਹਾਂ ਦੇ ਨਾਲ ਪੁਲੀਸ (ਸਿਰਫ਼ ਹਿੰਦੂ ਪੁਲੀਸ ਸੀ) ਵੀ ਸੀ। ਹਿੰਦੂਆਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰ ਦਿੱਤਾ। ਇਸੇ ਤਰ੍ਹਾਂ ਸ਼ਹਿਰ ਦੇ ਦੋ ਗੁਰਦੁਆਰੇ ਵੀ ਹਿੰਦੂਆਂ ਨੇ ਸਾੜ ਦਿੱਤੇ। ਦਰਬਾਰ ਸਾਹਿਬ 'ਤੇ ਹਮਲੇ ਵੇਲੇ ਪੁਲੀਸ ਖ਼ਾਮੋਸ਼ ਖੜ੍ਹੀ ਰਹੀ। ਪਰ ਜਦ ਸਿੱਖਾਂ ਨੇ ਇਸ ਹਮਲੇ ਦਾ ਜਵਾਬ ਦਿੱਤਾ ਤਾਂ ਹਿੰਦੂ ਭੱਜ ਗਏ।

ਇਸ ਦੇ ਨਾਲ ਹੀ ਪੁਲੀਸ ਨੇ ਚਾਰ ਸਿੱਖਾਂ ਦੇ ਵਾਰੰਟ ਗ੍ਰਿਫ਼ਤਾਰੀ ਵੀ ਜਾਰੀ ਕਰ ਦਿੱਤੇ ਅਤੇ ਨਾਲ ਹੀ ਉਨ੍ਹਾਂ ਚੌਹਾਂ ਦੀ ਗ੍ਰਿਫ਼ਤਾਰੀ ਵਾਸਤੇ ਕੁਲ ਸਵਾ ਲੱਖ ਰੁਪਏ ਦੇ ਈਨਾਮਾਂ ਦਾ ਐਲਾਨ ਵੀ ਕਰ ਦਿੱਤਾ। ਇਨ੍ਹਾਂ ਵਿਚ ਜਸਵੰਤ ਸਿੰਘ ਠੇਕੇਦਾਰ ਗੁਰਦਾਸਪੁਰ {ਹੁਣ ਪ੍ਰਧਾਨ ਗੁਰਦੁਆਰਾ ਮੀਰੀ ਪੀਰੀ ਸਾਊਥਾਲ, ਇੰਗਲੈਂਡ} (50 ਹਜ਼ਾਰ), ਮਨਮੋਹਣ ਸਿੰਘ ਬਜਾਜ ਚੰਡੀਗੜ੍ਹ {ਹੁਣ ਇੰਗਲੈਂਡ} (25 ਹਜ਼ਾਰ), ਸੁਖਜਿੰਦਰ ਸਿੰਘ ਕਾਹਨੂੰਵਾਨ (25 ਹਜ਼ਾਰ) ਤੇ ਰਜਿੰਦਰ ਸਿੰਘ ਮਹਿਤਾ ਦਾ ਨਾਂ ਵੀ ਸੀ। (ਮਗਰੋਂ ਰਜਿੰਦਰ ਸਿੰਘ ਮਹਿਤਾ ਦੀ ਜਗਹ ਅੰਮ੍ਰਿਤਪਾਲ ਸਿੰਘ ਨੂੰ ਅੜੁੰਗ ਲਿਆ ਗਿਆ)। ਚੋਹਾਂ ਵਿੱਚੋਂ ਇਕ ਸੁਖਜਿੰਦਰ ਸਿੰਘ ਕਾਹਨੂੰਵਾਨ ਨੂੰ 15 ਮਈ ਨੂੰ ਦਿੱਲੀ ਦੀ ਪਰਤਾਪ ਨਗਰ ਕਲੋਨੀ ਦੇ ਗੁਰਦੁਆਰੇ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੁਖਜਿੰਦਰ ਸਿੰਘ ਦੀ ਮੰਗੇਤਰ ਸਵਿੰਦਰ ਕੌਰ ਤੇ ਇਸ ਬੀਬੀ ਦੇ ਬਾਪ ਜਰਨੈਲ ਸਿੰਘ 'ਤੇ ਪੁਲਸ ਨੇ ਬੇਹੱਦ ਤਸ਼ੱਦਦ ਕੀਤਾ ਸੀ।

ਮਗਰੋਂ ਸਿੱਖਾਂ 'ਤੇ ਹੋਏ ਹਮਲਿਆਂ ਅਤੇ ਹਿੰਦੂ ਅਖ਼ਬਾਰਾਂ ਵਲੋਂ ਸਿੱਖਾਂ ਦੇ ਖ਼ਿਲਾਫ਼ ਜ਼ਹਿਰੀਲਾ ਪ੍ਰਚਾਰ ਕਰਨ ਦੇ ਜਵਾਬ ਵਜੋਂ ਕੁਝ ਖਾੜਕੂਆਂ ਵਲੋਂ 28 ਅਪ੍ਰੈਲ ਨੂੰ ਫ਼ਿਰਕੂ ਹਿੰਦੂ ਅਖ਼ਬਾਰਾਂ 'ਹਿੰਦ ਸਮਾਚਾਰ' ਅਤੇ 'ਵੀਰ ਪਰਤਾਪ' ਦੇ ਫ਼ਿਰਕੂ ਐਡੀਟਰਾਂ ਨੂੰ ਗਊਆਂ ਦੇ ਕੰਨ ਵੀ ਪਾਰਸਲ ਕਰ ਕੇ ਭੇਜੇ ਗਏ।

ਇਸ ਮਗਰੋਂ ਹਿੰਦੂਆਂ ਨੇ ਦਰਬਾਰ ਸਾਹਿਬ ਅਤੇ ਹੋਰ ਕਈ ਗੁਰਦੁਆਰਿਆਂ ਵਿਚ ਸਿਗਰਟਾਂ ਸੁੱਟੀਆਂ ਅਤੇ ਗੁਰਬਾਣੀ ਦੇ ਵਰਕੇ ਪਾੜ ਕੇ ਸੁੱਟੇ। ਇਨ੍ਹਾਂ ਬੇਹੁਰਮਤੀ ਦੀਆਂ ਵਾਰਦਾਤਾਂ ਦੇ ਸਿਲਸਿਲੇ ਵਿਚ ਇਕ ਦਰਜਨ ਹਿੰਦੂਆਂ ਨੂੰ ਮੌਕੇ 'ਤੇ ਹੀ ਫੜ ਕੇ ਪੁਲੀਸ ਦੇ ਹਵਾਲੇ ਕੀਤਾ ਗਿਆ ਪਰ ਪੁਲੀਸ ਨੇ ਕੋਈ ਐਕਸ਼ਨ ਨਾ ਲਿਆ। ਕਿਸੇ ਨੂੰ ਵੀ ਦਫ਼ਾ 295 ਹੇਠ ਵੀ ਚਾਰਜ ਨਾ ਕੀਤਾ ਗਿਆ। ਇਸ ਦੇ ਮੁਕਾਬਲੇ ਵਿਚ ਮਰੀਆਂ ਗਊਆਂ ਦੇ ਸਿਰ ਸੁੱਟਣ 'ਤੇ ਲਏ ਗਏ ਐਕਸ਼ਨ ਤੋਂ ਹਿੰਦੂਆਂ ਤੇ ਸਿੱਖਾਂ ਦੇ ਮਾਮਲੇ ਵਿਚ ਸਰਕਾਰ ਦੇ ਵਿਹਾਰ ਵਿਚ ਫ਼ਰਕ ਸਾਫ਼ ਨਜ਼ਰ ਆਉਂਦਾ ਸੀ। ਇਸ ਕੇਸ ਵਿਚ 15 ਮਈ ਦੇ ਦਿਨ ਦਲ ਖਾਲਸਾ ਦੇ ਸੁਖਜਿੰਦਰ ਸਿੰਘ ਕਾਹਨੂੰਵਾਨ ਨੂੰ ਦਿੱਲੀ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ।

29 ਅਪ੍ਰੈਲ 1982 ਦੇ ਦਿਨ ਲੋਕ ਸਭਾ ਨੇ ਮਤਾ ਪਾਸ ਕਰ ਕੇ ਅੰਮ੍ਰਿਤਸਰ ਵਿਚ ਮੰਦਰਾਂ ਦੇ ਬਾਹਰ ਗਊਆਂ ਦੇ ਸਿਰ ਰੱਖਣ ਦੀ ਨਿੰਦਾ ਕੀਤੀ। ਭਾਰਤੀ ਪਾਰਲੀਮੈਂਟ ਨੇ ਅਜ ਤਕ ਕਦੇ ਕਿਸੇ ਗੁਰਦੁਆਰੇ ਜਾਂ ਮਸਜਿਦ ਦੀ ਬੇਹੁਰਮਤੀ ਦੀ ਕਦੇ ਵੀ ਨਿੰਦਾ ਨਹੀਂ ਕੀਤੀ। 6 ਮਾਰਚ 1983 ਦੇ ਦਿਨ ਤਿੰਨ ਐਮ.ਐਲ.ਏਜ਼ ਨੇ ਕਿਹਾ ਕਿ ਇਹ ਕਾਰਵਾਈ ਪੰਜਾਬ ਦੇ ਚੀਫ਼ ਮਨਿਸਟਰ ਦਰਬਾਰਾ ਸਿੰਘ ਸਰਕਾਰ ਨੇ ਕਰਵਾਈ ਸੀ।

1983: ਡੀ.ਆਈ.ਜੀ. ਅਵਤਾਰ ਸਿੰਘ ਅਟਵਾਲ ਦਾ ਕਤਲ

ਸਰਕਾਰ ਦੇ ਹੱਥ ਠੋਕੇ ਬਣ ਕੇ ਸਿੱਖਾਂ ਉੱਤੇ ਬੇਹੱਦ ਜ਼ੁਲਮ ਢਾਹੁਣ ਵਾਲਿਆਂ ਵਿਚੋਂ ਇਕ ਪੁਲਸੀਆ ਅਵਤਾਰ ਸਿੰਘ ਅਟਵਾਲ ਵੀ ਸੀ। ਖਾੜਕੂ ਉਸ ਤੋਂ ਛੁਟਕਾਰਾ ਪਾਉਣ ਵਾਸਤੇ ਬਹੁਤ ਸਾਰੀਆਂ ਨਾਕਾਮ ਕੋਸ਼ਿਸ਼ਾਂ ਕਰ ਚੁਕੇ ਸਨ, ਪਰ ਉਹ ਕਾਬੂ ਨਹੀਂ ਆ ਰਿਹਾ ਸੀ। ਅਖ਼ੀਰ 25 ਅਪ੍ਰੈਲ 1983 ਦੇ ਦਿਨ ਜਦੋਂ ਉਹ ਦਰਬਾਰ ਸਾਹਿਬ ਵਿਚੋਂ ਸੂਹਾਂ ਲੈ ਕੇ ਬਾਹਰ ਆ ਰਿਹਾ ਸੀ ਤਾਂ ਇਕ ਸਿੱਖ (ਸ਼ਾਇਦ ਦਾਰਾ ਸਿੰਘ) ਨੇ ਉਸ ਨੂੰ ਆਪਣੀ ਸਟੇਨ-ਗੰਨ ਨਾਲ ਕਤਲ ਕਰ ਦਿੱਤਾ। ਅਟਵਾਲ 20 ਸਤੰਬਰ 1981 ਨੂੰ ਮਹਿਤੇ ਵਿਚ ਗੋਲੀ ਚਲਾਉਣ, ਕੁਲਵੰਤ ਸਿੰਘ ਨਾਗੋਕੇ ਨੂੰ ਸ਼ਹੀਦ ਕਰਨ, ਗੁਰਮੀਤ ਸਿੰਘ ਧੂਲਕੋਟ ਦੇ ਕਤਲ, ਹਰਦੇਵ ਸਿੰਘ ਰੋਡੇ ਦੇ ਕਤਲ ਤੇ ਦਾਓਕੇ ਵਿਚ ਜ਼ੁਲਮ ਕਰਨ ਤੇ ਕਰਵਾਉਣ ਦਾ ਜ਼ਿੰਮੇਦਾਰ ਗਰਦਾਨਿਆ ਗਿਆ ਸੀ। ਅਟਵਾਲ ਦੇ ਮਰਨ 'ਤੇ ਸਰਕਾਰ ਨੇ ਕਈ ਲੱਖ ਰੁਪਏ ਉਸ ਦੀ ਵਿਧਵਾ ਨੂੰ ਦਿੱਤੇ। ਅਟਵਾਲ ਦੀ ਮੌਤ ਮਗਰੋਂ ਹੋਈ ਆਖ਼ਰੀ ਰਸਮ ਵੇਲੇ ਬਹੁਤ ਸਾਰੇ ਵਜ਼ੀਰਾਂ, ਤੇ ਕਾਂਗਰਸੀ ਵਰਕਰਾਂ ਤੋਂ ਇਲਾਵਾ ਅਟਵਾਲ ਦਾ ਇਕ ਰਿਸ਼ਤੇਦਾਰ ਸਾਬਕਾ ਅਕਾਲੀ ਵਜ਼ੀਰ ਸੁਖਜਿੰਦਰ ਸਿੰਘ ਵੀ ਪੁੱਜਾ ਹੋਇਆ ਸੀ।

1986: ਸੁਸ਼ੀਲ ਮੁਨੀ ਨੇ ਮੰਗ ਕੀਤੀ ਕਿ ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਕਰਾਰ ਦੇਣ ਦੀ ਮੰਗ ਕੀਤੀ

ਜਿਹੜੀ 'ਅਕਾਲੀ' ਪਾਰਟੀ ਅੰਮ੍ਰਿਤਸਰ ਨੂੰ ਪਵਿਤਰ ਕਰਾਰ ਦੇਣ ਦਾ ਮੋਰਚਾ ਲਾਈ ਬੈਠੀ ਸੀ ਉਸੇ ਪਾਰਟੀ ਦੀ ਸਰਕਾਰ ਤੋਂ ਹਿੰਦੂ ਲੀਡਰ ਜੈਨ ਸੁਸ਼ੀਲ ਮੁਨੀ ਨੇ 25 ਅਪਰੈਲ ਨੂੰ ਮੰਗ ਕੀਤੀ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ (ਪਰ ਬਰਨਾਲੇ ਦੇ ਅਕਾਲੀ ਦਲ ਵਾਸਤੇ ਹੁਣ ਅੰਮ੍ਰਿਤਸਰ, ਸ਼ਾਇਦ, ਪਵਿੱਤਰ ਨਹੀਂ ਸੀ ਰਿਹਾ)। ਸੁਸ਼ੀਲ ਮੁਨੀ ਨੇ ਹਥਿਆਰ ਸੁੱਟਣ ਵਾਲੇ ਸਿੱਖਾਂ ਵਾਸਤੇ 'ਆਮ ਮੁਆਫ਼ੀ' ਦੀ ਮੰਗ ਵੀ ਕੀਤੀ। ਪਰ ਬਰਨਾਲਾ ਨੇ ਦੋਵੇਂ ਮੰਗਾਂ ਨਜ਼ਰ ਅੰਦਾਜ਼ ਕਰ ਦਿੱਤੀਆਂ।

1989: ਸੱਤਬਚਨ ਸਿੰਘ ਸਕਰੋਲੀ ਸ਼ਹੀਦ

ਪੰਝੀ ਅਪ੍ਰੈਲ 1989 ਦੇ ਦਿਨ ਭਾਈ ਸੱਤਬਚਨ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਸਕਰੂਲੀ, ਨੇੜੇ ਮਹਿਲਪੁਰ, ਹੁਸ਼ਿਆਰਪੁਰ), ਜੋ ਭਿੰਡਰਾਂਵਾਲਾ ਟਾਈਗਰ ਫ਼ੋਰਸ ਨਾਲ ਸਬੰਧਤ ਸੀ, ਅਤੇ ਸੁਖਵਿੰਦਰ ਸਿੰਘ ਸੰਘਾ ਦਾ ਸਾਥੀ ਸੀ, ਨੇ ਸ਼ਹੀਦੀ ਹਾਸਿਲ ਕੀਤੀ। ਸਤਬਚਨ ਸਿੰਘ ਇਸ ਤੋਂ ਪਹਿਲਾਂ ਮਨਬੀਰ ਸਿੰਘ ਚਹੇੜੂ ਦਾ ਵੀ ਸਾਥੀ ਰਿਹਾ ਸੀ ਅਤੇ ਉਹ ਦੋ ਵਾਰ ਜੇਲ੍ਹ ਵੀ ਜਾ ਚੁਕਾ ਸੀ। ਪੁਲਸ ਨੇ ਉਸ 'ਤੇ ਕਈ ਕਤਲ ਕੇਸ ਪਾਏ ਹੋਏ ਸਨ ਤੇ ਉਹ ਰੂਪੋਸ਼ ਸੀ। ਇਸ ਦੌਰਾਨ ਉਸ ਨੇ ਸਤਨਾਮ ਸਿੰਘ ਅਟਲਗੜ੍ਹ ਨੂੰ ਪੁਲਸ ਦੀ ਕੈਦ ਵਿਚੋਂ ਛੁਡਵਾਇਆ ਵੀ ਸੀ। 25 ਅਪ੍ਰੈਲ 1989 ਦੇ ਦਿਨ ਉਹ ਆਪਣੇ ਇਕ ਸਾਥੀ ਸਤਨਾਮ ਸਿੰਘ ਭੀਲੋਵਾਲ ਨਾਲ ਪਿੰਡ ਮੋਨਾ ਕਲਾਂ ਵਿਚ ਇਹ ਠਾਹਰ 'ਤੇ ਰੁਕਿਆ ਹੋਇਆ ਸੀ ਤਾਂ ਕਿਸੇ ਗ਼ਦਾਰ ਨੇ ਪੁਲਸ ਫ਼ੋਰਸ ਨੂੰ ਖ਼ਬਰ ਦੇ ਦਿੱਤੀ। ਥੋੜ੍ਹੀ ਦੇਰ ਵਿਚ ਹੀ ਭਾਰੀ ਪੁਲਸ ਫ਼ੋਰਸ ਨੇ ਘੇਰਾ ਪਾ ਲਿਆ। ਉਸ ਨੇ ਕੁਝ ਚਿਰ ਤਾਂ ਮੁਕਾਬਲਾ ਕੀਤਾ ਪਰ ਕਦ ਇਕੋ ਗੋਲੀ ਰਹਿ ਗਈ ਤਾਂ ਉਸ ਨੇ ਖ਼ੁਦ ਨੂੰ ਉਸ ਗੋਲੀ ਨਾਲ ਖ਼ਤਮ ਕਰ ਦਿੱਤਾ ਤਾਂ ਜੋ ਉਹ ਪੁਲਸ ਦੇ ਹੱਥ ਨਾ ਆ ਸਕੇ।

1991: ਮਾਸਟਰ ਬਲਬੀਰ ਸਿੰਘ ਤੇ ਕੁਲਦੀਪ ਸਿੰਘ (ਵਾਸੀ ਫੇਰੂਮਾਨ, ਅੰਮ੍ਰਿਤਸਰ)

ਪੰਝੀ ਅਪ੍ਰੈਲ 1991 ਦੇ ਦਿਨ ਪੰਜਾਬ ਪੁਲਸ ਨੇ ਮਾਸਟਰ ਬਲਬੀਰ ਸਿੰਘ ਤੇ ਕੁਲਦੀਪ ਸਿੰਘ (ਵਾਸੀ ਫੇਰੂਮਾਨ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬੂਟਾ ਸਿੰਘ ਤੇ ਜਗੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਝੀ ਅਪ੍ਰੈਲ 1992 ਦੇ ਦਿਨ ਪੰਜਾਬ ਪੁਲਸ ਨੇ ਬੂਟਾ ਸਿੰਘ ਉਰਫ਼ ਸੁਰਜੀਤ ਸਿੰਘ ਤੇ ਜਗੀਰ ਸਿੰਘ ਚੀਮਾ ਵਰਨਾਲਾ (ਤਰਨਤਾਰਨ) ਕੋਲ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

26 ਅਪਰੈਲ

1635: ਪੈਂਦੇ ਖ਼ਾਨ ਮੁਗ਼ਲ ਫ਼ੌਜਾਂ ਨੂੰ ਕਰਤਾਰਪੁਰ 'ਤੇ ਚੜ੍ਹਾ ਲਿਆਇਆ

ਅਪਰੈਲ 1635 ਵਿਚ ਗੁਰੂ ਸਾਹਿਬ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਰਹਿ ਰਹੇ ਸਨ। ਇਨ੍ਹਾਂ ਦਿਨਾਂ ਵਿਚ ਆਪ ਦੇ ਇਕ ਜਰਨੈਲ ਪੈਂਦੇ ਖ਼ਾਨ ਦੇ ਜੁਆਈ ਨੇ ਗੁਰੂ ਦਰਬਾਰ ਦੀਆਂ ਕੁਝ ਕੀਮਤੀ ਚੀਜ਼ਾਂ ਚੋਰੀ ਕਰ ਲਈਆਂ। ਜਦ ਉਸ ਦੀ ਚੋਰੀ ਫੜੀ ਗਈ ਤਾਂ ਪੈਂਦੇ ਖ਼ਾਨ ਮੁਆਫ਼ੀ ਮੰਗਣ ਦੀ ਥਾਂ ਆਕੜ ਗਿਆ ਅਤੇ 26 ਅਪਰੈਲ 1635 ਦੇ ਦਿਨ ਜਲੰਧਰ ਤੋਂ ਮੁਗ਼ਲ ਫ਼ੌਜਾਂ ਚੜ੍ਹਾ ਲਿਆਇਆ। ਇਸ ਲੜਾਈ ਵਿਚ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਗਏ ਤੇ ਬਹੁਤ ਸਾਰੇ ਸਿੱਖ ਵੀ ਸ਼ਹੀਦ ਹੋਏ।

1665: ਬਿਲਾਸਪੁਰ ਦਾ ਰਾਜਾ ਦੀਪ ਚੰਦ ਚੜ੍ਹਾਈ ਕਰ ਗਿਆ

1665 ਦੇ ਪਹਿਲੇ ਹਫ਼ਤੇ ਧਮਤਾਨ (ਜੀਂਦ) ਦੇ ਦੌਰੇ ਤੋਂ ਕੀਰਤਪੁਰ ਪੁਜਦਿਆਂ ਹੀ ਗੁਰੂ ਸਾਹਿਬ ਨੂੰ ਖ਼ਬਰ ਮਿਲੀ ਕਿ ਬਿਲਾਸਪੁਰ ਦਾ ਰਾਜਾ ਦੀਪ ਚੰਦ, ਜੋ 26 ਅਪਰੈਲ 1665 ਦੇ ਦਿਨ ਚੜ੍ਹਾਈ ਕਰ ਗਿਆ ਸੀ, ਦੀ ਅੰਤਮ ਰਸਮ ਬਾਰ੍ਹਾਂ ਮਈ ਦੇ ਦਿਨ ਰਖੀ ਗਈ ਹੈ। ਰਾਜਾ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਨੇ ਆਪਣਾ ਵਜ਼ੀਰ ਕੀਰਤਪੁਰ ਭੇਜਿਆ ਤੇ ਗੁਰੂ ਸਾਹਿਬ ਨੂੰ ਦੀਪ ਚੰਦ ਦੀ ਅਰਦਾਸ ਕਰਨ ਵਾਸਤੇ ਬਿਲਾਸਪੁਰ ਪਹੁੰਚਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੌਂ ਮਈ ਦੀ ਸਵੇਰ ਨੂੰ ਬਿਲਾਸਪੁਰ ਚਲੇ ਗਏ। ਕੀਰਤਪੁਰ ਤੋਂ ਆਪ ਦੀ ਮਾਤਾ

ਨਾਨਕੀ, ਮਾਤਾ ਸੁਲੱਖਣੀ (ਪਤਨੀ ਗੁਰੂ ਹਰ ਰਾਇ ਸਾਹਿਬ), ਮਾਤਾ ਹਰੀ (ਪਤਨੀ ਬਾਬਾ ਗੁਰਦਿੱਤਾ), ਦੀਵਾਨ ਦਰਗਹ ਮੱਲ, ਭਾਈ ਦਿਆਲ ਦਾਸ ਅਤੇ ਕਈ ਹੋਰ ਸਿੱਖ ਆਪ ਦੇ ਨਾਲ ਬਿਲਾਸਪੁਰ ਗਏ।

1915: ਗ਼ਦਰ ਪਾਰਟੀ ਦੇ ਵਰਕਰਾਂ 'ਤੇ ਸਾਜ਼ਸ਼ ਕੇਸ ਦੀ ਸੁਣਵਾਈ ਸ਼ੁਰੂ

ਗ਼ਦਰ ਲਹਿਰ ਦਾ ਵੱਡਾ ਐਕਸ਼ਨ ਨਾਕਾਮਯਾਬ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉੱਪਰ ਚਾਰ ਮੁਕੱਦਮੇ ਚਲਾਏ ਗਏ। ਇਨ੍ਹਾਂ ਨੂੰ **'ਲਾਹੌਰ ਕਾਂਸਪੀਰੇਸੀ ਕੇਸ'** (ਲਾਹੌਰ ਸਾਜ਼ਿਸ਼ ਕੇਸ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਹਿਲਾ ਮੁਕੱਦਮਾ 26 ਅਪਰੈਲ 1915 ਨੂੰ ਸ਼ੁਰੂ ਹੋਇਆ ਤੇ 13 ਸਤੰਬਰ 1915 ਨੂੰ ਪੰਡਿਤ ਸ਼ਿਵ ਨਰਾਇਣ ਤੇ ਦੋ ਅੰਗਰੇਜ਼ ਕਮਿਸ਼ਨਰਾਂ ਨੇ ਫ਼ੈਸਲਾ ਸੁਣਾ ਕੇ 82 'ਮੁਲਜ਼ਮਾਂ' (ਗ਼ਦਰੀਆਂ) ਵਿਚੋਂ ਕਰਤਾਰ ਸਿੰਘ (ਸਰਾਭਾ, ਜ਼ਿਲ੍ਹਾ ਲੁਧਿਆਣਾ), ਜਗਤ ਸਿੰਘ (ਸੁਰਸਿੰਘ, ਸੁਦੋਂ ਜ਼ਿਲ੍ਹਾ ਲਾਹੌਰ, ਫਿਰ ਜ਼ਿਲ੍ਹਾ ਅੰਮ੍ਰਿਤਸਰ, ਹੁਣ ਤਰਨਤਾਰਨ), ਹਰਨਾਮ ਸਿੰਘ ਭੱਟੀ (ਗੋਰਾਇਆ, ਸਿਆਲਕੋਟ), ਬਖ਼ਸ਼ੀਸ਼ ਸਿੰਘ (ਗਿਲਵਾਲੀ, ਜ਼ਿਲ੍ਹਾ ਅੰਮ੍ਰਿਤਸਰ), ਸੁਰੈਣ ਸਿੰਘ ਪੁਤਰ ਬੂੜ ਸਿੰਘ (ਗਿਲਵਾਲੀ), ਸੁਰੈਣ ਸਿੰਘ ਪੁਤਰ ਈਸ਼ਰ ਸਿੰਘ (ਗਿਲਵਾਲੀ) ਤੇ ਵਿਸ਼ਨੂ ਗਣੇਸ਼ ਪਿੰਗਲੇ ਤੇ 17 ਹੋਰਾਂ ਨੂੰ ਫ਼ਾਂਸੀ (ਮਗਰੋਂ ਇਨ੍ਹਾਂ 17 ਦੀ ਫ਼ਾਂਸੀ ਉਮਰ ਕੈਦ ਵਿਚ ਬਦਲ ਦਿੱਤੀ ਗਈ), 23 ਨੂੰ ਉਮਰ ਕੈਦ ਤੇ 6 ਨੂੰ ਘੱਟ ਸਜ਼ਾਵਾਂ ਸੁਣਾਈਆਂ ਗਈਆਂ।

1969: ਪੰਜਾਬ ਦੇ ਸਾਬਕਾ ਚੀਫ਼ ਮਨਿਸਟਰ ਲਛਮਣ ਸਿੰਘ ਗਿਲ ਦੀ ਮੌਤ

1969 ਵਿਚ ਦੋਬਾਰਾ ਚੀਫ਼ ਮਨਿਸਟਰ ਬਣ ਕੇ ਜਸਟਿਸ ਗੁਰਨਾਮ ਸਿੰਘ ਨੇ ਪਹਿਲੇ ਦਿਨ ਤੋਂ ਹੀ ਆਪਣੇ ਦੁਸ਼ਮਣਾਂ ਨੂੰ ਸਜ਼ਾ ਦੇਣ ਦੀ ਪਾਲਸੀ ਮੁਤਾਬਿਕ ਕੰਮ ਸ਼ੁਰੂ ਕੀਤਾ। ਇਸ ਪਾਸੇ ਵੱਲ ਪਹਿਲਾ ਐਕਸ਼ਨ ਸੀ 47 ਮਿਊਂਸਪਲ ਕਮੇਟੀਆਂ ਦੀਆਂ, 23 ਮਾਰਚ 1969 ਨੂੰ ਹੋਣ ਵਾਲੀਆਂ, ਚੋਣਾਂ ਮੁਲਤਵੀ ਕਰਨਾ। ਗੁਰਨਾਮ ਸਿੰਘ ਚਾਹੁੰਦਾ ਸੀ ਕਿ ਸ਼ਹਿਰਾਂ ਵਿਚ ਜਨਸੰਘ ਨੂੰ ਕੁਝ ਫ਼ਾਇਦਾ ਪਹੁੰਚਾਇਆ ਜਾ ਸਕੇ। ਇੰਞ ਹੀ 13 ਮਾਰਚ ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਉਤਰਦਿਆਂ ਹੀ ਸਾਬਕ ਚੀਫ਼ ਮਨਿਸਟਰ ਲਛਮਣ ਸਿੰਘ ਗਿੱਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਵੀ ਇਕ ਬਦਲਾ-ਲਊ ਕਾਰਵਾਈ ਸੀ। ਇਸ ਗ੍ਰਿਫ਼ਤਾਰੀ ਦੇ ਸਦਮੇ ਨਾਲ ਲਛਮਣ ਸਿੰਘ ਗਿੱਲ ਨੂੰ 26 ਅਪ੍ਰੈਲ 1969 ਦੇ ਦਿਨ ਚੰਡੀਗੜ੍ਹ ਵਿਖੇ ਦਿਲ ਦਾ ਦੌਰਾ ਪਿਆ ਤੇ ਉਹ ਚੜ੍ਹਾਈ ਕਰ ਗਿਆ।

1982: ਪਟਿਆਲਾ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਦੋ ਸਿੱਖ ਪੁਲਸੀਆਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ

25 ਅਪ੍ਰੈਲ 1982 ਦੇ ਦਿਨ ਅੰਮ੍ਰਿਤਸਰ ਵਿਚ ਦੋ ਮੰਦਰਾਂ ਦੇ ਬਾਹਰ ਗਊਆਂ ਦੇ ਵਾਕਿਆਤ ਦੇ ਸਿਲਸਿਲੇ ਵਿੱਚ ਪਟਿਆਲੇ ਦੇ ਹਿੰਦੂਆਂ ਨੇ ਵੀ ਇਕ ਜਲੂਸ ਕੱਢਿਆ। ਇਸ ਜਲੂਸ ਦੇ ਅੱਗੇ ਅਤੇ ਪਿੱਛੇ ਪੁਲੀਸ ਦੇ ਕੁਝ ਸਿਪਾਹੀ ਤਾਈਨਾਤ ਕੀਤੇ ਗਏ। ਜਦੋਂ ਜਲੂਸ ਹਿੰਦੂਆਂ ਦੇ ਇਕ ਮੁਹੱਲੇ ਵਿਚ ਪੁੱਜਾ ਤਾਂ ਹਿੰਦੂਆਂ ਨੇ ਪੁਲੀਸ ਦੇ ਸਿਪਾਹੀਆਂ ਉੱਤੇ ਪੱਥਰਾਂ ਅਤੇ ਡੰਡਿਆਂ ਦੀ ਬਾਰਿਸ਼ ਸ਼ੁਰੂ ਕਰ ਦਿੱਤੀ। ਇਸ 'ਤੇ ਪੁਲੀਸ ਵਾਲੇ ਭੱਜਣ ਲੱਗ ਪਏ। ਹਿੰਦੂਆਂ ਨੇ ਦੋ ਸਿੱਖ ਸਿਪਾਹੀਆਂ ਨੂੰ ਫੜ ਲਿਆ ਅਤੇ ਬੇਤਹਾਸ਼ਾ ਕੁੱਟ-ਕੁੱਟ ਕੇ ਬੇਹੋਸ਼ ਕਰ ਕੇ ਸੁੱਟ ਦਿੱਤਾ। ਦੋਹਾਂ ਵਿੱਚੋਂ ਇਕ ਸਿਪਾਹੀ ਹਰਭਜਨ ਸਿੰਘ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ। ਪਰ ਦਰਬਾਰਾ

ਸਰਕਾਰ ਨੇ ਉਸ ਨੂੰ 6 ਮਈ 1982 ਨੂੰ ਹਸਪਤਾਲ ਵਿਚ ਮਰਿਆ ਐਲਾਨ ਕੀਤਾ। (ਇਸ ਕੇਸ ਵਿਚ ਕਦੇ ਕਿਸੇ ਹਿੰਦੂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ)।

1982: ਹਿੰਦੂਆਂ ਨੇ ਦਰਬਾਰ ਸਾਹਿਬ ਸਰੋਵਰ ਵਿਚ ਸਿਗਰਟਾਂ ਸੁੱਟੀਆਂ

26 ਅਪ੍ਰੈਲ 1982 ਦੇ ਦਿਨ ਹਿੰਦੂ ਦਹਿਸ਼ਤਗਰਦਾਂ ਤੇ ਫ਼ਿਰਕੂ ਹਿੰਦੂਆਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਸਿਗਰਟਾਂ ਸੁੱਟੀਆਂ। ਇਹ ਹਰਕਤ 26 ਅਪਰੈਲ ਤੋਂ 3 ਮਈ ਤਕ ਵੀਹ ਵਾਰ ਹੋਈ। ਸਿੱਖਾਂ ਵੱਲੋਂ ਰੰਗੇ ਹੱਥੀਂ ਫੜ ਕੇ ਪੁਲੀਸ ਹਵਾਲੇ ਕੀਤੇ ਬੰਦੇ ਵੀ ਪੁਲੀਸ ਨੇ 295 ਦਫ਼ਾ ਵਿਚ ਵੀ ਚਾਰਜ ਤਕ ਨਹੀਂ ਕੀਤੇ।

1984: ਮੋਗੇ ਵਿਚ ਸੀ.ਆਰ.ਪੀ.ਐਫ਼. ਨੇ ਡੇਢ ਦਰਜਨ ਸਿੱਖ ਕਤਲ ਕੀਤੇ

26 ਅਪ੍ਰੈਲ 1984 ਦੇ ਦਿਨ ਸੀ.ਆਰ.ਪੀ.ਐਫ਼. ਨੇ ਮੋਗੇ ਵਿਚ ਤਿਨ ਗੁਰਦੁਆਰਿਆਂ ਨੂੰ ਘੇਰਾ ਪਾ ਲਿਆ ਅਤੇ ਤਕਰੀਬਨ ਡੇਢ ਦਰਜਨ ਸਿੱਖ ਕਤਲ ਕਰ ਦਿੱਤੇ। ਸੀ.ਆਰ.ਪੀ.ਐਫ਼. ਇਨ੍ਹਾਂ ਨੇ ਤਿੰਨਾਂ ਗੁਰਦੁਆਰਿਆਂ ਦਾ ਪਾਣੀ ਤੇ ਬਿਜਲੀ ਵੀ ਬੰਦ ਦਿੱਤੇ ਤੇ ਸੈਂਕੜੇ ਸਿੱਖ, ਜਿਨ੍ਹਾਂ ਵਿਚ ਬਹੁਤ ਸਾਰੀਆਂ ਬੀਬੀਆਂ ਤੇ ਬੱਚੇ ਵੀ ਸਨ, ਅੰਦਰ ਕੈਦ ਕਰ ਦਿੱਤੇ। ਅਖ਼ੀਰ 9 ਦਿਨ ਮਗਰੋਂ ਅਕਾਲ ਤਖ਼ਤ ਸਾਹਿਬ ਤੋਂ ਵੱਡੇ ਮਾਰਚ ਦੀ 'ਧਮਕੀ' ਮਿਲਣ ਮਗਰੋਂ ਇਨ੍ਹਾਂ ਗੁਰਦੁਆਰਿਆਂ ਦਾ ਘੇਰਾ 3 ਮਈ ਨੂੰ ਚੁੱਕਿਆ ਗਿਆ।

1989: ਜ਼ਫ਼ਰਵਾਲ ਦੇ ਰਾਜਬੀਰ ਸਿੰਘ ਤੇ ਹਰਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਛੱਬੀ ਅਪ੍ਰੈਲ 1989 ਦੇ ਦਿਨ ਪੰਜਾਬ ਪੁਲੀਸ ਨੇ ਰਾਜਬੀਰ ਸਿੰਘ (ਪੁੱਤਰ ਪ੍ਰੀਤਮ ਸਿੰਘ) ਤੇ ਹਰਪਾਲ ਸਿੰਘ (ਪੁੱਤਰ ਜਾਗੀਰ ਸਿੰਘ) ਦੋਵੇਂ ਵਾਸੀ ਪਿੰਡ ਜ਼ਫ਼ਰਵਾਲ, ਜ਼ਿਲਾ ਗੁਰਦਾਸਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991: ਤਜਿੰਦਰ ਸਿੰਘ ਹੈਪੀ ਸਤਕੋਹਾ ਨਕਲੀ ਮੁਕਾਬਲੇ ਵਿਚ ਸ਼ਹੀਦ

ਛੱਬੀ ਅਪ੍ਰੈਲ 1991 ਦੇ ਦਿਨ ਪੰਜਾਬ ਪੁਲੀਸ ਨੇ ਤਜਿੰਦਰ ਸਿੰਘ ਹੈਪੀ (ਪੁੱਤਰ ਸੁਖਦੇਵ ਸਿੰਘ, ਵਾਸੀ ਸਤਕੋਹਾ, ਜ਼ਿਲਾ ਗੁਰਦਾਸਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕਮਲਜੀਤ ਸਿੰਘ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

ਛੱਬੀ ਅਪ੍ਰੈਲ 1993 ਦੇ ਦਿਨ ਕਮਲਜੀਤ ਸਿੰਘ ਬਬਰ ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1994: ਸੁਖਬੀਰ ਸਿੰਘ ਸੂਜੋਂ ਤੇ ਸੁਖਬੀਰ ਸਿੰਘ ਕੂਨਰ ਨਕਲੀ ਮੁਕਾਬਲੇ ਵਿਚ ਸ਼ਹੀਦ

ਛੱਬੀ ਅਪ੍ਰੈਲ 1994 ਦੇ ਦਿਨ ਪੁਲੀਸ ਨੇ ਸੁਖਬੀਰ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਸੂਜੋਂ, ਜ਼ਿਲਾ ਨਵਾਂਸ਼ਹਿਰ) ਤੇ ਸੁਖਬੀਰ ਸਿੰਘ ਕੂਨਰ (ਪੁੱਤਰ ਜਗਪਾਲ ਸਿੰਘ, ਵਾਸੀ ਕੋਟ ਗੰਗੂ ਰਾਏ, ਜ਼ਿਲਾ ਲੁਧਿਆਣਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1998: ਪੰਜਾਬ ਵਿਚ 'ਪੀਪਲਜ਼ ਕਮਿਸ਼ਨ' ਬਣਾਇਆ ਗਿਆ

26 ਅਪ੍ਰੈਲ 1998 ਦੇ ਦਿਨ ਵਰਲਡ ਸਿੱਖ ਕੌਂਸਲ ਵੱਲੋਂ ਜਸਟਿਸ ਕੁਲਦੀਪ ਸਿੰਘ ਨੇ ਪੰਜਾਬ ਵਿਚ ਗੁੰਮਸ਼ੁਦਾ ਸਿੱਖਾਂ ਬਾਰੇ 'ਪੀਪਲਜ਼ ਕਮਿਸ਼ਨ' ਬਣਾਉਣ ਦਾ ਐਲਾਨ ਕੀਤਾ।

ਤਿੰਨ ਸਾਬਕਾ ਜੱਜ ਕੇ.ਰੈਡੀ, ਡੀ. ਐਸ. ਤਿਵਾੜੀਆ, ਐਚ.ਸੁਰੇਸ਼ ਇਸ ਕਮਿਸ਼ਨ ਦੇ ਮੈਂਬਰ ਬਣਾਏ ਗਏ। ਇਸ ਕਮਿਸ਼ਨ ਨੇ ਕੁਝ ਦਿਨ ਵਿਚ ਹੀ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ, ਪਰ ਛੇਤੀ ਹੀ ਬਾਦਲ ਸਰਕਾਰ ਨੇ ਬਹਾਨਾ ਬਣਾ ਕੇ ਇਸ ਕਮਿਸ਼ਨ 'ਤੇ ਪਾਬੰਦੀ ਲਾ ਦਿੱਤੀ।

2013: ਸ਼ਿੰਗਾਰ ਬੰਬ ਕੇਸ ਵਿਚ ਕੈਦ ਸੰਦੀਪ ਸਿੰਘ ਦੀ ਨਾਭਾ ਜੇਲ੍ਹ ਚ ਸ਼ੱਕੀ ਹਾਲਤ ਚ ਮੌਤ

26 ਅਪ੍ਰੈਲ 2013 ਦੇ ਦਿਨ ਸ਼ਿੰਗਾਰ ਬੰਬ ਕੇਸ ਵਿਚ ਕੈਦ ਸੰਦੀਪ ਸਿੰਘ ਦੀ ਨਾਭਾ ਜੇਲ ਵਿਚ ਸ਼ੱਕੀ ਹਾਲਤ ਵਿਚ ਮੌਤ ਹੋ ਗਈ।ਜੇਲ੍ਹ ਵਿਚ ਵੀ ਉਸ 'ਤੇ ਬਹੁਤ ਤਸ਼ੱਦਦ ਕੀਤਾ ਗਿਆ ਸੀ। ਪੰਜਾਬ ਦੇ 'ਅਕਾਲੀ' ਕਹਾਉਂਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਅਤੇ ਡੀ.ਜੀ.ਪੀ. ਸੁਮੇਧ ਸੈਣੀ ਦੀ ਹਕੂਮਤ ਦੌਰਾਨ ਜੇਲ੍ਹ ਜਾਂ ਹਿਰਾਸਤ ਵਿਚ ਮਰਨ ਵਾਲਿਆਂ ਵਿਚ ਇਕ ਹੋਰ ਸ਼ਹੀਦ ਦਾ ਵਾਧਾ ਹੋ ਗਿਆ।

2014: ਬਿਕਰਮ ਮਜੀਠਾ ਨੇ 'ਦੇਹ ਸ਼ਿਵਾ ਬਰ ਮੋਹਿ...' ਕਵਿਤਾ ਦੀ ਤੁਕ ਬਦਲੀ

26 ਅਪ੍ਰੈਲ 2014 ਦੇ ਦਿਨ ਬਿਕਰਮਜੀਤ ਸਿੰਘ ਮਜੀਠਾ ਵਜ਼ੀਰ ਪੰਜਾਬ ਸਰਕਾਰ (ਸਾਲਾ ਸੁਖਬੀਰ ਬਾਦਲ) ਨੇ ਇਕ ਲੈਕਚਰ ਦੌਰਾਨ ਅਖੌਤੀ ਦਸਮਗ੍ਰੰਥ ਦੀ ਇਕ ਕਵਿਤਾ ''ਦੇਹ ਸ਼ਿਵਾ ਬਰ ਮੋਹਿ...' ਵਿਚਲੀ ਇਕ ਤੁੱਕ 'ਨਿਸਚੈ ਕਰ ਅਪਣੀ ਜੀਤ ਕਰੌਂ' ਦੀ ਜਗਹ 'ਨਿਸਚੈ ਕਰ ਅਰੁਣ ਜੇਤਲੀ ਕੀ ਜੀਤ ਕਰੌਂ' ਕਹਿ ਕੇ ਜੇਤਲੀ ਦੀ ਚਮਚਾਗਿਰੀ ਕਰਨ ਦੀ ਕੋਸ਼ਿਸ਼ ਕੀਤੀ। ਦਸਮਗ੍ਰੰਥ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਪਰ ਆਰ.ਐਸ.ਐਸ. ਪੱਖੀ, ਨਿਰਮਲੇ ਅਤੇ ਬ੍ਰਾਹਮਣ ਕਿਸਮ ਦੇ ਕੌਲ ਇਸ ਨੂੰ ਗੁਰੂ ਰਚਨਾ ਮੰਨਦੇ ਹਨ; ਇਸ ਕਰ ਕੇ ਇਸ ਸਬੰਧੀ ਇਕ ਦਮ ਤੂਫ਼ਾਨ ਉਠ ਪਿਆ। ਬਿਕਰਮ ਮਜੀਠਾ ਨੇ ਅਪਾਣੀ ਇੱਜ਼ਤ ਮਿੱਟੀ ਵਿਚ ਮਿਲੀ ਦੇਖ ਕੇ ਇਕ ਦਮ ਬਿਨਾ ਸ਼ਰਤ ਮੁਆਫ਼ੀ ਮੰਗ ਲਈ ਅਤੇ ਪੁਜਾਰੀ ਗੁਰਬਚਨ ਸਿੰਘ ਨੂੰ ਲਿਖਤੀ ਤੌਰ 'ਤੇ ਵੀ ਖ਼ਤ ਦੇ ਦਿੱਤਾ। ਪੁਜਾਰੀਆਂ ਨੇ ਉਸ ਨੂੰ ਚੋਣ ਤੋਂ ਅਗਲੇ ਦਿਨ ਦਿਖਾਵੇ ਦੀ ਸਜ਼ਾ ਲਾ ਕੇ ਮੁਆਫ਼ ਕਰ ਦਿੱਤਾ। ਉਸ ਨੇ ਇਹ 'ਸਜ਼ਾ' ਭੁਗਤਣ ਦੀਆਂ ਖ਼ੂਬ ਤਸਵੀਰਾਂ ਛਪਵਾਈਆਂ ਪਰ ਇਸ ਦੇ ਬਾਵਜੂਦ ਉਸ ਦੀ ਬਦਨਾਮੀ ਦਾ ਦਾਗ਼ ਨਾ ਮਿਟ ਸਕਿਆ।

27 ਅਪਰੈਲ

1635: ਕਰਤਾਰਪੁਰ ਵਿਚ ਦੂਜੇ ਦਿਨ ਵੀ ਸਿੱਖਾਂ ਤੇ ਮੁਗ਼ਲਾਂ ਵਿਚ ਲੜਾਈ ਜਾਰੀ ਰਹੀ

ਗੁਰੂ ਸਾਹਿਬ ਦਾ ਸਾਬਕਾ ਜਰਨੈਲ ਪੈਂਦੇ ਖ਼ਾਨ ਬੀਤੇ 26 ਅਪਰੈਲ 1635 ਦੇ ਦਿਨ ਜਲੰਧਰ ਤੋਂ ਮੁਗ਼ਲ ਫ਼ੌਜਾਂ ਚੜ੍ਹਾ ਕੇ ਕਰਤਾਰਪੁਰ ਗੁਰੂ ਸਾਹਿਬ 'ਤੇ ਹਮਲੇ ਵਾਸਤੇ ਲਿਆਇਆ ਸੀ। ਇਹ ਲੜਾਈ 27 ਅਪ੍ਰੈਲ ਦੇ ਦਿਨ ਵੀ ਜਾਰੀ ਰਹੀ; ਇਸ ਦਿਨ ਵੀ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਗਏ ਤੇ ਬਹੁਤ ਸਾਰੇ ਸਿੱਖ ਵੀ ਸ਼ਹੀਦ ਹੋਏ।

1719: ਮੁਗ਼ਲ ਬਾਦਸ਼ਾਹ ਫ਼ਾਰੁਖ਼ਸੀਅਰ ਨੂੰ ਕਤਲ ਕਰ ਦਿਤਾ ਗਿਆ

ਫ਼ਾਰੁਖ਼ਸੀਆਰ ਬਾਦਸ਼ਾਹ ਵੱਲੋਂ 9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਖ਼ਰਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ; ਇਸ ਤੋਂ ਪਹਿਲਾਂ ਸੱਤ ਸੌ ਤੋਂ ਵਧ ਸਿੱਖਾਂ ਨੂੰ ਦਿੱਲੀ ਵਿਚ ਮੌਤ ਦੇ ਘਾਟ ਉਤਾਰਿਆ ਜਾ ਚੁਕਾ ਸੀ। ਬੰਦਾ ਸਿੰਘ ਦੀ ਸ਼ਹੀਦੀ ਮਗਰੋਂ ਵੀ ਫ਼ਾਰੁਖ਼ਸੀਆਰ ਨੂੰ ਤਸੱਲੀ ਨਹੀਂ ਸੀ ਕਿ ਉਹ ਅਮਨ ਅਮਾਨ ਨਾਲ ਹਕੂਮਤ ਕਰ ਸਕਣਗੇ। ਉਨ੍ਹਾਂ ਨੂੰ ਸਿੱਖਾਂ ਦੇ ਵਜੂਦ ਤੋਂ ਵੀ ਡਰ ਲਗਦਾ ਸੀ। ਇਸੇ ਕਰ ਕੇ ਉਨ੍ਹਾਂ ਨੇ ਸਿੱਖਾਂ

ਨੂੰ ਬਿਲਕੁਲ ਹੀ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ ਸੀ। ਇਸ ਫ਼ੈਸਲੇ ਨੂੰ ਅਮਲ ਵਿਚ ਲਿਆਉਣ ਵਾਸਤੇ ਮੁਗ਼ਲ ਸਰਕਾਰ ਨੇ ਸਿੱਖਾਂ ਦੇ ਸਿਰਾਂ ਦੇ ਮੁਲ ਰਖ ਦਿਤੇ ਸਨ। ਇਹ ਔਖਾ ਵੇਲਾ ਸਿੱਖਾਂ ਦੇ ਇਮਤਿਹਾਨ ਦੀ ਘੜੀ ਸੀ। ਸਿੱਖਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਜਾ ਰਿਹਾ ਸੀ। ਜਿਵੇਂ ਸ਼ਿਕਾਰੀ ਲੋਕ ਜਾਨਵਰ ਦੀ ਭਾਲ ਵਿਚ ਕਈ-ਕਈ ਮੀਲ ਦੂਰ ਤਕ ਨਿਕਲ ਕੇ ਪਿੱਛਾ ਕਰਦੇ ਹਨ, ਉਵੇਂ ਹੀ ਮੁਸਲਮਾਨ ਸਿੱਖਾਂ ਦੇ ਸ਼ਿਕਾਰ ਵਾਸਤੇ ਪਾਗ਼ਲਾਂ ਵਾਂਗ ਦੂਰ-ਦੂਰ ਤੱਕ ਨਿਕਲ ਜਾਂਦੇ ਸਨ। ਸਿਰਫ਼ ਮੁਸਲਮਾਨ ਹੀ ਨਹੀਂ, ਮੁਗ਼ਲਾਂ ਦੇ ਚਾਪਲੂਸ ਲਾਲਚੀ ਤੇ ਦਹਿਸ਼ਤਗਰਦ ਹਿੰਦੂ ਵੀ ਸਿੱਖਾਂ ਦਾ ਸ਼ਿਕਾਰ ਕਰਨ ਲਗ ਪਏ ਸਨ। ਇਸ ਕਰ ਕੇ ਸਿੱਖ ਆਪਣੀਆਂ ਪਹਾਨਗਾਹਾਂ ਵੀ ਬਦਲਦੇ ਰਹਿੰਦੇ ਸਨ। ਸਿੱਖ ਕਦੇ ਲੱਖੀ ਜੰਗਲ, ਕਦੇ ਮਾਲਵੇ ਦੇ ਰੇਗਿਸਥਾਨ, ਕਦੇ ਦੂਨ ਦੀਆਂ ਪਹਾੜੀਆਂ ਤੇ ਕਦੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਲੁਕਦੇ ਰਹਿੰਦੇ ਸਨ। ਤਕਰੀਬਨ ਸਾਰੇ ਹੀ ਸਿੱਖ ਘਰਾਂ ਨੂੰ ਛੱਡ ਕੇ ਜੰਗਲਾਂ, ਪਹਾੜਾਂ ਅਤੇ ਮਾਰੂਥਲਾਂ ਵਿਚ ਚਲੇ ਗਏ ਸਨ। ਕੁਝ ਸਿੱਖ ਪੰਜਾਬ ਤੋਂ ਬਾਹਰ ਦੂਰ-ਦੂਰ ਤੇ ਇਲਾਕਿਆਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰ ਕੇ ਰੋਟੀ ਖਾਣ ਲਗ ਪਏ। ਵਿਚ-ਵਿਚ ਸਿੱਖ ਕਦੇ-ਕਦੇ ਸਰਕਾਰੀ ਖ਼ਜ਼ਾਨਿਆਂ ਅਤੇ ਅਸਲਾ ਖ਼ਾਨਿਆਂ 'ਤੇ ਹਮਲੇ ਕਰ ਕੇ ਖ਼ਜ਼ਾਨਾ ਤੇ ਅਸਲਾ ਵੀ ਲੁੱਟ ਕੇ ਲੈ ਜਾਂਦੇ ਸਨ। ਇਸ ਹਾਲਤ ਵਿਚ ਜੇ ਕੋਈ ਸਿੱਖ ਫੜਿਆ ਜਾਂਦਾ ਤਾਂ ਉਸ ਨੂੰ ਕਤਲ ਕਰ ਦਿਤਾ ਜਾਂਦਾ ਸੀ। ਸਿੱਖ ਇਸ ਮੌਤ ਤੋਂ ਵੀ ਨਹੀਂ ਸਨ ਡਰਦੇ। ਉਸ ਸਮਝਦੇ ਸਨ ਕਿ ਭੁੱਖ ਅਤੇ ਥੁੜ ਵਿਚ ਮਰਨ ਨਾਲੋਂ ਡਾਕਾ ਮਾਰਨਾ, ਲੁੱਟਣਾ ਬੇਹਤਰ ਹੈ, ਕਿਉਂ ਕਿ ਜੇ ਬਚ ਕੇ ਆ ਗਏ ਤਾਂ ਆਪਣੇ ਅਤੇ ਸਾਥੀਆਂ ਵਾਸਤੇ ਰੋਟੀ ਤੇ ਅਸਲਾ ਆ ਜਾਂਦਾ ਸੀ, ਨਹੀਂ ਤਾਂ ਸ਼ਹੀਦੀ ਤਾਂ ਮਿਲਦੀ ਹੀ ਸੀ। ਇਨ੍ਹਾਂ ਦਿਨਾਂ ਵਿਚ ਜੇ ਕੋਈ ਕਿਸੇ ਸਿੱਖ ਦੀ ਮਾਂ ਨੂੰ ਪੁੱਛ ਬੈਠਦਾ ਕਿ ਤੇਰੇ ਕਿੰਨੇ ਪੁੱਤਰ ਹਨ ਤਾਂ ਉਹ ਜਵਾਬ ਦੇਂਦੀ ਸੀ "ਪਹਿਲਾਂ ਚਾਰ ਪੁੱਤਰ ਸਨ ਹੁਣ ਤਿੰਨ ਰਹਿ ਗਏ ਸਨ ਕਿਉਂ ਕਿ ਇਕ ਪੁੱਤਰ ਸਿੱਖ ਬਣ ਗਿਆ ਹੈ।"

ਛੁਪਣ-ਗਾਹਾਂ ਵਿਚ ਵੀ ਸਿੱਖਾਂ ਨੂੰ ਬੜੇ ਔਖੇ ਦਿਨ ਕਟਣੇ ਪਏ। ਨਾ ਖਾਣ ਨੂੰ, ਨਾ ਪਹਿਨਣ ਨੂੰ, ਨਾ ਸਿਰ ਛੁਪਾਉਣ ਨੂੰ ਥਾਂ। ਆਸਮਾਨ ਹੇਠਾਂ, ਰੜੇ ਮੈਦਾਨ ਵਿਚ ਰਹਿਣਾ-ਸੌਣਾ, ਜੰਗਲ 'ਚ ਮਿਲਣ ਵਾਲੇ ਫਲ ਤੇ ਪੱਤੇ ਖਾ ਕੇ ਗੁਜ਼ਾਰਾ ਕਰਨਾ ਸਿੱਖਾਂ ਦਾ ਰੋਜ਼ਨਾਮਚਾ ਸੀ। ਭੁੱਖ, ਦੁਖ, ਤਕਲੀਫ਼, ਦਰਦਾਂ, ਬੀਮਾਰੀਆਂ, ਉਦਾਸੀ, ਡਰ, ਘਬਰਾਹਟ, ਹਨੇਰਾ, ਉਨੀਂਦੇ ਦਾ ਬੋਲਬਾਲਾ ਸੀ। ਇਹ ਕਈ ਸਾਲਾਂ ਦੀ ਲੰਮੀ ਕਾਲੀ-ਬੋਲੀ ਰਾਤ ਸੀ। ਪਰ, ਸਿੱਖਾਂ ਕੋਲ ਹੌਸਲਾ, ਬਹਾਦਰੀ, ਦ੍ਰਿੜਤਾ, ਆਸ ਸੀ। ਚੜ੍ਹਦੀ ਕਲਾ ਦਾ ਅਹਿਸਾਸ ਹਮੇਸ਼ਾਂ ਉਨ੍ਹਾਂ ਦੇ ਅੰਗ-ਸੰਗ ਰਿਹਾ। ਔਖਿਆਈਆਂ ਨੇ ਉਨ੍ਹਾਂ ਦੇ ਦਿਲ ਤੇ ਰੂਹ ਹੋਰ ਵੀ ਤਕੜੇ ਕੀਤੇ, ਪੀੜਾਂ ਨੇ ਉਨ੍ਹਾਂ ਨੂੰ ਪੁਰ-ਉਮੀਦ ਕੀਤਾ, ਬੀਮਾਰੀਆਂ ਨੇ ਉਨ੍ਹਾਂ ਦੇ ਹੌਸਲੇ ਬੁਲੰਦ ਕੀਤੇ, ਭੁਖਮਰੀ ਨੇ ਉਨ੍ਹਾਂ ਵਿਚ ਸਹਿਣ ਦੀ ਤਾਕਤ ਤੇ ਦਲੇਰੀ ਭਰੀ। ਉਨ੍ਹਾਂ ਨੇ ਅਪਣੇ ਸੁਫ਼ਨੇ ਕਦੇ ਵੀ ਢਲਣ ਜਾਂ ਕਮਜ਼ੋਰ ਹੋਣ ਨਹੀਂ ਦਿਤੇ। ਆਜ਼ਾਦੀ, ਅਣਖ-ਭਰੀ ਜ਼ਿੰਦਗੀ, ਬਿਖੜੇ ਪੈਂਡੇ, ਹਨੇਰੇ ਰਸਤੇ ਨੇ ਉਨ੍ਹਾਂ ਵਿਚ ਦ੍ਰਿੜਤਾ, ਸੰਜੀਦਗੀ, ਸਬਰ ਅਤੇ ਅਕਾਲ ਪੁਰਖ 'ਤੇ ਯਕੀਨ ਵਧਾਇਆ। ਸਖ਼ਤੀ ਨੇ ਸਿੱਖਾਂ ਨੂੰ ਕਮਜ਼ੋਰ ਨਹੀਂ ਕੀਤਾ ਬਲਕਿ ਲੋਹਾ ਕਰ ਦਿਤਾ। ਰੁਕਾਵਟਾਂ ਤੇ ਜੱਦੋਜਹਿਦ ਨੂੰ ਉਨ੍ਹਾਂ ਨੇ ਆਪਣੇ ਇਮਤਿਹਾਨ ਸਮਝਿਆ।

ਪਰ ਇਹ ਦੌਰ ਅਖ਼ੀਰ ਖ਼ਤਮ ਹੋ ਗਿਆ। ਫ਼ਾਰੁਖ਼ਸੀਆਰ, ਜੋ ਆਪਣੇ ਤਾਏ ਅਤੇ ਚਚੇਰੇ ਭਰਾਵਾਂ ਦੇ ਕਤਲਾਂ ਮਗਰੋਂ ਬਾਦਸ਼ਾਹ ਬਣਿਆ ਸੀ ਤੇ ਜਿਸ ਨੇ ਬੰਦਾ ਸਿੰਘ ਬਹਾਦਰ ਨੂੰ ਜ਼ਮਾਨੇ ਦੇ ਸਭ ਤੋਂ ਵੱਧ ਜ਼ਾਲਮਾਨਾ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ; ਨੂੰ ਵੀ ਅਕਾਲ ਪੁਰਖ ਨੇ ਉਹੀ ਸਜ਼ਾ ਦਿੱਤੀ ਜੋ ਉਸ ਨੇ ਆਪਣੇ ਮੁਖ਼ਾਲਿਫ਼ਾਂ ਵਾਸਤੇ ਮਿੱਥੀ ਹੋਈ ਸੀ। 28 ਫ਼ਰਵਰੀ 1719 ਦੇ ਦਿਨ (ਬੰਦਾ ਸਿੰਘ ਦੀ ਸ਼ਹੀਦੀ ਤੋਂ ਪੌਣੇ ਤਿੰਨ ਸਾਲ ਮਗਰੋਂ) ਉਸ ਨੂੰ, ਬਾੜ੍ਹਾ ਦੇ

ਉਨ੍ਹਾਂ ਸੱਯਦ ਭਰਾਵਾਂ, ਜਿਨ੍ਹਾਂ ਨੇ ਉਸ ਨੂੰ ਤਖ਼ਤ ਦਿਵਾਇਆ ਸੀ, ਨੇ ਹੀ ਦੋਹਾਂ ਅੱਖਾਂ ਤੋਂ ਅੰਨ੍ਹਾ ਕਰ ਦਿਤਾ। ਇਸ ਤੋਂ ਦੋ ਮਹੀਨੇ ਮਗਰੋਂ 27 ਅਪਰੈਲ 1719 ਨੂੰ ਉਸ ਨੂੰ ਮਾਰ ਵੀ ਦਿਤਾ ਗਿਆ।

1925: ਜੈਤੋ ਵਾਸਤੇ ਆਖ਼ਰੀ ਜਥਾ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ

ਜੈਤੋ ਮੋਰਚੇ ਦੌਰਾਨ 27 ਅਪ੍ਰੈਲ 1925 ਨੂੰ 101 ਸਿੰਘਾਂ ਦਾ ਇਕ ਜਥਾ ਅਕਾਲ ਤਖ਼ਤ ਸਾਹਿਬ ਤੋਂ ਲਾਇਲਪੁਰ ਜਾ ਕੇ ਉਥੋਂ ਪੜਾਓ-ਪੜਾਈ ਜੈਤੋ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਤਲਾਹ ਮਿਲੀ ਕਿ ਸਰਕਾਰ ਨੇ ਅਖੰਡ-ਪਾਠ ਸਬੰਧੀ ਹਰ ਤਰ੍ਹਾਂ ਦੀ ਪਾਬੰਦੀ ਹਟਾ ਲਈ ਹੈ। ਸੋ ਇਸ ਜਥੇ ਨੇ ਉੱਥੇ ਪੁੱਜ ਕੇ ਪਹਿਲਾ ਅਖੰਡ-ਪਾਠ ਸ਼ੁਰੂ ਕੀਤਾ। ਇਸ ਜਥੇ ਨੂੰ ਮਗਰੋਂ 'ਸਪੈਸ਼ਲ ਜਥਾ' ਦਾ ਨਾਂ ਦਿੱਤਾ ਗਿਆ।

1990: ਤੇਜਿੰਦਰ ਸਿੰਘ ਚੋਹਲਾ ਸਾਹਿਬ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਈ ਅਪ੍ਰੈਲ 1990 ਦੇ ਦਿਨ ਪੰਜਾਬ ਪੁਲਸ ਨੇ ਤੇਜਿੰਦਰ ਸਿੰਘ ਉਰਫ਼ ਬਲਵਿੰਦਰ ਸਿੰਘ ਬਿੱਲਾ (ਵਾਸੀ ਚੋਹਲਾ ਸਾਹਿਬ, ਪੱਤੀ ਦੋਲੇਕੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਦੇਵ ਸਿੰਘ ਕਾਦਰਾਬਾਦ, ਅੰਗਰੇਜ਼ ਸਿੰਘ ਜਲਾਲਾਬਾਦ, ਰੇਸ਼ਮ ਸਿੰਘ ਚੀਨਾ ਸਵਾਜਪੁਰ, ਗਿਆਨ ਸਿੰਘ ਤੇ ਜਗਤ ਸਿੰਘ ਜੱਗਾ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਈ ਅਪ੍ਰੈਲ 1992 ਦੇ ਦਿਨ ਪੁਲਸ ਨਾਲ ਹੋਏ ਇਕ ਅਸਲ ਮੁਕਾਬਲੇ ਵਿਚ ਹਰਦੇਵ ਸਿੰਘ ਕਾਲੀਆ (ਕਾਦਰਾਬਾਦ), ਜਗਤ ਸਿੰਘ ਜੱਗਾ ਤੋਂ ਇਲਾਵਾ ਗਿਆਨ ਸਿੰਘ, ਅੰਗਰੇਜ਼ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਜਲਾਲਾਬਾਦ) ਤੇ ਰੇਸ਼ਮ ਸਿੰਘ (ਪੁੱਤਰ ਮਲੂਕ ਸਿੰਘ, ਵਾਸੀ ਚੀਨਾ ਸਵਾਜਪੁਰ) ਸ਼ਹੀਦ ਹੋ ਗਏ।

1993: ਰੇਸ਼ਮ ਸਿੰਘ ਵਲਟੋਹਾ, ਸੁਖਦੇਵ ਸਿੰਘ ਫਰੀਵਾਲਾ ਤੇ ਗੁਲਜ਼ਾਰ ਸਿੰਘ ਕੰਬੋ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਈ ਅਪ੍ਰੈਲ 1993 ਦੇ ਦਿਨ ਰੇਸ਼ਮ ਸਿੰਘ (ਪੁੱਤਰ ਮਾਦਾ ਸਿੰਘ, ਵਾਸੀ ਵਲਟੋਹਾ), ਸੁਖਦੇਵ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਫਰੀਵਾਲਾ), ਗੁਲਜ਼ਾਰ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਕੰਬੋ) ਤੇ ਕਈ ਹੋਰ ਸਿੱਖ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

28 ਅਪਰੈਲ

1635: ਕਰਤਾਰਪੁਰ ਦੀ ਜੰਗ ਦਾ ਆਖ਼ਰੀ ਦਿਨ; ਪੈਂਦੇ ਖ਼ਾਂ ਮਾਰਿਆ ਗਿਆ

ਪੈਂਦੇ ਖ਼ਾਨ ਦੋ ਦਿਨ ਪਹਿਲਾਂ 26 ਅਪਰੈਲ 1635 ਦੇ ਦਿਨ ਜਲੰਧਰ ਤੋਂ ਮੁਗ਼ਲ ਫ਼ੌਜਾਂ ਚੜ੍ਹਾ ਕੇ ਕਰਤਾਰਪੁਰ ਗੁਰੂ ਹਰਗੋਬਿੰਦ ਸਾਹਿਬ 'ਤੇ ਹਮਲੇ ਵਾਸਤੇ ਲਿਆਇਆ ਸੀ। ਇਹ ਲੜਾਈ 27 ਤੇ 28 ਅਪ੍ਰੈਲ ਦੇ ਦਿਨ ਵੀ ਜਾਰੀ ਰਹੀ; ਇਸ ਦਿਨ ਵੀ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਗਏ ਤੇ ਬਹੁਤ ਸਾਰੇ ਸਿੱਖ ਵੀ ਸ਼ਹੀਦ ਹੋਏ; ਅਖ਼ੀਰ ਪੈਂਦੇ ਖ਼ਾਂ, ਉਸ ਦੇ ਜਵਾਈ ਅਤੇ ਮੁਗ਼ਲ ਫ਼ੌਜਾਂ ਦੇ ਕਮਾਂਡਰ ਦੇ ਮਾਰੇ ਜਾਣ ਮਗਰੋਂ ਇਹ ਲੜਾਈ ਖ਼ਤਮ ਹੋਈ।

1711; ਬੰਦਾ ਸਿੰਘ ਨੇ 'ਖ਼ੁਤਬਾ' ਤੇ 'ਅਜ਼ਾਨ' ਦੀ ਇਜਾਜ਼ਤ ਦਿਤੀ

ਮਾਰਚ 1711 ਵਿਚ ਰਾਇਪੁਰ ਤੇ ਬਹਿਰਾਮਪੁਰ ਦੀ ਜਿਤ ਮਗਰੋਂ ਸਿਖ ਫ਼ੌਜਾਂ ਨੇ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਕਲਾਨੌਰ ਅਤੇ ਬਟਾਲੇ ਵੱਲ ਰੁਖ਼ ਕਰ ਲਿਆ ਸੀ। ਇਨ੍ਹਾਂ ਦਿਨਾਂ ਵਿਚ ਬੰਦਾ ਸਿੰਘ ਦੇ ਬਟਾਲਾ ਦੇ ਨੇੜੇ ਪੁੱਜਣ ਦੀਆਂ ਖ਼ਬਰਾਂ ਆਈਆਂ। ਬਟਾਲਾ ਦੇ, ਅਤੇ ਆਲੇ-ਦੁਆਲੇ ਦੇ, ਬਹੁਤ ਸਾਰੇ ਅਮੀਰ-ਵਜ਼ੀਰ, ਆਪਣਾ ਮੱਲ-ਮੱਤਾ ਸੰਭਾਲ ਕੇ, ਆਪਣੇ ਟੱਬਰਾਂ ਸਣੇ, ਸ਼ਹਿਰ ਛੱਡ ਕੇ ਲਾਹੌਰ ਨੂੰ ਭੱਜ ਗਏ। ਉਦੋਂ ਬਟਾਲਾ ਵਿਚ ਸਈਅਦ ਮੁਹੰਮਦ ਫ਼ਜ਼ਲ ਕਾਦਰੀ ਅਤੇ ਸ਼ੇਖ਼ ਅਹਿਮਦ ਦੋ ਮਸ਼ਹੂਰ ਸ਼ਖ਼ਸੀਅਤਾਂ ਰਹਿੰਦੀਆਂ ਸਨ। ਸਈਅਦ ਮੁਹੰਮਦ ਫ਼ਜ਼ਲ ਕਾਦਰੀ (ਜਿਸ ਨੇ ਇਕ ਵੱਡਾ ਮਦਰੱਸਾ ਵੀ ਕਾਇਮ ਕੀਤਾ ਹੋਇਆ ਸੀ) ਸਿੱਖਾਂ ਨਾਲ ਲੜਾਈ ਕਰ ਕੇ ਨੁਕਸਾਨ ਕਰਵਾਉਣ ਦੇ ਹੱਕ ਵਿਚ ਨਹੀਂ ਸੀ ਪਰ ਸ਼ੇਖ਼ ਅਹਿਮਦ (ਜਿਸ ਨੂੰ 'ਸ਼ੇਖ਼ੁਲ ਹਿੰਦ' ਕਿਹਾ ਜਾਂਦਾ ਸੀ) ਬੰਦਾ ਸਿੰਘ ਨੂੰ ਜ਼ਬਰਦਸਤ ਟੱਕਰ ਦੇਣੀ ਚਾਹੁੰਦਾ ਸੀ। ਐਲਾਨ ਮੁਜਬ ਸ਼ੇਖ਼ ਅਹਿਮਦ ਨੇ ਸਿੱਖ ਫ਼ੌਜਾਂ ਨਾਲ ਟੱਕਰ ਲਈ ਪਰ ਬੜੀ ਛੇਤੀ ਹੀ ਉਹ ਮਾਰਿਆ ਗਿਆ। ਇਸ ਮਗਰੋਂ ਸਿੱਖ ਫ਼ੌਜਾਂ ਦਰਵਾਜ਼ੇ ਭੰਨ ਕੇ ਸ਼ਹਿਰ ਵਿਚ ਦਾਖ਼ਿਲ ਹੋਈਆਂ ਅਤੇ ਜ਼ਾਲਮ ਹਾਕਮਾਂ ਅਤੇ ਅਮੀਰਾਂ ਦੇ ਘਰ ਲੁੱਟ ਲਏ। ਕਾਜ਼ੀ ਅਬਦੁਲ ਹੱਕ ਦਾ ਮਹੱਲਾ ਅਤੇ ਸਾਰੀਆਂ ਹਵੇਲੀਆਂ ਲੁੱਟਣ ਮਗਰੋਂ ਸਾੜ ਦਿਤੀਆਂ ਗਈਆਂ।

ਕਲਾਨੌਰ ਉਸ ਵੇਲੇ ਲਾਹੌਰ ਤੋਂ ਮਗਰੋਂ ਮਾਝੇ ਦਾ ਸਭ ਤੋਂ ਵੱਡਾ ਸ਼ਹਿਰ ਸੀ। ਇਸ ਸ਼ਹਿਰ ਵਿਚ ਇਕ ਸ਼ਾਨਦਾਰ ਕਿਲ੍ਹਾ ਅਤੇ ਬਹੁਤ ਸਾਰੀਆਂ ਵੱਡੀਆਂ-ਵੱਡੀਆਂ ਹਵੇਲੀਆਂ ਸਨ। ਇਥੋਂ ਦਾ ਫ਼ੌਜਦਾਰ ਸੁਹਰਾਬ ਖ਼ਾਨ ਅਤੇ ਕਾਨੂੰਨਗੋ ਇਕ ਹਿੰਦੂ ਸੰਤੋਖ ਰਾਏ ਸੀ। ਉਹ ਬੰਦਾ ਸਿੰਘ ਦੇ ਹਮਲੇ ਦੀ ਤਾਅਬ ਨਾ ਝੱਲ ਸਕੇ। ਸੰਤੋਖ ਰਾਏ ਦੇ ਭਰਾ ਅਣੋਖ ਰਾਇ ਨੇ ਵੀ ਕੁਝ ਚਿਰ ਬੰਦਾ ਸਿੰਘ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਤਿੰਨੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ, ਜਾਨਾਂ ਬਚਾ ਕੇ, ਲਾਹੌਰ ਵਲ ਨੱਸ ਗਏ। ਉਨ੍ਹਾਂ ਦੀ ਥਾਂ ਬੰਦਾ ਸਿੰਘ ਨੇ ਸਿੱਖਾਂ ਨੂੰ ਫ਼ੌਜਦਾਰੀ ਤੇ ਹੋਰ ਅਹੁਦਿਆਂ 'ਤੇ ਲਾ ਦਿਤਾ।

ਅਪਰੈਲ 1711 ਦਾ ਦੂਜਾ ਅੱਧ ਬੰਦਾ ਸਿੰਘ ਨੇ ਕਲਾਨੌਰ ਵਿਚ ਹੀ ਬਿਤਾਇਆ। ਕਲਾਨੌਰ ਇਕ ਬੜਾ ਵੱਡਾ ਸ਼ਹਿਰ ਸੀ (ਇਸ ਸ਼ਹਿਰ ਬਾਰੇ ਇਹ ਮਸ਼ਹੂਰ ਸੀ ਕਿ "ਜਿਸ ਨੇ ਵੇਖਿਆ ਨਹੀਂ ਲਾਹੌਰ ਉਹ ਵੇਖ ਲਏ ਕਲਾਨੌਰ")। ਇਹ ਸ਼ਹਿਰ ਏਨਾ ਵੱਡਾ ਸੀ ਕਿ ਇਸ ਵਿਚ ਸੈਂਕੜੇ ਮਸੀਤਾਂ ਸਨ ਅਤੇ ਇੱਥੇ ਇਕ ਲੱਖ ਤੋਂ ਵੀ ਵਧ ਮੁਸਲਮਾਨ ਰਹਿੰਦੇ ਸਨ। ਬੰਦਾ ਸਿੰਘ ਨੇ ਕਲਾਨੌਰ 'ਤੇ ਕਬਜ਼ਾ ਕਰਨ ਮਗਰੋਂ ਵੀ ਕਿਸੇ ਮਸਜਿਦ ਜਾਂ ਕਿਸੇ ਹੋਰ ਮੁਸਲਮ ਅਦਾਰੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਉਸ ਨੇ ਇਕ ਵਾਰ ਦਰਬਾਰ ਲਾ ਕੇ ਇਹ ਸਪਸ਼ਟ ਵੀ ਕੀਤਾ ਕਿ ਉਸ ਦੀ ਲੜਾਈ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਬਲਕਿ ਜ਼ਾਲਮ ਪਠਾਣ ਤੇ ਮੁਗ਼ਲ ਹਾਕਮਾਂ ਦੇ ਖ਼ਿਲਾਫ਼ ਹੈ। ਬੰਦਾ ਸਿੰਘ ਦੇ ਇਸ ਐਲਾਨ-ਨਾਮੇ 'ਤੇ ਆਮ ਮੁਸਲਮਾਨਾਂ ਨੇ ਬੜਾ ਸਕੂਨ ਮਹਿਸੂਸ ਕੀਤਾ। ਕਿਉਂਕਿ ਆਮ ਆਦਮੀ ਉਸ ਵੇਲੇ ਜ਼ਾਲਮ ਹਾਕਮਾਂ ਤੋਂ ਬੜਾ ਦੁਖੀ ਸੀ, ਇਸ ਕਰ ਕੇ ਉਨ੍ਹਾਂ ਦੇ ਦਿਲ ਵਿਚ ਬੰਦਾ ਸਿੰਘ ਅਤੇ ਖ਼ਾਲਸਾ ਫ਼ੌਜ ਵਾਸਤੇ ਹਮਦਰਦੀ ਪੈਦਾ ਹੋ ਗਈ। ਇਸ ਦੇ ਨਾਲ ਹੀ ਹਜ਼ਾਰਾਂ ਮੁਸਲਮਾਨਾਂ ਨੇ ਬੰਦਾ ਸਿੰਘ ਦੀ ਫ਼ੌਜ ਵਿਚ ਨੌਕਰੀ ਕਰਨ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ। ਬੰਦਾ ਸਿੰਘ ਨੇ ਫ਼ਰਾਖ਼ਦਿਲੀ ਦਿਖਾਉਂਦਿਆਂ ਹੋਇਆ ਮੁਸਲਮਾਨਾਂ ਨੂੰ ਵੀ ਫ਼ੌਜ ਵਿਚ ਨੌਕਰੀਆਂ ਦੇ ਦਿਤੀਆਂ।

28 ਅਪਰੈਲ 1711 ਦੇ ਦਿਨ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਬਾਕੀ ਖ਼ਬਰਾਂ ਦੇ ਨਾਲ ਨਾਲ ਇਹ ਵੀ ਦੱਸਿਆ ਗਿਆ ਕਿ ਪੰਜ ਹਜ਼ਾਰ ਪਠਾਣ ਸਿੱਖਾਂ ਨਾਲ ਰਲਣ ਵਾਸਤੇ ਤਿਆਰ ਖੜੇ ਹਨ। ਹਰਕਾਰੇ ਦੀ ਰਿਪੋਰਟ ਪੇਸ਼ ਕਰਦਿਆਂ ਬਾਦਸ਼ਾਹ ਨੂੰ ਦੱਸਿਆ ਕਿ "*ਨਾਨਕ ਪੂਜ (ਬੰਦਾ ਸਿੰਘ) ਦਾ ਡੇਰਾ 19 ਤਾਰੀਖ਼ (26 ਅਪਰੈਲ 1711) ਤਕ ਕਲਾਨੌਰ ਦੇ ਕਸਬੇ*

ਵਿਚ ਸੀ। ਉਸ ਨੇ ਬਚਨ ਦਿੱਤਾ ਹੈ ਤੇ ਇਕਰਾਰ ਕੀਤਾ ਹੈ ਕਿ ਉਹ ਮੁਸਲਮਾਨਾਂ ਨੂੰ ਕੋਈ ਤਕਲੀਫ਼ ਨਹੀਂ ਦੇਵੇਗਾ। ਚੁਨਾਂਚਿ ਜਿਹੜਾ ਕੋਈ ਵੀ ਮੁਸਲਮਾਨ ਉਸ ਵੱਲ ਰੁਜੂ ਹੁੰਦਾ ਹੈ ਉਹ ਉਸ ਦੀ ਦਿਹਾੜੀ ਅਤੇ ਤਨਖ਼ਾਹ ਨੀਅਤ ਕਰ ਕੇ ਉਸ ਦਾ ਖ਼ਿਆਲ ਵੀ ਰਖਦਾ ਹੈ। ਉਸ ਨੇ ਉਨ੍ਹਾਂ ਨੂੰ ਖ਼ੁਤਬਾ ਅਤੇ ਨਮਾਜ਼ ਦੀ ਇਜਾਜ਼ਤ ਵੀ ਦਿਤੀ ਹੋਈ ਹੈ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਬਾਗ਼ੀ ਸਿੱਖ ਆਗੂ ਕੋਲ ਨੌਕਰ ਹੋ ਗਏ ਹਨ। ਅਜ਼ਾਨ ਤੇ ਨਮਾਜ਼ ਦੀ ਇਜਾਜ਼ਤ ਮਗਰੋਂ ਮੁਸਲਮਾਨ ਇਨ੍ਹਾਂ ਬਾਗ਼ੀਆਂ ਦੀ ਫ਼ੌਜਾਂ ਵਿਚ ਸਕੂਨ ਮਹਿਸੂਸ ਕਰ ਰਹੇ ਹਨ।"

ਬੰਦਾ ਸਿੰਘ 'ਤੇ ਕੁਝ ਮੁਤੱਸਬੀ ਲਿਖਾਰੀਆਂ ਨੇ ਦੋਸ਼ ਲਾਇਆ ਹੈ ਕਿ ਉਸ ਨੇ ਪੰਜਾਬ 'ਤੇ ਕਬਜ਼ਾ ਕਰਦਿਆਂ ਹੀ ਮਸੀਤਾਂ ਢਾਹ ਦਿੱਤੀਆਂ ਅਤੇ ਮੁਸਲਮਾਨਾਂ 'ਤੇ ਜ਼ੁਲਮ ਕੀਤਾ। ਮੁਸਲਮਾਨਾਂ ਨਾਲ ਜ਼ਿਆਦਤੀ ਕੀਤੀ ਹੁੰਦੀ ਤਾਂ ਕਲਾਨੌਰ ਵਿਚ 5000 ਮੁਸਲਮਾਨ ਉਸ ਦੀ ਫ਼ੌਜ ਵਿਚ ਭਰਤੀ ਨਾ ਹੁੰਦਾ। ਬੰਦਾ ਸਿੰਘ ਨੇ ਦੁਸ਼ਮਣਾਂ ਨੂੰ ਯਕੀਨਨ ਸਖ਼ਤ ਸਜ਼ਾ ਦਿਤੀ ਸੀ ਪਰ ਉਸ ਨੇ ਗ਼ੁੱਸੇ ਵਿਚ ਕਦੇ ਵੀ ਕਿਸੇ ਨੂੰ ਤੰਗ ਨਹੀਂ ਕੀਤਾ; ਹੋਰ ਤਾਂ ਹੋਰ ਉਸ ਨੇ ੀ ਸ਼ੇਖ਼ਾਂ ਨੂੰ ਵੀ ਕੁਝ ਨਹੀਂ ਕਿਹਾ। ਦਰਅਸਲ ਬੰਦਾ ਸਿੰਘ ਦੀ ਜੰਗ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਸੀ ਬਲਕਿ ਜ਼ੁਲਮ ਕਰਨ ਵਾਲਿਆਂ ਦੇ ਖ਼ਿਲਾਫ਼ ਸੀ। ਇਸੇ ਕਰ ਕੇ ਬੰਦਾ ਸਿੰਘ ਨੇ ਕਿਸੇ ਵੀ ਇਸਲਾਮੀ ਅਦਾਰੇ 'ਤੇ ਹਮਲਾ ਨਹੀਂ ਕੀਤਾ। ਬੰਦਾ ਸਿੰਘ ਦੇ ਹਮਲੇ ਤੋਂ ਤਿੰਨ ਸੌ ਸਾਲ ਮਗਰੋਂ, ਅੱਜ **2015** ਵਿਚ ਵੀ ਸ਼ੇਖ਼ ਅਹਿਮਦ ਦੀ ਦਾ ਮਜ਼ਾਰ ਅਤੇ ਡੇਰਾ, ਲਾਲ ਮਸਜਿਦ, ਸਦਨੇ ਕਸਾਈ ਦੀ ਮਸਜਿਦ, ਉਸਤਾਦ ਤੇ ਸ਼ਾਗਿਰਦ ਦੇ ਮਕਬਰੇ, ਮੀਰੇ-ਮੀਰਾਂ ਦਾ ਮਜ਼ਾਰ ਅਤੇ ਹੋਰ ਕਈ ਮਸਜਿਦਾਂ ਤੇ ਮਕਬਰੇ ਅਤੇ ਇਸ ਦੇ ਆਲੇ-ਦੁਆਲੇ ਆਪਣੇ ਜੌਹੋ-ਜਲਾਲ ਵਿਚ ਖੜ੍ਹੇ ਹਨ। ਜੇ ਬੰਦਾ ਸਿੰਘ ਇਸਲਾਮ-ਵਿਰੋਧੀ ਹੁੰਦਾ ਤਾਂ ਉਹ ਇਨ੍ਹਾਂ ਇਮਾਰਤਾਂ ਨੂੰ ਜੇ ਤਬਾਹ ਨਾ ਵੀ ਕਰਦਾ ਤਾਂ ਨੁਕਸਾਨ ਜ਼ਰੂਰ ਪਹੁੰਚਾਉਂਦਾ।

1982: ਮਰੀਆਂ ਗਊਆਂ ਦੇ ਕੰਨ ਮਹਾਸ਼ਾ ਅਖ਼ਬਾਰਾਂ ਨੂੰ ਪਾਰਸਲ ਕੀਤੇ ਗਏ

25 ਅਪਰੈਲ 1982 ਦੇ ਦਿਨ ਹਿੰਦੂਆਂ ਵੱਲੋਂ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਅਤੇ ਦੋ ਹੋਰ ਗੁਰਦੁਆਰਿਆਂ 'ਤੇ ਹਮਲੇ ਦੇ ਰੋਸ ਵਜੋਂ, ਅਤੇ ਹਿੰਦੂ ਅਖ਼ਬਾਰਾਂ ਵਲੋਂ ਸਿੱਖਾਂ ਦੇ ਖ਼ਿਲਾਫ਼ ਜ਼ਹਿਰੀਲਾ ਪ੍ਰਚਾਰ ਕਰਨ ਦੇ ਜਵਾਬ ਵਜੋਂ, ਕੁਝ ਖਾੜਕੂਆਂ ਵਲੋਂ 28 ਅਪ੍ਰੈਲ ਨੂੰ ਫ਼ਿਰਕੂ ਹਿੰਦੂ ਅਖ਼ਬਾਰਾਂ 'ਹਿੰਦ ਸਮਾਚਾਰ' ਅਤੇ 'ਵੀਰ ਪਰਤਾਪ' ਦੇ ਫ਼ਿਰਕੂ ਐਡੀਟਰਾਂ ਨੂੰ ਗਊਆਂ ਦੇ ਕੰਨ ਵੀ ਪਾਰਸਲ ਕਰ ਕੇ ਭੇਜੇ ਗਏ।

1991: ਸੁਖਪਾਲ ਸਿੰਘ ਸਰਪੰਚ ਕੁਰਗਵਾਲੀ, ਪਰਮਜੀਤ ਸਿੰਘ ਮਾਹੀ ਨੰਗਲ, ਮੇਜਰ ਸਿੰਘ ਬਠਿੰਡਾ ਤੇ ਗੁਰਮੇਲ ਸਿੰਘ ਕੁੰਭੜਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਅਠਾਈ ਅਪ੍ਰੈਲ 1991 ਦੇ ਦਿਨ ਪੁਲੀਸ ਨੇ ਸੁਖਪਾਲ ਸਿੰਘ ਸਰਪੰਚ ਕੁਰਗਵਾਲੀ, ਸਿਰਸਾ (ਪੁੱਤਰ ਭਾਈ ਰਘਬੀਰ ਸਿੰਘ ਢਿੱਲੋਂ, ਵਾਸੀ ਹਰਨਾਮ ਸਿੰਘ ਵਾਲਾ, ਪਟਿਆਲਾ), ਪਰਮਜੀਤ ਸਿੰਘ (ਪੁੱਤਰ ਚੰਦ ਸਿੰਘ, ਵਾਸੀ ਮਾਹੀ ਨੰਗਲ, ਨੇੜੇ ਰਾਮਾ ਮੰਡੀ, ਜ਼ਿਲ੍ਹਾ ਬਠਿੰਡਾ), ਮੇਜਰ ਸਿੰਘ (ਪੁੱਤਰ ਦਸੌਂਧਾ ਸਿੰਘ, ਵਾਸੀ ਮਹਿਣਾ ਮੁਹੱਲਾ, ਬਠਿੰਡਾ) ਤੇ ਗੁਰਮੇਲ ਸਿੰਘ (ਪੁੱਤਰ ਹਮੀਰ ਸਿੰਘ, ਵਾਸੀ ਕੁੰਭੜਵਾਲ, ਜ਼ਿਲ੍ਹਾ ਸੰਗਰੂਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਦਿਲਬਾਗ ਸਿੰਘ ਬਾਗਾ ਫੇਰੂਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਈ ਅਪ੍ਰੈਲ 1992 ਦੇ ਦਿਨ ਪੁਲੀਸ ਨੇ ਦਿਲਬਾਗ ਸਿੰਘ ਬਾਗਾ (ਪੁੱਤਰ ਮਹਿੰਗਾ ਸਿੰਘ, ਵਾਸੀ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਪਿੰਡ ਤੁੰਗ (ਅੰਮ੍ਰਿਤਸਰ ਨੇੜੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਹਰਪਾਲ ਸਿੰਘ ਜੰਮੂ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਈ ਅਪ੍ਰੈਲ 1994 ਦੇ ਦਿਨ ਪੁਲੀਸ ਨੇ ਹਰਪਾਲ ਸਿੰਘ (ਪੁੱਤਰ ਮੱਖਣ ਸਿੰਘ, ਵਾਸੀ ਸਿੰਬਲ ਕੈਂਪ, ਜੰਮੂ)) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

29 ਅਪਰੈਲ

1635: ਫਗਵਾੜਾ ਵਿਚੋਂ ਲੰਘਦਿਆਂ ਗੁਰੂ ਸਾਹਿਬ 'ਤੇ ਹਮਲਾ; ਸਿੱਖਾਂ ਨੇ ਮੁਗਲਾ ਫ਼ੌਜਾਂ ਨੂੰ ਜ਼ਬਰਦਸਤ ਹਾਰ ਦਿਤੀ

26 ਤੋਂ 28 ਅਪਰੈਲ 1635 ਤਕ, ਤਿੰਨ ਦਿਨ ਕਰਤਾਰਪੁਰ (ਜਲੰਧਰ) ਵਿਚ ਹੋਈ ਇਸ ਲੜਾਈ ਵਿਚ ਪੈਂਦੇ ਖ਼ਾਨ, ਮੁਗ਼ਲ ਫ਼ੌਜਾਂ ਦਾ ਕਮਾਂਡਰ ਅਤੇ ਬਹੁਤ ਸਾਰੇ ਹੋਰ ਮੁਗ਼ਲ ਸਿਪਾਹੀ ਮਾਰੇ ਗਏ। ਬਹੁਤ ਸਾਰੇ ਸਿੱਖ ਵੀ ਇਸ ਵਿਚ ਸ਼ਹੀਦ ਹੋਏ। ਗੁਰੂ ਸਾਹਿਬ ਨੇ ਇਨ੍ਹਾਂ ਸਾਰਿਆਂ ਦਾ ਸਸਕਾਰ ਕੀਤਾ ਅਤੇ ਨਾਲ ਹੀ ਐਲਾਨ ਕਰ ਦਿਤਾ ਕਿ ਮੁਗ਼ਲਾਂ ਨਾਲ ਰੋਜ਼-ਰੋਜ਼ ਦੀ ਟੱਕਰ ਨਾਲ ਧਰਮ ਪਰਚਾਰ 'ਤੇ ਅਸਰ ਪੈਂਦਾ ਹੈ ਇਸ ਕਰ ਕੇ ਉਹ ਕਰਤਾਰਪੁਰ ਛੱਡ ਕੇ ਕੀਰਤਪੁਰ ਸਾਹਿਬ ਚਲੇ ਜਾਣਗੇ। ਇਸ ਕਰ ਕੇ 29 ਅਪਰੈਲ ਦੇ ਦਿਨ ਤੜਕਸਾਰ ਗੁਰੂ ਸਾਹਿਬ ਕਰਤਾਰਪੁਰ ਤੋਂ ਕੀਰਤਪੁਰ ਸਾਹਿਬ ਵਲ ਚਲ ਪਏ। ਇਸ ਮੌਕੇ 'ਤੇ ਬਹੁਤ ਸਾਰੇ ਸਿੱਖ ਪਰਿਵਾਰ ਵੀ ਕੀਰਤਪੁਰ ਜਾਣ ਵਾਸਤੇ ਤਿਆਰ ਹੋ ਗਏ। ਆਪ ਰਸਤੇ ਵਿਚ ਕੁਝ ਪਲ ਜਲੰਧਰ ਦੀ ਬਸਤੀ ਸ਼ੈਖ਼ ਦਰਵੇਸ਼ (ਹੁਣ ਬਸਤੀ ਸ਼ੈਖ਼) ਵਿਚ ਵੀ ਰੁਕੇ ਤੇ ਸ਼ੈਖ਼ ਨਾਲ ਧਰਮ ਚਰਚਾ ਕੀਤਾ। 29 ਅਪ੍ਰੈਲ 1635 ਦੀ ਸ਼ਾਮ ਵੇਲੇ ਆਪ ਸ਼ਾਹਜਹਾਨਾਬਾਦ (ਹੁਣ ਫਗਵਾੜਾ) ਵਿਚੋਂ ਲੰਘ ਰਹੇ ਸਨ ਤਾਂ ਇੱਥੇ ਤਾਇਨਾਤ ਮੁਗ਼ਲ ਫ਼ੌਜਾਂ ਨੇ ਸਿੱਖਾਂ 'ਤੇ ਹਮਲਾ ਕਰ ਦਿਤਾ। ਸਿੱਖ ਭਾਵੇਂ ਤਿੰਨ ਦਿਨ ਦੀ ਲਗਾਤਾਰ ਲੜਾਈ ਕਾਰਨ ਥੱਕੇ ਹੋਏ ਸਨ ਪਰ ਉਨ੍ਹਾਂ ਨੇ ਹਮਲਾਵਰਾਂ ਨੂੰ ਖ਼ੂਬ ਸਬਕ ਦਿਤਾ ਤੇ ਕਈ ਮੁਗ਼ਲਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਮੌਕੇ 'ਤੇ ਕੁਝ ਸਿੱਖ ਵੀ ਸ਼ਹੀਦ ਹੋ ਗਏ।

1685: ਪਾਉਂਟਾ ਸਾਹਿਬ ਨਗਰ ਦੀ ਨੀਂਹ ਰਖੀ ਗਈ

1685 ਤਕ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ ਦਾ ਇਕ ਹਿੱਸਾ) ਇਕ ਅਹਿਮ ਨਗਰ ਬਣ ਚੁਕਾ ਸੀ। ਇਸ ਨੂੰ ਵੇਖ ਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ ਸਨ। ਹੋਰ ਤਾਂ ਹੋਰ ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਵਿੱਟਰ ਗਿਆ ਸੀ। ਉਹ ਗੁਰੂ ਸਾਹਿਬ ਨਾਲ ਇਸ ਕਰ ਕੇ ਨਾਰਾਜ਼ ਹੋ ਗਿਆ ਸੀ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਮੰਗਣ 'ਤੇ ਅਸਾਮ ਤੋਂਨ ਆਇਆ ਪਰਸਾਦੀ ਹਾਥੀ ਨਹੀਂ ਸੀ ਦਿੱਤਾ। ਉਧਰ ਉਨ੍ਹੀਂ ਦਿਨੀਂ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿਚ ਦਰਸ਼ਨ ਦੇਣ ਦਾ ਸੱਦਾ ਦਿੱਤਾ। 14 ਅਪ੍ਰੈਲ 1685 ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। ਇਸ ਦੌਰਾਨ ਰਾਜੇ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਨਿਵਾਸ ਰੱਖਣ। ਗੁਰੂ ਸਾਹਿਬ ਨੇ ਉਸ ਦੇ ਜਜ਼ਬਾਤ ਵੇਖਦੇ ਹੋਏ ਰਿਆਸਤ ਦਾ ਦੌਰਾ ਕੀਤਾ

ਅਤੇ ਦਰਿਆ ਜਮਨਾ ਦੇ ਕੰਢੇ ਮੌਜੂਦਾ ਪਾਉਂਟਾ ਵਾਲੀ ਜਗ੍ਹਾ 'ਤੇ ਇਕ ਨਵਾਂ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਪਾਉਂਟਾ ਦੀ ਨੀਂਹ ਗੁਰੂ ਸਾਹਿਬ ਨੇ 29 ਅਪਰੈਲ 1685 ਦੇ ਦਿਨ, ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਾਹੁਲ ਮਗਰੋਂ ਭਾਈ ਗੁਰਬਖਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਰਖਵਾਈ। ਗੁਰੂ ਸਾਹਿਬ ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ ਵਿਚ ਠਹਿਰੇ।

1849: ਰਾਣੀ ਜਿੰਦਾਂ ਅੰਗਰੇਜ਼ਾਂ ਦੀ ਕੈਦ 'ਚੋਂ ਫ਼ਰਾਰ ਹੋ ਕੇ ਨੈਪਾਲ ਪੁੱਜੀ

ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨੂੰ ਚਿਨਾਰ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ। ਰਾਣੀ ਨੇ ਆਪਣੀਆਂ ਨੌਕਰਾਨੀਆਂ ਨੂੰ ਰਿਸ਼ਵਤ ਦਿੱਤੀ ਅਤੇ ਉਹ ਉਨ੍ਹਾਂ ਦੇ ਕਪੜਿਆਂ ਵਿਚ 6 ਅਪ੍ਰੈਲ 1849 ਦੇ ਦਿਨ ਚਿਨਾਰ ਕਿਲ੍ਹੇ ਵਿਚੋਂ ਨਿਕਲ ਗਈ ਅਤੇ ਪਟਨਾ ਪਹੁੰਚ ਗਈ ਤੇ ਇਥੋਂ ਨੈਪਾਲ ਨੂੰ ਚਲੀ ਗਈ। ਉਹ 29 ਅਪਰੈਲ 1849 ਦੇ ਦਿਨ ਕਠਮੰਡੂ ਪੁੱਜੀ। ਇੱਥੇ ਉਸ ਨੇ ਨੈਪਾਲ ਦੇ ਰਾਜੇ ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਉਸ ਵਿਚਾਰੇ ਕੋਲ ਏਡੀ ਵੱਡੀ ਤਾਕਤ ਦੇ ਖ਼ਿਲਾਫ਼ ਖੜ੍ਹੇ ਹੋਣ ਜੋਗੀ ਜਾਨ ਕਿੱਥੇ ਸੀ? ਰਾਣੀ ਜਿੰਦਾਂ ਨੇ ਜੰਮੂ ਦੇ ਰਾਜੇ ਗੁਲਾਬ ਸਿੰਘ ਡੋਗਰਾ ਨਾਲ ਵੀ ਰਾਬਤਾ ਬਣਾਇਆ ਪਰ ਉਹ ਤਾਂ ਖ਼ੁਦ ਅੰਗਰੇਜ਼ਾਂ ਦੇ ਨਾਲ ਮਿਲਿਆ ਹੋਇਆ ਸੀ (ਜਿੰਦਾਂ ਏਨੀ ਭੋਲੀ ਸੀ ਕਿ ਉਹ ਆਪਣੇ ਸਭ ਤੋਂ ਵੱਡੇ ਦੁਸ਼ਮਣਾਂ ਨੂੰ ਵੀ ਨਹੀਂ ਪਛਾਣਦੀ ਸੀ)। ਗੁਲਾਬ ਸਿੰਘ ਨੇ ਰਾਣੀ ਦੀ ਮਦਦ ਕਰਨ ਦੀ ਬਜਾਇ ਇਹ ਸਾਰੀ ਜਾਣਕਾਰੀ ਅੰਗਰੇਜ਼ਾਂ ਨੂੰ ਦੇ ਦਿੱਤੀ।

1968: ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਵਾਉਣ ਵਾਸਤੇ ਮੋਰਚੇ ਦਾ ਐਲਾਨ ਹੋਇਆ

5 ਦਸੰਬਰ 1966 ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ। ਪਰ 27 ਦਸੰਬਰ ਨੂੰ ਸ਼ਾਮ ਚਾਰ ਵਜੇ ਫਤਹਿ ਸਿੰਘ ਨੇ ਇੰਦਰਾ ਗਾਂਧੀ ਨੂੰ ਸਾਲਸ ਮੰਨ ਕੇ ਮਰਨ ਵਰਤ ਅਤੇ ਸੜ ਮਰਨ ਦਾ ਪ੍ਰੋਗਰਾਮ ਖ਼ਤਮ ਕਰ ਦਿੱਤਾ। ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੇ ਖੜੇ ਹੋ ਕੇ ਐਲਾਨ ਕੀਤਾ ਕਿ ਜੇ ਪ੍ਰਧਾਨ ਮੰਤਰੀ ਨੂੰ ਚੰਡੀਗੜ੍ਹ ਵਾਸਤੇ ਸਾਲਸ ਮੰਨ ਲਿਆ ਜਾਵੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣ ਜਾਵੇ ਤਾਂ ਪੰਜਾਬ ਨੂੰ ਚੰਡੀਗੜ੍ਹ ਮਿਲਣ ਦੀ ਆਸ ਹੋ ਸਕਦੀ ਹੈ। ਹੁਕਮ ਸਿੰਘ ਦੇ ਇਸ ਐਲਾਨ ਵੇਲੇ ਹਰ ਪਾਸੇ ਤੋਂ 'ਨਹੀਂ-ਨਹੀਂ' ਦੀਆਂ ਅਵਾਜ਼ਾਂ ਆਈਆਂ ਪਰ ਫਤਹਿ ਸਿੰਘ ਦੇ ਸਾਥੀਆਂ ਨੇ ਇਸ ਮੁਖ਼ਾਲਫ਼ਤ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਤਕਰੀਬਨ ਦੋ ਸਾਲ ਤਕ ਅਕਾਲੀ ਦਲ ਇੰਦਰਾ ਦਾ ਸਾਲਸੀ ਫ਼ੈਸਲਾ ਉਡੀਕਦਾ ਰਿਹਾ। ਜਦ ਫ਼ਤਹਿ ਸਿੰਘ ਦਲ ਨੇ ਕੁਝ ਨਾ ਕੀਤਾ ਤਾਂ 29 ਅਪ੍ਰੈਲ 1968 ਨੂੰ ਅਕਾਲੀ ਦਲ (ਮਾਸਟਰ) ਨੇ ਚੰਡੀਗੜ੍ਹ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਇੰਦਰਾ ਦੀ ਵਿਚੋਲਗੀ ਦੀ ਮੁਖ਼ਾਲਫ਼ਤ ਵੀ ਕੀਤੀ।

1986: ਪੰਥਕ ਕਮੇਟੀ ਨੇ ਖ਼ਾਲਿਸਤਾਨ ਦੀ ਜਲਾਵਤਨ ਸਰਕਾਰ ਬਣਾਈ

29 ਅਪ੍ਰੈਲ 1986 ਦੇ ਦਿਨ, ਭਿੰਡਰਾਂ-ਮਹਿਤਾ ਜਥਾ (ਚੌਕ ਮਹਿਤਾ) ਦੇ ਹਿਮਾਇਤੀ ਖਾੜਕੂਆਂ ਵਲੋਂ ਬਣਾਈ ਗਈ, ਪੰਜ ਮੈਂਬਰੀ 'ਪੰਥਕ ਕਮੇਟੀ' ਨੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ 'ਖ਼ਾਲਿਸਤਾਨ ਦੀ ਆਜ਼ਾਦੀ' ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਇਕ ਪੰਜ-ਮੈਂਬਰੀ ਵਜ਼ਾਰਤ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਪਰ ਇਨ੍ਹਾਂ ਦੇ ਨਾਂ ਨਹੀਂ

ਸਨ ਦੱਸੇ ਗਏ (ਪਰ ਇਹ ਸਨ: ਗੁਰਬਚਨ ਸਿੰਘ ਮਾਨੋਚਾਹਲ, ਵਸਣ ਸਿੰਘ ਜ਼ਫਰਵਾਲ, ਧੰਨਾ ਸਿੰਗ, ਗੁਰਦੇਵ ਸਿੰਘ ਉਸਮਾਨਵਾਲਾ ਅਤੇ ਅਰੂੜ ਸਿੰਘ)। ਖਾਲਿਸਤਾਨ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ ਇਸ ਮੁਲਕ ਦੀ ਰਾਜਧਾਨੀ ਦਿੱਲੀ ਹੋਵੇਗੀ। ਐਲਾਨ ਵਿਚ ਇਹ ਵੀ ਕਿਹਾ ਗਿਆ ਕਿ ''ਪੰਜਾਬ ਵਿਚ ਸਿੱਖਾਂ ਉੱਤੇ ਤਸ਼ੱਦਦ ਦਾ ਬੇਮੁਹਾਰਾ ਦੌਰ ਸ਼ੁਰੂ ਹੋ ਗਿਆ ਹੈ। ਅਣਗਿਣਤ ਸਿੱਖ ਘਰਾਂ 'ਚੋਂ ਫੜ ਕੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾ ਚੁੱਕੇ ਹਨ; ਇਸ ਕਰ ਕੇ ਮੁਤਵਾਜ਼ੀ ਸਰਕਾਰ ਬਣਾਉਣਾ ਜ਼ਰੂਰੀ ਹੋ ਗਿਆ ਹੈ।'' ਉਨ੍ਹਾਂ ਕਿਹਾ ਕਿ 'ਖਾਲਿਸਤਾਨ ਕਮਾਂਡੋ ਫ਼ੋਰਸ' ਖਾਲਿਸਤਾਨ ਦੀ ਫ਼ੌਜ ਦੇ ਧੁਰੇ ਵਜੋਂ ਕੰਮ ਕਰੇਗੀ। ਦਸ ਸਫ਼ਿਆਂ ਦਾ ਇਹ 'ਐਲਾਨ-ਨਾਮਾ' ਗੁਰੂ ਨਾਨਕ ਨਿਵਾਸ ਤੋਂ ਜਾਰੀ ਕੀਤਾ ਗਿਆ ਸੀ। ਖਾਲਿਸਤਾਨ ਸਰਕਾਰ ਦਾ ਐਲਾਨ ਕਰਨ ਮਗਰੋਂ ਪੰਥਕ ਕਮੇਟੀ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਵਿਚੋਂ ਚਲੇ ਗਏ ਤੇ ਛੇਤੀ ਹੀ ਦੂਰ-ਦੁਰਾਡੇ ਇਲਾਕਿਆਂ ਵਿਚ ਪਹੁੰਚ ਗਏ।

1991: ਪਿੱਪਲ ਸਿੰਘ ਤੂਫ਼ਾਨ ਕਾਲੀਆਂ ਸਕੱਤਰਾ ਤੇ ਸੁਖਦੇਵ ਸਿੰਘ ਸੁੱਖਾ ਵਲਟੋਹਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਉਨੱਤੀ ਅਪ੍ਰੈਲ 1991 ਦੇ ਦਿਨ ਪੰਜਾਬ ਪੁਲੀਸ ਨੇ ਪਿੱਪਲ ਸਿੰਘ ਤੂਫ਼ਾਨ (ਵਾਸੀ ਕਾਲੀਆਂ ਸਕੱਤਰਾ), ਸੁਖਦੇਵ ਸਿੰਘ ਸੁੱਖਾ (ਵਾਸੀ ਵਲਟੋਹਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਦਵਿੰਦਪਾਲ ਸਿੰਘ ਰਾਜੇਆਣਾ, ਬਲਬੀਰ ਸਿੰਘ ਬੀਰਾ ਸੋਹਲ, ਨਿਰਪਾਲ ਸਿੰਘ ਨਿੰਮਾ, ਮਹਿੰਦਰ ਸਿੰਘ ਮਾਛੀਕੇ ਤੇ ਹਰਜੀਤ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਉਨੱਤੀ ਅਪ੍ਰੈਲ 1992 ਦੇ ਦਿਨ ਪੰਜਾਬ ਪੁਲੀਸ ਨੇ ਦਵਿੰਦਰਪਾਲ ਸਿੰਘ (ਪੁੱਤਰ ਮਲਕੀਅਤ ਸਿੰਘ, ਵਾਸੀ ਰਾਜੇਆਣਾ, ਨੇੜੇ ਮੋਗਾ), ਬਲਬੀਰ ਸਿੰਘ ਉਰਫ਼ ਬੀਰਾ (ਪੁੱਤਰ ਚੰਨਣ ਸਿੰਘ, ਵਾਸੀ ਸੋਹਲ), ਨਿਰਪਾਲ ਸਿੰਘ ਨਿੰਮਾ, ਮਹਿੰਦਰ ਸਿੰਘ ਮਾਛੀਕੇ ਤੇ ਹਰਜੀਤ ਸਿੰਘ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਗੁਰਜੰਟ ਸਿੰਘ ਢੱਡੋਗੱਲ ਤੇ ਜਸਬੀਰ ਸਿੰਘ ਮਾਣੂਕੇ ਨਕਲੀ ਮੁਕਾਬਲੇ ਵਿਚ ਸ਼ਹੀਦ

ਉਨੱਤੀ ਅਪ੍ਰੈਲ 1993 ਦੇ ਦਿਨ ਪੁਲੀਸ ਨੇ ਗੁਰਜੰਟ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਢੱਡੋਗਲ, ਜ਼ਿਲ੍ਹਾ ਸੰਗਰੂਰ) ਤੇ ਜਸਬੀਰ ਸਿੰਘ (ਪੁੱਤਰ ਹਰਨੇਕ ਸਿੰਘ, ਵਾਸੀ ਮਾਣੂਕੇ, ਜ਼ਿਲ੍ਹਾ ਲੁਧਿਆਣਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

30 ਅਪਰੈਲ

1837: ਜਰਨੈਲ ਹਰੀ ਸਿੰਘ ਨਲਵਾ ਪਠਾਣਾਂ ਨਾਲ ਲੜਦਾ ਹੋਇਆ ਮਾਰਿਆ ਗਿਆ

ਜਮਰੌਦ ਦੇ ਕਿਲ੍ਹੇ ਦੀ ਹਿਫ਼ਾਜ਼ਤ ਕਰਦਾ ਹੋਇਆ ਹਰੀ ਸਿੰਘ ਨਲਵਾ 30 ਅਪ੍ਰੈਲ 1837 ਦੇ ਦਿਨ ਪਠਾਣ ਹਮਲਾਵਰਾਂ ਦੀਆਂ ਗੋਲੀਆਂ ਨਾਲ ਛਲਣੀ ਹੋ ਕੇ ਚੜ੍ਹਾਈ ਕਰ ਗਿਆ। ਇਹ ਆਮ ਵਿਚਾਰ ਹੈ ਕਿ ਇਸ ਪਿੱਛੇ ਡੋਗਰਿਆਂ ਦਾ ਹੱਥ ਸੀ। ਇਸ ਦਾ ਕਾਰਨ ਇਹ ਸੀ ਕਿ ਕੁਝ ਹਫ਼ਤੇ ਪਹਿਲਾਂ ਹਰੀ ਸਿੰਘ ਨਲਵਾ ਨੇ ਰਣਜੀਤ ਸਿੰਘ ਨੂੰ ਸਲਾਹ ਦਿੱਤੀ ਸੀ ਕਿ "ਇਹ ਰਾਜ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਹਾਸਿਲ ਕੀਤਾ ਗਿਆ ਹੈ ਤੇ ਤੁਸੀਂ ਵਸੀਅਤ ਕਰ ਕੇ ਇਸ ਨੂੰ ਸਿੱਖਾਂ ਦੀ ਕੌਂਸਲ ਦੇ ਹਵਾਲੇ ਕਰ ਦੇਣ ਬਾਰੇ ਹਦਾਇਤ ਕਰ ਜਾਵੋ।" ਜਦ

ਡੋਗਰਿਆਂ ਨੇ ਇਹ ਸੁਣਿਆ ਤਾਂ ਉਨ੍ਹਾਂ ਰਣਜੀਤ ਸਿੰਘ ਨੂੰ ਸਮਝਾਇਆ ਕਿ ਇਹ ਤਾਂ ਉਸ ਦਾ ਨਿਜੀ ਰਾਜ ਹੈ ਤੇ ਸਿੱਖਾਂ ਦਾ ਨਹੀਂ, ਇਸ ਕਰ ਕੇ ਇਸ ਦਾ ਵਾਰਿਸ ਉਸ ਦਾ ਵਲੀ-ਅਹਿਦ (ਵੱਡਾ ਪੁੱਤਰ) ਹੀ ਹੋਵੇਗਾ। ਇਸ ਦੇ ਨਾਲ ਹੀ ਇਸ ਤੋਂ ਕੁਝ ਦਿਨ ਮਗਰੋਂ ਹੀ ਡੋਗਰਿਆਂ ਨੇ ਇਕ ਸਾਜ਼ਿਸ਼ ਬਣਾ ਕੇ ਹਰੀ ਸਿੰਘ ਨਲਵਾ ਨੂੰ ਜਮਰੌਦ 'ਤੇ ਮੁਸਲਮਾਨਾਂ ਦਾ ਹਮਲਾ ਕਰਵਾ ਕੇ ਇਕ ਸਾਜ਼ਿਸ਼ ਹੇਠ ਮਰਵਾ ਦਿੱਤਾ। ਪਹਿਲਾਂ ਅਕਾਲੀ ਫੂਲਾ ਸਿੰਘ ਨੂੰ ਵੀ ਇਕ ਸਾਜ਼ਿਸ਼ ਰਚ ਕੇ ਡੋਗਰਿਆਂ ਨੇ ਹੀ ਮਰਵਾਇਆ ਸੀ। ਡੋਗਰਿਆਂ ਨੇ ਤਾਂ ਰਣਜੀਤ ਸਿੰਘ ਦਾ ਇਕ ਵੀ ਸੀਨੀਅਰ ਸਿੱਖ ਸਾਥੀ ਜ਼ਿੰਦਾ ਨਹੀਂ ਰਹਿਣ ਦਿੱਤਾ ਸੀ।

1986: ਸੁਰਜੀਤ ਬਰਨਾਲਾ ਦੀ ਸਰਕਾਰ ਵਲੋਂ ਦਰਬਾਰ ਸਾਹਿਬ 'ਤੇ ਹਮਲਾ

29 ਅਪ੍ਰੈਲ 1986 ਦੇ ਦਿਨ ਖ਼ਾਲਿਸਤਾਨ ਦੀ ਜਲਾਵਤਨ ਸਰਕਾਰ ਦਾ ਐਲਾਨ ਕਰਨ ਮਗਰੋਂ ਪੰਥਕ ਕਮੇਟੀ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਵਿਚੋਂ ਚਲੇ ਗਏ ਤੇ ਛੇਤੀ ਹੀ ਦੂਰ-ਦੁਰਾਡੇ ਇਲਾਕਿਆਂ ਵਿਚ ਪਹੁੰਚ ਗਏ। ਜਦੋਂ ਪੰਜਾਬ ਦੇ ਚੀਫ਼ ਮਨਿਸਟਰ ਸੁਰਜੀਤ ਬਰਨਾਲੇ ਨੂੰ ਖ਼ਾਲਿਸਤਾਨ ਦੇ ਐਲਾਨ ਦੀ ਖ਼ਬਰ ਮਿਲੀ ਤਾਂ ਉਸ ਨੇ ਵਜ਼ਾਰਤ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਉਸ ਨੇ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੀ ਤਜਵੀਜ਼ ਰੱਖੀ। ਬਰਨਾਲੇ ਨੂੰ ਕੁਝ ਵਜ਼ੀਰਾਂ ਨੇ ਦਸਿਆ ਕਿ ਖ਼ਾਲਿਸਤਾਨ ਦਾ ਐਲਾਨ ਕਰਨ ਵਾਲੇ ਦਰਬਾਰ ਸਾਹਿਬ 'ਚੋਂ ਜਾ ਚੁੱਕੇ ਹਨ, ਇਸ ਕਰ ਇਹ ਹਰਕਤ ਨਹੀਂ ਕਰਨੀ ਚਾਹੀਦੀ। ਪੰਜਾਬ ਪੁਲੀਸ ਦੇ ਆਈ.ਜੀ. ਰਬੈਰੋ ਨੇ ਵੀ ਬਰਨਾਲੇ ਨੂੰ ਇਹੀ ਦਸਿਆ ਸੀ।

ਇਸੇ ਸ਼ਾਮ ਨੂੰ ਰਾਜੀਵ ਦੇ ਸੱਦਣ 'ਤੇ ਸੁਰਜੀਤ ਬਰਨਾਲਾ ਦਿੱਲੀ ਗਿਆ ਅਤੇ ਰਾਜੀਵ ਗਾਂਧੀ ਦੇ ਦਰਬਾਰ ਵਿਚ ਹਾਜ਼ਿਰ ਹੋ ਗਿਆ। ਰਾਜੀਵ ਨੇ ਉਸ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਹਦਾਇਤ ਦਿੱਤੀ। ਉਂਞ ਤਾਂ ਬਰਨਾਲਾ ਪਹਿਲਾਂ ਵੀ ਰਾਜੀਵ ਨੂੰ ਖ਼ੁਸ਼ ਕਰਨ ਵਾਸਤੇ ਕਈ ਵਾਰ ਦਰਬਾਰ ਸਾਹਿਬ ਵਿਚ ਪੁਲੀਸ ਭੇਜ ਚੁਕਾ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਵੀ ਕਰਵਾ ਚੁੱਕਾ ਸੀ ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ 'ਚ ਡੱਕੀ ਬੈਠਾ ਸੀ। ਪਰ ਦੂਜੇ ਪਾਸੇ 26 ਜਨਵਰੀ ਨੂੰ ਰਾਜੀਵ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਨਾਂਹ ਕਰ ਕੇ ਬਰਨਾਲੇ ਨੂੰ ਬੁਰੀ ਤਰ੍ਹਾਂ ਜ਼ਲੀਲ ਕਰ ਚੁਕਾ ਸੀ। ਇਸ ਦੇ ਬਾਵਜੂਦ ਬਰਨਾਲਾ ਬੇਗ਼ੈਰਤ ਬੰਦੇ ਵਾਂਗ ਰਾਜੀਵ ਗਾਂਧੀ ਦਾ ਝਾੜੂ-ਬਰਦਾਰ ਬਣਿਆ ਹੋਇਆ ਸੀ। 29 ਤਾਰੀਖ਼ ਦੀ ਰਾਤ ਨੂੰ ਜਦ ਉਸ ਨੂੰ ਰਾਜੀਵ ਨੇ ਹੁਕਮ ਦਿੱਤਾ ਕਿ ਦਰਬਾਰ 'ਤੇ ਹਮਲਾ ਕੀਤਾ ਜਾਵੇ ਤਾਂ ਉਹ ਇਕ-ਦਮ ਤਿਆਰ ਹੋ ਗਿਆ। ਦਰਅਸਲ ਰਾਜੀਵ, ਇੰਦਰਾ ਗਾਂਧੀ ਦਾ ਦਰਬਾਰ ਸਾਹਿਬ 'ਤੇ 4 ਜੂਨ 1984 ਦਾ ਫ਼ੌਜੀ ਹਮਲਾ ਜਾਇਜ਼ ਸਾਬਿਤ ਕਰਨ ਵਾਸਤੇ ਇਕ ਸਿੱਖ (ਅਕਾਲੀ ਅਖਵਾਉਣ ਵਾਲੇ) ਸੁਰਜੀਤ ਬਰਨਾਲੇ ਹੱਥੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣਾ ਚਾਹੁੰਦਾ ਸੀ।

29-30 ਅਪ੍ਰੈਲ ਦੀ ਅੱਧੀ ਰਾਤ ਵੇਲੇ ਬਰਨਾਲੇ ਨੂੰ ਅੰਮ੍ਰਿਤਸਰ ਭੇਜਿਆ ਗਿਆ। ਉਸ ਨੂੰ ਇਕੱਲਾ ਨਹੀਂ ਭੇਜਿਆ ਗਿਆ ਤਾਂ ਜੋ ਕਿਤੇ ਕੋਈ ਸ਼ਖ਼ਸ ਉਸ ਦਾ ਇਰਾਦਾ ਹੀ ਨਾ ਬਦਲਾ ਦੇਵੇ। ਉਸ ਦੇ ਨਾਲ ਅਰੁਣ ਸਿੰਹ ਅਤੇ ਅਰਜਨ ਸਿੰਹ ਵੀ ਉਸੇ ਸਪੈਸ਼ਲ ਜਹਾਜ਼ ਵਿਚ ਭੇਜੇ ਗਏ। ਉਨ੍ਹਾਂ ਨੇ ਚਲਣ ਤੋਂ ਪਹਿਲਾਂ ਪੁਲੀਸ ਚੀਫ਼ ਰਬੈਰੋ ਨੂੰ ਵੀ ਫ਼ੋਨ ਕਰ ਕੇ ਅਗਲੀ ਸਵੇਰ, 30 ਅਪ੍ਰੈਲ ਨੂੰ, ਤੜਕੇ 2 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਣ ਦਾ ਹੁਕਮ ਕੀਤਾ। ਏਅਰਪੋਰਟ 'ਤੇ ਬਰਨਾਲੇ ਨੇ ਰਬੈਰੋ ਨੂੰ ਦਸਿਆ ਕਿ 'ਮੈਂ ਦਰਬਾਰ ਸਾਹਿਬ 'ਚੋਂ ਖਾੜਕੂਆਂ ਨੂੰ ਕੱਢ ਦੇਣਾ ਹੈ।' ਰਬੈਰੋ ਨੇ ਬਰਨਾਲੇ ਨੂੰ ਕਿਹਾ ਕਿ ਖਾੜਕੂ ਤਾਂ ਖ਼ਾਲਿਸਤਾਨ ਦਾ ਐਲਾਨ ਕਰਨ ਮਗਰੋਂ ਨਿਕਲ ਚੁੱਕੇ ਹਨ; ਬਰਨਾਲੇ ਨੇ ਰਬੈਰੋ ਦੀ ਗੱਲ ਦੀ ਤਾਈਦ ਕੀਤੀ ਪਰ ਨਾਲ ਹੀ ਕਿਹਾ

ਕਿ ਰਾਜੀਵ ਗਾਂਧੀ ਦਾ ਹੁਕਮ ਹੈ, ਹਮਲਾ ਕਰਨਾ ਜ਼ਰੂਰੀ ਹੈ; ਦਿੱਲੀ ਤੋਂ ਸਪੈਸ਼ਲ ਕਮਾਂਡੋ ਥੋੜ੍ਹੀ ਹੀ ਦੇਰ ਤਕ ਅੰਮ੍ਰਿਤਸਰ ਪਹੁੰਚ ਜਾਣਗੇ।

30 ਅਪ੍ਰੈਲ 1986 ਦੇ ਦਿਨ ਸ਼ਾਮ ਦੇ 4 ਵਜ ਕੇ 50 ਮਿੰਟ 'ਤੇ ਬੀ.ਐਸ.ਐਫ. ਅਤੇ ਸੀ.ਆਰ.ਪੀ.ਐਫ. ਦੀਆਂ 25 ਕੰਪਨੀਆਂ ਅਤੇ ਪੰਜਾਬ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਨੇ ਫ਼ੌਜ ਦੇ ਸਪੈਸ਼ਲ ਟਰੇਨ ਕੀਤੇ ਕਮਾਂਡੋਜ਼ ਦੀ ਮਦਦ ਨਾਲ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਫ਼ੌਜ ਦੀਆਂ 7 ਕੰਪਨੀਆਂ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਦਾਖ਼ਿਲ ਹੋਈਆਂ। ਇਸ ਦੇ ਨਾਲ ਹੀ 6 ਕੰਪਨੀਆਂ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖ਼ਿਲ ਹੋ ਗਈਆਂ। 12 ਹੋਰ ਕੰਪਨੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ।

ਕਿਉਂਕਿ ਦਰਬਾਰ ਸਾਹਿਬ ਵਿਚ ਇਕ ਵੀ ਖਾੜਕੂ ਨਹੀਂ ਸੀ, ਇਸ ਕਰ ਕੇ ਮੁਕਾਬਲਾ ਤਾਂ ਹੋਣਾ ਹੀ ਨਹੀਂ ਸੀ। ਦਾਖ਼ਿਲ ਹੁੰਦਿਆਂ ਹੀ ਫੋਰਸਿਜ਼ ਨੇ ਬਿਨਾਂ ਕਿਸੇ ਕਾਰਨ ਦੇ ਦਰਬਾਰ ਸਾਹਿਬ ਦੀ ਪਰਕਰਮਾ, ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਆਲੇ-ਦੁਆਲੇ 200 ਸਟੱਨ ਗਰਨੇਡ ਸੁੱਟੇ, ਜਿਸ ਨਾਲ ਪਰਕਰਮਾ ਵਿਚ ਜਗਹ-ਜਗਹ 'ਤੇ ਨੁਕਸਾਨ ਹੋਇਆ; ਕਈ ਜਗਹ ਅੱਗ ਲੱਗ ਗਈ। ਦਰਬਾਰ ਸਾਹਿਬ ਵਿਚ ਕੀਰਤਨ ਬੰਦ ਹੋ ਗਿਆ। ਫ਼ੋਰਸਿਜ਼ ਨੇ ਉੱਥੇ ਹਾਜ਼ਿਰ ਸਾਰੇ 377 ਲੋਕ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਵਿਚ 30 ਔਰਤਾਂ, 25 ਬੰਗਲਾ ਦੇਸ਼ੀ ਮੁਸਾਫ਼ਿਰ ਅਤੇ 321 ਸਿੱਖ ਸ਼ਰਧਾਲੂ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਸਿਰਫ਼ ਦੋ-ਚਾਰ ਸ਼ਖ਼ਸ ਹੀ ਖਾੜਕੂਆਂ ਦੇ 'ਸਾਥੀ' ਸਨ: ਉਹ ਸਨ: ਗੁਰਦੇਵ ਸਿੰਘ ਕਾਉਂਕੇ, ਜੋ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮਾਸਟਰ ਸੂਰਤ ਸਿੰਘ ਤੇ ਇਕ-ਦੋ ਹੋਰ। ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਹੱਦ ਦਰਜੇ ਦੇ ਤਸੀਹੇ ਦਿੱਤੇ ਗਏ।

ਬਰਨਾਲੇ ਨੇ ਸਿਰਫ਼ ਦਰਬਾਰ ਸਾਹਿਬ ਹੀ ਨਹੀਂ, ਬਲਕਿ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ (ਅੰਮ੍ਰਿਤਸਰ), ਦਰਬਾਰ ਸਾਹਿਬ (ਤਰਨ ਤਾਰਨ), ਸਤਿਕਰਤਾਰੀਆ ਗੁਰਦੁਆਰਾ (ਬਟਾਲਾ), ਬਾਠ ਸਾਹਿਬ, ਨੌਸ਼ਹਿਰਾ ਮੱਝਾਸਿੰਘ, ਦਮਦਮਾ ਸਾਹਿਬ, ਬੁਰਜ ਸਾਹਿਬ, ਕੰਧ ਸਾਹਿਬ (ਬਟਾਲਾ), ਰਾਮ ਥੰਮਣ, ਖੁਜਾਲਾ, ਭੁੱਬਲੀ, ਹਰਿਗੋਬਿੰਦਪੁਰ ਤੇ ਕਈ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ।

1987: ਜਤਿੰਦਰ ਸਿੰਘ ਬਹਿਰਾਮ ਤੇ ਹਰੀ ਸਿੰਘ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

30 ਅਪਰੈਲ 1987 ਦੇ ਦਿਨ ਜਤਿੰਦਰ ਸਿੰਘ ਬਹਿਰਾਮ (ਜਲੰਧਰ) ਨੇਤੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਦਿੱਤਾ ਗਿਆ। ਇਨ੍ਹਾਂ ਹੀ ਦਿਨਾਂ ਵਿਚ ਬਬਰ ਖ਼ਾਲਸਾ ਦਾ ਹਰੀ ਸਿੰਘ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1989: ਅੰਮ੍ਰਿਤਸਰ, ਜਲੰਧਰ, ਰੋਪੜ, ਫ਼ਰੀਦਕੋਟ ਜ਼ਿਲ੍ਹਿਆਂ ਦੇ ਦਰਜਨਾਂ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਅਪ੍ਰੈਲ 1989 ਵਿਚ ਪੰਜਾਬ ਪੁਲੀਸ ਨੇ ਸੁਖਦੇਵ ਸਿੰਘ (ਵਾਸੀ ਝਾਮਕਾ), ਬਲਰਾਜ ਸਿੰਘ ਰਾਜੀ (ਵਾਸੀ ਸਰਹਾਲੀ, ਜਲੰਧਰ), ਕੁਲਵਿੰਦਰ ਸਿੰਘ ਬਬਰ, ਰਾਜਬੀਰ ਸਿੰਘ (ਵਾਸੀ ਭਾਟੀਕੇ), ਮੇਹਰ ਸਿੰਘ (ਵਾਸੀ ਸੰਗਤਪੁਰਾ, ਫਰੀਦਕੋਟ), ਨਿਰਮਲ ਸਿੰਘ ਨਿੰਮਾ (ਵਾਸੀ ਸਿਧਵਾਂ), ਸੇਵਾ ਸਿੰਘ ਬਰਾੜ (ਵਾਸੀ ਸੰਗਰੂਰ), ਇੰਦਰਜੀਤ ਸਿੰਘ (ਵਾਸੀ ਰਤਨਗੜ੍ਹ, ਰੋਪੜ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ।

1990: ਅੰਮ੍ਰਿਤਸਰ, ਗੁਰਦਾਸਪੁਰ ਫ਼ੀਰੋਜ਼ਪੁਰ ਤੇ ਸੰਗਰੂਰ ਜ਼ਿਲ੍ਹਿਆਂ ਦੇ ਦਰਜਨਾਂ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਅਪ੍ਰੈਲ 1990 ਵਿਚ ਪੰਜਾਬ ਪੁਲੀਸ ਨੇ ਗੁਰਨਾਮ ਸਿੰਘ ਉਰਫ਼ ਰਾਮ ਸਿੰਘ (ਵਾਸੀ ਠੱਠੀ ਜੈਮਲ ਸਿੰਘ, ਅੰਮ੍ਰਿਤਸਰ), ਸੰਤੋਖ ਸਿੰਘ (ਵਾਸੀ ਠੱਠੀਆ, ਅੰਮ੍ਰਿਤਸਰ), ਸਵਰਨ ਸਿੰਘ ਅਤੇ ਉਸ ਦਾ ਭਤੀਜਾ ਜਸਵਿੰਦਰ ਸਿੰਘ (ਵਾਸੀ ਜਲਾਲਾਬਾਦ, ਅੰਮ੍ਰਿਤਸਰ), ਲਖਵਿੰਦਰ ਸਿੰਘ ਲੱਖਾ (ਵਾਸੀ ਘੁਰਕ ਵਿੰਡ), ਸੁਖਵਿੰਦਰ ਸਿੰਘ ਸੁੱਖਾ (ਵਾਸੀ ਬੁੱਟਰ, ਗੁਰਦਾਸਪੁਰ), ਸੁਖਦੇਵ ਸਿੰਘ ਤੇ ਜਸਵੰਤ ਸਿੰਘ (ਦੋਵੇਂ ਵਾਸੀ ਸਾਂਙਣਾ, ਅੰਮ੍ਰਿਤਸਰ), ਜਸਵੰਤ ਸਿੰਘ (ਵਾਸੀ ਜਾਮਾਰਾਏ, ਅੰਮ੍ਰਿਤਸਰ), ਜਗਰੂਪ ਸਿੰਘ (ਵਾਸੀ ਗੱਜਣ ਸਿੰਘ ਵਾਲਾ, ਫ਼ੀਰੋਜ਼ਪੁਰ), ਸੇਵਾ ਸਿੰਘ (ਵਾਸੀ ਬਹਿਰੂਰ, ਸੰਗਰੂਰ), ਬਲਵਿੰਦਰ ਸਿੰਘ (ਵਾਸੀ ਵਾਰਨਾ, ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ।

1991: ਲੁਧਿਆਣਾ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਦਰਜਨਾਂ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਅਪ੍ਰੈਲ 1991 ਵਿਚ ਪੰਜਾਬ ਪੁਲੀਸ ਨੇ ਕਪੂਰ ਸਿੰਘ (ਸੰਤ ਬਾਗਵਾਲੇ), ਨਾਹਰ ਸਿੰਘ ਸਰਪੰਚ ਤੇ ਕੁਲਵੰਤ ਸਿੰਘ (ਤਿੰਨੇ ਵਾਸੀ ਪਿੰਡ ਮਲਕ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਨ੍ਹੀਂ ਦਿਨੀਂ ਹੀ ਪੰਜਾਬ ਪੁਲਸ ਨੇ ਗੁਰਮੇਜ ਸਿੰਘ ਉਰਫ਼ ਨਵਤੇਜ ਸਿੰਘ (ਵਾਸੀ ਨਵੀ ਆਬਾਦੀ, ਅੰਮ੍ਰਿਤਸਰ), ਬਲਵਿੰਦਰ ਸਿੰਘ ਲੁਹਾਮ, ਉਰਫ਼ ਗੋਲੂ, ਬਲਦੇਵ ਸਿੰਘ (ਵਾਸੀ ਚੋਹਲਾ ਸਾਹਿਬ), ਕਸ਼ਮੀਰ ਸਿੰਘ ਸਿਪਾਹੀ ਉਰਫ਼ ਬਿੱਲਾ (ਵਾਸੀ ਸੰਗਰਾਵਾਂ), ਪਲਵਿੰਦਰ ਸਿੰਘ ਉਰਫ਼ ਪਿੰਦਾ (ਵਾਸੀ ਅਰਜਨ ਮੰਗਾ, ਅੰਮ੍ਰਿਤਸਰ), ਗੁਰਵਿੰਦਰ ਸਿੰਘ ਗਿੰਦਰ (ਵਾਸੀ ਧੁੰਨ, ਅੰਮ੍ਰਿਤਸਰ), ਦਰਬਾਰਾ ਸਿੰਘ (ਵਾਸੀ ਬਾਰਗੜ੍ਹੀ, ਅੰਮ੍ਰਿਤਸਰ), ਬਲਦੇਵ ਸਿੰਘ ਖੁਜਾਲਾ, ਅਵਤਾਰ ਸਿੰਘ ਬਿੱਟੂ (ਵਾਸੀ ਖੇਮਕਰਨ ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ।

1992: ਮਨਜੀਤ ਸਿੰਘ ਡੁੱਢਰੀ, ਬਲਵਿੰਦਰ ਸਿੰਘ ਨਿੱਕੇ ਸਰਾਂ, ਕਰਤਾਰ ਸਿੰਘ ਘੜਿਆਲਾ, ਕਰਤਾਰ ਸਿੰਘ ਸੁਕਰਚੱਕ ਤੇ ਅਜੀਤ ਸਿੰਘ ਕੋਟ ਗੜ੍ਹ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤੀਹ ਅਪ੍ਰੈਲ 1992 ਦੇ ਦਿਨ ਪੰਜਾਬ ਪੁਲੀਸ ਨੇ ਮਨਜੀਤ ਸਿੰਘ (ਪੁੱਤਰ ਜਪਾਨ ਸਿੰਘ ਲਹਿਲ, ਵਾਸੀ ਡੁੱਢਰੀ, ਨੇੜੇ ਭਲਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ), ਬਲਵਿੰਦਰ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਨਿੱਕੇ ਸਰਾਂ, ਜ਼ਿਲ੍ਹਾ ਗੁਰਦਾਸਪੁਰ), ਕਰਤਾਰ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਘੜਿਆਲਾ, ਜ਼ਿਲ੍ਹਾ ਅੰਮ੍ਰਿਤਸਰ), ਕਰਤਾਰ ਸਿੰਘ (ਵਾਸੀ ਸੁਕਰਚੱਕ ਜ਼ਿਲ੍ਹਾ ਅੰਮ੍ਰਿਤਸਰ) ਤੇ ਅਜੀਤ ਸਿੰਘ (ਪੁੱਤਰ ਬਲਕਾਰ ਸਿੰਘ, ਵਾਸੀ ਕੋਟਗੜ੍ਹ, ਜ਼ਿਲ੍ਹਾ ਅੰਮ੍ਰਿਤਸਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਪਰਮਜੀਤ ਸਿੰਘ ਮਾਣੂਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਤੀਹ ਅਪ੍ਰੈਲ 1993 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਗੁਰਮੇਲ ਸਿੰਘ, ਵਾਸੀ ਮਾਣੂਕੇ, ਜ਼ਿਲ੍ਹਾ ਲੁਧਿਆਣਾ) ਸੁਕਰਚਕ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਥਾ।

1 ਮਈ

1746: ਛੋਟਾ ਘੱਲੂਘਾਰਾ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋਏ

ਅਪ੍ਰੈਲ 1746 ਦੇ ਆਖ਼ਰੀ ਦਿਨਾਂ ਵਿਚ ਕੋਈ ਦਸ-ਕੁ ਹਜ਼ਾਰ ਸਿੱਖ ਰਾਵੀ ਦਰਿਆ ਦੀ ਛੰਭ ਵਿਚ, ਕਾਹਨੂੰਵਾਨ ਦੇ ਨੇੜੇ, ਲੁੱਕੇ ਹੋਏ ਸਨ। ਇਨ੍ਹਾਂ ਵਿਚ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋ, ਗੁਰਦਿਆਲ ਸਿੰਘ ਡਲੇਵਾਲੀਆ ਤੇ ਚੜ੍ਹਤ ਸਿੰਘ ਸੁਕਰਚੱਕੀਆ ਵਗ਼ੈਰਾ ਵੀ ਸਨ। ਉਨ੍ਹੀਂ ਦਿਨੀਂ ਇਹ ਜੰਗਲ ਬੜਾ ਡਰਾਉਣਾ ਸੀ, ਕਿਉਂਕਿ ਸੰਘਣੇ ਦਰਖ਼ਤਾਂ ਤੇ ਝਾੜੀਆਂ ਵੱਲ ਜਾਣ ਤੋਂ ਆਮ ਲੋਕ ਡਰਦੇ ਸਨ। ਜਦੋਂ ਇਸ ਦੀ ਖ਼ਬਰ ਲਖਪਤ ਰਾਏ ਨੂੰ ਮਿਲੀ ਤਾਂ ਉਸ ਨੇ ਅਤੇ ਲਾਹੌਰ ਦੇ ਸੂਬੇਦਾਰ ਯਾਹੀਆ ਖ਼ਾਨ ਨੇ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਨੂੰ ਕਾਹਨੂੰਵਾਨ ਨੂੰ ਘੇਰਾ ਪਾਉਣ ਵਾਸਤੇ ਲੈ ਆਂਦਾ। ਜਦੋਂ ਸਿੱਖ ਫ਼ੌਜਾਂ ਨੂੰ ਇਸ ਘੇਰੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਗੁਰੀਲਾ ਲੜਾਈ ਸ਼ੁਰੂ ਕਰ ਦਿੱਤੀ। ਇਹ ਲੜਾਈ ਕਈ ਦਿਨ ਚਲਦੀ ਰਹੀ। ਇਸ ਲੜਾਈ ਵਿਚ ਲਖਪਤ ਰਾਏ ਦਾ ਪੁੱਤਰ ਹਰਭਜ ਰਾਏ, ਯਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ ਅਤੇ ਦੋ ਅਹਿਮ ਜਰਨੈਲ ਕਰਮ ਬਖ਼ਸ਼ ਤੇ ਮਹਿਮੂਦ ਖ਼ਾਨ ਵੀ ਮਾਰੇ ਗਏ। ਆਪਣੇ ਭਰਾ ਦੇ ਕਤਲ ਮਗਰੋਂ ਹੁਣ ਆਪਣੇ ਪੁੱਤਰ ਦੇ ਮਾਰੇ ਜਾਣ 'ਤੇ ਲਖਪਤ ਹੋਰ ਪਾਗਲ ਹੋ ਗਿਆ। ਇੰਞ ਹੀ ਪੁੱਤਰ ਦੀ ਮੌਤ ਨੇ ਯਹੀਆ ਖ਼ਾਨ ਨੂੰ ਵੀ ਜ਼ਾਲਮਾਨਾ ਰੋਹ ਵਿਚ ਲੈ ਆਂਦਾ। ਹੁਣ ਲਖਪਤ ਨੇ ਬੇਲਦਾਰਾਂ ਨੂੰ ਕਹਿ ਕੇ ਇਕ ਹਜ਼ਾਰ ਤਰਖਾਣ ਬੁਲਾ ਕੇ ਜੰਗਲ ਕਟਵਾਉਣਾ ਸ਼ੁਰੂ ਕਰ ਦਿੱਤਾ। ਪਰ ਏਡਾ ਵੱਡਾ ਜੰਗਲ ਕੱਟਣ ਵਾਸਤੇ ਕਈ ਮਹੀਨੇ ਲਗ ਜਾਣੇ ਸਨ ਇਸ ਕਰ ਕੇ ਕਟਵਾਈ ਵਿੱਚੇ ਰੁਕਵਾ ਕੇ, ਉਸ ਨੇ ਉਸ ਜੰਗਲ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ ਤਾਂ ਜੋ ਇਕ ਵੀ ਸਿੱਖ ਬਚ ਕੇ ਨਾ ਨਿਕਲ ਸਕੇ; ਤੇ ਇਸ ਮਗਰੋਂ, ਸਾਰੇ ਜੰਗਲ ਨੂੰ ਅੱਗ ਲੁਆ ਦਿੱਤੀ। ਹੁਣ ਸਿੱਖ ਫ਼ੌਜਾਂ ਨੇ ਘੇਰਾ ਤੋੜ ਕੇ ਨਿਕਲ ਜਾਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਲਖਪਤ ਨੇ ਤੋਪਾਂ ਅਤੇ ਬੰਦੂਕਾਂ ਦੇ ਮੂੰਹ ਭੱਜਦੇ ਹੋਏ ਸਿੱਖਾਂ ਵਲ ਖੋਲ੍ਹ ਦਿੱਤੇ। ਇਸ ਨਾਲ ਬਹੁਤ ਸਾਰੇ ਸਿੱਖ ਮਾਰੇ ਗਏ। ਹਰ ਪਾਸੇ ਮੁਗ਼ਲ ਫ਼ੌਜ ਹੋਣ ਕਰ ਕੇ ਸਿੱਖਾਂ ਦਾ ਬਚ ਕੇ ਨਿਕਲ ਜਾਣਾ ਤਕਰੀਬਨ ਨਾ-ਮੁਮਕਿਨ ਹੋ ਗਿਆ। ਇਸ ਦੌਰਾਨ ਕੁਝ ਸਿੱਖ ਦਰਿਆ ਰਾਵੀ ਦੇ ਉਪਰ ਵਲ ਨਿਕਲ ਗਏ। ਉਨ੍ਹਾਂ ਨੂੰ ਪਠਾਨਕੋਟ ਤੋਂ 25 ਕਿਲੋਮੀਟਰ ਦੂਰ, ਪਰੋਲ ਪਿੰਡ (ਦਰਿਆ ਬਾਜੂ ਦੇ ਕੰਢੇ) ਵਿਚ ਮੁਸਲਮ ਫ਼ੌਜ ਨਾਲ ਇਕ ਵਾਰ ਫੇਰ ਲੜਨਾ ਪਿਆ। ਇਸ ਮੌਕੇ 'ਤੇ ਵੀ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਕੁਝ ਸਿੱਖ ਦਰਿਆ ਪਾਰ ਕਰ ਕੇ ਹਿਨਾੜ ਵਲ ਚਲ ਪਏ। ਇਸ ਕੋਸ਼ਿਸ਼ ਵਿਚ ਕਈ ਸਿੱਖ ਡੁੱਬ ਕੇ ਵੀ ਮਰ ਗਏ। ਉਨ੍ਹਾਂ ਦਿਨਾਂ ਵਿਚ ਦਰਿਆ ਦੇ ਤਕਰੀਬਨ ਦੋ ਮੀਲ (ਤਿੰਨ ਕਿਲੋਮੀਟਰ) ਨਾਲ-ਨਾਲ ਰੇਤਲਾ ਮੈਦਾਨ ਹੁੰਦਾ ਸੀ। ਸਿਖਰ ਦੀ ਗਰਮੀ ਹੋਣ ਕਾਰਨ, ਤਪਦੀ ਰੇਤ ਵਿਚ ਸਿੱਖਾਂ ਦੇ ਪੈਰ ਸੜਨ ਲਗੇ ਤਾਂ ਉਨ੍ਹਾਂ ਨੇ ਕੁੜਤੇ, ਚਾਦਰੇ ਤੇ ਪੱਗਾਂ ਪਾੜ ਕੇ ਪੈਰ ਬੰਨ੍ਹ ਲਏ ਤੇ ਉਹ ਤਿੰਨ ਕਿਲੋਮੀਟਰ ਦੂਰ ਤਕ ਇਸ ਤਪਦੀ ਰੇਤ ਵਿਚ ਚਲਦੇ ਗਏ। ਸਿੱਖ ਕਈ ਦਿਨਾਂ ਤੋਂ ਭੁੱਖੇ ਸਨ ਤੇ ਇਹੀ ਹਾਲ ਉਨ੍ਹਾਂ ਦੇ ਘੋੜਿਆਂ ਦਾ ਸੀ। ਪਰ ਉਨ੍ਹਾਂ ਨੂੰ ਉਸੇ ਵੇਲੇ ਖ਼ਬਰ ਮਿਲ ਗਈ ਕਿ ਲਖਪਤ ਉਨ੍ਹਾਂ ਦਾ ਪਿੱਛਾ ਕਰਦਾ ਨੇੜੇ ਹੀ ਆ ਪੁੱਜਾ ਹੈ ਇਸ 'ਤੇ ਉਹ ਉਥੇ ਨਹੀਂ ਠਹਿਰੇ ਅਤੇ ਸਤਲੁਜ ਦਰਿਆ ਪਾਰ ਕਰ ਕੇ ਮਾਲਵੇ ਵਲ ਨਿਕਲ ਗਏ। ਇਸ ਘੱਲੂਘਾਰੇ ਵਿਚ ਸਤ ਤੋਂ ਦਸ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋ ਗਏ ਅਤੇ ਤਿੰਨ ਹਜ਼ਾਰ ਦੇ ਕਰੀਬ ਗ੍ਰਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰਾਂ ਨੂੰ ਲਾਹੌਰ ਲਿਜਾ ਕੇ, ਸ਼ਾਹੀ ਕਿਲ੍ਹੇ ਦੇ ਪਿੱਛੇ, ਨਖ਼ਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ (ਜਿਸ ਜਗ੍ਹਾ ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ, ਉਸ ਥਾਂ 'ਗੁਰਦਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ' ਬਣਿਆ ਹੋਇਆ ਸੀ। ਹੁਣ ਉਸ ਥਾਂ 'ਤੇ ਕੁਝ ਦੁਕਾਨਦਾਰਾਂ

ਨੇ ਕਬਜ਼ਾ ਕੀਤਾ ਹੋਇਆ ਹੈ ਤੇ ਦੁਕਾਨਾਂ ਬਣਾਈਆਂ ਹੋਈਆਂ ਹਨ)। ਸਿੱਖ ਤਵਾਰੀਖ਼ ਵਿਚ ਇਸ ਕਤਲੇਆਮ ਨੂੰ '**ਛੋਟਾ ਘੱਲੂਘਾਰਾ**' ਆਖ ਕੇ ਚੇਤੇ ਕੀਤਾ ਜਾਂਦਾ ਹੈ।

1982: ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਅਤੇ ਦਲ ਖਾਲਸਾ ਗ਼ੈਰ ਕਾਨੂੰਨੀ ਕਰਾਰ ਦੇ ਦਿੱਤੇ ਗਏ

ਹਿੰਦੂਆਂ ਵਲੋਂ ਸ਼ਹਿਰਾਂ ਵਿਚ ਸਿੱਖਾਂ ਉੱਤੇ ਹਮਲਿਆਂ ਦਾ ਜਵਾਬ ਦੇਣ ਵਾਸਤੇ 24-25 ਅਪ੍ਰੈਲ 1982 ਦੀ ਰਾਤ ਨੂੰ ਅੰਮ੍ਰਿਤਸਰ ਵਿਚ ਚੌਕ ਆਹਲੂਵਾਲੀਆ ਅਤੇ ਬਜ਼ਾਰ ਕਾਠੀਆਂ ਦੇ ਮੰਦਰਾਂ ਦੇ ਬਾਹਰ ਦੋ ਮਰੀਆਂ ਹੋਈਆਂ ਗਊਆਂ ਦੇ ਕੱਟੇ ਹੋਏ ਸਿਰ ਰੱਖ ਦਿੱਤੇ ਗਏ। ਇਨ੍ਹਾਂ ਸਿਰਾਂ ਦੇ ਨਾਲ 'ਖਾਲਿਸਤਾਨ ਜ਼ਿੰਦਾਬਾਦ' ਦੇ ਪੋਸਟਰ ਵੀ ਸੁੱਟੇ ਹੋਏ ਸਨ। ਗਊਆਂ ਦੇ ਸਿਰਾਂ ਦੀ ਘਟਨਾ ਮਗਰੋਂ, ਸਰਕਾਰ ਨੇ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ, ਪਹਿਲੀ ਮਈ 1982 ਨੂੰ ਗ਼ੈਰ ਕਾਨੂੰਨੀ ਕਾਰਵਾਈਆਂ ਦੇ ਕਾਨੂੰਨ ਦੀ ਦਫ਼ਾ ਦੇ ਹੇਠ, ਹੁਕਮ ਨੰਬਰ 4/19/81 ਜਾਰੀ ਕਰ ਕੇ, ਸਿੱਖ ਨੌਜਵਾਨਾਂ ਦੀ ਜਮਾਤ 'ਦਲ ਖਾਲਸਾ' (ਅਤੇ ਜਗਜੀਤ ਸਿੰਘ ਚੌਹਾਨ ਤੇ ਬਲਬੀਰ ਸਿੰਘ ਸੰਧੂ ਦੀ) 'ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ' ਨੂੰ ਗ਼ੈਰ-ਕਾਨੂੰਨੀ ਜਮਾਤ ਕਰਾਰ ਦੇ ਦਿੱਤਾ। ਇਸ ਤੋਂ ਬਾਅਦ ਦਲ ਖਾਲਸਾ ਦੇ ਬਹੁਤ ਸਾਰੇ ਵਰਕਰਾਂ (ਜਸਵੰਤ ਸਿੰਘ ਠੇਕੇਦਾਰ, ਮਨਮੋਹਨ ਸਿੰਘ ਬਜਾਜ, ਸੁਖਜਿੰਦਰ ਸਿੰਘ ਕਾਹਨੂਵਾਨ ਤੇ ਕਈ ਹੋਰ) ਦੇ ਖ਼ਿਲਾਫ਼ ਬਹੁਤ ਸਾਰੇ ਹੋਰ ਕੇਸ ਦਰਜ ਕਰ ਲਏ ਗਏ ਸਨ।

1982: ਪਟਿਆਲਾ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਇਕ ਸਿੱਖ ਸਿਪਾਹੀ ਹਰਭਜਨ ਸਿੰਘ ਨੂੰ ਕੁੱਟ-ਕੁੱਟ ਕੇ ਉਸ ਨੂੰ ਮਾਰ ਦਿੱਤਾ

ਗਊਆਂ ਦੇ ਵਾਕਿਆਤ ਦੇ ਸਿਲਸਿਲੇ ਵਿੱਚ ਪਟਿਆਲੇ ਦੇ ਹਿੰਦੂਆਂ ਨੇ ਵੀ ਇਕ ਜਲੂਸ ਕੱਢਿਆ। ਇਸ ਜਲੂਸ ਦੇ ਅੱਗੇ ਅਤੇ ਪਿੱਛੇ ਪੁਲੀਸ ਦੇ ਕੁਝ ਸਿਪਾਹੀ ਤਾਈਨਾਤ ਕੀਤੇ ਗਏ। ਜਦੋਂ ਜਲੂਸ ਹਿੰਦੂਆਂ ਦੇ ਇਕ ਮੁਹੱਲੇ ਵਿਚ ਪੁੱਜਾ ਤਾਂ ਹਿੰਦੂਆਂ ਨੇ ਪੁਲੀਸ ਦੇ ਸਿਪਾਹੀਆਂ ਉੱਤੇ ਪੱਥਰਾਂ ਅਤੇ ਡੰਡਿਆਂ ਦੀ ਬਾਰਿਸ਼ ਸ਼ੁਰੂ ਕਰ ਦਿੱਤੀ। ਇਸ 'ਤੇ ਪੁਲੀਸ ਵਾਲੇ ਭੱਜਣ ਲੱਗ ਪਏ। ਹਿੰਦੂਆਂ ਨੇ ਦੋ ਸਿੱਖ ਸਿਪਾਹੀਆਂ ਨੂੰ ਫੜ ਲਿਆ ਅਤੇ ਬੇਤਹਾਸ਼ਾ ਕੁੱਟ-ਕੁੱਟ ਕੇ ਬੇਹੋਸ਼ ਕਰ ਕੇ ਸੁੱਟ ਦਿੱਤਾ। ਦੋਹਾਂ ਵਿੱਚੋਂ ਇਕ ਸਿਪਾਹੀ ਹਰਭਜਨ ਸਿੰਘ ਤਾਂ ਮੌਕੇ 'ਤੇ ਹੀ ਦਮ ਤੋੜ ਗਿਆ। ਪਰ ਦਰਬਾਰਾ ਸਰਕਾਰ ਨੇ ਉਸ ਨੂੰ 6 ਤਾਰੀਖ਼ ਨੂੰ ਹਸਪਤਾਲ ਵਿਚ ਮਰਿਆ ਐਲਾਨ ਕੀਤਾ। *(ਇਸ ਕੇਸ ਵਿਚ ਕਦੇ ਕਿਸੇ ਹਿੰਦੂ ਨੂੰ ਕੁਝ ਨਾ ਕਿਹਾ ਗਿਆ)।*

1988: ਰਾਣਾ ਸਿੰਘ, ਕਿਸ਼ਨ ਸਿੰਘ, ਮਹਿਤਾਬ ਸਿੰਘ, ਜਗਜੀਤ ਸਿੰਘ ਖੁਜਾਲਾ, ਗੁਲਜ਼ਾਰ ਸਿੰਘ ਇਬਨ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ

1 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਰਾਣਾ ਸਿੰਘ, ਕਿਸ਼ਨ ਸਿੰਘ, ਮਹਿਤਾਬ ਸਿੰਘ, ਜਗਜੀਤ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਖੁਜਾਲਾ, ਜ਼ਿਲਾ ਗੁਰਦਾਸਪੁਰ) ਤੇ ਗੁਲਜ਼ਾਰ ਸ਼ਿੰਘ ਉਰਫ਼ ਮਹਿਤਾਬ ਸਿੰਘ (ਇਬਨ ਕਲਾਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਬਲਵਿੰਦਰ ਸਿੰਘ ਮਾਲੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

1 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਬਲਵਿੰਦਰ ਸਿੰਘ ਬਿੱਲੂ (ਵਾਸੀ ਮਾਲੋਕੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰਜੋਤ ਸਿੰਘ ਗੁਰਦਾਸਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

1 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਅਮਰਜੋਤ ਸਿੰਘ, ਗੁਰਦਾਸਪੁਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਸਿੱਖ ਸਰੂਪ ਵਾਲੇ ਨਵਜੋਤ ਸਿੱਧੂ ਨੇ ਆਪਣੇ ਘਰ ਵਿਚ ਸ਼ਿਵ ਲਿੰਗ ਕਾਇਮ ਕੀਤਾ

ਪਹਿਲੀ ਮਈ 2014 ਦੇ ਦਿਨ, ਭਾਰਤੀ ਜਨਤਾ ਪਾਰਟੀ ਦੇ ਸਿੱਖ ਸਰੂਪ ਵਾਲੇ ਨਵਜੋਤ ਸਿੱਧੂ ਨੇ ਅੰਮ੍ਰਿਤਸਰ ਦੇ ਹੋਲੀ ਸਿਟੀ ਇਲਾਕੇ ਵਿਚ ਆਪਣੇ ਨਵੇਂ ਘਰ ਵਿਚ ਮੰਦਰ ਬਣਾ ਕੇ ਸਿੰਗਾਪੁਰ ਤੋਂ ਢਾਈ ਕਰੋੜ ਰੁਪੈ ਦਾ ਸ਼ਿਵਲਿੰਗ ਲਿਆ ਕੇ ਕਾਇਮ ਕੀਤਾ।

2 ਮਈ

1757: ਦੁੱਰਾਨੀ ਦੇ ਪੁੱਤਰ ਤੈਮੂਰ ਨੇ ਕਰਤਾਰਪੁਰ ਅਤੇ ਦਰਬਾਰ ਸਾਹਿਬ ਨੂੰ ਢਾਹ ਦਿੱਤਾ

ਦਿੱਲੀ ਤੋਂ ਵਤਨ ਮੁੜ ਜਾਣ ਤੋਂ ਪਹਿਲਾਂ ਅਹਿਮਦ ਸ਼ਾਹ ਨੇ ਲੁੱਟ ਦਾ ਸਾਰਾ ਮਾਲ 28000 ਗੱਡਿਆਂ, ਬਲਦਾਂ, ਖੋਤਿਆਂ, ਖੱਚਰਾਂ, ਅਤੇ ਘੋੜਿਆਂ 'ਤੇ ਲੱਦ ਕੇ ਸਿੱਧਾ ਆਪਣੇ ਵਤਨ ਵੱਲ ਟੋਰ ਦਿੱਤਾ। ਅਹਿਮਦ ਸ਼ਾਹ ਨੇ ਦਿੱਲੀ ਵਿਚ ਕਿਸੇ ਦੇ ਘਰ ਵਿਚ ਇਕ ਵੀ ਹਾਥੀ, ਘੋੜਾ, ਊਠ, ਖੱਚਰ ਹੀ ਨਹੀਂ ਬਲਕਿ ਇਕ ਵੀ ਖੋਤਾ ਤਕ ਨਹੀਂ ਸੀ ਰਹਿਣ ਦਿੱਤਾ ਤੇ ਸਾਰਿਆਂ 'ਤੇ ਸਾਮਾਨ ਲੱਦਿਆ ਹੋਇਆ ਸੀ। ਅਹਿਮਦ ਸ਼ਾਹ ਦੀ ਸਾਰੀ ਅੱਸੀ ਹਜ਼ਾਰ ਫ਼ੌਜ ਪੈਦਲ ਜਾ ਰਹੀ ਸੀ ਅਤੇ ਸਵਾਰੀ ਦਾ ਹਰ ਜਾਨਵਰ ਲੁੱਟ ਦੇ ਮਾਲ ਨਾਲ ਲੱਦਿਆ ਹੋਇਆ ਸੀ। ਇਸ ਖ਼ਜ਼ਾਨੇ ਦੇ ਨਾਲ ਉਸ ਦਾ ਪੁੱਤਰ ਤੈਮੂਰ ਅਤੇ ਹਜ਼ਾਰਾਂ ਸਿਪਾਹੀ ਵੀ ਗਏ। ਜਦੋਂ ਖ਼ਜ਼ਾਨੇ ਵਾਲਾ ਕਾਫ਼ਲਾ ਲੰਘ ਕੇ ਸਨੌਰ ਕੋਲ ਪੁੱਜਾ ਤਾਂ ਖਾਲਸਾ ਫ਼ੌਜਾਂ ਨੇ (ਆਲਾ ਸਿੰਘ ਪਟਿਆਲਾ ਨੇ) ਉਸ 'ਤੇ ਹਮਲਾ ਕਰ ਦਿੱਤਾ ਤੇ ਅਹਿਮਦ ਸ਼ਾਹ ਦੀ ਲੁੱਟ ਦੇ ਮਾਲ ਦਾ ਇਕ ਹਿੱਸਾ ਖੋਹ ਲਿਆ। ਇਸ ਮਗਰੋਂ ਸਿੱਖਾਂ ਨੇ ਇਸ ਕਾਫ਼ਲੇ 'ਤੇ ਮਲੇਰਕੋਟਲੇ ਕੋਲ ਇਕ ਵਾਰ ਫੇਰ ਹਮਲਾ ਕੀਤਾ। ਉਂਞ ਸਿੱਖ ਝਨਾਂ ਦਰਿਆ ਤਕ ਅਫ਼ਗ਼ਾਨਾਂ ਦੇ ਕਾਫ਼ਲੇ 'ਤੇ ਹਮਲਾ ਕਰ ਇਸ ਦਾ ਮਾਲ ਲੁੱਟ ਕੇ ਲੁੱਟ ਦੇ ਮਾਲ ਦਾ ਭਾਰ ਘਟਾਉਂਦੇ ਰਹੇ। ਇਸ ਐਕਸ਼ਨ 'ਤੇ ਤੈਮੂਰ ਬਹੁਤ ਗੁੱਸੇ ਵਿਚ ਆਇਆ ਅਤੇ ਉਸ ਨੇ ਸਿੱਖਾਂ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ। ਜਦ ਤੈਮੂਰ ਤੇ ਅਹਿਮਦ ਸ਼ਾਹ ਦਾ ਜਰਨੈਲ ਜਹਾਨ ਖ਼ਾਨ ਜਲੰਧਰ ਪੁੱਜੇ ਤਾਂ ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੇ ਉਸ ਨੂੰ ਨੇੜੇ ਸਿੱਖਾਂ ਵੱਲੋਂ ਲੁੱਟ ਮਾਰ ਦਾ ਬਦਲਾ ਲੈਣ ਵਾਸਤੇ ਕਰਤਾਰਪੁਰ 'ਤੇ ਹਮਲਾ ਕਰਨ ਵਾਸਤੇ ਸਲਾਹ ਦਿਤੀ। ਉਸ ਵੇਲੇ ਕਰਤਾਰਪੁਰ ਵਿਚ ਵਡਭਾਗ ਸਿੰਘ (ਧੀਰ ਮੱਲ ਦੀ ਚੌਥੀ ਪੀੜ੍ਹੀ) ਰਹਿ ਰਿਹਾ ਸੀ ਅਤੇ ਭਾਈ ਗੁਰਦਾਸ ਦੀ ਕਲਮ ਨਾਲ ਲਿਖਿਆ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਉਸ ਕੋਲ ਹੀ ਸੀ। ਤੈਮੂਰ ਨੇ ਇਸ ਨਗਰ 'ਤੇ ਹਮਲਾ ਕਰ ਕੇ, ਲੋਕਾਂ ਦਾ ਕਤਲੇਆਮ ਅਤੇ ਲੁੱਟ-ਮਾਰ ਕਰਨ ਮਗਰੋਂ ਇਸ ਸ਼ਹਿਰ ਨੂੰ ਅੱਗ ਲਾ ਦਿਤੀ। ਇਸ ਅੱਗ ਵਿਚ ਗੁਰਦੁਆਰਾ ਥੰਮ੍ਹ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ (ਭਾਈ ਗੁਰਦਾਸ ਲਿਖਤ)* ਵੀ ਸੜ ਗਏ। ਇਸ ਮੌਕੇ 'ਤੇ ਵਡਭਾਗ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ 'ਤੇ ਬਹੁਤ ਤਸ਼ੱਦਦ ਕੀਤਾ ਗਿਆ। (ਇਕ ਰਾਤ ਨੂੰ ਉਸ ਦੇ ਕੁਝ ਚੇਲੇ ਉਸ ਨੂੰ ਹਿਰਾਸਤ ਵਿਚੋਂ ਕੱਢ ਕੇ ਮੌਜੂਦਾ ਹਿਮਾਂਚਲ ਦੇ ਪਿੰਡ ਮੈੜੀ ਵਿਚ ਲੈ ਗਏ। ਉਹ ਏਨਾ ਡਰ ਗਿਆ ਕਿ ਮੁੜ ਕੇ ਮੈੜੀ ਪਿੰਡ 'ਚੋਂ ਕਿਤੇ ਨਹੀਂ ਗਿਆ ਤੇ ਦਹਿਸ਼ਤ ਨਾਲ ਦਹਿਲਿਆ ਹੋਇਆ ਉਹ ਛੇਤੀ ਹੀ ਮਰ ਗਿਆ)।

(ਮਗਰੋਂ ਧੀਰਮੱਲੀਆਂ ਨੇ ਕੁਝ ਪੁਰਾਣੀਆਂ ਹੱਥ ਲਿਖਤ ਬੀੜਾਂ ਹਾਸਿਲ ਕੀਤੀਆਂ, ਜਿਹੜੀਆਂ ਕਿ ਬੰਨੋ ਵਾਲੀ ਖਾਰੀ ਬੀੜ ਦੀਆਂ ਨਕਲਾਂ ਹਨ। ਜਿਹੜਾ ਸਰੂਪ ਉਹ ਭਾਈ ਗੁਰਦਾਸ ਦਾ ਲਿਖਿਆ ਹੋਣ ਦਾ ਦਾਅਵਾ ਕਰਦੇ ਹਨ ਉਹ ਦਰਅਸਲ ਇਨ੍ਹਾਂ ਵਿਚੋਂ ਹੀ ਕੋਈ ਬੀੜ ਹੈ। ਪਰ ਇਹ ਗੱਲ ਦਿਲਚਸਪ ਹੈ ਕਿ ਪਹਿਲਾਂ ਉਹ ਕਦੇ ਕਿਸੇ ਇਕ ਬੀੜ ਤੇ ਕਦੇ ਦੂਜੀ ਬੀੜ ਨੂੰ ਭਾਈ ਗੁਰਦਾਸ ਦੀ ਬਣਾ ਦੇਂਦੇ ਸਨ)।

ਇਸ ਮਗਰੋਂ ਤੈਮੂਰ ਨੇ ਗੋਇੰਦਵਾਲ ਤੋਂ ਬਿਆਸ ਦਰਿਆ ਦਾ ਪੱਤਣ ਪਾਰ ਕੀਤਾ ਅਤੇ ਲਾਹੌਰ ਚਲਾ ਗਿਆ। ਕੁਝ ਦਿਨਾਂ ਬਾਅਦ ਅਹਿਮਦ ਸ਼ਾਹ ਵੀ ਲਾਹੌਰ ਪਹੁੰਚ ਗਿਆ। ਅਹਿਮਦ ਸ਼ਾਹ ਬਹੁਤੀ ਦੇਰ ਲਾਹੌਰ ਵਿਚ ਨਹੀਂ ਠਹਿਰਿਆ ਅਤੇ ਲੁੱਟ ਦਾ ਮਾਲ ਲੈ ਕੇ ਅਫ਼ਗਾਨਿਸਤਾਨ ਵਲ ਨੂੰ ਰਵਾਨਾ ਹੋ ਗਿਆ। ਇਸ ਪਿੱਛੋਂ ਵੀ ਖਾਲਸਾ ਫ਼ੌਜਾਂ ਅਹਿਮਦ ਸ਼ਾਹ ਦੀ ਵਹੀਰ 'ਤੇ ਗੁਰੀਲਾ ਹਮਲਾ ਕਰਦੀਆਂ ਰਹੀਆਂ ਤੇ ਇਹ ਹਮਲੇ ਉਦੋਂ ਤਕ ਜਾਰੀ ਰਹੇ, ਜਦੋਂ ਤਕ ਅਹਿਮਦ ਸ਼ਾਹ ਦੀਆਂ ਫ਼ੌਜਾਂ ਝਨਾਂ ਦਰਿਆ ਪਾਰ ਨਾ ਕਰ ਗਈਆਂ। ਅਹਿਮਦ ਸ਼ਾਹ ਨੇ ਜਾਣ ਤੋਂ ਪਹਿਲਾਂ ਤੈਮੂਰ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿਤਾ। ਹੁਣ ਤੈਮੂਰ ਨੇ ਵੀ ਸਿੱਖਾਂ ਨੂੰ ਖ਼ਤਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਤੈਮੂਰ ਦੇ ਹੁਕਮਾਂ ਅਤੇ ਜਹਾਨ ਖ਼ਾਨ ਦੀ ਅਗਵਾਈ ਹੇਠ ਦੁਰਾਨੀ ਦੀਆਂ ਫ਼ੌਜਾਂ ਨੇ ਸਿੱਖਾਂ ਦੀ ਫੜੋ-ਫੜੀ ਸ਼ੁਰੂ ਕਰ ਦਿੱਤੀ ਤੇ ਬਹੁਤ ਸਾਰੇ ਸਿੱਖ ਸ਼ਹੀਦ ਕਰ ਦਿੱਤੇ। 2 ਮਈ 1757 ਦੇ ਦਿਨ ਤੈਮੂਰ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਕੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਉਸ ਨੇ ਰਾਮ ਰੌਣੀ (ਕਿਲ੍ਹਾ) ਅਤੇ ਦਰਬਾਰ ਸਾਹਿਬ ਨੂੰ ਢਾਹ ਦਿੱਤਾ ਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਨਾਲ ਪੂਰ ਦਿੱਤਾ।

1698: ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਦੀ ਸੇਵਾ ਸੰਭਾਲੀ

ਭਾਈ ਮਨੀ ਸਿੰਘ 2 ਮਈ 1698 ਦੇ ਦਿਨ ਅੰਮ੍ਰਿਤਸਰ ਪੁੱਜੇ ਅਤੇ 3 ਮਈ ਨੂੰ ਦਰਬਾਰ ਸਾਹਿਬ 'ਚ ਨੀਲਾ ਨਿਸ਼ਾਨ ਸਾਹਿਬ ਝੁਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ (ਤਫ਼ਸੀਲ ਭਲਕੇ ਦੇਖੋ)। ਇਸ ਤੋਂ ਬਾਅਦ ਭਾਈ ਮਨੀ ਸਿੰਘ ਅੰਮ੍ਰਿਤਸਰ ਹੀ ਰਹਿਣ ਲੱਗ ਪਏ। ਮਗਰੋਂ ਕਿਸੇ ਲੇਖਕ ਨੇ ਗ਼ਲਤ ਲਿਖ ਦਿੱਤਾ ਕਿ ਭਾਈ ਜੀ ਨੂੰ ਮਾਤਾ ਸੁੰਦਰ ਕੌਰ ਨੇ 1721 ਵਿਚ ਇਹ ਸੇਵਾ ਸੌਂਪੀ ਸੀ।

1991: ਬਲਵਿੰਦਰ ਸਿੰਘ ਤੇ ਸਮੇਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

2 ਮਈ 1993 ਦੇ ਦਿਨ ਪੁਲਸ ਨੇ ਰਛਪਾਲ ਸਿੰਘ ਫ਼ੌਜੀ ਤੇ ਪੰਜ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਐਲਾਨ ਕੀਤਾ ਗਿਆ

1994 ਵਿਚ ਛੇ ਅਕਾਲੀ ਦਲ ਕਾਇਮ ਹੋਏ ਹੋਏ ਸਨ। ਇਨ੍ਹਾਂ ਨੂੰ ਇਕ ਕਰਨ ਦੇ ਨਾਂ 'ਤੇ ਅਕਾਲ ਤਖ਼ਤ ਦੇ ਉਦੋਂ ਦੇ ਐਕਟਿੰਗ ਮੁਖ ਸੇਵਾਦਾਰ ਨੇ ਅਕਾਲ ਤਖ਼ਤ ਤੋਂ ਇਕ ਸਾਂਝਾ ਅਕਾਲੀ ਦਲ ਬਣਾਉਣ ਦੀ ਕਾਰਵਾਈ ਕੀਤੀ। ਇਸ ਮੁਹਿੰਮ ਵਿਚ ਬਾਦਲ ਨੂੰ ਛੱਡ ਕੇ ਬਾਕੀ ਧੜੇ ਸ਼ਾਮਿਲ ਹੋ ਗਏ। 2 ਮਈ 1994 ਦੇ ਦਿਨ ਇਨ੍ਹਾਂ ਅਕਾਲੀ ਦਲਾਂ ਨੂੰ ਇਕੱਠਾ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਐਲਾਨ ਕੀਤਾ ਗਿਆ। ਇਸ ਅਕਾਲੀ ਦਲ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)' ਰਖਿਆ ਗਿਆ। ਇਸ ਅਕਾਲੀ ਦਲ ਦੀ ਟਿਕ 6 ਮੈਂਬਰੀ ਐਡਹਾਕ ਕਮੇਟੀ ਬਣਾ ਦਿੱਤੀ ਗਈ। ਇਹ 6 ਸਨ:

ਸਿਮਰਨਜੀਤ ਸਿੰਘ ਮਾਨ, ਜਗਦੇਵ ਸਿੰਘ ਤਲਵੰਡੀ, ਮਨਜੀਤ ਸਿੰਘ (ਭਰਾ ਭਾਈ ਅਮਰੀਕ ਸਿੰਘ), ਜਸਮੇਰ ਸਿੰਘ ਬਾਲਾ, ਅਮਰਿੰਦਰ ਸਿੰਘ, ਸੁਰਜੀਤ ਬਰਨਾਲਾ। ਸਤਵੀਂ ਥਾਂ ਬਾਦਲ ਵਾਸਤੇ ਖ਼ਾਲੀ ਰੱਖੀ ਗਈ। (ਮਗਰੋਂ ਬਾਦਲ ਦੇ ਨਾ ਆਉਣ 'ਤੇ ਸੁਖਜਿੰਦਰ ਸਿੰਘ ਨੂੰ ਸਤਵਾਂ ਮੈਂਬਰ ਪਾਇਆ ਗਿਆ)। (ਮਗਰੋਂ ਅਕਾਲ ਤਖ਼ਤ ਦੇ ਪੁਜਾਰੀ ਮਨਜੀਤ ਸਿੰਘ ਤੇ ਬਾਕੀ ਪੁਜਾਰੀ ਹੀ ਇਸ ਲਦ ਤੋਂ ਮੁਕਰ ਗਏ ਤੇ ਬਾਦਲ ਨੂੰ ਆਪਣਾ ਆਕਾ ਮੰਨ ਲਿਆ)।

ਇਸ ਨਵੇਂ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ ਵੀ ਐਲਾਨਿਆ ਗਿਆ। ਇਸ ਮੈਨੀਫ਼ੈਸਟੋ ਵਿਚ ਬੁਨਿਆਦੀ ਨੁਕਤਾ ਸੀ: ''ਭਾਰਤ ਅਤੇ ਸਿੱਖਾਂ ਦੀ ਕਨਫ਼ੈਡਰੇਸ਼ਨ ਕਾਇਮ ਕਰਨਾ।'' ਇਸ ਦਾ ਪੈਟਰਨ ਰੂਸੀ ਸੂਬਿਆਂ ਦੇ ਆਧਾਰ ਵਾਲਾ ਸੀ। ਇਸ ਮੈਨੀਫ਼ੈਸਟੋ ਨੂੰ 'ਅੰਮ੍ਰਿਤਸਰ ਐਲਾਨਨਾਮਾ' ਅਤੇ 'ਖਾਲਸਾ ਪੰਥ ਨਾਲ ਪ੍ਰਣ ਪੱਤਰ' ਵੀ ਆਖਿਆ ਗਿਆ। ਇਸ ਦੇ ਲਫ਼ਜ਼ ਇਹ ਸਨ:

ਸ਼੍ਰੋਮਣੀ ਪੰਥ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਆਧਾਰਿਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜੱਦੋ-ਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ, ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਹੋਂਦ ਵਿਚ ਨਹੀਂ ਆਇਆ। ਸਿਰਫ਼ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੇ ਜਜ਼ਬਾਤ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇਕ ਪਾਸੇ ਜੇ ਦੱਖਣ-ਪੂਰਬੀ ਏਸ਼ੀਆ ਬੇਚੈਨ ਹੈ ਤਾਂ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਣ ਲਈ ਕਦਰਾਂ-ਕੀਮਤਾਂ ਦੇ ਨਵੇਂ ਸਿਰਿਓਂ ਵਿਊਂਤਣ ਲਈ ਵੀ ਕੋਸ਼ਿਸ਼ਾਂ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ, ਸੰਵਾਦ, ਸ਼ਾਇਰਾਨਾ ਤਰਜ਼-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਪੀਲ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉੱਤੇ ਉਸਰੀਆਂ, ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖੀ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਇਜ਼ਹਾਰ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ-ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁੱਖ ਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਨਫ਼ੈਡਰਲ ਵਿਧਾਨ ਰਾਹੀਂ ਨਵੇਂ ਸਿਰਿਓਂ ਜਥੇਬੰਦਕ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖ਼ੁਸ਼ਬੂ ਵਿਸ਼ਵ ਸਭਿਆਚਾਰ ਦੇ ਬਾਗ਼ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫ਼ੈਡਰਲ ਨਵ-ਸੰਗਠਤ ਢਾਂਚਾ, ਹਿੰਦੁਸਤਾਨੀ ਹੁਕਮਰਾਨਾਂ ਵਲੋਂ ਪਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ। (ਦਸਤਖ਼ਤ: ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ, ਸੁਰਜੀਤ ਬਰਨਾਲਾ, ਮਨਜੀਤ ਸਿੰਘ)

ਖਾਲਸਾ ਪੰਥ ਨਾਲ ਪ੍ਰਣ ਪੱਤਰ:

ਅਸੀਂ ਅਕਾਲ ਤਖ਼ਤ ਸਾਹਿਬ ਜੀ ਅਤੇ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਬੈਠ ਕੇ ਪਿਛਲੇ ਦਿਨਾਂ ਤੋਂ ਆਪਸੀ ਏਕਤਾ ਦੀਆਂ ਸਿਧਾਂਤ ਆਧਾਰਤ ਵਿਚਾਰਾਂ ਕਰਨ ਮਗਰੋਂ ਇਹ ਪ੍ਰਣ ਅੱਜ ਦੇ ਇਸ ਪੰਥਕ ਇਕੱਠ ਵਿਚ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ। ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਅਧੀਨ ਆਪਸੀ ਖਿੱਚੋਤਾਣ ਦੇ

ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ। ਸਾਡੀ ਸੋਚ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰਜ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ ਜੋ ਸਾਨੂੰ ਖਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਅਤੇ ਪ੍ਰਾਪਤ ਹੋਵੇਗਾ। ਖਾਲਸਾਈ ਰਵਾਇਤ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦੇ ਹਾਂ। ਅਸੀਂ ਹਰ ਮੁਮਕਿਨ ਯਤਨ ਕਰ ਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠੇ ਕਰ ਕੇ ਕੌਮੀ ਕਾਰਜ ਲਈ ਜਮਹੂਰੀ ਢੰਗ-ਤਰੀਕੇ ਨਾਲ ਸਦੀਵੀ ਤੌਰ 'ਤੇ ਜੁੜਦੇ ਰਹਾਂਗੇ। ਕਿਸੇ ਵੀ ਸੂਰਤ ਵਿਚ ਕੌਮ ਨਾਲ ਵਿਸਾਹਘਾਤ ਨਹੀਂ ਕਰਾਂਗੇ ਤੇ ਇਕ ਸੇਵਕ ਦੀ ਹੈਸੀਅਤ ਵਿਚ ਵਿਚਾਰਾਂਗੇ।

ਗੁਰੂ ਪੰਥ ਦੇ ਦਾਸ: ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ, ਮਨਜੀਤ ਸਿੰਘ (ਭਾਈ), ਸੁਰਜੀਤ ਬਰਨਾਲਾ ।

1991: ਰਛਪਾਲ ਸਿੰਘ ਬਬਰ ਕਿਲ੍ਹਾ ਨਕਲੀ ਮੁਕਾਬਲੇ ਵਿਚ ਸ਼ਹੀਦ

2 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਰਛਪਾਲ ਸਿੰਘ ਉਰਫ਼ ਛੋਟਾ ਚੰਦਰਾ ਉਰਫ਼ ਪਾਲਾ ਮੂੜ੍ਹ, ਬਬਰ ਕਿਲ੍ਹਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਬਾਦਲ ਨੇ ਪਾਕਿਸਤਾਨ ਦੀ ਜੇਲ੍ਹ ਵਿਚ ਮਰੇ ਇਕ ਕੈਦੀ ਨੂੰ 'ਕੌਮੀ ਸ਼ਹੀਦ' ਕਰਾਰ ਦਿੱਤਾ

ਪਕਿਸਤਾਨ ਦੀ ਜੇਲ੍ਹ ਵਿਚ 1990 ਤੋਂ ਕੈਦ ਸਰਬਜੀਤ ਨਾਂ ਦੇ ਇਕ ਕੈਦੀ ਨੂੰ ਕੁਝ ਪਾਕਿਸਤਾਨੀ ਕੈਦੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਉਸ ਦੀ ਲਾਸ਼ ਅਗਲੇ ਦਿਨ ਪੰਜਾਬ ਪੁੱਜੀ ਅਤੇ ਬਾਦਲ ਸਰਕਾਰ ਨੇ ਉਸ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ 21 ਤੋਪਾਂ ਦੀ ਸਲਾਮੀ ਦੇ ਕੇ ਕੀਤਾ। ਇਸੇ ਦਿਨ ਪੰਜਾਬ ਅਸੈਂਬਲੀ ਦਾ ਸਪੈਸ਼ਲ ਸੈਸ਼ਨ ਸੱਦ ਕੇ ਉਸ ਨੂੰ 'ਕੌਮੀ ਸ਼ਹੀਦ' ਕਰਾਰ ਦਿੱਤਾ। ਪੰਜਾਬ ਦੀ ਧਰਤੀ 'ਤੇ ਅੰਗਰੇਜ਼ਾਂ ਅਤੇ ਕਾਂਗਰਸ ਦੀ ਹਕੂਮਤ ਦੌਰਾਨ ਹਜ਼ਾਰਾਂ ਲੋਕ ਸ਼ਹੀਦ ਹੋ ਚੁਕੇ ਸਨ ਪਰ ਉਨ੍ਹਾਂ ਵਿਚੋਂ ਕਿਸੇ ਨੂੰ ਵੀ 'ਸ਼ਹੀਦ' ਦਾ ਦਰਜਾ ਹਾਸਿਲ ਨਹੀਂ ਸੀ ਹੋ ਸਕਿਆ। ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਅੰਮ੍ਰਿਤਸਰ ਤੋਂ ਇਲਾਵਾ ਕਿਸੇ ਬਾਦਲ ਅਕਾਲੀ ਆਗੂ ਜਾਂ ਕਿਸੇ ਭਾਰਤੀ ਪਾਰਟੀ ਦੇ ਕਿਸੇ ਵੀ ਆਗੂ ਨੇ ਇਸ ਸ਼ਰਮਨਾਕ ਹਰਕਤ ਦਾ ਵਿਰੋਧ ਤਕ ਨਾ ਕੀਤਾ। ਇਸ ਦੇ ਨਾਲ ਹੀ ਉਸ ਦੀ ਭੈਣ, ਪਤਨੀ ਤੇ ਦੋ ਧੀਆਂ ਨੂੰ 25-25 ਲੱਖ (ਕੁਲ ਇਕ ਕਰੋੜ) ਰੁਪੈ ਵੀ ਦਿੱਤੇ ਅਤੇ ਇਸ ਤੋਂ ਇਲਾਵਾ ਉਸ ਦੀ ਧੀ ਨੂੰ ਉਚ ਦਰਜੇ ਦੀ ਸਰਕਾਰੀ ਨੌਕਰੀ ਵੀ ਦਿੱਤੀ ਅਤੇ ਸਰਬਜੀਤ ਦੀ ਭੈਣ ਅਤੇ ਦੂਜੀ ਧੀ ਨੂੰ ਗੈਸ ਦੀ ਏਜੰਸੀ ਵੀ ਦਿੱਤੀ। ਚੇਤੇ ਰਹੇ ਕਿ 1947 ਤੋਂ 1999 ਤਕ ਚੀਨ ਤੇ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਵਿਚ 16451 ਜਵਾਨ ਮਾਰੇ ਗਏ ਸਨ; ਪਰ ਪੰਜਾਬ (ਜਾਂ ਸੈਂਟਰ) ਸਰਕਾਰ ਨੇ ਨਾ ਤਾਂ ਉਨ੍ਹਾਂ ਨੂੰ ਸ਼ਹੀਦ ਗਰਦਾਨਿਆ ਸੀ ਤੇ ਨਾ ਹੀ ਕੋਈ ਐਵਾਰਡ ਦਿੱਤਾ ਸੀ। ਪੰਜਾਬ ਸਰਕਾਰ ਨੇ ਇਨ੍ਹਾਂ ਸਾਰਿਆਂ ਦੇ ਪਰਵਾਰਾਂ ਨੂੰ ਸਿਰਫ਼ ਇਕ ਇਕ ਲੱਖ ਰੁਪਿਆ ਦਿੱਤਾ ਸੀ। ਬਾਦਲ ਵੱਲੋਂ ਸਰਬਜੀਤ ਦੇ ਟੱਬਰ ਨੂੰ ਇਕ ਕਰੋੜ ਰੁਪੈ ਦੇਣ ਦਾ ਕਾਰਨ ਇਹ ਸੀ ਕਿ ਉਸ ਦੀ ਭੈਣ ਦਲਬੀਰ ਕੌਰ ਖਾੜਕੂ ਲਹਿਰ ਵੇਲੇ 'ਪੁਲਸ ਕੈਟ' ਸੀ ਅਤੇ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸੈਣੀ ਦੀ ਵਫ਼ਾਦਾਰ ਸੀ ਤੇ ਬਾਦਲ ਨੇ ਇਹ ਸਾਰਾ ਕੁਝ ਸੁਮੇਧ ਸੈਣੀ ਦੇ ਕਹਿਣ 'ਤੇ ਹੀ ਕੀਤਾ ਸੀ।

3 ਮਈ

1698: ਭਾਈ ਮਨੀ ਸਿੰਘ ਅਤੇ 5 ਸਿੱਖਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ

ਮਾਰਚ 1698 ਵਿਚ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਬਹੁਤ ਸਾਰੀ ਸੰਗਤ ਵੀ ਅਨੰਦਪੁਰ ਆਈ ਹੋਈ ਸੀ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਮੀਣੇ (ਪ੍ਰਿਥੀ ਚੰਦ

ਦੇ ਵਾਰਿਸ) ਗੁਰੂ ਦਾ ਚੱਕ ਛੱਡ ਗਏ ਹਨ, ਇਸ ਕਰ ਕੇ ਉੱਥੋਂ ਦੀ ਸੇਵਾ ਸੰਭਾਲ ਵਾਸਤੇ ਕਿਸੇ ਸਿਰਕਰਦਾ ਸਿੱਖ ਨੂੰ ਭੇਜ ਦਿੱਤਾ ਜਾਵੇ। ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਪੰਜ ਹੋਰ ਸਾਥੀ ਲੈ ਕੇ ਗੁਰੂ ਦਾ ਚੱਕ ਜਾਣ ਦਾ ਹੁਕਮ ਦਿੱਤਾ। ਗੁਰੂ ਜੀ ਨੇ ਇਨ੍ਹਾਂ ਨੂੰ ਆਪਣਾ ਨੀਲਾ ਨਿਸ਼ਾਨ ਸਾਹਿਬ ਤੇ ਗੁਰੂ ਗ੍ਰੰਥ ਸਹਿਬ ਦਾ ਦਮਦਮੀ ਸਰੂਪ (ਜੋ ਦਮਦਮਾ ਸਾਹਿਬ, ਅਨੰਦਪੁਰ ਸਾਹਿਬ ਵਿਚ ਤਿਆਰ ਕੀਤਾ ਹੋਇਆ ਸੀ) ਦਾ ਇਕ ਉਤਾਰਾ ਵੀ ਭੇਟ ਕੀਤਾ। ਭਾਈ ਮਨੀ ਸਿੰਘ ਨਾਲ ਜਾਣ ਵਾਲੇ ਪੰਜ ਸਿੱਖ ਇਹ ਸਨ: ਭੂਪਤ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ ਚੰਦਰਾ, ਕਾਨ੍ਹ ਸਿੰਘ ਅਤੇ ਕੀਰਤ ਸਿੰਘ (ਇਹ ਸਾਰੇ 24 ਜੂਨ 1734 ਦੇ ਦਿਨ ਸ਼ਹੀਦ ਕੀਤੇ ਗਏ ਸਨ)। ਇਹ ਸਾਰੇ ਸਿੱਖ 2 ਮਈ ਨੂੰ ਅੰਮ੍ਰਿਤਸਰ ਪੁੱਜੇ ਅਤੇ 3 ਮਈ 1698 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਨੀਲਾ ਨਿਸ਼ਾਨ ਸਾਹਿਬ ਲਹਿਰਾ ਕੇ ਦਰਬਾਰ ਸਾਹਿਬ ਵਿਚ ਆਦਿ ਗ੍ਰੰਥ ਸਾਹਿਬ (ਉਦੋਂ ਆਦਿ ਗ੍ਰੰਥ ਨੂੰ ਗੁਰੂ ਨਹੀਂ ਕਹਿੰਦੇ ਸੀ ਕਿਉਂ ਕਿ ਇਸ ਨੂੰ ਅਜੇ ਗੁਰਗੱਦੀ ਨਹੀਂ ਮਿਲੀ ਸੀ) ਦਾ ਪ੍ਰਕਾਸ਼ ਕੀਤਾ।

1705: ਬਿਲਾਸਪੁਰ ਅਤੇ ਹੰਡੂਰ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਚੌਹਾਂ ਪਾਸਿਆਂ ਤੋਂ ਘੇਰਾ ਪਾ ਲਿਆ।

ਵਾਰ-ਵਾਰ ਅਨੰਦਪੁਰ ਸਾਹਿਬ 'ਤੇ ਹਮਲੇ ਕਰ ਕੇ ਹਾਰ ਖਾਣ ਮਗਰੋਂ ਬਿਲਸਪੁਰੀ ਅਜਮੇਰ ਚੰਦ ਨੇ ਹੰਡੂਰ ਦੇ ਰਾਜੇ ਅਤੇ ਕਾਂਗੜਾ, ਲਾਹੌਰ ਅਤੇ ਦੇ ਸੂਬੇਦਾਰਾਂ ਨੂੰ ਨਾਲ ਰਲਾ ਕੇ 3 ਮਈ 1705 ਦੇ ਦਿਨ ਅਜਮੇਰ ਚੰਦ ਨੇ ਹਜ਼ਾਰਾਂ ਫ਼ੌਜਾਂ ਨਾਲ ਅਨੰਦਪੁਰ ਸਾਹਿਬ ਨੂੰ ਘੇਰ ਲਿਆ। ਗੁਰੂ ਸਾਹਿਬ ਨੇ ਸਾਰੇ ਕਿਲ੍ਹਿਆਂ ਵਿਚ ਪੂਰੀ ਤਕੜਾਈ ਕੀਤੀ ਹੋਈ ਸੀ ਪਰ ਉਸ ਵੇਲੇ ਅਨੰਦਪੁਰ ਸਾਹਿਬ 'ਚ ਅਨਾਜ ਕੋਈ ਬਹੁਤਾ ਨਹੀਂ ਸੀ। ਅਜਮੇਰ ਚੰਦ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾਇਆ ਹੋਇਆ ਸੀ। ਇਸ ਘੇਰੇ ਤੋਂ ਕੁਝ ਹੋਰ ਦੂਰ ਹੰਡੂਰੀ ਫ਼ੌਜਾਂ, ਗੁੱਜਰਾਂ ਤੇ ਰੰਘੜਾਂ ਦੀਆਂ ਫ਼ੌਜਾਂ ਨੇ ਮੋਰਚੇ ਸੰਭਾਲੇ ਹੋਏ ਸਨ।

1718: ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਹੋਇਆ

ਸਿੱਖ ਫ਼ੌਜ ਦੇ ਅਠਾਰਵੀਂ ਸਦੀ ਦੇ ਸ: ਕਪੂਰ ਸਿੰਘ ਤੋਂ ਬਾਅਦ ਦੂਜੇ ਸਭ ਤੋਂ ਵੱਡੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਸ. ਬਦਰ ਸਿੰਘ ਦੇ ਘਰ 3 ਮਈ 1718 ਦੇ ਦਿਨ ਹੋਇਆ ਸੀ। ਨਿੱਕੀ ਉਮਰ ਵਿਚ ਹੀ ਉਸ ਦੇ ਪਿਤਾ ਚੜ੍ਹਾਈ ਕਰ ਗਏ ਸਨ ਤੇ ਉਸ ਦਾ ਬਚਪਨ ਮਾਤਾ ਸੁੰਦਰ ਕੌਰ ਦੇ ਨਿਵਾਸ 'ਤੇ ਦਿੱਲੀ ਵਿਚ ਬੀਤਿਆ ਸੀ; ਮਗਰੋਂ ਸ. ਕਪੂਰ ਸਿੰਘ (ਨਵਾਬ) ਉਸ ਨੂੰ ਆਪਣੇ ਨਾਲ ਲੈ ਆਏ ਸਨ; 1753 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸਾ ਦੇ ਮੁਖੀ ਬਣਾਏ ਗਏ ਸਨ। ਆਪ 1783 ਵਿਚ ਚੜ੍ਹਾਈ ਕਰ ਗਏ।

1809: ਅੰਗਰੇਜ਼ਾਂ ਨੇ ਸਤਲੁਜ ਪਾਰ ਰਿਆਸਤਾਂ ਨੂੰ 'ਰਾਖੀ' ਦੀ ਪੇਸ਼ਕਸ਼ ਕੀਤੀ

ਜਦ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦੇ ਸੱਜੇ ਕੰਢੇ ਦੀਆਂ ਸਿੱਖ ਮਿਸਲਾਂ ਦੇ ਇਲਾਕਿਆਂ 'ਤੇ ਕਬਜ਼ੇ ਕਰ ਲਏ ਤਾਂ ਉਰਾਰ ਦੀਆਂ ਮਿਸਲਾਂ ਨੂੰ ਫ਼ਿਕਰ ਪੈ ਗਿਆ ਕਿ ਉਨ੍ਹਾਂ ਦਾ ਹਸ਼ਰ ਵੀ ਬਾਕੀ ਸਿੱਖ ਰਿਆਸਤਾਂ ਵਾਲਾ ਹੋ ਸਕਦਾ ਹੈ; ਉਧਰ ਅੰਗਰੇਜ਼ਾਂ ਨੇ ਵੀ ਇਹ ਤਾੜ ਕੇ ਇਧਰ ਦੇ ਸਿੱਖ ਮੁਖੀਆਂ ਨੂੰ 'ਰਾਖੀ' ਦੀ ਪੇਸ਼ਕਸ਼ ਕੀਤੀ ਜਿਸ ਨੂੰ ਸਤਲੁਜ ਦੇ ਖੱਬੇ ਪਸੇ ਵਾਲੇ ਸਿੱਖ ਰਾਜਿਆਂ ਨੇ ਕਬੂਲ ਕਰ ਲਿਆ।

1914: ਚੀਫ਼ ਖਾਲਸਾ ਦੀਵਾਨ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਏ ਜਾਣ ਸਬੰਧੀ ਲਾਹੌਰ ਵਿਚ ਇਕੱਠ ਕੀਤਾ

14 ਜਨਵਰੀ 1914 ਦੇ ਦਿਨ ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਵਿਚ ਇਸ ਦੇ ਖਿਲਾਫ਼ ਰੋਸ ਜਾਗਿਆ। ਹਰਚੰਦ ਸਿੰਘ ਰਈਸ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ। 10 ਤੋਂ 12 ਅਪ੍ਰੈਲ 1914 ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹੋਈ। ਮਾਸਟਰ ਸੁੰਦਰ ਸਿੰਘ ਤੇ ਹਰਚੰਦ ਸਿੰਘ ਨੇ ਕਾਨਫ਼ਰੰਸ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਉਠਾਉਣਾ ਚਾਹਿਆ। ਜਦੋਂ ਕਮੇਟੀ ਵਾਲੇ ਨਾ ਮੰਨੇ ਤਾਂ ਇਨ੍ਹਾਂ ਨੇ ਉੱਚੀ ਅਵਾਜ਼ ਵਿਚ ਹਾਜ਼ਰ ਸਿੱਖਾਂ ਵਿਚ ਮਸਲਾ ਰੱਖਣਾ ਚਾਹਿਆ। ਇਸ 'ਤੇ ਕਾਨਫ਼ਰੰਸ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਕਾਨਫ਼ਰੰਸ ਵਿੱਚੋਂ ਕੱਢ ਦਿੱਤਾ। ਇਸ ਮਗਰੋਂ ਇਨ੍ਹਾਂ ਨੇ ਜਲੰਧਰ ਸਟੇਸ਼ਨ 'ਤੇ ਆ ਕੇ ਇਕ ਜਲਸਾ ਕਰ ਕੇ ਲੋਕਾਂ ਨੂੰ ਹਾਲਾਤ ਦੱਸੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਮੰਗ ਕੀਤੀ। ਇਸ 'ਤੇ ਚੀਫ਼ ਖਾਲਸਾ ਦੀਵਾਨ ਨੇ ਮਜਬੂਰੀ ਵਿਚ 3 ਮਈ 1914 ਨੂੰ ਅੰਮ੍ਰਿਤਸਰ 'ਚ ਕੁਝ ਖਾਸ ਸਿੱਖਾਂ ਦਾ ਇਕੱਠ ਬੁਲਾਇਆ। ਇਸ ਇਕੱਠ ਵਿਚ 245 ਪਤਵੰਤੇ ਸ਼ਾਮਿਲ ਹੋਏ। ਇਨ੍ਹਾਂ ਵਿਚ ਬਹੁਤੇ ਜਾਗੀਰਦਾਰ ਜਾਂ ਸਰਕਾਰ ਪੱਖੀ ਸਨ। ਇਸ ਮੀਟਿੰਗ ਨੇ ਰੌਲੇ-ਗੌਲੇ ਵਿਚ ਛੇ ਮਤੇ ਪਾਸ ਕੀਤੇ, ਜੋ ਕਿ ਸਰਕਾਰ ਅੱਗੇ ਮਿੰਨਤਾਂ ਵਰਗੇ ਸਨ। ਜਿਵੇਂ ਕਿ:

"*ਬੜੀ ਨਿਮਰਤਾ ਨਾਲ ਸਰਕਾਰ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਗੁਰਦੁਆਰੇ ਦੀ ਜ਼ਮੀਨ ਅਤੇ ਗੁਰਦੁਆਰੇ ਦੀ ਬਾਹਰਲੀ ਕੰਧ ਨੂੰ ਪਹਿਲੀ ਅਸਲੀ ਹਾਲਤ ਵਿਚ ਕਾਇਮ ਕਰ ਦੇਵੇ। ਪਰ ਜੇ ਸਰਕਾਰ ਕੁਝ ਜ਼ਰੂਰੀ ਕਾਰਨਾਂ ਕਰ ਕੇ ਉਸ ਦਸ਼ਾ ਨੂੰ ਬਦਲਣਾ ਚਾਹੇ ਤਦ ਇਸ ਕਮੇਟੀ ਦੀ ਰਾਇ ਵਿਚ ਇਹ ਤਾਂ ਪ੍ਰਵਾਨ ਕਰਨ ਦੇ ਯੋਗ ਹੋਵੇਗੀ ਕਿ ਗੁਰਦੁਆਰੇ ਦੀ ਜ਼ਮੀਨ ਦੇ ਰਕਬੇ ਨੂੰ ਘਟਾਏ ਬਿਨਾਂ ਇਸ ਸਾਡੀ ਥਾਂ ਨੂੰ ਇਸ ਢੰਗ ਨਾਲ ਵਿਊਂਤ ਦਿਤੀ ਜਾਵੇ ਕਿ ਗੁਰਦੁਆਰਾ ਇਸ ਵਿਚਕਾਰ ਆ ਜਾਵੇ ਅਤੇ ਇਸ ਦੇ ਦੋਹੀਂ ਪਾਸੀਂ ਸੜਕਾਂ ਲੰਘਦੀਆਂ ਹੋਣ। ਇਹ ਸਾਰਾ ਕੰਮ ਸਿੱਖਾਂ ਦੀ ਇਕ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਵਿਚ ਹੋਵੇ, ਜਿਸ ਨੂੰ ਸਰਕਾਰ ਇਸ ਕੰਮ ਲਈ ਮਾਲੀ ਮਦਦ ਦੇਵੇ।*"

ਦੂਜੇ ਮਤੇ ਰਾਹੀਂ ਸਰਕਾਰ ਨੂੰ ਅਰਜ਼ ਕੀਤੀ ਗਈ ਕਿ "*ਦਿਨ ਰਾਤ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਵਿਚ ਆਉਣ ਤੇ ਠਹਿਰਨ ਦੀ ਖੁਲ੍ਹ ਹੋਵੇ। 7 ਮੁਖੀ ਸਿੱਖਾਂ ਦੀ ਇਕ ਕਮੇਟੀ ਬਣਾਈ ਜਾਏ ਜੋ ਗੁਰਦੁਆਰਾ ਰਕਾਬ ਗੰਜ ਅਤੇ ਨਵੀਂ ਦਿੱਲੀ ਦੇ ਹੋਰ ਗੁਰਦੁਆਰਿਆਂ ਦੀ ਦੇਖ ਭਾਲ ਅਤੇ ਪ੍ਰਬੰਧ ਕਰੇ। ਗੁਰਦੁਆਰਿਆਂ ਦੇ ਖ਼ਰਚ ਨੂੰ ਚਲਾਉਣ ਵਾਸਤੇ ਰਾਇਸੀਨਾ ਪਿੰਡ ਦੀ ਜ਼ਮੀਨ ਦੇ ਬਦਲੇ ਸਰਕਾਰ ਕਾਫ਼ੀ ਨਹਿਰੀ ਜ਼ਮੀਨ ਦੇਵੇ।*"

ਇਹੋ ਜਿਹੇ ਢਿੱਲੇ ਮਤੇ ਸਰਕਾਰ ਨੇ ਮਨਜ਼ੂਰ ਕਰ ਲੈਣੇ ਸਨ, ਪਰ ਇਹ ਗੱਲ ਨਹੀਂ ਸੀ ਮੰਨਣੀ ਕਿ ਗੁਰਦੁਆਰੇ ਦੇ ਨਾਲ ਲਗਦੀ ਜ਼ਮੀਨ ਜਿਉਂ ਦੀ ਤਿਉਂ ਹੀ ਰਹਿਣ ਦਿੱਤੀ ਜਾਵੇ। ਸਰਕਾਰ ਇਸ ਗੱਲ ਵਾਸਤੇ ਤਾਂ ਪਹਿਲੋਂ ਹੀ ਤਿਆਰ ਸੀ ਕਿ ਜ਼ਮੀਨ ਦੇ ਬਰਾਬਰ ਦੀ ਜ਼ਮੀਨ ਦੇ ਦਿੱਤੀ ਜਾਵੇ। ਸਰਕਾਰ ਨੇ ਬਾਰੀ ਦੋਆਬ ਵਿਚ 30 ਮੁਰੱਬੇ ਜ਼ਮੀਨ ਦੇਣੀ ਮੰਨ ਵੀ ਲਈ। ਚੀਫ਼ ਖਾਲਸਾ ਦੀਵਾਨ ਦਾ ਮਤਾ ਸਰਕਾਰ ਦੀ ਪੇਸ਼ਕਸ਼ ਦੀ ਹੀ ਤਰਜਮਾਨੀ ਕਰਦਾ ਸੀ, ਪਰ ਆਮ ਸਿੱਖ ਨਹੀਂ ਮੰਨਦੇ ਸਨ। ਇਸ ਮਤੇ ਦਾ ਮਤਲਬ ਸਾਫ਼ ਸੀ ਕਿ "ਸਰਕਾਰ ਨੂੰ ਦੀਵਾਰ ਬਣਾਉਣ ਦੀ ਕੋਈ ਜ਼ਰੂਰਤ ਨਹੀਂ ਤੇ ਜਿੰਨੀ ਜ਼ਮੀਨ ਸਰਕਾਰ ਨੇ ਲੈਣੀ ਹੋਵੇ ਲੈ ਲਵੇ ਤੇ ਕਿਸੇ ਹੋਰ ਪਾਸਿਓਂ ਦੇ ਦੇਵੇ।" ਇਹ ਤਾਂ ਸਿੱਧੀ ਸਰਕਾਰ ਦੀ ਹਿਮਾਇਤ ਸੀ।

1984: ਮੋਗਾ ਵਿਚ ਸੀ.ਆਰ.ਪੀ. ਐਫ਼. ਨੇ ਕਈ ਦਿਨ ਮਗਰੋਂ ਗੁਰਦੁਆਰਿਆਂ ਤੋਂ ਘੇਰਾ ਚੁਕਿਆ

23 ਅਪ੍ਰੈਲ ਨੂੰ ਫ਼ੀਰੋਜ਼ਪੁਰ ਵਿਚ ਫ਼ਿਰਕੂ ਹਿੰਦੂ ਜ਼ਿਹਨੀਅਤ ਵਾਲੀ ਸੀ.ਆਰ.ਪੀ.ਐਫ਼. ਨੇ ਦਹਿਸ਼ਤ ਫੈਲਾਉਣ ਵਾਸਤੇ ਬੇਵਜਹ ਗੋਲੀਆਂ ਮਾਰ ਕੇ 6 ਬੇਗੁਨਾਹ ਸਿੱਖ ਮਾਰ ਦਿੱਤੇ ਤੇ 10 ਜ਼ਖ਼ਮੀ ਕਰ ਦਿੱਤੇ। ਫਿਰ 26 ਅਪ੍ਰੈਲ ਨੂੰ ਸੀ.ਆਰ.ਪੀ.ਐਫ਼. ਨੇ ਮੋਗੇ ਵਿਚ ਤਿਨ ਗੁਰਦੁਆਰਿਆਂ ਨੂੰ ਘੇਰਾ ਪਾ ਲਿਆ ਅਤੇ ਤਕਰੀਬਨ ਡੇਢ ਦਰਜਨ ਸਿੱਖ ਕਤਲ ਕਰ ਦਿੱਤੇ। ਸੀ.ਆਰ.ਪੀ.ਐਫ਼. ਇਨ੍ਹਾਂ ਨੇ ਤਿਨਾਂ ਗੁਰਦੁਆਰਿਆਂ ਦਾ ਪਾਣੀ ਤੇ ਬਿਜਲੀ ਵੀ ਬੰਦ ਦਿੱਤੇ ਤੇ ਸੈਂਕੜੇ ਸਿੱਖ ਅੰਦਰ ਕੈਦ ਕਰ ਦਿੱਤੇ। ਅਖ਼ੀਰ ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਲਾਉਣ ਦੀ 'ਧਮਕੀ' ਦਿੱਤੇ ਜਾਣ 3 ਮਈ 1984 ਦੇ ਦਿਨ ਮਗਰੋਂ ਇਨ੍ਹਾਂ ਗੁਰਦੁਆਰਿਆਂ ਦਾ ਘੇਰਾ ਚੁੱਕਿਆ ਗਿਆ।

1987: ਨਛੱਤਰ ਸਿੰਘ ਤੇ ਮੇਜਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

3 ਮਈ 1987 ਦੇ ਦਿਨ ਪੁਲਸ ਨੇ ਨਛੱਤਰ ਸਿੰਘ ਤੇ ਮੇਜਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਜਸਵੰਤ ਸਿੰਘ ਬਿਜਲੀਵਾਲ ਤੇ ਦਿਲਬਾਗ ਸਿੰਘ ਬੋਲੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

3 ਮਈ 1988 ਦੇ ਦਿਨ ਪੁਲਸ ਨੇ ਜਸਵੰਤ ਸਿੰਘ ਉਰਫ਼ ਹਰਨੇਕ ਸਿੰਘ ਉਰਫ਼ ਮਸਤਾਨਾ ਬਬਰ (ਬਿਜਲੀਵਾਲ, ਬਟਾਲਾ) ਤੇ ਦਿਲਬਾਗ ਸਿੰਘ (ਬੋਲੋਵਾਲ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਹੁਸਨ ਸਿੰਘ ਹੁਸਨਾ ਤੇ ਬਿੱਲੂ ਸਿੰਘ ਬੱਕਰੀਆਂ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਹੁਸਨ ਸਿੰਘ ਹੁਸਨਾ ਤੇ ਬਿੱਲੂ ਸਿੰਘ ਬੱਕਰੀਆਂ ਵਾਲਾ (ਦੋਵੇਂ ਤਲਵੰਡੀ ਸਾਬੋ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਬਲਵਿੰਦਰ ਸਿੰਘ ਫੌਜੀ ਦਿਆਲ, ਰਾਜਬੀਰ ਸਿੰਘ ਫੌਜੀ, ਸੁਖਵੀਰ ਸਿੰਘ ਕਾਲਾ, ਕੁਲਵੰਤ ਸਿੰਘ ਕੰਤਾ, ਸੁਖਦੇਵ ਸਿੰਘ ਉਦੋਕੇ, ਹਰਵਿੰਦਰ ਸਿੰਘ ਲੱਡੂ ਕਪੂਰਥਲਾ, ਰਾਜਬਰਿੰਦਰ ਸਿੰਘ ਰਾਜਾ ਇਬਨ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਬਲਵਿੰਦਰ ਸਿੰਘ ਫੌਜੀ, ਉਰਫ਼ ਦਿਆਲ, ਉਰਫ਼ ਸਾਇਆਨਾਈਡ, ਉਰਫ਼ ਪਾਇਲਟ (ਵਾਸੀ ਦਿਆਲ, ਅੰਮ੍ਰਿਤਸਰ, ਰਾਜਬੀਰ ਸਿੰਘ ਫੌਜੀ, ਉਰਫ਼ ਛੋਟਾ ਵੇਰਾਤ, ਸੁਖਵੀਰ ਸਿੰਘ ਕਾਲਾ, ਕੁਲਵੰਤ ਸਿੰਘ ਕੰਤਾ, ਸੁਖਦੇਵ ਸਿੰਘ ਉਦੋਕੇ, ਹਰਵਿੰਦਰ ਸਿੰਘ ਲੱਡੂ (ਵਾਸੀ ਪ੍ਰੀਤ ਨਗਰ, ਕਪੂਰਥਲਾ), ਰਾਜਬਰਿੰਦਰ ਸਿੰਘ ਰਾਜਾ ਉਰਫ਼ ਗੋਰਾ ਪਹਿਲਵਾਨ (ਵਾਸੀ ਇਬਨ ਕਲਾਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992 ਬਲਵਿੰਦਰ ਸਿੰਘ ਸੁਲਤਾਨਵਿੰਡ ਤੇ ਦਾਨਾ ਸਿੰਘ ਮੋਰੇ ਖ਼ੁਰਦ ਨਕਲੀ ਮੁਕਾਬਲੇ ਵਿਚ ਸ਼ਹੀਦ

3 ਮਈ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਉਰਫ਼ ਦਿਲਾਵਰ ਸਿੰਘ (ਪੁਤਰ ਚਰਨ ਸਿੰਘ, ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਤੇ ਦਾਨਾ ਸਿੰਘ (ਵਾਸੀ ਮੋਰੇ ਖ਼ੁਰਦ, ਨੇੜੇ ਮਜੀਠਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਮੋਹਨ ਸਿੰਘ ਅਗਵਾੜ ਗੁੱਜਰਾਂ, ਮੇਜਰ ਸਿੰਘ ਬੁਰਜ ਕਾਲੜਾ, ਅਮਰਜੀਤ ਸਿੰਘ ਮਹਿਲ ਕਲਾਂ, ਲਛਮਣ ਸਿੰਘ ਮਲਕਾਣਾ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

3 ਮਈ 1992 ਦੇ ਦਿਨ ਪੁਲਸ ਨੇ ਮੋਹਨ ਸਿੰਘ (ਪੁਤਰ ਸੁਰਜਨ ਸਿੰਘ ਉਰਫ਼ ਸੱਜਣ ਸਿੰਘ, ਵਾਸੀ ਅਗਵਾੜ ਗੁੱਜਰਾਂ, ਨੇੜੇ ਜਗਰਾਓਂ, ਲੁਧਿਆਣਾ), ਮੇਜਰ ਸਿੰਘ ਸਰਪੰਚ (ਪੁੱਤਰ ਕਰਤਾਰ ਸਿੰਘ, ਵਾਸੀ ਬੁਰਜ ਕਾਲੜਾ, ਨੇੜੇ ਹਠੂਰ, ਲੁਧਿਆਣਾ), ਅਮਰਜੀਤ ਸਿੰਘ (ਪੁੱਤਰ ਗੁਰਮੇਲ ਸਿੰਘ, ਵਾਸੀ ਮਹਿਲ ਕਲਾਂ, ਸੰਗਰੂਰ), ਲਛਮਣ ਸਿੰਘ ਮਲਕਾਨਾ ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: 1984 ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਸਜ਼ਾ ਦਿਵਾਉਣ ਵਾਸਤੇ ਨ੍ਰਿਪਜੀਤ ਕੌਰ ਨੇ ਭੁੱਖ ਹੜਤਾਲ ਸ਼ੁਰੂ ਕੀਤੀ

3 ਮਈ 2013 ਦੇ ਦਿਨ ਬੀਬੀ ਨ੍ਰਿਪਜੀਤ ਕੌਰ (ਪਤਨੀ ਸ਼ਹੀਦ ਰੌਸ਼ਨ ਸਿੰਘ ਬੈਰਾਗੀ) ਨੇ 1984 ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਸਜ਼ਾ ਦਿਵਾਉਣ ਵਾਸਤੇ ਦਿੱਲੀ ਵਿਚ ਭੁੱਖ ਹੜਤਾਲ ਸ਼ੁਰੂ ਕੀਤੀ। 8 ਮਈ ਦੇ ਦਿਨ ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਨੇ ਇਹ ਕਹਿ ਕੇ ਕਿ ਭੁੱਖ ਹੜਤਾਲ ਸਿੱਖ ਮਰਿਆਦਾ ਵਿਚ ਨਹੀਂ ਅਤੇ ਇਸ ਕੇਸ ਨੂੰ ਅਪਾਣੇ ਹੱਥ ਵਿਚ ਲੈਣ ਦੇ ਝੂਠੇ ਵਾਅਦੇ ਕਰ ਕੇ ਉਸ ਦੀ ਭੁੱਖ ਹੜਤਾਲ ਤੁੜਵਾ ਦਿੱਤੀ।

4 ਮਈ

1861: ਰਾਣੀ ਜਿੰਦਾਂ ਆਪਣੇ ਪੁੱਤਰ ਦਲੀਪ ਸਿੰਘ ਨਾਲ ਇੰਗਲੈਂਡ ਜਾਣ ਵਾਸਤੇ ਬੰਬਈ ਤੋਂ ਜਹਾਜ਼ ਵਿਚ ਰਵਾਨਾ ਹੋਈ।

ਲਾਰਡ ਡਲਹੌਜ਼ੀ ਨੇ ਰਾਣੀ ਜਿੰਦਾਂ ਬਾਰੇ ਇਕ ਵਾਰ ਲਿਖਿਆ ਸੀ ਕਿ *"ਪੰਜਾਬ ਵਿਚ ਇਕੱਲੀ ਰਾਣੀ ਜਿੰਦ ਕੌਰ ਹੀ ਮਰਦਾਂ ਵਾਲੀ ਹਸਤੀ ਰਖਦੀ ਹੈ।"* (*ਪਰਾਈਵੇਟ ਕਾਰਸਪੌਂਡੈਂਸ ਰੀਲੇਟਿੰਗ ਟੂ ਸਿੱਖ ਵਾਰਜ਼*, ਸਫ਼ਾ 167)। ਇਹੀ ਕਾਰਨ ਸੀ ਕਿ ਅੰਗਰੇਜ਼ ਉਸ ਤੋਂ ਬਹੁਤ ਡਰਦੇ ਸਨ। (ਜਿਹਾ ਕਿ ਪਿੱਛੇ ਜ਼ਿਕਰ ਆ ਚੁਕਾ ਹੈ) ਰਾਣੀ ਨੂੰ 16 ਮਈ 1848 ਦੇ ਦਿਨ, ਇਕ ਕੈਦੀ ਵਜੋਂ, ਬਨਾਰਸ ਲਿਜਾਇਆ ਗਿਆ ਸੀ। ਬਨਾਰਸ ਕਿਲ੍ਹੇ ਵਿੱਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਅਤੇ ਚਤਰ ਸਿੰਘ ਅਟਾਰੀਵਾਲਾ ਨਾਲ ਬਣਿਆ ਹੋਇਆ ਸੀ। ਜਦ ਇਸ ਦਾ ਪਤਾ ਅੰਗਰੇਜ਼ਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਸਕਿਉਰਿਟੀ ਵਧਾਉਣ ਦੀ ਬਜਾਏ ਰਾਣੀ ਨੂੰ ਚਿਨਾਰ ਦੇ ਸਭ ਤੋਂ ਵਧ ਮਹਿਫ਼ੂਜ਼ ਕਿਲ੍ਹੇ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮਾਰਚ 1849 ਦੇ ਅਖ਼ੀਰਲੇ ਦਿਨਾਂ ਦੀ ਹੈ। ਰਾਣੀ 6 ਅਪਰੈਲ ਨੂੰ ਇਸ ਕਿਲ੍ਹੇ ਵਿਚੋਂ ਚੋਰੀ ਨਿਕਲ ਗਈ ਜਿਸ ਦਾ ਪਤਾ ਅੰਗਰੇਜ਼ਾਂ ਨੂੰ 15 ਅਪਰੈਲ ਨੂੰ ਲੱਗਾ। ਚਿਨਾਰ ਵਿਚੋਂ ਨਿਕਲ ਕੇ ਰਾਣੀ ਜਿੰਦਾਂ ਪਹਿਲਾਂ ਪਟਨਾ ਪੁੱਜੀ ਤੇ ਫਿਰ ਨੈਪਾਲ ਨੂੰ ਚਲੀ ਗਈ। ਉਹ 29 ਅਪਰੈਲ 1849 ਦੇ ਦਿਨ ਕਠਮੰਡੂ ਪੁੱਜੀ। ਇੱਥੇ ਉਸ ਨੇ ਨੈਪਾਲ ਦੇ ਰਾਜੇ ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਉਸ ਵਿਚਾਰੇ ਕੋਲ ਏਡੀ ਵੱਡੀ ਤਾਕਤ ਦੇ ਖ਼ਿਲਾਫ਼ ਖੜ੍ਹੇ ਹੋਣ ਜੋਗੀ ਜਾਨ ਕਿੱਥੇ ਸੀ? ਰਾਣੀ

ਜਿੰਦਾਂ ਨੇ ਜੰਮੂ ਦੇ ਰਾਜੇ ਗੁਲਾਬ ਸਿੰਘ ਡੋਗਰਾ ਨਾਲ ਵੀ ਰਾਬਤਾ ਬਣਾਇਆ ਪਰ ਉਹ ਤਾਂ ਖ਼ੁਦ ਅੰਗਰੇਜ਼ਾਂ ਦੇ ਨਾਲ ਮਿਲਿਆ ਹੋਇਆ ਸੀ (ਜਿੰਦਾਂ ਏਨੀ ਭੋਲੀ ਸੀ ਕਿ ਉਹ ਆਪਣੇ ਸਭ ਤੋਂ ਵੱਡੇ ਦੁਸ਼ਮਣਾਂ ਨੂੰ ਵੀ ਨਹੀਂ ਪਛਾਣਦੀ ਸੀ)। ਗੁਲਾਬ ਸਿੰਘ ਨੇ ਰਾਣੀ ਦੀ ਮਦਦ ਕਰਨ ਦੀ ਬਜਾਇ ਇਹ ਸਾਰੀ ਜਾਣਕਾਰੀ ਅੰਗਰੇਜ਼ਾਂ ਨੂੰ ਦੇ ਦਿੱਤੀ।ਰਾਣੀ ਜਿੰਦਾਂ ਦੀਆਂ ਕਾਰਵਾਈਆਂ ਹੁਣ ਅੰਗਰੇਜ਼ਾਂ ਨੂੰ ਪੂਰੀ ਤਰ੍ਹਾਂ ਪਤਾ ਲਗ ਚੁਕੀਆਂ ਸਨ ਤੇ ਜੇ ਉਹ ਚਾਹੁੰਦੇ ਤਾਂ ਉਸ ਨੂੰ ਫੇਰ ਕਾਬੂ ਕਰ ਸਕਦੇ ਸਨ; ਪਰ ਉਨ੍ਹਾਂ ਨੂੰ ਪਤਾ ਲਗ ਚੁਕਿਆ ਸੀ ਕਿ ਕੋਈ ਵੀ ਸਿੱਖ ਜਾਂ ਗੈਰ-ਸਿੱਖ ਰਾਣੀ ਦੀ ਮਦਦ ਕਰਨ ਵਾਸਤੇ ਤਿਆਰ ਨਹੀਂ ਹੋਇਆ, ਇਸ ਕਰ ਕੇ ਉਨ੍ਹਾਂ ਰਾਣੀ ਨੂੰ ਉਸ ਦੇ ਹਾਲ 'ਤੇ ਹੀ ਛਡ ਦਿੱਤਾ, ਪਰ, ਇਸ ਦੇ ਬਾਵਜੂਦ ਵੀ ਉਸ ਦੀ ਪੂਰੀ ਨਿਗਰਾਨੀ ਕਰਦੇ ਰਹੇ।ਸਾਰੇ ਪਾਸਿਓਂ ਬੇਉਮੀਦ ਹੋ ਕੇ ਅਖ਼ੀਰ ਰਾਣੀ ਨੇ ਹੌਸਲਾ ਛਡ ਦਿੱਤਾ। 1856 ਵਿਚ ਰਾਣੀ ਨੇ ਅੰਗਰੇਜ਼ਾਂ ਤਕ ਪਹੁੰਚ ਕਰ ਕੇ ਆਪਣੇ ਪੁੱਤਰ ਕੋਲ ਇੰਗਲੈਂਡ ਜਾਣ ਦੀ 'ਇਜਾਜ਼ਤ' ਮੰਗੀ। ਪਰ ਅੰਗਰੇਜ਼ਾਂ ਨੇ ਉਸ ਨੂੰ ਇਸ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ।1860 ਵਿਚ ਰਾਣੀ ਨੇ ਫੇਰ ਅੰਗਰੇਜ਼ੀ ਸਰਕਾਰ ਨੂੰ ਅਪੀਲ ਕੀਤੀ ਕਿ ਉਸ ਨੂੰ ਆਪਣੇ ਪੁੱਤਰ ਕੋਲ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਵਕਤ ਰਾਣੀ ਦੀ ਉਮਰ ਚਾਲ੍ਹੀ ਸਾਲ ਦੇ ਕਰੀਬ ਸੀ। ਉਹ ਸਾਰੇ ਪਾਸਿਓਂ ਹਾਰ ਚੁਕੀ ਸੀ, ਬੇਦਿਲ ਹੋ ਚੁਕੀ ਸੀ ਤੇ ਸਾਰੀਆਂ ਉਮੀਦਾਂ ਖ਼ਤਮ ਕਰ ਚੁਕੀ ਸੀ। ਅੰਗਰੇਜ਼ ਇਹ ਸਾਰਾ ਕੁਝ ਜਾਣਦੇ ਸਨ। ਉਧਰ ਦਲੀਪ ਸਿੰਘ ਸਿੱਖੀ ਜਾਂ ਰਾਜ ਕਰਨ ਦੇ ਸੁਫ਼ਨੇ ਭੁੱਲ ਚੁਕਾ ਸੀ ਤੇ ਇੰਗਲੈਂਡ ਵਿਚ ਇਕ ਆਮ ਅੱਯਾਸ਼ ਈਸਾਈ ਸ਼ਹਿਜ਼ਾਦੇ ਵਾਂਗ ਜੀਅ ਰਿਹਾ ਸੀ। ਅੰਗਰੇਜ਼ ਮਹਿਸੂਸ ਕਰਦੇ ਸਨ ਕਿ ਹੁਣ ਰਾਣੀ ਦਲੀਪ ਸਿੰਘ 'ਤੇ ਕੋਈ ਅਸਰ ਨਹੀਂ ਪਾ ਸਕੇਗੀ। ਅਖ਼ੀਰ ਉਨ੍ਹਾਂ ਨੇ 1861 ਵਿਚ ਰਾਣੀ ਨੂੰ ਇੰਗਲੈਂਡ ਜਾਣ ਦੀ ਇਜਾਜ਼ਤ ਦੇ ਦਿੱਤੀ। ਕੁਝ ਮਹੀਨਿਆਂ ਮਗਰੋਂ ਦਲੀਪ ਸਿੰਘ ਬੰਬਈ ਆਇਆ ਅਤੇ ਆਪਣੀ ਮਾਂ ਨੂੰ 13 ਸਾਲ ਮਗਰੋਂ ਮਿਲਿਆ। ਇਸ ਵੇਲੇ ਉਸ ਨੇ ਸਿਰ-ਮੂੰਹ ਮੁੰਨਿਆ ਹੋਇਆ ਸੀ। ਪੁੱਤਰ ਨੂੰ ਇਸ ਰੂਪ ਵਿਚ ਵੇਖ ਕੇ ਉਹ ਭੁੱਬਾਂ ਮਾਰ ਕੇ ਰੋਈ। ਪਰ ਉਸ ਦੇ ਰੋਣ ਦਾ ਦਲੀਪ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਸ ਨੇ ਸਿੱਖੀ ਸਰੂਪ ਵਿਚ ਆਉਣ ਦਾ ਫੋਕਾ ਵਾਅਦਾ ਵੀ ਨਾ ਕੀਤਾ। ਦਲੀਪ ਸਿੰਘ ਉਸ ਨੂੰ ਆਪਣੇ ਨਾਲ ਇੰਗਲੈਂਡ ਜ਼ਰੂਰ ਲੈ ਗਿਆ। ਉਹ 4 ਮਈ 1861 ਨੂੰ ਇੰਗਲੈਂਡ ਵਾਸਤੇ ਰਵਾਨਾ ਹੋਏ ਤੇ ਜੁਲਾਈ ਵਿਚ ਉੱਥੇ ਪਹੁੰਚ ਗਏ। ਪੁੱਤਰ ਕੋਲ ਪੁੱਜ ਕੇ ਵੀ ਰਾਣੀ ਵਿਚਾਰੀ ਉਦਾਸ ਹੋਣ ਤੋਂ ਸਿਵਾ ਕੁਝ ਵੀ ਨਹੀਂ ਸੀ ਕਰ ਸਕਦੀ। ਉਹ ਅਕਸਰ ਰੋਂਦੀ ਰਹਿੰਦੀ ਸੀ। ਅਖ਼ੀਰ ਝੁਰਦੀ, ਰੋਂਦੀ, ਤੜਫਦੀ ਰਾਣੀ ਜਿੰਦਾਂ ਆਪਣੀਆਂ ਅੱਖਾਂ ਦੀ ਜੋਤਿ ਵੀ ਗੁਆ ਬੈਠੀ ਤੇ 'ਹੱਡੀਆਂ ਦੀ ਮੁੱਠ' ਬਣ ਕੇ ਰਹਿ ਗਈ। ਇਹ ਵੀ ਹੋ ਸਕਦਾ ਹੈ ਕਿ ਅੰਗਰੇਜ਼ਾਂ ਨੇ ਡਾਕਟਰਾਂ ਰਾਹੀਂ ਉਸ ਨੂੰ ਦਵਾਈਆਂ ਦੇ ਨਾਂ 'ਤੇ ਜ਼ਹਿਰ ਦੇ ਕੇ ਉਸ ਦਾ ਕੰਡਾ ਕੱਢਣ ਦੀ ਕੋਸ਼ਿਸ਼ ਕੀਤੀ ਹੋਵੇ। ਉਹ ਬਹੁਤੀ ਦੇਰ ਜਿਊਂਦੀ ਨਾ ਰਹੀ ਤੇ ਦੋ ਸਾਲ ਦੇ ਅੰਦਰ-ਅੰਦਰ, ਪਹਿਲੀ ਅਗਸਤ 1863 ਦੇ ਦਿਨ, ਇੰਗਲੈਂਡ ਵਿਚ ਹੀ ਚੜ੍ਹਾਈ ਕਰ ਗਈ। ਇੰਞ (ਲਾਰਡ ਡਲਹੌਜ਼ੀ ਦੇ ਲਫ਼ਜ਼ਾਂ ਵਿਚ) "ਪੰਜਾਬ ਦੀ ਇੱਕੋ-ਇਕ 'ਮਰਦ' ਸ਼ਖ਼ਸੀਅਤ" ਦਿਲਗੀਰ ਹੋ ਕੇ ਇਸ ਦੁਨੀਆਂ ਤੋਂ ਚਲੀ ਗਈ।

1946: ਅਜ਼ਾਦ ਹਿੰਦ ਫ਼ੌਜ ਦੇ ਜਨਰਲ ਮੋਹਣ ਸਿੰਘ ਨੂੰ ਲਾਲ ਕਿਲ੍ਹਾ ਵਿਚੋਂ ਰਿਹਾ ਕਰ ਦਿੱਤਾ ਗਿਆ।

ਦੂਜੀ ਵੱਡੀ ਜੰਗ ਵਿਚ ਜਪਾਨ ਤੇ ਜਰਮਨੀ ਵੱਲੋਂ ਗ੍ਰਿਫ਼ਤਾਰ ਅੰਗਰੇਜ਼ ਸਰਕਾਰ ਦੇ ਭਾਰਤੀ ਫ਼ੌਜੀਆਂ ਨੇ ਜਨਰਲ ਮੋਹਨ ਸਿੰਘ ਤੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਅਜ਼ਾਦ ਹਿੰਦ ਫ਼ੌਜ ਬਣਾ ਲਈ ਪਰ ਜਰਮਨ ਤੇ ਜਪਾਨ ਦੀ ਹਾਰ ਮਗਰੋਂ ਇਸ ਫ਼ੌਜ ਨੂੰ ਵੀ ਗ੍ਰਿਫ਼ਤਾਰ

ਕਰ ਕੇ ਮੁਕੱਦਮੇ ਚਲਾਏ ਗਏ; ਇਸ ਦੌਰਾਨ ਇਹ ਜਰਨੈਲ ਲਾਲ ਕਿਲ੍ਹਾ ਵਿਚ ਕੈਦ ਰਹੇ ਸਨ; ਅਖ਼ੀਰ ਇਨ੍ਹਾਂ ਸਾਰਿਆਂ ਨੂੰ 4 ਮਈ 1946 ਦੇ ਦਿਨ ਰਿਹਾ ਕਰ ਦਿੱਤਾ ਗਿਆ।

1989: ਬੂਟਾ ਸਿੰਘ ਕਾਉਂਕੇ ਨਕਲੀ ਮੁਕਾਬਲੇ ਵਿਚ ਸ਼ਹੀਦ

4 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਬੂਟਾ ਸਿੰਘ ਕਾਉਂਕੇ (ਨੇੜੇ ਜਗਰਾਉਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਰਿੰਦਰ ਸਿੰਘ ਕਾਲੀਆ ਸੰਗਤਰਾ, ਜੁਗਰਾਜ ਸਿੰਘ ਸੁਰ ਸਿੰਘ, ਸ਼ਮਸ਼ੇਰ ਸਿੰਘ ਸਿੰਘਾਪੁਰੀਆ ਤੇ ਸੁਰਿੰਦਰ ਸਿੰਘ ਛਿੰਦਾ ਵਲਟੋਹਾ, ਸ਼ਮਸ਼ੇਰ ਸਿੰਘ ਮਦਰ ਮਥਰਾ, ਕਸ਼ਮੀਰ ਸਿੰਘ ਭੋਲਾ ਊਧੋਵਾਲ, ਰਵਿੰਦਰਬੀਰ ਸਿੰਘ ਭੋਆਲ ਕਾਲੇਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ

4 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਸੁਰਿੰਦਰ ਸਿੰਘ ਛਿੰਦਾ (ਵਾਸੀ ਕਾਲੀਆ ਸੰਗਤਰਾ), ਜੁਗਰਾਜ ਸਿੰਘ ਉਰਫ਼ ਰਾਜਾ (ਵਾਸੀ ਸੁਰ ਸਿੰਘ, ਅੰਮ੍ਰਿਤਸਰ), ਸ਼ਮਸ਼ੇਰ ਸਿੰਘ ਸਿੰਘਾਪੁਰੀਆਂ ਤੇ ਸੁਰਿੰਦਰ ਸਿੰਘ ਛਿੰਦਾ (ਵਾਸੀ ਵਲਟੋਹਾ, ਅੰਮ੍ਰਿਤਸਰ), ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ (ਵਾਸੀ ਮਦਰ ਮਥਰਾ, ਭਾਗੀ), ਕਸ਼ਮੀਰ ਸਿੰਘ ਭੋਲਾ ਉਰਫ਼ ਜਰਨਲ ਲਾਲ ਸਿੰਘ (ਵਾਸੀ ਊਧੋਵਾਲ, ਗੁਰਦਾਸਪੁਰ), ਰਵਿੰਦਰਬੀਰ ਸਿੰਘ ਭੋਆਲ (ਵਾਸੀ ਕਾਲੇਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿਘ ਕੀੜੀ ਉਰਫ਼ ਰਾਕਟ ਨਕਲੀ ਮੁਕਾਬਲੇ ਵਿਚ ਸ਼ਹੀਦ

4 ਮਈ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਕੀੜੀ ਉਰਫ਼ ਰਾਕਟ ਨੂੰ ਮੁਗਲ ਨਰਵਾਣਾ (ਗੁਰਦਾਸਪੁਰ) ਕੋਲ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਹਰਜਿੰਦਰ ਸਿੰਘ ਮਾਣੂਕੇ ਨਕਲੀ ਮੁਕਾਬਲੇ ਵਿਚ ਸ਼ਹੀਦ

4 ਮਈ 1993 ਦੇ ਦਿਨ ਪੁਲਸ ਨੇ ਹਰਜਿੰਦਰ ਸਿੰਘ (ਪੁਤਰ ਲਾਲ ਸਿੰਘ ਵਾਸੀ ਮਾਣੂਕੇ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

5 ਮਈ

1723: ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਹੋਇਆ

ਸਿੱਖ ਫ਼ੌਜਾਂ ਦੇ ਇਕ ਅਹਿਮ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਸ. ਹਰਦਾਸ ਸਿੰਘ ਦੇ ਘਰ 5 ਮਈ 1723 ਦੇ ਦਿਨ ਹੋਇਆ ਸੀ। ਸ. ਜੱਸਾ ਸਿੰਘ ਜਰਨੈਲ ਨੰਦ ਸਿੰਘ ਸਾਂਘਣਾ ਦੀ ਮੌਤ ਪਿੱਛੋਂ ਉਸ ਦੀ ਮਿਸਲ ਦੇ ਮੁਖੀ ਬਣੇ ਸਨ; ਆਪ ਨੇ ਕਿਲ੍ਹਾ ਰਾਮ ਰੌਣੀ ਬਣਾਇਆ ਤੇ ਇਸ ਦਾ ਸੇਵਾ ਸੰਭਾਲੀ ਸੀ; ਇਸ ਕਿਲ੍ਹੇ ਨੂੰ ਉਦੋਂ ਕਿਲ੍ਹਾ ਰਾਮਗੜ੍ਹ ਵੀ ਕਹਿੰਦੇ ਸਨ; ਇਸ ਕਰ ਕੇ ਇਨ੍ਹਾਂ ਦੀ ਮਿਸਲ ਨੂੰ ਵੀ ਮਿਸਲ ਰਾਮਗੜ੍ਹੀਆ ਕਿਹਾ ਜਾਣ ਲਗ ਪਿਆ। ਸ. ਜੱਸਾ ਸਿੰਘ ਨੇ ਇਹ ਬਹੁਤ ਵੱਡੀ ਰਿਆਸਤ ਕਾਇਮ ਕੀਤੀ। ਆਪ 1803 ਵਿਚ ਚੜ੍ਹਾਈ ਕਰ ਗਏ।ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਰਿਆਸਤ ਤੇ ਕਬਜ਼ਾ ਕਰ ਲਿਆ।

1834: ਸ. ਹਰੀ ਸਿੰਘ ਨਲਵਾ ਨੇ ਪੇਸ਼ਾਵਰ 'ਤੇ ਕਬਜ਼ਾ ਕੀਤਾ

ਲਾਹੌਰ ਤੋਂ ਬਾਅਦ ਰਣਜੀਤ ਸਿੰਘ ਨੇ ਤਕਰੀਬਨ ਸਾਰੇ ਪੰਜਾਬ 'ਤੇ ਕਬਜ਼ਾ ਕਰ ਲਿਆ ਸੀ। 1809 ਵਿਚ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦਾ ਅਹਿਦਨਾਮਾ ਕਰਨ ਤੋਂ ਪਹਿਲਾਂ

ਰਣਜੀਤ ਸਿੰਘ ਨੇ ਸ਼ੇਖੂਪੁਰਾ ਅਤੇ ਕਾਂਗੜਾ (20 ਅਗਸਤ 1808 ਨੂੰ) 'ਤੇ ਵੀ ਕਬਜ਼ਾ ਕਰ ਚੁਕਾ ਸੀ। ਅਹਿਦਨਾਮੇ ਮਗਰੋਂ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ ਦਰਿਆ ਸਤਲੁਜ ਨੂੰ ਹੱਦ ਮੰਨ ਲਿਆ ਗਿਆ। ਇਸ ਮਗਰੋਂ ਰਣਜੀਤ ਸਿੰਘ ਨੇ ਪੱਛਮ ਵਲ ਮੂੰਹ ਕਰ ਲਿਆ। ਉਸ ਨੇ ਜਨਵਰੀ 1810 ਵਿਚ ਗੁਜਰਾਤ ਤੇ ਖੁਸ਼ਾਬ, ਫਰਵਰੀ 1810 ਵਿਚ ਸਾਹੀਵਾਲ, ਜੂਨ 1810 ਵਿਚ ਹਲੋਵਾਲ, ਡੋਡਾ ਤੇ ਵਜ਼ੀਰਾਬਾਦ ਅਤੇ ਨਵੰਬਰ 1810 ਵਿਚ ਡਸਕਾ 'ਤੇ ਕਬਜ਼ਾ ਕਰ ਲਿਆ। ਉਸ ਨੇ 1811 ਵਿਚ ਸਿੰਘਪੁਰੀਆ ਅਤੇ ਨੱਕਈ ਮਿਸਲਾਂ ਦੇ ਰਚਨਾ-ਦੁਆਬ ਵਿਚਲੇ ਇਲਾਕਿਆਂ ਨੂੰ ਵੀ ਖੋਹ ਲਿਆ। 1813 ਵਿਚ ਅਟਕ, ਸਤੰਬਰ 1815 ਵਿਚ ਜੋਧ ਸਿੰਘ ਰਾਮਗੜ੍ਹੀਆ ਦਾ ਇਲਾਕਾ, 1818ਵਿਚ ਝੰਗ ਅਤੇ ਨਵੰਬਰ 1818 ਵਿਚ ਮੁਲਤਾਨ ਵੀ ਅੱਧ-ਪਚੱਧਾ ਉਸ ਦੇ ਕਬਜ਼ੇ ਵਿਚ ਆ ਚੁਕਾ ਸੀ। ਇਸ ਮਗਰੋਂ ਜੁਲਾਈ 1819 ਵਿਚ ਕਸ਼ਮੀਰ, 1821 ਵਿਚ ਮਨਕੇਰਾ ਤੇ 1824ਵਿਚ ਨੌਸ਼ਹਿਰਾ ਵੀ ਉਸ ਦੀ ਰਿਆਸਤ ਵਿਚ ਸ਼ਾਮਿਲ ਹੋ ਚੁਕੇ ਸਨ। ਯਾਨਿ ਦਰਿਆ ਸਿੰਧ ਤੋਂ ਦਰਿਆ ਸਤਲੁਜ ਤਕ, ਕਪੂਰਥਲਾ ਰਿਆਸਤ ਨੂੰ ਛੱਡ ਕੇ, ਸਾਰਾ ਇਲਾਕਾ ਰਣਜੀਤ ਸਿੰਘ ਦੀ ਰਿਆਸਤ ਦਾ ਹਿੱਸਾ ਬਣ ਚੁਕਾ ਸੀ। ਇੰਞ ਹੀ ਪਹਾੜਾਂ ਵਿਚ ਜੰਮੂ, ਕਾਂਗੜਾ, ਅਖਨੂਰ, ਭਿੰਬਰ, ਲਖਣਪੁਰ, ਨੂਰਪੁਰ, ਗੁਲੇਰ, ਸੀਬਾ, ਕੋਟਲਾ, ਜਸਵਾਨ, ਦਾਤਾਰਪੁਰ ਵੀ ਉਸ ਦੀ ਹਕੂਮਤ ਦਾ ਹਿੱਸਾ ਸਨ। ਰਣਜੀਤ ਸਿੰਘ ਨੇ ਸਿੱਖ ਮਿਸਲਾਂ, ਮੁਗ਼ਲਾਂ, ਬਲੋਚਾਂ, ਅਫ਼ਗਾਨਾਂ, ਡੋਗਰਿਆਂ ਤੇ ਪਹਾੜੀ ਰਾਜਪੂਤਾਂ ਤੋਂ ਰਿਆਸਤਾਂ ਖੋਹ ਕੇ ਆਪਣੇ ਹੇਠ ਕਰ ਲਈਆਂ ਸਨ। 1824 ਤੋਂ ਮਗਰੋਂ ਡੇਰਾ ਇਸਮਾਈਲ ਖ਼ਾਨ ਵੀ 1831 ਵਿਚ ਉਸ ਦੇ ਕਬਜ਼ੇ ਵਿਚ ਆ ਚੁਕੇ ਸਨ। ਹੁਣ ਉਸ ਨੇ ਕਾਬਲ ਵੱਲ ਮੂੰਹ ਕਰ ਲਿਆ ਸੀ; ਇਸ ਰਸਤੇ ਦੀ ਸਭ ਤੋਂ ਅਹਿਮ ਜਿੱਤ ਪਿਸ਼ਾਵਰ ਸੀ ਸੀ ਜਿਸ 'ਤੇ ਹਰੀ ਸਿੰਘ ਨਲਵਾ ਨੇ ਬਹੁਤ ਘਮਸਾਣ ਦੀ ਜੰਗ ਮਗਰੋਂ ਆਖ਼ਰ 5 ਮਈ 1834 ਦੇ ਦਿਨ ਕਬਜ਼ਾ ਕਰ ਲਿਆ।

1948: ਭਾਰਤ ਸਰਕਾਰ ਨੇ ਪਟਿਆਲਾ ਤੇ ਪੰਜਾਬ ਦੀਆਂ ਹੋਰ ਰਿਆਸਤਾਂ ਤੋੜ ਕੇ ਪੈਪਸੂ ਸੂਬਾ ਕਾਇਮ ਕੀਤਾ

1947 ਵਿਚ ਜਦ ਭਾਰਤ ਤੇ ਪਾਕਿਸਤਾਨ ਮੁਲਕ ਕਾਇਮ ਕੀਤੇ ਗਏ ਤਾਂ ਉਸ ਵੇਲੇ ਪੰਜਾਬ ਖਿੱਤੇ ਵਿਚ ਪਟਿਆਲਾ, ਕਪੂਰਥਲਾ, ਜੀਂਦ, ਫ਼ਰੀਦਕੋਟ, ਨਾਭਾ, ਕਲਸੀਆ ਦੀਆਂ ਸਿੱਖ ਰਿਆਸਤਾਂ ਅਤੇ ਮਲੇਰਕੋਟਲਾ ਦੀ ਮੁਸਲਮਾਨ ਰਿਆਸਤ ਅਤੇ ਪਹਾੜੀ ਹਿੰਦੂ ਰਿਆਸਤਾਂ ਕਾਇਮ ਸਨ। 5 ਮਈ 1948 ਦੇ ਦਨ ਭਾਰਤ ਸੱਕਾਰ ਨੇ ਇਨ੍ਹਾਂ ਨਾਲ ਸਮਝੌਤਾ ਕਰ ਕੇ ਇਨ੍ਹਾਂ ਨੂੰ 'ਪਟਿਆਲਾ ਐਂਡ ਈਸਟ ਪੰਜਾਬ ਸਟਟਸ ਯੂਨੀਅਨ' (ਜਿਸ ਦੇ ਪਹਿਲੇ ਹਰਫ਼ ਮਿਲਾ ਕੇ 'ਪੈਪਸੂ' ਨਾਂ ਰੱਖਿਆ ਗਿਆ) ਕਾਇਮ ਕਰ ਦਿੱਤੀ। ਯਾਦਵਿੰਦਰ ਸਿੰਘ ਰਾਜਾ ਪਟਿਆਲਾ ਨੂੰ ਇਸ ਦਾ ਰਾਜ ਪ੍ਰਮੁਖ (ਗਵਰਨਰ) ਬਣਾਇਆ ਗਿਆ। ਮਗਰੋਂ ਪਹਿਲੀ ਨਵੰਬਰ 1956 ਦੇ ਦਿਨ ਇਸ ਨੂੰ ਪੰਜਾਬ ਵਿਚ ਸ਼ਾਮਿਲ ਕਰ ਦਿੱਤਾ ਗਿਆ।

1986: ਸੁਖਦੇਵ ਸਿੰਘ ਸਖੀਰਾ ਨੂੰ ਸ਼ਹੀਦ ਕਰ ਦਿੱਤਾ ਗਿਆ

ਮਸ਼ਹੂਰ ਖਾੜਕੂ ਸੁਖਦੇਵ ਸਿੰਘ ਸਖੀਰਾ ਨੂੰ ਆਪਸੀ ਦੁਸ਼ਮਣੀ ਦੀ ਸਾਜ਼ਿਸ਼ ਹੇਠ 5 ਮਈ 1986 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ। ਮਗਰੋਂ ਉਸ ਦੇ ਸਾਥੀ ਰੌਸ਼ਣ ਸਿੰਘ ਸਖੀਰਾ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਇਕ ਸੋਮੇ ਮੁਤਾਬਿਕ ਸਖੀਰਾ ਦੇ ਕਤਲ ਦਾ ਹੁਕਮ ਡੇਰਾ ਚੌਕ ਮਹਿਤਾ ਵਿਚੋਂ ਦਿੱਤਾ ਗਿਆ ਸੀ। ਇਕ ਹੋਰ ਸੋਮੇ ਮੁਤਾਬਿਕ ਉਸ ਨੂੰ ਗੁਰਨਾਮ ਸਿੰਘ ਬੁੰਡਾਲਾ (ਉਰਫ਼ ਜੱਲਾਦ) ਨੇ ਜਨਰਲ ਲਾਭ ਸਿੰਘ ਦੇ ਕਹਿਣ 'ਤੇ ਗੋਲੀ ਮਾਰੀ ਸੀ।

1986: ਸੁਖਦੇਵ ਸਿੰਘ ਵੇਰਕਾ ਨਕਲੀ ਮੁਕਾਬਲੇ ਵਿਚ ਸ਼ਹੀਦ

5 ਮਈ 1986 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ ਵੇਰਕਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਸੁਖਦੇਵ ਸਿੰਘ ਚੱਕ ਸਿਕੰਦਰ ਨਕਲੀ ਮੁਕਾਬਲੇ ਵਿਚ ਸ਼ਹੀਦ

5 ਮਈ 1987 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਦੇਸਾ ਸਿੰਘ, ਵਾਸੀ ਚੱਕ ਸਿਕੰਦਰ, ਨੇੜੇ ਰਮਦਾਸ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਪਰਗਟ ਸਿੰਘ ਬਹਿਲਾ ਨਕਲੀ ਮੁਕਾਬਲੇ ਵਿਚ ਸ਼ਹੀਦ

5 ਮਈ 1988 ਦੇ ਦਿਨ ਪੁਲਸ ਨੇ ਪਰਗਟ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਬਹਿਲਾ, ਤਰਨਤਾਰਨ) ਅਤੇ ਦਿਲਰਾਜ ਸਿੰਘ ਬਿੱਟੂ (ਵਾਸੀ ਲੋਪੋਕੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਜਰਨੈਲ ਸਿੰਘ ਘਵੱਦੀ ਤੇ ਪਰਮਜੀਤ ਸਿੰਘ ਪੰਮਾ ਬੀਰ ਪਿੰਡ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਜਰਨੈਲ ਸਿੰਘ (ਵਾਸੀ ਘਵੱਦੀ, ਲੁਧਿਆਣਾ) ਤੇ ਪਰਮਜੀਤ ਸਿੰਘ ਪੰਮਾ (ਵਾਸੀ ਬੀਰ ਪਿੰਡ, ਜਲੰਧਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਦਿਲਬਾਗ ਸਿੰਘ ਬਬਰ ਮਹਿਮੂਦਪੁਰਾ ਤੇ ਗੁਰਮੇਲ ਸਿੰਘ ਮਨਸੂਰਵਾਲ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਦਿਲਬਾਗ ਸਿੰਘ ਬਬਰ ਉਰਫ਼ ਬਾਗਾ (ਵਾਸੀ ਮਹਿਮੂਦਪੁਰਾ, ਅੰਮ੍ਰਿਤਸਰ) ਤੇ ਗੁਰਮੇਲ ਸਿੰਘ ਉਰਫ਼ ਪੰਮਾ ਬਬਰ (ਵਾਸੀ ਮਨਸੂਰਵਾਲ, ਫਿਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿੰਘ ਕੰਡੇ ਰੋੜੀ (ਹਿਮਾਂਚਲ), ਯਾਦਵਿੰਦਰ ਸਿੰਘ ਯਾਦੂ, ਪਿਆਰਾ ਸਿੰਘ ਫ਼ੌਜੀ ਤੇ ਹੋਰ ਨਕਲੀ ਮੁਕਾਬਲੇ ਵਿਚ ਹੋਰ ਸਿੱਖ ਸ਼ਹੀਦ

5 ਮਈ 1992 ਦੇ ਦਿਨ ਪੰਜਾਬ ਪੁਲੀਸ ਨੇ ਯੂ.ਪੀ. ਵਿਚ ਜਾ ਕੇ ਯਾਦਵਿੰਦਰ ਸਿੰਘ ਯਾਦੂ ਤੇ ਇਕ ਹੋਰ ਸਿੱਖ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪਿਆਰਾ ਸਿੰਘ ਫ਼ੌਜੀ (ਸ਼ਿਮਲਾਪੁਰੀ, ਲੁਧਿਆਣਾ) ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਹੀ ਦਿਨ ਬਲਵਿੰਦਰ ਸਿੰਘ (ਪੁੱਤਰ ਸੁਖਦੇਵ ਸਿੰਘ, ਵਾਸੀ ਕੰਡੇ ਰੋੜੀ, ਜ਼ਿਲ੍ਹਾ ਕਾਂਗੜਾ, ਹਿਮਾਚਲ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੁਖਵਿੰਦਰ ਸਿੰਘ ਚੌਰਾ ਨਕਲੀ ਮੁਕਾਬਲੇ ਵਿਚ ਸ਼ਹੀਦ

5 ਮਈ 1993 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਪਿੰਡ ਚੌਰਾ, ਨੇੜੇ ਡੇਰਾ ਬਾਬਾ ਨਾਨਕ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਤੋਤਾ ਸਿੰਘ ਵਜ਼ੀਰ ਨੂੰ ਇਕ ਸਾਲ ਦੀ ਕੈਦ ਦੀ ਸਜ਼ਾ

5 ਮਈ 2012 ਦੇ ਦਿਨ ਇਕ ਅਦਾਲਤ ਨੇ ਪੰਜਾਬ ਸਰਕਾਰ ਦੇ ਵਜ਼ੀਰ ਤੋਤਾ ਸਿੰਘ ਨੂੰ ਆਪਣੇ ਅਹੁਦੇ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਕੇਸ ਵਿਚ ਇਕ ਸਾਲ ਦੀ ਕੈਦ ਦੀ ਸਜ਼ਾ ਸੁਣਾਈ।

6 ਮਈ

1845: ਹੀਰਾ ਸਿੰਘ ਡੋਗਰੇ ਦੀਆਂ ਫ਼ੌਜਾਂ ਨੇ ਨੌਰੰਗਾਬਾਦ ਵਿਚ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਹਮਲਾ ਕਰ ਕੇ ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ, ਅਤਰ ਸਿੰਘ ਸੰਧਾਵਾਲੀਆ ਨੂੰ ਮਾਰ ਦਿੱਤਾ।

1843 ਤੋਂ ਮਗਰੋਂ ਦਲੀਪ ਸਿੰਘ 'ਮਹਾਰਾਜਾ' ਸੀ ਤੇ ਰਾਣੀ ਜਿੰਦਾਂ ਉਸ ਦੀ ਗਾਰਡੀਅਨ ਸੀ ਪਰ ਅਸਲ ਤਾਕਤ ਹੀਰਾ ਸਿੰਹ ਡੋਗਰਾ ਅਤੇ ਉਸ ਦੇ ਵਜ਼ੀਰ ਪੰਡਤ ਜਲ੍ਹਾ ਕੋਲ ਸੀ। ਇਸ ਵੇਲੇ ਹੀਰਾ ਸਿੰਹ ਦਾ ਤਾਇਆ ਗੁਲਾਬ ਸਿੰਹ ਜੰਮੂ ਦਾ ਰਾਜਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੋ ਹੋਰ ਪੁਤਰ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਇਸ ਵੇਲੇ ਸਿਆਲਕੋਟ ਵਿਚ ਸਨ। ਗੁਲਾਬ ਸਿੰਹ ਇਨ੍ਹਾਂ ਨੂੰ ਵੀ ਖਤਮ ਕਰਨਾ ਚਾਹੁੰਦਾ ਸੀ। ਦੋਹਾਂ ਸ਼ਹਿਜ਼ਾਦਿਆਂ ਦਾ ਇਕ ਅਹਿਲਕਾਰ ਮਹਿਤਾਬ ਸਿੰਘ, ਗੁਲਾਬ ਸਿੰਹ ਡੋਗਰੇ ਨਾਲ ਮਿਲਿਆ ਹੋਇਆ ਸੀ। ਜਦੋਂ ਉਨ੍ਹਾਂ ਨੂੰ ਇਹ ਰਾਜ਼ ਪਤਾ ਲਗਾ ਤਾਂ ਉਨ੍ਹਾਂ ਉਸ ਨੂੰ ਮਰਵਾ ਦਿਤਾ। ਇਸ 'ਤੇ ਗੁਲਾਬ ਸਿੰਹ ਗੁੱਸੇ ਹੋ ਗਿਆ। ਇਸੇ ਕਰ ਕੇ ਉਹ ਇਨ੍ਹਾਂ ਨੂੰ ਕੋਈ ਡਰਾਮਾ ਰਚ ਕੇ ਖ਼ਤਮ ਕਰਨਾ ਚਾਹੁੰਦਾ ਸੀ। ਅਪਰੈਲ 1844 ਦੇ ਸ਼ੁਰੂ ਵਿਚ ਜਰਨੈਲ ਗੁਲਾਬ ਸਿੰਘ ਕਾਹਲੋਂ ਮਨਹਾਲੀਆ (ਡੋਗਰਾ ਨਹੀਂ) ਨੇ ਉਨ੍ਹਾਂ ਨੂੰ ਸਿਆਲਕੋਟ' ਚੋਂ ਨਿਕਲਣ ਵਿਚ ਮਦਦ ਕੀਤੀ। ਕਸ਼ਮੀਰਾ ਸਿੰਘ ਉੱਥੋਂ ਨਿਕਲ ਕੇ ਨੌਰੰਗਾਬਾਦ ਵਿਚ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਪਹੁੰਚ ਗਿਆ। ਉਧਰ ਅਤਰ ਸਿੰਘ ਸੰਧਾਵਾਲੀਆ ਵੀ ਕੁਰੂਕਸ਼ੇਤਰ ਤੋਂ ਮੁੜ ਆਇਆ ਸੀ ਤੇ ਉਹ ਵੀ ਬਾਬਾ ਬੀਰ ਸਿੰਘ ਦੀ ਸ਼ਰਨ ਵਿਚ ਆ ਚੁਕਾ ਸੀ। ਹਰੀ ਸਿੰਘ ਨਲਵਾ ਦਾ ਪੁਤਰ ਜਵਾਹਰ ਸਿੰਘ ਵੀ ਉਨ੍ਹੀਂ ਦਿਨੀਂ ਉਥੇ ਹੀ ਸੀ।

ਜਦੋਂ ਹੀਰਾ ਸਿੰਹ ਨੂੰ ਅਤਰ ਸਿੰਘ ਸੰਧਾਵਾਲੀਏ ਅਤੇ ਕੰਵਰ ਕਸ਼ਮੀਰਾ ਸਿੰਘ ਦੇ ਨੌਰੰਗਾਬਾਦ ਵਿਚ ਹੋਣ ਦਾ ਪਤਾ ਲਗਾ ਤਾਂ ਉਸ ਨੇ ਫ਼ੌਜ ਨੂੰ ਉਸ ਪਾਸੇ ਕੂਚ ਕਰਨ ਦਾ ਹੁਕਮ ਦੇ ਦਿਤਾ। ਪਹਿਲਾਂ ਉਸ ਨੇ ਬਾਬਾ ਬੀਰ ਸਿੰਘ ਨੂੰ ਪੈਗ਼ਾਮ ਭੇਜਿਆ ਕਿ ਉਹ ਅਤਰ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ। ਇਸ 'ਤੇ ਬਾਬਾ ਬੀਰ ਸਿੰਘ ਨੇ ਜਵਾਬ ਭੇਜਿਆ ਕਿ ਜੋ ਸ਼ਖ਼ਸ ਗੁਰੂ ਘਰ ਵਿਚ ਪਨਾਹ ਮੰਗ ਲਏ ਉਸ ਨੂੰ ਸ਼ਰਣ ਦਿਤੀ ਜਾਂਦੀ ਹੈ ਤੇ ਕਿਸੇ ਦੁਸ਼ਮਣ ਦੇ ਹਵਾਲੇ ਨਹੀਂ ਕੀਤਾ ਜਾਂਦਾ। ਹੁਣ ਹੀਰਾ ਸਿੰਹ ਨੇ ਡੋਗਰਾ ਯੂਨਿਟਾਂ ਅਤੇ ਆਪਣੀਆਂ ਦੂਜੀਆਂ ਵਫ਼ਾਦਾਰ ਯੂਨਿਟਾਂ ਨੂੰ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਗੋਲਾਬਾਰੀ ਕਰਨ ਵਾਸਤੇ ਕਿਹਾ। ਹੀਰਾ ਸਿੰਹ ਦਾ ਹੁਕਮ ਸੀ ਕਿ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕਰਨਾ ਤੇ ਬਸ ਕਤਲ ਕਰੀ ਜਾਣਾ ਹੈ। ਇਸ ਹੁਕਮ ਹੇਠ ਲਾਭ ਸਿੰਹ ਡੋਗਰਾ ਦੀ ਫ਼ੌਜ ਨੇ ਆਉਂਦਿਆਂ ਹੀ ਗੋਲੇ ਚਲਾਏ। ਇਨ੍ਹਾਂ ਵਿਚੋਂ ਇਕ ਗੋਲਾ ਬਾਬਾ ਬੀਰ ਸਿੰਘ ਦੀ ਲੱਤ 'ਤੇ ਲੱਗਾ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਜਦੋਂ ਜਰਨੈਲ ਗੁਲਾਬ ਸਿੰਘ ਨੂੰ ਬਾਬੇ ਦੇ ਜ਼ਖ਼ਮੀ ਹੋਣ ਦਾ ਪਤਾ ਲਗਾ ਤਾਂ ਉਹ ਬਾਬਾ ਜੀ ਨੂੰ ਮਿਲਣ ਆਇਆ। ਉਸ ਨੇ ਹਾਲ-ਚਾਲ ਪੁੱਛਣ ਮਗਰੋਂ ਬਾਬਾ ਜੀ ਨੂੰ ਕਿਹਾ ਕਿ ਉਹ ਅਤਰ ਸਿੰਘ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ। ਇਸ ਵੇਲੇ ਅਤਰ ਸਿੰਘ ਆਪ ਵੀ ਉੱਥੇ ਆ ਗਿਆ। ਗੁਲਾਬ ਸਿੰਘ ਉਸ ਵੇਲੇ ਅਜੀਤ ਸਿੰਘ ਸੰਧਾਵਾਲੀਏ ਦੇ ਘੋੜੇ 'ਤੇ ਸਵਾਰ ਸੀ। ਆਪਣੇ ਮਾਰੇ ਜਾ ਚੁਕੇ ਭਤੀਜੇ ਦਾ ਘੋੜਾ ਵੇਖ ਕੇ ਉਸ ਨੂੰ ਰੋਹ ਆ ਗਿਆ। ਉਸ ਨੇ ਆਪਣੀ ਦੋਨਾਲੀ ਬੰਦੂਕ ਚੋਂ ਇਕ

ਗੋਲੀ ਜਨਰਲ ਗੁਲਾਬ ਸਿੰਘ 'ਤੇ ਚਲਾਈ, ਜਿਸ ਨਾਲ ਉਹ ਮਾਰਿਆ ਗਿਆ। ਇਸ 'ਤੇ ਗੁਲਾਬ ਸਿੰਘ ਦੇ ਫ਼ੌਜੀਆਂ ਨੇ ਬੰਦੂਕਾਂ ਚਲਾ ਕੇ ਅਤਰ ਸਿੰਘ ਨੂੰ ਮਾਰ ਦਿਤਾ ਤੇ ਉਸ ਦਾ ਸਿਰ ਵੱਢ ਲਿਆ। ਇਸ ਮਗਰੋਂ ਉਨ੍ਹਾਂ ਨੇ ਗੋਲੀਆਂ ਮਾਰ ਕੇ ਕੰਵਰ ਕਸ਼ਮੀਰਾ ਸਿੰਘ, ਮਹਾਰਾਜਾ ਸ਼ੇਰ ਸਿੰਘ ਦਾ ਦੀਵਾਨ ਵਿਸਾਖਾ ਸਿੰਘ ਅਤੇ ਸੈਂਕੜੇ ਹੋਰ ਸਿੱਖ ਮਾਰ ਦਿਤੇ। ਇਸ ਦੇ ਨਾਲ ਹੀ ਹੀਰਾ ਸਿੰਹ ਦੀ ਫ਼ੌਜ ਨੇ ਸਾਰਾ ਡੇਰਾ ਵੀ ਲੁਟ ਲਿਆ। ਇਸ ਕਤਲੇਆਮ ਵਿਚੋਂ ਕੁਝ ਲੋਕ ਬਚ ਕੇ ਨਿਕਲ ਗਏ ਅਤੇ ਦਰਿਆ ਵਲ ਦੌੜੇ। ਦਰਿਆ ਦੇ ਦੂਜੇ ਪਾਸੇ ਕਪੂਰਥਲਾ ਦੀ ਫ਼ੌਜ ਨੇ ਗੋਲਾਬਾਰੀ ਕਰ ਕੇ ਇਨ੍ਹਾਂ ਵਿਚੋਂ ਬਹੁਤੇ ਸਿੱਖ ਮਾਰ ਦਿੱਤੇ। ਇਸ ਮਗਰੋਂ ਹੀਰਾ ਸਿੰਹ ਦੀ ਫ਼ੌਜ ਅਤਰ ਸਿੰਘ ਦਾ ਸਿਰ ਲੈ ਕੇ ਹੀਰਾ ਸਿੰਹ ਕੋਲ ਲਾਹੌਰ ਪੁੱਜੀ ਤੇ ਈਨਾਮ ਹਾਸਿਲ ਕੀਤੇ। ਇਹ ਕਤਲੇਆਮ 6 ਮਈ 1845 ਦੇ ਦਿਨ ਹੋਇਆ ਸੀ।

1930: ਪੁਲੀਸ ਨੇ ਗੁਰਦੁਆਰਾ ਸੀਸ ਗੰਜ ਦਿੱਲੀ 'ਤੇ ਫ਼ਾਇਰਿੰਗ ਕੀਤੀ

31 ਦਸੰਬਰ 1929 ਦੇ ਦਿਨ ਕਾਂਗਰਸ ਵਲੋਂ ਲਾਹੌਰ ਵਿਚ ਪੂਰੀ ਆਜ਼ਾਦੀ ਦਾ ਮਤਾ ਪਾਸ ਹੋਣ ਮਗਰੋਂ ਕਾਂਗਰਸ ਨੇ ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਸਿਵਲ ਨਾ-ਫ਼ੁਰਮਾਨੀ ਦੀ ਲਹਿਰ ਚਲਾਉਣ ਦਾ ਐਲਾਨ ਕਰ ਦਿਤਾ। ਸਿਵਲ ਨਾ-ਫ਼ੁਰਮਾਨੀ ਲਹਿਰ ਦਾ ਪਹਿਲਾ ਕਦਮ ਸੀ 26 ਜਨਵਰੀ 1930 ਦੇ ਦਿਨ ਨੂੰ ਆਜ਼ਾਦੀ ਦਿਨ ਵਜੋਂ ਮਨਾਉਣਾ। ਇਸ ਦਿਨ ਕਾਂਗਰਸੀ ਆਗੂਆਂ ਨੇ ਕਈ ਜਗਹ 'ਤੇ ਜਲਸੇ ਕੀਤੇ ਅਤੇ ਲੋਕਾਂ ਨੂੰ ਆਜ਼ਾਦੀ ਦੀ ਜੱਦੋਜਹਿਦ ਵਿਚ ਹਿੱਸਾ ਲੈਣ ਵਾਸਤੇ ਪਰੇਰਿਆ। ਇਸ ਦੇ ਨਾਲ ਹੀ ਉਸ ਨੇ ਸਿਵਲ ਨਾ-ਫ਼ੁਰਮਾਨੀ ਵਾਸਤੇ 11-ਨੁਕਾਤੀ ਪ੍ਰੋਗਰਾਮ ਦਾ ਐਲਾਨ ਵੀ ਕੀਤਾ। ਇਨ੍ਹਾਂ ਨੁਕਤਿਆਂ ਵਿਚ ਲੂਣ ਤੋਂ ਸਰਕਾਰੀ ਟੈਕਸ ਦਾ ਖ਼ਾਤਮਾ ਤੇ ਸ਼ਰਾਬ ਬੰਦੀ ਲਾਗੂ ਕਰਨਾ ਵੀ ਸ਼ਾਮਿਲ ਸਨ। ਕਾਂਗਰਸ ਨੇ ਇਸ ਸਬੰਧ ਵਿਚ 12 ਮਾਰਚ ਨੂੰ ਵਾਇਸਰਾਏ ਨੂੰ ਚਿੱਠੀ ਲਿਖ ਕੇ ਧਮਕੀ ਦਿਤੀ ਕਿ ਜੇ ਸਰਕਾਰ ਨੇ 6 ਅਪ੍ਰੈਲ 1930 ਤਕ ਲੂਣ ਤੋਂ ਟੈਕਸ ਖ਼ਤਮ ਨਾ ਕੀਤਾ ਤਾਂ ਉਹ ਲੂਣ ਦਾ ਕਾਨੂੰਨ ਤੋੜੇਗਾ ਅਤੇ ਗ੍ਰਿਫ਼ਤਾਰੀ ਦੇਵੇਗਾ। ਵਾਇਸਰਾਏ ਨੇ ਇਸ ਧਮਕੀ ਦੀ ਪਰਵਾਹ ਨਾ ਕੀਤੀ ਜਿਸ ਤੇ ਗਾਂਧੀ ਨੇ 6 ਅਪ੍ਰੈਲ ਨੂੰ ਡਾਂਡੀ ਨਾਂ ਦੀ ਜਗਹ ਤੇ ਸਰਕਾਰੀ ਹੁਕਮਾਂ ਦੀ ਅਦੂਲੀ ਕਰ ਕੇ ਗ੍ਰਿਫ਼ਤਾਰੀ ਦਿਤੀ। ਇਸ ਦੇ ਨਾਲ ਹੀ ਸਿਵਲ ਨਾ-ਫ਼ੁਰਮਾਨੀ ਦੀ ਲਹਿਰ ਸ਼ੁਰੂ ਹੋ ਗਈ।

ਸਿਵਲ ਨਾ-ਫ਼ੁਰਮਾਨੀ ਦੌਰਾਨ 6 ਮਈ ਨੂੰ ਭਾਰਤ ਦੇ ਕਈ ਸ਼ਹਿਰਾਂ ਵਿਚ ਲੋਕਾਂ ਨੇ ਹੜਤਾਲ ਕੀਤੀ। ਇਸ ਸਬੰਧ ਵਿਚ ਦਿੱਲੀ ਵਿਚ ਵੀ ਲੋਕਾਂ ਨੇ ਹੜਤਾਲ ਕੀਤੀ ਅਤੇ ਨਾਲ ਹੀ ਗਲੀਆਂ ਤੇ ਬਾਜ਼ਾਰਾਂ ਵਿਚ ਜਲੂਸ ਕੱਢੇ ਅਤੇ ਕਚਹਿਰੀਆਂ ਅਤੇ ਦੂਜੇ ਦਫ਼ਤਰਾਂ ਦੇ ਬਾਹਰ ਪਿਕਟਿੰਗ ਵੀ ਕੀਤੀ। ਇਸ ਮੌਕੇ 'ਤੇ ਜਦੋਂ ਇਕ ਵੱਡੇ ਕਾਰਖ਼ਾਨੇ ਕੋਲੋਂ ਇਕ ਜਲੂਸ ਜਾ ਰਿਹਾ ਸੀ ਤਾਂ ਇਕ ਅੰਗਰੇਜ਼ ਅਫ਼ਸਰ ਨੇ ਭੀੜ ਵਿਚੋਂ ਕਾਰ ਲੰਘਾਉਣ ਦੀ ਕੋਸ਼ਿਸ਼ ਕੀਤੀ। ਭੀੜ ਜ਼ਿਆਦਾ ਹੋਣ ਕਾਰਨ ਉਹ ਕਾਰ ਨਾ ਲੰਘਾ ਸਕਿਆ ਤੇ ਪੁੱਠਾ ਗੇਅਰ ਪਾ ਕੇ ਕਾਰ ਮੋੜ ਲਈ। ਕਾਰ ਮੋੜਨ ਲਗਿਆਂ ਉਸ ਨੇ ਪਿੱਛੇ ਖੜੇ ਲੋਕਾਂ ਦੀ ਪਰਵਾਹ ਨਾ ਕੀਤੀ ਜਿਸ ਨਾਲ ਕਈ ਬੰਦੇ ਕਾਰ ਹੇਠਾਂ ਆ ਕੇ ਜ਼ਖ਼ਮੀ ਹੋ ਗਏ। ਉਲਟਾ ਜ਼ਖ਼ਮੀਆਂ ਨੂੰ ਗ੍ਰਿਫ਼ਤਾਰ ਕਰ ਕੇ ਪੁਲੀਸ ਠਾਣੇ ਲੈ ਗਈ। ਇਸ 'ਤੇ ਬਹੁਤ ਸਾਰੇ ਲੋਕ ਪੁਲੀਸ ਦੇ ਪਿਛੇ ਹੋ ਟੁਰੇ ਅਤੇ ਕੋਤਵਾਲੀ ਤਕ ਚਲਦੇ ਗਏ। ਪੁਲੀਸ ਨੇ ਕੋਤਵਾਲੀ ਦੇ ਬਾਹਰ ਖੜੀ ਹੋਈ ਭੀੜ 'ਤੇ ਲਾਠੀਚਾਰਜ ਕਰਨਾ ਸ਼ੁਰੂ ਕਰ ਦਿਤਾ। ਇਸ 'ਤੇ ਲੋਕ ਕੁਝ ਪਿੱਛੇ ਹਟ ਗਏ। ਥੋੜ੍ਹੀ ਦੇਰ ਮਗਰੋਂ ਭੀੜ ਫੇਰ ਜੁੜ ਗਈ। ਪੁਲੀਸ ਨੇ ਫੇਰ ਲਾਠੀਚਾਰਜ ਕੀਤਾ। ਦੋ-ਤਿੰਨ ਵਾਰ ਇੰਞ ਹੁੰਦਾ ਰਿਹਾ। ਕਿਉਂਕਿ ਕੋਤਵਾਲੀ ਗੁਰਦੁਆਰਾ ਸੀਸ ਗੰਜ ਦੇ ਬਿਲਕੁਲ ਨਾਲ ਲਗਦੀ ਸੀ, ਇਸ ਕਰ ਕੇ ਕਾਫ਼ੀ ਲੋਕ ਗੁਰਦੁਆਰੇ ਦੇ ਬਾਹਰ ਵੀ ਇਕਠੇ ਹੋ ਗਏ ਤੇ ਉੱਥੋਂ ਕੋਤਵਾਲੀ ਦੀ ਕਾਰਵਾਈ ਵੇਖਣ ਲਗ ਪਏ। ਦੁਪਹਿਰ

ਦੇ ਕੋਈ ਸਾਢੇ ਤਿਨ ਵਜੇ ਗੁਰਦੁਆਰੇ ਵਲ ਦੋ ਇੱਟਾਂ ਮਾਰੀਆਂ ਗਈਆਂ। ਇਸ ਦੀ ਸ਼ਿਕਾਇਤ ਗੁਰਦੁਆਰੇ ਦੇ ਮੈਨੇਜਰ ਨੇ ਡੀ.ਸੀ. ਕੋਲ ਕੀਤੀ। ਪੁਲੀਸ ਨੇ ਉਲਟਾ ਗੁਰਦੁਆਰੇ 'ਤੇ ਹੀ ਇਲਜ਼ਾਮ ਲਾ ਦਿਤਾ। ਇਸ ਰੌਲੇ-ਰੱਪੇ ਵਿਚ ਗੁਰਦੁਆਰੇ ਦੇ ਅੱਗੇ ਅਤੇ ਅੰਦਰ ਵੱਡੀ ਭੀੜ ਜੁੜ ਗਈ। ਅੱਧੇ ਘੰਟੇ ਵਿਚ ਹੀ ਪੁਲੀਸ ਦੀਆਂ ਤਿਨ ਬੱਸਾਂ ਆ ਪੁੱਜੀਆਂ। ਤੀਜੀ ਬੱਸ 'ਤੇ ਫੁਹਾਰੇ ਵਲੋਂ ਕੁਝ ਰੋੜੇ ਵੱਜੇ। ਇਸ 'ਤੇ ਪੁਲੀਸ ਨੇ ਵਹਿਸ਼ੀਆਨਾ ਲਾਠੀਚਾਰਜ ਸ਼ੁਰੂ ਕਰ ਦਿਤਾ। ਲੋਕ ਡਰਦੇ ਹੋਏ ਗੁਰਦੁਆਰੇ ਵਲ ਦੌੜੇ। ਹੁਣ ਕੋਤਵਾਲੀ ਅਤੇ ਗੁਰਦੁਆਰੇ 'ਚ ਵੜੀ ਭੀੜ ਨੇ ਇਕ ਦੂਜੇ ਵਲ ਰੋੜੇ ਮਾਰਨੇ ਸ਼ੁਰੂ ਕਰ ਦਿਤੇ। ਥੋੜ੍ਹੀ ਦੇਰ ਬਾਅਦ ਪੁਲੀਸ ਨੇ ਕੋਤਵਾਲੀ ਤੋਂ ਗੁਰਦੁਆਰੇ ਵਲ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਪੁਲੀਸ ਦੀ ਫਾਇਰਿੰਗ 50 ਮਿੰਟ ਦੇ ਕਰੀਬ ਜਾਰੀ ਰਹੀ। ਗੁਰਦੁਆਰੇ ਦੀ ਈਮਾਰਤ ਤੇ ਗੋਲੀਆਂ ਦੇ 686 ਨਿਸ਼ਾਨ ਸਨ। ਪੁਲੀਸ ਦੀ ਫ਼ਾਇਰਿੰਗ ਨਾਲ 36 ਬੰਦੇ ਜ਼ਖ਼ਮੀ ਹੋਏ। ਬਾਅਦ ਵਿਚ ਤਾਰਾ ਚੰਦ ਪੁਲਸੀਏ ਦੀ ਅਗਵਾਈ ਵਿਚ ਪੁਲੀਸ ਨੇ ਗੁਰਦੁਆਰੇ ਦੇ ਲੰਗਰ 'ਤੇ ਵੀ ਹਮਲਾ ਕੀਤਾ। ਪੁਲੀਸ ਦੇ ਐਕਸ਼ਨ ਦੇ ਖ਼ਿਲਾਫ਼ ਲੋਕਾਂ ਵਿਚ ਆਮ ਕਰ ਕੇ ਅਤੇ ਸਿੱਖਾਂ ਵਿਚ ਖ਼ਾਸ ਕਰ ਕੇ ਬੜਾ ਰੋਸ ਪੈਦਾ ਹੋਇਆ। ਗੁਰਦੁਆਰੇ 'ਤੇ ਪੁਲੀਸ ਦੇ ਇਸ 'ਹਮਲੇ' ਸਬੰਧੀ 9 ਮਈ 1930 ਦੇ ਦਿਨ ਇਕ ਪੜਤਾਲੀਆ ਕਮੇਟੀ ਬਣਾਈ ਗਈ। ਇਸ ਕਮੇਟੀ ਦੇ ਮੈਂਬਰ ਸਨ: ਮੌਲਾਨਾ ਅਬਦੁਲ ਕਾਦਰ ਕਸੂਰੀ, ਕੇ.ਐਲ. ਰੁਲੀਆ ਰਾਮ, ਗੁਲਾਬ ਸਿੰਘ ਰਈਸ ਐਮ.ਐਲ.ਸੀ., ਬੂਟਾ ਸਿੰਘ ਐਮ.ਐਲ.ਸੀ ਅਤੇ ਰੁਚੀ ਰਾਮ ਸਾਹਨੀ। ਇਸ ਕਮੇਟੀ ਨੇ 44 ਗਵਾਹਾਂ ਤੋਂ ਬਿਆਨ ਲਏ। ਕਮੇਟੀ ਨੇ ਆਪਣੀ ਰਿਪੋਰਟ 29 ਮਈ ਦੇ ਦਿਨ ਲਾਹੌਰ ਵਿਚ ਪੇਸ਼ ਕੀਤੀ। ਰਿਪੋਰਟ 'ਚ ਕਿਹਾ ਗਿਆ ਕਿ: ''ਮਜਿਸਟਰੇਟ ਦੇ ਉੱਥੇ ਹਾਜ਼ਿਰ ਹੋਣ ਦੇ ਬਾਵਜੂਦ ਪੁਲੀਸ ਨੇ ਬਿਨਾਂ ਇਜਾਜ਼ਤ ਲਏ ਗੋਲੀ ਚਲਾਈ। ਗੋਲੀ ਚਲਾਉਣਾ ਬਦਲੇ ਦੀ ਕਾਰਵਾਈ ਵਜੋਂ ਸੀ। ਇਹ ਜ਼ਰੂਰਤ ਤੋਂ ਵੱਧ ਅਤੇ ਬੇਹਿਸਾਬੀ ਕਾਰਵਾਈ ਸੀ।''

1991: ਕਾਰਜ ਸਿੰਘ ਪੀਰ ਮੁਹੰਮਦ, ਬਲਕਾਰ ਸਿੰਘ ਬੁੱਕਣ, ਜਸਵਿੰਦਰ ਸਿੰਘ ਲਾਡੀ ਕੌਲਗੜ੍ਹ, ਬਲਰਾਜ ਸਿੰਘ ਭਗੋੜਾ, ਸਤਨਾਮ ਸਿੰਘ ਸੱਤਾ ਸਠਿਆਲਾ, ਸੁਬੇਗ ਸਿੰਘ ਖਾਨ ਕੋਟ, ਅਵਤਾਰ ਸਿੰਘ ਛੋਟੂ ਮਾਨਾਵਾਲਾ,ਹਰਦਿਆਲ ਸਿੰਘ ਜੌੜਾ ਸਿੰਘਾ, ਅਜੀਤ ਸਿੰਘ ਬਾਜਵਾ ਭੋਗੀਆਂ, ਸਤਪਾਲ ਸਿੰਘ ਕਾਲੀ ਚੀਮਾ ਬਾਠ, ਬਲਬੀਰ ਸਿੰਘ ਬੱਲੀ ਧੌਧੇ, ਜਗਤਾਰ ਸਿੰਘ ਜੱਗੂ ਭਿੰਡੀਆਂ ਔਲਖ, ਮੇਹਰ ਸਿੰਘ ਚਾਚਾ ਫੌਜੀ, ਅਮਰੀਕ ਸਿੰਘ ਵਲੀਪੁਰ, ਲਖਵੀਰ ਸਿੰਘ ਮੁਗਲ ਚੱਕ ਤੇ ਕਿਰਪਾਲ ਸਿੰਘ ਬਿੱਲੂ ਡਮੁੰਡਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

6 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਕਾਰਜ ਸਿੰਘ (ਵਾਸੀ ਪੀਰ ਮੁਹੰਮਦ), ਬਲਕਾਰ ਸਿੰਘ ਬੁੱਕਣ, ਜਸਵਿੰਦਰ ਸਿੰਘ ਲਾਡੀ (ਵਾਸੀ ਕੌਲਗੜ੍ਹ ਹੁਸ਼ਿਆਰਪੁਰ), ਬਲਰਾਜ ਸਿੰਘ ਉਰਫ਼ ਦੁਬਾਰਾ ਸਿੰਘ (ਵਾਸੀ ਭਗੋੜਾ), ਸਤਨਾਮ ਸਿੰਘ ਸੱਤਾ (ਵਾਸੀ ਸਠਿਆਲਾ, ਅੰਮ੍ਰਿਤਸਰ), ਸੁਬੇਗ ਸਿੰਘ ਲਿੱਟੇ ਉਰਫ਼ ਹਰਦਿਆਲ ਸਿੰਘ ਸਿਪਾਹੀ (ਵਾਸੀ ਖਾਨ ਕੋਟ), ਅਵਤਾਰ ਸਿੰਘ ਛੋਟੂ ਉਰਫ਼ ਲਾਟੀ (ਵਾਸੀ ਮਾਨਾਵਾਲਾ),ਹਰਦਿਆਲ ਸਿੰਘ (ਵਾਸੀ ਜੌੜਾ ਸਿੰਘਾ, ਗੁਰਦਾਸਪੁਰ), ਅਜੀਤ ਸਿੰਘ ਬਾਜਵਾ ਉਰਫ਼ ਬਾਪੂ (ਵਾਸੀ ਭੋਗੀਆਂ, ਹੁਸ਼ਿਆਰਪੁਰ), ਸਤਪਾਲ ਸਿੰਘ ਕਾਲੀ (ਵਾਸੀ ਚੀਮਾ ਬਾਠ, ਅੰਮ੍ਰਿਤਸਰ), ਬਲਬੀਰ ਸਿੰਘ ਬੱਲੀ (ਵਾਸੀ ਧੌਧੇ, ਅੰਮ੍ਰਿਤਸਰ), ਜਗਤਾਰ ਸਿੰਘ ਜੱਗੂ (ਵਾਸੀ ਭਿੰਡੀਆਂ ਔਲਖ), ਮੇਹਰ ਸਿੰਘ ਚਾਚਾ ਫੌਜੀ, ਅਮਰੀਕ ਸਿੰਘ ਉਰਫ਼ ਬਾਬਾ ਕਾਲਾ (ਵਾਸੀ ਵਲੀਪੁਰ), ਲਖਵੀਰ ਸਿੰਘ (ਵਾਸੀ ਮੁਗਲ ਚੱਕ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਕਿਰਪਾਲ

ਸਿੰਘ ਬਿੱਲੂ (ਪੁੱਤਰ ਦਰਸ਼ਨ ਸਿੰਘ, ਵਾਸੀ ਡਮੁੰਡਾ ਜਲੰਧਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਦੇਵ ਸਿੰਘ ਪੱਖੋਕੇ, ਗੁਰਭੇਜ ਸਿੰਘ ਸ਼ਾਹਪੁਰ ਕੰਡੀ, ਮਨਜਿੰਦਰ ਸਿੰਘ ਮੱਲਾ ਕਲਾਂ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

6 ਮਈ 1992 ਦੇ ਦਿਨ ਪੁਲਸ ਨੇ ਗੁਰਦੇਵ ਸਿੰਘ (ਪੁੱਤਰ ਹਰਬੰਸ ਸਿੰਘ, ਵਾਸੀ ਪੱਖੋਕੇ), ਗੁਰਭੇਜ ਸਿੰਘ ਅਨੰਦਪੁਰੀ ਉਰਫ਼ ਕਰਨੈਲ ਸਿੰਘ (ਵਾਸੀ ਸ਼ਾਹਪੁਰ ਕੰਡੀ, ਗੁਰਦਾਸਪੁਰ), ਮਨਜਿੰਦਰ ਸਿੰਘ ਉਰਫ਼ ਨਿੱਕਾ (ਵਾਸੀ ਮੱਲਾ ਕਲਾਂ) ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਪ੍ਰਕਾਸ਼ ਸਿੰਘ ਬਾਦਲ ਨੇ ਇਕ ਵੱਡਾ ਹਜੂਮ ਲਿਆ ਕੇ ਮਨਜੀਤ ਸਿੰਘ ਐਕਟਿੰਗ ਮੁਖ ਸੇਵਾਦਾਰ ਅਕਾਲ ਤਖ਼ਤ ਨੂੰ ਧਮਕੀਆਂ ਦਿੱਤੀਆਂ

1994 ਵਿਚ ਅਕਾਲੀ ਦਲਾਂ ਦਾ ਏਕਾ ਕਰਨ ਦੇ ਨਾਂ ਹੇਠ 13 ਅਪ੍ਰੈਲ 1994 ਦੇ ਦਿਨ ਇਕ ਡਰਾਮਾਈ ਤਰੀਕੇ ਨਾਲ ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਆਪੋ ਆਪਣੇ ਅਸਤੀਫ਼ੇ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਾਉਣ ਵਾਸਤੇ 'ਹੁਕਮ' ਜਾਰੀ ਕੀਤਾ। ਅਗਲੇ ਦਿਨ ਮਨਜੀਤ ਸਿੰਘ ਨੇ ਆਖਿਆ ਕਿ ਮੈਂ ਅਸਤੀਫ਼ੇ ਨਹੀਂ ਮੰਗੇ ਸੀ, ਬਲਕਿ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਵਾਸਤੇ ਲਿਖਤ ਦੀ ਮੰਗ ਕੀਤੀ ਸੀ। ਖ਼ੈਰ, ਬਾਕੀ ਅਕਾਲੀ ਪ੍ਰਧਾਨਾਂ ਨੇ ਤਾਂ ਅਸਤੀਫ਼ੇ ਪੇਸ਼ ਕਰ ਦਿੱਤੇ, ਪਰ ਬਾਦਲ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ।ਉਸ ਨੇ 17 ਅਪ੍ਰੈਲ ਨੂੰ ਮਨਜੀਤ ਸਿੰਘ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਅਜਿਹਾ ਨਾ ਕਰਨ ਦਾ ਕਾਰਨ ਲਿਖਿਆ ਸੀ।18 ਅਪ੍ਰੈਲ 1994 ਦੇ ਦਿਨ ਪੰਜਾਬ ਦ ਤਿੰਨ ਸਾਬਕ ਐਡਵੋਕੇਟ ਜਨਰਲਾਂ (ਅਜੀਤ ਸਿੰਘ ਸਰਹੱਦੀ, ਹਰਚਰਨ ਸਿੰਘ ਮੱਤੇਵਾਲ, ਗੁਰਦਰਸ਼ਨ ਸਿੰਘ ਗਰੇਵਾਲ) ਨੇ ਮਨਜੀਤ ਸਿੰਘ ਨੂੰ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਪਿਛਲੇ ਦਿਨੀਂ ਦਿੱਤੇ ਫ਼ੈਸਲੇ ਨੂੰ ਮੱਦੇ-ਨਜ਼ਰ ਰੱਖੇ ਤੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਨਾ ਬਣਾਵੇ, ਕਿਉਂਕਿ ਸੁਪਰੀਮ ਕੋਰਟ ਦੇ ਫ਼ੈਸਲੇ ਮੁਜਬ ਇੰਞ ਬਣੀ ਪਾਰਟੀ ਚੋਣਾਂ 'ਚ ਹਿੱਸਾ ਨਹੀਂ ਲੈ ਸਕੇਗੀ।

ਨਵਾਂ ਅਕਾਲੀ ਦਲ ਬਣਾਉਣ ਦਾ ਮਾਮਲਾ ਅਜੇ ਵਿਚੇ ਹੀ ਲਟਕਦਾ ਰਿਹਾ। ਕਿਉਂਕਿ ਮਨਜੀਤ ਸਿੰਘ ਬਾਦਲ ਨੂੰ ਉਡੀਕ ਰਿਹਾ ਸੀ। ਉਸ ਨੇ ਬਾਦਲ ਨੂੰ 2 ਮਈ ਨੂੰ ਪੇਸ਼ ਹੋਣ ਵਾਸਤੇ ਫੇਰ ਸੰਮਨ ਭੇਜੇ (ਮਗਰੋਂ ਇਹ ਤਾਰੀਖ਼ 6 ਮਈ ਕਰ ਦਿੱਤੀ ਗਈ ਸੀ)। ਅਖ਼ੀਰ 6 ਮਈ ਨੂੰ ਬਾਦਲ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ। ਉਸ ਦੇ ਨਾਲ ਉਸ ਦੇ ਸੈਂਕੜੇ ਹਿਮਾਇਤੀ ਵੀ ਸਨ। ਬਾਦਲ ਦੇ ਹਿਮਾਇਤੀਆਂ ਨੇ ਮਨਜੀਤ ਸਿੰਘ ਦੀ ਬਹੁਤ ਬੇਇੱਜ਼ਤੀ ਕੀਤੀ। ਉਸ ਨੂੰ ਧੱਕੇ ਵੀ ਮਾਰੇ ਤੇ ਇਸ ਦੌਰਾਨ ਉਸ ਦੀ ਪੱਗ ਤਕ ਵੀ ਲੱਥ ਗਈ। ਮਨਜੀਤ ਸਿੰਘ ਤੇ ਬਾਦਲ ਢਾਈ ਘੰਟੇ ਇਕੱਠੇ ਰਹੇ, ਪਰ ਇਸ ਵਿਚੋਂ ਕੁਝ ਵੀ ਨਾ ਨਿਕਲਿਆ। ਬਾਦਲ ਨੇ ਮਨਜੀਤ ਸਿੰਘ ਦੀ ਕੋਈ ਵੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। ਮਨਜੀਤ ਸਿੰਘ ਵੀ ਕੋਈ ਸਟੈਂਡ ਨਾ ਲੈ ਸਕਿਆ। ਮੀਟਿੰਗ ਮਗਰੋਂ ਮਨਜੀਤ ਸਿੰਘ ਨੇ ਨੇ ਬਾਦਲ ਨੂੰ ਕੋਈ 'ਹੁਕਮ' ਜਾਰੀ ਨਹੀਂ ਕੀਤਾ ਤੇ ਕੋਈ ਐਲਾਨ ਵੀ ਨਾ ਕੀਤਾ ਤੇ ਸਿਰਫ਼ ਏਨਾ ਹੀ ਕਿਹਾ ਕਿ (ਬਾਦਲ ਵਲੋਂ ਸਾਂਝੇ ਅਕਾਲੀ ਦਲ 'ਚ ਸ਼ਾਮਿਲ ਨਾ ਹੋਣ ਦੀ ਕਾਰਵਾਈ ਦਾ) 'ਨਿਬੇੜਾ ਪੰਥ ਹੀ ਕਰੇਗਾ।' ਦੂਜੇ ਪਾਸੇ ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ ਮਨਜੀਤ ਸਿੰਘ ਨੇ ਉਸ ਨੂੰ ਆਪਣੇ ਦਲ ਦੀ ਵੱਖਰੀ ਹੋਂਦ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਦਰਅਸਲ ਮਨਜੀਤ ਸਿੰਘ

ਬਾਦਲ ਤੇ ਉਸ ਦੇ ਡਾਂਗਾਂ ਵਾਲੇ ਸਾਥੀਆਂ ਤੋਂ ਡਰ ਕੇ ਦਹਿਲ ਗਿਆ ਸੀ। ਉਂਞ ਵੀ ਉਸ ਦੀ ਸ਼ਖ਼ਸੀਅਤ ਵਿਚ 'ਜੁਰਅਤ' ਵਾਲੀ ਕੋਈ ਗੱਲ ਨਹੀਂ ਸੀ।

7 ਮਈ

1924: ਜਥੇਦਾਰ ਅੱਛਰ ਸਿੰਘ ਗ੍ਰਿਫ਼ਤਾਰ ਕੀਤੇ ਗਏ

ਰਾਜਾ ਨਾਭਾ ਦੇ ਗੱਦੀਓਂ ਲਾਹੇ ਜਾਣ ਸਬੰਧੀ 29 ਸਤੰਬਰ 1923 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਜੈਤੋ ਦੇ ਗੁਰਦੁਆਰੇ ਵਿਚ ਅਖੰਡ ਪਾਠ 'ਖੰਡਤ' ਕਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਅਤੇ ਮਤਾ ਪਾਸ ਕੀਤਾ ਗਿਆ ਕਿ ਸਿੱਖ ਜਥਾ ਜੈਤੋ ਜਾ ਕੇ ਅਖੰਡ ਪਾਠ ਮੁੜ ਸ਼ੁਰੂ ਕਰੇਗਾ। *(ਅਸੂਲਨ ਸਿੱਖੀ ਵਿਚ ਪਾਠ ਕਦੇ 'ਖੰਡਤ' ਨਹੀਂ ਹੋ ਸਕਦਾ। ਅਖੰਡ ਪਾਠ ਬ੍ਰਾਹਮਣੀ ਕਾਰਵਾਈ ਹੈ)।* ਸ਼੍ਰੋਮਣੀ ਕਮੇਟੀ ਨੇ ਕਿਰਪਾਨ ਸਬੰਧੀ ਗ੍ਰਿਫ਼ਤਾਰੀਆਂ ਦੀ ਵੀ ਮੁਜ਼ੱਮਤ ਕੀਤੀ। ਸ਼੍ਰੋਮਣੀ ਕਮੇਟੀ ਨੇ ਜੈਤੋ ਵਿਚ ਅਖੰਡ ਪਾਠ ਮੁੜ ਸ਼ੁਰੂ ਕਰਨ ਵਾਸਤੇ 25-25 ਸਿੱਖਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਜਥਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਅਤੇ ਫਿਰ ਗ੍ਰਿਫ਼ਤਾਰ ਕਰਨ ਮਗਰੋਂ ਕੁਝ ਕੁ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਸੀ ਅਤੇ ਬਾਕੀਆਂ ਨੂੰ ਬਹੁਤ ਦੂਰ-ਦੁਰਾਡੇ ਇਲਾਕਿਆਂ ਵਿਚ (ਢਾਈ ਤੋਂ ਪੰਜ ਸੌ ਕਿਲੋਮੀਟਰ ਦੂਰ) ਜੰਗਲ ਜਾਂ ਉਜਾੜ ਵਿਚ ਛੱਡ ਦਿੱਤਾ ਜਾਂਦਾ ਸੀ। ਇੰਞ ਇਹ ਮੋਰਚਾ ਇਸੇ ਤਰ੍ਹਾਂ ਕਈ ਮਹੀਨੇ ਚਲਦਾ ਰਿਹਾ। ਇਸ ਦੌਰਾਨ ਤਕਰੀਬਨ 5000 ਸਿੱਖਾਂ ਨੇ ਮੋਰਚੇ ਵਿਚ ਹਿੱਸਾ ਲਿਆ। ਇਨ੍ਹੀਂ ਦਿਨੀਂ ਹੀ, 12 ਅਕਤੂਬਰ 1923 ਦੇ ਦਿਨ, ਬਰਤਾਨਵੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਇਸ ਦੇ ਨਾਲ ਹੀ 59 ਸੀਨੀਅਰ ਅਕਾਲੀ ਆਗੂ ਗ੍ਰਿਫ਼ਤਾਰ ਕਰ ਲਏ ਗਏ। 17 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੀ ਨਵੀਂ ਐਗਜ਼ੈਕਟਿਵ ਚੁਣੀ ਗਈ। ਉਧਰ ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ ਅਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ 'ਸ਼ਹੀਦੀ ਜਥਾ' ਭੇਜਿਆ ਜਾਏਗਾ। ਇਸ ਜਥੇ ਨੇ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 21 ਫ਼ਰਵਰੀ ਨੂੰ ਜੈਤੋ ਪੁੱਜਣਾ ਸੀ। ਇਸ ਨੂੰ ਰੋਕਣ ਵਾਸਤੇ ਪੁਲਸ ਨੇ 7 ਜਨਵਰੀ 1924 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋ ਰਹੀ ਮੀਟਿੰਗ ਵਾਲੇ ਦਿਨ ਇਨ੍ਹਾਂ ਸਾਰਿਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮਗਰੋਂ ਤੀਜੀ ਐਗਜ਼ੈਕਟਿਵ ਬਣਾਈ ਗਈ19 ਫਰਵਰੀ ਦੇ ਦਿਨ ਜਦੋਂ ਇਹ ਜਥਾ ਅਕਾਲ ਤਖ਼ਤ ਸਾਹਿਬ ਤੋਂ ਚੱਲਿਆ ਤਾਂ ਇਸ ਨੂੰ ਵਿਦਾਇਗੀ ਦੇਣ ਵਾਸਤੇ 30 ਹਜ਼ਾਰ ਸਿੱਖ ਦਰਬਾਰ ਸਾਹਿਬ ਪੁੱਜੇ। ਜਥਾ ਵੱਖ-ਵੱਖ ਪੜਾਅ ਕਰਦਾ 20 ਫ਼ਰਵਰੀ ਦੇ ਦਿਨ ਬਰਗਾੜੀ (ਰਿਆਸਤ ਫ਼ਰੀਦਕੋਟ) ਪੁੱਜਾ। ਅਮਰੀਕਾ ਦੇ ਮਸ਼ਹੂਰ ਅਖ਼ਬਾਰ *ਨਿਊਯਾਰਕ ਟਾਈਮਜ਼* ਦਾ ਨਾਮਾਨਿਗਾਰ ਮਿਸਟਰ ਜ਼ਿਮੰਦ ਵੀ ਇਸ ਜਥੇ ਦੇ ਨਾਲ ਬਰਗਾੜੀ ਤਕ ਗਿਆ ਪਰ ਉਨ੍ਹਾਂ ਨੂੰ ਨਾਭਾ ਸਰਕਾਰ ਨੇ ਰਿਆਸਤ ਵਿਚ ਦਾਖ਼ਿਲ ਹੋਣ ਦੀ ਇਜਾਜ਼ਤ ਨਾ ਦਿੱਤੀ। ਅਗਲੇ ਦਿਨ 21 ਫਰਵਰੀ ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਜਥੇ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਤੇ ਦੋ ਸੌ ਤੋਂ ਵਧ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਇਕ ਸੋਮੇ ਮੁਤਾਬਿਕ ਅੰਗਰੇਜ਼ੀ ਫ਼ੌਜ ਨੇ 27 ਹਜ਼ਾਰ ਕਾਰਤੂਸ ਚਲਾਏ ਤੇ ਜੇ ਕਰ ਗੋਲੀ ਵਿੱਚੇ ਫਸ ਜਾਣ ਕਾਰਨ ਮਸ਼ੀਨ ਗੰਨ ਨਾ ਰੁਕਦੀ ਤਾਂ ਪਤਾ ਨਹੀਂ ਕਿੰਨੀਆਂ ਹੋਰ ਸ਼ਹੀਦੀਆਂ ਹੋ ਜਾਣੀਆਂ ਸਨ। ਗੋਲੀ

ਚਲਣੀ ਬੰਦ ਹੋਣ ਮਗਰੋਂ ਪੁਲੀਸ ਅਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਗੋਲੀ ਚਲਣ ਦੀ ਹਰ ਪਾਸੇ ਤੋਂ ਜ਼ਬਰਦਸਤ ਨਿੰਦਾ ਹੋਈ। ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਸਬੰਧੀ ਖ਼ਬਰਾਂ ਛਾਪੀਆਂ। ਆਗੂਆਂ ਨੇ ਵਿਲਸਨ ਜਾਨਸਟਨ ਨੂੰ **"ਜਨਰਲ ਡਾਇਰ ਦਾ ਵਾਰਿਸ"** ਆਖਿਆ।

ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: 'ਨਾਭੇ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ 1924 ਨੂੰ ਚਾਲੀ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਨੂੰ ਫ਼ਤਹਿ ਬੁਲਾਉਂਦਾ ਹੋਇਆ, ਗੁਰਦੁਆਰਾ ਗੰਗਸਰ ਦੇ ਰਾਹ ਪੈ ਗਿਆ। ਤੁਰਨ ਤੋਂ ਪਹਿਲੋਂ ਕਿੰਨੀਆਂ ਹੀ ਮਾਂਵਾਂ, ਭੈਣਾਂ ਅਤੇ ਸਿਰਦਾਰਨੀਆਂ ਨੇ ਆਪਣੇ ਪਿਆਰਿਆਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾਏ ਅਤੇ ਖ਼ੁਸ਼ੀ-ਖ਼ੁਸ਼ੀ ਉਨ੍ਹਾਂ ਨੂੰ 'ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਹਾਲ ਕਰਨ, ਅਤੇ ਲੋੜ ਪਵੇ ਤਾਂ ਇਸ ਦੇ ਲਈ ਜਾਨ ਵਾਰ ਦੇਣ' ਦਾ ਪੈਗ਼ਾਮ ਦੇ ਕੇ ਤੋਰਿਆ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜਥੇ ਵਿਚ ਸ਼ਹੀਦੀ ਪਾ ਗਿਆ ਹੋਇਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਾਉਂਦੇ ਹੋਏ ਕਿਹਾ, 'ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਭੀ ਗੁਰੂ ਦੇ ਲੇਖੇ ਲੱਗ ਜਾਵੇ।' ਜਥੇ ਵਿੱਚੋਂ ਕਈ ਸਿੰਘਾਂ ਨੇ ਤੁਰਨ ਤੋਂ ਪਹਿਲੋਂ ਅਕਾਲ ਤਖ਼ਤ ਸਾਹਿਬ ਨੂੰ ਇਹ ਲਿਖਤ ਦਿੱਤੀ ਕਿ 'ਜੇ ਮੈਂ ਸ਼ਹੀਦ ਹੋ ਜਾਵਾਂ ਤਾਂ ਮੇਰੀ ਸਾਰੀ ਜਾਇਦਾਦ ਗੁਰੂ ਪੰਥ ਦੇ ਅਰਪਨ ਹੋਵੇ।' ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਮ ਸੰਗਤਾਂ ਦੇ ਨਾਮ ਇਹ ਅਪੀਲ ਵੀ ਕੀਤੀ ਗਈ ਸੀ ਕਿ ਜਿਥੇ ਵੀ ਜਥਾ ਠਹਿਰੇ, ਉੱਥੋਂ ਦੀ ਸੰਗਤ ਜਥੇ ਦੀ ਸੇਵਾ ਕਰਨ ਪਿੱਛੋਂ ਜਥੇ ਨੂੰ ਪਿੰਡ ਤੋਂ ਬਾਹਰ ਤੱਕ ਨਾਲ ਜਾ ਕੇ ਅਲਵਿਦਾ ਤਾਂ ਬੇਸ਼ਕ ਕਹੇ ਪਰ ਉਸ ਤੋਂ ਅੱਗੇ ਜਥੇ ਨਾਲ ਬਿਲਕੁਲ ਨਾ ਜਾਵੇ।

ਇਹ ਜਥਾ ਕਈ ਥਾਂਈਂ ਠਹਿਰਦਾ ਹੋਇਆ 13 ਮਾਰਚ ਨੂੰ ਜੈਤੋ ਦੇ ਨੇੜੇ ਇਕ ਪਿੰਡ ਵਿਚ ਪੁੱਜ ਗਿਆ। ਇਸ ਨੇ ਅਗਲੇ ਭਲਕ 14 ਮਾਰਚ ਨੂੰ ਜੈਤੋ ਵਿਚ ਦਾਖ਼ਲ ਹੋਣਾ ਸੀ। ਉਧਰ 14 ਮਾਰਚ ਨੂੰ ਸਵੇਰੇ ਹੀ ਪੰਡਿਤ ਮਦਨ ਮੋਹਨ ਮਾਲਵੀਆ ਕਈ ਹੋਰ ਕੌਂਸਲ ਦੇ ਮੈਂਬਰਾਂ ਤੇ ਨੇਤਾਵਾਂ ਸਮੇਤ ਜੈਤੋ ਪੁੱਜ ਚੁੱਕੇ ਸਨ ਅਤੇ ਐਡਮਨਿਸਟਰੇਟਰ ਜਥੇ ਨੂੰ ਆਜ਼ਾਦੀ ਨਾਲ ਗੁਰਦੁਆਰੇ ਜਾਣ ਅਤੇ 101 ਅਖੰਡ-ਪਾਠ ਕਰਨ ਦੇਣ ਦੀ ਖੁਲ੍ਹ ਦੇਣ ਵਾਸਤੇ ਜ਼ੋਰ ਪਾ ਰਹੇ ਸਨ। ਪਰ ਉਹ ਜਥੇ ਦੇ ਵੱਧ ਤੋਂ ਵੱਧ ਇਕ ਹਫ਼ਤਾ ਉੱਥੇ ਠਹਿਰਣ ਅਤੇ ਇਕ ਜਾਂ ਦੋ ਵਾਰਾਂ ਵਿਚ ਸਾਰੇ ਪਾਠ ਇਕੱਠੇ ਕਰ ਲੈਣ ਲਈ ਕਹਿੰਦਾ ਸੀ। ਮਾਲਵੀਆ ਵੀ ਜਥੇ ਨੂੰ ਰਸਤੇ ਵਿਚ ਆ ਮਿਲਿਆ ਪਰ ਜਥਾ ਕਈ ਪਾਬੰਦੀ ਮੰਨਣ ਨੂੰ ਤਿਆਰ ਨਹੀਂ ਸੀ। ਇਹ ਫਿਰ ਐਡਮਨਿਸਟਰੇਟਰ ਪਾਸ ਗਏ ਪਰ ਕੋਈ ਗਲ ਨਿਪਟ ਨਾ ਸਕੀ। ਅਖੀਰ ਸਾਢੇ ਤਿੰਨ ਵਜੇ ਜਥਾ ਗੁਰਦੁਆਰੇ ਦੇ ਲਾਗੇ ਪੁੱਜ ਗਿਆ। ਇਸ ਵਾਰੀ ਆਮ ਸੰਗਤ ਨਾਲ ਨਹੀਂ ਸੀ ਪਰ ਇਸ ਜਥੇ ਦੇ ਅੱਗੇ ਘੋੜ ਚੜ੍ਹਿਆ ਰਸਾਲਾ ਅਤੇ ਫ਼ੌਜ ਰਸਤਾ ਰੋਕੇ ਖੜ੍ਹੇ ਸਨ ਅਤੇ ਹੋਰ ਸਾਰੀ ਤਿਆਰੀ ਪਹਿਲੇ ਵਾਂਗ ਹੀ ਸੀ। ਇਸ ਵਾਰ ਗੋਲੀ ਨਹੀਂ ਚੱਲੀ ਅਤੇ ਜਥੇ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਗਿਆ। ਜਥੇ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਉਨ੍ਹਾਂ ਨੂੰ

ਕਿਲ੍ਹੇ ਅੰਦਰ ਬਣੇ ਇਕ ਵਲਗਣ ਅੰਦਰ ਬੰਦ ਕੀਤਾ ਗਿਆ ਤੇ ਮਗਰੋਂ 'ਨਾਭਾ ਬੀੜ' ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਸ ਮਗਰੋਂ ਤੀਜਾ ਜਥਾ 22 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਇਹ ਜਥਾ 7 ਅਪ੍ਰੈਲ 1924 ਨੂੰ ਜੈਤੋ ਪੁੱਜਾ, ਜਿਥੇ ਫ਼ੌਜ ਅਤੇ ਪੁਲਿਸ ਵੱਲੋਂ ਇਸ ਦੇ ਸੁਆਗਤ ਦੀ ਪਹਿਲਾਂ ਵਾਂਗ ਹੀ ਤਿਆਰੀ ਕੀਤੀ ਗਈ ਹੋਈ ਸੀ। ਇਸ ਸਮੇਂ ਤਾਰਾ ਸਿੰਘ ਮੋਗਾ ਐਮ.ਐਲ.ਸੀ., ਮੀਆਂ ਫ਼ਜ਼ਲ ਹੱਕ, ਕਰਤਾਰ ਸਿੰਘ ਮੈਂਬਰ ਅਸੈਂਬਲੀ ਵੀ ਪਹੁੰਚੇ ਹੋਏ ਸਨ। ਏਥੇ ਜਥੇ ਨੂੰ ਰੋਕ ਕੇ, ਛੋਟੀਆਂ-ਛੋਟੀਆਂ ਟੋਲੀਆਂ ਵਿਚ ਇਨ੍ਹਾਂ ਨੂੰ ਹੱਥਕੜੀਆਂ ਅਤੇ ਰੱਸਿਆਂ ਨਾਲ ਜਕੜ ਕੇ, ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਪਹੁੰਚਾਇਆ ਗਿਆ। ਇਸ ਮਗਰੋਂ ਵੀ ਜੱਥਿਆਂ ਦਾ ਜਾਣਾ ਬਦਸਤੂਰਜਾਰੀ ਰਿਹਾ। ਅੰਗਰੇਜ਼ ਸਮਝਦੇ ਸਨ ਕਿ ਅਕਾਲ ਤਖ਼ਤ ਦਾ ਮੁਖ ਸੇਵਾਦਾਰ ਇਨ੍ਹਾਂ ਜੱਥਿਆਂ ਨੂੰ ਭੇਜਣ ਦਾ ਜ਼ਿੰਮੇਦਾਰ ਹੈ ਇਸ ਸੋਚ ਨਾਲ 7 ਮਈ 1924 ਦੇ ਦਿਨ ਪੁਲਸ ਨੇ ਜਥੇਦਾਰ ਅੱਛਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

1989: ਹਰਦੀਪ ਸਿੰਘ ਗੱਗੋਬੂਹਾ, ਗੁਰਦੇਵ ਸਿੰਘ ਤਾਤਲਾ, ਬਲਦੇਵ ਸਿੰਘ ਖੱਬੇ ਰਾਜਪੂਤਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਮਈ 1989 ਦੇ ਦਿਨ ਪੁਲਸ ਨੇ ਹਰਦੀਪ ਸਿੰਘ (ਪੁਤਰ ਰਘਬੀਰ ਸਿੰਘ, ਵਾਸੀ ਗੱਗੋਬੂਹਾ), ਗੁਰਦੇਵ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਤਾਤਲੇ), ਬਲਦੇਵ ਸਿੰਘ ਉਰਫ਼ ਘੁੱਲਾ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਖੱਬੇ ਰਾਜਪੂਤਾਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਪੂਰਨ ਸਿੰਘ ਕੋਟ ਧਰਮ ਚੰਦ ਕਲਾ, ਦਲਵਿੰਦਰ ਸਿੰਘ ਪੰਜਵੜ, ਨਵਤੇਜ ਸਿੰਘ ਨਵੀ ਆਬਾਦੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਪੂਰਨ ਸਿੰਘ (ਵਾਸੀ ਕੋਟ ਧਰਮ ਚੰਦ ਕਲਾ, ਅੰਮ੍ਰਿਤਸਰ, ਦਲਵਿੰਦਰ ਸਿੰਘ (ਵਾਸੀ ਪੰਜਵੜ, ਅੰਮ੍ਰਿਤਸਰ), ਨਵਤੇਜ ਸਿੰਘ ਉਰਫ਼ ਡਾ. ਗੁਰਮੇਜ ਸਿੰਘ (ਵਾਸੀ ਨਵੀ ਆਬਾਦੀ, ਅੰਮ੍ਰਿਤਸਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਪਰਮਿੰਦਰ ਸਿੰਘ ਮੁਹਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

7 ਮਈ 1991 ਦੇ ਦਿਨ ਪੁਲਸ ਨੇ ਪਰਮਿੰਦਰ ਸਿੰਘ (ਪੁਤਰ ਅਮਰੀਕ ਸਿੰਘ, ਵਾਸੀ ਮਕਾਨ ਨੰਬਰ 1263, ਫੇਜ਼ ਤਿੰਨ ਬੀ-2, ਸਾਹਿਬਜ਼ਾਦਾ ਅਜੀਤ ਸਿੰਘ ਨਗਰ/ਅਜੀਤਗੜ੍ਹ, ਮੁਹਾਲੀ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚ ਅਸਲ ਮੁਕਾਬਲਾ (48 ਘੰਟੇ ਚੱਲੇ ਮੁਕਾਬਲੇ ਵਿਚ ਇਕ ਡੀ.ਆਈ. ਜੀ. ਸਣੇ ਦਰਜਨਾਂ ਪੁਲਸੀਏ ਮਰੇ ਤੇ 8 ਸਿੱਖ ਸ਼ਹੀਦ ਹੋਏ)

7 ਮਈ 1991 ਦੇ ਦਿਨ ਖਾੜਕੂਆਂ ਅਤੇ ਪੁਲੀਸ ਵਿਚ ਅਸਲ ਮੁਕਾਬਲਾ ਹੋਇਆ। ਇਸ ਜੰਗ ਵਿਚ ਪੁਲਸ, ਬੀ.ਐਸ.ਐਫ਼ ਤੇ ਸੀ.ਆਰ.ਪੀ.ਐਫ਼. ਦੇ 1000 ਤੋਂ ਵਧ ਸਿਪਾਹੀਆਂ ਤੇ ਫ਼ੌਜੀਆਂ ਨੇ ਬਟਾਲਾ ਕੋਲ ਪਿੰਡ ਰਟੋਲ ਤੇ ਮੁਗ਼ਲ ਚੱਕ ਵਿਚਕਾਰ ਸੱਤ ਅੱਠ ਸਿੱਖਾਂ ਨੂੰ ਘੇਰ ਲਿਆ। ਇਨ੍ਹਾਂ ਵਿਚ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਵੀ ਸੀ। 48 ਘੰਟੇ ਚੱਲੇ ਇਸ ਅਸਲ ਮੁਕਾਬਲੇ ਵਿਚ ਡੀ.ਆਈ. ਜੀ. ਅਜੀਤ ਸਿੰਘ ਤੇ ਦਰਜਨਾਂ ਪੁਲਸੀਏ ਮਾਰੇ ਗਏ। ਖਾੜਕੂਆਂ ਵਿਚੋਂ ਦਵਿੰਦਰ ਸਿੰਘ, ਹਰਜਿੰਦਰ ਸਿੰਘ ਭਲਵਾਨ, ਲਖਵਿੰਦਰ ਸਿੰਘ ਲੱਖਾ,

ਜਗਤਾਰ ਸਿੰਘ ਭੋਰਸੀ, ਲਖਵਿੰਦਰ ਸਿੰਘ ਮੁਗ਼ਲ ਚੱਕ, ਕਾਲਾ ਸਿੰਘ ਵਲੀਪੁਰ, ਸ਼ਿੰਦਰ ਸਿੰਘ ਜੰਮੂ ਤੇ ਚਾਚਾ ਫ਼ੌਜੀ ਸ਼ਹੀਦ ਹੋ ਗਏ। ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਇਸ ਮੁਕਾਬਲੇ ਵਿਚੋਂ ਮਹਿਫ਼ੂਜ਼ ਬਚ ਕੇ ਨਿਕਲ ਗਿਆ।

1992: ਅਰਜਨ ਸਿੰਘ, ਕੁਲਜੀਤ ਸਿੰਘ ਬਿੱਟੂ, ਬਲਜੀਤ ਸਿੰਘ ਸ਼ੀਸ਼ਾ ਨਕਲੀ ਮੁਕਾਬਲੇ ਵਿਚ ਸ਼ਹੀਦ

7 ਮਈ 1992 ਦੇ ਦਿਨ ਪੁਲਸ ਨੇ ਅਰਜਨ ਸਿੰਘ, ਕੁਲਜੀਤ ਸਿੰਘ ਉਰਫ਼ ਬਿੱਟੂ, ਬਲਜੀਤ ਸਿੰਘ ਸ਼ੀਸ਼ਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਜੋਗਿੰਦਰ ਸਿੰਘ ਤੇ 3 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

7 ਮਈ 1993 ਦੇ ਦਿਨ ਪੁਲਸ ਨੇ ਜੋਗਿੰਦਰ ਸਿੰਘ ਦਿੱਲੀ ਤੇ 3 ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

8 ਮਈ

1887: ਸਿੰਘ ਸਭਾ ਲਹਿਰ ਦੇ ਮੁਖੀ ਆਗੂ ਕੰਵਰ ਬਿਕਰਮ ਸਿੰਘ ਕਪੂਰਥਲਾ ਦੀ ਮੌਤ ਹੋਈ

1873 ਵਿਚ ਇਕ ਡਰਾਮਾਈ ਘਟਨਾ ਘਟੀ। ਅੰਮ੍ਰਿਤਸਰ ਮਿਸ਼ਨ ਸਕੂਲ ਵਿਚ ਪੜ੍ਹ ਰਹੇ ਚਾਰ ਸਿੱਖ ਬੱਚਿਆਂ (ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਅਤੇ ਆਇਆ ਸਿੰਘ) ਨੇ ਐਲਾਨ ਕੀਤਾ ਕਿ ਉਹ ਈਸਾਈ ਧਰਮ ਵਿਚ ਸ਼ਾਮਿਲ ਹੋਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋ ਰਾਜ ਘਰਾਣਿਆਂ ਦੇ ਬੱਚੇ (ਦਲੀਪ ਸਿੰਘ ਤੇ ਹਰਨਾਮ ਸਿੰਘ ਕਪੂਰਥਲਾ) ਈਸਾਈ ਬਣ ਚੁਕੇ ਸਨ ਪਰ ਹੋਰ ਅਖੌਤੀ-ਉੱਚੇ ਖ਼ਾਨਦਾਨਾਂ ਵਿੱਚੋਂ ਹੋਰ ਕੋਈ ਵੀ ਈਸਾਈ ਨਹੀਂ ਸੀ ਬਣਿਆ। ਉਂਞ ਆਮ ਸਿੱਖਾਂ ਵਿੱਚੋਂ ਹੋਰ ਕਈ ਜਣੇ ਈਸਾਈ ਜ਼ਰੂਰ ਬਣ ਚੁਕੇ ਸਨ ਪਰ ਇਹੋ-ਜਿਹੇ ਲੋਕ, ਅਨਪੜ੍ਹ, ਅਖੌਤੀ-ਪਛੜੀਆਂ ਜਮਾਤਾਂ ਵਿਚੋਂ ਜਾਂ ਇਸ ਤਰ੍ਹਾਂ ਦੇ ਕੁਝ ਹੋਰ ਸ਼ਖ਼ਸ ਸਨ। ਪਰ ਪੜ੍ਹੇ ਲਿਖੇ ਚੰਗੇ ਗੁਰਸਿੱਖ ਘਰਾਂ ਵਿਚੋਂ ਇਕ ਵੀ ਬੰਦਾ ਅਜੇ ਤਕ ਈਸਾਈ ਨਹੀਂ ਸੀ ਬਣਿਆ। ਖ਼ੈਰ ਚਾਰ ਸਿੱਖ ਬੱਚਿਆਂ ਦੇ ਈਸਾਈ ਬਣਨ ਦੇ ਇਸ ਐਲਾਨ ਨਾਲ ਕੁਝ ਸਰਗਰਮ ਸਿੱਖ (ਅਜੇ ਸਿੱਖਾਂ ਵਿਚ ਸਾਂਝਾ ਆਗੂ ਕੋਈ ਨਹੀਂ ਸੀ) ਆਪਸ ਵਿਚ ਮਿਲੇ ਅਤੇ ਇਨ੍ਹਾਂ ਬੱਚਿਆਂ ਨੂੰ ਸਮਝਾ-ਬੁਝਾ ਕੇ ਇਸ ਹਰਕਤ ਤੋਂ ਰੋਕ ਲਿਆ। ਇਸ ਮਗਰੋਂ ਵੱਖ-ਵੱਖ ਇਲਾਕਿਆਂ ਦੇ ਮੋਹਤਬਰ ਸਿੱਖਾਂ ਅਤੇ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਕਰ ਰਹੇ ਸਿੱਖਾਂ ਨੇ ਆਪਸ ਵਿਚ ਰਾਬਤਾ ਬਣਾਇਆ ਇਨ੍ਹਾਂ ਵਿਚ ਠਾਕਰ ਸਿੰਘ ਸੰਧਾਂਵਾਲੀਆ, ਗਿਆਨੀ ਗਿਆਨ ਸਿੰਘ, ਗਿਆਨੀ ਸਰਦੂਲ ਸਿੰਘ ਵਗੈਰਾ ਵੀ ਸਨ। ਹੋਰਨਾਂ ਨਾਲ ਵੀ ਇਨ੍ਹਾਂ ਨੇ ਰਾਬਤਾ ਬਣਾਇਆ ਅਤੇ ਅਖ਼ੀਰ ਪਹਿਲੀ ਅਕਤੂਬਰ 1873 ਦੇ ਦਿਨ ਠਾਕਰ ਸਿੰਘ ਸੰਧਾਂਵਾਲੀਆ ਨੇ ਸਿਰਕਰਦਾ ਸਿੱਖਾਂ ਦਾ ਇਕ ਇਕੱਠ ਅੰਮ੍ਰਿਤਸਰ ਵਿਚ ਬੁਲਾ ਲਿਆ। ਇਸ ਵਿਚ ਕੁਝ ਗਿਆਨੀ, ਪੁਜਾਰੀ, ਗ੍ਰੰਥੀ, ਉਦਾਸੀ, ਨਿਰਮਲੇ ਆਦਿਕ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਬਹੁਤੇ ਉਸ ਬ੍ਰਾਹਮਣ ਦੇ ਗੁਰੂ-ਨਿੰਦਾ ਦੇ ਪਰਚਾਰ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਕਈ ਤਾਂ ਸਿੱਖ ਧਰਮ ਬਾਰੇ ਪੂਰੀ ਤਰ੍ਹਾਂ ਸੁਚੇਤ ਵੀ ਨਹੀਂ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ "ਗੁਰੂ ਸਿੰਘ ਸਭਾ" ਬਣਾਉਣ ਦਾ ਮਤਾ ਪਾਸ ਕੀਤਾ।ਸਿੰਘ ਸਭਾ ਲਹਿਰ ਦੇ ਅਸਰ ਹੇਠਾਂ ਸਭ ਤੋਂ ਪਹਿਲਾਂ ਇਕ ਖਾਲਸਾ ਸਕੂਲ ਖੋਲ੍ਹਿਆ ਗਿਆ। ਮਗਰੋਂ 1879 ਵਿਚ ਇਕ *ਗੁਰਮੁਖੀ ਅਖ਼ਬਾਰ* ਵੀ ਸ਼ੁਰੂ ਕੀਤਾ ਗਿਆ। ਇਸ ਦੇ ਐਡੀਟਰ ਪ੍ਰੋ: ਗੁਰਮੁਖ ਸਿੰਘ (ਓਰੀਐਂਟਲ ਕਾਲਜ

ਲਾਹੌਰ ਦੇ ਪ੍ਰੋਫ਼ੈਸਰ) ਸਨ। 1879 ਵਿਚ ਲਾਹੌਰ ਵਿਚ ਵੀ ਇਕ ਇਹੋ-ਜਹੀ ਸਿੰਘ ਸਭਾ ਕਾਇਮ ਕੀਤੀ ਗਈ। ਮਗਰੋਂ 1880 ਵਿਚ ਦੋਹਾਂ ਦੀ ਇਕ ਸਾਂਝੀ ਕੇਂਦਰੀ ਸਿੰਘ ਸਭਾ ਵੀ ਕਾਇਮ ਹੋਈ, ਜਿਸ ਦਾ ਹੈੱਡ-ਕੁਆਰਟਰਜ਼ ਅੰਮ੍ਰਿਤਸਰ ਵਿਚ ਸੀ। ਇਸ ਦਾ ਨਾਂ ਜਨਰਲ ਸਭਾ ਰੱਖਿਆ ਗਿਆ।ਜਿਉਂ-ਜਿਉਂ ਸਿੰਘ ਸਭਾ ਲਹਿਰ ਫੈਲਦੀ ਗਈ ਇਸ ਦੇ ਆਗੂਆਂ ਵਿਚੋਂ ਰਈਸ ਧੜੇ ਦੇ ਬਹੁਤੇ ਚੌਧਰੀਆਂ ਉੱਤੇ ਲੀਡਰਸ਼ਿਪ ਦਾ ਭੂਤ ਸਵਾਰ ਹੋ ਗਿਆ। ਰਾਜਾ ਬਿਕਰਮ ਸਿੰਘ ਫ਼ਰੀਦਕੋਟ ਤੇ ਖੇਮ ਸਿੰਘ ਬੇਦੀ ਵਾਸਤੇ ਗਦੇਲੇ ਵਿਛਾਏ ਜਾਣ ਲਗ ਪਏ। ਏਨਾ ਹੀ ਨਹੀਂ ਇਸ ਗਰੁੱਪ ਨੇ ਸਿੰਘ ਸਭਾ ਲਹਿਰ ਦੇ ਅਸੂਲਾਂ ਦੇ ਉਲਟ ਅਖੌਤੀ 'ਦਲਿਤਾਂ' ਤੋਂ ਦੂਰੀ ਵਧਾਉਣੀ ਸ਼ੁਰੂ ਕਰ ਦਿਤੀ। ਹੋਰ ਤਾਂ ਹੋਰ ਜਦੋਂ ਦਰਬਾਰ ਸਾਹਿਬ ਦੇ ਬੁਤਪ੍ਰਸਤੀ ਰੋਕਣ, ਠਾਕਰਾਂ ਦੀ ਪੂਜਾ ਖਤਮ ਕਰਨ ਅਤੇ ਦਰਬਾਰ ਸਾਹਿਬ ਦੀ ਹਦੂਦ ਚੋਂ ਮੂਰਤੀਆਂ ਚੁਕਣ ਦੀ ਮੰਗ ਉਠੀ ਤਾਂ ਇਨ੍ਹਾਂ ਨੇ ਅਜਿਹਾ ਕਰਨੋਂ ਵਰਜਿਆ। ਪਰ ਜਦੋਂ ਰਾਜਾ ਬਿਕਰਮ ਸਿੰਘ ਤੇ ਖੇਮ ਸਿੰਘ ਬੇਦੀ ਧੜੇ ਨੇ ਸੁਧਾਰਕ ਧੜੇ ਦੀ ਹਰ ਗੱਲ ਦੀ ਮੁਖ਼ਾਲਫ਼ਤ ਸ਼ੁਰੂ ਕਰ ਦਿਤੀ ਤਾਂ ਉਨ੍ਹਾਂ ਨੇ 10-11 ਅਪ੍ਰੈਲ 1886 ਦੇ ਦਿਨ ਲਾਹੌਰ ਇਜਲਾਸ ਬੁਲਾ ਕੇ ਵਿਚਾਰਾਂ ਕਰਨ ਮਗਰੋਂ ਵਖਰਾ 'ਖਾਲਸਾ ਦੀਵਾਨ ਲਾਹੌਰ' ਬਣਾ ਲਿਆ।ਦੋ ਦੀਵਾਨ ਬਣਨ ਨਾਲ ਸਿੰਘ ਸਭਾਵਾਂ ਵੀ ਵੰਡੀਆਂ ਗਈਆਂ। ਪਰ ਦੋਹਾਂ ਨੇ ਇਕ ਦੂਜੇ ਤੋਂ ਅਗੇ ਨਿਕਲਣ ਵਾਸਤੇ ਕੰਮ ਕਰਨੇ ਸ਼ੁਰੂ ਕਰ ਦਿਤੇ। ਅੰਮ੍ਰਿਤਸਰੀਆਂ ਨੇ 1885 ਵਿਚ 'ਗੁਰੂ ਗ੍ਰੰਥ ਪ੍ਰਚਾਰਕ ਸਭਾ' ਬਣਾ ਕੇ ਗੁਰ ਪ੍ਰਣਾਲੀ, ਗੁਰਪੁਰਬ ਨਿਰਣੈ, ਦਸਮ ਗ੍ਰੰਥ ਨਿਰਣੈ ਕਿਤਾਬਾਂ ਲਿਖਵਾਉਣ ਵਲ ਕਦਮ ਚੁਕੇ ਤੇ ਗੁਰੂ ਗ੍ਰੰਥ ਸਾਹਿਬ ਦਾ *ਫ਼ਰੀਦਕੋਟੀ ਟੀਕਾ* (ਨਿਰਮਲਿਆਂ ਵਾਲਾ, ਯਾਨਿ ਨੀਮ-ਹਿੰਦੂਆਂ ਵਾਲਾ) ਤਿਆਰ ਕਰਵਾਇਆ। ਲਾਹੌਰ ਵਾਲੇ 'ਦੀਵਾਨ' ਨੇ *ਗੁਰਮੁਖੀ ਅਖ਼ਬਾਰ*, *ਵਿਦਿਆਰਕ* ਰਸਾਲਾ, *ਖਾਲਸਾ ਗ਼ਜ਼ਟ* ਪਰਚੇ ਸ਼ੁਰੂ ਕੀਤੇ। ਇਸੇ ਲਹਿਰ ਹੇਠਾਂ 1906 ਵਿਚ ਤੇਜਾ ਸਿੰਘ ਭਸੌੜ ਨੇ ਪੰਚ ਖਾਲਸਾ ਦੀਵਾਨ ਕਾਇਮ ਕੀਤਾ। ਫ਼ੀਰੋਜ਼ਪੁਰ ਵਿਚ ਭਾਈ ਤਖ਼ਤ ਸਿੰਘ ਨੇ ਸਿੱਖ ਕੰਨਿਆ ਪਾਠਸ਼ਾਲਾ, ਕੈਰੋਂ ਪਿੰਡ ਵਿਚ ਨਿਹਾਲ ਸਿੰਘ ਨੇ ਖ਼ਾਲਸਾ ਭੁਜੰਗਣ ਆਸ਼ਰਮ ਤੇ ਭਸੌੜ ਵਿਚ ਤੇਜਾ ਸਿੰਘ ਨੇ ਇਸਤਰੀ ਵਿਦਿਆ ਭੰਡਾਰ ਖੋਲ ਕੇ ਇਸਤਰੀ ਵਿਦਿਆ ਦਾ ਖ਼ੂਬ ਪਰਚਾਰ ਕੀਤਾ।ਉਨ੍ਹੀਂ ਦਿਨੀਂ ਗੁਰੂ ਗ੍ਰੰਥ ਸਾਹਿਬ, ਪੋਥੀਆਂ ਅਤੇ ਗੁਟਕੇ ਸਿਰਫ਼ ਹੱਥ ਨਾਲ ਲਿਖੇ ਹੀ ਮਿਲਦੇ ਸਨ। ਹਾਲਾਂ ਕਿ ਈਸਾਈ ਪਾਦਰੀਆਂ ਨੇ ਆਪਣੇ ਪਰਚਾਰ ਵਾਸਤੇ ਪੱਥਰ ਛਾਪੇ ਨਾਲ ਪੰਜਾਬੀ ਵਿਚ ਬਾਈਬਲ ਅਤੇ ਹੋਰ ਲਿਟਰੇਚਰ ਛਾਪ ਵੀ ਲਿਆ ਸੀ ਪਰ ਸਿੱਖਾਂ ਵੱਲੋਂ ਅਜੇ ਵੀ ਇਸ ਪਾਸੇ ਵਲ ਕਦਮ ਨਹੀਂ ਸੀ ਉਠਾਇਆ ਗਿਆ। 1887 ਵਿਚ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਗੁਰਮੁਖੀ ਦਾ ਫ਼ੌਂਟ ਤਿਆਰ ਕਰਵਾ ਕੇ ਲਾਲਾ ਹੀਰਾ ਨੰਦ ਦੀ ਪ੍ਰੈੱਸ ਤੋਂ ਗੁਰੂ ਗ੍ਰੰਥ ਸਾਹਿਬ ਦਾ ਅਜੋਕਾ ਸਰੂਪ ਤਿਆਰ ਛਪਵਾਇਆ। ਇਸ ਦੇ 1429 ਸਫ਼ੇ (ਰਾਗ ਮਾਲਾ ਸਣੇ 1430) ਸਨ। ਇਸ ਤੋਂ ਪਹਿਲਾਂ ਹੱਥ ਨਾਲ ਲਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਸਫ਼ਿਆਂ ਦੀ ਗਿਣਤੀ ਇਕ ਨਹੀਂ ਸੀ ਹੋਇਆ ਕਰਦੀ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਨਿਤਨੇਮ ਦੇ ਗੁਟਕੇ ਵੀ ਛਪਣੇ ਸ਼ੁਰੂ ਹੋ ਗਏ। ਇਸ ਨਾਲ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਆਸਾਨ ਹੋ ਗਿਆ ਅਤੇ ਬਹੁਤੇ ਘਰਾਂ ਵਿਚ ਗੁਟਕੇ ਪਹੁੰਚਣੇ ਲਗ ਪਏ।ਸਾਰੇ ਪੁਜਾਰੀ ਖੇਮ ਸਿੰਘ ਬੇਦੀ ਦੇ ਹਿਮਾਇਤੀ ਸਨ।

ਨਿਰੋਲ ਸਿੱਖੀ, ਪੰਥਕ ਪ੍ਰਚਾਰ ਤੇ ਸਿੱਖੀ ਦੇ ਨਿਆਰਾਪਣ ਦੇ ਹਿਮਾਇਤੀ ਸਨ: ਪ੍ਰੋ. ਗੁਰਮੁਖ ਸਿੰਘ, ਗਿ. ਦਿਤ ਸਿੰਘ, ਕੰਵਰ ਬਿਕਰਮ ਸਿੰਘ ਕਪੂਰਥਲਾ, ਭਾਈ ਕਾਨ੍ਹ ਸਿੰਘ ਨਾਭਾ, ਜਵਾਹਰ ਸਿੰਘ ਕਪੂਰ, ਮਿਹਰ ਸਿੰਘ ਚਾਵਲਾ ਵਗ਼ੈਰਾ। 1887 ਤੱਕ ਹਾਲਾਤ ਇਹ ਬਣ ਗਏ ਸਨ ਕਿ ਖਾਲਸਾ ਦੀਵਾਨ ਲਾਹੌਰ ਨਿਰੋਲ ਸਿੱਖੀ ਪ੍ਰਚਾਰ ਵਾਲਿਆਂ ਦਾ ਅਤੇ ਖਾਲਸਾ ਦੀਵਾਨ ਅੰਮ੍ਰਿਤਸਰ ਖੇਮ ਸਿੰਘ ਬੇਦੀ ਦਾ (ਨੀਮ ਹਿੰਦੂ) ਧੜਾ ਬਣ ਚੁਕੇ ਸਨ। ਖਾਲਸਾ ਦੀਵਾਨ ਲਾਹੌਰ ਕੋਲ ਵਧੀਆ ਲਿਖਾਰੀ ਵੀ ਸਨ ਅਤੇ ਉਨ੍ਹਾਂ ਕੋਲ ਅਖ਼ਬਾਰ ਤੇ ਰਸਾਲੇ ਵੀ ਸਨ। 1886 ਵਿਚ

ਪ੍ਰੋ. ਗੁਰਮੁਖ ਸਿੰਘ ਨੇ *ਸੁਧਾਰਕ* ਮਾਹਵਾਰੀ ਮੈਗਜ਼ੀਨ ਵੀ ਸ਼ੁਰੂ ਕਰ ਲਿਆ ਸੀ। ਇਸ ਵਿਚ ਮੂਰਤੀ ਪੂਜਾ ਅਤੇ ਗੁਰੂ-ਬੰਸ ਵਾਲਿਆਂ ਦੀ ਅਖੌਤੀ ਉੱਚਤਾ ਦਾ ਖ਼ੂਬ ਖੰਡਨ ਕੀਤਾ ਜਾਂਦਾ ਸੀ ਅਤੇ ਸਿੱਖੀ ਦੇ ਨਿਆਰਾਪਣ ਦਾ ਪ੍ਰਚਾਰ ਕੀਤਾ ਜਾਂਦਾ ਸੀ। ਹੁਣ ਖੇਮ ਸਿੰਘ ਬੇਦੀ ਤੇ ਪੁਜਾਰੀ ਥਾਂ-ਥਾਂ ਜਾ ਕੇ ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਪਰਚਾਰ ਕਰਨ ਲਗ ਪਏ। ਇਨ੍ਹਾਂ ਨੇ ਅੰਮ੍ਰਿਤਸਰ ਖ਼ਾਲਸਾ ਦੀਵਾਨ, ਰਾਵਲਪਿੰਡੀ ਸਿੰਘ ਸਭਾ ਅਤੇ ਫ਼ਰੀਦਕੋਟ ਦੇ ਰਾਜੇ ਬਿਕਰਮਾ ਸਿੰਘ ਦੇ ਹਿਮਾਇਤੀਆਂ ਨੂੰ ਵੀ ਨਾਲ ਰਲਾ ਲਿਆ। ਇਸ ਧੜੇ ਨੇ ਏਥੇ ਹੀ ਬਸ ਨਹੀਂ ਕੀਤਾ। ਇਨ੍ਹਾਂ ਨੇ ਰਾਵਲਪਿੰਡੀ, ਕਪੂਰਥਲਾ, ਜਲੰਧਰ, ਫ਼ਿਲੌਰ, ਸ਼ਾਹਕੋਟ, ਖਮਾਣੋਂ, ਘੜੂੰਆਂ, ਖਰੜ, ਬੂੜੀਆ, ਨਾਰੰਗਵਾਲ, ਜੰਡਿਆਲਾ, ਨਵਾਂਸ਼ਹਿਰ, ਕੀਰਤਪੁਰ, ਗੁਜਰਾਂਵਾਲਾ, ਸਿਆਲਕੋਟ, ਅਨੰਦਪੁਰ, ਪਟਨਾ, ਤਲਵੰਡੀ ਸਾਬੋ ਅਤੇ ਅਕਾਲ ਤਖ਼ਤ ਦੇ ਪੁਜਾਰੀਆਂ ਤੋਂ ਵੀ ਗੁਰਮੁਖ ਸਿੰਘ ਨੂੰ "ਪੰਥ 'ਚੋਂ ਖਾਰਜ" ਕਰਨ ਵਾਲਾ ਅਖੌਤੀ-**ਹੁਕਮ**(ਨਾਮਾ) ਜਾਰੀ ਕਰਵਾਇਆ। ਇਸ ਧੜੇ ਵੱਲੋਂ, ਅੰਮ੍ਰਿਤਸਰ ਤੋਂ ਅਕਾਲ ਤਖ਼ਤ ਦੇ ਨਾਂ 'ਤੇ ਜਾਰੀ ਕਰਵਾਇਆ ਗਿਆ। ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਅਖੌਤੀ 'ਹੁਕਮਨਾਮਾ' ਜਾਰੀ ਕਰਨ ਦੀ ਕਾਰਵਾਈ ਨੂੰ ਨੰਗਾ ਕਰਨ ਵਾਸਤੇ, 16 ਅਪਰੈਲ 1887 ਦੇ ਦਿਨ, ਗਿ: ਦਿਤ ਸਿੰਘ ਨੇ ਖ਼ਾਲਸਾ ਅਖ਼ਬਾਰ ਦਾ ਇਕ ਚਾਰ ਸਫ਼ੇ ਦਾ ਜ਼ਮੀਮਾ ਛਾਪਿਆ। ਇਸ ਵਿਚ ਉਨ੍ਹਾਂ ਦੇ ਲਿਖੇ "ਸੁਪਨ ਨਾਟਕ" ਦੀ ਇਕ ਕਿਸ਼ਤ ਵੀ ਸੀ। ਇਸ 'ਤੇ ਰਾਜਾ ਫ਼ਰੀਦਕੋਟ ਅਤੇ ਖੇਮ ਸਿੰਘ ਬੇਦੀ ਬਹੁਤ ਗੁੱਸੇ ਵਿਚ ਆਏ ਅਤੇ ਉਨ੍ਹਾਂ ਨੇ ਗਿ: ਦਿਤ ਸਿੰਘ 'ਤੇ ਮੁਕਦਮਾ ਕਰਨ ਦੀ ਧਮਕੀ ਦਿਤੀ। ਗਿ: ਦਿਤ ਸਿੰਘ ਨੇ ਮੁਕੱਦਮੇ ਦੇ ਚੱਕਰ ਤੋਂ ਬਚਣ ਵਾਸਤੇ ਅਗਲੇ ਅੰਕ ਵਿਚ (ਤੇ ਮਗਰੋਂ ਕਈ ਵਾਰ ਵੀ) ਇਹ ਲਿਖਿਆ ਕਿ "ਇਸ ਨਾਟਕ ਵਿਚ ਹੰਕਾਰ ਅਤੇ ਦੰਭ ਦੀ ਸਤਿ (ਸਚਾਈ) ਔਰ ਸੁਹਿਰਦਤਾ ਵਿਚਕਾਰ ਕਲਪਿਤ ਲੜਾਈ ਦਾ ਜ਼ਿਕਰ ਹੈ, ਜਿਵੇਂ ਪ੍ਰਬੋਧ ਚੰਦਰ ਨਾਟਕ ਵਿਚ ਮੋਹ ਅਤੇ ਬਿਬੇਕ ਦੀ ਲੜਾਈ ਦੀ ਕਲਪਨਾ ਪੇਸ਼ ਕੀਤੀ ਹੈ। ਸਾਡਾ ਕਿਸੇ ਦੇ ਨਿਜ ਬਾਰੇ ਲਿਖਣ ਦਾ ਕੋਈ ਅਰਥ ਨਹੀਂ ਹੈ।" ਪਰ ਗਿਆਨੀ ਦਿਤ ਸਿੰਘ ਦੀ ਇਸ ਸਫ਼ਾਈ ਦੀ ਪਰਵਾਹ ਨਾ ਕਰਦੇ ਹੋਏ ਰਿਆਸਤ ਫ਼ਰੀਦਕੋਟ ਦੇ ਇਕ ਨੌਕਰ ਉਦਯ ਸਿੰਘ ਰਾਹੀ ਗਿ: ਦਿਤ ਸਿੰਘ 'ਤੇ ਮੁਕਦਮਾ ਕਰਵਾ ਦਿੱਤਾ ਗਿਆ। ਗਿਆਨੀ ਦਿੱਤ ਸਿੰਘ ਦੇ ਖ਼ਿਲਾਫ਼ ਹੱਤਕ ਇੱਜ਼ਤ ਦੇ ਇਸ ਕੇਸ ਦਾ ਸਾਰਾ ਖ਼ਰਚਾ ਰਾਜਾ ਫ਼ਰੀਦਕੋਟ ਅਤੇ ਖੇਮ ਸਿੰਘ ਬੇਦੀ ਨੇ ਦਿਤਾ। ਦੂਜੇ ਪਾਸੇ ਗਿਆਨੀ ਦਿਤ ਸਿੰਘ ਦੇ ਡਿਫ਼ੈਂਸ ਦਾ ਖਰਚਾ ਅਤਰ ਸਿੰਘ ਭਦੌੜ ਅਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਨੇ ਦਿੱਤਾ। ਅਖ਼ੀਰ ਅਦਾਲਤ ਨੇ ਗਿ: ਦਿਤ ਸਿੰਘ ਨੂੰ 51 ਰੁਪੈ ਹਰਜਾਨਾ ਭਰਨ ਵਾਸਤੇ ਫ਼ੈਸਲਾ ਦਿਤਾ। ਗਿ: ਦਿਤ ਸਿੰਘ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ। ਸੈਸ਼ਨ ਜੱਜ ਨੇ ਅਪੀਲ ਮਨਜ਼ੂਰ ਕਰ ਕੇ ਗਿ: ਦਿਤ ਸਿੰਘ ਨੂੰ ਬਰੀ ਕਰ ਦਿਤਾ। ਗਿ. ਦਿਤ ਸਿੰਘ 'ਤੇ ਮੁਕਦਮਾ ਸ਼ੁਰੂ ਹੋਣ ਤੋਂ ਛੇਤੀ ਹੀ ਪਿੱਛੋਂ, ਇਕ-ਇਕ ਕਰ ਕੇ ਸਿੰਘ ਸਭਾ ਲਹਿਰ ਦੇ ਸਾਰੇ ਮੋਢੀ ਆਗੂ ਚੜ੍ਹਾਈ ਕਰਨ ਲਗ ਪਏ। ਸਭ ਤੋਂ ਪਹਿਲਾਂ, 8 ਮਈ 1887 ਦੇ ਦਿਨ ਕੰਵਰ ਬਿਕਰਮ ਸਿੰਘ ਕਪੂਰਥਲਾ ਦੀ ਮੌਤ ਹੋਈ; ਉਨ੍ਹਾਂ ਦੇ ਟੁਰ ਜਾਣ ਨਾਲ ਸਿੰਘ ਸਭਾ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ; ਗਿਆਨੀ ਦਿੱਤ ਸਿੰਘ ਦਾ ਤਾਂ ਇਸ ਨਾਲ ਦਿਲ ਹੀ ਟੁੱਟ ਗਿਆ ਕਿਉਂ ਕਿ ਕੰਵਰ ਬਿਕਰਮ ਸਿੰਘ ਉਨ੍ਹਾਂ ਦੀ ਸਭ ਤੋਂ ਵੱਡੀ ਮਾਲੀ ਅਤੇ ਜਜ਼ਬਾਤੀ ਤਾਕਤ ਸਨ।

1987: ਖਾੜਕੂਆਂ ਨੇ ਜੀਵਨ ਸਿੰਘ ਉਮਰਾਨੰਗਲ ਦੇ ਮੁੰਡੇ ਸੁਖਦੇਵ ਸਿੰਘ ਨੂੰ ਕਤਲ ਕਰ ਦਿੱਤਾ

ਜੀਵਨ ਸਿੰਘ ਉਮਰਾਨੰਗਲ ਇਕ ਸੰਜੀਦਾ ਅਕਾਲੀ ਦੇ ਤੌਰ 'ਤੇ ਸਿੱਖ ਸਿਆਸਤ ਵਿਚ ਆਇਆ ਸੀ ਪਰ 1960 ਵਿਚ ਪੰਜਾਬੀ ਸੂਬਾ ਮੋਰਚਾ ਦੌਰਾਨ ਉਸ ਦੀ ਪ੍ਰਤਾਪ ਸਿੰਘ

ਕੈਰੋਂ ਨਾਲ ਸਾਜ਼ ਬਾਜ਼ ਹੋ ਗਈ ਤੇ ਉਹ ਦਰਬਾਰ ਸਾਹਿਬ ਵਿਚ ਬੈਠ ਕੇ ਸਰਕਾਰ ਨੂੰ ਸੂਹਾਂ ਦੇਂਦਾ ਰਿਹਾ; 1962 ਵਿਚ ਉਸ ਨੇ ਕੈਰੋਂ ਨਾਲ ਸਾਜ਼ਸ਼ ਕਰ ਕੇ ਅਕਾਲੀ ਦਲ ਵਿਚ ਫੁੱਟ ਪੁਆਈ; 1977 ਵਿਚ ਉਹ ਨਿਰੰਕਾਰੀਆਂ ਨਾਲ ਵੀ ਨੇੜਤਾ ਰੱਖਣ ਲਗ ਪਿਆ ਸੀ; 1978 ਤੋਂ ਮਗਰੋਂ ਉਹ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਸਿੱਖ ਜੁਝਾਰੂਆਂ ਦੇ ਖ਼ਿਲਾਫ਼ ਬਹੁਤ ਜ਼ਹਿਰ ਉਗਲਣ ਲਗ ਪਿਆ ਅਤੇ 1960 ਵਾਂਗ ਸਿੱਖ ਦੁਸ਼ਮਣ ਅੰਸਰਾਂ ਦਾ ਹੱਥ-ਠੋਕਾ ਬਣ ਗਿਆ; ਖਾੜਕੂ ਕਦੋਂ ਦਾ ਉਸ ਨੂੰ 'ਸੋਧਣ' ਦੀਆਂ ਕੋਸ਼ਿਸ਼ਾਂ ਕਰਦੇ ਰਹੇ ਸਨ ਪਰ ਪੁਲਸ ਹਿਫ਼ਾਜ਼ਤ ਮਿਲੀ ਹੋਣ ਕਰ ਕੇ ਉਹ ਬਚਦਾ ਜਾ ਰਿਹਾ ਸੀ; ਅਖ਼ੀਰ ਜੀਵਨ ਸਿੰਘ ਨੂੰ ਸਜ਼ਾ ਦੇਣ ਦੀ ਸੋਚ ਨਾਲ 8 ਮਈ 1987 ਦੇ ਦਿਨ ਖਾੜਕੂਆਂ ਨੇ ਜੀਵਨ ਸਿੰਘ ਉਮਰਾਨੰਗਲ ਤੇ ਹਮਲਾ ਕੀਤਾ; ਉਹ ਆਪ ਤਾਂ ਬਚ ਗਿਆ ਪਰ ਉਸ ਦਾ ਮੁੰਡਾ ਸੁਖਦੇਵ ਸਿੰਘ ਨੂੰ ਮਾਰਿਆ ਗਿਆ। ਪਹਿਲਾਂ ਤਾਂ ਪੁਲਸੀਏ ਚੀਫ਼ ਇਜ਼ਹਾਰ ਆਲਮ ਨੇ ਸੁਖਦੇਵ ਸਿੰਘ ਝਾਮਕੇ, ਸੁਰਜੀਤ ਸਿੰਘ, ਵਰਿਆਮ ਸਿੰਘ, ਅਜਮੇਰ ਸਿੰਘ (ਚਾਰੇ ਗੁਰਦੁਆਰਾ ਗੁਰਦਰਸ਼ਨ ਪਰਕਾਸ਼, ਚੌਕ ਮਹਿਤਾ) ਨੂੰ ਇਸ ਐਕਸ਼ਨ ਦਾ ਜ਼ਿੰਮੇਦਾਰ ਆਖਿਆ। ਪਰ ਦੋ ਦਿਨਾਂ ਬਾਅਦ ਹੀ ਉਸ ਨੇ ਹਰਭਜਨ ਸਿੰਘ, ਜਰਨੈਲ ਸਿੰਘ, ਉਰਫ਼ ਲੱਡੂ, ਵਰਿਆਮ ਸਿੰਘ, ਸ਼ਾਮ ਸਿੰਘ, ਗੁਰਦਿਆਲ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ ਨੂੰ ਪਨਾਹ ਦੇਣ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ।(ਮਾਰੇ ਗਏ ਸੁਖਦੇਵ ਨੂੰ ਚੀਫ਼ ਮਨਿਸਟਰ ਬਰਨਾਲਾ ਨੇ 'ਸ਼ਹੀਦ' ਦਾ ਦਰਜਾ ਦਿੱਤਾ ਤੇ ਉਸ ਦੇ ਪੁੱਤਰ ਪਰਮਰਾਜ ਸਿੰਘ ਉਮਰਾਨੰਗਲ ਨੂੰ ਪੁਲੀਸ ਵਿਚ ਇਕ ਉੱਚੇ ਅਹੁਦੇ 'ਤੇ ਭਰਤੀ ਕਰ ਲਿਆ ਤੇ ਉਸ ਨੂੰ ਵਾਰ-ਵਾਰ ਤਰੱਕੀਆਂ ਦਿੱਤੀਆਂ ਤੇ ਛੇਤੀ ਹੀ ਐਸ.ਐਸ.ਪੀ. ਤੇ ਮਗਰੋਂ ਡੀ.ਆਈ.ਜੀ. ਤੇ ਅਖ਼ੀਰ ਡੀ.ਜੀ.ਪੀ. ਬਣਾ ਦਿੱਤਾ)।

1988: ਲਖਵਿੰਦਰ ਸਿੰਘ ਖੁਜਾਲਾ, ਸੁਰਜਨ ਸਿੰਘ ਸ਼ਾਮੂ ਚੱਕ ਤੇ ਪ੍ਰੀਤਮ ਸਿੰਘ ਰਾੜਾ ਮੰਡੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਲਖਵਿੰਦਰ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਖੁਜਾਲਾ, ਅੰਮ੍ਰਿਤਸਰ), ਸੁਰਜਨ ਸਿੰਘ (ਵਾਸੀ ਸ਼ਾਮੂ ਚੱਕ) ਤੇ ਪ੍ਰੀਤਮ ਸਿੰਘ (ਵਾਸੀ ਰਾੜਾ ਮੰਡੀ) ਨੂੰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਦੇਵ ਸਿੰਘ ਗਾਡਰ ਤੇ ਕਰਨਜੀਤ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਮਈ 1992 ਦੇ ਦਿਨ ਪੁਲੀਸ ਨੇ ਬਲਦੇਵ ਸਿੰਘ ਗਾਡਰ ਨੂੰ ਮੁਗਲ ਚੱਕ (ਸਰਹਾਲੀ ਕੋਲ) ਤੇ ਕਰਨਜੀਤ ਸਿੰਘ ਨੂੰ (ਖਿਆਲਾ ਕੋਲ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2012: ਨਿਹੰਗ ਸੰਤਾ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਲਗਣੋਂ ਰੁਕੀ

8 ਮਈ 2012 ਦੇ ਦਿਨ ਇੰਦਰਾ ਗਾਂਧੀ ਦੇ ਭਗਤ ਜਾਣੇ ਜਾਂਦੇ ਨਿਹੰਗ ਸੰਤਾ ਸਿੰਘ ਦੀ ਮੌਤ ਹੋ ਗਈ। ਇਸੇ ਦਿਨ ਸ਼੍ਰੋਮਣੀ ਕਮੇਟੀ ਨੇ ਉਸ ਦੀ ਤਸਵੀਰ ਅਜਾਇਬ ਘਰ ਵਿਚ ਲਾਉਣ ਦੀ ਖ਼ਬਰ ਲਾਉਣ ਦਾ ਐਲਾਨ ਕੀਤਾ। ਇਸੇ ਦਿਨ ਡਾ: ਹਰਜਿੰਦਰ ਸਿੰਘ ਦਿਲਗੀਰ ਨੇ ਕਿਹਾ ਕਿ ਉਹ ਪੰਥ ਦੇ ਖ਼ਿਲਾਫ਼ ਹਰ ਕਾਰਵਾਈ ਵਿਚ ਸ਼ਾਮਿਲ ਹੁੰਦਾ ਰਿਹਾ ਸੀ; ਉਸ ਨੇ ਇੰਦਰਾ ਗਾਂਧੀ ਨਾਲ ਰਲ ਕੇ ਅਕਾਲ ਤਖ਼ਤ ਦੀ ਈਮਾਰਤ ਬਣਾਈ ਸੀ; ਉਹ ਸਦਾ ਹੀ ਪੰਥ ਵਿਰੋਧੀ ਖ਼ੇਮੇ ਵਿਚ ਰਿਹਾ ਸੀ।ਇਸ ਕਰ ਕੇ ਉਸ ਦੀ ਤਸਵੀਰ ਨਾ ਲਾਈ ਜਾਏ। ਅਗਲੇ ਦਿਨ ਦਲ ਖਾਲਸਾ ਨੇ ਵੀ ਇਹ ਮੰਗ ਦੁਹਰਾਈ। ਇਸ ਨਾਲ ਇਹ ਤਸਵੀਰ ਸਿੱਖ ਅਜਾਇਬ ਘਰ ਵਿਚ ਲਗਣੋਂ ਰੁਕ ਗਈ।

9 ਮਈ

1710: ਬਹਿਲੋਲਪੁਰ ਕੋਲ ਮਾਝੇ ਦੇ ਸਿੱਖਾਂ ਅਤੇ ਮਲੇਰਕੋਟਲੇ ਦੀਆਂ ਫ਼ੌਜਾਂ ਵਿਚ ਲੜਾਈ ਹੋਈ

ਮਈ 1710 ਦੇ ਸ਼ੁਰੂ ਵਿਚ ਮਾਝੇ ਤੋਂ 2 ਹਜ਼ਾਰ ਦੇ ਕਰੀਬ ਸਿੱਖ ਬੰਦਾ ਸਿੰਘ ਨਾਲ ਸ਼ਾਮਿਲ ਹੋਣ ਵਾਸਤੇ ਕੀਰਤਪੁਰ ਵਿਚ ਪੁੱਜ ਚੁਕੇ ਸਨ। ਇਹ ਸਾਰੇ ਉਹ ਸਿੱਖ ਸਨ ਜਿਹੜੇ ਪੰਥ ਵਾਸਤੇ ਜਾਨਾਂ ਵਾਰਨ ਲਈ ਘਰੋਂ ਨਿਕਲੇ ਸਨ। ਕੀਰਤਪੁਰ ਤੋਂ ਉਨ੍ਹਾਂ ਰੂਪੜ ਰਾਹੀਂ ਛੱਤ-ਬਨੂੜ ਪੁੱਜ ਕੇ ਬੰਦਾ ਸਿੰਘ ਦੇ ਨਾਲ ਰਲਣਾ ਸੀ। ਇਸ ਦੀ ਖ਼ਬਰ ਵਜ਼ੀਰ ਖ਼ਾਨ ਨੂੰ ਮਿਲ ਚੁਕੀ ਸੀ। ਉਸ ਨੇ ਮਲੇਰਕੋਟਲਾ ਦੇ ਸ਼ੇਰ ਮੁਹੰਮਦ ਖ਼ਾਨ (ਜਿਸ ਨੂੰ ਛੋਟੇ ਸਾਹਿਬਜ਼ਾਦਿਆਂ ਵਾਸਤੇ ਅਖੌਤੀ ਤੌਰ 'ਤੇ ਹਾਅ ਦਾ ਨਾਅਰਾ ਮਾਰਨ ਦੇ ਬਹਾਨੇ ਨਾਲ *'ਸਿੱਖਾਂ ਦਾ ਹਮਦਰਦ'* ਆਖਣ ਦੀ ਗ਼ਲਤੀ ਕੀਤੀ ਜਾਂਦੀ ਹੈ) ਨੂੰ ਫ਼ੌਜ ਲਿਜਾ ਕੇ ਮਾਝੇ ਵੱਲੋਂ ਆ ਰਹੇ ਸਿੱਖਾਂ ਨੂੰ ਰੋਕਣ ਵਾਸਤੇ ਕੂਚ ਕਰਨ ਵਾਸਤੇ ਹਦਾਇਤਾਂ ਦਿਤੀਆਂ। ਸ਼ੇਰ ਮੁਹੰਮਦ ਖ਼ਾਨ ਆਪਣੇ ਇਕ ਭਰਾ (ਖ਼ਿਜ਼ਰ ਖ਼ਾਨ) ਅਤੇ ਭਤੀਜਿਆਂ (ਵਲੀ ਖ਼ਾਨ ਅਤੇ ਮੁਹੰਮਦ ਬਖ਼ਸ਼) ਨਾਲ ਵੱਡੀ ਫ਼ੌਜ ਲੈ ਕੇ ਰੂਪੜ ਵਲ ਚਲ ਪਿਆ। ਰੂਪੜ ਦੇ ਨੇੜੇ ਸਤਲੁਜ ਦਰਿਆ ਦੇ ਕੰਢੇ, ਪਿੰਡ ਬਹਿਲੋਲਪੁਰ ਦੀ ਜੂਹ ਵਿਚ, ਸਿੱਖਾਂ ਅਤੇ ਮਲੇਰੀ ਫ਼ੌਜਾਂ ਵਿਚ ਜ਼ਬਰਦਸਤ ਜੰਗ ਹੋਈ (ਉਦੋਂ ਸਤਲੁਜ ਦਰਿਆ ਬਹਿਲੋਲਪੁਰ ਅਤੇ ਮਾਛੀਵਾੜਾ ਦੇ ਪੈਰਾਂ ਵਿਚ ਵਗਦਾ ਸੀ)। ਭਾਵੇਂ ਮਲੇਰੀ ਫ਼ੌਜਾਂ ਦੀ ਗਿਣਤੀ ਵੀ ਵਧੇਰੇ ਸੀ ਅਤੇ ਉਨ੍ਹਾਂ ਕੋਲ ਹਥਿਆਰ ਵੀ ਜ਼ਿਆਦਾ ਅਤੇ ਵਧੀਆ ਸਨ ਪਰ ਸਿੱਖ ਤਾਂ ਆਪਣੇ ਗੁਰੂ ਦੇ ਨਾਂ 'ਤੇ ਸਿਰ ਤਲੀ 'ਤੇ ਰੱਖ ਕੇ ਜੂਝ ਰਹੇ ਸਨ। ਪਹਿਲੇ ਦਿਨ ਮਲੇਰੀਆਂ ਦਾ ਪਲੜਾ ਭਾਰੀ ਜਾਪਦਾ ਸੀ। ਹਨੇਰਾ ਪੈਣ 'ਤੇ ਲੜਾਈ ਬੰਦ ਹੋ ਗਈ। ਰਾਤ ਨੂੰ ਮਾਝੇ ਤੋਂ ਕੁਝ ਹੋਰ ਸਿੱਖ ਵੀ ਉਨ੍ਹਾਂ ਨਾਲ ਆ ਰਲੇ। ਸਵੇਰ ਦੀ ਪਹੁ-ਫੁੱਟਦਿਆਂ ਹੀ ਸਿੱਖਾਂ ਨੇ ਇਕ ਦਮ ਮਲੇਰੀਆਂ 'ਤੇ ਹਮਲਾ ਕਰ ਦਿੱਤਾ। ਦੋਵੇਂ ਫ਼ੌਜਾਂ ਹੁਣ ਆਹਮੋ-ਸਾਹਮਣੇ ਹੋ ਕੇ ਲੜੀਆਂ। ਗਹਿ-ਗੱਚ ਲੜਾਈ ਦੌਰਾਨ ਇਕ ਗੋਲੀ ਸ਼ੇਰ ਮੁਹੰਮਦ ਖ਼ਾਨ ਮਲੇਰੀਏ ਦੇ ਭਰਾ ਖ਼ਿਜ਼ਰ ਖ਼ਾਨ ਦੀ ਛਾਤੀ ਵਿਚ ਆ ਵੱਜੀ ਤੇ ਉਹ ਉੱਥੇ ਹੀ ਢੇਰੀ ਹੋ ਗਿਆ। ਉਸ ਦੇ ਮਰਨ ਦੇ ਨਾਲ ਹੀ ਪਠਾਣ ਫ਼ੌਜੀ ਮੈਦਾਨ ਛੱਡ ਕੇ ਭੱਜਣ ਲਗ ਪਏ। ਇਸ 'ਤੇ ਸ਼ੇਰ ਮੁਹੰਮਦ ਖ਼ਾਨ ਨੇ ਲਲਕਾਰਾ ਮਾਰਿਆ ਤੇ ਉਹ ਅਤੇ ਉਸ ਦੇ ਦੋਵੇਂ ਭਤੀਜੇ ਖ਼ਿਜ਼ਰ ਖ਼ਾਨ ਦੀ ਲਾਸ਼ ਚੁੱਕਣ ਵਾਸਤੇ ਅੱਗੇ ਵਧੇ। ਸਿੱਖਾਂ ਨੇ ਇਨ੍ਹਾਂ 'ਤੇ ਵੀ ਹਮਲਾ ਕਰ ਦਿਤਾ। ਦੋਵੇਂ ਭਰਾ ਖ਼ਾਨ ਅਲੀ ਅਤੇ ਮੁਹੰਮਦ ਬਖ਼ਸ਼ ਇਸ ਹਮਲੇ ਵਿਚ ਮਾਰੇ ਗਏ। ਸ਼ੇਰ ਮੁਹੰਮਦ ਖ਼ਾਨ ਖ਼ੁਦ ਵੀ ਜ਼ਖ਼ਮੀ ਹੋ ਗਿਆ। ਇਸ ਮਗਰੋਂ ਤਾਂ ਸਾਰੀਆਂ ਪਠਾਣ ਫ਼ੌਜਾਂ ਮੈਦਾਨ 'ਚੋਂ ਦੌੜ ਗਈਆਂ। ਜਿੱਤ ਦੀ ਖ਼ੁਸ਼ੀ ਵਿਚ ਸਿੱਖਾਂ ਨੇ ਖ਼ੂਬ ਜੈਕਾਰੇ ਛੱਡੇ ਅਤੇ ਉਹ ਛੱਤ-ਬਨੂੜ ਵਲ ਚਲ ਪਏ। ਇਸ ਤੋਂ ਅਗਲੇ ਦਿਨ ਸਿੱਖਾਂ ਦੇ ਇਕ ਹੋਰ ਜਥੇ ਦੀ ਟੱਕਰ ਰਾਣਵਾਂ ਪਿੰਡ ਵਿਚ (ਸੰਘੋਲ ਦੇ ਨੇੜੇ) ਵਜ਼ੀਰ ਖ਼ਾਨ ਦੀ ਭੇਜੀ ਫ਼ੌਜ ਨਾਲ ਹੋ ਗਈ। ਇੱਥੋਂ ਵੀ ਜੇਤੂ ਹੋ ਕੇ ਸਿੱਖ ਬੰਦਾ ਸਿੰਘ ਕੋਲ ਛੱਤ-ਬਨੂੜ ਪਹੁੰਚ ਗਏ। ਜਦ ਇਸ ਦੀ ਖ਼ਬਰ ਬੰਦਾ ਸਿੰਘ ਨੂੰ ਪੁੱਜੀ ਤਾਂ ਉਹ ਕੁਝ ਸਿੱਖਾਂ ਨੂੰ ਨਾਲ ਲੈ ਕੇ ਕਾਫ਼ੀ ਅੱਗੇ ਆ ਗਿਆ ਅਤੇ ਜੇਤੂ ਮਝੈਲਾਂ ਨੂੰ ਗਲਵੱਕੜੀਆਂ ਪਾ ਕੇ ਜੀ ਆਇਆਂ ਆਖਿਆ।

1987: ਅਤਰ ਸਿੰਘ ਤੇ 3 ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਮਈ 1987 ਦੇ ਦਿਨ ਪੁਲੀਸ ਨੇ ਅਤਰ ਸਿੰਘ ਨੂੰ ਗੁਰੂਸਰ ਮਹਿਰਾਜ ਕੋਲ ਇਕ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਇਸੇ ਦਿਨ ਨਬੀਪੁਰ (ਹਰੀਕੇ ਥਾਣਾ) ਕੋਲ ਤਿੰਨ ਸਿੱਖਾਂ ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਫ਼ੌਜ ਅਤੇ ਪੁਲੀਸ ਨੇ 'ਬਲੈਕ ਥੰਡਰ ਅਪਰੇਸ਼ਨ' ਦੇ ਨਾਂ 'ਤੇ ਦਰਬਾਰ ਸਾਹਿਬ 'ਤੇ ਗੋਲਾਬਾਰੀ ਸ਼ੁਰੂ ਕੀਤੀ

ਜਸਬੀਰ ਸਿੰਘ ਦੀ ਰਿਹਾਈ ਮਗਰੋਂ ਜਦ ਸਰਕਾਰ ਖਾੜਕੂਆਂ ਨੂੰ ਖਾਲਿਸਤਾਨ ਤੋਂ ਹਟਾਉਣ ਵਿਚ ਕਾਮਯਾਬ ਨਾ ਹੋ ਸਕੀ ਤਾਂ ਇਸ ਨੇ ਆਪਣੇ ਟਾਊਟ ਉਨ੍ਹਾਂ ਵਿਚ ਸ਼ਾਮਿਲ ਕਰ ਦਿੱਤੇ। ਜਦ ਖਾੜਕੂਆਂ ਨੂੰ ਆਪਣੇ ਵਿਚ ਸ਼ਾਮਿਲ ਹੋਏ ਕੁਝ ਬਲੈਕ ਕੈਟਜ਼ ਦਾ ਪਤਾ ਲਗ ਗਿਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਪਲਾਨ ਘੜਨੀ ਸ਼ੁਰੂ ਕਰ ਦਿੱਤੀ। ਸਰਕਾਰੀ ਅਜੰਸੀਆਂ ਨੂੰ ਇਸ ਦਾ ਪਤਾ ਲਗ ਗਿਆ। ਇਸ ਕਰ ਕੇ ਸਰਕਾਰ ਨੇ ਬਲੈਕ ਥੰਡਰ ਅਪਰੇਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਪਰ ਇਹ ਹਮਲਾ 9 ਮਈ ਨੂੰ ਅਚਾਨਕ ਹੀ ਨਹੀਂ ਸੀ ਹੋਇਆ ਤੇ ਨਾ ਹੀ ਡੀ.ਆਈ.ਜੀ. ਸਰਬਦੀਪ ਸਿੰਘ ਵਿਰਕ 'ਤੇ ਗੋਲੀ ਚਲਾਉਣ ਨਾਲ ਹੀ ਇਸ ਦਾ ਆਗ਼ਾਜ਼ ਹੋਇਆ ਸੀ। ਇਸ ਦੇ ਇਸ਼ਾਰੇ ਤਾਂ ਪਹਿਲਾਂ ਤੋਂ ਹੀ ਨਜ਼ਰ ਆ ਰਹੇ ਸਨ। ਪੰਜਾਬ ਅਸੈਂਬਲੀ ਤੋੜਨਾ, ਅਕਾਲੀ ਦਲ ਨੂੰ 21 ਮਾਰਚ ਨੂੰ ਬੋਟ ਕਲਬ ਦਿੱਲੀ 'ਚ ਪੁਰਅਮਨ ਰੈਲੀ ਵੀ ਨਾ ਕਰਨ ਦੇਣਾ, ਪੰਜਾਬ ਵਿਚ ਐਮਰਜੰਸੀ ਲਾਉਣ ਬਾਰੇ ਬਿਲ ਪਾਸ ਕਰਨਾ, 8 ਅਪਰੈਲ ਨੂੰ ਪੰਜਾਬ-ਪਾਕਿਸਤਾਨ ਦੀ ਸਰਹੱਦ ਸੀਲ ਕਰਨਾ, 10 ਅਪਰੈਲ ਨੂੰ ਦਰਬਾਰ ਸਾਹਿਬ ਦਾ ਘੇਰਾ ਤੰਗ ਕਰ ਕੇ 'ਵੇਖਦਿਆਂ ਗੋਲੀ ਮਾਰਨ' ਦੇ ਹੁਕਮ ਜਾਰੀ ਕਰਨਾ, ਇਹ ਸਭ ਇਸ ਦੀ ਤਿਆਰੀ ਦਾ ਇਸ਼ਾਰਾ ਸਨ। 15-16 ਅਪਰੈਲ ਨੂੰ ਇਸ ਬਾਰੇ ਅਖ਼ਬਾਰਾਂ ਵਿਚ ਚਰਚਾ ਵੀ ਸ਼ੁਰੂ ਹੋ ਗਿਆ ਸੀ ਕਿ 'ਸਰਕਾਰ ਨਵੇਂ ਐਕਸ਼ਨ ਦੀ ਤਿਆਰੀ ਵਿਚ ਹੈ।'

20 ਅਪ੍ਰੈਲ ਨੂੰ ਰਬੈਰੋ ਨੂੰ ਗਵਰਨਰ ਦਾ ਸਲਾਹਕਾਰ ਬਣਾ ਕੇ ਇਕ ਜ਼ਾਲਮ ਪੁਲੀਸ ਅਫ਼ਸਰ ਕੇ.ਪੀ.ਐਸ. ਗਿੱਲ ਨੂੰ ਪੰਜਾਬ ਦਾ ਪੁਲੀਸ ਚੀਫ਼ ਲਾ ਦਿੱਤਾ ਗਿਆ। 29 ਅਪ੍ਰੈਲ 1998 ਨੂੰ (1 ਜੂਨ 1984 ਵਾਂਗ) ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ 'ਤੇ ਭਾਰੀ ਗੋਲਾਬਾਰੀ ਕੀਤੀ, ਜਿਸ ਨਾਲ ਇਕ ਬਜ਼ੁਰਗ ਔਰਤ ਮਾਰੀ ਗਈ। ਇਨ੍ਹੀਂ ਦਿਨੀਂ ਹੀ ਭਿੰਡਰਾਂ-ਮਹਿਤਾ ਜਥੇ ਦੇ ਹਿਮਾਇਤੀਆਂ ਦੇ ਦੋ ਧੜੇ ਬਣ ਚੁੱਕੇ ਸਨ। ਇਕ ਧੜਾ ਗੁਰਜੀਤ ਸਿੰਘ ਦਾ ਤੇ ਦੂਜਾ ਮਾਨੋਚਾਹਲ ਦਾ। ਮਾਨੋਚਾਹਲ ਨੇ ਜਗੀਰ ਸਿੰਘ ਤੇ ਨਿਰਵੈਰ ਸਿੰਘ (ਜਿਨ੍ਹਾਂ ਨੇ ਖਾਲਿਸਤਾਨ ਦਾ ਨਕਸ਼ਾ ਜਾਰੀ ਕੀਤਾ ਸੀ) ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। ਦੋਹਾਂ ਧੜਿਆਂ ਵਿਚ ਬਿਆਨਬਾਜ਼ੀ ਵਲ ਇਸ਼ਾਰਾ ਕਰਦਿਆਂ ਰਬੈਰੋ ਨੇ 4 ਮਈ ਨੂੰ ਇਕ ਬਿਆਨ ਵਿਚ ਕਿਹਾ ਕਿ ''ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਲੜਾਈ ਹੋਣ 'ਤੇ ਸਿਰਫ਼ ਲਾਸ਼ਾਂ ਚੁੱਕਣ ਹੀ ਜਾਵੇਗੀ। ਸਾਨੂੰ ਪਤਾ ਹੈ ਕਿ ਉੱਥੇ ਨਵੀਂ ਮੋਰਚੇਬੰਦੀ ਹੋ ਰਹੀ ਹੈ। ਇਹ ਤਾਂ ਭਵਿੱਖ ਹੀ ਦਸੇਗਾ ਕਿ ਕੰਪਲੈਕਸ ਵਿਚ ਦਾਖ਼ਲਾ ਜ਼ਰੂਰੀ ਹੈ ਕਿ ਨਹੀਂ।''

ਸਰਕਾਰ ਦੀ ਦਰਬਾਰ ਸਾਹਿਬ ਦੇ ਆਉਣ ਵਾਲੇ ਹਮਲੇ ਦੀ ਨੀਅਤ ਦਾ ਇਸ ਤੋਂ ਵੱਡਾ ਇਸ਼ਾਰਾ ਹੋਰ ਕੋਈ ਨਹੀਂ ਸੀ। ਦਰਅਸਲ ਪੁਲੀਸ ਨੇ ਦਰਬਾਰ ਸਾਹਿਬ ਵਿਚ ਬਹੁਤ ਸਾਰੇ ਮੁਖ਼ਬਰ ਖਾੜਕੂ ਬਣਾ ਕੇ ਭੇਜ ਦਿਤੇ ਹੋਏ ਸਨ। ਇਸ ਮਾਹੌਲ ਵਿਚ ਕਿਸੇ ਖਾੜਕੂ ਦੀ ਭੈਣ ਦੀ ਸ਼ਾਦੀ ਵਾਸਤੇ ਦਰਬਾਰ ਸਾਹਿਬ ਨੂੰ ਚੁਣਨਾ ਜਾਂ ਉੱਥੇ ਇਕੱਠੇ ਹੋਣਾ ਵੱਡੀ ਬੇਵਕੂਫ਼ੀ ਸੀ। ਜੇ ਕਰ ਖਾੜਕੂਆਂ ਵਿਚੋਂ ਇਕ ਗਰੁਪ ਦਾ ਇਹ ਬਿਆਨ ਮੰਨ ਵੀ ਲਈਏ ਕਿ ਜਸਬੀਰ ਸਿੰਘ ਨੇ 'ਗ਼ਦਾਰੀ' ਕੀਤੀ, ਤਾਂ ਵੀ ਉਨ੍ਹਾਂ ਦੀ ਜੰਗੀ ਪੈਂਤੜੇ ਦੀ ਬੇਵਕੂਫ਼ੀ ਢਕੀ ਨਹੀਂ ਜਾ ਸਕਦੀ। ਦੂਜਾ, ਉਨ੍ਹਾਂ ਨੂੰ ਇਸ 'ਗ਼ਦਾਰੀ' ਦਾ ਤਾਂ 10 ਦਿਨ ਪਹਿਲੋਂ ਹੀ ਪਤਾ ਲਗ ਚੁਕਾ ਸੀ। ਤੀਜਾ, ਸਰਕਾਰ ਦਰਬਾਰ ਸਾਹਿਬ 'ਤੇ ਇਕ ਵਾਰੀ ਫੇਰ ਹਮਲਾ ਕਰਨਾ ਚਾਹੁੰਦੀ ਸੀ। ਜੇ ਵਿਰਕ 'ਤੇ ਗੋਲੀ ਨਾ ਵੀ ਚਲਦੀ ਤਾਂ ਵੀ ਇਹ ਹਮਲਾ ਜ਼ਰੂਰ ਹੋਣਾ ਸੀ, ਭਾਵੇਂ ਹਫ਼ਤਾ ਠਹਿਰ ਕੇ ਹੀ ਹੁੰਦਾ।

ਇਸੇ ਕੜੀ ਦਾ ਇਕ ਹੋਰ ਹਿਸਾ ਇਹ ਹੈ ਕਿ 8 ਮਈ ਨੂੰ ਖ਼ਬਰ ਛਪੀ ਕਿ ਜੈਨੀ ਸਾਧੂ ਸੁਸ਼ੀਲ ਮੁਨੀ 'ਨਿਰਾਸ ਹੋ ਕੇ ਅਮਰੀਕਾ ਚਲਾ ਗਿਆ।' ਦਰਅਸਲ ਐਨ ਇਕ ਦਿਨ ਪਹਿਲੋਂ ਉਹ ਮੈਦਾਨ ਸਾਫ਼ ਕਰ ਗਿਆ ਸੀ। 9 ਮਈ ਨੂੰ ਸਵੇਰੇ ਸੀ.ਆਰ.ਪੀ.ਐਫ਼. ਦੇ ਆਈ.ਜੀ. ਸਰਬਦੀਪ ਵਿਰਕ ਉੱਤੇ ਗੋਲੀ ਚਲੀ ਅਤੇ ਦੁਪਹਿਰੇ ਸਵਾ 11 ਵਜੇ ਤੋਂ ਦਰਬਾਰ ਸਾਹਿਬ 'ਤੇ ਫ਼ਾਇਰਿੰਗ ਸ਼ੁਰੂ ਹੋ ਗਈ। ਢਾਈ ਵਜੇ ਤੋਂ ਅੰਮ੍ਰਿਤਸਰ ਵਿਚ ਕਰਫ਼ਿਊ ਲਾ ਦਿੱਤਾ ਗਿਆ। ਜਸਬੀਰ ਸਿੰਘ ਰੋਡੇ ਅੰਮ੍ਰਿਤਸਰ ਤੋਂ ਸਿੱਧਾ ਲੁਧਿਆਣੇ ਚਲਾ ਗਿਆ ਤੇ ਉੱਥੇ ਜਾ ਕੇ ਬਿਆਨ ਦੇ ਦਿਤਾ ਕਿ 'ਸਰਕਾਰ 1984 ਵਾਲੇ ਹਾਲਾਤ ਪੈਦਾ ਕਰ ਰਹੀ ਹੈ।'

ਸਰਕਾਰ ਨੇ ਪਲਾਨਿੰਗ ਮੁਤਾਬਿਕ 9 ਮਈ ਨੂੰ ਸਵੇਰੇ 11 ਵਜੇ ਦਰਬਾਰ ਸਾਹਿਬ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਅੰਦਰ ਬੈਠੇ ਖਾੜਕੂਆਂ ਕੋਲ ਥੋੜ੍ਹੇ ਜਿਹੇ ਹੀ ਹਥਿਆਰ ਸਨ। ਇਸ ਕਰ ਕੇ ਉਨ੍ਹਾਂ ਨੇ ਬਹੁਤਾ ਮੁਕਾਬਲਾ ਨਹੀਂ ਕੀਤਾ। 'ਸਰਕਾਰੀ ਖਾੜਕੂ' ਤਾਂ ਲੜਨ ਵਾਸਤੇ ਨਹੀਂ ਸਨ ਭੇਜੇ ਗਏ।

10 ਮਈ ਨੂੰ ਮੁਸਾਫ਼ਿਰਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਆਉਣ ਦਾ ਮੌਕਾ ਦੇਣ ਵਾਸਤੇ ਗੋਲਾਬਾਰੀ ਬੰਦ ਹੋਈ। 11 ਮਈ ਨੂੰ ਕੁਝ ਪ੍ਰੈਸ ਰਿਪੋਰਟਰ ਅੰਦਰ ਗਏ ਤੇ ਉਨ੍ਹਾਂ ਨੇ ਵਾਪਿਸ ਆਣ ਕੇ ਖਾੜਕੂਆਂ ਦੀ ਜੁਰਅਤ ਦੀ ਤਾਈਦ ਕੀਤੀ। ਇਸ ਦਿਨ ਫ਼ਾਇਰਿੰਗ ਕੁਝ ਦੇਰ ਬੰਦ ਰਹੀ ਪਰ ਰਾਤ ਨੂੰ ਫੇਰ ਜਾਰੀ ਹੋ ਗਈ। 12 ਮਈ ਨੂੰ 5 ਗ੍ਰੰਥੀਆਂ (ਜਸਬੀਰ ਸਿੰਘ, ਪੂਰਨ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ) ਨੇ ਅੰਮ੍ਰਿਤਸਰ ਆ ਕੇ 'ਗ੍ਰਿਫ਼ਤਾਰੀ ਦੇਣ' ਦਾ ਡਰਾਮਾ ਕੀਤਾ। ਇਸ ਮਗਰੋਂ ਫੇਰ ਫ਼ਾਇਰਿੰਗ ਸ਼ੁਰੂ ਹੋ ਗਈ। 12 ਮਈ ਨੂੰ ਸਾਰਾ ਦਿਨ ਅਤੇ ਸਾਰੀ ਰਾਤ ਫ਼ਾਇਰਿੰਗ ਹੁੰਦੀ ਰਹੀ। ਇਸੇ ਦਿਨ ਪਾਣੀ ਦੀ ਟੈਂਕੀ 'ਤੇ ਫ਼ੌਜ ਦਾ ਕਬਜ਼ਾ ਹੋਣ ਨਾਲ ਖਾੜਕੂਆਂ ਦਾ ਪਾਸਾ ਕਮਜ਼ੋਰ ਹੋ ਗਿਆ 13 ਮਈ ਨੂੰ ਹਥਿਆਰ ਸੁੱਟਣ ਵਾਸਤੇ ਆਖਣ 'ਤੇ ਕੁਝ ਹੋਰ ਮੁਸਾਫ਼ਿਰ, ਔਰਤਾਂ ਤੇ ਬੱਚੇ ਬਾਹਰ ਆ ਗਏ।

14 ਮਈ ਨੂੰ ਕਾਰਸੇਵਾ ਵਾਲੇ ਉੱਤਮ ਸਿੰਘ ਦੇ ਸੇਵਾਦਾਰ ਬਾਹਰ ਆ ਗਏ। ਇਸ ਦਿਨ ਰਾਮਗੜ੍ਹੀਆ ਬੁੰਗੇ 'ਤੇ ਤੋਪਾਂ ਦੇ ਗੋਲੇ ਮਾਰ ਕੇ ਖਾੜਕੂਆਂ ਨੂੰ ਖਤਮ ਕਰਨ ਲਈ ਫ਼ੌਜ ਨੇ ਸਾਰਾ ਜ਼ੋਰ ਲਾਇਆ, ਪਰ ਕਾਮਯਾਬੀ ਨਾ ਮਿਲੀ। ਇਸ ਵੇਲੇ ਤਕ ਜਾਗੀਰ ਸਿੰਘ ਮਾਰਿਆ ਜਾ ਚੁਕਾ ਸੀ।

15 ਮਈ ਨੂੰ 146 ਬੰਦੇ ਹੱਥ ਖੜ੍ਹੇ ਕਰ ਕੇ, ਮੁਸਾਫ਼ਿਰ ਹੋਣ ਦੇ ਬਹਾਨੇ ਨਾਲ, ਬਾਹਰ ਆ ਗਏ। ਇਨ੍ਹਾਂ ਵਿਚ ਸੁਰਜੀਤ ਸਿੰਘ ਪੈਂਟਾ ਤੇ ਉਸ ਦਾ ਭਰਾ ਹਰਚਰਨ ਸਿੰਘ, ਕਾਰ ਸੇਵਾ ਵਾਲੇ ਉਤਮ ਸਿੰਘ ਦਾ ਪੀ.ਏ. ਸਕੱਤਰ ਸਿੰਘ, ਚਰਨਜੀਤ ਸਿੰਘ, ਲਾਭ ਸਿੰਘ ਉਰਫ਼ ਲੱਡੂ, ਜਗਤਾਰ ਸਿੰਘ ਉਰਫ਼ ਲੰਗੜਾ, ਜਰਮਨ ਸਿੰਘ ਵਗੈਰਾ ਸ਼ਾਮਿਲ ਸਨ। ਸੁਰਜੀਤ ਸਿੰਘ ਪੈਂਟਾ ਨੂੰ ਜਦੋਂ ਪਤਾ ਲਗਾ ਕਿ ਉਸ ਦੀ ਪਛਾਣ ਹੋ ਗਈ ਹੈ ਤਾਂ ਉਸ ਨੇ ਗੁਰੂ ਰਾਮਦਾਸ ਸਰਾਂ ਵਿਚ ਸਾਈਨਾਈਡ ਖਾ ਕੇ ਸ਼ਹੀਦੀ ਹਾਸਿਲ ਕਰ ਲਈ।

ਇਨ੍ਹਾਂ 146 ਸਿੱਖਾਂ ਵਿਚ 12 ਬੱਚੇ ਤੇ 16 ਔਰਤਾਂ ਵੀ ਸਨ। ਔਰਤਾਂ ਵਿਚ ਪੈਂਟਾ ਦੀ ਪਤਨੀ, ਸ਼ਹੀਦ ਰੋਸ਼ਨ ਸਿੰਘ ਬੈਰਾਗੀ ਦੀ ਪਤਨੀ, ਭਾਗ ਸਿੰਘ ਤੇ ਚਰਨ ਸਿੰਘ ਚੰਨੀ ਦੀਆਂ ਪਤਨੀਆਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ 'ਤੇ ਬਗ਼ਾਵਤ ਦਾ ਕੇਸ ਬਣਾ ਕੇ ਇੰਟੈਰੋਗੇਸ਼ਨ ਸੈਂਟਰ 'ਚ ਭੇਜ ਦਿਤਾ ਗਿਆ। ਇਸ ਮੌਕੇ 'ਤੇ 40 ਦੇ ਕਰੀਬ ਸਿੱਖ ਹਥਿਆਰਾਂ ਸਣੇ ਦਰਬਾਰ ਸਾਹਿਬ ਵਿਚ ਦਾਖਿਲ ਹੋ ਗਏ।

ਭਾਰਤੀ ਟੀ.ਵੀ. ਨੇ ਇਸ ਸਾਰੀ ਲੜਾਈ ਨੂੰ ਦੁਨੀਆਂ ਭਰ ਵਿਚ ਦਿਖਾਇਆ, ਜਿਸ ਨਾਲ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਇਸ ਹਮਲੇ ਵਿਚ ਕੁਲ 36 ਖਾੜਕੂ ਮਾਰੇ ਗਏ ਸਨ (ਦਰਅਸਲ ਬਹੁਤ ਸਾਰੇ ਖ਼ੁਫ਼ੀਆ ਮਹਿਕਮੇ ਦੇ ਮੁਲਾਜ਼ਮ ਖਾੜਕੂਆਂ ਵਿਚ ਸ਼ਾਮਿਲ ਹੋ ਚੁੱਕੇ

ਸਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਗ੍ਰਿਫ਼ਤਾਰ ਕੀਤੇ ਇਨ੍ਹਾਂ ਆਖ਼ਰੀ 46 ਬੰਦਿਆਂ ਵਿਚੋਂ ਕਿਸੇ 'ਤੇ ਵੀ ਮੁਕਦਮਾ ਨਹੀਂ ਸੀ ਚਲਾਇਆ ਗਿਆ)। ਦਰਅਸਲ ਇਹ ਸਾਰੇ ਪੁਲੀਸ ਦੇ 'ਬਲੈਕ ਕੈਟਜ਼' ਸਨ ਜਿਨ੍ਹਾਂ ਦਾ ਨਿਸ਼ਾਨਾ ਖਾੜਕੂਆਂ ਦੀ ਅਗਵਾਈ ਸੰਭਾਲ ਕੇ ਜਾਂ ਉਨ੍ਹਾਂ ਦੇ ਸਾਰੇ ਰਾਜ਼ ਜਾਣ ਕੇ ਉਨ੍ਹਾਂ (ਖਾੜਕੂਆਂ) ਦਾ ਸਫ਼ਾਇਆ ਕਰਨਾ ਸੀ।

1987: ਦਿਲਬਾਗ ਸਿੰਘ ਬੋਲੇਵਾਲ, ਦਲਬੀਰ ਸਿੰਘ ਬਿੱਲਾ ਵਰਪਾਲ, ਸਵਿੰਦਰ ਸਿੰਘ ਬਿੱਲਾ ਬੱਗੇ ਖ਼ੁਰਦ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਦਿਲਬਾਗ ਸਿੰਘ (ਪੁੱਤਰ ਦਿਦਾਰ ਸਿੰਘ, ਵਾਸੀ ਬੋਲੇਵਾਲ, ਗੁਰਦਾਸਪੁਰ), ਦਲਬੀਰ ਸਿੰਘ "ਬਿੱਲਾ ਵਰਪਾਲ" (ਵਾਸੀ ਪਿੰਡੀਆ, ਅੰਮ੍ਰਿਤਸਰ), ਸਵਿੰਦਰ ਸਿੰਘ ਉਰਫ਼ ਬਿੱਲਾ (ਪੁੱਤਰ ਜੋਗਿੰਦਰ ਸਿੰਘ, ਵਾਸੀ ਬੱਗੇ ਖ਼ੁਰਦ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1988: ਲਖਵਿੰਦਰ ਸਿੰਘ ਪਜਾਲ ਤੇ ਮਹਿੰਦਰ ਸਿੰਘ ਹੀਰੋ ਨਕਲੀ ਮੁਕਾਬਲੇ ਵਿਚ ਸ਼ਹੀਦ

9 ਮਈ 1988 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ (ਵਾਸੀ ਪਜਾਲ) ਤੇ ਮਹਿੰਦਰ ਸਿੰਘ ਹੀਰੋ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕਾਲਾ ਸਿੰਘ ਮੁਗਲ ਚੱਕ ਨਕਲੀ ਮੁਕਾਬਲੇ ਵਿਚ ਸ਼ਹੀਦ

9 ਮਈ 1991 ਦੇ ਦਿਨ ਪੁਲਸ ਨੇ ਕਾਲਾ ਸਿੰਘ (ਪੁਤਰ ਜਗੀਰ ਸਿੰਘ, ਵਾਸੀ ਮੁਗਲ ਚੱਕ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਹੇਮਰਾਜਪੁਰ, ਕੁਲਜੀਤ ਸਿੰਘ ਤੁੜ, ਬਖ਼ਸ਼ੀਸ਼ ਸਿੰਘ ਤੁੜ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

9 ਮਈ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁਤਰ ਕੁਲਬੀਰ ਸਿੰਘ, ਵਾਸੀ ਹੇਮਰਾਜਪੁਰ, ਗੁਰਦਾਸਪੁਰ), ਕੁਲਜੀਤ ਸਿੰਘ (ਪੁਤਰ ਚਰਨ ਸਿੰਘ, ਵਾਸੀ ਪਿੰਡ ਤੁੜ), ਬਖ਼ਸ਼ੀਸ਼ ਸਿੰਘ (ਪੁਤਰ ਗੁਰਦੀਪ ਸਿੰਘ, ਵਾਸੀ ਪਿੰਡ ਤੁੜ) ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕੁਲਵੰਤ ਸਿੰਘ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

9 ਮਈ 1993 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ ਬਬਰ ਉਰਫ਼ ਡਾ: ਖੇਮ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਕੁਲਜੀਤ ਸਿੰਘ ਢੱਟ ਦੇ ਕਤਲ ਕੇਸ ਵਿਚ ਸਿਰਫ਼ 5 ਸਾਲ ਦੀ ਕੈਦ

23 ਜੁਲਾਈ 1989 ਦੇ ਦਿਨ ਅੰਬਾਲਾ ਜੱਟਾਂ ਤੋਂ ਕੁਲਜੀਤ ਸਿੰਘ ਢੱਟ (ਸ਼ਹੀਦ ਭਗਤ ਸਿੰਘ ਦੀ ਭੈਣ ਪ੍ਰਕਾਸ਼ ਕੌਰ ਦੇ ਜੁਆਈ ਦਾ ਭਰਾ) ਨੂੰ ਗ੍ਰਿਫ਼ਤਾਰ ਕਰ ਕੇ 25-26 ਜੁਲਾਈ ਦੀ ਰਾਤ ਨੂੰ ਨਕਲੀ ਮੁਕਾਬਲਾ ਬਣਾਉਣ ਵਾਲਿਆਂ 5 ਨੂੰ ਹਰ ਇਕ ਨੂੰ 9 ਮਈ 2014 ਦੇ ਦਿਨ, ਅਦਾਲਤ ਨੇ 5-5 ਸਾਲ ਕੈਦ ਤੇ 2 ਲੱਖ 10 ਹਜ਼ਾਰ ਜੁਰਮਾਨਾ ਦੀ ਸਜ਼ਾ ਸੁਣਾਈ। ਇਹ ਸਨ: ਐਸ.ਪੀ.ਐਸ. ਬਸਰਾ (ਐਸ.ਪੀ. ਅਪਰੇਸ਼ਨ), ਅਜੀਤ ਸੰਧੂ (ਉਦੋਂ ਡੀ.ਐਸ.ਪੀ

ਦਸੂਹਾ), ਜਸਪਾਲ ਐਸ.ਐਚ.ਓ. ਦਸੂਹਾ, ਸਰਦੂਲ ਐਸ.ਐਚ.ਓ. ਟਾਂਡਾ, ਸੀਤਾ ਰਾਮ ਇੰਚਰਜ ਗੜ੍ਹਦੀਵਾਲਾ ਚੌਕੀ। ਅਜੀਤ ਸੰਧੂ ਤੇ ਸਰਦੂਲ ਮਰ ਚੁਕੇ ਹਨ।

2014: ਹਰਿਆਣਾ ਵਿਚ ਅਨੰਦ ਮੈਰਿਜ ਐਕਟ ਲਾਗੂ ਹੋਣ ਦਾ ਝਮੇਲਾ

9 ਮਈ 2014 ਦੇ ਦਿਨ ਅਖ਼ਬਾਰਾਂ ਵਿਚ ਉਚੇਚੀਆਂ ਸੁਰਖ਼ੀਆਂ ਨਾਲ ਛਪਿਆ ਕਿ ਹਰਿਆਣਾ ਵਿਚ ਅਨੰਦ ਮੈਰਿਜ ਐਕਟ ਲਾਗੂ ਕਰ ਦਿੱਤਾ ਗਿਆ ਹੈ। ਇਹ ਨਿਰਾ ਝੂਠ ਸੀ ਕਿਉਂ ਕਿ ਇਸ ਐਕਟ ਹੇਠ ਸਿੱਖ ਵਿਆਹ ਹਿੰਦੂ ਮੈਰਿਜ ਐਕਟ ਹੇਠ ਰਜਿਸਟਰ ਹੋਣੇ ਸਨ; ਇਹ ਸਿਰਫ਼ ਨਾਂ ਦਾ ਹੀ ਐਕਟ ਸੀ; ਇਸ ਮੁਤਾਬਿਕ ਦਰਅਸਲ ਅਨੰਦ ਮੈਰਿਜ ਐਕਟ ਨੂੰ ਹਿੰਦੂ ਮੈਰਿਜ ਐਕਟ ਦੇ ਹੇਠ ਲਿਆਂਦਾ ਗਿਆ ਸੀ।

10 ਮਈ

1759: ਸਰਬਤ ਖ਼ਾਲਸਾ ਦੇ ਨਾਂ 'ਤੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਵਾਸਤੇ ਮਾਇਆ ਨਾਲ ਸੇਵਾ ਕਰਨ ਵਾਸਤੇ ਸੰਗਤਾਂ ਨੂੰ 'ਹੁਕਮਨਾਮਾ' ਭੇਜਿਆ

1758 ਵਿਚ ਪੰਜਾਬ ਦੇ ਸੂਬੇਦਾਰ ਅਦੀਨਾ ਬੇਗ ਦੀ ਮੌਤ ਮਗਰੋਂ ਸਿੱਖ ਪੰਜਾਬ ਦੇ ਅਸਲੀ ਹਾਕਮ ਸਨ।ਆਪਣੀ ਹਕੂਮਤ ਕਾਇਮ ਹੋਣ ਮਗਰੋਂ ਸਿੱਖਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕੀਤੀ। ਸਾਰੀਆਂ ਮਿਸਲਾਂ ਨੇ ਹੀ ਨਹੀਂ ਬਲਕਿ ਹਰ ਇਕ ਸਿੱਖ ਨੇ ਆਪਣੀ ਔਕਾਤ ਮੁਤਾਬਿਕ ਹਿੱਸਾ ਪਾਇਆ। ਅਕਾਲ ਤਖ਼ਤ ਸਾਹਿਬ ਵਲੋਂ ਸਾਰੇ ਸਿੱਖਾਂ ਨੂੰ ਖ਼ਤ ਭੇਜੇ ਗਏ ਕਿ ਉਹ ਇਸ ਉਸਾਰੀ ਵਿਚ ਆਪਣਾ ਹਿੱਸਾ ਪਾਉਣ। ਇਹ ਹੁਕਮਨਾਮੇ ਸਰਬਤ ਖ਼ਾਲਸਾ ਵਲੋਂ ਜਾਰੀ ਕੀਤੇ ਗਏ ਸਨ। ਸਰਬਤ ਖ਼ਾਲਸਾ ਵਲੋਂ ਜਾਰੀ ਕੀਤੇ ਇਹੋ ਜਿਹੇ ਇਕ ਖ਼ਤ (ਜੋ ਪਟਨਾ ਦੀ ਸੰਗਤ ਨੂੰ 10 ਮਈ 1759 ਦੇ ਦਿਨ ਭੇਜਿਆ ਗਿਆ ਸੀ) ਦੇ ਲਫ਼ਜ਼ ਸਨ: "*ਅਕਾਲ ਪੁਰਖ ਜੀ ਦੇ ਖਾਲਸੇ ਜੀ ਦਾ ਬਚਨ ਹੈ। ਭਾਈ ਆਇਆ। ਭਾਈ ਮਿਹਰ ਸਿੰਘ। ਭਾਈ ਮਹਿਬੂਬ ਹੋਰ ਸਮੂਹ ਪਟਨੇ ਦੀ ਪਾਸੋਂ ਵਾਹਿਗੁਰੂ ਜੀ ਦੀ ਫ਼ਤੇ ਬੋਲੀ ਹੈ ਬੁਲਾਵਣੀ। ਉਪਰੰਦਿ ਰੁਪਏ ਸਵਾ ਸਉ 125 ਅਖਰੀ ਰੁਪੈ ਸਵਾ ਸਉ ਭਾਈ ਦਿਆਲ ਸਿੰਘ ਆਇਆ ਹੈ ਭਾਈ ਦਿਆਲ ਸਿੰਘ ਜੋਗ ਦੇਵਣੇ। ਤੁਹਾਡੀ ਗੁਰੂ ਖਾਲਸੇ ਨਾਲਿ ਬਣਿਆਉਗੁ। ਗੁਰੂ ਕਿਰਤ ਬਰਕਤਿ ਕਰੁਗ। ਹੋਰ ਦਸਵੰਧ* ਚਲੀਹਾ** ਕਾਰ ਭੇਟ ਅਰਦਾਸ ਜੋ ਕੁਛ ਗੁਰ ਕੇ ਨਿਮਿਤ ਕਾ ਹੋਵੈ ਸੋ ਦੀਪ ਮਾਲਾ ਉਤੇ ਲੈ ਆਵਣਾ। ਕਉਡੀ ਹਰਿਮੰਦਰ ਜੀ ਉਪਰ ਲਗੁਗ। ਅਸਾਨੂੰ ਖੁਸ਼ੀ ਹੋਗ। ਸੰਮਤ 1816 ਦਿਨ 31*" {ਨੋਟ: *ਦਸਵੰਧ=ਆਮਦਨ ਦਾ ਦਸਵਾਂ ਹਿੱਸਾ, **ਚਾਲੀਹਾ=ਆਮਦਨ ਦਾ ਚਾਲੀਵਾਂ ਹਿੱਸਾ}। ਇਹ ਹੁਕਮਨਾਮਾ ਕਿਸੇ ਅਖੌਤੀ ਜਥੇਦਾਰ ਨੇ ਜਾਰੀ ਨਹੀਂ ਕੀਤਾ ਸੀ ਤੇ ਸਰਬਤ ਖ਼ਾਲਸਾ ਦੇ ਜਥੇਦਾਰ ਦੇ ਹੁਕਮ ਹੇਠ ਜਾਰੀ ਕੀਤਾ ਗਿਆ ਸੀ।

1930: ਪਠਾਨਾਂ ਨਾਲ ਹਮਦਰਦੀ ਵਾਸਤੇ ਮਾਸਟਰ ਤਾਰਾ ਸਿੰਘ ਦਾ ਜਥਾ ਅਕਾਲ ਤਖ਼ਤ ਤੋਂ ਪੇਸ਼ਾਵਰ ਵਲ ਰਵਾਨਾ ਹੋਇਆ

23 ਅਪ੍ਰੈਲ 1930 ਦੇ ਦਿਨ ਪਿਸ਼ਾਵਰ ਵਿਚ ਗੰਗਾ ਸਿੰਘ ਕੰਬੋਜ ਦੀ ਪਤਨੀ, ਆਪਣੇ ਸਾਢੇ ਨੌਂ ਸਾਲ ਅਤੇ ਸੋਲ੍ਹਾਂ ਸਾਲ ਦੇ ਦੋ ਬੱਚਿਆਂ ਸਣੇ, ਟਾਂਗੇ ਵਿਚ ਸਵਾਰ ਹੋ ਕੇ ਜਾ ਰਹੀ ਸੀ ਕਿ ਇਕ ਬ੍ਰਿਟਿਸ਼ ਲਾਂਸ ਕਾਰਪੋਰਲ ਨੇ ਬਿਨਾਂ ਵਜਹ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਟਾਂਗੇ ਵਿਚ ਬੈਠਿਆਂ ਨੂੰ ਮਾਰ ਦਿੱਤਾ। ਜਦੋਂ ਕੰਬੋਜ ਪਰਿਵਾਰ ਅਤੇ ਪਠਾਣਾਂ ਦੇ ਕਤਲ ਦੀ ਖ਼ਬਰ ਅੰਮ੍ਰਿਤਸਰ ਪੁੱਜੀ ਤਾਂ ਅਕਾਲੀ ਦਲ ਸਿਵਲ ਨਾ-ਫ਼ੁਰਮਾਨੀ ਵਾਸਤੇ ਜਥਾ ਭੇਜਣ ਬਾਰੇ ਵਿਚਾਰਾਂ

ਕਰ ਰਿਹਾ ਸੀ। ਇਸ ਖ਼ਬਰ ਨਾਲ ਸਿੱਖਾਂ ਵਿਚ ਵੀ ਗੁੱਸੇ ਅਤੇ ਰੋਹ ਦੀ ਲਹਿਰ ਫੈਲ ਗਈ। ਪਠਾਣ ਅਤੇ ਸਿੱਖ, ਜੋ ਹਰੀ ਸਿੰਘ ਨਲਵਾ (ਸ਼ਾਇਦ 1762 ਦੇ ਘੱਲੂਘਾਰੇ) ਦੇ ਜ਼ਮਾਨੇ ਤੋਂ ਹੀ ਇਕ ਦੂਜੇ ਦੇ ਦੁਸ਼ਮਣ ਜਾਣੇ ਜਾਂਦੇ ਸਨ, ਉਨ੍ਹਾਂ ਦੋਹਾਂ ਦਾ ਸਾਂਝਾ ਖ਼ੂਨ ਪਠਾਣਾਂ ਦੇ ਹੋਮਲੈਂਡ ਦੀ ਰਾਜਧਾਨੀ ਪਿਸ਼ਾਵਰ ਵਿਚ ਡੁਲ੍ਹਿਆ ਸੀ। ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਮਾਸਟਰ ਤਾਰਾ ਸਿੰਘ ਨੇ ਪਠਾਣਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਨ ਵਾਸਤੇ ਪਿਸ਼ਾਵਰ ਜਥਾ ਲਿਜਾਣ ਦਾ ਐਲਾਨ ਕਰ ਦਿਤਾ। ਇਸ ਸਬੰਧ ਵਿਚ ਇਕ ਜਲਸਾ ਜਲ੍ਹਿਆਂ ਵਾਲਾ ਬਾਗ਼ ਅੰਮ੍ਰਿਤਸਰ ਵਿਚ ਕੀਤਾ ਗਿਆ। ਇਸ ਜਲਸੇ ਵਿਚ ਤਕਰੀਰ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਕਿਹਾ, ''ਸਿੱਖ ਪਠਾਣਾਂ ਉੱਤੇ ਕੀਤੇ ਜ਼ੁਲਮ ਦੇ ਖ਼ਿਲਾਫ਼ ਰੋਸ ਵਜੋਂ ਪਠਾਣਾਂ ਦੇ ਖ਼ੂਨ ਦੀ ਜਗਹ ਆਪਣਾ ਲਹੂ ਡੋਲ੍ਹਣਗੇ। ਸਿੱਖ ਤੇ ਪਠਾਣ ਇਕੋ ਮਿੱਟੀ ਦੇ ਬੱਚੇ ਹਨ ਤੇ ਉਹ ਆਪਣਾ ਸਾਂਝਾ ਲਹੂ ਇਕੋ ਥਾਂ ਡੋਲ੍ਹ ਕੇ ਸਾਬਿਤ ਕਰ ਦੇਣਗੇ ਕਿ ਉਹ ਇਕ ਹਨ।' 10 ਮਈ 1930 ਦੇ ਦਿਨ ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੇ 100 ਸਾਥੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰ ਕੇ ਪਿਸ਼ਾਵਰ ਵਾਸਤੇ ਚਲ ਪਏ। ਮਾਸਟਰ ਤਾਰਾ ਸਿੰਘ ਨੂੰ ਤਾਂ ਲਾਹੌਰ ਵਿਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਬਾਵਜੂਦ ਉਨ੍ਹਾਂ ਦਾ ਜਥਾ ਮਾਰਚ ਕਰਦਾ ਹੋਇਆ ਪਿਸ਼ਾਵਰ ਵਲ ਚਲਦਾ ਗਿਆ। ਜਿਹਲਮ ਨੇੜੇ, ਦੀਨਾ ਕੋਲ, ਜਥੇ ਨੂੰ ਰੋਕ ਕੇ ਉਸ 'ਤੇ ਵਹਿਸ਼ੀਆਨਾ ਲਾਠੀਚਾਰਜ ਕੀਤਾ ਗਿਆ। ਲਾਠੀਆਂ ਉਦੋਂ ਤਕ ਪੈਂਦੀਆਂ ਰਹੀਂ ਜਦੋਂ ਤਕ ਜਥੇ ਦਾ ਇਕ-ਇਕ ਮੈਂਬਰ ਲਹੂ ਵਹਾਉਣ ਮਗਰੋਂ ਬੇਹੋਸ਼ ਨਾ ਹੋ ਗਿਆ। ਇੰਞ ਸਿੱਖਾਂ ਤੇ ਪਠਾਣਾਂ ਨੇ ਇਕ ਦੂਜੇ ਵਾਸਤੇ ਖ਼ੂਨ ਡੋਲ੍ਹ ਕੇ ਪੁਰਾਣੀ ਦੁਸ਼ਮਣੀ ਖ਼ਤਮ ਕੀਤੀ।

1955: ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ ਸ਼ੁਰੂ ਹੋਇਆ

ਵਿਸਾਖੀ ਦੇ ਮੌਕੇ 'ਤੇ ਸਿੱਖਾਂ ਨੇ ਅੰਮ੍ਰਿਤਸਰ ਵਿਚ 14 ਅਪ੍ਰੈਲ 1955 ਦੇ ਦਿਨ ਜਲੂਸ ਕੱਢਿਆ। ਇਹ ਜਲੂਸ ਘੰਟਾ ਘਰ ਤੋਂ ਚੱਲਿਆ। ਹਿੰਦੂਆਂ ਨੇ ਰਸਤੇ ਵਿਚ ਬਿਨਾਂ ਵਜਹ ਸਿੱਖਾਂ 'ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਵਾਲੇ ਹਿੰਦੂ ਦਹਿਸ਼ਤਗਰਦਾਂ ਨੂੰ ਚੁਪ-ਚਾਪ ਵੇਖਦੇ ਰਹੇ। ਜਦ ਉਸ ਦੇ ਖ਼ਿਲਾਫ਼ ਪ੍ਰੋਟੈਸਟ ਹੋਇਆ ਤਾਂ ਅਗਲੇ ਦਿਨ ਸਰਕਾਰ ਨੇ ਕੁਝ ਇਕ ਜਨਸੰਘੀ ਗ੍ਰਿਫ਼ਤਾਰ ਕਰ ਲਏ। ਇਸ ਦੇ ਨਾਲ ਹੀ ਕਈ ਸਿੱਖ ਨੌਜਵਾਨਾਂ ਨੂੰ ਵੀ ਦਫ਼ਾ 188 ਹੇਠ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਵਿਚ ਮਨਜੀਤ ਸਿੰਘ (ਐਡੀਟਰ ਸੰਤ ਸਿਪਾਹੀ), ਮਿਊਂਸਪਲ ਕਮਿਸ਼ਨਰ ਬੇਦੀ ਰਛਪਾਲ ਸਿੰਘ, ਹਰਬੰਸ ਸਿੰਘ ਗੜਗੱਜ, ਇੰਦਰ ਸਿੰਘ ਕੰਬੋਜ, ਪੂਰਨ ਸਿੰਘ ਜੋਸ਼, ਸੰਤੋਖ ਸਿੰਘ ਥੜ੍ਹਾ ਸਾਹਿਬ, ਕਰਤਾਰ ਸਿੰਘ ਅੰਮ੍ਰਿਤ, ਕਾਕਾ ਪ੍ਰੀਤਮ ਸਿੰਘ ਸੇਵਕ, ਤੇਜਾ ਸਿੰਘ, ਹਰਬੰਸ ਸਿੰਘ ਭਾਟੀਆ, ਪ੍ਰਿਤਪਾਲ ਸਿੰਘ, ਅਵਤਾਰ ਸਿੰਘ ਜੋਗੀ ਵੀ ਸ਼ਾਮਿਲ ਸਨ। ਇਨ੍ਹਾਂ ਸਿੱਖਾਂ ਨੇ ਜ਼ਮਾਨਤਾਂ 'ਤੇ ਰਿਹਾ ਹੋਣ ਤੋਂ ਨਾਂਹ ਕਰ ਦਿੱਤੀ। ਅਗਲੇ ਦਿਨ ਗੁਰੂ ਦਾ ਬਾਗ਼ 'ਚ ਸਜੇ ਦੀਵਾਨ ਵਿਚ ਮਾਸਟਰ ਤਾਰਾ ਸਿੰਘ ਨੇ ਆਖਿਆ ਕਿ ਸਿੱਖ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ 'ਤੇ ਪਾਬੰਦੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ 23 ਅਪ੍ਰੈਲ ਤਕ ਇਹ ਪਾਬੰਦੀ ਨਾ ਹਟਾਈ ਗਈ ਤਾਂ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ ਜਾਵੇਗਾ। ਸਰਕਾਰ ਨੇ ਇਸ ਐਲਾਨ ਦੀ ਪ੍ਰਵਾਹ ਨਾ ਕੀਤੀ। 24 ਅਪ੍ਰੈਲ ਦੇ ਦਿਨ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 10 ਮਈ 1955 ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ।10 ਮਈ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਤੇ ਨੋਟਿਸ ਦੀ ਮਿਆਦ ਖ਼ਤਮ ਹੋ ਗਈ ਸੀ ਅਤੇ ਉਸ ਦਿਨ ਪਹਿਲਾ ਜਥਾ ਭੇਜਿਆ ਜਾਣਾ ਸੀ। ਸ਼ਾਮ ਨੂੰ 7 ਵਜੇ ਮੰਜੀ ਸਾਹਿਬ ਵਿਚ ਇਕ ਭਾਰੀ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਇਕ ਲੱਖ ਦੇ ਕਰੀਬ ਸਿੱਖ ਹਾਜ਼ਰ ਸਨ। ਮਾਸਟਰ ਤਾਰਾ ਸਿੰਘ ਨੇ ਮੰਜੀ ਸਾਹਿਬ ਦੀ ਸਟੇਜ ਤੋਂ ਐਲਾਨ

ਕੀਤਾ: ''ਸਿੱਖੋ ਅਸੀਂ ਆਜ਼ਾਦੀ ਮੰਗਦੇ ਹਾਂ ਅਤੇ ਇਹ ਅਸਾਨੂੰ ਡੂੰਘੀ ਗੁਲਾਮੀ ਹੇਠਾਂ ਫਸਾਉਣ ਨੂੰ ਫਿਰਦੇ ਹਨ। ਅਸੀਂ ਅਜੋਕੀ ਹਾਲਤ ਤੋਂ ਸੰਤੁਸ਼ਟ ਨਹੀਂ ਹਾਂ ਤੇ ਪੰਜਾਬੀ ਸੂਬਾ ਮੰਗਦੇ ਹਾਂ ਪਰ ਇਹ ਸਾਨੂੰ ਪੰਜਾਬੀ ਸੂਬੇ ਦੀ ਮੰਗ ਦਾ ਪ੍ਰਚਾਰ ਕਰਨ ਤੋਂ ਵੀ ਰੋਕਦੇ ਹਨ। ਇਸ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਗਈ। ਖਾਲਸਾ ਜੀ! ਇਹ ਸਮਝ ਲਓ ਕਿ ਇਹ ਸਭ ਕੁਝ ਸਾਡੀ ਅਣਖ ਮਾਰਨ ਲਈ ਹੀ ਹੋ ਰਿਹਾ ਹੈ। ਇਹੀ ਕੁਝ ਤਾਂ ਸਾਡੇ ਕੋਲ ਹੈ, ਜੇ ਇਹੋ ਚਲੀ ਗਈ ਤਾਂ ਸਮਝ ਲਓ, ਸਭ ਕੁਝ ਗਿਆ। ਇਸ ਲਈ ਅਣਖ ਕਾਇਮ ਰੱਖਣ ਲਈ ਸਭ ਕੁਝ ਦਾਅ 'ਤੇ ਲਾ ਦਿਓ। ਇਹ ਸਮਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਨਿਆਂ 'ਤੇ ਚਲ ਕੇ ਸ਼ਾਂਤਮਈ ਰਹਿੰਦੀਆਂ ਹੋਇਆਂ ਸੀਸ ਭੇਟ ਕਰਨ ਦਾ ਹੈ। ਮੁਕਾਬਲਾ ਹੰਕਾਰੀ ਹਾਕਮਾਂ ਨਾਲ ਹੈ, ਪਰ ਸਾਨੂੰ ਭਰੋਸਾ ਉਸ ਗੁਰੂ ਉੱਤੇ ਹੈ। 'ਇਸ ਮਗਰੋਂ ਮਾਸਟਰ ਤਾਰਾ ਸਿੰਘ ਆਪਣੇ ਤਿਨ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰੀ ਦੇਣ ਲਈ ਮੰਜੀ ਸਾਹਿਬ ਦੇ ਦੀਵਾਨ ਵਿਚੋਂ ਬਾਹਰ ਨਿਕਲਿਆ। ਪੁਲੀਸ ਦੀ ਭਾਰੀ ਫ਼ੋਰਸ ਬ੍ਰਹਮ ਬੂਟਾ ਅਖਾੜਾ ਸਾਹਮਣੇ ਉਸ ਨੂੰ ''ਜੀ ਆਇਆਂ'' ਆਖਣ ਵਾਸਤੇ ਮੌਜੂਦ ਸੀ। ਜਦ ਮਾਸਟਰ ਤਾਰਾ ਸਿੰਘ ਗ੍ਰਿਫ਼ਤਾਰੀ ਦੇਣ ਵਾਸਤੇ ਜਾ ਰਹੇ ਸਨ ਤਾਂ ਲੋਕ ਉਹਨਾਂ ਉੱਤੇ ਪੈਸਿਆਂ, ਨੋਟਾਂ ਅਤੇ ਫੁੱਲਾਂ ਦਾ ਮੀਂਹ ਵਰ੍ਹਾ ਰਹੇ ਸਨ। ਨਾਕੇ 'ਤੇ ਪੁੱਜਦਿਆਂ ਹੀ ਪੁਲੀਸ ਨੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਪਣੀ ਜੀਪ ਵਿਚ ਬਿਠਾ ਲਿਆ। ਇਸ ਪਿੱਛੋਂ ਦੋ ਹੋਰ ਜਥਿਆਂ ਨੇ ਏਸੇ ਤਰ੍ਹਾਂ ਮਿਥੇ ਹੋਏ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੱਤੀ। ਇਸ ਤਰ੍ਹਾਂ ਮੋਰਚੇ ਦੇ ਪਹਿਲੇ ਦਿਨ ਮਾਸਟਰ ਜੀ ਦੀ ਜਥੇਦਾਰੀ ਹੇਠ ਲਿਖੇ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ: ਮੱਖਣ ਸਿੰਘ ਵੇਰਕਾ, ਕਾਲਾ ਸਿੰਘ ਸੁਲਤਾਨਵਿੰਡ, ਨਰੈਣ ਸਿੰਘ ਹਮਜ਼ਾ, ਤਾਰਾ ਸਿੰਘ ਸ਼ਹੀਦ, ਸ਼ੇਰ ਸਿੰਘ ਜੇਜਾ, ਦਲਜੀਤ ਸਿੰਘ (ਇੰਚਾਰਜ ਬੀਰ ਖਾਲਸਾ ਦਲ), ਅਵਤਾਰ ਸਿੰਘ ਛਤੀਰੀਆਂ ਵਾਲੇ, ਬਾਬਾ ਕਰਤਾਰ ਸਿੰਘ (ਕੋਟ ਬਾਬਾ ਦੀਪ ਸਿੰਘ), ਸੰਤੋਖ ਸਿੰਘ, ਬਲਬੀਰ ਸਿੰਘ।

1984: ਅਕਾਲ ਤਖ਼ਤ ਦਾ ਸਾਬਕਾ ਗ੍ਰੰਥੀ ਪ੍ਰਤਾਪ ਸਿੰਘ ਖਾੜਕੂਆਂ ਹੱਥੋਂ ਮਾਰਿਆ ਗਿਆ

ਗਿਆਨੀ ਪ੍ਰਤਾਪ ਸਿੰਘ (ਸਾਬਕਾ ਗ੍ਰੰਥੀ ਅਕਾਲ ਤਖ਼ਤ ਸਾਹਿਬ) ਸ਼ੁਰੂ ਸ਼ੁਰੂ ਵਿਚ ਸੰਜੀਦਾ ਅਕਾਲੀ ਸੀ; ਪਰ, 1947 ਤੋਂ ਬਾਅਦ ਉਹ ਪ੍ਰਤਾਪ ਸਿੰਘ ਕੈਰੋਂ ਨਾਲ ਰਲ ਕੇ ਪੰਥ ਵਿਰੋਧੀ ਤਾਕਤਾਂ ਦਾ ਸਾਥ ਦੇਣ ਲਗ ਪਿਆ ਤੇ 1966 ਤਕ ਉਹ ਕੈਰੋਂ ਦਾ ਹੱਥ-ਠੋਕਾ ਬਣਿਆ ਰਿਹਾ। ਪਰ, ਕੈਰੋਂ ਦੇ ਕਤਲ ਮਗਰੋਂ ਉਹ ਇਕੱਲਾ ਹੋ ਗਿਆ; ਵਚ-ਵਿਚ ਉਸ ਨੇ ਅਕਾਲੀਆਂ ਦੇ ਨੇੜੇ ਅਉਣ ਦੀ ਕੋਸ਼ਿਸ਼ ਵੀ ਕੀਤੀ। 1978 ਵਿਚ ਉਹ ਨਿਰੰਕਾਰੀਆਂ ਦੇ ਖ਼ਿਲਾਫ਼ ਲਹਿਰ ਦਾ ਹਿੱਸਾ ਸੀ; ਪਰ ਛੇਤੀ ਮਗਰੋਂ ਹੀ ਉਸ ਦੀ ਨੇੜਤਾ ਲਾਲਾ ਜਗਤ ਨਾਰਾਇਣ ਨਾਲ ਹੋ ਗਈ ਅਤੇ ਉਹ ਉਸ ਦੀ ਅਖ਼ਬਾਰ ਵਿਚ ਬਾਕਾਇਦਾ ਲੇਖ ਲਿਖ ਕੇ ਖਾੜਕੂਆਂ ਤੇ ਅਕਾਲੀਆਂ ਨੂੰ ਭੰਡਣ ਲਗ ਪਿਆ; ਖਾੜਕੂਆਂ ਨੇ ਉਸ ਨੂੰ ਬਹੁਤ ਵਰਜਿਆ ਪਰ ਉਹ ਨਾ ਟਲਿਆ ਤਾਂ 10 ਮਈ 1984 ਦੇ ਦਿਨ ਖਾੜਕੂਆਂ ਨੇ ਉਸ ਨੂੰ ਕਤਲ ਕਰ ਦਿੱਤਾ।

1985: ਚੌਧਰੀ ਬਲਬੀਰ ਸਿੰਹ ਹੁਸ਼ਿਆਰਪੁਰ ਖਾੜਕੂਆਂ ਹੱਥੋਂ ਮਾਰਿਆ ਗਿਆ

ਲੁਧਿਆਣਾ ਦੇ ਕਾਲੀ ਚਰਨ ਵਾਂਗ ਚੌਧਰੀ ਬਲਬੀਰ ਸਿੰਘ ਹੁਸ਼ਿਆਰਪੁਰੀ ਵੀ ਸਿੱਖਾਂ ਦੇ ਖ਼ਿਲਾਫ਼ ਬਹੁਤ ਬਿਆਨ ਦਿਆ ਕਰਦਾ ਸੀ; 1984 ਵਿਚ ਤਾਂ ਉਸ ਨੇ ਹੱਦ ਹੀ ਮੁਕਾ ਦਿੱਤੀ; ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ੁਸ਼ੀ ਵਿਚ ਮਠਿਆਈ ਵੀ ਵੰਡੀ; ਇਨ੍ਹਾਂ ਦਿਨਾਂ ਵਿਚ ਉਸ ਨੇ ਸਿੱਖਾਂ 'ਤੇ ਹਮਲੇ ਵੀ ਕਰਵਾਏ; ਖਾੜਕੂਆਂ ਨੇ ਉਸ ਨੂੰ ਬਹੁਤ ਵਰਜਿਆ ਪਰ ਉਹ ਨਾ ਟਲਿਆ ਤਾਂ 10 ਮਈ 1985 ਦੇ ਦਿਨ ਖਾੜਕੂਆਂ ਨੇ ਉਸ ਨੂੰ ਖ਼ਤਮ ਕਰ ਦਿੱਤਾ।

1985: ਦਿੱਲੀ ਵਿਚ ਖਾੜਕੂਆਂ ਵੱਲੋਂ ਟਰਾਂਸਿਸਟਰ ਬੰਬਾਂ ਰਾਹੀਂ ਦਰਜਨ ਧਮਾਕੇ

ਦਿੱਲੀ ਅਤੇ ਹੋਰ ਇਲਾਕਿਆਂ ਵਿਚ ਸਿੱਖਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕਰਨ ਦੇ ਜਵਾਬੇ-ਅਮਲ ਵਜੋਂ ਕੁਝ ਖਾੜਕੂ ਸਿੱਖਾਂ ਨੇ ਦਿੱਲੀ ਵਿਚ ਟਰਾਂਜ਼ਿਸਟਰ ਬੰਬਾਂ ਰਾਹੀਂ ਐਕਸ਼ਨ ਕੀਤੇ। ਇਹ ਐਕਸ਼ਨ 10 ਮਈ ਨੂੰ ਦਿੱਲੀ ਅਤੇ ਕਈ ਹੋਰ ਇਲਾਕਿਆਂ ਵਿਚ ਕੀਤੇ ਗਏ। ਇਸ ਨਾਲ 74 ਬੰਦੇ ਮਾਰੇ ਗਏ ਤੇ ਸੈਂਕੜੇ ਜ਼ਖ਼ਮੀ ਹੋਏ। 12 ਮਈ ਨੂੰ ਇਸ ਕੇਸ 'ਚ ਤਿੰਨ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਭਾਈ ਮਨਮੋਹਨ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਕਰਤਾਰ ਸਿੰਘ ਨਾਰੰਗ ਵੀ ਸ਼ਾਮਿਲ ਸਨ। ਭਾਈ ਮਨਮੋਹਨ ਸਿੰਘ ਨੂੰ ਪੁਲੀਸ ਨੇ ਤਸੀਹੇ ਦੇ-ਦੇ ਕੇ ਹਿਰਾਸਤ ਵਿਚ ਹੀ ਮਾਰ ਦਿੱਤਾ (ਇਸ ਪੁਲਸ ਅਫ਼ਸਰ ਅਮੋਦ ਨੂੰ ਇਸ 'ਸੇਵਾ' ਬਦਲੇ ਸਰਕਾਰ ਨੇ 15 ਅਗਸਤ 1985 ਦੇ ਦਿਨ ਮੈਡਲ ਵੀ ਦਿੱਤਾ)। ਅਲੇਖ ਸਿੰਘ ਬੱਬਰ ਨੂੰ ਵੀ ਇਸ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ।

1987: ਵਿਰਸਾ ਸਿੰਘ ਸੁਰਸਿੰਘ ਤੇ ਗੁਰਪਾਲ ਸਿੰਘ ਬਬਰ ਭੁੱਚੋ ਮੰਡੀ ਨਕਲੀ ਮੁਕਾਬਲੇ ਵਿਚ ਸ਼ਹੀਦ

10 ਮਈ 1987 ਦੇ ਦਿਨ ਪੁਲਸ ਨੇ ਵਿਰਸਾ ਸਿੰਘ (ਪੁਤਰ ਹਰਨਾਮ ਸਿੰਘ, ਵਾਸੀ ਪਿੰਡ ਸੁਰਸਿੰਘ, ਜ਼ਿਲ੍ਹਾ ਤਰਨਤਾਰਨ) ਤੇ ਗੁਰਪਾਲ ਸਿੰਘ ਬਬਰ (ਵਾਸੀ ਭੁੱਚੋ ਮੰਡੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1988: ਭੁਪਿੰਦਰ ਸਿੰਘ ਬਬਰ ਮਹਿਤਪੁਰ, ਭਾਗ ਸਿੰਘ ਪਲਜ਼ਾਦੀ ਬੁੱਧ ਸਿੰਘ, ਪ੍ਰਿਤਪਾਲ ਸਿੰਘ ਗੱਗੋਬੂਹਾ, ਸੁਰਜਨ ਸਿੰਘ ਪੱਧਰੀ, ਗੁਰਨਾਮ ਸਿੰਘ ਘੜਿਆਲਾ, ਜੱਸਾ ਸਿੰਘ ਬਾਗ ਠੱਠਾ, ਦਰਬਾਰਾ ਸਿੰਘ ਠੱਠਾ, ਜਸਵੰਤ ਸਿੰਘ ਠੱਠਾ, ਪ੍ਰਤਾਪ ਸਿੰਘ ਕਲਸੀਆਂ, ਗੁਰਨਾਮ ਸਿੰਘ ਠੱਠਾ ਤੇ ਹਰਜੀਤ ਸਿੰਘ ਰਾਜੂ ਕਸੇਲ **ਨਕਲੀ ਮੁਕਾਬਲੇ ਵਿਚ ਸ਼ਹੀਦ**

10 ਮਈ 1988 ਦੇ ਦਿਨ ਪੁਲਸ ਨੇ ਵੱਖ ਵੱਖ ਮੁਕਾਬਲਿਆਂ ਵਿਚ ਭੁਪਿੰਦਰ ਸਿੰਘ ਖਾਲਸਾ ਬਬਰ (ਪੁਤਰ ਕੁਲਦੀਪ ਸਿੰਘ, ਵਾਸੀ ਮਹਿਤਪੁਰ, ਨਕੋਦਰ, ਜਲੰਧਰ), ਭਾਗ ਸਿੰਘ (ਪੁਤਰ ਕਸ਼ਮੀਰ ਸਿੰਘ, ਵਾਸੀ ਪਲਜ਼ਾਦੀ ਬੁੱਧ ਸਿੰਘ), ਪ੍ਰਿਤਪਾਲ ਸਿੰਘ (ਪੁਤਰ ਗੁਰਦਿਆਲ ਸਿੰਘ, ਵਾਸੀ ਗੱਗੋਬੂਹਾ), ਸੁਰਜਨ ਸਿੰਘ (ਪੁਤਰ ਮੱਸਾ ਸਿੰਘ, ਵਾਸੀ ਪੱਧਰੀ), ਗੁਰਨਾਮ ਸਿੰਘ ਘੜਿਆਲਾ, ਜੱਸਾ ਸਿੰਘ (ਬਾਗ ਠੱਠਾ), ਦਰਬਾਰਾ ਸਿੰਘ (ਪੁੱਤਰ ਲਛਮਣ ਸਿੰਘ, ਵਾਸੀ ਠੱਠਾ), ਜਸਵੰਤ ਸਿੰਘ (ਪੁੱਤਰ ਜੋਰਾ ਸਿੰਘ, ਵਾਸੀ ਠੱਠਾ), ਪ੍ਰਤਾਪ ਸਿੰਘ (ਪੁਤਰ ਰੇਸ਼ਮ ਸਿੰਘ, ਵਾਸੀ ਕਲਸੀਆਂ), ਗੁਰਨਾਮ ਸਿੰਘ ((ਪੁਤਰ ਜਰਨੈਲ ਸਿੰਘ, ਵਾਸੀ ਠੱਠਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਹਰਜੀਤ ਸਿੰਘ ਰਾਜੂ (ਵਾਸੀ ਕਸੇਲ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਪਰਮਜੀਤ ਸਿੰਘ ਸੋਹੀਆਂ ਤੇ ਪਲਵਿੰਦਰ ਸਿੰਘ ਮਾਨਸਰੋਵਰ **ਨਕਲੀ ਮੁਕਾਬਲੇ ਵਿਚ ਸ਼ਹੀਦ**

10 ਮਈ 1989 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ (ਪੁਤਰ ਹਰਚੰਦ ਸਿੰਘ, ਵਾਸੀ ਸੋਹੀਆਂ, ਜ਼ਿਲ੍ਹਾ ਲੁਧਿਆਣਾ) ਤੇ ਪਲਵਿੰਦਰ ਸਿੰਘ ਮਾਨਸਰੋਵਰ, ਕਪੂਰਥਲਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਪਰਗਟ ਸਿੰਘ ਬਬਰ ਦਾਸੂਵਾਲ ਅਮੋਲਕ ਸਿੰਘ ਤੇ ਜੈਮਲ ਸਿੰਘ ਸੁਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

10 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਪਰਗਟ ਸਿੰਘ ਬਬਰ (ਵਾਸੀ ਦਾਸੂਵਾਲ ਬੁਰਜ ਰਾਏ ਕੇ), ਅਮੋਲਕ ਸਿੰਘ ਤੇ ਜੈਮਲ ਸਿੰਘ (ਵਾਸੀ ਸੁਰ ਸਿੰਘ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਦਰਜਨਾਂ ਸਿੱਖ ਨੌਜਵਾਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ

10 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਸਤਨਾਮ ਸਿੰਘ (ਵਾਸੀ ਸਾਰੇਵਾਲ, ਗੁਰਦਾਸਪੁਰ), ਸੁਖਪਾਲ ਸਿੰਘ (ਵਾਸੀ ਸੁਖੀਆਂ, ਬਰਨਾਲਾ), ਗੁਰਮੀਤ ਸਿੰਘ ਬਬਰ (ਵਾਸੀ ਰੋਪੜ), ਮਹਿੰਦਰ ਸਿੰਘ ਕੋਕੀ, ਉਰਫ਼ ਬਾਬਾ ਬਰੇਲੀ (ਵਾਸੀ ਸੇਖਵਾਲ, ਲੁਧਿਆਣਾ), ਗੁਰਜੀਤ ਸਿੰਘ ਢਪਈ, ਸੁਖਦੇਵ ਸਿੰਘ ਮੰਗੀਆਂ, ਤਰਲੋਚਨ ਸਿੰਘ ਮੰਗੀਆ, ਗੁਰਮੀਤ ਸਿੰਘ ਤੇਜਾ ਵਹੀਲਾ, ਬਲਰਾਜ ਸਿੰਘ ਬੱਲ, ਜਗਤਾਰ ਸਿੰਘ ਭੋਰਸੀ, ਲਖਵਿੰਦਰ ਸਿੰਘ ਤਖ਼ਤੂਚੱਕ, ਲਖਵੀਰ ਸਿੰਘ ਲੱਖਾ ਰਾਜੀਆਣਾ, ਮੇਜਰ ਸਿੰਘ ਜੋਹਲ ਰਾਜੂ ਸਿੰਘ, ਨਿਰਮਲ ਸਿੰਘ ਮੱਲੀ, ਇਕਬਾਲ ਸਿੰਘ ਉਰਫ਼ ਮਿੰਨੀ ਬਾਬਾ ਰੌਂਤਾ, ਹਰਜੀਤ ਸਿੰਘ ਉਰਫ਼ ਬਹਾਦਰ ਸਿੰਘ (ਵਾਸੀ ਪੰਜ ਗਰਾਈਆਂ) ਅਤੇ ਉਸ ਦਾ ਭਰਾ ਜਸਵੰਤ ਸਿੰਘ ਜੱਸਾ, ਵਕੀਲ ਸਿੰਘ ਬੁਲਟ ਬਬਰ (ਵਾਸੀ ਕੌਰ ਸਿੰਘ ਵਾਲਾ, ਫਿਰੋਜਪੁਰ), ਦਲੇਰ ਸਿੰਘ ਦਲੇਰਾ ਬਬਰ (ਵਾਸੀ ਪੁਤਲੀ ਘਰ ਅੰਮ੍ਰਿਤਸਰ), ਹਰਭਜਨ ਸਿੰਘ (ਵਾਸੀ ਵੇਰਕਾ, ਅੰਮ੍ਰਿਤਸਰ), ਗੁਰਮੇਲ ਸਿੰਘ ਫ਼ੌਜੀ ਉਰਫ਼ ਚੜਦੀ ਕਲਾ, ਜੋਗਾ ਸਿੰਘ ਉਰਫ਼ ਭੁਝੰਗੀ ਉਰਫ਼ ਹਰੀ ਸਿੰਘ, ਹਰਬੰਸ ਸਿੰਘ ਭੁਝੰਗੀ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮਨਮੋਹਨ ਸਿੰਘ ਬਠਿੰਡਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਮਈ 1992 ਦੇ ਦਿਨ ਪੁਲਸ ਨੇ ਮਨਮੋਹਨ ਸਿੰਘ (ਪੁਤਰ ਰਣਜੀਤ ਸਿੰਘ, ਵਾਸੀ ਥਰਮਲ ਕਲੋਨੀ, ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਾਰਜ ਸਿੰਘ ਸਮਰਾ ਦਾ ਕਤਲ

10 ਮਈ 1992 ਦੇ ਦਿਨ, ਪਰਗਟ ਸਿੰਘ (ਖਾਲਿਸਤਾਨ ਕਮਾਂਡੋ ਫ਼ੋਰਸ, ਜ਼ਫ਼ਰਵਾਲ) ਨੂੰ, ਇਕ ਵਿਰੋਧੀ ਧੜੇ ਨੇ, ਇਕ ਮੀਟਿੰਗ ਵਿਚ ਸਦ ਕੇ, ਧੋਖੇ ਨਾਲ ਭਰਾ ਮਾਰੂ ਜੰਗ ਵਿਚ ਮਾਰ ਦਿੱਤਾ।(ਉਸ ਦਾ ਭਰਾ ਸ਼ਹੀਦ ਪਰਗਟ ਸਿੰਘ ਸਮਰਾ ਦਸੰਬਰ 1991 ਵਿਚ ਪਹਿਲਾਂ ਸ਼ਹੀਦ ਹੋ ਚੁਕਾ ਸੀ ਤੇ ਤੀਜਾ ਭਰਾ ਪੁਲਸ ਦੀ ਤਸ਼ੱਦਦ ਸਹਿ ਰਿਹਾ ਸੀ)।

11 ਮਈ

1665: ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮਿਲਣ ਵਾਸਤੇ ਰਾਮ ਰਾਏ ਖੁਰਵੱਧੀ (ਹੁਣ ਡੇਹਰਾਦੂਨ) ਤੋਂ ਪਾਊਂਟਾ ਸਾਹਿਬ ਪੁੱਜਾ

1684 ਤਕ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ ਦਾ ਇਕ ਹਿੱਸਾ) ਇਕ ਅਹਿਮ ਨਗਰ ਬਣ ਚੁਕਾ ਸੀ। ਇਸ ਨੂੰ ਵੇਖ ਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ ਸਨ। ਹੋਰ ਤਾਂ ਹੋਰ ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਵਿੱਟਰ ਗਿਆ ਸੀ; ਉਹ ਇਸ ਕਰ ਕੇ ਨਾਰਾਜ਼ ਹੋ ਗਿਆ ਸੀ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਮੰਗਣ 'ਤੇ ਪਰਸਾਦੀ ਹਾਥੀ ਨਹੀਂ ਸੀ ਦਿੱਤਾ। ਉਸ ਨੇ 'ਚੱਕ ਨਾਨਕੀ' ਵੱਲ ਵੀ ਕੈਰੀ ਨਿਗਾਹ ਨਾਲ ਵੇਖਣਾ ਸ਼ੁਰੂ

ਕਰ ਦਿੱਤਾ। 1685 ਦੇ ਸ਼ੁਰੂ ਵਿਚ, ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿਚ ਦਰਸ਼ਨ ਦੇਣ ਦੀ ਅਰਜ਼ ਕੀਤੀ। 14 ਅਪ੍ਰੈਲ 1685 ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਤਹਿ-ਦਿਲੋਂ 'ਜੀ ਆਇਆਂ' ਆਖਿਆ। ਗੁਰੂ ਸਾਹਿਬ ਕੁਝ ਦਿਨ ਨਾਹਨ ਦੇ ਰਾਜੇ ਦੇ ਮਹਲ ਵਿਚ ਠਹਿਰੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਰਾਜੇ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਨਿਵਾਸ ਰੱਖਣ। ਗੁਰੂ ਸਾਹਿਬ ਨੇ ਉਸ ਦੇ ਜਜ਼ਬਾਤ ਵੇਖਦੇ ਹੋਏ ਰਿਆਸਤ ਦਾ ਦੌਰਾ ਕੀਤਾ ਅਤੇ ਦਰਿਆ ਜਮਨਾ ਦੇ ਕੰਢੇ ਮੌਜੂਦਾ ਪਾਉਂਟਾ ਵਾਲੀ ਜਗ੍ਹਾ 'ਤੇ ਇਕ ਨਵਾਂ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਪਾਉਂਟਾ ਦੀ ਨੀਂਹ ਗੁਰੂ ਸਾਹਿਬ ਨੇ 29 ਅਪਰੈਲ 1685 ਦੇ ਦਿਨ, ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਾਹੁਲ ਮਗਰੋਂ ਭਾਈ ਗੁਰਬਖ਼ਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਰਖਵਾਈ। ਗੁਰੂ ਸਾਹਿਬ ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ ਵਿਚ ਠਹਿਰੇ। ਇੱਥੇ 11 ਮਈ 1685 ਦੇ ਦਿਨ ਰਾਮਰਾਇ (ਜਿਸ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਤੋਂ ਮੌਕੂਫ਼ ਕਰ ਦਿਤਾ ਸੀ) ਗੁਰੂ ਸਾਹਿਬ ਨੂੰ ਮਿਲਣ ਆਇਆ। ਉਸ ਨੇ ਗੁਰੂ ਜੀ ਤੋਂ ਆਪਣੀ ਭੁੱਲ ਬਖ਼ਸ਼ਵਾਈ ਅਤੇ ਮੁੜ ਸਿੱਖੀ ਪਰਵਾਰ ਵਿਚ ਸ਼ਾਮਿਲ ਹੋ ਗਿਆ (1687 ਵਿਚ ਰਾਮ ਰਾਏ ਦੀ ਮੌਤ ਹੋ ਗਈ)।

1981: ਸ਼੍ਰੋਮਣੀ ਅਕਾਲੀ ਦਲ ਨੇ 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕੀਤਾ

ਮਾਰਚ 1981 ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਸਾਲਾਨਾ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਚੰਡੀਗੜ੍ਹ ਵਿਚ ਕਰਵਾਈ। ਇਸ ਦੇ 15 ਮਾਰਚ 1981 ਦੇ ਸੈਸ਼ਨ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਅਤੇ ਵਿਦਵਾਨ ਹਾਜ਼ਿਰ ਸਨ। ਇਸ ਕਾਨਫ਼ਰੰਸ ਵਿਚ ਅਚਾਨਕ ਹੀ ਅਜਿਹਾ ਮਾਹੌਲ ਬਣ ਗਿਆ ਕਿ ਇਸ ਮੌਕੇ 'ਤੇ ਹਾਜ਼ਿਰ ਵਿਦਵਾਨਾਂ ਅਤੇ ਨੌਜਵਾਨਾਂ ਨੇ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸਿਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਜ਼ੋਰ ਪਾ ਕੇ ਪਾਸ ਕਰਵਾ ਲਿਆ। ਚੀਫ਼ ਖ਼ਾਲਸਾ ਦੀਵਾਨ ਨੇ, ਆਪਣੇ ਇਕ ਰਜਵਾੜਾ ਕਿਸਮ ਦੇ ਮੈਂਬਰ ਅਤੇ ਸਰਕਾਰ ਦੇ ਟੋਡੀ, ਉੱਜਲ ਸਿੰਘ ਵੱਲੋਂ ਇਸ ਨੁਕਤੇ 'ਤੇ ਪ੍ਰੋਟੈਸਟ ਕਰਨ ਅਤੇ ਅਸਤੀਫ਼ਾ ਦੇਣ ਤੋਂ ਡਰ ਕੇ, 15 ਮਾਰਚ 1981 ਨੂੰ ਪਾਸ ਕੀਤਾ ਮਤਾ ਵਾਪਿਸ ਲੈ ਲਿਆ। (ਇਸ ਉੱਜਲ ਸਿੰਘ ਦੀ ਤਾਰੀਖ਼ ਪਹਿਲੋਂ ਵੀ ਸਿੱਖ ਮਸਲੇ ਬਾਰੇ 'ਦੁਸ਼ਮਣਾਂ-ਵਰਗੀ' ਸੀ। ਹੋਰ ਤਾਂ ਹੋਰ ਜਦੋਂ 4 ਜੁਲਾਈ 1955 ਦੇ ਦਿਨ ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖ਼ਿਲ ਹੋਈ ਸੀ ਤੇ ਚੀਫ਼ ਖ਼ਾਲਸਾ ਦੀਵਾਨ ਨੇ ਇਸ 'ਤੇ ਰੋਸ ਜ਼ਾਹਿਰ ਕੀਤਾ ਸੀ ਤਾਂ ਉਦੋਂ ਵੀ ਇਸ ਰੋਸ ਦੇ ਖ਼ਿਲਾਫ਼ ਉੱਜਲ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਸੀ (ਯਾਨਿ ਉਹ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੂੰ ਜਾਇਜ਼ ਮੰਨਦਾ ਸੀ)। ਉਹ ਹਰ ਸਿੱਖ-ਮੁਫ਼ਾਦ ਦੇ ਨੁਕਤੇ 'ਤੇ ਪੰਥ ਦੇ ਮੁਖ਼ਾਲਿਫ਼ਾਂ ਦਾ ਸਾਥ ਦੇ ਕੇ ਪੰਥ-ਦੁਸ਼ਮਣਾ ਤੋਂ ਜ਼ਾਤੀ ਫ਼ਾਇਦਾ ਲੈਂਦਾ ਰਹਿੰਦਾ ਸੀ)। 'ਸਿੱਖ ਇਕ ਕੌਮ ਹਨ' ਦਾ ਮਤਾ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਪਾਸ ਕੀਤਾ ਸੀ ਤੇ ਚੀਫ਼ ਖ਼ਾਲਸਾ ਦੀਵਾਨ ਵਲੋਂ ਇਸ ਨੂੰ ਵਾਪਿਸ ਨਹੀਂ ਸੀ ਲਿਆ ਜਾ ਸਕਦਾ। ਇਸ ਕਰ ਕੇ ਮਤੇ ਤੋਂ ਅਲਹਿਦਗੀ ਚੀਫ਼ ਖ਼ਾਲਸਾ ਦੀਵਾਨ ਦੀ ਹੋ ਸਕਦੀ ਹੈ ਨਾ ਕਿ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੀ। ਸਿੱਖ ਐਜੂਕੇਸ਼ਨਲ ਕਾਨਫ਼ਰੰਸ ਇਸ ਨੂੰ ਵਾਪਿਸ ਲੈ ਸਕਦੀ ਸੀ ਪਰ ਉਸ ਨੂੰ ਇਸ ਵਾਸਤੇ ਸਪੈਸ਼ਲ ਇਜਲਾਸ ਬੁਲਾਉਣਾ ਪੈਣਾ ਸੀ ਜਾਂ ਅਗਲੇ ਸਾਲ ਦੀ ਕਾਨਫ਼ਰੰਸ ਤਕ ਉਡੀਕਣਾ ਪੈਣਾ ਸੀ। ਜਦ ਚੀਫ਼ ਖ਼ਾਲਸਾ ਦੀਵਾਨ ਨੇ ਕਮਜ਼ੋਰੀ ਦਿਖਾਈ ਤਾਂ 25 ਮਾਰਚ 1981 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਤੇ 11 ਮਈ 1981 ਨੂੰ

ਸ਼ਰੋਮਣੀ ਅਕਾਲੀ ਦਲ ਨੇ, 'ਸਿੱਖ ਇਕ ਕੌਮ ਹਨ' ਦਾ ਮਤਾ ਪਾਸ ਕਰ ਕੇ ਚੀਫ਼ ਖਾਲਸਾ ਦੀਵਾਨ ਦੇ ਟੋਡੀ ਲੀਡਰ ਉੱਜਲ ਸਿੰਘ ਦੀ ਬੁਜ਼ਦਿਲੀ ਅਤੇ ਸਿੱਖ-ਦੁਸ਼ਮਣੀ ਦਾ ਧੋਣਾ ਧੋ ਦਿੱਤਾ।

1987: ਸੁਰਜੀਤ ਬਰਨਾਲਾ ਦੀ ਸਰਕਾਰ ਤੋੜ ਦਿੱਤੀ ਗਈ

1987 ਵਿਚ ਰਾਜੀਵ ਗਾਂਧੀ ਨੇ ਇਹ ਵੀ ਮਹਿਸੂਸ ਕੀਤਾ ਕਿ ਉਸ ਨੇ ਬਰਨਾਲੇ ਨੂੰ ਜਿਨਾ ਵਰਤਣਾ ਸੀ, ਵਰਤ ਲਿਆ ਹੈ ਤੇ ਹੁਣ ਉਸ ਨੂੰ ਉਸ 'ਨੁੱਚੜੇ ਹੋਏ ਨਿੰਬੂ' ਦੀ ਕੋਈ ਲੋੜ ਨਹੀਂ, ਇਸ ਕਰ ਕੇ ਉਸ ਨੇ 11 ਮਈ 1987 ਦੇ ਦਿਨ ਸੁਰਜੀਤ ਬਰਨਾਲੇ ਦੀ ਨਾਮ-ਨਿਹਾਦ ਸਰਕਾਰ ਵੀ ਤੋੜ ਦਿੱਤੀ। ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲਾ ਦੀ ਸਰਕਾਰ ਤੋੜ ਕੇ ਪੰਜਾਬ 'ਚ ਗਵਰਨਰੀ ਹਕੂਮਤ ਕਾਇਮ ਕਰ ਦਿੱਤੀ। ਦਰਅਸਲ ਰਾਜੀਵ ਗਾਂਧੀ ਸੁਰਜੀਤ ਬਰਨਾਲਾ ਨੂੰ ਪੂਰੀ ਤਰ੍ਹਾਂ ਵਰਤ ਚੁਕਾ ਸੀ। ਉਸ ਨੇ ਇਸ ਕੋਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾ ਕੇ ਇੰਦਰਾ ਦਾ ਹਮਲਾ ਜਾਇਜ਼ ਕਰਵਾਉਣ ਦੀ ਕੋਸ਼ਿਸ਼ ਕੀਤੀ; ਇਸ ਕੋਲੋਂ ਇਕ ਹਜ਼ਾਰ ਤੋਂ ਵੀ ਵਧ ਸਿੱਖ ਨਕਲੀ ਮੁਕਾਬਲਿਆਂ ਵਿਚ ਮਰਵਾਏ, ਹਜ਼ਾਰਾਂ ਸਿੱਖਾਂ ਨੂੰ ਜੇਲ੍ਹਾਂ ਵਿਚ ਸੁਟਵਾਇਆ। ਸੁਰਜੀਤ ਬਰਨਾਲਾ ਨੇ ਹਿੰਦੂਆਂ, ਪੁਲੀਸ, ਬੀ.ਐਸ.ਐਫ਼. ਅਤੇ ਸੀ.ਆਰ.ਪੀ.ਐਫ਼. ਨੂੰ ਸਿੱਖਾਂ 'ਤੇ ਬੇਪਨਾਹ ਜ਼ੁਲਮ ਕਰਨ ਦੀ ਖੁਲ੍ਹ ਦਿੱਤੀ ਹੋਈ ਸੀ। ਬਰਨਾਲੇ ਦੇ ਹੁਕਮਾਂ ਹੇਠ ਪੁਲੀਸ ਨੇ ਸੈਂਕੜੇ ਵਾਰੀ ਦਰਬਾਰ ਸਾਹਿਬ ਅਤੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ ਸਨ। ਜਦ ਰਾਜੀਵ ਨੇ ਵੇਖਿਆ ਕਿ ਉਸ ਨੇ ਸੁਰਜੀਤ ਬਰਨਾਲੇ ਨੂੰ ਪੂਰੀ ਤਰ੍ਹਾਂ ਵਰਤ ਲਿਆ ਹੈ ਤਾਂ ਉਸ ਨੇ ਇਸ ਨੂੰ ਦੁਰਕਾਰ ਦਿੱਤਾ ਤੇ ਇਸ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ। ਸੁਰਜੀਤ ਬਰਨਾਲੇ ਨੂੰ ਤਾਂ ਰਾਜੀਵ ਨੇ ਚੰਡੀਗੜ੍ਹ ਹਾਸਿਲ ਕਰ ਲੈਣ ਦਾ ਸਿਹਰਾ ਵੀ ਨਾ ਦਿੱਤਾ ਤੇ ਵਰਤਣ ਮਗਰੋਂ ਜ਼ਲੀਲ ਕਰ ਕੇ ਸੁੱਟ ਦਿੱਤਾ। ਵਜ਼ਾਰਤ ਟੁੱਟਣ ਤੋਂ ਅਗਲੇ ਦਿਨ ਹੀ ਪੁਲੀਸ ਨੇ ਬਰਨਾਲੇ ਦਾ ਸਾਬਕ ਵਜ਼ੀਰ ਪਰੇਮ ਸਿੰਘ ਚੰਦੂਮਾਜਰਾ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਉਸ ਨੂੰ ਖ਼ੂਬ ਕੁੱਟਿਆ ਅਤੇ ਉਸ ਤੋਂ ਕੁਰਪਸ਼ਨ ਦੀਆਂ ਗੱਲਾਂ ਕਢਵਾਈਆਂ । ਉਂਞ ਤਾਂ ਬਰਨਾਲੇ ਦੇ ਸਾਰੇ ਹੀ ਵਜ਼ੀਰ ਕੁਰਪਟ ਸਨ ਪਰ ਰਬੈਰੋ ਨੇ ਆਪਣੀ ਕਿੜ ਇਕੱਲੇ ਚੰਦੂਮਾਜਰੇ 'ਤੇ ਕੱਢੀ। ਚੰਦੂਮਾਜਰੇ ਨਾਲ ਕਿਸੇ ਨੇ ਵੀ ਕੋਈ ਹਮਦਰਦੀ ਨਾ ਦਿਖਾਈ। ਸਮੁੱਚੇ ਤੌਰ 'ਤੇ ਬਰਨਾਲਾ ਇਕ ਜ਼ਲੀਲ, ਬੇਇਜ਼ਤ ਹੋਏ ਗ਼ਦਾਰ ਵਾਂਗ ਗੱਦੀ ਤੋਂ ਲਾਹਿਆ ਗਿਆ। ਉਸ ਦੀ ਥਾਂ ਰਾਜੀਵ ਦੇ ਘਰ ਵਿਚ ਵੀ ਨਾ ਰਹੀ ਤੇ ਉਹ ਪੰਥ 'ਚੋਂ ਵੀ ਖ਼ਾਰਿਜ ਹੋਇਆ। ਸੈਂਕੜੇ ਸਿੱਖਾਂ ਨੂੰ ਕਤਲ ਕਰਵਾਉਣ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸੁਟਣ ਤੋਂ ਸਿਵਾ ਉਸ ਦੀ ਕੋਈ ਕਾਮਯਾਬੀ ਨਹੀਂ ਸੀ। ਉਸ ਨੇ ਦਰਬਾਰ ਸਾਹਿਬ 'ਤੇ ਬੇਵਜਹ ਹਮਲਾ ਕੀਤਾ, ਦਰਜਨਾਂ ਵਾਰ ਗੁਰਦੁਆਰਿਆਂ 'ਤੇ ਪੁਲੀਸ ਐਕਸ਼ਨ ਕਰਵਾਏ, ਅਕਾਲ ਤਖ਼ਤ ਸਾਹਿਬ ਤੋਂ ਬਗ਼ਾਵਤ ਦਾ ਐਲਾਨ ਕੀਤਾ, ਗੁਰਦੁਆਰਿਆਂ ਦੀ ਬੇਅਦਬੀ ਕੀਤੀ। ਰਾਜੀਵ ਗਾਂਧੀ ਨੂੰ ਏਨਾ ਖ਼ੁਸ਼ ਕਰਨ ਦੇ ਬਾਵਜੂਦ ਉਹ ਨਿਗੂਣੀ ਜਿਹੀ ਚੀਜ਼, ਚੰਡੀਗੜ੍ਹ, ਵੀ ਪੰਜਾਬ ਨੂੰ ਦਿਵਾ ਕੇ ਉਸ ਦਾ ਸਿਹਰਾ ਵੀ ਨਾ ਲੈ ਸਕਿਆ। ਸਿੱਖਾਂ ਦਾ ਘਾਣ ਕਰ ਕੇ ਵੀ ਉਹ ਆਪਣੀ ਗੱਦੀ ਕਾਇਮ ਨਾ ਰੱਖ ਸਕਿਆ। ਤਵਾਰੀਖ਼ 'ਚ ਏਨੀ ਜ਼ਲਾਲਤ ਵਾਲਾ ਸ਼ਖ਼ਸ, ਜ਼ੈਲ ਸਿੰਘ ਨੂੰ ਛੱਡ ਕੇ, ਉਦੋਂ ਤਕ ਹੋਰ ਕੋਈ ਹੋਰ ਪਗੜੀਧਾਰੀ ਨਹੀਂ ਸੀ ਵੇਖਿਆ ਗਿਆ। (ਉਂਞ ਬਾਅਦ ਵਿਚ ਤਰਸ ਖਾ ਕੇ ਕਾਂਗਰਸ ਨੇ ਬਰਨਾਲੇ ਨੂੰ ਗਵਰਨਰ ਲਾ ਦਿੱਤਾ। ਬਰਨਾਲੇ ਦੀ ਘੋਰ ਸਿੱਖ ਦੁਸ਼ਮਣੀ ਦੇ ਈਨਾਮ ਵਜੋਂ ਉਸ ਨੂੰ ਅੱਜ 2011 ਤਕ ਇਹ ਈਨਾਮ ਦਿੱਤਾ ਜਾ ਰਿਹਾ ਹੈ ਤੇ ਸ਼ਾਇਦ ਉਸ ਦੇ ਮਰਨ ਤਕ ਦਿੱਤਾ ਜਾਂਦਾ ਰਹੇਗਾ)।

1987: ਜਰਨੈਲ ਸਿੰਘ ਹਲਵਾਰਾ ਤੇ ਗੁਰਪਾਲ ਸਿੰਘ ਬਬਰ ਅਸਲ ਮੁਕਾਬਲੇ ਵਿਚ ਸ਼ਹੀਦ

11 ਮਈ 1987 ਦੇ ਦਿਨ ਜਰਨੈਲ ਸਿੰਘ ਹਲਵਾਰਾ (ਪੁਤਰ ਬੰਤਾ ਸਿੰਘ) ਜਿਸ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਕਤਲ ਕੀਤਾ ਸੀ, ਸੰਗਰੂਰ ਦੇ ਨੇੜੇ ਬਸਤੀ ਹਰੀਪਰ ਵਿਚ ਭੁਪਿੰਦਰ ਸਿੰਘ ਦੇ ਘਰ ਵਿਚ ਮੌਜੂਦ ਸੀ। ਉਸ ਦੇ ਨਾਲ ਗੁਰਪਾਲ ਸਿੰਘ (ਪੁਤਰ ਜਗਜੀਤ ਸਿੰਘ, ਵਾਸੀ ਭੁੱਚੋ ਮੰਡੀ) ਵੀ ਸੀ। ਕਿਸੇ ਮੁਖ਼ਬਰ ਤੋਂ ਇਤਲਾਹ ਮਿਲਣ 'ਤੇ ਪੁਲਸ ਉਨ੍ਹਾਂ ਨੂੰ ਘੇਰਾ ਪਾ ਲਿਆ। ਇਸ ਮਗਰੋਂ ਦੋਹਾਂ ਪਾਸਿਆਂ ਤੋਂ ਜ਼ਬਰਦਸਤ ਜੰਗ ਹੋਈ ਜਿਸ ਵਿਚ ਦੋਵੇਂ ਸਿੰਘ ਅਤੇ ਕਈ ਪੁਲਸੀਏ ਮਾਰੇ ਗਏ। ਮਗਰੋਂ ਪੁਲਸ ਨੇ ਮਾਲਕ ਮਕਾਨ ਦੇ ਪੁੱਤਰ ਭੁਪਿੰਦਰ ਸਿੰਘ ਤੇ ਮਸਤੂਆਣਾ ਕਾਲਜ ਦੇ ਸਟੂਡੈਂਟਸ ਸੁਹਿੰਦਰ ਸਿੰਘ, ਪਵਿੱਤਰ ਸਿੰਘ, ਜਗਦੇਵ ਸਿੰਘ ਤੇ ਸੁਖਚੈਨ ਸਿੰਘ ਨੂੰ ਹਲਵਾਰਾ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ।

1987: ਸਰਬਜੀਤ ਸਿੰਘ ਰਾਏਕੋਟ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਸਰਬਜੀਤ ਸਿੰਘ ਉਰਫ਼ ਭਾਈ ਗੁਰਦੇਵ ਸਿੰਘ (ਵਾਸੀ ਬੱਸੀਆ ਰੋਡ, ਰਾਏਕੋਟ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਲਖਵਿੰਦਰ ਸਿੰਘ ਖਾਨੋਵਾਲ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਈ 1989 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ ਉਰਫ਼ ਲੱਖੂ (ਪੁਤਰ ਕਰਤਾਰ ਸਿੰਘ, ਵਾਸੀ ਖਾਨੋਵਾਲ ਕਲਾਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਦਰਸ਼ਨ ਸਿੰਘ ਤੇ ਬਲਵੰਤ ਸਿੰਘ ਤਖਾਣਬਧ ਨਕਲੀ ਮੁਕਾਬਲਿਆਂ ਵਿਚ ਸ਼ਹੀਦ

11 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਦਰਸ਼ਨ ਸਿੰਘ ਤੇ ਬਲਵੰਤ ਸਿੰਘ (ਦੋਵੇਂ ਵਾਸੀ ਤਖਾਣਬਧ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਮੀਤ ਸਿੰਘ ਰਾਜੋ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਈ 1991 ਦੇ ਦਿਨ ਪੁਲਸ ਨੇ ਗੁਰਮੀਤ ਸਿੰਘ (ਪੁਤਰ ਰਵਿੰਦਰ ਸਿੰਘ ਘੜੀਵਾਲ, ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ)) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਜਿੰਦਰ ਸਿੰਘ ਉਰਫ਼ ਬਾਘਾ ਨਕਲੀ ਮੁਕਾਬਲੇ ਵਿਚ ਸ਼ਹੀਦ

11 ਮਈ 1992 ਦੇ ਦਿਨ ਪੁਲਸ ਨੇ ਰਜਿੰਦਰ ਸਿੰਘ ਉਰਫ਼ ਬਾਘਾ (ਵਾਸੀ ਦੂਲੇਵਾਲ ਕਲਾਂ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

12 ਮਈ

1673: ਗੁਰੂ ਗੋਬਿੰਦ ਸਾਹਿਬ ਦੀ ਜੀਤਾਂ (ਜੀਤ ਕੌਰ) ਨਾਲ ਮੰਗਣੀ ਹੋਈ

ਗੁਰੂ ਤੇਗ ਬਹਾਦਰ ਸਾਹਿਬ ਮਾਰਚ 1673 ਦੇ ਆਖ਼ਰੀ ਹਫ਼ਤੇ ਤੋਂ 10 ਜੁਲਾਈ 1675 ਤਕ ਚੱਕ ਨਾਨਕੀ ਵਿਚ ਰਹੇ। ਇਨ੍ਹਾਂ ਦਿਨਾਂ ਵਿਚ ਸਾਰੇ ਪਾਸੇ ਤੋਂ ਸਿੱਖ ਸੰਗਤਾਂ ਚੱਕ ਨਾਨਕੀ ਆਉਣ ਲਗ ਪਈਆਂ। ਇਨ੍ਹਾਂ ਦਿਨਾਂ ਵਿਚ ਹੀ ਲਾਹੌਰ ਤੋਂ ਭਾਈ ਹਰਿਜਸ ਸੁਭਿੱਖੀ ਵੀ

ਦਰਸ਼ਨਾਂ ਵਾਸਤੇ ਆਇਆ। ਉਸ ਦੀ ਬੇਟੀ ਬੀਬੀ ਜੀਤਾਂ (ਖੰਡੇ ਦੀ ਪਾਹੁਲ ਲੈਣ ਮਗਰੋਂ ਜੀਤ ਕੌਰ) ਦੀ ਮੰਗਣੀ ਗੋਬਿੰਦ ਦਾਸ ਨਾਲ 12 ਮਈ 1673 ਦੇ ਦਿਨ ਕੀਤੀ ਗਈ। ਇਸ ਦੇ ਨਾਲ ਹੀ ਭਾਈ ਬਜਰ ਸਿੰਘ ਰਾਠੌਰ ਨੂੰ ਗੋਬਿੰਦ ਦਾਸ ਨੂੰ ਸ਼ਸਤਰ ਚਲਾਉਣ ਤੇ ਘੋੜ ਸਵਾਰੀ ਸਿਖਾਉਣ ਵਾਸਤੇ ਤਾਇਨਾਤ ਕੀਤਾ।

1691: ਬਿਲਾਸਪੁਰ ਰਿਆਸਤ ਦੀ ਰਾਣੀ ਚੰਪਾ ਦੀ ਮੌਤ ਹੋਈ

12 ਮਈ 1691 ਦੇ ਦਿਨ ਬਿਲਾਸਪੁਰ ਦੀ ਮਹਾਰਾਣੀ ਚੰਪਾ ਚੜ੍ਹਾਈ ਕਰ ਗਈ। ਰਾਣੀ ਚੰਪਾ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਰਾਣੀ ਦੀ ਸਤਾਰ੍ਹਵੀਂ 27 ਮਈ ਦੇ ਦਿਨ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਪਰਿਵਾਰ ਅਤੇ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਬਿਲਾਸਪੁਰ ਗਏ। ਗੁਰੂ ਸਾਹਿਬ ਤਿੰਨ ਦਿਨ ਉੱਥੇ ਰਹੇ ਆਖ਼ਰੀ ਰਸਮਾਂ ਮਗਰੋਂ ਅਨੰਦਪੁਰ ਮੁੜ ਆਏ। ਰਾਣੀ ਚੰਪਾ ਦਾ ਪਿਛੋਕੜ ਇਹ ਹੈ ਕਿ ਉਸ ਦਾ ਪਤੀ ਬਿਲਾਸਪੁਰ ਦਾ ਰਾਜਾ ਦੀਪ ਚੰਦ, ਜੋ 26 ਅਪਰੈਲ 1665 ਦੇ ਦਿਨ ਚੜ੍ਹਾਈ ਕਰ ਗਿਆ ਸੀ, ਦੀ ਅੰਤਮ ਰਸਮ ਬਾਰ੍ਹਾਂ ਮਈ ਦੇ ਦਿਨ ਰਖੀ ਗਈ ਸੀ। ਰਾਣੀ ਚੰਪਾ ਨੇ ਆਪਣਾ ਵਜ਼ੀਰ ਕੀਰਤਪੁਰ ਭੇਜਿਆ ਤੇ ਗੁਰੂ ਸਾਹਿਬ ਨੂੰ ਦੀਪ ਚੰਦ ਦੀ ਅਰਦਾਸ ਕਰਨ ਵਾਸਤੇ ਬਿਲਾਸਪੁਰ ਪਹੁੰਚਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੌਂ ਮਈ ਦੀ ਸਵੇਰ ਨੂੰ ਬਿਲਾਸਪੁਰ ਚਲੇ ਗਏ। ਰਾਜਾ ਦੀਪ ਚੰਦ ਦੀ ਅਰਦਾਸ ਮਗਰੋਂ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵਾਪਿਸ ਜਾਣ ਦੀ ਤਿਆਰੀ ਸ਼ੁਰੂ ਕੀਤੀ ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਦੀ ਮਾਤਾ ਨਾਨਕੀ ਨਾਲ ਗੱਲ ਕੀਤੀ ਕਿ ਮੈਨੂੰ ਪਤਾ ਲੱਗਾ ਹੈ ਕਿ ਗੁਰੂ ਸਾਹਿਬ ਬਕਾਲਾ ਦੀ ਥਾਂ ਨਵਾਂ ਦਰਬਾਰ (ਹੈੱਡ-ਕੁਆਰਟਰਜ਼) ਬਾਂਗਰ ਦੇਸ ਦੇ ਨਗਰ ਧਮਤਾਨ ਵਿਚ ਕਾਇਮ ਕਰਨਾ ਚਾਹੁੰਦੇ ਹਨ। ਇਹ ਥਾਂ ਬਿਲਾਸਪੁਰ ਅਤੇ ਕੀਰਤਪੁਰ ਤੋਂ ਬਹੁਤ ਦੂਰ ਹੈ। ਮੇਰੀ ਅਰਜ਼ ਹੈ ਕਿ ਗੁਰੂ ਸਾਹਿਬ ਸਾਡੀ ਰਿਆਸਤ ਤੋਂ ਦੂਰ ਨਾ ਜਾਣ। ਜੇ ਉਨ੍ਹਾਂ ਨੂੰ ਕੀਰਤਪੁਰ ਵਿਚ ਥਾਂ ਥੋੜ੍ਹੀ ਜਾਪਦੀ ਹੈ ਤਾਂ ਮੈਂ ਨਵਾਂ ਨਗਰ ਵਸਾਉਣ ਵਾਸਤੇ ਹੋਰ ਥਾਂ ਭੇਟ ਕਰ ਦੇਵਾਂਗੀ। ਮਾਤਾ ਨਾਨਕੀ ਨੇ ਰਾਣੀ ਚੰਪਾ ਦੀ ਅਰਜ਼ੋਈ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਸਿਆ। ਗੁਰੂ ਸਾਹਿਬ ਨੇ ਮਾਤਾ ਜੀ ਨੂੰ ਦੱਸਿਆ ਕਿ ਧਮਤਾਨ ਦੀਆਂ ਸੰਗਤਾਂ ਨੇ ਤਾਂ ਹੁਣ ਤਕ ਮਹਿਲ, ਧਰਮਸਾਲਾ ਤੇ ਖੂਹ ਵੀ ਤਿਆਰ ਕਰ ਦਿਤੇ ਹੋਣਗੇ। ਮਾਤਾ ਜੀ ਨੇ ਜਦ ਰਾਣੀ ਚੰਪਾ ਦੀ ਨਿਮੋਝੂਣਤਾ ਅਤੇ ਦਰਦ ਬਾਰੇ ਗੁਰੂ ਜੀ ਨੂੰ ਦਸਿਆ ਤਾਂ ਗੁਰੂ ਜੀ ਦੇ ਦਿਲ ਵਿਚ ਤਰਸ ਆਇਆ ਤੇ ਉਨ੍ਹਾਂ ਨੇ ਬਿਲਾਸਪੁਰ ਰਿਆਸਤ ਵਿਚ ਨਵਾਂ ਪਿੰਡ ਵਸਾਉਣਾ ਮਨਜ਼ੂਰ ਕਰ ਲਿਆ ਪਰ ਸ਼ਰਤ ਰੱਖੀ ਕਿ ਉਹ ਇਸ ਪਿੰਡ ਵਾਸਤੇ ਜਗਹ ਦਾਨ ਵਿਚ ਨਹੀਂ ਬਲਕਿ ਰਕਮ ਤਾਰ ਕੇ ਮੁੱਲ ਲੈਣਗੇ। ਯਕੀਨਨ ਗੁਰੂ ਤੇਗ਼ ਬਹਾਦਰ ਨੇ ਇਹ ਵੀ ਸੋਚਿਆ ਹੋਵੇਗਾ ਕਿ ਪਹਾੜਾਂ ਵਿਚ ਇਕ ਸੁਰਖਿਅਤ ਪਿੰਡ ਪੰਥ ਦੇ ਸੈਂਟਰ ਵਜੋਂ ਬਿਹਤਰ ਰਹੇਗਾ। ਗੁਰੂ ਤੇਗ਼ ਬਹਾਦਰ ਸਾਹਿਬ ਨੇ **ਹਥੌਤ** (ਜਿੱਥੇ ਕਦੇ ਹਾਥੀਆਂ ਦੇ ਝੁੰਡ ਫਿਰਦੇ ਹੁੰਦੇ ਸਨ) ਦੇ ਇਲਾਕੇ ਵਿਚ, ਮਾਖੋਵਾਲ ਦੀ ਥੇਹ ਦੇ ਦੁਆਲੇ, ਮੀਆਂਪੁਰ, ਲੋਦੀਪੁਰ ਤੇ ਸਹੋਟਾ ਪਿੰਡਾਂ ਦੇ ਵਿਚਕਾਰਲੀ ਥਾਂ ਚੁਣੀ ਅਤੇ ਇਸ ਦੀ ਰਕਮ ਬਿਲਾਸਪੁਰ ਰਿਆਸਤ ਨੂੰ ਤਾਰ ਦਿਤੀ। ਅਜੋਕੇ ਗੁਰਦੁਆਰਾ ਗੁਰੂ ਦੇ ਮਹਲ ਵਾਲੀ ਥਾਂ 'ਤੇ ਗੁਰੂ ਸਾਹਿਬ ਨੇ 19 ਜੂਨ 1665 ਦੇ ਦਿਨ ਇਕ ਦਰਖ਼ਤ ਦਾ ਤਣਾ (ਮੋਹੜੀ) ਭਾਈ ਗੁਰਦਿਤਾ (ਪੋਤਾ ਬਾਬਾ ਬੁੱਢਾ ਜੀ) ਤੋਂ ਗਡਵਾ ਕੇ ਇਕ ਨਵੇਂ ਪਿੰਡ ਦੀ ਨੀਂਹ ਰੱਖੀ। ਉਨ੍ਹਾਂ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਦੇ ਨਾਂ ਤੇ 'ਚੱਕ ਨਾਨਕੀ' ਰੱਖਿਆ (ਹੁਣ ਸਰਕਾਰੀ ਕਾਗ਼ਜ਼ਾਂ ਵਿਚ ਇਸ ਦਾ ਨਾਂ ਸਿਰਫ਼ 'ਚੱਕ' ਵਜੋਂ ਹੀ ਮਿਲਦਾ ਹੈ)। ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ 29 ਮਾਰਚ 1689 ਦੇ ਦਿਨ ਬਿਲਾਸਪੁਰ ਦੀ ਰਾਣੀ ਚੰਪਾ ਆਪਣੇ ਪੁੱਤਰ ਭੀਮ ਚੰਦ ਨੂੰ ਲੈ ਕੇ ਚੱਕ ਨਾਨਕੀ ਵਿਚ ਆਈ। ਚੱਕ ਨਾਨਕੀ

'ਚ ਕਈ ਦਿਨ ਭਰਪੂਰ ਰੌਣਕਾਂ ਰਹੀਆਂ। ਰਾਣੀ ਚੰਪਾ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਮੁੜ ਕੇ ਉਸ ਤੋਂ ਦੂਰ ਨਾ ਜਾਣ ਅਤੇ ਜੇ ਗੁਰੂ ਸਾਹਿਬ ਮਹਿਸੂਸ ਕਰਦੇ ਹਨ ਕਿ ਚੱਕ ਨਾਨਕੀ ਦੀ ਜਗ੍ਹਾ ਥੋੜੀ ਹੈ ਤਾਂ ਗੁਰੂ ਸਾਹਿਬ ਇਕ ਨਵਾਂ ਪਿੰਡ ਵਸਾ ਲੈਣ। ਰਾਣੀ ਚੰਪਾ ਨੇ ਨਵੇਂ ਨਗਰ ਵਾਸਤੇ ਜ਼ਮੀਨ ਅਰਦਾਸ ਕਰਵਾਉਣ ਦੀ ਖ਼ਾਹਿਸ਼ ਵੀ ਜ਼ਾਹਿਰ ਕੀਤੀ ਤੇ ਕਿਹਾ ਕਿ ਗੁਰੂ ਸਾਹਿਬ ਚਾਹੁਣ ਤਾਂ ਆਪਣੀ ਰਿਆਸਤ ਦੀ ਹਿਫ਼ਾਜ਼ਤ ਵਾਸਤੇ ਕਿਲ੍ਹੇ ਵੀ ਤਿਆਰ ਕਰਵਾ ਲੈਣ।

1710: ਚੱਪੜ ਚਿੜੀ ਵਿਚ ਬੰਦਾ ਸਿੰਘ ਬਹਾਦਰ ਤੇ ਸਰਹੰਦੀ ਤੇ ਮਲੇਰਕੋਟਲਾ ਦੀਆਂ ਫ਼ੌਜਾਂ ਵਿਚ ਲੜਾਈ ਹੋਈ; ਵਜ਼ੀਰ ਖ਼ਾਂ ਤੇ ਸ਼ੇਰ ਮੁਹੰਮਦ ਖ਼ਾਂ ਮਾਰੇ ਗਏ

ਬਹੁਤ ਸਾਰੇ ਇਲਾਕੇ ਜਿੱਤਣ ਮਗਰੋਂ ਬੰਦਾ ਸਿੰਘ ਨੇ ਸਰਹੰਦ ਤੇ ਹਮਲਾ ਕਰਨ ਦੀ ਪਲਾਨ ਬਣਾਈਤੇ ਉਹ ਫ਼ੌਜਾਂ ਲੈ ਕੇ ਚੱਪੜ ਚਿੜੀ ਦੇ ਇਲਾਕੇ ਵਿਚ ਪਹੁੰਚ ਗਿਆ। 12 ਮਈ 1710 ਦੀ ਸਵੇਰ ਤਕ ਵਜ਼ੀਰ ਖ਼ਾਨ ਦੀ ਫ਼ੌਜ ਵੀ ਪਹੁੰਚ ਚੁਕੀ ਸੀ। ਭਾਵੇਂ ਕੁਝ ਸੋਮੇ ਵਜ਼ੀਰ ਖ਼ਾਨ ਦੀ ਫ਼ੌਜ ਇਕ ਲੱਖ ਦੇ ਕਰੀਬ ਦਸਦੇ ਹਨ ਪਰ ਮੁਸਲਿਮ ਲਿਖਾਰੀਆਂ ਮੁਤਾਬਿਕ ਵਜ਼ੀਰ ਖ਼ਾਨ ਕੋਲ ਕੁਲ 5-6 ਹਜ਼ਾਰ ਘੋੜਸਵਾਰ, 7-8 ਹਜ਼ਾਰ ਬੰਦੂਕਚੀ, 8 ਹਜ਼ਾਰ ਗ਼ਾਜ਼ੀ (ਜਹਾਦ ਵਾਲੇ) ਅਤੇ ਕੁਝ ਪੈਦਲ ਫ਼ੌਜ ਵੀ ਸੀ (ਯਾਨਿ ਕੁਲ ਵੀਹ ਹਜ਼ਾਰ)। ਉਸ ਦੀ ਫ਼ੌਜ ਵਿਚ ਸਭ ਤੋਂ ਅੱਗੇ ਹਾਥੀ ਸਨ।ਸਰਹੰਦੀ ਫ਼ੌਜ ਵਿਚ ਸਾਰੇ ਪਾਸਿਓਂ "ਯਾ ਅਲੀ, ਯਾ ਅਲੀ" ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਸ 'ਤੇ ਸਿੱਖਾਂ ਨੇ "ਅਕਾਲ! ਅਕਾਲ!!" ਦੇ ਜੈਕਾਰੇ ਗਜਾਉਣੇ ਸ਼ੁਰੂ ਕਰ ਦਿਤੇ। ਸਿੱਖ ਜਰਨੈਲਾਂ ਨੇ 'ਸੱਚਾ ਪਾਤਸ਼ਾਹ' ਅਤੇ 'ਫ਼ਤਹਿ ਦਰਸ਼ਨ' ਦੇ ਨਵੇਂ ਜੈਕਾਰੇ ਵੀ ਘੜ ਲਏ ਕਿਉਂ ਕਿ ਇਹ ਜੈਕਾਰੇ 'ਅਲ੍ਹਾ ਹੂ ਅਕਬਰ' ਵਾਂਗ ਜਾਪਦੇ ਸਨ। ਲੜਾਈ ਸ਼ੁਰੂ ਹੁੰਦਿਆਂ ਹੀ ਜਦੋਂ ਹਾਥੀ ਸਿੱਖਾਂ ਦੀਆਂ ਤੋਪਾਂ ਦੀ ਮਾਰ ਦੇ ਦਾਇਰੇ ਵਿਚ ਆ ਗਏ ਤਾਂ ਸਿੱਖਾਂ ਨੇ ਇਕ ਦਮ ਗੋਲੇ ਬਰਸਾ ਕੇ ਹਾਥੀਆਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ। ਵਜ਼ੀਰ ਖ਼ਾਨ ਦੀ ਫ਼ੌਜ ਦੇ ਕੁਝ ਹਾਥੀ ਜ਼ਖ਼ਮੀ ਹੋ ਕੇ ਚਿੰਘਾੜਦੇ ਹੋਏ ਪਿੱਛੇ ਨੂੰ ਦੌੜੇ ਅਤੇ ਆਪਣੇ ਫ਼ੌਜੀਆਂ ਨੂੰ ਹੀ ਜ਼ਖ਼ਮੀ ਕਰ ਗਏ। ਇਸ ਦੇ ਜਵਾਬ ਵਜੋਂ ਸਰਹੰਦ ਦੀ ਫ਼ੌਜ ਦੀਆਂ ਤੋਪਾਂ ਵੀ ਵਰ੍ਹਨ ਲਗ ਪਈਆਂ। ਸਿੱਖ ਫ਼ੌਜਾਂ ਕਿਉਂ ਕਿ ਝਿੜੀ ਵਾਲੇ ਪਾਸੇ ਸਨ ਇਸ ਕਰ ਕੇ ਉਨ੍ਹਾਂ ਨੂੰ ਦਰਖ਼ਤਾਂ ਦੀ ਓਟ ਮਿਲ ਗਈ। ਉਧਰ ਸਿੱਖਾਂ ਦੀਆਂ ਤੋਪਾਂ ਨੇ ਸਰਹੰਦੀ ਤੋਪਚੀਆਂ ਨੂੰ ਆਪਣੀ ਮਾਰ ਹੇਠ ਲੈ ਆਂਦਾ ਜਿਸ ਨਾਲ ਉਨ੍ਹਾਂ ਵੱਲੋਂ ਤੋਪਾਂ ਦੀ ਗੋਲਾਬਾਰੀ ਬੰਦ ਹੋ ਗਈ। ਹੁਣ ਕਈ ਸਿੱਖ ਘੋੜਸਵਾਰ ਸਰਹੰਦੀ ਫ਼ੌਜਾਂ ਵਿਚ ਜਾ ਵੜੇ ਅਤੇ ਵੱਢ-ਟੁੱਕ ਸ਼ੁਰੂ ਹੋ ਗਈ। ਸਿੱਖਾਂ ਨੂੰ ਸਰਹੰਦ ਰਿਆਸਤ 'ਤੇ ਬਹੁਤ ਗੁੱਸਾ ਸੀ ਅਤੇ ਉਹ ਇਸ ਦੇ ਹਾਕਮਾਂ ਨੂੰ ਸਜ਼ਾ ਦੇਣਾ ਚਾਹੁੰਦੇ ਸਨ; ਇਸ ਕਰ ਕੇ ਉਹ ਸਿਰ ਤਲੀ 'ਤੇ ਰਖ ਕੇ ਜੂਝ ਰਹੇ ਸਨ। ਦੂਜੇ ਪਾਸੇ ਮੁਗ਼ਲ ਅਤੇ ਪਠਾਣ ਫ਼ੌਜੀ ਤਾਂ ਸਿਰਫ਼ ਤਨਖ਼ਾਹਦਾਰ ਸਨ। ਜਦੋਂ ਬਹੁਤ ਮਾਰੋ-ਮਾਰੀ ਹੋ ਚੁਕੀ ਸੀ ਤਾਂ ਬਹੁਤ ਸਾਰੇ ਭਾੜੇ ਦੇ ਸਰਹੰਦੀ ਫ਼ੌਜੀਆਂ ਨੇ ਜਾਨ ਬਚਾਉਣ ਵਾਸਤੇ ਖਿਸਕਣਾ ਸ਼ੁਰੂ ਕਰ ਦਿਤਾ। ਜਹਾਦ ਦੇ ਨਾਂ 'ਤੇ ਇਕੱਠੇ ਕੀਤੇ ਪਠਾਣ ਤੇ ਮੁਗ਼ਲ ਵੀ ਬਹੁਤੀ ਦੇਰ ਲੜਾਈ ਨਾ ਕਰ ਸਕੇ। ਉਨ੍ਹਾਂ ਵਿਚੋਂ ਬਹੁਤੇ ਮਾਰੇ ਗਏ ਜਾਂ ਮੈਦਾਨ ਛੱਡ ਕੇ ਭੱਜ ਗਏ। ਇਸ ਮੌਕੇ 'ਤੇ ਗੰਡਾ ਮੱਲ (ਭਤੀਜਾ ਸੁੱਚਾ ਨੰਦ) ਵੀ ਆਪਣੇ ਜਾਸੂਸ ਹਿੰਦੂ ਫ਼ੌਜੀ ਲੈ ਕੇ ਭੱਜਣ ਲਗ ਪਿਆ। ਇਸ ਨਾਲ ਸਿੱਖਾਂ ਦੇ ਖੇਮੇ ਵਿਚ ਵੀ ਕੁਝ ਘਬਰਾਹਟ ਫੈਲ ਗਈ। ਇਸ ਨੂੰ ਵੇਖ ਕੇ ਬੰਦਾ ਸਿੰਘ ਟਿੱਲੇ ਤੋਂ ਉਤਰ ਕੇ ਆਪ ਮੈਦਾਨੇ-ਜੰਗ ਵਿਚ ਆ ਗਿਆ। ਬੰਦਾ ਸਿੰਘ ਨੂੰ ਆਪਣੇ ਵਿਚ ਖੜਾ ਵੇਖ ਕੇ ਸਿੱਖਾਂ ਦੇ ਹੌਸਲੇ ਦੂਣੇ-ਚੌਣੇ ਹੋ ਗਏ ਤੇ ਉਹ ਨਵੇਂ ਜੋਸ਼ ਨਾਲ ਸਰਹੰਦੀ ਫ਼ੌਜਾਂ 'ਤੇ ਟੁੱਟ ਪਏ। ਇਸ ਨਾਲ ਸਰਹੰਦੀ ਫ਼ੌਜਾਂ ਨੇ ਪਿੱਛੇ ਹਟਣਾ ਸ਼ੁਰੂ ਕਰ ਦਿਤਾ। ਇਹ ਵੇਖ ਕੇ ਵਜ਼ੀਰ ਖ਼ਾਨ ਤੇ ਉਸ ਦਾ ਵਜ਼ੀਰ ਸੁੱਚਾ ਨੰਦ

ਆਪ ਅਗਲੀਆਂ ਸਫ਼ਾਂ ਵਿਚ ਆ ਗਏ ਅਤੇ ਸਰਹੰਦੀ ਫ਼ੌਜਾਂ ਨੂੰ ਹੱਲਾਸ਼ੇਰੀ ਦੇਣ ਲਗ ਪਏ। ਸਭ ਤੋਂ ਪਹਿਲੀ ਟੱਕਰ ਬਾਜ਼ ਸਿੰਘ ਅਤੇ ਸੁੱਚਾ ਨੰਦ ਵਿਚ ਹੋਈ। ਬਾਜ਼ ਸਿੰਘ ਜਦ ਸੁੱਚਾ ਨੰਦ ਵੱਲ ਵਧਿਆ ਤਾਂ ਬੁਜ਼ਦਿਲ ਸੁੱਚਾ ਨੰਦ ਖ਼ੌਫ਼ ਨਾਲ ਦਹਿਲ ਗਿਆ ਤੇ ਪਿੱਛੇ ਨੂੰ ਭੱਜ ਪਿਆ। ਸਿੱਖਾਂ ਨੇ ਉਸ ਦਾ ਪਿੱਛਾ ਨਾ ਕੀਤਾ। (ਮੈਦਾਨ ਵਿੱਚੋਂ ਭੱਜੇ ਸੁੱਚਾ ਨੰਦ ਨੇ ਸਰਹੰਦ ਪੁੱਜ ਕੇ ਹੀ ਸਾਹ ਲਿਆ)। ਇਸ ਮਗਰੋਂ ਜਦ ਬਾਜ਼ ਸਿੰਘ ਤੇ ਫ਼ਤਹਿ ਸਿੰਘ ਦੀ ਨਿਗਾਹ ਵਜ਼ੀਰ ਖ਼ਾਨ 'ਤੇ ਪਈ ਤਾਂ ਉਹ ਘੋੜੇ ਦੌੜਾ ਕੇ ਉਸ ਵਲ ਆ ਗਏ ਤੇ ਉਸ ਦੇ ਹਾਥੀ ਨੂੰ ਘੇਰ ਲਿਆ। ਹੁਣ ਹੱਥੋ-ਹੱਥ ਲੜਾਈ ਹੋਈ ਜਿਸ ਵਿਚ ਵਜ਼ੀਰ ਖ਼ਾਨ ਮਾਰਿਆ ਗਿਆ। ਏਨੇ ਵਿਚ ਹੀ ਉਨ੍ਹਾਂ ਨੂੰ ਸ਼ੇਰ ਮੁਹੰਮਦ ਖ਼ਾਨ (ਮਲੇਰਕੋਟਲਾ ਵਾਲਾ, ਜੋ ਬਹਿਲੋਲਪੁਰ ਤੇ ਰਾਹੋਵਾਂ ਵਿਚ ਮਝੈਲਾਂ ਹਥੋਂ ਹਾਰ ਖਾ ਕੇ ਫਿਰ ਇੱਥੇ ਚੱਪੜ-ਚਿੜੀ ਵਿਚ ਆ ਲੜਿਆ ਸੀ) ਵੀ ਨਜ਼ਰ ਆ ਗਿਆ। ਸਿੱਖਾਂ ਨੇ ਉਸ ਨੂੰ ਵੀ ਪਾਰ ਬੁਲਾ ਦਿਤਾ। ਉਸ ਦਾ ਭਰਾ ਖਵਾਜਾ ਅਲੀ ਵੀ ਮਾਰਿਆ ਗਿਆ ਇਨ੍ਹਾਂ ਦੀ ਮੌਤ ਮਗਰੋਂ ਇਕ ਵੀ ਪਠਾਣ ਜਾਂ ਮੁਗ਼ਲ ਫ਼ੌਜੀ ਮੈਦਾਨ ਵਿਚ ਨਾ ਠਹਿਰਿਆ। ਸਾਰੇ ਮੁਗ਼ਲ ਫ਼ੌਜੀ ਸਭ ਕੁਝ ਛੱਡ ਕੇ ਖ਼ਾਲੀ ਹੱਥ ਸਿਰਫ਼ ਜਾਨ ਬਣਾ ਕੇ ਭੱਜ ਗਏ। ਇਹ ਲੜਾਈ 12 ਮਈ ਦੀ ਸਵੇਰ ਤੋਂ ਦੁਪਹਿਰ ਤਕ ਹੀ ਚੱਲੀ ਸੀ।

1961: ਫ਼ਤਹਿ ਸਿੰਘ ਤੇ ਪੰਡਤ ਨਹਿਰੂ ਵਿਚਕਾਰ ਤੀਜੀ ਮੁਲਾਕਾਤ ਹੋਈ

9 ਜਨਵਰੀ 1961 ਦੇ ਦਿਨ ਫ਼ਤਹਿ ਸਿੰਘ ਵੱਲੋਂ ਵਰਤ ਛੱਡੇ ਜਾਣ ਮਗਰੋਂ ਨਹਿਰੂ ਨੇ ਫ਼ਤਹਿ ਸਿੰਘ ਨੂੰ ਮੁਲਾਕਾਤਾਂ ਵਾਸਤੇ ਬੁਲਾਇਆ ਗਿਆ। ਪਹਿਲੀ ਮੁਲਾਕਾਤ 8 ਫ਼ਰਵਰੀ 1961, ਦੂਜੀ 1 ਮਾਰਚ 1961 ਦੇ ਦਿਨ ਅਤੇ ਤੀਜੀ 1 ਮਾਰਚ 1961 ਨੂੰ ਹੋਈ ਤੇ ਇਸ ਵਿਚ ਵੀ, ਪਿਛਲੀ ਮੀਟਿੰਗ ਵਾਂਗ, ਪਹਿਲਾ ਅੱਧਾ ਘੰਟਾ ਨਹਿਰੂ ਅਤੇ ਫਤਹਿ ਸਿੰਘ ਇਕੱਲੇ ਮਿਲੇ ਤੇ ਫਿਰ ਲਛਮਣ ਸਿੰਘ ਗਿੱਲ, ਗੁਜਰਾਲ ਤੇ ਗੁਰਬਖਸ਼ ਸਿੰਘ ਵੀ ਆ ਗਏ। ਇਸ ਵਿਚ ਉਨ੍ਹਾਂ ਨੇ ਕੈਰੋਂ ਦੇ ਖ਼ਿਲਾਫ਼ 15 ਸਫ਼ੇ ਦਾ ਮੈਮੋਰੰਡਮ ਵੀ ਦਿੱਤਾ ਤੇ ਉਸ ਵਿਰੁਧ ਪੜਤਾਲ ਦੀ ਮੰਗ ਕੀਤੀ। ਨਾਲ ਹੀ ਪੰਜਾਬੀ ਸੂਬੇ ਸਬੰਧੀ ਕੀਤੇ ਮੁਕੱਦਮੇ ਵਾਪਸ ਲੈਣ ਦੀ ਮੰਗ ਵੀ ਕੀਤੀ ਗਈ। ਇਸ ਮੀਟਿੰਗ ਵਿਚ ਨਹਿਰੂ ਨੇ ਫਤਹਿ ਸਿੰਘ ਨੂੰ ਕਿਹਾ ਕਿ ਇਸ ਵੇਲੇ ਸਰਹੱਦ 'ਤੇ ਚੀਨ ਦੇ ਹਮਲੇ ਦਾ ਖ਼ਦਸ਼ਾ ਹੈ ਤੇ ਪੰਜਾਬੀ ਸੂਬਾ ਬਣਾਉਣਾ ਮਾਸਟਰ ਤਾਰਾ ਸਿੰਘ ਦੇ ਹੱਥ ਤਾਕਤ ਸੌਂਪਣਾ ਹੋਵੇਗਾ। ਮੈਂ ਇਕ ਦੁਸ਼ਮਣ ਦੇ ਹੱਥ ਤਾਕਤ ਕਿਵੇਂ ਸੌਂਪ ਦੇਵਾਂ! ਹਾਂ ਜੇ ਤੁਸੀਂ ਅਕਾਲੀ ਦਲ ਦੇ ਪ੍ਰਧਾਨ ਹੁੰਦੇ ਤਾਂ ਗੱਲ ਹੋਰ ਸੀ। ਫਤਹਿ ਸਿੰਘ ਵਾਸਤੇ ਇਹ ਬੜੀ ਵੱਡੀ ਗੱਲ ਸੀ ਕਿ ਨਹਿਰੂ ਉਸ ਦੀ ਤਾਰੀਫ਼ ਕਰ ਰਿਹਾ ਸੀ ਤੇ ਮਾਸਟਰ ਦੀ ਮੁਖ਼ਾਲਫ਼ਤ। ਹੁਣ ਫਤਹਿ ਸਿੰਘ ਦੇ ਮਨ ਵਿਚ ਮਾਸਟਰ ਤਾਰਾ ਸਿੰਘ ਦੀ ਥਾਂ ਨੂੰ ਹਾਸਿਲ ਕਰਨ ਦਾ ਵਿਚਾਰ ਪੁੰਗਰਨਾ ਸ਼ੁਰੂ ਹੋ ਗਿਆ। ਇਸ ਨੂੰ ਨਹਿਰੂ ਨੇ ਵੀ ਭਾਂਪ ਲਿਆ। ਬਸ ਇੱਥੋਂ ਹੀ ਫਤਹਿ ਸਿੰਘ ਦੀ ਬਗ਼ਾਵਤ ਦਾ ਮੁੱਢ ਬੱਝ ਗਿਆ ਸੀ। ਪਰ ਉਹ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਸੀ।

1984: ਲਾਲਾ ਜਗਤ ਨਾਰਾਇਣ ਦੇ ਪੁੱਤਰ ਰਮੇਸ਼ ਦਾ ਕਤਲ ਹੋਇਆ

ਲਾਲਾ ਜਗਤ ਨਰੈਣ ਤੋਂ ਮਗਰੋਂ ਉਸ ਦਾ ਪੁੱਤਰ ਰਮੇਸ਼ ਸਿੱਖਾਂ ਅਤੇ ਅਕਾਲੀਆਂ ਦੇ ਖ਼ਿਲਾਫ਼ ਅਕਸਰ ਲਿਖਦਾ ਰਹਿੰਦਾ ਸੀ; ਉਸ ਦਾ ਆਖ਼ਰੀ ਐਕਸ਼ਨ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਰਾਣਾ ਪ੍ਰਤਾਪ ਤੇ ਸ਼ਿਵਾਜੀ ਮਰਹੱਟਾ ਨੂੰ ਇਕ ਕੈਲੰਡਰ ਵਿਚ ਬਰਾਬਰ ਦਾ ਥਾਂ ਦੇਣਾ ਸੀ। ਸਿੱਖ ਪਹਿਲਾਂ ਵੀ ਕਈ ਵਾਰ ਰਮੇਸ਼ ਕੁਮਾਰ ਦੀਆਂ ਕਾਰਵਾਈਆਂ ਨੂੰ ਕਈ ਵਾਰ ਨਿੰਦ ਚੁਕੇ ਸਨ ਪਰ ਰਮੇਸ਼ ਨੇ ਫੇਰ ਵੀ ਇਹ ਸ਼ਰਾਰਤ ਕਰ ਦਿੱਤੀ ਸੀ; ਕੁਝ ਸਿੱਖਾਂ ਦੇ ਸੁਝਾਉਣ 'ਤੇ ਉਸ ਨੇ ਇਸ ਦੀ ਨਰਮ ਤੇ ਢਿੱਲੀ ਜਿਹੀ ਮੁਆਫ਼ੀ ਵੀ ਮੰਗ ਲਈ ਪਰ 12 ਮਈ 1984 ਨੂੰ

ਖਾੜਕੂਆਂ ਨੇ ਉਸ ਨੂੰ ਕਤਲ ਕਰ ਦਿੱਤਾ। ਇਸ ਕੇਸ ਵਿਚ ਸੁਖਦੇਵ ਸਿੰਘ ਉਰਫ਼ ਜਨਰਲ ਲਾਭ ਸਿੰਘ (ਪੰਜਵੜ),ਗੁਰਿੰਦਰ ਸਿੰਘ ਭੋਲਾ (ਤਰਨਤਾਰਨ), ਸਵਰਨਜੀਤ ਸਿੰਘ (ਅਲਾਦੀਨਪੁਰ), ਦਲਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਨਾਮਜ਼ਦ ਕੀਤਾ ਗਿਆ।

1988: ਬਲਕਾਰ ਸਿੰਘ ਤੇ ਕੁਲਦੀਪ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

12 ਮਈ 1988 ਦੇ ਦਿਨ ਪੁਲਸ ਨੇ ਬਲਕਾਰ ਸਿੰਘ (ਪੁਤਰ ਸਾਧੂ ਸਿੰਘ, ਵਾਸੀ ਸਾਹਪੁਰ, ਨੇੜੇ ਬਟਾਲਾ), ਤੇ ਕੁਲਦੀਪ ਸਿੰਘ (ਪੁਤਰ ਸਵਰਨ ਸਿੰਘ, ਵਾਸੀ ਕੋਟਲਾ ਸਾਹੀਆਂ, ਨੇੜੇ ਭੁੱਲਰ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਤੇਜ ਸਿੰਘ ਪੂਨੀਆ, ਲਖਵਿੰਦਰ ਸਿੰਘ ਚੱਕ ਕਮਲ ਖ਼ਾਂ ਤੇ ਹਰਜੀਤ ਸਿੰਘ ਬੁੱਟਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਮਈ 1992 ਦੇ ਦਿਨ ਪੁਲਸ ਨੇ 1992 ਬਲਤੇਜ ਸਿੰਘ (ਪੁਤਰ ਅਜਮੇਰ ਸਿੰਘ, ਵਾਸੀ ਪੂਨੀਆ, ਬਠਿੰਡਾ), ਤੇ ਲਖਵਿੰਦਰ ਸਿੰਘ ਉਰਫ਼ ਲੱਖਾ (ਪੁਤਰ ਸੁਰਜੀਤ ਸਿੰਘ, ਵਾਸੀ ਚੱਕ ਕਮਲਾ ਖ਼ਾਂ, ਨੇੜੇ ਅਜਨਾਲਾ) ਤੇ ਹਰਜੀਤ ਸਿੰਘ ਉਰਫ਼ ਹਰੀ (ਪੁੱਤਰ ਕਸ਼ਮੀਰ ਸਿੰਘ, ਵਾਸੀ ਬੁੱਟਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1994: ਧਰਮਵੀਰ ਸਿੰਘ ਕੰਮੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

12 ਮਈ 1994 ਦੇ ਦਿਨ ਪੁਲਸ ਨੇ 1992 ਧਰਮਵੀਰ ਸਿੰਘ (ਪੁਤਰ ਹਰਨਾਮ ਸਿੰਘ, ਵਾਸੀ ਕੰਮੋਕੇ, ਨੇੜੇ ਪਿੰਡ ਬੁਤਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

13 ਮਈ

1708: ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬਹਾਦਰ ਸ਼ਾਹ ਬੁਰਹਾਨਪੁਰ (ਮੱਧ ਪ੍ਰਦੇਸ਼) ਪੁੱਜੇ

20 ਫ਼ਰਵਰੀ 1797 ਦੇ ਦਿਨ ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚ ਬਾਦਸ਼ਾਹ ਬਣਨ ਵਾਸਤੇ ਜੰਗ ਸ਼ੁਰੂ ਹੋ ਗਈ। ਇਨ੍ਹਾਂ ਵਿੱਚੋਂ ਮੁਅੱਜ਼ਮ (ਮਗਰੋਂ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ। ਉਹ ਉਸ ਵੇਲੇ ਜਮਰੌਦ ਵਿਚ ਸੀ ਤੇ ਉਸ ਦਾ ਦੂਜਾ ਭਰਾ ਤਾਰਾ ਆਜ਼ਮ ਦੱਖਣ ਵਿਚ ਸੀ। ਇਸ ਗੱਦੀ ਦੀ ਸਭ ਤੋਂ ਅਹਿਮ ਲੜਾਈ (ਜਜਾਊ ਦੀ ਲੜਾਈ) ਤੋਂ ਪਹਿਲਾਂ ਗੁਰੂ ਜੀ ਦਾ ਰਾਬਤਾ (ਸ਼ਾਇਦ ਭਾਈ ਨੰਦ ਲਾਲ ਰਾਹੀਂ) ਬਹਾਦਰ ਸ਼ਾਹ ਨਾਲ ਬਣ ਗਿਆ ਤੇ ਗੁਰੂ ਸਾਹਿਬ ਨੇ ਤਖ਼ਤ ਹਾਸਿਲ ਕਰਨ ਵਿਚ ਜਜਾਊ ਦੀ ਲੜਾਈ (8 ਜੂਨ 1707) ਵਿਚ ਉਸ ਦੀ ਮਦਦ ਵੀ ਕੀਤੀ। 23 ਜੁਲਾਈ 1707 ਦੇ ਦਿਨ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਬੁਲਾ ਕੇ ਉਨ੍ਹਾਂ ਨੂੰ ਖਿਲਤ (ਜਿਸ ਦੀ ਕੀਮਤ ਉਦੋਂ ਸੱਠ ਹਜ਼ਾਰ ਰੁਪੈ ਸੀ) ਵੀ ਭੇਟ ਕੀਤੀ। ਇਸ ਮੁਲਾਕਾਤ ਵਿਚ ਬਹਾਦਰ ਸ਼ਾਹ ਨੇ ਵਾਅਦਾ ਕੀਤਾ ਕਿ ਉਹ 1705 ਵਿਚ ਗੁਰੂ ਸਾਹਿਬ ਦਾ ਪਰਿਵਾਰ ਸ਼ਹੀਦ ਕਰਨ ਵਾਲਿਆਂ ਅਤੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਨੂੰ ਸਜ਼ਾ ਦੇਵੇਗਾ। ਪਰ ਇਸ ਦੌਰਾਨ ਬਹਾਦਰ ਸ਼ਾਹ ਨੂੰ ਅਜਮੇਰ ਤੇ ਜੈਪੁਰ ਦੇ ਰਾਜਪੂਤਾਂ ਦੀ ਬਗ਼ਾਵਤ ਨੂੰ ਦਬਾਉਣ ਵਾਸਤੇ ਰਾਜਪੂਤਾਨੇ ਵੱਲ ਜਾਣਾ ਪੈ ਗਿਆ। ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵੀ ਇਹ ਆਖ ਕੇ ਨਾਲ ਲੈ ਲਿਆ ਕਿ ਉਹ ਰਸਤੇ ਵਿਚ ਬਾਕੀ ਸਾਰਾ ਕੁਝ ਵਿਚਾਰ ਲੈਣਗੇ। ਬਹਾਦਰ ਸ਼ਾਹ ਅਜੇ ਰਾਜਪੂਤਾਂ ਨਾਲ ਸਿੱਝ ਹੀ ਰਿਹਾ ਸੀ ਕਿ ਉਸ ਨੂੰ ਆਪਣੇ ਤੀਜੇ ਭਰਾ ਕਾਮ ਬਖ਼ਸ਼ ਦੀ ਬਗ਼ਾਵਤ ਦੀ ਖ਼ਬਰ ਮਿਲੀ। ਉਹ ਇਸ ਨਵੀਂ ਬਗ਼ਾਵਤ

ਨੂੰ ਦਬਾਉਣ ਵਾਸਤੇ ਦੱਖਣ ਵਲ ਚਲ ਪਿਆ। ਗੁਰੂ ਜੀ ਵੀ ਉਸ ਦੇ ਨਾਲ ਹੀ ਚਲਦੇ ਗਏ। ਉਧਰ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਦੀ ਨੇੜਤਾ ਦਾ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਵੀ ਪਤਾ ਲਗ ਗਿਆ ਸੀ। ਉਸ ਨੇ ਚੋਖੀ ਰਕਮ ਦੇ ਕੇ ਆਪਣੇ ਨੁਮਾਇੰਦੇ ਤੇ ਸੂਹੀਏ (ਪਠਾਣ ਸਿਪਾਹੀ) ਦੱਖਣ ਵਲ ਤੋਰ ਦਿਤੇ। ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਦੇ ਕਾਫ਼ਲੇ 13 ਮਈ 1708 ਦੇ ਦਿਨ ਬੁਰਹਾਨਪੁਰ ਪੁੱਜੇ ਸਨ। ਵਜ਼ੀਰ ਖ਼ਾਨ ਦੇ ਨੁਮਾਇੰਦਿਆਂ ਦਾ ਮੇਲ ਬਾਦਸ਼ਾਹ ਨਾਲ ਬੁਰਹਾਨਪੁਰ ਜਾਂ ਇਸ ਤੋਂ ਕੁਝ ਚਿਰ ਮਗਰੋਂ ਹੀ ਹੋਇਆ ਹੋਵੇਗਾ ਕਿਉਂ ਕਿ ਬਹਾਦਰ ਸ਼ਾਹ ਮਈ 1708 ਦੇ ਦੋ ਹਫ਼ਤੇ ਨਰਮਦਾ ਦਰਿਆ ਵਿਚ ਹੜ੍ਹ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ। ਵਜ਼ੀਰ ਖ਼ਾਨ ਦੇ ਏਲਚੀਆਂ ਨੇ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲੀ ਗਈ ਅਤੇ ਉਸ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਵਜ਼ੀਰ ਖ਼ਾਨ ਦੀ ਭੇਜੀ ਰਕਮ ਕਾਰਨ ਹੁਣ ਉਹ ਉਸ ਦੇ ਖ਼ਿਲਾਫ਼ ਐਕਸ਼ਨ ਨਹੀਂ ਸੀ ਲੈਣਾ ਚਾਹੁੰਦਾ।ਗੁਰੂ ਸਾਹਿਬ ਤੇ ਬਹਾਦਰ ਸ਼ਾਹ ਵਿਚ ਆਖ਼ਰੀ ਮੁਲਾਕਾਤ ਤਾਪਤੀ ਦਰਿਆ ਪਾਰ ਕਰਨ (25 ਜੂਨ 1708) ਮਗਰੋਂ ਬਾਲਾਪੁਰ ਵਿਚ ਅਗਸਤ 1708 ਵਿਚ ਹੋਈ। ਇਸ ਮੁਲਾਕਾਤ ਵਿਚ ਗੁਰੂ ਸਾਹਿਬ ਨੇ ਜਾਣ ਲਿਆ ਕਿ ਬਹਾਦਰ ਸ਼ਾਹ ਆਪਣੇ ਕੌਲਾਂ ਤੋਂ ਮੁਕਰ ਗਿਆ ਹੈ। ਇਸ ਕਰ ਕੇ ਗੁਰੂ ਸਾਹਿਬ ਨੇ ਬਾਦਸ਼ਾਹ ਦਾ ਸਾਥ ਛੱਡ ਦਿਤਾ। ਬਾਦਸ਼ਾਹ 24 ਅਗਸਤ 1708 ਨੂੰ ਦਰਿਆ ਬਾਣਗੰਗਾ ਪਾਰ ਕਰ ਕੇ ਅੱਗੇ ਨਿਕਲ ਗਿਆ ਅਤੇ ਗੁਰੂ ਸਾਹਿਬ ਨੰਦੇੜ ਵਿਚ ਰੁਕ ਗਏ। ਗੁਰੂ ਸਾਹਿਬ ਨੇ ਫ਼ੈਸਲਾ ਕੀਤਾ ਕਿ ਬਾਦਸ਼ਾਹ ਤੋਂ ਆਸ ਛੱਡ ਕੇ ਆਪ ਇਨਸਾਫ਼ ਕਾਇਮ ਕੀਤਾ ਜਾਵੇ।

1984: ਜਲੰਧਰ ਵਿਚ ਦਹਿਸ਼ਤਗਰਦਾਂ ਨੇ ਸਿੱਖਾਂ ਦੀਆਂ 20 ਦੁਕਾਨਾਂ ਲੁੱਟੀਆਂ ਅਤੇ ਫਿਰ ਉਨ੍ਹਾਂ ਨੂੰ ਅੱਗਾਂ ਲਾ ਦਿੱਤੀਆਂ

ਰਮੇਸ਼ ਦੇ ਕਤਲ ਮਗਰੋਂ ਅਗਲੇ ਦਿਨ 13 ਮਈ 1984 ਦੇ ਦਿਨ ਸੀ.ਆਰ.ਪੀ.ਐਫ਼. ਦੀ ਕਮਾਨ ਤੇ ਹਿਫ਼ਾਜ਼ਤ ਹੇਠ ਦਹਿਸ਼ਤਗਰਦ ਹਿੰਦੂਆਂ ਨੇ ਜਲੰਧਰ ਵਿਚ ਜਲੂਸ ਕੱਢਿਆ; ਹਿੰਦੂ ਦਹਿਸ਼ਤਗਰਦਾਂ ਨੇ ਸਿੱਖਾਂ ਦੀਆਂ 20 ਦੁਕਾਨਾਂ ਲੁੱਟ ਕੇ ਸਾੜੀਆਂ। ਕਈ ਸਿੱਖਾਂ ਨੂੰ ਪੱਥਰ ਤੇ ਲਾਠੀਆਂ ਮਾਰ-ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਪੁਲਸ ਨੇ ਇਕ ਵੀ ਹਿੰਦੂ ਨੂੰ ਗ੍ਰਿਫ਼ਤਾਰ ਤਕ ਨਾ ਕੀਤਾ।

1988: ਬਲੈਕ ਥੰਡਰ ਅਪਰੇਸ਼ਨ ਹੇਠ ਦਰਬਾਰ ਸਾਹਿਬ 'ਤੇ ਗੋਲਾਬਾਰੀ ਜਾਰੀ ਰਹੀ

9 ਮਈ ਨੂੰ ਸ਼ੁਰੂ ਹੋਏ ਬਲੈਕ ਥੰਡਰ ਅਪਰੇਸ਼ਨ ਹੇਠ ਦਰਬਾਰ ਸਾਹਿਦ 'ਤੇ ਫ਼ੌਜੀ ਧਾਵੇ ਦਾ ਅਜ ਚੌਥਾ ਦਿਨ ਸੀ। ਨੌਂ ਮਈ ਤੋਂ 12 ਮਈ ਤਕ ਚਾਰੇ ਦਿਨ ਲਗਾਤਾਰ ਫ਼ਾਇਰਿੰਗ ਹੁੰਦੀ ਰਹੀ ਸੀ। ਇਸੇ ਦਿਨ ਪਾਣੀ ਦੀ ਟੈਂਕੀ 'ਤੇ ਫ਼ੌਜ ਦਾ ਕਬਜ਼ਾ ਹੋਣ ਨਾਲ ਖਾੜਕੂਆਂ ਦਾ ਪਾਸਾ ਕਮਜ਼ੋਰ ਹੋ ਗਿਆ 13 ਮਈ ਨੂੰ ਹਥਿਆਰ ਸੁੱਟਣ ਵਾਸਤੇ ਆਖਣ 'ਤੇ ਕੁਝ ਹੋਰ ਮੁਸਾਫ਼ਿਰ, ਔਰਤਾਂ ਤੇ ਬੱਚੇ ਬਾਹਰ ਆ ਗਏ। 14 ਮਈ ਨੂੰ ਕਾਰਸੇਵਾ ਵਾਲੇ ਉੱਤਮ ਸਿੰਘ ਦੇ ਸੇਵਾਦਾਰ ਬਾਹਰ ਆ ਗਏ। ਇਸ ਦਿਨ ਰਾਮਗੜ੍ਹੀਆ ਬੁੰਗੇ 'ਤੋਂ ਤੋਪਾਂ ਦੇ ਗੋਲੇ ਮਾਰ ਕੇ ਖਾੜਕੂਆਂ ਨੂੰ ਖਤਮ ਕਰਨ ਲਈ ਫ਼ੌਜ ਨੇ ਸਾਰਾ ਜ਼ੋਰ ਲਾਇਆ, ਪਰ ਕਾਮਯਾਬੀ ਨਾ ਮਿਲੀ।
13-14 ਮਈ 1988: ਦਰਬਾਰ ਸਾਹਿਬ ਸ਼ਹੀਦਾਂ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਦਰਸ਼ਨ ਸਿੰਘ (ਪੁੱਤਰ ਹਰਨਾਮ ਸਿੰਘ, ਵਾਸੀ ਜੋਗੇਵਾਲਾ, ਤਹਿਸੀਲ ਜ਼ੀਰਾ, ਫ਼ੀਰੋਜ਼ਪੁਰ), ਜਗਤਾਰ ਸਿੰਘ ਦੇ ਕਾਰ ਸੇਵਾ ਜਥੇ ਵਾਲੇ ਵੀ ਸਨ।

1988: ਭਾਗ ਸਿੰਘ ਘੜਿਆਲ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਭਾਗ ਸਿੰਘ (ਵਾਸੀ ਘੜਿਆਲ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਬਲਵਿੰਦਰ ਸਿੰਘ ਛੋਟਾ ਨਾਰੰਗਵਾਲ, ਪਰਗਟ ਸਿੰਘ ਸਮਰਾ ਮਾੜੀ, ਅਵਤਾਰ ਸਿੰਘ ਬੈਂਕਾ, ਸੁਖਦੇਵ ਸਿੰਘ ਸੰਧੂ ਭਗਵਾਨਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਬਲਵਿੰਦਰ ਸਿੰਘ ਉਰਫ਼ ਬੋਲਾ (ਵਾਸੀ ਛੋਟਾ ਨਾਰੰਗਵਾਲ, ਲੁਧਿਆਣਾ), ਪਰਗਟ ਸਿੰਘ ਸਮਰਾ (ਵਾਸੀ ਮਾੜੀ), ਅਵਤਾਰ ਸਿੰਘ ਬਿੱਲਾ (ਵਾਸੀ ਬੈਂਕਾ), ਸੁਖਦੇਵ ਸਿੰਘ ਸੰਧੂ (ਵਾਸੀ ਭਗਵਾਨਪੁਰਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991 ਗੁਰਮੇਜ ਸਿੰਘ ਪਬਰਾਲੀ ਤੇ ਬਲਵਿੰਦਰ ਕੌਰ ਚੌਧਰੀਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਈ 1991 ਦੇ ਦਿਨ ਪੁਲਸ ਨੇ ਗੁਰਮੇਜ ਸਿੰਘ (ਪੁਤਰ ਲੱਖਾ ਸਿੰਘ, ਵਾਸੀ ਪਬਰਾਲੀ) ਅਤੇ ਬੀਬੀ ਬਲਵਿੰਦਰ ਕੌਰ (ਪਤਨੀ ਹਰਨਾਮ ਸਿੰਘ, ਵਾਸੀ ਚੌਧਰੀਵਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992 ਦਲਜੀਤ ਸਿੰਘ ਬੱਬੂ ਨਕਲੀ ਮੁਕਾਬਲੇ ਵਿਚ ਸ਼ਹੀਦ

13 ਮਈ 1992 ਦੇ ਦਿਨ ਦਲਜੀਤ ਸਿੰਘ ਬੱਬੂ ਉਰਫ਼ ਬਾਬੂ ਉਰਫ਼ ਛੋਟਾ ਗੋਰਾ ਨੂੰ ਪੁਲੀਸ ਨੇ ਚੌਂਕ ਮਹਿਤਾ ਵਿਚ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2007: ਅਜੀਤ ਅਖ਼ਬਾਰ ਵਿਚ ਸਰਸੇ ਦੇ ਸੌਦਾ ਸਾਧ ਗੁਰਮੀਤ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਵਾਂਗ ਰਚਾਉਣ ਵਾਲੀ ਤਸਵੀਰ ਛਪੀ (ਜਿਸ ਨਾਲ ਮਗਰੋਂ ਉਸ ਦੇ ਖ਼ਿਲਾਫ਼ ਜ਼ਬਰਦਸਤ ਲਹਿਰ ਚਲ ਪਈ)

13 ਮਈ 2007 ਦੇ ਦਿਨ ਜਲੰਧਰ ਦੀ ਅਜੀਤ ਅਖ਼ਬਾਰ ਨੇ ਸਰਸਾ ਦੇ ਬਦਨਾਮ ਸਾਧ ਗੁਰਮੀਤ ਰਾਮ ਦਾ ਇਕ ਇਸ਼ਤਿਹਾਰ ਛਾਪਿਆ ਜਿਸ ਵਿਚ ਉਸ ਦੀ ਇਕ ਤਸਵੀਰ ਵੀ ਸੀ ਜਿਸ ਵਿਚ ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਖੰਡੇ ਦੀ ਪਾਹੁਲ ਸ਼ੁਰੂ ਕਰਨ ਦੇ ਦਿਨ ਦੇ ਦ੍ਰਿਸ਼ ਦੀ ਨਕਲ ਦਾ ਡਰਾਮਾ ਕੀਤਾ ਸੀ; ਉਨ੍ਹਾਂ ਦੀ ਤਸਵੀਰ ਵਾਂਗ ਹੀ ਪਹਿਰਾਵਾ, ਅੰਮ੍ਰਿਤ ਦੀ ਥਾਂ 'ਤੇ ਦੁਧ ਅਤੇ ਸ਼ਰਬਤ ਵਾਲਾ ਪਾਣੀ ਤੇ ਪੰਜਾ ਪਿਆਰਿਆ ਦੀ ਨਕਲ ਵਗ਼ੈਰਾ ਅਤੇ ਨਵੀਂ ਰਹਿਤ ਦਾ ਪਰਚਾਰ ਸੀ। ਗੁਰਮੀਤ ਰਾਮ ਦਾ ਮਕਸਦ ਖੰਡੇ ਦੀ ਪਾਹੁਲ ਅਤੇ ਗੁਰੂ ਸਾਹਿਬ ਨੂੰ ਮਜ਼ਾਕ ਬਣਾ ਕੇ ਪੇਸ਼ ਕਰਨਾ ਅਤੇ ਸਿੱਖਾਂ ਨੂੰ ਚਿੜਾਉਣਾ ਸੀ। ਇਸ ਮਗਰੋਂ ਪੰਜਾਬ ਵਚ ਬਹੁਤ ਤੂਫ਼ਾਨ ਉੱਠਿਆ; ਕਈ ਮੌਤਾਂ ਹੋਈਆਂ ਤੇ ਬਹੁਤ ਸਾਰੇ ਲੋਕ ਜ਼ਖ਼ਮੀ ਹੋਏ; ਚੌਂਕ ਮਹਿਤਾ ਡੇਰੇ ਦੇ ਹਰਨਮਾ ਧੁੰਮਾ ਅਤੇ ਹੋਰ ਸਾਧਾਂ ਨੇ ਸਿੱਖਾਂ ਨੂੰ ਮੂਰਖ ਬਣਾ ਕੇ ਭੜਕਾ ਕੇ ਅੰਦਰੋਂ-ਅੰਦਰੀਂ ਗੁਰਮੀਤ ਰਾਮ ਅਤੇ ਸਰਕਾਰ ਨਾਲ ਸੌਦੇਬਾਜ਼ੀ ਕਰ ਕੇ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਵੀ ਕਰਵਾਇਆ ਅਤੇ ਸਿੱਖਾਂ ਦੀ ਹੇਠੀ ਵੀ ਕਰਵਾਈ।

2012: ਭਾਰਤ ਸਰਕਾਰ ਨੇ ਪ੍ਰਵਾਸੀ ਸਿੱਖਾਂ ਦੀ ਬਲੈਕ ਲਿਸਟ ਵਿਚੋਂ 142 ਨਾਂ ਕੱਢੇ

13 ਮਈ 2011 ਦੇ ਦਿਨ ਭਾਰਤ ਸਰਕਾਰ ਨੇ ਪ੍ਰਵਾਸੀ ਸਿੱਖਾਂ ਦੀ ਬਲੈਕ ਲਿਸਟ ਵਿਚੋਂ 141 ਨਾਂ ਕੱਢ ਦੇਣ ਦਾ ਐਲਾਨ ਕੀਤਾ ਤੇ ਕਿਹਾ ਕਿ ਹੁਣ ਸਿਰਫ਼ 35 ਸਿੱਖਾਂ ਦੇ ਨਾਂ ਇਸ ਵਿਚ ਰਹਿ ਗਏ ਸਨ। ਚੇਤੇ ਰਹੇ ਕਿ 1984 ਤੋਂ ਮਗਰੋਂ ਹਜ਼ਾਰਾਂ ਪਰਵਾਸੀ ਸਿੱਖਾਂ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ ਸੀ। ਇਹ ਉਹ ਸਿੱਖ ਸਨ ਜਿਨ੍ਹਾਂ ਨੇ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜਾਂ ਦੇ ਹਮਲੇ ਦੇ ਖ਼ਿਲਾਫ਼ ਰੋਸ ਤੇ ਰੋਹ ਜ਼ਾਹਿਰ ਕੀਤਾ ਸੀ। ਪਹਿਲਾਂ ਸ ਸਿਮਰਨਜੀਤ ਸਿੰਘ ਮਾਨ ਵੱਲੋਂ ਮਾਰਚ 2003 ਵਿਚ ਉਘੇ ਸਿੱਖ ਇਤਿਹਾਸਕਾਰ ਡਾ: ਹਰਜਿੰਦਰ ਸਿੰਘ ਦਿਲਗੀਰ ਨੂੰ ਦੋਬਾਰਾ ਬਲੈਕ ਲਿਸਟ ਕਰਨ ਦੇ ਖ਼ਿਲਾਫ਼ ਹਿਊਮਨ ਰਾਈਟਸ ਕਮਿਸ਼ਨ ਵਿਚ ਕੀਤੀ ਪਟੀਸ਼ਨ ਸਬੰਧੀ ਜਵਾਬ ਤਲਬੀ ਵਿਚ ਭਾਰਤ ਸਰਕਾਰ ਦੀ ਹੋਮ ਮਨਿਸਟਰੀ ਨੇ 10 ਅਪਰੈਲ 2003 ਦੇ ਦਿਨ ਡਾ ਦਿਲਗੀਰ ਦਾ ਨਾਂ ਇਸ ਲਿਸਟ ਵਿਚੋਂ ਕੱਢਣਾ ਮੰਨ ਲਿਆ ਤੇ ਉਨ੍ਹਾਂ ਤੋਂ ਮਗਰੋਂ 353 ਹੋਰ ਨਾਂ ਕੱਢ ਦਿੱਤੇ ਗਏ। 6 ਅਗਸਤ ਨੂੰ ਇਸ ਵਿਚ ਸਿਰਫ਼ 141 ਨਾਂ ਰਹਿ ਗਏ ਸਨ (ਰਿਪੋਰਟ ਹਿਊਮਨ ਰਾਈਟਸ ਕਮਿਸ਼ਨ, 12 ਨਵੰਬਰ 2003)। ਇਸ ਮਗਰੋਂ ਫਿਰ ਕਈ ਹੋਰ ਸਿੱਖ ਬਲੈਕ ਲਿਸਟ ਕੀਤੇ ਗਏ ਤੇ ਇਹ ਗਿਣਤੀ ਫਿਰ 169 ਤਕ ਪਹੁੰਚ ਗਈ। ਫਿਰ 13 ਮਈ 2011 ਦੇ ਦਿਨ ਇਨ੍ਹਾਂ ਵਿਚੋਂ 142 ਨਾਂ ਕੱਢ ਦਿੱਤੇ ਗਏ। ਬਾਵੇਂ ਇਸ ਦਿਨ ਸਿਰਫ਼ 27 ਨਾਂ ਬਾਕੀ ਸਨ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਅਨ-ਐਲਾਨੇ ਤੌਰ 'ਤੇ ਵੀ ਬਲੈਕ ਲਿਸਟ ਕੀਤਾ ਹੋਇਆ ਸੀ।

14 ਮਈ

1710: ਸਰਹੰਦ ਸ਼ਹਿਰ ਅਤੇ ਕਿਲ੍ਹੇ 'ਤੇ ਵੀ ਸਿੱਖਾਂ ਦਾ ਕਬਜ਼ਾ ਹੋ ਗਿਆ

12 ਮਈ ਦੇ ਦਿਨ ਚੱਪੜ ਚਿੜੀ ਦੀ ਲੜਾਈ ਜੱਤਣ ਮਗਰੋਂ ਵੀਹ ਕਿਲੋਮੀਟਰ ਦਾ ਫ਼ਾਸਲਾ ਤੈਅ ਕਰ ਕੇ ਸਿੱਖ ਰਾਤ ਵੇਲੇ ਸਰਹੰਦ ਪਹੁੰਚ ਗਏ। ਇਸ ਵੇਲੇ ਸ਼ਹਿਰ ਦੇ ਦਰਵਾਜ਼ੇ ਬੰਦ ਸਨ; ਸਿੱਖ ਫ਼ੌਜਾਂ ਨੇ ਨਗਰ ਨੂੰ ਘੇਰਾ ਪਾ ਲਿਆ। ਅਗਲੇ ਦਿਨ ਇਕ ਨਿੱਕੀ ਜਹੀ ਝੜਪ ਮਗਰੋਂ ਸਿੱਖ ਸ਼ਹਿਰ ਵਿਚ ਦਾਖ਼ਿਲ ਹੋ ਗਏ। ਉਨ੍ਹਾਂ ਨੇ ਨਵਾਬ ਵਜ਼ੀਰ ਖ਼ਾਨ ਦੀ ਲਾਸ਼ ਦਾ ਜਲੂਸ ਕੱਢਿਆ ਅਤੇ ਕਿਲ੍ਹੇ ਦੇ ਕੋਲ ਲੈ ਆਏ। ਉਨ੍ਹਾਂ ਨੇ ਇਸ ਲਾਸ਼ ਨੂੰ ਇਕ ਦਰਖ਼ਤ ਨਾਲ ਪੁੱਠਾ ਲਟਕਾ ਦਿਤਾ। ਇਸ ਵੇਲੇ ਤਕ ਲਾਸ਼ ਵਿਚੋਂ ਬੋਅ ਆਉਣੀ ਸ਼ੁਰੂ ਹੋ ਚੁਕੀ ਸੀ। ਛੇਤੀ ਹੀ ਗਿਰਝਾਂ ਅਤੇ ਹੋਰ ਪੰਛੀਆਂ ਨੇ ਉਸ ਦੀ ਲਾਸ਼ ਨੂੰ ਨੋਚਣਾ ਸ਼ੁਰੂ ਕਰ ਦਿਤਾ। ਇਹ ਦੇਖ ਕੇ ਸ਼ਹਿਰ ਦੇ ਲੋਕ ਬੁਰੀ ਤਰ੍ਹਾਂ ਦਹਿਲ ਗਏ। ਉਨ੍ਹਾਂ ਵਿਚੋਂ ਕਈਆਂ ਨੇ ਸਿੱਖ ਫ਼ੌਜਾਂ ਤੋਂ ਰਹਿਮ ਦੀ ਮੰਗ ਕੀਤੀ। ਇਸ ਵੇਲੇ ਤਕ ਸ਼ਹਿਰ ਵਿਚ ਖ਼ਾਮੋਸ਼ੀ ਅਤੇ ਡਰ ਦਾ ਮਾਹੌਲ ਬਣ ਚੁਕਾ ਸੀ। ਸਿੱਖਾਂ ਨੇ ਸ਼ਹਿਰ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਕੋਈ ਵੀ ਸਿੱਖ ਕਿਸੇ ਬੇਗੁਨਾਹ ਦਾ ਵਾਲ ਵੀ ਵਿੰਗਾ ਨਹੀਂ ਕਰੇਗਾ। ਹੁਣ ਸਿੱਖਾਂ ਨੇ ਕਿਲ੍ਹੇ ਵਲ ਮੂੰਹ ਕੀਤਾ। ਇੱਥੇ ਜ਼ਬਰਦਸਤ ਲੜਾਈ ਹੋਈ। ਕਿਲ੍ਹੇ ਦੀਆਂ ਤੋਪਾਂ ਦੇ ਗੋਲਿਆਂ ਨਾਲ 500 ਦੇ ਕਰੀਬ ਸਿੱਖ ਸ਼ਹੀਦ ਹੋ ਗਏ। ਇਸ 'ਤੇ ਕੁਝ ਸਿੱਖ ਕਿਲ੍ਹੇ ਦੇ ਨੇੜਲੇ ਇਕ ਭੱਠੇ 'ਤੇ ਚੜ੍ਹ ਗਏ ਤੇ ਉਥੋਂ ਉਨ੍ਹਾਂ ਨੇ ਕਿਲ੍ਹੇ 'ਚੋਂ ਗੋਲੇ ਬਰਸਾਉਂਦੀਆਂ ਤੋਪਾਂ ਦੇ ਤੋਪਚੀ ਮਾਰ ਦਿੱਤੇ। ਹੁਣ ਸਿੱਖ ਫ਼ੌਜ ਨੇ ਚੱਪੜ-ਚਿੜੀ ਵਿਚ ਸਰਹੰਦੀ ਫ਼ੌਜ ਤੋਂ ਖੋਹੀਆਂ ਤੋਪਾਂ ਨਾਲ ਕਿਲ੍ਹੇ 'ਤੇ ਗੋਲਾਬਾਰੀ ਕਰ ਕੇ ਅੰਦਰ ਜਾਣ ਦਾ ਰਸਤਾ ਬਣਾ ਲਿਆ। ਕਿਲ੍ਹੇ ਦੇ ਅੰਦਰ ਬਚੀ-ਖੁਚੀ ਸਰਹੰਦੀ ਫ਼ੌਜ, ਜੋ ਅਜੇ ਆਕੀ ਹੋਈ ਬੈਠੀ ਸੀ, ਨੇ ਵੀ ਥੋੜ੍ਹੇ ਹੀ ਸਮੇਂ ਵਿਚ ਹਥਿਆਰ ਸੁਟ ਦਿੱਤੇ। ਹੁਣ ਉੱਤੇ ਸਿੱਖਾਂ ਦਾ ਮੁਕੰਮਲ ਕਬਜ਼ਾ ਹੋ ਚੁਕਾ ਸੀ। ਇਸ ਵੇਲੇ ਸ਼ਹਿਰ ਜਾਂ ਕਿਲ੍ਹੇ ਵਿਚ ਮੁਖ਼ਾਲਫ਼ਤ ਕਰਨ ਵਾਲਾ ਕੋਈ ਵੀ ਨਹੀਂ ਸੀ

ਬਚਿਆ। ਵਜ਼ੀਰ ਖ਼ਾਨ ਦਾ ਪੁੱਤਰ ਸਮੁੰਦ ਖ਼ਾਨ ਚੋਖੀ ਦੌਲਤ ਲੈ ਕੇ ਦਿੱਲੀ ਵਲ ਭੱਜ ਚੁਕਾ ਸੀ ਪਰ ਸੁੱਚਾ ਨੰਦ ਅਜੇ ਵੀ ਸ਼ਹਿਰ ਵਿਚ ਹੀ ਲੁਕਿਆ ਬੈਠਾ ਸੀ। ਬੰਦਾ ਸਿੰਘ ਨੇ ਮੁਖੀ ਸ਼ਹਰੀਆਂ ਦਾ ਇਕ ਇਕੱਠ ਬੁਲਾਇਆ ਅਤੇ ਐਲਾਨ ਕੀਤਾ ਕਿ ਸਿੱਖ ਕਿਸੇ ਵੀ ਬੇਗੁਨਾਹ ਨੂੰ ਕੋਈ ਤਕਲੀਫ਼ ਨਹੀਂ ਆਉਣ ਦੇਣਗੇ ਪਰ ਕਿਸੇ ਵੀ ਮੁਜਰਿਮ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਇਸ 'ਤੇ ਲੋਕਾਂ ਨੇ ਰਾਹਤ ਮਹਿਸੂਸ ਕੀਤੀ। ਬਹੁਤ ਸਾਰੇ ਲੋਕ ਬੰਦਾ ਸਿੰਘ ਨਾਲ ਮਿਲਵਰਤਣ ਕਰਨ ਲਗ ਪਏ। ਉਨ੍ਹਾਂ ਵਿਚੋਂ ਕਿਸੇ ਨੇ ਸੁੱਚਾ ਨੰਦ ਦਾ ਵੀ ਥਹੁ-ਪਤਾ ਦਸ ਦਿਤਾ। ਸੁੱਚਾ ਨੰਦ ਚੱਪੜ-ਚਿੜੀ ਵਿੱਚੋਂ ਦੌੜ ਆਉਣ ਦੇ ਬਾਵਜੂਦ 'ਚੋਂ ਦੌੜ ਨਹੀਂ ਸਕਿਆ ਸੀ ਕਿਉਂਕਿ ਉਹ ਆਪਣੀ ਬੇਸ਼ੁਮਾਰ ਇਕੱਠੀ ਕੀਤੀ ਹੋਈ ਦੌਲਤ ਨੂੰ ਸੰਭਾਲਣ ਅਤੇ ਕੱਢ ਕੇ ਲਿਜਾਉਣ ਦੀਆਂ ਸਕੀਮਾਂ ਘੜਦਾ ਰਹਿ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਘਰ-ਘਰ ਵਿਚ ਭਿਖਿਆ ਮੰਗਣ 'ਤੇ ਮਜਬੂਰ ਕੀਤਾ ਗਿਆ। ਰਸਤੇ ਵਿਚ ਲੋਕਾਂ ਨੇ ਉਸ ਨੂੰ ਪੱਥਰ ਵੀ ਮਾਰੇ। ਅਖ਼ੀਰ ਬੁਰੀ ਤਰ੍ਹਾਂ ਜ਼ਲੀਲ ਹੋ ਕੇ ਸੁੱਚਾ ਨੰਦ ਮਰ ਗਿਆ। ਸੁੱਚਾ ਨੰਦ ਕੋਲ ਬੇਸ਼ੁਮਾਰ ਦੌਲਤ ਸੀ। ਇਸ ਸਾਰੀ ਦੌਲਤ ਨੂੰ ਜ਼ਬਤ ਕਰ ਲਿਆ ਗਿਆ। *ਇਬਰਤਨਾਮਾ* ਦਾ ਲਿਖਾਰੀ ਮੁਹੰਮਦ ਕਾਸਿਮ ਲਿਖਦਾ ਹੈ ਕਿ "*ਇੰਵ ਜਾਪਦਾ ਸੀ ਕਿ ਉਸ ਨੇ ਇਹ ਸਾਰੀ ਦੌਲਤ ਇਸੇ ਦਿਨ ਵਾਸਤੇ ਇਕੱਠੀ ਕੀਤੀ ਹੋਈ ਸੀ।*" ਮੁਹੰਮਦ ਕਾਸਿਮ ਇਹ ਵੀ ਲਿਖਦਾ ਹੈ ਕਿ "*ਲੋਕ ਕਹਿੰਦੇ ਸਨ ਕਿ ਵਜ਼ੀਰ ਖ਼ਾਨ ਦੇ ਵੇਲੇ ਕੋਈ ਐਸਾ ਜ਼ੁਲਮ ਨਹੀਂ ਸੀ ਜੋ ਗ਼ਰੀਬਾਂ ਉੱਤੇ ਨਾ ਕੀਤਾ ਗਿਆ ਹੋਵੇ ਤੇ ਹੁਣ (ਜ਼ੁਲਮ ਦਾ) ਕੋਈ ਅਜਿਹਾ ਬੀਜ ਨਹੀਂ ਸੀ ਜਿਸ ਨੂੰ ਫੁੱਲ ਨਾ ਲੱਗਾ ਹੋਵੇ। ਜਿਹਾ ਬੀਜਿਆ ਗਿਆ, ਤਿਹਾ ਵੱਢਿਆ ਗਿਆ।*" ਬੰਦਾ ਸਿੰਘ ਨੇ ਸੁੱਚਾ ਨੰਦ ਦੇ ਪਰਵਾਰ ਨੂੰ ਵੀ ਸਜ਼ਾ ਦਿੱਤੀ। ਉਨ੍ਹਾਂ ਨੂੰ ਜਿਸਮ ਦੇ ਗੁਪਤ ਅੰਗ ਢਕਣ ਜੋਗਾ ਕਪੜਾ ਦੇ ਕੇ ਸ਼ਹਿਰ ਵਿਚ ਮੰਗਣ 'ਤੇ ਮਜਬੂਰ ਕੀਤਾ ਗਿਆ ਤੇ ਨਾਲ ਹੀ ਸ਼ਹਿਰ ਵਿਚ ਇਹ ਮੁਨਿਆਦੀ ਵੀ ਕਰਵਾ ਦਿੱਤੀ ਗਈ ਕਿ ਕੋਈ ਵੀ ਬੰਦਾ ਇਨ੍ਹਾਂ ਨੂੰ ਇਕ ਕੌਡੀ ਤੋਂ ਵਧ ਭਿਖਿਆ ਨਾ ਦੇਵੇ। ਇਸ ਦੇ ਨਾਲ ਹੀ ਬੰਦਾ ਸਿੰਘ ਨੇ ਹਰ ਉਸ ਸ਼ਖ਼ਸ ਨੂੰ ਸਜ਼ਾ-ਇ-ਮੌਤ ਦਿਤੀ ਜਿਸ ਨੇ ਲੋਕਾਂ 'ਤੇ ਜ਼ੁਲਮ ਢਾਏ ਸਨ। ਸੁੱਚਾ ਨੰਦ ਅਤੇ ਵਜ਼ੀਰ ਖ਼ਾਨ ਦੇ ਮਹਿਲਾਂ ਬਾਰੇ ਮੁਹੰਮਦ ਕਾਸਿਮ ਲਿਖਦਾ ਹੈ ਕਿ ਉਨ੍ਹਾਂ ਦੇ "ਸੁਰਗਾਂ ਵਰਗੇ ਮਹਿਲ ਕਾਵਾਂ ਦੇ ਅੱਡੇ ਬਣ ਗਏ"।

1910: ਸਿੰਘ ਸਭਾ ਲਹਿਰ ਦੇ ਆਗੂ ਜਵਾਹਰ ਸਿੰਘ ਕਪੂਰ ਦੀ ਮੌਤ ਹੋਈ

1875 ਵਿਚ ਇਕ ਹਿੰਦੂ ਸਾਧੂ ਦਯਾਨੰਦ ਨੇ ਬੰਬਈ (ਹੁਣ ਮੁੰਬਈ) ਵਿਚ ਆਰੀਆ ਸਮਾਜ ਦੀ ਨੀਂਹ ਰਖੀ। ਉਹ ਅਪਰੈਲ 1877 ਵਿਚ ਪੰਜਾਬ ਵੀ ਆਇਆ। ਜੂਨ ਵਿਚ ਲਾਹੌਰ ਵਿਚ ਵੀ ਦਯਾਨੰਦ ਦੀ ਬਰਾਂਚ ਬਣ ਗਈ। ਅਗਲੇ ਸਾਲ ਤਕ ਅੰਮ੍ਰਿਤਸਰ, ਰਾਵਲਪਿੰਡੀ, ਮੁਲਤਾਨ, ਗੁਜਰਾਂਵਾਲਾ, ਗੁਰਦਾਸਪੁਰ, ਫ਼ੀਰੋਜ਼ਪੁਰ, ਜਿਹਲਮ, ਵਜ਼ੀਰਾਬਾਦ ਵਗੈਰਾ ਵਿਚ ਵੀ ਇਸ ਦੀਆਂ ਬਰਾਂਚਾਂ ਕਾਇਮ ਹੋ ਗਈਆਂ। ਆਰੀਆ ਸਮਾਜ ਦੇ ਐਲਾਨੇ ਗਏ ਨਿਸ਼ਾਨਿਆਂ ਨੂੰ ਵੇਖ ਕੇ ਕਈ ਸਿੱਖ ਵੀ ਇਸ ਦੇ ਮੈਂਬਰ ਬਣ ਗਏ। ਇਨ੍ਹਾਂ ਵਿਚੋਂ ਇਕ, ਜਵਾਹਰ ਸਿੰਘ ਕਪੂਰ, ਆਰੀਆ ਸਮਾਜ ਦੇ ਸਕੱਤਰ ਵੀ ਬਣਾ ਦਿਤੇ ਗਏ ਤੇ ਉਨ੍ਹਾਂ ਨੇ ਬਹੁਤ ਮਿਹਨਤ ਨਾਲ ਇਸ ਜਥੇਬੰਦੀ ਵਾਸਤੇ ਵਧ-ਚੜ੍ਹ ਕੇ ਕੰਮ ਕੀਤਾ। ਸ ਜਵਾਹਰ ਸਿੰਘ ਨੇ ਕਈ ਸਾਲ ਆਰੀਆ ਸਮਾਜ ਦੀ ਸੇਵਾ ਕੀਤੀ। 25 ਨਵੰਬਰ 1888 ਦੇ ਦਿਨ ਇਕ ਬ੍ਰਾਹਮਣ ਗੁਰੂ ਦੱਤ ਨੇ ਅੰਮ੍ਰਿਤਸਰ ਵਿਚ ਇਕ ਲੈਕਚਰ ਕਰਦਿਆਂ ਗੁਰੂ ਸਾਹਿਬ ਦੇ ਖ਼ਿਲਾਫ਼ ਘਟੀਆ ਬੋਲੀ ਵਰਤੀ ਸੀ। ਇਸ ਵੇਲੇ ਤਕ ਜਵਾਹਰ ਸਿੰਘ ਕਪੂਰ ਆਰੀਆ ਸਮਾਜ ਦੇ ਸਕੱਤਰ ਸਨ। ਦਯਾ ਨੰਦ ਵੱਲੋਂ ਕੀਤੇ ਵਾਅਦੇ ਮੁਤਾਬਿਕ ਸਤਿਆਰਥ ਪ੍ਰਕਾਸ਼ ਵਿਚਲੀ ਘਟੀਆ ਲੱਫ਼ਾਜ਼ੀ ਵੀ ਤਬਦੀਲ ਨਹੀਂ ਹੋਈ ਸੀ। ਇਸ 'ਤੇ ਪ੍ਰੋਟੈਸਟ ਵਜੋਂ ਜਵਾਹਰ ਸਿੰਘ ਕਪੂਰ ਨੇ ਆਰੀਆ ਸਮਾਜ ਤੋਂ

ਅਸਤੀਫ਼ਾ ਦੇ ਦਿਤਾ ਅਤੇ ਸਿੰਘ ਸਭਾ ਲਹਿਰ ਵਿਚ ਸ਼ਾਮਿਲ ਹੋ ਗਏ (ਇਹ ਸ ਜਵਾਹਰ ਸਿੰਘ ਹੀ ਸਨ ਜਿਹੜੇ ਗਿਆਨੀ ਦਿੱਤ ਸਿੰਘ ਨੂੰ ਆਰੀਆ ਸਮਾਜ ਦੇ ਨੇੜੇ ਲੈ ਗਏ ਸਨ ਤੇ ਇਨ੍ਹਾਂ ਨੇ ਇਕੱਠਿਆਂ ਹੀ ਇਸ ਨੂੰ ਛੱਡਿਆ ਸੀ)। ਇਸ ਮਗਰੋਂ ਕੋਈ ਵੀ ਸੱਚਾ ਸਿੱਖ ਆਰੀਆ ਸਮਾਜ ਦੇ ਨਾਲ ਨਾ ਰਿਹਾ। ਭਾਵੇਂ ਪਰ ਜਵਾਹਰ ਸਿੰਘ ਕਪੂਰ, ਡਾ. ਜੈ ਸਿੰਘ, ਮਿਹਰ ਸਿੰਘ ਚਾਵਲਾ, ਸਿੰਘ ਸਭਾ ਨਾਲ ਸਬੰਧਤ ਵੀ ਸਨ ਪਰ ਉਹ ਵੱਖਰਿਆਂ ਆਪਣੇ ਤੌਰ 'ਤੇ ਵੀ, ਨਿੱਗਰ ਰੋਲ ਅਦਾ ਕਰ ਰਹੇ ਸਨ। 1887 ਤੋਂ ਮਗਰੋਂ ਇਕ-ਇਕ ਕਰ ਕੇ ਸਿੰਘ ਸਭਾ ਲਹਿਰ ਦੇ ਸਾਰੇ ਮੋਢੀ ਆਗੂ ਚੜ੍ਹਾਈ ਕਰਨ ਲਗ ਪਏ। ਸਭ ਤੋਂ ਪਹਿਲਾਂ, 8 ਮਈ 1887 ਦੇ ਦਿਨ ਕੰਵਰ ਬਿਕਰਮ ਸਿੰਘ ਕਪੂਰਥਲਾ (ਜਲੰਧਰ), ਫਿਰ 18 ਸਤਬੰਰ 1887 ਨੂੰ ਠਾਕਰ ਸਿੰਘ ਸੰਧਾਵਾਲੀਆ (ਜੋ ਉਦੋਂ ਜਲਾਵਤਨ ਹੋ ਕੇ ਪਾਂਡੀਚਰੀ ਵਿਚ ਰਹਿੰਦੇ ਸਨ), 10 ਜੂਨ 1896 ਨੂੰ ਅਤਰ ਸਿੰਘ ਭਦੌੜ, 8 ਅਗਸਤ 1898 ਨੂੰ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ, 9 ਜੂਨ 1898 ਨੂੰ ਡਾ: ਜੈ ਸਿੰਘ, 24 ਸਤੰਬਰ 1898 ਨੂੰ ਪ੍ਰੋ: ਗੁਰਮੁਖ ਸਿੰਘ ਤੇ 6 ਸਤੰਬਰ 1901 ਨੂੰ ਗਿ: ਦਿਤ ਸਿੰਘ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਅਤੇ 14 ਮਈ 1910 ਦੇ ਦਿਨ ਜਵਾਹਰ ਸਿੰਘ ਕਪੂਰ ਵੀ ਚੜ੍ਹਾਈ ਕਰ ਗਏ।

1978: ਨਿਰੰਕਾਰੀਆਂ ਦੇ ਖ਼ਿਲਾਫ਼ ਦਿੱਲੀ ਵਿਚ ਨਿਕਲੇ ਰੋਹ ਜਲੂਸ 'ਤੇ ਪੁਲਸ ਨੇ ਗੋਲੀ ਚਲਾਈ, 4 ਸਿੱਖ ਮਾਰੇ ਗਏ

13 ਅਪਰੈਲ 1978 ਦੇ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਵੱਲੋਂ 13 ਸਿੱਖਾਂ ਦਾ ਕਤਲੇਆਮ ਕੀਤੇ ਜਾਣ ਦੇ ਖ਼ਿਲਾਫ਼ ਪ੍ਰੋਟੈਸਟ ਜਲੂਸ ਹੋਰ ਜਗਹ ਤੋਂ ਇਲਾਵਾ ਦਿੱਲੀ ਵਿਚ ਵੀ ਨਿਕਲੇ। 5 ਨਵੰਬਰ 1978 ਨੂੰ ਦਿੱਲੀ ਵਿਚ ਨਿਕਲੇ ਜਲੂਸ 'ਤੇ ਪੁਲੀਸ ਨੇ ਟੀਅਰ-ਗੈਸ ਅਤੇ ਗੋਲੀਆਂ ਚਲਾ ਕੇ ਅਕਾਲੀ ਪਾਰਟੀ ਦੇ ਦਿੱਲੀ ਯੂਨਿਟ ਦੇ ਪ੍ਰਧਾਨ ਸ. ਅਵਤਾਰ ਸਿੰਘ ਕੋਹਲੀ ਤੇ ਦੋ ਹੋਰ ਸਿੱਖਾਂ ਸ. ਮਨਿੰਦਰ ਸਿੰਘ ਅਤੇ ਸ. ਗੋਬਿੰਦ ਸਿੰਘ ਨੂੰ ਮਾਰ ਕਰ ਦਿੱਤਾ। ਸੈਂਟਰ ਵਿਚ ਉਸ ਵੇਲੇ ਜਨਤਾ ਪਾਰਟੀ ਅਤੇ ਅਕਾਲੀ ਦਲ ਦੀ ਸਾਂਝੀ ਸਰਕਾਰ ਸੀ। ਇਸੇ ਦਿਨ ਪੁਲੀਸ ਨੇ ਸ਼ਾਮ ਨੂੰ ਬੰਗਲਾ ਸਾਹਿਬ, ਰਕਾਬ ਗੰਜ ਵਗੈਰਾ ਗੁਰਦਵਾਰੇ ਸੀਲ ਕਰ ਦਿੱਤੇ। ਜਦੋਂ ਦੇ ਇਹ ਗੁਰਦਵਾਰੇ ਕਾਇਮ ਹੋਏ ਹਨ (ਮੁਗ਼ਲ ਅਤੇ ਅੰਗ੍ਰੇਜ਼ਾਂ ਦੀਆਂ ਹਕੂਮਤਾਂ ਵੇਲੇ) ਕਦੇ ਵੀ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖਾਂ ਦਾ ਦਾਖਲਾ ਬੰਦ ਨਹੀਂ ਹੋਇਆ ਸੀ। ਇਹ ਹਰਕਤ ਪਿਛਲੇ 200 ਸਾਲ ਵਿਚ ਪਹਿਲੀ ਵਾਰੀ ਹੋਈ ਸੀ ਤੇ ਉਹ ਵੀ ਅਕਾਲੀ ਦਲ ਦੀ ਭਾਈਵਾਲੀ ਵਾਲੀ ਸਰਕਾਰ ਵੇਲੇ। (ਇਸ ਨਾਕਾਬੰਦੀ ਦਾ ਹੁਕਮ ਮੋਰਾਰਜੀ ਦੇਸਾਈ ਵਰਗੇ ਫ਼ਿਰਕੂ ਹਿੰਦੂ ਪ੍ਰਾਈਮ ਮਨਿਸਟਰ ਨੇ ਦਿੱਤਾ ਸੀ)। ਗੁਰਦੁਆਰਿਆਂ ਦੀ ਨਾਕਾਬੰਦੀ ਦੇ ਨਾਲ ਇਨ੍ਹਾਂ ਇਲਕਿਆਂ ਵਿਚ ਕਰਫ਼ਿਊ ਵੀ ਲਾ ਦਿੱਤਾ ਗਿਆ। ਇਨ੍ਹਾਂ ਗੁਰਦੁਆਰਿਆਂ ਦੀ ਇਹ ਨਾਕਾਬੰਦੀ ਤਿੰਨ ਦਿਨ ਜਾਰੀ ਰਹੀ ਅਤੇ ਉਦੋਂ ਖ਼ਤਮ ਹੋਈ ਜਦੋਂ ਪੰਜਾਬ ਦੇ ਅਕਾਲੀ ਵਜ਼ੀਰਾਂ ਅਤੇ ਅਕਾਲੀ ਪਾਰਟੀ ਦੇ ਆਗੂਆਂ ਨੇ ਇਸ ਨਾਕਾਬੰਦੀ ਅਤੇ ਕਰਫ਼ਿਊ ਨੂੰ ਤੋੜ ਕੇ ਗ੍ਰਿਫ਼ਤਾਰੀਆਂ ਦੇਣ ਦੀ ਸਕੀਮ ਬਣਾਈ। ਪਰ ਅਕਾਲੀ ਪਾਰਟੀ ਦੇ ਸਕੱਤਰ ਗਿਆਨੀ ਅਜਮੇਰ ਸਿੰਘ ਨੇ ਇਹ ਸਕੀਮ ਸੀ.ਆਈ.ਡੀ. ਤੱਕ ਪਹੁੰਚਾ ਦਿੱਤੀ ਜਿਸ ਕਾਰਨ ਸੈਂਟਰ ਦੇ ਅਕਾਲੀ ਵਜ਼ੀਰਾਂ ਵੱਲੋਂ ਗ੍ਰਿਫ਼ਤਾਰੀ ਦੇਣ ਦੇ ਧਮਾਕੇ ਤੋਂ ਪਹਿਲਾਂ ਹੀ ਸਰਕਾਰ ਨੇ ਗੁਰਦੁਆਰਿਆਂ ਦੀ ਤਾਲਾਬੰਦੀ ਖ਼ਤਮ ਕਰ ਦਿੱਤੀ।

1988: ਮੱਖਣ ਸਿੰਘ ਗਠਲੀ ਤੇ ਦਲਬੀਰ ਸਿੰਘ ਧਰਦਿਓਂ ਨਕਲੀ ਮੁਕਾਬਲੇ ਵਿਚ ਸ਼ਹੀਦ

14 ਮਈ 1988 ਦੇ ਦਿਨ ਪੁਲੀਸ ਨੇ ਮੱਖਣ ਸਿੰਘ (ਵਾਸੀ ਗਠਲੀ, ਜ਼ਿਲ੍ਹਾ ਹੁਸ਼ਿਆਰਪੁਰ) ਤੇ ਦਲਬੀਰ ਸਿੰਘ ਐਲਾਇੰਸ ਡਰਾਈਵਰ (ਪੁੱਤਰ ਹਰਭਜਨ ਸਿੰਘ, ਵਾਸੀ ਧਰਦਿਓਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰੁਪਿੰਦਰ ਸਿੰਘ ਬੋਥੀਆਂ ਤੇ ਰਵਿੰਦਰ ਸਿੰਘ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

14 ਮਈ 1992 ਦੇ ਦਿਨ ਪੁਲਸ ਨੇ ਰਵਿੰਦਰ ਸਿੰਘ (ਪੁਤਰ ਰਘਬੀਰ ਸਿੰਘ, ਵਾਸੀ ਬੋਥੀਆਂ) ਤੇ ਰੁਪਿੰਦਰ ਸਿੰਘ ਵਾਸੀ ਅੰਮ੍ਰਿਤਸਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਹੈਦਰਾਬਾਦ ਵਿਚ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਨੂੰ ਅੱਗ

14 ਮਈ 2014 ਦੇ ਦਿਨ ਸਵੇਰੇ ਸਵਾ 6 ਵਜੇ ਹੈਦਰਾਬਾਦ (ਆਂਧਰਾ ਪ੍ਰਦੇਸ਼) ਵਿਚ ਬਹਾਦਰਪੁਰਾ ਇਲਾਕੇ ਵਿਚ 'ਸਿੱਖ ਛਾਵਨੀ ਮੁਹੱਲਾ' ਵਿਚ ਕੁਝ ਸ਼ਰਾਰਤੀਆਂ ਨੇ ਇਕ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਨੂੰ ਅੱਗ ਲਾ ਦਿੱਤੀ। ਘਟਨਾ ਵਾਲੀ ਜਗਹ ਤੋਂ ਇਕ ਮੁਸਮਾਨ ਦਾ ਸ਼ਨਾਖ਼ਤੀ ਕਾਰਡ ਲੱਭਾ। ਕਿਉਂਕਿ ਇਸ ਇਲਾਕੇ ਦੇ ਆਲੇ ਦੁਆਲੇ ਵਧੇਰੇ ਕਰ ਕੇ ਮੁਸਲਮਾਨ ਰਹਿੰਦੇ ਸਨ ਇਸ ਕਰ ਕੇ ਸ਼ੱਕ ਕੀਤਾ ਗਿਆ ਕਿ ਇਹ ਕਾਰਵਾਈ ਉਨ੍ਹਾਂ ਨੇ ਕੀਤੀ ਹੋਵੇਗੀ। ਇਸ 'ਤੇ ਉਸ ਇਲਾਕੇ ਵਿਚ ਜ਼ਬਰਦਸਤ ਗੜਬੜ ਸ਼ੁਰੂ ਹੋ ਗਈ। ਕਈ ਮੋਟਰਸਾਈਕਲ, ਸਕੂਟਰ ਅਤੇ ਕਾਰਾਂ ਦਾ ਨੁਕਸਾਨ ਵੀ ਹੋਇਆ। ਪੁਲਸ ਨੇ ਇਕ ਭੀੜ ਨੂੰ ਕਾਬੂ ਕਰਨ ਵਾਸਤੇ ਗੋਲੀ ਵੀ ਚਲਾਈ ਜਿਸ ਨਾਲ ਤਿੰਨ ਮੁਸਲਮਾਨ ਮਾਰੇ ਗਏ। ਅਖ਼ੀਰ ਸਿੱਖ ਅਤੇ ਮੁਸਲਮਾਨ ਆਗੂਆਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ ਇਸ ਮਸਲੇ ਨੂੰ ਖ਼ਤਮ ਕੀਤਾ ਗਿਆ।

15 ਮਈ

1848: ਰਾਣੀ ਜਿੰਦਾਂ ਨੂੰ ਗ੍ਰਿਫ਼ਤਾਰ ਕਰ ਕੇ ਬਨਾਰਸ ਜੇਲ੍ਹ 'ਚ ਭੇਜਿਆ ਗਿਆ

ਲਾਹੌਰ ਦੀ ਅਸਲ ਤਾਕਤ ਆਪਣੇ ਹੱਥ ਵਿਚ ਲੈਣ ਮਗਰੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਦੇ ਪਲਾਨ ਹੇਠ, ਸਭ ਤੋਂ ਪਹਿਲਾ ਵਾਰ ਰਾਣੀ ਜਿੰਦਾਂ 'ਤੇ ਕਰਨ ਦੀ ਤਰਕੀਬ ਬਣਾਉਣੀ ਸ਼ੁਰੂ ਕੀਤੀ । ਫ਼੍ਰੈਡਰਿਕ ਕੱਰੀ ਚਾਹੁੰਦਾ ਸੀ ਕਿ ਰਾਣੀ ਨੂੰ ਲਾਹੌਰ ਚੋਂ ਬਾਹਰ ਭੇਜਿਆ ਜਾਵੇ ਕਿਉਂਕਿ ਇਕ ਉਹੀ ਸੀ ਜਿਹੜੀ ਅੰਗਰੇਜ਼ਾਂ ਦੇ ਰਾਹ ਦਾ ਰੋੜਾ ਸੀ। ਲੋਕ ਉਸ ਦੀ ਇੱਜ਼ਤ ਵੀ ਕਰਦੇ ਸਨ ਤੇ ਉਸ ਦਾ ਕਿਹਾ ਵੀ ਮੰਨਦੇ ਸਨ। ਪਰ ਗਵਰਨਰ ਜਨਰਲ ਇਸ ਦੇ ਹੱਕ ਵਿਚ ਨਹੀਂ ਸੀ ਕਿ ਉਸ ਨੂੰ ਉਸ ਦੇ ਨਾਬਾਲਗ ਪੁਤਰ ਤੋਂ ਵਖਰਾ ਕਰ ਦਿਤਾ ਜਾਵੇ, ਕਿਉਂ ਕਿ ਇਸ ਕਾਰਵਾਈ ਨਾਲ ਸਿੱਖਾਂ ਵਿਚ ਰੋਸ ਫ਼ੈਲ ਜਾਣ ਦਾ ਡਰ ਸੀ। ਇਨ੍ਹੀਂ ਦਿਨੀਂ ਇਕ ਹੋਰ ਘਟਨਾ ਵਾਪਰ ਗਈ। ਫ਼ਰਵਰੀ 1847 ਵਿਚ ਲਾਹੌਰ ਦਰਬਾਰ ਦੇ ਇਕ ਵਫ਼ਾਦਾਰ ਭਾਈ ਪਰੇਮਾ ਸਿੰਘ ਨੇ ਪਲਾਨ ਬਣਾਈ ਕਿ ਗ਼ਦਾਰ ਤੇਜਾ ਸਿੰਘ ਤੇ ਅੰਗਰੇਜ਼ ਰੈਜ਼ੀਡੈਂਟ ਨੂੰ, ਉਨ੍ਹੀਂ ਦਿਨੀ ਸ਼ਾਲੀਮਾਰ ਬਾਗ਼ ਵਿਚ ਹੋਣ ਵਾਲੇ ਇਕ ਸਮਾਗਮ ਵਿਚ, ਕਤਲ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰ ਕੇ, ਅੰਗਰੇਜ਼ਾਂ ਨੂੰ ਕੱਢਣ ਵਾਸਤੇ ਮੁਹਿੰਮ ਚਲਾਈ ਜਾਏ। ਪਰ ਅੰਜਾਮ ਹੋਣ ਤੋਂ ਪਹਿਲਾਂ ਹੀ ਇਸ ਪਲਾਨ ਦੀ ਸੂਹ ਅੰਗਰੇਜ਼ਾਂ ਨੂੰ ਮਿਲ ਗਈ। ਭਾਈ ਪਰੇਮਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਾਜ਼ਿਸ਼ ਨੂੰ ਅਧਾਰ ਬਣਾ ਕੇ ਰਾਣੀ 'ਤੇ ਵੀ ਮੁਕੱਦਮਾ ਚਲਾਉਣ ਦੀ ਸੋਚੀ ਗਈ। ਅੰਗਰੇਜ਼ਾਂ ਦਾ

ਇਲਜ਼ਾਮ ਸੀ ਕਿ ਭਾਈ ਪਰੇਮਾ ਸਿੰਘ ਨੂੰ ਭਾਈ ਮਹਾਰਾਜ ਸਿੰਘ (ਨੌਰੰਗਾਬਾਦੀ) ਅਤੇ ਰਾਣੀ ਦੀ ਹਿਮਾਇਤ ਹਾਸਿਲ ਸੀ। ਪਰ ਮਹਾਰਾਣੀ ਖ਼ਿਲਾਫ਼ ਕੋਈ ਸਬੂਤ ਨਹੀਂ ਸੀ, ਸਿਵਾਏ ਇਸ ਦੇ ਕਿ ਉਸ ਦਾ ਮੁਨਸ਼ੀ ਬੂਟਾ ਸਿੰਘ (ਜੋ ਮਗਰੋਂ ਸਿੰਘ ਸਭਾ ਲਹਿਰ ਦਾ ਆਗੂ ਬਣਿਆ ਸੀ) ਭਾਈ ਪਰੇਮਾ ਸਿੰਘ ਨੂੰ ਦੋ ਵਾਰ ਮਿਲਿਆ ਸੀ। ਅੰਗਰੇਜ਼ ਰੈਜ਼ੀਡੈਂਟ ਦੀ ਰਾਣੀ ਜਿੰਦਾਂ 'ਤੇ ਕੇਸ ਚਲਾਉਣ ਦੀ ਸਿਫ਼ਾਰਸ਼ ਨੂੰ ਗਵਰਨਰ ਜਨਰਲ ਨੇ ਰੱਦ ਕਰ ਦਿਤਾ ਕਿਉਂਕਿ ਬੂਟਾ ਸਿੰਘ ਵਾਲਾ ਸਬੂਤ ਕਮਜ਼ੋਰ-ਜਹੀ ਗੱਲ ਸੀ ਜੋ ਲੋਕਾਂ ਨੂੰ ਹਜ਼ਮ ਨਹੀਂ ਹੋਣੀ ਸੀ। ਇਸ ਮਗਰੋਂ 7 ਅਗਸਤ 1847 ਦੇ ਦਿਨ ਰੈਜ਼ੀਡੈਂਟ ਨੇ ਅੰਗਰੇਜ਼ਾਂ ਦੇ ਮਦਦਗਾਰਾਂ, ਪਰ ਲਾਹੌਰ ਦਰਬਾਰ ਦੇ ਗ਼ਦਾਰਾਂ, ਦੇ ਸਨਮਾਨ ਵਿਚ ਇਕ ਸਮਾਗਮ ਰੱਖਿਆ। ਇਸ ਸਮਾਗਮ ਵਿਚ ਗ਼ਦਾਰ ਤੇਜਾ ਸਿੰਘ ਨੂੰ ਰਾਜਾ ਦਾ ਤਿਲਕ ਲਾਇਆ ਜਾਣਾ ਸੀ। ਬਾਲ ਮਹਾਰਾਜਾ ਦਲੀਪ ਸਿੰਘ ਨੇ ਐਨ ਮੌਕੇ 'ਤੇ ਹੱਥ ਪਿੱਛੇ ਕਰ ਕੇ ਤਿਲਕ ਲਾਉਣ ਤੋਂ ਨਾਂਹ ਕਰ ਦਿਤੀ। ਇਸ 'ਤੇ ਅੰਗਰੇਜ਼ਾਂ ਨੇ ਇਕ ਪੁਜਾਰੀ ਕੋਲੋਂ ਤਿਲਕ ਲੁਆ ਦਿਤਾ। ਲਾਰਡ ਹਾਰਡਿੰਗ ਨੇ ਇਸ ਦਾ ਜ਼ਿੰਮੇਦਾਰ ਰਾਣੀ ਨੂੰ ਠਹਿਰਾਉਂਦਿਆਂ ਕਿਹਾ ਕਿ ਉਹ ਆਪਣੇ ਦੁਸ਼ਮਣਾਂ ਦੇ ਸਨਮਾਨ ਤੋਂ ਔਖੀ ਸੀ ਇਸੇ ਕਰ ਕੇ ਉਸ ਨੇ ਮੁੰਡੇ (ਦਲੀਪ ਸਿੰਘ) ਨੂੰ ਅਜਿਹਾ ਕਰਨੋਂ ਰੋਕਿਆ ਸੀ। ਹਾਲਾਂਕਿ ਦਲੀਪ ਸਿੰਘ ਨੇ ਕੇਸਰ ਵਿਚ ਉਂਗਲ ਪਾ ਵੀ ਦਿਤੀ ਸੀ ਪਰ (ਰਾਣੀ ਦੇ ਇਸ਼ਾਰਾ ਕਰਨ 'ਤੇ) ਉਸ ਨੇ ਹੱਥ ਪਿੱਛੇ ਕਰ ਲਏ ਤੇ ਕੁਰਸੀ 'ਤੇ ਢੋਅ ਲਾ ਕੇ ਬੈਠ ਗਿਆ। ਇਸ ਘਟਨਾ ਮਗਰੋਂ ਰਾਣੀ ਦੇ ਪੰਜ ਵਫ਼ਾਦਾਰ ਸੇਵਾਦਾਰ (ਮੰਗਲਾ, ਜੀਵਨ ਸਿੰਘ, ਹੀਰਾ ਸਿੰਘ, ਅਮੀਰ ਬਖ਼ਸ਼ ਤੇ ਹਰਦਿਆਲ) ਨੂੰ ਨੌਕਰੀ ਤੋਂ ਕੱਢ ਕੇ ਲਾਹੌਰ ਤੋਂ ਬਾਹਰ ਭੇਜ ਦਿਤਾ ਗਿਆ। ਰਾਣੀ ਨੂੰ ਵੀ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਮਹਿਦੂਦ ਕਰ ਦਿਤਾ ਗਿਆ। ਉਸ ਨੂੰ ਆਪਣੀ ਮਰਜ਼ੀ ਦੇ ਲੋਕਾਂ ਨਾਲ ਮਿਲਣੋਂ ਵੀ ਰੋਕ ਦਿਤਾ ਗਿਆ। ਇਸ ਤੋਂ ਕੁਝ ਦਿਨ ਮਗਰੋਂ, 19 ਅਗਸਤ 1847 ਨੂੰ, ਉਸ ਨੂੰ ਲਾਹੌਰ ਤੋਂ ਸ਼ੇਖ਼ੂਪੁਰਾ ਭੇਜ ਦਿਤਾ ਗਿਆ। ਉਸ ਦੀ ਪੈਨਸ਼ਨ ਵੀ ਡੇਢ ਲਖ ਤੋਂ ਘਟਾ ਕੇ ਸਿਰਫ਼ 48 ਹਜ਼ਾਰ ਰੁਪੈ (ਤੀਜਾ ਹਿੱਸਾ ਤੋਂ ਵੀ ਘਟ) ਕਰ ਦਿਤੀ ਗਈ। ਰਾਣੀ ਜਿੰਦਾਂ ਨਾਲ ਏਥੇ ਹੀ ਬਸ ਨਹੀਂ ਕੀਤੀ ਗਈ। ਮਈ 1848 ਵਿਚ ਉਸ ਨੂੰ ਪੰਜਾਬ ਤੋਂ ਹਿੰਦੁਸਤਾਨ ਵਿਚ ਭੇਜ ਦਿਤਾ ਗਿਆ। ਉਸ ਨੂੰ ਸ਼ੇਖ਼ੂਪੁਰਾ ਤੋਂ ਬਨਾਰਸ ਲਿਜਾਇਆ ਗਿਆ। 15 ਮਈ 1848 ਦਾ ਦਿਨ ਉਸ ਦਾ ਪੰਜਾਬ ਵਿਚ ਆਖ਼ਰੀ ਦਿਨ ਸੀ। ਉਸ ਦੀ ਪੈਨਸ਼ਨ, ਜੋ ਪਹਿਲਾਂ ਡੇਢ ਲੱਖ ਤੋਂ 48 ਹਜ਼ਾਰ ਕਰ ਦਿਤੀ ਗਈ ਸੀ, ਹੁਣ ਉਹ ਹੋਰ ਘਟਾ ਕੇ ਸਿਰਫ਼ 12 ਹਜ਼ਾਰ ਸਾਲਾਨਾ ਕਰ ਦਿਤੀ ਗਈ। ਰਾਣੀ ਜਿੰਦਾਂ ਦੀ ਹੋਰ ਬੇਇਜ਼ਤੀ ਕਰਨ ਵਾਸਤੇ ਇਕ ਦਿਨ 14 ਜੁਲਾਈ 1848 ਨੂੰ ਉਸ ਦੇ ਸਾਰੇ ਕਪੜੇ ਉਤਰਵਾ ਕੇ ਉਸ ਦੀ ਜਾਮਾ-ਤਲਾਸ਼ੀ ਲਈ ਗਈ। ਉਸ ਦੇ 50 ਲਖ ਰੁਪੈ ਦੇ ਗਹਿਣੇ ਅਤੇ ਦੋ ਲਖ ਨਕਦ ਰੁਪੈ ਜ਼ਬਤ ਕਰ ਲਏ ਗਏ।

1850: ਭਾਈ ਮਹਾਰਾਜ ਸਿੰਘ ਨੂੰ ਸੰਗਲਾਂ ਨਾਲ ਨੂੜ ਕੇ ਸਿੰਘਾਪੁਰ ਭੇਜਿਆ

ਗੁਜਰਾਤ ਵਿਚ ਸਿੱਖਾਂ ਦੀ ਹਾਰ ਮਗਰੋਂ ਅਟਾਰੀਵਾਲਿਆਂ ਨੇ ਹਥਿਆਰ ਸੁੱਟ ਦਿੱਤੇ, ਪਰ, ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਇਸ ਦੇ ਹੱਕ ਵਿਚ ਨਹੀਂ ਸਨ; ਉਹ ਅਜੇ ਘਟੋ-ਘਟ ਇਕ ਹੋਰ ਲੜਾਈ ਜ਼ਰੂਰ ਲੜਨਾ ਚਾਹੁੰਦੇ ਸਨ। ਕਰਨਲ ਰਛਪਾਲ ਸਿੰਘ ਤੋਂ ਸਿਵਾ ਹੋਰ ਕੋਈ ਵੀ ਭਾਈ ਮਹਾਰਾਜ ਸਿੰਘ ਦਾ ਸਾਥ ਦੇਣ ਵਾਸਤੇ ਤਿਆਰ ਨਹੀਂ ਸੀ ਭਾਈ ਮਹਾਰਾਜ ਸਿੰਘ ਫ਼ਰਾਰ ਹੋ ਗਏ; ਹੁਣ ਉਨ੍ਹਾਂ ਨੇ ਸਾਰੇ ਪਾਸੇ ਫਿਰ ਕੇ ਲੋਕਾਂ ਨੂੰ ਤਿਆਰ ਕੀਤਾ; ਉਨ੍ਹਾਂ ਨੇ ਲੋਕਾਂ ਨੂੰ ਜਗਾਉਣ ਵਾਸਤੇ ਗ੍ਰੰਥੀਆਂ ਤੇ ਪ੍ਰਚਾਰਕਾਂ ਦੀ ਡਿਊਟੀ ਵੀ ਲਾਈ। ਇਸ ਮਗਰੋਂ ਉਹ ਆਪ ਸੁਜੋਵਾਲ ਤੋਂ ਗੁਲੇਰਾਂ, ਕਿਸ਼ਨਪੁਰ, ਕੁਰਾਲਾ, ਜਲੰਧਰ, ਹੁਸ਼ਿਆਰਪੁਰ ਤੇ ਕਈ ਹੋਰ ਜਗਹ ਵੀ ਗਿਆ। ਸਾਰਾ ਹਾਲ ਜਾਣਨ ਮਗਰੋਂ ਉਸ ਨੇ ਹਥਿਆਰ ਹਾਸਿਲ ਕਰਨ ਵਾਸਤੇ ਜਲੰਧਰ ਤੇ

ਹੁਸ਼ਿਆਰਪੁਰ ਦੀਆਂ ਛਾਵਣੀਆਂ 'ਤੇ ਹਮਲਾ ਕਰਨ ਦੀ ਪਲਾਨ ਬਣਾਈ। ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਉਸ ਨੇ ਇਨ੍ਹਾਂ ਛਾਵਣੀਆਂ ਵਿਚ ਕਈ ਸਿੱਖ ਫ਼ੌਜੀਆਂ ਨਾਲ ਗੱਲਬਾਤ ਵੀ ਕੀਤੀ। ਹੁਣ ਅੰਗਰੇਜ਼ਾਂ ਨੇ ਇਸ ਸਿੱਖ ਜਰਨੈਲ ਭਾਈ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਵਾਸਤੇ ਦਸ ਹਜ਼ਾਰ ਰੁਪੈ ਦਾ ਈਨਾਮ ਐਲਾਣ ਕਰ ਦਿੱਤਾ। ਦੁਨੀਆਂ ਭਰ ਦੀ ਤਵਾਰੀਖ਼ ਵਿਚ (2001 ਵਿਚ ਬਿਨ ਲਾਦਨ ਦੇ ਈਨਾਮ ਤੋਂ ਪਹਿਲਾਂ) ਏਡਾ ਵੱਡਾ ਈਨਾਮ ਕਿਸੇ ਦਾ ਨਹੀਂ ਸੀ ਰੱਖਿਆ ਗਿਆ। 1849 ਦੇ ਦਸ ਹਜ਼ਾਰ ਰੁਪੈ ਅੱਜ ਦੇ ਕਰੋੜ ਰੁਪੈ ਦੇ ਬਰਾਬਰ ਸਨ। 28 ਦਸੰਬਰ 1849 ਦੇ ਦਿਨ, ਜਲੰਧਰ ਤੇ ਹੁਸ਼ਿਆਰਪਰ ਛਾਉਣੀਆਂ 'ਤੇ ਹਮਲੇ ਤੋਂ ਸਿਰਫ਼ 6 ਦਿਨ ਪਹਿਲਾਂ, ਭਾਈ ਮਹਾਰਾਜ ਸਿੰਘ ਆਦਮਪੁਰ ਨੇੜੇ ਇਕ ਗੰਨੇ ਦੇ ਖੇਤ ਵਿਚ ਆਪਣੇ 21 ਸਾਥੀਆਂ ਸਣੇ ਲੁਕੇ ਹੋਏ ਸਨ ਕਿ ਉਨ੍ਹਾਂ ਨੂੰ ਇਕ ਮੁਸਲਮਾਨ ਨੇ ਵੇਖ ਲਿਆ। ਉਸ ਨੇ ਜਲੰਧਰ ਜਾ ਕੇ ਡਿਪਟੀ ਕਮਿਸ਼ਨਰ ਨੂੰ ਇਸ ਦੀ ਇਤਲਾਹ ਦੇ ਦਿੱਤੀ। ਡਿਪਟੀ ਕਮਿਸ਼ਨਰ ਇਕ ਦਮ ਭਾਰੀ ਫ਼ੋਰਸ ਲੈ ਕੇ ਆਦਮਪੁਰ ਆ ਪੁੱਜਾ। ਫ਼ੌਜ ਨੇ ਉਸ ਖੇਤ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਏਨੀ ਵੱਡੀ ਫ਼ੌਜ ਵੇਖ ਕੇ ਭਾਈ ਮਹਾਰਾਜ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਭੱਜ ਵੀ ਨਹੀਂ ਸਕਣਗੇ। ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸੇ ਵਕਤ ਸੰਗਲਾਂ ਤੇ ਬੇੜੀਆਂ ਵਿਚ ਜਕੜ ਦਿੱਤਾ ਗਿਆ। ਭਾਈ ਮਹਾਰਾਜ ਸਿੰਘ ਨੂੰ ਜਲੰਧਰ ਜੇਲ੍ਹ ਵਿਚ ਪਹੁੰਚਾਇਆ ਗਿਆ। ਜਦ ਉਹ ਉਥੇ ਪੁੱਜੇ ਤਾਂ ਉਥੇ ਤਾਈਨਾਤ ਪਹਿਰੇਦਾਰਾਂ ਨੇ ਭਾਈ ਮਹਾਰਾਜ ਸਿੰਘ ਨੂੰ ਵੇਖ ਕੇ ਸਿਰ ਝੁਕਾ ਕੇ ਸਤਿਕਾਰ ਜ਼ਾਹਿਰ ਕੀਤਾ। ਇਸ ਤੋਂ ਡਿਪਟੀ ਕਮਿਸ਼ਨਰ ਹੋਰ ਡਰ ਗਿਆ ਤੇ ਉਸ ਨੂੰ ਜਲੰਧਰ ਰੱਖਣ ਦੀ ਬਜਾਇ ਕਲਕੱਤਾ ਭੇਜ ਦਿੱਤਾ। ਅੰਗਰੇਜ਼ ਅਜੇ ਵੀ ਉਸ ਤੋਂ ਬਹੁਤ ਡਰਦੇ ਸੀ ਇਸ ਕਰ ਕੇ ਉਨ੍ਹਾਂ ਨੇ ਉਸ ਨੂੰ ਜਲਾਵਤਨ ਕਰ ਕੇ ਸਿੰਗਾਪੁਰ ਭੇਜ ਦਿੱਤਾ। 15 ਮਈ 1850 ਦੇ ਦਿਨ ਭਾਈ ਮਹਾਰਾਜ ਸਿੰਘ ਨੂੰ 70ਵੀਂ ਰਜੀਮਟ ਦੀ ਵੱਡੀ ਫ਼ੋਰਸ ਦੀ ਨਿਗਰਾਨੀ ਹੇਠ, ਸੰਗਲਾਂ ਵਿਚ ਨੂੜ ਕੇ 'ਮੁਹੰਮਦ ਸ਼ਾਹ ਜਹਾਜ਼' ਵਿਚ ਕਲਕੱਤਾ ਤੋਂ ਸਿੰਘਾਪੁਰ ਲਿਜਾਇਆ ਗਿਆ। (ਸਿੰਘਾਪੁਰ ਵਿਚ ਜੇਲ੍ਹ ਦੇ ਤਸੀਹਿਆ ਕਾਰਨ ਭਾਈ ਮਹਾਰਾਜ ਸਿੰਘ ਜੀ 6 ਸਾਲ ਮਗਰੋਂ ਜੁਲਾਈ 1856 ਵਿਚ ਚੜ੍ਹਾਈ ਕਰ ਗਏ।

1988: 9 ਮਈ ਤੋਂ ਚਲ ਰਹੇ ਬਲੈਕ ਥੰਡਰ ਅਪਰੇਸ਼ਨ ਦੌਰਾਨ 146 ਬੰਦੇ ਹੱਥ ਖੜੇ ਕਰ ਕੇ ਬਾਹਰ ਆ ਕੇ ਗ੍ਰਿਫ਼ਤਾਰ ਹੋਏ

9 ਮਈ ਤੋਂ ਚਲ ਰਿਹਾ ਅਪਰੇਸ਼ਨ ਬਲੈਕ ਥੰਡਰ ਦੌਰਾਨ 15 ਮਈ ਤਕ ਵੀ ਚਲ ਰਿਹਾ ਸੀ; ਇਸ ਦਿਨ 146 ਬੰਦੇ ਹੱਥ ਖੜ੍ਹੇ ਕਰ ਕੇ, ਮੁਸਾਫ਼ਿਰ ਬਣ ਕੇ, ਬਾਹਰ ਆ ਗਏ। ਇਨ੍ਹਾਂ ਵਿਚ ਸੁਰਜੀਤ ਸਿੰਘ ਪੈਂਟਾ ਤੇ ਉਸ ਦਾ ਭਰਾ ਹਰਚਰਨ ਸਿੰਘ, ਕਾਰ ਸੇਵਾ ਵਾਲੇ ਉਤਮ ਸਿੰਘ ਦਾ ਪੀ.ਏ. ਸਕੱਤਰ ਸਿੰਘ, ਚਰਨਜੀਤ ਸਿੰਘ, ਲਾਭ ਸਿੰਘ ਉਰਫ਼ ਲੱਡੂ, ਜਗਤਾਰ ਸਿੰਘ ਉਰਫ਼ ਲੰਗੜਾ, ਜਰਮਨ ਸਿੰਘ ਵਗੈਰਾ ਸ਼ਾਮਿਲ ਸਨ। ਸੁਰਜੀਤ ਸਿੰਘ ਪੈਂਟਾ ਨੂੰ ਜਦੋਂ ਪਤਾ ਲਗਾ ਕਿ ਉਸ ਦੀ ਪਛਾਣ ਹੋ ਗਈ ਹੈ ਤਾਂ ਉਸ ਨੇ ਗੁਰੂ ਰਾਮਦਾਸ ਸਰਾਂ ਵਿਚ ਸਾਈਨਾਈਡ ਖਾ ਕੇ ਸ਼ਹੀਦੀ ਹਾਸਿਲ ਕਰ ਲਈ। ਹਥਿਆਰ ਸੁੱਟਣ ਵਾਲੇ 146 ਸਿੱਖਾਂ ਵਿਚ 12 ਬੱਚੇ ਤੇ 16 ਔਰਤਾਂ ਵੀ ਸਨ। ਔਰਤਾਂ ਵਿਚ ਸੁਰਜੀਤ ਸਿੰਘ ਪੈਂਟਾ, ਰੇਸ਼ਨ ਸਿੰਘ ਬੈਰਾਗੀ, ਭਾਗ ਸਿੰਘ ਤੇ ਚਰਨ ਸਿੰਘ ਚੰਨੀ ਦੀਆਂ ਪਤਨੀਆਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ 'ਤੇ ਬਗ਼ਾਵਤ ਦਾ ਕੇਸ ਬਣਾ ਕੇ ਇੰਟੈਰੋਗੇਸ਼ਨ ਸੈਂਟਰ 'ਚ ਭੇਜ ਦਿਤਾ ਗਿਆ। ਇਸ ਮੌਕੇ 'ਤੇ 40 ਦੇ ਕਰੀਬ ਸਿੱਖ ਹਥਿਆਰਾਂ ਸਣੇ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਗਏ।

1990: ਜੁਗਰਾਜ ਸਿੰਘ ਜੱਗਾ ਰਾਏਕੋਟ ਨਕਲੀ ਮੁਕਾਬਲੇ ਵਿਚ ਸ਼ਹੀਦ

15 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਜੁਗਰਾਜ ਸਿੰਘ ਜੱਗਾ (ਪੁੱਤਰ ਭਾਈ ਹਰੀ ਸਿੰਘ, ਵਾਸੀ ਰਾਏਕੋਟ, ਲੁਧਿਆਣਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁਖਦੇਵ ਸਿੰਘ ਬਬਰ ਨੱਥੂਪੁਰਾ, ਕਾਬਲ ਸਿੰਘ ਫ਼ੌਜੀ ਜਲਾਲਪੁਰਾ ਤੇ ਰਾਮ ਸਰੂਪ ਸਿੰਘ ਸਿਹੋੜਾ ਨਕਲੀ ਮੁਕਾਬਲੇ ਵਿਚ ਸ਼ਹੀਦ

15 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਸੁਖਦੇਵ ਸਿੰਘ ਬਬਰ (ਵਾਸੀ ਨੱਥੂਪੁਰਾ, ਅੰਮ੍ਰਿਤਸਰ), ਤੇ ਕਾਬਲ ਸਿੰਘ ਫ਼ੌਜੀ (ਵਾਸੀ ਜਲਾਲਪੁਰਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਰਾਮ ਸਰੂਪ ਸਿੰਘ (ਪੁਤਰ ਹੁਕਮ ਸਿੰਘ, ਵਾਸੀ ਸਿਹੋੜਾ, ਲੁਧਿਆਣਾ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੀਪ ਸਿੰਘ ਮੁਗ਼ਲ ਚੱਕ, ਰਣਧੀਰ ਸਿੰਘ ਮੁਗ਼ਲ ਚੱਕ, ਰਣਜੀਤ ਕੌਰ ਘੜੂਆਂ, ਪਰਮ ਸਤਿੰਦਰ ਸਿੰਘ ਜਾਂਗਲਾ ਤੇ ਸਵਰਨ ਸਿੰਘ ਵੇਰਕਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਮਈ 1992 ਦੇ ਦਿਨ ਪੁਲਸ ਨੇ ਸੁਖਦੀਪ ਸਿੰਘ (ਪੁਤਰ ਦਰਸ਼ਨ ਸਿੰਘ, ਵਾਸੀ ਮੁਗ਼ਲ ਚੱਕ, ਨੇੜੇ ਪਿੰਡ ਕੰਗ, ਅੰਮ੍ਰਿਤਸਰ), ਰਣਧੀਰ ਸਿੰਘ ਜਥੇਦਾਰ (ਪੁਤਰ ਚੰਨਣ ਸਿੰਘ, ਵਾਸੀ ਮੁਗ਼ਲ ਚੱਕ), ਰਣਜੀਤ ਕੌਰ (ਪੁਤਰੀ ਰਚਨ ਸਿੰਘ, ਵਾਸੀ ਘੜੂਆ, ਰੋਪੜ), ਪਰਮ ਸਤਿੰਦਰ ਸਿੰਘ (ਪੁਤਰ ਸਵਿੰਦਰ ਸਿੰਘ, ਵਾਸੀ ਜਾਂਗਲਾ, ਗੁਰਦਸਪੁਰ) ਤੇ ਸਵਰਨ ਸਿੰਘ ਵੇਰਕਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਜਸਕਰਨ ਸਿੰਘ ਰੁਪਾਣਾ ਤੇ ਹਰਮਿੰਦਰ ਸਿੰਘ ਗਰੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

15 ਮਈ 1993 ਦੇ ਦਿਨ ਪੁਲਸ ਨੇ ਜਸਕਰਨ ਸਿੰਘ ਰੁਪਾਣਾ ਅਤੇ ਹਰਮਿੰਦਰ ਸਿੰਘ ਗਰੇਵਾਲ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

16 ਮਈ

1766: ਪਹਾੜ ਗੰਜ ਦਿੱਲੀ 'ਤੇ ਸਿੱਖ ਫ਼ੌਜਾਂ ਦਾ ਕਬਜ਼ਾ ਹੋ ਗਿਆ

ਦਿੱਲੀ ਨੂੰ ਸਿੱਖ ਫ਼ੌਜਾਂ ਨੇ ਕਈ ਵਾਰ ਲਿਤਾੜਿਆ ਸੀ। ਮਈ 1765 ਵਿਚ ਸਿੱਖਾਂ ਨੇ ਦਿੱਲੀ ਸ਼ਹਿਰ 'ਤੇ ਇਕ ਵਾਰ ਫੇਰ ਹਮਲੇ ਸ਼ੁਰੂ ਕਰ ਦਿੱਤੇ। ਇਸ ਵਾਰ ਉਨ੍ਹਾਂ ਨੇ ਪਹਾੜ ਗੰਜ ਵੱਲੋਂ ਦਾਖ਼ਿਲ ਹੋ ਕੇ ਇਸ ਇਲਾਕੇ 'ਤੇ ਕਬਜ਼ਾ ਕਰ ਲਿਆ ਅਤੇ ਇੱਥੇ ਰਹਿ ਰਹੇ ਸਰਕਾਰੀ ਅਹਿਲਕਾਰਾਂ ਅਤੇ ਹਾਕਮਾਂ ਦੇ ਖ਼ਜ਼ਾਨੇ ਹਲਕੇ ਕੀਤੇ ਪਰ ਸਿੱਖ ਫ਼ੌਜਾਂ ਇੱਥੇ ਪੱਕੇ ਤੌਰ 'ਤੇ ਨਹੀਂ ਟਿਕੀਆਂ ਅਤੇ ਅਗਲੇ ਪੜਾਅ ਵਾਸਤੇ ਚਲ ਪਈਆਂ।

1916: ਗ਼ਦਰ ਪਾਰਟੀ ਦੇ ਆਗੂਆਂ ਇੰਦਰ ਸਿੰਘ ਪਧਰੀ ਅਤੇ ਪ੍ਰੇਮ ਸਿੰਘ ਸੁਰਸਿੰਘ ਨੂੰ ਫ਼ਾਂਸੀ ਦਿਤੀ ਗਈ

16 ਮਈ 1916 ਦੇ ਦਿਨ ਗ਼ਦਰ ਪਾਰਟੀ ਦੇ ਆਗੂਆਂ ਇੰਦਰ ਸਿੰਘ ਪਧਰੀ ਅਤੇ ਪ੍ਰੇਮ ਸਿੰਘ ਸੁਰਸਿੰਘ ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ।

1939: ਸ਼੍ਰੋਮਣੀ ਅਕਾਲੀ ਦਲ ਨੇ ਮਤਾ ਪਾਸ ਕੀਤਾ ਕਿ ਦਲ ਦਾ ਹਰ ਸੇਵਾਦਾਰ ਪਾਹੁਲੀਆ ਹੋਵੇਗਾ

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਮਤਾ ਪਾਸ ਕੀਤਾ ਕਿ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਮੁਲਾਜ਼ਮ ਲਾਜ਼ਮੀ ਤੌਰ 'ਤੇ ਪਾਹੁਲੀਆ (ਅੰਮ੍ਰਿਤਧਾਰੀ) ਹੋਵੇਗਾ।

1946: ਕੈਬਨਿਟ ਮਿਸ਼ਨ ਨੇ ਪਾਕਿਸਤਾਨ ਦੀ ਮੰਗ ਅਸਿੱਧੇ ਤਰੀਕੇ ਨਾਲ ਕਬੂਲ ਕਰ ਲਈ

ਲਾਰਡ ਐਟਲੀ ਨੇ ਬਰਤਾਨੀਆਂ ਦਾ ਪ੍ਰਾਈਮ ਮਨਿਸਟਰ ਬਣਦਿਆਂ ਹੀ 19 ਫ਼ਰਵਰੀ 1946 ਨੂੰ ਭਾਰਤ ਵਾਸਤੇ ਇਕ ਕਮਿਸ਼ਨ, ਜਿਸ ਵਿਚ ਕੈਬਨਿਟ ਦੇ ਵਜ਼ੀਰ ਸ਼ਾਮਿਲ ਹੋਣ, ਭੇਜਣ ਦਾ ਐਲਾਨ ਕੀਤਾ। ਇਸ ਵਿਚ ਲਾਰਡ ਪਥਿਕ ਲਾਰੈਂਸ, ਸਰ ਕ੍ਰਿਪਸ (ਕ੍ਰਿਪਸ ਮਿਸ਼ਨ ਵਾਲਾ) ਤੇ ਏ.ਵੀ. ਅਲੈਗਜ਼ੈਂਡਰ, ਤਿੰਨ ਮੈਂਬਰ ਸਨ। ਇਸ ਮਿਸ਼ਨ ਨੇ ਵਾਇਸਰਾਏ ਦੀ ਮਦਦ ਨਾਲ ਭਾਰਤ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮਿਲ ਕੇ ਭਾਰਤ ਦੀ ਆਜ਼ਾਦੀ ਬਾਰੇ ਫ਼ੈਸਲਾ ਕਰਨਾ ਸੀ।ਕੈਬਨਿਟ ਮਿਸ਼ਨ 24 ਮਾਰਚ 1946 ਦੇ ਦਿਨ ਦਿੱਲੀ ਪਹੁੰਚ ਗਿਆ। 3 ਮਹੀਨੇ ਵਿਚ ਮਿਸ਼ਨ ਦੇ ਮੈਂਬਰਾਂ ਨੇ ਤਕਰੀਬਨ 5 ਸੌ ਆਗੂਆਂ ਨਾਲ ਕੋਈ ਦੋ ਸੌ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿਚ ਮੁੱਖ ਤੌਰ 'ਤੇ ਅਕਾਲੀ, ਮੁਸਲਿਮ ਲੀਗ ਅਤੇ ਕਾਂਗਰਸੀ ਆਗੂ ਹੀ ਸ਼ਾਮਿਲ ਸਨ। ਉਂਞ ਇਨ੍ਹਾਂ ਦੀ ਹੋਰ ਵੀ ਕਈ ਆਗੂਆਂ ਨਾਲ ਗਲਬਾਤ ਹੋਈ, ਪਰ ਅਸਲੀ ਮਸਲਾ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਹੀ ਸੀ ਤੇ ਤਿੰਨਾਂ ਕੌਮਾਂ ਦੇ ਮਸਲਿਆਂ ਦੇ ਹੱਲ ਕੱਢਣ ਬਾਰੇ ਵਿਚਾਰਾਂ ਹੀ ਮੁੱਖ ਤੌਰ ਤੇ ਹੁੰਦੀਆਂ ਰਹੀਆਂ।

ਸ਼੍ਰੋਮਣੀ ਅਕਾਲੀ ਦਲ ਨੇ ਕੈਬਨਿਟ ਮਿਸ਼ਨ ਨੂੰ ਮੈਮੋਰੰਡਮ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ''ਕ੍ਰਿਪਸ ਮਿਸ਼ਨ ਦੇ ਆਉਣ ਵੇਲੇ ਤੋਂ ਅੱਜ ਤਕ ਘਟ ਗਿਣਤੀਆਂ ਬਾਰੇ ਹਾਲਤ ਬਦਲ ਚੁਕੀ ਹੈ। ਜਿਵੇਂ ਲਾਰਡ ਐਟਲੀ ਨੇ ਕਿਹਾ ਹੈ ਕਿ ਭਾਰਤੀਆਂ ਨੂੰ ਆਪਣੀ ਸਰਕਾਰ ਚਲਾਉਣ ਤੇ ਨਾਲ ਹੀ ਭਾਰਤ ਤੋਂ ਬਾਹਰ ਦੀ ਕਿਸੇ ਤਾਕਤ ਨੂੰ ਘਟ ਗਿਣਤੀਆਂ ਦੀ ਰੱਖਿਆ ਤੇ ਬਹੁ-ਗਿਣਤੀ ਵਲੋਂ ਠੀਕ ਵਤੀਰਾ ਦਿਵਾਉਣ ਬਾਰੇ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਸ ਕਰ ਕੇ ਇਹ ਜ਼ਰੂਰ ਹੋ ਜਾਂਦਾ ਹੈ ਕਿ ਸਿੱਖਾਂ ਵਾਸਤੇ ਤੇ ਦੇਸ਼ ਦੀਆਂ ਭਵਿੱਖ ਦੀਆਂ ਪਾਲਸੀਆਂ ਵਿਚ ਸਿੱਖਾਂ ਦੀ ਸਿਆਸੀ ਥਾਂ ਦੀ ਰੱਖਿਆ ਕਰਨ ਵਾਸਤੇ ਆਈਨ ਵਿਚ ਯਕੀਨੀ ਬਣਾਇਆ ਜਾਵੇ। ਕੈਬਨਿਟ ਮਿਸ਼ਨ ਦੇ ਐਲਾਨ ਵਿਚ ਸੂਬਿਆਂ ਵਾਸਤੇ ਭਾਰਤੀ ਯੂਨੀਅਨ ਵਿਚ ਸ਼ਾਮਲ ਨਾ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਸਿੱਖ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਨ ਕਿ ਭਾਰਤ ਦੀ ਦਿਸ ਰਹੀ ਹਰ ਤਰ੍ਹਾਂ ਦੀ ਵੰਡ ਦੇ ਉਹ ਮੁਖ਼ਾਲਿਫ਼ ਹਨ। ਸਿੱਖ ਇਕ 60 ਲੱਖ ਦੀ ਅਬਾਦੀ ਵਾਲੀ ਕੌਮ ਹਨ ਅਤੇ ਪੰਜਾਬ ਉਨ੍ਹਾਂ ਦਾ ਨਾ ਸਿਰਫ਼ ਹੋਮਲੈਂਡ ਹੈ ਬਲਕਿ ਇਬਾਦਤ ਵਾਲੀ ਧਰਤੀ ਵੀ ਹੈ। ਸਿੱਖ, ਪੰਜਾਬ ਦੇ, ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਹਾਕਮ ਸਨ ਤੇ ਮਾਲੀ ਅਤੇ ਸਿਆਸੀ ਪੱਖ ਤੋਂ ਆਜ਼ਾਦ ਸਨ।...'' ਸਾਡੀ ਮੰਗ ਹੈ ਕਿ ਸੂਬਿਆਂ ਵਿਚੋਂ ਮੁਸਲਮ ਬਹੁ-ਗਿਣਤੀ ਖ਼ਤਮ ਕਰ ਕੇ ਪੰਜਾਬ ਵਿਚ ਸਿੱਖਾਂ ਦੀ ਨੁਮਾਇੰਦਗੀ ਵਧਾ ਕੇ ਵਧ ਤਾਕਤ ਦੇਣੀ ਚਾਹੀਦੀ ਹੈ ਤਾਂ ਜੋ ਭਾਰਤ ਦੇ ਨਿਜ਼ਾਮ ਵਿਚ ਸਿੱਖਾਂ ਦੀ ਅਸਰਦਾਇਕ ਆਵਾਜ਼ ਹੋ ਸਕੇ। ਇਸ ਵਾਸਤੇ ਪੰਜਾਬ ਸੂਬੇ ਵਿਚੋਂ ਇਕ ਅਜਿਹਾ ਸੂਬਾ 'ਸਾਂਝੇ ਭਾਰਤ' ਵਿਚ ਬਣਾਇਆ ਜਾਵੇ ਜਿਸ ਵਿਚ ਸਾਰੇ ਅਹਿਮ ਸਿੱਖ ਗੁਰਦੁਆਰੇ ਤੇ ਸਿੱਖਾਂ ਦੀ ਅਬਾਦੀ ਦਾ ਚੋਖਾ ਹਿੱਸਾ ਆ ਸਕੇ।...ਕੈਬਨਿਟ ਮਿਸ਼ਨ ਮੁਸਲਮਾਨਾਂ ਦੀ ਮੰਗ ਬਾਰੇ ਗੰਭੀਰਤਾ ਨਾਲ ਸੋਚ ਰਿਹਾ ਹੈ ਤੇ ਫ਼ੈਸਲਾ ਕਰਨ ਤੋਂ ਪਹਿਲਾਂ ਇਹ ਖ਼ਿਆਲ ਰਖੇ ਕਿ ਸਿੱਖਾਂ ਦਾ (ਪਾਕਿਸਤਾਨ ਵਾਂਗ)-ਖਾਲਿਸਤਾਨ ਦਾ

ਹੱਕ ਵੀ ਬਣਦਾ ਹੈ। ਪਾਕਿਸਤਾਨ ਬਣਾਉਣ ਤੋਂ ਪਹਿਲਾਂ ਖਾਲਿਸਤਾਨ ਵੀ ਬਣਾਇਆ ਜਾਵੇ। ਸਿੱਖ ਇਕ ਸਾਂਝੀ ਆਈਨ ਬਣਾਉਣ ਵਾਲੀ ਬਾਡੀ ਦੇ ਹੱਕ ਵਿਚ ਹਨ। ਪਰ ਜੇ ਕਮਿਸ਼ਨ ਆਈਨ ਵਾਸਤੇ ਹਿੰਦੂ ਮੁਸਲਮਾਨ ਦੋ ਕਮੇਟੀਆਂ ਬਣਾਉਣਾ ਚਾਹਵੇ ਤਾਂ ਸਿੱਖਾਂ ਵਾਸਤੇ ਤੀਜੀ ਆਈਨੀ ਕਮੇਟੀ ਵੀ ਬਣਾਵੇ।

16 ਮਈ 1946 ਨੂੰ ਕੈਬਨਿਟ ਮਿਸ਼ਨ ਦੀ ਦੀ ਪੇਸ਼ਕਸ਼ ਛਾਇਆ ਹੋਈ। ਮਿਸ਼ਨ ਨੇ ਭਾਰਤ ਵਿਚ ਤਿੰਨ ਕੌਮਾਂ ਦੀ ਹੋਂਦ ਮਨਜ਼ੂਰ ਕੀਤੀ ਪਰ ਸਿੱਖ ਹੱਕਾਂ ਬਾਰੇ ਕੋਈ ਫ਼ੈਸਲਾ ਨਾ ਕੀਤਾ ਗਿਆ। ਕੈਬਨਿਟ ਮਿਸ਼ਨ ਨੇ ਪਾਕਿਸਤਾਨ ਦੀ ਮੰਗ ਤਾਂ ਰੱਦ ਕਰ ਦਿੱਤੀ ਪਰ ਨਾਲ ਹੀ ਭਾਰਤ ਦੀ ਦੋ ਗਰੁੱਪਾਂ (ਏ ਤੇ ਬੀ) ਵਿਚ ਵੰਡ ਦੀ ਹਿਮਾਇਤ ਕੀਤੀ, ਜਿਸ ਦਾ ਮਤਲਬ ਇਹੀ ਸੀ ਕਿ ਪਾਕਿਸਤਾਨ ਵਾਸਤੇ ਅਸਿੱਧੇ ਢੰਗ ਨਾਲ ਰਸਤਾ ਸਾਫ਼ ਕਰ ਦੇਣਾ। ਮਿਸ਼ਨ ਨੇ ਬੀ ਗਰੁਪ ਵਿਚ ਪੰਜਾਬ, ਸਿੰਧ, ਬਲੋਚਿਸਤਾਨ ਤੇ ਸੂਬਾ ਸਰਹੱਦ ਰੱਖੇ ਸਨ। ਪੰਜਾਬ ਵਿਚ ਉਸ ਵੇਲੇ 1 ਕਰੋੜ 22 ਲਖ 1 ਹਜ਼ਾਰ 577 ਗ਼ੈਰ-ਮੁਸਲਮਾਨ ਅਤੇ 1 ਕਰੋੜ 62 ਲੱਖ 17 ਹਜ਼ਾਰ 242 ਮੁਸਲਮਾਨ ਸਨ। ਇਸ ਦੇ ਬਾਵਜੂਦ ਸਾਰੇ ਦਾ ਸਾਰਾ ਪੰਜਾਬ ਅੱਗੋਂ ਪਾਕਿਸਤਾਨ ਬਣਨ ਵਾਲੇ ਇਲਾਕੇ ਵਿਚ ਰਖਿਆ ਗਿਆ ਸੀ।ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕੈਬਨਿਟ ਮਿਸ਼ਨ ਦੀ ਪੇਸ਼ਕਸ਼ ਦੀ ਮੁਖ਼ਾਲਫ਼ਤ ਕੀਤੀ ਤੇ ਪਾਕਿਸਤਾਨ ਰੋਕਣ ਵਾਸਤੇ ਮੋਰਚੇ ਦਾ ਐਲਾਨ ਕੀਤਾ।

1987: ਦਿੱਲੀ 'ਚ ਰਕਾਬ ਗੰਜ ਅਤੇ ਬੰਗਲਾ ਸਾਹਿਬ 'ਚ ਪੁਲੀਸ ਦਾ ਧਾਵਾ

ਦਿੱਲੀ ਵਿਚ ਵੀ ਪੁਲਸ ਸਿੱਖਾਂ ਨੂੰ ਆਨੇ ਬਹਾਨੇ ਤੰਗ ਕਰਦੀ ਰਹਿੰਦੀ ਸੀ; ਇਸ ਵਿਚ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਸਿੱਖਾਂ ਨੂੰ ਰੋਕ ਕੇ ਉਨ੍ਹਾਂ ਦੀਆਂ ਤਲਾਸ਼ੀਆਂ ਦੇ ਬਹਾਨੇ ਉਨ੍ਹਾਂ ਨੂੰ ਨਾਜਾਇਜ਼ ਤੰਗ ਕਰਨਾ ਤਾਂ ਸ਼ਾਮਿਲ ਹੀ ਸੀ, ਹੋਟਲਾਂ ਵਿਚ ਠਹਿਰਣ ਵਾਲੇ ਸਿੱਖਾਂ ਨਾਲ ਵੀ ਨਾਜਾਇਜ਼ ਧੱਕਾ ਹੁੰਦਾ ਰਹਿੰਦਾ ਸੀ। ਮਗਰੋਂ ਪੁਲਸ ਨ ਗੁਰਦੁਆਰਿਆਂ ਵਿਚ ਠਹਿਰਣ ਵਾਲੇ ਸਿੱਖਾਂ ਨੂੰ ਵੀ ਘੇਰਨਾ ਸ਼ੁਰੂ ਕਰ ਦਿੱਤਾ। ਇਸ ਮੁਹਿੰਮ ਹੇਠ 16 ਮਈ 1987 ਨੂੰ ਪੁਲੀਸ ਨੇ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਅਤੇ ਗੁਰਦੁਆਰਾ ਬੰਗਲਾ ਸਾਹਿਬ ਉੱਤੇ ਧਾਵਾ ਬੋਲ ਦਿਤਾ ਅਤੇ ਬਹੁਤ ਸਾਰੇ ਸਿੱਖ ਮੁਸਾਫ਼ਿਰ ਗ੍ਰਿਫ਼ਤਾਰ ਕਰ ਲਏ।

1989: ਕੰਵਲਜੀਤ ਸਿੰਘ (ਉਰਫ਼ ਵਾਹਿਗੁਰੂ ਸਿੰਘ), ਅਮਰੀਕ ਸਿੰਘ ਲਾਲੀ ਪੱਖੀ ਕਲਾਂ ਤੇ ਅਮਰੀਕ ਸਿੰਘ ਮੁੱਦਕੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

16 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਕੰਵਲਜੀਤ ਸਿੰਘ ਉਰਫ਼ ਵਾਹਿਗੁਰੂ ਸਿੰਘ (ਵਾਸੀ ਸਰਵਾਲੀ, ਡੇਰਾ ਬਾਬਾ ਨਾਨਕ), ਗੁਰਦਾਸਪੁਰ), ਅਮਰੀਕ ਸਿੰਘ ਲਾਲੀ (ਵਾਸੀ ਪੱਖੀ ਕਲਾਂ, ਫਰੀਦਕੋਟ) ਤੇ ਅਮਰੀਕ ਸਿੰਘ ਮੁੱਦਕੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਦੇਵ ਸਿੰਘ ਉਰਫ਼ ਬੁਲਬੁਲ ਤੇ ਸਾਹਿਬ ਸਿੰਘ ਕਾਸ਼ਤੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

16 ਮਈ 1992 ਦੇ ਦਿਨ ਪੁਲਸ ਨੇ ਜਸਦੇਵ ਸਿੰਘ ਉਰਫ਼ ਬੁਲਬੁਲ ਤੇ ਸਾਹਿਬ ਸਿੰਘ ਕਾਸ਼ਤੀਵਾਲ (ਪੁਤਰ ਪਿਆਰਾ ਸਿੰਘ ਤੇ ਬਬਰ ਖਾਲਸਾ ਦੇ ਜਰਨੈਲ ਭਾਈ ਧਰਮ ਸਿੰਘ ਕਾਸ਼ਤੀਵਾਲ ਸ਼ਹੀਦ ਦੇ ਭਰਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਸ਼ੇਰਜੰਗ ਸਿੰਘ ਸ਼ੇਰ ਨਕਲੀ ਮੁਕਾਬਲੇ ਵਿਚ ਸ਼ਹੀਦ

16 ਮਈ 1993 ਦੇ ਦਿਨ ਪੁਲਸ ਨੇ ਸ਼ੇਰ ਜੰਗ ਸਿੰਘ ਸ਼ੇਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਵੱਡੀ ਜਿੱਤ ਹਾਸਿਲ ਕੀਤੀ

16 ਮਈ 2014 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਦੇ ਨਤੀਜੇ ਆਏ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਵੱਡੀ ਜਿੱਤ ਹਾਸਿਲ ਕੀਤੀ ਅਤੇ ਨਰੇਂਦਰ ਮੋਦੀ ਦਾ ਪ੍ਰਾਈਮ ਮਨਿਸਟਰ ਬਣਨ ਦਾ ਪਲਾਨ ਕਾਮਯਾਬ ਕੀਤਾ। ਮੀਡੀਆ ਨੂੰ ਹਜ਼ਾਰਾਂ ਕਰੋੜ ਰੁਪੈ ਦੇ ਕੇ, ਲੋਕਾਂ ਦੀ ਮਾਨਸਿਕਤਾ ਵਿਚ ਫ਼ਿਰਕੂ ਨਾਅਰੇ ਭਰ ਕੇ, ਭਾਰਤੀ ਜਨਤਾ ਪਾਰਟੀ ਨੇ 543 ਵਿਚੋਂ 282 ਸੀਟਾਂ 'ਤੇ ਜਿੱਤ ਹਾਸਿਲ ਕੀਤੀ। ਕਾਂਗਰਸ ਪਾਰਟੀ ਸਿਰਫ਼ 44 ਸੀਟਾਂ ਹੀ ਹਾਸਿਲ ਕਰ ਸਕੀ। ਇੰਞ ਹੀ ਸਮਾਜਵਾਦੀ ਪਾਰਟੀ ਸਿਰਫ਼ 5 ਸੀਟਾਂ ਹੀ ਜਿੱਤ ਸਕੀ ਅਤੇ ਬਹੁਜਨ ਸਮਾਜ ਇਕ ਸੀਟ ਵੀ ਨਾ ਜਿਤ ਸਕੀ। ਪਰ, ਜੈ ਲਲਿਤਾ ਦੀ ਅੰਨਾ ਡੀ.ਐਮ.ਕੇ. ਨੇ 37 ਅਤੇ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ 34 ਸੀਟਾਂ ਜਿੱਤ ਕੇ ਆਪਣੀ ਸਿਰਦਾਰੀ ਕਾਇਮ ਰੱਖੀ। ਪੰਜਾਬ ਵਿਚ ਬਾਦਲ ਅਕਾਲੀ ਦਲ ਨੇ ਸਿਰਫ਼ 4 (ਤਰਨਤਾਰਨ, ਅਨੰਦਪੁਰ, ਫ਼ੀਰੋਜ਼ਪੁਰ ਅਤੇ ਬਠਿੰਡਾ) ਸੀਟਾਂ (30.8% ਵੋਟਾਂ ਲੈ ਕੇ) ਜਿੱਤੀਆਂ, ਜਿਨ੍ਹਾਂ ਵਿਚੋਂ ਆਖ਼ਰੀ ਤਿੰਨ ਬਹੁਤ ਥੋੜ੍ਹੇ ਫ਼ਰਕ ਨਾਲ ਜਿੱਤੀਆਂ ਗਈਆਂ ਸਨ। ਅਰਵਿੰਦ ਕੇਜਰੀਵਾਲ ਅਤੇ ਯੋਗਿੰਦਰ ਯਾਦਵ ਦੀ 'ਆਮ ਆਦਮੀ ਪਾਰਟੀ' ਨੇ ਪੰਜਾਬ ਵਿਚ 4 (ਸੰਗਰੂਰ: ਭਗਵੰਤ ਮਾਨ, ਫ਼ਰੀਦਕੋਟ: ਪ੍ਰੋ. ਸਾਧੂ ਸਿੰਘ, ਫ਼ਤਹਿਗੜ੍ਹ ਹਰਿੰਦਰ ਸਿੰਘ ਤੇ ਪਟਿਆਲਾ ਡਾ: ਧਰਮਵੀਰ ਗਾਂਧੀ) ਸੀਟਾਂ ਅਤੇ 23% ਵੋਟਾਂ ਹਾਸਿਲ ਕਰ ਕੇ ਨਵਾਂ ਚੈਪਟਰ ਲਿਖਿਆ। ਪੰਜਾਬ ਵਿਚੋਂ ਕਾਂਗਰਸ ਨੂੰ 3 ਸੀਟਾਂ (ਜਲੰਧਰ, ਅੰਮ੍ਰਿਤਸਰ ਤੇ ਲੁਧਿਆਣਾ) ਅਤੇ 30.8% ਵੋਟਾਂ ਮਿਲੀਆਂ ਅਤੇ ਭਾਜਪਾ ਨੇ (ਹੁਸ਼ਿਆਰਪੁਰ ਤੇ ਗੁਰਦਾਸਪੁਰ ਸੀਟਾਂ ਜਿੱਤ ਕੇ) 15.4% ਵੋਟਾਂ ਹਾਸਿਲ ਕੀਤੀਆਂ।

17 ਮਈ

1762: ਅੱਧੀ ਫ਼ੌਜ ਖ਼ਤਮ ਹੋ ਜਾਣ ਦੇ ਬਾਵਜੂਦ ਸਿੱਖਾਂ ਨੇ ਸਰਹੰਦ 'ਤੇ ਹਮਲਾ ਕੀਤਾ

5 ਫ਼ਰਵਰੀ 1762 ਦੇ ਦਿਨ ਤਕਰੀਬਨ 25000 ਸਿੱਖ ਕੁੱਪ ਰਹੀੜ ਵਿਚ ਵੱਡੇ ਘੱਲੂਘਾਰੇ ਵਿਚ ਸ਼ਹੀਦ ਹੋਏ ਸਨ; ਅੱਧੀ ਸਿੱਖ ਫ਼ੌਜ ਖ਼ਤਮ ਹੋ ਗਈ ਪਰ ਇਸ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਬੁਲੰਦ ਰਹੇ। ਦੋ ਮਹੀਨੇ ਮਗਰੋਂ ਉਹ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਵਿਚ ਇਕੱਠੇ ਹੋਏ ਅਤੇ ਸ਼ਹੀਦ ਹੋਏ ਸਿੱਖਾਂ ਨੂੰ ਅਕੀਦਤ (ਸ਼ਰਧਾਂਲੀ) ਵਜੋਂ ਗੁਰਮਤਾ ਪਾਸ ਕੀਤਾ: "ਸ਼ਹੀਦੀਆਂ ਨਾਲ ਸਾਡਾ (ਮਨਾਂ ਦਾ) ਖੋਟ ਝੜ ਗਿਆ ਹੈ ਅਤੇ ਅਸੀਂ ਕੁੰਦਨ ਹੋ ਗਏ ਹਾਂ ਤੇ ਹੁਣ ਅਸੀਂ ਅਹਿਮਦ ਸ਼ਾਹ ਦਾ ਆਹਮੋ-ਸਾਹਮਣੇ ਟਾਕਰਾ ਕਰਾਂਗੇ।" ਇਹ ਖ਼ਾਲਸੇ ਦੀ ਲਾਸਾਨੀ ਚੜ੍ਹਦੀ ਕਲਾ ਸੀ ਕਿ ਤਕਰੀਬਨ ਅੱਧੀ ਕੌਮ ਸ਼ਹੀਦ ਹੋਣ ਮਗਰੋਂ ਵੀ ਉਹ ਇਹੋ ਜਿਹਾ ਗੁਰਮਤਾ ਕਰ ਸਕਦੇ ਹਨ। ਇਹੋ ਜਿਹੇ ਖ਼ੌਫ਼ਨਾਕ ਸਾਕੇ ਮਗਰੋਂ ਵੀ ਉਹ ਦੁਨੀਆਂ ਦੀ ਸਭ ਤੋਂ ਵੱਡੀ ਦਹਿਸ਼ਤ ਨਾਲ ਟੱਕਰ ਲੈਣ ਵਾਸਤੇ ਤਿਆਰ ਸਨ ਅਤੇ ਅਜਿਹੇ ਸਨ ਸਿੱਖਾਂ ਦੇ ਹੌਸਲੇ, ਸਿੱਖਾਂ ਦੀ ਰੂਹਾਨੀ ਤਾਕਤ ਤੇ ਸਿੱਖਾਂ ਦਾ ਮਜ਼ਬੂਤ ਇਰਾਦਾ। ਸਿੱਖਾਂ ਨੇ ਇਹ ਚੜ੍ਹਦੀ ਕਲਾ ਗੁਰੂ ਨਾਨਕ ਸਾਹਿਬ ਤੋਂ ਹਾਸਿਲ ਕੀਤੀ ਸੀ, ਗੁਰਬਾਣੀ ਤੋਂ ਸਿੱਖੀ ਸੀ, ਸ਼ਹੀਦ ਗੁਰੂ ਸਾਹਿਬਾਨ ਤੋਂ ਅਤੇ ਸ਼ਹੀਦਾਂ, ਮੁਰੀਦਾਂ, ਜੁਝਾਰੂਆਂ ਤੋਂ ਵਿਰਸੇ ਵਿਚ ਲਈ ਸੀ।

ਖਿਦਰਾਣੇ ਦੀ ਢਾਬ ਦੇ ਗੁਰਮਤੇ 'ਤੇ ਅਮਲ ਵਜੋਂ ਸਿੱਖਾਂ ਨੇ 17 ਮਈ 1762 ਦੇ ਦਿਨ (ਘੱਲੂਘਾਰੇ ਤੋਂ ਸਿਰਫ਼ ਤਿੰਨ ਮਹੀਨੇ 10 ਦਿਨ ਮਗਰੋਂ ਹੀ) 'ਤੇ ਹਮਲਾ ਕੀਤਾ। ਅਜਿਹੀ ਸੀ ਇਸ ਕੌਮ ਦੀ ਦਲੇਰੀ ਤੇ ਰੂਹਾਨੀ ਤਾਕਤ ਕਿ ਅੱਧੀ ਤੋਂ ਵੱਧ ਕੌਮ ਸ਼ਹੀਦ ਹੋਣ ਦੇ ਸਿਰਫ਼ ਤਿੰਨ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੇ ਇਸ ਵੱਡੀ ਤਾਕਤ 'ਤੇ ਹਮਲਾ ਕੀਤਾ। ਸਿੱਖਾਂ ਦੇ ਇਸ ਅਚਾਨਕ ਹਮਲੇ ਨੇ ਦੇ ਸੂਬੇਦਾਰ ਜ਼ੈਨ ਖ਼ਾਨ ਦੇ ਗੋਡੇ ਲੁਆ ਦਿੱਤੇ ਅਤੇ ਉਸ ਨੇ ਸਿੱਖਾਂ ਨੂੰ 50 ਹਜ਼ਾਰ ਰੁਪੈ ਨਜ਼ਰਾਨਾ ਦੇਣਾ ਮੰਨ ਲਿਆ। ਜਦੋਂ ਸਿੱਖ ਇਹ ਰਕਮ ਲੈ ਕੇ ਮੁੜ ਰਹੇ ਸਨ ਤੇ ਤੋਂ ਸਿਰਫ਼ 25 ਕਿਲੋਮੀਟਰ ਦੂਰ ਪੁੱਜੇ ਸਨ ਤਾਂ ਇਸ ਸੂਬੇਦਾਰ ਨੇ ਆਪਣੇ ਇਕ ਹਿੰਦੂ ਜਰਨੈਲ ਲਾਲਾ ਲੱਛਮੀ ਨਾਰਾਇਣ ਦੀ ਸਲਾਹ 'ਤੇ ਸਿੱਖਾਂ 'ਤੇ ਹਮਲਾ ਕਰ ਕੇ ਉਹ ਰਕਮ ਲੁੱਟ ਲਈ। ਇਸ 'ਤੇ ਸਿੱਖਾਂ ਨੇ ਦੋਬਾਰਾ ਹਮਲਾ ਕਰ ਦਿੱਤਾ ਅਤੇ ਜ਼ੈਨ ਖ਼ਾਨ ਤੇ ਲੱਛਮੀ ਨਾਰਾਇਣ ਦਾ ਬਹੁਤ ਸਾਰਾ ਸਾਮਾਨ ਲੁੱਟ ਲਿਆ ਤੇ ਉਨ੍ਹਾਂ ਦਾ ਤੋਂ 20-25 ਕਿਲੋਮੀਟਰ ਦੂਰ ਪਿੰਡ ਹਰਨੌਲਗੜ੍ਹ ਤਕ ਪਿੱਛਾ ਕੀਤਾ। ਇੱਥੇ ਫਿਰ ਇਕ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਜ਼ੈਨ ਖ਼ਾਨ ਨੂੰ ਦੋਬਾਰਾ ਹਾਰ ਹਾਸਿਲ ਹੋਈ ਤੇ ਉਹ ਮੈਦਾਨ ਛੱਡ ਕੇ ਭੱਜ ਗਿਆ। ਸਿੱਖਾਂ ਨੇ ਇਹ ਕਾਮਯਾਬੀ ਉਦੋਂ ਹਾਸਿਲ ਕੀਤੀ ਸੀ, ਜਦੋਂ ਅਹਿਮਦ ਸ਼ਾਹ ਅਜੇ ਲਾਹੌਰ ਵਿਚ ਹੀ ਸੀ। ਜਦ ਇਸ ਦੀ ਖ਼ਬਰ ਅਹਿਮਦ ਸ਼ਾਹ ਨੂੰ ਮਿਲੀ ਤਾਂ ਉਹ ਬੜਾ ਡਰਿਆ। ਉਸ ਨੂੰ ਮਹਿਸੂਸ ਹੋਇਆ ਕਿ ਉਸ ਨੇ -ਬਰਨਾਲਾ-ਮਲੇਰਕੋਟਲਾ 'ਚੋਂ ਨਿਕਲ ਕੇ ਸਹੀ ਕੀਤਾ ਸੀ।

1978: ਨਿਰੰਕਾਰੀਆਂ ਦੇ ਖ਼ਿਲਾਫ਼ ਅਕਾਲ ਤਖ਼ਤ ਦਾ ਹੁਕਮਨਾਮਾ ਤਿਆਰ ਕਰਨ ਵਾਸਤੇ ਕਮੇਟੀ ਬਣੀ

13 ਅਪਰੈਲ 1978 ਦੇ ਦਿਨ ਨਿਰੰਕਾਰੀਆਂ ਵੱਲੋਂ ਸਿੱਖਾਂ ਦੇ ਕਤਲੇਆਮ ਅਤੇ ਸਿੱਖ ਧਰਮ 'ਤੇ ਹਮਲਿਆਂ ਸਬੰਧੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਰਬ ਸਿੱਖ ਕਨਵੈਨਸ਼ਨ ਹੋਈ ਜਿਸ ਵਿਚ ਸੈਂਕੜੇ ਆਗੂ, ਵਿਦਵਾਨ ਤੇ ਵਰਕਰ ਸ਼ਾਮਿਲ ਹੋਏ। ਇਸ ਇਕੱਠ ਵਿਚ ਮਤਾ ਪਾਸ ਹੋਇਆ ਕਿ ਨਿਰੰਕਾਰੀਆਂ ਦੇ ਖ਼ਿਲਾਫ਼ ਸਿੱਖ ਪੰਥ ਦੇ ਨਾਂ 'ਤੇ ਹੁਕਮਨਾਮਾ ਜਾਰੀ ਕੀਤਾ ਜਾਵੇ; ਇਸ ਹੁਕਮਨਾਮੇ ਨੂੰ ਤਿਆਰ ਕਰਨ ਵਾਸਤੇ 7 ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿਚ ਸਿਰਦਾਰ ਕਪੂਰ ਸਿੰਘ, ਗਿਆਨੀ ਗੁਰਦਿਤ ਸਿੰਘ, ਗਿਆਨੀ ਲਾਲ ਸਿੰਘ, ਗਿਆਨੀ ਪ੍ਰਤਾਪ ਸਿੰਘ, ਸਤਬੀਰ ਸਿੰਘ, ਪ੍ਰੋ: ਪ੍ਰਕਾਸ਼ ਸਿੰਘ (ਖਾਲਸਾ ਕਾਲਜ), ਸਾਧੂ ਸਿੰਘ ਭੌਰਾ ਸ਼ਾਮਿਲ ਸਨ; ਯਾਨਿ ਇਹ ਹੁਕਮਨਾਮਾ ਕਿਸੇ ਅਖੌਤੀ ਜਥੇਦਾਰ ਨੇ ਜਾਰੀ ਨਹੀਂ ਸੀ ਕੀਤਾ ਬਲਕਿ ਸਰਬਤ ਖ਼ਾਲਸਾ ਵਰਗੇ ਇਕ ਇਕੱਠ ਵਿਚ ਬਣੀ ਵਿਦਵਾਨਾਂ ਦੀ ਕਮੇਟੀ ਨੇ ਤਿਆਰ ਕੀਤਾ ਸੀ; ਸਾਧੂ ਸਿੰਘ ਭੌਰਾ ਨੇ ਤਾਂ ਇਸ ਨੂੰ 10 ਜੂਨ 1978 ਦੇ ਦਿਨ ਅਕਾਲ ਤਖ਼ਤ ਦੇ ਨਾਂ 'ਤੇ ਸਿਰਫ਼ ਜਾਰੀ ਕੀਤਾ ਸੀ।

1989: ਹਰਨੇਕ ਸਿੰਘ ਡੱਲਾ ਨਕਲੀ ਮੁਕਾਬਲੇ ਵਿਚ ਸ਼ਹੀਦ

17 ਮਈ 1989 ਦੇ ਦਿਨ ਪੁਲਸ ਨੇ ਹਰਨੇਕ ਸਿੰਘ (ਪੁਤਰ ਨਿਰੰਜਨ ਸਿੰਘ, ਵਾਸੀ ਪਿੰਡ ਡੱਲਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦਿਲਬਾਗ ਸਿੰਘ ਬੱਬ ਜਗਤਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

17 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਦਿਲਬਾਗ ਸਿੰਘ ਉਰਫ਼ ਬੱਬ ਸਿੰਘ ਬੱਬ (ਪੁੱਤਰ ਮੋਹਣ ਸਿੰਘ, ਵਾਸੀ ਜਗਤਪੁਰਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜਰਨੈਲ ਸਿੰਘ ਸੋਢੀਵਾਲਾ, ਡਾ. ਦਰਸ਼ਪ੍ਰੀਤ ਸਿੰਘ ਰੋਮੀ ਪੂਨਾ, ਹਰਦੀਪ ਸਿੰਘ ਪੂਨਾ, ਰੁਪਿੰਦਰ ਸਿੰਘ ਹਮੀਰਪੁਰ, ਮੋਹਣ ਸਿੰਘ ਸ਼ੇਖੂਪੁਰਾ, ਸੁਖਵਿੰਦਰ ਸਿੰਘ ਕਾਲਾ ਝੰਡੇ, ਗੁਰਚਰਨ ਸਿੰਘ ਢਪਈ ਸਾਹਿਬ ਸਿੰਘ ਫਰੀਦਵਾਲਾ, ਬਿਕਰਮਜੀਤ ਸਿੰਘ ਸਹਿੰਸਰਾ, ਗੁਰਚਰਨ ਸਿੰਘ ਬਹਿਲੂਰ, ਰਾਮ ਸਿੰਘ ਪੱਖੋਪੁਰ, ਰਾਮ ਸਿੰਘ ਰਈਆ ਨਕਲੀ ਮੁਕਾਬਲਿਆਂ ਵਿਚ ਸ਼ਹੀਦ

17 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਜਰਨੈਲ ਸਿੰਘ ਬਬਰ ਸੋਢੀਵਾਲਾ, ਡਾ. ਦਰਸ਼ਪ੍ਰੀਤ ਸਿੰਘ ਰੋਮੀ (ਪੁੱਤਰ ਮਾਸਟਰ ਬਹਾਦੁਰ ਸਿੰਘ, ਵਾਸੀ ਪੂਨਾ), ਹਰਦੀਪ ਸਿੰਘ (ਵਾਸੀ ਪੂਨਾ), ਰੁਪਿੰਦਰ ਸਿੰਘ ਉਰਫ਼ ਦਿਉਲ (ਵਾਸੀ ਹਮੀਰਪੁਰ), ਮੋਹਣ ਸਿੰਘ ਉਰਫ਼ ਠਾਕਰ (ਪੁੱਤਰ ਸਿਕੰਦਰ ਸਿੰਘ, ਵਾਸੀ ਸ਼ੇਖੂਪੁਰਾ), ਸੁਖਵਿੰਦਰ ਸਿੰਘ ਕਾਲਾ ਝੰਡੇ, ਗੁਰਚਰਨ ਸਿੰਘ ਢਪਈ (ਵਾਸੀ ਦੁਰਗਾਬਾਦ, ਗੁਰਦਾਸਪੁਰ), ਸਾਹਿਬ ਸਿੰਘ (ਵਾਸੀ ਫਰੀਦਵਾਲਾ, ਫ਼ੀਰੋਜ਼ਪੁਰ), ਬਿਕਰਮਜੀਤ ਸਿੰਘ ਸਹਿੰਸਰਾ, ਅੰਮ੍ਰਿਤਸਰ), ਗੁਰਚਰਨ ਸਿੰਘ ਉਰਫ਼ ਡਾ. ਨਵਦੀਪ ਸਿੰਘ, ਬਹਿਲੂਰ), ਰਾਮ ਸਿੰਘ ਪੱਖੋਪੁਰ, ਰਾਮ ਸਿੰਘ ਰਈਆ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਹੰਸ ਕਲਾਂ (ਜਗਰਾਓਂ) ਵਿਚ ਹੋਏ ਅਸਲ ਮੁਕਾਬਲੇ ਵਿਚ ਦਰਸ਼ਪ੍ਰੀਤ ਸਿੰਘ ਰੂਮੀ, ਸੁਖਵਿੰਦਰ ਸਿੰਘ ਕਾਲਾ ਝੰਡੇ, ਹਰਦੀਪ ਸਿੰਘ ਰਿੰਪੀ, ਰੁਪਿੰਦਰ ਸਿੰਘ ਖਾਲਸਾ, ਮੋਹਨ ਸਿੰਘ ਸ਼ੇਖੂਪੁਰਾ ਤੇ ਖ਼ੁਸ਼ਕਰਨ ਸਿੰਘ ਸ਼ਹੀਦ

17 ਮਈ 1991 ਦੇ ਦਿਨ ਪੁਲਸ ਨੂੰ ਮੁਖ਼ਬਰੀ ਮਿਲੀ ਕਿ ਕੁਝ ਖਾੜਕੂ ਪਿੰਡ ਹੰਸ ਕਲਾਂ (ਨੇੜੇ ਜਗਰਾਓਂ) ਬੈਠੇ ਹੋਏ ਹਨ। 300 ਤੋਂ ਵਧ ਪੁਲਸੀਆਂ ਅਤੇ ਸੀ.ਆਰ.ਪੀ. ਸਿਪਾਹੀਆਂ ਦੀ ਵੱਡੀ ਫ਼ੋਰਸ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ ਜਿਸ ਨਾਲ ਦੋਹਾਂ ਪਾਸਿਆਂ ਤੋਂ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ। ਕਈ ਘੰਟੇ ਚੱਲੀ ਇਸ ਲੜਾਈ ਵਿਚ ਦਰਜਨ ਤੋਂ ਵਧ ਪੁਲਸੀਏ ਮਾਰੇ ਗਏ ਤੇ 5 ਖਾੜਕੂ ਵੀ ਮਾਰੇ ਗਏ। ਸ਼ਹੀਦ ਹੋਣ ਵਾਲੇ ਸਿੰਘ ਸਨ: ਦਰਸ਼ਪ੍ਰੀਤ ਸਿੰਘ ਰੂਮੀ, ਸੁਖਵਿੰਦਰ ਸਿੰਘ ਕਾਲਾ ਝੰਡੇ, ਹਰਦੀਪ ਸਿੰਘ ਰਿੰਪੀ, ਰੁਪਿੰਦਰ ਸਿੰਘ ਖਾਲਸਾ, ਮੋਹਨ ਸਿੰਘ ਸ਼ੇਖੂਪੁਰਾ। ਛੇਵੇਂ ਖਾੜਕੂ ਖ਼ੁਸ਼ਕਰਨ ਸਿੰਘ ਨੇ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਸੀ ਪਰ ਪੁਲਸ ਨੇ ਉਸ ਨੂੰ ਵੀ ਮਾਰ ਦਿੱਤਾ।

1992: ਮੰਦਰ ਸਿੰਘ ਚੜ੍ਹਦੀ ਕਲਾ ਪਾਲੀਪੁਰ, ਜਗਰੂਪ ਸਿੰਘ ਰੂਪਾ ਗ਼ਾਲਿਬ ਕਲਾਂ ਤੇ ਚਾਰ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

17 ਮਈ 1992 ਦੇ ਦਿਨ ਪੁਲਸ ਨੇ ਮੰਦਰ ਸਿੰਘ ਉਰਫ਼ ਚੜ੍ਹਦੀ ਕਲਾ (ਪਾਲੀਪੁਰ, ਫ਼ੀਰੋਜ਼ਪੁਰ), ਜਗਰੂਪ ਸਿੰਘ ਰੂਪਾ (ਗ਼ਾਲਿਬ ਕਲਾਂ, ਲੁਧਿਆਣਾ) ਤੇ ਚਾਰ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਜਸਪਾਲ ਸਿੰਘ ਫ਼ੌਜੀ ਤੇ ਚਾਰ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

17 ਮਈ 1993 ਦੇ ਦਿਨ ਪੁਲਸ ਨੇ ਜਸਪਾਲ ਸਿੰਘ ਫ਼ੌਜੀ ਤੇ ਚਾਰ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1994: ਚਰਨ ਸਿੰਘ ਗੋਸਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

17 ਮਈ 1994 ਦੇ ਦਿਨ ਪੁਲਸ ਨੇ ਚਰਨ ਸਿੰਘ (ਪੁੱਤਰ ਭਗਤ ਸਿੰਘ, ਵਾਸੀ ਗੋਸਲਾਂ, ਲੁਧਿਆਣਾ) ਨੂੰ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਬਾਦਲ ਟੱਬਰ ਨੇ ਅੰਮ੍ਰਿਤਸਰ ਦੇ ਬਹੁਤ ਨੇੜੇ ਇਕ ਸਾਧ ਨੂੰ ਮੱਥਾ ਟੇਕਿਆ ਪਰ ਦਰਬਾਰ ਸਾਹਿਬ ਨਾ ਗਏ

16 ਮਈ 2014 ਦੇ ਦਿਨ, ਬਠਿੰਡਾ ਵਿਚੋਂ ਮੁਸ਼ਕਿਲ ਨਾਲ ਚੋਣ ਜਿੱਤਣ ਮਗਰੋਂ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਿਮਰਤ ਬਾਦਲ, 17 ਮਈ ਦੇ ਦਿਨ, ਅੰਮ੍ਰਿਤਸਰ ਦੇ ਨੇੜੇ ਪਿੰਡ ਗੁਰੂਵਾਲੀ ਵਿਚ ਇਕ ਸਾਧ ਨੂੰ ਮੱਥਾ ਟੇਕਣ ਵਾਸਤੇ ਗਈ। ਉਸ ਦੇ ਨਾਲ ਉਸ ਦਾ ਸਹੁਰਾ, ਭਰਾ ਬਿਕਰਮਜਤਿ ਮਜੀਠਾ ਤੇ ਪਤੀ ਸੁਖਬੀਰ ਬਾਦਲ ਵੀ ਸਨ। ਪਰ, ਉਹ ਦਰਬਾਰ ਸਾਹਿਬ ਮੱਥਾ ਟੇਕਣ ਵੀ ਨਾ ਆਏ। ਉਨ੍ਹਾਂ ਵਾਸਤੇ ਉਹ ਸਾਧ ਗੁਰੂ ਤੋਂ ਵੀ ਵਧ ਕੇ ਹੈ।

18 ਮਈ

1922: ਬਬਰ ਅਕਾਲੀਆਂ ਦੇ ਖ਼ਿਲਾਫ਼ ਪਹਿਲੇ ਮੁਕੱਦਮੇ ਵਿਚ ਸਜ਼ਾਵਾਂ ਸੁਣਾਈਆਂ ਗਈਆਂ

20 ਫ਼ਰਵਰੀ 1921 ਦੇ ਦਿਨ ਨਾਨਕਾਣਾ ਸਾਹਿਬ ਵਿਚ 200 ਦੇ ਕਰੀਬ ਸਿੱਖਾਂ ਦੇ ਕਤਲੇਆਮ ਨੇ ਜਿੱਥੇ ਆਮ ਸਿੱਖਾਂ ਵਿਚ ਰੋਸ ਪੈਦਾ ਕੀਤਾ, ਉੱਥੇ ਨੌਜਵਾਨਾਂ, ਸਾਬਕ ਗ਼ਦਰੀ ਆਗੂਆਂ ਅਤੇ ਫ਼ੌਜੀਆਂ ਵਿਚ ਜ਼ਬਰਦਸਤ ਰੋਹ ਵੀ ਪੈਦਾ ਕੀਤਾ। ਹਰ ਪਾਸੇ ਚਰਚਾ ਸੀ ਕਿ ਭਾਵੇਂ ਜ਼ਾਹਰਾ ਤੌਰ ਤੇ ਨਾਨਕਾਣਾ ਸਾਹਿਬ ਦਾ ਕਤਲੇਆਮ ਮਹੰਤ ਨਰੈਣ ਦਾਸ ਤੇ ਉਸ ਦੇ ਕਿਰਾਏ ਦੇ ਗੁੰਡਿਆਂ ਨੇ ਕੀਤਾ ਹੈ ਪਰ ਇਸ ਦੀ ਜ਼ਿੰਮੇਦਾਰ ਮਿਸਟਰ ਕਿੰਗ (ਚੀਫ਼ ਕਮਿਸ਼ਨਰ ਲਾਹੌਰ), ਮਿਸਟਰ ਕਰੀ (ਡੀ. ਸੀ. ਲਾਹੌਰ), ਮਿਸਟਰ ਬੌਰਿੰਗ (ਸੁਪਰਡੈਂਟ ਸੀ.ਆਈ.ਡੀ.) ਸੁੰਦਰ ਸਿੰਘ ਮਜੀਠਾ, ਗੱਜਣ ਸਿੰਘ ਲੁਧਿਆਣਾ, ਕਰਤਾਰ ਸਿੰਘ ਬੇਦੀ, ਬਸੰਤ ਦਾਸ ਮਾਣਕ, ਬੇਲਾ ਸਿੰਘ ਜਿਆਣ ਦੀ ਵੀ ਬਰਾਬਰ ਦੀ ਹੈ (ਸਰਕਾਰ ਹੀ ਨਹੀਂ ਅੰਗਰੇਜ਼ ਜੱਜਾਂ ਨੇ ਵੀ, ਡੇਢ ਸੌ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਅਤੇ ਸਤਨ ਵਾਲੇ, ਮਹੰਤ ਨਾਰਾਇਣ ਦਾਸ ਦੀ ਮਦਦ ਕੀਤੀ। ਹੋਰ ਤਾਂ ਹੋਰ ਨਰੈਣ ਦਾਸ ਨੂੰ ਜਦੋਂ ਤਿਹਾੜ ਜੇਲ੍ਹ ਦਿੱਲੀ ਭੇਜਿਆ ਗਿਆ ਤਾਂ ਉਸ ਨੂੰ ਗੋਰਿਆਂ ਵਾਲੀ ਬੈਰਕ ਵਿਚ ਰੱਖਿਆ ਗਿਆ ਤੇ 'ਏ' ਕਲਾਸ ਦੀਆਂ ਸਹੂਲਤਾਂ ਮਾਣਦਾ ਰਿਹਾ)। ਇਸ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਮੁਹਿੰਮ ਵਿਚ ਮਾਸਟਰ ਮੋਤਾ ਸਿੰਘ, ਦਲੀਪ ਸਿੰਘ (ਸਾਧੜਾ), ਕਿਸ਼ਨ ਸਿੰਘ ਗੜਗਜ (ਬੜਿੰਗ), ਤਾਰਾ ਸਿੰਘ (ਠੇਠਰ), ਬੇਲਾ ਸਿੰਘ (ਘੋਲੀਆ), ਤੋਤਾ ਸਿੰਘ (ਪਿਸ਼ਾਵਰ), ਨਰੈਣ ਸਿੰਘ (ਚਾਟੀਵਿੰਡ), ਵਤਨ ਸਿੰਘ (ਕਨੇਡੀਅਨ) ਸ਼ਾਮਿਲ ਸਨ। ਇਸ ਖਾੜਕੂ ਜਥੇ ਨੇ ਸਭ ਤੋਂ ਪਹਿਲਾ ਐਕਸ਼ਨ ਬੌਰਿੰਗ ਦੇ ਕਤਲ ਦਾ ਚੁਣਿਆ। ਪਰ 23 ਮਈ 1921 ਨੂੰ ਇਸ ਮੁਹਿੰਮ 'ਤੇ ਨਿਕਲੇ ਬੇਲਾ ਸਿੰਘ ਤੇ ਗੇਂਡਾ ਸਿੰਘ ਨੂੰ ਸਾਧੂ ਸਿੰਘ (ਲਾਹੌਰ) ਨੇ ਗ੍ਰਿਫ਼ਤਾਰ ਕਰਵਾ ਦਿੱਤਾ। ਮਗਰੋਂ ਗੇਂਡਾ ਸਿੰਘ ਵਾਅਦਾ ਮੁਆਫ਼ ਗਵਾਹ ਬਣ ਗਿਆ ਜਿਸ ਕਰ ਕੇ ਚੈਂਚਲ ਸਿੰਘ ਕਨੇਡੀਅਨ (ਜੰਡਿਆਲਾ), ਠਾਕਰ ਸਿੰਘ (ਭੇਜੋਵਾਲ), ਚਤਰ ਸਿੰਘ (ਜੇਠੂਵਾਲ), ਪ੍ਰੇਮ ਸਿਘ ਗੁੰਥੀ (ਚੁਮਾਲਾ ਸਾਹਿਬ), ਬਿਸ਼ਨ ਸਿੰਘ (ਸ਼ੇਰਪੁਰ, ਪਟਿਆਲਾ), ਸਾਧੂ ਸਿੰਘ ਸੁਹੀਆ ਵਗੈਰਾ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਕੇਸ ਵਿਚ ਤਾਰਾ ਸਿੰਘ ਠੇਠਰ, ਤੋਤਾ ਸਿੰਘ ਪਿਸ਼ਾਵਰ, ਬੇਲਾ ਸਿੰਘ ਘੋਲੀਆ,

ਨਰੈਣ ਸਿੰਘ ਚਾਟੀਵਿੰਡ, ਅਮਰ ਸਿੰਘ ਕੋਟ ਬਾਰੇ ਖ਼ਾਨ, ਪ੍ਰੇਮ ਸਿੰਘ ਚੁਮਾਲਾ ਦੇ ਖ਼ਿਲਾਫ 8 ਨਵੰਬਰ 1921 ਨੂੰ ਕੇਸ ਚਲਾਇਆ ਗਿਆ।

18 ਮਈ 1922 ਦੇ ਦਿਨ ਅਦਾਲਤ ਨੇ ਬਬਰ ਅਕਾਲੀਆਂ ਵੱਲੋਂ ਬੋਰਿੰਗ ਅਤੇ ਕਿੰਗ ਨੂੰ ਕਤਲ ਕਰਨ ਦੀ ਸਾਜ਼ਿਸ਼ ਕੇਸ ਦਾ ਫ਼ੈਸਲਾ ਕੀਤਾ; ਇਸ ਹੇਠ ਤੋਤਾ ਸਿੰਘ ਤੇ ਤਾਰਾ ਸਿੰਘ ਠੇਠਰ ਨੂੰ ਪੰਜ-ਪੰਜ ਸਾਲ, ਬੇਲਾ ਸਿੰਘ ਨੂੰ ਚਾਰ ਸਾਲ, ਚੰਚਲ ਸਿੰਘ ਜੰਡਿਆਲਾ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਗੰਡਾ ਸਿੰਘ, ਜੋ ਵਾਅਦਾ ਮੁਆਫ਼ ਗਵਾਹ ਬਣਿਆ ਸੀ, ਉਸ ਨੂੰ ਅਤੇ ਅਮਰ ਸਿੰਘ (ਕੋਟ ਬੱਡੇ), ਨੈਣ ਸਿੰਘ (ਚਾਟੀ ਵਿੰਡ), ਪ੍ਰੇਮ ਸਿੰਘ ਗੁੰਥੀ ਨੂੰ ਸਬੂਤਾਂ ਦੀ ਘਾਟ ਦੇ ਨਾਂ 'ਤੇ ਬਰੀ ਕੀਤਾ ਗਿਆ। ਇਸ ਕੇਸ ਵਿਚ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗਜ, ਗੁਰਬਚਨ ਸਿੰਘ ਅੰਬਾਲਾ, ਵਤਨ ਸਿੰਘ ਕਾਹਰੀ ਸਾਹਰੀ, ਅਮਰ ਸਿੰਘ ਦਿੱਲੀ, ਬਿਜਲਾ ਸਿੰਘ ਗ੍ਰਿਫ਼ਤਾਰ ਨਹੀਂ ਹੋ ਸਕੇ ਸਨ ਇਸ ਕਰ ਕੇ ਇਹ ਸਾਰੇ ਭਗੌੜੇ ਕਰਾਰ ਦਿੱਤੇ ਗਏ।

1988: ਬਲੈਕ ਥੰਡਰ ਅਪਰੇਸ਼ਨ ਦੌਰਾਨ ਆਖ਼ਰੀ 46 ਬੰਦੇ ਵੀ ਹੱਥ ਖੜੇ ਕਰ ਕੇ ਦਰਬਾਰ ਸਾਹਿਬ 'ਚੋਂ ਬਾਹਰ ਆਏ

9 ਮਈ ਤੋਂ ਚਲ ਰਹੇ ਬਲੈਕ ਥੰਡਰ ਅਪਰੇਸ਼ਨ ਨਾਂ ਹੇਠ ਦਰਬਾਰ ਸਾਹਿਬ 'ਤੇ ਫ਼ੌਜ ਤੇ ਪੁਲਸ ਦੇ ਹਮਲੇ ਦੌਰਾਨ ਅੱਜ 19 ਮਈ 1988 ਦੇ ਦਿਨ ਅੰਦਰ ਬੈਠੇ ਆਖ਼ਰੀ 46 ਬੰਦੇ ਹੱਥ ਖੜੇ ਕਰ ਕੇ ਬਾਹਰ ਆਏ।ਇਨ੍ਹਾਂ ਵਿਚ ਮਲਕੀਅਤ ਸਿੰਘ ਅਜਨਾਲਾ, ਨਿਰਵੈਰ ਸਿੰਘ ਵੀ ਸ਼ਾਮਿਲ ਸਨ। ਇਸ ਕਾਰਵਾਈ ਨਾਲ ਖਾੜਕੂਆਂ ਦੀ ਸਾਖ ਬਹੁਤ ਕਮਜ਼ੋਰ ਹੋਈ। ਪਰ ਇਸ ਦੇ ਬਾਵਜੂਦ ਸੁਰਜੀਤ ਸਿੰਘ ਪੈਂਟਾ (ਪੁੱਤਰ ਸਵਰਨ ਸਿੰਘ, ਮੂਲ ਵਾਸੀ ਛੱਜਲਵੱਢੀ, ਅੰਮ੍ਰਿਤਸਰ, ਮਗਰੋਂ ਦਿੱਲੀ), ਧਰਮੀ ਫ਼ੌਜੀ ਕਾਰਜ ਸਿੰਘ ਥਾਂਦੇ (ਪੁੱਤਰ ਮੱਖਣ ਸਿੰਘ) ਤੇ ਬੱਗਾ ਸਿੰਘ ਨੇ ਗ੍ਰਿਫ਼ਤਾਰੀ ਦੀ ਬਜਾਏ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਕੁਝ ਹੋਰ ਖਾੜਕੂਆਂ ਨੇ ਵੀ ਸਾਇਆਨਾਈਡ ਖਾ ਕੇ ਜਾਨ ਦਿੱਤੀ। ਭਾਰਤੀ ਟੀ.ਵੀ. ਨੇ ਇਸ ਸਾਰੀ ਲੜਾਈ ਨੂੰ ਦੁਨੀਆਂ ਭਰ ਵਿਚ ਦਿਖਾਇਆ, ਜਿਸ ਨਾਲ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਇਸ ਹਮਲੇ ਵਿਚ ਕੁਲ 36 ਖਾੜਕੂ ਮਾਰੇ ਗਏ ਸਨ (ਦਰਅਸਲ ਖਾੜਕੂਆਂ ਵਿਚ ਬਹੁਤ ਸਾਰੇ ਮੈਂਬਰ ਖ਼ੁਫੀਆ ਮਹਿਕਮੇ ਦੇ ਸ਼ਾਮਿਲ ਹੋ ਚੁੱਕੇ ਸਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਗ੍ਰਿਫ਼ਤਾਰ ਕੀਤੇ ਇਨ੍ਹਾਂ ਆਖ਼ਰੀ 46 ਬੰਦਿਆਂ ਵਿਚੋਂ ਕਿਸੇ 'ਤੇ ਵੀ ਮੁਕਦਮਾ ਨਹੀਂ ਸੀ ਚਲਾਇਆ ਗਿਆ)। ਦਰਅਸਲ ਇਹ ਸਾਰੇ ਪੁਲੀਸ ਦੇ 'ਬਲੈਕ ਕੈਟਜ਼' ਸਨ ਜਿਨ੍ਹਾਂ ਦਾ ਨਿਸ਼ਾਨਾ ਖਾੜਕੂਆਂ ਦੀ ਅਗਵਾਈ ਸੰਭਾਲ ਕੇ ਜਾਂ ਉਨ੍ਹਾਂ ਦੇ ਸਾਰੇ ਰਾਜ਼ ਜਾਣ ਕੇ ਉਨ੍ਹਾਂ (ਖਾੜਕੂਆਂ) ਦਾ ਸਫ਼ਾਇਆ ਕਰਨਾ ਸੀ।

1988: ਖਾੜਕੂਆਂ ਨੇ ਸਤਲੁਜ ਜਮਨਾ ਲਿੰਕ ਨਹਿਰ ਬਣਾ ਰਹੇ 37 ਭਈਏ ਮਜ਼ਦੂਰ ਮਾਰ ਦਿੱਤੇ

ਦਰਬਾਰ ਸਾਹਿਬ 'ਤੇ 9 ਤੋਂ 19 ਮਈ 1988 ਤਕ ਚੱਲੇ ਬਲੈਕ ਥੰਡਰ ਅਪਰੇਸ਼ਨ ਦੇ ਨਾਂ 'ਤੇ ਕੀਤੇ ਹਮਲੇ ਦੇ ਜਵਾਬ ਵਿਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਜਿਨ੍ਹਾਂ ਵਿਚ 170 ਤੋਂ ਵਧ ਬੰਦੇ ਮਾਰੇ ਗਏ ਸਨ: ਇਨ੍ਹਾਂ ਕਾਰਵਾਈਆਂ ਵਿਚ ਖਰੜ ਕੋਲ ਮਾਰੇ ਜਾਣ ਵਾਲੇ 37 ਭਈਏ ਵੀ ਸ਼ਾਮਿਲ ਸਨ। 18 ਮਈ ਨੂੰ ਖਾੜਕੂਆਂ ਦੇ ਇਕ ਗਰੁੱਪ ਨੇ ਖਰੜ ਨੇੜੇ ਹਰਿਆਣੇ ਨੂੰ ਪਾਣੀ ਦੇਣ ਵਾਸਤੇ ਬਣਾਈ ਜਾ ਰਹੀ ਸਤਲੁਜ ਜਮਨਾ ਲਿੰਕ ਨਹਿਰ ਪੁੱਟਣ ਵਾਲੇ ਮਜ਼ਦੂਰਾਂ

ਨੂੰ ਨਹਿਰ ਪੁੱਟਣੋਂ ਰੋਕਿਆ; ਜਦ ਉਹ ਨਾ ਰੁਕੇ ਤਾਂ ਉਨ੍ਹਾਂ 37 ਬਿਹਾਰੀ ਭਈਏ ਮਜ਼ਦੂਰਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ।

1988: ਦਿਲਰਾਜ ਸਿੰਘ ਬਿੱਟਾ ਲੋਪੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

18 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਦਿਲਰਾਜ ਸਿੰਘ ਬਿੱਟਾ (ਪੁੱਤਰ ਬਾਜ ਸਿੰਘ, ਵਾਸੀ ਲੋਪੋਕੇ, ਅਜਨਾਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਵਰੂਪ ਸਿੰਘ ਖੁਜਾਲਾ ਤੇ ਬਲਵਿੰਦਰ ਸਿੰਘ ਮਾੜੀ ਬੁੱਚੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

18 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਨਵਰੂਪ ਸਿੰਘ ਉਰਫ਼ ਬਿੱਟੂ ਮਾਲੀ (ਵਾਸੀ ਖੁਜਾਲਾ, ਗੁਰਦਾਸਪੁਰ) ਤੇ ਬਲਵਿੰਦਰ ਸਿੰਘ ਉਰਫ਼ ਗੋਲੂ (ਵਾਸੀ ਮਾੜੀ ਬੁੱਚੀਆਂ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਨੇਕ ਸਿੰਘ ਲਹੂਕਾ, ਅਵਤਾਰ ਸਿੰਘ ਮਹਿਮਾ ਪੰਡੋਰੀ, ਪਵਿੱਤਰ ਸਿੰਘ ਟੁੱਟੇ ਮਾਜਰਾ, ਰਵਿੰਦਰ ਸਿੰਘ ਸਲੋਕੀਆਂ, ਜਸਵਿੰਦਰ ਰਾਜੋ ਮਾਜਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

18 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਗੁਰਨੇਕ ਸਿੰਘ (ਵਾਸੀ ਲਹੂਕਾ, ਅੰਮ੍ਰਿਤਸਰ), ਅਵਤਾਰ ਸਿੰਘ (ਵਾਸੀ ਮਹਿਮਾ ਪੰਡੋਰੀ), ਪਵਿੱਤਰ ਸਿੰਘ (ਵਾਸੀ ਟੁੱਟੇ ਮਾਜਰਾ), ਰਵਿੰਦਰ ਸਿੰਘ ਉਰਫ਼ ਬਿੰਦਰ (ਵਾਸੀ ਸਲੋਕੀਆਂ), ਜਸਵਿੰਦਰ ਸਿੰਘ ਉਰਫ਼ ਕਾਲਾ ਬਬਰ (ਵਾਸੀ ਰਾਜੋ ਮਾਜਰਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਤਿੰਨ ਸੱਕੇ ਭਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ

18 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਤਿੰਨ ਸੱਕੇ ਭਰਾਵਾਂ ਮਨਜਿੰਦਰ ਸਿੰਘ ਜੱਜ, ਪਰਮਜੀਤ ਸਿੰਘ ਪੰਮਾ ਤੇ ਅਜਮੇਰ ਸਿੰਘ ਪਧਾਨ ਉਰਫ਼ ਸੁਰਜੀਤ ਸਿੰਘ (ਤਿੰਨੇ ਸੱਕੇ ਭਰਾ, ਵਾਸੀ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਪਰਮਜੀਤ ਸਿੰਘ ਮੱਲ੍ਹੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

18 ਮਈ 1991 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਸਵਿੰਦਰ ਸਿੰਘ, ਵਾਸੀ ਮੱਲ੍ਹੀਆਂ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2006: ਸਿਮਰਨਜੀਤ ਸਿੰਘ ਮਾਨ ਤੇ ਉਸ ਦੇ ਸਾਥੀਆਂ ਨੇ ਜਲੰਧਰ ਵਿਚ ਬੇਅੰਤ ਦੇ ਬੁੱਤ 'ਤੇ ਦਿਲਾਵਰ ਸਿੰਘ ਦੀ ਫ਼ੋਟੋ ਵਾਲੇ ਪੋਸਟਰ ਲਟਕਾਏ

18 ਮਈ 206 ਦੇ ਦਿਨ ਸਿਮਰਨਜੀਤ ਸਿੰਘ ਮਾਨ ਤੇ ਉਸ ਦੇ ਸਾਥੀਆਂ ਨੇ ਜਲੰਧਰ ਵਿਚ ਸਾਬਕਾ ਚੀਫ਼ ਮਨਿਸਟਰ ਬੇਅੰਤ (ਜਿਸ ਨੇ ਕੇ.ਪੀ. ਗਿੱਲ ਦੀ ਅਗਵਾਈ ਹੇਠ ਪੁਲਸ ਕੋਲੋਂ ਹਜ਼ਾਰਾਂ ਸਿੱਖਾਂ ਦਾ ਕਤਲ ਕਰਵਾਇਆ ਸੀ) ਦੇ ਬੁੱਤ ਦੇ ਗਲੇ ਵਿਚ ਬੇਅੰਤ ਨੂੰ ਕਤਲ ਕਰਨ ਵਾਲੇ ਇਮਸਾਨੀ ਬੰਬ ਦਿਲਾਵਰ ਸਿੰਘ ਦੀ ਫ਼ੋਟੋ ਵਾਲੇ ਪੋਸਟਰ ਲਟਕਾਏ; ਬਾਦਲ ਨੇ ਉਸ ਨੂੰ ਦੇਸ਼ ਧ੍ਰੋਹ ਦੀਆਂ ਦਫ਼ਾਵਾਂ ਲਾ ਕੇ ਜੇਲ੍ਹ ਸੁੱਟ ਦਿੱਤਾ (ਇਸ ਦਾ ਮਤਲਬ ਇਹ ਵੀ ਹੈ

ਕਿ ਬਾਦਲ ਵਾਸਤੇ ਹਜ਼ਾਰਾਂ ਸਿੱਖਾਂ ਦਾ ਕਾਤਲ ਬੇਅੰਤ ਦੇਸ਼ ਦਾ ਮਹਾਨ ਹੀਰੋ ਹੈ)। ਮਗਰੋਂ ਅਦਾਲਤ ਨੇ ਮਾਨ ਨੂੰ ਬਰੀ ਕਰ ਦਿੱਤਾ।

19 ਮਈ

1940: ਗੁਰੂ ਖਾਲਸਾ ਰਾਜ ਕਾਇਮ ਕਰਨ ਵਾਸਤੇ ਕਮੇਟੀ ਬਣੀ

23 ਮਾਰਚ 1940 ਦੇ ਦਿਨ ਮੁਸਲਿਮ ਲੀਗ ਦਾ ਇਜਲਾਸ ਲਾਹੌਰ ਵਿਚ ਹੋਇਆ ਜਿਸ ਵਿਚ 'ਮੁਸਲਿਮ ਮੁਲਕ' (ਪਾਕਿਸਤਾਨ) ਦੀ ਕਾਇਮੀ ਦੀ ਮੰਗ ਕੀਤੀ ਗਈ ਸੀ। ਜਿਨਾਹ ਮੁਤਾਬਿਕ 'ਦਿਲ ਵਿਚ ਬਦੀ ਰੱਖਣ ਵਾਲੇ ਗਾਂਧੀ ਦੀ ਕੌਮ ਤੋਂ ਮੁਸਲਮਾਨ ਬਚ ਨਹੀਂ ਸਕਦੇ, ਇਸ ਕਰ ਕੇ ਅਜਿਹਾ ਬੇਹਦ ਜ਼ਰੂਰੀ ਸੀ।'

ਇਹ ਮੰਗ ਮਾਰਚ 1940 ਵਿਚ ਪਹਿਲੀ ਵਾਰੀ ਨਹੀਂ ਸੀ ਪੇਸ਼ ਹੋਈ। ਸੰਨ 1929 ਵਿਚ ਵੀ ਮੁਸਲਮ ਕਾਨਫ਼ਰੰਸ ਵਿਚ ਤਕਰੀਰ ਕਰਦਿਆਂ ਸਰ ਮੁਹੰਮਦ ਇਕਬਾਲ ਨੇ ਪੰਜਾਬ ਵਿਚੋਂ ਅੰਬਾਲਾ ਡਵੀਜ਼ਨ ਅਤੇ ਕੁਝ ਹੋਰ ਜ਼ਿਲ੍ਹੇ ਕੱਢਣ ਦੀ ਮੰਗ ਕੀਤੀ ਸੀ। ਇਸ ਨਾਲ ਪੰਜਾਬ ਵਿਚ ਮੁਸਲਮਾਨਾਂ ਦੀ ਫ਼ੀ ਸਦੀ ਆਬਾਦੀ 63 ਤੋਂ ਵੀ ਵਧ ਜਾਂਦੀ ਸੀ। ਅਜਿਹਾ ਹੀ ਖ਼ਿਆਲ ਜੈਫ਼ਰੀ ਕਾਰਬੈੱਟ ਨੇ ਵੀ ਗੋਲਮੇਜ਼ ਕਾਨਫ਼ਰੰਸ ਸਮੇਂ ਦਿੱਤਾ ਸੀ। ਉਸ ਮੁਤਾਬਿਕ ਅੰਬਾਲੇ ਡਵੀਜ਼ਨ ਦਾ ਪੰਜਾਬ ਨਾਲ ਕੋਈ ਵਾਸਤਾ ਨਹੀਂ ਸੀ ਸਗੋਂ 1857 ਦੇ ਗ਼ਦਰ ਮਗਰੋਂ ਇਸ ਨੂੰ ਸਜ਼ਾ ਦੇਣ ਲਈ ਪੰਜਾਬ ਨਾਲ ਮਿਲਾ ਦਿੱਤਾ ਗਿਆ ਸੀ। ਇਹੋ ਜਿਹਾ ਚਰਚਾ, ਤਕਰੀਰਾਂ ਤੇ ਮੰਗਾਂ ਪਹਿਲੋਂ ਵੀ ਹੁੰਦੀਆਂ ਰਹੀਆਂ ਸਨ, ਪਰ 1940 ਦਾ ਮੁਸਲਮ ਲੀਗ ਦਾ 'ਪਾਕਿਸਤਾਨ' ਦਾ ਮਤਾ ਇਸ ਦਾ ਸਿਖਰ ਸੀ।

ਉਂਞ ਦਿਲਚਸਪ ਗੱਲ ਇਹ ਹੈ ਕਿ ਜਦ 1935 ਵਿਚ ਕੈਂਬਰਿਜ ਯੂਨੀਵਰਸਿਟੀ, ਇੰਗਲੈਂਡ ਦੇ ਇਕ ਸਟੂਡੈਂਟ ਰਹਿਮਤ ਅਲੀ ਨੇ "ਹੁਣ ਜਾਂ ਕਦੇ ਵੀ ਨਹੀਂ" ਪੈਂਫ਼ਲਟ ਲਿਖ ਕੇ ਆਜ਼ਾਦ ਮੁਸਲਿਮ ਦੇਸ਼ ਦੀ ਗੱਲ ਕੀਤੀ ਸੀ ਤਾਂ ਉਦੋਂ ਜਿਨਾਹ ਨੇ ਇਸ 'ਤੇ ਹੱਸ ਛੱਡਿਆ ਸੀ।

ਪਾਕਿਸਤਾਨ ਦਾ ਮਤਾ ਪਾਸ ਹੁੰਦਿਆਂ ਹੀ ਕਈ ਪਾਸੇ ਤੋਂ ਇਸ ਦੀ ਮੁਖ਼ਾਲਫ਼ਤ ਵੀ ਸ਼ੁਰੂ ਹੋ ਗਈ। ਇਨ੍ਹੀਂ ਦਿਨੀਂ ਹੀ ਆਲ ਇੰਡੀਆ ਅਕਾਲੀ ਕਾਨਫ਼ਰੰਸ ਅਟਾਰੀ ਵਿਚ ਹੋਈ ਜਿਸ ਨੇ ਪਾਕਿਸਤਾਨ ਦੀ ਮੰਗ ਦੀ ਨਿੰਦਾ ਕੀਤੀ ਤੇ ਇਸ ਨੂੰ ਰੋਕਣ ਵਾਸਤੇ ਆਪਣਾ ਪੂਰਾ ਤਾਣ ਲਾਉਣ ਦਾ ਐਲਾਨ ਕੀਤਾ। ਖਾਲਸਾ ਨੈਸ਼ਨਲਿਸਟ ਪਾਰਟੀ ਨੇ ਵੀ 29 ਮਾਰਚ 1940 ਦੇ ਦਿਨ ਲਾਹੌਰ ਵਿਚ ਪਾਕਿਸਤਾਨ ਵਿਰੋਧੀ ਮਤਾ ਪਾਸ ਕੀਤਾ। ਇਸ ਮਗਰੋਂ ਬਾਬਾ ਖੜਕ ਸਿੰਘ ਦੀ ਜੂਨ 1940 ਦੀ ਲਾਹੌਰ ਵਿਚ ਹੋਈ ਕਾਨਫ਼ਰੰਸ ਨੇ ਵੀ ਪਾਕਿਸਤਾਨ ਦੀ ਮੰਗ ਦੀ ਭਰਪੂਰ ਨਿੰਦਾ ਕੀਤੀ।

ਪਹਿਲੀ ਦਸੰਬਰ 1940 ਨੂੰ ਲਾਹੌਰ ਵਿਚ ਪਾਕਿਸਤਾਨ ਦੀ ਮੰਗ ਵਿਰੁਧ ਇਕ ਭਾਰੀ ਕਾਨਫ਼ਰੰਸ ਹੋਈ ਜਿਸ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਮਹਾਸ਼ਾ ਕ੍ਰਿਸ਼ਨ, ਜਲਾਲ-ਉਦ-ਦੀਨ ਅੰਬਰ, ਪ੍ਰੋਫ਼ੈਸਰ ਅਬਦੁਲ ਮਜੀਦ ਖਾਨ, ਡਾਕਟਰ ਐਮ.ਐਸ. ਐਨੇ, ਰਾਜਾ ਨਰਿੰਦਰ ਨਾਥ ਵਗ਼ੈਰਾ ਸ਼ਾਮਿਲ ਹੋਏ ਤੇ ਪਾਕਿਸਤਾਨ ਦੀ ਮੰਗ ਦੇ ਖ਼ਿਲਾਫ਼ ਮਤਾ ਪਾਸ ਕੀਤਾ।

ਪਾਕਿਸਤਾਨ ਦੇ ਨਾਅਰੇ ਦੀ ਸਭ ਤੋਂ ਵਧ ਮੁਖ਼ਾਲਫ਼ਤ ਪੰਜਾਬ ਵਿਚ ਹੋਈ। ਲੁਧਿਆਣੇ ਦੇ ਡਾ: ਵੀਰ ਸਿੰਘ ਭੱਟੀ ਨੇ ਪਾਕਿਸਤਾਨ ਦੇ ਮੁਕਾਬਲੇ ਵਿਚ ਖਾਲਿਸਤਾਨ ਨਾਂ ਦਾ ਇਕ ਪੈਂਫ਼ਲਟ ਛਾਪ ਕੇ ਮੁਸਲਮਾਨਾਂ ਦੀ ਮੰਗ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਡਾ. ਵੀਰ ਸਿੰਘ ਨੇ ਪਾਕਿਸਤਾਨ ਤੇ ਹਿੰਦੂਸਤਾਨ ਵਿਚਕਾਰ ਇਕ ਆਜ਼ਾਦ ਮੁਲਕ ਖਾਲਿਸਤਾਨ ਦੀ ਮੰਗ ਕੀਤੀ ਸੀ। ਡਾਕਟਰ ਭੱਟੀ ਦੀ ਸਕੀਮ ਵਿਚ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਕਲਸੀਆ

ਦੀਆਂ ਸਿੱਖ ਰਿਆਸਤਾਂ, ਮਲੇਰਕੋਟਲਾ, ਸ਼ਿਮਲਾ, ਜਲੰਧਰ, ਅੰਬਾਲਾ, ਫ਼ਿਰੋਜ਼ਪੁਰ, ਅੰਮ੍ਰਿਤਸਰ, ਲਾਹੌਰ, ਲਾਇਲਪੁਰ, ਗੁਜਰਾਂਵਾਲਾ, ਸ਼ੇਖ਼ੂਪੁਰਾ, ਮਿੰਟਗੁਮਰੀ, ਹਿਸਾਰ, ਰੋਹਤਕ ਤੇ ਕਰਨਾਲ ਜ਼ਿਲੇ ਸ਼ਾਮਿਲ ਸਨ। ਡਾਕਟਰ ਭੱਟੀ ਚਾਹੁੰਦਾ ਸੀ ਕਿ ਇਸ ਨਵੇਂ ਦੇਸ਼ ਦੀ ਅਗਵਾਈ ਮਹਾਰਾਜਾ ਪਟਿਆਲਾ ਕਰੇ ਤੇ ਇਸ ਦੀ ਵਜ਼ਾਰਤ ਵਿਚ ਹਰ ਪੱਖ ਦੇ ਨੁਮਾਇੰਦੇ।

19 ਮਈ 1940 ਦੇ ਦਿਨ ਸਵਾ ਸੌ ਸਿੱਖ ਆਗੂ ਅੰਮ੍ਰਿਤਸਰ ਵਿਚ ਇਕੱਠੇ ਹੋਏ। ਇਨ੍ਹਾਂ ਦਾ ਮੁਖੀ ਬਾਬਾ ਗੁਰਦਿੱਤ ਸਿੰਘ ਸੀ। ਇਨ੍ਹਾਂ ਨੇ ਮੰਗ ਕੀਤੀ ਕਿ 'ਜੰਮੂ ਤੋਂ ਜਮਰੌਦ ਤਕ ਦਾ ਇਲਾਕਾ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁਤਰ ਦਲੀਪ ਸਿੰਘ ਤੋਂ ਟਰਸਟੀ ਦੇ ਤੌਰ ਤੇ ਲਿਆ ਸੀ, ਉਹ ਸਿੱਖਾਂ ਨੂੰ ਵਾਪਸ ਕੀਤਾ ਜਾਵੇ।' ਇਸ 'ਗੁਰੂ ਖ਼ਾਲਸਾ ਰਾਜ' ਨੂੰ ਕਾਇਮ ਕਰਨ ਵਾਸਤੇ ਇਕ 31 ਮੈਂਬਰੀ ਸਬ-ਕਮੇਟੀ ਬਣਾਈ ਗਈ ਜਿਸ ਵਿਚੋਂ 21 ਮੈਂਬਰ ਉਸੇ ਵੇਲੇ ਚੁਣ ਲਏ।

1988: ਖਾੜਕੂਆਂ ਨੇ 28 ਬੰਦੇ ਕਤਲ ਕੀਤੇ

ਦਰਬਾਰ ਸਾਹਿਬ 'ਤੇ 9 ਤੋਂ 19 ਮਈ 1988 ਤਕ ਚੱਲੇ ਬਲੈਕ ਥੰਡਰ ਅਪਰੇਸ਼ਨ ਦੇ ਨਾਂ 'ਤੇ ਕੀਤੇ ਹਮਲੇ ਦੇ ਜਵਾਬ ਵਿਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਇਸ ਪਲਾਨ ਹੇਠ 19 ਮਈ ਦੇ ਦਿਨ 28 ਬੰਦੇ ਕਤਲ ਕੀਤੇ ਗਏ।

1991: ਨਿਰਮਲ ਸਿੰਘ ਬਬਰ ਸਖੀਰਾ ਤੇ ਗੁਰਦਿਆਲ ਸਿੰਘ ਬਹਿਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਨਿਰਮਲ ਸਿੰਘ ਬਬਰ (ਵਾਸੀ ਸਖੀਰਾ, ਅੰਮ੍ਰਿਤਸਰ) ਤੇ ਗੁਰਦਿਆਲ ਸਿੰਘ, (ਵਾਸੀ ਬਹਿਲਾ, ਅੰਮ੍ਰਿਤਸਰ) . ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

19 ਮਈ 1992 ਦੇ ਦਿਨ ਪੁਲਸ ਨੇ ਜਗਤਾਰ ਸਿੰਘ ਤੇ ਛਿੰਦਾ ਨੂੰ ਤਸੀਰੇਵਾਲ, ਫ਼ੀਰੋਜ਼ਪੁਰ ਕੋਲ ਅਤੇ ਮੰਗਤ ਸਿੰਘ ਉਰਫ਼ ਮੰਗਤਾ ਨੂੰ ਕਾਲੇਕੇ ਕੋਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਪਰਮਜੀਤ ਸਿੰਘ ਤੇ ਪਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

19 ਮਈ 1993 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਜੋਗਿੰਦਰ ਸਿੰਘ) ਤੇ ਪਲਵਿੰਦਰ ਸਿੰਘ (ਪੁੱਤਰ ਗੁਰਬਚਨ ਸਿੰਘ), ਦੋਵੇਂ ਵਾਸੀ ਗਹਿਲਾ ਬਾਘਾ ਪੱਤੀ, ਨੇੜੇ ਮਹਿਸਮਪੁਰ, ਜ਼ਿਲ੍ਹਾ ਸੰਗਰੂਰ, ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014 ਪੂਹਲਾ ਕਤਲ ਕੇਸ ਵਿਚ ਨਵਤੇਜ ਸਿੰਘ ਗੁੱਗੂ, ਹਰਚੰਦ ਸਿੰਘ ਮਾੜੀ ਕੰਬੋਕੇ ਤੇ ਡਾ: ਹਰਨੇਕ ਸਿੰਘ ਬਰੀ ਹੋ ਗਏ

19 ਮਈ 2014 ਦੇ ਦਿਨ ਅੰਮ੍ਰਿਤਸਰ ਦੀ ਇਕ ਅਦਾਲਤ ਨੇ ਨਕਲੀ ਨਿਹੰਗ ਅਜੀਤ ਸਿੰਘ ਪੂਹਲਾ ਨੂੰ, 28 ਅਗਸਤ 2008 ਦੇ ਦਿਨ, ਅੰਮ੍ਰਿਤਸਰ ਜੇਲ੍ਹ ਵਿਚ ਮਿੱਟੀ ਦਾ ਤੇਲ ਪਾ ਕੇ ਸਾੜਨ ਵਾਲੇ ਨਵਤੇਜ ਸਿੰਘ ਗੁੱਗੂ (ਬਟਾਲਾ), ਹਰਚੰਦ ਸਿੰਘ (ਮਾੜੀ ਕੰਬੋਕੇ) ਤੇ ਡਾ: ਹਰਨੇਕ ਸਿੰਘ (ਤਾਰਨਤਾਰਨ) ਨੂੰ ਸਬੂਤਾਂ ਦੀ ਘਾਟ ਦੇ ਨਾਂ 'ਤੇ ਬਰੀ ਕਰ ਦਿੱਤਾ। ਇਸ

ਕੇਸ ਵਿਚ ਪੁਲਸ ਨੇ 6 ਬੰਦਿਆਂ ਨੂੰ ਨਾਮਜ਼ਦ ਕੀਤਾ ਸੀ। ਬਾਕੀ ਦੇ ਤਿੰਨ (ਮੋਹਣ ਸਿੰਘ, ਜਗਤਾਰ ਸਿੰਘ ਤੇ ਹਰਪ੍ਰੀਤ ਸਿੰਘ ਸ਼ੇਰੂ) ਪਹਿਲਾਂ ਹੀ ਡਿਸਚਾਰਜ ਕੀਤੇ ਜਾ ਚੁਕੇ ਸਨ।

20 ਮਈ

1710: ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਬੰਦਾ ਸਿੰਘ ਦੇ ਸਰਹੰਦ 'ਤੇ ਕਬਜ਼ੇ ਦੀ ਖ਼ਬਰ ਮਿਲੀ

2 ਜਨਵਰੀ 1709 ਨੂੰ, ਬਹਾਦਰ ਸ਼ਾਹ ਬਾਦਸ਼ਾਹ ਨੇ ਦੱਖਣ ਵਿਚ ਆਪਣੇ ਆਖ਼ਰੀ ਭਰਾ ਕਾਮ ਬਖ਼ਸ਼ ਨੂੰ ਹਰਾ ਕੇ ਕਤਲ ਕਰ ਦਿਤਾ। ਹੁਣ ਬਹਾਦਰ ਸ਼ਾਹ ਦਾ ਕੋਈ ਵੀ ਵਿਰੋਧੀ ਨਹੀਂ ਸੀ ਬਚਿਆ।ਉਸ ਨੇ 19 ਜਨਵਰੀ 1709 ਨੂੰ ਦੱਖਣ ਤੋਂ ਦਿੱਲੀ ਵਲ ਵਾਪਸੀ ਦਾ ਸਫ਼ਰ ਸ਼ੁਰੂ ਕਰ ਦਿਤਾ। 25 ਫ਼ਰਵਰੀ 1710 ਨੂੰ ਬਹਾਦਰ ਸ਼ਾਹ ਜਮਰੌਲੀ ਕਸਬੇ ਵਿਚ ਪਹੁੰਚ ਗਿਆ। ਇੱਥੇ ਉਸ ਨੂੰ ਦੇ ਸੂਬੇਦਾਰ ਵਜ਼ੀਰ ਖ਼ਾਨ ਦਾ ਇਕ ਖ਼ਤ ਮਿਲਿਆ ਜਿਸ ਵਿਚ ਉਸ ਨੇ ਲਿਖਿਆ ਸੀ ਕਿ "ਖਾਲਸਾ ਸਿੱਖਾਂ ਨੇ ਜੋ ਭੜਥੂ ਅਤੇ ਪੰਜਾਬ ਦੇ ਗੌਰੇ ਵਿਚ ਪਾ ਦਿੱਤਾ ਹੈ ਕਿੱਥੋਂ ਤਕ ਅਰਜ਼ ਕਰਾਂ। ਉਨ੍ਹਾਂ ਨੇ ਚੰਗੇ-ਚੰਗੇ ਪਰਗਣੇ ਖਸਤਾ-ਖਰਾਬ ਕਰ ਘੱਤੇ ਹਨ। ਅੱਜ ਹੀ ਖ਼ਬਰ ਮਿਲੀ ਹੈ ਕਿ ਪਰਗਣਾ ਬੂੜੀਆ ਤੇ ਸਢੌਰਾ ਲੁੱਟ-ਪੁੱਟ ਲਏ ਗਏ ਹਨ। ਸਰਕਾਰੀ ਅਹਿਲਕਾਰ ਮਾਰ ਮੁਕਾਏ ਹਨ। ਛੁਮਲੇ ਦੇ ਸ਼ਾਨਾ-ਮੱਤੇ ਅਫ਼ਗਾਨਾਂ ਨੂੰ ਖ਼ਾਕਸ਼ਾਹ ਬਰਾਬਰ ਕਰ ਦਿੱਤਾ (ਮਾਰ ਦਿੱਤਾ) ਹੈ।" ਇਸ 'ਤੇ ਬਹਾਦਰ ਸ਼ਾਹ ਨੇ ਨਿਜ਼ਾਮੁਲ ਮੁਲਕ ਨੂੰ ਵਜ਼ੀਰ ਖ਼ਾਨ ਦਾ ਸਾਥ ਦੇਣ ਦੀ ਹਦਾਇਤ ਲਿਖ ਭੇਜੀ। 23 ਅਪਰੈਲ ਨੂੰ ਬਹਾਦਰ ਸ਼ਾਹ ਨੂੰ ਲਾਹੌਰ ਸੂਬੇ ਦੇ ਦੀਵਾਨ ਰੁਸਤਮ ਖ਼ਾਨ ਦਾ ਖ਼ਤ ਮਿਲਿਆ ਜਿਸ ਵਿਚ ਉਸ ਨੇ ਲਿਖਿਆ ਸੀ ਕਿ "ਇਕ ਜਣੇ ਨੇ ਆਪਣੇ ਆਪ ਨੂੰ ਗੁਰੂ ਦਸ ਕੇ, ਜਮੀਅਤ ਜੋੜਨਾ ਤੇ ਫ਼ਸਾਦ ਕਰਨਾ ਸ਼ੁਰੂ ਕਰ ਦਿੱਤਾ ਹੈ।" ਇਸ 'ਤੇ ਬਾਦਸ਼ਾਹ ਨੇ 28 ਅਪਰੈਲ ਨੂੰ ਏਮਨਾਬਾਦ ਅਤੇ ਇਸ ਦੇ ਆਲੇ-ਦੁਆਲੇ ਦੇ ਫ਼ੌਜਦਾਰਾਂ ਨੂੰ ਹੁਕਮ ਜਾਰੀ ਕੀਤਾ ਕਿ ਉਹ ਲਾਹੌਰ ਦੇ ਸੂਬੇਦਾਰ ਦਾ ਸਾਥ ਦੇਣ ਤਾਂ ਜੋ ਸਿੱਖਾਂ ਨੂੰ ਸਜ਼ਾ ਦਿੱਤੀ ਜਾ ਸਕੇ। 12 ਮਈ ਨੂੰ ਪਰੀਤ ਰਾਓ ਹਰਕਾਰੇ ਨੇ ਬਹਾਦਰ ਸ਼ਾਹ ਨੂੰ ਦੱਸਿਆ ਕਿ "ਇਕ ਸਿੱਖ ਨੇ ਤੇ ਲਾਹੌਰ ਦੇ ਇਲਾਕੇ ਵਿਚ ਆਪਣੇ ਆਪ ਨੂੰ ਗੁਰੂ ਐਲਾਨ ਕਰ ਦਿੱਤਾ ਹੈ ਤੇ ਉਸ ਨੇ ਬਹੁਤ ਸਾਰੇ ਬੰਦੇ ਆਪਣੇ ਨਾਲ ਇਕੱਠੇ ਕਰ ਲਏ ਹਨ। ਉਸ ਨੇ ਸਹਾਰਨਪੁਰ 'ਤੇ ਵੀ ਹਮਲਾ ਕੀਤਾ ਹੈ।" ਇਸ 'ਤੇ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਸੂਬੇਦਾਰ ਸਿੱਖਾਂ ਦੇ ਖ਼ਿਲਾਫ਼ ਫ਼ੌਰੀ ਐਕਸ਼ਨ ਲੈਣ। ਇਸੇ ਦਿਨ, ਮੁਗ਼ਲ ਬਾਦਸ਼ਾਹ ਦੇ ਦਰਬਾਰ ਵਿਚ ਹਾਜ਼ਿਰ, ਅੰਬੇਰ ਦੇ ਰਾਜੇ ਜੈ ਸਿੰਘ ਸਵਾਈ ਦੇ ਵਕੀਲ ਨੇ ਆਪਣੇ ਰਾਜੇ ਨੂੰ ਲਿਖੀ ਇਕ ਚਿੱਠੀ ਵਿਚ ਦਸਿਆ ਕਿ:"ਵਜ਼ੀਰ ਖ਼ਾਨ (ਸੂਬੇਦਾਰ) ਦੇ ਵਕੀਲ ਨੇ ਮੈਨੂੰ ਦੱਸਿਆ ਹੈ ਕਿ ਇਸ ਫ਼ਿਰਕੇ (ਸਿੱਖਾਂ) ਦੇ ਫ਼ਸਾਦ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ। ਸੱਤਰ ਹਜ਼ਾਰ ਦੇ ਕਰੀਬ ਬੰਦੇ ਸਢੌਰਾ ਵਿਚ ਇਕੱਠੇ ਹੋਏ-ਹੋਏ ਹਨ। ਉਹ ਕਦੀ ਗੁਰੂ ਦਾ ਨਾਂ ਜ਼ਬਾਨ 'ਤੇ ਲਿਆਉਂਦੇ ਹਨ ਤੇ ਕਦੇ ਕਹਿੰਦੇ ਹਨ ਕਿ 'ਇਕ ਦਰਵੇਸ਼ ਅਜ਼ਗ਼ੈਬੋਂ ਆ ਕੇ ਸਾਡੇ ਨਾਲ ਸ਼ਾਮਿਲ ਹੋ ਗਿਆ ਹੈ।' ਦੁਆਬਾ ਵਗ਼ੈਰਾ ਪਰਗਣੇ ਬਰਬਾਦ ਕਰ ਕੇ ਫ਼ਤਹਿਆਬਾਦ (ਬਿਆਸ ਦਰਿਆ ਤਕ) ਛਾ ਗਏ ਹਨ। "

20 ਮਈ 1710 ਦੇ ਦਿਨ ਬਾਦਸ਼ਾਹ ਅਜਮੇਰ ਦੇ ਨੇੜੇ ਬਹਾਸੂ ਦੇ ਪੜਾਅ 'ਤੇ ਸੀ। ਇੱਥੇ ਉਸ ਨੂੰ ਖ਼ਬਰ ਮਿਲੀ ਕਿ ਸਿੱਖਾਂ ਨੇ ਸਰਹੰਦ 'ਤੇ ਵੀ ਕਬਜ਼ਾ ਕਰ ਲਿਆ ਹੈ ਤੇ ਉੱਥੋਂ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਮਾਰ ਦਿੱਤਾ ਗਿਆ ਹੈ ਅਤੇ ਉਸ ਦਾ ਪੁੱਤਰ ਜਾਂ ਜਵਾਈ ਮਾਰਿਆ ਗਿਆ ਹੈ ਜਾਂ ਫੜਿਆ ਗਿਆ ਹੈ। ਬਾਦਸ਼ਾਹ ਨੂੰ ਦਸਿਆ ਗਿਆ ਕਿ ਇਸ ਖ਼ਬਰ ਦੀ ਤਸਦੀਕ ਕਰਨੀ ਅਜੇ ਬਾਕੀ ਹੈ। 24 ਮਈ 1710 ਨੂੰ ਬਾਦਸ਼ਾਹ ਟੋਡਾ ਕਸਬਾ ਵਿਚ ਸੀ। ਇੱਥੇ ਉਸ ਨੂੰ 'ਤੇ ਸਿੱਖਾਂ ਦੇ ਕਬਜ਼ੇ ਅਤੇ ਵਜ਼ੀਰ ਖ਼ਾਨ ਦੇ ਮਾਰੇ ਜਾਣ ਦੀ ਖ਼ਬਰ ਦੀ ਤਾਈਦ

ਹੋਈ। ਇਸ ਹਾਲਤ ਵਿਚ ਬਹਾਦਰ ਸ਼ਾਹ ਨੇ ਅੰਬੇਰ, ਉਦੈਪੁਰ ਤੇ ਜੋਧਪੁਰ ਰਾਜਪੂਤਾਂ ਨੂੰ ਬੰਦਾ ਸਿੰਘ ਦੇ ਖ਼ਿਲਾਫ਼ ਵਰਤਣ ਦੀ ਸੋਚ ਨਾਲ, ਉਨ੍ਹਾਂ ਨਾਲ ਸਮਝੌਤਾ ਕਰ ਲਿਆ ਅਤੇ 26 ਮਈ ਨੂੰ ਉਨ੍ਹਾਂ ਦੇ 'ਗੁਨਾਹ' ਮੁਆਫ਼ ਕਰਨ ਸਬੰਧੀ ਫ਼ੁਰਮਾਨ, ਕੌਲ ਪੰਜਾ ਲਾ ਕੇ ਤੇ ਜਾਗੀਰਾਂ ਪਰਵਾਨੇ ਲਿਖ ਕੇ, ਭੇਜ ਦਿੱਤੇ। ਇਸ ਦੇ ਨਾਲ ਹੀ ਬਹਾਦਰ ਸ਼ਾਹ ਨੇ ਆਪ ਵੀ ਪੰਜਾਬ ਵੱਲ ਕੂਚ ਕਰਨ ਦਾ ਐਲਾਨ ਕਰ ਦਿਤਾ।

1912: ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸ਼ਾਹਕਾਰ 'ਮਹਾਨ ਕੋਸ਼' ਦਾ ਕੰਮ ਸ਼ੁਰੂ ਕੀਤਾ

20 ਮਈ 1912 ਦੇ ਦਿਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸ਼ਾਹਕਾਰ 'ਮਹਾਨ ਕੋਸ਼' ਦੀ ਤਿਆਰੀ ਦਾ ਪ੍ਰਾਜੈਕਟ ਸ਼ੁਰੂ ਕੀਤਾ ਜੋ ਅਜ ਸਿੱਖਾਂ ਦਾ ਇਕ ਅਹਿਮ ਐਨਸਾਈਕਲੋਪੀਡੀਆ ਹੈ। ਮਹਾਨ ਕੋਸ਼ ਤਿਆਰ ਕਰਨ ਵਿਚ ਸਾਢੇ 13 ਸਾਲ ਦਾ ਸਮਾਂ ਲੱਗਾ ਸੀ; ਇਸ ਦਾ ਸਾਰਾ ਖਰਚ ਮਹਾਰਾਜਾ ਨਾਭਾ ਨੇ ਦਿੱਤਾ ਸੀ; ਉਸ ਨੇ ਇਸ ਮਕਸਦ ਵਾਸਤੇ ਭਾਈ ਕਾਨ੍ਹ ਸਿੰਘ ਨੂੰ ਕਸ਼ਮੀਰ ਵਿਚ ਇਕ ਕੋਠੀ (ਜਿਸ ਦੀ ਕੀਮਤ ਅਜ 15 ਕਰੋੜ ਹੈ) ਦਿੱਤੀ ਅਤੇ ਪੂਰਾ ਸਟਾਫ਼ ਵੀ ਦਿੱਤਾ ਜਿਸ ਦਾ ਖਰਚ ਸਰਕਾਰ ਦਿਆ ਕਰਦੀ ਸੀ। ਮਗਰੋਂ ਇਸ ਦੀ ਛਪਾਈ ਪਟਿਆਲਾ ਰਿਆਸਤ ਵੱਲੋਂ ਹੀ ਕੀਤੀ ਗਈ ਸੀ।

1922: ਬਬਰ ਅਕਾਲੀਆਂ ਨੇ ਪੁਲਸ ਟਾਊਟ ਹਰਨਾਮ ਸਿੰਘ ਨੂੰ ਸਜ਼ਾ ਦਿੱਤੀ

20 ਮਈ 1922 ਦੇ ਦਿਨ ਬਬਰ ਅਕਾਲੀਆਂ ਨੇ ਪੁਲਸ ਟਾਊਟ ਸਫ਼ੈਦਪੋਸ਼ ਹਰਨਾਮ ਸਿੰਘ ਮਹਦੀਪੁਰ, ਜੋ ਸਰਕਾਰ ਨੂੰ ਬਬਰਾਂ, ਅਕਾਲੀਆਂ ਅਤੇ ਹੋਰ ਇਨਕਲਾਬੀਆਂ ਦੇ ਖ਼ਿਲਾਫ਼ ਸੂਹਾਂ ਦਿਆ ਕਰਦਾ ਸੀ, 'ਤੇ ਹਮਲਾ ਕੀਤਾ ਤੇ ਉਸ ਦੀਆਂ ਲੱਤਾਂ ਵੱਢ ਦਿੱਤੀਆਂ। ਬਬਰਾਂ ਦੀ ਬਲੈਕ ਲਿਸਟ ਵਿਚ ਉਸ ਦਾ ਨੰਬਰ 15 ਸੀ। ਬਬਰ ਉਸ ਨੂੰ ਦੋ ਮਹੀਨੇ ਪਹਿਲਾਂ ਵਾਰਨਿੰਗ ਵੀ ਦੇ ਚੁਕੇ ਸਨ ਪਰ ਉਹ ਫਿਰ ਵੀ ਨਹੀਂ ਟਲਿਆ ਸੀ। ਹਰਨਾਮ ਸਿੰਘ 'ਤੇ ਹਮਲਾ ਕਰਨ ਵਾਲੇ ਸਨ: ਅਮਰ ਸਿੰਘ (ਵੱਡਾ), ਅਮਰ ਸਿੰਘ (ਨਿੱਕਾ), ਹਜ਼ਾਰਾ ਸਿੰਘ ਤੇ ਛੱਜਾ ਸਿੰਘ; ਇਨ੍ਹਾਂ ਕੋਲ ਸਿਰਫ਼ ਡਾਂਗਾਂ ਤੇ ਕਿਰਪਾਨਾਂ ਸਨ ਪਰ ਪਿਸਤੌਲ ਕੋਈ ਨਹੀਂ ਸੀ; ਇਹ ਚਾਰੇ ਬਬਰ ਰਾਤ ਵੇਲੇ ਕੰਧ ਟੱਪ ਕੇ ਉਸ ਦੇ ਵਿਹੜੇ ਵਿਚ ਪੁੱਜ ਗਏ ਤੇ ਕਪੜਾ ਮੂੰਹ ਵਿਚ ਦੇ ਕੇ ਉਸ ਦੀ ਅਵਾਜ਼ ਬੰਦ ਕਰ ਦਿੱਤੀ; ਇਸ ਮਗਰੋਂ ਉਨ੍ਹਾਂ ਨੇ ਉਸ ਨੂੰ ਖ਼ੂਬ ਡਾਂਗ ਵਾਹੀ ਅਤੇ ਫਿਰ ਕਿਰਪਾਨ ਨਾਲ ਲੱਤਾਂ ਵੱਢ ਦਿੱਤੀਆਂ।

1923: ਬਬਰ ਅਕਾਲੀਆਂ ਨੇ ਪੁਲਸ ਟਾਊਟ ਰਲਾ ਸਿੰਘ ਤੇ ਦਿੱਤ ਸਿੰਘ ਕਤਲ ਕੀਤੇ

20 ਮਈ 1923 ਦੇ ਦਿਨ ਬਬਰ ਅਕਾਲੀਆਂ ਨੇ ਦੋ ਪੁਲਸ ਟਾਊਟਾਂ, ਰਲਾ ਸਿੰਘ ਤੇ ਦਿੱਤ ਸਿੰਘ, ਜੋ ਕੌਲਗੜ੍ਹ ਦੇ ਰਹਿਣ ਵਾਲੇ ਸਨ, ਨੂੰ ਕਤਲ ਕੀਤਾ। ਇਹ ਦੋਵੇਂ ਸੱਕੇ ਭਰਾ ਬਬਰਾਂ ਅਤੇ ਹੋਰ ਇਨਕਲਾਬੀਆਂ ਦੇ ਖ਼ਿਲਾਫ਼ ਪੁਲਸ ਨੂੰ ਸੂਹਾਂ ਦਿਆ ਕਰਦੇ ਸੀ। ਬਬਰਾਂ ਨੇ ਇਨ੍ਹਾਂ ਨੂੰ ਕਈ ਵਾਰ ਰੋਕਿਆ ਸੀ ਪਰ ਇਹ ਨਹੀਂ ਟਲੇ ਸਨ; ਅਖ਼ੀਰ 20 ਮਈ ਦੇ ਦਿਨ ਬਬਰ ਕਰਮ ਸਿੰਘ ਦੌਲਤਪੁਰ ਤੇ ਉਨ੍ਹਾਂ ਦੇ ਸਾਥੀ ਇਨ੍ਹਾਂ ਦੇ ਪਿੰਡ ਪੁੱਜੇ; ਅੱਗੋ ਇਹ ਵਾੜੇ ਵਿਚ ਬੈਠੇ ਹੁੱਕਾ ਪੀ ਰਹੇ ਸਨ; ਬਬਰਾਂ ਨੂੰ ਵੇਖ ਕ ਉਹ ਉਠ ਪਏ ਤੇ ਆਪਣੇ ਘਰ ਲੈ ਆਏ। ਉਨ੍ਹਾਂ ਦੇ ਘਰ ਪਹੁੰਚਣ ਮਗਰੋਂ ਬਬਰਾਂ ਨੇ ਉਨ੍ਹਾਂ ਨੂੰ ਕਤਲ ਕਰ ਦਿੱਤਾ।

1988: ਖਾੜਕੂਆਂ ਨੇ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ 36 ਬੰਦੇ ਕਤਲ ਕੀਤੇ

ਦਰਬਾਰ ਸਾਹਿਬ 'ਤੇ 9 ਤੋਂ 19 ਮਈ 1988 ਤਕ ਚੱਲੇ ਬਲੈਕ ਥੰਡਰ ਅਪਰੇਸ਼ਨ ਦੇ ਨਾਂ 'ਤੇ ਕੀਤੇ ਹਮਲੇ ਦੇ ਜਵਾਬ ਵਿਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਇਸ ਪਲਾਨ ਹੇਠ 20 ਮਈ ਦੇ ਦਿਨ ਵੀ 36 ਬੰਦੇ ਕਤਲ ਕੀਤੇ ਗਏ।

1989: ਜਸਬੀਰ ਸਿੰਘ ਜੱਸੀ ਮਕਸੂਦੜਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਮਈ 1989 ਦੇ ਦਿਨ ਪੰਜਾਬ ਪੁਲੀਸ (ਸਾਹਨੇਵਾਲ ਠਾਣੇ ਦੀ ਪੁਲਸ) ਨੇ ਜਸਬੀਰ ਸਿੰਘ ਜੱਸੀ, ਜਰਨੈਲ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ (ਵਾਸੀ ਮਕਸੂਦੜਾ, ਨੇੜੇ ਪਾਇਲ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਚੈਨ ਸਿੰਘ ਚੈਨ ਸੁੱਖੇਵਾਲ, ਵਕੀਲ ਸਿੰਘ ਬੁਲਟ, ਨਰਿੰਦਰ ਸਿੰਘ ਕੋਰ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਸੁਖਚੈਨ ਸਿੰਘ ਚੈਨ (ਵਾਸੀ ਸੁੱਖੇਵਾਲ), ਵਕੀਲ ਸਿੰਘ ਬੁਲਟ, ਨਰਿੰਦਰ ਸਿੰਘ (ਵਾਸੀ ਕੋਰ ਸਿੰਘ ਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਦੇਵ ਸਿੰਘ ਪੰਜ ਗਰਾਈਂ ਤੇ ਸੁਖਜਿੰਦਰ ਸਿੰਘ ਜਾਲੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

20 ਮਈ 1991 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਸੁਲੱਖਣ ਸਿੰਘ, ਵਾਸੀ ਪੰਜ ਗਰਾਈਂ, ਗੁਰਦਾਸਪੁਰ) ਤੇ ਸੁਖਜਿੰਦਰ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਜਾਲੀਆਂ, ਨੇੜੇ ਬੁੱਡਾਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਵਰਨ ਸਿੰਘ ਜਹਾਜ਼ ਸੋਹੀਆਂ, ਮੇਜਰ ਸਿੰਘ ਰਾਜੋਆਣਾ ਤੇ 13 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਮਈ 1992 ਦੇ ਦਿਨ ਪੁਲਸ ਨੇ ਸਵਰਨ ਸਿੰਘ ਉਰਫ਼ ਜਹਾਜ਼ (ਸੋਹੀਆਂ, ਲੋਪੋਕੇ) ਤੇ ਮੇਜਰ ਸਿੰਘ ਰਾਜੋਆਣਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ 13 ਹੋਰ ਸਿੱਖ ਵੀ ਵੱਖ-ਵੱਖ ਥਾਂਵਾਂ 'ਤੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

1993: ਸੁਰਜੀਤ ਸਿੰਘ ਮਾਨੋਚਾਹਲ, ਲਛਮਣ ਸਿੰਘ ਗੋਰਾ, ਰਣਜੀਤ ਸਿੰਘ, ਮਹਿਲ ਸਿੰਘ ਕੰਡਕਟਰ, ਹਰਦੀਪ ਸਿੰਘ ਚੱਕ ਸਾਹੂ, ਭਗਵਾਨ ਸਿੰਘ ਹਿੰਸੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਮਈ 1993 ਦੇ ਦਿਨ ਪੁਲੀਸ ਨੇ ਸੁਰਜੀਤ ਸਿੰਘ (ਭਤੀਜਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ), ਲਛਮਣ ਸਿੰਘ ਗੋਰਾ, ਰਣਜੀਤ ਸਿੰਘ, ਮਹਿਲ ਸਿੰਘ ਕੰਡਕਟਰ, ਹਰਦੀਪ ਸਿੰਘ (ਪੁੱਤਰ ਇੰਦਰ ਸਿੰਘ, ਵਾਸੀ ਚੱਕ ਸਾਹੂ, ਫ਼ਰੀਦਕੋਟ), ਭਗਵਾਨ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਹਿੰਸੋਵਾਲ, ਲੁਧਿਆਣਾ) ਤੇ 6 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1994: ਅਮਰਜੀਤ ਸਿੰਘ ਗੋਸਲਾਂ ਨਕਲੀ ਮੁਕਾਬਕੇ ਵਿਚ ਸ਼ਹੀਦ

20 ਮਈ 1994 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ (ਪੁੱਤਰ ਬਾਲਮ ਸਿੰਘ, ਵਾਸੀ ਗੋਸਲਾਂ, ਲੁਧਿਆਣਾ) ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਨੀ ਸ਼ੁਰੂ ਹੋਈ

ਦਰਬਾਰ ਸਾਹਿਬ ਵਿਚ ਜੂਨ 1984 ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਯਾਦਗਾਰ ਦਾ ਨੀਂਹ ਪੱਥਰ ਅਕਾਲ ਤਖ਼ਤ ਸਾਹਿਬ ਦੇ ਨੇੜੇ ਰੱਖਿਆ ਗਿਆ। ਇਸ ਈਮਾਰਤ ਨੂੰ 27 ਅਪ੍ਰੈਲ 2013 ਦੇ ਦਿਨ ਚੌਕ ਮਹਿਤਾ ਡੇਰੇ ਦੇ ਇੰਚਾਰਜ ਹਰਨਾਮ ਸਿੰਘ ਧੁੰਮਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ ਗਿਆ। ਜਦ ਇਸ ਸਬੰਧੀ ਬਣਾਏ ਗਏ ਬੋਰਡਾਂ 'ਤੇ ਲਿਖੇ ਲਫ਼ਜ਼ਾਂ 'ਤੇ ਇਤਿਹਾਸਕਾਰ ਡਾ: ਹਰਜਿੰਦਰ ਸਿੰਘ ਦਿਲਗੀਰ ਨੇ ਇਤਰਾਜ਼ ਕੀਤਾ (ਸਪੋਕਸਮੈਨ 29 ਅਪ੍ਰੈਲ 2013, ਸਫ਼ਾ 7) ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਬੋਰਡਾਂ ਨੂੰ ਹਟਾਉਣ ਦਾ ਫ਼ੈਸਲਾ ਕੀਤਾ। ਚੌਕ ਮਹਿਤਾ ਡੇਰੇ ਦੇ ਹਿਮਾਇਤੀਆਂ ਨੇ ਇਨ੍ਹਾਂ ਨੂੰ ਹਟਾਉਣ ਦਾ ਵਿਰੋਧ ਕੀਤਾ; ਇਸ ਕਰ ਕੇ ਇਨ੍ਹਾਂ ਬੋਰਡਾਂ ਨੂੰ ਉਸ ਵੇਲੇ ਹਟਾਇਆ ਤਾਂ ਨਾ ਜਾ ਸਕਿਆ ਪਰ ਇਨ੍ਹਾਂ ਨੂੰ ਇਕ ਵਾਰ ਕੁਝ ਚਿਰ ਵਾਸਤੇ ਢਕ ਜ਼ਰੂਰ ਦਿੱਤਾ ਗਿਆ।

2007: ਸਰਸਾ ਦੇ ਸਾਧ ਗੁਰਮੀਤ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਦਾ ਪਹਿਰਾਵਾ ਪਾ ਕੇ ਬੇਅਦਬੀ ਕਰਨ ਦੀ ਹਰਕਤ ਕੀਤੀ

20 ਮਈ 2007 ਦੇ ਦਿਨ ਸਰਸਾ ਸਾਧ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪਹਿਰਾਵਾ ਪਾ ਕੇ ਬੇਅਦਬੀ ਕਰਨ ਦੀ ਹਰਕਤ ਕੀਤੀ। ਇਸ ਕਰ ਕੇ ਉਸ 'ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ, ਦਫ਼ਾਵਾਂ 295 ਏ, 298 ਤੇ 153 ਹੇਠ ਕੇਸ ਦਰਜ ਕੀਤਾ ਗਿਆ ਸੀ। (ਪਰ ਮਗਰੋਂ ਬਾਦਲ ਨੇ ਸਰਸਾ ਸਾਧ ਨਾਲ ਖ਼ੁਫ਼ੀਆ ਸਮਝੌਤਾ ਕਰ ਲਿਆ ਅਤੇ ਪਹਿਲਾਂ ਤਾਂ ਇਸ ਦਾ ਚਲਾਨ ਹੀ ਨਾ ਪੇਸ਼ ਕੀਤਾ ਅਤੇ ਫਿਰ 27 ਜਨਵਰੀ 2012 ਦੇ ਦਿਨ ਪੁਲਸ ਨੇ ਸਬੂਤ ਨਾ ਮਿਲਣ ਦੇ ਬਹਾਨੇ ਨਾਲਅਦਾਲਤ ਵਿਚ ਕੇਸ ਖ਼ਤਮ ਕਰਨ ਦੀ ਅਰਜ਼ੀ ਦੇ ਦਿੱਤੀ ਸੀ। ਅਖ਼ੀਰ 7 ਅਗਸਤ 2014 ਦੇ ਦਿਨ ਪੁਲਸ ਦੀ ਦਰਖ਼ਾਸਤ ਮਨਜ਼ੂਰ ਕਰ ਕੇ ਇਹ ਕੇਸ ਖ਼ਤਮ ਕਰ ਦਿੱਤਾ।

21 ਮਈ

1621: ਬੀਬੀ ਕੌਲਾਂ ਗੁਰੂ ਹਰਗੋਬਿੰਦ ਸਾਹਿਬ ਦੀ ਪਨਾਹ ਵਿਚ ਆਈ

1621 ਵਿਚ ਗੁਰੂ ਹਰਗੋਬਿੰਦ ਸਾਹਿਬ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਸਨ; ਇਨ੍ਹਾਂ ਦਿਨਾਂ ਵਿਚ ਬੀਬੀ ਕੌਲਾਂ ਮੁਸਲਮ ਕਾਜ਼ੀਆਂ ਤੋਂ ਬਚਣ ਵਾਸਤੇ ਗੁਰੂ ਹਰਗੋਬਿੰਦ ਸਾਹਿਬ ਦੀ ਪਨਾਹ ਵਿਚ ਆਈ; ਬੀਬੀ 21 ਮਈ 1921 ਦੇ ਦਿਨ ਗੁਰੂ ਸਾਹਿਬ ਕੋਲ ਪੁੱਜੀ ਤੇ ਉਸ ਨੂੰ ਮੌਜੂਦਾ ਗੁਰਦੁਆਰਾ ਕੌਲਸਰ ਕੋਲ ਇਕ ਕੋਠੜੀ ਵਿਚ ਰਿਹਾਇਸ਼ ਦਿਤੀ ਗਈ; ਮਗਰੋਂ ਉਸ ਨੂੰ ਕਰਤਾਰਪੁਰ (ਜਲੰਧਰ) ਭੇਜ ਦਿੱਤਾ ਗਿਆ ਜਿੱਥੇ ਜੁਲਾਈ 1628 ਵਿਚ ਉਸ ਦੀ ਮੌਤ ਹੋ ਗਈ। 'ਸੂਰਜ ਪ੍ਰਕਾਸ਼' ਦੇ ਲੇਖਕ ਸੰਤੋਖ ਸਿੰਘ ਨੇ ਗੁਰੂ ਜੀ ਨਾਲ ਕੌਲਾਂ ਦੇ ਸਬੰਧਾਂ ਬਾਰੇ ਝੂਠੀ ਕਹਾਣੀ ਘੜ ਕੇ ਗੁਰੂ ਜੀ ਦੇ ਖ਼ਿਲਾਫ਼ ਘਟੀਆ ਪ੍ਰਚਾਰ ਕੀਤਾ ਹੈ।

1914: ਕਾਮਾਗਾਟਾਮਾਰੂ ਜਹਾਜ਼ ਵਿਕਟੋਰੀਆ (ਕਨੇਡਾ) ਪੁੱਜਾ

1910ਵਿਆਂ ਵਿਚ ਕਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਸਿਰਫ਼ ਸਿੱਧੇ ਕਨੇਡਾ ਪੁੱਜਣ ਵਾਲੇ ਮੁਸਾਫ਼ਿਰਾਂ ਨੂੰ ਹੀ ਕਨੇਡਾ ਵਿਚ ਉਤਰਨ ਅਤੇ ਰਹਿਣ ਦੀ

ਇਜਾਜ਼ਤ ਮਿਲਣੀ ਸੀ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਗੁਰਦਿਤ ਸਿੰਘ ਸਰਹਾਲੀ (ਅੰਮ੍ਰਿਤਸਰ) ਨੇ ਇਕ ਜਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਜਹਾਜ਼ ਕਿਰਾਏ 'ਤੇ ਲੈ ਲਿਆ ਤਾਂ ਜੋ ਕਾਨੂੰਨੀ ਅੜਿੱਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿਧੇ ਕੈਨੇਡਾ ਪਹੁੰਚਣਾ ਸੀ। ਪਰ ਰਸਤੇ ਵਿਚ ਦੇਰ ਹੋਣ ਕਾਰਨ ਇਹ ਜਹਾਜ਼ 21 ਮਈ 1914 ਨੂੰ ਵਿਕਟੋਰੀਆ ਟਾਪੂ (ਕਨੇਡਾ) ਦੇ ਪਾਣੀਆਂ ਵਿਚ ਪਹੁੰਚਿਆ।

1920: ਰੋਜ਼ਾਨਾ ਅਕਾਲੀ ਅਖ਼ਬਾਰ ਸ਼ੁਰੂ ਹੋਇਆ

1920 ਵਿਚ ਸੰਜੀਦਾ ਸਿੱਖ ਆਗੂਆਂ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ ਹੋਈ ਸੀ। ਇਨ੍ਹਾਂ ਨੇ ਇਸ ਦੇ ਨਾਲ ਹੀ ਸਿੱਖਾਂ ਦੀ ਧਾਰਮਿਕ ਅਤੇ ਸਿਆਸੀ ਹਾਲਤ ਬਾਰੇ ਵਿਚਾਰਾਂ ਵੀ ਕੀਤੀਆਂ। ਗੁਰਦੁਆਰਿਆਂ ਦੀ ਹਾਲਤ ਦਾ ਚਰਚਾ ਵੀ ਚਲਿਆ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ ਸਿੰਘ ਹੁਣ ਟੋਲੀਆਂ ਬਣਾ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਨਿਕਲਣ ਲੱਗੇ। ਖੁਲ੍ਹਾ ਦਾਹੜਾ, ਹੱਥ ਵਿਚ ਕਿਰਪਾਨ, ਹਰ ਸੰਜੀਦਾ ਸਿੱਖ ਦੀ ਜ਼ਿੰਦਗੀ ਦਾ ਹਿੱਸਾ ਬਣ ਗਈ। 1 ਮਈ 1920 ਦੇ ਦਿਨ ਮਾਸਟਰ ਸੁੰਦਰ ਸਿੰਘ, ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ, ਗਿ: ਹੀਰਾ ਸਿੰਘ ਦਰਦ ਤੇ ਉਨ੍ਹਾਂ ਦੇ ਸਾਥੀ ਲਾਹੌਰ ਇਕੱਠੇ ਹੋਏ ਅਤੇ ਰੋਜ਼ਾਨਾ 'ਅਕਾਲੀ' ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਇਹ ਨਾਂ ਅਕਾਲੀ ਫੂਲਾ ਸਿੰਘ ਦੇ ਖਾੜਕੂ ਹੋਣ ਦੀ ਸੋਚ ਨਾਲ ਚੁਣਿਆ ਸੀ। **(ਇਹ ਗੱਲ ਕਾਬਲੇ-ਗ਼ੌਰ ਹੈ ਕਿ ਉਦੋਂ ਤਕ ਬਾਬਾ ਦੀਪ ਸਿੰਘ ਨੂੰ ਏਨੀ ਮਸ਼ਹੂਰੀ ਨਹੀਂ ਸੀ ਮਿਲੀ; ਵਰਨਾ ਕੋਈ ਅਖੌਤੀ ਟਕਸਾਲ ਵਾਲੇ ਉਸ ਦਾ ਨਾਂ ਹੀ ਸੁਝਾਅ ਦੇਂਦੇ)।**

21 ਮਈ 1920 ਦੇ ਦਿਨ ਪਹਿਲਾ ਪਰਚਾ ਛਪਿਆ। ਪਹਿਲੇ ਦਿਨ ਤੋਂ ਹੀ ਅਕਾਲੀ ਅਖ਼ਬਾਰ ਸਿੱਖ ਪੰਥ ਵਿਚ ਹਰਦਿਲ-ਅਜ਼ੀਜ਼ ਹੋ ਗਿਆ। 'ਅਕਾਲੀ' ਅਖ਼ਬਾਰ ਨੇ ਸਭ ਤੋਂ ਵੱਡਾ ਫ਼ਾਇਦਾ ਇਹ ਪਹੁੰਚਾਇਆ ਕਿ ਦੂਰ-ਦੁਰਾਡੇ ਬੈਠੇ, ਇਕਲੇ-ਇਕੱਲੇ ਸਿੱਖ ਆਗੂ ਅਤੇ ਵਰਕਰ, ਇਕ ਦੂਜੇ ਨਾਲ ਜੁੜ ਗਏ। 'ਅਕਾਲੀ' ਅਖ਼ਬਾਰ ਨੇ ਕਮਾਲ ਦਾ ਰੋਲ ਅਦਾ ਕੀਤਾ। ਛੇਤੀ ਹੀ ਹਰ ਪਾਸੇ 'ਅਕਾਲੀ-ਅਕਾਲੀ' ਅਤੇ 'ਅਕਾਲ-ਅਕਾਲ' ਹੋਣ ਲੱਗ ਪਈ। ਅਕਾਲੀ ਅਖ਼ਬਾਰ ਨਾਲ ਸੈਂਕੜੇ ਤੇ ਫਿਰ ਹਜ਼ਾਰਾਂ ਸਿੱਖ ਇਕ ਦੂਜੇ ਨਾਲ ਜੁੜ ਗਏ। ਇਨ੍ਹਾਂ ਸਾਰਿਆਂ ਨੂੰ ਅਚਾਨਕ 'ਅਕਾਲੀ' ਆਖਿਆ ਜਾਣ ਲੱਗ ਪਿਆ। ਇਨ੍ਹਾਂ ਵਰਕਰਾਂ ਦੀ ਪੰਥ ਵਿਚ ਲਾਸਾਨੀ ਥਾਂ ਬਣ ਗਈ। ਹੌਲੀ-ਹੌਲੀ, ਹਰ ਪਾਸੇ, ਨੀਲੀਆਂ ਪੱਗਾਂ ਤੇ ਕਿਰਪਾਨਾਂ ਵਾਲੇ ਅਕਾਲੀ ਨਜ਼ਰ ਆਉਣ ਲੱਗ ਪਏ। ਸਾਰਾ ਸਿੱਖ ਪੰਥ ਇਨ੍ਹਾਂ ਦੇ ਆਖੇ 'ਤੇ ਫੁਲ ਚੜ੍ਹਾਉਣ ਵਾਸਤੇ ਤਿਆਰ ਹੋ ਗਿਆ ਸੀ। ਸਮੁੱਚਾ 'ਸਿੱਖ ਹੋਮਲੈਂਡ' ਹੁਣ 'ਅਕਾਲੀ' ਬਣਦਾ ਜਾਪਣ ਲੱਗ ਪਿਆ। ਇਸ ਮਾਹੌਲ ਵਿਚ ਇਕ ਅਣ-ਐਲਾਨੀ 'ਅਕਾਲੀ ਲਹਿਰ' ਚਲ ਪਈ। ਬਿਨਾਂ ਕਿਸੇ ਇਕੱਠ ਤੋਂ, ਬਗ਼ੈਰ ਕਿਸੇ ਮੀਟਿੰਗ ਤੋਂ, ਇਕ ਲਹਿਰ ਤੇ ਇਕ ਜਥੇਬੰਦੀ ਜਨਮ ਲੈ ਰਹੀ ਸੀ। ਸਿਰਫ਼ ਇਕ ਚਿੰਗਾੜੀ ਦੀ ਜ਼ਰੂਰਤ ਸੀ, ਜਿਸ ਨੇ ਭਾਂਬੜ ਬਣ ਜਾਣਾ ਸੀ।

1984: ਗੋਰਾਇਆ ਦਾ ਕਾਂਗਰਸੀ ਆਗੂ ਹਰਦਿਆਲ ਸਿੰਘ ਕਤਲ

ਗੋਰਾਇਆ ਦਾ ਕਾਂਗਰਸੀ ਆਗੂ ਹਰਦਿਆਲ ਸਿੰਘ ਖਾੜਕੂਆਂ ਦੇ ਖ਼ਿਲਾਫ਼ ਬਹੁਤ ਦਲੇਰੀ ਨਾਲ ਬੋਲਿਆ ਕਰਦਾ ਸੀ; ਉਹ ਕਾਫ਼ੀ ਦੇਰ ਤੋਂ ਉਨ੍ਹਾਂ ਦੀ ਹਿੱਟ ਲਿਸਟ 'ਤੇ ਸੀ ਉਸ ਨੂੰ 21 ਮਈ 1984 ਦੇ ਦਿਨ ਕਤਲ ਕਰ ਦਿੱਤਾ ਗਿਆ ਪਰ ਪੁਲੀਸ ਕਾਤਲਾਂ ਦਾ ਥਹੁ ਪਤਾ ਨਾ ਲਾ ਸਕੀ। ਇਨ੍ਹੀਂ ਦਿਨੀਂ ਪੁਲਸ ਨੇ ਲਸ਼ਵਿੰਦਰ ਡਲੇਵਾਲ ਨਾਂ ਦੇ ਇਕ ਮੁਜਰਮ ਨੂੰ ਕਈ ਸਕੂਟਰ ਅਤੇ ਸਾਈਕਲ ਚੋਰੀ ਕਰਨ ਦੇ ਦੋਸ਼ ਵਿਚ ਫੜਿਆ ਹੋਇਆ ਸੀ; ਪੁਲਸ ਨੇ ਉਸ ਨੂੰ

'ਕੈਟ' ਬਣਾ ਕੇ ਇਸ ਕੇਸ ਵਿਚ ਚਾਰਜ ਕਰ ਦਿੱਤਾ ਤੇ ਮਗਰੋਂ ਜ਼ਮਾਨਤ 'ਤੇ ਰਿਹਾ ਕਰਵਾ ਕੇ ਉਸ ਦੀ ਮੁਖ਼ਬਰੀ ਨਾਲ ਖਾੜਕੂਆਂ ਦੇ ਰਾਜ਼ ਹਾਸਿਲ ਕੀਤੇ ਜਿਸ ਨਾਲ ਕਈ ਖਾੜਕੂ ਫੜੇ ਗਏ। ਮਗਰੋਂ ਲਸ਼ਵਿੰਦਰ ਡਲੇਵਾਲ ਨੂੰ ਇੰਗਲੈਂਡ ਭੇਜ ਦਿੱਤਾ ਗਿਆ; ਵਿਦੇਸ਼ ਵਿਚ ਵੀ ਰਘਬੀਰ ਸਿੰਘ ਸਾਹਲੋਂ ਉਰਫ਼ 'ਟੈਂਕ' ਨੇ ਇਸ 'ਕੈਟ' ਨੂੰ ਮਾਰਨ ਦੀ ਕੋਸ਼ਿਸ਼ ਕੀਤੀ; ਉਹ ਜਰਮਨ ਤਕ ਤਾਂ ਪਹੁੰਚ ਗਿਆ ਪਰ ਉਸ ਨੂੰ ਇੰਗਲੈਂਡ ਦਾ ਵੀਜ਼ਾ ਨਾ ਮਿਲਿਆ (ਰਘਬੀਰ ਸਿੰਘ 'ਟੈਂਕ' ਨੇ ਮਗਰੋਂ ਰੋਮਾਨੀਆ ਜਾ ਕੇ ਪਲਸ ਚੀਫ਼ ਰਬੈਰੋ ਨੂੰ ਅਗਵਾ ਕਰਨ ਦੀ ਪਲਾਨ ਵਿਚ ਵੀ ਵੱਡਾ ਰੋਲ ਅਦਾ ਕੀਤਾ ਸੀ, ਪਰ ਨਾਕਾਮਯਾਬ ਰਹਿਣ ਮਗਰੋਂ ਪੰਜਾਬ ਮੁੜ ਗਿਆ ਸੀ ਜਿਥੇ ਉਸ ਨੂੰ ਅਕਤੂਬਰ 1992 ਵਿਚ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ)। ਪੁਲੀਸ ਮੁਖੀ ਸਰਬਦੀਪ ਵਿਰਕ ਨੇ ਮਗਰੋਂ ਇਹ ਗੱਲ ਕਬੂਲ ਵੀ ਕੀਤੀ ਸੀ ਕਿ ਉਸ ਨੇ 350 ਪੁਲੀਸ ਕੈਟ ਛੱਡੇ ਹੋਏ ਸਨ, ਜਿਨ੍ਹਾਂ ਵਿਚ ਸੁਖਵਿੰਦਰ ਸੁੱਖੀ ਵਰਗੇ ਕੁਝ ਸਾਬਕਾ ਖਾੜਕੂ ਅਤੇ ਲਸ਼ਵਿੰਦਰ ਡਲੇਵਾਲ ਅਤੇ ਸੰਤੋਖ ਕਾਲਾ ਵਰਗੇ ਛੋਟੇ-ਮੋਟੇ ਮੁਜਰਮ ਵੀ ਸਨ।

1986: ਅੰਮ੍ਰਿਤਸਰ ਵਿਚ 13 ਹਿੰਦੂ ਕਤਲ ਕਰ ਦਿੱਤੇ ਗਏ; ਉਸੇ ਸ਼ਾਮ ਹਿੰਦੂਆਂ ਨੇ ਜਲੂਸ ਕੱਢ ਕੇ ਬੇਗੁਨਾਹ ਸਿੱਖਾਂ 'ਤੇ ਹਮਲੇ ਕੀਤੇ

21 ਮਈ 1986 ਦੇ ਦਿਨ ਖਾੜਕੂਆਂ ਨੇ ਅੰਮ੍ਰਿਤਸਰ ਦੇ ਮੁਹੱਲਾ ਕ੍ਰਿਸ਼ਨ ਨਗਰ ਵਿਚ 13 ਹਿੰਦੂ ਕਤਲ ਕਰ ਦਿੱਤੇ ਸਨ; ਇਸ ਦੇ ਜਵਾਬ ਵਜੋਂ 23 ਮਈ ਨੂੰ ਹਿੰਦੂਆਂ ਨੇ ਪੰਜਾਬ 'ਬੰਦ' ਦਾ ਐਲਾਨ ਕੀਤਾ ਸੀ; ਉਸ ਦਿਨ ਹਿੰਦੂਆਂ ਨੇ ਜਲੰਧਰ, ਅੰਮ੍ਰਿਤਸਰ ਅਤੇ ਤਰਨਤਾਰਨ ਵਿਚ ਜਲੂਸ ਕੱਢੇ ਅਤੇ ਸਿੱਖਾਂ ਉੱਤੇ ਹਮਲੇ ਕੀਤੇ। ਸੀ.ਆਰ.ਪੀ.ਐਫ਼. ਦੀ ਮੌਜੂਦਗੀ ਵਿਚ ਸਿੱਖ ਅਦਾਰਿਆਂ ਦੀ ਸਾੜ-ਫੂਕ, ਛੁਰੇ-ਬਾਜ਼ੀ ਅਤੇ ਪਥਰਾਓ ਦੀਆਂ ਹਰਕਤਾਂ ਕੀਤੀਆਂ ਗਈਆਂ। ਅੰਮ੍ਰਿਤਸਰ ਦੀ ਗੜਬੜ ਦੀ ਅਗਵਾਈ ਸੁਰਿੰਦਰ ਕੁਮਾਰ ਡੋਗਰਾ ਨੇ ਕੀਤੀ ਸੀ।

1987: ਮਨਜਿੰਦਰ ਸਿੰਘ ਜੱਜ ਅੰਮ੍ਰਿਤਸਰ, ਹਰਜਿੰਦਰ ਸਿੰਘ ਮੋਦਾ, ਸੁਖਦੇਵ ਸਿੰਘ ਤਪਿਆਲਾ ਤੇ ਅਵਤਾਰ ਸਿੰਘ ਪਹਿਲਵਾਨ ਬਬਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

21 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਮਨਜਿੰਦਰ ਸਿੰਘ ਜੱਜ (ਵਾਸੀ ਮਜੀਠਾ ਰੋਡ, ਅੰਮ੍ਰਿਤਸਰ), ਹਰਜਿੰਦਰ ਸਿੰਘ (ਵਾਸੀ ਮੋਦਾ, ਅੰਮ੍ਰਿਤਸਰ), ਸੁਖਦੇਵ ਸਿੰਘ (ਪੁੱਤਰ ਉਮਰਾਓ ਸਿੰਘ, ਵਾਸੀ ਤਪਿਆਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਅਵਤਾਰ ਸਿੰਘ ਪਹਿਲਵਾਨ ਬਬਰ (ਪੁੱਤਰ ਸਰੂਪ ਸਿੰਘ, ਵਾਸੀ ਕਾਂਗੜਾ ਕਲੋਨੀ, ਅੰਮ੍ਰਿਤਸਰ) ਨੂੰ ਪੁਲਸ ਹਿਰਾਸਤ ਵਿਚੋਂ ਫ਼ਰਾਰ ਹੋਇਆ ਕਹਿ ਕੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਭਾਈ ਅਵਤਾਰ ਸਿੰਘ ਨੂੰ 20 ਜੂਨ 1986 ਦੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ। ਇਕ ਮਹੀਨਾ ਤਸੀਹੇ ਦੇਣ ਮਗਰੋਂ 26 ਜੂਨ ਨੂੰ ਉਸ ਨੂੰ ਜੇਲ੍ਹ ਭੇਜ ਦਿੱਤਾ। ਫਿਰ ਉਸ ਨੂੰ ਪਾਰਲੀਮੈਂਟ ਉਡਾਉਣ ਦੇ ਕੇਸ ਵਿਚ ਦਿੱਲੀ ਲਿਜਾਇਆ ਗਿਆ। ਇਸ ਦੌਰਾਨ ਉਸ ਦਾ ਵੱਡਾ ਭਰਾ ਜਸਬੀਰ ਸਿੰਘ ਵੀ 5 ਮਈ ਨੂੰ ਗ੍ਰਿਫ਼ਤਾਰ ਕੀਤਾ ਜਾ ਚੁਕਾ ਸੀ। 21 ਮਈ 1987 ਦੇ ਦਿਨ ਉਸ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਇੱਥੇ ਉਸ 'ਤੇ ਬੇਹਤਾਸ਼ਾ ਤਸ਼ੱਦਦ ਕੀਤਾ ਗਿਆ। ਉਸ ਦੀਆਂ ਦੋਵੇਂ ਬਾਹਵਾਂ ਵੀ ਤੋੜ ਦਿੱਤੀਆਂ ਗਈਆਂ। ਅਖ਼ੀਰ ਜਦ ਉਸ ਦੀ ਹਾਲਤ ਨਾਜ਼ਕ ਹੋ ਗਈ ਤਾਂ ਪੁਲਸ ਹਿਰਾਸਤ ਵਿਚੋਂ ਫ਼ਰਾਰ ਹੋਣ ਦੇ ਨਾਂ 'ਤੇ ਨਕਲੀ ਮੁਕਬਾਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸੇ ਦਿਨ ਉਸ ਦੇ ਸਾਥੀ ਰਾਣਾ ਪ੍ਰਤਾਪ ਸਿੰਘ ਬਬਰ ਨੂੰ ਵੀ ਸ਼ਹੀਦ ਕਤਿਾ ਗਿਆ ਸੀ। ਸ਼ਹੀਦ ਕਰਨ ਮਗਰੋਂ 23 ਮਈ ਨੂੰ ਪੁਲਸ ਦੋਹਾਂ ਦਾ ਸਸਕਾਰ ਕਰਨ ਵਾਸਤੇ ਉਨ੍ਹਾਂ ਦੀਆਂ ਦੇਹਾਂ ਤਰਨਤਾਰਨ ਸ਼ਮਸ਼ਾਨ ਘਾਟ ਵਿਚ

ਲੈ ਗਈ। ਉਨ੍ਹਾਂ ਦੇ ਘਰ ਦਿਆਂ ਾਂ ਨੂੰ ਪਤਾ ਲੱਗਾ ਤਾਂ ਉਹ ਉਥੇ ਪਹੁੰਚ ਗਏ। ਉਨ੍ਹਾਂ ਨੇ ਪੁਲਸ ਤੋਂ ਲਾਸ਼ਾਂ ਖੋਹ ਲਈਆਂ; ਉਸ ਲਾ ਸ਼ਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ। ਮਗਰੋਂ ਪਰਵਾਰ ਨੇ ਆਪ ਸਸਕਾਰ ਕੀਤਾ।

1988: ਖਾੜਕੂਆਂ ਨੇ 15 ਬੰਦੇ ਦੇ ਕਤਲ ਕੀਤੇ

ਦਰਬਾਰ ਸਾਹਿਬ 'ਤੇ 9 ਤੋਂ 19 ਮਈ 1988 ਤਕ ਚੱਲੇ ਬਲੈਕ ਥੰਡਰ ਅਪਰੇਸ਼ਨ ਦੇ ਨਾਂ 'ਤੇ ਕੀਤੇ ਹਮਲੇ ਦੇ ਜਵਾਬ ਵਿਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਇਸ ਪਲਾਨ ਹੇਠ 21 ਮਈ ਦੇ ਦਿਨ ਵੀ 15 ਬੰਦੇ ਕਤਲ ਕੀਤੇ ਗਏ।

1989: ਹਰਮਿੰਦਰ ਸਿੰਘ ਰੋਮੀ ਤੇ ਅਵਤਾਰ ਸਿੰਘ ਬਾਬਾ ਬਕਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

21 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਹਰਮਿੰਦਰ ਸਿੰਘ ਰੋਮੀ ਤੇ ਅਵਤਾਰ ਸਿੰਘ (ਦੋਵੇਂ ਵਾਸੀ ਬਾਬਾ ਬਕਾਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਕਮਲਜੀਤ ਸਿੰਘ ਧਨਾਲ ਨਕਲੀ ਮੁਕਾਬਲੇ ਵਿਚ ਸ਼ਹੀਦ

21 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਕਮਲਜੀਤ ਸਿੰਘ ਧਨਾਲ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਹਰਦੇਵ ਸਿੰਘ ਈਨਾ ਬਾਜਵਾ, ਕਮਲਜੀਤ ਸਿੰਘ ਧਨਾਲ, ਭੁਪਿੰਦਰ ਸਿੰਘ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

21 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਹਰਦੇਵ ਸਿੰਘ (ਵਾਸੀ ਈਨਾ ਬਾਜਵਾ, ਅੰਮ੍ਰਿਤਸਰ), ਕਮਲਜੀਤ ਸਿੰਘ (ਵਾਸੀ ਧਨਾਲ), ਭੁਪਿੰਦਰ ਸਿੰਘ ਉਰਫ਼ ਭਿੰਦਾ (ਵਾਸੀ ਤਰਨ ਤਾਰਨ ਰੋਡ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਗੱਟੀਵਾਲ ਵਿਚ ਪੁਲਸ ਤੇ ਖਾੜਕੂਆਂ ਵਿਚ ਅਸਲ ਮੁਕਾਬਲਾ : ਪਰਮਜੀਤ ਸਿੰਘ ਪੰਮਾ, ਜਗਜੀਤ ਸਿੰਘ ਮਾਣੂਕੇ, ਜਰਨੈਲ ਸਿੰਘ ਬੂਹ, ਹਰਪਾਲ ਸਿੰਘ ਦਾਦਲੀਆ, ਬਲਵੰਤ ਸਿੰਘ, ਅਮਰਜੀਤ ਸਿੰਘ ਬੈਂਗਣ, ਬਲਵਿੰਦਰ ਸਿੰਘ ਢਿਲਵਾਂ, ਗੁਰਚਰਨ ਸਿੰਘ ਰੌਂਗਲਾ ਤੇ ਕਈ ਹੋਰ ਸਿੱਖ ਸ਼ਹੀਦ

21 ਮਈ 1992 ਦੇ ਦਿਨ ਅਨੰਦਪੁਰ ਸਾਹਿਬ ਨੇੜੇ ਗੱਟੀਵਾਲ ਵਿਚ ਹੋਏ ਇਕ ਅਸਲ ਮੁਕਾਬਲੇ ਵਿਚ ਪਰਮਜੀਤ ਸਿੰਘ ਪੰਮਾ (ਪੁੱਤਰ ਗੁਰਮੁਖ ਸਿੰਘ, ਵਾਸੀ ਤਲਵੰਡੀ ਨਗਰ, ਅੰਮ੍ਰਿਤਸਰ), ਜਗਜੀਤ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਮਾਣੂਕੇ, ਲੁਧਿਆਣਾ), ਜਰਨੈਲ ਸਿੰਘ (ਪੁੱਤਰ ਰੰਗਾ ਸਿੰਘ, ਵਾਸੀ ਪਿੰਡ ਬੂਹ, ਨੇੜੇ ਢੱਡੂ ਢੀਂਗਾ, ਕਪੂਰਥਲਾ), ਹਰਪਾਲ ਸਿੰਘ ਉਰਫ਼ ਗੁਰਪਾਲ ਸਿੰਘ (ਵਾਸੀ ਦਾਦਲੀਆ), ਬਲਵੰਤ ਸਿੰਘ ਤੇ 11 ਹੋਰ ਸਿੱਖ ਸ਼ਹੀਦ ਕਰ ਦਿੱਤੇ ਗਏ। ਇਸੇ ਦਿਨ ਅਮਰਜੀਤ ਸਿੰਘ ਬੈਂਗਣ (ਬਲਾਚੌਰ ਕੋਲ ਸ਼ਿਵਾਲਕ ਢਾਬੇ 'ਤੇ), ਬਲਵਿੰਦਰ ਸਿੰਘ ਢਿਲਵਾਂ (ਬਠਿੰਡਾ ਨੇੜੇ) ਅਤੇ ਗੁਰਚਰਨ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਰੌਂਗਲਾ, ਨੇੜੇ ਸਿੱਧੂਵਾਲ, ਪਟਿਆਲਾ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

22 ਮਈ

1914: ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਪੁਜਾ

ਕਾਮਾਗਾਟਾ ਮਾਰੂ ਜਹਾਜ਼ ਵਿਕਟੋਰੀਆ ਤੋਂ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਞ ਸਿੱਧੇ ਪੁੱਜੇ ਮੁਸਾਫ਼ਿਰਾਂ ਨੂੰ ਵੀ ਉਤਰਨ ਦੀ ਇਜਾਜ਼ਤ ਨਾ ਦਿੱਤੀ। ਕਾਫ਼ੀ ਲੰਬੀ ਜਦੋਜਹਿਦ ਮਗਰੋਂ ਵੀ ਜਦੋਂ ਇਜਾਜ਼ਤ ਨਾ ਮਿਲੀ ਤਾਂ ਸਿੱਖ ਵੀ ਡਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇ ਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਸਿੱਖਾਂ ਦੇ ਇਸ ਐਲਾਨਨਾਮੇ 'ਤੇ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਕੇ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਇਕ ਹੋਰ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਦੇ ਖ਼ਿਲਾਫ਼ ਟੱਕਰ ਲੈਣ ਦੀ ਬਜਾਏ ਵਾਪਿਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ ਪੀਣ ਦਾ ਸਮਾਨ ਲੈਣ ਦੀ ਇਜਾਜ਼ਤ ਦੇ ਦਿੱਤੀ। ਅਖ਼ੀਰ 23 ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਿਸ ਮੁੜ ਪਿਆ। ਦੋ ਮਹੀਨੇ ਦੇ ਸਫ਼ਰ ਮਗਰੋਂ ਜਹਾਜ਼ 26 ਸਤੰਬਰ 1914 ਨੂੰ ਕਿਲਪੀ ਪਹੁੰਚਿਆ। ਉੱਥੇ ਇਸ ਦੀ ਪੂਰੀ ਤਲਾਸ਼ੀ ਲਈ ਗਈ। 29 ਸਤੰਬਰ ਨੂੰ ਜਹਾਜ਼ ਕਲਕੱਤਾ ਨੇੜੇ ਬਜਬਜ ਘਾਟ ਵਿਖੇ ਪੁੱਜਿਆ।

1919: ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ

ਜਲ੍ਹਿਆਂ ਵਾਲਾ ਬਾਗ਼ ਵਿਚ ਗੋਲੀ ਚਲਣ ਮਗਰੋਂ ਲਾਏ ਮਾਰਸ਼ਲ ਲਾਅ ਖ਼ਿਲਾਫ਼ ਪੰਜਾਬ ਵਿਚ ਕਈ ਥਾਂਈਂ ਪ੍ਰੋਟੈਸਟ ਹੋਏ ਜਿਸ ਦੌਰਾਨ ਤਸ਼ੱਦਦ ਦੀਆਂ ਕਾਰਵਾਈਆਂ ਵੀ ਹੋਈਆਂ; ਇਨ੍ਹਾਂ ਕਾਰਵਾਈਆਂ ਦੌਰਾਨ ਚੂਹੜਕਾਣਾ ਵਿਚ ਕਰਤਾਰ ਸਿੰਘ ਝੱਬਰ ਤੇ ਉਸ ਦੇ ਸਾਥੀਆਂ ਨੇ ਸਰਾਕਰੀ ਅਦਾਰਿਆਂ 'ਤੇ ਜ਼ਬਰਦਸਤ ਐਕਸ਼ਨ ਕੀਤੇ; ਮਗਰੋਂ ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਤਸੱਦਦ ਦੇ ਦੋਸ਼ ਵਿਚ ਅਦਾਲਤ ਨੇ ਦੋਸ਼ ਵਿਚ ਗ੍ਰਿਫ਼ਤਾਰ ਕਰਤਾਰ ਸਿੰਘ ਝੱਬਰ ਨੂੰ ਫ਼ਾਂਸੀ ਅਤੇ ਉਸ ਦੇ ਸਤਾਰਾਂ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

1960: ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਨਵੈਨਸ਼ਨ ਹੋਈ

17 ਜਨਵਰੀ 1960 ਨੂੰ ਹੋਈਆਂ ਗੁਰਦੁਆਰਾ ਚੋਣਾਂ ਦੇ ਸਾਰੇ ਨਤੀਜੇ 1 ਜਨਵਰੀ ਤਕ ਨਿਕਲ ਆਏ। ਅਕਾਲੀ ਦਲ ਨੇ 140 ਵਿਚੋਂ 137 ਸੀਟਾਂ ਜਿਤੀਆਂ।ਅਕਾਲੀ ਦਲ ਨੇ, ਕਿਉਂਕਿ, ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ ਇਸ ਕਰ ਕੇ ਦਲ ਨੇ ਕੀਤੇ ਵਾਅਦੇ ਮੁਤਾਬਿਕ 24 ਜਨਵਰੀ 1960 ਦੇ ਦਿਨ ਪੰਜਾਬੀ ਸੂਬੇ ਦੀ ਕਾਇਮੀ ਲਈ ਮੋਰਚੇ ਦਾ ਐਲਾਨ ਕਰ ਦਿੱਤਾ।5 ਮਈ ਦੇ ਦਿਨ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੀ ਮੁਹਿਮ ਦੇ ਸਬੰਧ ਵਿਚ 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਕਨਵੈਨਸ਼ਨ ਬੁਲਾਉਣ ਦਾ ਐਲਾਨ ਕੀਤਾ। ਇਸ ਕਨਵੈਨਸ਼ਨ ਵਿਚ ਡਾ: ਸੈਫ਼-ਉਦ-ਦੀਨ ਕਿਚਲੂ ਅਤੇ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਗੂ ਵੀ ਸ਼ਾਮਿਲ ਹੋਏ। ਇਸ ਮੌਕੇ 'ਤੇ 20 ਹਜ਼ਾਰ ਤੋਂ ਵਧ ਸਰਗਰਮ ਵਰਕਰ ਤੇ ਆਗੂ ਹਾਜ਼ਰ ਸਨ। ਇਸ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਮਤਾ ਪਾਸ ਕੀਤਾ।

1964: ਪਾਉਂਟਾ ਸਾਹਿਬ ਵਿਚ ਪੁਲੀਸ ਨੇ 11 ਸਿੱਖ ਸ਼ਹੀਦ ਕਰ ਦਿੱਤੇ

ਗੁਰਦੁਆਰਾ ਸੁਧਾਰ ਲਹਿਰ (1920-25) ਦੌਰਾਨ ਬਹੁਤ ਸਾਰੇ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਵਾਏ ਜਾ ਚੁਕੇ ਸਨ ਪਰ ਜਿਹੜੇ ਸਿੱਖਾਂ ਦੇ ਕਬਜ਼ੇ ਵਿਚ ਆਉਣੋਂ ਰਹਿ ਗਏ ਸਨ ਉਨ੍ਹਾਂ ਵਿਚ ਹਿਮਾਂਚਲ ਦਾ ਪਾਉਂਟਾ ਸਾਹਿਬ ਵੀ ਸੀ। 1960ਵਿਆਂ ਵਿਚ ਇੱਥੋਂ ਦੇ ਮਹੰਤ ਨੇ ਲੋਕਲ ਸੰਗਤਾਂ ਅਤੇ ਨਿਹੰਗ ਸਿੰਘਾਂ ਨਾਲ ਸਮਝੌਤਾ ਕਰ ਕੇ ਸੁਧਾਰ ਕਰਨ ਦਾ ਵਾਅਦਾ ਕਰ ਲਿਆ ਸੀ। ਜਿਸ ਨੂੰ ਉਹ ਕਈ ਵਾਰ ਮੰਨ ਤੇ ਕਈ ਵਾਰ ਤੋੜ ਚੁਕਾ ਸੀ। ਇਸ 'ਲੁਕਣਮੀਟੀ' ਦੇ ਸਿਲਸਿਲੇ ਵਿਚ ਮਈ 1964 ਵਿਚ ਵੀ ਨਿਹੰਗ ਸਿੰਘ ਉੱਥੇ ਗਏ ਹੋਏ ਸਨ ਤੇ ਉਨ੍ਹਾਂ ਨੇ 'ਅਖੰਡ ਪਾਠ' ਰੱਖੇ ਹੋਏ ਸਨ। ਮਹੰਤ ਨੇ ਪੁਲੀਸ ਨਾਲ ਮਿਲ ਕੇ ਗੁਰਦੁਆਰੇ ਵਿਚੋਂ ਨਿਹੰਗਾਂ ਨੂੰ ਕੱਢਣ ਦੀ ਪਲਾਨ ਬਣਾਈ। 22 ਮਈ 1964 ਦੇ ਦਿਨ ਪਾਉਂਟਾ ਸਾਹਿਬ (ਹਿਮਾਂਚਲ) ਵਿਚ ਪੁਲੀਸ ਨੇ ਹਮਲਾ ਕਰ ਕੇ 11 ਸਿੱਖ ਮਾਰ ਦਿੱਤੇ ਅਤੇ (ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਸਣੇ) ਕਈ ਜ਼ਖ਼ਮੀ ਕਰ ਦਿੱਤੇ ਜ਼ਖ਼ਮੀਆਂ ਸਣੇ 15 ਦੇ ਕਰੀਬ ਗ੍ਰਿਫ਼ਤਾਰ ਵੀ ਕਰ ਲਏ; ਗ੍ਰੰਥੀ, ਜੋ ਕਿ ਪਾਠ ਕਰ ਰਿਹਾ ਸੀ, ਨੂੰ ਵੀ ਗੋਲੀ ਮਾਰ ਦਿੱਤੀ ਗਈ ਸੀ। ਜਦ ਇਸ ਦੀ ਖ਼ਬਰ ਅਕਾਲੀਆਂ ਨੂੰ ਮਿਲੀ ਤਾਂ ਇਸ ਦੇ ਖ਼ਿਲਾਫ਼ ਬਹੁਤ ਜ਼ਬਰਦਸਤ ਐਜੀਟੇਸ਼ਨ ਹੋਈ।

1987: ਰਾਣਾ ਪਰਤਾਪ ਸਿੰਘ ਤਰਸਿੱਕਾ ਨਕਲੀ ਮੁਕਾਬਲੇ ਵਿਚ ਸ਼ਹੀਦ

22 ਮਈ 1987 ਦੇ ਦਿਨ ਪੁਲਸ ਨੇ ਸੀਨੀਅਰ ਖਾੜਕੂ ਜਰਨੈਲ ਰਾਣਾ ਪਰਤਾਪ ਸਿੰਘ ਬਬਰ (ਵਾਸੀ ਤਰਸਿੱਕਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਉਸ ਦੇ ਸਿਰ 'ਤੇ 25 ਹਜ਼ਾਰ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ। ਉਸ ਦਾ ਸਸਕਾਰ ਅਗਲੇ ਦਿਨ ਅਵਤਾਰ ਸਿੰਘ ਪਹਿਲਵਾਨ ਦੇ ਪਰਵਾਰ ਨੇ ਰਲ ਕੇ ਕੀਤਾ (ਵੇਖੋ 21 ਮਈ ਦੀ ਐਂਟਰੀ)।

1989: ਕੁਲਵੰਤ ਸਿੰਘ ਕੋਟਲੀ ਸੂਰਤ ਮੱਲ੍ਹੀ ਨਕਲੀ ਮੁਕਾਬਲੇ ਵਿਚ ਸ਼ਹੀਦ

22 ਮਈ 1989 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਕੋਟਲੀ ਸੂਰਤ ਮੱਲ੍ਹੀ, ਗੁਰਦਾਸਪੁਰ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਵਰਨ ਸਿੰਘ, ਉਸ ਦਾ ਸੱਕਾ ਭਰਾ ਸੁਖਦੇਵ ਸਿੰਘ ਮੱਦਰ ਤੇ ਸੁਰਜੀਤ ਸਿੰਘ ਫਰੰਦੀਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਸਵਰਨ ਸਿੰਘ ਤੇ ਉਸ ਦਾ ਸੱਕਾ ਭਰਾ ਸੁਖਦੇਵ ਸਿੰਘ ਉਰਫ਼ ਸੁੱਖਾ (ਦੋਵੇਂ ਪੁੱਤਰ ਧੰਨਾ ਸਿੰਘ, ਵਾਸੀ ਮੱਦਰ, ਅੰਮ੍ਰਿਤਸਰ) ਅਤੇ ਸੁਰਜੀਤ ਸਿੰਘ (ਵਾਸੀ ਫਰੰਦੀਪੁਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਕਰਨੈਲ ਸਿੰਘ ਖਾਨਪੁਰ ਬੜਿੰਗ, ਸਰਦਾਰ ਸਿੰਘ ਮਰਹੀ ਪੰਨੂਆ ਤੇ ਕਰੋੜਾ ਸਿੰਘ ਬੜਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

22 ਮਈ 1991 ਦੇ ਦਿਨ ਪੁਲਸ ਨੇ ਕਰਨੈਲ ਸਿੰਘ (ਪੁੱਤਰ ਬਚਨ ਸਿੰਘ, ਵਾਸੀ ਖਾਨਪੁਰ ਬੜਿੰਗ, ਪਟਿਆਲਾ), ਸਰਦਾਰ ਸਿੰਘ ਮਰਹੀ ਪੰਨੂਆ ਤੇ ਕਰੋੜਾ ਸਿੰਘ ਸਿੰਘ (ਪੁੱਤਰ

ਦਿਆਲ ਸਿੰਘ, ਵਾਸੀ ਬਡਵਾਲੀ, ਨੇੜੇ ਰਤਨਗੜ੍ਹ, ਰੋਪੜ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮਨਦੀਪ ਸਿੰਘ, ਗੁਰਚਰਨ ਸਿੰਘ ਰੌਂਗਲਾ, ਬੀਬੀ ਰਣਜੀਤ ਕੌਰ ਤੇ ਸੁੱਚਾ ਸਿੰਘ ਉਰਫ਼ ਚਰਨ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਮਈ 1992 ਦੇ ਦਿਨ ਇਕ ਭੂਤਰੇ ਹੋਏ ਸਿਪਾਹੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਆਏ ਇਕ ਸਿੱਖ ਮਨਦੀਪ ਸਿੰਘ ਨੂੰ ਬਿਨਾ ਵਜਹ ਗੋਲੀ ਮਾਰ ਦਿੱਤੀ। ਇਸੇ ਦਿਨ ਗੁਰਚਰਨ ਸਿੰਘ ਰੌਂਗਲਾ (ਭੈਂਗਣੀ ਪਟਿਆਲਾ ਨੇੜੇ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਹੀ ਦਿਨ ਬੀਬੀ ਰਣਜੀਤ ਕੌਰ (ਸਿੰਘਣੀ ਸ਼ਹੀਦ ਭਾਈ ਜੁਗਰਾਜ ਸਿੰਘ) ਨੂੰ ਝਾਰੂ ਨੰਗਲ (ਅੰਮ੍ਰਿਤਸਰ ਨੇੜੇ) ਅਤੇ ਸੁੱਚਾ ਸਿੰਘ ਉਰਫ਼ ਚਰਨ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸਵਾਜਪੁਰ ਛੀਨਾ, ਨੇੜੇ ਰਾਜਾਸਾਂਸੀ, ਅੰਮ੍ਰਿਤਸਰ) ਨੂੰ ਕਿਸੇ ਹੋਰ ਜਗਹ ਸ਼ਹੀਦ ਕਰ ਦਿੱਤਾ ਗਿਆ।

2014: ਸਮਗਲਿੰਗ ਰੈਕਟ ਵਿਚ ਵਜ਼ੀਰ ਸਰਵਨ ਸਿੰਘ ਫਿਲੌਰ ਨੇ ਅਸਤੀਫ਼ਾ ਦਿੱਤਾ

22 ਮਈ 2014 ਦੇ ਦਿਨ ਪੰਜਾਬ ਸਰਕਾਰ ਦੇ ਵਜ਼ੀਰ ਸਰਵਨ ਸਿੰਘ ਫਿਲੌਰ ਨੇ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ। ਉਸ ਦਾ ਪੁੱਤਰ ਦਮਨਬੀਰ ਸਿੰਘ ਡਰਗ ਸਮਗਲਿੰਗ ਦੇ ਵੱਡੇ ਡਰੱਗ ਰੈਕਟ ਦਾ ਮੁਖ ਸਰਗਣਾ ਸੀ। ਜਦ ਐਨਫ਼ੋਰਸਮੈਂਟ ਡਾਇਰੈਕਟੋਰੇਟ ਨੇ ਉਸ ਨੂੰ ਸੰਮਨ ਕੀਤਾ ਤਾਂ ਉਹ ਦੁਬਈ ਦੌੜ ਗਿਆ ਸੀ। ਇਸ ਕੇਸ ਵਿਚ ਦਿੱਲੀ ਦਾ ਸਿੰਥੈਟਿਕ ਡਰੱਗ ਸਪਲਾਇਰ ਵਰਿੰਦਰ ਰਾਜਾ (ਜੋ ਉਸ ਵਕਤ ਪਟਿਆਲਾ ਜੇਲ੍ਹ ਵਿਚ ਸੀ) ਤੇ ਚੂਨੀ ਲਾਲ ਭਾਈਵਾਲ ਸਨ। ਇਹ ਸਾਰੇ ਰਾਜ਼ ਜਗਦੀਸ਼ ਭੋਲਾ ਨੇ ਜ਼ਾਹਰ ਕੀਤੇ ਸਨ ਜਿਹੜਾ ਸਿੰਥੈਟਿਕ ਡਰੱਗ ਸਮਗਲਿੰਗ ਵਿਚ ਕਈ ਮਹੀਨੇ ਪਹਿਲਾਂ ਗ੍ਰਿਫ਼ਤਾਰ ਕੀਤਾ ਜਾ ਚੁਕਾ ਸੀ।

2014: ਕਨੇਡਾ ਨੇ ਕਾਮਾਗਾਟਾਮਾਰੂ ਘਟਨਾ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ

ਕਨੇਡਾ ਸਰਕਾਰ ਨੇ 22 ਮਈ 2014 ਦੇ ਦਿਨ ਕਾਮਾਗਾਟਾਮਾਰੂ ਜਹਾਜ਼ ਦੇ ਕਨੇਡਾ ਪਹੁੰਚਣ ਦੀ 100 ਸਾਲਾ ਯਾਦ ਵਿਚ ਢਾਈ ਡਾਲਰ ਦੀ ਇਕ ਖ਼ਾਸ ਡਾਕ ਟਿਕਟ ਜਾਰੀ ਕੀਤੀ। ਕਾਮਾਗਾਟਾ ਮਾਰੂ ਜਹਾਜ਼ ਵਿਕਟੋਰੀਆ ਤੋਂ 22 ਮਈ 1914 ਨੂੰ ਵੈਨਕੂਵਰ ਪਹੁੰਚਿਆ ਸੀ।

23 ਮਈ

1699: ਨੂਹ ਦੇ ਰੰਘੜਾਂ ਨੂੰ ਸਜ਼ਾ ਦੇਣ ਵਾਸਤੇ ਜਥਾ ਅਨੰਦਪੁਰੋਂ ਗਿਆ

22 ਮਈ 1699 ਦੇ ਦਿਨ ਪੋਠੋਹਾਰ ਦੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਸਾਹਿਬ ਆਈ ਤਾਂ ਰਾਹ ਵਿਚ ਨੂਹ ਪਿੰਡ ਦੇ ਰੰਘੜਾਂ ਨੇ ਲੁੱਟ ਲਈ। ਇਨ੍ਹਾਂ ਸਿੱਖਾਂ ਵਿੱਚੋਂ ਬਹੁਤ ਅਜੇ ਬਹੁਤੇ ਪਾਹੁਲੀਏ ਨਹੀਂ ਸਨ। ਇਸ ਕਰ ਕੇ ਉਨ੍ਹਾਂ ਕੋਲ ਕਿਰਪਾਨਾਂ ਨਹੀਂ ਸਨ। ਉਨ੍ਹਾਂ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਨੇ ਅਗਲੇ ਦਿਨ 23 ਮਈ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੈ ਸਿੰਘ ਦੀ ਅਗਵਾਈ ਵਿਚ ਇਕ ਸੌ ਸਿੰਘਾਂ ਨੂੰ ਨੂਹ ਦੇ ਲੁਟੇਰਿਆਂ ਨੂੰ ਸਜ਼ਾ ਦੇਣ ਵਾਸਤੇ ਭੇਜਿਆ। ਇਸ ਜਥੇ ਨੇ ਨੂਹ ਵਿਚ ਜਾ ਕੇ ਲੁਟੇਰਿਆਂ ਦਾ ਆਗੂ ਕੇਰੋ ਰਾਮ ਰੰਘੜ ਫੜ ਕੇ ਅਨੰਦਪੁਰ ਲੈ ਆਂਦਾ; ਉਸ ਨੇ ਗੁਰੂ ਸਾਹਿਬ ਦੇ ਪੈਰ ਫੜ ਲਏ ਤੇ ਅੱਗੇ ਤੋਂ ਪਾਪ ਨਾ ਕਰਨ ਦਾ ਪ੍ਰਣ ਕੀਤਾ; ਇਸ 'ਤੇ ਗੁਰੂ ਸਾਹਿਬ ਨੇ ਸੰਗਤਾਂ ਦੇ ਕਹਿਣ 'ਤੇ ਉਸ ਨੂੰ ਮੁਆਫ਼ ਕਰ ਦਿੱਤਾ।

1924: ਕਰਤਾਰ ਸਿੰਘ ਬੇਦੀ ਮਹੰਤ ਨਰੈਣੂ ਦੀ ਮਦਦ ਕਰਨ ਦੇ ਜੁਰਮ ਦੀ ਮੁਆਫ਼ੀ ਮੰਗਣ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ

ਕਰਤਾਰ ਸਿੰਘ ਬੇਦੀ ਗੁਰੂ ਨਾਨਕ ਸਾਹਿਬ ਦੇ ਛੋਟੇ ਪੁੱਤਰ ਦੀ ਕੁਲ ਵਿਚੋਂ ਸੀ; ਪਹਿਲੋਂ ਤਾਂ ਇਨ੍ਹ ਨੇ ਉਦਾਸੀ ਮੱਤ ਚਲਾਇਆ ਹੋਇਆ ਸੀ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਇਹ ਸਿੱਖ ਬਣ ਗਏ ਸਨ; ਮਗਰੋਂ ਇਨ੍ਹਾਂ ਨੇ ਫੇਰ ਬ੍ਰਾਹਮਣੀ ਹਰਕਤਾਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿਚੋਂ ਖੇਮ ਸਿੰਘ ਬੇਦੀ ਤਾਂ ਸ਼ਰੇਆਮ ਹਿੰਦੂਆਂ ਦਾ ਹੱਥ-ਠੋਕਾ ਬਣਿਆ ਹੋਇਆ ਸੀ। ਇਸੇ ਟੱਬਰ ਵਿਚੋਂ ਇਕ ਕਰਤਾਰ ਸਿੰਘ ਬੇਦੀ (ਭਤੀਜਾ ਖੇਮ ਸਿੰਘ ਬੇਦੀ) ਵੀ ਸੀ ਜੋ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦਾ ਸਾਥ ਦੇਂਦਾ ਸੀ ਤੇ ਇਸ ਬਦਲੇ ਚੜ੍ਹਾਵੇ ਵਿਚੋਂ ਮਾਲ ਛਕਦਾ ਹੁੰਦਾ ਸੀ। ਮਹੰਤਾਂ ਵਿਚ ਨਾਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੇ ਕਰਤਾਰ ਸਿੰਘ ਬੇਦੀ ਦੀ ਮਦਦ ਨਾਲ ਮਹੰਤਾਂ, ਸਾਧੂਆਂ, ਬੇਦੀਆਂ ਦਾ ਇਕ ਇਕੱਠ 12 ਨਵੰਬਰ 1920 ਦੇ ਦਿਨ ਅਖਾੜਾ ਸੰਗਲ ਵਾਲਾ (ਨੇੜੇ ਦਰਬਾਰ ਸਾਹਿਬ ਅੰਮ੍ਰਿਤਸਰ) ਵਿਚ ਕੀਤਾ। ਮਹੰਤ ਗੋਬਿੰਦ ਦਾਸ (ਜਮਸ਼ੇਰ) ਦੀ ਪ੍ਰਧਾਨਗੀ ਹੇਠ 53 ਮਹੰਤ ਇਸ ਇਕੱਠ ਵਿਚ ਸ਼ਾਮਿਲ ਹੋਏ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਅਕਾਲੀਆਂ ਦਾ ਟਾਕਰਾ ਜ਼ੋਰ-ਸ਼ੋਰ ਨਾਲ ਕੀਤਾ ਜਾਵੇ। ਮਹੰਤ ਨਰੈਣ ਦਾਸ ਨੇ ਬੇਦੀ ਕਰਤਾਰ ਸਿੰਘ ਨਾਲ ਰਲ ਕੇ 60 ਹਜ਼ਾਰ ਰੁਪੈ ਇਕੱਠੇ ਕੀਤੇ ਅਤੇ ਲਾਹੌਰ ਤੋਂ ਹਫ਼ਤਾਵਾਰੀ 'ਸੰਤ ਸੇਵਕ' ਅਖ਼ਬਾਰ ਸ਼ੁਰੂ ਕੀਤਾ। ਇਹ ਅਖ਼ਬਾਰ ਮੁਫ਼ਤ ਵੰਡਿਆ ਜਾਂਦਾ ਸੀ। 7 ਫ਼ਰਵਰੀ 1921 ਦੇ ਦਿਨ ਮਹੰਤ ਨੇ ਆਪਣੇ ਬੰਦਿਆਂ ਅਤੇ ਹਿਮਾਇਤੀਆਂ ਦਾ ਇਕ ਇਕੱਠ ਗੁਰਦੁਆਰਾ ਜਨਮ ਅਸਥਾਨ ਦੀ ਹਦੂਦ ਵਿਚ ਬੁਲਾਇਆ। ਇਸ ਵਿਚ ਉਸ ਦੇ ਲਿਆਂਦੇ ਸਾਰੇ ਗੁੰਡੇ ਤੇ ਕਾਤਲਾਂ ਤੋਂ ਇਲਾਵਾ ਨਾਨਕਾਣਾ ਸਾਹਿਬ ਦੇ ਭੱਟੀ ਮੁਸਲਮਾਨ, ਬੇਦੀ ਕਰਤਾਰ ਸਿੰਘ, ਕੂਕਾ ਮੰਗਲ ਸਿੰਘ (ਹੁਣ ਕੂਕੇ ਨਾਮਧਾਰੀ ਅਖਵਾਉਂਦੇ ਹਨ) ਅਤੇ ਹੋਰ ਕਈ ਬੰਦੇ ਸ਼ਾਮਿਲ ਸਨ। ਇਨ੍ਹਾਂ ਸਾਰੀਆਂ ਨੇ ਕਸਮਾਂ ਖਾਧੀਆਂ ਕਿ ਅਕਾਲੀਆਂ ਨਾਲ ਲੜਾਈ ਦੀ ਸੂਰਤ ਵਿਚ ਉਹ ਸਾਰੇ ਮਹੰਤ ਦਾ ਸਾਥ ਦੇਣਗੇ। 20 ਫ਼ਰਵਰੀ 1921 ਦੇ ਦਿਨ ਜਦ ਮਹੰਤ ਨੇ 200 ਦੇ ਕਰੀਬ ਸਿੱਖ ਮਾਰ ਦਿੱਤੇ ਤਾਂ ਉਨ੍ਹਾਂ ਵਾਸਤੇ ਹੋਏ ਸਮਾਗਮ ਵਿਚ ਸਿੱਖਾਂ ਨੇ ਗੁਰਮਤਾ ਕੀਤਾ ਕਿ ਕਰਤਾਰ ਸਿੰਘ ਬੇਦੀ ਦਾ ਮੁਕੰਮਲ ਬਾਈ ਕਾਰ ਕੀਤਾ ਜਾਵੇ ਤੇ ਅੱਗੇ ਤੋਂ ਉਸ ਨੂੰ ਸਾਰੇ 'ਕਰਤਾਰੂ ਬੇ-ਦੀਨ' ਕਿਹਾ ਕਰਨ। ਜਦ ਉਸ ਦੀ ਬਹੁਤ ਬੇਇਜ਼ਤੀ ਹੋਣ ਲਗ ਪਈ ਤਾਂ ਉਹ 23 ਮਈ 1924 ਦੇ ਦਿਨ ਅਕਾਲ ਤਖ਼ਤ 'ਤੇ ਪੇਸ਼ ਹੋਇਆ ਅਤੇ ਭੁੱਲ ਬਖ਼ਸ਼ਾਈ; ਉਸ ਨੂੰ ਸਖ਼ਤ ਸਜ਼ਾ ਲਾਈ ਗਈ।

1987: ਭੁਪਿੰਦਰ ਸਿੰਘ ਸਾਰੰਗ (ਢਾਡੀ) ਨਕਲੀ ਮੁਕਾਬਲੇ ਵਿਚ ਸ਼ਹੀਦ

ਭੁਪਿੰਦਰ ਸਿੰਘ ਪੁੱਤਰ ਉਜਾਗਰ ਸਿੰਘ ਸਾਰੰਗ ਢਾਡੀ, ਜੋ ਸਿਰਫ਼ 15 ਸਾਲ ਦਾ ਸੀ, ਨੂੰ 23 ਮਈ 1987 ਦੇ ਦਿਨ ਮਿੱਠੂ ਖੇਵਾ, ਮੁਕਤਸਰ ਕੋਲ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਹਰਭਜਨ ਸਿੰਘ ਸੁਰ ਸਿੰਘ ਵਾਲਾ ਤੇ ਦਰਸ਼ਨ ਸ਼ੂਸਕ ਨਕਲੀ ਮੁਕਾਬਲੇ ਵਿਚ ਸ਼ਹੀਦ

23 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਹਰਭਜਨ ਸਿੰਘ (ਵਾਸੀ ਸੁਰ ਸਿੰਘ ਵਾਲਾ, ਅੰਮ੍ਰਿਤਸਰ) ਤੇ ਦਰਸ਼ਨ ਸਿੰਘ (ਵਾਸੀ ਸ਼ੂਸਕ, ਫਰੀਦਕੋਟ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਛਪਾਲ ਸਿੰਘ ਤੋਲਾ ਨੰਗਲ ਨਕਲੀ ਮੁਕਾਬਲੇ ਵਿਚ ਸ਼ਹੀਦ

23 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਰਛਪਾਲ ਸਿੰਘ ਉਰਫ਼ ਕਬੂਤਰ (ਵਾਸੀ ਤੋਲਾ ਨੰਗਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਾਬਲ ਸਿੰਘ ਹਿਰਦੇਵਾਲ, ਛਿੰਦਾ ਸਿੰਘ ਧੱਲੇਕੇ, ਕਰਤਾਰ ਸਿੰਘ ਸਿੰਘਾਂਵਾਲਾ ਤੇ ਬਲਬੀਰ ਸਿੰਘ ਬੱਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਮਈ 1992 ਦੇ ਦਿਨ ਪੁਲਸ ਨੇ ਕਾਬਲ ਸਿੰਘ (ਵਾਸੀ ਪਿੰਡ ਹਿਰਦੇਵਾਲ) ਨੂੰ ਪੂਹਲਾ, ਨਥਾਵਾਂ ਕੋਲ, ਅਤੇ ਛਿੰਦਾ ਸਿੰਘ ਧੱਲੇਕੇ ਤੇ ਕਰਤਾਰ ਸਿੰਘ (ਵਾਸੀ ਪਿੰਡ ਸਿੰਘਾਂਵਾਲਾ, ਫ਼ਰੀਦਕੋਟ) ਨੂੰ ਨਸੀਰਾਵਾਲ ਧਰਮਕੋਟ ਨੇੜੇ ਅਤੇ ਬਲਬੀਰ ਸਿੰਘ ਬੱਲੀ ਤੇ ਕਈ ਹੋਰ ਸਿੱਖ ਵੱਖ ਵੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਸੁਰਿੰਦਰ ਸਿੰਘ ਛਿੰਦਾ ਤੇ 4 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਮਈ 1993 ਦੇ ਦਿਨ ਪੁਲਸ ਨੇ ਸੁਰਿੰਦਰ ਸਿੰਘ ਛਿੰਦਾ ਤੇ 4 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2014: ਪਾਕਿਸਤਾਨ ਦੀ ਪਾਰਲੀਮੈਂਟ ਵਿਚ ਸਿੱਖਾਂ ਦਾ ਮੁਜ਼ਾਹਰਾ

23 ਮਈ 2014 ਦੇ ਦਿਨ ਪਾਕਿਸਤਾਨ ਵਿਚ ਇਕ ਦਰਜਨ ਦੇ ਕਰੀਬ ਸਿੱਖ ਬੈਨਰ ਚੁੱਕੀ ਪਾਕਿਸਤਾਨ ਦੀ ਪਾਰਲੀਮੈਂਟ ਦੇ ਕੰਪਲੈਕਸ ਵਿਚ ਜਾ ਵੜੇ ਅਤੇ ਉਨ੍ਹਾਂ ਨੇ ਪਾਕਿਸਤਾਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੇ ਖ਼ਿਲਾਫ਼ ਸਖ਼ਤ ਐਕਸ਼ਨ ਲੈਣ ਵਾਸਤੇ ਧਰਨਾ ਮਾਰਿਆ। ਉਨ੍ਹਾਂ ਮੰਗ ਕੀਤੀ ਕਿ ਜਿਵੇਂ ਕੁਰਾਨ ਦੀ ਬੇਅਦਬੀ ਵਾਸਤੇ ਸਖ਼ਤ ਕਾਨੂੰਨ ਹੈ ਉਵੇਂ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਰਨ ਵਾਲਿਆਂ ਵਾਸਤੇ ਸਖ਼ਤ ਸਜ਼ਾਵਾਂ ਵਾਲਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਨਾਲ ਇਮਰਾਨ ਖ਼ਾਨ ਦੀ ਤਹਿਰੀਕੇ ਇਨਸਾਫ਼ ਦੇ ਕੁਝ ਵਰਕਰ ਵੀ ਸਨ। ਪਾਕਿਸਤਾਨ ਦੀ ਸਰਕਾਰ ਨੇ ਇਸ ਮਸਕੇ ਦੇ ਹੱਲ ਵਾਸਤੇ ਇਕ 13 ਮੈਂਬਰੀ ਕਮੇਟੀ ਬਣਾ ਦਿੱਤੀ। ਦਰਅਸਲ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀਆਂ ਇਹ ਘਟਨਾਵਾਂ ਸਿੰਧ ਵਿਚ ਹੋਈਆਂ ਸਨ ਜਿੱਥੇ ਹਿੰਦੂਆਂ ਨੇ ਕੁਝ ਮੰਦਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਹੋਏ ਸਨ ਤੇ ਉਹੀ ਇਨਹਾਂ ਹਰਕਤਾਂ ਵਿਚ ਸ਼ਾਮਿਲ ਸਨ। ਉਤੋਂ ਉਹ ਆਪਣੇ ਆਪ ਨੂੰ ਸਿੱਖੀ ਦੇ ਸ਼ਰਧਾਲੂ ਵਾਂਙ ਪੇਸ਼ ਕਰਦੇ ਸਨ ਪਰ ਅੰਦਰੋਨ ਉਨ੍ਹਾਂ ਦੀ ਸੋਚ ਆਰ.ਐਸ.ਐਸ. ਵਾਲੀ ਹੈ।

2014: ਪੁਜਾਰੀ ਮੱਲ ਸਿੰਘ ਨੇ ਸਮਾਧਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੀ ਖੁਲ੍ਹ ਦਿੱਤੀ

23 ਮਈ 2014 ਦੇ ਦਿਨ ਪਿੰਡ ਮੱਲਪੁਰ ਅੜਕਾਂ (ਹੁਸ਼ਿਆਰਪੁਰ) ਵਿਚ ਮੱਲ ਸਿੰਘ ਗ੍ਰੰਥੀ ਨੇ ਕਿਹਾ ਸਮਾਧਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗ਼ਲਤ ਨਹੀਂ ਹੈ, ਜੇ ਉਥੇ ਸਾਧ ਦੀ ਫ਼ੋਟੋ ਨਾ ਲੱਗੀ ਹੋਵੇ ਤੇ ਵੱਖਰੀ ਜਗਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ। ਹਾਲਾਂਕਿ ਪਹਿਲਾਂ ਅਕਾਲ ਤਖ਼ਤ ਦੇ ਪੁਜਾਰੀ ਇਸ ਬਾਰੇ ਐਲਾਨ ਕਰ ਚੁਕੇ ਹਨ ਕਿ ਕਿਸੇ ਵੀ ਸਮਾਧ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ।

24 ਮਈ

1960: ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ

22 ਮਈ 1960 ਦੇ ਦਿਨ ਅੰਮ੍ਰਿਤਸਰ ਦੀ ਕਨਵੈਨਸ਼ਨ ਵਿਚ ਪੰਜਾਬੀ ਸੂਬੇ ਬਾਰੇ ਕਨਵੈਨਸ਼ਨ ਹੋਈ ਸੀ। ਇਸ ਵਿਚ ਮੋਰਚਾ ਲਾਉਣ ਦਾ ਜ਼ਿਕਰ ਤਕ ਨਹੀਂ ਸੀ। ਅਕਾਲੀ ਦਲ ਨੇ ਸਿਰਫ਼ ਇਹ ਐਲਾਨ ਹੀ ਕੀਤਾ ਸੀ ਕਿ ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਪ੍ਰਚਾਰ ਕੀਤਾ ਜਾਏ ਅਤੇ ਇਸ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਏ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਸਤੇ ਮਾਸਟਰ ਤਾਰਾ ਸਿੰਘ ਨੇ 29 ਮਈ 1960 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ 11 ਸਿੱਖਾਂ ਦਾ ਇਕ ਜਥਾ ਲੈ ਕੇ ਜਾਣਾ ਸੀ। ਇਸ ਜਥੇ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚੋਂ ਹੋ ਕੇ 12 ਜੂਨ ਨੂੰ ਦਿੱਲੀ ਵਿਚ ਪਹੁੰਚ ਕੇ ਜਲੂਸ ਦੀ ਅਗਵਾਈ ਕਰਨੀ ਸੀ। ਪੰਜਾਬ ਵਿਚ ਕੈਰੋਂ ਦੀ ਸਰਕਾਰ ਸੀ। ਉਹ ਦਿੱਲੀ ਸਰਕਾਰ, ਖ਼ਾਸ ਕਰ ਕੇ ਜਵਾਹਰ ਲਾਲ ਨਹਿਰੂ, ਨੂੰ ਖ਼ੁਸ਼ ਕਰਨ ਵਾਸਤੇ ਕੋਈ ਐਕਸ਼ਨ ਕਰ ਕੇ ਦਿਖਾਉਣਾ ਚਾਹੁੰਦਾ ਸੀ। ਇਸ ਕਰ ਕੇ ਉਸ ਨੇ 24-25 ਮਈ ਦੀ ਦਰਮਿਆਨੀ ਰਾਤ 10 ਤੋਂ 11 ਵਜੇ ਦੇ ਵਿਚਕਾਰ ਇਕ ਵੱਡੀ ਪੁਲਿਸ ਫ਼ੋਰਸ ਭੇਜ ਕੇ ਮਾਸਟਰ ਤਾਰਾ ਸਿੰਘ ਦੇ ਘਰ ਨੂੰ ਘੇਰ ਲਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਰਾਤੋ-ਰਾਤ ਧਰਮਸਾਲਾ ਜੇਲ੍ਹ ਵਿਚ ਬੰਦ ਕਰ ਦਿੱਤਾ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ 'ਨਜ਼ਰਬੰਦੀ ਕਾਨੂੰਨ' ਹੇਠ ਕੀਤੀ ਗਈ ਸੀ। ਇਸ ਗ੍ਰਿਫ਼ਤਾਰੀ ਨਾਲ ਸਰਕਾਰ ਨੂੰ ਉਮੀਦ ਸੀ ਕਿ ਅਕਾਲੀ ਵਰਕਰਾਂ ਵਿਚ ਡਰ ਫੈਲ ਜਾਵੇਗਾ ਅਤੇ ਦਿੱਲੀ ਦਾ 12 ਜੂਨ ਦਾ ਜਲੂਸ ਕਾਮਯਾਬ ਨਹੀਂ ਹੋ ਸਕੇਗਾ। ਹਾਲਾਂ ਕਿ ਕੈਰੋਂ ਅਤੇ ਨਹਿਰੂ ਫ਼ਰਵਰੀ 1949 ਵਿਚ ਅਕਾਲੀ ਦਲ ਵਲੋਂ ਦਿੱਲੀ ਵਿਚ ਕੀਤੀ ਜਾਣ ਵਾਲੀ ਕਨਵੈਨਸ਼ਨ ਵੇਲੇ ਸਿੱਖਾਂ ਦਾ ਸਿਰੜ ਵੇਖ ਚੁੱਕੇ ਸਨ ਪਰ ਕੈਰੋਂ ਆਪਣੀ ਵਫ਼ਾਦਾਰੀ ਸਾਬਤ ਕਰਨ ਵਾਸਤੇ ਕੋਈ ਕਾਰਵਾਈ ਕਰ ਕੇ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮਾਸਟਰ ਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਨੇ ਸਾਰੇ ਸੂਬੇ ਵਿਚ ਚਾਰ ਹਜ਼ਾਰ ਦੇ ਕਰੀਬ ਅਕਾਲੀ ਵਰਕਰ ਗ੍ਰਿਫ਼ਤਾਰ ਕਰ ਲਏ। ਗ੍ਰਿਫ਼ਤਾਰ ਕੀਤੇ ਆਗੂਆਂ ਵਿਚ ਜਲੰਧਰ ਤੋਂ ਗੋਪਾਲ ਸਿੰਘ ਕੌਮੀ, ਗਿਆਨੀ ਭਜਨ ਸਿੰਘ, ਜਥੇਦਾਰ ਕਲਿਆਣ ਸਿੰਘ ਨਿਧੜਕ; ਜ਼ਿਲ੍ਹਾ ਹੁਸ਼ਿਆਰਪੁਰ ਤੋਂ ਜਗਿੰਦਰ ਸਿੰਘ ਮੁਕੇਰੀਆਂ, ਚੌਧਰੀ ਕਰਤਾਰ ਸਿੰਹ; ਰੋਪੜ ਤੋਂ ਅਜੀਤ ਸਿੰਘ ਬਾਲਾ (ਪ੍ਰਧਾਨ ਸ਼੍ਰੋਮਣੀ ਕਮੇਟੀ); ਕਰਨਾਲ ਤੋਂ ਉਜਾਗਰ ਸਿੰਘ, ਆਤਮਾ ਸਿੰਘ, ਹਰਗੁਰਅਨਾਦ ਸਿੰਘ, ਮਾਸਟਰ ਪ੍ਰਤਾਪ ਸਿੰਘ, ਊਧਮ ਸਿੰਘ ਭਾਰਸਿੰਘਪੁਰੀ, ਧੰਨਾ ਸਿੰਘ (ਪੰਜੇ ਐਮ.ਐਲ.ਏ.) ਵੀ ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਬੂਟਾ ਸਿੰਘ ਤੇ ਗਿਆਨੀ ਕੇਹਰ ਸਿੰਘ ਵੈਰਾਗੀ ਵੀ ਫੜ ਲਏ ਗਏ।

1991: ਕੁਲਵੰਤ ਸਿੰਘ ਕੰਤਾ ਚੀਮਾ ਖੁੱਡੀ, ਗੁਰਨਾਮ ਸਿੰਘ ਮਠੂਆਲਾ, ਅਮਰਜੀਤ ਸਿੰਘ ਨਿੱਕਾ ਚਾਹਲ, ਸੁਰਜੀਤ ਸਿੰਘ ਛਾਪੇ ਵੱਢ ਅਤੇ ਜਗੀਰ ਸਿੰਘ ਬੇਗੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

24 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਕੁਲਵੰਤ ਸਿੰਘ ਕੰਤਾ (ਵਾਸੀ ਚੀਮਾ ਖੁੱਡੀ), ਗੁਰਨਾਮ ਸਿੰਘ ਉਰਫ਼ ਬਿੱਖੀ (ਵਾਸੀ ਮਠੂਆਲਾ), ਅਮਰਜੀਤ ਸਿੰਘ (ਵਾਸੀ ਨਿੱਕਾ ਚਾਹਲ, ਗੁਰਦਾਸਪੁਰ), ਸੁਰਜੀਤ ਸਿੰਘ (ਛਾਪੇ ਵੱਢ, ਮਹਿਰਮਪੁਰ, ਗੁਰਦਾਸਪੁਰ), ਜਗੀਰ ਸਿੰਘ ਬੇਗੋਵਾਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1988: ਰਣਜੀਤ ਸਿੰਘ ਰਾਣਾ ਕਾਂਜਲੀ ਅਤੇ ਦੂੱਲਾ ਸਿੰਘ ਬਡਾਲਾ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

24 ਮਈ 1988 ਦੇ ਦਿਨ ਪੁਲਸ ਨੇ ਰਣਜੀਤ ਸਿੰਘ ਰਾਣਾ ਉਰਫ਼ ਪੰਮਾ (ਕਾਂਜਲੀ, ਕਪੂਰਥਲਾ) ਅਤੇ ਦੁੱਲਾ ਸਿੰਘ ਉਰਫ਼ ਰਛਪਾਲ ਸਿੰਘ (ਬਡਾਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਸੁਖਵਿੰਦਰ ਸਿੰਘ ਫ਼ੌਜੀ, ਕੰਵਲਜੀਤ ਸਿੰਘ ਵੇਰਕਾ, ਹਰਮਨਬੀਰ ਸਿੰਘ ਵੇਰਕਾ, ਬਾਜ਼ ਸਿੰਘ ਮਲਮੋਰੀ, ਸਰਬਨ ਸਿੰਘ ਕੱਲੂ ਰਾਜੂਪੁਰ ਤੇ 7 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

24 ਮਈ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਫ਼ੌਜੀ, ਕੰਵਲਜੀਤ ਸਿੰਘ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਵੇਰਕਾ, ਅੰਮ੍ਰਿਤਸਰ), ਹਰਮਨਬੀਰ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਵਾਸੀ ਵੇਰਕਾ, ਅੰਮ੍ਰਿਤਸਰ), ਬਾਜ਼ ਸਿੰਘ (ਪੁੱਤਰ ਦਲਬੀਰ ਸਿੰਘ, ਵਾਸੀ ਮਲਮੋਰੀ, ਅੰਮ੍ਰਿਤਸਰ), ਸਰਬਨ ਸਿੰਘ ਉਰਫ਼ ਕੱਲੂ (ਪੁੱਤਰ ਟਹਿਲ ਸਿੰਘ, ਵਾਸੀ ਰਾਜੂਪੁਰ) ਤੇ ਸਤ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1994: ਦਿੱਲੀ ਦਾ ਜਥੇਦਾਰ ਰਛਪਾਲ ਸਿੰਘ ਅਕਾਲ ਤਖ਼ਤ 'ਤੇ ਪੇਸ਼ ਹੋਇਆ; ਮਨਜੀਤ ਸਿੰਘ ਗੁੰਥੀ ਨੇ ਸਜ਼ਾ ਲਾਈ

ਦਿੱਲੀ ਦਾ ਰਛਪਾਲ ਸਿੰਘ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਪੰਥ 'ਚੋਂ ਖ਼ਾਰਿਜ ਕੀਤਾ ਹੋਇਆ ਸੀ, ਵੀ ਪੰਥ ਤੋਂ ਕੱਟਿਆ ਹੋਣ ਕਰ ਕੇ ਸਿੱਖੀ 'ਚ ਵਾਪਿਸ ਆਉਣ ਨੂੰ ਤਰਲੇ-ਮੱਛੀ ਹੋ ਰਿਹਾ ਸੀ। ਉਸ ਨੇ ਵੇਖਿਆ ਸੀ ਕਿ ਬੂਟਾ ਸਿੰਘ ਨਾਲ ਨਰਮੀ ਵਾਲਾ ਸਲੂਕ ਹੋਇਆ ਸੀ। ਉਨ੍ਹਾਂ ਦਿਨਾਂ ਵਿਚ 11 ਮਈ ਨੂੰ ਮਨਜੀਤ ਸਿੰਘ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ 'ਸਮਝੌਤਾ' ਕਰਵਾਉਣ ਵਾਸਤੇ ਦਿੱਲੀ ਪੁੱਜਾ ਹੋਇਆ ਸੀ। 15 ਮਈ ਨੂੰ ਉਸ ਨੇ ਕਮੇਟੀ ਦੇ ਕੁਝ ਮੈਂਬਰਾਂ ਨਾਲ ਗਲਬਾਤ ਕੀਤੀ। 17 ਮਈ ਨੂੰ ਰਛਪਾਲ ਸਿੰਘ ਵੀ ਉਸ ਨੂੰ ਮਿਲਿਆ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਦੀ ਖ਼ਾਹਿਸ਼ ਦਾ ਇਜ਼ਹਾਰ ਕਰਦਿਆਂ ਇਕ ਚਿੱਠੀ ਪੇਸ਼ ਕੀਤੀ। ਮਨਜੀਤ ਸਿੰਘ ਨੂੰ ਉਸ ਨੂੰ 24 ਮਈ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਆਖਿਆ। ਜਦੋਂ ਰਛਪਾਲ ਸਿੰਘ ਅਕਾਲੀ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਤਾਂ ਉਸ ਨੂੰ 21 ਦਿਨ ਗੁਰਦੁਆਰਿਆਂ ਵਿਚ ਜੋੜੇ ਝਾੜਨ ਤੇ ਭਾਂਡੇ ਮਾਜਣ ਦੀ ਤਨਖ਼ਾਹ ਲਾਈ ਗਈ। ਰਛਪਾਲ ਸਿੰਘ ਨੇ ਉਸ ਵੇਲੇ ਤਨਖ਼ਾਹ ਪੂਰੀ ਕਰਨ ਦਾ ਪ੍ਰਣ ਕੀਤਾ।

1998: ਸਾਬਕਾ ਸਪੀਕਰ ਅਤੇ ਗਵਰਨਰ ਦਰਬਾਰਾ ਸਿੰਘ ਮਲਸੀਆਂ ਦੀ ਮੌਤ

ਦਰਬਾਰਾ ਸਿੰਘ ਮਲਸੀਆਂ, ਸਾਬਕਾ ਸਪੀਕਰ ਪੰਜਾਬ ਅਸੈਂਬਲੀ, ਪਹਿਲੀ ਮਈ 1998 ਦੇ ਦਿਨ ਰਾਜਸਥਾਨ ਦਾ ਗਵਰਨਰ ਬਣਿਆ ਸੀ; ਪਰ ਉਹ ਸਿਰਫ਼ ਸਿੰਘ 24 ਦਿਨ ਦੀ ਗਵਰਨਰੀ ਹੀ ਕਰ ਸਕਿਆ ਅਤੇ 24 ਮਈ 1998 ਦੇ ਦਿਨ ਦਿਲ ਦਾ ਦੌਰਾ ਪੈਣ 'ਤੇ ਚੜ੍ਹਾਈ ਕਰ ਗਿਆ।

2009: ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੱਦੀ ਲਾ ਕੇ ਮੱਥੇ ਟਿਕਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਕਾਰਨ ਆਸਟਰੀਆ ਦੀ ਰਾਜਧਾਨੀ ਵਿਆਨਾ ਵਿਚ ਸਾਧ ਰਾਮਾ ਨੰਦ ਦਾ ਕਤਲ

ਪਿੰਡ ਬੱਲਾਂ ਵਿਚ ਭਗਤ ਰਵਿਦਾਸ ਡੇਰੇ ਦਾ ਸਾਧ ਰਾਮਾਨੰਦ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੱਦੀ ਲਾ ਕੇ ਬੈਠਿਆ ਕਰਦਾ ਸੀ ਅਤੇ ਲੋਕ ਉਸ ਨੂੰ ਮੱਥਾ ਟੇਕਿਆ ਕਰਦੇ ਸਨ; ਇਹ ਗੁਰੂ ਗ੍ਰੰਥ ਸਾਹਿਬ ਦੀ ਸ਼ਰੇ-ਆਮ ਬੇਅਦਬੀ ਸੀ। ਸਿੱਖ ਉਸ ਨੂੰ ਕਈ ਵਾਰ ਵਰਜ ਚੁਕੇ ਸਨ ਪਰ ਉਹ ਇਹ ਹਰਕਤ ਤੋਂ ਬਾਜ਼ ਨਹੀਂ ਸੀ ਆਉਂਦਾ; ਅਖ਼ੀਰ ਇਕ ਵਾਰ ਜਦ ਉਹ ਇਹ ਹਰਕਤ ਆਸਟਰੀਆ ਮੁਲਕ ਦੇ ਸ਼ਹਿਰ ਵਿਆਨਾ ਦੇ ਇਕ ਗੁਰਦੁਆਰੇ ਵਿਚ ਕਰ ਰਿਹਾ ਸੀ ਤਾਂ ਇਸ ਹਰਕਤ ਨੂੰ ਨਾ ਸਹਾਰਦਿਆਂ, ਗੁਰੂ ਗ੍ਰੰਥ ਸਾਹਿਬ ਦਾ ਅਦਬ ਰੱਖਣ ਵਾਸਤੇ, ਪੰਜ ਸਿੱਖਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਤੇ ਉਹ ਮਾਰਿਆ ਗਿਆ; ਇਨ੍ਹਾਂ ਪੰਜਾਂ ਨੂੰ ਆਸਟਰੀਆ ਦੀ ਅਦਾਲਤ ਨੇ ਸਖ਼ਤ ਸਜ਼ਾਵਾਂ ਦਿੱਤੀਆਂ ਜਿਸ ਦੇ ਖ਼ਿਲਾਫ਼ ਅਪੀਲ ਦੀ ਸੁਣਵਾਈ ਅਜੇ ਹਾਈ ਕੋਰਟ ਵਿਚ ਚਲ ਰਹੀ ਹੈ। ਸਿੱਖ ਅਖਵਾਉਂਦੇ ਚੀਫ਼ ਮਨਿਸਟਰ ਪ੍ਰਕਾਸ਼ ਬਾਦਲ ਨੇ ਇਸ ਗੁਰ-ਨਿੰਦਕ ਨੂੰ 'ਸ਼ਹੀਦ' ਵਰਗਾ ਦਰਜਾ ਦਿੱਤਾ; ਉਸ ਦੀ ਲਾਸ਼ ਨੂੰ ਸਪੈਸ਼ਲ ਜਹਾਜ਼ ਆਸਟਰੀਆ ਭੇਜ ਕੇ ਸਰਕਾਰੀ ਸਨਮਾਨਾਂ ਨਾਲ ਲਿਆਂਦਾ ਤੇ ਅਕਾਲ ਤਖ਼ਤ ਤੇ ਉਸ ਵਾਸਤੇ ਅਖੰਡ ਪਾਠ ਵੀ ਰੱਖਿਆ (ਇੰਵ ਬਾਦਲ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੂਜੀ ਵਾਰ ਕੀਤੀ)।

25 ਮਈ

1605: ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਬੁਲਾਇਆ

ਗੁਰੂ ਅਰਜਨ ਸਾਹਿਬ ਦੇ ਖ਼ਿਲਾਫ਼ ਝੂਠੀਆਂ ਸ਼ਿਕਾਇਤਾਂ ਮਿਲਣ 'ਤੇ ਜਹਾਂਗੀਰ ਨੇ ਗੁਰੂ ਜੀ ਨੂੰ ਲਾਹੌਰ ਤਲਬ ਕੀਤਾ। ਉਸ ਦਾ ਹੁਕਮ ਲੈ ਕੇ ਉਸ ਦਾ ਅਹਦੀਆ 25 ਮਈ 1606 ਦੇ ਦਿਨ ਗੁਰੂ ਅਰਜਨ ਸਾਹਿਬ ਕੋਲ ਗੋਇੰਦਵਾਲ ਪੁੱਜਾ ਤੇ ਆਪਣੇ ਨਾਲ ਲਾਹੌਰ ਚੱਲਣ ਵਾਸਤੇ ਕਿਹਾ; ਗੁਰੂ ਸਾਹਿਬ ਨੇ ਗੁਰੂ ਹਰਗੋਬਿੰਦ ਨੂੰ ਗੁਰਗੱਦੀ ਸੌਂਪੀ ਤੇ ਲਾਹੌਰ ਜਾਣ ਵਾਸਤੇ ਤਿਆਰ ਹੋ ਗਏ।

1675: ਭਾਈ ਕਿਰਪਾ ਰਾਮ ਦੱਤ ਨੂੰ ਨਾਲ ਲੈ ਕੇ 16 ਕਸ਼ਮੀਰੀ ਬ੍ਰਾਹਮਣ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਤਖ਼ਤ ਦਮਦਮਾ ਸਾਹਿਬ ਪੁੱਜੇ

ਹਰ ਰੋਜ਼ ਕਿਸੇ ਨਾ ਕਿਸੇ ਇਲਾਕੇ ਵਿੱਚੋਂ ਸੰਗਤਾਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਆਉਂਦੀਆਂ ਰਹਿੰਦੀਆਂ ਸਨ। ਇਨ੍ਹਾਂ ਜੱਥਿਆਂ ਵਿਚ 25 ਮਈ 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜੱਥਾ ਵੀ ਚੱਕ ਨਾਨਕੀ ਆਇਆ। ਉਹ ਇਕ ਮੋਹਤਬਰ ਸਿੱਖ ਆਗੂ ਭਾਈ ਕਿਰਪਾ ਰਾਮ ਦੱਤ ਨੂੰ ਵੀ ਆਪਣੇ ਨਾਲ ਲੈ ਕੇ ਆਏ ਸਨ। ਭਾਈ ਕਿਰਪਾ ਰਾਮ ਕਸ਼ਮੀਰ ਵਿਚ ਸਿੱਖ ਧਰਮ ਦੇ ਸਭ ਤੋਂ ਵੱਡੇ ਪ੍ਰਚਾਰਕਾਂ ਵਿਚੋਂ ਇਕ ਸਨ। ਕਸ਼ਮੀਰੀ ਬ੍ਰਾਹਮਣ ਇਸ ਸਿੱਖ ਆਗੂ ਦੀ ਬਾਂਹ ਫੜ ਕੇ ਚੱਕ ਨਾਨਕੀ ਆਏ ਅਤੇ **ਤਖ਼ਤ ਦਮਦਮਾ ਸਾਹਿਬ** (ਹੁਣ ਦਮਦਮਾ ਸਾਹਿਬ, ਥੜ੍ਹਾ ਸਾਹਿਬ ਤੇ ਭੋਰਾ ਸਾਹਿਬ ਗੁਰਦੁਆਰੇ ਗੁਰੂ ਦੇ ਮਹਿਲ ਵਾਲੇ ਕੰਪਲੈਕਸ ਦਾ ਹਿੱਸਾ ਹਨ) ਤੇ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਫ਼ਰਿਆਦੀ ਹੋਏ। ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਅਸੀਂ ਕੇਦਾਰ ਨਾਥ, ਬਦਰੀ ਨਾਥ, ਪੁਰੀ, ਦੁਆਰਕਾ, ਕਾਂਚੀ, ਮਥਰਾ ਤੇ ਹੋਰ ਸਾਰੇ ਹਿੰਦੂ ਸੈਂਟਰਾਂ ਤੋਂ ਹੋ ਆਏ ਹਾਂ। ਪਰ ਕਿਸੇ ਨੇ ਵੀ ਸਾਡੀ ਬਾਂਹ ਨਹੀਂ ਫੜੀ। ਅਸੀਂ ਕਸ਼ਮੀਰ ਦੇ ਨਵੇਂ ਮੁਸਲਮਾਨ ਗਵਰਨਰ ਇਫ਼ਤਿਖ਼ਾਰ ਖ਼ਾਨ ਦੇ ਜ਼ੁਲਮ ਤੋਂ ਤੰਗ ਆ ਚੁਕੇ ਹਾਂ।

ਉਹ ਹਰ ਰੋਜ਼ ਸੈਂਕੜੇ ਬ੍ਰਾਹਮਣਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਹੈ। ਅਸੀਂ ਔਰੰਗਜ਼ੇਬ ਦੇ ਹਿੰਦੂ-ਰਾਜਪੂਤ ਵਜ਼ੀਰਾਂ ਤਕ ਵੀ ਪਹੁੰਚ ਕੀਤੀ ਹੈ। ਉਨ੍ਹਾਂ ਨੇ ਵੀ ਆਪਣੀ ਬੇਵਸੀ ਜ਼ਾਹਿਰ ਕੀਤੀ ਹੈ। ਸਾਨੂੰ ਕੋਈ ਵੀ ਬਹੁੜੀ ਨਹੀਂ ਹੋਇਆ। ਹੁਣ ਸਾਡੀ ਆਖ਼ਰੀ ਆਸ ਸਿਰਫ਼ ਗੁਰੂ ਨਾਨਕ ਸਾਹਿਬ ਦਾ ਦਰ ਹੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਬ੍ਰਾਹਮਣਾਂ ਦੀ ਲਿਮੋਝੂਣਤਾ ਵੇਖ ਕੇ ਉਨ੍ਹਾਂ ਨੂੰ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਕਦੇ ਵੀ ਕੋਈ ਖ਼ਾਲੀ ਨਹੀਂ ਜਾਂਦਾ। ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਜਾਓ, ਸੂਬੇਦਾਰ ਨੂੰ ਆਖ ਦਿਉ ਕਿ ਜੇ ਉਹ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ। ਗੁਰੂ ਸਹਿਬ ਦੀ ਗੱਲ ਸੁਣ ਕੇ ਬ੍ਰਾਹਮਣਾਂ ਦੀ ਜਾਨ ਵਿਚ ਜਾਨ ਆਈ। ਉਹ ਬੇਬਸ, ਬੇਆਸ, ਬੇਦਿਲ, ਬੇਜਾਨ ਆਏ ਸਨ, ਪਰ ਬੜੇ ਸਕੂਨ, ਉਮੀਦ, ਹੌਸਲੇ ਤੇ ਚੜ੍ਹਦੀ ਕਲਾ ਵਿਚ ਚੱਕ ਨਾਨਕੀ ਤੋਂ ਕਸ਼ਮੀਰ ਨੂੰ ਮੁੜੇ। ਉਨ੍ਹਾਂ ਦੇ ਜਾਣ ਮਗਰੋਂ ਗੋਬਿੰਦ ਦਾਸ (ਖੰਡੇ ਪਾਹੁਲ ਮਗਰੋਂ ਗੁਰੂ ਗੋਬਿੰਦ ਸਿੰਘ) ਨੇ ਗੁਰੂ ਸਾਹਿਬ ਨੂੰ ਸੰਜੀਦਾ ਵੇਖ ਦੇ ਪੁਛਿਆ ਕਿ ਇਸ ਮਸਲੇ ਵਾਸਤੇ ਤੁਸੀਂ ਕੀ ਕਰੋਗੇ? ਗੁਰੂ ਸਾਹਿਬ ਨੇ ਕਿਹਾ ਕਿ ਮੈਂ ਔਰੰਗਜ਼ੇਬ ਨੂੰ ਮਿਲਾਂਗਾ। ਪਰ ਮੈਨੂੰ ਪਤਾ ਹੈ ਕਿ ਉਹ ਕੱਟੜ ਸੁੰਨੀ ਮੁਸਲਮਾਨ ਹੈ। ਮੈਨੂੰ ਇਸ ਮਕਸਦ ਵਾਸਤੇ ਸ਼ਹੀਦੀ ਦੇਣੀ ਹੀ ਪੈਣੀ ਹੈ।

1739: ਦਿੱਲੀ ਤੋਂ ਲੁੱਟ ਦਾ ਮਾਲ ਲੈ ਕੇ ਚੱਲੇ ਨਾਦਰ ਸ਼ਾਹ ਨੂੰ ਸਿੱਖਾਂ ਨੇ ਲੁੱਟਿਆ

ਨਾਦਰ ਸ਼ਾਹ ਨੇ 1739 ਵਿਚ ਲਾਹੌਰ 'ਤੇ ਹਮਲਾ ਕੀਤਾ, ਇਥੇ ਮੁਗ਼ਲ ਫ਼ੌਜਾਂ ਨੇ ਉਸ ਦਾ ਰਾਹ ਰੋਕਿਆ ਪਰ ਉਹ ਨਾਦਰ ਸ਼ਾਹ ਦੀ ਫ਼ੌਜ ਦਾ ਟਾਕਰਾ ਨਾ ਕਰ ਸਕੇ; ਇਸ ਮਗਰੋਂ ਉਸ ਨੇ ਦਿੱਲੀ ਵੱਲ ਕੂਚ ਕੀਤਾ ਤੇ ਇਥੇ ਵੀ ਸ਼ਾਹੀ ਫ਼ੌਜਾਂ ਨੂੰ ਹਰਾਇਆ। 9 ਮਾਰਚ 1739 ਦੇ ਦਿਨ ਨਾਦਰ ਸ਼ਾਹ ਜੇਤੂ ਦੇ ਰੂਪ ਵਿਚ ਦਿੱਲੀ ਵਿਚ ਦਾਖ਼ਿਲ ਹੋਇਆ। ਉਸ ਨੇ ਬਾਦਸ਼ਾਹ ਨੂੰ 25 ਕਰੋੜ ਰੁਪੈ ਹਰਜਾਨਾ ਦੇਣ ਵਾਸਤੇ ਆਖਿਆ। ਬਾਦਸ਼ਾਹ ਨੇ ਖ਼ਜ਼ਾਨੇ ਦੇ ਮੂੰਹ ਖੋਲ੍ਹ ਦਿਤੇ। 10 ਮਾਰਚ ਨੂੰ ਇਹ ਅਫ਼ਵਾਹ ਫ਼ੈਲ ਗਈ ਕਿ ਕਿਸੇ ਨੇ ਨਾਦਰ ਸ਼ਾਹ ਨੂੰ ਮਾਰ ਦਿਤਾ ਹੈ। ਇਸ 'ਤੇ ਲੋਕਾਂ ਨੇ ਨਾਦਰ ਦੇ ਕਈ ਫ਼ੌਜੀ ਮਾਰ ਦਿਤੇ। ਜਦ ਨਾਦਰ ਨੂੰ ਇਸ ਦਾ ਪਤਾ ਲਗਾ ਤਾਂ ਉਸ ਨੇ ਸਾਰੇ ਦਿੱਲੀ ਵਾਸੀਆਂ ਦੇ ਕਤਲੇਆਮ ਦੇ ਹੁਕਮ ਦੇ ਦਿਤੇ। ਇਕ ਸੋਮੇ ਮੁਤਾਬਿਕ ਇਕ ਲੱਖ ਬਾਰ੍ਹਾਂ ਹਜ਼ਾਰ ਦਿੱਲੀ-ਵਾਸੀ ਕਤਲ ਕਰ ਦਿਤੇ ਗਏ ਸਨ। ਇਸ ਮਗਰੋਂ ਨਾਦਰ ਨੇ ਕਤਲ ਤਾਂ ਰੋਕ ਦਿਤੇ ਪਰ ਸ਼ਹਿਰ ਦੀ ਲੁੱਟ ਮਾਰ ਸ਼ੁਰੂ ਕਰ ਦਿਤੀ। ਇਸ ਲੁੱਟ ਵਿਚ ਨਾਦਰ ਸ਼ਾਹ ਨੂੰ ਸੱਤਰ ਕਰੋੜ ਰੁਪੈ ਦੀ ਕੀਮਤ ਦਾ ਸੋਨਾ ਤੇ ਹੀਰੇ ਜਵਾਹਰਾਤ, ਵੀਹ ਕਰੋੜ ਰੁਪੈ ਨਕਦ, ਇਕ ਹਜ਼ਾਰ ਤੋਂ ਵਧ ਹਾਥੀ, ਡੇਢ ਹਜ਼ਾਰ ਘੋੜੇ, ਹਜ਼ਾਰਾਂ ਊਠ ਹਾਸਿਲ ਹੋਏ। ਇਸ ਤੋਂ ਇਲਾਵਾ ਉਹ ਹਜ਼ਾਰਾਂ ਕਾਰੀਗਰ, ਦਸ ਹਜ਼ਾਰ ਤੋਂ ਵਧ ਖ਼ੂਬਸੂਰਤ ਔਰਤਾਂ, ਬਾਦਸ਼ਾਹ ਦੀ ਜਵਾਨ ਧੀ (ਆਪਣੀ ਨੂੰਹ ਬਣਾ ਕੇ), ਕੋਹੇਨੂਰ ਹੀਰਾ ਅਤੇ ਤਖ਼ਤੇ-ਤਾਊਸ ਲੈ ਕੇ 25 ਮਈ 1739 ਦੇ ਦਿਨ ਈਰਾਨ ਨੂੰ ਵਾਪਿਸ ਚਲ ਪਿਆ। ਮਈ 1739 ਦੇ ਤੀਜੇ ਹਫ਼ਤੇ ਜਦੋਂ ਨਾਦਰ ਸ਼ਾਹ ਦੀ ਫ਼ੌਜ ਲੁੱਟ ਦਾ ਸਾਮਾਨ ਲੈ ਕੇ ਵਾਪਸ ਜਾ ਰਹੀ ਸੀ ਤਾਂ ਰਸਤੇ ਵਿਚ ਸਿੱਖਾਂ ਨੇ ਉਸ 'ਤੇ ਕਈ ਵਾਰ ਹਮਲਾ ਕੀਤਾ ਅਤੇ ਤਕਰੀਬਨ ਸਾਰੀਆਂ ਹਿੰਦੂ ਔਰਤਾਂ ਨੂੰ ਛੁਡਾ ਲਿਆ। ਉਨ੍ਹਾਂ ਨੇ ਅਖਨੂਰ ਕੋਲ ਆਖ਼ਰੀ ਵਾਰ ਹਮਲਾ ਕਰ ਕੇ ਬਹੁਤ ਸਾਰਾ ਅਸਲਾ, ਘੋੜੇ ਤੇ ਖ਼ਜ਼ਾਨਾ ਲੁੱਟ ਲਿਆ। ਜਦੋਂ ਨਾਦਰ ਸ਼ਾਹ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਨ ਤੋਂ ਇਨ੍ਹਾਂ 'ਲੁਟੇਰਿਆਂ' ਬਾਰੇ ਪੁੱਛਗਿੱਛ ਕੀਤੀ। ਇਕ ਲੇਖਕ ਨੇ ਇਸ ਪੁੱਛਗਿੱਛ ਨੂੰ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ: *ਨਾਦਰ: ਇਹ ਲੁਟੇਰੇ ਕੌਣ ਹਨ ? ਜ਼ਕਰੀਆ: ਇਹ ਲੋਕ ਸਿੱਖ ਹਨ। ਨਾ ਇਹ ਹਿੰਦੂ ਹਨ, ਨਾ ਮੁਸਲਮਾਨ। ਮੁਗ਼ਲ ਸਰਕਾਰ ਇਨ੍ਹਾਂ ਨੂੰ ਬਾਗ਼ੀ ਸਮਝਦੀ ਹੈ ਅਤੇ ਜੇ ਇਨ੍ਹਾਂ 'ਚੋਂ ਕੋਈ ਹੱਥ ਆ ਜਾਵੇ ਤਾਂ ਇਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਨਾਦਰ: ਇਹ*

ਲੋਕ ਕਿਥੇ ਰਹਿੰਦੇ ਹਨ ? ਜ਼ਕਰੀਆ: ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਹਨ। ਨਾਦਰ: ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਇਹ ਸਿਰ ਉਠਾਉਣਗੇ ਤੇ ਤੁਹਾਡੀ ਹਕੂਮਤ ਖੋਹ ਲੈਣਗੇ।

1886: ਦਲੀਪ ਸਿੰਘ ਮਹਾਰਾਜਾ ਨੇ ਅਦਨ ਵਿਚ ਖੰਡੇ ਦੀ ਪਾਹੁਲ ਲੈਣ ਦੀ ਰਸਮ ਅਦਾ ਕੀਤੀ

ਦਲੀਪ ਸਿੰਘ ਨੂੰ ਚੰਗੀ ਪੈਨਸ਼ਨ ਮਿਲਦੀ ਸੀ ਜਿਸ ਕਾਰਨ ਉਹ ਅੱਯਾਸ਼ੀ ਵਾਲੀ ਜ਼ਿੰਦਗੀ ਬਿਤਾਉਂਦਾ ਸੀ। ਹੌਲੀ-ਹੌਲੀ ਉਸ ਨੇ ਆਪਣੇ ਖ਼ਰਚੇ ਬਹੁਤ ਵਧਾ ਲਏ ਪਰ ਉਸ ਦੀ ਪੈਨਸ਼ਨ ਓਨੀ ਹੀ ਰਹਿਣੀ ਸੀ। ਨਤੀਜੇ ਦੇ ਤੌਰ 'ਤੇ ਉਹ ਕਰਜ਼ਾਈ ਹੋ ਗਿਆ। ਹੁਣ ਉਹ 44 ਸਾਲ ਦਾ ਹੋ ਚੁਕਾ ਸੀ। ਉਸ ਨੇ ਆਪਣੇ ਆਪ ਨੂੰ ਸਾਬਕ ਰਾਜਾ ਦੱਸ ਕੇ 31 ਅਗਸਤ 1882 ਦੀ 'ਦ ਟਾਈਮਜ਼' ਅਖ਼ਬਾਰ ਵਿਚ ਇਕ ਇਸ਼ਤਿਹਾਰ ਵੀ ਛਾਪਿਆ ਜਿਸ ਵਿਚ ਉਸ ਨੇ ਆਪਣੀ ਜਾਇਦਾਦ ਤੇ ਪੈਨਸ਼ਨ ਵਧਾਉਣ ਦੀਆਂ ਗੱਲਾਂ ਕੀਤੀਆਂ (ਨਾ ਕਿ ਰਾਜ ਵਾਪਿਸ ਲੈਣ ਦੀਆਂ)। ਪਰ ਉਸ ਦੀ ਅਪੀਲ ਨੇ ਨਾ ਤਾਂ ਬ੍ਰਿਟਿਸ਼ ਲੋਕਾਂ 'ਤੇ ਕੋਈ ਅਸਰ ਕੀਤਾ ਤੇ ਨਾ ਹੀ ਕੁਈਨ ਵਿਕਟੋਰੀਆ ਜਾਂ ਬ੍ਰਿਟਿਸ਼ ਸਰਕਾਰ 'ਤੇ। ਨਿਰਾਸ ਹੋਇਆ ਦਲੀਪ ਸਿੰਘ ਹੁਣ ਸਿੱਖਾਂ ਵੱਲ ਮੁੜਿਆ। ਇਨ੍ਹਾਂ ਦਿਨਾਂ ਵਿਚ ਉਸ ਦਾ ਰਾਬਤਾ ਠਾਕਰ ਸਿੰਘ ਸੰਧਾਵਾਲੀਆ ਨਾਲ ਬਣ ਚੁਕਾ ਸੀ। ਠਾਕਰ ਸਿੰਘ 1884 ਵਿਚ ਇੰਗਲੈਂਡ ਵੀ ਅਇਆ ਤੇ ਦਲੀਪ ਸਿੰਘ ਨੂੰ ਮਿਲਿਆ। ਦੋਹਾਂ ਵਿਚ ਹੋਈ ਗੱਲਬਾਤ ਮਗਰੋਂ ਦਲੀਪ ਸਿੰਘ ਨੇ ਸਿੱਖ ਬਣ ਜਾਣ ਦਾ ਐਲਾਨ ਕੀਤਾ। 9 ਮਾਰਚ 1886 ਨੂੰ ਉਸ ਨੇ ਸਿੱਖ ਪੰਥ ਤੋਂ ਈਸਾਈ ਬਣਨ ਦੀ ਮੁਆਫ਼ੀ ਵੀ ਮੰਗੀ ਤੇ ਨਾਲ ਹੀ ਰਾਜ ਹਾਸਿਲ ਕਰਨ ਵਿਚ ਮਦਦ ਵੀ ਮੰਗੀ। ਹੁਣ ਦਲੀਪ ਸਿੰਘ ਨੇ ਪੰਜਾਬ ਜਾਣ ਦਾ ਫ਼ੈਸਲਾ ਕੀਤਾ। ਬ੍ਰਿਟਿਸ਼ ਸਰਕਾਰ ਨੇ ਤਾਂ ਉਸ ਨੂੰ ਪੰਜਾਬ ਜਾਣ ਦੀ ਇਜਾਜ਼ਤ ਦੇਣੀ ਹੀ ਨਹੀਂ ਸੀ। ਇਸ ਕਰ ਕੇ ਉਹ ਚੁਪਚਾਪ, ਅਪਰੈਲ 1886 ਦੇ ਸ਼ੁਰੂ ਵਿਚ, ਇੰਗਲੈਂਡ ਤੋਂ ਚਲ ਪਿਆ ਅਤੇ ਅਦਨ ਪਹੁੰਚ ਗਿਆ। ਉਸ ਨੂੰ ਪੰਜਾਬ ਜਾਣ ਦੀ ਕੋਸ਼ਿਸ਼ ਕਰਨ ਤੋਂ ਰੋਕਣ ਵਾਸਤੇ 15 ਅਪਰੈਲ 1886 ਦੇ ਦਿਨ ਅਦਨ ਵਿਚ ਬ੍ਰਿਟਿਸ਼ ਅਫ਼ਸਰਾਂ ਨੇ ਉਸ ਨੂੰ ਚੁਪਚਾਪ ਇੰਗਲੈਂਡ ਪਰਤ ਜਾਣ ਵਾਸਤੇ ਆਖਿਆ। ਉਸ ਨੇ ਆਪਣਾ ਪਰਿਵਾਰ ਤਾਂ ਵਾਪਿਸ ਭੇਜ ਦਿੱਤਾ ਪਰ ਉਹ ਆਪ ਉੱਥੇ ਹੀ ਰਿਹਾ ਤੇ ਸਿੱਖਾਂ ਨਾਲ ਰਾਬਤਾ ਬਣਾਇਆ। ਉਸ ਨੇ ਇੱਥੇ ਹੀ 25 ਮਈ 1886 ਦੇ ਦਿਨ ਪੰਜ ਸਿੱਖਾਂ ਤੋਂ 'ਖੰਡੇ ਦੀ ਪਾਹੁਲ' ਲਈ। ਦਲੀਪ ਸਿੰਘ ਦੀ ਇਸ ਕਾਰਵਾਈ ਮਗਰੋਂ, ਬ੍ਰਿਟਿਸ਼ ਹਾਕਮਾਂ ਨੇ ਜੂਨ 1886 ਦੇ ਸ਼ੁਰੂ ਵਿਚ ਹੀ ਉਸ ਨੂੰ ਜ਼ਬਰਦਸਤੀ ਇੰਗਲੈਂਡ ਨੂੰ ਡਿਪੋਰਟ ਕਰ ਦਿੱਤਾ।

1986: ਦਲੀਪ ਸਿੰਘ ਵੇਰਕਾ ਤੇ ਕੁਲਵੰਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

25 ਮਈ 1986 ਦੇ ਦਿਨ ਪੁਲਸ ਨੇ ਦਲੀਪ ਸਿੰਘ ਵੇਰਕਾ ਤੇ ਕੁਲਵੰਤ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਪਰਮਜੀਤ ਸਿੰਘ ਪੰਮਾ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

25 ਮਈ 1988 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ ਪੰਮਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਪ੍ਰੀਤਮ ਸਿੰਘ ਤਾਬਾ ਖੇਖਰ, ਤਰਸੇਮ ਸਿੰਘ ਸੈਦੋਕੇ, ਗੁਰਦੀਪ ਸਿੰਘ ਸਾਡਾ ਰੰਗ, ਮਨਜੀਤ ਸਿੰਘ ਜਫਰਵਾਲ, ਗੁਰਨਾਮ ਸਿੰਘ ਚੌਧਰੀਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਪ੍ਰੀਤਮ ਸਿੰਘ ਤਾਬਾ (ਪੁੱਤਰ ਸੇਵਾ ਸਿੰਘ ਖੇਖਰ, ਨੇੜੇ ਸ਼ੰਕਰਪੁਰਾ, ਗੁਰਦਾਸਪੁਰ), ਤਰਸੇਮ ਸਿੰਘ ਉਰਫ਼ ਡਾਕਟਰ (ਪੁੱਤਰ ਗੁਰਦਿਆਲ ਸਿੰਘ, ਵਾਸੀ ਸੈਦੋਕੇ, ਅੰਮ੍ਰਿਤਸਰ), ਗੁਰਦੀਪ ਸਿੰਘ ਸਾਡਾ ਰੰਗ, ਮਨਜੀਤ ਸਿੰਘ ਬੈਰਾਗੀ (ਵਾਸੀ ਜਫਰਵਾਲ), ਗੁਰਨਾਮ ਸਿੰਘ (ਵਾਸੀ ਚੌਧਰੀਵਾਲ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਮੇਜਰ ਸਿੰਘ ਕਮਾਲਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

25 ਮਈ 1989 ਦੇ ਦਿਨ ਪੁਲਸ ਨੇ ਮੇਜਰ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਕਮਾਲਪੁਰ, ਪਟਿਆਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਜੋਗਿੰਦਰ ਸਿੰਘ ਉਰਫ਼ ਜਿੰਦਾ ਮੁਰਾਦਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

25 ਮਈ 1989 ਦੇ ਦਿਨ ਪੁਲਸ ਨੇ ਜੋਗਿੰਦਰ ਸਿੰਘ ਉਰਫ਼ ਜਿੰਦਾ (ਪੁੱਤਰ ਚੰਚਲ ਸਿੰਘ, ਵਾਸੀ ਮੁਰਾਦਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਨਾਮ ਸਿੰਘ ਪਹਿਲਵਾਨ ਤੇ ਮੇਜਰ ਸਿੰਘ ਮਾਵੀ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਗੁਰਨਾਮ ਸਿੰਘ ਪਹਿਲਵਾਨ ਉਰਫ਼ ਰਜਵਿੰਦਰ ਸਿੰਘ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਅਤੇ ਮੇਜਰ ਸਿੰਘ ਉਰਫ਼ ਬਲਦੇਵ ਸਿੰਘ ਬਾਗੀ (ਵਾਸੀ ਮਾਵੀ ਕਲਾ, ਬਠਿੰਡਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਗੰਡਾ ਸਿੰਘ ਤੇ ਰਣਜੀਤ ਸਿੰਘ ਠੇਠਰਕੇ ਨਕਲੀ ਮੁਕਾਬਲੇ ਵਿਚ ਸ਼ਹੀਦ

25 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਗੰਡਾ ਸਿੰਘ ਉਰਫ ਲੱਖਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਠੇਠਰਕੇ ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਰਤਾਰ ਸਿੰਘ, ਗੁਲਜ਼ਾਰ ਸਿੰਘ ਭੋਲਾ ਬਹੋੜੂ ਤੇ ਤਰਸੇਮ ਸਿੰਘ ਸੋਮਾ ਝਾਮਕੇ ਨਕਲੀ ਮੁਕਾਬਲਿਆਂ ਵਿਚ ਸਿੱਖ ਸ਼ਹੀਦ

25 ਮਈ 1992 ਦੇ ਦਿਨ ਪੁਲਸ ਨੇ ਕਰਤਾਰ ਸਿੰਘ, ਗੁਲਜ਼ਾਰ ਸਿੰਘ ਉਰਫ਼ ਭੋਲਾ (ਪੁੱਤਰ ਜਗਤਾਰ ਸਿੰਘ, ਵਾਸੀ ਬਹੋੜੂ) ਤੇ ਤਰਸੇਮ ਸਿੰਘ ਉਰਫ਼ ਸੋਮਾ (ਵਾਸੀ ਝਾਮਕੇ) ਨੂੰ ਨਕਲੀ ਮੁਕਾਬਲਿਆਂ ਵਿਚ ਮਾਰ ਸ਼ਹੀਦ ਕਰ ਦਿੱਤੇ।

1993: ਪਰਮਿੰਦਰ ਸਿੰਘ ਸਹਿੰਸਰਾ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

25 ਮਈ 1993 ਦੇ ਦਿਨ ਪੁਲਸ ਨੇ ਪਰਜਿੰਦਰ ਸਿੰਘ (ਪੁੱਤਰ ਪਰਮਿੰਦਰ ਸਿੰਘ, ਵਾਸੀ ਸਹਿੰਸਰਾ ਕਲਾਂ) ਨੂੰ ਇਕ ਨਕਲੀ ਮੁਕਾਬਲੇ ਵਿਚ ਮਾਰ ਸ਼ਹੀਦ ਕਰ ਦਿੱਤਾ।

26 ਮਈ

1984: ਦਰਬਾਰ ਸਾਹਿਬ 'ਤੇ ਹਮਲੇ ਤੋਂ ਪਹਿਲਾਂ ਇੰਦਰਾ ਗਾਂਧੀ ਤੇ ਅਕਾਲੀ ਆਗੂਆਂ ਵਿਚਕਾਰ ਆਖ਼ਰੀ ਮੁਲਾਕਾਤ ਹੋਈ

1982 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁੱਧ ਮੋਰਚਾ ਲਾਇਆ ਹੋਇਆ ਸੀ; ਇਸ ਵਾਰ ਇੰਦਰਾ ਗਾਂਧੀ ਦੇ ਦੁਆਲੇ ਫ਼ਿਰਕੂ ਹਿੰਦੂਆਂ ਦਾ ਘੇਰਾ ਪੈ ਚੁਕਾ ਸੀ; ਉਂਞ ਤਾਂ ਉਹ ਆਪ ਵੀ ਆਪਣੇ ਬਾਪ ਪੰਡਤ ਜਵਾਹਰ ਲਾਲ ਵਾਂਗ ਸਿੱਖਾਂ ਨੂੰ ਨਫ਼ਰਤ ਕਰਦੀ ਸੀ ਪਰ ਹੁਣ ਫ਼ਿਰਕੂ ਹਿੰਦੂ ਟੋਲੇ ਨੇ ਉਸ ਨੂੰ ਪੂਰੀ ਤਰ੍ਹਾਂ ਸਿੱਖ ਵਿਰੋਧੀ ਰੰਗ ਵਿਚ ਰੰਗ ਦਿੱਤਾ ਸੀ; ਇਸ ਗਰੁੱਪ ਦੇ ਅਸਰ ਹੇਠ ਉਸ ਨੇ ਸਿੱਖਾਂ ਨੂੰ ਬੁਰੀ ਤਰ੍ਹਾਂ 'ਕੁਚਲਣ' ਦਾ ਇਰਾਦਾ ਕੀਤਾ; ਇਸ ਹੇਠ ਉਸ ਦੀ ਪਲਾਨ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਸੀ; ਉਸ ਨੇ 1982 ਵਿਚ ਹੀ ਇਸ ਵਾਸਤੇ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹੋਈਆਂ ਸਨ। ਪਰ ਦੂਜੇ ਪਾਸੇ ਇੰਦਰਾ ਨੇ ਅਕਾਲੀਆਂ ਨੂੰ ਗਲਬਾਤ ਵਿਚ ਵੀ ਉਲਝਾਈ ਰੱਖਿਆ। ਅਕਾਲੀ ਆਗੂ ਵੀ ਭਾਵੇਂ ਸਖ਼ਤ ਬਿਆਨ ਦੇਂਦੇ ਰਹਿੰਦੇ ਸਨ ਪਰ ਉਹ ਸਰਕਾਰ ਨਾਲ ਗੁਪਤ ਮੁਲਾਕਾਤਾਂ ਵੀ ਕਰ ਰਹੇ ਸਨ। ਇਹ ਮੁਲਾਕਾਤਾਂ 16 ਤੇ 17 ਨਵੰਬਰ 1982, 17 ਜਨਵਰੀ 1983, 24 ਜਨਵਰੀ 1984, 27 ਮਾਰਚ 1984, 28 ਤੇ 29 ਮਾਰਚ 1984, 21 ਅਪ੍ਰੈਲ 84 ਨੂੰ ਹੋਈਆਂ ਸਨ। ਆਖ਼ਰੀ ਮੁਲਾਕਾਤ 26 ਮਈ 1984 ਨੂੰ ਹੋਈ ਸੀ। ਅਸਲ ਵਿਚ ਸਰਕਾਰ ਅਕਾਲੀ ਪਾਰਟੀ ਨੂੰ ਗੱਲਬਾਤ ਦੇ ਫ਼ਰੇਬ ਵਿਚ ਪਾ ਕੇ ਸਿੱਖਾਂ ਨੂੰ ਸਬਕ ਸਿਖਾਉਣ ਵਾਸਤੇ ਤੁਲੀ ਹੋਈ ਸੀ। ਇੰਦਰਾ ਗਾਂਧੀ ਨੇ ਦੇਹਰਾਦੂਨ ਦੀਆਂ ਪਹਾੜੀਆਂ ਵਿਚ, ਚਕਰਾਤਾ ਦੀ ਫ਼ੌਜੀ ਛਾਉਣੀ ਵਿਚ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਮਾਡਲ ਬਣਾ ਕੇ ਹਮਲਾ ਕਰਨ ਦੀਆਂ ਕਈ ਚਿਰ ਤੋਂ ਮਸ਼ਕਾਂ ਕਰਨੀਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇੰਦਰਾ ਗਾਂਧੀ ਚਾਹੁੰਦੀ ਸੀ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰ ਕੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰ ਕੇ ਇਕ ਪਾਸੇ ਤਾਂ ਸਿੱਖਾਂ ਵਿਚ ਦਹਿਸ਼ਤ ਫ਼ੈਲਾਈ ਜਾਵੇ ਅਤੇ ਦੂਜਾ ਸਿੱਖਾਂ ਦੇ ਖ਼ਿਲਾਫ਼ ਦਹਿਸ਼ਤਗਰਦੀ ਅਤੇ ਮੁਲਕ ਨਾਲ ਗ਼ਦਾਰੀ ਦਾ ਪ੍ਰਾਪੇਗੰਡਾ ਕਰ ਕੇ ਹਿੰਦੂ ਵੋਟ ਹਾਸਿਲ ਕੀਤੀ ਜਾ ਸਕੇ। ਲੋਕ ਸਭਾ ਦੀਆਂ ਚੋਣਾਂ ਅਗਲੇ ਸਾਲ ਹੋਣ ਵਾਲੀਆਂ ਸਨ। ਇਸ ਸੂਰਤ ਵਿਚ ਐਂਟੀ-ਸਿੱਖ ਕਾਰਡ ਵਧੀਆ ਕੈਸ਼ ਹੋ ਸਕਦਾ ਸੀ। ਉਦੋਂ ਗ਼ੈਰ-ਕਾਂਗਰਸੀ ਪਾਰਟੀਆਂ ਨੂੰ ਇੰਦਰਾ ਗਾਂਧੀ ਦੀ ਇਸ ਤਰਕੀਬ ਦਾ ਪਤਾ ਨਾ ਲਗਿਆ ਅਤੇ ਉਹ ਬੇਧਿਆਨੇ ਹੀ ਇੰਦਰਾ ਦੇ ਜਾਲ ਵਿਚ ਫਸਦੇ ਤੇ ਉਸ ਦੀ ਹਿਮਾਇਤ ਕਰਦੇ ਰਹੇ।

1985: ਲੌਂਗੋਵਾਲ ਅਕਾਲੀ ਦਲ ਨੇ ਆਪਣਾ ਅਕਾਲੀ ਦਲ ਕਾਇਮ ਰੱਖਣ ਦਾ ਮਤਾ ਪਾਸ ਕੀਤਾ ਅਤੇ ਬਾਬਾ ਜੋਗਿੰਦਰ ਸਿੰਘ ਤੋਂ ਨਾਤਾ ਤੋੜਿਆ

1985 ਵਿਚ ਜਦੋਂ ਰਾਜੀਵ ਗਾਂਧੀ ਨੇ ਮਹਿਸੂਸ ਕੀਤਾ ਕਿ ਹੁਣ ਪੰਜਾਬ ਵਿਚ ਅਕਾਲੀ ਆਗੂਆਂ ਦਾ ਆਧਾਰ ਖ਼ਤਮ ਹੋ ਰਿਹਾ ਹੈ ਅਤੇ ਖਾੜਕੂ ਹਾਵੀ ਹੋ ਰਹੇ ਹਨ ਤਾਂ ਉਸ ਨੇ 11 ਮਾਰਚ 1985 ਦੇ ਦਿਨ 8 ਵੱਡੇ ਅਕਾਲੀ ਆਗੂ ਰਿਹਾਅ ਕਰ ਦਿੱਤੇ। ਰਿਹਾਈ ਮਗਰੋਂ ਅਕਾਲੀ ਆਗੂ ਇਕੱਠੇ ਹੋਏ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਖਾੜਕੂਆਂ ਤੋਂ ਵੱਖਰੇ ਰਹਿ ਕੇ ਹੁਣ ਥਾਂ ਨਹੀਂ ਬਣਾ ਸਕਣਗੇ। ਇਹ ਸੋਚ ਕੇ ਉਨ੍ਹਾਂ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਦਾ ਫ਼ਾਇਦਾ ਉਠਾਉਣ ਦੀ ਤਰਕੀਬ ਬਣਾਈ। ਅਸਲੀਅਤ ਇਹ ਹੈ ਕਿ ਇਨ੍ਹਾਂ ਆਗੂਆਂ ਨੇ ਸਿੱਖ ਕੌਮ ਦੇ ਜਜ਼ਬਾਤ ਪੜ੍ਹ ਲਏ ਸਨ ਅਤੇ ਉਹ ਖ਼ੁਦ ਇਸ ਕਾਬਲ ਨਹੀਂ ਸਨ ਕਿ ਕੌਮ ਦੀ ਉਸ ਹਾਲਤ ਵਿਚ ਅਗਵਾਈ ਕਰ ਸਕਣ। ਸੋ ਉਨ੍ਹਾਂ ਨੇ ਬਾਬਾ ਜੋਗਿੰਦਰ ਸਿੰਘ ਦਾ ਮੋਢਾ ਵਰਤਣ ਦੀ ਤਰਕੀਬ ਘੜੀ। ਇਸ ਦੇ

ਇਕ ਪੜਾਅ ਵਜੋਂ ਲੌਂਗੋਵਾਲ, ਟੌਹੜਾ, ਤਲਵੰਡੀ, ਬਾਦਲ ਤੇ ਆਤਮਾ ਸਿੰਘ ਤੇ ਕੁਝ ਹੋਰ ਬਾਬਾ ਜੋਗਿੰਦਰ ਸਿੰਘ ਕੋਲ ਉਸ ਦੇ ਪਿੰਡ ਪੁੱਜੇ ਅਤੇ ਆਪਣੀਆਂ ਸੇਵਾਵਾਂ ਉਸ ਨੂੰ ਪੇਸ਼ ਕਰ ਦਿੱਤੀਆਂ। ਇਸ ਚਾਲ ਦਾ ਮਕਸਦ ਸ਼ਾਇਦ ਬਾਬਾ ਜੋਗਿੰਦਰ ਸਿੰਘ ਨੂੰ ਕਿਸੇ ਤਰੀਕੇ ਬਦਨਾਮ ਕਰ ਕੇ ਬਾਬਾ ਜਰਨੈਲ ਸਿੰਘ ਦੀ ਸ਼ਖ਼ਸੀਅਤ ਨੂੰ ਵਿਗਾੜਨਾ ਵੀ ਸੀ। ਉਧਰ ਅਰਜਨ ਸਿੰਹ, ਜੋ ਪੰਜਾਬ ਦਾ ਨਵਾਂ ਗਵਰਨਰ ਬਣ ਚੁੱਕਾ ਸੀ, ਨੇ ਮਨਜੀਤ ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ, ਅਤਰ ਸਿੰਘ ਵਗ਼ੈਰਾ ਦੀ ਮਦਦ ਨਾਲ ਅਕਾਲੀਆਂ ਨਾਲ ਰਾਬਤਾ ਬਣਾ ਲਿਆ ਹੋਇਆ ਸੀ। ਅਰਜਨ ਸਿੰਹ ਨੇ ਅਕਾਲੀਆਂ ਨੂੰ ਸਲਾਹਾਂ ਦੇ ਕੇ ਬਾਬੇ ਤੋਂ ਹਟਾਉਣ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਸ ਦੇ ਪਹਿਲੇ ਪੜਾਅ ਵਜੋਂ ਲੌਂਗੋਵਾਲ ਧੜੇ ਨੇ ਆਪਣਾ 'ਡੈਲੀਗੇਟ ਇਜਲਾਸ' ਬੁਲਾ ਲਿਆ। ਪਹਿਲੋਂ ਇਹ ਇਜਲਾਸ 17 ਮਈ ਨੂੰ ਸੱਦਿਆ ਗਿਆ ਪਰ ਬਾਅਦ ਵਿਚ ਮੁਲਤਵੀ ਕਰ ਦਿੱਤਾ ਗਿਆ। ਇਸ ਡਰਾਮੇ ਦੇ ਹਿੱਸੇ ਵਜੋਂ ਉਨ੍ਹਾਂ 12 ਮਈ ਨੂੰ ਆਪੋ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦਿੱਤੇ। ਫਿਰ 26 ਮਈ 1985 ਦੇ ਦਿਨ ਇਨ੍ਹਾਂ ਨੇ ਅਕਾਲੀਦਾ ਇਜਲਾਸ ਬੁਲਾ ਲਿਆ ਅਤੇ ਅਕਾਲੀ ਦਲ ਦੇ ਵਰਕਰਾਂ ਤੋਂ ਮਤਾ ਪਾਸ ਕਰਵਾਉਣ ਦਾ ਦਿਖਾਵਾ ਕਰ ਕੇ ਆਪੋ-ਆਪਣੇ ਅਸਤੀਫ਼ੇ ਵਾਪਸ ਲੈ ਲਏ। ਇੰਵ 26 ਮਈ ਨੂੰ ਦੋ ਅਕਾਲੀ ਪਾਰਟੀਆਂ ਕਾਇਮ ਹੋ ਗਈਆਂ: ਮਾਨ-ਬਾਬਾ ਜੋਗਿੰਦਰ ਸਿੰਘ ਦਾ 'ਸੰਯੁਕਤ ਅਕਾਲੀ ਦਲ' ਅਤੇ ਲੌਂਗੋਵਾਲ ਦਾ 'ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ ਦਲ ਵੀ)'। ਮਾਨ ਦੇ ਸੰਯੁਕਤ ਅਕਾਲੀ ਦਲ (ਇਸ ਨੂੰ ਬਾਬਾ ਦਲ ਵੀ ਕਹਿੰਦੇ ਸਨ) ਨਾਲ ਲੌਂਗੋਵਾਲ ਧੜੇ ਵਿਚੋਂ ਆਤਮਾ ਸਿੰਘ, ਉਜਾਗਰ ਸਿੰਘ ਸੇਖਵਾਂ, ਪ੍ਰਕਾਸ਼ ਸਿੰਘ ਮਜੀਠਾ ਵਗ਼ੈਰਾ ਹੀ ਰਹਿ ਗਏ ਸਨ ਤੇ ਬਾਕੀ ਸਾਰੇ ਅਕਾਲੀ ਲੌਂਗੋਵਾਲ ਦੇ ਨਾਲ ਵਾਪਿਸ ਚਲੇ ਗਏ (ਇਹ ਰਹਿੰਦੇ ਖੂੰਹਦੇ ਅਕਾਲੀ ਵੀ ਹੌਲੀ-ਹੌਲੀ ਵਾਪਿਸ ਚਲੇ ਗਏ)।

1987: ਮਨਜੀਤ ਸਿੰਘ 'ਬਾਬਾ ਮੋਹ' ਤੇ ਅਮਰੀਕ ਸਿੰਘ ਫੁਨੇਕਾ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

26 ਤੇ 27 ਮਈ 1987 ਦੀ ਰਾਤ ਨੂੰ ਪੁਲਸ ਨੇ ਮਨਜੀਤ ਸਿੰਘ 'ਬਾਬਾ ਮੋਹ' ਅਤੇ ਅਮਰੀਕ ਸਿੰਘ ਫੁਨੇਕਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਭਾਰਤ ਸਰਕਾਰ ਨੇ ਧਰਮ ਤੇ ਸਿਆਸਤ ਨੂੰ ਅੱਡ ਕਰਨ ਬਾਰੇ ਆਰਡੀਨੈਂਸ ਜਾਰੀ ਕੀਤਾ

26 ਮਈ 1988 ਦੇ ਦਿਨ ਸਰਕਾਰ ਨੇ ਮਜ਼ਹਬ ਤੇ ਸਿਆਸਤ ਅਲਗ ਕਰਨ ਬਾਰੇ ਆਰਡੀਨੈਂਸ ਜਾਰੀ ਕਰ ਦਿਤਾ। ਇਸ ਆਰਡੀਨੈਂਸ ਮੁਤਾਬਿਕ ਕਿਸੇ ਧਾਰਮਿਕ ਅਦਾਰੇ (ਦਰਅਸਲ ਇਹ ਗੁਰਦੁਆਰਿਆਂ 'ਤੇ ਹੀ ਲਾਗੂ ਹੋਣਾ ਸੀ) ਤੋਂ ਸਿਆਸੀ ਕਾਰਵਾਈ ਕਰਨ 'ਤੇ ਪਾਬੰਦੀ ਲਾਈ ਗਈ। ਅਜਿਹੀ ਕਾਰਵਾਈ ਚਲਣ 'ਤੇ ਉਸ ਅਦਾਰੇ ਦੀ ਮੈਨੇਜਿੰਗ ਕਮੇਟੀ ਦੇ ਅਹੁਦੇਦਾਰਾਂ ਵਾਸਤੇ 5 ਸਾਲ ਦੀ ਕੈਦ ਤੇ ਜੁਰਮਾਨਾ ਰੱਖਿਆ ਗਿਆ। ਦਰਅਸਲ, ਇਸ ਦਾ ਮਕਸਦ ਸਿਰਫ਼ ਸਿੱਖਾਂ ਵਿਚ ਦਹਿਸ਼ਤ ਪੈਦਾ ਕਰਨਾ ਸੀ ਕਿਉਂਕਿ ਸਿੱਖ ਧਰਮ ਵਿਚ ਮੀਰੀ ਤੇ ਪੀਰੀ 'ਇਕ' ਹਨ। ਸਰਕਾਰ ਨੇ 11 ਅਗਸਤ 1988 ਨੂੰ ਲੋਕ ਸਭਾ ਅਤੇ 19 ਅਗਸਤ ਨੂੰ ਰਾਜ ਸਭਾ 'ਚ ਇਸ ਬਿਲ ਨੂੰ ਪਾਸ ਕਰ ਦਿਤਾ।

1988: ਅਵਤਾਰ ਸਿੰਘ ਬਿਸਰਾਮਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

26 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਅਵਤਾਰ ਸਿੰਘ (ਵਾਸੀ ਬਿਸਰਾਮਪੁਰ, ਜਲੰਧਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਸਰੂਪ ਸਿੰਘ ਨੰਗਲ ਖੂੰਗਾ ਤੇ ਸਰੂਪ ਸਿੰਘ ਫ਼ਤਹਿਪੁਰ ਬਦੇਸ਼ੇ ਨਕਲੀ ਮੁਕਾਬਲੇ ਵਿਚ ਸ਼ਹੀਦ

26 ਮਈ 1989 ਦੇ ਦਿਨ ਪੁਲਸ ਨੇ ਸਰੂਪ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਨੰਗਲ ਖੂੰਗਾ) ਤੇ ਸਰੂਪ ਸਿੰਘ (ਪੁੱਤਰ ਸੰਤੋਖ ਸਿੰਘ, ਵਾਸੀ ਫ਼ਤਹਿਪੁਰ ਬਦੇਸ਼ੇ, ਨੇੜੇ ਮੀਆਂ ਵਿੰਡ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਦਿਲਬਾਗ ਸਿੰਘ ਰਸੂਲਪੁਰ ਤੇ ਅਵਤਾਰ ਸਿੰਘ ਹਵੇਲੀ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਦਿਲਬਾਗ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਰਸੂਲਪੁਰ, ਲੁਧਿਆਣਾ) ਤੇ ਅਵਤਾਰ ਸਿੰਘ ਬੀ.ਏ., ਐਮ.ਪੀ.ਐਡ (ਪੁੱਤਰ ਕਰਮ ਸਿੰਘ, ਹਵੇਲੀ ਕਲਾਂ, ਪਟਿਆਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਸੁਖਦੇਵ ਸਿੰਘ ਲਿਟੇ, ਜਰਨੈਲ ਸਿੰਘ ਹੈਪੀ, ਕਸ਼ਮੀਰ ਸਿੰਘ ਝੰਡੇਰ, ਜਸਪਾਲ ਸਿੰਘ ਪਾਲੂ ਜੈਮਲਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਸੁਖਦੇਵ ਸਿੰਘ ਲਿਟੇ, ਜਰਨੈਲ ਸਿੰਘ ਹੈਪੀ, ਕਸ਼ਮੀਰ ਸਿੰਘ (ਵਾਸੀ ਝੰਡੇਰ, ਅੰਮ੍ਰਿਤਸਰ), ਜਸਪਾਲ ਸਿੰਘ ਪਾਲੂ (ਵਾਸੀ ਜੈਮਲਵਾਲਾ, ਫ਼ਿਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਪ੍ਰਭੂ ਸਿੰਘ ਕਨੇਡੀਅਨ, ਸਤਨਾਮ ਸਿੰਘ ਸੱਤਾ ਕੰਗ, ਲਖਬੀਰ ਸਿੰਘ ਬੀਰਾ ਬਾਠ, ਬਹਾਦੁਰ ਸਿੰਘ ਸ਼ਾਹਪੁਰ ਗੁਜਰ ਮਾਜਰਾ, ਕਰੋੜਾ ਸਿੰਘ ਬਡਵਾਲੀ, ਗੁਰਭੇਜ ਸਿੰਘ ਸੋਢੀ ਲਾਲਪੁਰ, ਚਰਨਜੀਤ ਸਿੰਘ ਚੰਨੀ, ਕਾਬਲ ਸਿੰਘ ਸੰਘਾ, ਸੁਖਦੇਵ ਸਿੰਘ ਦੇਬੂ ਰਾਜਪੁਰ ਅਰਾਈਆਂ, ਬਚਿੱਤਰ ਸਿੰਘ ਸੱਤਾ ਗੱਜੀਵਾਲ, ਕਾਬਲ ਸਿੰਘ ਸੋਢੀ ਭਿੰਡੀ ਔਲਖ, ਬਲਜਿੰਦਰ ਸਿੰਘ ਤੂੜ ਜਗਦੇਵ ਕਲਾ, ਕਾਬਲ ਸਿੰਘ ਧੰਡਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਪ੍ਰਭੂ ਸਿੰਘ ਕਨੇਡੀਅਨ ਤੇ ਸਤਨਾਮ ਸਿੰਘ ਸੱਤਾ ਗੁੰਥੀ (ਦੋਵੇਂ ਵਾਸੀ ਕੰਗ, ਅੰਮ੍ਰਿਤਸਰ), ਲਖਬੀਰ ਸਿੰਘ ਬੀਰਾ (ਵਾਸੀ ਬਾਠ), ਬਹਾਦੁਰ ਸਿੰਘ ਉਰਫ਼ ਰਵਿੰਦਰ ਸਿੰਘ, (ਵਾਸੀ ਸ਼ਾਹਪੁਰ ਗੁਜਰ ਮਾਜਰਾ), ਕਰੋੜਾ ਸਿੰਘ (ਵਾਸੀ ਬਡਵਾਲੀ), ਗੁਰਭੇਜ ਸਿੰਘ ਸੋਢੀ (ਵਾਸੀ ਲਾਲਪੁਰ), ਚਰਨਜੀਤ ਸਿੰਘ ਚੰਨੀ, ਕਾਬਲ ਸਿੰਘ ਸੰਤ (ਵਾਸੀ ਸੰਘਾ), ਸੁਖਦੇਵ ਸਿੰਘ ਦੇਬੂ (ਵਾਸੀ ਰਾਜਪੁਰ ਅਰਾਈਆਂ), ਬਚਿੱਤਰ ਸਿੰਘ ਸੱਤਾ ਉਰਫ਼ ਨਿਹੰਗ ਸਿੰਘ (ਵਾਸੀ ਗੱਜੀਵਾਲ, ਅੰਮ੍ਰਿਤਸਰ), ਕਾਬਲ ਸਿੰਘ ਸੋਢੀ (ਵਾਸੀ ਭਿੰਡੀ ਔਲਖ), ਬਲਜਿੰਦਰ ਸਿੰਘ ਤੂੜ (ਵਾਸੀ ਜਗਦੇਵ ਕਲਾ), ਕਾਬਲ ਸਿੰਘ ਧੰਡਲ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਹਰਮੇਜ ਸਿੰਘ ਸ਼ਾਹਪੁਰ, ਹਰਭੇਜ ਸਿੰਘ ਭੇਜਾ ਲਾਲਪੁਰਾ, ਬਲਵਿੰਦਰ ਸਿੰਘ ਤੇ ਕਾਬਲ ਸਿੰਘ ਮਿਆਣੀ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਮਈ 1991 ਦੇ ਦਿਨ ਪੁਲਸ ਨੇ ਹਰਮੇਜ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਸ਼ਾਹਪੁਰ, ਨੇੜੇ ਤੇਜਪੁਰ, ਜ਼ਿਲ੍ਹਾ ਰੋਪੜ) ਤੇ ਹਰਭੇਜ ਸਿੰਘ ਉਰਫ਼ ਭੇਜਾ (ਪੁੱਤਰ ਜੋਗਾ ਸਿੰਘ, ਵਾਸੀ ਲਾਲਪੁਰਾ, ਜ਼ਿਲ੍ਹਾ ਤਰਨ ਤਾਰਨ), ਬਲਵਿੰਦਰ ਸਿੰਘ (ਪੁਤਰ ਸੁਰਜਨ ਸਿੰਘ) ਤੇ ਕਾਬਲ ਸਿੰਘ (ਪੁੱਤਰ ਸਾਹਿਬ ਸਿੰਘ, ਵਾਸੀ ਮਿਆਣੀ ਕਲਾਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਕਿੰਦਰ, ਇਕਬਾਲ ਸਿੰਘ ਬਾਘਾ ਤੇ ਜੋਗਿੰਦਰ ਸਿੰਘ ਜਿੰਦੂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਮਈ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਉਰਫ਼ ਕਿੰਦਰ ਨੂੰ ਫ਼ਪਈ ਰੋਡ ਅੰਮ੍ਰਿਤਸਰ ਦੇ ਨੇੜੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ; ਇਸੇ ਦਿਨ ਪੁਲਸ ਨੇ ਦਸੂਹਾ ਨੇੜੇ ਇਕਬਾਲ ਸਿੰਘ ਬਾਘਾ ਤੇ ਜੋਗਿੰਦਰ ਸਿੰਘ ਜਿੰਦੂ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1996: ਅਟਲ ਬਿਹਾਰੀ ਬਾਜਪਾਈ ਨੇ 1984 ਦੇ ਦਰਬਾਰ ਸਾਹਿਬ 'ਤੇ ਫ਼ੌਜੀ ਐਕਸ਼ਨ ਨੂੰ 'ਮੰਦਭਾਗਾ' ਕਿਹਾ (ਉਸ ਨੇ 1984 ਵਿਚ ਇਸ ਦੀ ਤਾਰੀਫ਼ ਕੀਤੀ ਸੀ)

26 ਮਈ 1996 ਦੇ ਦਿਨ ਅਟਲ ਬਿਹਾਰੀ ਬਾਜਪਾਈ ਨੇ ਇਕ ਬਿਆਨ ਵਿਚ ਕਿਹਾ 1984 ਦਾ ਦਰਬਾਰ ਸਾਹਿਬ ਤੇ ਫ਼ੌਜੀ ਐਕਸ਼ਨ 'ਮੰਦਭਾਗਾ' ਸੀ; ਉਸ ਨ ਇਸ ਦੀ ਨਿੰਦਾ ਨਹੀਂ ਕੀਤੀ ਤੇ ਇਸ ਨੂੰ ਗ਼ਲਤ ਨਹੀਂ ਕਿਹਾ; ਚੇਤੇ ਰਹੇ ਕਿ ਉਸ ਨੇ 1984 ਵਿਚ ਪਾਰਲੀਮੈਂਟ ਵਿਚ ਬੋਲਦਿਆਂ ਇਸ ਹਮਲੇ ਦੀ ਰੱਜਵੀਂ ਤਾਰੀਫ਼ ਕੀਤੀ ਸੀ।

27 ਮਈ

1710: ਬੰਦਾ ਸਿੰਘ ਬਹਾਦਰ ਨੇ ਪਹਿਲਾ ਦਰਬਾਰੇ-ਆਮ ਲਾ ਕੇ 'ਖਾਲਸਾ ਰਾਜ' ਦਾ ਐਲਾਨ ਕੀਤਾ ਅਤੇ ਸਿੱਖ ਰਾਜ ਦਾ ਸਿੱਕਾ ਤੇ ਮੁਹਰ ਚਲਾਈ

ਸਰਹੰਦ 'ਤੇ ਕਬਜ਼ਾ ਕਰਨ ਮਗਰੋਂ ਬੰਦਾ ਸਿੰਘ ਨੇ ਬਾਜ ਸਿੰਘ ਬੰਗੇਸ਼ਰੀ ਨੂੰ ਸਰਹੰਦ ਦਾ ਸੂਬੇਦਾਰ ਅਤੇ ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ-ਸੂਬੇਦਾਰ ਤਾਈਨਾਤ ਕੀਤਾ। ਇਸ ਮਗਰੋਂ ਬੰਦਾ ਸਿੰਘ ਨੇ 27 ਮਈ 1710 ਦੇ ਦਿਨ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇਕ ਇਕੱਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿਤਾ। ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ (ਵਾਹੀ ਕਰਨ ਵਾਲਾ ਕਿਰਸਾਨ) ਹੀ ਹੋਵੇਗਾ ਅਤੇ ਉਹ ਸਿਰਫ਼ ਇਕ ਤਿਹਾਈ ਵਟਾਈ ਸਰਕਾਰ ਨੂੰ ਬੰਧਾਨ ਵਜੋਂ ਦੇਵੇਗਾ। ਬੰਦਾ ਸਿੰਘ ਨੇ ਜ਼ਮੀਂਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਵੀ ਐਲਾਨ ਕਰ ਦਿਤਾ। ਇਹ ਬੰਦਾ ਸਿੰਘ ਹੀ ਸੀ ਜਿਸ ਨੇ 'ਦਲਿਤ' ਜਾਣੇ ਜਾਂਦੇ, ਹੀਣੇ ਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜੱਟ ਅਤੇ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਦੁਨੀਆਂ ਭਰ ਵਿਚ ਜਾਗੀਰਦਾਰੀ ਦਾ ਸਭ ਤੋਂ ਪਹਿਲਾ ਖ਼ਾਤਮਾ ਬਾਬਾ ਬੰਦਾ ਸਿੰਘ ਨੇ ਸਿੱਖ ਹੋਮਲੈਂਡ ਵਿਚ ਕੀਤਾ ਸੀ।

ਇਸ ਦੇ ਨਾਲ ਹੀ ਬੰਦਾ ਸਿੰਘ ਨੇ ਖਾਲਸਾ ਰਾਜ ਦਾ ਨਵਾਂ ਸਿੱਕਾ ਵੀ ਜਾਰੀ ਕੀਤਾ। ਇਸ ਦੇ ਇਕ ਪਾਸੇ ਇਹ ਲਿਖਿਆ ਸੀ: *ਸਿੱਕਾ ਜ਼ਦ ਬਰ ਹਰਦੋ ਆਲਮ, ਤੇਗ਼ਿ ਨਾਨਕ ਵਾਹਿਬ ਅਸਤ। ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ ਫ਼ਜ਼ਲਿ ਸੱਚਾ ਸਾਹਿਬ ਅਸਤ* (ਅਰਥ:

ਦੋਹਾਂ ਜਹਾਨਾਂ ਦੇ ਸੱਚੇ ਪਾਤਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ਼ ਹਰੇਕ ਦਾਤ ਬਖ਼ਸ਼ਦੀ ਹੈ; ਅਕਾਲ ਪੁਰਖ ਦੇ ਫ਼ਜ਼ਲ ਨਾਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ ਹੈ। ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ: *ਜ਼ਰਬ ਬ ਅਮਾਨੁਲ ਦਹਰ ਮਸੱਵਰਤ ਸ਼ਹਿਰ। ਜ਼ੀਨਤੁੱਲ ਬਖ਼ਤ ਮੁਬਾਰਕ ਬਖ਼ਤ।* (ਅਰਥ: *ਦੁਨੀਆਂ ਦੇ ਸਕੂਨ ਭਰੇ ਥਾਂ, ਜੰਨਤ ਵਰਗੇ ਸ਼ਹਿਰ, ਭਾਗਾਂ ਵਾਲੇ ਤਖ਼ਤ ਦੀ ਰਾਜਧਾਨੀ ਵਿਚ, ਜਾਰੀ ਹੋਇਆ*)।

ਖ਼ਾਲਸਾਈ ਸਿੱਕਾ ਜਾਰੀ ਕਰਨ ਮਗਰੋਂ ਸਿੱਖਾਂ ਵੱਲੋਂ ਖ਼ਾਲਸਾ ਰਾਜ ਦੀ ਮੁਹਰ ਵੀ ਜਾਰੀ ਕੀਤੀ ਗਈ, ਜਿਸ 'ਤੇ ਲਿਖਿਆ ਸੀ: *ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ॥ ਪਾਦਸ਼ਾਹ ਦੀਨੋ-ਦੁਨੀਆਂ ਆਪ ਸੱਚਾ ਸਾਹਿਬ ਅਸਤ॥* (ਅਰਥ: *ਅੰਦਰ-ਬਾਹਰ, ਸਾਰੇ ਪਾਸੇ, ਬਾਬਾ ਨਾਨਕ ਦੀ ਹੀ ਵਡਿਆਈ ਹੈ। ਉਹ ਸੱਚਾ ਰੱਬ ਦੀਨ-ਦੁਨੀਆਂ ਦੋਹਾਂ ਦਾ ਵਾਲੀ ਹੈ*)। ਮਗਰੋਂ ਇਸ ਦੀ ਥਾਂ 'ਤੇ ਹੇਠ ਲਿਖੀ ਮੁਹਰ ਜਾਰੀ ਕੀਤੀ ਗਈ: *ਦੇਗੋ-ਤੇਗ਼ੋ-ਫ਼ਤਿਹ-ਓ-ਨੁਸਰਤ ਬੇਦਿਰੰਗ। ਯਾਫ਼ਤ ਅਜ਼ ਨਾਨਕ - ਗੁਰੂ ਗੋਬਿੰਦ ਸਿੰਘ* (ਅਰਥ: *ਦੇਗ਼ ਤੇਗ਼ ਅਤੇ ਫ਼ਤਹਿ ਬਿਨਾਂ ਕਿਸੇ ਦੇਰੀ ਤੋਂ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ*)। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਬੰਦਾ ਸਿੰਘ ਨੇ ਨਾ ਤਾਂ ਆਪਣੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਨਾ ਹੀ ਉਸ ਨੇ ਆਪਣੇ ਨਾਂ ਦੀ ਮੁਹਰ ਚਲਾਈ। ਬੰਦਾ ਸਿੰਘ ਨੇ ਹਰ ਕਾਮਯਾਬੀ ਨੂੰ ਗੁਰੂ ਸਾਹਿਬ ਨੂੰ ਹੀ ਸਮਰਪਣ ਕੀਤਾ ਸੀ। ਦੁਨੀਆਂ ਭਰ ਦੀ ਤਵਾਰੀਖ਼ ਵਿਚ ਕਦੇ ਕਿਸੇ ਜੇਤੂ ਜਾਂ ਹਾਕਮ ਨੇ ਅੱਜ ਤਕ ਆਪਣੇ ਨਾਂ ਤੋਂ ਸਿਵਾ ਕਦੇ ਕਿਸੇ ਹੋਰ ਦੇ ਨਾਂ ਦਾ ਸਿੱਕਾ ਜਾਰੀ ਨਹੀਂ ਕੀਤਾ। ਹੋਰ ਤਾਂ ਹੋਰ, ਅੱਲ੍ਹਾ ਦੇ ਨਾਂ 'ਤੇ ਅਤੇ ਇਸਲਾਮ ਦੀ ਸ਼ਾਨ ਦੇ ਨਾਂ 'ਤੇ ਹਕੂਮਤਾਂ ਕਾਇਮ ਕਰਨ ਵਾਲੇ, ਮੁਸਲਮਾਨ ਰਾਜੇ ਵੀ ਆਪਣੇ ਨਾਂ ਦਾ ਸਿੱਕਾ ਜਾਰੀ ਕਰਿਆ ਕਰਦੇ ਸਨ ਤੇ ਆਪਣਾ ਖ਼ੁਤਬਾ ਪੜ੍ਹਵਾਇਆ ਕਰਦੇ ਸਨ। ਦੂਜੇ ਪਾਸੇ ਬੰਦਾ ਸਿੰਘ ਤਾਂ ਆਪਣੇ ਆਪ ਨੂੰ ਹਮੇਸ਼ਾ 'ਗੁਰੂ ਦਾ ਬੰਦਾ' ਆਖਿਆ ਕਰਦਾ ਸੀ। ਦੀ ਜਿੱਤ ਦੇ ਦਿਨ ਤੋਂ ਖ਼ਾਲਸੇ ਦਾ (ਬੰਦਾ ਸਿੰਘ ਦਾ ਨਹੀਂ) ਨਵਾਂ ਸੰਮਤ ਵੀ ਜਾਰੀ ਕੀਤਾ ਗਿਆ। ਭਾਵੇਂ ਬੰਦਾ ਸਿੰਘ ਨੇ ਸਰਹੰਦ ਦਾ ਨਿਜ਼ਾਮ ਬਾਜ਼ ਸਿੰਘ ਤੇ ਆਲੀ ਸਿੰਘ ਨੂੰ ਸੌਂਪ ਦਿੱਤਾ ਸੀ ਪਰ ਉਹ ਆਪ ਅਜੇ ਇੱਥੇ ਹੀ ਠਹਿਰਿਆ ਹੋਇਆ ਸੀ। ਉਸ ਨੇ ਸਾਰੀ ਦੌਲਤ ਜੋ ਘੱਟੋ-ਘੱਟ ਤਿੰਨ ਕਰੋੜ ਰੁਪਏ ਸੀ, ਗੱਡਿਆਂ 'ਤੇ ਲਦਵਾ ਕੇ ਲੋਹਗੜ੍ਹ ਕਿਲ੍ਹੇ ਵਲ ਭੇਜ ਦਿਤੀ। ਇਨ੍ਹੀਂ ਦਿਨੀਂ ਹੀ ਬੰਦਾ ਸਿੰਘ ਨੇ ਭਾਈ ਰਾਮ ਸਿੰਘ ਤੇ ਬਿਨੋਦ ਸਿੰਘ ਨੂੰ ਥਾਨੇਸਰ ਨਗਰ ਦੀ ਹਕੂਮਤ ਸੌਂਪ ਦਿਤੀ।

1987: ਮਸਤਾਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਈ 1987 ਦੇ ਦਿਨ ਪੁਲਸ ਨੇ ਮਸਤਾਨ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸੇ ਸ਼ਾਮ ਉਸ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਅਮਰੀਕ ਸਿੰਘ ਦੁਨੇਕਾ ਤੇ ਮਨਜੀਤ ਸਿੰਘ ਉਰਫ਼ ਮਿੰਨੀ ਬਾਬਾ ਨਕਲੀ ਮੁਕਾਬਲੇ ਵਿਚ ਸ਼ਹੀਦ

26 ਤੇ 27 ਮਈ 1987 ਦੀ ਰਾਤ ਨੂੰ ਪੰਜਾਬ ਪੁਲੀਸ ਨੇ ਅਮਰੀਕ ਸਿੰਘ (ਪੁੱਤਰ ਗੁਰਦੇਵ ਸਿੰਘ) ਤੇ ਮਨਜੀਤ ਸਿੰਘ ਉਰਫ਼ ਮਿੰਨੀ ਬਾਬਾ (ਦੋਵੇਂ ਵਾਸੀ ਦੁਨੇਕਾ ਫ਼ਰੀਦਕੋਟ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991 ਕਰਤਾਰ ਸਿੰਘ ਅਦਲੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਈ 1991 ਦੇ ਦਿਨ ਪੁਲਸ ਨੇ ਕਰਤਾਰ ਸਿੰਘ (ਪੁੱਤਰ ਬੂਟਾ ਸਿੰਘ, ਵਾਸੀ ਅਦਲੀਵਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਇੰਦਰਪਾਲ ਸਿੰਘ ਗਿੱਲ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਇੰਦਰਪਾਲ ਸਿੰਘ ਗਿੱਲ (ਵਾਸੀ ਭਾਈ ਰਨਧੀਰ ਸਿੰਘ ਨਗਰ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਲਖਵਿੰਦਰ ਸਿੰਘ ਅਦਲੀਵਾਲ, ਗਿਆਨ ਸਿੰਘ ਸੱਜਾਦਾ, ਕੁਲਵਿੰਦਰ ਸਿੰਘ ਪੱਪੂ ਵਲਟੋਹਾ, ਰਣਜੀਤ ਸਿੰਘ ਰਾਣਾ ਵਲਟੋਹਾ, ਗੁਰਦਿਆਲ ਸਿੰਘ ਕੌਲੀ, ਕਸ਼ਮੀਰ ਸਿੰਘ ਰਾਣਾ ਕੱਲੋ ਮਹਿਲ, ਜਰਨੈਲ ਸਿੰਘ ਰਾਣਾ ਸੁਲਤਾਨਵਿੰਡ, ਰਾਮ ਸਿੰਘ ਰਾਣਾ ਮੱਦੀ ਕੰਮੋਕੇ, ਪਰਮਿੰਦਰ ਸਿੰਘ ਜਲੋਟਾ ਜਲਾਲਪੁਰ, ਸਵੰਬਰ ਸਿੰਘ ਲੁਧਿਆਣਾ, ਕੁਲਬੀਰ ਸਿੰਘ, ਨਰਿੰਦਰਪਾਲ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ;ਅਨਾਰ ਸਿੰਘ ਪਾਹੜਾ ਵੀ ਸ਼ਹੀਦ ਹੋਇਆ

27 ਮਈ 1992 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ, ਅਦਲੀਵਾਲ, ਅੰਮ੍ਰਿਤਸਰ), ਗਿਆਨ ਸਿੰਘ (ਪੁੱਤਰ ਮਿਲਖਾ ਸਿੰਘ, ਵਾਸੀ ਸੱਜਾਦਾ, ਅੰਮ੍ਰਿਤਸਰ), ਕੁਲਵਿੰਦਰ ਸਿੰਘ ਉਰਫ਼ ਪੱਪੂ (ਪੁੱਤਰ ਜੱਸਾ ਸਿੰਘ, ਵਾਸੀ ਵਲਟੋਹਾ, ਤਰਨਤਾਰਨ), ਰਣਜੀਤ ਸਿੰਘ ਉਰਫ਼ ਰਾਣਾਂ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਵਲਟੋਹਾ, ਤਰਨਤਾਰਨ), ਗੁਰਦਿਆਲ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਕੌਲੀ, ਪਟਿਆਲਾ), ਕਸ਼ਮੀਰ ਸਿੰਘ ਰਾਣਾ (ਪੁੱਤਰ ਮੱਖਣ ਸਿੰਘ, ਵਾਸੀ ਕੱਲੋ ਮਹਿਲ), ਜਰਨੈਲ ਸਿੰਘ ਰਾਣਾ (ਪੁੱਤਰ ਪ੍ਰੀਤਮ ਸਿੰਘ, ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ), ਰਾਮ ਸਿੰਘ ਰਾਣਾ (ਪੁੱਤਰ ਮੋਹਨ ਸਿੰਘ, ਵਾਸੀ ਮੱਦੀ ਕੰਮੋਕੇ), ਪਰਮਿੰਦਰ ਸਿੰਘ ਜਲੋਟਾ (ਵਾਸੀ ਜਲਾਲਪੁਰ, ਨੇੜੇ ਅਮਲੋਹ), ਸਵੰਬਰ ਸਿੰਘ ਲੁਧਿਆਣਾ, ਕੁਲਬੀਰ ਸਿੰਘ, ਨਰਿੰਦਰਪਾਲ ਸਿੰਘ ਉਰਫ਼ ਰਾਜਕੁਮਾਰ ਤੇ 5 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਪੰਜਾਬ ਪੁਲਸ ਦੀ ਇਕ ਟੀਮ ਨੇ ਅਨਾਰ ਸਿੰਘ ਪਾਹੜਾ ਨੂੰ ਵੀ ਨੰਦੇੜ ਕੋਲ ਸ਼ਹੀਦ ਕਰ ਦਿੱਤਾ ਗਿਆ।

1993: ਪਿਆਰਾ ਸਿੰਘ ਚੋਲਾ ਸਾਹਿਬ ਨਕਲੀ ਮੁਕਾਬਲੇ ਵਿਚ ਸ਼ਹੀਦ

27 ਮਈ 1993 ਦੇ ਦਿਨ ਪੁਲਸ ਨੇ ਪਿਆਰਾ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਚੋਲਾ ਸਾਹਿਬ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1997: ਅਕਾਲੀ ਆਗੂ ਆਤਮਾ ਸਿੰਘ ਦੀ ਮੌਤ

ਅਕਾਲੀ ਆਗੂ ਆਤਮਾ ਸਿੰਘ ਦਾ ਜਨਮ 1912 ਵਿਚ ਪਿੰਡ ਸੁਖਦੇਵ ਸਿੰਘ ਵਾਲਾ (ਜ਼ਿਲਾ ਸ਼ੇਖ਼ੂਪੁਰਾ, ਪਾਕਿਸਤਾਨ) ਵਿਚ ਹੋਇਆ ਸੀ। ਸਕੂਲ ਦੀ ਪੜ੍ਹਾਈ ਖ਼ਤਮ ਕਰਨ ਮਗਰੋਂ ਉਹ ਨਾਨਕਾਣਾ ਸਾਹਿਬ ਗੁਰਦੁਆਰੇ ਵਿਚ ਨੌਕਰੀ ਕਰਨ ਲਗ ਪਿਆ ਤੇ ਇੱਥੇ ਉਸ ਦੇ ਨਾਂ ਨਾਲ ਹੋਰ ਕਲਰਕਾਂ ਵਾਂਙ 'ਬਾਬੂ' ਲਫ਼ਜ਼ ਜੁੜ ਗਿਆ। ਉਸ ਦੀ ਸ਼ਾਦੀ ਤੇਜ ਕੌਰ ਨਾਲ ਹੋਈ ਜਿਸ ਤੋਂ ਦੋ ਧੀਆਂ ਨੇ ਜਨਮ ਲਿਆ: ਵੱਡੀ ਸੁਰਜੀਤ ਕੌਰ ਤੇ ਨਿੱਕੀ ਉਪਿੰਦਰ ਕੌਰ (ਜੋ ਪਿਤਾ ਦੀ ਮੌਤ ਮਗਰੋਂ ਮਗਰੋਂ ਵਜ਼ੀਰ ਬਣੀ)। ਆਤਮਾ ਸਿੰਘ 1952 1957,19 69, ਤੇ 1977 ਵਿਚ ਸੁਲਤਾਨਪੁਰ ਹਲਕੇ ਤੋਂ ਐਮ.ਐਲ.ਦੇ ਚੁਣਿਆ ਗਿਆ। 1967, 1969 ਤੇ 1977 ਵਿਚ ਉਹ ਵਜ਼ੀਰ ਵੀ ਬਣਿਆ।ਉਸ ਦੀ ਮੌਤ 27 ਮਈ 1997 ਦੇ ਦਿਨ ਹੋਈ।

28 ਮਈ

1948: ਊਧਮ ਸਿੰਘ ਨਾਗੋਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ

ਭਾਰਤ 'ਚੋਂ ਅੰਗਰੇਜ਼ਾਂ ਦੇ ਚਲੇ ਜਾਣ ਮਗਰੋਂ ਸਾਰੀ ਤਾਕਤ ਹਿੰਦੂ ਆਗੂਆਂ ਦੇ ਹੱਥ ਆ ਗਈ; ਪੰਜਾਬ ਵਿਚ ਵੀ ਇਕ ਬ੍ਰਾਹਮਣ ਗੋਪੀ ਚੰਦ ਭਾਰਗੋ ਚੀਫ਼ ਮਨਿਸਟਰ ਬਣਿਆ। ਇਸ ਹਾਲਤ ਵਿਚ ਬਹੁਤ ਸਾਰੇ ਸਿੱਖ ਆਗੂ ਵੀ ਸਰਕਾਰ ਵਿਚ ਭਾਈਵਾਲ ਬਣਨਾ ਚਾਹੁੰਦੇ ਸਨ। ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਵਾਸਤੇ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਫੁਟ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਬਾਵਾ ਬਚਿੱਤਰ ਸਿੰਘ ਹਾਜ਼ਰ ਸਨ। ਗਿਆਨੀ ਕਰਤਾਰ ਸਿੰਘ ਨੇ ਜਦ ਕਾਂਗਰਸ ਵਿਚ ਆਪਣੀ ਥਾਂ ਬਣਾ ਲਈ ਤਾਂ ਊਧਮ ਸਿੰਘ ਨਾਗੋਕੇ ਨੇ ਵੀ ਕਾਂਗਰਸ ਨੂੰ ਆਪਣੀ ਵਫ਼ਾਦਾਰੀ ਦਾ ਯਕੀਨ ਦਿਵਾਉਣ ਵਾਸਤੇ ਵਾਅਦਾ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਮਾਸਟਰ ਤਾਰਾ ਸਿੰਘ ਦੇ ਹੱਥਾਂ ਵਿਚ ਨਹੀਂ ਜਾਣ ਦੇਵੇਗਾ; ਇਸ ਕਰ ਕੇ ਉਹ ਆਪ 28 ਮਈ 1948 ਦੇ ਦਿਨ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣ ਗਿਆ। ਹੁਣ ਸ਼੍ਰੋਮਣੀ ਕਮੇਟੀ ਅਤੇ ਸਾਰੇ ਅਕਾਲੀ ਲੈਜਿਸਲੇਚਰ (ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰ) ਕਾਂਗਰਸ ਦੀ ਜੇਬ੍ਹ ਵਿਚ ਸਨ।

1984: ਸ਼੍ਰੋਮਣੀ ਅਕਾਲੀ ਦਲ ਨੇ 3 ਜੂਨ ਤੋਂ ਨਾਮਿਲਵਰਤਣ ਲਹਿਰ ਚਲਾਉਣ ਦਾ ਐਲਾਣ ਕੀਤਾ

1982 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁੱਧ ਮੋਰਚਾ ਲਾਇਆ ਹੋਇਆ ਸੀ; ਇਸ ਵਾਰ ਇੰਦਰਾ ਗਾਂਧੀ ਨੇ ਵੀ ਸਿੱਖਾਂ ਨੂੰ ਬੁਰੀ ਤਰ੍ਹਾਂ 'ਕੁਚਲਣ' ਦਾ ਇਰਾਦਾ ਕੀਤਾ; ਇਸ ਹੇਠ ਉਸ ਦੀ ਪਲਾਨ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਸੀ; ਉਸ ਨੇ 1982 ਵਿਚ ਹੀ ਇਸ ਵਾਸਤੇ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹੋਈਆਂ ਸਨ। ਪਰ ਦੂਜੇ ਪਾਸੇ ਇੰਦਰਾ ਨੇ ਅਕਾਲੀਆਂ ਨੂੰ ਗੱਲਬਾਤ ਵਿਚ ਵੀ ਉਲਝਾਈ ਰੱਖਿਆ। ਸਰਕਾਰ ਤੇ ਅਕਾਲੀਆਂ ਵਿਚ ਆਖ਼ਰੀ ਮੁਲਾਕਾਤ 26 ਮਈ 1984 ਨੂੰ ਹੋਈ ਸੀ ਤੇ ਆਪਸ ਵਿਚ ਬਹੁਤ ਸਾਰੇ ਨੁਕਤਿਆਂ 'ਤੇ ਸਮਝੌਤਾ ਹੋ ਗਿਆ ਸੀ; ਕਿਉਂ ਕਿ ਇਸ ਮੀਟਿੰਗ ਵਿਚ 'ਮੈਡਮ' (ਇੰਦਰਾ ਗਾਂਧੀ) ਹਾਜ਼ਰ ਨਹੀਂ ਸੀ ਅਤੇ ਉਸ ਦੀ ਮਨਜ਼ੂਰੀ ਲੈਣੀ ਬਾਕੀ ਸੀ; ਇਸ ਕਰ ਕੇ ਐਲਾਣ ਅਗਲੇ ਦਿਨ 27 ਮਈ 'ਤੇ ਮੁਲਤਵੀ ਕਰ ਦਿੱਤਾ ਗਿਆ ਸੀ; ਪਰ 27 ਮਈ ਨੂੰ ਸਰਕਾਰ ਨੇ ਉਲਟਾ ਅਕਾਲੀਆਂ ਨਾਲ ਗਲਬਾਤ ਫੇਲ੍ਹ ਹੋਣ ਦਾ ਐਲਾਨ ਕਰ ਦਿੱਤਾ। ਇਸ 'ਤੇ 28 ਮਈ ਨੂੰ ਅਕਾਲੀ ਦਲ ਨੇ ਪੰਜਾਬ ਵਿਚ 3 ਜੂਨ 1984 ਤੋਂ ਨਾ-ਮਿਲਵਰਤਣ ਲਹਿਰ ਚਲਾਉਣ ਦਾ ਐਲਾਨ ਕਰ ਦਿੱਤਾ। ਉਂਞ ਤਾਂ ਸਰਕਾਰ ਨੂੰ ਪਤਾ ਸੀ ਕਿ ਸਿਵਲ ਨਾ ਫ਼ੁਰਮਾਨੀ ਦੇ ਨਾਂ ਹੇਠ ਅਕਾਲੀ ਪਾਰਟੀ ਨੇ ਕੋਈ ਕਾਰਵਾਈ ਨਹੀਂ ਕਰਨੀ; ਪਰ ਉਹ ਤਾਂ ਸਿੱਖਾਂ ਨੂੰ 'ਸਬਕ ਸਿਖਾਉਣ' ਦੀਆਂ ਸਾਜ਼ਿਸ਼ਾਂ ਕਈ ਸਾਲਾਂ ਤੋਂ ਤਿਆਰ ਕਰੀ ਬੈਠੀ ਸੀ ਤੇ ਹੁਣ ਤਾਂ ਬੱਸ ਐਕਸ਼ਨ ਹੀ ਹੋਣਾ ਸੀ। ਅਖ਼ੀਰ ਇੰਦਰਾ ਨੇ ਸਿੱਖਾਂ ਨੂੰ ਸਬਕ ਸਿਖਾਉਣ ਅਤੇ ਹਿੰਦੂ ਵੋਟਾਂ ਨੂੰ ਹੂੰਝਾ ਫੇਰਨ ਦੀ ਸੋਚ ਨਾਲ ਦਰਬਾਰ ਸਾਹਿਬ 'ਤੇ ਫ਼ੌਜੀ ਐਕਸ਼ਨ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਜੂਨ 1984 ਦੇ ਇੰਦਰਾ ਦੇ ਇਸ ਐਕਸ਼ਨ ਨੇ ਪੰਜਾਬ ਤੇ ਭਾਰਤ ਦੀ ਤਵਾਰੀਖ਼ ਨੂੰ ਹੈਰਾਨਕੁਨ ਪਰ ਖ਼ਤਰਨਾਕ ਮੋੜ ਦੇਣਾ ਸੀ, ਜਿਸ ਨਾਲ ਸਿੱਖ ਤੇ ਪੰਜਾਬ ਸਿਆਸਤ ਹੀ ਨਹੀਂ,

ਬਲਕਿ ਸਿੱਖ ਭਾਰਤ ਸਬੰਧਾਂ ਅਤੇ ਸਿੱਖ-ਹਿੰਦੂ ਸਬੰਧਾਂ ਵਿਚ ਵੀ ਕਦੇ ਨਾ ਪੂਰੀਆਂ ਹੋਣ ਵਾਲੀਆਂ ਤਰੇੜਾਂ ਪੈ ਜਾਣੀਆਂ ਸਨ। ਪਰ, ਇੰਦਰਾ ਗਾਂਧੀ ਨੂੰ ਸਿਰਫ਼ ਅਗਲੀਆਂ ਚੋਣਾਂ ਹੀ ਨਜ਼ਰ ਆ ਰਹੀਆਂ ਸਨ।

1988: ਤਿੰਨ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਅਤੇ ਬਘੇਲ ਸਿੰਘ, ਸਰਬਜੀਤ ਸਿੰਘ ਬਰਨਾਲਾ ਅਤੇ ਇਕ ਹੋਰ ਨੇ ਸਾਈਨਾਈਡ ਦਾ ਕੈਪਸੂਲ ਖਾ ਕੇ ਜਾਨ ਦਿੱਤੀ

28 ਮਈ 1988 ਦੇ ਦਿਨ ਪੁਲਸ ਨੇ ਤਿੰਨ ਸਿੱਖ ਨੌਜਵਾਨਾਂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਬਘੇਲ ਸਿੰਘ ਉਰਫ਼ ਕੜਾਕਾ ਸਿੰਘ, ਸਰਬਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦਾ ਇਕ ਹੋਰ ਸਾਥੀ ਪੁਲਸ ਦੇ ਘੇਰੇ ਵਿਚ ਆ ਗਏ। ਉਨ੍ਹਾਂ ਨੂੰ ਪਤਾ ਸੀ ਕਿ ਪੁਲਸ ਨੇ ਉਨ੍ਹਾਂ 'ਤੇ ਬੇਪਨਾਹ ਤਸ਼ੱਦਦ ਕਰ ਕੇ ਅਖ਼ੀਰ ਨਕਲੀ ਮੁਕਾਬਲੇ ਵਿਚ ਮਾਰ ਹੀ ਦੇਣਾ ਹੈ। ਇਸ ਕਰ ਕੇ ਪੁਲਸ ਤਸੀਹਿਆਂ ਤੋਂ ਬਚਣ ਵਾਸਤੇ ਉਨ੍ਹਾਂ ਨੇ ਪੋਟਾਸ਼ੀਅਮ ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਜਾਮ ਪੀ ਲਿਆ।

1989: ਬਚਿਤਰ ਸਿੰਘ ਤੇ ਸਰਬਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

28 ਮਈ 1989 ਦੇ ਦਿਨ ਪੁਲਸ ਨੇ ਬਚਿਤਰ ਸਿੰਘ (ਪੁਤਰ ਕਰਤਾਰ ਸਿੰਘ, ਵਾਸੀ ਪਿੰਡ ਕਾਲੜਾ) ਅਤੇ ਬਲਵਿੰਦਰ ਸਿੰਘ (ਪੁਤਰ ਜੋਗਿੰਦਰ ਸਿੰਘ, ਵਾਸੀ ਪਿੰਡ ਲੁਹਾੜਕਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਲਖਵਿੰਦਰ ਸਿੰਘ ਬਾਦਸ਼ਾਹਪੁਰ ਤੇ ਬਿਕਰਮ ਸਿੰਘ ਕੰਮੇਕੇ ਨਕਲੀ ਮੁਕਾਬਲੇ ਵਿਚ ਸ਼ਹੀਦ

28 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਲਖਵਿੰਦਰ ਸਿੰਘ ਉਰਫ਼ ਲੱਖਾ (ਵਾਸੀ ਬਾਦਸ਼ਾਹਪੁਰ, ਬਠਿੰਡਾ), ਤੇ ਬਿਕਰਮ ਸਿੰਘ (ਵਾਸੀ ਕੰਮੇਕੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2009: ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਰਾਮਾਨੰਦ ਵਾਸਤੇ ਪਾਠ ਰਖ ਕੇ ਅਕਾਲ ਤਖ਼ਤ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਤੇ ਕਤਲ ਹੋਏ ਗੁਰ-ਨਿੰਦਕ ਰਾਮਾ ਨੰਦ ਸਾਧ ਵਾਸਤੇ ਬਾਦਲ ਨੇ ਅਕਾਲ ਤਖ਼ਤ ਸਾਹਿਬ 'ਤੇ ਪਾਠ ਰਖਵਾ ਕੇ ਭੋਗ ਪੁਆਇਆ ਤੇ ਤਖ਼ਤ ਸਾਹਿਬ ਦੀ ਘੋਰ ਬੇਅਦਬੀ ਕੀਤੀ; ਇਸ ਮੌਕੇ ਤੇ ਬਾਦਲ ਤੋਂ ਇਲਾਵਾ ਗੁਰਬਚਨ ਸਿੰਘ ਤੇ ਪੂਰਨ ਸਿੰਘ ਗ੍ਰੰਥੀਆਂ ਤੋਂ ਇਲਾਵਾ ਕਿਰਨਜੋਤ ਕੌਰ (ਡਾ. ਰਾਜਿੰਦਰ ਕੌਰ ਦੀ ਧੀ ਅਤੇ ਮਾਸਟਰ ਤਾਰਾ ਸਿੰਘ ਦੀ ਦੋਹਤਰੀ) ਵੀ ਹਾਜ਼ਰ ਸੀ।

29 ਮਈ

1960: ਪੰਜਾਬੀ ਸੂਬਾ ਮੋਰਚਾ ਵਾਸਤੇ ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿਚ ਪਹਿਲਾ ਜਥਾ ਮੰਜੀ ਸਾਹਿਬ ਤੋਂ ਰਵਾਨਾ ਹੋਇਆ

22 ਮਈ 1960 ਦੀ ਅੰਮ੍ਰਿਤਸਰ ਦੀ ਕਨਵੈਨਸ਼ਨ ਵਿਚ ਪੰਜਾਬੀ ਸੂਬੇ ਬਾਰੇ ਮੋਰਚਾ ਲਾਉਣ ਦਾ ਜ਼ਿਕਰ ਤਕ ਨਹੀਂ ਸੀ। ਅਕਾਲੀ ਦਲ ਨੇ ਸਿਰਫ਼ ਇਹ ਐਲਾਨ ਹੀ ਕੀਤਾ ਸੀ ਕਿ ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਪ੍ਰਚਾਰ ਕੀਤਾ ਜਾਏ ਅਤੇ

ਇਸ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਏ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਸਤੇ ਮਾਸਟਰ ਤਾਰਾ ਸਿੰਘ ਨੇ 29 ਮਈ 1960 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ 11 ਸਿੱਖਾਂ ਦਾ ਇਕ ਜਥਾ ਲੈ ਕੇ ਜਾਣਾ ਸੀ। ਪੰਜਾਬ ਵਿਚ ਕੈਰੋਂ ਦੀ ਸਰਕਾਰ ਸੀ। ਉਹ ਦਿੱਲੀ ਸਰਕਾਰ, ਖ਼ਾਸ ਕਰ ਕੇ ਜਵਾਹਰ ਲਾਲ ਨਹਿਰੂ, ਨੂੰ ਖ਼ੁਸ਼ ਕਰਨ ਵਾਸਤੇ 24-25 ਮਈ ਦੀ ਦਰਮਿਆਨੀ ਰਾਤ ਨੂੰ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਾਵੇਂ ਮਾਸਟਰ ਤਾਰਾ ਸਿੰਘ ਜੇਲ੍ਹ ਵਿਚ ਸੀ ਪਰ ਮਿੱਥੇ ਹੋਏ ਐਲਾਨ ਮੁਤਾਬਿਕ 29 ਮਈ ਨੂੰ ਜਥਾ ਦਿਲੀ ਦੇ 12 ਜੂਨ ਦੇ ਜਲੂਸ ਦੀ ਅਗਵਾਈ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੋਂ ਟੋਰਿਆ ਗਿਆ। ਇਸ ਜਥੇ ਦੀ ਅਗਵਾਈ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਨੇ ਕੀਤੀ। ਜਥੇ ਦੇ ਟੁਰਨ ਵੇਲੇ ਅਕਾਲ ਤਖ਼ਤ ਸਾਹਿਬ 'ਤੇ 40 ਹਜ਼ਾਰ ਤੋਂ ਵੱਧ ਸਿੱਖ ਹਾਜ਼ਰ ਸਨ। ਇਸ ਜਥੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੁਰਅਮਨ ਰਹਿਣ ਦਾ ਪ੍ਰਣ ਕੀਤਾ ਅਤੇ ਅਰਦਾਸ ਕਰਨ ਮਗਰੋਂ ਹਜ਼ਾਰਾਂ ਸੰਗਤਾਂ ਨਾਲ ਇਹ ਜਥਾ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਤੋਂ ਚਲਿਆ। ਜਥਾ ਚਾਟੀਵਿੰਡ ਫਾਟਕ ਤਕ ਪੈਦਲ ਗਿਆ ਅਤੇ ਇਸ ਤੋਂ ਬਾਅਦ ਉਹ ਟਾਂਗਿਆਂ ਤੇ ਸਵਾਰ ਹੋ ਕੇ ਤਰਨਤਾਰਨ ਦੀ ਸੜਕ ਵਲ ਚਲ ਪਏ। ਉਸ ਵੇਲੇ ਤਕ ਸਰਕਾਰ ਨੇ ਜਥੇ ਦੀ ਗ੍ਰਿਫ਼ਤਾਰੀ ਵਾਸਤੇ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ। ਹੋਰ ਤਾਂ ਹੋਰ ਅਜੇ ਤਕ ਦਫ਼ਾ 144 ਵੀ ਨਹੀਂ ਸੀ ਲੱਗੀ। ਜਥਾ ਵਧਦਾ-ਵਧਦਾ ਕੋਹਮਾ ਦੇ ਪੁਲ ਤਕ ਪਹੁੰਚ ਪਿਆ। ਉਸ ਵੇਲੇ ਤਕ ਤਕਰੀਬਨ 10 ਹਜ਼ਾਰ ਸਿੱਖ ਵੀ ਜਥੇ ਦੇ ਨਾਲ ਚਲ ਰਹੇ ਸਨ।

ਜਦੋਂ ਜਥਾ ਗੁਰਦੁਆਰਾ ਸੰਗਰਾਣਾ ਸਾਹਿਬ ਦੇ ਕੋਲ ਪਹੁੰਚਿਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਪੁਲਿਸ ਉੱਥੇ ਹਾਜ਼ਰ ਸੀ। ਪੁਲਿਸ ਨੇ ਜਥੇ ਦੇ ਟਾਂਗਿਆਂ ਨੂੰ ਰੋਕ ਲਿਆ ਅਤੇ ਪ੍ਰਿੰਸੀਪਲ ਇਕਬਾਲ ਸਿੰਘ ਨੇ ਆਖਿਆ ਕਿ ਤੁਸੀਂ ਅਤੇ ਤੁਹਾਡਾ ਜਥਾ ਗ੍ਰਿਫ਼ਤਾਰ ਹੋ ਚੁੱਕੇ ਹੋ ਅਤੇ ਇਸ ਕਰ ਕੇ ਟਾਂਗਿਆਂ ਤੋਂ ਉਤਰ ਕੇ ਪੁਲਿਸ ਦੀਆਂ ਗੱਡੀਆਂ ਵਿਚ ਬੈਠ ਜਾਓ। ਜਦ ਪ੍ਰਿੰਸੀਪਲ ਇਕਬਾਲ ਸਿੰਘ ਨੇ ਉਨ੍ਹਾਂ ਕੋਲੋਂ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਟ੍ਰੈਫ਼ਿਕ ਐਕਟ ਹੇਠ ਕੀਤੀ ਗਈ ਹੈ ਕਿਉਂਕਿ ਤੁਹਾਡੇ ਜਥੇ ਨੇ ਸੜਕ ਉੱਤੇ ਆਵਾਜਾਈ ਵਿਚ ਰੁਕਾਵਟ ਪਾਈ ਹੈ।

1981: ਅੰਮ੍ਰਿਤਸਰ ਵਿਚ ਫ਼ਿਰਕੂ ਹਿੰਦੂਆਂ ਨੇ ਸਿੱਖਾਂ ਦੇ ਖ਼ਿਲਾਫ਼ ਜਲੂਸ ਕੱਢਿਆ ਤੇ ਸਿੱਖਾਂ ਨੂੰ ਮੁਲਕ ਛੱਡ ਕੇ ਪਾਕਿਸਤਾਨ ਚਲੇ ਜਾਣ ਕਹਿਣ ਵਾਸਤੇ ਦੇ ਨਾਅਰੇ ਲਾਏ

ਅੰਮ੍ਰਿਤਸਰ ਸ਼ਹਿਰ (ਪਹਿਲੋਂ 'ਗੁਰੂ ਦਾ ਚੱਕ') ਚੌਥੇ ਗੁਰੂ, ਗੁਰੂ ਰਾਮਦਾਸ ਸਾਹਿਬ, ਨੇ ਵਸਾਇਆ ਸੀ, ਪੰਜਵੇਂ ਗੁਰੂ ਸਾਹਿਬ ਨੇ ਏਥੇ ਦਰਬਾਰ ਸਾਹਿਬ ਅਤੇ ਸਰੋਵਰ ਬਣਾਇਆ, ਛੇਵੇਂ ਗੁਰੂ ਸਾਹਿਬ ਨੇ ਏਥੇ ਅਕਾਲ ਤਖ਼ਤ ਸਾਹਿਬ (ਉਦੋਂ ਸਿਰਫ਼ ਇਕ ਥੜ੍ਹਾ) ਬਣਾਇਆ; ਇਸ ਸ਼ਹਿਰ ਵਿਚ ਤਕਰੀਬਨ ਇਕ ਲੱਖ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਸਨ; ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਅੰਮ੍ਰਿਤਸਰ ਇਕ ਪਾਕ (ਪਵਿੱਤਰ) ਸ਼ਹਿਰ ਹੈ। ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਸਤੰਬਰ 1915 ਵਿਚ ਇੱਕ ਹੁਕਮ ਜਾਰੀ ਕਰ ਕੇ ਇਸ ਸ਼ਹਿਰ ਵਿਚ ਸ਼ਰਾਬ ਦੀ ਵੇਚ 'ਤੇ ਪਾਬੰਦੀ ਲਾ ਕੇ, ਇਸ ਸ਼ਹਿਰ ਦੇ 'ਗੁਰੂ ਦੀ ਨਗਰੀ' ਅਤੇ 'ਪਾਕ' ਹੋਣ ਨੂੰ ਦੁਹਰਾਇਆ ਵੀ ਸੀ। ਪਰ 1947 ਵਿਚ ਜਦ ਫ਼ਿਰਕੂ ਹਿੰਦੂ ਹਾਕਮਾਂ ਨੇ ਅੰਗਰੇਜ਼ਾਂ ਤੋਂ ਹਕੂਮਤ ਸੰਭਾਲੀ ਤਾਂ ਹਿੰਦੂਆਂ ਨਾਲ ਸਬੰਧਤ ਸ਼ਹਿਰਾਂ ਨੂੰ ਛੱਡ ਕੇ ਬਾਕੀ ਸਾਰੇ ਧਰਮਾਂ ਨਾਲ ਸਬੰਧਤ ਸ਼ਹਿਰ ਨਾ-ਪਾਕ (ਅਪਵਿੱਤਰ), ਆਮ ਤੇ ਛੋਟੀ ਹੈਸੀਅਤ ਦੇ ਹੋ ਗਏ। ਕੁਰੂਕਸ਼ੇਤਰ, ਹਰਦੁਆਰ, ਰਿਸ਼ੀਕੇਸ਼, ਕਿਦਾਰਨਾਥ, ਬਦਰੀਨਾਥ 'ਪਾਕ' ਰਹਿ ਗਏ ਪਰ ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ

ਸਾਹਿਬ, ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਲਵੰਡੀ ਸਾਬੋ (ਦਮਦਮਾ ਸਾਹਿਬ), ਫ਼ਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਜਾਂ ਫਿਰ ਅਜਮੇਰ ਸ਼ਰੀਫ਼ ਵਗ਼ੈਰਾ 'ਪਾਕ' ਨਹੀਂ ਰਹੇ ਕਿਉਂਕਿ ਇਹ ਸ਼ਹਿਰ ਸਿੱਖਾਂ ਜਾਂ ਮੁਸਲਮਾਨਾਂ ਨਾਲ ਸਬੰਧਤ ਹਨ।

ਸਿੱਖ ਕਈ ਚਿਰ ਤੋਂ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਿਆ ਜਾਵੇ। ਸਿੱਖ ਕਾਫ਼ੀ ਦੇਰ ਤਕ ਸਰਕਾਰ ਦਾ ਐਲਾਨ ਉਡੀਕਦੇ ਰਹੇ। 24 ਸਤੰਬਰ 1980 ਨੂੰ ਗੁਰਚਰਨ ਸਿੰਘ ਟੌਹੜਾ ਨੇ ਪ੍ਰਾਈਮ ਮਨਿਸਟਰ ਇੰਦਰਾ ਨਾਲ ਇਕ ਮੁਲਾਕਾਤ ਵਿਚ ਅੰਮ੍ਰਿਤਸਰ ਬਾਰੇ ਐਲਾਨ ਕਰਨ ਵਾਸਤੇ ਮੰਗ ਕੀਤੀ ਵੀ ਸੀ ਪਰ ਫ਼ਿਰਕੂ ਪੱਤਾ ਖੇਡਣ ਵਾਲੀ ਇੰਦਰਾ ਅਜਿਹੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਅਖੀਰ ਸਿੱਖਾਂ ਨੇ, ਖ਼ਾਸ ਕਰ ਕੇ ਦਲ ਖ਼ਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ, ਇਸ ਵਾਸਤੇ ਜੱਦੋ-ਜਹਿਦ ਕਰਨ ਦਾ ਤਹੱਈਆ ਕਰ ਲਿਆ। ਇਨ੍ਹਾਂ ਦੋਹਾਂ ਜਥੇਬੰਦੀਆਂ ਨੇ ਐਲਾਨ ਕੀਤਾ ਕਿ 31 ਮਈ 1981 ਨੂੰ ਆਪਣੀ ਮੰਗ ਦੇ ਹੱਕ ਵਿਚ ਇਕ ਜਲੂਸ ਅੰਮ੍ਰਿਤਸਰ ਸ਼ਹਿਰ ਵਿਚ ਕੱਢਿਆ ਜਾਵੇ।

ਪਰ ਦਹਿਸ਼ਤਗਰਦ, ਬੁਨਿਆਦਪ੍ਰਸਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਹੋਏ ਹਿੰਦੂਆਂ ਕੋਲੋਂ ਏਨਾ ਵੀ ਨਾ ਜਰ ਹੋਇਆ ਕਿ ਸਿੱਖ 'ਮੁੰਡੇ' ਕੋਈ ਨਿੱਕਾ ਜਿਹਾ ਜਲੂਸ ਹੀ ਕੱਢ ਲੈਣ। ਉਨ੍ਹਾਂ ਨੇ ਸਿੱਖਾਂ ਦੇ ਜਲੂਸ ਤੋਂ ਦੋ ਦਿਨ ਪਹਿਲਾਂ ਹੀ, ਯਾਨੀ ਕਿ 29 ਮਈ ਨੂੰ, ਇਕ ਐਂਟੀ-ਸਿੱਖ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ। ਇਸ ਜਲੂਸ ਵਿਚ ਪੰਜਾਬ ਦੇ ਸਾਰੇ ਕਾਂਗਰਸੀ, ਜਨਸੰਘੀ (ਭਾਜਪਾ), ਆਰੀਆ ਸਮਾਜੀ, ਰਾਸ਼ਟਰ ਸੰਘੀ ਤੇ ਹੋਰ ਫ਼ਿਰਕੂ ਤੇ ਬੁਨਿਆਦਪ੍ਰਸਤ ਹਿੰਦੂ ਆਗੂ ਸ਼ਾਮਿਲ ਹੋਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਇਸ ਜਲੂਸ ਵਿਚ ਤ੍ਰਿਸ਼ੂਲ, ਤਲਵਾਰਾਂ, ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ। ਇਹ ਹਿੰਦੂ ਨਾਅਰੇ ਲਾ ਰਹੇ ਸਨ:*ਸਿਗਰਟ ਬੀੜੀ ਪੀਏਂਗੇ ਔਰ ਸ਼ਾਨ ਸੇ ਜੀਏਂਗੇ।*ਕੱਛ ਕੜਾ ਕਿਰਪਾਨ। ਸਿੱਖਾਂ ਨੂੰ ਭੇਜੋ ਪਾਕਿਸਤਾਨ। *ਹਿੰਦੂ-ਹਿੰਦੂ ਭਾਈ ਭਾਈ। *ਸਿੱਖਾ-ਸ਼ਾਹੀ ਨਹੀਂ ਚਲੇਗੀ। *ਉੜੀ ਐੜੀ ਨਹੀਂ ਪੜ੍ਹਾਂਗੇ। ਜੂੜਾ ਜੂੜੀ ਕਾਟ ਧਰੇਂਗੇ। ਇਸ ਜਲੂਸ ਵਿਚ ਚਲ ਰਹੇ ਹਿੰਦੂਆਂ ਨੇ ਰਾਹ ਜਾਂਦੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕਰ ਕੇ ਨੁਕਸਾਨ ਵੀ ਪਹੁੰਚਾਇਆ। 10,000 ਹਿੰਦੂਆਂ ਦੇ ਇਸ ਜਲੂਸ ਦੇ ਇਸ ਘਟੀਆ ਰੋਲ, ਗੁੰਡਾਗਰਦੀ, ਧੱਕੇ-ਸ਼ਾਹੀ ਅਤੇ ਬੇਵਕੂਫ਼ੀ ਬਾਰੇ ਇਕ ਹਿੰਦੂ ਅਖ਼ਬਾਰ ਨਵੀਸ, ਪ੍ਰੇਮ ਭਾਟੀਆ, ਨੇ 30 ਮਈ ਨੂੰ ਟ੍ਰਿਬਿਊਨ ਅਖ਼ਬਾਰ ਦੇ ਐਡੀਟੋਰੀਅਲ ਵਿਚ ਲਿਖਿਆ ਕਿ, 'ਕਲ੍ਹ 29 ਮਈ ਤੱਕ ਅਜੇਹਾ ਜਾਪਦਾ ਸੀ ਕਿ 500 ਤੋਂ 1000 ਤੱਕ ਸਿੱਖ ਇਸ ਜਲੂਸ ਵਿਚ ਸ਼ਾਮਿਲ ਹੋਣਗੇ ਪਰ ਏਡੇ ਵੱਡੇ ਹਿੰਦੂ ਜਲੂਸ ਦੇ ਨਤੀਜੇ ਵਜੋਂ ਦਲ ਖ਼ਾਲਸਾ ਤੇ ਸਿੱਖ ਸਟੂਡੈਂਟਸ ਦੇ ਜਲੂਸ ਦੀ ਤਾਦਾਦ ਬਹੁਤ ਵੱਡੀ ਹੋਵੇਗੀ।'

1987: ਪੁਲਸ ਤੇ ਫ਼ੌਜ ਨੇ ਤਰਨ ਤਾਰਨ ਵਿਚ 1400 ਕਿਲੋਮੀਟਰ ਦੇ ਏਰੀਆ ਵਿਚ ਕਰਫ਼ਿਊ ਲਾ ਕੇ ਘੇਰਾ ਪਾਇਆ; ਜਲੰਧਰ ਵਿਚ ਵੀ ਪੁਲਸ ਦਾ ਧਾਵਾ

ਬਰਨਾਲੇ ਦੀ ਸਰਕਾਰ ਦੇ ਖ਼ਤਮ ਹੋਣ ਮਗਰੋਂ ਰਬੈਰੋ ਨੇ ਸਿਰਫ਼ ਦੋ ਮਹੀਨੇ ਵਿਚ ਹੀ 100 ਤੋਂ ਵੱਧ ਸਿੱਖ ਨੌਜਵਾਨ ਫੜ ਕੇ ਮਾਰ ਦਿੱਤੇ। ਇਸ ਤੋਂ ਇਲਾਵਾ ਸੱਤ ਸੌ ਤੋ ਵੱਧ ਸਿੱਖ ਨੌਜਵਾਨ ਅਤੇ ਇਕ ਦਰਜਨ ਤੋਂ ਵੱਧ ਸਿੱਖ ਬੀਬੀਆਂ ਵੀ ਗ੍ਰਿਫ਼ਤਾਰ ਕੀਤੀਆਂ ਗਈਆਂ। 29 ਮਈ 1987 ਨੂੰ ਹਜ਼ਾਰਾਂ ਦੀ ਤਾਦਾਦ 'ਚ ਫ਼ੌਜ ਤੇ ਪੁਲੀਸ ਨੇ 1400 ਕਿਲੋਮੀਟਰ 'ਚ ਕਰਫ਼ਿਊ ਲਾ ਕੇ, 340 ਪਿੰਡਾਂ ਨੂੰ ਘੇਰਾ ਪਾ ਕੇ, ਘਰੋ-ਘਰ ਤਲਾਸ਼ੀ ਲਈ ਪਰ ਰਬੈਰੋ ਨੂੰ ਉੱਥੋਂ ਕੁਝ ਵੀ ਹਾਸਿਲ ਨਾ ਹੋਇਆ। ਬਿਲਕੁਲ 'ਮੰਡ ਅਪਰੇਸ਼ਨ' (ਜੁਲਾਈ 1986) ਵਾਂਗ ਇਸ 'ਚ ਵੀ ਬੇਸ਼ਰਮੀ ਲੁਕਾਉਣ ਵਾਸਤੇ ਪੁਲੀਸ ਨੇ ਘਰਾਂ ਵਿਚੋਂ ਬੇਕਸੂਰ ਨੌਜਵਾਨ ਮੁੰਡੇ ਅਤੇ ਮਹਿਮਾਨਾਂ ਨੂੰ

ਹਿਰਾਸਤ ਵਿਚ ਲੈ ਲਿਆ। ਪਹਿਲੋਂ ਜਲੰਧਰ ਸ਼ਹਿਰ ਦੇ ਮੁਹੱਲਿਆਂ ਹਰਨਾਮਦਾਸ ਪੁਰਾ, ਪ੍ਰੀਤਨਗਰ, ਅਮਨ ਨਗਰ, ਰਿਸ਼ੀਨਗਰ, ਸੰਤ ਨਗਰ, ਬਸ਼ੀਰ ਪੁਰਾ, ਗਾਜ਼ੀ ਗੁੱਲਾ, ਕਾਜ਼ੀ ਮੁਹੱਲਾ ਵਿਚ ਵੀ ਘਰ-ਘਰ ਦੀ ਤਲਾਸ਼ੀ ਲਈ ਸੀ ਪਰ ਕੁਝ ਵੀ ਹਥ ਨਹੀਂ ਆਇਆ ਸੀ। ਰਬੈਰੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਮਕਸਦ ਸਿੱਖਾਂ ਵਿਚ ਦਹਿਸ਼ਤ ਫੈਲਾਉਣਾ ਹੀ ਸੀ ਪਰ ਇਸ ਵਿਚ ਵੀ ਉਸ ਨੂੰ ਕਾਮਯਾਬੀ ਹਾਸਿਲ ਨਾ ਹੋ ਸਕੀ।

1987: ਕਿੱਕਰ ਸਿੰਘ ਭਾਗ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਕਿੱਕਰ ਸਿੰਘ (ਪੁੱਤਰ ਜੰਗੀਰ ਸਿੰਘ, ਵਾਸੀ ਭਾਗ ਸਿੰਘ ਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਦਲਜੀਤ ਸਿੰਘ ਸੁਲਤਾਨਪੁਰ ਤੇ ਮੇਜਰ ਸਿੰਘ ਸਾਂਙਣਾ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਦਲਜੀਤ ਸਿੰਘ, ਸੁਲਤਾਨਪੁਰ ਤੇ ਮੇਜਰ ਸਿੰਘ ਸਾਂਙਣਾ (ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਰਣਜੀਤ ਸਿੰਘ ਕਾਲਾ ਤੇ ਕੁਲਵੰਤ ਸਿੰਘ ਕੰਤਾ ਬੁੱਟਰ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਰਣਜੀਤ ਸਿੰਘ ਕਾਲਾ (ਵਾਸੀ ਬੁੱਟਰ ਕਲਾ, ਗੁਰਦਾਸਪੁਰ,) ਤੇ ਕੁਲਵੰਤ ਸਿੰਘ ਕੰਤਾ (ਵਾਸੀ ਬੁੱਟਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਸੁੱਖਾ ਮੁਰਾਦਪੁਰ, ਸੁਖਵਿੰਦਰ ਸਿੰਘ ਸੁੱਖੀ ਪੁਲ ਪੁਖਤਾ, ਸੁਖਵਿੰਦਰ ਸਿੰਘ ਬਿੱਟੂ ਫ਼ੀਰੋਜ਼ ਰੋਲੀਆ, ਸੁਖਦੇਵ ਸਿੰਘ ਲਾਲੀ ਤੇ ਉਸ ਦੇ ਪਿਤਾ ਸੁਲੱਖਣ ਸਿੰਘ ਪੰਜਗਰਾਈਆਂ, ਨਿਰਵੈਰ ਸਿੰਘ ਬੱਬੂ ਸੋਹੀਆਂ, ਮਨਜੀਤ ਸਿੰਘ ਜੱਗਾ ਭਾਗੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

29 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਸੁਖਵਿੰਦਰ ਸਿੰਘ ਸੁੱਖਾ ਉਰਫ਼ ਜੋਗਾ ਸਿੰਘ (ਵਾਸੀ ਮੁਰਾਦਪੁਰ), ਸੁਖਵਿੰਦਰ ਸਿੰਘ ਸੁੱਖੀ (ਵਾਸੀ ਪੁਲ ਪੁਖਤਾ), ਸੁਖਵਿੰਦਰ ਸਿੰਘ ਬਿੱਟੂ (ਵਾਸੀ ਫ਼ੀਰੋਜ਼ ਰੋਲੀਆ), ਸੁਖਦੇਵ ਸਿੰਘ ਲਾਲੀ ਅਤੇ ਉਸ ਦੇ ਪਿਤਾ ਸੁਲੱਖਣ ਸਿੰਘ (ਦੋਵੇਂ ਵਾਸੀ ਪੰਜਗਰਾਈਆਂ), ਨਿਰਵੈਰ ਸਿੰਘ ਬੱਬੂ (ਵਾਸੀ ਸੋਹੀਆਂ), ਮਨਜੀਤ ਸਿੰਘ ਜੱਗਾ (ਵਾਸੀ ਭਾਗੋਵਾਲ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਪੰਜ ਗਰਾਈਂ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1991 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਸੋਹਨ ਸਿੰਘ, ਵਾਸੀ ਪੰਜ ਗਰਾਈਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਨਰਿੰਦਰਪਾਲ ਸਿੰਘ, ਰਾਜਵੰਤ ਸਿੰਘ ਰਾਜੂ, ਪ੍ਰਤਾਪ ਸਿੰਘ ਛੂੱਟੋ, ਦਵਿੰਦਰ ਸਿੰਘ ਤਲਵੰਡੀ ਡੋਗਰਾਂ ਤੇ ਕੁਲਬੀਰ ਸਿੰਘ ਡੱਬੂ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

29 ਮਈ 1992 ਦੇ ਦਿਨ ਪੁਲਸ ਨੇ ਨਰਿੰਦਰਪਾਲ ਸਿੰਘ, ਰਾਜਵੰਤ ਸਿੰਘ ਰਾਜੂ, ਪ੍ਰਤਾਪ ਸਿੰਘ ਉਰਫ਼ ਭੁੱਟੋ, ਦਵਿੰਦਰ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਤਲਵੰਡੀ ਡੋਗਰਾਂ), ਕੁਲਬੀਰ ਸਿੰਘ ਚੰਦ ਉਰਫ਼ ਡੱਬੂ ਤੇ ਦੋ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਬਬਰ ਖਾਲਸਾ ਦੇ ਗੁਰਮੇਲ ਸਿੰਘ ਦੀ ਸ਼ਹੀਦੀ

29 ਮਈ 1993 ਦੇ ਦਿਨ ਬਬਰ ਖਾਲਸਾ ਦੇ ਗੁਰਮੇਲ ਸਿੰਘ (ਪੁੱਤਰ ਕੇਹਰ ਸਿੰਘ, ਵਾਸੀ ਥਾਂਦੇਵਾਲਾ, ਜ਼ਿਲ੍ਹਾ ਮੁਕਤਸਰ) ਨੇ ਸ਼ਹੀਦੀ ਹਾਸਿਲ ਕੀਤੀ। ਖਾਲਿਸਤਾਨ ਦੀ ਜੱਦੋਜਹਿਦ ਦੌਰਾਨ, 29 ਮਈ 1993 ਦੇ ਦਿਨ, ਜਦ ਉਹ ਭੁੱਲਰ ਪਿੰਡ ਵਿਚ ਇਕ ਖੇਤ ਵਿਚ ਆਰਾਮ ਕਰ ਰਿਹਾ ਸੀ ਤਾਂ ਕਿਸ ਦੁਸ਼ਮਣ ਦੀ ਇਤਲਾਹ 'ਤੇ ਪੰਜਾਬ ਪੁਲਸ ਨੇ ਉਸ ਨੂੰ ਘੇਰਾ ਪਾ ਲਿਆ। ਪਰ ਉਸ ਨੇ ਹਥਿਆਰ ਸੁੱਟਣ ਦੀ ਬਜਾਇ ਮੁਕਾਬਲਾ ਸ਼ੁਰੂ ਕਰ ਦਿੱਤਾ। ਦੋ ਘੰਟੇ ਦੀ ਲੜਾਈ ਪਿੱਛੋਂ ਜਦ ਉਸ ਕੋਲ ਕਾਰਤੂਸ ਮੁਕ ਗਏ, ਤਾਂ ਉਸ ਨੇ ਪੁਲਸ ਦੇ ਹੱਥ ਆ ਕੇ ਤਸੀਹੇ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ, ਸਾਇਆਨਾਈਡ ਦਾ ਕੈਪਸੂਲ ਨਿਗਲ ਕੇ ਆਪਣੀ ਜਾਨ ਦੇ ਦਿੱਤੀ।

1960: ਪੰਜਾਬੀ ਸੂਬਾ ਮੋਰਚਾ ਵਾਸਤੇ ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿਚ ਪਹਿਲਾ ਜਥਾ ਮੰਜੀ ਸਾਹਿਬ ਤੋਂ ਰਵਾਨਾ ਹੋਇਆ

22 ਮਈ 1960 ਦੀ ਅੰਮ੍ਰਿਤਸਰ ਦੀ ਕਨਵੈਨਸ਼ਨ ਵਿਚ ਪੰਜਾਬੀ ਸੂਬੇ ਬਾਰੇ ਮੋਰਚਾ ਲਾਉਣ ਦਾ ਜਿਕਰ ਤਕ ਨਹੀਂ ਸੀ। ਅਕਾਲੀ ਦਲ ਨੇ ਸਿਰਫ਼ ਇਹ ਐਲਾਨ ਹੀ ਕੀਤਾ ਸੀ ਕਿ ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਪ੍ਰਚਾਰ ਕੀਤਾ ਜਾਏ ਅਤੇ ਇਸ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਏ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਸਤੇ ਮਾਸਟਰ ਤਾਰਾ ਸਿੰਘ ਨੇ 29 ਮਈ 1960 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ 11 ਸਿੱਖਾਂ ਦਾ ਇਕ ਜਥਾ ਲੈ ਕੇ ਜਾਣਾ ਸੀ।ਪੰਜਾਬ ਵਿਚ ਕੈਰੋਂ ਦੀ ਸਰਕਾਰ ਸੀ। ਉਹ ਦਿੱਲੀ ਸਰਕਾਰ, ਖ਼ਾਸ ਕਰ ਕੇ ਜਵਾਹਰ ਲਾਲ ਨਹਿਰੂ, ਨੂੰ ਖੁਸ਼ ਕਰਨ ਵਾਸਤੇ 24-25 ਮਈ ਦੀ ਦਰਮਿਆਨੀ ਰਾਤ ਨੂੰ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਾਵੇਂ ਮਾਸਟਰ ਤਾਰਾ ਸਿੰਘ ਜੇਲ੍ਹ ਵਿਚ ਸੀ ਪਰ ਮਿਥੇ ਹੋਏ ਐਲਾਨ ਮੁਤਾਬਿਕ 29 ਮਈ ਨੂੰ ਜਥਾ ਦਿਲੀ ਦੇ 12 ਜੂਨ ਦੇ ਜਲੂਸ ਦੀ ਅਗਵਾਈ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੋਂ ਟੋਰਿਆ ਗਿਆ। ਇਸ ਜਥੇ ਦੀ ਅਗਵਾਈ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਨੇ ਕੀਤੀ। ਜਥੇ ਦੇ ਟੁਰਨ ਵੇਲੇ ਅਕਾਲ ਤਖ਼ਤ ਸਾਹਿਬ 'ਤੇ 40 ਹਜ਼ਾਰ ਤੋਂ ਵੱਧ ਸਿੱਖ ਹਾਜ਼ਰ ਸਨ। ਇਸ ਜਥੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੁਰਅਮਨ ਰਹਿਣ ਦਾ ਪ੍ਰਣ ਕੀਤਾ ਅਤੇ ਅਰਦਾਸ ਕਰਨ ਮਗਰੋਂ ਹਜ਼ਾਰਾਂ ਸੰਗਤਾਂ ਨਾਲ ਇਹ ਜਥਾ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਤੋਂ ਚਲਿਆ। ਜਥਾ ਚਾਟੀਵਿੰਡ ਫਾਟਕ ਤਕ ਪੈਦਲ ਗਿਆ ਅਤੇ ਇਸ ਤੋਂ ਬਾਅਦ ਉਹ ਟਾਂਗਿਆਂ ਤੇ ਸਵਾਰ ਹੋ ਕੇ ਤਰਨਤਾਰਨ ਦੀ ਸੜਕ ਵਲ ਚਲ ਪਏ। ਉਸ ਵੇਲੇ ਤਕ ਸਰਕਾਰ ਨੇ ਜਥੇ ਦੀ ਗ੍ਰਿਫ਼ਤਾਰੀ ਵਾਸਤੇ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ। ਹੋਰ ਤਾਂ ਹੋਰ ਅਜੇ ਤਕ ਦਫ਼ਾ 144 ਵੀ ਨਹੀਂ ਸੀ ਲੱਗੀ। ਜਥਾ ਵਧਦਾ-ਵਧਦਾ ਕਾਹਮਾ ਦੇ ਪੁਲ ਤਕ ਪਹੁੰਚ ਪਿਆ। ਉਸ ਵੇਲੇ ਤਕ ਤਕਰੀਬਨ 10 ਹਜ਼ਾਰ ਸਿੱਖ ਵੀ ਜਥੇ ਦੇ ਨਾਲ ਚਲ ਰਹੇ ਸਨ।

ਜਦੋਂ ਜਥਾ ਗੁਰਦੁਆਰਾ ਸੰਗਰਾਣਾ ਸਾਹਿਬ ਦੇ ਕੋਲ ਪਹੁੰਚਿਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਪੁਲਿਸ ਉੱਥੇ ਹਾਜ਼ਿਰ ਸੀ। ਪੁਲਿਸ ਨੇ ਜਥੇ ਦੇ ਟਾਂਗਿਆਂ ਨੂੰ ਰੋਕ ਲਿਆ ਅਤੇ ਪ੍ਰਿੰਸੀਪਲ ਇਕਬਾਲ ਸਿੰਘ ਨੇ ਆਖਿਆ ਕਿ ਤੁਸੀਂ ਅਤੇ ਤੁਹਾਡਾ ਜਥਾ ਗ੍ਰਿਫ਼ਤਾਰ ਹੋ ਚੁੱਕੇ ਹੋ

ਅਤੇ ਇਸ ਕਰ ਕੇ ਟਾਂਗਿਆਂ ਤੋਂ ਉਤਰ ਕੇ ਪੁਲਿਸ ਦੀਆਂ ਗੱਡੀਆਂ ਵਿਚ ਬੈਠ ਜਾਓ। ਜਦ ਪ੍ਰਿੰਸੀਪਲ ਇਕਬਾਲ ਸਿੰਘ ਨੇ ਉਨ੍ਹਾਂ ਕੋਲੋਂ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਦੇ ਵਾਰੰਟ ਮੰਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਟ੍ਰੈਫ਼ਿਕ ਐਕਟ ਹੇਠ ਕੀਤੀ ਗਈ ਹੈ ਕਿਉਂਕਿ ਤੁਹਾਡੇ ਜਥੇ ਨੇ ਸੜਕ ਉੱਤੇ ਆਵਾਜਾਈ ਵਿਚ ਰੁਕਾਵਟ ਪਾਈ ਹੈ।

1981: ਅੰਮ੍ਰਿਤਸਰ ਵਿਚ ਫ਼ਿਰਕੂ ਹਿੰਦੂਆਂ ਨੇ ਸਿੱਖਾਂ ਦੇ ਖ਼ਿਲਾਫ਼ ਜਲੂਸ ਕੱਢਿਆ ਤੇ ਸਿੱਖਾਂ ਨੂੰ ਮੁਲਕ ਛੱਡ ਕੇ ਪਾਕਿਸਤਾਨ ਚਲੇ ਜਾਣ ਕਹਿਣ ਵਾਸਤੇ ਦੇ ਨਾਅਰੇ ਲਾਏ

ਅੰਮ੍ਰਿਤਸਰ ਸ਼ਹਿਰ (ਪਹਿਲੋਂ 'ਗੁਰੂ ਦਾ ਚੱਕ') ਚੌਥੇ ਗੁਰੂ, ਗੁਰੂ ਰਾਮਦਾਸ ਸਾਹਿਬ, ਨੇ ਵਸਾਇਆ ਸੀ, ਪੰਜਵੇਂ ਗੁਰੂ ਸਾਹਿਬ ਨੇ ਏਥੇ ਦਰਬਾਰ ਸਾਹਿਬ ਅਤੇ ਸਰੋਵਰ ਬਣਾਇਆ, ਛੇਵੇਂ ਗੁਰੂ ਸਾਹਿਬ ਨੇ ਏਥੇ ਅਕਾਲ ਤਖ਼ਤ ਸਾਹਿਬ (ਉਦੋਂ ਸਿਰਫ਼ ਇਕ ਥੜ੍ਹਾ) ਬਣਾਇਆ; ਏਸ ਸ਼ਹਿਰ ਵਿਚ ਤਕਰੀਬਨ ਇਕ ਲੱਖ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਸਨ; ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਅੰਮ੍ਰਿਤਸਰ ਇਕ ਪਾਕ (ਪਵਿੱਤਰ) ਸ਼ਹਿਰ ਹੈ। ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਸਤੰਬਰ 1915 ਵਿਚ ਇੱਕ ਹੁਕਮ ਜਾਰੀ ਕਰ ਕੇ ਇਸ ਸ਼ਹਿਰ ਵਿਚ ਸ਼ਰਾਬ ਦੀ ਵੇਚ 'ਤੇ ਪਾਬੰਦੀ ਲਾ ਕੇ, ਇਸ ਸ਼ਹਿਰ ਦੇ 'ਗੁਰੂ ਦੀ ਨਗਰੀ' ਅਤੇ 'ਪਾਕ' ਹੋਣ ਨੂੰ ਦੁਹਰਾਇਆ ਵੀ ਸੀ। ਪਰ 1947 ਵਿਚ ਜਦ ਫ਼ਿਰਕੂ ਹਿੰਦੂ ਹਾਕਮਾਂ ਨੇ ਅੰਗਰੇਜ਼ਾਂ ਤੋਂ ਹਕੂਮਤ ਸੰਭਾਲੀ ਤਾਂ ਹਿੰਦੂਆਂ ਨਾਲ ਸਬੰਧਤ ਸ਼ਹਿਰਾਂ ਨੂੰ ਛੱਡ ਕੇ ਬਾਕੀ ਸਾਰੇ ਧਰਮਾਂ ਨਾਲ ਸਬੰਧਤ ਸ਼ਹਿਰ ਨਾ-ਪਾਕ (ਅਪਵਿੱਤਰ), ਆਮ ਤੇ ਛੋਟੀ ਹੈਸੀਅਤ ਦੇ ਹੋ ਗਏ। ਕੁਰੂਕਸ਼ੇਤਰ, ਹਰਦੁਆਰ, ਰਿਸ਼ੀਕੇਸ਼, ਕਿਦਾਰਨਾਥ, ਬਦਰੀਨਾਥ 'ਪਾਕ' ਰਹਿ ਗਏ ਪਰ ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਲਵੰਡੀ ਸਾਬੋ (ਦਮਦਮਾ ਸਾਹਿਬ), ਫ਼ਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਜਾਂ ਫਿਰ ਅਜਮੇਰ ਸ਼ਰੀਫ਼ ਵਗ਼ੈਰਾ 'ਪਾਕ' ਨਹੀਂ ਰਹੇ ਕਿਉਂਕਿ ਇਹ ਸ਼ਹਿਰ ਸਿੱਖਾਂ ਜਾਂ ਮੁਸਲਮਾਨਾਂ ਨਾਲ ਸਬੰਧਤ ਹਨ।

ਸਿੱਖ ਕਈ ਚਿਰ ਤੋਂ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਿਆ ਜਾਵੇ। ਸਿੱਖ ਕਾਫ਼ੀ ਦੇਰ ਤਕ ਸਰਕਾਰ ਦਾ ਐਲਾਨ ਉਡੀਕਦੇ ਰਹੇ। 24 ਸਤੰਬਰ 1980 ਨੂੰ ਗੁਰਚਰਨ ਸਿੰਘ ਟੌਹੜਾ ਨੇ ਪ੍ਰਾਈਮ ਮਨਿਸਟਰ ਇੰਦਰਾ ਨਾਲ ਇਕ ਮੁਲਾਕਾਤ ਵਿਚ ਅੰਮ੍ਰਿਤਸਰ ਬਾਰੇ ਐਲਾਨ ਕਰਨ ਵਾਸਤੇ ਮੰਗ ਕੀਤੀ ਵੀ ਸੀ ਪਰ ਫ਼ਿਰਕੂ ਪੱਤਾ ਖੇਡਣ ਵਾਲੀ ਇੰਦਰਾ ਅਜਿਹੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਅਖ਼ੀਰ ਸਿੱਖਾਂ ਨੇ, ਖ਼ਾਸ ਕਰ ਕੇ ਦਲ ਖ਼ਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ, ਇਸ ਵਾਸਤੇ ਜੱਦੋ-ਜਹਿਦ ਕਰਨ ਦਾ ਤਹੱਈਆ ਕਰ ਲਿਆ। ਇਨ੍ਹਾਂ ਦੋਹਾਂ ਜਥੇਬੰਦੀਆਂ ਨੇ ਐਲਾਨ ਕੀਤਾ ਕਿ 31 ਮਈ 1981 ਨੂੰ ਆਪਣੀ ਮੰਗ ਦੇ ਹੱਕ ਵਿਚ ਇਕ ਜਲੂਸ ਅੰਮ੍ਰਿਤਸਰ ਸ਼ਹਿਰ ਵਿਚ ਕੱਢਿਆ ਜਾਵੇ।

ਪਰ ਦਹਿਸ਼ਤਗਰਦ, ਬੁਨਿਆਦਪ੍ਰਸਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਹੋਏ ਹਿੰਦੂਆਂ ਕੋਲੋਂ ਏਨਾ ਵੀ ਨਾ ਜਰ ਹੋਇਆ ਕਿ ਸਿੱਖ 'ਮੁੰਡੇ' ਕੋਈ ਨਿੱਕਾ ਜਿਹਾ ਜਲੂਸ ਹੀ ਕੱਢ ਲੈਣ। ਉਨ੍ਹਾਂ ਨੇ ਸਿੱਖਾਂ ਦੇ ਜਲੂਸ ਤੋਂ ਦੋ ਦਿਨ ਪਹਿਲਾਂ ਹੀ, ਯਾਨੀ ਕਿ 29 ਮਈ ਨੂੰ, ਇਕ ਐਂਟੀ-ਸਿੱਖ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ। ਇਸ ਜਲੂਸ ਵਿਚ ਪੰਜਾਬ ਦੇ ਸਾਰੇ ਕਾਂਗਰਸੀ, ਜਨਸੰਘੀ (ਭਾਜਪਾ), ਆਰੀਆ ਸਮਾਜੀ, ਰਾਸ਼ਟਰ ਸੰਘੀ ਤੇ ਹੋਰ ਫ਼ਿਰਕੂ ਤੇ ਬੁਨਿਆਦਪ੍ਰਸਤ ਹਿੰਦੂ ਆਗੂ ਸ਼ਾਮਿਲ ਹੋਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਇਸ ਜਲੂਸ ਵਿਚ ਤ੍ਰਿਸ਼ੂਲ, ਤਲਵਾਰਾਂ, ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ। ਇਹ ਹਿੰਦੂ ਨਾਅਰੇ ਲਾ ਰਹੇ ਸਨ:'ਸਿਗਰਟ ਬੀੜੀ ਪੀਏਂਗੇ

ਔਰ ਸ਼ਾਨ ਸੇ ਜੀਏਂਗੇ।*ਕੱਛ ਕੜਾ ਕਿਰਪਾਨ। ਸਿੱਖਾਂ ਨੂੰ ਭੇਜੋ ਪਾਕਿਸਤਾਨ। *ਹਿੰਦੂ-ਹਿੰਦੂ ਭਾਈ ਭਾਈ। *ਸਿੱਖਾ-ਸ਼ਾਹੀ ਨਹੀਂ ਚਲੇਗੀ। *ਊਂਚੀ ਐਂਚੀ ਨਹੀਂ ਪਕੜੇਂਗੇ। ਜੂੜਾ ਜੂੜੀ ਕਾਟ ਧਰੇਂਗੇ। ਇਸ ਜਲੂਸ ਵਿਚ ਚਲ ਰਹੇ ਹਿੰਦੂਆਂ ਨੇ ਰਾਹ ਜਾਂਦੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕਰ ਕੇ ਨੁਕਸਾਨ ਵੀ ਪਹੁੰਚਾਇਆ। 10,000 ਹਿੰਦੂਆਂ ਦੇ ਇਸ ਜਲੂਸ ਦੇ ਇਸ ਘਟੀਆ ਰੋਲ, ਗੁੰਡਾਗਰਦੀ, ਧੱਕੇ-ਸ਼ਾਹੀ ਅਤੇ ਬੇਵਕੂਫ਼ੀ ਬਾਰੇ ਇਕ ਹਿੰਦੂ ਅਖ਼ਬਾਰ ਨਵੀਸ, ਪ੍ਰੇਮ ਭਾਟੀਆ, ਨੇ 30 ਮਈ ਨੂੰ ਟ੍ਰਿਬਿਊਨ ਅਖ਼ਬਾਰ ਦੇ ਐਡੀਟੋਰੀਅਲ ਵਿਚ ਲਿਖਿਆ ਕਿ, 'ਕਲ੍ਹ 29 ਮਈ ਤੱਕ ਅਜੇਹਾ ਜਾਪਦਾ ਸੀ ਕਿ 500 ਤੋਂ 1000 ਤੱਕ ਸਿੱਖ ਇਸ ਜਲੂਸ ਵਿਚ ਸ਼ਾਮਿਲ ਹੋਣਗੇ ਪਰ ਏਡੇ ਵੱਡੇ ਹਿੰਦੂ ਜਲੂਸ ਦੇ ਨਤੀਜੇ ਵਜੋਂ ਦਲ ਖ਼ਾਲਸਾ ਤੇ ਸਿੱਖ ਸਟੂਡੈਂਟਸ ਦੇ ਜਲੂਸ ਦੀ ਤਾਦਾਦ ਬਹੁਤ ਵੱਡੀ ਹੋਵੇਗੀ।'

1987: ਪੁਲਸ ਤੇ ਫ਼ੌਜ ਨੇ ਤਰਨ ਤਾਰਨ ਵਿਚ 1400 ਕਿਲੋਮੀਟਰ ਦੇ ਏਰੀਆ ਵਿਚ ਕਰਫ਼ਿਊ ਲਾ ਕੇ ਘੇਰਾ ਪਾਇਆ; ਜਲੰਧਰ ਵਿਚ ਵੀ ਪੁਲਸ ਦਾ ਧਾਵਾ

ਬਰਨਾਲੇ ਦੀ ਸਰਕਾਰ ਦੇ ਖ਼ਤਮ ਹੋਣ ਮਗਰੋਂ ਰਬੈਰੋ ਨੇ ਸਿਰਫ਼ ਦੋ ਮਹੀਨੇ ਵਿਚ ਹੀ 100 ਤੋਂ ਵੱਧ ਸਿੱਖ ਨੌਜਵਾਨ ਫੜ ਕੇ ਮਾਰ ਦਿੱਤੇ। ਇਸ ਤੋਂ ਇਲਾਵਾ ਸੱਤ ਸੌ ਤੋ ਵੱਧ ਸਿੱਖ ਨੌਜਵਾਨ ਅਤੇ ਇਕ ਦਰਜਨ ਤੋਂ ਵੱਧ ਸਿੱਖ ਬੀਬੀਆਂ ਵੀ ਗ੍ਰਿਫ਼ਤਾਰ ਕੀਤੀਆਂ ਗਈਆਂ। 29 ਮਈ 1987 ਨੂੰ ਹਜ਼ਾਰਾਂ ਦੀ ਤਾਦਾਦ 'ਚ ਫ਼ੌਜ ਤੇ ਪੁਲੀਸ ਨੇ 1400 ਕਿਲੋਮੀਟਰ 'ਚ ਕਰਫ਼ਿਊ ਲਾ ਕੇ, 340 ਪਿੰਡਾਂ ਨੂੰ ਘੇਰਾ ਪਾ ਕੇ, ਘਰੋ-ਘਰ ਤਲਾਸ਼ੀ ਲਈ ਪਰ ਰਬੈਰੋ ਨੂੰ ਉੱਥੋਂ ਕੁਝ ਵੀ ਹਾਸਿਲ ਨਾ ਹੋਇਆ। ਬਿਲਕੁਲ 'ਮੰਡ ਅਪਰੇਸ਼ਨ' (ਜੁਲਾਈ 1986) ਵਾਂਗ ਇਸ 'ਚ ਵੀ ਬੇਸ਼ਰਮੀ ਲੁਕਾਉਣ ਵਾਸਤੇ ਪੁਲੀਸ ਨੇ ਘਰਾਂ ਵਿਚੋਂ ਬੇਕਸੂਰ ਨੌਜਵਾਨ ਮੁੰਡੇ ਅਤੇ ਮਹਿਮਾਨਾਂ ਨੂੰ ਹਿਰਾਸਤ ਵਿਚ ਲੈ ਲਿਆ। ਪਹਿਲੋਂ ਜਲੰਧਰ ਸ਼ਹਿਰ ਦੇ ਮੁਹੱਲਿਆਂ ਹਰਨਾਮਦਾਸ ਪੁਰਾ, ਪ੍ਰੀਤਨਗਰ, ਅਮਨ ਨਗਰ, ਰਿਸ਼ੀਨਗਰ, ਸੰਤ ਨਗਰ, ਬਸ਼ੀਰ ਪੁਰਾ, ਗਾਜ਼ੀ ਗੁੱਲਾ, ਕਾਜ਼ੀ ਮੁਹੱਲਾ ਵਿਚ ਵੀ ਘਰ-ਘਰ ਦੀ ਤਲਾਸ਼ੀ ਲਈ ਸੀ ਪਰ ਕੁਝ ਵੀ ਹਥ ਨਹੀਂ ਆਇਆ ਸੀ। ਰਬੈਰੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਮਕਸਦ ਸਿੱਖਾਂ ਵਿਚ ਦਹਿਸ਼ਤ ਫੈਲਾਉਣਾ ਹੀ ਸੀ ਪਰ ਇਸ ਵਿਚ ਵੀ ਉਸ ਨੂੰ ਕਾਮਯਾਬੀ ਹਾਸਿਲ ਨਾ ਹੋ ਸਕੀ।

1987: ਕਿੱਕਰ ਸਿੰਘ ਭਾਗ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਕਿੱਕਰ ਸਿੰਘ (ਪੁੱਤਰ ਜੰਗੀਰ ਸਿੰਘ, ਵਾਸੀ ਭਾਗ ਸਿੰਘ ਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਦਲਜੀਤ ਸਿੰਘ ਸੁਲਤਾਨਪੁਰ ਤੇ ਮੇਜਰ ਸਿੰਘ ਸਾਂਙਣਾ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1989 ਦੇ ਦਿਨ ਪੰਜਾਬ ਪੁਲੀਸ ਨੇ ਦਲਜੀਤ ਸਿੰਘ, ਸੁਲਤਾਨਪੁਰ ਤੇ ਮੇਜਰ ਸਿੰਘ ਸਾਂਙਣਾ (ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਰਣਜੀਤ ਸਿੰਘ ਕਾਲਾ ਤੇ ਕੁਲਵੰਤ ਸਿੰਘ ਕੰਤਾ ਬੁੱਟਰ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਰਣਜੀਤ ਸਿੰਘ ਕਾਲਾ (ਵਾਸੀ ਬੁੱਟਰ ਕਲਾ, ਗੁਰਦਾਸਪੁਰ,) ਤੇ ਕੁਲਵੰਤ ਸਿੰਘ ਕੰਤਾ (ਵਾਸੀ ਬੁੱਟਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਸੁੱਖਾ ਮੁਰਾਦਪੁਰ, ਸੁਖਵਿੰਦਰ ਸਿੰਘ ਸੁੱਖੀ ਪੁਲ ਪੁਖਤਾ, ਸੁਖਵਿੰਦਰ ਸਿੰਘ ਬਿੱਟੂ ਫ਼ੀਰੋਜ਼ ਰੋਲੀਆ, ਸੁਖਦੇਵ ਸਿੰਘ ਲਾਲੀ ਤੇ ਉਸ ਦੇ ਪਿਤਾ ਸੁਲੱਖਣ ਸਿੰਘ ਪੰਜਗਰਾਈਆਂ, ਨਿਰਵੈਰ ਸਿੰਘ ਬੱਬੂ ਸੋਹੀਆਂ, ਮਨਜੀਤ ਸਿੰਘ ਜੱਗਾ ਭਾਗੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

29 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਸੁਖਵਿੰਦਰ ਸਿੰਘ ਸੁੱਖਾ ਉਰਫ਼ ਜੱਗਾ ਸਿੰਘ (ਵਾਸੀ ਮੁਰਾਦਪੁਰ), ਸੁਖਵਿੰਦਰ ਸਿੰਘ ਸੁੱਖੀ (ਵਾਸੀ ਪੁਲ ਪੁਖਤਾ), ਸੁਖਵਿੰਦਰ ਸਿੰਘ ਬਿੱਟੂ (ਵਾਸੀ ਫ਼ੀਰੋਜ਼ ਰੋਲੀਆ), ਸੁਖਦੇਵ ਸਿੰਘ ਲਾਲੀ ਅਤੇ ਉਸ ਦੇ ਪਿਤਾ ਸੁਲੱਖਣ ਸਿੰਘ (ਦੋਵੇਂ ਵਾਸੀ ਪੰਜਗਰਾਈਆਂ), ਨਿਰਵੈਰ ਸਿੰਘ ਬੱਬੂ (ਵਾਸੀ ਸੋਹੀਆਂ), ਮਨਜੀਤ ਸਿੰਘ ਜੱਗਾ (ਵਾਸੀ ਭਾਗੋਵਾਲ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਪੰਜ ਗਰਾਈਂ ਨਕਲੀ ਮੁਕਾਬਲੇ ਵਿਚ ਸ਼ਹੀਦ

29 ਮਈ 1991 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਸੋਹਨ ਸਿੰਘ, ਵਾਸੀ ਪੰਜ ਗਰਾਈਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਨਰਿੰਦਰਪਾਲ ਸਿੰਘ, ਰਾਜਵੰਤ ਸਿੰਘ ਰਾਜੂ, ਪ੍ਰਤਾਪ ਸਿੰਘ ਭੂੰਟੋ, ਦਵਿੰਦਰ ਸਿੰਘ ਤਲਵੰਡੀ ਡੋਗਰਾਂ ਤੇ ਕੁਲਬੀਰ ਸਿੰਘ ਡੱਬੂ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

29 ਮਈ 1992 ਦੇ ਦਿਨ ਪੁਲਸ ਨੇ ਨਰਿੰਦਰਪਾਲ ਸਿੰਘ, ਰਾਜਵੰਤ ਸਿੰਘ ਰਾਜੂ, ਪ੍ਰਤਾਪ ਸਿੰਘ ਉਰਫ਼ ਭੂੰਟੋ, ਦਵਿੰਦਰ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਤਲਵੰਡੀ ਡੋਗਰਾਂ), ਕੁਲਬੀਰ ਸਿੰਘ ਚੰਦ ਉਰਫ਼ ਡੱਬੂ ਤੇ ਦੋ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਬਬਰ ਖਾਲਸਾ ਦੇ ਗੁਰਮੇਲ ਸਿੰਘ ਦੀ ਸ਼ਹੀਦੀ

29 ਮਈ 1993 ਦੇ ਦਿਨ ਬਬਰ ਖਾਲਸਾ ਦੇ ਗੁਰਮੇਲ ਸਿੰਘ (ਪੁੱਤਰ ਕੇਹਰ ਸਿੰਘ, ਵਾਸੀ ਥਾਂਦੇਵਾਲਾ, ਜ਼ਿਲ੍ਹਾ ਮੁਕਤਸਰ) ਨੇ ਸ਼ਹੀਦੀ ਹਾਸਲ ਕੀਤੀ। ਖਾਲਿਸਤਾਨ ਦੀ ਜੱਦੋਜਹਿਦ ਦੌਰਾਨ, 29 ਮਈ 1993 ਦੇ ਦਿਨ, ਜਦ ਉਹ ਭੁੱਲਰ ਪਿੰਡ ਵਿਚ ਇਕ ਖੇਤ ਵਿਚ ਆਰਾਮ ਕਰ ਰਿਹਾ ਸੀ ਤਾਂ ਕਿਸ ਦੁਸ਼ਮਣ ਦੀ ਇਤਲਾਹ ਤੇ ਪੰਜਾਬ ਪੁਲਸ ਨੇ ਉਸ ਨੂੰ ਘੇਰਾ ਪਾ ਲਿਆ। ਪਰ ਉਸ ਨੇ ਹਥਿਆਰ ਸੁੱਟਣ ਦੀ ਬਜਾਇ ਮੁਕਾਬਲਾ ਸ਼ੁਰੂ ਕਰ ਦਿੱਤਾ। ਦੋ ਘੰਟੇ ਦੀ ਲੜਾਈ ਪਿੱਛੋਂ ਜਦ ਉਸ ਕੋਲ ਕਾਰਤੂਸ ਮੁਕ ਗਏ, ਤਾਂ ਉਸ ਨੇ ਪੁਲਸ ਦੇ ਹੱਥ ਆ ਕੇ ਤਸੀਹੇ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ, ਸਾਇਆਨਾਈਡ ਦਾ ਕੈਪਸੂਲ ਨਿਗਲ ਕੇ ਆਪਣੀ ਜਾਨ ਦੇ ਦਿੱਤੀ।

30 ਮਈ

1606: ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਹੋਈ

1606 ਵਿਚ ਖੁਸਰੋ ਨੇ ਆਪਣੇ ਬਾਪ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਖਿਲਾਫ਼ ਬਗ਼ਾਵਤ ਕੀਤੀ ਤੇ ਉਸ ਨੂੰ ਹਾਰ ਹੋਈ ਤੇ ਉਹ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦਾ ਪਿੱਛਾ ਕਰਦਾ-ਕਰਦਾ ਜਹਾਂਗੀਰ ਵੀ ਲਾਹੌਰ ਆ ਰਿਹਾ ਸੀ। ਉਹ 10 ਅਪ੍ਰੈਲ 1606 ਦੇ ਦਿਨ ਸਰਾਏ ਖ਼ਾਸ (ਨਕੋਦਰ ਤੋਂ 6 ਕਿਲੋਮੀਟਰ ਦੂਰ) ਪਹੁੰਚ ਚੁਕਾ ਸੀ। ਇੱਥੋਂ ਸੁਲਤਾਨਪੁਰ ਚੋਂ ਹੁੰਦਾ ਹੋਇਆ ਉਹ 11 ਅਪ੍ਰੈਲ 1606 ਦੇ ਦਿਨ ਗੋਇੰਦਵਾਲ ਪੁੱਜਾ ਜਿੱਥੇ ਉਸ ਨੇ ਬਿਆਸ ਦਰਿਆ ਦਾ ਪੱਤਣ

ਪਾਰ ਕੀਤਾ। ਇਸ ਮਗਰੋਂ ਉਹ ਚੋਪਾਲ (ਝਬਾਲ) ਪੁੱਜਾ ਤੇ ਆਪਣਾ ਪੜਾਅ ਕੀਤਾ। ਉਹ ਇੱਥੇ ਇਕ ਹਫ਼ਤਾ ਰਿਹਾ ਅਤੇ ਫਿਰ ਲਾਹੌਰ ਨੂੰ ਚੱਲ ਪਿਆ। ਏਨੇ ਚਿਰ ਵਿਚ ਉਸ ਨੂੰ ਖੁਸਰੋ ਦੇ ਫੜੇ ਜਾਣ ਦੀ ਖ਼ਬਰ ਵੀ ਮਿਲ ਗਈ। ਲਾਹੌਰ ਵਿਚ ਉਸ ਨੇ ਦਰਬਾਰ ਲਾ ਕੇ ਖੁਸਰੋ ਨੂੰ ਅਤੇ ਉਸ ਦੇ 700 ਹਿਮਾਇਤੀਆਂ ਨੂੰ ਸਜ਼ਾਵਾਂ ਦਿੱਤੀਆਂ।

ਇਸ ਵੇਲੇ ਤਕ ਜਹਾਂਗੀਰ ਕੋਲ ਗੁਰੂ ਅਰਜਨ ਸਾਹਿਬ ਦਾ ਜ਼ਰਾ ਮਾਸਾ ਵੀ ਜ਼ਿਕਰ ਨਹੀਂ ਸੀ ਹੋਇਆ; ਉਸ ਨੇ ਗੁਰੂ ਜੀ ਦੇ ਖ਼ਿਲਾਫ਼ ਕੋਈ ਗੱਲ ਨਹੀਂ ਸੀ ਸੁਣੀ, ਹਾਲਾਂ ਕਿ ਉਹ ਖੁਸਰੋ ਦੀ ਜ਼ਰਾ-ਮਾਸਾ ਵੀ ਮਦਦ ਕਰਨ ਵਾਲੇ ਹਰ ਇਕ ਸ਼ਖ਼ਸ ਨੂੰ ਸਜ਼ਾ ਸੁਣਾ ਰਿਹਾ ਸੀ। ਅਜਿਹਾ ਜਾਪਦਾ ਹੈ ਕਿ ਉਸ ਦੇ ਲਾਹੌਰ ਰਹਿੰਦੇ ਉਸ ਨੂੰ ਮੁਤੱਸਬੀ ਮੁਸਲਮਾਨਾਂ ਅਤੇ ਹਿੰਦੂਆਂ ਨੇ ਗੁਰੂ ਜੀ ਦੇ ਖ਼ਿਲਾਫ਼ ਭੜਕਾਇਆ ਹੋਵੇਗਾ ਕਿਉਂ ਕਿ ਜੇ ਗੁਰੂ ਜੀ ਵੱਲੋਂ ਖੁਸਰੋ ਦੀ ਮਦਦ ਹੀ ਕਾਰਨ ਹੁੰਦਾ ਤਾਂ ਹੁਣ ਤਕ ਉਸ ਕੋਲ ਕਦ ਦੀ ਖ਼ਬਰ ਆ ਚੁਕੀ ਹੁੰਦੀ ਅਤੇ ਉਹ ਗੁਰੂ ਜੀ ਨੂੰ ਬਾਕੀ 700 ਜਣਿਆਂ ਦੇ ਨਾਲ ਹੀ ਸਜ਼ਾ ਦੇ ਦੇਂਦਾ।

ਜਹਾਂਗੀਰ ਨੇ 22 ਮਈ ਨੂੰ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕੀਤਾ। ਗੁਰੂ ਸਾਹਿਬ ਨੂੰ ਇਸ ਦਾ ਪਤਾ ਅਗਲੇ ਦਿਨ ਹੀ ਲਗ ਗਿਆ। ਉਨ੍ਹਾਂ ਨੇ 25 ਮਈ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿਤੀ ਤੇ ਆਪ ਹੀ ਲਾਹੌਰ ਚਲੇ ਪਏ। ਉਨ੍ਹਾਂ ਨੂੰ 26 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਜਹਾਂਗੀਰ ਨੇ ਗੁਰੂ ਜੀ ਨੂੰ 'ਯਾਸਾ-ਓ-ਸਿਆਸਤ' ਦੇ ਘੋਰ ਤਸੀਹੇ ਦੇ ਕੇ ਮਾਰਨ ਦੀ ਸਜ਼ਾ ਸੁਣਾਈ। ਅਗਲੇ ਚਾਰ ਦਿਨ ਉਨ੍ਹਾਂ ਨੂੰ ਦੇਗ ਵਿਚ ਉਬਾਲਿਆ ਗਿਆ ਅਤੇ ਫਿਰ ਰਾਵੀ ਦੇ ਕੰਢੇ ਤੱਤੀ ਤਵੀ ਵਾਂਗ ਤਪਦੀ ਹੋਈ ਰੇਤ ਵਿਚ ਰੱਖ ਕੇ ਤਰ੍ਹਾਂ-ਤਰ੍ਹਾਂ ਦੇ ਤਸੀਹੇ ਗਏ। ਮਗਰੋਂ, ਉਨ੍ਹਾਂ ਦੇ ਜਿਸਮ ਨੂੰ ਪੱਥਰਾਂ ਨਾਲ ਬੰਨ੍ਹ ਕੇ ਬੰਨ੍ਹ ਕੇ ਰਾਵੀ ਦਰਿਆ ਵਿਚ ਰੋੜ੍ਹ ਦਿਤਾ ਗਿਆ।ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਜਹਾਂਗੀਰ ਬਾਦਸ਼ਾਹ ਨੇ ਆਪ ਦਿੱਤਾ ਸੀ। ਇਸ ਦਾ ਇੰਕਸ਼ਾਫ਼ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਵਿਚ ਵੀ ਕਰਦਾ ਹੈ; ਉਹ ਲਿਖਦਾ ਹੈ: *"ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਚ ਅਰਜਨ ਨਾਂ ਦਾ ਇਕ ਹਿੰਦੂ ਪੀਰ ਤੇ ਸ਼ੇਖ਼ ਦੇ ਲਿਬਾਸ ਵਿਚ ਰਹਿੰਦਾ ਸੀ। ਏਥੋਂ ਤਕ ਕਿ ਉਸ ਨੇ ਆਪਣੀਆਂ ਗੱਲਾਂ ਤੇ ਕਾਰਵਾਈਆਂ ਨਾਲ ਬਹੁਤ ਸਾਰੇ ਸਿੱਧੇ-ਸਾਧੇ ਹਿੰਦੂਆਂ ਹੀ ਨਹੀਂ ਬਲਕਿ ਬੇਵਕੂਫ਼ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਮੁਰੀਦ ਬਣਾ ਲਿਆ ਸੀ ਤੇ ਆਪਣੇ ਆਪ ਦੇ ਇਕ ਮੀਰ ਤੇ ਵਲੀ ਹੋਣ ਦਾ ਢੌਂਗ ਵੀ ਰਚਿਆ ਹੋਇਆ ਸੀ। ਉਹ ਉਸ ਨੂੰ ਗੁਰੂ ਕਹਿੰਦੇ ਸਨ ਅਤੇ ਕਈ ਪਾਸਿਆਂ ਤੋਂ ਜਾਹਲ ਗਵਾਰ ਤੇ ਜਹਾਲਤ ਪਸੰਦ ਲੋਕ ਉਸ ਵੱਲ ਖਿੱਚੇ ਆਉਂਦੇ ਸਨ ਤੇ ਉਸ ਵਿਚ ਪੂਰਾ ਅਕੀਦਾ ਜ਼ਾਹਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ ਦੁਕਾਨ-ਇ-ਬਾਤਿਲ (ਝੂਠ ਦੀ ਦੁਕਾਨ) ਚਲਾਈ ਹੋਈ ਸੀ। ਬੜੀ ਵਾਰ ਮੇਰੇ ਦਿਲ ਵਿਚ ਇਹ ਖ਼ਿਆਲ ਆਇਆ ਕਿ ਮੈਂ ਇਸ ਝੂਠ ਦੇ ਸਿਲਸਿਲੇ ਨੂੰ ਬੰਦ ਕਰਵਾ ਦਿਆਂ ਜਾਂ ਉਸ ਨੂੰ ਇਸਲਾਮ ਵਿਚ ਲੈ ਆਵਾਂ। ਗੱਲ ਇੱਥੋਂ ਤਕ ਵਧੀ ਕਿ ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਇਸ ਰਸਤੇ ਤੋਂ ਗੁਜ਼ਰ ਰਿਹਾ ਸੀ। ਇਸ ਬੇਇਲਮੇ ਸ਼ਖ਼ਸ ਨੇ ਉਸ ਨੂੰ ਮਿਲਣ ਦਾ ਵਿਚਾਰ ਬਣਾਇਆ। ਉਸ ਦੀ ਰਿਹਾਇਸ਼ ਦੇ ਨੇੜੇ ਹੀ ਖੁਸਰੋ ਦਾ ਠਿਕਾਣਾ ਹੋਇਆ। ਉਹ ਉੱਥੇ ਆਇਆ ਤੇ ਖੁਸਰੋ ਨੂੰ ਮਿਲਿਆ ਤੇ ਉਸ ਨੂੰ ਕੁਝ ਪਹਿਲੋਂ ਹੀ ਘੜੀਆਂ ਹੋਈਆਂ ਗੱਲਾਂ ਆਖੀਆਂ ਤੇ ਉਸ ਦੇ ਮੱਥੇ 'ਤੇ ਕੇਸਰ ਵਾਲੀ ਉਂਗਲ ਦਾ ਨਿਸ਼ਾਨ ਲਾਇਆ ਜਿਸ ਨੂੰ ਹਿੰਦੂ ਬੋਲੀ ਵਿਚ ਕਸ਼ਕਾ (ਤਿਲਕ, ਟਿੱਕਾ) ਕਹਿੰਦੇ ਹਨ ਤੇ ਇਸ ਨੂੰ ਪਵਿੱਤਰ ਮੰਨਦੇ ਹਨ। ਜਦੋਂ ਇਸ ਦੀ ਸੋਅ ਮੇਰੇ ਕੰਨਾਂ ਤਕ ਪੁੱਜੀ ਤਾਂ ਮੈਂ ਹੁਕਮ ਜਾਰੀ ਕੀਤਾ ਕਿ ਉਸ ਨੂੰ ਲਿਆ ਕੇ ਮੇਰੇ ਹਜ਼ੂਰ ਪੇਸ਼ ਕੀਤਾ ਜਾਵੇ। ਉਸ ਦਾ ਘਰ ਤੇ ਰਿਹਾਇਸ਼ ਜ਼ਬਤ ਕਰ ਕੇ ਉਸ ਦਾ ਬਾਲ ਬੱਚਾ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤਾ ਜਾਵੇ ਤੇ ਮੈਂ ਹੁਕਮ ਜਾਰੀ ਕੀਤਾ ਕਿ ਉਸ ਨੂੰ ਯਾਸਾ-ਓ-ਸਿਆਸਤ ਦੇ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ।"*

1924: ਸਤਵਾਂ ਤੇ ਅਠਵਾਂ ਸ਼ਹਦੀ ਜਥਾ ਜੈਤੋ ਵਾਸਤੇ ਰਵਾਨਾ ਹੋਏ।

ਜੈਤੋ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਸਤੇ ਇਕੱਠੇ ਸਤਵਾਂ ਤੇ ਅਠਵਾਂ ਦੋ ਸ਼ਹੀਦੀ ਜਥੇ ਇਕੱਠੇ 30 ਮਈ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲੇ।

1988: ਸ਼੍ਰੋਮਣੀ ਕਮੇਟੀ ਨੇ ਜਸਬੀਰ ਸਿੰਘ ਰੋਡੇ ਸਣੇ ਪੰਜ ਗ੍ਰੰਥੀ ਬਰਖ਼ਾਸਤ ਕੀਤੇ

ਮਾਰਚ 1988 ਵਿਚ ਰਿਹਾ ਕਰਨ ਮਗਰੋਂ ਜਦ ਸਰਕਾਰ ਜਸਬੀਰ ਸਿੰਘ ਰੋਡੇ ਨੂੰ ਵਰਤਣ ਵਿਚ ਫੇਲ੍ਹ ਹੋ ਗਈ ਤਾਂ 'ਤੇ ਭਾਰਤੀ ਫ਼ੌਜ ਨੇ 9 ਮਈ ਤੋਂ 18 ਮਈ ਤਕ 'ਅਪਰੇਸ਼ਨ ਬਲੈਕ ਥੰਡਰ' ਦੇ ਨਾਂ 'ਤੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ ਬਹੁਤ ਸਾਰੇ ਖਾੜਕੂ ਗ੍ਰਿਫ਼ਤਾਰ ਕਰ ਲਏ; ਇਸ ਐਕਸ਼ਨ ਦੌਰਾਨ 12 ਮਈ ਨੂੰ 5 ਗ੍ਰੰਥੀਆਂ (ਜਸਬੀਰ ਸਿੰਘ, ਪੂਰਨ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ) ਨੇ ਅੰਮ੍ਰਿਤਸਰ ਆ ਕੇ 'ਗ੍ਰਿਫ਼ਤਾਰੀ ਦੇਣ' ਦਾ ਡਰਾਮਾ ਕੀਤਾ। ਹੁਣ ਅਕਾਲੀ ਦਲ ਨੂੰ ਵੀ ਪਤਾ ਲਗ ਚੁਕਾ ਸੀ ਕਿ ਜਸਬੀਰ ਸਿੰਘ ਸਰਕਾਰ ਨਾਲ ਰਲਿਆ ਹੋਇਆ ਹੈ ਅਤੇ ਦੂਜਾ ਉਸ ਦੀ ਸਾਖ ਵੀ ਖ਼ਤਮ ਹੋ ਚੁਕੀ ਹੈ ਇਸ ਕਰ ਕੇ ਅਕਾਲੀ ਦਲ ਨੇ ਉਸ ਨੂੰ ਅਕਾਲ ਤਖ਼ਤ ਤੋਂ ਵੀ ਹਟਾਉਣ ਦਾ ਫੈਸਲਾ ਕਰ ਲਿਆ।28 ਮਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਂ ਗਰੰਥੀਆਂ ਨੂੰ ਪੈਗ਼ਾਮ ਭੇਜਿਆ ਕਿ ਉਹ ਅਸਤੀਫ਼ੇ ਦੇ ਦੇਣ ਵਰਨਾ ਬਰਖਾਸਤ ਕਰ ਦਿਤੇ ਜਾਣਗੇ। ਪਰ ਗ੍ਰੰਥੀਆਂ ਨੇ ਇਸ ਦੀ ਪਰਵਾਹ ਨਾ ਕੀਤੀ। ਇਸ 'ਤੇ ਸ਼ਰੋਮਣੀ ਕਮੇਟੀ ਦੀ ਐਗਜ਼ੇਕਟਿਵ ਨੇ 30 ਮਈ ਨੂੰ ਇਨ੍ਹਾਂ ਪੰਜਾਂ (ਜਸਬੀਰ ਸਿੰਘ, ਪੂਰਨ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ) ਨੂੰ ਬਰਤਰਫ਼ ਕਰ ਦਿਤਾ। ਅਗਲੇ ਦਿਨ ਸਰਕਾਰ ਨੇ ਇਨ੍ਹਾਂ ਗ੍ਰੰਥੀਆਂ ਵਾਸਤੇ ਜੇਲ੍ਹ ਵਿਚ ਪ੍ਰੈੱਸ ਕਾਨਫ਼ਰੰਸ ਦਾ ਇੰਤਜ਼ਾਮ ਕੀਤਾ (ਭਾਰਤ ਦੀ ਤਵਾਰੀਖ਼ 'ਚ ਇਹ ਪਹਿਲੀ ਵਾਰੀ ਹੋਇਆ ਸੀ, ਜਿਸ ਦੀ ਜੇਲ੍ਹ ਮੈਨੂਅਲ ਵੀ ਇਜਾਜ਼ਤ ਨਹੀਂ ਦੇਂਦਾ)। ਇਸ ਪ੍ਰੈੱਸ ਕਾਨਫ਼ਰੰਸ ਵਿਚ ਉਨ੍ਹਾਂ ਪੰਜਾਂ ਨੇ ਆਪਣੀ ਨੌਕਰੀ 'ਤੇ ਅੜੇ ਰਹਿਣ ਬਾਰੇ ਬਿਆਨ ਦਿਤਾ। ਇਕ ਦਿਲਚਸਪ ਗੱਲ ਇਹ ਹੈ ਉਨ੍ਹਾਂ ਦਰਬਾਰ ਸਾਹਿਬ 'ਤੇ ਫ਼ੌਜ ਦੇ ਹਮਲੇ ਅਤੇ ਕਬਜ਼ੇ ਬਾਰੇ ਇਕ ਲਫ਼ਜ਼ ਵੀ ਨਾ ਬੋਲਿਆ। ਇਸ ਪ੍ਰੈੱਸ ਕਾਨਫ਼ਰੰਸ 'ਚ ਦਿਤੇ ਜਾਣ ਵਾਲਾ ਬਿਆਨ ਸਰਕਾਰ ਦੇ ਪਬਲਿਕ ਰੀਲੇਸ਼ਨਜ਼ ਡਿਪਾਰਮੈਂਟ ਨੇ ਤਿਆਰ ਕਰ ਕੇ ਟਾਈਪ ਕਰਵਾਇਆ ਅਤੇ ਉਨ੍ਹਾਂ ਹੀ ਰਲੀਜ਼ ਕੀਤਾ ਤੇ ਅਖ਼ਬਾਰਾਂ ਨੂੰ ਭੇਜਿਆ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਮੱਲ ਸਿੰਘ ਘੁਮਾਣ ਨੂੰ ਗ੍ਰਿਫ਼ਤਾਰ ਕਰ ਕੇ ਸਰਕਾਰ ਨੇ ਜ਼ੋਰ ਪਾਇਆ ਕਿ ਇਹ ਬਰਖਾਸਤਗੀ ਨਾ ਕੀਤੀ ਜਾਵੇ; ਪਰ ਉਹ ਇਸ ਹੁਕਮ 'ਤੇ ਗ੍ਰਿਫ਼ਤਾਰੀ ਤੋਂ ਪਹਿਲੋਂ ਹੀ ਦਸਤਖ਼ਤ ਕਰ ਚੁਕਾ ਸੀ। ਇਨ੍ਹਾਂ ਗ੍ਰੰਥੀਆਂ ਦੀ ਬਰਖਾਸਤਗੀ ਦੀ ਹਿਮਾਇਤ ਸਾਰੇ ਅਕਾਲੀਆਂ ਨੇ ਕੀਤੀ, ਸਿਰਫ਼ ਬਾਬਾ ਜੋਗਿੰਦਰ ਸਿੰਘ ਦਾ ਟੱਬਰ ਹੀ ਇਸ ਨਾਲ ਦੁਖੀ ਹੋਇਆ। ਅਕਾਲੀਆਂ ਵਲੋਂ ਸਰਕਾਰ ਦੀ ਗੱਲ ਨਾ ਮੰਨਣ ਕਰ ਕੇ ਉਨ੍ਹਾਂ ਦੇ ਆਗੂਆਂ (ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁਖਜਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਕੁਲਦੀਪ ਸਿੰਘ ਵਡਾਲਾ, ਸ਼ੇਰ ਸਿੰਘ ਡੂੰਮਛੇੜੀ) ਨੂੰ ਪੰਜਾਬ ਤੋਂ ਦੂਰ ਦੀਆਂ ਜੇਲ੍ਹਾਂ ਵਿਚ ਭੇਜ ਦਿਤਾ ਗਿਆ। ਦੂਜੇ ਪਾਸੇ ਸਰਕਾਰ ਨਾਲ ਸੌਦੇਬਾਜ਼ੀ ਕਰਨ ਵਾਲੇ ਬਾਬਾ ਜੋਗਿੰਦਰ ਸਿੰਘ, ਉਸ ਦੇ ਟੱਬਰ ਤੇ ਸਾਥੀਆਂ ਨੂੰ ਰਿਹਾ ਕਰ ਕੇ ਘਰੋਂ-ਘਰੀਂ ਭੇਜ ਦਿਤਾ ਗਿਆ।

1988: ਰਣਜੀਤ ਸਿੰਘ ਬਬਰ ਬੰਗਾ ਨਕਲੀ ਮੁਕਾਬਲੇ ਵਿਚ ਸ਼ਹੀਦ

30 ਮਈ 1988 ਦੇ ਦਿਨ ਪੰਜਾਬ ਪੁਲੀਸ ਨੇ ਰਣਜੀਤ ਸਿੰਘ ਬਬਰ (ਪੁੱਤਰ ਪ੍ਰੀਤਮ ਸਿੰਘ, ਵਾਸੀ ਤੁੰਗਲ ਗੇਟ, ਬੰਗਾ, ਜ਼ਿਲ੍ਹਾ ਨਵਾਂਸ਼ਹਿਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਰਣਜੀਤ ਸਿੰਘ ਬਬਰ ਨੇ ਸਾਇਆਨਾਈਡ ਖਾ ਕੇ ਸ਼ਹੀਦੀ ਦਿੱਤੀ

ਰਣਜੀਤ ਸਿੰਘ ਬਬਰ ਠਾਕੁਰ ਰਾਮ ਦਿਆਲ ਵਜੋਂ, ਪਿੰਡ ਦਿਓਚਾਂ, ਛਤਰਪੁਰ, ਮੱਧ ਪ੍ਰਦੇਸ਼ ਵਿਚ ਪੈਦਾ ਹੋਇਆ ਸੀ। 1982 ਵਿਚ ਉਹ ਰੁਲਦਾ ਖੁਲਦਾ ਕਾਰ ਸੇਵਾ ਵਾਲਿਆਂ ਦੇ ਡੇਰੇ ਬੰਗਲਾ ਸਾਹਿਬ ਦਿੱਲੀ ਪੁੱਜ ਗਿਆ। ਉੱਥੇ ਉਸ ਦਾ ਮੇਲ ਬਬਰਾਂ ਨਾਲ ਹੋ ਗਿਆ।ਜੂਨ 1984 ਵਿਚ ਉਹ ਬਬਰਾਂ ਦੇ ਨਾਲ ਦਰਬਾਰ ਸਾਹਿਬ ਵਚ ਸੀ ਤੇ ਉਨ੍ਹਾਂ ਦੇ ਨਾਲ ਹੀ ਉਥੋਂ ਬਚ ਕੇ ਨਿਕਲ ਗਿਆ ਸੀ। ਮਗਰੋਂ ਉਸ ਨੂੰ ਵਰਪਾਲ ਕੋਲ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਉਹ ਜ਼ਮਾਨਤ ਤੇ ਰਿਹਾ ਹੋ ਗਿਆ। ਇ ਮਗਰੋਂ ਉਸ ਨੂੰ ਇਕ ਵਾਰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਦੋਬਾਰਾ ਜ਼ਮਾਨਤ ਤਟ ਕਿਹਾ ਹੋਣ ਮਗਰੋਂ ਉਹ ਇਕ ਡਾਕਟਰ ਦੀ ਦੁਕਾਨ ਤੇ ਕੰਮ ਕਰਨ ਲਗ ਪਿਆ। ਇਸ ਦੌਰਾਨ ਵੀ ਉਹ ਐਕਸ਼ਨਾਂ ਵਿਚ ਸ਼ਾਮਿਲ ਹੁੰਦਾ ਰਿਹਾ ਸੀ। ਅਖ਼ੀਰ 30 ਮਈ 1988 ਦੇ ਦਿਨ ਉਹ ਕਿ ਐਕਸ਼ਨ ਦੌਰਾਨ ਘੇਰੇ ਵਿਚ ਆ ਗਿਆ। ਉਸ ਨੇ ਪੁਲਸ ਦੇ ਹੱਥ ਆ ਕੇ ਜ਼ੁਲਮ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਰਨ ਦੀ ਜਗਹ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

1990: ਰੂਪ ਸਿੰਘ ਪੂਨੀਆ ਨਕਲੀ ਮੁਕਾਬਲੇ ਵਿਚ ਸ਼ਹੀਦ

30 ਮਈ 1990 ਦੇ ਦਿਨ ਪੰਜਾਬ ਪੁਲੀਸ ਨੇ ਰੂਪ ਸਿੰਘ (ਵਾਸੀ ਪੂੰਨੀਆ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਵਤਾਰ ਸਿੰਘ ਬਾਗੀ ਬਾਲਾ, ਜਸਬੀਰ ਸਿੰਘ ਸੋਢੀ ਭਾਨਾ, ਗੁਰਵਿੰਦਰ ਸਿੰਘ ਜੋਧਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

30 ਮਈ 1991 ਦੇ ਦਿਨ ਪੰਜਾਬ ਪੁਲੀਸ ਨੇ ਅਵਤਾਰ ਸਿੰਘ ਬਾਗੀ ਬਾਲਾ, ਜਸਬੀਰ ਸਿੰਘ ਸੋਢੀ ਭਾਨਾ, ਗੁਰਵਿੰਦਰ ਸਿੰਘ ਜੋਧਪੁਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸ਼ਿੰਦਾ ਸਿੰਘ ਜੋਧਪੁਰ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

30 ਮਈ 1991 ਦੇ ਦਿਨ ਪੁਲਸ ਨੇ ਸ਼ਿੰਦਾ ਸਿੰਘ (ਪੁੱਤਰ ਕਾਬਲ ਸਿੰਘ, ਵਾਸੀ ਜੋਧਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਲਹਿਰਾ ਬੇਗਾ ਦੇ ਸਿਕੰਦਰ ਸਿੰਘ ਤੇ ਕਾਲਾ ਸਿੰਘ ਤੇ 6 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

30 ਮਈ 1992 ਦੇ ਦਿਨ ਪੁਲਸ ਨੇ ਸਿਕੰਦਰ ਸਿੰਘ (ਪੁੱਤਰ ਹਰਨੇਕ ਸਿੰਘ, ਵਾਸੀ ਲਹਿਰਾ ਬੇਗਾ, ਨੇੜੇ ਭੁੱਚੋ ਮੰਡੀ, ਬਠਿੰਡਾ) ਤੇ ਕਾਲਾ ਸਿੰਘ (ਪੁੱਤਰ ਅਮਰੀਕ ਸਿੰਘ, ਵਾਸੀ ਲਹਿਰਾ ਬੇਗਾ, ਨੇੜੇ ਭੁੱਚੋ ਮੰਡੀ, ਬਠਿੰਡਾ) ਤੇ 6 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2014: ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਅਤੇ ਰਾਧਾਸੁਆਮੀ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵਿਚਕਾਰ ਖ਼ੁਫ਼ੀਆ ਮੀਟਿੰਗ

30 ਮਈ 2014 ਦੇ ਦਿਨ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਅਤੇ ਰਾਧਾਸੁਆਮੀ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵਿਚਕਾਰ ਮਾਨਸਾ ਦੇ ਨਾਰਾਇਣ ਸ਼ਿਕਸ਼ਾ ਕੇਂਦਰ (ਜਿੱਥੇ ਆਰ. ਐਸ.ਐਸ. ਦਾ ਕੈਂਪ ਚਲ

ਰਿਹਾ ਸੀ) ਵਿਚ ਖ਼ੁਫ਼ੀਆ ਗੱਲਬਾਤ ਹੋਈ। ਯਕੀਨ ਕੀਤਾ ਜਾਂਦਾ ਹੈ ਕਿ ਇਸ ਮੀਟਿੰਗ ਵਿਚ ਗੁਰਿੰਦਰ ਢਿੱਲੋਂ ਨੇ ਭਾਗਵਤ ਨੂੰ ਹਿੰਦੂ ਮੁਖ ਧਾਰਾ ਮੁਤਾਬਿਕ ਚੱਲਣ ਦਾ ਯਕੀਨ ਦਿਵਾਇਆ। ਦੋਹਾਂ ਵਿਚਕਾਰ ਇਕ ਮੁਲਾਕਤਾ ਅਪ੍ਰੈਲ ਦੇ ਸ਼ੁਰੂ ਵਿਚ ਹਿਮਾਂਚਲ ਵਿਚ ਵੀ ਹੋਈ ਸੀ। ਗੁਰਿੰਦਰ ਢਿੱਲੋਂ ਭਾਗਵਤ ਨੂੰ ਮਿਲਣ ਵਾਸਤੇ ਉਚੇਚਾ ਹੈਲੀਕਾਪਟਰ ਵਿਚ ਆਇਆ ਅਤੇ 27 ਮਿੰਟ ਦੀ ਮੁਲਾਕਤਾ ਮਗਰੋਂ ਉਸੇ ਹੈਲੀਕਾਪਟਰ ਵਿਚ ਵਾਪਿਸ ਚਲਾ ਗਿਆ।

31 ਮਈ

1914: ਲਾਹੌਰ ਵਿਚ ਗੁਰਦੁਆਰਾ ਰਕਾਬ ਜੰਗ ਦੀ ਦੀਵਾਰ ਬਾਰੇ ਇਕੱਠ ਹੋਇਆ

14 ਜਨਵਰੀ 1914 ਦੇ ਦਿਨ ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਵਿਚ ਇਸ ਦੇ ਖਿਲਾਫ਼ ਰੋਸ ਜਾਗਿਆ। ਹਰਚੰਦ ਸਿੰਘ ਰਈਸ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ। 10 ਤੋਂ 12 ਅਪ੍ਰੈਲ 1914 ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹੋਈ। ਮਾਸਟਰ ਸੁੰਦਰ ਸਿੰਘ ਤੇ ਹਰਚੰਦ ਸਿੰਘ ਨੇ ਕਾਨਫ਼ਰੰਸ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਉਠਾਉਣਾ ਚਾਹਿਆ। ਜਦੋਂ ਕਮੇਟੀ ਵਾਲੇ ਨਾ ਮੰਨੇ ਤਾਂ ਇਨ੍ਹਾਂ ਨੇ ਉੱਚੀ ਅਵਾਜ਼ ਵਿਚ ਹਾਜ਼ਰ ਸਿੱਖਾਂ ਵਿਚ ਮਸਲਾ ਰੱਖਣਾ ਚਾਹਿਆ। ਇਸ 'ਤੇ ਕਾਨਫ਼ਰੰਸ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਕਾਨਫ਼ਰੰਸ ਵਿੱਚੋਂ ਕੱਢ ਦਿੱਤਾ। ਇਸ ਮਗਰੋਂ ਇਨ੍ਹਾਂ ਨੇ ਜਲੰਧਰ ਸਟੇਸ਼ਨ 'ਤੇ ਆ ਕੇ ਇਕ ਜਲਸਾ ਕਰ ਕੇ ਲੋਕਾਂ ਨੂੰ ਹਾਲਾਤ ਦੱਸੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਮੰਗ ਕੀਤੀ। ਇਸ 'ਤੇ ਚੀਫ਼ ਖਾਲਸਾ ਦੀਵਾਨ ਨੇ ਮਜਬੂਰੀ ਵਿਚ 3 ਮਈ 1914 ਨੂੰ ਅੰਮ੍ਰਿਤਸਰ 'ਚ ਕੁਝ ਖਾਸ ਸਿੱਖਾਂ ਦਾ ਇਕੱਠ ਬੁਲਾਇਆ। ਇਸ ਇਕੱਠ ਵਿਚ 245 ਪਤਵੰਤੇ ਸ਼ਾਮਿਲ ਹੋਏ। ਇਨ੍ਹਾਂ ਵਿਚ ਬਹੁਤੇ ਜਾਗੀਰਦਾਰ ਜਾਂ ਸਰਕਾਰ ਪੱਖੀ ਸਨ। ਇਸ ਮੀਟਿੰਗ ਨੇ ਰੌਲੇ-ਗੌਲੇ ਵਿਚ ਛੇ ਮਤੇ ਪਾਸ ਕੀਤੇ। ਇਹ ਮਤੇ ਸਰਕਾਰ ਅੱਗੇ ਮਿੰਨਤਾਂ ਵਰਗੇ ਸਨ।

ਇਸ ਦੇ ਖ਼ਿਲਾਫ਼ ਲਾਇਲਪੁਰ ਦੇ ਸਿਰਕਰਦਾ ਆਗੂਆਂ ਨੇ ਬੜਾ ਰੌਲਾ ਪਾਇਆ ਪਰ ਚੀਫ਼ ਖਾਲਸਾ ਦੀਵਾਨ ਨੇ ਇਨ੍ਹਾਂ ਦੀ ਜ਼ਰਾ ਵੀ ਪ੍ਰਵਾਹ ਨਾ ਕੀਤੀ। 31 ਮਈ 1914 ਨੂੰ ਲਾਹੌਰ ਦੀ ਲੰਡੇ ਮੰਡੀ ਵਿਚ ਸਿੱਖ ਮੁਖੀਆਂ ਦਾ ਇਕ ਵੱਡਾ ਇਕੱਠ ਹੋਇਆ। ਇਸ ਇਕੱਠ ਵਿਚ ਸ਼ਾਮਿਲ ਹੋਣ ਵਾਲਿਆਂ ਹੋਰਨਾਂ ਆਗੂਆਂ ਵਿਚ ਮਾ: ਮੋਤਾ ਸਿੰਘ ਤੇ ਲਾਇਲਪੁਰ ਦੇ ਮਾ: ਸੁੰਦਰ ਸਿੰਘ, ਮਾ: ਤਾਰਾ ਸਿੰਘ ਤੇ ਹਰਚੰਦ ਸਿੰਘ ਤੇ ਭਾਈ ਰਣਧੀਰ ਸਿੰਘ ਵੀ ਸਨ। ਇਸ ਜਲਸੇ ਤੋਂ ਬਾਅਦ ਕਈ ਹੋਰ ਥਾਂਵਾਂ 'ਤੇ ਵੀ ਜਲਸੇ ਹੋਏ ਜਿਨ੍ਹਾਂ ਵਿਚ ਚੀਫ਼ ਖਾਲਸਾ ਦੀਵਾਨ ਅਤੇ ਸਰਕਾਰ ਦੀ ਨਿੰਦਾ ਕੀਤੀ ਗਈ। ਇਸ ਸਬੰਧ ਵਿਚ ਖਾਲਸਾ ਦੀਵਾਨ ਹਾਂਗਕਾਂਗ ਨੇ ਵੀ ਵਾਇਸਰਾਏ ਨੂੰ ਤਾਰ ਭੇਜੀ ਕਿ ''ਸਰਕਾਰ ਗੁ: ਰਕਾਬ ਗੰਜ ਦੀ ਕੰਧ ਫ਼ੌਰਨ ਉਸਾਰ ਦੇਵੇ ਨਹੀਂ ਤਾਂ ਸਿੱਖ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਮਜਬੂਰ ਹੋਣਗੇ।''

1938: ਅਕਾਲੀ ਦਲ ਨੇ ਬਬਰ ਅਕਾਲੀਆਂ ਦੀਆਂ ਰਿਹਾਈਆਂ 'ਤੇ ਖ਼ੁਸ਼ੀ ਦਾ ਮਤਾ ਪਾਸ ਕੀਤਾ

ਬਬਰ ਅਕਾਲੀ ਲਹਿਰ (ਜਿਹੜੀ ਕਿ ਅਕਾਲੀਆਂ ਦੀ ਸ਼ਾਂਤਮਈ ਲਹਿਰ ਦੇ ਉਲਟ ਦੁਸ਼ਟ-ਸੋਧੂ ਲਹਿਰ ਸੀ) ਦੌਰਾਨ ਬਬਰਾਂ ਨੇ ਬਹੁਤ ਸਾਰੇ ਮੁਖ਼ਬਰਾਂ ਨੂੰ ਕਤਲ ਕੀਤਾ; ਪਰ ਮੁਖ਼ਬਰੀਆਂ ਕਾਰਨ ਇਹ ਸੇਸ ਾਰੇ ਆਗੂ ਜਾਂ ਤਾਂ ਸ਼ਹੀਦ ਹੋ ਗਏ ਤੇ ਜਾਂ ਗ੍ਰਿਫ਼ਤਾਰ ਕਰ ਲਏ ਗਏ; ਗ੍ਰਿਫ਼ਤਾਰਾਂ ਵਿਚੋਂ 6 ਨੂੰ ਫ਼ਾਂਸੀ ਦਿੱਤੀ ਗਈ ਤੇ ਬਾਕੀਆਂ ਨੂੰ ਵੱਖ-ਵੱਖ ਮਿਆਦ ਦੀਆਂ

ਕੈਦਾਂ। ਇਨ੍ਹਾਂ ਵਿਚੋਂ ਬਹੁਤ ਸਾਰੇ ਬਬਰ ਪੂਰੀਆਂ ਕੈਦਾਂ ਭੁਗਤਣ ਮਗਰੋਂ ਮਈ 1938 ਵਿਚ ਰਿਹਾ ਹੋਏ। ਜਦ ਇਹ ਲਹਿਰ ਚਲ ਰਹੀ ਸੀ ਤਾਂ ਅਕਾਲੀ ਪਾਰਟੀ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਸੀ ਪਰ ਜਦ 31 ਮਈ 1938 ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਹੋਇਆ ਤਾਂ ਇਸ ਵਿਚ ਇਕ ਮਤਾ ਪਾਸ ਕੀਤਾ ਗਿਆ ਜਿਸ ਵਿਚ ਬਬਰਾਂ ਦੀ ਰਿਹਾਈ ਤੇ ਖ਼ੁਸ਼ੀ ਜ਼ਾਹਿਰ ਕੀਤੀ ਗਈ ਸੀ।

1981: ਅੰਮ੍ਰਿਤਸਰ ਵਿਚ ਸਿੱਖ ਸਟੂਡੈਂਟਸ ਫ਼ੈਡਰੇਨ ਵਲੋਂ ਅੰਮ੍ਰਿਤਸਰ ਸ਼ਹਰਿ ਨੂੰ ਪਵਿੱਤਰ ਕਰਾਰ ਦਿਵਾਉਣ ਵਾਸਤੇ ਜਲੂਸ ਕੱਢਿਆ ਗਿਆ

ਸਿੱਖ ਕਈ ਚਿਰ ਤੋਂ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਿਆ ਜਾਵੇ ਪਰ ਇੰਦਰਾ ਅਜਿਹੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਅਖੀਰ ਸਿੱਖਾਂ ਨੇ, ਖਾਸ ਕਰ ਕੇ ਦਲ ਖਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ, ਇਸ ਵਾਸਤੇ ਜੱਦੋ-ਜਹਿਦ ਕਰਨ ਦਾ ਤਹੱਈਆ ਕਰ ਲਿਆ। ਇਨ੍ਹਾਂ ਦੋਹਾਂ ਜੱਥੇਬੰਦੀਆਂ ਨੇ ਐਲਾਨ ਕੀਤਾ ਕਿ 31 ਮਈ 1981 ਨੂੰ ਆਪਣੀ ਮੰਗ ਦੇ ਹੱਕ ਵਿਚ ਇਕ ਜਲੂਸ ਅੰਮ੍ਰਿਤਸਰ ਸ਼ਹਿਰ ਵਿਚ ਕੱਢਿਆ ਜਾਵੇ। ਪਰ ਦਹਿਸ਼ਤਗਰਦ, ਬੁਨਿਆਦਪ੍ਰਸਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਹੋਏ ਹਿੰਦੂਆਂ ਕੋਲੋਂ ਏਨਾ ਵੀ ਨਾ ਜਰ ਹੋਇਆ ਕਿ ਸਿੱਖ 'ਮੁੰਡੇ' ਕੋਈ ਨਿੱਕਾ ਜਿਹਾ ਜਲੂਸ ਹੀ ਕੱਢ ਲੈਣ। ਉਨ੍ਹਾਂ ਨੇ ਸਿੱਖਾਂ ਦੇ ਜਲੂਸ ਤੋਂ ਦੋ ਦਿਨ ਪਹਿਲਾਂ ਹੀ, ਯਾਨੀ ਕਿ 29 ਮਈ ਨੂੰ, ਇਕ ਐਂਟੀ-ਸਿੱਖ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ। ਇਸ ਜਲੂਸ ਵਿਚ ਪੰਜਾਬ ਦੇ ਸਾਰੇ ਕਾਂਗਰਸੀ, ਜਨਸੰਘੀ (ਭਾਜਪਾ), ਆਰੀਆ ਸਮਾਜੀ, ਰਾਸ਼ਟਰ ਸੰਘੀ ਤੇ ਹੋਰ ਫ਼ਿਰਕੂ ਤੇ ਬੁਨਿਆਦਪ੍ਰਸਤ ਹਿੰਦੂ ਆਗੂ ਸ਼ਾਮਿਲ ਹੋਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਇਸ ਜਲੂਸ ਵਿਚ ਤ੍ਰਿਸ਼ੂਲ, ਤਲਵਾਰਾਂ, ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ। ਇਸ ਹਿੰਦੂ ਜਲੂਸ ਦਾ ਸਿੱਖਾਂ 'ਤੇ ਏਨਾ ਅਸਰ ਹੋਇਆ ਕਿ 31 ਮਈ ਦੇ ਦਿਨ ਇਕ ਬੇਮਿਸਾਲ ਜਲੂਸ ਨਿਕਲਿਆ ਜਿਸ ਦੀ ਅਗਵਾਈ ਬਾਬਾ ਜਰਨੈਲ ਸਿੰਘ ਨੇ ਕੀਤੀ; ਜਿਸ ਜਲੂਸ ਵਿਚ ਇਕ ਹਜ਼ਾਰ ਤੋਂ ਵਧ ਲੋਕਾਂ ਦੇ ਸਾਮਿਲ ਹੋਣ ਦੀ ਆਸ ਨਹੀਂ ਸੀ; ਦੋ ਦਿਨ ਪਹਿਲਾਂ ਫ਼ਿਰਕੂ ਹਿੰਦੂਆਂ ਵੱਲੋਂ ਕੱਢੇ 'ਨਫ਼ਰਤ ਜਲੂਸ' ਨੇ ਸਿੱਖ ਜਲੂਸ ਦੀ ਗਿਣਤੀ ਇਕ ਹਜ਼ਾਰ ਦੀ ਥਾਂ ਇਕ ਲੱਖ ਕਰ ਦਿੱਤੀ।

1986: ਗੁਰਪ੍ਰੀਤ ਸਿੰਘ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

31 ਮਈ 1986 ਦੇ ਦਿਨ ਪੁਲਸ ਨੇ ਗੁਰਪ੍ਰੀਤ ਸਿੰਘ ਬਬਰ ਨੀਖ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1986: ਗੁਰਪ੍ਰੀਤ ਸਿੰਘ ਬਬਰ ਸੈਦੇਵਾਲਾ ਤੇ ਕੁਲਦੀਪ ਸਿੰਘ ਵੇਰਕਾ ਨਕਲੀ ਮੁਕਾਬਲੇ ਵਿਚ ਸ਼ਹੀਦ

31 ਮਈ 1986 ਦੇ ਦਿਨ ਪੰਜਾਬ ਪੁਲੀਸ ਨੇ ਗੁਰਪ੍ਰੀਤ ਸਿੰਘ ਬਬਰ (ਪੁੱਤਰ ਨਾਜਰ ਸਿੰਘ, ਵਾਸੀ ਸੈਦੇਵਾਲਾ, ਗੰਗਸਰ, ਜੈਤੋ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਗੁਰਪ੍ਰੀਤ ਸਿੰਘ, ਉਮਰ 16 ਸਾਲ; ਬਬਰਾਂ ਦਾ ਸਾਥੀ ਸੀ ਤੇ ਰੂਪੋਸ਼ ਹੋ ਕੇ ਕੰਮ ਕਰਦਾ ਸੀ। ਉਸ ਦੀ ਗ੍ਰਿਫ਼ਤਾਰੀ ਦਾ ਦਬਾਅ ਪਾਉਣ ਵਾਸਤੇ ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਹ ਮੋਟੀ ਰਕਮ ਦੇ ਕੇ ਛੁੱਟਿਆ ਤੇ ਗ੍ਰਿਫ਼ਤਾਰੀ ਦੌਰਾਨ ਹੋਏ ਤਸ਼ੱਦਦ ਨਾਲ ਚਲਾਣਾ ਕਰ ਗਿਆ। ਫਿਰ ਗੁਰਪ੍ਰੀਤ ਸਿੰਘ ਵੀ ਫੜਿਆ ਗਿਆ ਤੇ ਇਕ ਵਾਰ ਰਿਹਾ ਹੋ ਕੇ ਫੇਰ ਸੇਵਾ ਵਚ

ਜੁੱਟ ਗਿਆ। ਇਕ ਗ਼ਦਾਰ ਵੱਲੋਂ ਸੂਹ ਦਿੱਤੇ ਜਾਣ 'ਤੇ ਫ਼ਰੀਦਕੋਟ ਪੁਲਸ ਨੇ ਫੜ ਲਿਆ ਅਤੇ ਪੁਲਸ ਨੇ 3 ਦਿਨ ਬੇਰਹਿਮੀ ਨਾਲ ਤਸੀਹੇ ਦੇ ਕੇ ਫ਼ਰੀਦਕੋਟ ਜੇਲ੍ਹ ਦੇ ਪਿੱਛੇ ਲਿਜਾ ਕੇ ਸ਼ਹੀਦ ਕਰ ਦਿੱਤਾ।

ਇਸੇ ਮਹੀਨੇ ਦੇ ਅਖੀਰ ਵਿਚ ਦਲਜੀਤ ਸਿੰਘ ਉਰਫ਼ ਜੀਤਾ ਸਿੰਘ (ਪੁੱਤਰ ਕੁਲਦੀਪ ਸਿੰਘ, ਵਾਸੀ ਪੱਟੀ ਬਾਗ, ਵੇਰਕਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ।

1989: ਦਰਜਨਾਂ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਮਈ 1989 ਵਿਚ ਪੰਜਾਬ ਪੁਲੀਸ ਨੇ ਦਰਜਨਾਂ ਸਿੱਖ ਨੌਜਵਾਨ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਚਰਨਜੀਤ ਸਿੰਘ ਚੰਨੀ (ਵਾਸੀ ਮੁੰਡੀਆਂ ਜੱਟ, ਹੁਸ਼ਿਆਰਪੁਰ), ਸਤਨਾਮ ਸਿੰਘ ਸੱਤਾ 22 ਲੱਖਾ (ਵਾਸੀ ਅਟੱਲਗੜ੍ਹ, ਹੁਸ਼ਿਆਰਪੁਰ), ਰੌਸ਼ਨ ਸਿੰਘ ਉਰਫ਼ ਭਾਈ ਸ਼ੇਰ ਸਿੰਘ (ਵਾਸੀ ਬੁੱਤਗੜ੍ਹ, ਹੁਸ਼ਿਆਰਪੁਰ), ਮੇਜਰ ਸਿੰਘ (ਵਾਸੀ ਕੈਰੋਂ, ਅੰਮ੍ਰਿਤਸਰ), ਕਸ਼ਮੀਰ ਸਿੰਘ (ਵਾਸੀ ਰਾਜੋਕੇ, ਅੰਮ੍ਰਿਤਸਰ), ਬਚਿੱਤਰ ਸਿੰਘ (ਵਾਸੀ ਸਿਧਵਾਂ, ਅੰਮ੍ਰਿਤਸਰ), ਜਰਨੈਲ ਸਿੰਘ ਲਾਡੀ (ਵਾਸੀ ਅਲੀਪੁਰ), ਹਰਭਜਨ ਸਿੰਘ ਭੱਲਾ (ਵਾਸੀ ਕੋਟਲੀ ਸੂਰ ਸਿੰਘ, ਅੰਮ੍ਰਿਤਸਰ), ਸੁਖਦੇਵ ਸਿੰਘ ਸੁੱਖਾ (ਵਾਸੀ ਪੱਧਰੀ ਕਲਾਂ, ਅੰਮ੍ਰਿਤਸਰ), ਜੋਗਿੰਦਰ ਸਿੰਘ ਦੇਧੀ (ਪੁੱਤਰ ਜਥੇਦਾਰ ਡੋਗਰ ਸਿੰਘ, ਵਾਸੀ ਮੋਤਲੀ, ਅੰਮ੍ਰਿਤਸਰ), ਬਲਬੀਰ ਸਿੰਘ ਭੀਰਾ ਉਰਫ਼ ਚੰਗਿਆੜਾਂ (ਵਾਸੀ ਮੈਹਣਾ, ਹੁਸ਼ਿਆਰਪੁਰ), ਹਰਪਾਲ ਸਿੰਘ (ਵਾਸੀ ਸ਼ਿੰਗਾਰਪੁਰ), ਜਸਵੰਤ ਸਿੰਘ (ਵਾਸੀ ਚੌੜਾ ਮਧਰਾ), ਮੇਜਰ ਸਿੰਘ ਫੌਜੀ, ਰਾਜ ਨਛੱਤਰ ਸਿੰਘ, ਹਰਦੀਪ ਸਿੰਘ ਗਰੀਬੂਆਂ।

1990: ਦਰਜਨਾਂ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਮਈ 1990 ਵਿਚ ਪੰਜਾਬ ਪੁਲੀਸ ਨੇ ਦਰਜਨਾਂ ਸਿੱਖ ਨੌਜਵਾਨ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਜਸਪ੍ਰੀਤ ਜੱਸਾ ਉਰਫ਼ ਰਿੰਪੀ (ਵਾਸੀ ਤਲਵੰਡੀ ਭਾਈ ਕੀ, ਫ਼ੀਰੋਜ਼ਪੁਰ), ਰਜਵਿੰਦਰ ਸਿੰਘ ਰਾਜੂ (ਵਾਸੀ ਕਾਲੀਆ ਸੰਗਤਰਾ, ਅੰਮ੍ਰਿਤਸਰ), ਸੁਖਜਿੰਦਰ ਸਿੰਘ (ਵਾਸੀ ਬੁੱਟਰ ਗੁਰਦਾਸਪੁਰ), ਭਗਵੰਤ ਸਿੰਘ ਭਾਟੀਆ (ਪੁੱਤਰ ਚਰਨ ਸਿੰਘ, ਵਾਸੀ ਮੱਦਰ, ਅੰਮ੍ਰਿਤਸਰ), ਭਾਈ ਸੁਰਿੰਦਰ ਸਿੰਘ ਛਿੰਦਾ ਉਰਫ਼ ਗੁਰਚਰਨ ਸਿੰਘ ਉਰਫ਼ ਡਾ. ਹਰਨਾਮ ਸਿੰਘ ਸੰਧੂ (ਵਾਸੀ ਤਾਰਾਗੜ੍ਹ, ਗੁਰਦਾਸਪੁਰ), ਨਿਸ਼ਾਨ ਸਿੰਘ (ਵਾਸੀ ਵਿਝਵਾਂ, ਗੁਰਦਾਸਪੁਰ)।

1991: ਦਰਜਨਾਂ ਸਿੱਖ ਨੌਜਵਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਮਈ 1991 ਵਿਚ ਪੰਜਾਬ ਪੁਲੀਸ ਨੇ ਦਰਜਨਾਂ ਸਿੱਖ ਨੌਜਵਾਨ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਮੰਗਲ ਸਿੰਘ (ਵਾਸੀ ਲੌਂਗੀਆ ਵਾਲੀ), ਲੱਖਾ ਸਿੰਘ ਬਰਾੜ, ਗੁਰਮੇਜ ਸਿੰਘ ਚੀਨਾ ਅਤੇ ਉਸ ਦੀ ਸਿੰਘਣੀ ਬੀਬੀ ਬਲਵਿੰਦਰ ਕੌਰ, ਸੁੱਚਾ ਸਿੰਘ ਸੂਰਮਾ, ਅਰਜਨ ਸਿੰਘ ਉਰਫ਼ ਬਘੇਲ ਸਿੰਘ (ਸਾਰੇ ਵਾਸੀ (ਸਾਰੇ ਵਾਸੀ ਪੱਬਣ ਰਲੀ, ਗੁਰਦਾਸਪੁਰ), ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ ਸਿੰਘ, ਬਲਦੇਵ ਸਿੰਘ ਦੇਬਾ (ਵਾਸੀ ਕੈਰੋਂ), ਬਲਬੀਰ ਸਿੰਘ ਘੁੱਕ ਉਰਫ਼ ਹੀਰੋ (ਵਾਸੀ ਸੁਰ ਸਿੰਘ)।

1991: ਭਾਈ ਜੋਗਾ ਸਿੰਘ ਖਾਨਪੁਰ ਦੇ ਪੂਰੇ ਪਰਵਾਰ ਦਾ ਕਤਲੇਆਮ

ਪਿੰਡ ਖਾਨਪੁਰ ਦਾ ਭਾਈ ਜੋਗਾ ਸਿੰਘ, ਪੁਲਸ ਜ਼ੁਲਮ ਦੇ ਖ਼ਿਲਾਫ਼ ਰੋਹ ਕਾਰਨ ਖਾੜਕੂ ਸਫ਼ਾਂ ਵਿਚ ਸ਼ਾਮਿਲ ਹੋ ਗਿਆ ਸੀ। ਪੰਜਾਬ ਪੁਲਸ ਦੇ ਕੁਝ ਸੀਨੀਅਰ ਮੁਖੀਆਂ (ਸਰਬਦੀਪ ਵਿਰਕ ਸੁਮੇਧ ਸੈਣੀ, ਇਜ਼ਹਾਰ ਆਲਮ, ਗੋਬਿੰਦ ਰਾਮ) ਨੇ ਉਨ੍ਹਾਂ ਦਿਨਾਂ ਵਿਚ ਪੁਲਸ ਕੈਟਾਂ ਦਾ ਟੋਲਾ ਕਇਮ ਕੀਤਾ ਹੋਇਆ ਸੀ। ਇਸ ਟੋਲੇ ਵਿਚ ਹੋਰਨਾਂ ਤੋਂ ਇਲਾਵਾ ਨਕਲੀ ਨਿਹੰਗ ਅਜੀਤ ਪੂਹਲਾ ਤੇ ਤਰਨਤਾਰਨ ਇਲਾਕੇ ਦੀ ਅਮਰੀਕੋ ਤੇ ਭਿੱਖੀ ਵਿੰਡ ਦੀ ਦਲਬੀਰੋ ਵੀ ਸਨ। ਇਨ੍ਹਾਂ ਟੋਲਿਆਂ ਦਾ ਕੰਮ ਖਾੜਕੂਆਂ ਬਾਰੇ ਇਤਲਾਹਾਂ ਦੇਣਾ, ਉਨ੍ਹਾਂ ਦੇ ਨਾਂ 'ਤੇ ਗ਼ਲਤ ਕਾਰਵਾਈਆਂ ਕਰਨਾ ਅਤੇ ਇਸ ਦੇ ਨਾਲ-ਨਾਲ ਖਾੜਕੂਆਂ ਦੇ ਟੱਬਰਾਂ ਦਾ ਕਤਲ ਕਰਨ ਵੀ ਸ਼ਾਮਿਲ ਸੀ। ਇਸ ਕਾਰਵਾਈ ਹੇ 31 ਮਈ 1991 ਦੀ ਰਾਤ ਨੂੰ ਅਜੀਤ ਪੂਹਲਾ ਨਕਲੀ ਨਿਹੰਗ ਪੁਲਸ ਦੀ ਇਕ ਗਾਰਦ (ਨੀਲੀਆਂ ਤੇ ਪੀਲੀਆਂ ਪੱਗਾਂ ਵਿਚ) ਲੈ ਕੇ ਰੋਪੜ ਜ਼ਿਲ੍ਹੇ ਦੇ ਪਿੰਡ ਖਾਨਪੁਰ ਆ ਪੁੱਜਾ ਅਤੇ ਉਸ ਨੇ ਜੋਗਾ ਸਿੰਘ ਦੇ ਸਾਰੇ ਟੱਬਰ ਨੂੰ ਇਕੱਠਾ ਕਰ ਕੇ ਪਹਿਲਾਂ ਤਾਂ ਉਨ੍ਹਾਂ 'ਤੇ ਜ਼ੁਲਮ ਢਾਹਿਆ ਅਤੇ ਫਿਰ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮਗਰੋਂ ਪੁਲਸ ਨੇ ਇਹ ਡਰਾਮਾ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਕਤਲ ਆਪਸੀ ਦੁਸ਼ਮਣੀ ਵਿਚ ਹੋਏ ਸਨ। ਇਸ ਮੌਕੇ 'ਤੇ ਸ਼ਹੀਦ ਹੋਣ ਵਾਲਿਆਂ ਵਿਚ ਜੋਗਾ ਸਿੰਘ ਦਾ ਪਿਤਾ ਬਚਨ ਸਿੰਘ (45), ਦਰਸ਼ਨ ਕੌਰ ਮਾਤਾ (40), ਮਦਨਜੀਤ ਕੌਰ ਭੈਣ (15), ਹਰਜਿੰਦਰ ਕੌਰ ਚਾਚੀ (28), ਤੇ ਹਰਜਿੰਦਰ ਕੌਰ ਦੇ ਤਿੰਨ ਬੱਚੇ ਯਾਦਵਿੰਦਰ ਸਿੰਘ (3), ਰਾਜਬੀਰ ਕੌਰ (5) , ਗੁਰਜੰਟ ਕੌਰ (10 ਮਹੀਨੇ) ਵੀ ਸ਼ਾਮਿਲ ਸਨ। ਜੋਗਾ ਸਿੰਘ ਉਸ ਵੇਲੇ ਘਰ ਨਹੀਂ ਸੀ (ਉਸ ਨੂੰ ਮਗਰੋਂ ਸ਼ਹੀਦ ਕਰ ਦਿੱਤਾ ਗਿਆ ਸੀ)।

1992: ਸਤਨਾਮ ਸਿੰਘ ਸੱਤੂ, ਕੁਲਬੀਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

31 ਮਈ 1992 ਦੇ ਦਿਨ ਪੁਲਸ ਨੇ ਸਤਨਾਮ ਸਿੰਘ ਉਰਫ਼ ਸੱਤੂ (ਪੁੱਤਰ ਸ਼ੇਰ ਸਿੰਘ, ਵਾਸੀ ਸੋਹੀਆਂ ਖ਼ੁਰਦ), ਮਨਜੀਤ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਟਾਂਡਾ, ਨੇੜੇ ਤੁੜ, ਜ਼ਿਲ੍ਹਾ ਤਰਨਤਾਰਨ), ਅਮਰੀਕ ਸਿੰਘ (ਪੁੱਤਰ ਭਾਨ ਸਿੰਘ, ਵਾਸੀ ਘਨੌਰੀ ਕਲਾਂ, ਜ਼ਿਲ੍ਹਾ ਸੰਗਰੂਰ), ਦਲਬੀਰ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਭਿੰਡੀ ਔਲਖ), ਕੁਲਬੀਰ ਸਿੰਘ ਉਰਫ਼ ਬਲਕਾਰ ਸਿੰਘ ਤੇ 3 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਕੁਲਦੀਪ ਸਿੰਘ ਭੁੱਲਰਹੇੜੀ ਨਕਲੀ ਮੁਕਾਬਲੇ ਵਿਚ ਸ਼ਹੀਦ

31 ਮਈ 1993 ਦੇ ਦਿਨ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਭੁੱਲਰ ਹੇੜੀ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1999: ਗੁਰਚਰਨ ਸਿੰਘ ਟੌਹੜਾ ਨੇ ਸਰਬ ਹਿੰਦ ਅਕਾਲੀ ਦਲ ਬਣਾਇਆ

14 ਅਪ੍ਰੈਲ 1999 ਦੇ ਦਿਨ ਵਿਸਾਖੀ ਸਬੰਧੀ ਸਾਰੇ ਸਮਾਗਮ ਖ਼ਤਮ ਹੋਣ ਅਤੇ ਬਾਦਲ-ਟੌਹੜਾ ਏਕੇ ਦੀਆਂ ਸਾਰੀਆਂ ਆਸਾਂ ਮੁਕ ਜਾਣ ਮਗਰੋਂ, ਟੌਹੜਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਇਕ ਕਾਨਫ਼ਰੰਸ 31 ਮਈ 1999 ਦੇ ਦਿਨ ਆਲਮਗੀਰ ਵਿਚ ਬੁਲਾ ਲਈ। ਇਸ ਕਾਨਫ਼ਰੰਸ ਵਿਚ ਬਾਦਲ 'ਤੇ ਅਕਾਲੀ ਦਲ ਦੇ ਪ੍ਰਧਾਨ ਵਜੋਂ, 'ਕੌਮੀ ਮੁਕਦਮਾ' ਚਲਾਇਆ ਗਿਆ। ਇਸ ਮਗਰੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ 'ਚੋਂ 'ਖਾਰਿਜ' ਕਰ ਦਿਤਾ ਗਿਆ ਅਤੇ ਟੌਹੜਾ ਨੂੰ

ਪ੍ਰਧਾਨ ਚੁਣ ਲਿਆ ਗਿਆ। ਇਸ ਪਾਰਟੀ ਦਾ ਨਾਂ 'ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ' ਰਖਿਆ ਗਿਆ। ਇਸ ਸਮਾਗਮ ਦੌਰਾਨ 11 ਐਮ.ਐਲ.ਏ. ਹਾਜ਼ਿਰ ਸਨ ਪਰ ਉਹ ਸਟੇਜ 'ਤੇ ਨਾ ਬੈਠੇ ਤਾਂ ਜੋ ਉਹ 'ਦਲ ਬਦਲੂ ਕਾਨੂੰਨ' ਦੀ ਜ਼ਦ ਹੇਠ ਨਾ ਆਉਣ। ਇਸ ਵੱਡੇ ਇਕਠ ਵਿਚ ਟੌਹੜਾ ਦੇ ਹਿਮਾਇਤੀ ਅਕਾਲੀ ਆਗੂਆਂ ਤੋਂ ਇਲਾਵਾ ਪ੍ਰੇਮ ਸਿੰਘ ਲਾਲਪੁਰਾ, ਸੁਖਜਿੰਦਰ ਸਿੰਘ, ਸੁੱਚਾ ਸਿੰਘ ਛੋਟੇਪੁਰ ਅਤੇ ਮਾਨ ਧੜੇ ਦੇ ਕੁਝ ਆਗੂ ਵੀ ਹਾਜ਼ਿਰ ਸਨ।

2014: ਗੁਰਬਚਨ ਸਿੰਘ ਪੁਜਾਰੀ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਗਈ

31 ਮਈ 2014 ਦੇ ਦਿਨ ਆਲ ਇੰਡੀਆ ਸਿੱਖ ਕਾਨਫ਼ਰੰਸ ਦੇ ਆਗੂ ਗੁਰਚਰਨ ਸਿੰਘ ਬੱਬਰ ਤੇ ਉਸ ਦੇ ਨਾਲ ਕੁਝ ਹੋਰ ਜਥੇਬੰਦੀਆਂ ਨੇ ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਕੇ ਉਸ ਨੂੰ ਅਕਾਲ ਤਖ਼ਤ ਤੋਂ ਸਜ਼ਾ ਦੇਣ ਵਾਸਤੇ ਮੁਹਿੰਮ ਸ਼ੁਰੂ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਅਰਦਾਸਿ ਕੀਤੀ।

1 ਜੂਨ

1813: ਮਹਾਰਾਜਾ ਰਣਜੀਤ ਸਿੰਘ ਨੂੰ ਕੋਹਿਨੂਰ ਹੀਰਾ ਹਾਸਿਲ ਹੋਇਆ

ਅਫ਼ਗਾਨਿਸਤਾਨ ਦੇ ਗੱਦੀਓਂ ਲੱਥੇ ਬਾਦਸ਼ਾਹ ਸ਼ਾਹ ਸ਼ੁਜਾਹ ਦੀ ਬੇਗਮ ਨੇ ਰਣਜੀਤ ਸਿੰਘ ਨੂੰ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਉਸ ਦੇ ਸ਼ੌਹਰ (ਪਤੀ) ਨੂੰ ਛੁਡਵਾ ਕੇ ਮਹਿਫ਼ੂਜ਼ ਉਸ ਕੋਲ ਪਹੁੰਚਾ ਦੇਵੇਗਾ ਤਾਂ ਉਹ ਉਸ ਨੂੰ ਦੁਨੀਆ ਦਾ ਸਭ ਤੋਂ ਨਾਯਾਬ ਹੀਰਾ 'ਕੋਹਿਨੂਰ' ਭੇਟ ਕਰ ਦੇਵੇਗੀ। ਰਣਜੀਤ ਸਿੰਘ ਨੇ ਆਪਣਾ ਵਾਇਦਾ ਪੂਰਾ ਕੀਤਾ ਅਤੇ ਸ਼ਾਹ ਸ਼ੁਜਾਹ ਨੂੰ ਬਚਾਅ ਕੇ ਲਾਹੌਰ ਲੈ ਆਇਆ। ਇਸ ਮਕਸਦ ਵਾਸਤੇ ਬਹੁਤ ਸਾਰੇ ਸਿੱਖ ਫ਼ੌਜੀਆਂ ਨੂੰ ਜਾਨ ਵੀ ਗੁਆਉਣੀ ਪਈ। ਪਰ ਜਦ ਸ਼ਾਹ ਸ਼ੁਜਾਹ ਲਾਹੌਰ ਪਹੁੰਚ ਗਿਆ ਤਾਂ ਬੇਗਮ ਨੇ ਹੀਰਾ ਦੇਣ ਦੀ ਬਜਾਇ ਬਹਾਨੇ ਬਣਾਉਣੇ ਸ਼ੁਰੂ ਕਰ ਦਿੱਤੇ; ਜਿਨ੍ਹਾਂ ਵਿਚ ਇਕ ਇਹ ਵੀ ਸੀ ਕਿ ਉਹ ਹੀਰਾ ਉਸ ਨੇ ਕਿਸੇ ਕੋਲ ਅਮਾਨਤ ਰੱਖਿਆ ਹੋਇਆ ਹੈ। ਪਰ ਜਦ ਰਣਜੀਤ ਸਿੰਘ ਨੇ ਉਸ 'ਤੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਦਿੱਤੀ ਕੋਠੀ ਵਿਚ ਇਕ ਤਰ੍ਹਾਂ ਨਜ਼ਰਬੰਦ ਕਰ ਦਿੱਤਾ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ ਅਤੇ ਪਹਿਲੀ ਜੂਨ 1813 ਦੇ ਦਿਨ ਰਾਜੇ ਨੂੰ ਹੀਰਾ ਭੇਟ ਕਰ ਦਿੱਤਾ। ਹੀਰਾ ਲੈਣ ਵਾਸਤੇ ਰਣਜੀਤ ਸਿੰਘ ਆਪ ਉਸ ਦੇ ਘਰ ਗਿਆ।

1940: ਅਲੀਗੜ੍ਹ ਵਿਚ ਵਿਸ਼ਾਲ ਧਰਮ ਪ੍ਰਚਾਰ ਕਾਨਫ਼ਰੰਸ

ਪਹਿਲੀ ਜੂਨ 1940 ਦੇ ਦਿਨ ਪੰਜਾਬੋਂ ਬਾਹਰ ਸਿੱਖ ਧਰਮ ਦੇ ਪ੍ਰਚਾਰ ਅਤੇ ਉੱਥੋਂ ਦੇ ਸਿੱਖ ਵਾਸੀਆਂ ਵਿਚ ਸਿੱਖ ਕੌਮੀਅਤ ਦਾ ਅਹਿਸਾਸ ਭਰਨ ਵਾਸਤੇ ਇਕ ਧਰਮ ਪ੍ਰਚਾਰ ਕਾਨਫ਼ਰੰਸ ਕੀਤੀ ਗਈ; ਇਸ ਵਿਚ 25000 ਤੋਂ ਵਧ ਸੰਗਤਾਂ ਨੇ ਹਿੱਸਾ ਲਿਆ; ਸੈਂਕੜੇ ਸਿੱਖਾਂ ਨੇ ਖੰਡੇ ਦੀ ਪਾਹੁਲ ਲਈ।

1948: ਪੰਜਾਬ ਸਰਕਾਰ ਨੇ ਪੰਜਾਬ ਦੇ ਸਕੂਲਾਂ ਵਿਚ 'ਸੱਚਰ ਫ਼ਾਰਮੂਲੇ' ਹੇਠ ਮਾਂ ਬੋਲੀ ਵਿਚ ਪੜ੍ਹਾਈ ਕਰਵਾਉਣ ਦਾ ਫ਼ੈਸਲਾ ਕੀਤਾ।

ਇਕ ਜੂਨ 1948 ਨੂੰ ਪੰਜਾਬ ਦੀ ਗੋਪੀ ਚੰਦ ਭਾਰਗੋ ਸਰਕਾਰ ਨੇ ਪੰਜਾਬ ਵਿਚ ਪੰਜਾਬੀ ਅਤੇ ਹਿੰਦੀ ਨੂੰ ਸਿੱਖਿਆ ਦਾ ਮਾਧਿਅਮ ਬਣਾ ਦਿੱਤਾ; ਪੰਜਾਬੀ ਰਿਜਨ ਦੇ ਸਕੂਲਾਂ ਵਿਚ ਪੰਜਾਬੀ ਅਤੇ ਹਰਿਆਣਵੀ ਰਿਜਨ ਵਿਚ ਹਿੰਦੀ ਪੜ੍ਹਾਈ ਜਾਣੀ ਸੀ। ਮਹਾਸ਼ਾ ਪਰੈੱਸ ਨੇ ਤਾਂ ਇਸ ਦੀ ਵੀ ਬੜੀ ਵਿਰੋਧਤਾ ਕੀਤੀ। ਗੁਰਮੁਖੀ ਦਾ ਨਾਂ ਸੁਣ ਕੇ ਉਹ ਮੱਚ ਪੈਂਦੇ ਸਨ। ਹਾਲਾਂ

ਕਿ ਪੰਜਾਬ ਦਾ ਫ਼ਿਰਕੂ ਹਿੰਦੂ ਪੰਜਾਬੀ ਵਿਚ ਹੀ ਹੱਸਦਾ ਤੇ ਪੰਜਾਬੀ ਵਿਚ ਹੀ ਰੋਂਦਾ ਸੀ ਪਰ ਉਹ ਯੂ.ਪੀ. ਦੇ ਬ੍ਰਾਹਮਣਾਂ ਦੇ ਐਸੇ ਜਮੂਰੇ ਬਣੇ ਹੋਏ ਸਨ ਕਿ ਉਹ ਆਪਣੀ ਮਾਂ ਨਾਲ ਹੀ ਨਫ਼ਰਤ ਕਰਨ ਲਗ ਪਏ। ਉਂਞ ਪੰਜਾਬੀ ਸੂਬਾ ਬਣਨ ਮਗਰੋਂ ਹਰਿਆਣਾ ਵਿਚ ਰਹਿ ਗਏ ਪੰਜਾਬੀਆਂ ਨੂੰ ਆਪਣੀ ਬੇਵਕੂਫ਼ੀ ਦਾ ਅਹਿਸਾਸ ਉਦੋਂ ਹੋਇਆ ਜਦ ਉਨ੍ਹਾਂ ਨਾਲ ਹਰਿਆਣਵੀਆਂ ਨੇ ਪੰਜਾਬੀ ਹੋਣ ਕਰ ਕੇ ਬੇਹੱਦ ਵਿਤਕਰੇ ਕਰਨੇ ਸ਼ੁਰੂ ਕਰ ਦਿੱਤੇ; ਇਹ ਉਨ੍ਹਾਂ ਨੂੰ ਮਾਂ ਨਾਲ ਬੇਵਫ਼ਾਈ ਕਰਨ ਦੀ ਸਜ਼ਾ ਸੀ।

1984: ਦਰਬਾਰ ਸਾਹਿਬ 'ਤੇ ਸੀ. ਆਰ. ਪੀ ਐਫ਼. ਵੱਲੋਂ ਬੇਵਜਹ ਫ਼ਾਇਰਿੰਗ; 11 ਸਿੱਖ ਸ਼ਹੀਦ ਹੋ ਗਏ

1984 ਵਿਚ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਜਦ ਮੁਕੰਮਲ ਹੋ ਗਈਆਂ ਤਾਂ ਪਹਿਲਾਂ ਇਸ ਦੀ ਰੀਹਰਸਲ ਕੀਤੀ ਗਈ। ਪਹਿਲੀ ਜੂਨ 1984 ਨੂੰ ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ ਉੱਤੇ ਗੋਲਾਬਾਰੀ ਕੀਤੀ ਤਾਂ ਜੋ ਇਕ ਤਾਂ ਅੰਦਰ ਬੈਠੇ ਖਾੜਕੂਆਂ ਦੀ ਤਾਕਤ ਪਤਾ ਲੱਗ ਜਾਵੇ ਅਤੇ ਦੂਜੇ ਸਿੱਖਾਂ ਦਾ ਵਧ ਤੋਂ ਵਧ ਅਸਲਾ ਜ਼ਾਇਆ ਕੀਤਾ ਜਾ ਸਕੇ। ਇਹ ਫ਼ਾਇਰਿੰਗ ਕੋਈ 5-6 ਘੰਟੇ ਚਲਦੀ ਰਹੀ। ਇਸ ਨਾਲ ਦਰਬਾਰ ਸਾਹਿਬ ਮੱਥਾ ਟੇਕਣ ਗਏ 8 ਸਿੱਖ ਯਾਤਰੂ ਮਾਰੇ ਗਏ ਅਤੇ 25 ਤੋਂ ਵੱਧ ਜ਼ਖ਼ਮੀ ਹੋਏ। ਇਸ ਦੌਰਾਨ ਹਰਚੰਦ ਸਿੰਘ ਲੌਂਗੋਵਾਲ ਨੇ ਗਿਆਨੀ ਜ਼ੈਲ ਸਿੰਘ ਨਾਲ ਫ਼ੋਨ 'ਤੇ ਰਾਬਤਾ ਬਣਾਇਆ ਪਰ ਉਸ ਨੇ ਕੋਈ ਵੀ ਮਦਦ ਨਾ ਕੀਤੀ। ਹਾਂ ਸ਼ਾਮ ਵੇਲੇ ਗੋਲਾਬਾਰੀ ਬੰਦ ਜ਼ਰੂਰ ਹੋ ਗਈ। ਸੀ.ਆਰ.ਪੀ.ਐਫ਼. ਦੀਆਂ ਗੋਲੀਆਂ ਦੇ 20 ਤੋਂ ਵੱਧ ਨਿਸ਼ਾਨ ਦਰਬਾਰ ਸਾਹਿਬ ਦੀ ਅੰਦਰੂਨੀ ਈਮਾਰਤ ਉੱਤੇ ਵੇਖੇ ਜਾ ਸਕਦੇ ਸਨ। (ਮਗਰੋਂ ਅਕਾਲੀਆਂ ਨੇ ਇਹ ਨਿਸ਼ਾਨ ਮਿਟਾ ਦਿੱਤੇ ਸਨ।

1984: ਇਕ ਲੱਖ ਤੋਂ ਵਧ ਫ਼ੌਜ ਦਾ ਪੰਜਾਬ ਵਲ ਮਾਰਚ

ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਫ਼ੌਜ ਨੂੰ ਕਈ ਮਹੀਨੇ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ। ਉਂਞ ਤਾਂ ਉਹ ਪਹਿਲਾਂ ਵੀ ਦੋ ਵਾਰ ਅਜਿਹਾ ਕਰਨ ਲੱਗੀ ਸੀ ਪਰ ਉਸ ਦਾ ਹੌਂਸਲਾ ਨਹੀਂ ਪਿਆ ਸੀ। ਪਰ ਇਸ ਵਾਰ ਰਾਜੀਵ ਗਾਂਧੀ, ਅਰੁਣ ਨਹਿਰੂ, ਅਰੁਣ ਸਿੰਹ ਤੇ ਇਨ੍ਹਾਂ ਦੇ ਸਾਥੀਆਂ ਵਲੋਂ ਜ਼ੋਰ ਦੇਣ 'ਤੇ ਇੰਦਰਾ ਨੇ ਫ਼ੌਜ ਨੂੰ ਤਿਆਰ ਹੋ ਜਾਣ ਵਾਸਤੇ ਆਖ ਦਿੱਤਾ। ਜਦੋਂ ਫ਼ੌਜ ਦੇ ਚੀਫ਼ ਨੇ ਪੂਰੀ ਤਿਆਰੀ ਦੀ ਇਤਲਾਹ ਦੇ ਦਿੱਤੀ ਤਾਂ ਇੰਦਰਾ ਨੇ ਫ਼ੌਜ ਨੂੰ ਅੰਮ੍ਰਿਤਸਰ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। ਫ਼ੌਜ ਇਕ ਜੂਨ ਨੂੰ ਤੜਕਸਾਰ ਹੀ ਅੰਮ੍ਰਿਤਸਰ ਵੱਲ ਚੱਲ ਪਈ। ਇਕ ਅੰਦਾਜ਼ੇ ਮੁਤਾਬਿਕ ਤਕਰੀਬਨ ਇਕ ਲੱਖ ਫ਼ੌਜ ਇਸ ਸਾਰੀ ਮੁਹਿਮ ਵਿਚ, ਇਕ ਜਾਂ ਦੂਜੇ ਤਰੀਕੇ ਨਾਲ, ਸ਼ਾਮਿਲ ਸਨ। ਇਨ੍ਹਾਂ ਵਿਚ, ਆਰਮੀ, ਨੇਵੀ ਤੇ ਏਅਰਫ਼ੋਰਸ, ਤਿੰਨੇ ਸ਼ਾਮਿਲ ਸਨ। ਪਹਿਲੀ ਜੂਨ ਨੂੰ ਚੰਡੀਗੜ੍ਹ ਕੋਲ ਚੰਡੀ ਮੰਦਰ '2 ਕੋਰ' ਦੇ ਹੈੱਡਕੁਆਰਟਰ ਵਿਚ ਕੇ.ਐਸ. ਬਰਾੜ, ਲੈਫ਼ਟੀਨੈਂਟ ਜਨਰਲ ਕੇ. ਸੁੰਦਰਜੀ, ਆਰ.ਐਸ. ਦਿਆਲ ਅਤੇ ਕਈ ਹੋਰ ਫ਼ੌਜੀ ਅਫ਼ਸਰ ਇਕੱਠੇ ਹੋਏ। ਇਨ੍ਹਾਂ ਵਿਚੋਂ ਸੁੰਦਰਜੀ ਪਾਕਿਸਤਾਨ ਨਾਲ ਹੋਈ 1965 ਦੀ ਲੜਾਈ ਵਿਚ ਇਕ ਰਜਮੈਂਟ ਦਾ ਕਮਾਂਡਰ ਰਿਹਾ ਸੀ ਤੇ ਦਿਆਲ ਵੀ ਇਸੇ ਲੜਾਈ ਵਿਚ ਹਿੱਸਾ ਲੈ ਰਹੀ ਪੈਰਾਸ਼ੂਟ ਰਜਮੈਂਟ ਦਾ ਇਕ ਮੇਜਰ ਸੀ। ਚੰਡੀ ਮੰਦਰ ਛਾਉਣੀ ਵਿਚ ਹੋਈ। ਇਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਗਿਆਨੀ ਜ਼ੈਲ ਸਿੰਘ ਅਤੇ ਇੰਦਰਾ ਵਲੋਂ ਦਿੱਤੀ ਹਦਾਇਤ ਮੁਤਾਬਿਕ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਜਾਣਾ ਸੀ ਅਤੇ ਸਾਰੇ ਕੰਪਲੈਕਸ ਪੂਰਾ ਕਬਜ਼ਾ 48 ਤੋਂ 72 ਘੰਟੇ ਵਿਚ ਮੁਕੰਮਲ ਕੀਤਾ ਜਾਣਾ

ਸੀ। ਇਸ ਐਕਸ਼ਨ ਦੇ ਦੋ ਮੁਖ ਹਿੱਸੇ ਸਨ: ਦਰਬਾਰ ਸਾਹਿਬ 'ਤੇ ਹਮਲਾ ਅਤੇ ਕਬਜ਼ਾ ਕਰਨਾ (ਅਪ੍ਰੇਸ਼ਨ ਬਲੂ ਸਟਾਰ) ਅਤੇ ਅੰਮ੍ਰਿਤਸਰ ਦੀ ਪਾਕਿਸਤਾਨ ਵੱਲ ਅਤੇ ਬਾਕੀ ਪੰਜਾਬ ਨਾਲ ਸਰਹੱਦ ਸੀਲ ਕਰਨਾ (ਅਪ੍ਰੇਸ਼ਨ ਵੁੱਡ ਰੋਜ਼)। ਸਰਹੱਦ ਸੀਲ ਕਰਨ ਦਾ ਕੰਮ 11 ਕੋਰ ਯੂਨਿਟ, ਜਿਸ ਦਾ ਮੁਖੀ ਲੈਫ਼ਟੀਨੈਂਟ ਜਨਰਲ ਕੇ. ਗੌਰੀ ਸ਼ੰਕਰ ਸੀ, ਨੂੰ ਸੌਂਪਿਆ ਗਿਆ ਸੀ।

1986: ਬਲਬੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜੂਨ 1986 ਦੇ ਦਿਨ ਪੁਲਸ ਨੇ, ਇਕ ਸਿੱਖ ਬਲਬੀਰ ਸਿੰਘ ਨੂੰ, ਚਮਿਆਰੀ ਅਤੇ ਜਾਮਾ ਰਾਇ ਪਿੰਡਾਂ ਦੇ ਵਿਚਕਾਰ, ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1986: ਪਹਿਲੀ ਜੂਨ 1986 ਦੇ ਦਿਨ ਸੁਰਜੀਤ ਬਰਨਾਲਾ ਨੇ ਐਲਾਨ ਕੀਤਾ ਕਿ ਚੰਡੀਗੜ੍ਹ 21 ਜੂਨ 1986 ਨੂੰ ਪੰਜਾਬ ਨੂੰ ਮਿਲ ਜਾਵੇਗਾ

26 ਜਨਵਰੀ 1986 ਦੇ ਦਿਨ ਬਰਨਾਲਾ ਚੰਡੀਗੜ੍ਹ ਪੰਜਾਬ ਨੂੰ ਦਿਵਾ ਕੇ ਜਸ਼ਨ ਮਨਾਉਣ ਵਿਚ ਨਾਕਾਮ ਰਿਹਾ ਸੀ। ਹੁਣ ਇਹ 'ਡਰਾਮਾ' 21 ਜੂਨ ਨੂੰ ਕਰਨ ਦਾ ਐਲਾਨ ਕੀਤਾ ਗਿਆ। 1 ਜੂਨ 1986 ਦੇ ਦਿਨ ਬਰਨਾਲੇ ਨੇ ਪੰਜਾਬੀਆਂ ਨੂੰ 'ਸੱਦਾ ਦਿਤਾ' ਕਿ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੇ ਮੌਕੇ 'ਤੇ ਚੰਡੀਗੜ੍ਹ ਵਿਚ ਹੋਣ ਵਾਲੇ ਜਸ਼ਨਾਂ ਵਿਚ ਸ਼ਾਮਿਲ ਹੋਣ। ਪਰ ਕਿਉਂਕਿ ਇਹ ਰਾਜੀਵ ਗਾਂਧੀ ਦਾ ਇਕ ਡਰਾਮਾ ਹੀ ਸੀ ਇਸ ਕਰ ਕੇ ਉਸ ਨੇ ਵੈਂਕਟਰਮਈਆ ਕਮਿਸ਼ਨ ਬਣਾ ਦਿੱਤਾ ਸੀ ਜਿਸ ਨੇ ਬਾਰ੍ਹਾਂ ਜੂਨ ਨੂੰ ਪੰਜਾਬ ਨੂੰ 70000 ਏਕੜ ਜ਼ਮੀਨ ਹਰਿਆਣੇ ਨੂੰ ਦੇਣ ਵਾਸਤੇ ਕਿਹਾ; ਇਸਹ ਸਾਰਾ ਡਰਾਮਾ ਇਸ ਕਰ ਕੇ ਖੇਡਿਆ ਗਿਆ ਸੀ ਤਾਂ ਜੋ ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਦਾ ਬਹਾਨਾ ਬਣਾਇਆ ਜਾ ਸਕੇ।

1988: ਜਗਰੂਪ ਸਿੰਘ ਸਾਧਾ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਜਗਰੂਪ ਸਿੰਘ ਉਰਫ਼ ਸੇਵਾ ਸਿੰਘ ਬਬਰ (ਵਾਸੀ ਸਾਧਾ ਸਿੰਘ ਵਾਲਾ, ਮੋਗਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਸੁਖਵੀਰ ਸਿੰਘ ਸੋਢੀ ਸ਼ੇਰਪੁਰ ਸੋਢੀਆ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਵੀਰ ਸਿੰਘ ਸੋਢੀ (ਵਾਸੀ ਸ਼ੇਰਪੁਰ ਸੋਢੀਆ, ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਰਵਿੰਦਰ ਸਿੰਘ ਰਾਜੂ ਰਾਏ ਚੱਕ, ਪਲਵਿੰਦਰਪਾਲ ਸਿੰਘ ਜਲੰਧਰ ਤੇ ਬਲਜੀਤ ਸਿੰਘ ਰਾਏ ਚੱਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਰਵਿੰਦਰ ਸਿੰਘ ਰਾਜੂ ਉਰਫ਼ ਬਾਬਾ ਰਣਜੀਤ ਸਿੰਘ ਤੋਤਾ (ਵਾਸੀ ਰਾਏ ਚੱਕ, ਗੁਰਦਾਸਪੁਰ), ਪਲਵਿੰਦਰਪਾਲ ਸਿੰਘ ਬਬਰ ਉਰਫ਼ ਭੁਪਿੰਦਰ ਸਿੰਘ ਭਿੰਦਾ (ਵਾਸੀ ਹਰਨਾਮ ਦਾਸ ਪੁਰਾ ਜਲੰਧਰ) ਤੇ ਬਲਜੀਤ ਸਿੰਘ (ਵਾਸੀ ਰਾਏ ਚੱਕ, ਗੁਰਦਾਸਪੁਰ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮੰਗਲ ਸਿੰਘ ਅਦਲੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜੂਨ 1991 ਦੇ ਦਿਨ ਪੁਲਸ ਨੇ ਮੰਗਲ ਸਿੰਘ ਉਰਫ਼ ਬਿੱਟੂ (ਪੁੱਤਰ ਕਰਤਾਰ ਸਿੰਘ, ਵਾਸੀ ਅਦਲੀਵਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰੁਪਿੰਦਰਜੀਤ ਸਿੰਘ ਕੰਗ, ਸਾਧੂ ਸਿੰਘ ਰੋਡੇ, ਕਸ਼ਮੀਰ ਸਿੰਘ, ਅਮਰੀਕ ਸਿੰਘ, ਰਾਜਪਾਲ ਸਿੰਘ ਬਬਰ, ਮਲਕੀਅਤ ਸਿੰਘ, ਵੀਰ ਸਿੰਘ, ਬਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਜੂਨ 1992 ਦੇ ਦਿਨ ਪੁਲਸ ਨੇ ਰੁਪਿੰਦਰਜੀਤ ਸਿੰਘ (ਪੁੱਤਰ ਭਜਨ ਸਿੰਘ, ਵਾਸੀ ਪਿੰਡ ਕੰਗ, ਜ਼ਿਲ੍ਹਾ ਅੰਮ੍ਰਿਤਸਰ), ਸਾਧੂ ਸਿੰਘ (ਪੁੱਤਰ ਬੰਤ ਸਿੰਘ, ਵਾਸੀ ਗੁਰੂ ਤੇਗ਼ ਬਹਾਦਰ ਨਗਰ, ਪਿੰਡ ਰੋਡੇ, ਜ਼ਿਲ੍ਹਾ ਮੋਗਾ), ਕਸ਼ਮੀਰ ਸਿੰਘ, ਅਮਰੀਕ ਸਿੰਘ, ਰਾਜਪਾਲ ਸਿੰਘ ਬਬਰ, ਮਲਕੀਅਤ ਸਿੰਘ, ਵੀਰ ਸਿੰਘ, ਬਲਵਿੰਦਰ ਸਿੰਘ ਤੇ 8 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2 ਜੂਨ

1818: ਮੁਲਤਾਨ ਦੀ ਲੜਾਈ ਵਿਚ ਰਣਜੀਤ ਸਿੰਘ ਦੀ ਜਿੱਤ

ਲਾਹੌਰ ਤੋਂ ਬਾਅਦ ਪੱਛਮੀ ਪੰਜਾਬ ਵਿਚ ਦੂਜਾ ਵੱਡਾ ਸੂਬਾ ਮੁਲਤਾਨ ਸੀ। ਰਣਜੀਤ ਸਿੰਘ ਚਾਹੁੰਦਾ ਸੀ ਕਿ ਉਹ ਇਸ 'ਤੇ ਵੀ ਕਬਜ਼ਾ ਕਰ ਲਵੇ। ਉਸ ਨੇ 1803 ਵਿਚ ਮੁਲਤਾਨ ਜਿੱਤਣ ਵਾਸਤੇ ਇਸ ਨਗਰ ਨੂੰ ਘੇਰਾ ਪਾ ਲਿਆ। ਪਰ ਮੁਲਤਾਨ ਦੇ ਪਠਾਣ ਬੜੀ ਬਹਾਦਰੀ ਨਾਲ ਲੜੇ। ਰਣਜੀਤ ਸਿੰਘ ਦੀਆਂ ਫ਼ੌਜਾਂ ਨੂੰ ਤਾਂ ਅਨਾਜ ਤਕ ਦਾ ਵੀ ਮਸਲਾ ਸਾਹਮਣੇ ਆਇਆ। ਅਖ਼ੀਰ, ਬਿਨਾ ਕੁਝ ਹਾਸਿਲ ਕੀਤੇ, ਉਹ ਵਾਪਿਸ ਮੁੜ ਆਇਆ। ਇਸ ਮਗਰੋਂ ਰਣਜੀਤ ਸਿੰਘ ਨੇ ਪੰਜ ਹੋਰ ਹਮਲੇ ਮੁਲਤਾਨ 'ਤੇ ਕੀਤੇ 1805, 1807, 1810, 1816 ਤੇ 1817 ਵਿਚ ਛੇ ਵਾਰ ਦੀ ਨਾਕਾਮਯਾਬੀ ਮਗਰੋਂ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਤੋਂ ਮਦਦ ਮੰਗੀ। ਅਖ਼ੀਰ 30 ਮਈ 1817 ਦੇ ਦਿਨ, ਅਕਾਲੀ ਫੂਲਾ ਸਿੰਘ ਦੀ ਫ਼ੌਜ ਨੇ, ਸ਼ਹੀਦੀਆਂ ਦੇ ਕੇ, ਮੁਲਤਾਨ ਜਿੱਤ ਕੇ, ਰਣਜੀਤ ਸਿੰਘ ਦੀ ਝੋਲੀ ਵਿਚ ਪਾ ਦਿਤਾ। ਹਾਰਨ ਮਗਰੋਂ ਮੁਲਤਾਨ ਸੂਬੇ ਦੇ ਨਵਾਬ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮਾਲੀਆ ਦੇਣਾ ਮੰਨ ਲਿਆ ਸੀ ਪਰ ਇਕ ਸਾਲ ਮਗਰੋਂ ਹੀ ਫੇਰ ਵਿੱਟਰ ਗਿਆ ਸੀ ਨਾਲ ਹੀ ਉਸ ਨੇ ਝੰਗ ਦੇ ਬਾਗ਼ੀ ਰਈਸ ਅਹਿਮਦ ਖ਼ਾਨ ਨੂੰ ਪਨਾਹ ਵੀ ਦੇ ਦਿੱਤੀ ਸੀ ਅਤੇ ਸਿੱਖਾਂ ਦੇ ਖ਼ਿਲਾਫ਼ ਸਾਜ਼ਸ਼ਾਂ ਕਰਦਾ ਰਿਹਾ ਸੀ। ਅਖ਼ੀਰ ਰਣਜੀਤ ਸਿੰਘ ਦੀ 20 ਹਜ਼ਾਰ ਸਿੱਖ ਫ਼ੌਜ ਨੇ ਮੁਲਤਾਨ 'ਤੇ ਹਮਲਾ ਕਰ ਦਿੱਤਾ ਤੇ ਨਾਲ ਜ਼ਮਜ਼ਮਾ ਤੋਪ ਵੀ ਸੀ। ਇਸ ਲੜਾਈ ਵਿਚ ਜਿੱਤ ਸਿੱਖਾਂ ਦੀ ਹੋਈ ਪਰ ਅਕਾਲੀ ਫੂਲਾ ਸਿੰਘ ਤੇ ਹਰੀ ਸਿੰਘ ਨਲਵਾ ਦੋਵੇਂ ਇਸ ਦੌਰਾਨ ਜ਼ਖ਼ਮੀ ਵੀ ਹੋਏ। ਇਸ ਲੜਾਈ ਵਿਚ ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖ਼ਾਨ ਦੇ ਪੰਜ ਪੁੱਤਰ ਸ਼ਬਾਬ ਖ਼ਾਨ, ਨਿਵਾਜ਼ ਖ਼ਾਨ,ਇਜਾਜ਼ ਖ਼ਾਨ, ਮੁਮਤਾਜ ਖ਼ਾਨ, ਹੱਕ ਨਿਵਾਜ਼ ਖ਼ਾਨ ਮਾਰੇ ਗਏ।

1986: ਪੰਜਾਬ ਅਸੈਂਬਲੀ ਵਿਚ *'ਦਰਬਾਰ ਸਾਹਿਬ ਤੋਂ ਆਈ ਅਵਾਜ਼, ਬਰਨਾਲਾ ਬਲਵੰਤ ਮੁਰਦਾਬਾਦ'* ਦੇ ਨਾਅਰੇ ਲਾਏ ਗਏ

29 ਅਪਰੈਲ 1986 ਦੇ ਦਿਨ ਖਾੜਕੂਆਂ ਦੇ ਇਕ ਧੜੇ ਨੇ ਦਰਬਾਰ ਸਾਹਿਬ ਤੋਂ ਖਾਲਸਤਾਨ ਦੀ ਜਲਾਵਤਨ ਸਰਕਾਰ ਬਣਾਉਣ ਦਾ ਐਲਾਨ ਕੀਤਾ ਸੀ ਅਤੇ ਉਹ ਇਸ ਮਗਰੋਂ ਉੱਥੋਂ ਚਲੇ ਗਏ; ਪਰ ਰਾਜੀਵ ਗਾਂਧੀ ਦੀ ਹਦਾਇਤ 'ਤੇ ਬਰਨਾਲੇ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਅਕਾਲੀਆਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ; 27 ਐਮ.ਐਲ.ਏ. ਉਸ ਨੂੰ ਛੱਡ ਗਏ। ਇਸ ਮੌਕੇ ਐਮ.ਐਲ.ਏ. ਐਮ.ਐਲ.ਏ. 'ਤੇ ਕਾਂਗਰਸ ਅਤੇ ਭਾਜਪਾ ਨੇ ਉਸ ਦਾ ਪੂਰਾ ਸਾਥ ਦਿੱਤਾ। ਪਹਿਲੀ ਜੂਨ ਨੂੰ ਭਾਜਪਾ ਆਗੂ ਬਲਦੇਵ ਪ੍ਰਕਾਸ਼ ਨੇ ਪੰਜਾਬ ਨੂੰ ਫ਼ੌਜ ਦੇ

ਹਵਾਲੇ ਕਰਨ ਦੀ ਮੰਗ ਕੀਤੀ। ਦੋ ਜੂਨ ਨੂੰ ਜਦ ਅਸੈਂਬਲੀ ਸੈਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਅਸੈਂਬਲੀ ਦੇ ਅੰਦਰ ਪੰਥਕ ਐਮ.ਐਲ.ਏਜ਼ ਨੇ "ਦਰਬਾਰ ਸਾਹਿਬ ਤੋਂ ਆਈ ਆਵਾਜ਼, ਬਰਨਾਲਾ ਬਲਵੰਤਾ ਮੁਰਦਾਬਾਦ" ਦੇ ਨਾਅਰੇ ਲਾਏ ਗਏ।

1986: ਫ਼ਤਹਿਗੜ੍ਹ ਚੂੜੀਆਂ ਵਿਚ ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

ਦੋ ਜੂਨ 1986 ਦੇ ਦਿਨ ਨੂੰ ਫਤਹਿਗੜ੍ਹ ਚੂੜੀਆਂ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ ਤੇ ਲੁੱਟ-ਮਾਰ ਕੀਤੀ। ਇਨ੍ਹਾਂ ਹਮਲਿਆਂ ਵਿਚ ਹੋਰਨਾਂ ਤੋਂ ਇਲਾਵਾ ਡਾ: ਜਸਵੰਤ ਸਿੰਘ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਕਈ ਹੋਰ ਸਿੱਖ ਦੁਕਾਨਾਂ ਵੀ ਲੁੱਟੀਆਂ ਗਈਆਂ। ਪੁਲੀਸ ਨੇ ਸਿੱਖਾਂ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਚੀਫ ਮਨਿਸਟਰ ਬਰਨਾਲਾ ਦੀ ਹਦਾਇਤ ਸੀ ਕਿ ਕਿਸੇ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ।

1988: ਕਰਨੈਲ ਸਿੰਘ ਵੈਰੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੂਨ 1988 ਦੇ ਦਿਨ ਪੁਲਸ ਨੇ ਕਰਨੈਲ ਸਿੰਘ (ਪੁੱਤਰ ਰਾਮ ਸਿੰਘ, ਵਾਸੀ ਵੈਰੋਵਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਚਰਨਜੀਤ ਸਿੰਘ ਚੰਨੀ ਤਲਵੰਡੀ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਚਰਨਜੀਤ ਸਿੰਘ ਚੰਨੀ (ਪੁੱਤਰ ਦੇਵਰਾਜ ਸਿੰਘ ਤਲਵੰਡੀ, ਸਾਬਕਾ ਵਜ਼ੀਰ ਪੰਜਾਬ,ਅਤੇ ਭਤੀਜਾ ਜਥੇਦਾਰ ਜਗਦੇਵ ਸਿੰਘ ਤਲਵੰਡੀ, ਵਾਸੀ ਤਲਵੰਡੀ ਰਾਏ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਰਜੀਤ ਸਿੰਘ ਸਾਂਘਣਾ, ਸਤਨਾਮ ਸਿੰਘ ਡੱਲਾ, ਲਖਬੀਰ ਸਿੰਘ ਸਾਂਘਣਾ, ਕੇਸਰ ਸਿੰਘ ਬਾਲਦ ਕਲਾਂ, ਅਮਰੀਕ ਸਿੰਘ ਕੌਲੀ, ਪਰਮਜੀਤ ਸਿੰਘ ਕਾਸ਼ਨੀਵਾਲ, ਹਰਮੀਤ ਸਿੰਘ ਭਾਓਵਾਲ, ਪਰਗਟ ਸਿੰਘ, ਜੱਸਾ ਸਿੰਘ, ਮੰਨਾ ਸਿੰਘ, ਧਰਮ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੂਨ 1992 ਦੇ ਦਿਨ ਪੁਲਸ ਨੇ ਸੁਰਜੀਤ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸਾਂਘਣਾ, ਜ਼ਿਲ੍ਹਾ ਤਰਨ ਤਾਰਨ), ਸਤਨਾਮ ਸਿੰਘ (ਪੁੱਤਰ ਹਰਬੰਸ ਸਿੰਘ, ਵਾਸੀ ਡੱਲਾ, ਨੇੜੇ ਲੀਲ੍ਹ ਕਲਾਂ, ਜ਼ਿਲ੍ਹਾ ਗੁਰਦਾਸਪੁਰ), ਲਖਬੀਰ ਸਿੰਘ (ਪੁੱਤਰ ਭਾਨ ਸਿੰਘ, ਵਾਸੀ ਸਾਂਘਣਾ), ਕੇਸਰ ਸਿੰਘ (ਪੁੱਤਰ ਜੰਗੀਰ ਸਿੰਘ, ਵਾਸੀ ਬਾਲਦ ਕਲਾਂ, ਜ਼ਿਲ੍ਹਾ ਸੰਗਰੂਰ), ਅਮਰੀਕ ਸਿੰਘ ਕੌਲੀ, ਪਰਮਜੀਤ ਸਿੰਘ ਕਾਸ਼ਨੀਵਾਲ, ਹਰਮੀਤ ਸਿੰਘ ਭਾਓਵਾਲ, ਪਰਗਟ ਸਿੰਘ, ਜੱਸਾ ਸਿੰਘ, ਮੰਨਾ ਸਿੰਘ, ਧਰਮ ਸਿੰਘ ਤੇ 4 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਕੁਲਵੰਤ ਸਿੰਘ ਖੋਖਰ ਪੁਲਸ ਨੇ ਕੁੱਟ ਕੁੱਟ ਕੇ ਮਾਰ ਦਿੱਤਾ

2 ਜੂਨ 1992 ਦੇ ਦਿਨ ਪੁਲਸ ਨੇ ਕੁਲਵੰਤ ਸਿੰਘ ਖੋਖਰ (ਪੁੱਤਰ ਜੋਗਿੰਦਰ ਸਿੰਘ, ਵਾਸੀ ਖੋਖਰ, ਜ਼ਿਲ੍ਹਾ ਗੁਰਦਾਸਪੁਰ), ਜੋ ਧਰਮ ਸਿੰਘ ਕਾਸ਼ਤੀਵਾਲ (ਬਬਰ ਖਾਲਸਾ) ਦਾ ਸਾਥੀ ਸੀ, ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਅਤੇ ਮਗਰੋਂ ਅਣਪਛਾਤੀ ਲਾਸ਼ ਕਹਿ ਕੇ ਉਸੇ ਦਿਨ ਸਸਕਾਰ ਕਰ ਦਿੱਤਾ।

1993 ਕੇਵਲ ਸਿੰਘ ਬਦੇਸ਼ਾਂ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੂਨ 1993 ਦੇ ਦਿਨ ਪੁਲਸ ਨੇ ਕੇਵਲ ਸਿੰਘ (ਪੁੱਤਰ ਅਮਰੀਕ ਸਿੰਘ, ਵਾਸੀ ਪਿੰਡ ਬਦੇਸ਼ਾਂ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

3 ਜੂਨ

1907: ਅਜੀਤ ਸਿੰਘ ਖਟਕੜ ਨੂੰ ਮਾਰਸ਼ਲ ਲਾਅ ਹੇਠ ਗ੍ਰਿਫ਼ਤਾਰ ਕਰ ਕੇ ਮਾਂਡਲਾ ਭੇਜਿਆ ਗਿਆ

1907 ਵਿਚ ਲੋਕਾਂ ਵਿਚ ਸਿਆਸੀ ਜਾਗੋ ਆ ਰਹੀ ਸੀ ਅਤੇ ਇਸ ਦੇ ਨਾਲ ਹੀ ਨਹਿਰੀ ਕਲੋਨੀਆਂ ਬਾਰੇ ਕਾਨੂੰਨ ਖ਼ਾਸ ਕਰ ਕੇ ਅਤੇ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਆਮ ਕਰ ਕੇ ਰੋਹ ਵਧ ਰਿਹਾ ਸੀ। 'ਸਰਦਾਰ' ਲਾਜਪਤ ਰਾਏ (ਉਦੋਂ ਉਸ ਨੇ ਕੇਸ ਦਾੜ੍ਹੀ ਰੱਖੇ ਹੋਏ ਸੀ ਅਤੇ ਖ਼ੁਦ ਨੂੰ ਸਰਦਾਰ ਕਿਹਾ ਕਰਦਾ ਸੀ) ਵਕੀਲ ਨੇ ਵੀ 21-22 ਮਾਰਚ ਤੇ 6 ਅਪ੍ਰੈਲ 1907 ਨੂੰ ਇਸ ਕਾਨੂੰਨ ਦੇ ਖ਼ਿਲਾਫ਼ ਭੜਕਾਊ ਤਕਰੀਰਾਂ ਕੀਤੀਆਂ ਸਨ ਤੇ ਲੋਕਾਂ ਨੂੰ ਪਾਣੀ ਦੇ ਬਿਲ ਨਾ ਦੇਣ ਵਾਸਤੇ ਕਿਹਾ ਸੀ। ਅਜੀਤ ਸਿੰਘ ਨੇ ਲਾਹੌਰ ਦੇ ਬਰੈਡਲਾ ਹਾਲ ਵਿਚ ਸਰਕਾਰ ਦੇ ਖ਼ਿਲਾਫ਼ ਇਕ ਬੜੀ ਰੋਹ ਭਰੀ ਤਕਰੀਰ ਕੀਤੀ ਸੀ। ਇਹ ਸਾਰਾ ਕੁਝ ਪੰਜਾਬ ਦੇ ਗਵਰਨਰ ਨੇ ਅੰਗਰੇਜ਼ ਵਾਇਸਰਾਏ ਅਤੇ ਲੰਡਨ ਵਿਚ ਇੰਡੀਆ ਆਫ਼ਿਸ ਨੂੰ ਲਿਖ ਭੇਜਿਆ ਸੀ। ਸੀ.ਆਈ.ਡੀ. ਦੀਆਂ ਹਫ਼ਤਾਵਾਰ ਰਿਪੋਰਟਾਂ ਵਿਚ ਜ਼ਿਕਰ ਮਿਲਦਾ ਹੈ ਕਿ ਸਰਕਾਰ ਇਸ ਐਜੀਟੇਸ਼ਨ ਤੋਂ ਬਹੁਤ ਫ਼ਿਕਰਮੰਦ ਸੀ। ਅਖ਼ੀਰ ਸਰਕਾਰ ਨੇ ਫ਼ੈਸਲਾ ਕੀਤਾ ਕਿ 1818 ਦੇ ਐਕਟ ਹੇਠ ਲਾਜਪਤ ਰਾਏ ਤੇ ਅਜੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਨਜ਼ਰਬੰਦ ਕਰ ਦਿਤਾ ਜਾਵੇ। ਲਾਜਪਤ ਰਾਏ ਨੂੰ 9 ਮਈ ਤੇ ਅਜੀਤ ਸਿੰਘ ਨੂੰ 3 ਜੂਨ 1907 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਪੰਜਾਬ ਤੋਂ ਬਾਹਰ ਮਾਂਡਲੇ (ਬਰਮਾ) ਰਿਪੋਰਟ ਕਰ ਦਿਤਾ। ਲਾਜਪਤ ਰਾਏ ਕਾਂਗਰਸ ਦੀ ਢਿੱਲੜ ਤੇ ਪੁਰਅਮਨ ਪਾਲਸੀ ਦੀ ਸ਼ਰੇਆਮ ਮੁਖ਼ਾਲਫ਼ਤ ਕਰਦਾ ਸੀ ਪਰ ਅੰਦਰੋਂ ਉਹ ਜਥੇਬੰਦੀ ਤੋਂ ਟੁੱਟਣ ਵਾਸਤੇ ਤਿਆਰ ਨਹੀਂ ਸੀ। ਉਹ ਵੱਡੇ ਨਾਅਰੇ ਲਾਉਂਦਾ ਸੀ ਪਰ ਗ੍ਰਿਫ਼ਤਾਰੀ ਤੋਂ ਡਰਦਾ ਸੀ ਤੇ ਇਸੇ ਕਰ ਕੇ ਜਦੋਂ ਉਸ ਨੂੰ ਗ੍ਰਿਫਤਾਰ ਕਰ ਕੇ ਮਾਂਡਲੇ ਭੇਜ ਦਿਤਾ ਗਿਆ ਤਾਂ ਉਹ ਅਪੀਲਾਂ, ਮੁਆਫ਼ੀਆਂ, ਸਿਫ਼ਾਰਸ਼ਾਂ ਅਤੇ ਸਫ਼ਾਈ ਪੇਸ਼ ਕਰਨ 'ਤੇ ਆ ਗਿਆ। ਅਖ਼ੀਰ ਸਰਕਾਰ ਨੇ ਲਾਜਪਤ ਰਾਏ ਦੀਆਂ ਅਪੀਲਾਂ ਮੰਨ ਕੇ ਉਸ ਨੂੰ ਰਿਹਾ ਕਰਨ ਦਾ ਫ਼ੈਸਲਾ ਕਰ ਲਿਆ; ਸਰਕਾਰ ਨੂੰ ਮਜਬੂਰਨ ਅਜੀਤ ਸਿੰਘ ਨੂੰ ਵੀ ਰਿਹਾ ਕਰਨਾ ਪੈਣਾ ਸੀ ਕਿਉਂਕਿ ਦੋਹਾਂ ਨੂੰ ਇਕੋ ਜੁਰਮ ਹੇਠ ਫੜਿਆ ਸੀ; ਸੋ ਦੋਹਾਂ ਨੂੰ 18 ਨਵੰਬਰ 1907 ਦੇ ਦਿਨ ਰਿਹਾ ਕਰ ਦਿਤਾ। ਰਿਹਾਈ ਮਗਰੋਂ ਲਾਜਪਤ ਰਾਏ ਚੁਪ ਕਰ ਕੇ ਘਰ ਬੈਠ ਗਿਆ ਪਰ ਅਜੀਤ ਸਿੰਘ ਨੇ ਇਨਕਲਾਬੀ ਕਾਰਵਾਈਆਂ ਜਾਰੀ ਰਖੀਆਂ।ਇਕ ਦਿਲਚਸਪ ਗੱਲ ਇਹ ਹੈ ਕਿ ਇਸ ਵੇਲੇ ਤਕ ਲਾਜਪਤ ਰਾਏ ਸਿੱਖੀ ਸਰੂਪ ਵਿਚ ਸੀ। ਉਸ ਨੇ ਕੇਸ-ਦਾੜ੍ਹੀ ਸਾਬਤ ਰੱਖੇ ਹੋਏ ਸਨ ਅਤੇ ਉਹ ਦਾੜ੍ਹੀ ਬੰਨ੍ਹਦਾ ਸੀ। ਹੁਣ ਬੁਜ਼ਦਿਲੀ ਨੇ ਉਸ ਦੀ ਸ਼ਖ਼ਸੀਅਤ ਏਨੀ ਨੀਵੀਂ ਕਰ ਦਿੱਤੀ ਸੀ ਕਿ ਉਸ ਦੇ ਅੰਦਰ ਦਾ ਸਿੱਖ ਵੀ ਮਰ ਗਿਆ ਸੀ ਤੇ ਉਸ ਨੇ ਕੇਸ ਕਟਵਾ ਲਏ ਤੇ ਪੂਰਾ "ਲਾਲਾ" ਬਣ ਗਿਆ ਤੇ ਆਪਣੇ ਆਪ ਨੂੰ 'ਲਾਲਾ ਲਾਜਪਤ ਰਾਏ' ਲਿਖਣ ਲਗ ਪਿਆ।

1947: ਪੰਜਾਬ ਦੀ ਵੰਡ ਦਾ ਐਲਾਨ ਹੋਇਆ

ਮਾਰਚ 1947 ਵਿਚ ਪੰਜਾਬ ਵਿਚ ਮੁਸਲਮਾਨਾਂ ਨੇ ਬਹੁਤ ਗੜਬੜ ਸ਼ੁਰੂ ਕਰ ਦਿੱਤੀ; ਉਹ ਪੰਜਾਬ 'ਤੇ ਪੂਰਨ ਕਬਜ਼ਾ ਕਰਨਾ ਚਾਹੁੰਦੇ ਸਨ ਤੇ ਇਸ ਨੂੰ ਪਾਕਿਸਤਾਨ ਵਿਚ ਸ਼ਾਮਿਲ

ਕਰਨਾ ਚਾਹੁੰਦੇ ਸਨ; ਸਿੱਖ, ਖ਼ਾਸ ਕਰ ਕੇ ਮਾਸਟਰ ਤਾਰਾ ਸਿੰਘ ਇਸ ਦਾ ਭਰਪੂਰ ਵਿਰੋਧ ਕਰ ਰਿਹਾ ਸੀ; ਉਹ ਸਿੱਖਾਂ ਨੂੰ ਪਾਕਿਸਤਾਨ ਦਾ ਹਿੱਸਾ ਨਹੀਂ ਸੀ ਬਣਨ ਦੇਣਾ ਚਾਹੁੰਦਾ। ਇਸ ਹਾਲਤ ਵਿਚ 24 ਮਾਰਚ 1947 ਨੂੰ ਲਾਰਡ ਵੇਵਲ ਦੀ ਥਾਂ ਮਾਊਂਟਬੈਟਨ ਅੰਗਰੇਜ਼ੀ ਭਾਰਤ ਦਾ ਵਾਇਸਰਾਏ ਬਣ ਕੇ ਆ ਚੁਕਾ ਸੀ ਤੇ ਉਸ ਨੇ ਪੰਜਾਬ ਵਲ ਵਧੇਰੇ ਖਿਆਲ ਦੇਣਾ ਸ਼ੁਰੂ ਕੀਤਾ ਹੋਇਆ ਸੀ। ਕੁਝ ਆਗੂਆਂ ਨੂੰ ਮਿਲਣ ਮਗਰੋਂ ਉਸ ਨੇ ਇਕ ਪਲਾਨ ਦਾ ਐਲਾਨ ਕੀਤਾ, ਜੋ ਬਾਅਦ ਵਿਚ ਮਾਊਂਟਬੈਟਨ ਪਲਾਨ ਦੇ ਨਾਂ ਵਜੋਂ ਜਾਣੀ ਗਈ। ਇਸ ਮੁਤਾਬਿਕ ਪੰਜਾਬ ਦੀ ਵੰਡ ਦਾ ਫ਼ੈਸਲਾ ਕਰ ਦਿੱਤਾ ਗਿਆ। ਇਹ ਐਲਾਨ 3 ਜੂਨ 1947 ਨੂੰ ਹੋਇਆ। ਇਸ ਮੁਤਾਬਿਕ (1) ਪੰਜਾਬ ਤੇ ਬੰਗਾਲ ਦੀਆਂ ਅਸੈਂਬਲੀਆਂ ਦੇ ਮੈਂਬਰ ਦੋ ਹਿੱਸਿਆਂ ਵਿਚ ਮਿਲਣਗੇ: ਇਕ ਮੁਸਲਮ ਅਕਸਰੀਅਤ ਤੇ ਦੂਜਾ ਗ਼ੈਰ-ਮੁਸਲਮਾਨਾਂ ਦਾ। ਇਸ ਵਾਸਤੇ 1941 ਦੀ ਮਰਦਮ ਸ਼ੁਮਾਰੀ ਨੂੰ ਆਧਾਰ ਮੰਨਿਆ ਜਾਵੇਗਾ। ਇਹ ਮੈਂਬਰ ਵੰਡ ਦੇ ਹੱਕ ਵਿਚ ਜਾਂ ਖ਼ਿਲਾਫ਼ ਵੋਟ ਪਾਉਣਗੇ। ਜੇ ਵੰਡ ਦੇ ਹੱਕ ਵਿਚ ਫ਼ੈਸਲਾ ਹੋਇਆ ਤਾਂ ਗਵਰਨਰ ਜਨਰਲ ਬਾਊਂਡਰੀ ਕਮਿਸ਼ਨ ਨਾਮਜ਼ਦ ਕਰੇਗਾ ਜੋ ਇਲਾਕਿਆਂ ਦੀ ਵੰਡ ਦਾ ਫ਼ੈਸਲਾ ਕਰੇਗਾ। ਪੰਜਾਬ ਵਿਚ ਇਸ ਬਾਰੇ ਮੁਸਲਮ ਅਕਸਰੀਅਤ ਹੇਠ ਲਿਖੇ ਇਲਾਕੇ ਵਿਚ ਮੰਨੀ ਗਈ। (1) ਲਾਹੌਰ ਡਵੀਜ਼ਨ: ਗੁੱਜਰਾਂਵਾਲਾ, ਗੁਰਦਾਸਪੁਰ, ਸ਼ੇਖ਼ੂਪੁਰਾ, ਸਿਆਲਕੋਟ, ਲਾਹੌਰ (2) ਰਾਵਲਪਿੰਡੀ ਡਵੀਜ਼ਨ: ਰਾਵਲਪਿੰਡੀ, ਅਟਕ, ਗੁਜਰਾਤ, ਜਿਹਲਮ, ਮੀਆਂਵਾਲੀ, ਸ਼ਾਹਪੁਰ (3) ਮੁਲਤਾਨ ਡਵੀਜ਼ਨ: ਡੇਰਾ ਗ਼ਾਜ਼ੀ ਖ਼ਾਨ, ਝੰਗ, ਲਾਇਲਪੁਰ ਮਿੰਟਗੁਮਰੀ, ਮੁਲਤਾਨ, ਤੇ ਮੁਜ਼ੱਫ਼ਰਗੜ੍ਹ।

1984: ਭਾਰਤੀ ਫ਼ੌਜ ਨੇ ਸਾਰੇ ਪੰਜਾਬ 'ਤੇ ਕੰਟਰੋਲ ਕਰ ਲਿਆ

ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਭਾਰਤੀ ਫ਼ੌਜ ਪਹਿਲੀ ਜੂਨ 1984 ਦੇ ਦਿਨ ਹੀ ਆਪਣੀਆਂ ਛਾਉਣੀਆਂ ਵਿਚੋਂ ਪੰਜਾਬ ਵਾਸਤੇ ਚਲ ਚੁਕੀ ਸੀ; ਦੋ ਜੂਨ ਦੀ ਰਾਤ ਤਕ ਸਾਰੇ ਪਾਸੇ ਫ਼ੌਜ ਹੀ ਫ਼ੌਜ ਸੀ ਪਰ ਕਿਸੇ ਨੂੰ ਵੀ ਚਿਤ ਵਿਚ ਨਹੀਂ ਕਿ ਏਨੀ ਫ਼ੌਜ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ ਲਿਆਂਦੀ ਗਈ ਸੀ। 3 ਜੂਨ ਨੂੰ ਤੜਕੇ ਹੀ 12 ਬਿਹਾਰ ਦੇ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਾਰੀਆਂ ਇਮਾਰਤਾਂ ਵਿਚ ਮੋਰਚੇ ਸੰਭਾਲ ਲਏ ਸਨ। ਉਨ੍ਹਾਂ ਕੋਲ ਹਰ ਤਰ੍ਹਾਂ ਦੇ ਮਾਰੂ ਹਥਿਆਰ ਸਨ। ਇਸ ਯੂਨਿਟ ਦਾ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਰੰਧਾਵਾ ਸੀ। ਉਸ ਨੇ ਹਮਲੇ ਵਾਸਤੇ ਟਿਕਾਣਿਆਂ ਦੀ ਨਿਸ਼ਾਨ-ਦੇਹੀ ਕਰ ਲਈ ਸੀ। ਪਹਿਲੋਂ, ਪਹਿਲੀ ਜੂਨ ਨੂੰ, ਸੀ.ਆਰ.ਪੀ.ਐਫ਼. ਨੇ ਵੀ ਦਰਬਾਰ ਸਾਹਿਬ 'ਤੇ ਅੰਨ੍ਹੇ-ਵਾਹ ਫ਼ਾਇਰਿੰਗ ਕਰ ਕੇ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਪਤਾ ਲਗ ਸਕੇ ਕਿ ਮੁਕਾਬਲਾ ਕਿੱਥੋਂ-ਕਿੱਥੋਂ ਹੋਣਾ ਹੈ। ਪਰ ਉਸ ਦਿਨ ਖਾੜਕੂਆਂ ਨੇ ਸੀ.ਆਰ.ਪੀ.ਐਫ਼. ਦੀ ਕਾਰਵਾਈ ਦਾ ਜਵਾਬ ਨਹੀਂ ਦਿੱਤਾ ਸੀ, ਕਿਉਂਕਿ ਉਹ ਅਸਲਾ ਗੁਆਉਣਾ ਨਹੀਂ ਸਨ ਚਾਹੁੰਦੇ।

3 ਜੂਨ ਨੂੰ ਰਾਤ ਦੇ 9 ਵਜੇ ਸਾਰੇ ਪੰਜਾਬ ਵਿਚ 36 ਘੰਟੇ ਵਾਸਤੇ ਕਰਫ਼ਿਊ ਲਾ ਦਿੱਤਾ ਗਿਆ (ਮਗਰੋਂ ਇਸ ਨੂੰ ਹੋਰ ਵਧਾ ਦਿੱਤਾ ਗਿਆ ਸੀ)। ਇਸ ਤੋਂ ਸਾਫ਼ ਸਮਝਿਆ ਜਾ ਸਕਦਾ ਸੀ ਕਿ ਫ਼ੌਜ ਦਰਬਾਰ ਸਾਹਿਬ 'ਤੇ ਹਮਲਾ ਕਰ ਦੇਵੇਗੀ। ਦਰਬਾਰ ਸਾਹਿਬ ਦੇ ਅੰਦਰ ਬੈਠੇ ਖਾੜਕੂਆਂ ਦੀ ਕਮਾਨ ਜਨਰਲ ਸੁਬੇਗ ਸਿੰਘ ਕੋਲ ਸੀ। ਉਸ ਨੇ ਇਸ ਹਮਲੇ ਦਾ ਅੰਦਾਜ਼ਾ ਲਾ ਲਿਆ ਸੀ ਅਤੇ ਵੱਖ-ਵੱਖ ਥਾਵਾਂ 'ਤੇ ਮੋਰਚਿਆਂ ਵਿਚ ਖਾੜਕੂਆਂ ਨੂੰ ਤਾਈਨਾਤ ਕਰ ਦਿੱਤਾ ਸੀ।

3 ਤਾਰੀਖ਼ ਦੀ ਰਾਤ ਨੂੰ ਹੀ ਦਰਬਾਰ ਸਾਹਿਬ ਤੋਂ ਸਿਰਫ਼ 300 ਮੀਟਰ ਦੂਰ ਫ਼ੌਜ ਨੇ ਆਪਣਾ ਕੰਟਰੋਲ ਰੂਮ ਕਾਇਮ ਕਰ ਲਿਆ ਸੀ। ਇਹ ਇਕ ਉੱਚੀ ਈਮਾਰਤ ਦੀ ਉਪਰਲੀ ਮੰਜ਼ਿਲ 'ਤੇ ਸੀ। ਇਸ ਜਗ੍ਹਾ 'ਆਰਡਰਜ਼ ਗਰੁਪ', ਜਿਸ ਨੂੰ ਬਰਾੜ ਨੇ ਹੁਕਮ ਦੇ ਕੇ ਲਾਗੂ

ਕਰਵਾਉਣਾ ਸੀ, ਅਤੇ ਹੋਰ ਅਫ਼ਸਰ ਹਾਜ਼ਿਰ ਸਨ। ਇਨ੍ਹਾਂ ਵਿਚ 350 ਪਿਆਦਾ ਬ੍ਰਗੇਡ ਦਾ ਕਮਾਂਡਰ ਅਤੇ ਇਸ ਹੇਠ ਰਖੀਆਂ ਚਾਰ ਪਿਆਦਾ ਬਟਾਲੀਅਨਾਂ ਦੇ ਕਮਾਂਡਿੰਗ ਅਫ਼ਸਰ ਵੀ ਸਨ। ਇਹ ਚਾਰ ਬਟਾਲੀਅਨ ਸਨ: 10 ਗਾਰਡ, 26 ਮਦਰਾਸ, 12 ਬਿਹਾਰ ਤੇ 9 ਕਮਾਊਂ। ਇਸੇ ਸ਼ਾਮ ਨੂੰ ਜਨਰਲ ਸੁੰਦਰਜੀ ਅਤੇ ਦਿਆਲ ਵੀ ਡਵੀਜ਼ਨ ਦੇ ਹੈੱਡ-ਕੁਆਟਰ 'ਤੇ ਪਹੁੰਚ ਗਏ।

ਇਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਸੀ। ਉਸ ਨੇ ਰਸਮੀ ਤੌਰ 'ਤੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਮਨਜ਼ੂਰੀ ਦੇਣ ਵਾਸਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਸ ਨੂੰ ਛੁੱਟੀ 'ਤੇ ਭੇਜ ਕੇ ਉਸ ਦੀ ਥਾਂ 'ਤੇ ਰਮੇਸ਼ਇੰਦਰ ਸਿੰਘ ਨੂੰ ਲਾ ਦਿੱਤਾ ਗਿਆ ਜਿਸ ਨੇ ਚੁਪਚਾਪ ਦਸਤਖ਼ਤ ਕਰ ਦਿੱਤੇ। (ਇਸ ਰਮੇਸ਼ਇੰਦਰ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਚੀਫ਼ ਮਨਿਸਟਰ ਬਣਨ 'ਤੇ ਦੋਵੇਂ ਵਾਰ ਆਪਣਾ ਚੀਫ਼ ਸੈਕਟਰੀ ਲਾਇਆ। ਇਸ ਤੋਂ ਇਹ ਵੀ ਸ਼ੱਕ ਪੈਂਦਾ ਹੈ ਕਿ ਇਸ ਹਮਲੇ ਦਾ ਬਾਦਲ ਨੂੰ ਜ਼ਰੂਰ ਪਤਾ ਸੀ)।

1986: ਕਪੂਰਥਲਾ ਵਿਚ ਹਿੰਦੂਆਂ ਵੱਲੋਂ ਸਿੱਖਾਂ ਉੱਤੇ ਹਮਲੇ

ਤਿੰਨ ਜੂਨ 1986 ਦੇ ਦਿਨ ਕਪੂਰਥਲਾ ਵਿਚ ਸ਼ਿਵ ਸੈਨਾ ਨੇ ਅਸ਼ੋਕ ਕੁਮਾਰ ਪੱਪੂ ਦੀ ਅਗਵਾਈ ਹੇਠ ਸਿੱਖਾਂ ਉੱਤੇ ਹਮਲੇ ਕੀਤੇ। ਉਨ੍ਹਾਂ ਨੇ ਬੋਹੜ ਸਿੰਘ ਨਾਂ ਦੇ ਇਕ ਸਿੱਖ ਦੀ ਦੁਕਾਨ ਸਾੜ ਦਿੱਤੀ। ਪੁਲੀਸ ਵਲੋਂ ਰੋਕੇ ਜਾਣ 'ਤੇ ਹਿੰਦੂਆਂ ਨੇ ਪੁਲੀਸ ਉੱਤੇ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦੋ ਇੰਸਪੈਕਟਰ, ਦੋ ਹੈੱਡ ਕਾਂਸਟੇਬਲ, 7 ਕਾਂਸਟੇਬਲ ਤੇ ਇਕ ਐਸ.ਪੀ. ਜ਼ਖ਼ਮੀ ਹੋਇਆ। ਸ਼ਿਵ ਸੈਨਾ ਦਾ ਐਸ.ਕੇ. ਸਰਵਾਲ ਤੇ ਮਿਊਂਸਪਲ ਕਮੇਟੀ ਦਾ ਪ੍ਰਧਾਨ ਮਹਿੰਦਰ ਕੁਮਾਰ ਇਸ ਹਮਲਾਵਰ ਟੋਲੇ ਦੀ ਅਗਵਾਈ ਕਰ ਰਹੇ ਸਨ। ਪੁਲੀਸ ਨੇ ਗੁੰਡਾਗਰਦੀ ਕਰਨ ਵਾਲੇ ਕੁਝ ਹਿੰਦੂ ਹਮਲਾਵਰ ਗ੍ਰਿਫ਼ਤਾਰ ਕੀਤੇ। ਪਰ ਬਾਅਦ ਵਿਚ ਹਿੰਦੂਆਂ ਵੱਲੋਂ ਹੜਤਾਲ ਕੀਤੇ ਜਾਣ ਮਗਰੋਂ ਹਿੰਦੂਆਂ ਦੇ ਫੜੇ ਸਾਰੇ ਹਿੰਦੂ ਹਮਲਾਵਰ ਰਿਹਾ ਕਰ ਦਿੱਤੇ ਗਏ ਤੇ ਸਾਰੇ ਕੇਸ ਵਾਪਿਸ ਲੈ ਲਏ ਗਏ ਕਿਉਂਕਿ ਚੀਫ਼ ਮਨਿਸਟਰ ਬਰਨਾਲਾ ਦੀ ਹਦਾਇਤ ਸੀ ਕਿ ਕਿਸੇ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ। ਇਨ੍ਹਾਂ ਵਿਚੋਂ ਕਈਆਂ ਉਤੇ ਦਫ਼ਾ 307 ਤੇ 326 ਵਰਗੇ ਮੁਕਦਮੇ ਵੀ ਦਰਜ ਕੀਤੇ ਹੋਏ ਸਨ।

1987: ਸੀ.ਆਰ.ਪੀ.ਐਫ਼.'ਤੇ ਖਾੜਕੂਆਂ ਦੇ ਹਮਲੇ

ਖਾੜਕੂਆਂ ਨੇ 3 ਜੂਨ 1987 ਦੇ ਦਿਨ ਜੰਡਿਆਲਾ ਗੁਰੂ ਨੇੜੇ ਜੋਧਾ ਪਿੰਡ ਵਿਚ ਸੀ.ਆਰ.ਪੀ.ਐਫ਼. 'ਤੇ ਹਮਲਾ ਕਰ ਕੇ ਤਿੰਨ ਫ਼ੌਜੀ ਮਾਰ ਦਿੱਤੇ। (ਸੀ.ਆਰ.ਪੀ.ਐਫ਼. 'ਤੇ ਖਾੜਕੂਆਂ ਦਾ ਇਹ ਚੌਥਾ ਹਮਲਾ ਸੀ। ਇਹ ਹਮਲੇ ਪਹਿਲਾਂ 19 ਨਵੰਬਰ 1986 ਨੂੰ ਤਰਨਤਾਰਨ ਕੋਲ, 4 ਤੇ 10 ਜਨਵਰੀ 1987 ਨੂੰ ਝਬਾਲ ਕੋਲ ਵੀ ਕੀਤੇ ਗਏ ਸਨ)। ਜਦੋਂ ਖਾੜਕੂ ਆਪਣਾ ਐਕਸ਼ਨ ਕਰ ਕੇ ਚਲੇ ਗਏ ਤਾਂ ਸੀ.ਆਰ.ਪੀ.ਐਫ਼. ਨੇ ਪਿੰਡ ਵਾਲਿਆਂ 'ਤੇ ਭਾਰੀ ਤਸ਼ੱਦਦ ਕੀਤਾ। ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸੁਰਜੀਤ ਸਿੰਘ ਦੇ ਘਰ ਦਾ ਦਰਵਾਜ਼ਾ ਭੰਨ ਕੇ ਉਸ ਦੀ ਪਤਨੀ ਬੀਬੀ ਗੁਰਦੀਪ ਕੌਰ ਅਤੇ ਨੂੰਹ ਬੀਬੀ ਬਲਬੀਰ ਕੌਰ ਨੂੰ ਬੇਤਹਾਸ਼ਾ ਕੁੱਟਿਆ ਗਿਆ। ਦੋਹਾਂ ਨੂੰ ਨਾਜ਼ਕ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ।

1987: ਪੁਲਸ ਨੇ ਕਰਨੈਲ ਸਿੰਘ ਸਿੱਖ ਕੁੱਟ-ਕੁੱਟ ਕੇ ਮਾਰ ਦਿੱਤਾ

3 ਜੂਨ 1987 ਦੇ ਦਿਨ ਪੁਲਸ ਨੇ ਭਲਵਾਨ ਪਿੰਡ ਵਿਚ ਇਕ ਬੇਗੁਨਾਹ ਸਿੱਖ ਕਰਨੈਲ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।

1990: ਜਸਵੰਤ ਸਿੰਘ ਹਿਰਦੇਵਾਲ ਤੇ ਕੁਲਵੰਤ ਸਿੰਘ ਕਾਲਾ ਆਰਿਫ਼ਕੇ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਜਸਵੰਤ ਸਿੰਘ (ਵਾਸੀ ਹਿਰਦੇਵਾਲ, ਲੁਧਿਆਣਾ) ਤੇ ਕੁਲਵੰਤ ਸਿੰਘ ਕਾਲਾ (ਵਾਸੀ ਆਰਿਫ਼ਕੇ)) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਰਸ਼ਨ ਸਿੰਘ ਉਰਫ਼ ਸਿੰਧੀ ਸਿੰਘ ਤੇ ਸੁਰਜੀਤ ਸਿੰਘ ਵੀਰਮ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਦਰਸ਼ਨ ਸਿੰਘ ਉਰਫ਼ ਸਿੰਧੀ ਸਿੰਘ ਤੇ ਸੁਰਜੀਤ ਸਿੰਘ ਵੀਰਮ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਵਿੰਦਰ ਸਿੰਘ ਘੋੜਾ, ਬਲਵਿੰਦਰ ਸਿੰਘ ਬਿੰਦਰ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਜਸਵਿੰਦਰ ਸਿੰਘ ਉਰਫ਼ ਘੋੜਾ (ਪੁੱਤਰ ਤੇਜਾ ਸਿੰਘ, ਵਾਸੀ ਪੱਟੀ, ਜ਼ਿਲ੍ਹਾ ਤਰਨ ਤਾਰਨ), ਬਲਵਿੰਦਰ ਸਿੰਘ ਉਰਫ਼ ਬਿੰਦਰ (ਪੁੱਤਰ ਚੌਧਰੀ ਰਾਮ, ਵਾਸੀ ਕੱਲਰ, ਨੇੜੇ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ) ਤੇ 7 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1994: ਕੁਲਵਿੰਦਰ ਸਿੰਘ ਧੂਰੀ ਨਕਲੀ ਮੁਕਾਬਲੇ ਵਿਚ ਸ਼ਹੀਦ

3 ਜੂਨ 1994 ਦੇ ਦਿਨ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ (ਪੁੱਤਰ ਬਲਵੀਰ ਸਿੰਘ, ਵਾਸੀ ਗੁਰੂ ਨਾਨਕ ਨਗਰ, ਧੂਰੀ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

4 ਜੂਨ

1606 ਗੁਰੂ ਹਰਗੋਬਿੰਦ ਸਾਹਿਬ ਮਾਤਾ ਗੰਗਾ ਤੇ ਪਤਨੀ ਦਮੋਦਰੀ ਸਮੇਤ ਡਰੌਲੀ ਭਾਈ ਪੁੱਜੇ

ਜਦ ਖੁਸਰੋ ਦੀ ਜਹਾਂਗੀਰ ਦੇ ਖ਼ਿਲਾਫ਼ ਬਗ਼ਾਵਤ ਫ਼ੇਲ੍ਹ ਹੋ ਗਈ ਤਾਂ ਖੁਸਰੋ ਨਾਲ ਹਮਦਰਦੀ ਦਾ ਦੋਸ਼ ਲਾ ਕੇ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ 26 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਤਿੰਨ ਦਿਨ ਰਾਵੀ ਦੇ ਕੰਢੇ ਤਪਦੀ ਰੇਤ ਵਿਚ ਤਸੀਹੇ ਦੇਣ ਮਗਰੋਂ, 30 ਮਈ 1605 ਦੇ ਦਿਨ ਉਨ੍ਹਾਂ ਦੇ ਜਿਸਮ ਨੂੰ ਪੱਥਰਾਂ ਨਾਲ ਬੰਨ੍ਹ ਕੇ ਰਾਵੀ ਦਰਿਆ ਵਿਚ ਰੋੜ੍ਹ ਦਿਤਾ ਗਿਆ। ਜਹਾਂਗੀਰ ਨੇ ਇਹ ਵੀ ਹੁਕਮ ਕੀਤਾ ਸੀ ਕਿ ਗੁਰੂ ਸਾਹਿਬ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਲਾਹੌਰ ਸ਼ਹਿਰ ਦੇ ਫ਼ੌਜਦਾਰ ਮੁਰਤਜ਼ਾ ਖ਼ਾਨ (ਜੋ ਮਗਰੋਂ 1611 ਵਿਚ ਲਾਹੌਰ ਸੂਬੇ ਦਾ ਗਵਰਨਰ ਬਣ ਗਿਆ ਸੀ) ਦੀ ਕੈਦ ਵਿਚ ਪਾ ਦਿਤਾ ਜਾਵੇ। ਸਮੇਂ ਦੀ ਨਜ਼ਾਕਤ ਨੂੰ ਸਾਹਵੇਂ ਰਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਪਹਿਲਾਂ ਗੋਇੰਦਵਾਲ ਤੇ ਉਥੋਂ 4 ਜੂਨ 1606 ਦੇ ਦਿਨ ਡਰੌਲੀ (ਹੁਣ ਡਰੌਲੀ ਭਾਈ), ਜ਼ਿਲ੍ਹਾ ਮੋਗਾ, ਵਿਚ ਆਪਣੇ ਸਾਂਢੂ ਭਾਈ ਸਾਈਂ ਦਾਸ ਕੋਲ ਪਹੁੰਚ ਗਏ। ਆਪ ਜੀ ਦੇ ਨਾਲ ਮਾਤਾ ਗੰਗਾ ਜੀ ਅਤੇ ਪਤਨੀ ਦਮੋਦਰੀ ਵੀ ਸਨ। ਗੁਰੂ ਸਾਹਿਬ ਇਸ ਪਿੰਡ ਵਿਚ ਤਕਰੀਬਨ ਡੇਢ ਸਾਲ ਰਹੇ ਅਤੇ ਦਸੰਬਰ 1607 ਦੇ ਅਖ਼ੀਰ ਵਿਚ ਉੱਥੋਂ ਗੋਇੰਦਵਾਲ ਵਾਪਿਸ ਮੁੜੇ।

1916: ਗ਼ਦਰੀ ਆਗੂ ਈਸ਼ਰ ਸਿੰਘ ਢੁੱਡੀਕੇ ਨੂੰ ਫ਼ਾਂਸੀ ਲਾਈ ਗਈ

ਗ਼ਦਰ ਲਹਿਰ ਖ਼ਤਮ ਹੋਣ ਮਗਰੋਂ ਤਕਰੀਬਨ ਸਾਰੇ ਗ਼ਦਰੀ ਆਗੂ ਗ੍ਰਿਫ਼ਤਾਰ ਕਰ ਲਏ ਗਏ; ਇਨ੍ਹਾਂ ਨੂੰ ਵੱਖ-ਵੱਖ ਤਾਰੀਖ਼ਾਂ 'ਤੇ ਫ਼ਾਂਸੀ ਦਿੱਤੀ ਗਈ; ਭਾਈ ਈਸ਼ਰ ਸਿੰਘ ਢੁੱਡੀਕੇ ਨੂੰ 4 ਜੂਨ 1916 ਦੇ ਦਨ ਫ਼ਾਂਸੀ ਦਿੱਤੀ ਗਈ ਸੀ।

1927: ਬਾਬਾ ਖੜਕ ਸਿੰਘ 5 ਸਾਲ ਦੀ ਕੈਦ ਮਗਰੋਂ ਰਿਹਾ

ਅਕਾਲੀ ਆਗੂ ਬਾਬਾ ਖੜਕ ਸਿੰਘ ਨੂੰ 5 ਸਾਲ ਦੀ ਕੈਦ ਕੱਟਣ ਮਗਰੋਂ 4 ਜੂਨ 1927 ਦੇ ਦਿਨ ਰਿਹਾ ਕੀਤਾ ਗਿਆ। ਆਪ ਨੂੰ 4 ਅਪਰੈਲ 1922 ਦੇ ਦਿਨ 3 ਸਾਲ ਦੀ ਕੈਦ ਹੋਈ ਸੀ। ਖੜਕ ਸਿੰਘ ਡੇਰਾ ਗ਼ਾਜ਼ੀ ਖ਼ਾਨ ਜੇਲ੍ਹ ਵਿਚ ਬੰਦ ਸੀ। ਇਸ ਜੇਲ੍ਹ ਵਿਚ ਸਿੱਖਾਂ ਨੂੰ ਦਸਤਾਰ ਪਹਿਨਣ ਦੀ ਇਜਾਜ਼ਤ ਸੀ। 22 ਜਨਵਰੀ 1923 ਦੇ ਦਿਨ ਜੇਲ੍ਹ ਸੁਪਰਡੈਂਟ ਨੇ ਸਿੱਖਾਂ ਨੂੰ ਬਾਰਕਾਂ ਵਿਚ ਬੰਦ ਕਰ ਕੇ ਨੰਬਰਦਾਰ ਤੇ ਵਾਰਡਨ ਮੰਗਵਾ ਕੇ ਜ਼ਬਰਦਸਤੀ ਸਿੱਖ ਕੈਦੀਆਂ ਦੀਆਂ ਦਸਤਾਰਾਂ ਲੁਹਾ ਲਈਆਂ। ਜਦ ਖੜਕ ਸਿੰਘ ਦੀ ਦਸਤਾਰ ਖੋਹੀ ਗਈ ਤਾਂ ਉਨ੍ਹਾਂ ਨੇ ਆਪਣੇ ਕਛਹਿਰੇ ਨੂੰ ਛੱਡ ਕੇ ਸਾਰੇ ਕਪੜੇ ਲਾਹ ਕੇ ਸੁਪਰਡੈਂਟ ਨੂੰ ਫੜਾ ਦਿੱਤੇ। ਇਸ ਮਗਰੋਂ 13 ਹੋਰ ਕੈਦੀਆਂ ਨੇ ਵੀ ਕਪੜੇ ਲਾਹ ਦਿੱਤੇ ਤੇ ਕਿਹਾ ਕਿ ਅਸੀਂ ਉਦੋਂ ਹੀ ਕਪੜੇ ਪਾਵਾਂਗੇ ਜਦੋਂ ਸਾਨੂੰ ਦਸਤਾਰਾਂ ਮਿਲਣਗੀਆਂ। ਇਹ 13 ਸਨ: ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ, ਗੰਡਾ ਸਿੰਘ ਕਨੇਡੀਅਨ ਹੁਸ਼ਿਆਰਪੁਰ, ਸੰਤੋਖ ਸਿੰਘ ਵਿਦਿਆਰਥੀ, ਊਧਮ ਸਿੰਘ ਹੁਸ਼ਿਆਰਪੁਰੀ, ਸੁੱਚਾ ਸਿੰਘ ਗਿਆਨੀ, ਹਰਦਿਤ ਸਿੰਘ, ਪ੍ਰਤਾਪ ਸਿੰਘ, ਕਿਸ਼ਨ ਸਿੰਘ ਹਕੀਮ, ਦਲੀਪ ਸਿੰਘ, ਸੱਯਦ ਮੌਲਾਨਾ ਮੁਹੰਮਦ ਇਸਮਾਈਲ ਗ਼ਜ਼ਨਵੀ, ਪੋਲੋ ਰਾਮ ਅਨੰਦਪੁਰੀ ਤੇ ਕਾਸ਼ੀ ਰਾਮ ਹਿਸਾਰੀ।ਖੜਕ ਸਿੰਘ ਨੂੰ ਤਿੰਨ ਸਾਲਦੀ ਕੈਦ ਹੋਈ ਸੀ ਪਰ ਕਪੜੇ ਨਾ ਪਾਉਣ ਅਤੇ ਸਿਰਫ਼ ਕਛਹਿਰੇ ਨਾਲ ਰਹਿਣ ਕਰ ਕੇ ਉਨ੍ਹਾਂ ਦੀ ਕੈਦ 2 ਸਾਲ ਵਧਾ ਦਿੱਤੀ ਗਈ ਸੀ; ਯਾਨਿ ਉਹ 3 ਦੀ ਜਗਹ 5 ਸਾਲ ਜੇਲ੍ਹ ਵਿਚ ਰਹੇ ਅਤੇ ਜਿਸਮ 'ਤੇ ਕੋਈ ਕਪੜਾ ਨਾ ਪਾਇਆ। ਉਹ ਜੇਲ੍ਹ ਵਿਚੋਂ ਕਛਹਿਰੇ ਨਾਲ ਹੀ ਰਿਹਾ ਹੋਏ।

1984 ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਤੇ 125 ਹੋਰ ਗੁਰਦੁਆਰਿਆਂ 'ਤੇ ਹਮਲਾ :ਕਰ ਦਿੱਤਾ; ਹਜ਼ਾਰਾਂ ਸਿੱਖ ਸ਼ਹੀਦ ਹੋਏ

3-4 ਜੂਨ 1984 ਦੀ ਅੱਧੀ ਰਾਤ ਵੇਲੇ ਫ਼ੌਜ ਨੇ ਦਰਬਾਰ ਸਾਹਿਬ ਦੀ ਬਿਜਲੀ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ। ਸਵੇਰੇ ਚਾਰ ਵਜ ਕੇ ਚਾਲੀ ਮਿੰਟ 'ਤੇ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਅੱਗੇ ਭੇਜੀਆਂ ਜਾਣ ਵਾਲੀਆਂ ਚਾਰ ਪਿਆਦਾ ਬਟਾਲੀਅਨਾਂ ਅਤੇ ਦੋ ਕੰਪਨੀਆਂ ਦੀ ਗਿਣਤੀ ਦੇ ਬਰਾਬਰ ਕਮਾਂਡੋ ਸਨ। ਇਸ ਪਹਿਲੀ ਹਮਲਾਵਰ ਫ਼ੌਜ ਨੂੰ ਇੰਞ ਵੰਡਿਆ ਗਿਆ ਸੀ: (ੳ) ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਉੱਤਰ-ਪੱਛਮੀ ਬਾਹੀਆਂ (ਘੰਟਾ ਘਰ ਤੋਂ ਅਕਾਲ ਤਖ਼ਤ ਸਾਹਿਬ ਤਕ ਦਾ ਇਲਾਕਾ) = ਇਕ ਪਿਆਦਾ ਬਟਾਲੀਅਨ, ਇਕ ਕੰਪਨੀ ਪੈਰਾ ਕਮਾਂਡੋ, ਇਕ ਕੰਪਨੀ ਸਪੈਸ਼ਲ ਬਾਰਡਰ ਫ਼ੋਰਸ (ਐਸ.ਐਫ਼.ਐਸ.)। (ਅ) ਦਰਬਾਰ ਸਾਹਿਬ ਵਾਸਤੇ = ਕਮਾਂਡੋ ਟੋਲਿਆਂ ਦੀ ਹੱਲਾ-ਬੋਲ ਟੋਲੀ। (ੲ) ਦਰਬਾਰ ਸਾਹਿਬ ਦੀਆਂ ਦੱਖਣੀ ਤੇ ਪੂਰਬੀ ਬਾਹੀਆਂ (ਆਟਾ ਮੰਡੀ, ਸਿੱਖ ਰੈਫ਼ਰੈਂਸ ਲਾਇਬਰੇਰੀ, ਮੰਜੀ ਸਾਹਿਬ, ਬਾਬਾ ਅਟਲ) = ਇਕ ਪਿਆਦਾ ਬਟਾਲੀਅਨ। (ਸ) ਇਨ੍ਹਾਂ ਸਾਰੀਆਂ ਵਾਸਤੇ ਰੀਜ਼ਰਵ = ਇਕ ਪਿਆਦਾ ਬਟਾਲੀਅਨ। (ਹ) ਘੇਰਾਬੰਦੀ = ਇਕ ਪਿਆਦਾ ਬਟਾਲੀਅਨ। ਫ਼ੌਜ ਨੇ ਹਮਲਾ ਕਰਨ ਵੇਲੇ ਸਭ ਤੋਂ ਪਹਿਲਾਂ

ਰਾਮਗੜ੍ਹੀਆ ਬੁੰਗਿਆਂ ਅਤੇ ਗੁਰੂ ਰਾਮਦਾਸ ਸਰਾਂ ਦੇ ਪਿੱਛੇ ਵਾਲੀ ਟੈਂਕੀ ਉੱਤੇ 106 ਐਮ.ਐਮ. ਦੀ ਤੋਪ ਅਤੇ 3.7 ਇੰਚ ਦੀ ਹਾਊਵਿਟਜ਼ਰ ਲਾਲ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਲਗਾਤਾਰ ਗੋਲਾਬਾਰੀ ਨਾਲ ਟੈਂਕੀ ਟੁੱਟ ਗਈ ਅਤੇ ਬੁੰਗਿਆਂ ਦਾ ਉਪਰਲਾ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਹੀ ਇਹ ਮੋਰਚੇ ਬਿਨਾਂ ਕਿਸੇ ਲੜਾਈ ਤੋਂ ਖ਼ਤਮ ਹੋ ਗਏ। ਭਾਵੇਂ ਅਸਲ ਲੜਾਈ 4 ਜੂਨ ਸਵੇਰੇ 4 ਵਜ ਕੇ 40 ਮਿੰਟ ਤੇ ਸ਼ੁਰੂ ਹੋਈ ਸੀ, ਪਰ ਫ਼ੌਜੀ ਹਮਲੇ ਦਾ ਚੀਫ਼ ਬਰਾੜ ਆਪਣੀ ਕਿਤਾਬ *ਅਪਰੇਸ਼ਨ ਬਲੂ ਸਟਾਰ* ਵਿਚ ਇਸ ਨੂੰ ਪੰਜ ਜੂਨ ਸ਼ਾਮ ਸਾਢੇ ਚਾਰ ਵਜੇ ਤੋਂ ਲਿਖਦਾ ਹੈ, ਜਦੋਂ ਉਸ ਮੁਤਾਬਿਕ, ਫ਼ੌਜ ਨੇ ਲਾਊਡ ਸਪੀਕਰਾਂ ਰਾਹੀਂ ਲੋਕਾਂ ਨੂੰ ਦਰਬਾਰ ਸਾਹਿਬ 'ਚੋਂ ਬਾਹਰ ਆ ਜਾਣ ਵਾਸਤੇ ਆਖਿਆ। ਬਰਾੜ ਮੁਤਾਬਿਕ ਇਹ ਐਲਾਨ ਸ਼ਾਮ 7 ਵਜੇ ਤਕ ਕੀਤੇ ਜਾਂਦੇ ਰਹੇ। ਉਸ ਦਾ ਕਹਿਣਾ ਹੈ ਕਿ 7 ਵਜੇ ਦੇ ਕਰੀਬ ਸਿਰਫ਼ 129 ਆਦਮੀ, ਔਰਤਾਂ ਅਤੇ ਬੱਚੇ ਹੀ ਬਾਹਰ ਆਏ। ਇਨ੍ਹਾਂ ਬਾਲਗਾਂ ਵਿਚੋਂ ਬਹੁਤੇ ਬੀਮਾਰ ਸਨ। ਪਰ, ਬਰਾੜ ਦੀ ਦਿੱਤੀ ਤਾਰੀਖ਼ ਅਤੇ ਵਕਤ ਦੋਵੇਂ ਗ਼ਲਤ ਹਨ। ਬਰਾੜ ਦੀ ਦਿੱਤੀ ਤਾਰੀਖ਼ ਦਰਅਸਲ 'ਆਖ਼ਰੀ ਵੱਡੇ ਹਮਲੇ' ਦੀ ਸ਼ੁਰੂਆਤ ਦੀ ਤਾਰੀਖ਼ ਹੈ।

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਭਾਰਤੀ ਫ਼ੌਜ ਨੇ ਸਿਰਫ਼ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ; ਕੁਝ ਲੇਖਕ ਲਿਖਦੇ ਹਨ ਕਿ 37 ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ ਸੀ ਦਰਅਸਲ ਫ਼ੌਜ ਨੇ 125 ਗੁਰਦੁਆਰਿਆ 'ਤੇ ਹਮਲਾ ਕੀਤਾ ਸੀ। ਇਸ ਹਮਲੇ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ, ਦੂਖ ਨਿਵਾਰਨ ਪਟਿਆਲਾ, ਮੁਕਤਸਰ ਅਤੇ ਹੋਰ ਥਾਵਾਂ 'ਤੇ ਸੈਂਕੜੇ ਸਿੱਖ ਸ਼ਹੀਦ ਹੋਏ ਸਨ।

1984: ਗੁਰਦੁਆਰਾ ਦੂਖ ਨਿਵਾਰਨ ਪਟਿਆਲਾ 'ਤੇ ਭਾਰਤੀ ਫ਼ੌਜ ਦਾ ਧਾਵਾ

4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਨਹੀਂ ਬਲਕਿ 125 ਤੋਂ ਵਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ ਸੀ। ਇਨ੍ਹਾਂ ਵਿਚ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵੀ ਸੀ। ਪਟਿਆਲਾ ਦੇ ਹਮਲੇ ਵਿਚੇ ਸ਼ਹੀਦ ਹੋਣ ਵਾਲੇ ਸਿੱਖ ਸਨ: 1. ਹਰੀ ਸਿੰਘ ਪੁੱਤਰ ਨੱਥਾ ਸਿੰਘ 2. ਮਲਕੀਤ ਸਿੰਘ ਪੁੱਤਰ ਵਿਸਾਖਾ ਸਿੰਘ ਵਾਸੀ ਬਾਗੜੀਆਂ, ਸੰਗਰੂਰ 3. ਹਰਭਜਨ ਸਿੰਘ ਪੁੱਤਰ ਨਿਸ਼ਾਨ ਸਿੰਘ ਨਾਸੂਪੁਰ ਪਟਿਆਲਾ 4. ਬਲਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ, ਵਾਸੀ ਚੀਮਾ ਸੰਗਰੂਰ।5. ਹਰੀ ਸਿੰਘ ਪੁੱਤਰ ਨੇਕ ਸਿੰਘ, ਵਾਸੀ ਚੀਮਾ ਸੰਗਰੂਰ 6. ਕਰਨੈਲ ਸਿੰਘ ਪੁੱਤਰ ਬਾਗਾ ਸਿੰਘ, ਵਾਸੀ ਕਨੋਂਜੀਆ ਸੰਗਰੂਰ 7. ਜਸਦੇਵ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਭੌਡੀਵਾਲਾ ਖੂਹ, ਲੁਧਿਆਣਾ।8. ਗੁਰਦਿਆਲ ਸਿੰਘ ਪੁੱਤਰ ਕਪੂਰ ਸਿੰਘ, ਵਾਸੀ ਧੂਰੀ, ਸੰਗਰੂਰ9. ਮਹਿੰਦਰ ਸਿੰਘ ਪੁੱਤਰ ਮੁਖਤਾਰ ਸਿੰਘ, ਵਾਸੀ ਬਟੂਹਾ, ਸੰਗਰੂਰ10. ਬਚਨ ਸਿੰਘ ਪੁੱਤਰ ਤੁਲਸੀ ਰਾਮ, ਵਾਸੀ ਅਹਿਮਦਨਗਰ, ਸੰਗਰੂਰ।11. ਅਮਰ ਸਿੰਘ ਪੁੱਤਰ ਰਤਨ ਸਿੰਘ, ਵਾਸੀ ਕਨਜਾਲਾ, ਸੰਗਰੂਰ।

1984: ਮੁਕਤਸਰ ਦੇ ਗੁਰਦੁਆਰਿਆਂ 'ਤੇ ਭਾਰਤੀ ਫ਼ੌਜ ਦਾ ਹਮਲਾ

4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਨਹੀਂ ਬਲਕਿ 125 ਤੋਂ ਵਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ ਸੀ। ਇਨ੍ਹਾਂ ਵਿਚ ਮੁਕਤਸਰ ਦੇ ਤਿੰਨ ਗੁਰਦੁਆਰੇ ਵੀ ਸਨ। ਮੁਕਤਸਰ ਦੇ ਹਮਲੇ ਵਿਚੇ ਸ਼ਹੀਦ ਹੋਣ ਵਾਲੇ ਸਿੱਖ ਸਨ: 1. ਗੁਲੂ ਸਿੰਘ ਪੁੱਤਰ ਛੁੰਮਣ ਸਿੰਘ, ਵਾਸੀ 3060 ਪੱਟੀ ਤੰਬੂ ਸਾਹਿਬ, ਮੁਕਤਸਰ 2. ਕਰਤਾਰ ਸਿੰਘ ਪੁੱਤਰ ਸੁਖਚੈਨ ਸਿੰਘ, ਵਾਸੀ ਦਲੀਪ ਸਿੰਘ ਵਾਲਾ ਫਰੀਦਕੋਟ 3. ਭੁਪਿੰਦਰ ਸਿੰਘ ਪੁੱਤਰ ਜੁਗਰਾਜ ਸਿੰਘ, ਵਾਸੀ ਭੁੱਲਰਵਾਲਾ, ਗੁਰਦਾਸਪੁਰ 4. ਜੀਤ ਸਿੰਘ ਪੁੱਤਰ ਭਾਲਾ ਸਿੰਘ, ਵਾਸੀ

ਸੇਖ ਕਲਾ, ਫਰੀਦਕੋਟ 5. ਭਈ ਵਿਰਸਾ ਸਿੰਘ ਪੁੱਤਰ ਨਿਰੰਜਣ, ਵਾਸੀ ਡੱਬਵਾਲੀ ਢਾਬ, ਫਰੀਦਕੋਟ 6. ਚਾਨਣ ਸਿੰਘ ਪੁੱਤਰ ਲਾਲ ਸਿੰਘ, ਵਾਸੀ ਮਸਕੰਦ, ਫਰੀਦਕੋਟ 7. ਲਾਭ ਸਿੰਘ ਪੁੱਤਰ ਰੂੜ ਸਿੰਘ, , ਵਾਸੀ ਮਟਰ ਉੱਤਾੜ, ਫਿਰੋਜ਼ਪੁਰ 8. ਜਗਨ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਤਲਵੰਡੀ ਭੰਗਵੇੜੀਆ ਫਰੀਦਕੋਟ 9. ਅਜੀਤ ਸਿੰਘ ਪੁੱਤਰ ਸੁੱਚਾ ਸਿੰਘ, ਵਾਸੀ ਕੁੱਤੀਆ ਵਾਲੀ, ਫਰੀਦਕੋਟ 10. ਅਜੀਤ ਸਿੰਘ ਪੁੱਤਰ ਭਾਈ ਖਜਾਨ ਸਿੰਘ, ਵਾਸੀ ਰੱਤਾ ਖੇੜਾ, ਫਰੀਦਕੋਟ।

1987: ਅਮਰੀਕਨ ਕਾਂਗਰਸ ਵਿਚ ਪੰਜਾਬ ਤੇ ਸਿੱਖ ਮਸਲੇ ਬਾਰੇ ਚਰਚਾ ਹੋਈ

4 ਜੂਨ 1987 ਦੇ ਦਿਨ ਅਮਰੀਕਨ ਕਾਂਗਰਸ (ਪਾਰਲੀਮੈਂਟ) ਵਿਚ ਪੰਜਾਬ ਅਤੇ ਸਿੱਖ ਮਸਲੇ ਬਾਰੇ ਚਰਚਾ ਹੋਈ। ਇਸ ਮੌਕੇ 'ਤੇ ਬੋਲਦਿਆਂ ਮਿਸਟਰ ਸ਼ਮਵੇਅ ਨੇ ਅਮਰੀਕਨ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ਤੇ ਜ਼ੁਲਮ ਕਰ ਰਹੇ ਭਾਰਤ ਨਾਲ 'ਉੱਚੀ ਤਕਨੀਕੀ ਖੋਜ ਦਾ ਸਮਝੌਤਾ' ਰੱਦ ਕੀਤਾ ਜਾਵੇ। ਇਹ ਚਰਚਾ ਕਰਵਾਉਣ ਅਤੇ ਸਿੱਖਾਂ ਵਾਸਤੇ ਅਮਰੀਕਨ ਆਗੂਆਂ ਦੀ ਹਿਮਾਇਤ ਲੈਣ ਦਾ ਸਿਹਰਾ ਡਾਕਟਰ ਗੁਰਮੀਤ ਸਿੰਘ ਔਲਖ ਦੇ ਸਿਰ ਸੀ।

1988: ਜਗਮੇਲ ਸਿੰਘ ਖਾਨਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੂਨ 1988 ਦੇ ਦਿਨ ਪੁਲਸ ਨੇ 1988 ਜਗਮੇਲ ਸਿੰਘ ਉਰਫ਼ ਜੱਗਾ ਖਾਨਪੁਰ (ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਰਜਨ ਸਿੰਘ ਸਰਜੂ, ਪਵਿੱਤਰ ਸਿੰਘ ਬਬਰ, ਸੁਖਦੇਵ ਸਿੰਘ ਵਧਾਈ, ਅਮਨਦੀਪ ਸਿੰਘ ਉਰਫ਼ ਹੈਪੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੂਨ 1991 ਦੇ ਦਿਨ ਪੰਜਾਬ ਪੁਲਸ ਸੁਰਜਨ ਸਿੰਘ ਸਰਜੂ, ਪਵਿੱਤਰ ਸਿੰਘ ਬਬਰ, ਸੁਖਦੇਵ ਸਿੰਘ ਵਧਾਈ, ਅਮਨਦੀਪ ਸਿੰਘ ਉਰਫ਼ ਹੈਪੀ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਣਜੀਤ ਸਿੰਘ ਢਿਲਵਾਂ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੂਨ 1992 ਦੇ ਦਿਨ ਪੁਲਸ ਨੇ ਰਣਜੀਤ ਸਿੰਘ ਢਿਲਵਾਂ ਰਾਮਪੁਰਾ ਫੂਲ ਕੋਲ ਤੇ 4 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਨਾਹਰ ਸਿੰਘ ਅਲੀਪੁਰ ਖਾਲਸਾ ਤੇ ਸਤਨਾਮ ਸਿੰਘ ਕੈਰੋਂ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੂਨ 1993 ਦੇ ਦਿਨ ਪੁਲਸ ਨੇ ਨਾਹਰ ਸਿੰਘ (ਪੁੱਤਰ ਆਤਮਾ ਸਿੰਘ, ਵਾਸੀ ਅਲੀਪੁਰ ਖਾਲਸਾ, ਨੇੜੇ ਮਹਿਮਦਪੁਰ, ਜ਼ਿਲ੍ਹਾ ਸੰਗਰੂਰ) ਤੇ ਸਤਨਾਮ ਸਿੰਘ (ਪੁਤਰ ਜਰਨੈਲ ਸਿੰਘ, ਵਾਸੀ ਕੈਰੋਂ, ਜ਼ਿਲ੍ਹਾ ਤਰਨਤਾਰਨ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਅਮਰੀਕਨ ਐਮ.ਪੀਜ਼ ਵੱਲੋਂ ਖਾਲਿਸਤਾਨ ਦੀ ਹਿਮਾਇਤ

4 ਜੂਨ 1994 ਦੇ ਦਿਨ ਦਰਬਾਰ ਸਾਹਿਬ 'ਤੇ ਹਮਲ ਦੀ ਵਰ੍ਹੇਗੰਢ ਦੇ ਮੌਕੇ 'ਤੇ ਅਮਰੀਕਾ ਦੀ ਕਾਂਗਰਸ (ਪਾਰਲੀਮੈਂਟ) ਦੇ 12 ਮੈਂਬਰਾਂ ਨੇ ਪਾਕਿਸਤਾਨ ਅਤੇ ਭਾਰਤ ਵਿਚਕਾਰ ਖਾਲਿਸਤਾਨ ਦੀ ਬਫ਼ਰ ਸਟੇਟ ਕਾਇਮ ਕਰਨ ਦੀ ਮੰਗ ਕੀਤੀ; ਇਸ ਮੁਹਿੰਮ ਦਾ ਸਿਹਰਾ ਡਾ:

ਗੁਰਮੀਤ ਸਿੰਘ ਔਲਖ ਦੇ ਸਿਰ 'ਤੇ ਸੀ ਜਿਸ ਨੇ ਅਮਰੀਕਨ ਕਾਂਗਰਸਮੈਂਨ ਕੋਲੋਂ ਇਹ ਬਿਆਨ ਦਿਵਾਇਆ ਸੀ।

2014: ਜਸਪਾਲ ਸਿੰਘ ਮੰਝਪੁਰ ਐਡਵੋਕੇਟ ਤੇ 4 ਹੋਰ ਝੂਠੇ ਕੇਸ 'ਚੋਂ ਬਰੀ ਹੋਏ

4 ਜੂਨ 2014 ਦੇ ਦਿਨ, ਪਾਇਲ (ਲੁਧਿਆਣਾ) ਦੀ ਇਕ ਅਦਾਲਤ ਨੇ ਡਾ: ਜਸਪਾਲ ਸਿੰਘ ਸਿੱਧੂ (ਪਿਤਾ ਦਲਜੀਤ ਸਿੰਘ ਬਿੱਟੂ), ਜਸਪਾਲ ਸਿੰਘ ਐਡਵੋਕੇਟ (ਮੰਝਪੁਰ), ਪਲਵਿੰਦਰ ਸਿੰਘ (ਤਲਵਾੜਾ), ਪਲਵਿੰਦਰ ਸਿੰਘ (ਸ਼ਤਰਾਣਾ), ਮਲਕੀਅਤ ਸਿੰਘ (ਭੋਤਨਾ) ਨੂੰ ਅਸਲਾ ਐਕਟ ਹੇਠ ਦਰਜ ਕੀਤੇ ਝੂਠੇ ਕੇਸ ਵਿਚੋਂ ਬਾਇੱਜ਼ਤ ਬਰੀ ਕਰ ਦਿੱਤਾ। ਉਨ੍ਹਾਂ ਨੂੰ ਪੰਜਾਬ ਪੁਲਸ ਨੇ 15 ਅਗਸਤ 2006 ਦੇ ਦਿਨ ਈਸੜੂ ਕਾਨਫਰੰਸ 'ਤੇ ਜਾਂਦਿਆਂ ਨੂੰ, ਦੋਰਾਹਾ ਟੋਲ ਬੈਰੀਅਰ ਤੋਂ ਗ੍ਰਿਫ਼ਤਾਰ ਕਰ ਕੇ ਝੂਠਾ ਕੇਸ ਪਾ ਦਿੱਤਾ ਗਿਆ ਸੀ। ਉਨ੍ਹਾਂ ਨੂੰ 8 ਸਾਲ ਅਦਾਲਤਾਂ ਵਿਚ ਖੱਜਲ ਖੁਆਰ ਹੋਣਾ ਪਿਆ।

5 ਜੂਨ

1915: ਗ਼ਦਰੀਆਂ ਨੇ ਕਾਲਾ ਸਿੰਘ ਜਗਤਪੁਰੀਆ ਤੇ ਚੰਨਣ ਸਿੰਘ ਬੜਚੰਦੀਆਂ ਮੁਖ਼ਬਰਾਂ ਨੂੰ ਕਤਲ ਕੀਤਾ

ਗ਼ਦਰ ਲਹਿਰ ਹੇਠ ਗ਼ਦਰੀ ਕਾਰਕੁੰਨਾਂ ਨੇ ਬਹੁਤ ਸਾਰੇ ਮੁਖ਼ਬਰਾਂ ਨੂੰ ਕਤਲ ਕੀਤਾ ਗਿਆ ਸੀ; ਇਨ੍ਹਾਂ ਮੁਖ਼ਬਰਾਂ ਵਿਚ ਕਾਲਾ ਸਿੰਘ ਜਗਤਪੁਰੀਆ ਤੇ ਚੰਨਣ ਸਿੰਘ ਬੜਚੰਦੀਆਂ ਵੀ ਸਨ ਜਿਨ੍ਹਾਂ ਨੂੰ 5 ਜੂਨ 1915 ਦੇ ਦਿਨ ਮਾਰ ਦਿੱਤਾ ਗਿਆ ਸੀ।

1966: ਪੰਜਾਬ ਬਾਊਂਡਰੀ ਕਮਿਸ਼ਨ ਦੇ 3 ਵਿਚੋਂ 2 ਮੈਂਬਰਾਂ ਨੇ ਚੰਡੀਗੜ੍ਹ ਹਰਿਆਣਾ ਨੂੰ ਦੇਣ ਦੀ ਸਿਫ਼ਾਰਸ਼ ਕੀਤੀ

ਮਾਰਚ 1966 ਵਿਚ ਕਾਂਗਰਸ ਨੇ ਭਾਵੇਂ ਪੰਜਾਬੀ ਸੂਬਾ ਬਣਾਉਣਾ ਮੰਨ ਤਾਂ ਲਿਆ ਪਰ ਇੰਦਰਾ ਗਾਂਧੀ ਦੀ ਮਨਜ਼ੂਰੀ ਨਾਲ ਗੁਲਜ਼ਾਰੀ ਲਾਲ ਨੰਦਾ ਇਸ ਸੂਬੇ ਨੂੰ ਛੋਟਾ ਅਤੇ ਬੇਜਾਨ ਬਣਾਉਣ ਤੇ ਤੁਲ ਪਿਆ। 15 ਅਪ੍ਰੈਲ 1960 ਨੂੰ ਕੇਂਦਰੀ ਸਰਕਾਰ ਨੇ ਸੂਬੇ ਦੀ ਹੱਦਬੰਦੀ ਵਾਸਤੇ 1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਮੰਨ ਲਿਆ। ਯਾਦ ਰਹੇ ਕਿ ਪਹਿਲੋਂ ਜਵਾਹਰ ਲਾਲ ਨਹਿਰੂ ਨੇ ਵੀ ਇਹ ਗੱਲ ਪਾਰਲੀਮੈਂਟ ਸਾਹਵੇਂ ਮੰਨੀ ਸੀ ਕਿ 1951 ਅਤੇ 1961 ਵਿਚ ਜ਼ਬਾਨ ਬਾਰੇ ਮਰਦਮ ਸ਼ੁਮਾਰੀ (ਪੰਜਾਬੀ ਦੇ ਸਬੰਧ ਵਿਚ) ਗ਼ਲਤ ਹੋਈ ਹੈ। 'ਹਿੰਦ ਸਮਾਚਾਰ' ਅਤੇ 'ਪ੍ਰਤਾਪ' ਅਖ਼ਬਾਰਾਂ ਵਿਚ ਪੰਜਾਬੀ ਵਿਰੁੱਧ ਲਗਾਤਾਰ ਪ੍ਰਚਾਰ ਹੁੰਦਾ ਰਿਹਾ ਸੀ ਕਿ ਹਰ ਹਿੰਦੂ ਆਪਣੀ ਹਿੰਦੀ ਲਿਖਵਾਏ। ਇਸ ਦੇ ਬਾਵਜੂਦ 1961 ਦੀ ਮਰਦਮ ਸ਼ੁਮਾਰੀ ਨੂੰ ਨਵੇਂ ਪੰਜਾਬ ਦੀ ਹਦਬੰਦੀ ਦਾ ਆਧਾਰ ਮੰਨਿਆ ਗਿਆ। ਫਤਹਿ ਸਿੰਘ ਨੇ 13 ਅਪ੍ਰੈਲ 1966 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ। ਮਾਸਟਰ ਤਾਰਾ ਸਿੰਘ ਅਤੇ ਉਸ ਦੇ ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਦਬੰਦੀ ਬਾਰੇ ਬਣਾਏ ਗਏ ਕਮਿਸ਼ਨ ਦਾ ਬਾਈਕਾਟ ਕਰਨਗੇ। ਉਨ੍ਹਾਂ ਨੇ ਪੰਜਾਬੀ ਰਿਜਨ ਨੂੰ ਹੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ। 6 ਅਪ੍ਰੈਲ 1966 ਨੂੰ ਚੀਫ਼ ਖ਼ਾਲਸਾ ਦੀਵਾਨ ਨੇ 1961 ਦੇ ਆਧਾਰ ਦੀ ਵਿਰੋਧਤਾ ਕੀਤੀ। ਦੂਜੇ ਪਾਸੇ 20 ਅਪ੍ਰੈਲ 1966 ਨੂੰ ਹਰਿਆਣਵੀ ਨੇਤਾਵਾਂ ਨੇ ਹਦਬੰਦੀ ਲਈ 1961 ਨੂੰ ਅਧਾਰ ਮੰਨਣ ਦੀ ਹਿਮਾਇਤ ਕੀਤੀ।

23 ਅਪ੍ਰੈਲ 1966 ਨੂੰ ਭਾਰਤ ਸਰਕਾਰ ਨੇ ਜਸਟਿਸ ਸ਼ਾਹ, ਐਮ.ਐਮ. ਫ਼ਿਲਪ ਅਤੇ ਸੁਬਿਮਲ ਦੱਤ (ਐਸ. ਦੱਤ) ਦਾ ਇਕ ਪੰਜਾਬ ਬਾਊਂਡਰੀ (ਹਦਬੰਦੀ) ਕਮਿਸ਼ਨ ਬਣਾ ਦਿੱਤਾ। ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 26 ਅਪ੍ਰੈਲ 1966 ਦੀ ਮੀਟਿੰਗ ਵਿਚ

1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਪਰ ਕਮਿਸ਼ਨ ਅੱਗੇ ਆਪਣਾ ਕੇਸ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ। ਪੰਜਾਬੀ ਰਿਜਨ ਦੇ ਕਾਂਗਰਸੀ ਵਜ਼ੀਰਾਂ ਨੇ ਵੀ 1961 ਦੀ ਮਰਦਮ ਸ਼ੁਮਾਰੀ ਖ਼ਿਲਾਫ਼ ਬਿਆਨ ਦਿੱਤੇ। ਪੰਜਾਬ ਦੇ ਕਾਂਗਰਸੀ ਮੈਂਬਰਾਨ ਪਾਰਲੀਮੈਂਟ ਨੇ ਮਹਾਂ ਪੰਜਾਬ ਦੀ ਹਿਮਾਇਤ ਕੀਤੀ, ਉਨ੍ਹਾਂ ਨੇ ਕਾਂਗੜੇ ਨੂੰ ਵੀ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। ਪੰਜਾਬ ਜਨਸੰਘ ਦੇ ਯੱਗ ਦੱਤ ਨੇ 1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਸਿਫ਼ਾਰਸ਼ ਕੀਤੀ। ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ 1961 ਦੀ ਮਰਦਮ ਸ਼ੁਮਾਰੀ ਦੇ ਆਧਾਰ ਦਾ ਵਿਰੋਧ ਕੀਤਾ। 15 ਮਈ 1966 ਨੂੰ ਜੈ ਪ੍ਰਕਾਸ਼ ਨਾਰਾਇਣ ਨੇ 1961 ਦੀ ਮਰਦਮ ਸ਼ੁਮਾਰੀ ਦੀ ਮੁਖ਼ਾਲਫ਼ਤ ਕੀਤੀ। 15 ਮਈ 1966 ਨੂੰ ਕਾਂਗਰਸੀ ਗੁਰਮੁਖ ਸਿੰਘ ਮੁਸਾਫ਼ਿਰ, ਸੁਰਜੀਤ ਸਿੰਘ ਅਟਵਾਲ, ਦਲਜੀਤ ਸਿੰਘ, ਸਾਧੂ ਰਾਮ, ਦੀਵਾਨ ਚੰਦੂ ਲਾਲ ਆਦਿਕ ਨੇ 1961 ਦੀ ਮਰਦਮ ਸ਼ੁਮਾਰੀ ਦੇ ਅਧਾਰ ਦੀ ਮੁਖ਼ਾਲਫ਼ਤ ਕੀਤੀ। ਤਕਰੀਬਨ ਹਰ ਇਕ ਪੰਜਾਬੀ ਅਤੇ ਹਰ ਇਨਸਾਫ਼-ਪਸੰਦ ਭਾਰਤੀ ਨੇ 1961 ਦੀ ਮਰਦਮ ਸ਼ੁਮਾਰੀ ਨੂੰ ਹਦਬੰਦੀ ਦਾ ਅਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਕਿਉਂਕਿ ਇਹ ਮਰਦਮ ਸ਼ੁਮਾਰੀ ਬੋਲੀ ਦੇ ਆਧਾਰ 'ਤੇ ਨਹੀਂ ਸਗੋਂ ਧਰਮ ਦੇ ਅਧਾਰ 'ਤੇ ਹੋਈ ਸੀ। ਪਰ ਫ਼ਿਰਕੂ ਹਿੰਦੂ ਇਸ ਗੱਲ ਨੂੰ ਸੁਣਨ ਲਈ ਤਿਆਰ ਨਹੀਂ ਸਨ। ਉਧਰ ਸਾਰੇ ਹਰਿਆਣਵੀ ਅਤੇ ਪੰਜਾਬ ਦੇ ਜਨਸੰਘੀ 1961 ਨੂੰ ਆਧਾਰ ਮੰਨਣ ਵਾਸਤੇ ਬਿਆਨ ਦੇ ਰਹੇ ਸਨ। 5 ਜੂਨ 1966 ਨੂੰ ਪੰਜਾਬ ਬਾਊਂਡਰੀ ਕਮਿਸ਼ਨ ਨੇ ਰਿਪੋਰਟ ਦਿੱਤੀ। ਬਾਊਂਡਰੀ ਕਮਿਸ਼ਨ ਦੇ 2 ਮੈਂਬਰਾਂ ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਹਿਮਾਇਤ ਕੀਤੀ ਇਕ ਮੈਂਬਰ ਐਸ. ਬਿਮਲ ਦੱਤ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਸਿਫ਼ਾਰਿਸ਼ ਕੀਤੀ। ਉਨ੍ਹਾਂ ਨੇ ਅਨੰਦਪੁਰ ਅਤੇ ਭਾਖੜਾ ਹਿਮਾਚਲ ਨੂੰ ਦਿੱਤਾ। ਖਰੜ ਤਹਿਸੀਲ ਹਰਿਆਣੇ ਨੂੰ ਦਿੱਤੇ ਜਾਣ ਦੀ ਸਿਫ਼ਾਰਸ਼ ਕੀਤੀ। ਇਸ ਰਿਪੋਰਟ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ ਗਿਆ।

1984: ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦਾ ਹਮਲਾ ਜਾਰੀ

4 ਜੂਨ ਨੂੰ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ ਕੀਤਾ ਹਮਲਾ ਅਗਲੇ ਦਿਨ 5 ਜੂਨ ਨੂੰ ਵੀ ਜਾਰੀ ਰਿਹਾ। ਇਸ ਦਿਨ ਫ਼ੌਜ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਉਤੇ ਸਰਾਵਾਂ 'ਤੇ ਕਬਜ਼ਾ ਕਰ ਲਿਆ ਸੀ ਪਰ ਅਕਾਲ ਤਖ਼ਤ ਵਲ ਉਹ ਇਮ ਇੰਚ ਵੀ ਨਹੀਂ ਸਨ ਵਧ ਸਕੇ। 5 ਜੂਨ ਨੂੰ ਵੀ ਫ਼ੌਜ ਅਕਾਲ ਤਖ਼ਤ 'ਤੇ ਹਗੋਲਾਬਾਰੀ ਕਰਦੀ ਰਹੀ। ਸੈਂਕੜੇ ਫ਼ੌਜੀ ਥੋੜ੍ਹਾ-ਥੋੜ੍ਹਾ ਕਰ ਕੇ ਇਧਰੋਂ ਅਕਾਲ ਤਖ਼ਤ ਸਾਹਿਬ ਵੱਲ ਵਧਦੇ ਗਏ ਤੇ ਮਾਰੇ ਜਾਂਦੇ ਰਹੇ। ਉਨ੍ਹਾਂ ਦਾ ਨਿਸ਼ਾਨਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੇੜੇ ਪਹੁੰਚ ਕੇ ਇਸ ਦੇ ਅੰਦਰ ਗੈਸ ਦੇ ਗੋਲੇ ਸੁੱਟਣਾ ਸੀ, ਜਿਸ ਨਾਲ ਖਾੜਕੂ ਬੇਹੋਸ਼ ਹੋ ਜਾਂਦੇ ਜਾਂ ਮਾਰੇ ਜਾਂਦੇ। ਪਰ ਇਸ ਨਿਸ਼ਾਨੇ 'ਚ ਫ਼ੌਜ ਨੂੰ ਕਾਮਯਾਬੀ ਹਾਸਿਲ ਨਾ ਹੋਈ ਤੇ ਸੈਂਕੜੇ ਫ਼ੌਜੀ ਮਾਰੇ ਗਏ। ਉਨ੍ਹਾਂ ਜ਼ਮੀਨ 'ਤੇ ਸਰਕ-ਸਰਕ ਕੇ, ਰਿੜ੍ਹ-ਰਿੜ੍ਹ ਕੇ ਵੀ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਪਰ ਖਾੜਕੂਆਂ ਵਲੋਂ ਫ਼ਰਸ਼ 'ਤੇ ਫ਼ਿਟ ਕੀਤੀ ਮਸ਼ੀਨਗੰਨ ਨੇ ਸੈਂਕੜੇ ਫ਼ੌਜੀ ਮਾਰ ਦਿੱਤੇ ਅਤੇ ਕਈ ਘੰਟਿਆਂ ਬਾਅਦ ਹੀ ਭਾਰਤੀ ਫ਼ੌਜੀ ਦਰਸ਼ਨੀ ਡਿਉਢੀ ਦੇ ਨੇੜੇ ਪੁੱਜਣ 'ਚ ਕਾਮਯਾਬ ਹੋਏ, ਪਰ ਉਦੋਂ ਹੀ ਹਵਾ ਦਾ ਰੁਖ ਉਨ੍ਹਾਂ ਵੱਲ ਹੋ ਗਿਆ, ਜਿਸ ਨਾਲ ਗੈਸ ਦੇ ਗੋਲੇ ਉਲਟਾ ਉਨ੍ਹਾਂ ਵਾਸਤੇ ਹੀ ਮੁਸੀਬਤ ਬਣ ਗਏ। ਹੁਣ ਤਕ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ ਤੇ ਨਿਸ਼ਾਨ ਸਾਹਿਬ ਦੇ ਵਿਚਕਾਰ ਸਿਰਫ਼ ਲਾਸ਼ਾਂ ਹੀ ਲਾਸ਼ਾਂ ਸਨ ਤੇ ਕੋਈ ਵੀ ਫ਼ੌਜੀ ਬਚ ਨਹੀਂ ਸੀ ਸਕਿਆ।

ਇਸ ਅਪਰੇਸ਼ਨ ਦੌਰਾਨ ਫ਼ੌਜ ਨੇ ਪਰਕਰਮਾ ਦੇ ਸਾਰੇ ਕਮਰਿਆਂ, ਜਿੱਥੋਂ-ਜਿੱਥੋਂ ਫ਼ੌਜ ਲੰਘਦੀ ਗਈ, ਵਿਚ ਗਰਨੇਡ ਸੁੱਟ ਕੇ ਉੱਥੇ ਹਾਜ਼ਿਰ ਹਰ ਇਕ ਸ਼ਖ਼ਸ ਨੂੰ ਮਾਰ ਦਿੱਤਾ। ਪਰ

ਅਜਿਹਾ ਕਰਦਿਆਂ ਵੀ ਦਰਜਨਾਂ ਫ਼ੌਜੀ ਮਾਰੇ ਗਏ। ਬਚੇ-ਖੁਚੇ ਫ਼ੌਜੀਆਂ ਦੀ ਅਗਵਾਈ ਲੈਫ਼ਟੀਨੈਂਟ ਜਨਰਲ ਇਸਰਾਰ ਖ਼ਾਨ ਨੇ ਸੰਭਾਲੀ ਹੋਈ ਸੀ।ਦੂਜੇ ਪਾਸੇ ਰੀਜ਼ਰਵ ਕੰਪਨੀ ਨੇ ਅਲਮੀਨੀਅਮ ਦੀ ਇਕ ਪੌੜੀ ਲਾਈ ਤੇ ਉਹ ਪਰਕਰਮਾ ਦੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਪੁੱਜ ਗਈ। ਉਨ੍ਹਾਂ ਨੇ ਗਰਨੇਡ ਸੁੱਟ ਕੇ ਅਤੇ ਗੋਲੀਆਂ ਦੀ ਵਾਛੜ ਕਰ ਕੇ ਘੰਟਾ ਘਰ ਦੇ ਬਿਲਕੁਲ ਨੇੜੇ ਦੇ ਕਮਰਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਐਕਸ਼ਨ ਵਿਚ ਵੀ ਬਹੁਤ ਸਾਰੀ ਫ਼ੌਜ ਮਾਰੀ ਗਈ ਤੇ ਕਈ ਖਾੜਕੂ ਵੀ ਜਾਨ ਗੁਆ ਬੈਠੇ। ਪਰ ਖਾੜਕੂ ਲੜੇ ਜਾਨ ਤੋੜ ਕੇ! ਖਾੜਕੂਆਂ ਵਿਚੋਂ ਅਮਰਜੀਤ ਸਿੰਘ ਖੇਮਕਰਨੀ (ਸਾਥੀ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਕਨੇਡਾ, ਮੋਢੀ ਬਬਰ ਖਾਲਸਾ) ਦਾ ਮੋਰਚਾ ਸਭ ਤੋਂ ਵਧ ਤਗੜਾ ਸੀ ਅਤੇ ਉਸ ਨੇ ਤੇ ਉਸ ਦੇ ਸਾਥੀਆਂ ਨੇ ਕਮਾਲ ਦੀ ਲੜਾਈ ਲੜੀ ਸੀ। ਉਧਰ ਅਕਾਲ ਤਖ਼ਤ ਸਾਹਿਬ ਵੱਲ ਭਾਵੇਂ ਫ਼ੌਜੀਆਂ ਨੂੰ ਮੌਤ ਤੋਂ ਸਿਵਾ ਕੁਝ ਨਹੀਂ ਸੀ ਹਾਸਿਲ ਹੋ ਸਕਿਆ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਐਕਸ਼ਨ ਜਾਰੀ ਰੱਖਿਆ। ਹੁਣ ਲੈਫ਼ਟੀਨੈਂਟ ਜਨਰਲ ਕੇ.ਸੀ. ਪੰਡਾ ਆਪਣੇ ਸੂਬੇਦਾਰ ਮੇਜਰ ਤੇ 30 ਕਮਾਂਡੋ ਲੈ ਕੇ ਅੱਗੇ ਵਧਿਆ। ਪਰ ਉਹ ਸਾਰੇ ਹੀ ਮਾਰੇ ਗਏ। ਇਸ ਤੋਂ ਬਾਅਦ ਫ਼ੌਜ ਦੀ ਇਕ ਟੁਕੜੀ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਪੁੱਜ ਗਈ ਤੇ ਅਕਾਲ ਤਖ਼ਤ ਸਾਹਿਬ 'ਤੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿੱਤੇ। ਉਧਰ ਹੌਲੀ-ਹੌਲੀ ਐਸ.ਐਸ.ਐਫ਼. ਦੀ ਗੈਸ ਸੁੱਟਣ ਵਾਲੀ ਟੋਲੀ ਦਰਸ਼ਨੀ ਡਿਉਢੀ ਵਲ ਵਧੀ ਤੇ 20 ਮੀਟਰ ਤੋਂ ਅਕਾਲ ਤਖ਼ਤ ਸਾਹਿਬ 'ਤੇ ਅੰਨ੍ਹੇ-ਵਾਹ ਗੋਲੇ ਸੁੱਟਣੇ ਸ਼ੁਰੂ ਕੀਤੇ ਪਰ ਵਰ੍ਹਦੀਆਂ ਗੋਲੀਆਂ ਨੇ ਉਨਾਂ ਦਾ ਸਫ਼ਾਇਆ ਕਰ ਦਿੱਤਾ। ਇਨ੍ਹਾਂ ਗੈਸ-ਗੋਲਿਆਂ ਦਾ ਵੀ ਖਾੜਕੂਆਂ 'ਤੇ ਕੋਈ ਅਸਰ ਨਾ ਹੋ ਸਕਿਆ ਕਿਉਂਕਿ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਦਰਵਾਜ਼ੇ, ਖਿੜਕੀਆਂ ਤੇ ਰੋਸ਼ਨਦਾਨ ਸਭ ਪੂਰੀ ਤਰ੍ਹਾਂ ਬੰਦ ਸਨ। ਦੂਜਾ, ਝਰੋਖਿਆਂ 'ਚੋਂ ਫ਼ੌਜੀਆਂ 'ਤੇ ਗੋਲਾਬਾਰੀ ਹੋ ਰਹੀ ਸੀ ਤੇ ਫ਼ੌਜੀ ਮਾਰੇ ਜਾ ਰਹੇ ਸਨ। ਤੀਜਾ, ਗੈਸ ਦੇ ਧੂੰਏ ਦਾ ਰੁਖ ਫ਼ੌਜ ਵਾਲੇ ਪਾਸੇ ਹੋਣ ਕਰ ਕੇ ਵੀ ਫ਼ੌਜ ਦਾ ਬਹੁਤ ਨੁਕਸਾਨ ਹੋ ਰਿਹਾ ਸੀ। ਇਸ ਵੇਲੇ ਬਰਗੇਡੀਅਰ ਏ.ਕੇ. ਦੀਵਾਨ (ਚਿੱਕੀ) ਸਿੱਖ ਰੈਫ਼ਰੈਂਸ ਲਾਇਬਰੇਰੀ ਕੋਲ ਆ ਗਿਆ। ਬਰਾੜ ਨੇ 26 ਮਦਰਾਸ, 15 ਕਮਾਊਂ ਤੇ 9 ਗੜ੍ਹਵਾਲ ਨੂੰ ਦੀਵਾਨ ਦੀ ਕਮਾਨ ਹੇਠ ਕਰ ਦਿੱਤਾ। ਉਨ੍ਹਾਂ ਨੂੰ ਹਦਾਇਤ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਹੀ ਨਿਸ਼ਾਨਾ ਰੱਖਣ। ਤੜਕੇ ਢਾਈ ਵਜੇ ਤਕ ਦੀਵਾਨ ਨੇ ਗੜ੍ਹਵਾਲ ਤੇ ਕਮਾਊਂ ਦੀ ਕਮਾਨ ਸੰਭਾਲ ਕੇ ਐਕਸ਼ਨ ਸ਼ੁਰੂ ਕਰ ਦਿੱਤਾ ਸੀ। ਉਸ ਵਲੋਂ ਸਖ਼ਤ ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਪਰ ਇਸ ਦੇ ਬਾਵਜੂਦ ਭਾਰਤੀ ਫ਼ੌਜ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵੱਲ ਇਕ ਸੈਂਟੀਮੀਟਰ ਵੀ ਨਹੀਂ ਸੀ ਵੱਧ ਸਕੀ। ਇਸ ਹਾਲਤ ਵਿਚ ਦੀਵਾਨ ਤੇ ਬਰਾੜ ਨੇ ਟੈਂਕਾਂ ਨਾਲ ਹਮਲਾ ਕਰਨ ਦੀ ਪਲਾਨ ਬਣਾਈ। ਪਰ ਉਹ ਸੁੰਦਰਜੀ ਨਾਲ ਰਾਬਤਾ ਨਾ ਬਣਾ ਸਕੇ। ਅਖ਼ੀਰ ਜਦੋਂ ਬਰਾੜ ਦਾ ਸੁੰਦਰਜੀ ਨਾਲ ਰਾਬਤਾ ਹੋਇਆ, ਉਸ ਨੇ ਇੰਦਰਾ ਗਾਂਧੀ ਤੋਂ ਹੁਕਮ ਲੈ ਕੇ ਪਰਕਰਮਾ ਵਿਚ ਟੈਂਕ ਭੇਜਣ ਦੀ ਇਜਾਜ਼ਤ ਦੇ ਦਿੱਤੀ।

1990: ਹਰਚਰਨ ਸਿੰਘ ਪਟਿਆਲਾ, ਜਸਵੰਤ ਸਿੰਘ ਸਭਰਾ, ਗੁਰਭੇਗ ਸਿੰਘ ਭੋਮਾ ਕਲਾ, ਕਸ਼ਮੀਰ ਸਿੰਘ ਮੁੱਠੀਆਂਵਾਲਾ, ਅਮਜਰੀਤ ਸਿੰਘ ਭੌਵਾਲ, ਸੁਖਮੰਦਰ ਸਿੰਘ ਸੱਤੋਵਾਲ, ਲਾਲ ਸਿੰਘ ਸਰਪੰਚ ਅਤੇ ਭਜਨ ਸਿੰਘ ਬਸਤੀ ਚਮਿਆਰਾ ਵਾਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਹਰਚਰਨ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਅਜ਼ਾਦ ਨਗਰ, ਪਟਿਆਲਾ), ਜਸਵੰਤ ਸਿੰਘ ਬਬਰ ਉਰਫ਼ ਪਟਵਾਰੀ (ਵਾਸੀ ਸਭਰਾ, ਅੰਮ੍ਰਿਤਸਰ), ਗੁਰਭੇਗ ਸਿੰਘ ਬਬਰ (ਵਾਸੀ ਭੋਮਾ ਕਲਾ, ਬਠਿੰਡਾ), ਕਸ਼ਮੀਰ ਸਿੰਘ ਟਿੱਡੂ

(ਵਾਸੀ ਮੁੱਠੀਆਂਵਾਲਾ, ਫ਼ੀਰੋਜ਼ਪੁਰ), ਅਮਰਜੀਤ ਸਿੰਘ ਉਰਫ਼ ਡਾਕਟਰ (ਵਾਸੀ ਭੈਂਵਾਲ, ਅੰਮ੍ਰਿਤਸਰ), ਸੁਖਮੰਦਰ ਸਿੰਘ (ਵਾਸੀ ਸੱਤੋਵਾਲ, ਫ਼ੀਰੋਜ਼ਪੁਰ), ਲਾਲ ਸਿੰਘ ਸਰਪੰਚ ਅਤੇ ਉਸ ਦਾ ਭਰਾ ਭਜਨ ਸਿੰਘ (ਦੋਵੇਂ ਵਾਸੀ ਬਸਤੀ ਚਮਿਆਰਾ ਵਾਲੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁੱਚਾ ਸਿੰਘ ਪਬਰਾਲੀ ਕਲਾਂ, ਅਰਜਨ ਸਿੰਘ ਪਰਾਚਾ ਤੇ ਗੁਰਬੋਧ ਸਿੰਘ ਭਾਮੇ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਸੁੱਚਾ ਸਿੰਘ (ਪੁੱਤਰ ਤੇਜਾ ਸਿੰਘ, ਵਾਸੀ ਪਬਰਾਲੀ ਕਲਾਂ, ਨੇੜੇ ਪਰਾਚਾ, ਜ਼ਿਲ੍ਹਾ ਗੁਰਦਾਸਪੁਰ), ਅਰਜਨ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਪਰਾਚਾ) ਤੇ ਗੁਰਬੋਧ ਸਿੰਘ (ਪੁੱਤਰ ਬਚਨ ਸਿੰਘ, ਵਾਸੀ ਭਾਮੇ ਕਲਾਂ, ਮਾਨਸਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਮੰਨਾ ਟਾਂਡਾ, ਜਗਤਾਰ ਸਿੰਘ, ਸਰਵਣ ਸਿੰਘ ਮਾਖੀ, ਸਤਨਾਮ ਸਿੰਘ ਕੈਰੋਂ, ਗੁਰਦੀਪ ਸਿੰਘ ਚੀਤਾ ਕਲਾਂ, ਨਿਰਮਲ ਸਿੰਘ ਪੰਡੋਰੀ, ਜਗਤਾਰ ਸਿੰਘ ਕੈਰੋਂ, ਜਤਿੰਦਰਪਾਲ ਸਿੰਘ ਸ਼ੀਤਾ ਪੰਡੋਰੀ, ਜਗਤਾਰ ਸਿੰਘ ਕੈਰੋਂ, ਸਰਵਨ ਸਿੰਘ ਮਾਖੀ, ਹਰਦੀਪ ਸਿੰਘ ਬਾਠ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

5 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ ਮੰਨਾ (ਪੁੱਤਰ ਸਰਦੂਲ ਸਿੰਘ, ਵਾਸੀ ਟਾਂਡਾ), ਜਗਤਾਰ ਸਿੰਘ, ਸਤਨਾਮ ਸਿੰਘ (ਪੁਤਰ ਜਰਨੈਲ ਸਿੰਘ, ਵਾਸੀ ਕੈਰੋਂ) , ਗੁਰਦੀਪ ਸਿੰਘ ਉਰਫ਼ ਰਣਜੀਤ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਚੀਤਾ ਕਲਾਂ), ਨਿਰਮਲ ਸਿੰਘ (ਪੁੱਤਰ ਬਿਸ਼ਨ ਸਿੰਘ, ਵਾਸੀ ਪੰਡੋਰੀ), ਜਗਤਾਰ ਸਿੰਘ ਸ਼ੀਤਾ (ਪੁੱਤਰ ਦਲੀਪ ਸਿੰਘ, ਵਾਸੀ ਕੈਰੋਂ), ਜਤਿੰਦਰਪਾਲ ਸਿੰਘ ਸ਼ੀਤਾ (ਪੁੱਤਰ ਅਮਰੀਕ ਸਿੰਘ, ਵਾਸੀ ਪੰਡੋਰੀ), ਜਗਤਾਰ ਸਿੰਘ ਕੈਰੋਂ, ਸਰਵਨ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਮਾਖੀ), ਹਰਦੀਪ ਸਿੰਘ (ਪੁਤਰ ਸੱਜਣ ਸਿੰਘ, ਵਾਸੀ ਬਾਠ) ਤੇ 7 ਹੋਰ ਸਿੱਖ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

6 ਜੂਨ

1663: ਭਾਈ ਮੁਹਕਮ ਸਿੰਘ ਦਾ ਜਨਮ ਹੋਇਆ

ਗੁਰੂ ਸਾਹਿਬ ਵੱਲੋਂ ਪੰਜ ਸਿਰਾਂ ਦੀ ਮੰਗ ਕਰਨ 'ਤੇ ਜਿਨ੍ਹਾਂ ਪੰਜ ਸਿੰਘਾਂ ਨੇ ਸਿਰ ਪੇਸ਼ ਕੀਤੇ ਸਨ, ਉਨ੍ਹਾਂ ਵਿਚ ਇਕ ਭਾਈ ਮੁਹਕਮ ਸਿੰਘ ਵੀ ਸਨ। ਆਪ ਦਾ ਜਨਮ 6 ਜੂਨ 1663 ਦੇ ਦਿਨ ਭਾਈ ਤੀਰਥ ਚੰਦ ਟਾਂਕ ਖਤਰੀ ਦੇ ਘਰ ਦੁਆਰਕਾ ਨਗਰ (ਗੁਜਰਾਤ ਸੂਬਾ) ਵਿਚ ਹੋਇਆ ਸੀ। ਭਾਈ ਮੁਹਕਮ ਸਿੰਘ 7 ਦਸੰਬਰ 1705 ਦੇ ਦਿਨ ਚਮਕੌਰ ਵਿਚ ਸ਼ਹੀਦ ਹੋਏ ਸਨ।

1923: ਬਬਰ ਅਕਾਲੀਆਂ ਨੇ ਮੁਖ਼ਬਰ ਮੁਹੰਮਦ ਅਤਾ ਮਾਰਿਆ

6 ਜੂਨ 1923 ਦੇ ਦਿਨ ਬਬਰ ਅਕਾਲੀਆਂ ਨੇ ਨੰਦਾ ਚੌਰ ਦੇ ਪੁਲਸ ਮੁਖ਼ਬਰ ਮੁਹੰਮਦ ਅਤਾ ਨੂੰ ਕਤਲ ਕੀਤਾ; ਇਸ ਐਕਸ਼ਨ ਵਿਚ ਬੰਤਾ ਸਿੰਘ, ਦਲੀਪ ਸਿੰਘ ਧਾਮੀਆ, ਧੰਨਾ ਸਿੰਘ ਕੋਟਲੀ ਸ਼ਾਮਿਲ ਸਨ।

1984: ਜਨਰਲ ਸੁਬੇਗ ਸਿੰਘ, ਬਾਬਾ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਤੇ ਹੋਰ ਸਿੱਖ ਸ਼ਹੀਦ ਹੋ ਗਏ

ਭਾਰਤੀ ਫ਼ੌਜ ਦਾ ਹਮਲਾ 4 ਜੂਨ ਨੂੰ ਸਵੇਰੇ 4.40 'ਤੇ ਸ਼ੁਰੂ ਹੋਇਆ ਸੀ; ਦੋ ਦਿਨ ਵਿਚ ਉਹ ਸਿਰਫ਼ ਤੇਜਾ ਸਿੰਘ ਸਮੁੰਦਰੀ ਹਾਲ, ਸਰਾਵਾਂ ਅਤੇ ਲੰਗਰ 'ਤੇ ਹੀ ਕਾਬਜ਼ ਹੋ ਸਕੀ ਸੀ ਪਰ ਜਦ ਫ਼ੌਜ ਨੇ ਟੈਂਕ ਲਿਆਂਦੇ ਤਾਂ ਪਰਕਰਮਾ ਦਾ ਕਾਫ਼ੀ ਹਿੱਸਾ ਇਸ ਦੇ ਕਬਜ਼ੇ ਵਿਚ ਆ ਚੁਕਾ ਸੀ। ਇਨ੍ਹਾਂ ਸਾਰੀਆਂ ਥਾਵਾਂ 'ਤੇ ਕਬਜ਼ਾ ਕਰਨ ਮਗਰੋਂ ਭਾਰਤੀ ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚੋਂ ਸਾਰਾ ਸਮਾਨ ਚੁੱਕ ਲਿਆ ਅਤੇ ਇਸ ਨੂੰ ਦੋ ਸੌ ਤੋਂ ਵੱਧ ਬੋਰੀਆਂ, ਬਕਸਿਆਂ ਅਤੇ ਪੇਟੀਆਂ ਵਿਚ ਪਾ ਲਿਆ ਅਤੇ ਮਗਰੋਂ ਲਾਇਬਰੇਰੀ ਦੀਆਂ ਅਲਮਾਰੀਆਂ ਵਗ਼ੈਰਾ ਨੂੰ ਅੱਗ ਲਾ ਦਿੱਤੀ। ਇਵੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੇ ਰਿਕਾਰਡ ਵੀ ਫ਼ੌਜ ਚੁੱਕ ਕੇ ਲੈ ਗਈ ਤੇ ਇਨ੍ਹਾਂ ਇਮਾਰਤਾਂ ਨੂੰ ਵੀ ਅੱਗ ਲਾ ਦਿੱਤੀ ਗਈ।। ਇਸ ਸਾਰਾ ਸਮਾਂ ਜੁਝਾਰੂ ਅਕਾਲ ਤਖ਼ਤ ਦੇ ਤਹਿਖ਼ਾਨੇ ਵਿਚੋਂ ਫ਼ੌਜ ਨਾਲ ਦੋ-ਦੋ ਹੱਥ ਕਰ ਰਹੇ ਸਨ; ਫ਼ੌਜ ਸਾ ਬਹੁਤ ਨੁਕਸਾਨ ਹੋ ਚੁਕਾ ਲਗਾਤਾਰ ਸੀ। ਜਰਨੈਲ ਭਾਈ ਸੁਬੇਗ ਸਿੰਘ, ਜੋ ਇਸ ਜੰਗ ਦੇ ਅਸਲ ਹੀਰੋ ਸਨ, ਉਹ ਪਹਿਲਾਂ ਹੀ ਸ਼ਹੀਦ ਹੋ ਚੁਕੇ ਸਨ। 6 ਜੂਨ ਦੀ ਸਵੇਰ ਤਕ ਜੁਝਾਰੂਆਂ ਦਾ ਅਸਲਾ ਤਕਰੀਬਨ ਖ਼ਤਮ ਹੋ ਚੁਕਾ ਸੀ; ਹੁਣ ਬਾਬਾ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਨੇ ਸ਼ਹੀਦੀ ਦੇਣ ਦੀ ਅਰਦਾਸ ਕਰ ਲਈ ਅਤੇ ਤਖ਼ਤ ਸਾਹਿਬ ਦੇ ਤਹਿਖ਼ਾਨੇ ਵਿਚੋਂ ਬਾਹਰ ਆ ਕੇ ਫ਼ੌਜ 'ਤੇ ਗੋਲੀਆਂ ਚਲਾਉਣ ਲਗ ਪਏ; ਕੁਝ ਹੀ ਮਿੰਟਾਂ ਵਿਚ ਦੋਵੇਂ ਸ਼ਹੀਦ ਹੋ ਗਏ; ਇਸ ਸਮੇਂ ਕੁਝ ਜੁਝਾਰੂ ਅਕਾਲ ਤਖ਼ਤ ਦੇ ਬੁੰਗੇ ਦਾ ਨਾਲ ਲਗਦੀਆਂ ਈਮਾਰਤਾਂ ਵਿਚੋਂ ਕੰਧਾਂ ਟੱਪ ਕੇ ਨਕਲਣ ਵਿਚ ਕਾਮਯਾਬ ਵੀ ਹੋ ਗਏ। ਇਸ ਹਮਲੇ ਦੌਰਾਨ ਭਾਰਤੀ ਫ਼ੌਜਾਂ ਨੇ ਦਰਬਾਰ ਸਾਹਿਬ 'ਤੇ ਵੀ ਬਹੁਤ ਸਾਰੀਆਂ ਗੋਲੀਆਂ ਚਲਾਈਆਂ। ਇੱਥੇ ਤਕਰੀਬਨ 350 ਨਿਸ਼ਾਨ ਵੇਖੇ ਗਏ ਸਨ। ਭਾਰਤੀ ਫ਼ੌਜ ਦੀਆਂ ਦੋ ਪਾਸਿਆਂ ਤੋਂ ਆਈਆਂ ਦੋ ਗੋਲੀਆਂ ਨਾਲ ਕੀਰਤਨ ਕਰ ਰਹੇ ਇਕ ਭਾਈ ਅਵਤਾਰ ਸਿੰਘ ਪ੍ਰੂਰੋਵਾਲ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਮਗਰੋਂ ਸ਼ਹੀਦ ਹੋਏ ਸਨ ਅਤੇ ਇਕ ਗੋਲੀ ਸੰਨ 1830 ਦੇ ਗੁਰੂ ਗ੍ਰੰਥ ਸਾਹਿਬ ਦੇ ਉਸ ਸਰੂਪ ਨੂੰ ਵੀ ਲਗੀ ਸੀ, ਜਿਸ ਦਾ ਕਿ ਦਰਬਾਰ ਸਾਹਿਬ ਵਿਚ ਉਸ ਵੇਲੇ (4 ਜੂਨ ਦੀ ਸਵੇਰ ਨੂੰ) ਪ੍ਰਕਾਸ਼ ਕੀਤਾ ਹੋਇਆ ਸੀ। ਇਸ ਥਾਂ 'ਤੇ ਗਿ: ਪੂਰਨ ਸਿੰਘ, ਇਕ ਸੂਰਮਾ ਸਿੰਘ ਤੇ (ਸ਼ਹੀਦ ਹੋਏ) ਭਾਈ ਅਵਤਾਰ ਸਿੰਘ ਹੀ ਹਾਜ਼ਿਰ ਸਨ। ਇਸੇ ਦਿਨ ਫ਼ੌਜ ਨੇ ਦਰਬਾਰ ਸਾਹਿਬ ਦੀ ਤਲਾਸ਼ੀ ਵੀ ਲਈ ਸੀ। ਫ਼ੌਜ ਨੂੰ ਦਰਬਾਰ ਸਾਹਿਬ ਦੇ ਅੰਦਰੋਂ ਇਕ ਵੀ ਖਾੜਕੂ ਜਾਂ ਮਾੜਾ-ਮੋਟਾ ਵੀ ਅਸਲਾ ਨਹੀਂ ਸੀ ਲੱਭਿਆ।

1984: ਹਜ਼ਾਰਾਂ ਸਿੱਖ ਫ਼ੌਜੀਆਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਬਗ਼ਾਵਤ ਕਰ ਕੇ ਬੈਰਕਾਂ ਛੱਡੀਆਂ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਹ ਜ਼ਾਹਰ ਕਰਨ ਵਾਸਤੇ ਹਜ਼ਾਰਾਂ ਸਿੱਖ ਫ਼ੌਜੀਆਂ ਨੇ ਬਗ਼ਾਵਤ ਕਰ ਕੇ ਬੈਰਕਾਂ ਛੱਡੀਆਂ। 6 ਜੂਨ ਤੋਂ 10 ਜੂਨ ਵਿਚਕਾਰ ਰਾਮਗੜ੍ਹ ਬਿਹਾਰ ਵਿਚ ਸਿੱਖ ਰਜਮੈਂਟ, ਗੰਗਾਨਗਰ ਵਿਚ 9 ਸਿੱਖ, ਜੰਮੂ ਵਿਚ ਸਿੱਖ ਰਜਮੈਂਟ, ਅਲਵਰ ਵਿੱਚ ਤੋਪਖਾਨਾ ਰਜਮੈਂਟ, ਪੂਨਾ ਵਿਚ ਪੰਜਾਬ ਰਜਮੈਂਟ, ਕਲਕੱਤਾ ਵਿਚ ਸਿੱਖ ਰਜਮੈਂਟ ਅਤੇ ਨਾਗਾਲੈਂਡ ਵਿਚ ਸਿੱਖ ਰਜਮੈਂਟ ਦੇ ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਸਿੱਖ ਫ਼ੌਜੀਆਂ ਵਿਚੋਂ ਬਹੁਤ ਸਾਰੇ ਸ਼ਹੀਦ ਹੋ ਗਏ ਅਤੇ ਬਾਕੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕੱਦਮੇ ਚਲਾ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

1987: ਰਬੈਰੋ ਨੇ ਦਰਬਾਰ ਸਾਹਿਬ ਸੀਲ ਕੀਤਾ

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਗੁਰਜੀਤ ਸਿੰਘ (ਹਰੀਹਰ ਝੋਕ) ਨੇ ਐਲਾਨ ਕੀਤਾ ਸੀ ਕਿ 6 ਜੂਨ 1987 ਦੇ ਦਿਨ ਦਰਬਾਰ ਸਾਹਿਬ 'ਚ ਘੱਲੂਘਾਰਾ ਦਿਨ ਮਨਾਇਆ ਜਾਏਗਾ। ਪੰਜਾਬ ਪੁਲਸ ਦੇ ਚੀਫ਼ ਜੂਲੀਆ ਰਬੈਰੋ ਨੇ ਇਸ ਦਿਨ ਅੰਮ੍ਰਿਤਸਰ ਸਾਹਿਬ ਵਿਚ ਕਰਫ਼ਿਊ ਲਾ ਦਿੱਤਾ ਤੇ ਇਕ ਵੀ ਸਿੱਖ ਨੂੰ (ਰਾਗੀ, ਸੇਵਾਦਾਰ, ਮੁਲਾਜ਼ਮ ਵੀ ਨਹੀਂ) ਦਰਬਾਰ ਸਾਹਿਬ ਨਾ ਜਾਣ ਦਿੱਤਾ।

1988: ਹਰਭਜਨ ਸਿੰਘ ਰਸੂਲਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

6 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਹਰਭਜਨ ਸਿੰਘ ਉਰਫ਼ ਮਨਜੀਤ ਸਿੰਘ (ਵਾਸੀ ਰਸੂਲਪੁਰ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ

1990: ਵੀ.ਪੀ. ਸਿੰਹ ਸਰਕਾਰ ਨੇ ਦਰਬਾਰ ਸਾਹਿਬ ਸੀਲ ਕਰਨ ਦੇ ਹੁਕਮ ਜਾਰੀ ਕੀਤੇ

ਖਾੜਕੂਆਂ ਅਤੇ ਮਾਨ ਅਕਾਲੀ ਦਲ ਨੇ 6 ਜੂਨ 1990 ਨੂੰ 'ਘੱਲੂਘਾਰਾ ਦਿਨ' ਮਨਾਉਣ ਦਾ ਐਲਾਨ ਕੀਤਾ। ਪਰ 6 ਜੂਨ 1990 ਦੇ ਦਿਨ ਦਰਬਾਰ ਸਾਹਿਬ ਨੂੰ ਇਕ ਵਾਰ ਫੇਰ ਸੀਲ ਕਰ ਦਿੱਤਾ ਗਿਆ ਤਾਂ ਜੋ ਉੱਥੇ ਘੱਲੂਘਾਰਾ ਦਿਨ ਨਾ ਮਨਾਇਆ ਜਾ ਸਕੇ। ਇਸ ਵੇਲੇ ਦਿੱਲੀ ਵਿਚ ਕਾਂਗਰਸ ਪਾਰਟੀ ਦੀ ਨਹੀਂ ਬਲਕਿ ਜਨਤਾ ਪਾਰਟੀ ਦੇ ਵੀ.ਪੀ. ਸਿੰਹ ਦੀ ਸਰਕਾਰ ਸੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਕਾਂਗਰਸ ਹੋਵੇ ਜਾਂ ਜਨਤਾ ਪਾਰਟੀ ਸਿੱਖਾਂ ਵਾਸਤੇ ਉਨ੍ਹਾਂ ਦਾ ਇਕੋ-ਜਿਹਾ ਹੀ ਸਲੂਕ ਹੈ।

1991: ਕਸ਼ਮੀਰ ਸਿੰਘ ਦੂਲੇ, ਬਲਵਿੰਦਰ ਸਿੰਘ ਲੋਹਕਾ, ਹਰਬੰਸ ਸਿੰਘ ਪਰਿੰਗੜ ਤੇ ਪਲਵਿੰਦਰ ਸਿੰਘ ਖਤਰਾਏ ਕਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

6 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਕਸ਼ਮੀਰ ਸਿੰਘ ਦੂਲੇ, ਬਲਵਿੰਦਰ ਸਿੰਘ ਲੋਹਕਾ, ਹਰਬੰਸ ਸਿੰਘ ਪਰਿੰਗੜ ਤੇ ਪਲਵਿੰਦਰ ਸਿੰਘ ਖਤਰਾਏ ਕਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਲਖਵਿੰਦਰ ਸਿੰਘ ਲੱਖਾ, ਸੁਖਦੇਵ ਸਿੰਘ ਹੁਸ਼ਿਆਰਪੁਰ, ਸ਼ਿੰਗਾਰਾ ਸਿੰਘ ਲਹਿਰਾ ਬੇਗਾ, ਰਣਜੀਤ ਸਿੰਘ ਭੀਤੇ ਕਲਾਂ, ਨਿਰਮਲ ਸਿੰਘ ਨਿੰਮਾ ਪੰਡੋਰੀ ਮਹਿਮਾ, ਸੀਟਾ ਉਰਫ਼ ਝੱਖੜ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ

6 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਲਖਵਿੰਦਰ ਸਿੰਘ ਉਰਫ਼ ਲੱਖਾ (ਕਪੂਰਥਲਾ), ਸੁਖਦੇਵ ਸਿੰਘ (ਹੁਸ਼ਿਆਰਪੁਰ), ਸ਼ਿੰਗਾਰਾ ਸਿੰਘ (ਲਹਿਰਾ ਬੇਗਾ), ਰਣਜੀਤ ਸਿੰਘ ਉਰਫ਼ ਗੁਰਦੀਪ ਸਿੰਘ ਭੀਤੇ ਕਲਾਂ, ਨਿਰਮਲ ਸਿੰਘ ਨਿੰਮਾ (ਪੰਡੋਰੀ ਮੋਹਮਾ), ਸੀਟਾ ਉਰਫ਼ ਝੱਖੜ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2001: ਸਤਾਰਾਂ ਸਾਲ ਝੂਠ ਬੋਲਣ ਮਗਰੋਂ ਭਿੰਡਰਾਂ-ਮਹਿਤਾ ਜਥਾ ਦੇ ਬਹੁਤੇ ਆਗੂਆਂ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹੀਦੀ ਮੰਨ ਲਈ

ਜਥਾ ਭਿੰਡਰਾਂ-ਮਹਿਤਾ (ਜੋ ਆਪਣੇ ਆਪ ਨੂੰ 1977 ਤੋਂ ਦਮਦਮੀ ਟਕਸਾਲ ਕਹਿਣ ਲਗ ਪਿਆ ਹੈ) 1984 ਤੋਂ ਲਗਾਤਾਰ ਇਹੀ ਕਹਿੰਦਾ ਰਿਹਾ ਹੈ ਕਿ ਬਾਬਾ ਜਰਨੈਲ ਸਿੰਘ 6 ਜੂਨ 1984 ਦੇ ਦਿਨ ਸ਼ਹੀਦ ਨਹੀਂ ਹੋਏ ਸਨ ਅਤੇ ਖ਼ੁਫ਼ੀਆ ਰਸਤੇ ਰਾਹੀਂ ਦਰਬਾਰ ਸਾਹਿਬ

ਵਿਚੋਂ ਨਿਕਲ ਕੇ ਚਲੇ ਗਏ ਸਨ। ਇਸ ਡੇਰੇ ਦੇ ਮੁਖੀ ਠਾਕਰ ਸਿੰਘ ਨੇ ਇਹ ਗੱਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਈ ਵਾਰ ਕਹੀ ਕਿ ਬਾਬਾ ਜਰਨੈਲ ਸਿੰਘ ਠੀਕ ਠਾਕ ਹਨ ਅਤੇ ਉਨ੍ਹਾਂ ਨਾਲ ਉਸ (ਠਾਕਰ ਸਿੰਘ) ਦਾ ਰਾਬਤਾ ਲਗਾਤਾਰ ਕਾਇਮ ਹੈ; ਉਸ ਨੇ ਅਤੇ ਇਸ ਡੇਰੇ ਦੇ ਬਾਕੀ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਝੂਠ ਲਗਾਤਾਰ 21 ਸਾਲ ਬੋਲਿਆ; ਅਖ਼ੀਰ ਇਨ੍ਹਾਂ ਵਿਚੋਂ ਬਹੁਤਿਆਂ ਨੇ, ਸਣੇ ਬਾਬਾ ਜਰਨੈਲ ਸਿੰਘ ਦੇ ਪਰਵਾਰ ਨੇ, 6 ਜੂਨ 2001 ਦੇ ਦਿਨ ਬਾਬਾ ਜਰਨੈਲ ਸਿੰਘ ਦੀ ਸ਼ਹੀਦੀ ਮੰਨ ਲਈ।

7 ਜੂਨ

1943: ਅਕਾਲੀ ਦਲ ਨੇ 'ਅਜ਼ਾਦ ਪੰਜਾਬ' ਦੀ ਕਾਇਮੀ ਦਾ ਮਤਾ ਪਾਸ ਕੀਤਾ

23 ਮਾਰਚ 1940 ਦੇ ਦਿਨ ਮੁਸਲਿਮ ਲੀਗ ਦਾ ਇਜਲਾਸ ਲਾਹੌਰ ਵਿਚ ਹੋਇਆ ਜਿਸ ਵਿਚ 'ਮੁਸਲਿਮ ਮੁਲਕ' (ਪਾਕਿਸਤਾਨ) ਦੀ ਕਾਇਮੀ ਦੀ ਮੰਗ ਕੀਤੀ ਗਈ ਸੀ। ਜਿਨਾਹ ਮੁਤਾਬਿਕ 'ਦਿਲ ਵਿਚ ਬਦੀ ਰੱਖਣ ਵਾਲੇ ਗਾਂਧੀ ਦੀ ਕੌਮ ਤੋਂ ਮੁਸਲਮਾਨ ਬਚ ਨਹੀਂ ਸਕਦੇ, ਇਸ ਕਰ ਕੇ ਅਜਿਹਾ ਜ਼ਰੂਰੀ ਹੋ ਗਿਆ ਹੈ ਕਿ ਮੁਸਲਮਾਨ ਆਪਣਾ ਮੁਲਕ ਕਾਇਮ ਕਰਨ।'

ਮੁਸਲਮਾਨਾਂ ਦੀ ਇਸ ਮੰਗ ਦਾ ਮਤਲਬ ਇਹ ਵੀ ਸੀ ਕਿ ਸਾਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਬਣਦਾ ਸੀ। ਇਸ ਨੇ ਸਿੱਖਾਂ ਨੂੰ ਆਜ਼ਾਦ ਪੰਜਾਬ ਦੀ ਮੰਗ ਵੱਲ ਟੋਰਿਆ। ਇਸ ਸਕੀਮ ਅਨੁਸਾਰ ਪੰਜਾਬ ਦੀ ਨਵੇਂ ਸਿਰਿਓਂ ਹਦਬੰਦੀ ਕਰ ਕੇ ਅਜਿਹੇ ਢੰਗ ਨਾਲ ਨਵਾਂ ਸੂਬਾ ਕਾਇਮ ਕਰਨਾ ਸੀ ਕਿ ਜਿਸ ਵਿਚ ਕਿਸੇ ਵੀ ਫ਼ਿਰਕੇ ਜਾਂ ਧਰਮ ਦੀ ਅਕਸਰੀਅਤ ਨਾ ਰਹੇ। 24 ਜੁਲਾਈ 1942 ਨੂੰ ਆਲ ਇੰਡੀਆ ਅਕਾਲੀ ਕਾਨਫ਼ਰੰਸ ਵਹਿਲਾ ਕਲਾਂ (ਲਾਇਲਪੁਰ) ਨੇ ਵੀ ਪੰਜਾਬ ਦੀ ਨਵੇਂ ਸਿਰਿਓਂ ਵੰਡ ਦੀ ਮੰਗ ਕੀਤੀ। ਇਸ ਦਾ ਮਕਸਦ ਇਹ ਸੀ ਪਾਸਕੂ ਸਿੱਖਾਂ ਦੇ ਹੱਥ ਵਿਚ ਰਹੇ ਅਤੇ ਹਿੰਦੂ ਜਾਂ ਮੁਸਲਮ ਇਕੱਲੇ ਸਰਕਾਰ ਨਾ ਬਣਾ ਸਕਣ। ਆਜ਼ਾਦ ਪੰਜਾਬ ਦੀ ਮੁਸਲਮਾਨਾਂ ਨੇ ਤਾਂ ਮੁਖ਼ਾਲਫ਼ਤ ਕਰਨੀ ਹੀ ਸੀ, ਹਿੰਦੂਆਂ ਨੇ ਵੀ ਸਿੱਖਾਂ ਦੇ ਹੱਥ ਵਿਚ ਪਾਸਕੂ ਆਉਂਦਾ ਵੇਖ ਕੇ ਵਿਰੋਧ ਕੀਤਾ। ਮਾਸਟਰ ਤਾਰਾ ਸਿੰਘ ਨੇ ਤਾਂ ਏਥੋਂ ਤਕ ਪੇਸ਼ਕਸ਼ ਕੀਤੀ ਕਿ ਜੇ ਹਿੰਦੂ ਇਸ ਸਕੀਮ ਵਿਚ ਆਪਣੀ ਕੌਮ ਨੂੰ ਕੋਈ ਨੁਕਸਾਨ ਹੁੰਦਾ ਸਾਬਿਤ ਕਰ ਦੇਣ ਤਾਂ ਮੈਂ ਇਹ ਮੰਗ ਛਡ ਦੇਵਾਂਗਾ। ਮਾਸਟਰ ਤਾਰਾ ਸਿੰਘ ਦੇ ਨਿਜੀ-ਮੁਖ਼ਾਲਿਫ਼, ਕੁਝ ਸਿੱਖ ਆਗੂ, ਵੀ ਮੁਸਲਮਾਨਾਂ ਤੇ ਹਿੰਦੂਆਂ ਦੇ ਨਾਲ ਮਿਲ ਗਏ। ਪਰ ਏਨਾ ਹੋਣ ਦੇ ਬਾਵਜੂਦ ਸਿੱਖ ਨੈਸ਼ਨਲ ਕਾਲਜ ਲਾਹੌਰ ਨੇ ਦਸੰਬਰ 1943 ਵਿਚ ਆਜ਼ਾਦ ਪੰਜਾਬ ਦੀ ਸਕੀਮ ਦੇ ਹੱਕ ਵਿਚ ਆਪਣਾ 'ਮੈਨੀਫ਼ੈਸਟੋ' ਜਾਰੀ ਕੀਤਾ। ਇਸ ਮੈਨੀਫ਼ੈਸਟੋ ਵਿਚ ਪੰਜਾਬ ਦੀ ਨਵੇਂ ਸਿਰਿਓਂ ਹਦਬੰਦੀ ਦੀ ਮੰਗ ਕੀਤੀ ਗਈ ਸੀ ਤੇ ਇਸ ਹਦਬੰਦੀ ਮੁਤਾਬਿਕ ਪੰਜਾਬ ਦੀ ਅਜਿਹੀ ਵੰਡ ਮੰਗੀ ਗਈ ਸੀ ਕਿ ਜਿਸ ਵਿਚ ਕਿਸੇ ਇਕ ਫ਼ਿਰਕੇ ਦੇ ਹੱਥ ਵਿਚ ਤਾਕਤ ਨਾ ਰਹੇ। ਇਕ ਕਾਲਜ ਵਲੋਂ ਅਜਿਹੇ ਮੈਨੀਫ਼ੈਸਟੋ ਜਾਰੀ ਕਰਨ ਦਾ ਭਾਵੇਂ ਕੋਈ ਤੁਕ ਨਹੀਂ ਸੀ ਪਰ ਇਸ ਨਾਲ ਇਕ ਤਾਲੀਮੀ ਅਦਾਰੇ ਵਲੋਂ ਅਜ਼ਾਦ ਪੰਜਾਬ ਦੀ ਮੰਗ ਦੀ ਹਿਮਾਇਤ ਜ਼ਰੂਰ ਮਿਲ ਗਈ ਸੀ। ਦੂਜੇ ਪਾਸੇ ਕਈ ਸਿੱਖਾਂ ਨੇ ਵੀ 'ਆਜ਼ਾਦ ਪੰਜਾਬ' ਦੀ ਮੰਗ ਦੀ ਮੁਖ਼ਾਲਫ਼ਤ ਕੀਤੀ। ਇਹ ਲੋਕ ਸਿਰਫ਼ ਰਾਵਲਪਿੰਡੀ ਅਤੇ ਮੁਲਤਾਨ ਦੇ ਇਲਾਕਿਆਂ ਦੇ ਸਿੱਖ ਸਨ। ਜਿਹਲਮ ਦੇ ਅਕਾਲੀ ਜਥੇ ਨੇ ਆਜ਼ਾਦ ਪੰਜਾਬ ਦੀ ਮੰਗ ਦੇ ਖ਼ਿਲਾਫ਼ ਮਤਾ ਵੀ ਪਾਸ ਕੀਤਾ। ਇਸ ਐਕਸ਼ਨ ਕਰ ਕੇ ਅਕਾਲੀ ਦਲ ਵਲੋਂ ਸਾਰੇ ਜਥੇ ਨੂੰ ਮੁਅੱਤਲ ਕਰਨਾ ਪਿਆ। ਰਾਵਲਪਿੰਡੀ ਵਿਚ ਆਜ਼ਾਦ ਪੰਜਾਬ ਦੇ ਖ਼ਿਲਾਫ਼ ਕੁਝ ਜਲਸੇ ਅਤੇ ਕਾਨਫ਼ਰੰਸਾਂ ਵੀ ਹੋਈਆਂ। ਇਹ ਮੁਖ਼ਾਲਫ਼ਤ ਉਸ ਇਲਾਕੇ ਵਿਚ ਹੀ ਹੋਈ ਜਿਹੜਾ 'ਆਜ਼ਾਦ ਪੰਜਾਬ' ਦੀ ਹੱਦਬੰਦੀ ਵਿਚ ਨਹੀਂ ਆਉਂਦਾ ਸੀ।

ਬਾਬਾ ਖੜਕ ਸਿੰਘ ਅਤੇ ਬਾਕੀ ਆਗੂ ਜੋ ਮਾਸਟਰ ਤਾਰਾ ਸਿੰਘ ਦੇ ਜ਼ਾਤੀ ਮੁਖ਼ਾਲਫ਼ ਸਨ, ਉਨ੍ਹਾਂ ਨੇ ਇਸ ਮੌਕੇ ਨੂੰ ਖ਼ੂਬ ਉਛਾਲਿਆ।

ਇਸ ਮੁਖ਼ਾਲਫ਼ਤ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ 7 ਜੂਨ 1943 ਦੇ ਦਿਨ ਆਜ਼ਾਦ ਪੰਜਾਬ ਦੀ ਕਾਇਮੀ ਵਾਸਤੇ ਮਤਾ ਪਾਸ ਕਰ ਦਿੱਤਾ

1984: ਰਾਮਗੜ੍ਹ ਵਿਚ ਸਿੱਖ ਰਜਮੈਂਟ ਦੀ ਬਗ਼ਾਵਤ; ਸਿੱਖ ਫ਼ੌਜੀਆਂ ਨੇ ਬਰਗੇਡੀਅਰ ਪੁਰੀ ਨੂੰ ਗੋਲੀ ਮਾਰੀ ਅਤੇ ਅੰਮ੍ਰਿਤਸਰ ਨੂੰ ਚਲ ਪਏ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਹ ਜ਼ਾਹਰ ਕਰਨ ਵਾਸਤੇ ਹਜ਼ਾਰਾਂ ਸਿੱਖ ਫ਼ੌਜੀਆਂ ਨੇ ਬਗ਼ਾਵਤ ਕਰ ਕੇ ਬੈਰਕਾਂ ਛੱਡੀਆਂ। ਸਭ ਤੋਂ ਵੱਡੀ ਬਗ਼ਾਵਤ ਰਾਮਗੜ੍ਹ (ਬਿਹਾਰ) ਵਿਚ ਹੋਈ ਜਿਥੇ 9 ਸਿੱਖ ਰਜਮੈਂਟ ਦੇ ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਸਿਪਾਹੀ ਗੁਰਨਾਮ ਸਿੰਘ ਨੇ ਬਰਗੇਡੀਅਰ ਪੁਰੀ ਨੂੰ ਗੋਲੀ ਮਾਰ ਕੇ ਖ਼ਤਮ ਕੀਤਾ ਤੇ 1461 ਸਿਪਾਹੀ ਅੰਮ੍ਰਿਤਸਰ ਨੂੰ ਚਲ ਪਏ।ਇਨ੍ਹਾਂ ਨੂੰ ਰਾਮਗੜ੍ਹ ਤੋਂ 190 ਮੀਲ ਦੂਰ ਸ਼ਕਤੇਸ਼ਗੜ੍ਹ ਰੇਲਵੇ ਸਟੇਸ਼ਨ 'ਤੇ ਘੇਰ ਲਿਆ ਗਿਆ। ਇਸ ਘੇਰੇ ਵਿਚੋਂ ਵੀ ਕੁਝ ਟਰੱਕ ਬਚ ਕੇ ਨਿਕਲ ਗਏ। ਇਨ੍ਹਾਂ ਨੂੰ 21 ਵੀਂ ਮਕੈਨਾਈਜ਼ਡ ਇਨਫ਼ੈਂਟਰੀ ਰਜਮੈਂਟ ਨੇ ਘੇਰ ਲਿਆ। ਬਾਕੀ ਔਂਧਿਆਂ ਨੂੰ ਕੁਝ ਦੂਰ ਜਾ ਕੇ 20ਵੀਂ ਇਨਫ਼ੈਂਟਰੀ ਨੇ ਘੇਰ ਲਿਆ। ਇਸ ਸਾਰੀ ਮੁਹਿੰਮ ਵਿਚ 25 ਫ਼ੌਜੀ ਮਾਰੇ ਗਏ ਅਤੇ ਬਾਕੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕੱਦਮੇ ਚਲਾ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।

1984: ਅੰਮ੍ਰਿਤਸਰ ਜਾਂਦੇ ਬਹੁਤ ਸਾਰੇ ਧਰਮੀ ਫ਼ੌਜੀ ਸਿੱਖ ਸ਼ਹੀਦ

4 ਜੂਨ 1984 ਦੇ ਦਿਨ ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਫ਼ੌਜੀ ਸਿੱਖਾਂ ਨੇ ਬਗ਼ਾਵਤ ਕਰ ਦਿੱਤੀ ਤੇ ਦਰਬਾਰ ਸਾਹਿਬ ਵੱਲ ਚੱਲ ਪਏ। ਭਾਰਤੀ ਫ਼ੌਜ ਨੇ ਇਨ੍ਹਾਂ ਸਿੱਖਾਂ 'ਤੇ ਗੋਲੀਆਂ ਚਲਾ ਕੇ ਬੇਅੰਤ ਸਿੱਖ ਸ਼ਹੀਦ ਕਰ ਦਿੱਤੇ। ਇਨ੍ਹਾਂ ਵਿਚੋਂ ਕੁਝ ਨਾਂ ਹੇਠ ਲਿਖੇ ਸਨ: 1. ਅਮਰੀਕ ਸਿੰਘ ਪੁੱਤਰ ਹਰਬੰਸ ਸਿੰਘ, ਵਾਸੀ ਬਹਾਦਰ, ਗੁਰਦਾਸਪੁਰ 2. ਜੋਗਿੰਦਰ ਸਿੰਘ ਪੁੱਤਰ ਸੂਰਤ ਸਿੰਘ, ਵਾਸੀ ਅਲੋੜੀ ਪਿੰਡੀ, ਗੁਰਦਾਸਪੁਰ 3. ਬਹਾਦੁਰ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਭੈਣੀ ਪਸਵਾਲ ਗੁਰਦਾਸਪੁਰ 4. ਨਸੀਬ ਸਿੰਘ ਹੌਲਦਾਰ ਪੁੱਤਰ ਕਾਕਾ ਸਿੰਘ, ਵਾਸੀ ਬਲਾਰੀ ਖੁਰਦ, ਪਟਿਆਲਾ 5. ਸੁਖਦੇਵ ਸਿੰਘ ਬੈਹਲਾ, ਗੁਰਦਾਸਪੁਰ 6. ਭੁਪਿੰਦਰ ਸਿੰਘ, ਵਾਸੀ ਮਕਸੂਦਪੁਰ, ਕਪੂਰਥਲਾ 7. ਤਰਸੇਮ ਸਿੰਘ ਪੁੱਤਰ ਕਾਬਲ ਸਿੰਘ, ਵਾਸੀ ਨੰਗਲ ਲੁਬਾਣਾ ਕਪੂਰਥਲਾ 8. ਸਾਧੂ ਸਿੰਘ ਨਾਇਕ ਪੁੱਤਰ ਬਚਨ , ਵਾਸੀ ਮਨਸੂਰਾ, ਲੁਧਿਆਣਾ 9. ਬਲਬੀਰ ਸਿੰਘ ਪੁੱਤਰ ਸਿੰਗਾਰਾ ਸਿੰਘ, ਵਾਸੀ ਸੁੱਖਾ ਰਾਜੂ ਗੁਰਦਾਸਪੁਰ 10. ਜਗੀਰ ਸਿੰਘ ਪੁੱਤਰ ਦਰਸ਼ਨ ਸਿੰਘ, ਵਾਸੀ ਕਾਲੂ ਸੋਹਲ, ਗੁਰਦਾਸਪੁਰ 11. ਲਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਰਾਏਪੁਰ ਪੀਰ ਬਖ਼ਸਵਾਲ, ਕਪੂਰਥਲਾ 12. ਸਤਨਾਮ ਸਿੰਘ ਪੁੱਤਰ ਨਰੈਣ ਸਿੰਘ, ਵਾਸੀ ਜੈਂਤਾ ਸਰਜਾ ਗੁਰਦਾਸਪੁਰ।

1984: ਦਰਬਾਰ ਸਾਹਿਬ 'ਤੇ ਹਮਲੇ ਦੀ ਖ਼ਬਰ ਮਿਲਦਿਆਂ ਹਜ਼ਾਰਾਂ ਸਿੱਖ ਅੰਮ੍ਰਿਤਸਰ ਵਲ ਦੌੜੇ; ਫ਼ੌਜ ਨੇ ਗੋਲੀਆਂ ਚਲਾ ਕੇ ਸੈਂਕੜੇ ਸਿੱਖ ਮਾਰੇ

ਜਦੋਂ ਪੰਜਾਬ ਭਰ ਵਿਚ ਸਿੱਖਾਂ ਨੂੰ ਖ਼ਬਰਾਂ ਮਿਲੀਆਂ ਕਿ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ ਤਾਂ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫ਼ੀਰੋਜ਼ਪੁਰ, ਕਪੂਰਥਲਾ ਤੇ ਕਈ ਹੋਰ ਜ਼ਿਲ੍ਹਿਆਂ ਵਿਚੋਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਮਾਲਵੇ,

ਦੁਆਬੇ ਤੇ ਮਾਝੇ ਵਲੋਂ ਸਿੱਖ ਅੰਮ੍ਰਿਤਸਰ ਵੱਲ ਚੱਲ ਪਏ। ਭਾਰਤੀ ਫ਼ੌਜ ਨੇ ਹਰ ਪਾਸੇ ਨਾਕੇ ਲਾਏ ਹੋਏ ਸਨ ਤੇ ਤੋਪਾਂ ਬੀੜੀਆਂ ਹੋਈਆਂ ਸਨ, ਖ਼ਾਸ ਕਰ ਕੇ ਹਰੀਕੇ ਪੱਤਣ 'ਤੇ ਅਤੇ ਤਰਨ ਤਾਰਨ ਤੋਂ ਆਉਂਦੇ ਰਸਤੇ 'ਤੇ ਫ਼ੌਜ ਨੇ ਇਧਰ ਆਉਂਦੇ ਸਿੱਖਾਂ ਦੇ ਜਲੂਸਾਂ 'ਤੇ ਤੋਪਾਂ ਨਾਲ ਗੋਲੀਆਂ ਚਲਾਈਆਂ, ਜਿਸ ਨਾਲ ਗੁਰਬਚਨ ਸਿੰਘ ਭੁਰ ਸਾਬਕ ਐਮ.ਪੀ. ਅਤੇ ਸੈਂਕੜੇ ਸਿੱਖ ਮਾਰੇ ਗਏ। ਫ਼ੌਜ ਨੇ ਹੈਲੀਕਾਪਟਰਾਂ ਰਾਹੀਂ ਵੀ ਸਿੱਖਾਂ 'ਤੇ ਗੋਲੀਆਂ ਚਲਾਈਆਂ ਸਨ।

1986 ਪੰਜਾਬ ਵਿਚ ਸੀ.ਆਰ.ਪੀ.ਐਫ਼. ਦੀ ਹਕੂਮਤ

ਸਤ ਜੂਨ 1986 ਦੇ ਦਿਨ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲੇ ਸੀ.ਆਰ.ਪੀ.ਐਫ਼. ਅਤੇ ਬੀ. ਐਸ. ਐਫ਼. ਦੇ ਹਵਾਲੇ ਕਰ ਦਿੱਤੇ ਗਏ; ਇਸ ਵਕਤ ਪੰਜਾਬ ਵਿਚ ਸੁਰਜੀਤ ਬਰਨਾਲਾ ਦੀ ਹਕੂਮਤ ਸੀ। ਗੁਰਦਾਸਪੁਰ ਦੇ 56 ਪਿੰਡਾਂ ਵਿਚ ਸੀ.ਆਰ.ਪੀ.ਐਫ਼. ਦੀਆਂ ਪੱਕੀਆਂ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ। ਸੀ.ਆਰ.ਪੀ.ਐਫ਼. ਖ਼ਾਸ ਕਰ ਕੇ ਫ਼ਿਰਕੂ ਹਿੰਦੂਆਂ ਦੀ ਫ਼ੌਜ ਮੰਨੀ ਜਾਂਦੀ ਸੀ ਅਤੇ ਇਸ ਨੇ ਸਿੱਖਾਂ ਉੱਤੇ ਜ਼ੁਲਮ ਕਰ ਕੇ ਇਹ ਸਾਬਿਤ ਵੀ ਕੀਤਾ।

1989: ਗੁਰਿੰਦਰ ਸਿੰਘ ਗਿੰਦਾ ਭਾਗੋਵਾਲ ਸਾਈਨਾਈਡ ਦਾ ਕੈਪਸੂਲ ਖਾ ਕੇ ਸ਼ਹੀਦ

7 ਜੂਨ 1989 ਦੇ ਦਿਨ ਗੁਰਿੰਦਰ ਸਿੰਘ ਗਿੰਦਾ (ਪੁੱਤਰ ਪ੍ਰੀਤਮ ਸਿੰਘ, ਵਾਸੀ ਭਾਗੋਵਾਲ) ਸ਼ਹੀਦ ਹੋ ਗਿਆ। ਉਹ 1982 ਤੋਂ ਬਬਰ ਖਾਲਸਾ ਨਾਲ ਸਬੰਧਤ ਸੀ ਤੇ 1982 ਵਿਚ ਬੰਬਈ ਵਿਚ ਅਸਲਾ ਐਕਟ ਵਿਚ ਗ੍ਰਿਫ਼ਤਾਰ ਵੀ ਹੋਇਆ ਸੀ ਤੇ 4 ਮਹੀਨੇ ਜੇਲ੍ਹ ਵਿਚ ਰਿਹਾ ਸੀ। ਫਿਰ ਉਸ ਦੇ ਘਰ ਦਿਆਂ ਨੇ ਉਸ ਦੀ ਜ਼ਮਾਨਤ ਕਰਵਾ ਕੇ ਪੰਜਾਬ ਵਾਪਿਸ ਲੈ ਆਂਦਾ ਗਿਆ। ਇੱਥੇ ਉਸ ਦਾ ਮੇਲ ਧਰਮ ਸਿੰਘ ਕਾਸ਼ਤੀਵਾਲ, ਮਾਸਟਰ ਸੁਖਵਿੰਦਰ ਸਿੰਘ ਦਾਬਾਂਵਾਲ, ਗੁਰਨਾਮ ਸਿੰਘ ਦਾਬਾਂਵਾਲ, ਜਸਬਰਿ ਸਿੰਘ ਬਿੱਟੂ ਬਿਜਲੀਵਾਲ, ਚਰ੍ਹਤ ਸਿੰਘਤੇ ਬਲਜੀਤ ਸਿੰਘ ਬੱਬਾ ਵਗੈਰਾ ਨਾਲ ਹੋ ਗਿਆ। 1985 ਵਿਚ ਇਕ ਵਾਰ ਬੰਬ ਬਣਾਂਦੇ ਹੋਏ ਉਸ ਦੇ ਘਰ ਦੀ ਛੱਤ ਉਡ ਗਈ ਸੀ ਤੇ ਉਹ ਉਦੋਂ ਦਾ ਹੀ ਮਫ਼ਰੂਰ। ਓਹ ਬਟਾਲਾ ਦੇ ਪੁਲੀ ਚਕਰੀ ਕਾਂਡ ਤੋਂ ਘੋਗੇ ਪਿੰਡ ਤਕ ਦੇ ਸਾਕਿਆਂ ਵਿਚ ਵੀ ਨਾਮਜ਼ਦ ਸੀ। ਉਸ ਦਿਨ ਉਹ ਅਵਤਾਰ ਸਿੰਘ ਰੂਪੋਵਾਲੀ ਨਾਲ ਪਟਿਆਲਾ ਤੋਂ ਜਲੰਧਰ ਜਾਂਦਿਆਂ ਮੁਖ਼ਬਰੀ ਕਾਰਨ ਘਿਰ ਗਿਆ ਅਤੇ ਪੁਲਸ ਤਸੱਦਦ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਜਗਹ ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦ ਹੋ ਗਿਆ। ਪੁਲਸ ਨੇ ਉਸ ਦੇ ਸਾਥੀ ਰੂਪੋਵਾਲ ਨੂੰ ਗ੍ਰਿਫ਼ਤਾਰ ਕਰ ਲਿਆ।

1992: ਸਤਨਾਮ ਸਿੰਘ ਸੱਤਾ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਸੱਤਾ (ਪੁੱਤਰ ਮੋਹਨ ਸਿੰਘ, ਵਾਸੀ ਪਾਹਵਿਾਲ) ਤੇ 4 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

8 ਜੂਨ

1707: ਜਜਾਊ ਦੀ ਲੜਾਈ ਵਿਚ ਬਹਾਦਰ ਸ਼ਾਹ ਦੀ ਜਿੱਤ

20 ਫ਼ਰਵਰੀ 1707 ਦੇ ਦਿਨ ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚ ਬਾਦਸ਼ਾਹ ਬਣਨ ਵਾਸਤੇ ਜੰਗ ਸ਼ੁਰੂ ਹੋ ਗਈ। ਇਨ੍ਹਾਂ ਵਿੱਚੋਂ ਮੁਅੱਜ਼ਮ (ਮਗਰੋਂ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ। ਉਹ ਉਸ ਵੇਲੇ ਜਮਰੌਦ ਵਿਚ ਸੀ ਤੇ ਉਸ ਦਾ ਦੂਜਾ ਭਰਾ ਤਾਰਾ ਆਜ਼ਮ

ਦੱਖਣ ਵਿਚ ਸੀ। ਇਸ ਗੱਦੀ ਦੀ ਸਭ ਤੋਂ ਅਹਿਮ ਲੜਾਈ (ਜਜਾਊ ਦੀ ਲੜਾਈ) ਤੋਂ ਪਹਿਲਾਂ ਬਹਾਦਰ ਸ਼ਾਹ ਦਾ ਰਾਬਤਾ ਗੁਰੂ ਜੀ ਨਾਲ ਬਣ ਗਿਆ ਤੇ ਗੁਰੂ ਸਾਹਿਬ ਨੇ ਤਖ਼ਤ ਹਾਸਿਲ ਕਰਨ ਵਿਚ ਜਜਾਊ ਦੀ ਲੜਾਈ (8 ਜੂਨ 1707) ਵਿਚ ਉਸ ਦੀ ਹਿਮਾਇਤ ਵੀ ਕੀਤੀ, ਜਿਸ ਵਿਚ ਬਹਾਦਰ ਸ਼ਾਹ ਨੂੰ ਜਿੱਤ ਹਾਸਿਲ ਹੋਈ।

1924: ਬਬਰ ਅਕਾਲੀ ਵਰਿਆਮ ਸਿੰਘ ਧੁੱਗਾ ਦੀ ਸ਼ਹੀਦੀ

8 ਜੂਨ 1924 ਦੇ ਦਿਨ, ਬਬਰ ਅਕਾਲੀ ਵਰਿਆਮ ਸਿੰਘ ਧੁੱਗਾ, ਚੱਕ 54 ਲਾਇਲਪੁਰ, ਵਿਚ ਪੁਲਸ ਦੇ ਘੇਰੇ ਵਿਚ ਆ ਗਿਆ; ਉਸ ਨੇ ਪੁਲਸ ਦੇ ਹੱਥ ਆਉਣ ਦੀ ਥਾਂ ਪੁਲਸ ਸੁਪਰਡੈਂਟ ਫ਼ੀਗੇਲ ਨੂੰ ਗੋਲੀ ਮਾਰਨ ਮਗਰੋਂ ਸ਼ਹੀਦੀ ਹਾਸਿਲ ਕੀਤੀ।

1981: ਅਕਾਲੀਆਂ ਦੀ ਗੁਰਦੁਆਰਾ 'ਗੁਰੂ ਦਾ ਲਾਹੌਰ' ਵਿਚ ਖ਼ੁਫ਼ੀਆ ਮੀਟਿੰਗ

8 ਜੂਨ 1981 ਦੇ ਦਿਨ ਅਕਾਲੀਆਂ ਦੀ ਗੁਰਦੁਆਰਾ 'ਗੁਰੂ ਦਾ ਲਾਹੌਰ' (ਨੇੜੇ ਅਨੰਦਪੁਰ ਸਾਹਿਬ) ਵਿਚ ਇਕ ਖ਼ੁਫ਼ੀਆ ਮੀਟਿੰਗ ਹੋਈ; ਇਸ ਵਿਚ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ. ਆਤਮਾ ਸਿੰਘ, ਸੁਖਜਿੰਦਰ ਸਿੰਘ, ਉਮਰਾਨੰਗਲ, ਰਜਿੰਦਰ ਸਿੰਘ ਭਾਟੀਆ ਵਗ਼ੈਰਾ ਸ਼ਾਮਿਲ ਹੋਏ; ਮੀਟਿੰਗ ਨੇ ਸਰਕਾਰ ਨੂੰ 31 ਅਗਸਤ ਤਕ 45 ਮੰਗਾਂ ਦਾ ਚਾਰਟਰ ਮੰਨਣ ਦਾ ਅਲਟੀਮੇਟਮ ਦਿੱਤਾ ਅਤੇ ਧਮਕੀ ਦਿੱਤੀ ਕਿ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿਚ ਮੋਰਚਾ ਲਾਇਆ ਜਾਵੇਗਾ।

1984: ਖ਼ੁਸ਼ਵੰਤ ਸਿੰਘ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਪਦਮਸ੍ਰੀ ਦਾ ਖ਼ਿਤਾਬ ਮੋੜਿਆ

ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਅੱਜ 8 ਜੂਨ ਦੇ ਦਿਨ ਖ਼ੁਸ਼ਵੰਤ ਸਿੰਘ ਨੇ ਆਪਣਾ ਪਦਮਸ੍ਰੀ ਦਾ ਖ਼ਿਤਾਬ ਵਾਪਿਸ ਕਰ ਦਿੱਤਾ। ਇਸ ਹਮਲੇ ਵੇਲੇ ਖ਼ੁਸ਼ਵੰਤ ਸਿੰਘ ਵੁਪਰਟਲ (ਜਰਮਨੀ) ਗਿਆ ਸੀ ਜਿੱਥੋਂ ਉਹ 6 ਜੂਨ ਨੂੰ ਹੀ ਵਾਪਿਸ ਮੁੜਿਆ ਹੀ ਸੀ। ਵਾਪਿਸ ਮੁੜਦਿਆਂ ਉਸ ਨੇ ਪਹਿਲਾ ਐਕਸ਼ਨ ਇਸ ਖ਼ਿਤਾਬ ਨੂੰ ਮੋੜ ਕੇ ਕੀਤਾ ਸੀ। ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਕਿਸੇ ਸਿੱਖ ਦਾ ਇਹ ਪਹਿਲਾ ਪਦਮਸ੍ਰੀ ਮੋੜਨਾ ਸੀ; ਇਸ ਮਗਰੋਂ ਹੋਰ ਕਈਆਂ ਨੇ ਵੀ ਇਹੋ ਜਿਹੇ ਕਈ ਖ਼ਿਤਾਬ ਮੋੜ ਦਿੱਤੇ।

1984: ਜ਼ੈਲ ਸਿੰਘ (ਭਾਰਤ ਦਾ ਰਾਸ਼ਟਰਪਤੀ) ਫ਼ੌਜ ਵੱਲੋਂ ਦਰਬਾਰ ਸਾਹਿਬ ਦੀ ਤਬਾਹੀ ਦਾ ਨਜ਼ਾਰਾ ਵੇਖਣ ਆਇਆ

ਜੂਨ 1984 ਦੇ ਪਹਿਲੇ ਹਫ਼ਤੇ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਤਬਾਹੀ ਨੂੰ ਜਿਹੜਾ ਵੀ ਸਿੱਖ ਸੁਣਦਾ ਉਸ ਦੇ ਅੰਦਰ ਭਾਰਤ ਵਾਸਤੇ ਤੇ ਇੰਦਰਾ ਵਾਸਤੇ ਹੋਰ ਅਤੇ ਨਫ਼ਰਤ ਸੁਤੇ-ਸਿਧ ਆਉਣੀ ਹੀ ਸੀ। ਇਸ ਸਾਰੇ 'ਤੇ ਪਰਦਾ ਪਾਉਣ ਵਾਸਤੇ ਤੇ ਸਿੱਖਾਂ ਦੇ ਰੋਹ ਨੂੰ ਠੰਡਿਆਂ ਕਰਨ ਵਾਸਤੇ ਡਰਾਮੇ ਵਜੋਂ ਭਾਰਤ ਦਾ ਰਾਸ਼ਟਰਪਤੀ ਜ਼ੈਲ ਸਿੰਘ 8 ਜੂਨ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਕਿਉਂਕਿ ਉਹ ਭਾਰਤੀ ਫ਼ੌਜਾਂ ਦਾ ਮੁਖੀ ਸੀ, ਇਸ ਕਰ ਕੇ ਉਸ ਨੇ ਆਪਣੀ ਫ਼ੌਜ ਦੀ 'ਕਾਮਯਾਬੀ' ਨੂੰ ਵੇਖਣਾ ਹੀ ਸੀ! ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਦਰਬਾਰ ਸਾਹਿਬ 'ਤੇ 350 ਤੋਂ ਗੋਲੀਆਂ ਦੇ ਨਿਸ਼ਾਨ, ਸੜੀ ਹੋਈ ਕਰੋੜਾਂ ਰੁਪਿਆਂ ਦੀ ਚਾਨਣੀ, ਗੋਲੀਆਂ ਨਾਲ ਜ਼ਖ਼ਮੀ ਹੋਇਆ ਦਰਬਾਰ ਸਾਹਿਬ 'ਚ ਪਿਆ ਗੁਰੂ ਗ੍ਰੰਥ ਸਾਹਿਬ ਦਾ 1830 ਦਾ ਸਰੂਪ, ਚੋਰੀ ਕਰ ਲਈ ਗਈ ਸਿੱਖ ਰੈਫ਼ਰੈਂਸ ਲਾਇਬਰੇਰੀ, ਦਰਬਾਰ ਸਾਹਿਬ ਵਿਚ

ਸਿਗਰਟਾਂ ਪੀਂਦੇ ਭਾਰਤੀ ਫ਼ੌਜੀ ਵੇਖ ਕੇ ਉਸ ਦੇ ਦਿਲ ਵਿਚ ਦਰਦ ਨਾ ਜਾਗਿਆ। ਉਸ ਦੀ ਮੁਰਦਾ ਰੂਹ ਨੂੰ ਜ਼ਖ਼ਮੀ ਹੋਏ-ਹੋਏ ਦਰਬਾਰ ਸਾਹਿਬ ਕੰਪਲੈਕਸ ਨੇ ਨਾ ਟੁੰਬਿਆ। ਇਕ ਬੇਗ਼ੈਰਤ, ਜਜ਼ਬਾਤ-ਰਹਿਤ, ਮੁਰਦਾ-ਰੂਹ ਵਾਂਗ ਉਹ ਆਇਆ ਅਤੇ ਟੀ.ਵੀ. ਅਤੇ ਅਖ਼ਬਾਰਾਂ ਵਿਚ ਤਸਵੀਰਾਂ ਛਪਵਾ ਕੇ ਚਲਾ ਗਿਆ। ਇਥੇ ਹੀ ਬੱਸ ਨਹੀਂ ਇੰਦਰਾ ਗਾਂਧੀ ਦੇ ਇਸ 'ਝਾੜੂ-ਬਰਦਾਰ' ਨੇ ਇਕ ਤਕਰੀਰ ਵਿਚ ਇਸ 'ਮਹਾਨ ਕਾਰਨਾਮੇ' ਨੂੰ ਹੱਕ-ਬਜਾਨਬ ਵੀ ਠਹਿਰਾਇਆ ਤੇ ਮਗਰੋਂ ਹਮਲਾ ਕਰਨ ਵਾਲਿਆਂ ਨੂੰ ਮੈਡਲ ਵੀ ਦਿੱਤੇ। ਜ਼ੈਲ ਸਿੰਘ ਦੀ ਫੇਰੀ ਵੇਲੇ ਇਕ ਸਿੱਖ ਨੇ ਫ਼ਾਇਰਿੰਗ ਵੀ ਕੀਤੀ ਜਿਸ ਨਾਲ (ਰੂਹਾਨੀ ਤੌਰ 'ਤੇ ਮਰ ਚੁਕਾ) ਜ਼ੈਲ ਤਾਂ ਬਚ ਗਿਆ ਪਰ ਇਕ ਕਰਨਲ ਨੂੰ ਗੋਲੀ ਵੱਜੀ। ਉਸ ਵੇਲੇ ਦਰਬਾਰ ਸਾਹਿਬ ਸਿੱਖਾਂ ਵਾਸਤੇ ਬੰਦ ਸੀ ਪਰ ਜ਼ੈਲ ਸਿੰਘ ਦੇ ਆਉਣ 'ਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਵਾਸਤੇ ਰਾਗੀ ਜੱਥਾ ਲਿਆਂਦਾ ਗਿਆ; ਸੁਰਿੰਦਰ ਸਿੰਘ ਪਟਨਾ ਸਾਹਿਬ ਨੇ ਕੀਰਤਨ ਕੀਤਾ; ਉਸ ਨੇ ਭਾਈ ਗੁਰਦਾਸ ਦਾ ਸਲੋਕ 'ਕੁਤਾ ਰਾਜ ਬਹਾਲੀਐ ਫਿਰ ਚੱਕੀ ਚੱਟੇ' ਗਾਇਆ ਅਤੇ ਜ਼ੈਲ ਸਿੰਘ ਨੂੰ ਉਸ ਦੀ ਅਸਲੀਅਤ ਦੱਸੀ।

1984: ਪ੍ਰਕਾਸ਼ ਸਿੰਘ ਬਾਦਲ ਨੇ ਫ਼ੌਜ ਅਤੇ ਪੁਲਸ ਚ ਨੌਕਰੀ ਕਰਦੇ ਸਿੱਖਾਂ ਨੂੰ ਬਗ਼ਾਵਤ ਵਾਸਤੇ ਕਿਹਾ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਜਵਾਬ ਵਿਚ, 8 ਜੂਨ 1984 ਦੇ ਦਿਨ, ਪੰਜਾਬ ਦੇ ਸਾਬਕਾ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਇਕ ਬਿਆਨ ਜਾਰੀ ਕਰ ਕੇ ਭਾਰਤੀ ਫ਼ੌਜ ਅਤੇ ਪੁਲਸ ਵਿਚ ਨੌਕਰੀ ਕਰ ਰਹੇ ਸਿੱਖਾਂ ਨੂੰ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕਰਨ ਦਾ ਸੱਦਾ ਦਿੱਤਾ। ਇਸ 'ਤੇ ਬਾਦਲ ਨੂੰ 10 ਜੂਨ ਦੇ ਦਿਨ ਗ੍ਰਿਫ਼ਤਾਰ ਕਰ ਕੇ ਮੱਧਪ੍ਰਦੇਸ਼ ਵਿਚ ਪੰਚਮੜ੍ਹੀ ਗੈਸਟ ਹਾਊਸ ਵਿਚ ਕੈਦ ਕਰ ਦਿੱਤਾ ਗਿਆ।

1984: ਫ਼ੌਜ ਵੱਲੋਂ ਸਿੱਖਾਂ ਦਾ 'ਮੈਕਾਰਥੀ ਤਰੀਕੇ' ਦਾ ਸ਼ਿਕਾਰ ਸ਼ੁਰੂ; ਸੈਂਕੜੇ ਸਿੱਖ ਗੋਲੀ ਤੇ ਤਸ਼ੱਦਦ ਦਾ ਸ਼ਿਕਾਰ ਹੋਏ

ਦਰਬਾਰ ਸਾਹਿਬ 'ਤੇ ਹਮਲੇ ਅਤੇ ਪੰਜਾਬ ਵਿਚ ਫ਼ੌਜ ਅਤੇ ਦੂਜੀਆਂ ਨੀਮ ਫ਼ੌਜੀ ਫ਼ੋਰਸਾਂ ਦੇ ਕਬਜ਼ੇ ਮਗਰੋਂ ਪੰਜਾਬ ਵਿਚ ਮੈਕਾਰਥੀ ਤਰੀਕੇ ਦਾ ਜਬਰ ਦਾ ਇਕ ਹੋਰ ਦੌਰ ਚਲਾਇਆ ਗਿਆ। ਫ਼ੌਜ ਅਤੇ ਫ਼ੋਰਸਾਂ ਨੇ ਪਿੰਡਾਂ ਤੇ ਸ਼ਹਿਰਾਂ ਵਿਚ ਸਾਰੇ ਨੌਜਵਾਨਾਂ ਅਤੇ ਪਾਹੁਲੀਏ ਸਿੱਖਾਂ 'ਤੇ ਖ਼ਾਸ ਨਿਗਾਹ ਰੱਖਣੀ ਸ਼ੁਰੂ ਕਰ ਦਿੱਤੀ; ਜਿਸ ਜਿਸ 'ਤੇ ਵੀ ਖ਼ਿਲਾਫ਼ ਵੀ ਹਿੰਦੂ ਉਂਗਲ ਰਖਦੇ ਸਨ ਉਹ ਸਿੱਖ ਫ਼ੌਜ ਦੇ ਜ਼ੁਲਮ ਦਾ ਸ਼ਿਕਾਰ ਹੋ ਜਾਂਦਾ ਸੀ ਇਸ ਤਰੀਕੇ ਨਾਲ ਤਸ਼ੱਦਦ ਕਰ ਕੇ ਸੈਂਕੜੇ ਸਿੱਖ ਸ਼ਹੀਦ ਕੀਤੇ ਗਏ ਤੇ ਹਜ਼ਾਰਾਂ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ।

1987: ਗੁਲਾਬ ਸਿੰਘ ਧਮੋਟ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੂਨ 1987 ਦੇ ਦਿਨ ਪੰਜਾਬ ਪੁਲਸ ਨੇ ਗੁਲਾਬ ਸਿੰਘ (ਪੁੱਤਰ ਗੁਰਮੇਲ ਸਿੰਘ, ਵਾਸੀ ਧਮੋਟ ਕਲਾਂ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਬਲਵਿੰਦਰ ਸਿੰਘ ਬਿੰਦਾ ਲੌਹਾਰ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਬਿੰਦਾ (ਵਾਸੀ ਲੌਹਾਰ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਲਜੀਤ ਸਿੰਘ ਬੱਗੇ ਛੀਨਾ, ਗੁਰਮੇਜ ਸਿੰਘ ਗੇਜਾ, ਮੀਆਵਿੰਡ ਤੇ ਨਛੱਤਰ ਸਿੰਘ ਪਾਇਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ (ਵਾਸੀ ਬੱਗੇ ਛੀਨਾ), ਗੁਰਮੇਜ ਸਿੰਘ ਗੇਜਾ (ਵਾਸੀ ਮੀਆਵਿੰਡ, ਅੰਮ੍ਰਿਤਸਰ) ਤੇ ਨਛੱਤਰ ਸਿੰਘ ਪਾਇਲ (ਵਾਸੀ ਧੰਨਾ ਸ਼ਹੀਦ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1991: ਲਖਵਿੰਦਰ ਸਿੰਘ ਗਹਿਰੀ ਮੰਡੀ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੂਨ 1991 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ (ਪੁੱਤਰ ਬੂਆ ਸਿੰਘ, ਵਾਸੀ ਗਹਿਰੀ ਮੰਡੀ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਬੰਸ ਸਿੰਘ ਸਰਹਾਲੀ ਤੇ ਹਰਜਿੰਦਰ ਸਿੰਘ ਬੁਤਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੂਨ 1992 ਦੇ ਦਿਨ ਪੁਲਸ ਨੇ ਹਰਬੰਸ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਸਰਹਾਲੀ, ਜ਼ਿਲ੍ਹਾ ਤਰਨ ਤਾਰਨ), ਹਰਜਿੰਦਰ ਸਿੰਘ (ਪੁੱਤਰ ਗੁਰਮੀਤ ਸਿੰਘ, ਵਾਸੀ ਬੁਤਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਪਿੰਡ ਬਹਿਲਾ 'ਚ ਦੋ ਖਾੜਕੂਆਂ ਅਤੇ ਸੈਂਕੜੇ ਫ਼ੋਰਸਿਜ਼ ਵਿਚਕਾਰ ਅਸਲ ਮੁਕਾਬਲਾ ਹੋਇਆ ਪੁਲਸ ਨੇ 6 ਪਿੰਡ ਵਾਸੀ ਸਿੱਖ ਵੀ 'ਢਾਲ' ਬਣਾ ਕੇ ਸ਼ਹੀਦ ਕੀਤੇ

ਅੱਠ ਜੂਨ 1992 ਦੀ ਸਵੇਰ ਨੂੰ ਜ਼ਾਲਮ ਪੁਲਸ ਐਸ.ਐਸ.ਪੀ. ਅਜੀਤ ਸੰਧੂ ਅਤੇ ਐਸ.ਪੀ. ਅਪਰੇਸ਼ਨਜ਼ ਖੁਬੀ ਰਾਮ ਨੇ ਭਾਰੀ ਪੁਲਸ ਫ਼ੋਰਸ, ਸੀ.ਆਰ.ਪੀ. ਅਤੇ ਫ਼ੌਜ ਲੈ ਕੇ ਤਰਨਤਾਰਨ ਕੋਲ ਪਿੰਡ ਬਹਿਲਾ ਨੂੰ ਘੇਰ ਲਿਆ। ਉਸ ਕੋਲ ਖ਼ਬਰ ਸੀ ਕਿ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਭਿੰਡਰਾਂਵਾਲਾ ਟਾਈਗਰ ਫ਼ੋਰਸਿਜ਼ ਨਾਲ ਸਬੰਧਤ ਕੁਝ ਖਾੜਕੂ ਮਨਜਿੰਦਰ ਸਿੰਘ ਬਹਿਲਾ (ਸਾਬਕਾ ਐਮ. ਐਲ.ਏ.) ਦੇ ਬੇਅਬਾਦ ਘਰ ਵਿਚ ਮੌਜੂਦ ਹਨ। ਛੇਤੀ ਹੀ ਖਾੜਕੂਆਂ ਅਤੇ ਫ਼ੋਰਸਿਜ਼ ਵਿਚਕਾਰ ਮੁਕਾਬਲਾ ਸ਼ੁਰੂ ਹੋ ਗਿਆ। ਇਹ ਅਸਾਵਾਂ (ਇਕ ਪਾਸੇ ਸਿਰਫ਼ ਦੋ ਖਾੜਕੂ ਤੇ ਦੂਜੇ ਪਾਸੇ ਸੈਂਕੜੇ ਫ਼ੋਰਸਿਜ਼) ਮੁਕਾਬਲਾ 36 ਘੰਟੇ ਚਲਦਾ ਰਿਹਾ। ਇਸ 'ਅਸਲ ਮੁਕਾਬਲੇ ਵਿਚ' ਸੁਰਜੀਤ ਸਿੰਘ ਬਹਿਲਾ (ਲੈਫ਼ਟੀਨੈਂਟ ਭਿੰਡਰਾਂਵਾਲਾ ਟਾਈਗਰ ਫ਼ੋਰਸਿਜ਼) ਤੇ ਮਦਨ ਸਿੰਘ ਮੱਦੀ (ਉਰਫ਼ ਸੰਤੋਖ ਸਿੰਘ ਉਰਫ਼ ਛੋਟਾ ਬਹਿਲਾ) ਅਤੇ ਅਤੇ 6 ਪਿੰਡ ਵਾਸੀ ਸਿੱਖ ਸ਼ਹੀਦ ਕਰ ਦਿੱਤੇ ਗਏ। ਪੁਲੀਸ ਨੇ ਪਿੰਡ ਦੇ ਕਰਤਾਰ ਸਿੰਘ (ਪੁੱਤਰ ਆਸਾ ਸਿੰਘ), ਸਕੱਤਰ ਸਿੰਘ (ਪੁੱਤਰ ਨਿਰੰਜਨ ਸਿੰਘ), ਉਸ ਦਾ ਪਿਤਾ ਨਿਰੰਜਨ ਸਿੰਘ (ਪੁੱਤਰ ਬੂੜ ਸਿੰਘ), ਲਖਵਿੰਦਰ ਸਿੰਘ (ਪੁੱਤਰ ਚੰਨਣ ਸਿੰਘ), ਅਜੀਤ ਸਿੰਘ (ਪੁੱਤਰ ਮੰਗਲ ਸਿੰਘ) ਤੇ ਗੁਰਮੇਜ ਸਿੰਘ ਨੂੰ ਢਾਲ ਬਣਾ ਕੇ ਅੱਗੇ ਖੜੇ ਕੀਤਾ ਗਿਆ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਖਾੜਕੂ ਗੋਲੀ ਨਾ ਚਲਾਉਣ। ਇਂਞ ਇਨ੍ਹਾਂ ਦੇ ਮਾਰੇ ਜਾਣ ਦਾ ਕਾਰਨ ਵੀ ਪੁਲੀਸ ਹੀ ਸੀ। ਮਾਰੇ ਜਾਣ ਵਾਲੇ ਪਿੰਡ ਵਾਸੀਆਂ ਵਿਚੋਂ ਇਕ ਅਜੀਤ ਸਿੰਘ ਇਕ ਰੇੜ੍ਹਾ ਚਲਾਉਣ ਵਾਲਾ ਗ਼ਰੀਬ ਸਿੱਖ ਸੀ ਜਿਸ ਦੇ 7 ਬੱਚੇ ਸਨ।ਪੁਲਸ ਨੇ ਹੋਰ ਜ਼ੁਲਮ ਇਹ ਕੀਤਾ ਕਿ ਮਾਰੇ ਗਏ ਬਹਿਲਾ ਵਾਸੀਆਂ ਦਾ ਸਸਕਾਰ ਅਣਪਛਾਤੀਆਂ ਲਾਸ਼ਾਂ ਕਹਿ ਕੇ ਕਰ ਦਿੱਤਾ ਤੇ ਉਨ੍ਹਾਂ ਦੇ ਘਰ ਵਾਲਿਆਂ ਨੂੰ ਵੀ ਸ਼ਾਮਿਲ ਨਾ ਹੋਣ ਦਿੱਤਾ।

1993: ਜਗੀਰ ਸਿੰਘ ਲਾਖਨਾ ਤੇ ਸਿੰਦਰ ਸਿੰਘ ਮਸਤਗੜ੍ਹ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੂਨ 1993 ਦੇ ਦਿਨ ਪੁਲਸ ਨੇ ਜਗੀਰ ਸਿੰਘ (ਪੁੱਤਰ ਫੂਲਾ ਸਿੰਘ, ਵਾਸੀ ਲਾਖਨਾ) ਤੇ ਸਿੰਦਰ ਸਿੰਘ (ਪੁੱਤਰ ਬੂਟਾ ਸਿੰਘ, ਵਾਸੀ ਮਸਤਗੜ੍ਹ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

9 ਜੂਨ

1656: ਗੁਰੂ ਤੇਗ਼ ਬਹਾਦਰ ਸਾਹਿਬ ਉੱਤਰ ਪਰਦੇਸ਼, ਬਿਹਾਰ, ਬੰਗਾਲ ਅਤੇ ਅਸਾਮ ਦੇ 8 ਸਾਲਾ ਦੌਰੇ ਵਾਸਤੇ ਕੀਰਤਪੁਰ ਤੋਂ ਚਲੇ

ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਕੀਰਤਪੁਰ ਵਿਚ ਗੁਰੂ ਹਰਿਰਾਇ ਸਾਹਿਬ ਗੁਰਗੱਦੀ ਦੀ ਸੇਵਾ ਨੂੰ ਨਿਭਾ ਰਹੇ ਸਨ ਅਤੇ ਮਾਝੇ ਵਿਚ (ਗੁਰੂ) ਤੇਗ਼ ਬਹਾਦਰ ਸਾਹਿਬ ਧਰਮ ਪਰਚਾਰ ਵਿਚ ਆਪਣਾ ਰੋਲ ਅਦਾ ਕਰ ਰਹੇ ਸਨ। ਵਿਚ-ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਵੀ ਹੋ ਆਇਆ ਕਰਦੇ ਸਨ। ਜੂਨ 1656 ਵਿਚ ਆਪ ਗੁਰੂ ਹਰਿਰਾਇ ਜੀ ਨੂੰ ਮਿਲਣ ਵਾਸਤੇ ਕੀਰਤਪੁਰ ਗਏ ਹੋਏ ਸਨ। ਉਨ੍ਹੀਂ ਦਿਨੀਂ ਆਗਰਾ, ਕਾਸ਼ੀ (ਬਨਾਰਸ/ਵਾਰਾਨਸੀ), ਮਿਰਜ਼ਾਪੁਰ, ਪ੍ਰਯਾਗ (ਅਲਾਹਾਬਾਦ) ਤੋਂ ਇਲਾਵਾ ਗਯਾ, ਪਟਨਾ, ਢਾਕਾ ਅਤੇ ਅਸਾਮ ਤੋਂ ਵੀ ਬਹੁਤ ਸਾਰੀਆਂ ਸੰਗਤਾਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨਾਂ ਵਾਸਤੇ ਆਈਆਂ ਹੋਈਆਂ ਸਨ। ਇਨ੍ਹਾਂ ਸੰਗਤਾਂ ਨੇ ਉਨ੍ਹਾਂ ਨੂੰ ਅਰਜ਼ ਕੀਤੀ ਕਿ ਉਹ ਧਰਮ ਪਰਚਾਰ ਵਾਸਤੇ ਉਨ੍ਹਾਂ ਦੇ ਇਲਾਕਿਆਂ ਵਿਚ ਦਰਸ਼ਨ ਦੇਣ। ਪਰ ਗੁਰੂ ਹਰਿਰਾਇ ਸਾਹਿਬ ਨੇ ਉਨ੍ਹਾਂ ਨੂੰ ਦਸਿਆ ਕਿ ਕੀਰਤਪੁਰ ਸਾਹਿਬ ਵਿਚ ਸੰਗਤਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਇਸ ਕਰ ਕੇ ਉਥੋਂ ਚਲੇ ਜਾਣ ਨਾਲ ਦੂਰ-ਦੁਰਾਡੀਆਂ ਸੰਗਤਾਂ ਨੂੰ ਬੜੀ ਮੁਸ਼ਕਿਲ ਹੋਵੇਗੀ। ਪਰ ਜਦ ਪੂਰਬ ਦੀਆਂ ਸੰਗਤਾਂ ਨੇ ਬਹੁਤ ਜ਼ੋਰ ਦਿਤਾ ਤਾਂ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਚਾਚਾ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਆਖਿਆ ਕਿ ਉਹ ਪੂਰਬ ਵਿਚ ਜਾ ਕੇ ਸੰਗਤਾਂ ਵਿਚ ਧਰਮ ਪਰਚਾਰ ਦੀ ਸੇਵਾ ਨਿਭਾਉਣ। ਪਹਿਲਾਂ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਮਾਝੇ ਤੋਂ ਦੂਰ ਜਾਣਾ ਮਨਜ਼ੂਰ ਨਾ ਕੀਤਾ, ਪਰ ਸੰਗਤਾਂ ਵਲੋਂ ਵਾਰ-ਵਾਰ ਅਰਜ਼ ਕੀਤੇ ਜਾਣ ਤੇ ਉਨ੍ਹਾਂ ਨੇ ਪੂਰਬ ਦਾ ਦੌਰਾ ਕਰਨਾ ਮੰਨ ਲਿਆ। ਗੁਰੂ ਤੇਗ਼ ਬਹਾਦਰ ਸਾਹਿਬ 9 ਜੂਨ 1656 ਦੇ ਦਿਨ ਕੀਰਤਪੁਰ ਸਾਹਿਬ ਤੋਂ ਪੂਰਬ ਵੱਲ ਦੇ ਲੰਬੇ ਦੌਰੇ 'ਤੇ ਚਲ ਪਏ। ਉਨ੍ਹਾਂ ਦਾ ਪਰਵਾਰ ਅਤੇ ਦਰਬਾਰੀ ਸਿੱਖਾਂ ਦਾ ਇਕ ਵਡਾ ਜੱਥਾ ਵੀ ਉਨ੍ਹਾਂ ਦੇ ਨਾਲ ਗਿਆ। ਆਪ 8 ਸਾਲ ਪੂਰਬ ਵਿਚ ਧਰਮ ਪਰਚਾਰ ਕਰਦੇ ਰਹੇ। ਮਗਰੋਂ ਕੁਝ ਲਿਖਾਰੀਆਂ ਨੇ ਝੂਠਾ ਪਰਚਾਰ ਕਰ ਦਿੱਤਾ ਕਿ ਇਹ ਸਮਾਂ ਗੁਰੂ ਜੀ ਭੋਰੇ ਵਿਚ (ਅਖੌਤੀ) ਤਪ ਕਰਦੇ ਰਹੇ ਸਨ।

1716: ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਦੇ ਪੁੱਤਰ ਅਜੈ ਸਿੰਘ ਅਤੇ ਉਸ ਦੀ ਦੀ ਤਸੀਹਿਆਂ ਭਰੀ ਸ਼ਹੀਦੀ ਹੋਈ

7 ਦਸੰਬਰ 1715 ਦੇ ਦਿਨ ਗ੍ਰਿਫ਼ਤਾਰੀ ਮਗਰੋਂ ਬੰਦਾ ਸਿੰਘ ਬਹਾਦਰ ਤੇ ਉਸ ਦੇ ਬਾਕੀ ਸਾਥੀਆਂ ਨੂੰ ਪਹਿਲੋਂ ਲਾਹੌਰ, ਫਿਰ ਸਰਹੰਦ ਅਤੇ ਅਖ਼ੀਰ ਵਿਚ ਦਿੱਲੀ ਲਿਆਇਆ ਗਿਆ। ਇੱਥੇ ਉਨ੍ਹਾਂ ਨੂੰ ਤਿੰਨ ਮਹੀਨੇ ਬਹੁਤ ਤਸੀਹੇ ਦਿਤੇ ਗਏ; ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸੂਰਤ ਵਿਚ ਜਾਨ-ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ। 9 ਜੂਨ 1716 ਦੇ ਦਿਨ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਬਰਾਹੀਮ-ਉਦ-ਦੀਨ (ਮੀਰ-ਆਤਿਸ਼) ਅਤੇ ਸਰਬਰਾਹ ਖ਼ਾਨ ਕੋਤਵਾਲ ਬੰਦਾ ਸਿੰਘ ਨੂੰ ਤਿਰਪੋਲੀਆ ਦੇ ਕਿਲ੍ਹੇ ਵਿਚੋਂ ਖ੍ਵਾਜਾ ਕੁਤਬ-ਉਦ-ਦੀਨ ਦੀ ਦਰਗਾਹ ਦੇ ਨੇੜੇ ਲੈ ਜਾਣ ਅਤੇ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ। ਬਾਦਸ਼ਾਹ ਦਾ ਹੁਕਮ ਸੀ ਕਿ ਉਸ ਦੀ ਜ਼ਬਾਨ

ਕੱਟੀ ਜਾਵੇ, ਅੱਖਾਂ ਕੱਢੀਆਂ ਜਾਣ ਤੇ ਉਸ ਦੀ ਚਮੜੀ ਉਧੇੜ ਦਿਤੀ ਜਾਵੇ। ਉਸ ਦੀਆਂ ਹੱਡੀਆਂ ਤੋਂ ਮਾਸ ਨੋਚਿਆ ਜਾਵੇ ਤੇ ਉਸ ਦੇ ਪੁੱਤਰ ਨੂੰ ਵੀ ਕਤਲ ਕਰ ਦਿਤਾ ਜਾਵੇ। ਬਾਦਸ਼ਾਹ ਦਾ ਹੁਕਮ, ਕਿ ਬੰਦੇ ਨੂੰ ਪਹਿਲਾਂ ਆਪਣਾ ਪੁੱਤਰ ਕਤਲ ਕਰਨ ਵਾਸਤੇ ਕਿਹਾ ਜਾਵੇ, ਦਾ ਜ਼ਿਕਰ ਸਿਰਫ਼ ਖ਼ਾਫ਼ੀ ਖ਼ਾਨ ਹੀ ਕਰਦਾ ਹੈ।

ਬਾਦਸ਼ਾਹ ਦੇ ਹੁਕਮ ਮੁਤਾਬਿਕ ਬੰਦਾ ਸਿੰਘ, ਉਸ ਦਾ ਪੁੱਤਰ ਅਤੇ ਬਾਕੀ ਸਿੱਖ ਖ਼ਵਾਜਾ ਕੁਤਬਦੀਨ ਦੀ ਦਰਗਾਹ ਕੋਲ, ਮਹਿਰੌਲੀ ਵਿਚ, ਲਿਜਾਏ ਗਏ। ਪਹਿਲਾਂ ਇਨ੍ਹਾਂ ਸਿੱਖਾਂ ਨੂੰ ਬਹਾਦਰ ਸ਼ਾਹ ਦੀ ਕਬਰ ਦੇ ਦੁਆਲੇ ਘੁਮਾਇਆ ਗਿਆ ਤੇ ਫਿਰ ਕਤਲ ਕਰਨ ਵਾਲੀ ਥਾਂ ਲਿਆਂਦਾ ਗਿਆ। ਸਭ ਤੋਂ ਪਹਿਲਾਂ ਬੰਦਾ ਸਿੰਘ ਨੂੰ ਪਿੰਜਰੇ ਵਿੱਚੋਂ ਕੱਢ ਕੇ ਜ਼ਮੀਨ 'ਤੇ ਬਿਠਾਇਆ ਗਿਆ। ਫਿਰ ਜੱਲਾਦ ਨੇ ਉਸ ਦੇ ਪੁੱਤਰ ਨੂੰ ਕਤਲ ਕੀਤਾ ਗਿਆ ਅਤੇ ਉਸ ਦਾ ਕਲੇਜਾ ਬੰਦਾ ਸਿੰਘ ਦੇ ਮੂੰਹ ਵਿਚ ਧੱਕਣ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਇਕ ਤੇਜ਼ਧਾਰ ਹਥਿਆਰ ਨਾਲ ਬੰਦਾ ਸਿੰਘ ਦੀ ਸੱਜੀ ਅੱਖ ਕੱਢੀ ਗਈ ਤੇ ਫਿਰ ਖੱਬੀ ਅੱਖ ਦਾ ਡੇਲਾ ਵੀ ਕੱਢ ਦਿਤਾ ਗਿਆ। ਇਸ ਮਗਰੋਂ ਉਸ ਦਾ ਖੱਬਾ ਪੈਰ ਤੇ ਫਿਰ ਸੱਜਾ ਪੈਰ ਵੱਢੇ ਗਏ। ਅਗਲਾ ਵਾਰ ਉਸ ਦੇ ਦੋਹਾਂ ਹੱਥਾਂ 'ਤੇ ਕੀਤਾ ਗਿਆ, ਇਸ ਤਰ੍ਹਾਂ ਉਸ ਦੇ ਬੰਦ-ਬੰਦ ਕੱਟੇ ਗਏ। ਇਸ ਮਗਰੋਂ ਜੰਬੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ ਤੇ ਅਖ਼ੀਰ ਇਕ ਹਥੌੜਾ ਮਾਰ ਕੇ ਉਸ ਦਾ ਸਿਰ ਵੀ ਫੇਹ ਦਿਤਾ ਗਿਆ। ਇਸ ਮਗਰੋਂ ਉਸ ਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਦਿਤੇ ਗਏ।

1726: ਭਾਈ ਤਾਰਾ ਸਿੰਘ ਡੱਲ-ਵਾਂ ਦੀ ਸ਼ਹੀਦੀ ਹੋਈ

ਭਾਈ ਤਾਰਾ ਸਿੰਘ ਦੀ ਪਿੰਡ ਡੱਲ ਤੇ ਵਾਂ ਵਿਚ ਜ਼ਮੀਨ ਸੀ। 1719 ਤੋਂ ਮਗਰੋਂ ਸਿੱਖਾਂ ਨੇ ਅੰਮ੍ਰਿਤਸਰ ਵਿਚ ਆਉਣਾ ਸ਼ੁਰੂ ਕਰ ਦਿਤਾ ਸੀ। ਉਸ ਵੇਲੇ ਅਬਦੁਸ ਸਮਦ ਖ਼ਾਨ ਲਾਹੌਰ ਦਾ ਸੂਬੇਦਾਰ ਸੀ। ਫ਼ਾਰੁਖ਼ਸੀਆਰ ਦੀ ਮੌਤ ਮਗਰੋਂ ਉਸ ਨੇ ਸਿੱਖਾਂ ਦੇ ਖ਼ਿਲਾਫ਼ ਸਖ਼ਤੀ ਘਟਾ ਦਿੱਤੀ ਸੀ। ਭਾਈ ਤਾਰਾ ਸਿੰਘ ਦੇ ਪਿੰਡ, ਡੱਲ ਤੇ ਵਾਂ, ਪੱਟੀ ਅਤੇ ਅੰਮ੍ਰਿਤਸਰ ਦੇ ਵਿਚਕਾਰ ਪੈਂਦੇ ਸਨ। ਇਨ੍ਹਾਂ ਪਿੰਡਾਂ ਦੇ ਨੇੜੇ ਹੀ, ਪੰਨੂ ਜੱਟ ਮੁਸਲਮਾਨਾਂ ਦਾ ਪਿੰਡ ਨੌਸ਼ਹਿਰਾ ਢਾਲਾ ਸੀ। ਇੱਥੋਂ ਦਾ ਚੌਧਰੀ ਸਾਹਿਬ ਰਾਏ ਸੀ। ਸਾਹਿਬ ਰਾਏ ਵੀ ਹੋਰ ਚੌਧਰੀਆਂ ਵਾਂਗ ਧੱਕੇ-ਖੋਰ ਸੀ।ਉਸ ਦੇ ਘੋੜੇ ਚਰਦਿਆਂ-ਚਰਦਿਆਂ ਅਕਸਰ ਗ਼ਰੀਬ ਕਿਰਸਾਨਾਂ ਦੇ ਖੇਤਾਂ ਵਿਚ ਜਾ ਵੜਦੇ ਸਨ ਤੇ ਫ਼ਸਲਾਂ ਦਾ ਨੁਕਸਾਨ ਕਰ ਦੇਂਦੇ ਸੀ।ਇਕ ਦਿਨ ਜਦ ਸਾਹਿਬ ਰਾਏ ਦੀ ਇਕ ਘੋੜੀ ਸਿੱਖਾਂ ਦੇ ਖੇਤਾਂ ਵਿਚ ਚਰ ਰਹੀ ਸੀ ਤਾਂ ਢਿੱਲੋਂ ਭਰਾਵਾਂ ਨੇ ਉਹ ਘੋੜੀ ਫੜ ਲਈ ਅਤੇ ਘਰਿਆਲਾ ਪਿੰਡ ਦੇ ਭਾਈ ਲਖਮੀਰ ਸਿੰਘ ਕੋਲ ਪਹੁੰਚਾ ਦਿਤੀ ਅਤੇ ਨਾਲ ਹੀ ਉਸ ਨੂੰ ਇਸ ਦੀ ਹਕੀਕਤ ਵੀ ਦਸ ਦਿਤੀ। ਲਖਮੀਰ ਸਿੰਘ ਨੇ ਉਹ ਘੋੜੀ ਦੂਰ ਜੰਗਲ ਦੇਸ ਵਿਚ ਜਾ ਵੇਚੀ ਤੇ ਇਸ ਚੋਂ ਮਿਲੇ ਪੈਸੇ ਭਾਈ ਤਾਰਾ ਸਿੰਘ ਦੇ ਹਵਾਲੇ ਕਰ ਦਿਤੇ।ਜਦ ਇਸ ਦੀ ਖ਼ਬਰ ਸਾਹਿਬ ਰਾਏ ਨੂੰ ਮਿਲੀ ਤਾਂ ਉਸ ਨੇ ਖੋਜੀਆਂ ਦੀ ਮਦਦ ਨਾਲ ਘੋੜੀ ਦੀ ਪੈੜ ਲੱਭ ਲਈ। ਇਸ ਦੀ ਖ਼ਬਰ ਇਨ੍ਹਾਂ ਸਿੱਖਾਂ (ਬਘੇਲ ਸਿੰਘ, ਅਮਰ ਸਿੰਘ, ਲਖਮੀਰ ਸਿੰਘ) ਨੂੰ ਵੀ ਪਹੁੰਚ ਗਈ। ਉਹ ਘਰੋਂ ਦੌੜ ਕੇ ਭਾਈ ਤਾਰਾ ਸਿੰਘ ਕੋਲ ਪਹੁੰਚ ਗਏ ਤੇ ਪਨਾਹ ਮੰਗ ਲਈ।ਸਾਹਿਬ ਰਾਏ ਨੇ ਅਗਲੀ ਸਵੇਰ ਚੜ੍ਹਦਿਆਂ ਹੀ ਪਿੰਡ ਡਲ-ਵਾਂ ਨੂੰ ਘੇਰਾ ਪਾ ਲਿਆ। ਇਸ ਲੜਾਈ ਵਿਚ ਫ਼ੌਜਦਾਰ ਦਾ ਭਤੀਜਾ ਮਾਰਿਆ ਗਿਆ। ਇਸ ਤੋਂ ਇਲਾਵਾ ਹੋਰ ਵੀ ਕਈ ਮੁਗ਼ਲ ਹੱਥੋ-ਹੱਥੀ ਲੜਾਈ ਵਿਚ ਮਾਰੇ ਗਏ। ਫ਼ੌਜਦਾਰ ਦੇ ਭਤੀਜੇ ਦੀ ਮੌਤ ਮਗਰੋਂ ਸਾਹਿਬ ਰਾਏ ਭੱਜ ਨਿਕਲਿਆ।ਉਧਰ ਫ਼ੌਜਦਾਰ ਨੂੰ ਜਦ ਭਤੀਜੇ ਮਰਨ ਦੀ ਖ਼ਬਰ ਮਿਲੀ ਤਾਂ ਉਸ ਨੇ 900 ਸਿਪਾਹੀ ਡੱਲ-ਵਾਂ ਪਿੰਡ ਵਲ ਟੋਰ ਦਿਤੇ। 9 ਜੂਨ 1726 ਦੇ ਦਿਨ ਡੱਲ-ਵਾਂ ਵਿਚ ਗਹਿ-ਗੱਚ ਲੜਾਈ ਹੋਈ। ਸ਼ਾਮ ਤਕ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰੇ ਜਾ ਚੁਕੇ ਸਨ। ਹੁਣ ਮੋਮਨ

ਖ਼ਾਨ ਨੇ ਹਾਥੀ ਅੱਗੇ ਲਿਆਉਣ ਵਾਸਤੇ ਕਿਹਾ। ਇਹ ਲੜਾਈ ਸ਼ਾਮ ਤਕ ਲੜਾਈ ਚਲਦੀ ਰਹੀ। ਹਨੇਰਾ ਪੈਣ 'ਤੇ ਲੜਾਈ ਬੰਦ ਹੋ ਗਈ। ਅਗਲੀ ਸਵੇਰ ਮੋਮਨ ਖ਼ਾਨ ਨੇ ਸਿਰਫ਼ ਬੰਦੂਕਾਂ ਹੀ ਵਰਤੀਆਂ ਤੇ ਇੰਞ ਭਾਈ ਤਾਰਾ ਸਿੰਘ ਅਤੇ ਬਾਕੀ ਸਿੰਘ ਵੀ ਸ਼ਹੀਦ ਹੋ ਗਏ।

1898: ਸਿੰਘ ਸਭਾ ਲਹਿਰ ਦੇ ਆਗੂ ਡਾ: ਜੈ ਸਿੰਘ ਚੜ੍ਹਾਈ ਕਰ ਗਏ

ਸਿੰਘ ਸਭਾ ਲਹਿਰ ਦੌਰਾਨ ਬਹੁਤ ਸਾਰੇ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ ਸੀ; ਇਨ੍ਹਾਂ ਵਿਚ ਡਾ: ਜੈ ਸਿੰਘ ਵੀ ਸਨ ਜਿਨ੍ਹਾਂ ਨੇ 'ਸ਼ੁੱਧੀ ਲਹਿਰ' ਚਲਾਈ ਸੀ ਜਿਸ ਹੇਠ ਧਰਮ ਛੱਡ ਕੇ ਮੁਸਲਮਾਨ ਬਣ ਜਾਣ ਵਾਲੇ ਹਿੰਦੂਆਂ ਨੂੰ ਸਿੱਖ ਬਣਾਉਣ ਵਾਸਤੇ ਪਰੇਰਿਆ ਜਾਂਦਾ ਸੀ। ਡਾ: ਜੈ ਸਿੰਘ ਪੰਥ ਦੀ ਸੇਵਾ ਕਰਦੇ-ਕਰਦੇ 9 ਜੂਨ 1898 ਦੇ ਦਿਨ ਚੜ੍ਹਾਈ ਕਰ ਗਏ।

1949: ਪੰਜਾਬ ਯੂਨੀਵਰਸਿਟੀ ਦੇ ਹਿੰਦੂ ਸੈਨੇਟਰਾਂ ਨੇ ਪੰਜਾਬੀ ਨੂੰ ਮੀਡੀਅਮ ਬਣਾਉਣ ਦੀ ਮੁਖ਼ਾਲਫ਼ਤ ਕੀਤੀ

ਮੁਲਕ ਦੇ ਹਾਕਮ ਬਣਨ ਤੋਂ ਬਾਅਦ ਕਾਂਗਰਸ ਨੇ 24 ਫ਼ਰਵਰੀ 1948 ਨੂੰ ਘਟ ਗਿਣਤੀਆਂ ਦੀ ਕਮੇਟੀ ਅਤੇ ਬੁਨਿਆਦੀ ਹੱਕਾਂ ਦੀ ਕਮੇਟੀ ਨੇ ਇਕ ਸਬ-ਕਮੇਟੀ ਬਣਾਈ। ਇਸ ਵਿਚ ਨਹਿਰੂ, ਪਟੇਲ, ਅੰਬੇਦਕਰ, ਡਾ. ਰਜਿੰਦਰ ਪ੍ਰਸਾਦ ਅਤੇ ਕੇ.ਐਮ. ਮੁਨਸ਼ੀ ਸਨ। ਇਸ ਕਮੇਟੀ ਨੇ 23 ਨਵੰਬਰ 1948 ਦੇ ਦਿਨ ਸਿੱਖਾਂ ਨੂੰ ਕੋਈ ਖ਼ਾਸ ਹਕੂਕ ਨਾ ਦੇਣ ਦੀ ਹਿਮਾਇਤ ਕੀਤੀ। ਮਾਸਟਰ ਤਾਰਾ ਸਿੰਘ ਨੇ ਇਕ ਪਰੈੱਸ ਕਾਨਫ਼ਰੰਸ 'ਚ ਕਿਹਾ ਕਿ ''ਪੰਜਾਬ ਦਾ ਹਿੰਦੂ ਸਿੱਖ ਕੌਮ ਨੂੰ ਧਾਰਮਿਕ ਪੱਖੋਂ ਹੜੱਪ ਕਰ ਜਾਣਾ ਚਾਹੁੰਦਾ ਹੈ।" ਹਿੰਦੂ ਪਰੈੱਸ ਦਾ ਹਮਲਾ ਬਹੁਤ ਖ਼ਤਰਨਾਕ ਸ਼ਕਲ ਅਖ਼ਤਿਆਰ ਕਰ ਰਿਹਾ ਸੀ। ਸਿਰਫ਼ ਪਰੈੱਸ ਹੀ ਨਹੀਂ ਬਾਕੀ ਪਾਸਿਆਂ ਤੋਂ ਵੀ ਸਿੱਖੀ 'ਤੇ ਹਮਲੇ ਹੋ ਰਹੇ ਸਨ। ਇਨ੍ਹਾਂ ਵਿਚ ਹੀ ਜਲੰਧਰ ਦੀ ਮਿਉਂਸਪਲ ਕਮੇਟੀ ਨੇ ਐਲਾਨ ਕੀਤਾ ਕਿ ਉਹ ਅਪਣੇ ਸਕੂਲਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਵਿਚ ਹੀ ਪੜ੍ਹਾਈ ਕਰਵਾਉਣਗੇ, ਹਾਲਾਂ ਕਿ ਇਥੇ 98% ਲੋਕ ਪੰਜਾਬੀ ਬੋਲਣ ਵਾਲੇ ਸਨ। ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1949 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ। ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ ਤੇ 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਵਿਰੁਧ ਪਰੋਟੈਸਟ ਦਿਨ ਮਨਾਉਣ ਲਈ 2 ਮਾਰਚ 1949 ਦਾ ਦਿਨ ਚੁਣਿਆ। ਥਾਂ ਥਾਂ ਰੋਸ ਦੀਵਾਨ ਹੋਏ ਅਤੇ ਸਿੱਖਾਂ ਨੇ ਅਰਦਾਸਾਂ ਕੀਤੀਆਂ। 4 ਅਪਰੈਲ 1949 ਨੂੰ ਅੰਮ੍ਰਿਤਸਰ ਵਿਚ ਸਿੱਖ ਸਿਆਸੀ ਕਾਰਕੁੰਨਾਂ, ਉਸਤਾਦਾਂ, ਵਪਾਰੀਆਂ, ਡਾਕਟਰਾਂ, ਵਕੀਲਾਂ ਦੀ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਮਾਸਟਰ ਤਾਰਾ ਸਿੰਘ ਤੇ ਹੋਰ ਅਕਾਲੀ ਆਗੂਆਂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਗਿਆ। ਇਸ ਕਨਵੈਨਸ਼ਨ ਵਿਚ ਪਹਿਲੀ ਵਾਰ ਪੰਜਾਬੀ ਸੂਬੇ ਦੀ ਕਾਇਮੀ ਦਾ ਮਤਾ ਪਾਸ ਕੀਤਾ ਗਿਆ। ਪਰ ਫ਼ਿਰਕੂ ਹਿੰਦੂਆਂ ਨੇ ਫਿਰ ਵੀ ਬੱਸ ਨਹੀਂ ਕੀਤੀ। ਸਿੱਖਾਂ ਦੇ ਜ਼ਖ਼ਮੀ ਜਜ਼ਬਾਤ 'ਤੇ ਇਕ ਹੋਰ ਸੱਟ ਉਦੋਂ ਮਾਰੀ ਗਈ ਜਦੋਂ 9 ਜੂਨ 1949 ਦੇ ਦਿਨ ਪੰਜਾਬ ਯੂਨੀਵਰਸਿਟੀ, ਸੋਲਨ (ਹੁਣ ਚੰਡੀਗੜ੍ਹ) ਦੀ ਸੈਨਟ ਨੇ ਪੰਜਾਬੀ 'ਚ ਪੜ੍ਹਾਈ ਕਰਵਾਉਣ ਦਾ ਮਤਾ ਨਾਮਨਜ਼ੂਰ ਕਰ ਦਿੱਤਾ। ਨਤੀਜੇ ਦੇ ਤੌਰ 'ਤੇ ਸਾਰੇ ਸਿੱਖ ਮੈਂਬਰ ਵਾਕ ਆਊਟ ਕਰ ਗਏ।

1982: ਮੋਖਾ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਦੇ 15 ਸਰੂਪ ਸਾੜ ਦਿੱਤੇ ਗਏ

9 ਜੂਨ 1982 ਨੂੰ ਮੋਖੇ ਦੇ ਇਕ ਸਾਧ ਨੇ ਗੁਰੂ ਗ੍ਰੰਥ ਸਾਹਿਬ ਦੇ 15 ਸਰੂਪ ਜਲਾ ਦਿੱਤੇ। ਸਿੱਖਾਂ ਦੇ ਪ੍ਰੋਟੈਸਟ ਦੇ ਬਾਵਜੂਦ ਇਸ ਮਹੰਤ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ। ਇਸ ਦੇ ਮੁਕਾਬਲੇ ਵਿਚ ਗਊਆਂ ਦੇ ਸਿਰਾਂ ਦੇ ਕੇਸ ਵਿਚ ਚਾਰ ਸਿੱਖਾਂ (ਜਸਵੰਤ ਸਿੰਘ ਠੇਕੇਦਾਰ, ਮਨਮੋਹਨ ਸਿੰਘ ਬਜਾਜ, ਸੁਖਜਿੰਦਰ ਸਿੰਘ ਤੇ ਅੰਮ੍ਰਿਤਪਾਲ ਸਿੰਘ) ਦਾ ਈਨਾਮ ਸਵਾ ਲੱਖ ਰੁਪਏ ਰੱਖਿਆ ਗਿਆ ਸੀ।

1988: ਇੰਦਰਜੀਤ ਸਿੰਘ ਜਟਾਣਾ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਭਾਈ ਇੰਦਰਜੀਤ ਸਿੰਘ ਜਟਾਣਾ (ਪੁੱਤਰ ਬਚਨ ਸਿੰਘ, ਵਾਸੀ ਜਟਾਣਾ, ਨੇੜੇ ਰੋਪੜ), ਮੈਂਬਰ 'ਪੰਥਕ ਕਮੇਟੀ' ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਜਸਪਾਲ ਸਿੰਘ ਪਾਲਾ ਘੜੰਗਾ, ਸਰਬਜੀਤ ਸਿੰਘ ਸਾਬੀ ਜੰਮੂ, ਜੋਗਿੰਦਰ ਸਿੰਘ ਭਾਮ, ਸੁਖਵਿੰਦਰ ਸਿੰਘ ਭੋਲਾ ਰੱਤੋਕੇ, ਸੁਰਜੀਤ ਸਿੰਘ ਸਾਧੂ ਲਿੱਟ, ਬਖ਼ਸ਼ੀਸ਼ ਸਿੰਘ ਸੋਨਾ ਕੈਰੋ, ਜਸਪ੍ਰੀਤ ਸਿੰਘ ਰਿੰਪੀ ਮਾਣੀਕੇ ਵਾਲੀ, ਨੈਬ ਸਿੰਘ ਬੂਟੀਆ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ ਪਾਲਾ (ਵਾਸੀ ਘੜੰਗਾ, ਰੋਪੜ), ਸਰਬਜੀਤ ਸਿੰਘ ਸਾਬੀ (ਵਾਸੀ ਜੰਮੂ), ਜੋਗਿੰਦਰ ਸਿੰਘ (ਵਾਸੀ ਭਾਮ, ਅੰਮ੍ਰਿਤਸਰ), ਸੁਖਵਿੰਦਰ ਸਿੰਘ ਭੋਲਾ (ਵਾਸੀ ਰੱਤੋਕੇ), ਸੁਰਜੀਤ ਸਿੰਘ ਸਾਧੂ (ਵਾਸੀ ਲਿੱਟ), ਬਖ਼ਸ਼ੀਸ਼ ਸਿੰਘ ਸੋਨਾ (ਵਾਸੀ ਕੈਰੋ, ਤਰਨਤਾਰਨ), ਜਸਪ੍ਰੀਤ ਸਿੰਘ ਰਿੰਪੀ (ਵਾਸੀ ਮਾਣੀਕੇ ਵਾਲੀ, ਫ਼ੀਰੋਜ਼ਪੁਰ) ਤੇ ਨੈਬ ਸਿੰਘ (ਵਾਸੀ ਬੂਟੀਆ ਵਾਲਾ, ਫ਼ੀਰੋਜ਼ਪੁਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1989: ਬਲਜਿੰਦਰ ਸਿੰਘ ਰਾਜੂ ਨਕਲੀ ਮੁਕਾਬਲੇ ਵਿਚ ਸ਼ਹੀਦ

ਬਲਜਿੰਦਰ ਸਿੰਘ ਰਾਜੂ (ਪੁੱਤਰ ਸੰਤੋਖ ਸਿੰਘ, ਵਾਸੀ 26 ਐਚ, ਗੰਗਾਨਗਰ, ਰਾਜਿਸਥਾਨ) ਗਿਆਨ ਜੋਤੀ ਕਾਲਜ ਕਰਨਪੁਰ ਵਿਚ ਸੁਖਦੇਵ ਸਿੰਘ ਸੁੱਖਾ ਦਾ ਜਮਾਤੀ ਸੀ। ਉਹ 1983 ਵਿਚ ਇਕ ਵਾਰ ਦਰਬਾਰ ਸਾਹਿਬ ਜਾ ਕੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮਿਲ ਚੁਕਾ ਸੀ। ਦਰਬਾਰ ਸਾਹਿਬ ਦੇ ਹਮਲੇ ਤੋਂ ਇਕ ਦਮ ਬਾਅਦ ਉਹ ਸਰਹਦ ਪਾਰ ਕਰ ਕੇ ਪਾਕਿਸਤਾਨ ਚਲਾ ਗਿਆ ਅਤੇ ਉਥੋਂ ਹਥਿਆਰਾਂ ਦੀ ਟ੍ਰੇਨਿੰਗ ਲੈ ਕੇ ਅਗਸਤ ਵਿਚ ਵਾਪਸ ਆਇਆ। ਇਥੇ ਸੁਖਦੇਵ ਸਿੰਘ ਸੁੱਖਾ ਨੇ ਉਸ ਦੀ ਵਾਕਫ਼ੀ ਹਰਜਿੰਦਰ ਸਿੰਘ ਜਿੰਦਾ ਨਾਲ ਕਰਵਾਈ। ਫਿਰ ਉਹ ਖਾੜਕੂ ਕਾਰਵਾਈਆਂ ਕਰਨ ਲਗ ਪਏ। ਇਨ੍ਹਾਂ ਵਿਚ ਖ਼ੂਨੀ ਨਵੰਬਰ 1984 ਦੇ ਵਹਿਸ਼ੀ ਕਾਲਤਾਂ ਅਰਜਨ ਦਾਸ ਤੇ ਲਲਿਤ ਮਾਕਨ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਭਾਰਤੀ ਫ਼ੌਜ ਦੇ ਮੁਖੀ ਵੈਦਯ ਨੂੰ ਸਜ਼ਾ ਦੇਣਾ ਵੀ ਸ਼ਾਮਿਲ ਸੀ। ਹੁਣ ਪੁਲਸ ਨੂੰ ਉਸ ਬਾਰੇ ਪਤਾ ਲਗ ਚੁਕਾ ਸੀ। 1986 ਵਿਚ ਇਕ ਵਾਰ ਪੁਲਸ ਉਸ ਦੇ ਪਿਤਾ ਨੂੰ ਵੀ ਚੁਕ ਕੇ ਲੈ ਗਈ। ਫਿਰ ਉਸ ਦਾ ਭਰਾ ਜਸਵਿੰਦਰ ਸਿੰਘ ਵੀ ਚੁੱਕ ਲਿਆ ਗਿਆ ਤੇ ਉਸ ਨੂੰ ਏਨੇ ਜ਼ਾਲਮਾਨਾ ਤਰੀਕੇ ਨਾਲ ਮਾਰਿਆ ਗਿਆ ਕਿ ਉਹ 9 ਮਹੀਨੇ ਮੰਜੇ ਤੋਂ ਉਠ ਨਾ ਸਕਿਆ। 1987 ਵਿਚ ਜਿੰਦਾ ਤੇ ਸੁੱਖਾ ਗ੍ਰਿਫ਼ਤਾਰ ਹੋ ਗਏ। ਇਸ ਮਗਰੋਂ ਦਲਜੀਤ ਸਿੰਘ ਬਿੱਟੂ

ਤੇ ਸੁਖਵਿੰਦਰ ਸਿੰਘ ਵੀ ਉਸ ਨਾਲ ਆ ਮਿਲੇ ਤੇ ਉਨ੍ਹਾਂ ਨੇ ਕੰਵਲਜੀਤ ਸਿੰਘ ਸੁਲਤਾਨਵਿੰਡ ਨੂੰ ਅੰਮ੍ਰਿਤਸਰ ਦੀਆਂ ਕਚਹਿਰੀਆਂ ਵਿਚੋਂ ਪੁਲਸ ਤੋਂ ਛੁਡਵਾਇਆ। ਇਸ ਮਗਰੋਂ ਉਹ ਅਮਰੀਕਾ ਨਿਕਲ ਗਿਆ ਅਤੇ ਉਥੇ ਕੁੱਕੀ ਤੇ ਸੁਖੀ ਨੂੰ ਰਿਹਾ ਕਰਵਾਉਣ ਦੀਆਂ ਗੋਂਦਾ ਗੁੰਦਣ ਲਗ ਪਏ ਪਰ ਗੱਲ ਨਾ ਬਣੀ। ਫਿਰ ਉਹ ਵਾਪਿਸ ਆ ਗਿਆ ਅਤੇ ਆ ਕੇ ਫਿਰ ਉਸ ਨੇ ਪੁਲਸ ਕੈਟ ਸੰਤੋਖ ਕਾਲਾ ਨੂੰ ਸੋਧਿਆ। ਫਿਰ ਕੰਵਲਜੀਤ ਸਿੰਘ ਸੁਲਤਾਨਵਿੰਡ ਨਾਲ ਮਿਲ ਕੇ ਜਿੰਦਾ ਤੇ ਸੁੱਖਾ ਨੂੰ ਛੁਡਾਉਣ ਵਾਸਤੇ ਕਿਸੇ ਵੀ.ਆਈ.ਪੀ ਨੂੰ ਅਗਵਾ ਕਰਨ ਦੀ ਸਕੀਮ ਬਣਾਈ। ਪਰ, ਇਸ ਤੋਂ ਪਹਿਲਾਂ ਕਿ ਉਹ ਇਸ ਐਕਸ਼ਨ ਨੂੰ ਅੰਜਾਮ ਦੇ ਸਕਦੇ, ਕਿਸੇ ਮੁਖ਼ਬਰ ਦੀ ਇਤਲਾਹ 'ਤੇ 9 ਜੂਨ 1989 ਦੇ ਦਿਨ ਜਲੰਧਰ ਵਿਚ ਉਹ ਪੁਲਸ ਦੇ ਕਾਬੂ ਆ ਗਿਆ। ਐਸ.ਐਸ.ਪੀ. ਸੁਰੇਸ਼ ਅਰੋੜਾ ਨੇ ਉਸ ਨੂੰ ਬਬਹੁਤ ਤਸੀਹੇ ਦਿੱਤੇ ਪਰ ਪੁਲਸ ਉਸ ਤੋਂ ਕੁਝ ਵੀ ਹਾਸਿਲ ਨਾ ਕਰ ਸਕੀ ਤੇ ਅਖ਼ੀਰ ਕਈ ਦਿਨ ਤਸੀਹੇ ਦੇਣ ਮਗਰੋਂ ਉਸ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1991: ਦਿਲਬਾਗ ਸਿੰਘ ਸੰਗਵਾ, ਬਘੇਲ ਸਿੰਘ ਤੇ ਮਹਿੰਦਰ ਸਿੰਘ ਅਬੂਵਾਲ, ਸੁਰਿੰਦਰ ਸਿੰਘ ਛਿੰਦਾ ਚਮਿਆਰੀ, ਸ਼ਰਨਪਾਲ ਸਿੰਘ ਸਿੰਘਾਪੁਰਾ,ਬਘੇਲ ਸਿੰਘ ਬੱਗਾ ਪੂਹਲਾ, ਸੁਰਿੰਦਰ ਸਿੰਘ ਮਿੰਟੂ ਭਿੱਖੀਵਿੰਡ, ਪਿਆਰਾ ਸਿੰਘ ਜੰਡੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ ਖਾਲਸਾ (ਵਾਸੀ ਸੰਗਵਾ, ਅੰਮ੍ਰਿਤਸ), ਬਘੇਲ ਸਿੰਘ ਉਰਫ਼ ਬਲਜਿੰਦਰ ਸਿੰਘ (ਵਾਸੀ ਅਬੂਵਾਲ), ਮਹਿੰਦਰ ਸਿੰਘ ਮਧੂ (ਵਾਸੀ ਅਬੂਵਾਲ), ਸੁਰਿੰਦਰ ਸਿੰਘ ਛਿੰਦਾ (ਵਾਸੀ ਚਮਿਆਰੀ), ਸ਼ਰਨਪਾਲ ਸਿੰਘ ਬਬਰ (ਵਾਸੀ ਸਿੰਘਾਪੁਰਾ), ਬਘੇਲ ਸਿੰਘ ਬੱਗਾ (ਵਾਸੀ ਪੂਹਲਾ), ਸੁਰਿੰਦਰ ਸਿੰਘ ਮਿੰਟੂ ਉਰਫ਼ ਪਹਿਲਵਾਨ (ਪੁੱਤਰ ਗੁਰਚਰਨ ਸਿੰਘ, ਵਾਸੀ ਭਿੱਖੀਵਿੰਡ, ਅੰਮ੍ਰਿਤਸਰ) ਤੇ ਪਿਆਰਾ ਸਿੰਘ ਜੰਡੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਮਨਜੀਤ ਸਿੰਘ ਗੋਰਾ ਤੇ ਕੁਲਵਿੰਦਰ ਸਿੰਘ ਪੱਲਾ ਅਲੂਮਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਜੂਨ 1992 ਦੇ ਦਿਨ ਪੁਲਸ ਨੇ ਪਿੰਡ ਗੋਰਾ ਦੇ ਮਨਜੀਤ ਸਿੰਘ ਨੂੰ ਚੌਂਕਾ ਪਿੰਡ (ਨੇੜੇ ਫੂਲ) ਵਿਚ ਇਕ ਨਕਲੀ ਮੁਕਾਬਲੇ ਵਿਚ ਅਤੇ ਕੁਲਵਿੰਦਰ ਸਿੰਘ (ਪੁੱਤਰ ਕਾਕਾ ਸਿੰਘ ਵਾਸੀ ਪੱਲਾ ਅਲੂਮਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਸ਼੍ਰੋਮਣੀ ਕਮੇਟੀ ਨੇ ਸੈਂਕੜੇ ਟਾਸਕ ਫ਼ੋਰਸ ਵਰਕਰਾਂ ਨੇ ਭਾਈ ਰੂਪਾ ਪਿੰਡ ਵਿਚ 161 ਏਕੜ ਜ਼ਮੀਨ ਦਾ ਕਬਜ਼ਾ ਲਿਆ

9 ਜੂਨ 2014 ਦੇ ਦਿਨ ਸ਼੍ਰੋਮਣੀ ਕਮੇਟੀ ਨੇ ਸੈਂਕੜੇ ਟਾਸਕ ਫ਼ੋਰਸ ਵਰਕਰਾਂ ਤੇ ਮੁਲਾਜ਼ਮਾਂ ਨੇ, ਸੈਂਕੜੇ ਚਿਟ ਕਪੜੀਆ ਪੁਲਸ ਨੂੰ ਲਿਜਾ ਕੇ, ਭਾਈ ਰੂਪਾ ਪਿੰਡ ਵਿਚ 161 ਏਕੜ ਜ਼ਮੀਨ ਦਾ ਕਬਜ਼ਾ ਲਿਆ। ਸਾਰੇ ਪਿੰਡ ਵਾਸੀਆਂ ਨੂੰ ਉਸ ਦਿਨ ਘਰਾਂ ਤੇ ਗੁਰਦੁਆਰੇ ਵਿਚ ਕੈਦ ਰੱਖਿਆ ਗਿਆ।

10 ਜੂਨ

1716: ਬੰਦਾ ਸਿੰਘ ਬਹਾਦਰ ਦੇ 17 ਸਾਥੀ ਦਿੱਲੀ ਵਿਚ ਸ਼ਹੀਦ ਕੀਤੇ ਗਏ

7 ਦਸੰਬਰ 1715 ਦੇ ਦਿਨ ਗ੍ਰਿਫ਼ਤਾਰੀ ਮਗਰੋਂ ਬੰਦਾ ਸਿੰਘ ਤੇ ਉਸ ਦੇ ਬਾਕੀ ਸਾਥੀਆਂ ਨੂੰ ਦਿੱਲੀ ਲਿਆਇਆ ਗਿਆ ਸੀ; ਇੱਥੇ ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸੂਰਤ ਵਿਚ ਜਾਨ-ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ। 9 ਜੂਨ 1716 ਦੇ ਦਿਨ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਬਰਾਹੀਮ-ਉਦ-ਦੀਨ (ਮੀਰ-ਆਤਿਸ਼) ਅਤੇ ਸਰਬਰਾਹ ਖ਼ਾਨ ਕੋਤਵਾਲ ਬੰਦਾ ਸਿੰਘ ਨੂੰ ਤਿਰਪੋਲੀਆ ਦੇ ਕਿਲ੍ਹੇ ਵਿਚੋਂ ਖ਼੍ਵਾਜਾ ਕੁਤਬ-ਉਦ-ਦੀਨ ਦੀ ਦਰਗਾਹ ਦੇ ਨੇੜੇ ਲੈ ਜਾਣ ਅਤੇ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ। ਬੰਦਾ ਸਿੰਘ ਨੂੰ 9 ਜੂਨ ਨੂੰ ਸ਼ਹੀਦ ਕੀਤਾ ਗਿਆ ਅਤੇ ਉਸ ਦੇ ਬਾਕੀ ਸਾਥੀਆਂ ਨੂੰ ਅਗਲੇ ਦਿਨ 10 ਜੂਨ ਨੂੰ ਸ਼ਹੀਦ ਕਰ ਦਿਤਾ ਗਿਆ। ਇਨ੍ਹਾਂ ਵਿਚ ਬਾਜ਼ ਸਿੰਘ, ਭਗਵੰਤ ਸਿੰਘ, ਕੁਇਰ ਸਿੰਘ, ਸ਼ਾਮ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ, ਅਲਬੇਲ ਸਿੰਘ, ਰਾਮ ਸਿੰਘ ਪਰਮਾਰ, ਆਲੀ ਸਿੰਘ, ਮਾਲੀ ਸਿੰਘ, ਗੁਲਾਬ ਸਿੰਘ ਬਖ਼ਸ਼ੀ, ਰਾਏ ਸਿੰਘ ਹਜ਼ੂਰੀ ਵੀ ਸ਼ਾਮਿਲ ਸਨ। ਭਾਈ ਫ਼ਤਹਿ ਸਿੰਘ ਪਹਿਲਾਂ ਹੀ ਸ਼ਹੀਦ ਹੋ ਚੁਕਾ ਸੀ।

1896: ਸਿੰਘ ਸਭਾ ਆਗੂ ਅਤਰ ਸਿੰਘ ਭਦੌੜ ਚੜ੍ਹਾਈ ਕਰ ਗਏ।

ਸਿੰਘ ਸਭਾ ਲਹਿਰ ਦੌਰਾਨ ਬਹੁਤ ਸਾਰੇ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ ਸੀ; ਇਨ੍ਹਾਂ ਵਿਚ ਸ. ਅਤਰ ਸਿੰਘ ਭਦੌੜ ਵੀ ਸਨ; ਆਪ ਪੰਥ ਦੀ ਸੇਵਾ ਕਰਦੇ-ਕਰਦੇ 10 ਜੂਨ 1896 ਦੇ ਦਿਨ ਚੜ੍ਹਾਈ ਕਰ ਗਏ।

1917: ਗ਼ਦਰੀ ਆਗੂ ਜਵੰਦ ਸਿੰਘ ਨੰਗਲ ਕਲਾਂ ਨੂੰ ਫ਼ਾਂਸੀ ਦਿਤੀ ਗਈ

10 ਜੂਨ 1917 ਦੇ ਦਿਨ ਗ਼ਦਰੀ ਆਗੂ ਜਵੰਦ ਸਿੰਘ ਨੰਗਲ ਕਲਾਂ ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ।

1957: ਕਵੀ ਤੇ ਨਾਵਲਿਸਟ ਭਾਈ ਵੀਰ ਸਿੰਘ ਦੀ ਮੌਤ

ਪੰਜਾਬੀ ਕਵੀ ਤੇ ਨਾਵਲਿਸਟ ਭਾਈ ਵੀਰ ਸਿੰਘ (ਜਨਮ 1872) ਦੀ ਮੌਤ 10 ਜੂਨ 1957 ਦੇ ਦਿਨ ਅੰਮ੍ਰਿਤਸਰ ਵਿਚ ਹੋਈ।

1974: ਗਿਆਨੀ ਕਰਤਾਰ ਸਿੰਘ ਦੀ ਮੌਤ

ਮਸ਼ਹੂਰ ਅਕਾਲੀ ਆਗੂ ਤੇ ਸਾਬਕਾ ਵਜ਼ੀਰ ਗਿਆਨੀ ਕਰਤਾਰ ਸਿੰਘ (ਜਨਮ 22 ਫ਼ਰਵਰੀ 1902) ਦੀ ਮੌਤ 10 ਜੂਨ 1974 ਦੇ ਦਿਨ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਹੋਈ।

1978: ਨਿਰੰਕਾਰੀਆਂ ਦੇ ਖ਼ਿਲਾਫ਼ ਅਕਾਲ ਤਖ਼ਤ ਤੋਂ 'ਹੁਕਮਨਾਮਾ' ਜਾਰੀ ਹੋਇਆ

13 ਅਪਰੈਲ 1978 ਦੇ ਦਿਨ ਨਿਰੰਕਾਰੀਆਂ ਵੱਲੋਂ 13 ਸਿੱਖ ਮਾਰੇ ਜਾਣ ਮਗਰੋਂ ਇਸ ਟੋਲੇ ਦੇ ਖ਼ਿਲਾਫ਼ ਬਹੁਤ ਰੋਸ ਫੈਲਿਆ। ਨਿਰੰਕਾਰੀਆਂ ਦੇ ਸਿੱਖਾਂ 'ਤੇ ਹੋ ਰਹੇ ਵਾਰ ਨੂੰ ਰੋਕਣ ਵਾਸਤੇ ਵਿਚਾਰਾਂ ਵੀ ਸ਼ੁਰੂ ਹੋ ਗਈਆਂ। ਹਰ ਪਾਸੇ ਇਸ ਟੋਲੇ 'ਤੇ ਪਾਬੰਦੀ ਲਾਉਣ ਦੀ ਮੰਗ ਹੋਈ। ਇਨ੍ਹਾਂ ਦੀਆਂ ਕਿਤਾਬਾਂ, ਜਿਨ੍ਹਾਂ ਵਿਚ ਸਿੱਖ ਧਰਮ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ ਹੋਇਆ ਸੀ, ਨੂੰ ਜ਼ਬਤ ਕਰਨ ਦੀ ਮੰਗ ਵੀ ਹਰ ਪਾਸਿਓਂ ਕੀਤੀ ਗਈ। ਪਰ ਬਾਦਲ ਦੀ ਸਰਕਾਰ ਨੇ ਇਨ੍ਹਾਂ ਕਿਤਾਬਾਂ 'ਤੇ ਪੰਜਾਬ ਵਿਚ ਪਾਬੰਦੀ ਤਾਂ ਕੀ ਲਾਉਣੀ ਸੀ, ਪੰਜਾਬ ਸਰਕਾਰ

ਦਾ ਪਬਲਿਕ ਰਿਲੇਸ਼ਨ ਮਹਿਕਮਾ ਇਨ੍ਹਾਂ ਦੇ ਪ੍ਰਚਾਰ-ਰਿਸਾਲੇ 'ਏਕ ਨਜ਼ਰ' ਨੂੰ ਇਸ਼ਤਿਹਾਰ ਦੇ ਕੇ ਵੀ ਨਿਵਾਜਦਾ ਰਿਹਾ (ਇਸ ਵੇਲੇ ਇਸ਼ਤਹਾਰ ਦੇਣ ਵਾਲੇ ਇਸ ਮਹਿਕਮੇ ਦਾ ਵਜ਼ੀਰ ਆਤਮਾ ਸਿੰਘ ਸੀ)। ਇਸ ਸਾਰੀ ਹਾਲਤ ਨੂੰ ਮੱਦੇ-ਨਜ਼ਰ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ, ਵਿਦਵਾਨਾਂ ਤੇ ਹੋਰ ਸਿਰਕਰਦਾ ਸ਼ਖ਼ਸੀਅਤਾਂ ਦੀ ਇਕ ਕਨਵੈਨਸ਼ਨ ਅੰਮ੍ਰਿਤਸਰ ਵਿਚ 17 ਮਈ 1978 ਦੇ ਦਿਨ ਬੁਲਾ ਲਈ। ਇਸ ਕਨਵੈਨਸ਼ਨ ਵਿਚ ਗੁਰਮਤਾ ਪਾਸ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਅਰਜ਼ ਕੀਤੀ ਗਈ ਕਿ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰਨ ਵਾਸਤੇ ਇਕ ਹੁਕਮਨਾਮਾ ਜਾਰੀ ਕੀਤਾ ਜਾਵੇ। ਇਸ ਹੁਕਮਨਾਮੇ ਨੂੰ ਤਿਆਰ ਕਰਨ ਵਾਸਤੇ ਇਕ 7 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਸਿਰਦਾਰ ਕਪੂਰ ਸਿੰਘ, ਗਿਆਨੀ ਲਾਲ ਸਿੰਘ, ਗਿ. ਗੁਰਦਿਤ ਸਿੰਘ, ਗਿ: ਪ੍ਰਤਾਪ ਸਿੰਘ, ਸਤਬੀਰ ਸਿੰਘ, ਪ੍ਰੋ. ਪ੍ਰਕਾਸ਼ ਸਿੰਘ, ਸਾਧੂ ਸਿੰਘ ਭੌਰਾ ਸ਼ਾਮਿਲ ਸਨ। **ਕਿਸੇ ਅਖੌਤੀ ਜਥੇਦਾਰ ਵੱਲੋਂ ਨਹੀਂ** ਬਲਕਿ ਇਸ ਕਮੇਟੀ ਵਲੋਂ ਤਿਆਰ ਕੀਤਾ ਗਿਆ, ਹੁਕਮਨਾਮਾ, ਸਾਧੂ ਸਿੰਘ ਭੌਰਾ, ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ ਨੇ, 10 ਜੂਨ 1978 ਦੇ ਦਿਨ ਜਾਰੀ ਕੀਤਾ। ਇਸ ਹੁਕਮਨਾਮੇ ਵਿਚ ਸਿੱਖਾਂ ਨੂੰ ਨਿਰੰਕਾਰੀਆਂ ਨਾਲ 'ਰੋਟੀ-ਬੇਟੀ ਦੀ ਸਾਂਝ' (ਸਮਾਜਕ ਰਿਸ਼ਤਾ) ਤੇ ਹੋਰ ਸਬੰਧ ਰੱਖਣ ਤੋਂ ਰੋਕ ਦਿੱਤਾ ਗਿਆ।

1984: ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਕੈਪਟਨ ਅਮਰਿੰਦਰ ਸਿੰਘ (ਸਾਬਕਾ ਮਹਾਰਾਜਾ ਪਟਿਆਲਾ) ਅਤੇ ਦਵਿੰਦਰ ਸਿੰਘ ਗਰਚਾ (ਲੁਧਿਆਣਾ) ਨੇ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਅਸਤੀਫ਼ੇ ਦਿੱਤੇ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਕੈਪਟਨ ਅਮਰਿੰਦਰ ਸਿੰਘ ਅਤੇ ਦਵਿੰਦਰ ਸਿੰਘ ਗਰਚਾ ਨੇ 10 ਜੂਨ 1984 ਦੇ ਦਿਨ ਪਾਰਲੀਮੈਂਟ ਦੀ ਮੈਂਬਰੀ ਅਤੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ; ਇਨ੍ਹਾਂ ਨਾਲ ਬੂਟਾ ਸਿੰਘ ਨੇ ਵੀ ਅਸਤੀਫ਼ਾ ਦੇਣ ਦੀ ਪਲਾਨ ਬਣਾਈ ਸੀ ਪਰ ਬਾਅਦ ਵਿਚ ਉਸ ਦਾ ਦਿਲ ਬੇਈਮਾਨ ਹੋ ਗਿਆ ਅਤੇ ਉਹ ਮੁਕਰ ਗਿਆ ਤੇ ਸਿੱਖਾਂ 'ਤੇ ਜ਼ੁਲਮ ਕਰਨ ਵਿਚ ਭਾਈਵਾਲ ਬਣਿਆ।

1988: ਸਰਵਨ ਸਿੰਘ ਤੇ ਪਵਿੰਦਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

10 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਸਵਰਨ ਸਿੰਘ ਤੇ ਪਵਿੰਦਰ ਸਿੰਘ ਉਰਫ਼ ਰਾਮੂ (ਵਾਸੀ ਗਹੀਰਾਂ, ਨਕੋਦਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਅਜੀਤ ਸਿੰਘ ਬਾਹੂ ਤਪਰਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ ਬਾਹੂ (ਵਾਸੀ ਤਪਰਾਲਾ, ਗੁਰਦਾਸਪੁਰ) ਨੂੰ ਇਕ ਨਕਲੀ **ਮੁਕਾਬਲੇ** ਵਿਚ ਸ਼ਹੀਦ ਕਰ ਦਿੱਤਾ।

1990: ਸਲਵਿੰਦਰ ਸਿੰਘ ਬਾਠ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਸਲਵਿੰਦਰ ਸਿੰਘ ਬਾਠ ਨੂੰ ਇਕ ਨਕਲੀ **ਮੁਕਾਬਲੇ** ਵਿਚ ਸ਼ਹੀਦ ਕਰ ਦਿੱਤਾ।

1992: ਅਮਰਿੰਦਰ ਸਿੰਘ ਉਰਫ਼ ਮੌਲਵੀ ਤੇ 7 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਅਰਮਿੰਦਰ ਸਿੰਘ ਮੌਲਵੀ ਤੇ 7 ਹੋਰ ਸਿੱਖ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਅਰਵਿੰਦਰ ਸਿੰਘ ਗੋਲਡੀ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਅਰਵਿੰਦਰ ਸਿੰਘ ਗੋਲਡੀ (ਪੁੱਤਰ ਮਹਿੰਦਰ ਸਿੰਘ ਪੱਤਰਕਾਰ ਅਕਾਲੀ ਪਤ੍ਰਕਾ, ਅਤੇ, ਰੋਜ਼ਾਨਾ ਸਪੋਕਸਮੈਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਮਗਰੋਂ 2012-13 ਵਿਚ ਉਸ ਦੇ ਭਰਾ ਕੁਲਜਿੰਦਰ ਸਿੰਘ ਸਿੱਧੂ ਨੇ 'ਸਾਡਾ ਹੱਕ' ਫ਼ਿਲਮ ਬਣਾਈ, ਜਿਸ ਵਿਚ ਉਸ ਨੇ ਇਸ ਕਹਾਣੀ ਦਾ ਇਕ ਹਿੱਸਾ ਪੇਸ਼ ਕੀਤਾ।

11 ਜੂਨ

1842: ਧਿਆਨ ਸਿੰਹ ਡੋਗਰੇ ਨੇ ਰਾਣੀ ਚੰਦ ਕੌਰ ਨੂੰ ਕਤਲ ਕਰਵਾਇਆ

18 ਜਨਵਰੀ 1841 ਦੇ ਦਿਨ ਸ਼ੇਰ ਸਿੰਘ ਮਹਾਰਾਜਾ ਬਣਿਆ ਅਤੇ 20 ਤਾਰੀਖ਼ ਨੂੰ ਲਾਹੌਰ ਦੇ ਤਖ਼ਤ 'ਤੇ ਬੈਠ ਗਿਆ। ਉਸ ਨੇ ਰਾਣੀ ਚੰਦ ਕੌਰ ਨੂੰ 9 ਲਖ ਰੁਪੈ ਸਾਲਾਨਾ ਦੇਣੇ ਮੰਨ ਲਏ ਗਏ। ਇਸ ਮਗਰੋਂ ਚੰਦ ਕੌਰ ਨੇ ਆਪਣੀ ਸਾਰੀ ਦੌਲਤ ਗੁਲਾਬ ਸਿੰਘ ਡੋਗਰੇ ਦੇ ਨਾਲ ਜੰਮੂ ਭੇਜ ਦਿਤੀ। (ਰਾਣੀ ਦੇ ਕਪੜੇ, ਸੋਨਾ, ਚਾਂਦੀ, ਸਿੱਕੇ, ਮੁਹਰਾਂ, ਪਸ਼ਮੀਨੇ ਵਗ਼ੈਰਾ, 16 ਗੱਡਿਆਂ 'ਤੇ ਲੱਦ ਕੇ, ਜੰਮੂ ਲਿਜਾਏ ਗਏ ਸਨ)। ਇਹ ਸਾਰਾ ਕੁਝ ਉਸ ਵੇਲੇ ਦੇ 80 ਲੱਖ ਅਤੇ ਇਕ ਕਰੋੜ ਰੁਪੈ ਦੇ ਵਿਚਕਾਰ ਸੀ। ਇਹ ਦੌਲਤ ਸਿਰਫ਼ ਰਾਣੀ ਦੀ ਨਿਜੀ ਜਾਇਦਾਦ ਨਹੀਂ ਸੀ ਬਲਕਿ ਇਸ ਵਿਚ ਦਰਬਾਰ ਦਾ ਕਾਫ਼ੀ ਖ਼ਜ਼ਾਨਾ ਵੀ ਸ਼ਾਮਿਲ ਸੀ।(ਮਗਰੋਂ ਗੁਲਾਬ ਸਿੰਹ ਇਸ ਰਕਮ ਨੂੰ ਡਕਾਰ ਗਿਆ)। ਕਿਉਂ ਕਿ ਧਿਆਨ ਸਿੰਹ ਡੋਗਰਾ ਨੇ ਸ਼ੇਰ ਸਿੰਘ ਦੀ ਸਭ ਤੋਂ ਵਧ ਮਦਦ ਕੀਤੀ ਸੀ, ਇਸ ਕਰ ਕੇ ਉਸੇ ਨੇ ਹੀ ਪ੍ਰਾਈਮ ਮਨਿਸਟਰ ਬਣਨਾ ਸੀ। ਉਸ ਨੇ ਹੌਲੀ-ਹੌਲੀ ਫੇਰ ਸਾਰੀ ਤਾਕਤ ਆਪਣੇ ਹੱਥ ਵਿੱਚ ਲੈਣੀ ਸ਼ੁਰੂ ਕਰ ਦਿਤੀ। ਉਸ ਦੇ ਰਾਹ ਵਿਚ ਅਜੇ ਰਾਣੀ ਚੰਦ ਕੌਰ ਦਾ ਕੰਡਾ ਬਾਕੀ ਸੀ। ਇਸ ਦੌਰਾਨ ਇਹ ਕੋਸ਼ਿਸ਼ ਵੀ ਹੋਈ ਕਿ ਚੰਦ ਕੌਰ ਅਤੇ ਸ਼ੇਰ ਸਿੰਘ ਦਾ ਵਿਆਹ ਕਰ ਦਿਤਾ ਜਾਵੇ, ਪਰ ਰਾਣੀ ਦੇ ਭਰਾ ਚੰਦਾ ਸਿੰਘ ਕਨ੍ਹਈਆ ਨੇ ਇਹ ਗੱਲ ਸਿਰੇ ਨਾ ਚੜ੍ਹਨ ਦਿਤੀ। ਜੂਨ 1842 ਵਿਚ ਮਹਾਰਾਜਾ ਸ਼ੇਰ ਸਿੰਘ ਸਿਆਲਕੋਟ (ਇਕ ਸੋਮੇ ਮੁਤਾਬਿਕ ਵਜ਼ੀਰਾਬਾਦ) ਗਿਆ ਹੋਇਆ ਸੀ (ਜਾਂ ਪਲਾਨ ਮੁਤਾਬਿਕ ਆਪ ਚਲਾ ਗਿਆ ਸੀ)। ਧਿਆਨ ਸਿੰਹ ਡੋਗਰਾ ਨੇ ਚੰਦ ਕੌਰ ਦੀਆਂ ਗੋਲੀਆਂ ਨਾਲ ਗੰਢ-ਤਰੁਪ ਪਹਿਲਾਂ ਹੀ ਕੀਤੀ ਹੋਈ ਸੀ। ਉਸ ਨੇ ਇਨ੍ਹਾਂ ਗੋਲੀਆਂ ਹੱਥੋਂ 11 ਜੂਨ 1842 ਦੀ ਰਾਤ ਨੂੰ ਚੰਦ ਕੌਰ ਨੂੰ ਗੁੱਤ ਦੇ ਪਰਾਂਦੇ ਨਾਲ ਉਸ ਦੀਆਂ ਬਾਹਵਾਂ ਬੰਨ੍ਹ ਕੇ ਸਿਰ 'ਤੇ ਪਥੱਰ ਮਾਰ-ਮਾਰ ਕੇ ਉਸ ਦਾ ਸਿਰ ਫੇਹ ਕੇ, ਮਰਵਾ ਦਿਤਾ। ਧਿਆਨ ਸਿੰਹ ਅਜਿਹੀਆਂ ਸਾਜ਼ਿਸ਼ਾਂ ਦਾ ਮਾਹਿਰ ਸੀ।

1915: ਗ਼ਦਰੀਆਂ ਨੇ ਹਥਿਆਰਾਂ ਲਈ ਵੱਲਾ ਪਿੰਡ 'ਚ ਡਾਕਾ ਮਾਰਿਆ

11 ਜੂਨ 1915 ਦੇ ਦਿਨ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਹਥਿਆਰ ਹਾਸਿਲ ਕਰਨ ਵਾਸਤੇ ਵੱਲਾ ਪਿੰਡ (ਨੇੜੇ ਅੰਮ੍ਰਿਤਸਰ) ਵਿਚ ਡਾਕਾ ਮਾਰਿਆ ਜਿਸ ਦੌਰਾਨ ਉਨ੍ਹਾਂ ਹੱਥੋਂ ਕਤਲ ਵੀ ਹੋ ਗਏ। ਮਗਰੋਂ ਇਸ ਕਤਲ ਕੇਸ ਵਿਚ ਕਾਲਾ ਸਿੰਘ (ਜਗਤਪੁਰ, ਅੰਮ੍ਰਿਤਸਰ)), ਚੰਨਣ

ਸਿੰਘ (ਬੂਰ ਚੰਦ, ਲਾਹੌਰ), ਹਰਨਾਮ ਸਿੰਘ (ਠੱਠੀ ਖਾਰਾ, ਅੰਮ੍ਰਿਤਸਰ), ਆਤਮਾ ਸਿੰਘ (ਠੱਠੀ ਖਾਰਾ, ਅੰਮ੍ਰਿਤਸਰ) ਤੇ ਬੰਤਾ ਸਿੰਘ (ਸੰਘਵਾਲ, ਜਲੰਧਰ) ਨੂੰ ਫ਼ਾਂਸੀ ਦਿੱਤੀ ਗਈ।

1964: ਪ੍ਰਤਾਪ ਸਿੰਘ ਕੈਰੋਂ ਦੇ ਖ਼ਿਲਾਫ਼ ਦਾਸ ਕਮਿਸ਼ਨ ਨੇ ਰਿਪੋਰਟ ਪੇਸ਼ ਕੀਤੀ ਤੇ ਕੈਰੋਂ ਨੂੰ ਦਾਗ਼ੀ ਕਰਾਰ ਦਿੱਤਾ

1963 ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਚੌਧਰੀ ਦੇਵੀ ਲਾਲ, ਮੌਲਵੀ ਅਬਦੁਲ ਗਨੀ ਡਾਰ, ਲਾਲਾ ਜਗਤ ਨਰੈਣ ਤੇ ਕਈ ਹੋਰ ਅਪੋਜ਼ੀਸ਼ਨ ਆਗੂਆਂ ਨੇ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨ ਨੂੰ ਕੈਰੋਂ ਵਿਰੁਧ 32 ਦੋਸ਼ਾਂ ਦਾ ਮੈਮੋਰੰਡਮ ਪੇਸ਼ ਕਰ ਕੇ ਪੜਤਾਲ ਦੀ ਮੰਗ ਕੀਤੀ। 29 ਅਗਸਤ 1963 ਨੂੰ ਹਰਦਵਾਰੀ ਲਾਲ, ਗੁਰਦਿਆਲ ਸਿੰਘ ਢਿਲੋਂ, ਕਾਮਰੇਡ ਰਾਮਚੰਦਰ, ਰਾੜੇਵਾਲਾ ਵਗੈਰਾ ਕਾਂਗਰਸੀ ਐਮ.ਐਲ.ਏਜ਼. ਜੋ ਇਕ ਵਖਰੇ ਗਰੁਪ ਦੇ ਤੌਰ 'ਤੇ ਅਸੈਂਬਲੀ 'ਚ ਬੈਠਦੇ ਸਨ, ਨੇ ਕਾਂਗਰਸ ਪ੍ਰਧਾਨ ਨੂੰ ਕੈਰੋਂ ਵਿਰੁਧ ਮੈਮੋਰੰਡਮ ਦਿਤਾ ਤੇ ਪੜਤਾਲ ਦੀ ਮੰਗ ਕੀਤੀ। ਏਨੇ ਪਾਸਿਆਂ ਤੇ ਜ਼ੋਰ ਪੈਣ 'ਤੇ 28 ਅਕਤੂਬਰ 1963 ਨੂੰ ਨਹਿਰੂ ਨੇ ਰਾਸ਼ਟਰਪਤੀ ਨੂੰ ਕੈਰੋਂ ਵਿਰੁਧ ਇਕ ਕਮਿਸ਼ਨ ਬਣਾਉਣ ਦੀ ਸਿਫ਼ਾਰਸ਼ ਕੀਤੀ। ਸੁਪਰੀਮ ਕੋਰਟ ਦੇ ਸਾਬਕ ਚੀਫ਼ ਜਸਟਿਸ ਐਸ.ਆਰ. ਦਾਸ ਨੇ 5 ਦਸੰਬਰ 1963 ਨੂੰ ਕੈਰੋਂ ਦੇ ਖ਼ਿਲਾਫ਼ ਪੜਤਾਲ ਸ਼ੁਰੂ ਕਰ ਦਿੱਤੀ। 27 ਮਈ ਨੂੰ ਪ੍ਰਾਈਮ ਮਨਿਸਟਰ ਨਹਿਰੂ ਦੀ ਮੌਤ ਹੋ ਗਈ। 11 ਜੂਨ 1964 ਨੂੰ ਦਾਸ ਕਮਿਸ਼ਨ ਨੇ ਪ੍ਰਤਾਪ ਸਿੰਘ ਕੈਰੋਂ ਬਾਰੇ ਰਿਪੋਰਟ ਪੇਸ਼ ਕਰ ਦਿਤੀ (ਜੋ 17 ਜੂਨ ਨੂੰ ਛਾਇਆ ਕੀਤੀ ਗਈ)। ਇਸ ਰਿਪੋਰਟ ਨੇ ਕੈਰੋਂ ਨੂੰ ਦਾਗ਼ੀ ਕਰਾਰ ਦਿੱਤਾ।

1982: ਕੁਲਵੰਤ ਸਿੰਘ ਨਾਗੋਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ (ਨਕਲੀ ਮੁਕਾਬਲਿਆਂ ਦਾ ਪਹਿਲਾ ਸ਼ਹੀਦ)

22 ਮਈ 1982 ਨੂੰ ਰਾਤ ਦੇ 8 ਵਜੇ ਪੱਟੀ ਵਿਚ 8 ਖਾੜਕੂਆਂ ਨੇ 8 ਗੋਲੀਆਂ ਚਲਾ ਕੇ ਤਿੰਨ ਬੰਦੇ ਮਾਰ ਦਿੱਤੇ ਅਤੇ 5 ਹੋਰ ਜ਼ਖਮੀ ਕਰ ਦਿੱਤੇ ਸਨ। ਇਸ ਕੇਸ ਵਿਚ ਪੁਲੀਸ ਨੇ ਦਸ ਦਿਨ ਮਗਰੋਂ (2 ਜੂਨ ਨੂੰ) ਸੁਖਦੇਵ ਸਿੰਘ ਬਬਰ (ਦਾਸੂਵਾਲ), ਅਣੋਖ ਸਿੰਘ (ਵਹਿੰਗ), ਕੁਲਵੰਤ ਸਿੰਘ (ਜਗਾਧਰੀ), ਧੰਨਾ ਸਿੰਘ (ਬਹਾਦਰਗੜ੍ਹ), ਸ਼ੇਰ ਸਿੰਘ (ਮੀਆਂ ਵਿੰਡ), ਸੂਬਾ ਸਿੰਘ, ਬਲਵਿੰਦਰ ਸਿੰਘ, ਸੁਲੱਖਣ ਸਿੰਘ, ਜਗਤ ਸਿੰਘ, ਸੁਰਿੰਦਰ ਸਿੰਘ (ਜਗਾਧਰੀ), ਲੱਖਾ ਸਿੰਘ ਅਤੇ ਕੁਲਵੰਤ ਸਿੰਘ (ਨਾਗੋਕੇ), ਬਲਵਿੰਦਰ ਸਿੰਘ, ਅਮਰ ਸਿੰਘ ਵਗ਼ੈਰਾ ਦੇ ਵਾਰੰਟ ਕੱਢ ਦਿੱਤੇ ਤੇ ਇਨ੍ਹਾਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦੇ ਦਿੱਤਾ। ਮਗਰੋਂ ਇਨ੍ਹਾਂ ਵਿੱਚੋਂ ਬਲਵਿੰਦਰ ਸਿੰਘ, ਸ਼ੇਰ ਸਿੰਘ, ਕੁਲਵੰਤ ਸਿੰਘ ਨਾਗੋਕੇ ਅਤੇ ਅਮਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਪੁਲੀਸ ਨੇ ਕੁਲਵੰਤ ਸਿੰਘ ਨਾਗੋਕੇ ਨੂੰ ਗ੍ਰਿਫ਼ਤਾਰ ਕਰ ਕੇ ਉਸ ਉੱਤੇ ਬੇਹੱਦ ਤਸ਼ੱਦਦ ਕੀਤਾ। ਉਸ 'ਤੇ ਏਨਾ ਤਸ਼ੱਦਦ ਕੀਤਾ ਗਿਆ ਕਿ ਉਸ ਨੂੰ ਅਦਾਲਤ ਵਿਚ ਪੇਸ਼ ਨਹੀਂ ਸੀ ਕੀਤਾ ਜਾ ਸਕਦਾ। ਇਸ ਕਰ ਕੇ ਪੁਲੀਸ ਨੇ ਝੂਠੀ ਕਹਾਣੀ ਘੜ ਕੇ 10 ਜੂਨ ਨੂੰ ਉਸ ਦੇ ਮਫ਼ਰੂਰ ਹੋ ਜਾਣ ਦੀ ਖ਼ਬਰ ਜਾਰੀ ਕਰ ਦਿੱਤੀ ਅਤੇ 11 ਜੂਨ 1982 ਨੂੰ ਸਵੇਰੇ ਢਾਈ ਵਜੇ ਉਸ ਨੂੰ ਵੱਲਾ ਪਿੰਡ ਕੋਲ ਗੋਲੀਆਂ ਮਾਰ ਕੇ ਮਾਰ ਦਿੱਤਾ। ਉਸ ਦੀ ਦੇਹ ਦਾ ਡਾਕਟਰੀ ਮੁਆਇਨਾ ਕਰਨ 'ਤੇ ਪਤਾ ਲੱਗਾ ਕਿ ਉਸ ਦੀ ਇਕ ਲੱਤ ਤਿੰਨ ਜਗਹ ਤੋਂ ਟੁੱਟੀ ਹੋਈ ਸੀ, ਕੂਲ੍ਹਾ ਵੀ ਟੁੱਟਿਆ ਹੋਇਆ ਸੀ ਅਤੇ ਇਸ ਤੋਂ ਇਲਾਵਾ ਇਕ ਦਰਜਨ ਹੋਰ ਹੱਡੀਆਂ ਵੀ ਟੁੱਟੀਆਂ ਹੋਈਆਂ ਸਨ। ਇਸ ਕਤਲ ਪਿੱਛੇ ਬਚਨ ਸਿੰਘ ਡੀ.ਐਸ.ਪੀ. ਹਰਜੀਤ ਸਿੰਘ, ਹਰਪਾਲ ਭਈਆ, ਸੇਵਕ ਸਿੰਘ ਤੇ ਮੋਹਨ ਲਾਲ ਪੁਲਸੀਏ ਜ਼ਿੰਮੇਵਾਰ ਸਨ। ਕੁਲਵੰਤ ਸਿੰਘ ਨੂੰ ਦਰਖਤ ਨਾਲ ਬੰਨ੍ਹ ਕੇ 24

ਗੋਲੀਆਂ ਮਾਰੀਆਂ ਗਈਆਂ ਸਨ। ਪੁਲੀਸ ਵੱਲੋਂ ਕਿਸੇ ਵੀ ਸਿੱਖ ਦਾ ਇਹ ਪਹਿਲਾ ਨਕਲੀ 'ਪੁਲੀਸ ਮੁਕਾਬਲਾ' ਸੀ ਤੇ ਇਸ ਤੋਂ ਮਗਰੋਂ ਬੇਅੰਤ ਸਿੱਖਾਂ ਨੂੰ ਇਸ ਤਰੀਕੇ ਨਾਲ ਕਤਲ ਕੀਤਾ ਗਿਆ। ਮਗਰੋਂ 1984 ਵਿਚ ਬਚਨ ਸਿੰਘ ਪੂਰੇ ਟੱਬਰ ਸਣੇ ਖਾੜਕੂਆਂ ਹੱਥੋਂ ਮਾਰਿਆ ਗਿਆ।

1984: ਦਲ ਖਾਲਸਾ ਨੇ ਲੰਡਨ ਵਿਚ ਜਲਾਵਤਨ ਸਰਕਾਰ ਦਾ ਐਲਾਨ ਕੀਤਾ।

11 ਜੂਨ 1984 ਦੇ ਦਿਨ ਲੰਡਨ ਵਿਚ ਦਲ ਖਾਲਸਾ ਨੇ ਜਲਾਵਤਨ ਸਰਕਾਰ ਦਾ ਐਲਾਨ ਕਰ ਦਿੱਤਾ; ਇਸ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਵਿਦੇਸ਼ ਮੰਤਰੀ, ਜਸਵੰਤ ਸਿੰਘ ਠੇਕੇਦਾਰ ਡਿਫੈਂਸ ਮੰਤਰੀ, ਮਨਮੋਹਣ ਸਿੰਘ ਬਜਾਜ ਗ੍ਰਹਿ ਮੰਤਰੀ ਤੇ ਗਜਿੰਦਰ ਸਿੰਘ ਹਾਈਜੈਕਰ ਖੇਤੀ ਮੰਤਰੀ ਬਣਾਏ ਗਏ ਸਨ। ਇਸ ਤੋਂ ਦੋ ਦਿਨ ਬਾਅਦ ਜਗਜੀਤ ਸਿੰਘ ਚੌਹਾਨ ਨੇ ਵੀ ਸਰਕਾਰ ਦਾ ਐਲਾਨ ਕੀਤਾ ਸੀ; ਜਿਸ ਵਿਚ ਉਹ ਆਪ 'ਰਾਸ਼ਟਰਪਤੀ' ਬਣਿਆ ਸੀ।

1987: ਪਰਮਜੀਤ ਸਿੰਘ ਪੰਮਾ, ਕੁਲਦੀਪ ਸਿੰਘ ਬੈਂਸ ਦਿਓਤਾ ਤੇ ਜਤਿੰਦਰ ਸਿੰਘ ਦਸੂਹਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

11 ਜੂਨ 1987 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ ਪੰਮਾ (ਪੁੱਤਰ ਭਾਈ ਗੁਰਦੇਵ ਸਿੰਘ ਖੋਜਾ. ਸ਼ਾਮਚੁਰਾਸੀ) ਨੂੰ ਰਾਏਪੁਰ (ਮੁਕੇਰੀਆਂ) ਕੋਲ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਕੁਲਦੀਪ ਸਿੰਘ ਬੈਂਸ (ਪੁੱਤਰ ਭਾਈ ਸ਼ਿਵਦੇਵ ਸਿੰਘ ਬੈਂਸ) ਪੱਜੋ ਦਿਓਤਾ ਨੂੰ ਵੀ ਪੁਲਸ ਨੇ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਇਹ ਹੋਰ ਜਗਹ ਜਤਿੰਦਰ ਸਿੰਘ ਬਬਰ (ਪੁੱਤਰ ਹਰਬੰਸ ਸਿੰਘ ਮੰਝਪੁਰ ਅਰਜਨ ਕਲੋਨੀ, ਦਸੂਹਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1992: ਜਗੀਰ ਸਿੰਘ ਦੀਨਾ, ਕੁਲਦੀਪ ਸਿੰਘ ਅਮਰਜੀਤ ਸਿੰਘ, ਰਜਿੰਦਰ ਸਿੰਘ, ਬੂਟਾ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸਿੱਖ ਸ਼ਹੀਦ

11 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਜਗੀਰ ਸਿੰਘ ਦੀਨਾ, ਕੁਲਦੀਪ ਸਿੰਘ ਅਮਰਜੀਤ ਸਿੰਘ, ਰਜਿੰਦਰ ਸਿੰਘ, ਬੂਟਾ ਸਿੰਘ (ਪੁੱਤਰ ਬਸੰਤਾ ਸਿੰਘ, ਵਾਸੀ ਭਾਮਰੀ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2012: ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕਰਨ ਵਾਲਾ ਸਾਧੂ ਕਤਲ

11 ਜੂਨ 2012 ਦੇ ਦਿਨ ਤਿੰਨ ਨੌਜੁਆਨਾਂ (ਨਰਿੰਦਰ ਸਿੰਘ ਸਹਿਨਾ, ਗੁਰਸੇਵਕ ਸਿੰਘ ਤੇ ਨਿਰਮਲ ਸਿੰਘ ਖਰਲੀਆ) ਨੇ 13 ਫ਼ਰਵਰੀ ਦੇ ਦਿਨ ਪੀਲੀਆ ਬੰਗਾ (ਰਾਜਿਸਥਾਨ) ਵਿਚ ਗੁਰੂ ਗ੍ਰੰਥ ਸਾਹਿਬ ਦੇ 4 ਸਰੂਪਾਂ ਨੂੰ ਨਹਿਰ ਵਿਚ ਸੁੱਟ ਕੇ ਬੇਅਦਬੀ ਕਰਨ ਵਾਲੇ ਸਾਧ 73 ਸਾਲਾ ਸੂਰਜ ਮੁਨੀ ਨੂੰ ਕਤਲ ਕਰ ਦਿੱਤਾ।

12 ਜੂਨ

1958: ਜਲੰਧਰ ਵਿਚ ਸਿੱਖ ਸਟੇਟ ਕਾਨਫ਼ਰੰਸ ਕੀਤੀ ਗਈ

12 ਜੂਨ 1958 ਦੇ ਦਿਨ ਗੁਰਦੁਆਰਾ ਸੈਂਟਰਲ ਟਾਊਨ ਜਲੰਧਰ ਵਿਚ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਅਤੇ ਸਿਰਦਾਰ ਗੁਰਚਰਨ ਸਿੰਘ ਗਰੀਬ ਦੀ ਅਗਵਾਈ ਹੇਠ ਇਕ ਸਿੱਖ ਸਟੇਟ ਕਾਨਫ਼ਰੰਸ ਕਰਵਾਈ ਗਈ ਜਿਸ ਵਿਚ ਉਨ੍ਹਾਂ ਨੇ ਖੁਲ੍ਹੇਆਮ ਸਿੱਖ ਸਟੇਟ ਦੀ ਕਾਇਮੀ ਦੀ ਮੰਗ ਕੀਤੀ (ਸਿਰਫ਼ ਪੰਜ ਮਹੀਨੇ ਪਹਿਲਾਂ ਹੀ ਇਸੇ ਪ੍ਰੀਤਮ ਸਿੰਘ ਗੋਜਰਾਂ ਨੇ ਸ਼੍ਰੋਮਣੀ

ਅਕਾਲੀ ਦਲ ਦੇ ਖ਼ਿਲਾਫ਼ 'ਨਿਊ ਮਾਲਵਾ ਅਕਾਲੀ ਦਲ' ਬਣਾਉਣ ਵਿਚ ਵੀ ਰੋਲ ਅਦਾ ਕੀਤਾ ਸੀ)।

1960: ਦਿੱਲੀ 'ਚ ਸਿੱਖਾਂ ਨੂੰ ਜਲੂਸ ਕੱਢਣੋਂ ਰੋਕਣ ਲਈ ਵਹਿਸ਼ੀ ਜ਼ੁਲਮ ਕੀਤੇ ਗਏ

2 ਮਈ 1960 ਦੀ ਅੰਮ੍ਰਿਤਸਰ ਦੀ ਕਨਵੈਨਸ਼ਨ ਵਿਚ ਅਕਾਲੀ ਦਲ ਨੇ ਐਲਾਨ ਕੀਤਾ ਕਿ ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਵਾਸਤੇ ਪ੍ਰਚਾਰ ਕੀਤਾ ਜਾਵੇ ਅਤੇ ਇਸ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਵੇ। ਭਾਰਤ ਅਤੇ ਪੰਜਾਬ ਸਰਕਾਰ ਨੇ 12 ਜੂਨ ਨੂੰ ਦਿਲੀ ਵਿਚ ਕੱਢੇ ਜਾਣ ਵਾਲੇ ਜਲੂਸ ਨੂੰ ਰੋਕਣ ਵਾਸਤੇ ਸਰਗਰਮੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ 15 ਦਿਨ ਪਹਿਲਾਂ ਡਿਪਟੀ ਕਮਿਸ਼ਨਰ ਦਿੱਲੀ ਨੂੰ ਜਲੂਸ ਕੱਢਣ ਵਾਸਤੇ ਦਰਖ਼ਾਸਤ ਦਿਤੀ ਜਾ ਚੁਕੀ ਸੀ ਪਰ ਪੰਜਾਬ ਦੇ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ, ਪੰਡਤ ਜਵਾਹਰ ਲਾਲ ਨਹਿਰੂ, ਪੰਡਤ ਪੰਤ ਵਗ਼ੈਰਾ ਸਾਰੇ ਜ਼ੋਰ ਲਾ ਰਹੇ ਸਨ ਕਿ ਜਾਂ ਤਾਂ ਇਹ ਜਲੂਸ ਨਿਕਲਣ ਨਾ ਦਿੱਤਾ ਜਾਵੇ ਅਤੇ ਜੇ ਜਲੂਸ ਨਿਕਲਣਾ ਸ਼ੁਰੂ ਵੀ ਹੋਵੇ ਤਾਂ ਉਸ ਜਲੂਸ ਵਿਚ ਸ਼ਾਮਲ ਹੋਣ ਵਾਲੇ ਸਿੱਖਾਂ ਨੂੰ ਏਨੀ ਕੁਟ-ਮਾਰ ਕੀਤੀ ਜਾਏ ਕਿ ਉਹ ਅਕਾਲੀ ਦਲ ਦੇ ਮੋਰਚਿਆਂ ਤੋਂ ਤੌਬਾ ਕਰ ਜਾਣ। ਪੰਜਾਬ ਸਰਕਾਰ ਨੇ ਪੰਜਾਬ ਵਿਚ ਹਰ ਰੇਲਵੇ ਸਟੇਸ਼ਨ 'ਤੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ। ਜਿਹੜਾ ਸਿੱਖ ਵੀ ਦਿੱਲੀ ਦੀ ਟਿਕਟ ਲੈਂਦਾ ਸੀ ਉਸ ਨੂੰ ਰੋਕ ਕੇ ਉਸ ਦੀ ਪੁਛ-ਪੜਤਾਲ ਕੀਤੀ ਜਾਂਦੀ ਸੀ ਅਤੇ ਜੇ ਉਹ ਪੁਲਿਸ ਦੀ ਤੱਸਲੀ ਨਾ ਕਰਵਾ ਸਕਦਾ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਜਾਂਦਾ ਸੀ। ਅਜਿਹੇ ਪੁਲਿਸ ਪਹਿਰੇ ਬੱਸਾਂ ਦੇ ਅੱਡਿਆਂ 'ਤੇ ਵੀ ਲਾਏ ਗਏ ਸਨ। 9 ਤੋਂ 12 ਜੂਨ ਤਕ ਹਜ਼ਾਰਾਂ ਸਿੱਖਾਂ ਨੂੰ ਸਟੇਸ਼ਨਾਂ ਅਤੇ ਬੱਸ ਅੱਡਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਕੱਲੀ 11 ਤਾਰੀਖ਼ ਨੂੰ ਦੋ ਹਜ਼ਾਰ ਤੋਂ ਵੱਧ ਸਿੱਖ ਸਿਰਫ਼ ਦਿੱਲੀ-ਪੰਜਾਬ ਸਰਹੱਦ 'ਤੇ ਗ੍ਰਿਫ਼ਤਾਰ ਕੀਤੇ ਗਏ ਸਨ।

ਦਿੱਲੀ ਵਿਚ ਵੀ ਸੈਂਕੜਿਆਂ ਦੀ ਗਿਣਤੀ ਵਿਚ ਅਕਾਲੀ ਲੀਡਰ ਅਤੇ ਵਰਕਰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਭੇਜ ਦਿੱਤੇ ਗਏ ਪਰ ਰਛਪਾਲ ਸਿੰਘ ਜਥੇਦਾਰ ਜਗਤਾਰ ਸਿੰਘ ਅਤੇ ਉਨ੍ਹਾਂ ਦੇ ਕਈ ਹੋਰ ਸਾਥੀ ਪੁਲਿਸ ਨੂੰ ਝਕਾਨੀ ਦੇ ਕੇ ਗੁਰਦੁਆਰਾ ਸੀਸ ਗੰਜ ਵਿਚ ਪਹੁੰਚ ਗਏ ਅਤੇ ਐਲਾਨ ਕੀਤਾ ਕਿ 12 ਜੂਨ ਦਾ ਜਲੂਸ ਹਰ ਹਾਲਤ ਵਿਚ ਕੱਢਿਆ ਜਾਵੇਗਾ। 10 ਜੂਨ ਨੂੰ ਦਿੱਲੀ ਦੇ ਡਿਪਟੀ ਕਮਿਸ਼ਨਰ ਬੈਨਰਜੀ ਨੇ ਸਿੱਖਾਂ ਦੇ ਜਲੂਸ 'ਤੇ ਪਾਬੰਦੀ ਲਾ ਦਿਤੀ। ਉਧਰ ਪੰਜਾਬ ਸਰਕਾਰ ਨੇ ਵੀ ਇਸ ਜਲੂਸ ਨੂੰ ਨਾ ਨਿਕਲਣ ਦੇਣ ਦਾ ਐਲਾਨ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਪੰਜਾਬ ਅਤੇ ਦਿੱਲੀ ਵਿਚਕਾਰਲੀ ਸਰਹੱਦ ਸੀਲ ਕਰ ਦਿੱਤੀ ਗਈ। ਦਿੱਲੀ ਦੇ ਸਾਰੇ ਪਾਸੇ ਪੁਲੀਸ ਨੇ ਨਾਕੇ ਲਾ ਲਏ। ਸਿਰਫ਼ ਗੱਡੀਆਂ ਅਤੇ ਬੱਸਾਂ ਹੀ ਨਹੀਂ, ਬਲਕਿ ਦਿੱਲੀ ਵਲ ਸਾਈਕਲਾਂ 'ਤੇ ਆਉਣ ਵਾਲੇ ਅਤੇ ਪੈਦਲ ਦਾਖ਼ਿਲ ਹੋਣ ਵਾਲੇ ਵੀ ਗ੍ਰਿਫ਼ਤਾਰ ਕੀਤੇ ਜਾਣ ਲੱਗ ਪਏ। ਹੋਰ ਤਾਂ ਹੋਰ ਕਚਹਿਰੀਆਂ ਵਿਚ ਪੇਸ਼ੀ 'ਤੇ ਆਉਣ ਵਾਲੇ ਸਿੱਖ ਵੀ ਗ੍ਰਿਫ਼ਤਾਰ ਹੁੰਦੇ ਰਹੇ।

ਦੁਪਹਿਰ 2 ਵਜੇ ਤਕ ਗੁਰਦੁਆਰਾ ਸੀਸ ਗੰਜ ਵਿਚ 30 ਹਜ਼ਾਰ ਤੋਂ ਵੱਧ ਸਿੱਖ ਇਕੱਠੇ ਹੋ ਚੁਕੇ ਸਨ। ਏਨੀ ਗਿਣਤੀ ਵਿਚ ਸਿੱਖਾਂ ਨੂੰ ਇਕੱਠੇ ਹੋਏ ਵੇਖ ਕੇ ਦਿੱਲੀ ਅਤੇ ਪੰਜਾਬ ਦੇ ਅਫ਼ਸਰ ਅਤੇ ਸਾਰੇ ਕਾਂਗਰਸੀ ਆਗੂ ਘਬਰਾ ਗਏ। ਉਨ੍ਹਾਂ ਅੰਦਰ ਇਕ ਤਾਂ ਡਰ ਸੀ ਕਿ ਜੇ ਸਿੱਖ ਧੱਕੇ ਨਾਲ ਜਲੂਸ ਕੱਢਣ ਵਿਚ ਕਾਮਯਾਬ ਹੋ ਗਏ ਤਾਂ ਸਰਕਾਰ ਤੇ ਪੁਲਿਸ ਦੀ ਬੇਇਜ਼ਤੀ ਹੋਵੇਗੀ ਅਤੇ ਜੇ ਜਲੂਸ ਰੋਕਣ ਵਾਸਤੇ ਲਾਠੀਚਾਰਜ, ਅਥਰੂ ਗੈਸ ਜਾਂ ਗੋਲੀ ਚਲਾਉਣ ਦੀ ਹਰਕਤ ਕੀਤੀ ਗਈ ਤਾਂ ਇਸ ਕਾਰਵਾਈ ਦਾ ਵੀ ਸਿੱਖਾਂ ਨੂੰ ਫ਼ਾਇਦਾ ਹੋਵੇਗਾ ਅਤੇ ਸਰਕਾਰ ਦੇ ਖ਼ਿਲਾਫ਼ ਰੋਸ ਵਧੇਗਾ। ਕਾਬਲੇ-ਜ਼ਿਕਰ ਗੱਲ ਤਾਂ ਇਹ ਹੈ ਕਿ ਇਸ ਮੌਕੇ 'ਤੇ ਦੁਨੀਆਂ ਭਰ

ਦੇ ਅਖ਼ਬਾਰਾਂ ਦੇ ਨਾਮਾਨਿਗਾਰ ਤੇ ਪ੍ਰੈੱਸ ਫ਼ੋਟੋਗਰਾਫ਼ਰ ਪੁੱਜੇ ਹੋਏ ਸਨ। ਉਸ ਜਗ੍ਹਾ ਲਗੇ ਇਕ ਸਪੀਕਰ ਤੋਂ ਅਚਾਨਕ ਐਲਾਨ ਕੀਤਾ ਗਿਆ ਕਿ ਸਰਕਾਰ ਨੇ ਜਲੂਸ ਕੱਢਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ 'ਤੇ ਸਿੱਖ ਜੈਕਾਰੇ ਗਜਾਉਂਦੇ ਹੋਏ ਲਾਲ ਕਿਲ੍ਹੇ ਵਲ ਵਧੇ। ਥੋੜ੍ਹੀ ਦੂਰ 'ਤੇ ਪੁਲਿਸ ਭਾਰੀ ਗਿਣਤੀ ਵਿਚ ਖੜੀ ਹੋਈ ਸੀ। ਜਿਉਂ ਹੀ ਜਲੂਸ ਉੱਥੇ ਪਹੁੰਚਿਆ ਪੁਲਿਸ ਨੇ ਸਿੱਖਾਂ ਨੂੰ ਫੜ ਕੇ ਪੁਲਿਸ ਦੀਆਂ ਗੱਡੀਆਂ ਵਿਚ ਭਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਮਿੰਟਾਂ ਵਿਚ ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹ ਪਹੁੰਚਾ ਦਿਤੇ ਗਏ। ਦਰਅਸਲ ਜਲੂਸ ਦਾ ਇਹ ਰੂਟ ਨਹੀਂ ਸੀ। ਜਲੂਸ ਨੇ ਘੰਟਾ ਘਰ ਵੱਲੋਂ ਜਾਣਾ ਸੀ। ਸ਼ਾਮ ਦੇ 4 ਵਜੇ, ਦੱਸੇ ਹੋਏ ਵਕਤ 'ਤੇ, ਹਰਬੰਸ ਸਿੰਘ (ਫ਼ਰੰਟੀਅਰ ਮੇਲ) ਦੀ ਅਗਵਾਈ ਹੇਠ 4 ਸਿੱਖਾਂ ਦਾ ਪਹਿਲਾਂ ਜਥਾ ਕਾਲੇ ਚੋਲੇ ਪਾ ਕੇ ਨਿਕਲਿਆ ਅਤੇ ਪਾਠ ਕਰਦਾ ਹੋਇਆ ਘੰਟਾਘਰ ਵਲ ਚਲ ਪਿਆ। ਥੋੜ੍ਹੀ ਦੂਰ ਜਾ ਕੇ ਉਨ੍ਹਾਂ ਦਾ ਸਾਹਮਣਾ ਪੁਲਿਸ ਦੀ ਵੱਡੀ ਧੜੇ ਨਾਲ ਹੋਇਆ। ਜਥੇ ਦੇ ਪਿਛੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਪਾਠ ਕਰਦੇ ਹੋਏ ਆ ਰਹੇ ਸਨ। ਦਿੱਲੀ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਿਲੀਆਂ ਹਦਾਇਤਾਂ ਮੁਤਾਬਿਕ ਪੁਲਿਸ ਨੇ ਇਕ ਦਮ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਘੰਟਾਘਰ ਤੋਂ ਲਾਲ ਕਿਲ੍ਹਾ ਤਕ ਇਕ ਪਾਸੇ, ਅਤੇ ਫ਼ਤਿਹਪੁਰੀ ਤਕ ਦੂਜੇ ਪਾਸੇ ਲਾਠੀਚਾਰਜ ਅਤੇ ਟੀਅਰ ਗੈਸ ਦੇ ਗੋਲਿਆਂ ਦਾ ਮੀਂਹ ਵਰ੍ਹਨ ਲਗ ਪਿਆ। ਪੁਲਿਸ ਨੇ ਇਸ ਇਲਾਕੇ ਵਿਚ ਕਿਸੇ ਵੀ ਸਿੱਖ ਨੂੰ ਨਾ ਬਖ਼ਸ਼ਿਆ। ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਆ ਕੇ ਵੀ ਪੁਲਿਸ ਨੇ ਪੁਰਅਮਨ ਖੜੇ ਹੋਏ ਸਿੱਖਾਂ 'ਤੇ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਨਾਲ ਸੈਂਕੜੇ ਸਿੱਖ ਜ਼ਖ਼ਮੀ ਹੋ ਗਏ।

ਲਾਠੀਚਾਰਚ ਅਤੇ ਟੀਅਰਗੈਸ ਤੋਂ ਬਾਅਦ ਪੁਲਿਸ ਦੇ ਸੈਂਕੜੇ ਘੋੜ-ਸਵਾਰ ਸਿਪਾਹੀਆਂ ਨੇ ਗਰਾਊਂਡ ਦੇ ਨਾਲ ਲਗਦੀਆਂ ਸਾਰੀਆਂ ਦੀਆਂ ਸੜਕਾਂ ਤੇ ਦਗੜ-ਦਗੜ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਸਿੱਖ ਘੋੜਿਆਂ ਦੀਆਂ ਸੁੰਮਾਂ ਨਾਲ ਜ਼ਖ਼ਮੀ ਕੀਤੇ ਗਏ। ਇਸ ਦੇ ਨਾਲ ਹੀ ਪੈਦਲ ਅਤੇ ਜੀਪਾਂ 'ਤੇ ਸਵਾਰ ਪੁਲਿਸ ਵੀ ਸਾਰੇ ਪਾਸੇ ਲਾਠੀਚਾਰਜ ਕਰਦੀ ਰਹੀ। ਟੀਅਰ ਗੈਸ ਸ਼ਾਮ ਦੇਰ ਤਕ ਚਲਾਈ ਜਾਂਦੀ ਰਹੀ। ਪੁਲਿਸ ਦੀ ਦਹਿਸ਼ਤ ਦੀ ਹੱਦ ਏਥੋਂ ਤਕ ਸੀ ਕਿ ਜ਼ਖ਼ਮੀ ਹੋਏ ਅਤੇ ਸ਼ਹੀਦ ਹੋਏ ਸਿੱਖਾਂ ਨੂੰ ਵੀ ਪੁਲਿਸ ਨੇ ਲਾਰੀਆਂ ਵਿਚ ਸੁੱਟਿਆ ਅਤੇ ਠਾਣੇ ਲੈ ਗਈ। ਇਕ ਅੰਦਾਜ਼ੇ ਮੁਤਾਬਿਕ ਘੱਟੋ-ਘੱਟ ਇਕ ਦਰਜਨ ਸਿੱਖ ਸ਼ਹੀਦ ਹੋਏ। ਜਦਕਿ ਪੁਲਿਸ ਨੇ ਸਿਰਫ਼ 2 ਸਿੱਖਾਂ ਦੀ ਸ਼ਹੀਦੀ ਨੂੰ ਮੰਨਿਆ। ਸਿੱਖ ਸੋਮਿਆਂ ਮੁਤਾਬਿਕ ਇਕ ਹਜ਼ਾਰ ਤੋਂ 12 ਸੌ ਤਕ ਸਿੱਖ ਪੁਲਿਸ ਦੀਆਂ ਲਾਠੀਆਂ ਅਤੇ ਘੋੜਿਆਂ ਦੀਆਂ ਸੁੰਮਾਂ ਹੇਠ ਦਰੜੇ ਜਾਣ ਕਰ ਕੇ ਜ਼ਖ਼ਮੀ ਹੋਏ।

ਪੁਲਿਸ ਦੇ ਜ਼ੁਲਮ ਦੀ ਹੱਦ ਏਥੋਂ ਤਕ ਸੀ ਕਿ ਜਿਥੇ ਵੀ ਕੋਈ ਪੱਗ ਵਾਲਾ ਨਜ਼ਰ ਆਉਂਦਾ ਸੀ ਉਸ ਨੂੰ ਲਾਠੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ ਜਾਂਦਾ ਸੀ। ਇਕ ਅੰਦਾਜ਼ੇ ਮੁਤਾਬਿਕ ਸੀਸ ਗੰਜ ਗੁਰਦੁਆਰੇ ਤੋਂ ਤਿੰਨ ਕਿਲੋਮੀਟਰ ਦੂਰ ਤਕ ਸੜਕਾਂ ਅਤੇ ਗਲੀਆਂ ਵਿਚ ਪੁਲਿਸ ਨੇ ਸਿੱਖਾਂ ਦਾ ਸ਼ਿਕਾਰ ਕੀਤਾ। ਪੁਲਿਸ ਨੂੰ ਪੱਗ ਵਾਲਿਆਂ ਨਾਲ ਏਨੀ ਨਫ਼ਰਤ ਸੀ ਕਿ ਇਕ ਮੁਸਲਮਾਨ ਮੌਲਵੀ, ਜਿਸ ਨੇ ਪੱਗ ਬੰਨ੍ਹੀ ਹੋਈ ਸੀ, ਵੀ ਪੁਲਿਸ ਦੇ ਜ਼ੁਲਮ ਦਾ ਸ਼ਿਕਾਰ ਹੋਇਆ। ਪੁਲਿਸ ਪਾਗਲਾਂ ਵਾਂਗ ਸਿੱਖਾਂ 'ਤੇ ਹਮਲੇ ਕਰ ਰਹੀ ਸੀ। ਸਿੱਖਾਂ ਨੂੰ ਦੁਕਾਨਾਂ ਤੇ ਹੋਟਲਾਂ ਵਿਚੋਂ ਕੱਢ ਕੇ ਵੀ ਕੁੱਟਿਆ ਜਾ ਰਿਹਾ ਸੀ। ਇਕ ਰਿਕਸ਼ਾ ਡਰਾਈਵਰ, ਜੋ ਸਵਾਰੀਆਂ ਲੱਭ ਰਿਹਾ ਸੀ, ਨੂੰ ਵੀ ਪੁਲਿਸ ਨੇ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਤੇ ਫਿਰ ਜੇਲ੍ਹ ਵਿਚ ਸੁੱਟ ਦਿੱਤਾ, ਜਿਥੇ ਉਹ ਸ਼ਹੀਦ ਹੋ ਗਿਆ। ਗੁਰਦੁਆਰਾ ਸੀਸ ਗੰਜ ਦੇ ਕੋਲ ਇਕ ਮੁਹੱਲੇ ਵਿਚ ਇਕ ਸਿੱਖ ਕਿਸੇ ਦੁਕਾਨ ਤੋਂ ਸੋਡਾ ਖਰੀਦ ਰਿਹਾ ਸੀ। ਇਕ ਪੁਲਸੀਏ ਨੇ ਉਸ ਦੇ ਕੋਲ ਜਾ ਕੇ

ਉਸ ਨੂੰ ਬੁਰੀ ਤਰ੍ਹਾਂ ਮਾਰਿਆ। ਉਹ ਕਹਿਣ ਲੱਗਾ ''ਮੈਂ ਇਕ ਪ੍ਰੋਫ਼ੈਸਰ ਹਾਂ ਤੇ ਮੈਂ ਜਲੂਸ ਵਿਚ ਸ਼ਾਮਿਲ ਨਹੀਂ ਹਾਂ।'' ਪੁਲਿਸ ਵਾਲੇ ਨੇ ਉਸ ਨੂੰ ਮਾਰਨਾ ਜਾਰੀ ਰੱਖਿਆ ਅਤੇ ਆਖਿਆ: ''ਤੁਮ ਪ੍ਰੋਫ਼ੈਸਰ ਹੋ ਜਾਂ ਕੁਛ ਔਰ, ਸਾਲੇ ਸਿੱਖ ਤੋ ਹੈ।''

ਇਸ ਜ਼ੁਲਮ ਨੇ 1922 ਵਿਚ ਸਿੱਖਾਂ ਤੇ ਗੁਰੂ ਦਾ ਬਾਗ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਏ ਜ਼ੁਲਮ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦੁਨੀਆਂ ਭਰ ਦੇ ਪ੍ਰੈਸ ਨੇ ਇਸ ਦੀ ਜ਼ਬਰਦਸਤ ਨਿੰਦਾ ਕੀਤੀ। *ਬੀ.ਬੀ.ਸੀ.* ਨੇ ਸਿੱਖਾਂ 'ਤੇ ਜ਼ੁਲਮ ਦੀ ਤਸਵੀਰ ਲੋਕਾਂ ਤਕ ਪਹੁੰਚਾਈ। ਪਾਕਿਸਤਾਨ ਦੀਆਂ ਅਖ਼ਬਾਰਾਂ *ਇਮਰੋਜ਼* ਅਤੇ *ਪਾਕਿਸਤਾਨ ਟਾਈਮਜ਼* ਲਗਾਤਾਰ ਤਿੰਨ ਦਿਨ ਇਸ ਜ਼ੁਲਮ ਬਾਰੇ ਲਿਖਦੀਆਂ ਰਹੀਆਂ। *ਨਿਊਯਾਰਕ ਟਾਈਮਜ਼* ਨੇ ਲਿਖਿਆ:''ਮੇਰੀਆਂ ਅੱਖਾਂ ਸਾਹਮਣੇ ਬੇਗੁਨਾਹ ਸਿੱਖਾਂ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ ਗਿਆ।

ਵਾਸ਼ਿੰਗਟਨ ਪੋਸਟ ਅਖ਼ਬਾਰ ਨੇ ਵੀ ਲਿਖਿਆ: ''ਪੁਲਿਸ ਨੇ ਗਰਾਊਂਡ ਵਿਚ ਵਰਤ ਰਹੇ ਲੰਗਰ ਵਿਚ ਵੜ ਕੇ ਸਿੱਖਾਂ ਨੂੰ ਕੁੱਟਿਆ-ਮਾਰਿਆ।'' ਅੰਗਰੇਜ਼ੀ ਅਖ਼ਬਾਰ *ਗਾਰਡੀਅਨ* ਨੇ ਲਿਖਿਆ ਕਿ ''12 ਜੂਨ ਦੀ ਘਟਨਾ ਪੰਡਤ ਨਹਿਰੂ ਦੀ ਦੇਖ-ਰੇਖ ਵਿਚ ਹੋਈ।'' ਭਾਰਤ ਦੀ ਅਖ਼ਬਾਰ *ਬਲਿਟਜ਼* ਨੇ ਲਿਖਿਆ: ਸਰਕਾਰ ਵੱਲੋਂ ਪਾਬੰਦੀ ਬੇਵਕੂਫ਼ੀ ਭਰੀ ਅਤੇ 'ਸਿੱਖਾਂ ਨੂੰ ਸਬਕ ਸਿਖਾਉਣ' ਵਾਸਤੇ ਲਾਈ ਗਈ ਸੀ। 5 ਹਜ਼ਾਰ ਸਿਪਾਹੀਆਂ ਵਲੋਂ ਗੁਰਦੁਆਰੇ ਦੇ ਆਲੇ ਦੁਆਲੇ ਘੇਰਾ ਪਾ ਕੇ ਧੱਕਸ਼ਾਹੀ ਕੀਤੀ ਗਈ। ਇਹ ਸਾਰਾ ਕੁਝ ਦੀ ਤਿਆਰੀ ਸਰਕਾਰ ਨੇ ਪਹਿਲਾਂ ਹੀ ਕੀਤੀ ਹੋਈ ਸੀ।''

ਜਾਪਾਨ ਦੇ ਅਖ਼ਬਾਰ *ਮੈਚੀਨੀ* ਨੇ ਟਾਈਟਲ 'ਤੇ ਪੁਲਿਸ ਵਲੋਂ ਸਿੱਖਾਂ ਨੂੰ ਲੱਤਾਂ ਤੋਂ ਧੂਹ ਕੇ ਗੱਡੀਆਂ ਤੇ ਲੱਦਦਿਆਂ ਦੀ ਫ਼ੋਟੋ ਛਾਪੀ ਅਤੇ ਲਿਖਿਆ ਕਿ ''ਭਾਰਤ ਦੀ ਪੁਲਿਸ ਨੇ ਸਿੱਖਾਂ ਨੂੰ ਉਵੇਂ ਹੀ ਮਾਰਿਆ ਜਿਵੇਂ ਅੰਗਰੇਜ਼ ਹਿੰਦੁਸਤਾਨੀਆਂ ਨੂੰ ਮਾਰਦਾ ਹੁੰਦਾ ਸੀ।'' ਅਮਰੀਕਾ ਅਤੇ ਹੋਰ ਮੁਲਕਾਂ ਦੀਆਂ ਅਖ਼ਬਾਰਾਂ ਨੇ ਵੀ ਇਸ ਜ਼ੁਲਮ ਦੀ ਜ਼ਬਰਦਸਤ ਨਿੰਦਾ ਕੀਤੀ। ਕਾਹਿਰਾ ਦੀ ਅਖ਼ਬਾਰ *ਅਲਜ਼ਾਰ* ਨੇ ਆਪਣੇ ਐਡੀਟੋਰੀਅਲ 'ਚ ਇਸ ਜ਼ੁਲਮ ਦੀ ਭਾਰੀ ਮੁਜ਼ੰਮਤ ਕੀਤੀ। ਮਲੇਸ਼ੀਆ, ਅਫ਼ਰੀਕਾ ਅਤੇ ਯੂਰਪ ਦੀਆਂ ਹੋਰ ਅਖ਼ਬਾਰਾਂ ਨੇ ਵੀ ਇਸ ਜ਼ੁਲਮ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕੀਤਾ। ਦੁਨੀਆਂ ਭਰ ਦੇ ਰੇਡੀਓ ਬੁਲਿਟਨਾਂ ਵਿਚ ਵੀ ਇਸ ਧੱਕੇਸ਼ਾਹੀ ਦੀ ਨਿੰਦਾ ਕੀਤੀ ਗਈ।

1984: ਰੇਡੀਓ ਤੋਂ ਦਰਬਾਰ ਸਾਹਿਬ ਦਾ ਕੀਰਤਨ ਸ਼ੁਰੂ ਹੋਇਆ

ਸਿੱਖ ਕਈ ਚਿਰਾਂ ਤੋਂ ਮੰਗ ਕਰ ਰਹੇ ਸਨ ਕਿ ਦਰਬਾਰ ਸਾਹਿਬ ਦਾ ਕੀਰਤਨ ਰੇਡੀਓ ਰਾਹੀਂ ਸੁਣਾਉਣ ਦੀ ਇਜਾਜ਼ਤ ਦਿੱਤੀ ਜਾਵੇ ਪਰ ਸਰਕਾਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਦਰਬਾਰ ਸਾਹਿਬ ਦੇ ਹਮਲੇ ਮਗਰੋਂ ਸਿੱਖਾਂ ਦਾ ਧਿਆਨ ਹਮਲੇ ਵੱਲੋਂ ਹਟਾਉਣ ਵਾਸਤੇ ਸਰਕਾਰ ਨੇ ਆਪਣੇ ਆਪ 12 ਜੂਨ 19984 ਦੇ ਦਿਨ ਤੋਂ ਦਰਬਾਰ ਸਾਹਿਬ ਦਾ ਕੀਰਤਨ ਰੇਡੀਓ ਤੋਂ ਰੀਲੇਅ ਕਰਨਾ ਸ਼ੁਰੂ ਕਰ ਦਿੱਤਾ; ਪਹਿਲੇ ਦਿਨ ਕੀਰਤਨ ਸ਼ੁਰੂ ਹੋਇਆ ਤਾਂ ਨਾਲ-ਨਾਲ ਗੋਲੀਆਂ ਚੱਲਣ ਦੀ ਆਵਾਜ਼ ਵੀ ਸੁਣਾਈ ਦੇਂਦੀ ਰਹੀ।

1988: ਬਾਬਾ ਖੀਵਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਬਾਬਾ (ਖੀਵਾ, ਨਕੋਦਰ) ਨੂੰ ਖਾੜਕੂ ਕਹਿ ਕੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਚਰਨਜੀਤ ਸਿੰਘ ਚੰਨਾ ਉਦੋਕੇ, ਮੁਖਤਿਆਰ ਸਿੰਘ ਮੁੱਖਾ ਕਲਸੀਆ ਕਲਾਂ, ਢੰਡ ਸਿੰਘ ਕਸੇਲ, ਜਤਿੰਦਰ ਸਿੰਘ ਫੱਤੇ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਜੂਨ 1990 ਦੇ ਦਿਨ ਪੰਜਾਬ ਪੁਲਸ ਚਰਨਜੀਤ ਸਿੰਘ ਚੰਨਾ (ਭਰਾ ਚੈਂਚਲ ਸਿੰਘ, ਉਦੋਕੇ), ਮੁਖਤਿਆਰ ਸਿੰਘ ਮੁੱਖਾ (ਕਲਸੀਆ ਕਲਾਂ), ਢੰਡ ਸਿੰਘ ਕਸੇਲ, ਜਤਿੰਦਰ ਸਿੰਘ (ਪੁੱਤਰ ਗੁਰਪ੍ਰਤਾਪ ਸਿੰਘ, ਫੱਤੇ ਵਾਲਾ, ਫਰੀਦਕੋਟ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਛਪਾਲ ਸਿੰਘ ਛੰਦੜਾ ਤੇ ਜਗਦੀਸ਼ ਸਿੰਘ ਦੀਸ਼ਾ ਸ਼ਹੀਦ

ਜਗਦੀਸ਼ ਸਿੰਘ ਦੀਸ਼ਾ (ਪੁੱਤਰ ਗੁਰਭੇਜ ਸਿੰਘ, ਵਾਸੀ ਜਹੂਰਾ, ਹੁਸ਼ਿਆਰਪੁਰ) ਜੋ ਸੁਖਵਿੰਦਰ ਸਿੰਘ ਸੰਘਾ ਤੇ ਰਛਪਾਲ ਸਿੰਘ ਛੰਦੜਾ (ਪੁੱਤਰ ਰਣਜੀਤ ਸਿੰਘ) ਮੁਖੀ ਖਾਲਿਸਤਾਨ ਕਮਾਂਡੋ ਫ਼ੋਰਸ) ਦਾ ਸਾਥੀ ਸੀ। 12 ਜੂਨ 1992 ਦੇ ਦਿਨ ਲੁਧਿਆਣੇ ਦੀ ਗਿੱਲ ਨਹਿਰ ਦੇ ਕੋਲ ਇਕੱਠੇ ਸਾਈਕਲ 'ਤੇ ਆ ਰਹੇ ਸਨ ਕਿ ਪੁਲਸ ਨੇ ਘੇਰ ਲਿਆ। ਜਗਦੀਸ਼ ਸਿੰਘ ਦੀਸ਼ਾ ਨੇ ਇਕ ਦਮ ਸਾਇਆਨਾਈਡ ਚੱਬ ਲਿਆ ਤੇ ਸ਼ਹੀਦ ਹੋ ਗਿਆ। ਪਰ ਪੁਲਸ ਨੇ ਛੰਦੜਾ ਨੂੰ ਅਜਿਹਾ ਕਰਨ ਤੋਂ ਪਹਿਲਾਂ ਹੀ ਕਾਬੂ ਕਰ ਲਿਆ। ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ 'ਤੇ ਬਹੁਤ ਤਸ਼ੱਦਦ ਕੀਤਾ ਪਰ ਕੁਝ ਨਾ ਬੁਲਵਾ ਸਕੇ ਤੇ ਫਿਰ ਸ਼ਹੀਦ ਕਰ ਦਿੱਤਾ। (ਸਾਲ ਮਗਰੋਂ 31 ਜੂਨ 1993 ਦੇ ਦਿਨ ਝਬਾਲ ਦਾ ਐਸ.ਐਚ.ਓ. ਸੁਰਿੰਦਰਪਾਲ ਸਿੰਘ ਦੀਸ਼ੇ ਦਾ ਭਰਾ ਕੰਵਲਜੀਤ ਸਿੰਘ ਤੇ 7 ਹੋਰ ਨੌਜਵਾਨਾਂ ਨੂੰ ਚੁੱਕ ਕੇ ਲੈ ਗਿਆ ਅਤੇ 7 ਜੁਲਾਈ ਦੇ ਦਿਨ ਉਸ ਨੂੰ ਤੇ ਸੁਰਜੀਤ ਸਿੰਘ ਵਾਸੀ ਠਰੂ ਪਿੰਡ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਗੁਰਦੁਆਰਾ ਰਕਾਬ ਗੰਜ ਦਿੱਲੀ ਵਿਚ ਖ਼ੂਨੀ ਚੌਰਾਸੀ ਵਿਚ ਮਾਰੇ ਗਏ ਸਿੱਖਾਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਆਂ ਚੋਣਾਂ ਵਿਚ ਕਮੇਟੀ 'ਤੇ ਕਾਬਜ਼ ਹੋਏ ਬਾਦਲ ਅਕਾਲੀ ਦਲ ਨੇ 22 ਮਈ 2013 ਦੇ ਦਿਨ ਗੁਰਦੁਆਰਾ ਕਮੇਟੀ ਦੀ ਮੀਟਿੰਗ ਵਿਚ ਗੁਰਦੁਆਰਾ ਰਕਾਬ ਗੰਜ ਵਿਚ ਖ਼ੂਨੀ ਚੌਰਾਸੀ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਯਾਦਗਾਰ ਬਣਾਉਣ ਦਾ ਮਤਾ ਪਾਸ ਕੀਤਾ।ਇਸ ਦਾ ਨੀਂਹ ਪੱਥਰ 12 ਜੂਨ 2013 ਦੇ ਦਿਨ ਰੱਖਣ ਦਾ ਐਲਾਨ ਕੀਤਾ ਗਿਆ। 8 ਜੂਨ ਨੂੰ ਦਿੱਲੀ ਪੁਲਸ ਨੇ ਇਸ ਯਾਦਗਾਰ ਨੂੰ ਗ਼ੈਰ ਕਾਨੂੰਨੀ ਕਾਰਵਾਈ ਕਹਿ ਕੇ ਗੁਰਦੁਆਰਾ ਕਮੇਟੀ ਨੂੰ ਨੋਟਿਸ ਜਾਰੀ ਕੀਤਾ। ਪਰ ਕਮੇਟੀ ਨੇ ਇਸ ਦੀ ਪਰਵਾਹ ਨਾ ਕੀਤੀ। ਉਧਰ ਪਰਮਜੀਤ ਸਿੰਘ ਸਰਨਾ ਨੇ ਹਾਈ ਕੋਰਟ ਵਿਚ ਕੇਸ ਕਰ ਕੇ ਇਸ ਉਦਘਾਟਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਹਾਈ ਕੋਰਟ ਨੇ 12 ਜੂਨ ਦੇ ਦਿਨ ਹੀ ਸੁਣਵਾਈ ਕਰਨੀ ਸੀ। ਗੁਰਦੁਆਰਾ ਕਮੇਟੀ ਨੇ ਚੁਸਤੀ ਕਰਦਿਆਂ, ਅਦਾਲਤੀ ਸੁਣਵਾਈ ਨੂੰ ਮੁੱਖ ਰਖਦਿਆਂ ਮਿਥੇ ਸਮੇਂ ਤੋਂ ਇਕ ਘੰਟਾ ਪਹਿਲਾਂ ਹੀ ਨੀਂਹ ਰੱਖਣ ਦੀ ਰਸਮ ਕਰ ਲਈ। ਇਸ ਮੌਕੇ 'ਤੇ ਸਿੱਖ ਵਿਰੋਧੀ ਭਾਰਤੀ ਜਨਤਾ ਪਾਰਟੀ ਦਾ ਮੁਖੀ ਰਾਜਨਾਥ ਸਿੰਹ ਅਤੇ ਸਿੱਖਾਂ ਦੇ ਖ਼ਿਲਾਫ਼ ਅਕਸਰ ਬੋਲਣ ਵਾਲੀ ਸੁਸ਼ਮਾ ਸਵਰਾਜ ਮੁਖ ਮਹਿਮਾਨ ਸਨ। ਬਾਦਲ ਅਕਾਲੀ ਦਲ ਨੇ ਮਗਰੋਂ ਮੋਅਕ ਮਾਰਦਿਆਂ ਭਾਰਤੀ ਜਨਤਾ ਪਾਰਟੀ ਦੇ ਹੁਕਮ ਹੇਠ ਇਸ ਯਾਦਗਾਰ ਨੂੰ ਸਾਰੇ ਲੋਕਾਂ ਦੀ ਯਾਦਗਾਰ ਕਹਿ ਕੇ ਸੰਗਤਾਂ ਨਾਲ ਧੋਖਾ ਕੀਤਾ। ਉਧਰ ਬਾਦਲ ਦਲ ਦੇ ਪੁਜਾਰੀ ਗੁਰਬਚਨ ਸਿੰਘ 27 ਜੁਲਾਈ 2013 ਦੇ ਦਿਨ ਹਾਈ ਕੋਰਟ ਵਿਚ ਕੇਸ ਦਾਇਰ ਕਰਨ ਦੇ 'ਦੋਸ਼' ਵਿਚ ਪਰਮਜੀਤ ਸਿੰਘ ਨੇ ਸਰਨਾ ਨੂੰ ਤਲਬ ਕਰ ਲਿਆ ਅਤੇ ਕੇਸ ਵਾਪਿਸ ਲੈਣ ਵਾਸਤੇ 'ਹੁਕਮ' ਕੀਤਾ ਅਤੇ ਪਰਮਜੀਤ ਸਿੰਘ ਸਰਨਾ ਨੇ ਮੋਅਕ ਮਾਰਿਦਆਂ ਕੇਸ ਵਾਪਿਸ ਲੈ ਲਿਆ।

1886: ਸਿੰਘ ਸਭਾ ਲਹਿਰ ਦਾ ਅਖ਼ਬਾਰ 'ਖਾਲਸਾ ਅਖ਼ਬਾਰ' ਛਪਣਾ ਸ਼ੁਰੂ ਹੋਇਆ

ਸਿੰਘ ਸਭਾ ਲਹਿਰ (1873 - 1902) ਦੌਰਾਨ ਵਧੀਆ ਅਖ਼ਬਾਰ ਰਿਸਾਲੇ ਤੇ ਕਿਤਾਬਾਂ ਛਾਪੀਆਂ ਗਈਆਂ ਸਨ ਇਨ੍ਹਾਂ ਵਿਚੋਂ ਸਭ ਤੋਂ ਵਧੀਆ ਰੋਲ ਅਦਾ ਕਰਨ ਵਾਲਿਆਂ ਵਿਚ ਖਾਲਸਾ ਤੇ ਸੁਧਾਰਕ ਸਨ। *ਸੁਧਾਰਕ* ਮਾਹਵਾਰੀ ਮੈਗਜ਼ੀਨ ਪ੍ਰੋ. ਗੁਰਮੁਖ ਸਿੰਘ ਨੇ 1886 ਵਿਚ ਸ਼ੁਰੂ ਕੀਤਾ ਸੀ। ਇਸ ਵਿਚ ਮੂਰਤੀ ਪੂਜਾ ਅਤੇ ਗੁਰੂ-ਬੰਸ ਵਾਲਿਆਂ ਦੀ ਅਖੌਤੀ ਉੱਚਤਾ ਦਾ ਖ਼ੂਬ ਖੰਡਨ ਕੀਤਾ ਜਾਂਦਾ ਸੀ ਅਤੇ ਸਿੱਖੀ ਦੇ ਨਿਆਰਾਪਣ ਦਾ ਪ੍ਰਚਾਰ ਕੀਤਾ ਜਾਂਦਾ ਸੀ। ਇਸ ਦੇ ਨਾਲ ਹੀ 13 ਜੂਨ 1886 ਨੂੰ ਰੋਜ਼ਾਨਾ ਖਾਲਸਾ ਅਖ਼ਬਾਰ ਵੀ, ਪੱਥਰ ਛਾਪੇ 'ਤੇ, ਛਪਣਾ ਸ਼ੁਰੂ ਹੋ ਗਿਆ; ਇਸ ਨੇ ਵੀ ਸਿੱਖੀ ਦੇ ਨਿਆਰਾਪਣ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਵਿਦਿਅਕ ਉੱਨਤੀ, ਸਿੱਖ ਤਵਾਰੀਖ਼, ਸਿੱਖ ਕਲਚਰ ਅਤੇ ਫ਼ਲਸਫ਼ੇ ਬਾਰੇ ਵਧੀਆ ਸਮੱਗਰੀ ਛਾਪੀ ਸੀ।

1939: ਪਛੜੀਆਂ ਜਾਤਾਂ ਨੂੰ ਗੁਰਭਾਈ ਸਮਝਣ ਵਾਸਤੇ ਹੁਕਮਨਾਮਾ ਜਾਰੀ ਹੋਇਆ

ਸਿੱਖ ਫ਼ਲਸਫ਼ੇ ਵਿਚ ਜ਼ਾਤ ਪਾਤ ਦੀ ਕੋਈ ਥਾਂ ਨਹੀਂ ਹੈ; ਸਿੱਖ ਕਿਸੇ ਨੂੰ ਉੱਚਾ ਨੀਵਾਂ ਨਹੀਂ ਗਰਦਾਨ ਸਕਦਾ; ਪਰ ਇਹ ਗੱਲ ਅਮਲੀ ਰੂਪ ਵਿਚ ਨਹੀਂ ਸੀ। ਇਸ ਕਰ ਕੇ 13 ਜੂਨ 1939 ਦੇ ਦਿਨ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇਕ ਕਮੇਟੀ ਤੋਂ ਹੁਕਮਨਾਮਾ ਤਿਆਰ ਕਰਵਾ ਕੇ ਉਸ ਨੂੰ ਅਕਾਲ ਤਖ਼ਤ ਤੋਂ ਜਾਰੀ ਕਰਵਾਇਆ ਤੇ ਸਿੱਖਾਂ ਨੂੰ ਕਿਹਾ ਕਿ ਉਹ ਅਖੌਤੀ ਪਛੜੀਆਂ ਜਾਤਾਂ ਨੂੰ ਆਪਣੇ ਗੁਰਭਾਈ ਸਮਝਣ (ਪਰ 'ਮਰਜ਼ ਬੜ੍ਹਤਾ ਗਯਾ ਜਯੂੰ ਜਯੂੰ ਦਵਾ ਕੀ' ਸ਼ੇਅਰ ਵਾਂਙ ਸਿੱਖੀ ਵਿਚ ਜ਼ਾਤ ਪਾਤ ਦਿਨ-ਬ-ਦਿਨ ਵਧਦਾ ਗਿਆ; 1960ਵਿਆਂ ਵਿਚਪ੍ਰਤਾਪ ਸਿੰਘ ਕੈਰੋਂ ਅਤੇ 1970 ਤੋਂ ਮਗਰੋਂ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਿੱਖੀ ਅਸੂਲ ਦਾ ਰੱਜ ਕੇ ਘਾਣ ਕੀਤਾ; ਅੱਜ ਇਹ ਬੀਮਾਰੀ ਆਪਣੇ ਸਭ ਤੋਂ ਉੱਚੇ ਸਿਖਰ 'ਤੇ ਹੈ)।

1971: ਬਾਦਲ ਨੇ ਕੁਰਪਸ਼ਨ ਦੇ ਦੋਸ਼ਾਂ ਨੂੰ ਮੁਖ ਰਖ ਕੇ ਚੀਫ਼ ਮਨਿਸਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ

ਇਨ੍ਹਾਂ ਦਿਨਾਂ ਵਿਚ ਤਰਲੋਚਨ ਸਿੰਘ ਰਿਆਸਤੀ (ਸਟੇਟ ਵਜ਼ੀਰ) ਨੇ ਅਕਾਲੀਆਂ 'ਤੇ ਦੋਸ਼ ਲਾਇਆ ਕਿ ਉਹ ਸਿਰਫ਼ ਸਰਮਾਏਦਾਰਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਉਸ ਨੇ ਅਕਾਲੀਆਂ ਵਲੋਂ ਕੀਤੀ ਜਾ ਰਹੀ ਕੁਰਪਸ਼ਨ ਦੀ ਜਾਂਚ ਦੀ ਮੰਗ ਕੀਤੀ। ਇਸ 'ਤੇ ਅਕਾਲੀ ਦਲ ਨੇ ਉਸ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ। ਗੁਰਨਾਮ ਸਿੰਘ, ਜੋ ਪਾਰਲੀਮੈਂਟਰੀ ਬੋਰਡ ਦਾ ਪ੍ਰਧਾਨ ਸੀ, ਨੇ ਇਸ ਨੋਟਿਸ ਦੀ ਮੁਖ਼ਾਲਫ਼ਤ ਕੀਤੀ। ਇਸੇ ਤਰ੍ਹਾਂ ਕਈ ਅਕਾਲੀ ਐਮ.ਐਲ.ਏ. ਵੀ ਵਜ਼ੀਰੀਆਂ ਵੀ ਮੰਗ ਰਹੇ ਸਨ ਹਾਲਾਂਕਿ 25 ਵਜ਼ੀਰ ਤੇ 2 ਪਾਰਲੀਮੈਂਟਰੀ ਸੈਕਟਰੀ ਪਹਿਲੋਂ ਹੀ ਬਣ ਚੁੱਕੇ ਸਨ। ਚੰਨਣ ਸਿੰਘ ਨੇ ਕਾਂਗਰਸ ਚੋਂ ਅਕਾਲੀ ਦਲ ਵਿਚ ਆਏ ਸੁਰਿੰਦਰ ਕੈਰੋਂ ਨੂੰ ਵਜ਼ੀਰ ਬਣਾਉਣ ਦਾ ਵੀ ਵਾਅਦਾ ਕੀਤਾ ਹੋਇਆ ਸੀ। ਪਰ ਇਹ ਸਕੀਮ ਵੀ ਪੂਰੀ ਨਾ ਹੋਈ ਅਤੇ ਸੁਰਿੰਦਰ ਕੈਰੋਂ ਦਾ ਧੜਾ ਵੀ ਬਾਗ਼ੀ ਹੋਣ ਲਈ ਤਿਆਰ ਹੋ ਗਿਆ। ਇਨ੍ਹੀਂ ਦਿਨੀਂ ਤਰਲੋਚਨ ਸਿੰਘ ਤੇ ਕਈ ਹੋਰ ਐਮ.ਐਲ.ਏ. ਵਜ਼ਾਰਤ ਛੋਟੀ ਕਰਨ ਦੀ ਮੰਗ ਕਰ ਰਹੇ ਸਨ। ਗੁਰਨਾਮ ਸਿੰਘ ਵੀ ਅੰਦਰੋਂ ਅੰਦਰ ਰਿਆਸਤੀ ਦੀ ਹਿਮਾਇਤ ਕਰ ਰਿਹਾ ਸੀ। ਰਿਆਸਤੀ ਤੇ ਗੁਰਨਾਮ ਸਿੰਘ ਨਾਲ 11-12 ਐਮ.ਐਲ.ਏਜ਼. ਸਨ। ਰਿਆਸਤੀ, ਕਾਂਗਰਸ, ਗੁਰਨਾਮ ਸਿੰਘ ਅਤੇ ਬਾਗ਼ੀ ਅਕਾਲੀਆਂ ਦੀ ਮਦਦ ਨਾਲ ਵਜ਼ਾਰਤ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਇਸ ਮਾਹੌਲ ਵਿਚ 12 ਜੂਨ 1971 ਨੂੰ ਰਿਆਸਤੀ ਨੇ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਮੈਂ ਅਕਾਲੀ ਦਲ ਤੋਂ ਅਸਤੀਫ਼ਾ ਨਹੀਂ

ਦਿੱਤਾ। ਇਸੇ ਸ਼ਾਮ ਨੂੰ ਬਾਦਲ ਨੇ ਗਵਰਨਰ ਨੂੰ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਕਰ ਦਿੱਤੀ ਕਿਉਂਕਿ ਉਸ ਨੂੰ ਗੁਰਨਾਮ ਸਿੰਘ ਦੇ ਪਾਸਾ ਪਲਟਨ ਦਾ ਫਿਰ ਖ਼ਤਰਾ ਮਹਿਸੂਸ ਹੋ ਰਿਹਾ ਸੀ। ਕਾਂਗਰਸੀ ਆਗੂ ਵੀ ਇਸ ਗੱਲ ਦੇ ਹੱਕ ਵਿਚ ਸਨ ਕਿ ਅਸੈਂਬਲੀ ਤੋੜ ਦਿੱਤੀ ਜਾਵੇ। ਅਗਲੇ ਦਿਨ 13 ਜੂਨ 1971 ਨੂੰ ਬਾਦਲ ਨੇ ਲਿਖਤੀ ਤੌਰ ਤੇ ਅਸਤੀਫ਼ਾ ਦੇ ਕੇ ਗਵਰਨਰ ਨੂੰ ਮਿਲਿਆ ਤੇ ਅਸੈਂਬਲੀ ਤੋੜ ਕੇ ਨਵੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ। ਗਵਰਨਰ ਨੇ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਮੰਨ ਲਈ। ਇਸ ਤਰ੍ਹਾਂ ਪੰਜਾਬ ਵਿਚ ਚੌਥੀ ਅਕਾਲੀ ਵਜ਼ਾਰਤ ਖ਼ਤਮ ਹੋ ਗਈ ਤੇ ਪੰਜਾਬ ਵਿਚ ਗਵਰਨਰੀ ਰਾਜ ਹੋ ਗਿਆ।

1988: ਮੇਜਰ ਸਿੰਘ ਤੇ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਮੇਜਰ ਸਿੰਘ ਉਰਫ਼ ਰਣਜੋਧ ਸਿੰਘ ਤੇ ਇਕ ਹੋਰ ਸਿੱਖ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਇੰਦਰਜੀਤ ਸਿੰਘ ਸਾਂਝਣਾ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਇੰਦਰਜੀਤ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਸਾਂਝਣਾ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕੁਲਦੀਪ ਸਿੰਘ ਗਿੱਲ, ਰਛਪਾਲ ਸਿੰਘ ਪਾਲਾ ਤੇ 10 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸਿੱਖ ਸ਼ਹੀਦ

13 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਸਿਕੰਦਰ ਸਿੰਘ, ਵਾਸੀ ਗਿੱਲ, ਜ਼ਿਲ੍ਹਾ ਲੁਧਿਆਣਾ), ਰਛਪਾਲ ਸਿੰਘ ਉਰਫ਼ ਪਾਲਾ (ਪੁੱਤਰ ਪਰਤਾਪ ਸਿੰਘ, ਵਾਸੀ ਹਰਪਾਲ ਪਿੰਡ) ਤੇ 10 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2003: ਟੌਹੜਾ – ਬਾਦਲ ਫਿਰ ਇਕ ਹੋ ਗਏ

2002 ਵਿਚ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਨਵੰਬਰ ਵਿਚ ਹੋਣ ਵਾਲੀ ਸੀ। ਟੌਹੜਾ ਧੜੇ ਦੇ ਇੰਦਰਜੀਤ ਸਿੰਘ ਜ਼ੀਰਾ ਨੇ ਆਪਣੇ ਰਿਸ਼ਤੇਦਾਰ ਡੀ.ਜੀ.ਪੀ. ਭੁੱਲਰ ਰਾਹੀਂ ਮੈਂਬਰਾਂ ਨੂੰ ਡਰਾ ਧਮਕਾ ਕੇ ਬਾਦਲ ਦੇ ਖ਼ਿਲਾਫ਼ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਨੂੰ ਮਗਰੋਂ ਅਮਰਿੰਦਰ ਸਿੰਘ ਨੇ ਵੀ ਹਿਮਾਇਤ ਦੇ ਦਿੱਤੀ। ਇਸ 'ਤੇ ਬਾਦਲ ਨੇ ਇਕ ਬਿਆਨ ਵਿਚ ਕਿਹਾ "ਟੌਹੜੇ ਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਦਾ ਸੁਪਨਾ ਸਾਕਾਰ ਨਹੀਂ ਹੋਣ ਦੇਵਾਂਗੇ।" ਬਾਦਲ ਨੇ ਸ਼੍ਰੋਮਣੀ ਕਮੇਟੀ ਦਾ ਇਜਲਾਸ 12 ਨਵੰਬਰ ਨੂੰ ਸੱਦ ਲਿਆ। ਮੈਂਬਰਾਂ ਨੂੰ ਸਰਕਾਰੀ ਅਸਰ ਤੋਂ ਬਚਾਉਣ ਵਾਸਤੇ ਉਹ ਉਨ੍ਹਾਂ ਨੂੰ ਬਾਲਾਸਰ (ਹਰਿਆਣਾ) ਵਿਚ ਆਪਣੇ ਫ਼ਾਰਮ 'ਤੇ ਲੈ ਗਿਆ ਜਿੱਥੋਂ ਉਹ 98 ਮੈਂਬਰਾਂ ਨੂੰ ਚੋਣ ਵਾਲੇ ਦਿਨ ਹਵਾਈ ਜਹਾਜ਼ ਵਿਚ ਬਿਠਾ ਕੇ ਲਿਆਇਆ। ਬਾਦਲ ਧੜੇ ਨੇ ਕਿਸੇ ਵਿਚੋਲੇ ਰਾਹੀਂ ਸੋਨੀਆ ਗਾਂਧੀ ਤਕ ਪਹੁੰਚ ਕਰ ਲਈ ਸੀ ਜਿਸ ਨਾਲ ਅਮਰਿੰਦਰ ਸਿੰਘ ਨੇ ਹੱਥ ਪਿੱਛੇ ਖਿੱਚ ਲਿਆ, ਵਰਨਾ ਟੌਹੜਾ ਧੜਾ ਜਿਤਾਉਣ ਵਾਸਤੇ ਬਾਦਲ ਧੜੇ ਦੇ ਕੁਝ ਮੈਂਬਰ ਜ਼ਰੂਰ ਗ਼ਾਇਬ ਕਰ ਦਿੱਤੇ ਜਾਣੇ ਸਨ। ਵੋਟਾਂ ਪੈਣ 'ਤੇ ਬਾਦਲ ਧੜੇ ਦੇ ਕ੍ਰਿਪਾਲ ਸਿੰਘ ਬਡੂੰਗਰ ਨੂੰ 91 (12 ਵੋਟਾਂ ਦਾ ਅਜੇ ਅਦਾਲਤ ਵਿਚ ਕੇਸ ਸੀ) ਅਤੇ ਵੀਰ ਸਿੰਘ (ਟੌਹੜਾ ਧੜੇ) ਨੂੰ 68 ਵੋਟਾਂ ਪਈਆਂ, ਯਾਨਿ ਬਾਦਲ ਕੋਲ 113 ਮੈਂਬਰ ਅਜੇ ਵੀ ਸਨ। ਇੰਞ ਟੌਹੜਾ ਧੜਾ ਇਕ ਵਾਰ ਫੇਰ ਮਾਤ ਖਾ ਗਿਆ। ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ "ਜੇ ਸੋਨੀਆ ਨਾ ਘੂਰਦੀ ਤਾਂ ਕੈਪਟਨ ਸਾਨੂੰ ਅੰਮ੍ਰਿਤਸਰ ਹੀ ਨਾ ਵੜਨ ਦੇਂਦਾ। ਹੁਣ ਟੌਹੜਾ ਆਪਣੇ

ਦਲ ਦਾ ਨਾਂ 'ਅਕਾਲੀ ਦਲ ਕਾਂਗਰਸ' ਰਖ ਲਵੇ।" ਹਾਰਨ ਮਗਰੋਂ ਟੌਹੜਾ ਨੇ ਕਿਹਾ "ਮੈਨੂੰ ਤਿੰਨ ਜਾਗੀਰਦਾਰਾਂ (ਬਾਦਲ, ਅਮਰਿੰਦਰ, ਸਿਮਰਨਜੀਤ) ਤੇ ਚਾਰ ਸਰਕਾਰਾਂ (ਦਿੱਲੀ, ਪੰਜਾਬ, ਹਰਿਆਣਾ, ਹਿਮਾਂਚਲ) ਨੇ ਹਰਾਇਆ ਹੈ।"

ਪਾਰਲੀਮੈਂਟ ਅਤੇ ਅਸੈਂਬਲੀ ਵਗੈਰਾ ਚਾਰ ਮੌਕਿਆਂ 'ਤੇ ਹਾਰਨ ਮਗਰੋਂ ਬਾਦਲ ਪਹਿਲੀ ਵਾਰ ਜਿੱਤਿਆ ਸੀ। ਪਰ ਬਾਦਲ ਅਜੇ ਵੀ ਡਰਦਾ ਸੀ। ਅਮਰਿੰਦਰ ਸਿੰਘ ਨੇ ਅਜੇ ਪੰਜਾਬ ਵਿਚ ਚਾਰ ਸਾਲ ਹਕੂਮਤ ਕਰਨੀ ਸੀ। ਸ਼੍ਰੋਮਣੀ ਕਮੇਟੀ ਬਾਦਲ ਤੋਂ ਕਦੇ ਵੀ ਖੋਹੀ ਜਾ ਸਕਦੀ ਸੀ। ਇਸ ਕਰ ਕੇ ਇਸ ਚੋਣ ਤੋਂ ਸਿਰਫ਼ ਤਿੰਨ ਮਹੀਨੇ ਮਗਰੋਂ ਹੀ ਬਾਦਲ ਨੇ ਟੌਹੜਾ ਨਾਲ ਏਕਤਾ ਕਰਨ ਦਾ ਮਨ ਬਣਾ ਲਿਆ। ਇਸ ਵਿਚ ਵਧੇਰੇ ਰੋਲ ਮਨਜੀਤ ਸਿੰਘ ਕਲਕੱਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਹਰਮੇਲ ਸਿੰਘ ਟੌਹੜਾ ਦਾ ਸੀ। ਉਹ ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਦਾ ਫ਼ਾਇਦਾ ਲੈਣਾ ਚਾਹੁੰਦੇ ਸਨ; ਪਰ ਗੁਰਦਰਸ਼ਨ ਸਿੰਘ ਬਾਹੀਆ ਅਤੇ ਗੁਰਵਿੰਦਰ ਸਿੰਘ ਸ਼ਾਮਪੁਰਾ ਤੇ ਕੁਝ ਹੋਰ ਸੰਜੀਦਾ ਅਕਾਲੀ ਬਿਨਾਂ ਸ਼ਰਤ ਸਮਝੌਤੇ ਦੇ ਖ਼ਿਲਾਫ਼ ਸਨ। ਉਧਰ ਬਾਦਲ ਵਾਸਤੇ ਵੀ ਤਿੰਨ ਮਹੀਨੇ ਪਹਿਲਾਂ ਦਾ 'ਕਾਂਗਰਸੀ' ਟੌਹੜਾ ਹੁਣ 'ਪੰਥਕ' ਬਣ ਰਿਹਾ ਸੀ। 8 ਮਾਰਚ 2003 ਦੇ ਦਿਨ ਟੌਹੜਾ ਦੇ ਘਰ ਉਸ ਦੇ ਨਿਜੀ ਅਖੰਡ ਪਾਠ ਦੇ ਭੋਗ 'ਤੇ ਮਨਜੀਤ ਸਿੰਘ ਕਲਕੱਤਾ ਨੇ ਚੁਪਚਾਪ ਬਾਦਲ, ਢੀਂਡਸਾ ਵਗੈਰਾ ਸੱਦ ਲਏ ਸਨ। 5 ਅਪ੍ਰੈਲ ਨੂੰ ਏਕਤਾ ਦੀਆਂ ਰਸਮੀ ਗੱਲਾਂ ਸ਼ੁਰੂ ਹੋ ਗਈਆਂ ਸਨ। ਫਿਰ ਵੀ ਟੌਹੜਾ ਨੇ 6 ਅਪ੍ਰੈਲ ਨੂੰ ਨਿਮ੍ਹਾ ਜਿਹਾ ਦਬਕਾ ਮਾਰਿਆ ਕਿ 'ਸਿਧਾਂਤਾਂ ਤੋਂ ਹਟ ਕੇ ਏਕਤਾ ਸੰਭਵ ਨਹੀਂ'। ਉਧਰ ਟੌਹੜਾ ਦੇ ਸਾਥੀਆਂ ਤਲਵੰਡੀ, ਰਵੀਇੰਦਰ, ਕੁਲਦੀਪ ਸਿੰਘ ਵਡਾਲਾ ਤੇ ਜਸਬੀਰ ਸਿੰਘ ਰੋਡੇ ਨੇ 24 ਅਪ੍ਰੈਲ ਨੂੰ ਇਸ ਏਕਤਾ ਦੀ ਭਰਪੂਰ ਵਿਰੋਧਤਾ ਕੀਤੀ। ਟੌਹੜਾ ਨੇ ਐਵੇਂ ਮੂੰਹ ਰੱਖਣ ਵਾਸਤੇ ਇਕ-ਅੱਧ ਵਾਰ ਨਿੱਕਾ ਮੋਟਾ ਦਬਕਾ ਮਾਰਿਆ। ਉਸ ਨੇ 14 ਮਈ ਨੂੰ ਕਿਹਾ ਕਿ 'ਏਕਤਾ ਵਾਸਤੇ ਬਾਦਲ ਦਾ ਅਕਾਲ ਤਖ਼ਤ 'ਤੇ ਪੇਸ਼ ਹੋਣਾ ਜ਼ਰੂਰੀ ਹੈ।' 17 ਮਈ ਨੂੰ ਬਾਦਲ ਨੇ ਕਿਹਾ ਕਿ ਟੌਹੜਾ (ਉਹੀ ਜਿਹੜਾ ਤਿੰਨ ਮਹੀਨੇ ਪਹਿਲਾਂ ਕਾਂਗਰਸ ਦਾ ਏਜੰਟ ਸੀ) ਨਾਲ ਏਕਤਾ ਜ਼ਰੂਰ ਹੋਵੇਗੀ। 18 ਮਈ ਨੂੰ ਬਾਦਲ ਨੇ ਵੇਦਾਂਤੀ ਨੂੰ ਖ਼ਤ ਲਿਖਣ ਦਾ ਡਰਾਮਾ ਕੀਤਾ ਤਾਂ ਜੋ ਏਕਤਾ ਅਕਾਲ ਤਖ਼ਤ ਦੇ ਜ਼ਿੰਮੇ ਮੜ੍ਹੀ ਜਾ ਸਕੇ। ਵੇਦਾਂਤੀ ਨੇ ਟੌਹੜਾ ਤੇ ਬਾਦਲ ਨੂੰ 5 ਜੂਨ ਨੂੰ ਤਖ਼ਤ 'ਤੇ ਸੱਦ ਲਿਆ। ਬੀਮਾਰ ਹੋਣ ਕਰ ਕੇ ਟੌਹੜਾ ਤਾਂ ਨਾ ਗਿਆ ਪਰ ਬਾਦਲ ਚਲਾ ਗਿਆ। ਵੇਦਾਂਤੀ ਨੇ ਬਾਦਲ ਨੂੰ ਅਖੰਡ ਪਾਠ ਕਰਵਾਉਣ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਵਾਸਤੇ ਕਿਹਾ (ਕਿਸ ਗੱਲ ਦੀ ਇਹ ਨਹੀਂ ਦੱਸਿਆ)। ਅਗਲੇ ਦਿਨ ਹੀ ਟੌਹੜੇ ਨੇ ਕਿਹਾ "ਬਾਦਲ ਦੇ ਅਕਾਲ ਤਖ਼ਤ 'ਤੇ ਪੇਸ਼ ਹੋਣ ਨਾਲ ਹੀ ਏਕਤਾ ਹੋ ਗਈ ਹੈ।" 13 ਜੂਨ ਨੂੰ ਰਸਮੀ 'ਏਕਤਾ' ਦਾ ਐਲਾਨ ਵੀ ਕਰ ਦਿੱਤਾ ਗਿਆ। 1999 ਦੇ ਇਕ ਦੂਜੇ ਨਾਲ ਟਕਰਾਉਂਦੇ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਇਕ ਦੂਜੇ 'ਤੇ ਖ਼ਤਰਨਾਕ ਇਲਜ਼ਾਮ ਲਾਉਂਦੇ ਰਹਿਣ ਦੇ ਬਾਵਜੂਦ ਫਿਰ ਇਕ ਹੋ ਗਏ।

14 ਜੂਨ

1870: ਅੰਮ੍ਰਿਤਸਰ ਵਿਚ ਕੂਕਿਆਂ ਨੇ ਬੁੱਚੜ ਮਾਰੇ

ਅਪਰੈਲ 1870 ਵਿਚ ਕੁਝ ਕੂਕੇ (ਜੋ ਮਗਰੋਂ 1920 ਵਿਚ ਆਪਣੇ ਆਪ ਨੂੰ ਨਾਮਧਾਰੀ ਕਹਿਣ ਲਗ ਪਏ) ਬ੍ਰਾਹਮਣਾਂ ਦੇ ਅਸਰ ਹੇਠਾਂ ਆਉਣੇ ਸ਼ੁਰੂ ਹੋ ਗਏ ਸਨ। ਕੂਕਿਆਂ ਵਿਚ ਸ਼ਾਮਿਲ ਹੋਏ ਵੈਸ਼ਨੋ (ਹਿੰਦੂ) ਧੜੇ ਨੇ ਛੇਤੀ ਹੀ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਸਮਾਧਾਂ ਢਾਹੁਣ ਨਾਲ ਨਾਰਾਜ਼ ਹੋਏ ਹਿੰਦੂਆਂ ਨੇ ਕੂਕਿਆਂ ਦਾ ਰਾਹ ਬਦਲਣ ਵਾਸਤੇ ਉਨ੍ਹਾਂ ਨੂੰ ਵੈਸ਼ਨੂੰ ਧਰਮ ਨਾਲ ਜੋੜਨ ਵਾਸਤੇ ਇਕ ਨਵਾਂ ਪੈਂਤੜਾ ਸ਼ੁਰੂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਐਂਟੀ-ਮੁਸਲਮ ਲਹਿਰ ਵੱਲ ਟੋਰ ਦਿੱਤਾ। ਕੁਝ ਚਿਰ ਪਹਿਲਾਂ ਹੀ ਅੰਗਰੇਜ਼ਾਂ ਨੇ ਅੰਮ੍ਰਿਤਸਰ ਵਿਚ ਇਕ ਬੁੱਚੜਖਾਨਾ

ਖੋਲਿਆ ਸੀ, ਜਿੱਥੇ ਗਊਆਂ ਵੀ ਮਾਰੀਆਂ ਜਾਂਦੀਆਂ ਸਨ। ਸਿੱਖ ਧਰਮ ਵਿਚ ਗਊ ਪਵਿੱਤਰ ਜਾਨਵਰ ਨਹੀਂ ਹੈ, ਇਸ ਕਰ ਕੇ ਇਸ ਨੂੰ ਮਾਰਨ ਜਾਂ ਨਾ ਮਾਰਨ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਪਰ ਚਾਲਾਕ ਬ੍ਰਾਹਮਣਾਂ ਨੇ ਕੂਕਿਆਂ ਨੂੰ ਇਸ ਗਊ-ਰਖਿਅਕ ਐਂਟੀ-ਸਿੱਖ ਕਾਰਵਾਈ ਵਲ ਟੋਰ ਲਿਆ। ਬ੍ਰਾਹਮਣਾਂ ਨੇ ਕੂਕਿਆਂ ਨੂੰ ਫੁਸਲਾ ਕੇ ਇਸ ਬੁੱਚੜ ਖਾਨੇ ਦੀ ਵਿਰੋਧਤਾ ਸ਼ੁਰੂ ਕਰਵਾ ਦਿਤੀ। ਇਸ ਭੜਕਾਹਟ ਹੇਠਾਂ ਕੁਝ ਕੂਕਿਆਂ ਨੇ 14 ਜੂਨ 1870 ਦੇ ਦਿਨ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹਮਲਾ ਕਰ ਕੇ ਕੁਝ ਬੁੱਚੜ ਮਾਰ ਦਿੱਤੇ। ਉਹ ਇਹ ਐਕਸ਼ਨ ਕਰ ਕੇ ਚੁਪਚਾਪ ਨਿਕਲ ਗਏ ਤੇ ਸਰਕਾਰ ਨੂੰ ਇਨ੍ਹਾਂ ਕਾਤਲਾਂ ਦੀ ਸ਼ਨਾਖ਼ਤ ਵੀ ਨਾ ਹੋ ਸਕੀ। ਇਸ ਮਗਰੋਂ 16 ਜੁਲਾਈ 1871 ਦੇ ਦਿਨ ਕੂਕਿਆਂ ਨੇ ਰਾਏਕੋਟ ਵਿਚ ਇਕ ਬੁੱਚੜਖਾਨੇ 'ਤੇ ਹਮਲਾ ਕੀਤਾ ਅਤੇ ਕੁਝ ਬੁੱਚੜ ਕਤਲ ਕਰ ਦਿਤੇ। ਇਨ੍ਹਾਂ ਕੂਕਿਆਂ ਵਿਚੋਂ ਮੰਗਲ ਸਿੰਘ, ਮਸਤਾਨ ਸਿੰਘ, ਸਰਮੁਖ ਸਿੰਘ, ਗੁਲਾਬ ਸਿੰਘ ਤੇ ਕਈ ਹੋਰ ਫੜੇ ਗਏ। ਗੁਲਾਬ ਸਿੰਘ ਸਰਕਾਰੀ ਗਵਾਹ ਬਣ ਗਿਆ। ਉਸ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੇ ਨਾਂ ਵੀ ਦਸ ਦਿਤੇ। ਇਨ੍ਹਾਂ ਸਾਰਿਆਂ 'ਤੇ ਮੁਕਦਮਾ ਚਲਾਇਆ ਗਿਆ ਅਤੇ ਬੁੱਚੜਾਂ ਦੇ ਕਾਤਲ ਕੂਕਿਆਂ ਨੂੰ ਫਾਂਸੀ ਦੇ ਦਿਤੀ ਗਈ। ਇਸ ਮਗਰੋਂ ਕੂਕਿਆਂ ਦੀਆਂ ਕਾਰਵਾਈਆਂ ਪੂਰੀ ਤਰ੍ਹਾਂ ਰੁਕ ਗਈਆਂ।

1903: ਬਕਾਪੁਰ ਪਿੰਡ ਦਾ ਕਰੀਮ ਬਖ਼ਸ਼ ਅਤੇ ਉਸ ਦਾ ਪਰਵਾਰ ਸਿੱਖੀ ਵਿਚ ਸ਼ਾਮਿਲ ਹੋਇਆ

ਸਿੰਘ ਸਭਾ ਲਹਿਰ ਦੌਰਾਨ ਪੰਚ ਖ਼ਾਲਸਾ ਭਸੌੜ ਨੇ ਸਿੱਖੀ ਦੇ ਪਰਚਾਰ ਵਿਚ ਬਹੁਤ ਰੋਲ ਅਦਾ ਕੀਤਾ; ਉਨ੍ਹਾਂ ਦਾ ਇਕ ਮਾਅਰਕੇ ਦਾ ਕੰਮ ਸੀ ਪਿੰਡ ਬਕਾਪੁਰ ਦੇ ਮੌਲਵੀ ਕਰੀਮ ਬਖ਼ਸ਼ (ਪਾਹੁਲ ਮਗਰੋਂ ਲਖਬੀਰ ਸਿੰਘ) ਅਤੇ ਉਸ ਦੇ ਪਰਵਾਰ ਨੂੰ ਸਿੱਖੀ ਵਿਚ ਸ਼ਾਮਿਲ ਕਰਨਾ। ਇਸ ਸਬੰਧ ਵਿਚ ਇਸ ਦੀਵਾਨ ਨੇ 14 ਜੂਨ 1903 ਦੇ ਦਿਨ ਬਕਾਪੁਰ ਪਿੰਡ ਵਿਚ ਇਕ ਉਚੇਚਾ ਸਮਾਗਮ ਕੀਤਾ ਜਿਸ ਵਿਚ ਇਕ ਪਰਵਾਰ ਨੂੰ ਖੰਡੇ ਦੀ ਪਾਹੁਲ ਦਿੱਤੀ ਗਈ; ਇਸ ਦਾ ਸਾਰੇ ਪਾਸੇ ਖ਼ੂਬ ਚਰਚਾ ਹੋਇਆ। ਇਸ ਕਾਰਵਾਈ ਵਿਚ ਭਾਈ ਤੇਜਾ ਸਿੰਘ ਭਸੌੜ (1867-1933) ਅਤੇ ਉਸ ਦੇ ਜਥੇ ਦਾ ਹੀ ਰੋਲ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ 1907 ਵਿਚ ਸੁੰਦਰ ਸਿੰਘ ਮਜੀਠਿਆ ਅਤੇ ਹਰਬੰਸ ਸਿੰਘ ਅਟਾਰੀ ਨੇ ਭਾਈ ਲਖਬੀਰ ਸਿੰਘ (ਕਰੀਮ ਬਖ਼ਸ਼ ਤੋਂ ਸਿੰਘ ਸਜੇ) ਦੇ ਪੁੱਤਰ ਭਾਈ ਮਹਿਤਾਬ ਸਿੰਘ ਬੀਰ ਰਾਹੀਂ "ਖਾਲਸਾ ਬਰਾਦਰੀ ਕਾਰਜ ਸਾਧਕ ਦਲ" ਬਣਾ ਕੇ ਅਖੌਤੀ ਪਛੜੀਆਂ ਜ਼ਾਤਾਂ ਵਿਚ ਸਿੱਖੀ ਦਾ ਪਰਚਾਰ ਕਰਵਾਇਆ ਸੀ ਅਤੇ 12 ਅਕਤੂਬਰ ਨੂੰ ਜਦ ਅਾਲ ਤਖ਼ਤ ਸਾਹਿਬ ਪੰਥਕ ਕੰਟਰੋਲ ਹੇਠ ਆਇਆ ਤਾਂ ਇਹ ਭਾਈ ਮਹਿਤਾਬ ਸਿੰਘ ਦੇ ਜਥੇ ਰਾਹੀਂ ਸੀ ਹੋਇਆ ਸੀ ਜੋ ਜਲ੍ਹਿਆਂ ਵਾਲਾ ਬਾਗ਼ ਤੋਂ ਦਰਬਾਰ ਸਾਹਿਬ ਆਇਆ ਸੀ।

1964: ਦਾਸ ਕਮਿਸ਼ਨ ਵੱਲੋਂ ਦਾਗ਼ੀ ਕਰਾਰ ਦਿੱਤੇ ਜਾਣ ਮਗਰੋਂ ਪ੍ਰਤਾਪ ਸਿੰਘ ਕੈਰੋਂ ਨੇ ਚੀਫ਼ ਮਨਿਸਟਰੀ ਤੋਂ ਅਸਤੀਫ਼ਾ ਦੇ ਦਿੱਤਾ

27 ਮਈ 1964 ਦੇ ਦਿਨ ਪ੍ਰਾਈਮ ਮਨਿਸਟਰ ਪੰਡਤ ਨਹਿਰੂ ਦੀ ਮੌਤ ਹੋ ਗਈ। ਇਸ ਮਗਰੋਂ ਪ੍ਰਤਾਪ ਸਿੰਘ ਕੈਰੋਂ ਦੇ ਖ਼ਿਲਾਫ਼ ਪੜਤਾਲ ਵਾਸਤੇ ਬਣਾਏ ਦਾਸ ਕਮਿਸ਼ਨ ਨੇ 11 ਜੂਨ 1964 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿਤੀ। ਇਸ ਰਿਪੋਰਟ ਨੇ ਕੈਰੋਂ ਨੂੰ ਦਾਗ਼ੀ ਕਰਾਰ ਦਿੱਤਾ। ਕੈਰੋਂ ਨੇ 14 ਜੂਨ 1964 ਨੂੰ ਚੀਫ਼ ਮਨਿਸਟਰੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਅਸਤੀਫ਼ੇ ਨਾਲ ਪੰਜਾਬ ਦੀ ਸਿਆਸਤ ਵਿਚ ਇਕ ਨਵੀਂ ਤਬਦੀਲੀ ਆਈ। ਕੈਰੋਂ, ਜਿਸ ਨੇ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਦਬਾਅ ਕੇ ਰੱਖਿਆ ਸੀ ਅਤੇ ਅਕਾਲੀ ਸਿਆਸਤ ਨੂੰ ਅੰਦਰੋਂ ਵੀ ਬਹੁਤ ਅਸਰ ਹੇਠਾਂ ਰੱਖਿਆ ਹੋਇਆ ਸੀ, ਪੰਜਾਬ ਦੀ ਸਰਗਰਮ ਸਿਆਸਤ ਤੋਂ ਅਲੱਗ ਹੋ

ਗਿਆ। ਕੈਰੋਂ, ਜਿਸ ਨੇ ਅੱਠ ਸਾਲ ਪੰਜਾਬ 'ਤੇ ਸ਼ਾਹਾਨਾ ਤਰੀਕੇ ਨਾਲ ਰਾਜ ਕੀਤਾ ਸੀ, ਹੁਣ ਇਕੱਲਾ ਸੀ। ਸੈਂਟਰ ਵਿਚ ਵੀ ਹੁਣ ਉਸ ਦਾ ਸਾਥ ਦੇਣ ਵਾਲਾ ਕੋਈ ਨਹੀਂ ਸੀ। ਪ੍ਰਤਾਪ ਸਿੰਘ ਕੈਰੋਂ ਅਕਾਲੀ ਦਲ ਦੀ ਪੈਦਾਵਾਰ ਸੀ। ਸ਼ੁਰੂ-ਸ਼ੁਰੂ ਵਿਚ ਉਹ ਇਕ ਸੰਜੀਦਾ ਅਕਾਲੀ ਵਰਕਰ ਸੀ। ਪਰ ਮਗਰੋਂ ਉਸ ਦੇ ਦਿਲ ਵਿਚ ਤਾਕਤ ਹਾਸਿਲ ਕਰਨ ਦਾ ਲਾਲਚ ਆ ਗਿਆ ਤੇ ਉਹ ਵਜ਼ੀਰ ਜਾਂ ਚੀਫ਼ ਮਨਿਸਟਰ ਬਣਨ ਵਾਸਤੇ ਪੰਜਾਬ, ਅਕਾਲੀ ਦਲ ਤੇ ਪੰਥ ਨਾਲ ਗ਼ਦਾਰੀ ਕਰਨ ਵਾਸਤੇ ਸਾਰੀਆਂ ਹੱਦਾਂ ਪਾਰ ਕਰਨ ਵਾਸਤੇ ਤਿਆਰ ਹੋ ਗਿਆ। ਉਸ ਨੇ ਸਿੱਖਾਂ ਦੀ ਹਰ ਮੰਗ ਦੀ ਵਿਰੋਧਤਾ ਕੀਤੀ। ਉਸ ਨੇ ਪੰਜਾਬ ਨੂੰ ਕੁਝ ਵੀ ਨਾ ਲੈ ਕੇ ਦਿੱਤਾ ਤੇ ਪੰਜਾਬ ਦੇ ਮਸਲਿਆਂ ਨੂੰ ਜਾਂ ਤਾਂ ਅਣਗੌਲਿਆਂ ਕੀਤਾ ਜਾਂ ਸ਼ਰੇਆਮ ਪੰਜਾਬ ਦੇ ਹਿਤਾਂ ਦੇ ਖ਼ਿਲਾਫ਼ ਚੱਲਿਆ। ਉਸ ਨੇ ਪੰਜਾਬ ਦੇ ਹਿਤ ਸਿਰਫ਼ ਇਕ ਚੀਫ਼ ਮਨਿਸਟਰੀ ਵਾਸਤੇ ਵਾਰ-ਵਾਰ ਵੇਚੇ। ਇਹ ਉਹੀ ਸੀ ਜਿਸ ਨੇ ਰਾਜਿਸਥਾਨ ਨੂੰ ਨਹਿਰ ਕੱਢ ਕੇ ਦਿੱਤੀ ਤੇ ਪੰਜਾਬ ਦਾ ਅੱਧੇ ਤੋਂ ਵਧ ਪਾਣੀ ਰਾਜਿਸਥਾਨ ਨੂੰ ਦਿੱਤਾ। ਉਸ ਨੇ 1960 ਦੇ ਮੋਰਚੇ ਦੌਰਾਨ ਸਿੱਖਾਂ 'ਤੇ ਬੇਪਨਾਹ ਜ਼ੁਲਮ ਢਾਹੇ। ਉਸ ਨੇ ਸਿੱਖਾਂ ਦੇ ਮੁਕਾਬਲੇ 'ਤੇ ਹਿੰਦੂਆਂ ਨੂੰ ਨੌਕਰੀਆਂ ਤੇ ਤਰੱਕੀਆਂ ਦਿੱਤੀਆਂ (ਇਸ ਸਿੱਖ-ਦੁਸ਼ਮਣੀ ਵਿਚ ਉਸ ਤੋਂ ਅੱਗੇ ਸਿਰਫ਼ ਬਾਦਲ ਹੀ ਨਿਕਲਿਆ)।

1984: ਡਾ: ਗੰਡਾ ਸਿੰਘ ਨੇ ਪਦਮਸ੍ਰੀ ਦਾ ਖ਼ਿਤਾਬ ਮੋੜਿਆ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਦੁਨੀਆਂ ਭਰ ਦੇ ਮਸ਼ਹੂਰ ਤਵਾਰੀਖ਼ਦਾਨ ਡਾ: ਗੰਡਾ ਸਿੰਘ ਨੇ 14 ਜੂਨ 1984 ਦੇ ਦਿਨ ਭਾਰਤ ਸਰਕਾਰ ਨੂੰ ਪਦਮਸ੍ਰੀ ਦਾ ਖ਼ਿਤਾਬ ਵਾਪਿਸ ਕਰ ਦਿੱਤਾ।

1986: ਸੁਜਾਨਪੁਰ (ਜ਼ਿਲ੍ਹਾ ਪਠਾਨਕੋਟ) ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

ਚੌਦਾਂ ਜੂਨ 1986 ਦੇ ਦਿਨ ਦਹਿਸ਼ਤਗਰਦ ਹਿੰਦੂਆਂ ਨੇ ਸੁਜਾਨਪੁਰ ਪੁਲੀਸ ਥਾਣੇ ਉੱਤੇ ਹਮਲਾ ਕੀਤਾ। ਪਰ ਪੁਲੀਸ ਵਲੋਂ ਕੋਈ ਗ੍ਰਿਫ਼ਤਾਰੀ ਨਾ ਕੀਤੀ ਗਈ। ਇਸੇ ਦਿਨ ਅੰਮ੍ਰਿਤਸਰ ਵਿਚ ਗਵਾਲ ਮੰਡੀ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਜਸਬੀਰ ਸਿੰਘ ਨੂੰ ਛੁਰਾ ਮਾਰ ਕੇ ਜ਼ਖ਼ਮੀ ਕਰ ਦਿੱਤਾ।

1989: ਮਾਧਾ ਸਿੰਘ, ਸੁਖਜਿੰਦਰ ਸਿੰਘ ਤੇ ਡਾਕਟਰ ਲਾਲੀ ਘੁੰਮਣ ਸ਼ਹੀਦ

ਭਾਈ ਮਾਧਾ ਸਿੰਘ (ਪੁੱਤਰ ਸਵਰਨ ਸਿੰਘ ਮਹਾਕਾਲ, ਵਾਸੀ ਵੇਈਂ ਪੂਈਂ ਜ਼ਿਲ੍ਹਾ ਤਰਨਤਾਰਨ) ਸੁਖਦੇਵ ਸਿੰਘ ਸਖੀਰਾ ਅਤੇ ਅਵਤਾਰ ਸਿੰਘ ਬ੍ਰਹਮਾ ਦਾ ਸਾਥੀ ਸੀ। ਜਦ ਪੁਲਿਸ ਨੂੰ ਉਸ ਦੀ ਸੂਹ ਮਿਲੀ ਤਾਂ ਉਸ ਨੇ ਆਪਣਾ ਘਰ ਛੱਡ ਦਿੱਤਾ ਅਤੇ ਖਾੜਕੂ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਿਆ। 14 ਜੂਨ 1989 ਦੇ ਦਿਨ ਜਦ ਉਹ ਆਪਣੀ ਭੂਆ ਦੇ ਘਰ ਵਿਚ ਬੰਬ ਬਣਾ ਰਹੇ ਸਨ ਤਾਂ ਬੰਬ ਫਟ ਗਿਆ ਅਤੇ ਸੁਖਜਿੰਦਰ ਸਿੰਘ ਤੇ ਡਾਕਟਰ ਲਾਲੀ ਘੁੰਮਣ ਸ਼ਹੀਦ ਹੋ ਗਏ। ਇਸ ਮਗਰੋਂ ਉਹ ਉਥੋਂ ਚਲਾ ਗਿਆ ਤੇ ਧਰਮ ਸਿੰਘ ਕਾਸ਼ਤੀਵਾਲ ਦੇ ਨਾਲ ਰਹਿਣ ਲਗ ਪਿਆ। ਇਕ ਵਾਰ ਜਦ ਧਰਮ ਸਿੰਘ ਫੜਿਆ ਗਿਆ ਤਾਂ ਉਸ ਨੇ ਸੰਗਰੂਰ ਦੇ ਐਸ.ਐਸ.ਪੀ. ਦੇ ਮੁੰਡੇ ਨੂੰ ਅਗਵਾ ਕਰ ਕੇ ਧਰਮ ਸਿੰਘ ਨੂੰ ਛੁਡਵਾ ਲਿਆ। ਫਿਰ ਉਨ੍ਹਾਂ ਨੇ ਮਹਾਂਰਾਸ਼ਟਰ ਵਿਚ ਨਾਸਿਕ ਤੋਂ ਦਿੱਲੀ ਪੁਲਸ ਦੇ ਇਕ ਆਈ.ਜੀ ਦਾ ਭਰਾ ਅਗਵਾ ਕਰ ਲਿਆ। ਪਰ ਉਹ ਇਨ੍ਹਾਂ ਕੋਲੋਂ ਬਚ ਕੇ ਨਿਕਲ ਗਿਆ ਤੇ ਉਲਟਾ ਇਹ ਫੜੇ ਗਏ। ਉਸ 'ਤੇ ਪੁਲਸ ਨੇ ਬਹੁਤ ਤਸ਼ੱਦਦ ਕੀਤਾ ਤੇ ਫਿਰ ਉਸ ਨੂੰ ਖ਼ਤਮ ਕਰ ਦਿੱਤਾ। ਉਸ ਦੀ ਲਾਸ਼ ਦੀ ਵੀ ਕੋਈ ਉਘ ਸੁਘ ਨਾ ਨਿਕਲੀ।

1989: ਬਲਬੀਰ ਸਿੰਘ ਚੰਗਿਆੜਾ ਮੇਹਾਣਾ, ਗੁਰਨਾਮ ਸਿੰਘ ਮਾਨੋਚਾਹਲ, ਅੰਮ੍ਰਿਤਸਰ), ਸੁਖਜਿੰਦਰ ਸਿੰਘ ਬਰਾੜ ਜੱਬੋਵਾਲ, ਜਸਪਾਲ ਸਿੰਘ ਘੁਮਾਣ, ਅਜੀਤ ਸਿੰਘ ਭੋਚੀ ਬਰਾਹਮਣ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ ਚੰਗਿਆੜਾ (ਵਾਸੀ ਮੇਹਾਣਾ, ਹੁਸ਼ਿਆਰਪੁਰ), ਗੁਰਨਾਮ ਸਿੰਘ ਉਰਫ਼ ਡਾਕਟਰ ਮਾਨੋਚਾਹਲ (ਵਾਸੀ ਮਾਨੋਚਾਹਲ, ਅੰਮ੍ਰਿਤਸਰ), ਸੁਖਜਿੰਦਰ ਸਿੰਘ ਬਰਾੜ (ਵਾਸੀ ਜੱਬੋਵਾਲ), ਜਸਪਾਲ ਸਿੰਘ ਬਬਰ ਉਰਫ਼ ਡਾਕਟਰ (ਵਾਸੀ ਲਾਲੂ ਘੁੰਮਣ, ਨੇੜੇ ਝਬਾਲ), ਅਜੀਤ ਸਿੰਘ ਬਬਰ (ਵਾਸੀ ਭੋਚੀ ਬਰਾਹਮਣ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਬਲਜੀਤ ਸਿੰਘ ਸਲਾਣਾ ਜੀਵਨ ਸਿੰਘ, ਹਰਪਾਲ ਸਿੰਘ ਘੜਖਾਨਾ, ਹਰਜੀਤ ਸਿੰਘ ਕੋਟਲੀ ਮੱਲੀਆਂ, ਹਰਭਜਨ ਸਿੰਘ ਮੱਨੂਵਾਲਾ), ਸਤਨਾਮ ਸਿੰਘ ਬੁਟਾਲਾ, ਸਤਜੀਤ ਸਿੰਘ ਰਸੂਲਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਬਲਜੀਤ ਸਿੰਘ (ਪੁੱਤਰ ਕਿਸ਼ਨ ਸਿੰਘ, ਵਾਸੀ ਸਲਾਣਾ ਜੀਵਨ ਸਿੰਘ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ), ਹਰਪਾਲ ਸਿੰਘ (ਪੁੱਤਰ ਦੀਦਾਰ ਸਿੰਘ, ਵਾਸੀ ਘੜਖਾਨਾ, ਨੇੜੇ ਮਾਣਕੀ, ਜ਼ਿਲ੍ਹਾ ਲੁਧਿਆਣਾ), ਹਰਜੀਤ ਸਿੰਘ ਬਬਰ ਉਰਫ ਬਾਬਾ (ਵਾਸੀ ਕੋਟਲੀ ਮੱਲੀਆਂ, ਅੰਮ੍ਰਿਤਸਰ) ਤੇ ਹਰਭਜਨ ਸਿੰਘ ਉਰਫ਼ ਸਿਕੰਦਰ ਸਿੰਘ (ਵਾਸੀ ਮੱਨੂਵਾਲਾ), ਸਤਨਾਮ ਸਿੰਘ ਬਿੱਟਾ (ਵਾਸੀ ਬੁਟਾਲਾ), ਸਤਜੀਤ ਸਿੰਘ (ਵਾਸੀ ਰਸੂਲਪੁਰ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਹਿੰਦਰ ਸਿੰਘ ਕਸੇਲ, ਬਲਵਿੰਦਰ ਸਿੰਘ ਕਾਲਾ ਸੂਚ, ਚਰਨਜੀਤ ਸਿੰਘ ਚੰਨ ਕਰਿਹਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਮਹਿੰਦਰ ਸਿੰਘ ਕਸੇਲ, ਬਲਵਿੰਦਰ ਸਿੰਘ ਕਾਲਾ (ਵਾਸੀ ਸੂਚ ਗੁਰਦਾਸਪੁਰ), ਚਰਨਜੀਤ ਸਿੰਘ ਚੰਨ (ਪੁੱਤਰ ਭਾਈ ਰਾਮ ਸਿੰਘ, ਵਾਸੀ ਕਰਿਹਾਲ, ਅੰਮ੍ਰਿਤਸਰ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਹਸਨਪੁਰਾ, ਜਸਵੰਤ ਸਿੰਘ ਭਰੋਵਾਲਾ, ਜਗਰੂਪ ਸਿੰਘ ਰੂਪਾ ਚੰਡੋਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ। ਸੁਖਦੇਵ ਸਿੰਘ ਸੁੱਖਾ ਨੇ ਕੈਪਸੂਲ ਨਿਗਲ ਕੇ ਸ਼ਹੀਦੀ ਹਾਸਿਲ ਦਿੱਤੀ

14 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਹਸਨਪੁਰਾ, ਜਸਵੰਤ ਸਿੰਘ (ਭਰੋਵਾਲਾ, ਬਟਾਲਾ ਨੇੜੇ) ਅਤੇ ਜਗਰੂਪ ਸਿੰਘ ਰੂਪਾ ਚੰਡੋਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਖਾੜਕੂ ਸੁਖਦੇਵ ਸਿੰਘ ਸੁੱਖਾ ਪੁਲਸ ਦੇ ਘੇਰੇ ਵਿਚ ਆ ਗਿਆ; ਉਸ ਨੇ ਪੁਲਸ ਦਾ ਜ਼ੁਲਮ ਸਹਿ ਕੇ ਨਕਲੀ ਮੁਕਾਬਲਾ ਬਣਾਏ ਜਾਣ ਦੀ ਬਜਾਏ ਸਾਇਆਨਾਈਡ ਦਾ ਕੈਪਸੂਲ ਨਿਗਲ ਕੇ ਸ਼ਹੀਦੀ ਹਾਸਿਲ ਕਰਨ ਨੂੰ ਤਰਜੀਹ ਦਿੱਤੀ।

1993: ਪਰਮਜੀਤ ਸਿੰਘ ਬਾਹਮਣੀਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਜੂਨ 1993 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਨਰਿੰਦਰ ਸਿੰਘ, ਵਾਸੀ ਬਾਹਮਣੀਵਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

15 ਜੂਨ

1936: ਅੰਮ੍ਰਿਤਸਰ ਵਿਚ ਸਿੱਖ-ਮੁਸਲਮ ਫ਼ਸਾਦ ਹੋਏ

15 ਜੂਨ 1936 ਦੇ ਦਿਨ ਇਕ ਨਿੱਕੀ ਜਹੀ ਜ਼ਾਤੀ ਘਟਨਾ ਮਗਰੋਂ ਅੰਮ੍ਰਿਤਸਰ ਵਿਚ ਸਿੱਖ-ਮੁਸਲਮ ਫ਼ਸਾਦ ਭੜਕ ਉੱਠੇ; ਮੁਸਲਮਾਨਾਂ ਨੇ ਘੀ ਮੰਡੀ ਗੁਰਦੁਆਰੇ ਨੂੰ ਅੱਗ ਲਾ ਦਿੱਤੀ।

1942: ਸਿਕੰਦਰ - ਬਲਦੇਵ ਸਿੰਘ ਸਮਝੌਤੇ 'ਤੇ ਦਸਤਖ਼ਤ ਹੋਏ

1940 ਵਿਚ ਸੁੰਦਰ ਸਿੰਘ ਮਜੀਠਾ ਦੀ ਮੌਤ ਮਗਰੋਂ ਦਸੌਂਧਾ ਸਿੰਘ ਪੰਜਾਬ ਵਿਚ ਵਜ਼ੀਰ ਬਣਿਆ। ਦਸੌਂਧਾ ਸਿੰਘ ਨੂੰ ਉੱਜਲ ਸਿੰਘ ਦੀ ਥਾਂ ਵਜ਼ੀਰ ਬਣਾਇਆ ਜਾਣਾ ਖਾਲਸਾ ਨੈਸ਼ਨਲਿਸਟ ਪਾਰਟੀ ਵਾਸਤੇ ਘਾਟੇਵੰਦਾ ਸੀ। ਹਾਲਾਂ ਕਿ ਉੱਜਲ ਸਿੰਘ ਨੂੰ ਵਜ਼ੀਰ ਨਾ ਬਣਾਏ ਜਾਣ ਦਾ ਕਾਰਨ ਇਹ ਸੀ ਕਿ ਉੱਜਲ ਸਿੰਘ ਗ਼ੈਰ-ਜੱਟ ਸੀ ਤੇ ਦਸੌਂਧਾ ਸਿੰਘ ਜੱਟ ਸੀ। ਪਰ, ਦਸੌਂਧਾ ਸਿੰਘ ਇਕ ਕਮਜ਼ੋਰ ਤੇ ਨਾਅਹਿਲ ਵਜ਼ੀਰ ਸਾਬਤ ਹੋਇਆ।

ਦਸੌਂਧਾ ਸਿੰਘ ਨਾ ਸਿਰਫ਼ ਕਮਜ਼ੋਰ ਹੀ ਸੀ ਬਲਕਿ ਉਸ ਦੇ ਵਜ਼ੀਰ ਬਨਣ ਨਾਲ ਖਾਲਸਾ ਨੈਸ਼ਨਲਿਸਟ ਪਾਰਟੀ ਦਾ ਗਰੁੱਪ ਵੀ ਟੁੱਟ ਗਿਆ। ਇਸ ਦਾ ਫ਼ਾਇਦਾ ਬਲਦੇਵ ਸਿੰਘ, ਜੋ ਇਕ ਸਰਮਾਏਦਾਰ ਪਰ ਬੈਕ-ਬੈਂਚਰ ਸੀ, ਨੂੰ ਹੋਇਆ। ਉਸ ਨੇ ਖਾਲਸਾ ਨੈਸ਼ਨਲਿਸਟ ਪਾਰਟੀ, ਅਕਾਲੀ ਦਲ ਦੇ ਅਤੇ ਕੁਝ ਅਜ਼ਾਦ ਮੈਂਬਰਾਂ ਨੂੰ ਨਾਲ ਰਲਾ ਕੇ ਇਕ ਨਵਾਂ ਗਰੁਪ ਕਾਇਮ ਕਰ ਲਿਆ। ਬਲਦੇਵ ਸਿੰਘ ਨੇ, ਮੇਜਰ ਸ਼ਾਰਟ ਦੇ ਮਿਲਵਰਤਣ ਨਾਲ, ਸਰ ਸਿਕੰਦਰ ਨਾਲ ਅੰਦਰ-ਖਾਤੇ ਸਮਝੌਤਾ ਕਰਨਾ ਸ਼ੁਰੂ ਕਰ ਦਿੱਤਾ। ਸਰ ਸਿਕੰਦਰ ਨੇ ਵੀ ਵਕਤ ਦੀਆਂ ਸਿੱਖ ਮੰਗਾਂ ਬਾਰੇ ਆਪਣੇ ਵਿਚਾਰ ਇਕ ਹਮਦਰਦ ਵਜੋਂ ਪੇਸ਼ ਕਰਨੇ ਸ਼ੁਰੂ ਕਰ ਦਿੱਤੇ।

ਅਖ਼ੀਰ 15 ਜੂਨ 1942 ਦੇ ਦਿਨ ਸਰ ਸਿਕੰਦਰ ਅਤੇ ਬਲਦੇਵ ਸਿੰਘ ਵਿਚ ਹੋਇਆ ਸਮਝੌਤਾ ਪਬਲਿਕ ਵਿਚ ਆਇਆ। ਇਸ ਸਮਝੌਤੇ ਦੇ ਨਤੀਜੇ ਵਜੋਂ 26 ਜੂਨ 1942 ਨੂੰ ਬਲਦੇਵ ਸਿੰਘ ਨੇ ਵਜ਼ੀਰ ਦੇ ਅਹੁਦੇ ਦਾ ਹਲਫ਼ ਲੈ ਲਿਆ। ਬਲਦੇਵ ਸਿੰਘ ਮੁਤਾਬਿਕ ਸਰ ਸਿਕੰਦਰ ਨੇ ਝਟਕੇ ਦੀ ਇਜਾਜ਼ਤ, ਗੁਰਮੁਖੀ ਦੀ ਪੜ੍ਹਾਈ, ਧਾਰਮਿਕ ਮਾਮਲਿਆਂ ਬਾਰੇ ਕਾਨੂੰਨ, ਸੈਂਟਰ ਵਿਚ ਸਿੱਖਾਂ ਦੀ ਨੁਮਾਇੰਦਗੀ ਅਤੇ ਸਰਕਾਰੀ ਨੌਕਰੀਆਂ ਵਿਚ ਸਿੱਖਾਂ ਦੀ ਭਰਤੀ ਬਾਰੇ ਸਮਝੌਤਾ ਕੀਤਾ। ਇਸ ਸਮਝੌਤੇ ਨੂੰ ਬਾਅਦ ਵਿਚ 'ਸਿਕੰਦਰ-ਬਲਦੇਵ ਸਿੰਘ ਪੈਕਟ' ਦੇ ਨਾਂ ਨਾਲ ਯਾਦ ਕੀਤਾ ਗਿਆ। ਇਸ ਪੈਕਟ ਬਾਰੇ ਵੱਖ-ਵੱਖ ਹਲਕਿਆਂ ਵਿਚ ਵੱਖ-ਵੱਖ ਵਿਚਾਰ ਆਏ। ਕਾਂਗਰਸ ਨੂੰ ਸਭ ਤੋਂ ਵਧੇਰੇ ਝਟਕਾ ਲਗਿਆ। ਇਸ ਸਮਝੌਤੇ ਦਾ ਸਿੱਖਾਂ ਨੂੰ ਵੱਡਾ ਫ਼ਾਇਦਾ ਇਹ ਹੋਇਆ ਕਿ ਵਾਇਸਰਾਏ ਦੀ ਐਗਜ਼ੇਕਟਿਵ ਕੌਂਸਲ ਦੇ 8 ਦੀ ਥਾਂ 9 ਮੈਂਬਰ ਹੋ ਗਏ। ਨੌਵਾਂ ਮੈਂਬਰ ਜੋਗਿੰਦਰਾ ਸਿੰਘ ਨੂੰ ਲਿਆ ਗਿਆ ਅਤੇ ਉਸ ਨੂੰ ਸਿਹਤ, ਸਿੱਖਿਆ ਤੇ ਜ਼ਮੀਨਾਂ ਦਾ ਮਹਿਕਮਾ ਦਿੱਤਾ ਗਿਆ। ਜਿਹੜੀ ਗੱਲ ਸਿੱਖ ਮਤੇ ਪਾਸ ਕਰ ਕੇ ਤੇ ਐਜੀਟੇਸ਼ਨਾਂ ਨਾਲ ਨਾ ਮੰਨਵਾ ਸਕੇ, ਉਹ ਇਸ ਸਮਝੌਤੇ ਨੇ ਪੂਰੀ ਕਰਵਾ ਦਿੱਤੀ। ਸਿੱਖ ਅਜਿਹਾ ਕੁਝ ਕਈ ਮੌਕਿਆਂ ਤੇ ਖੱਟ ਸਕਦੇ ਸਨ ਪਰ 'ਰੌਲਾ ਪਾਊ' ਅੰਸਰ ਅਤੇ ਬੇਮੁਹਾਰੇ ਜੋਸ਼ ਵਾਲੇ, ਦੂਜਿਆਂ ਦੀ ਚੁੱਕ ਵਿਚ ਆ ਕੇ ਉਨ੍ਹਾਂ ਖ਼ਾਤਿਰ ਅਪਣਾ ਪੰਥਕ ਏਜੰਡਾ ਛੱਡਣ ਵਾਲੇ, ਅਖੌਤੀ-ਨੈਸ਼ਨਲਿਸਟ ਆਗੂ, ਅਕਸਰ ਰਾਹ ਵਿਚ ਰੁਕਾਵਟ ਬਣ ਜਾਂਦੇ ਸਨ। ਇਸ ਸਮਝੌਤੇ ਨਾਲ ਹੁਣ ਸਿੱਖਾਂ ਨੂੰ ਕਈ ਪਾਸੇ ਝਟਕੇ ਦੀ ਖੁਲ੍ਹ ਹੋ ਗਈ। ਧਾਰਮਿਕ ਪੱਖ ਤੋਂ ਆਜ਼ਾਦੀ ਵਿਚ ਬਹੁਤ ਵਾਧਾ ਹੋਇਆ। 20 ਫ਼ੀ ਸਦੀ ਨੌਕਰੀਆਂ ਰਿਜ਼ਰਵ ਹੋ ਗਈਆਂ। ਇਸ ਸਾਰੇ ਕੁਝ ਦਾ ਕਾਰਨ ਸਿਕੰਦਰ-ਬਲਦੇਵ ਸਿੰਘ ਸਮਝੌਤਾ ਹੀ ਸੀ। ਕਈ ਆਗੂਆਂ ਨੇ ਇਹ ਸਮਝੌਤਾ ਤੁੜਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਨ੍ਹਾਂ ਨੂੰ ਕਾਮਯਾਬੀ ਨਾ ਮਿਲੀ। ਹੌਲੀ-ਹੌਲੀ ਖਾਲਸਾ ਨੈਸ਼ਨਲਿਸ਼ਟ

ਪਾਰਟੀ ਦੇ ਬਾਕੀ ਰਹਿੰਦੇ ਮੈਂਬਰ ਵੀ ਬਲਦੇਵ ਸਿੰਘ ਦੇ ਗਰੁੱਪ ਵਿਚ ਸ਼ਾਮਿਲ ਹੋ ਗਏ ਜਿਸ ਨਾਲ ਸਿੱਖਾਂ ਵਿਚ ਅਕਾਲੀ ਦਲ ਦੇ ਵਿਰੋਧੀਆਂ ਦਾ ਅਸੈਂਬਲੀ ਵਿਚ ਖ਼ਾਤਮਾ ਹੋ ਗਿਆ। ਹੁਣ ਅਸੈਂਬਲੀ ਵਿਚ ਅਕਾਲੀ ਦਲ ਹੀ ਇਕੱਲੀ ਸਿੱਖ ਨੁਮਾਇੰਦਾ ਪਾਰਟੀ ਰਹਿ ਗਈ। ਇਸ ਸਮਝੌਤੇ ਦੇ ਇਕ ਸਾਲ ਦੇ ਅੰਦਰ-ਅੰਦਰ ਸਿਆਸੀ ਦੁਨੀਆਂ ਦਾ ਨਕਸ਼ਾ ਬਦਲ ਚੁਕਾ ਸੀ।

1986: ਸੁਰਜੀਤ ਬਰਨਾਲਾ ਨੇ ਦਰਬਾਰ ਸਾਹਿਬ 'ਚ ਆਪਣੀ 'ਟਾਸਕ ਫ਼ੋਰਸ' ਤਾਇਨਾਤ ਕੀਤੀ

30 ਅਪ੍ਰੈਲ 1986 ਦੇ ਦਿਨ ਬਰਨਾਲਾ ਸਰਕਾਰ ਦੇ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਬਰਨਾਲੇ ਨੇ ਦਰਬਾਰ ਸਾਹਿਬ ਵਿਚ ਸੈਂਕੜੇ ਬਾ-ਵਰਦੀ ਪੁਲੀਸ ਸਿਪਾਹੀ ਤਾਈਨਾਤ ਕੀਤੇ ਹੋਏ ਸਨ। ਪਰਕਰਮਾ ਵਿਚ ਹਰ 10 ਫ਼ੁਟ 'ਤੇ ਇਕ ਪੁਲੀਸ ਮੁਲਾਜ਼ਮ ਖੜ੍ਹਾ ਹੋਇਆ ਸੀ। ਸਿੱਖਾਂ ਵਿਚ ਬਰਨਾਲੇ ਵਾਸਤੇ ਨਫ਼ਰਤ ਦਿਨ-ਬ-ਦਿਨ ਵੱਧ ਰਹੀ ਸੀ। ਅਖ਼ੀਰ ਬਰਨਾਲੇ ਨੇ ਇਕ ਮਹੀਨੇ ਬਾਅਦ, 31 ਮਈ ਨੂੰ, ਪੁਲੀਸ ਨੂੰ ਪਰਕਰਮਾ ਵਿਚੋਂ ਹਟਾ ਲਿਆ ਪਰ ਸਰਾਂਵਾਂ, ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇ ਹੋਰ ਸਾਰੇ ਪਾਸੇ ਅਜੇ ਵੀ ਸੈਂਕੜੇ ਸਿਪਾਹੀਆਂ ਦਾ ਘੇਰਾ ਕਾਇਮ ਸੀ। ਭਾਵੇਂ ਬਰਨਾਲੇ ਨੇ ਪਰਕਰਮਾ ਵਿਚੋਂ ਪੁਲੀਸ ਹਟਾਈ ਸੀ, ਪਰ ਉਸ ਦੀ ਥਾਂ 'ਤੇ ਸ਼੍ਰੋਮਣੀ ਕਮੇਟੀ ਵਲੋਂ ਭਰਤੀ ਕੀਤੀ ਹੋਈ 'ਟਾਸਕ ਫ਼ੋਰਸ' ਤਾਈਨਾਤ ਕਰ ਦਿੱਤੀ ਗਈ ਸੀ। ਇਹ 'ਟਾਸਕ ਫ਼ੋਰਸ' ਬਰਨਾਲੇ ਵਲੋਂ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਾਬਲ ਸਿੰਘ ਨੇ ਬਰਨਾਲੇ ਦੇ ਕਹਿਣ 'ਤੇ ਬਣਾਈ ਸੀ। 4 ਜੂਨ ਨੂੰ ਇਸ ਟਾਸਕ ਫ਼ੋਰਸ ਦਾ ਇਕ ਮੁਲਾਜ਼ਮ ਅਵਤਾਰ ਸਿੰਘ ਕੁਝ ਸਿੱਖਾਂ ਨਾਲ ਹੱਥੋ-ਪਾਈ 'ਚ ਮਾਰਿਆ ਗਿਆ। ਅਵਤਾਰ ਸਿੰਘ ਦੇ ਕਤਲ ਦੇ ਨਾਂ 'ਤੇ ਬਰਨਾਲਾ ਪੁਲੀਸ ਨੇ ਇੰਦਰਾ ਗਾਂਧੀ ਨੂੰ ਮਾਰਨ ਵਾਲੇ ਬੇਅੰਤ ਸਿੰਘ ਦੀ ਪਤਨੀ ਬੀਬੀ ਬਿਮਲ ਕੌਰ, ਤਾਲਬ ਸਿੰਘ ਸੰਧੂ ਐਮ.ਐਲ.ਏ., ਮੇਜਰ ਜਗਜੀਤ ਸਿੰਘ ਅਤੇ ਕਈ ਹੋਰਾਂ ਉੱਤੇ ਝੂਠਾ ਕੇਸ ਦਰਜ ਕਰ ਲਿਆ ਗਿਆ। (ਇਸ ਦੇ ਨਾਲ ਹੀ ਪੁਲੀਸ ਫੇਰ ਪਰਕਰਮਾ ਵਿਚ ਆ ਗਈ ਅਤੇ 15 ਜੂਨ 1986 ਤਕ ਉੱਥੇ ਕਾਬਜ਼ ਰਹੀ। ਇਹ ਓਨਾ ਹੀ ਸਮਾਂ ਸੀ ਜਿੰਨਾਂ ਚਿਰ ਇੰਦਰਾ ਗਾਂਧੀ ਵੇਲੇ ਕਬਜ਼ਾ ਰਖਿਆ ਗਿਆ ਸੀ)। ਪੁਲਸ ਦੇ ਜਾਣ ਮਗਰੋਂ ਬਰਨਾਲੇ ਨੇ ਨਵੀਂ ਤਾਈਨਾਤ ਕੀਤੀ 'ਟਾਸਕ ਫ਼ੋਰਸ' ਤਾਈਨਾਤ ਕਰ ਦਿੱਤੀ।

1986: ਬਟਾਲਾ ਵਿਚ ਦਹਿਸ਼ਤਗਰਦ ਸ਼ਿਵ ਸੈਨਾ ਨੇ ਸਿੱਖਾਂ ਅਤੇ 'ਤੇ ਹਮਲੇ ਕੀਤੇ; ਇਕ ਸਿੱਖ ਕਤਲ ਹੋਇਆ ਤੇ ਦੋ ਜ਼ਖ਼ਮੀ ਹੋਏ

ਪੰਦਰਾਂ ਜੂਨ 1986 ਦੇ ਦਿਨ ਬਟਾਲੇ ਵਿਚ ਸ਼ਿਵ ਸੈਨਾ ਨੇ ਸਿੱਖਾਂ ਅਤੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕੀਤੇ ਅਤੇ ਇਕ ਸਿੱਖ ਦਲਬੀਰ ਸਿੰਘ ਨੂੰ ਕਤਲ ਕਰ ਦਿੱਤਾ ਤੇ ਦੋ ਸਿੱਖਾਂ ਪਰਮਜੀਤ ਸਿੰਘ ਤੇ ਸੁਦਾਗਰ ਸਿੰਘ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ। ਇਸ ਸਮੇਂ ਸੀ. ਆਰ. ਪੀ. ਐਫ਼. ਨੇ ਵੀ ਹਿੰਦੂ ਦਹਿਸ਼ਤਗਰਦਾਂ ਦੀ ਪੂਰੀ ਮਦਦ ਕੀਤੀ।

1986: ਸਵਰਨ ਸਿੰਘ ਨਕਲੀ ਮੁਕਾਬਲਿਆਂ ਵਿਚ ਸਿੱਖ ਸ਼ਹੀਦ

15 ਜੂਨ 1986 ਦੇ ਦਿਨ ਪੁਲਸ ਨੇ ਫ਼ੀਰੋਜ਼ਪੁਰ ਵਿਚ ਚੱਕ ਭੂਰੇ ਕੋਲ ਸਵਰਨ ਸਿੰਘ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1987: ਗੁਰਦੇਵ ਸਿੰਘ ਸਤੀਏਵਾਲ ਅਤੇ 12 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਜੂਨ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ ਸਤੀਏਵਾਲ ਅਤੇ 12 ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1988: ਦਵਿੰਦਰ ਸਿੰਘ ਮੁਕਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

15 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ ਉਰਫ਼ ਬਲਵਿੰਦਰ ਸਿੰਘ (ਵਾਸੀ ਮੁਕਤਸਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1990: ਸੁਖਵਿੰਦਰ ਸਿੰਘ ਭੋਲਾ ਰੱਤੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

15 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਭੋਲਾ (ਵਾਸੀ ਰੱਤੋਕੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਦਿਲਬਾਗ ਸਿੰਘ ਘਰਿਆਲਾ, ਜਗੀਰ ਸਿੰਘ ਦਿਆਲਗੜ, ਜਸਵੰਤ ਸਿੰਘ ਕੋਟਲਾ, ਗੁਰਮੀਤ ਸਿੰਘ ਹੀਰਾ, ਨਿਰੰਜਨ ਸਿੰਘ ਬਹਿਲਾ, ਗੁਰਜੀਤ ਸਿੰਘ ਤੇ ਸੁਰਜੀਤ ਸਿੰਘ ਛਪਈ, ਲਖਵਿੰਦਰ ਸਿੰਘ ਲੱਖਾ ਸੱਤੋਵਾਲ, ਬਲਵੰਤ ਸਿੰਘ ਬਾਲਾ ਪੱਟੀਵਾਲ, ਭਗਵੰਤ ਸਿੰਘ ਬਰਿਆਰ, ਗੁਰਮੇਜ ਸਿੰਘ ਗੇਲਾ ਉਦਾਨਾ, ਪ੍ਰੇਮ ਸਿੰਘ ਪ੍ਰੇਮਾ ਚੀਮਾ ਬਾਠ, ਬਚਿੱਤਰ ਸਿੰਘ ਕਾਲ ਘੂਰੇ, ਨਿਸ਼ਾਨ ਸਿੰਘ ਭੱਠਲ, ਸੁਖਰਾਜਬੀਰ ਸਿੰਘ ਲੁਹਾਰਕਾ, ਗੁਰਵਿੰਦਰ ਸਿੰਘ ਗਿੰਦਾ ਜੋਧਪੁਰ, ਸ਼ੇਰ ਸਿੰਘ ਫ਼ਤਹਿਪੁਰ, ਹਰਜਿੰਦਰ ਸਿੰਘ, ਕੁਲਵੰਤ ਸਿੰਘ ਕਾਲਾ ਤੇ ਸੋਹਣ ਸਿੰਘ ਸੈਫ਼ਲਾਬਾਦ, ਬਲਬੀਰ ਸਿੰਘ ਜੱਬੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

-15 ਜੂਨ 1991 ਦੇ ਦਿਨ ਅਤੇ ਇਸ ਦੇ ਆਲੇ ਦੁਆਲੇ ਦੇ ਸਮੇਂ ਵਿਚ ਪੰਜਾਬ ਪੁਲਸ ਨੇ ਦਿਲਬਾਗ ਸਿੰਘ ਉਰਫ਼ ਬਰੋਸਟ (ਵਾਸੀ ਘਰਿਆਲਾ, ਅੰਮ੍ਰਿਤਸਰ), ਜਗੀਰ ਸਿੰਘ (ਵਾਸੀ ਦਿਆਲਗੜ), ਜਸਵੰਤ ਸਿੰਘ ਡਰਾਈਵਰ (ਵਾਸੀ ਕੋਟਲਾ), ਗੁਰਮੀਤ ਸਿੰਘ ਹੀਰਾ, ਨਿਰੰਜਨ ਸਿੰਘ (ਵਾਸੀ ਬਹਿਲਾ, ਤਰਨ ਤਾਰਨ), ਗੁਰਜੀਤ ਸਿੰਘ ਅਤੇ ਉਸ ਦਾ ਭਰਾ ਸੁਰਜੀਤ ਸਿੰਘ (ਵਾਸੀ ਛਪਈ), ਲਖਵਿੰਦਰ ਸਿੰਘ ਲੱਖਾ (ਵਾਸੀ ਸੱਤੋਵਾਲ), ਬਲਵੰਤ ਸਿੰਘ ਬਾਲਾ (ਵਾਸੀ ਪੱਟੀਵਾਲ), ਭਗਵੰਤ ਸਿੰਘ (ਵਾਸੀ ਬਰਿਆਰ), ਗੁਰਮੇਜ ਸਿੰਘ ਗੇਲਾ ਉਰਫ਼ ਦਇਆ ਸਿੰਘ ਉਦਾਨਾ, ਪ੍ਰੇਮ ਸਿੰਘ ਪ੍ਰੇਮਾ (ਵਾਸੀ ਚੀਮਾ ਬਾਠ), ਬਚਿੱਤਰ ਸਿੰਘ (ਵਾਸੀ ਕਾਲ ਘੂਰੇ), ਨਿਸ਼ਾਨ ਸਿੰਘ ਭੱਠਲ, ਸੁਖਰਾਜਬੀਰ ਸਿੰਘ (ਵਾਸੀ ਲੁਹਾਰਕਾ), ਗੁਰਵਿੰਦਰ ਸਿੰਘ ਗਿੰਦਾ (ਵਾਸੀ ਜੋਧਪੁਰ, ਅੰਮ੍ਰਿਤਸਰ), ਸ਼ੇਰ ਸਿੰਘ ਬਬਰ ਉਰਫ਼ ਸ਼ੇਰਾ (ਵਾਸੀ ਫ਼ਤਹਿਪੁਰ, ਪਟਿਆਲਾ), ਹਰਜਿੰਦਰ ਸਿੰਘ ਉਰਫ਼ ਸਵਰਨਾ, ਕੁਲਵੰਤ ਸਿੰਘ ਕਾਲਾ (ਵਾਸੀ ਸੈਫ਼ਲਾਬਾਦ), ਸੋਹਣ ਸਿੰਘ (ਵਾਸੀ ਸੈਫ਼ਲਾਬਾਦ), ਬਲਬੀਰ ਸਿੰਘ (ਵਾਸੀ ਜੱਬੋਵਾਲ) ਤੇ ਕਈ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ।

1992: ਮਨਦੀਪ ਸਿੰਘ ਖਰੜ, ਦਰਸ਼ਨ ਸਿੰਘ ਕੋਟਲੀ, ਦਲਬੀਰ ਸਿੰਘ ਬੀਰਾ, ਮਨਦੀਪ ਸਿੰਘ ਬਿੰਦਾ ਤੇ 7 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਮਨਦੀਪ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਖਰੜ), ਦਰਸ਼ਨ ਸਿੰਘ ਕੋਟਲੀ, ਦਲਬੀਰ ਸਿੰਘ ਬੀਰਾ ਉਰਫ਼ ਬੱਗਾ, ਮਨਦੀਪ ਸਿੰਘ ਬਿੰਦਾ ਤੇ 7 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਸਤਨਾਮ ਸਿੰਘ ਬਿੱਟੂ ਮਾਨੋਚਾਹਲ, ਮਨਜੀਤ ਸਿੰਘ ਮਾਨੋਚਾਹਲ, ਕਸ਼ਮੀਰ ਸਿੰਘ ਪੱਟੀ, ਤਰਸੇਮ ਸਿੰਘ ਕੰਗ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਜੂਨ 1993 ਦੇ ਦਿਨ ਪੁਲਸ ਨੇ ਸਤਨਾਮ ਸਿੰਘ ਉਰਫ਼ ਬਿੱਟੂ (ਪੁੱਤਰ ਹਰਦਿਆਲ ਸਿੰਘ, ਵਾਸੀ ਮਾਨੋਚਾਹਲ, ਜ਼ਿਲ੍ਹਾ ਅੰਮ੍ਰਿਤਸਰ), ਮਨਜੀਤ ਸਿੰਘ (ਪੁੱਤਰ ਪਰਕਾਸ਼ ਸਿੰਘ, ਵਾਸੀ ਮਾਨੋਚਾਹਲ, ਜ਼ਿਲ੍ਹਾ ਅੰਮ੍ਰਿਤਸਰ), ਕਸ਼ਮੀਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਪੱਟੀ), ਤਰਸੇਮ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਕੰਗ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2014: ਪੁਜਾਰੀਆਂ ਨੇ ਗੁਰਚਰਨ ਸਿੰਘ ਬਬਰ ਤੋਂ 'ਮਾੜੀ ਸ਼ਬਦਾਵਲੀ' ਦਾ ਸਪਸ਼ਟੀਕਰਨ ਮੰਗਿਆ

15 ਜੂਨ 2014 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਗੁਰਬਚਨ ਸਿੰਘ, ਤਲਵੰਡੀ ਸਾਬੋ ਦੇ ਬਲਵੰਤ ਸਿੰਘ ਨੰਦਗੜ੍ਹ ਤੇ ਤਿੰਨ ਹੋਰ ਪੁਜਾਰੀਆਂ ਨੇ 'ਪੰਜ ਸਿੰਘ ਸਾਹਿਬਾਨ' ਦੇ ਨਾਂ ਹੇਠ ਇਕ ਮੀਟਿੰਗ ਕਰ ਕੇ ਆਲ ਇੰਡੀਆ ਸਿੱਖ ਕਾਨਫ਼ਰੰਸ ਦੇ ਆਗੂ ਗੁਰਚਰਨ ਸਿੰਘ ਬਬਰ ਨੂੰ 31 ਮਈ 2014 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਪੁਜਾਰੀਆਂ ਦੇ ਖ਼ਿਲਾਫ਼ 'ਮਾੜੀ ਸ਼ਬਦਾਵਲੀ' ਵਰਤਣ ਦੇ ਦੋਸ਼ ਵਿਚ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੀ 'ਹਦਾਇਤ' ਕੀਤੀ। ਵਿਦੇਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਭੇਜਣ ਵਾਸਤੇ ਗੁਰਦੁਆਰਾ ਕਮੇਟੀਆਂ, ਜਥੇਬੰਦੀਆਂ ਅਤੇ ਆਮ ਲੋਕਾਂ ਤੋਂ ਸੁਝਾਅ ਵੀ ਮੰਗੇ। ਪੁਜਾਰੀਆਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ 6 ਜੂਨ 2014 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋਈਆਂ ਘਟਨਾਵਾਂ ਸਬੰਧੀ ਸਿਮਰਨਜੀਤ ਸਿੰਘ ਮਾਨ ਨੂੰ ਕੋਈ 'ਕਲੀਨ ਚਿਟ' ਨਹੀਂ ਦਿੱਤੀ ਸੀ (ਹਾਲਾਂ ਕਿ ਗੁਰਬਚਨ ਸਿੰਘ ਪੁਜਾਰੀ ਦੀ ਵੀਡੀਓ ਮੌਜੂਦ ਹੈ)।

2014: ਹਰਿਆਣਾ ਦੇ ਸਿੱਖ ਆਗੂਆਂ ਨੇ ਹਰਿਆਣਾ ਦੇ ਗੁਰਦੁਆਰਿਆਂ ਦੀ ਵਖਰੀ ਕਮੇਟੀ ਬਣਾਉਣ ਵਾਸਤੇ ਕਨਵੈਨਸ਼ਨ ਬੁਲਾਈ

15 ਜੂਨ 2014 ਦੇ ਦਿਨ ਹਰਿਆਣਾ ਦੇ ਸਿੱਖ ਆਗੂਆਂ ਨੇ ਹਰਿਆਣਾ ਦੇ ਗੁਰਦੁਆਰਿਆਂ ਦੀ ਵਖਰੀ ਕਮੇਟੀ ਬਣਾਉਣ ਵਾਸਤੇ ਨਵੇਂ ਸਿਰਿਓਂ ਮੁਹਿੰਮ ਵਿੱਢਣ ਵਾਸਤੇ 1 ਜੁਲਾਈ ਨੂੰ ਇਕ ਕਨਵੈਨਸ਼ਨ ਬੁਲਾ ਲਈ। ਹਰਿਆਣਾ ਵਿਚ 72 ਗੁਰਦੁਆਰੇ ਹਨ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਤਜ਼ਾਮ ਹੇਠ ਹਨ।ਸ਼੍ਰੋਮਣੀ ਕਮੇਟੀ ਦੀ ਕੁਲ ਆਮਦਨ 900 ਕਰੋੜ ਵਿਚੋਂ 180 ਕਰੋੜ ਦੀ ਆਮਦਨ ਇਨ੍ਹਾਂ ਗੁਰਦੁਆਰਿਆਂ ਤੋਂ ਹੈ।ਹਰਿਆਣਾ ਵਿਚ ਸਿੱਖਾਂ ਦੀ ਅਬਾਦੀ 15 ਲੱਖ ਹੈ ਜੋ ਸੂਬੇ ਦੀ ਕੁਲ ਅਬਾਦੀ ਦੇ 7% ਦੇ ਕਰੀਬ ਹੈ। ਉਨ੍ਹਾਂ ਦੀਆਂ ਵੋਟਾਂ ਦਾ ਅਸਰ ਲੋਕ ਸਭਾ ਦੀਆਂ 10 ਵਿਚੋਂ 4 ਸੀਟਾਂ (ਕੁਰੁਕਸ਼ੇਤਰ, ਕਰਨਾਲ, ਸਿਰਸਾ ਅਤੇ ਅੰਬਾਲਾ) ਅਤੇ ਅਸੈਂਬਲੀ ਦੀਆਂ 90 ਵਿਚੋਂ 36 ਸੀਟਾਂ 'ਤੇ ਪੈ ਸਕਦਾ ਹੈ। ਇਸ ਕਰ ਕੇ ਹੁਣ ਹਰਿਆਣਾ ਦੀ ਕਾਂਗਰਸ ਸਰਕਾਰ ਨੇ ਇਸ ਵਿਚ ਦਿਲਚਸਪੀ ਦਿਖਾਈ ਹੈ। ਹਾਲਾਂ ਕਿ 2004 ਦੀਆਂ ਚੋਣਾਂ ਵਿਚ ਹਰਿਆਣਾ ਕਾਂਗਰਸ ਨੇ ਵਖਰੀ ਕਮੇਟੀ ਦਾ ਵਾਅਦਾ ਕੀਤਾ ਸੀ ਅਤੇ 22 ਅਗਸਤ 2005 ਦੇ ਦਿਨ ਹਰਮਿੰਦਰ ਸਿੰਘ ਚੱਠਾ ਵਜ਼ੀਰ ਦੀ ਪ੍ਰਧਾਨਗੀ ਹੇਠ ਕਮੇਟੀ ਵੀ ਬਣਾ ਦਿੱਤੀ ਸੀ। ਇਸ ਕਮੇਟੀ ਨੂੰ 3 ਲੱਖ ਸਿੱਖਾਂ ਨੇ ਹਲਫ਼ਨਾਮੇ ਦੇ ਕੇ ਵਖਰੀ ਕਮੇਟੀ ਦੀ ਮੰਗ ਕੀਤੀ ਸੀ। ਪਰ ਮਨਮੋਹਣ ਸਿੰਘ ਪ੍ਰਾਈਮ ਮਨਿਸਟਰ ਵੱਲੋਂ ਬਾਦਲ ਦੇ ਹੱਕ ਵਿਚ ਭੁਗਤਣ ਕਰ ਕੇ ਇਹ ਮਸਲਾ ਠੰਢੇ ਬਸਤੇ ਵਿਚ ਪੈ ਗਿਆ। 2011 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ ਤਾਂ ਵਖਰੀ ਹਰਿਆਣਾ ਕਮੇਟੀ ਦੇ ਹਿਮਾਇਤੀ 11 ਵਿਚੋਂ 7 ਉਮੀਦਵਾਰ ਚੋਣਾਂ ਹਾਰ

ਗਏ ਸਨ। ਪਰ 2014 ਦੀਆਂ ਲੋਕ ਸਭਾ ਚੋਣਾਂ ਹਾਰਨ ਮਗਰੋਂ ਕਾਂਗਰਸ ਨੇ ਇਸ ਪਾਸੇ ਵੱਲ ਕਦਮ ਉਠਾਏ। ਹਰਿਆਣਾ ਤੋਂ ਪਹਿਲਾਂ ਦਿੱਲੀ, ਬਿਹਾਰ, ਉੜੀਸਾ, ਉਤਰਾਖੰਡ, ਮਹਾਂਰਾਸ਼ਟਰ ਵਿਚ ਤਵਾਰੀਖੀ ਗੁਰਦੁਆਰਿਆਂ ਵਾਸਤੇ ਪਹਿਲਾਂ ਹੀ ਵਖਰੀਆਂ ਗੁਰਦੁਆਰਾ ਕਮੇਟੀਆਂ ਬਣੀਆਂ ਹੋਈਆਂ ਹਨ।

16 ਜੂਨ

1922: ਬਬਰ ਅਕਾਲੀ ਆਗੂ ਮਾਸਟਰ ਮੋਤਾ ਸਿੰਘ ਗ੍ਰਿਫ਼ਤਾਰ ਹੋ ਗਏ

ਨਾਨਕਾਣਾ ਸਾਹਿਬ ਦੇ ਸਾਕੇ ਨੇ ਜਿਥੇ ਆਮ ਸਿੱਖਾਂ ਵਿਚ ਰੋਸ ਪੈਦਾ ਕੀਤਾ, ਉੱਥੇ ਨੌਜਵਾਨਾਂ, ਸਾਬਕ ਗ਼ਦਰੀ ਆਗੂਆਂ ਅਤੇ ਫ਼ੌਜੀਆਂ ਵਿਚ ਜ਼ਬਰਦਸਤ ਰੋਹ ਵੀ ਪੈਦਾ ਕੀਤਾ। ਹਰ ਪਾਸੇ ਚਰਚਾ ਸੀ ਕਿ ਭਾਵੇਂ ਜ਼ਾਹਰਾ ਤੌਰ ਤੇ ਨਾਨਕਾਣਾ ਸਾਹਿਬ ਦਾ ਕਤਲੇਆਮ ਮਹੰਤ ਨਰੈਣ ਦਾਸ ਤੇ ਉਸ ਦੇ ਕਿਰਾਏ ਦੇ ਗੁੰਡਿਆਂ ਨੇ ਕੀਤਾ ਹੈ ਪਰ ਇਸ ਦੀ ਜ਼ਿੰਮੇਦਾਰ ਮਿਸਟਰ ਕਿੰਗ (ਚੀਫ਼ ਕਮਿਸ਼ਨਰ ਲਾਹੌਰ), ਮਿਸਟਰ ਕਰੀ (ਡੀ. ਸੀ. ਲਾਹੌਰ), ਮਿਸਟਰ ਬੌਰਿੰਗ (ਸੁਪਰਡੈਂਟ ਸੀ.ਆਈ.ਡੀ.) ਸੁੰਦਰ ਸਿੰਘ ਮਜੀਠਾ, ਗੱਜਣ ਸਿੰਘ ਲੁਧਿਆਣਾ, ਕਰਤਾਰ ਸਿੰਘ ਬੇਦੀ, ਬਸੰਤ ਦਾਸ ਮਾਣਕ, ਬੇਲਾ ਸਿੰਘ ਜਿਆਣ ਦੀ ਵੀ ਬਰਾਬਰ ਦੀ ਹੈ (ਸਰਕਾਰ ਹੀ ਨਹੀਂ ਅੰਗਰੇਜ਼ ਜੱਜਾਂ ਨੇ ਵੀ, ਡੇਢ ਸੌ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਅਤੇ ਸੜਨ ਵਾਲੇ, ਮਹੰਤ ਨਾਰਾਇਣ ਦਾਸ ਦੀ ਮਦਦ ਕੀਤੀ। ਹੋਰ ਤਾਂ ਹੋਰ ਨਰੈਣ ਦਾਸ ਨੂੰ ਜਦੋਂ ਤਿਹਾੜ ਜੇਲ੍ਹ ਦਿੱਲੀ ਭੇਜਿਆ ਗਿਆ ਤਾਂ ਉਸ ਨੂੰ ਗੋਰਿਆਂ ਵਾਲੀ ਬੈਰਕ ਵਿਚ ਰੱਖਿਆ ਗਿਆ ਤੇ 'ਏ' ਕਲਾਸ ਦੀਆਂ ਸਹੂਲਤਾਂ ਮਾਣਦਾ ਰਿਹਾ)। ਇਸ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਮੁਹਿੰਮ ਵਿਚ ਮਾਸਟਰ ਮੋਤਾ ਸਿੰਘ, ਦਲੀਪ ਸਿੰਘ (ਸਾਧੜਾ), ਕਿਸ਼ਨ ਸਿੰਘ ਗੜਗਜ (ਬੜਿੰਗ), ਤਾਰਾ ਸਿੰਘ (ਠੇਠਰ), ਬੇਲਾ ਸਿੰਘ (ਘੋਲੀਆ), ਤੋਤਾ ਸਿੰਘ (ਪਿਸ਼ਾਵਰ), ਨਰੈਣ ਸਿੰਘ (ਚਾਟੀਵਿੰਡ), ਵਤਨ ਸਿੰਘ (ਕਨੇਡੀਅਨ) ਸ਼ਾਮਿਲ ਸਨ। ਇਸ ਖਾੜਕੂ ਜਥੇ ਨੇ ਸਭ ਤੋਂ ਪਹਿਲਾ ਐਕਸ਼ਨ ਬੌਰਿੰਗ ਦੇ ਕਤਲ ਦਾ ਚੁਣਿਆ। ਪਰ 23 ਮਈ 1921 ਨੂੰ ਇਸ ਮੁਹਿੰਮ 'ਤੇ ਨਿਕਲੇ ਬੇਲਾ ਸਿੰਘ ਤੇ ਗੇਂਡਾ ਸਿੰਘ ਨੂੰ ਸਾਧੂ ਸਿੰਘ (ਲਾਹੌਰ) ਨੇ ਗ੍ਰਿਫ਼ਤਾਰ ਕਰਵਾ ਦਿੱਤਾ। ਮਗਰੋਂ ਗੇਂਡਾ ਸਿੰਘ ਵਾਅਦਾ ਮੁਆਫ਼ ਗਵਾਹ ਬਣ ਗਿਆ ਜਿਸ ਕਰ ਕੇ ਚੰਚਲ ਸਿੰਘ ਕਨੇਡੀਅਨ (ਜੰਡਿਆਲਾ), ਠਾਕਰ ਸਿੰਘ (ਭੇਜੋਵਾਲ), ਚਤਰ ਸਿੰਘ (ਜੇਠੂਵਾਲ), ਪ੍ਰੇਮ ਸਿੰਘ ਗੁੰਬੀ (ਚੁਮਾਲਾ ਸਾਹਿਬ), ਬਿਸ਼ਨ ਸਿੰਘ (ਸ਼ੇਰਪੁਰ, ਪਟਿਆਲਾ), ਸਾਧੂ ਸਿੰਘ ਸੂਹੀਆ ਵਗੈਰਾ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਕੇਸ ਵਿਚ ਤਾਰਾ ਸਿੰਘ ਠੇਠਰ, ਤੋਤਾ ਸਿੰਘ ਪਿਸ਼ਾਵਰ, ਬੇਲਾ ਸਿੰਘ ਘੋਲੀਆ, ਨਰੈਣ ਸਿੰਘ ਚਾਟੀਵਿੰਡ, ਅਮਰ ਸਿੰਘ ਕੋਟ ਬਾਰੇ ਖ਼ਾਨ, ਪ੍ਰੇਮ ਸਿੰਘ ਚੁਮਾਲਾ ਦੇ ਖਿਲਾਫ਼ 8 ਨਵੰਬਰ 1921 ਨੂੰ ਕੇਸ ਚਲਾਇਆ ਗਿਆ।

18 ਮਈ 1922 ਦੇ ਦਿਨ ਅਦਾਲਤ ਨੇ ਇਸ ਕੇਸ ਦਾ ਫ਼ੈਸਲਾ ਦਿੱਤਾ; ਇਸ ਹੇਠ ਤੋਤਾ ਸਿੰਘ ਤੇ ਤਾਰਾ ਸਿੰਘ ਠੇਠਰ ਨੂੰ ਪੰਜ-ਪੰਜ ਸਾਲ, ਬੇਲਾ ਸਿੰਘ ਨੂੰ ਚਾਰ ਸਾਲ, ਚੰਚਲ ਸਿੰਘ ਜੰਡਿਆਲਾ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਗੇਂਡਾ ਸਿੰਘ, ਜੋ ਵਾਅਦਾ ਮੁਆਫ਼ ਗਵਾਹ ਬਣਿਆ ਸੀ, ਉਸ ਨੂੰ ਅਤੇ ਅਮਰ ਸਿੰਘ (ਕੋਟ ਬੱਡੇ), ਨੈਣ ਸਿੰਘ (ਚਾਟੀ ਵਿੰਡ), ਪ੍ਰੇਮ ਸਿੰਘ ਗੁੰਬੀ ਨੂੰ ਸਬੂਤਾਂ ਦੀ ਘਾਟ ਦੇ ਨਾਂ 'ਤੇ ਬਰੀ ਕੀਤਾ ਗਿਆ। ਇਸ ਕੇਸ ਵਿਚ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗਜ, ਗੁਰਬਚਨ ਸਿੰਘ ਅੰਬਾਲਾ, ਵਤਨ ਸਿੰਘ ਕਾਹਰੀ ਸਾਹਰੀ, ਅਮਰ ਸਿੰਘ ਦਿੱਲੀ, ਬਿਜਲਾ ਸਿੰਘ ਗ੍ਰਿਫ਼ਤਾਰ ਨਹੀਂ ਹੋ ਸਕੇ ਸਨ ਇਸ ਕਰ ਕੇ ਇਹ ਸਾਰੇ ਭਗੌੜੇ ਕਰਾਰ ਦਿੱਤੇ ਗਏ। ਇਨ੍ਹਾਂ ਵਿਚੋਂ ਮਾਸਟਰ ਮੋਤਾ ਸਿੰਘ ਤਾਂ ਕਈ ਵਾਰ ਪਿੰਡਾਂ ਵਿਚ

ਇਕੱਠ ਕਰ ਕੇ ਲੈਕਚਰ ਦੇ ਕੇ ਪੁਲਸ ਨੂੰ ਝਕਾਨੀ ਦੇ ਕੇ ਫਿਰ ਨਿਕਲ ਜਾਇਆ ਕਰਦਾ ਸੀ। ਅਖ਼ੀਰ ਇਕ ਵਾਰ ਅਜਿਹਾ ਮੌਕਾ ਵੀ ਆਇਆ ਕਿ ਪੁਲਸ ਨੂੰ ਉਸ ਦੀ ਮੌਜੂਦਗੀ ਦਾ ਪਤਾ ਲਗਾ ਪਰ ਉਹ ਕਾਬੂ ਨਾ ਆ ਸਕਿਆ; ਇਸ 'ਤੇ ਪੁਲਸ ਨੇ ਉਸ ਸਾਰੇ ਪਿੰਡ ਨੂੰਮ ਸਜ਼ਾ ਦੇਣ ਦਾ ਹੁਕਮ ਜਾਰੀ ਕੀਤਾ ਤਾਂ ਉਸ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ; ਇਹ ਘਟਨਾ 16 ਜੂਨ 1922 ਦੀ ਹੈ। ਮਾਸਟਰ ਮੋਤਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਮੋਢੀਆਂ ਵਿਚੋਂ ਵੀ ਇਕ ਸੀ।

1946: ਅੰਗਰੇਜ਼ਾਂ ਵੱਲੋਂ ਭਾਰਤ ਵਿਚ ਅੰਤਰਮ ਸਰਕਾਰ ਬਣਾਉਣ ਦਾ ਐਲਾਨ

ਲਾਰਡ ਐਟਲੀ ਨੇ ਬਰਤਾਨੀਆਂ ਦਾ ਪ੍ਰਾਈਮ ਮਨਿਸਟਰ ਬਣਦਿਆਂ ਹੀ 19 ਫ਼ਰਵਰੀ 1946 ਨੂੰ ਭਾਰਤ ਵਾਸਤੇ ਇਕ ਕਮਿਸ਼ਨ, ਜਿਸ ਵਿਚ ਕੈਬਨਿਟ ਦੇ ਵਜ਼ੀਰ ਸ਼ਾਮਿਲ ਹੋਣ, ਭੇਜਣ ਦਾ ਐਲਾਨ ਕੀਤਾ। ਇਸ ਵਿਚ ਲਾਰਡ ਪਥਿਕ ਲਾਰੈਂਸ, ਸਰ ਕ੍ਰਿਪਸ (ਕ੍ਰਿਪਸ ਮਿਸ਼ਨ ਵਾਲਾ) ਤੇ ਏ.ਵੀ. ਅਲੈਗਜ਼ੈਂਡਰ, ਤਿੰਨ ਮੈਂਬਰ ਸਨ। ਇਸ ਮਿਸ਼ਨ ਨੇ ਵਾਇਸਰਾਏ ਦੀ ਮਦਦ ਨਾਲ ਭਾਰਤ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮਿਲ ਕੇ ਭਾਰਤ ਦੀ ਆਜ਼ਾਦੀ ਬਾਰੇ ਫ਼ੈਸਲਾ ਕਰਨਾ ਸੀ। ਕੈਬਨਿਟ ਮਿਸ਼ਨ 24 ਮਾਰਚ 1946 ਦੇ ਦਿਨ ਦਿੱਲੀ ਪਹੁੰਚ ਗਿਆ। 3 ਮਹੀਨੇ ਵਿਚ ਮਿਸ਼ਨ ਦੇ ਮੈਂਬਰਾਂ ਨੇ ਤਕਰੀਬਨ 5 ਸੌ ਆਗੂਆਂ ਨਾਲ ਕੋਈ ਦੋ ਸੌ ਮੀਟਿੰਗਾਂ ਕੀਤੀਆਂ ਤੇ 16 ਮਈ 1946 ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਮਿਸ਼ਨ ਨੇ ਭਾਰਤ ਵਿਚ ਤਿੰਨ ਕੌਮਾਂ ਦੀ ਹੋਂਦ ਮਨਜ਼ੂਰ ਕੀਤੀ ਪਰ ਸਿੱਖ ਹੱਕਾਂ ਬਾਰੇ ਕੋਈ ਫ਼ੈਸਲਾ ਨਾ ਕੀਤਾ ਗਿਆ। ਕੈਬਨਿਟ ਮਿਸ਼ਨ ਨੇ ਪਾਕਿਸਤਾਨ ਦੀ ਮੰਗ ਤਾਂ ਰੱਦ ਕਰ ਦਿੱਤੀ ਪਰ ਨਾਲ ਹੀ ਭਾਰਤ ਦੀ ਦੋ ਗਰੁੱਪਾਂ (ਏ ਤੇ ਬੀ) ਵਿਚ ਵੰਡ ਦੀ ਹਿਮਾਇਤ ਕੀਤੀ, ਜਿਸ ਦਾ ਮਤਲਬ ਇਹੀ ਸੀ ਕਿ ਪਾਕਿਸਤਾਨ ਵਾਸਤੇ ਅਸਿੱਧੇ ਢੰਗ ਨਾਲ ਰਸਤਾ ਸਾਫ਼ ਕਰ ਦੇਣਾ। ਮਿਸ਼ਨ ਨੇ ਬੀ ਗਰੁਪ ਵਿਚ ਪੰਜਾਬ, ਸਿੰਧ, ਬਲੋਚਿਸਤਾਨ ਤੇ ਸੂਬਾ ਸਰਹੱਦ ਰੱਖੇ ਸਨ।

16 ਜੂਨ 1946 ਨੂੰ ਕੈਬਨਟ ਮਿਸ਼ਨ ਤੇ ਵਾਇਸਰਾਏ ਨੇ ਭਾਰਤ ਵਿਚ ਅੰਤਰਮ ਸਰਕਾਰ ਬਣਾਉਣ ਦਾ ਐਲਾਨ ਕੀਤਾ। ਇਸ ਵਿਚ 6 ਕਾਂਗਰਸੀ, 5 ਮੁਸਲਮ ਲੀਗ, 1 ਸਿੱਖ, 1 ਪਾਰਸੀ ਤੇ 1 ਭਾਰਤੀ ਈਸਾਈ ਵਜ਼ੀਰ ਲੈਣ ਦਾ ਫ਼ੈਸਲਾ ਹੋਇਆ। ਸਿੱਖਾਂ ਵਿਚੋਂ ਬਲਦੇਵ ਸਿੰਘ (ਅਕਾਲੀ) ਨੂੰ ਵਜ਼ਾਰਤ ਵਿਚ ਸ਼ਾਮਿਲ ਹੋਣ ਵਾਸਤੇ ਸੱਦਾ ਦਿੱਤਾ ਗਿਆ।

1984: ਸਾਧੂ ਸਿੰਘ ਹਮਦਰਦ ਅਤੇ ਡਾ: ਖ਼ੁਸ਼ਦੇਵਾ ਸਿੰਘ ਨੇ ਪਦਮਸ੍ਰੀ ਦਾ ਖ਼ਿਤਾਬ ਮੋੜਿਆ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਸਾਧੂ ਸਿੰਘ ਹਮਦਰਦ ਅਤੇ ਡਾ: ਖ਼ੁਸ਼ਦੇਵਾ ਸਿੰਘ ਨੇ 16 ਜੂਨ 1984 ਦੇ ਦਿਨ ਭਾਰਤ ਸਰਕਾਰ ਨੂੰ ਪਦਮਸ੍ਰੀ ਦਾ ਖ਼ਿਤਾਬ ਵਾਪਿਸ ਕਰ ਦਿੱਤਾ।

1984: ਰੋਪੜ ਕੋਲ ਭਾਖੜਾ ਨਹਿਰ ਵਿਚ ਵੱਡਾ ਪਾੜ

16 ਜੂਨ 1984 ਦੇ ਦਿਨ ਰੋਪੜ (ਪ੍ਰਾਚੀਨ ਨਾਂ ਰੂਪੜ) ਕੋਲ ਨਹਿਰ ਵਿਚ ਇਕ ਪਾੜ ਕਾਰਨ ਨਹਿਰ ਟੁੱਟ ਗਈ; ਸਰਕਾਰ ਨੇ ਇਸ ਨੂੰ ਖਾੜਕੂ ਐਕਸ਼ਨ ਗਰਦਾਨ ਕੇ ਆਲੇ-ਦੁਆਲੇ ਦੇ ਪਿੰਡਾਂ ਨੂੰ ਇਕ ਕਰੋੜ ਰੁਪੈ ਜੁਰਮਾਨਾ ਕੀਤਾ।

1986: ਫ਼ੌਜ ਨੇ 1984 ਵਿਚ ਦਰਬਾਰ ਸਾਹਿਬ ਤੋਂ ਚੁੱਕਿਆ ਕੁਝ ਸੋਨਾ ਮੋੜਿਆ

ਭਾਰਤੀ ਫ਼ੌਜ ਨੇ 1984 ਵਿਚ ਦਰਬਾਰ ਸਾਹਿਬ ਤੋਂ ਚੁੱਕਿਆ ਚੜ੍ਹਾਵਾ ਤੇ ਸੋਨਾ ਦੋ ਸਾਲ ਬਾਅਦ 16 ਜੂਨ 1986 ਦੇ ਦਿਨ ਮੋੜ ਦਿੱਤਾ ਪਰ ਸਿੱਖ ਰੈਫ਼ਰੈਂਸ ਲਾਇਬਰੇਰੀ ਨਹੀਂ ਮੋੜੀ।

1988: ਗੁਰਨਾਮ ਸਿੰਘ ਅਸਲ ਉਤਾੜ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜੂਨ 1988 ਦੇ ਦਿਨ ਪੰਜਾਬ ਪੁਲਸ ਨੇ ਗੁਰਨਾਮ ਸਿੰਘ (ਵਾਸੀ ਅਸਲ ਉਤਾੜ, ਨੇੜੇ ਵਲਟੋਹਾ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਡਾ. ਗੁਰਬਖਸ ਸਿੰਘ ਸੋਹਲ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਡਾ. ਗੁਰਬਖਸ ਸਿੰਘ ਸੋਹਲ ਉਰਫ਼ ਰਾਜਾ (ਵਾਸੀ ਸੋਹਲ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਚਰਨਜੀਤ ਕੌਰ, ਬਲਵਿੰਦਰ ਸਿੰਘ, ਦਿਲਬਾਗ ਸਿੰਘ ਬਾਘਾ, ਦਿਲਾਵਰ ਸਿੰਘ, ਜਸਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਚਰਨਜੀਤ ਕੌਰ (ਵਾਸੀ ਫੰਦਰਾਂ, ਜ਼ਿਲ੍ਹਾ ਲੁਧਿਆਣਾ), ਬਲਵਿੰਦਰ ਸਿੰਘ (ਪੁੱਤਰ ਤਰਲੋਕ ਸਿੰਘ, ਵਾਸੀ ਚੋਹਲਾ ਸਾਹਿਬ, ਉਦੋਂ ਜ਼ਿਲ੍ਹਾ ਅੰਮ੍ਰਿਤਸਰ), ਦਿਲਬਾਗ ਸਿੰਘ ਉਰਫ਼ ਬਾਘਾ (ਪੁੱਤਰ ਮਹਿੰਦਰ ਸਿੰਘ, ਵਾਸੀ ਮਹਿਮੂਦਪੁਰਾ), ਦਿਲਾਵਰ ਸਿੰਘ, ਜਸਪਾਲ ਸਿੰਘ ਅਤੇ 3 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਹਰਨੇਕ ਸਿੰਘ ਮਲ੍ਹਾ ਨਕਲੀ ਮੁਕਾਬਲੇ ਵਿਚ ਸ਼ਹੀਦ

16 ਜੂਨ 1993 ਦੇ ਦਿਨ ਪੰਜਾਬ ਪੁਲਸ ਨੇ ਹਰਨੇਕ ਸਿੰਘ (ਪੁੱਤਰ ਗੁਰਨਾਮ ਸਿੰਘ, ਵਾਸੀ ਮਲ੍ਹਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

17 ਜੂਨ

1662: ਭਾਈ ਸਾਹਿਬ ਸਿੰਘ ਪਿਆਰਾ ਦਾ ਜਨਮ ਹੋਇਆ

ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਪੰਜ ਸਿਰ ਮੰਗਣ 'ਤੇ ਜਿਨ੍ਹਾਂ ਪੰਜ ਸਿੱਖਾਂ ਨੇ ਆਪਣੇ ਸਿਰ ਪੇਸ਼ ਕੀਤੇ ਸਨ ਉਨ੍ਹਾਂ ਵਿਚੋਂ ਭਾਈ ਸਾਹਿਬ ਸਿੰਘ ਵੀ ਇਕ ਸੀ; ਉਸ ਦਾ ਜਨਮ ਭਾਈ ਚਮਨ ਦੇ ਘਰ ਬਿਦਰ ਨਗਰ (ਕਰਨਾਟਕ) ਵਿਚ 17 ਜੂਨ 1662 ਦੇ ਦਿਨ ਹੋਇਆ ਸੀ।

1923: ਦਰਬਾਰ ਸਾਹਿਬ ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸ਼ੁਰੂ ਕੀਤੀ ਗਈ

ਗੁਰੂ ਦਾ ਬਾਗ਼ ਮੋਰਚੇ (ਅਗਸਤ ਤੋਂ ਨਵੰਬਰ 1922) ਵਿਚ ਜਿੱਤ ਮਗਰੋਂ ਸਿੱਖਾਂ ਵਿਚ ਬੜਾ ਜੋਸ਼ ਵਧਿਆ। ਪਰ ਇਸ ਦਾ ਇਕ ਨੁਕਸਾਨ ਇਹ ਵੀ ਹੋਇਆ ਕਿ ਕੁਝ ਜੋਸ਼ੀਲੇ ਸਿੱਖ ਖਰੂਦ ਮਚਾਉਣ ਦੀਆਂ ਹਰਕਤਾਂ ਵੀ ਕਰ ਲੱਗ ਪਏ। ਕਈਆਂ ਨੇ ਬੁਰਛਾ-ਗਰਦੀ ਦਾ ਇਜ਼ਹਾਰ ਵੀ ਕੀਤਾ। ਇੱਥੋਂ ਤਕ ਕਿ ਕਈ ਮਨਚਲੇ ਸਿੱਖ ਰੇਲ ਗੱਡੀ ਦਾ ਸਫ਼ਰ ਕਰਨ ਵੇਲੇ ਟਿਕਟਾਂ ਵੀ ਨਹੀਂ ਲੈਂਦੇ ਸਨ। ਜਦੋਂ ਅਜਿਹੇ ਬੰਦਿਆਂ ਦੀ ਗਿਣਤੀ ਬਹੁਤ ਹੁੰਦੀ ਸੀ ਤਾਂ ਟਿਕਟ

ਚੌਂਕਰ ਵੀ ਬੇਬਸ ਹੋ ਕੇ ਚੁੱਪ ਰਹਿੰਦੇ ਸਨ। ਪਰ ਇਸ ਸਾਰੇ ਦੀਆਂ ਖ਼ਬਰਾਂ ਨਾਲ ਅਕਾਲੀਆਂ ਦਾ ਅਕਸ ਖ਼ਰਾਬ ਹੋ ਰਿਹਾ ਸੀ। ਅਕਾਲੀ ਆਗੂਆਂ ਨੇ ਅਖ਼ਬਾਰਾਂ ਰਾਹੀਂ ਅਤੇ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਇਹ ਹਰਕਤਾਂ ਰੋਕਣ ਵਾਸਤੇ ਅਪੀਲਾਂ ਵੀ ਕੀਤੀਆਂ ਪਰ ਅਚਾਨਕ ਇਹ ਸਾਰਾ ਮਾਹੌਲ ਉਦੋਂ ਬਦਲ ਗਿਆ ਜਦੋਂ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ 17 ਜੂਨ 1923 ਦੇ ਦਿਨ ਸ਼ੁਰੂ ਕੀਤੀ ਜਾਏ। ਇਸ ਨਾਲ ਸਿੱਖਾਂ ਦਾ ਧਿਆਨ, ਜੋਸ਼ ਤੇ ਤਾਕਤ ਇਸ ਪਾਸੇ ਲੱਗ ਗਈ। ਲੱਖਾਂ ਸਿੱਖ ਕਾਰ ਸੇਵਾ 'ਚ ਹਿੱਸਾ ਪਾਉਣ ਆਏ। ਸਾਰੀ ਕਾਰ ਸੇਵਾ 20-22 ਦਿਨ ਵਿਚ ਹੀ ਪੂਰੀ ਹੋ ਗਈ। 9 ਜੁਲਾਈ ਨੂੰ ਸਰੋਵਰ ਵਿਚ ਦੋਬਾਰਾ ਪਾਣੀ ਭਰ ਦਿੱਤਾ ਗਿਆ।

1933: ਗੋਪਾਲ ਸਿੰਘ ਕੌਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਨਵੀਂ ਸਾਲਾਨਾ ਚੋਣ ਵਿਚ 17 ਜੂਨ 1933 ਦੇ ਦਿਨ ਸ. ਗੋਪਾਲ ਸਿੰਘ ਕੌਮੀ ਪ੍ਰਧਾਨ ਚੁਣੇ ਗਏ।

1983: 'ਰੇਲ ਰੋਕੋ' ਦੌਰਾਨ ਪੰਜਾਬ ਵਿਚ ਮੁਕੰਮਲ ਹੜਤਾਲ ਹੋਈ

ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਵਾਸਤੇ 17 ਜੂਨ 1983 ਦੇ ਦਿਨ 'ਰੇਲ ਰੋਕੋ' ਮੋਰਚੇ ਦਾ ਐਲਾਨ ਕੀਤਾ ਹੋਇਆ ਸੀ; ਇਸ ਦਿਨ ਪੰਜਾਬ ਵਿਚ ਇਕ ਵੀ ਰੇਲ ਗੱਡੀ ਜਾਂ ਬਸ ਨਾ ਚਲ ਸਕੀ ਤੇ ਸਾਰਾ ਸੂਬਾ ਬਿਲਕੁਲ ਠੱਪ ਹੋ ਕੇ ਰਹਿ ਗਿਆ।

1983: ਜਥੇਦਾਰ ਤਲਵਿੰਦਰ ਸਿੰਘ ਨੂੰ ਜਰਮਨ ਪੁਲਸ ਨੇ ਗ੍ਰਿਫ਼ਤਾਰ ਕੀਤਾ

ਨਿਰੰਕਾਰੀ ਕਾਂਡ (13 ਅਪ੍ਰੈਲ 1978) ਤੋਂ ਮਗਰੋਂ, ਅਤੇ ਖ਼ਾਸ ਕਰ ਕੇ ਗੁਰਬਚਨ ਸਿੰਘ ਨਿਰੰਕਾਰੀ ਅਤੇ ਉਸ ਦੇ 60 ਸਾਥੀਆਂ ਦੇ ਕਤਲ ਕੇਸ ਵਿਚੋਂ ਮੁਕੱਦਮੇ ਵਿਚੋਂ ਬਰੀ ਹੋਣ ਮਗਰੋਂ, ਵੈਨਕੂਵਰ (ਕਨੇਡਾ) ਵੱਖ-ਵੱਖ ਹਿੱਸਿਆਂ ਦੇ ਜੁਝਾਰੂ ਸਿੱਖ ਇਕੱਠੇ ਹੋਏ ਅਤੇ ਉਨ੍ਹਾਂ ਨੇ ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਹਥਿਆਰਬੰਦ ਜੱਦੋਜਹਿਦ ਚਲਾਉਣਾ ਦਾ ਫ਼ੈਸਲਾ ਕੀਤਾ, ਮਗਰੋਂ ਇਹ ਜਥੇਬੰਦੀ 'ਬਬਰ ਖ਼ਾਲਸਾ' ਦੇ ਰੂਪ ਵਿਚ ਵਜੂਦ ਵਿਚ ਆਈ। ਬਬਰ ਖ਼ਾਲਸਾ ਦੇ ਮੋਢੀ ਜਥੇਦਾਰ ਤਲਵਿੰਦਰ ਸਿੰਘ ਕਨੇਡਾ (ਪੁੱਤਰ ਜਮੀਅਤ ਸਿੰਘ, ਵਾਸੀ ਨਰੂੜ ਪਾਂਛਟਾ) ਸਨ ਅਤੇ ਇਸ ਵਿਚ ਹੇਠ ਲਿਖੇ ਵਰਕਰ ਸ਼ਾਮਿਲ ਸਨ: ਅਮਰਜੀਤ ਸਿੰਘ, ਸੇਵਾ ਸਿੰਘ (ਮਗਰੋਂ ਸਾਧ ਸੇਵਾ ਸਿੰਘ ਤਰਮਾਲਾ), ਗੁਰਨਾਮ ਸਿੰਘ (ਤਿਨੇ ਪੁਲੀਸ ਅਫ਼ਸਰ ਫਰੀਦਕੋਟ), ਅਜਾਇਬ ਸਿੰਘ ਬਾਗੜੀ (ਕੈਮਲੂਪ, ਕਨੇਡਾ), ਸੁਰਿੰਦਰ ਸਿੰਘ, ਸੁਖਦੇਵ ਸਿੰਘ ਦਾਸੂਵਾਲ, ਕੁਲਵੰਤ ਸਿੰਘ ਨਾਗੋਕੇ, ਅਮਰਜੀਤ ਸਿੰਘ ਦਹੇੜੂ, ਗੁਰਮੀਤ ਸਿੰਘ ਧੂਲਕੋਟ, ਸੁਰਿੰਦਰ ਸਿੰਘ ਜਗਾਧਰੀ, ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ, ਤਰਸੇਮ ਸਿੰਘ, ਵਧਾਵਾ ਸਿੰਘ ਸੰਧੂ ਚੱਠਾ ਵਗੈਰਾ। ਦਲ ਖ਼ਾਲਸਾ ਵਲੋਂ 29 ਸਤੰਬਰ 1981 ਦੀ ਹਾਈਜੈਕਿੰਗ ਵੇਲੇ ਵੀ ਮਾਲੀ ਮਦਦ ਜਥੇਦਾਰ ਤਲਵਿੰਦਰ ਸਿੰਘ ਦਾ ਹੀ ਕੀਤੀ ਸੀ। ਜਥੇਦਾਰ ਤਲਵਿੰਦਰ ਸਿੰਘ 1981 ਵਿਚ ਪੰਜਾਬ ਵਿਚ ਸੀ ਤੇ ਉਸ ਨੇ ਪੰਜਾਬ ਵਿਚ ਕਈ ਖਾੜਕੂ ਐਕਸ਼ਨ ਕਰਵਾਏ ਸਨ। ਜਥੇਬੰਦੀ ਦਾ ਰਾਜ਼ ਖੁਲ੍ਹ ਜਾਣ ਮਗਰੋਂ ਉਹ ਵਾਪਿਸ ਕਨੇਡਾ ਚਲਾ ਗਿਆ ਸੀ। 1983 ਵਿਚ ਉਹ ਯੂਰਪ ਆਇਆ ਅਤੇ ਉਥੇ ਬਬਰ ਖ਼ਾਲਸਾ ਨੂੰ ਜਥੇਬੰਦ ਕੀਤਾ ਸੀ।

ਬਾਅਦ ਵਿਚ ਕੁਝ ਮੈਂਬਰਾਂ ਦੀ ਇਖ਼ਲਾਕੀ ਕਮਜ਼ੋਰੀ ਕਾਰਨ ਜਥੇਬੰਦੀ ਦੇ ਇਨ੍ਹਾਂ ਮੈਂਬਰਾਂ ਨੇ ਸਾਜ਼ਿਸ਼ਾਂ ਸ਼ੁਰੂ ਦਿੱਤੀਆਂ। ਇਸ ਨਾਲ ਜਥੇਬੰਦੀ ਦੇ ਬਹੁਤ ਸਾਰੇ ਰਾਜ਼ ਬਾਹਰ ਆਏ, ਨਾਲ ਹੀ ਬਦਨਾਮੀ ਵੀ ਹੱਦ ਦਰਜੇ ਦੀ ਹੋਈ। ਇਨ੍ਹਾਂ ਤਫ਼ਰਕਾਤ ਦਾ ਫ਼ਾਇਦਾ ਯੂਰਪ ਦੇ ਕੁਝ

ਬੰਦਿਆਂ ਨੇ ਉਠਾਇਆ ਅਤੇ ਉਹ ਵੀ ਸਜ਼ਿਸ਼ਾਂ ਵਿਚ ਸ਼ਾਮਿਲ ਹੋ ਗਏ। ਇਸੇ ਈਰਖ਼ਾ ਕਾਰਨ ਜੂਨ 1983 ਵਿਚ ਜਥੇਦਾਰ ਤਲਵਿੰਦਰ ਸਿੰਘ ਨੂੰ ਇੰਟਰਪੋਲ ਰਾਹੀਂ ਗ੍ਰਿਫ਼ਤਾਰ ਕਰਵਾਇਆ ਗਿਆ ਸੀ। ਇਸ ਗੱਲ ਦੀ ਤਾਈਦ ਜਥੇਦਾਰ ਤਲਵਿੰਦਰ ਸਿੰਘ ਦੀ ਸਿੰਘਣੀ ਬੀਬੀ ਸੁਰਿੰਦਰ ਕੌਰ ਨੇ ਸਤੰਬਰ 2011 ਵਿਚ (ਜਦ ਇਹ ਲੇਖਕ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵਿਚ ਕਨੇਡਾ ਵਿਚ ਮਿਲਿਆ ਸੀ) ਇਕ ਵਾਰ ਫੇਰ ਕੀਤੀ ਸੀ।

17 ਜੂਨ 1983 ਦੇ ਦਿਨ ਹਾਲੈਂਡ ਤੋਂ ਜਰਮਨ ਵਿਚ ਦਾਖ਼ਲ ਹੁੰਦਿਆਂ ਜਥੇਦਾਰ ਤਲਵਿੰਦਰ ਸਿੰਘ ਨੂੰ ਜਰਮਨ ਦੀ ਇੰਟਰਪੋਲ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਉਸ ਦੀ ਇਸ ਗ੍ਰਿਫ਼ਤਾਰੀ ਪਿੱਛੇ ਉਸ ਦੇ ਦੋ ਸਾਬਕਾ ਸਾਥੀਆਂ ਦੀ ਸਾਜ਼ਿਸ਼ ਸੀ ਜਿਨ੍ਹਾਂ ਵਿਚੋਂ ਇਕ ਨੂੰ ਉਸ ਨੇ ਕੁਰਹਿਤਾਂ (ਗ਼ੈਰ-ਇਖ਼ਲਾਕੀ ਹਰਕਤਾਂ) ਕਰਨ ਕਰ ਕੇ ਤਨਖ਼ਾਹ (ਸਜ਼ਾ) ਵੀ ਲਾਈ ਸੀ। ਜਥੇਦਾਰ ਤਲਵਿੰਦਰ ਸਿੰਘ ਦੇ ਆਪਣੇ ਕਹਿਣ ਮੁਤਾਬਿਕ ਉਸ ਨੂੰ ਸਤਨਾਮ ਸਿੰਘ ਜਰਮਨੀ ਤੇ ਵਧਾਵਾ ਸਿੰਘ (ਹੁਣ ਪਾਕਿਸਤਾਨ) ਨੇ ਗ੍ਰਿਫ਼ਤਾਰ ਕਰਵਾਇਆ ਸੀ। ਉਸ ਨੂੰ ਵਧਾਵਾ ਸਿੰਘ ਨੇ ਫ਼ੋਨ ਕਰ ਕੇ ਕਨੇਡਾ ਤੋਂ ਹਾਲੈਂਡ ਬੁਲਾਇਆ ਸੀ। ਉਥੋਂ ਵਧਾਵਾ ਸਿੰਘ ਹੀ ਉਸ ਨੂੰ ਜਰਮਨ ਜਾਣ ਵਾਲੀ ਗੱਡੀ ਵਿਚ ਬਿਠਾ ਕੇ ਆਇਆ ਸੀ। ਜਰਮਨ ਵਿਚ ਉਸ ਨੂੰ ਸਤਨਾਮ ਸਿੰਘ ਨੇ ਲੈਣਾ ਸੀ। ਜਦ ਗੱਡੀ ਜਰਮਨ ਦੀ ਹੱਦ ਵਿਚ ਦਾਖ਼ਿਲ ਹੋਈ ਤਾਂ ਜਰਮਨ ਪੁਲਸ ਸਿੱਧਾ ਉਸ ਦੀ ਸੀਟ ਤੇ ਪੁੱਜੀ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਸੀਟ ਨੰਬਰ ਸਿਰਫ਼ ਸਤਨਾਮ ਸਿੰਘ ਜਰਮਨੀ ਤੇ ਵਧਾਵਾ ਸਿੰਘ ਨੂੰ ਹੀ ਪਤਾ ਸੀ। ਇਕ ਦੂਜੇ ਦੇ ਖ਼ਿਲਾਫ਼ ਸਾਜ਼ਸ਼ਾਂ ਕਰ ਕੇ ਗ੍ਰਿਫ਼ਤਾਰ ਕਰਵਾਉਣ ਦੀਆਂ ਸਾਜ਼ਿਸ਼ਾਂ ਦੀ ਸ਼ੁਰੂਆਤ ਇੱਥੋਂ ਹੀ ਹੋਈ ਸੀ (ਭਾਰਤ ਸਰਕਾਰ ਨੇ ਜਥੇਦਾਰ ਤਲਵਿੰਦਰ ਸਿੰਘ ਦੀ ਭਾਰਤ ਨੂੰ ਹਵਾਲਗੀ ਵਾਸਤੇ ਮੁਕੱਦਮਾ ਚਲਾਇਆ ਪਰ ਭਾਰਤ ਸਰਕਾਰ ਆਪਣਾ ਕੇਸ ਸਾਬਿਤ ਨਾ ਕਰ ਸਕੀ ਤੇ ਇਕ ਸਾਲ ਦੀ ਕੈਦ ਮਗਰੋਂ 17 ਜੁਲਾਈ 1984 ਨੂੰ ਉਸ ਨੂੰ ਰਿਹਾ ਕਰ ਦਿੱਤਾ ਗਿਆ)।

1985: 'ਖ਼ੂਨੀ ਨਵੰਬਰ 1984' ਦੌਰਾਨ ਦਿੱਲੀ ਵਿਚ ਸਿੱਖਾਂ ਦਾ ਵਹਿਸ਼ੀਆਨਾ ਕਤਲੇਆਮ ਕਰਵਾਉਣ ਵਾਲਾ ਅਰਜਨ ਦਾਸ ਮਾਰਿਆ ਗਿਆ

'ਖ਼ੂਨੀ ਨਵੰਬਰ 1984' ਦੌਰਾਨ ਸਿੱਖਾਂ ਦੇ ਵਹਿਸ਼ੀਆਨਾ ਕਤਲਾਂ ਦੇ ਜਿਨ੍ਹਾਂ ਕਾਂਗਰਸੀ ਵਜ਼ੀਰਾਂ ਤੇ ਹੋਰ ਆਗੂਆਂ, ਪੁਲੀਸ ਅਫ਼ਸਰਾਂ ਅਤੇ ਉਨ੍ਹਾਂ ਦੇ ਲਿਆਂਦੇ ਕਿਰਾਏ ਦੇ ਕਾਤਿਲਾਂ ਨੇ ਕੀਤੇ/ਕਰਵਾਏ ਸਨ ਜਿਨ੍ਹਾਂ ਵਿਚ ਨਰਸਿਮ੍ਹਾ ਰਾਓ (ਵਜ਼ੀਰ), ਐਚ.ਕੇ.ਐਲ. ਭਗਤ (ਵਜ਼ੀਰ), ਜਗਦੀਸ਼ ਟਾਈਟਲਰ (ਵਜ਼ੀਰ), ਅਰਜਨ ਦਾਸ, ਕਮਲ ਨਾਥ (ਵਜ਼ੀਰ), ਸੱਜਣ ਕੁਮਾਰ (ਵਜ਼ੀਰ), ਲਲਿਤ ਮਾਕਨ, ਧਰਮ ਦਾਸ ਸ਼ਾਸਤਰੀ, ਭਜਨ ਲਾਲ (ਚੀਫ਼ ਮਨਿਸਟਰ ਹਰਿਆਣਾ) ਅਤੇ ਕਈ ਹੋਰ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਸੋਧੇ ਜਾਣ ਵਾਲਿਆਂ ਵਿਚ ਲਲਿਤ ਮਾਕਨ ਅਤੇ ਅਰਜਨ ਦਾਸ ਸਨ। ਅਰਜਨ ਦਾਸ ਨੂੰ ਸ. ਹਰਜਿੰਦਰ ਸਿੰਘ ਜਿੰਦਾ ਤੇ ਉਸ ਦੇ ਸਾਥੀਆਂ ਨੇ 17 ਜੂਨ 1985 ਦੇ ਦਿਨ ਕਤਲ ਕਰ ਦਿੱਤਾ।

1987: ਚੌਧਰੀ ਦੇਵੀ ਲਾਲ ਹਰਿਆਣਾ ਦਾ ਚੀਫ਼ ਮਨਿਸਟਰ ਬਣਿਆ

ਹਰਿਆਣੇ 'ਚ 17 ਜੂਨ 1987 ਦੇ ਦਿਨ ਅਸੈਂਬਲੀ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਚੌਧਰੀ ਦੇਵੀ ਲਾਲ ਦੀ ਪਾਰਟੀ 85 ਵਿਚੋਂ 58 ਸੀਟਾਂ ਲੈ ਗਈ ਅਤੇ ਪਿਛਲੇ 5 ਸਾਲ ਵਿਚ ਲਗਾਤਾਰ ਇਕ ਹਜ਼ਾਰ ਤੋਂ ਵਧ ਸਿੱਖਾਂ ਦਾ ਕਤਲੇਮ ਕਰਵਾਉਣ ਵਾਲੇ ਭਜਨ ਲਾਲ ਦੀ ਕਾਂਗਰਸ ਪਾਰਟੀ ਨੂੰ ਸਿਰਫ਼ 5 ਸੀਟਾਂ ਮਿਲੀਆਂ।

1989: ਬਲਵੰਤ ਸਿੰਘ ਪੰਜਤੂਰ, ਸੁਰਿੰਦਰ ਸਿੰਘ ਛਿੰਦਰ ਕਨੇਡਾ,ਪ੍ਰਕਾਸ਼ ਸਿੰਘ ਵੇਰਕਾ ਤੇ ਬਲਵਿੰਦਰ ਕੌਰ ਤੇ ਬਲਦੇਵ ਸਿੰਘ ਲੰਗੇਆਣਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

17 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਬਲਵੰਤ ਸਿੰਘ ਬੰਤਾ ਉਰਫ ਰਾਜੂ ਸ਼ਰਮਾ, ਪੰਜਤੂਰ, ਫਿਰੋਜਪੁਰ), ਸੁਰਿੰਦਰ ਸਿੰਘ ਛਿੰਦਰ (ਪੁੱਤਰ ਸੰਤਾ ਸਿੰਘ ਭੋਰ, ਵਾਸੀ ਟੋਰਾਂਟੋ ਕਨੇਡਾ),ਪ੍ਰਕਾਸ ਸਿੰਘ ਵੇਰਕਾ ਤੇ ਉਸ ਦੀ ਪਤਨੀ ਬਲਵਿੰਦਰ ਕੌਰ ਤੇ ਬਲਦੇਵ ਸਿੰਘ (ਵਾਸੀ ਲੰਗੇਆਣਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਰਛਪਾਲ ਸਿੰਘ ਭਾਗੋਵਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

17 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਰਛਪਾਲ ਸਿੰਘ ਉਰਫ ਰਛਪਿੰਦਰ ਸਿੰਘ (ਵਾਸੀ ਭਾਗੋਵਾਲ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਚੀਮਾ ਪਿੰਡ ਦੇ ਗੁਰਮੇਲ ਸਿੰਘ ਤੇ ਪ੍ਰੇਮ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

17 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਮੇਲ ਸਿੰਘ ਉਰਫ਼ ਗੁੱਲੂ ਉਰਫ਼ ਪੱਪੂ (ਪੁੱਤਰ ਨਿਰੰਜਨ ਸਿੰਘ) ਅਤੇ ਪ੍ਰੇਮ ਸਿੰਘ ਉਰਫ਼ ਪ੍ਰੇਮਾ (ਪੁੱਤਰ ਮਹਿੰਦਰ ਸਿੰਘ), ਦੋਵੇਂ ਵਾਸੀ ਪਿੰਡ ਚੀਮਾ, ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪੰਜਵੜ ਦੇ ਦਲਬੀਰ ਸਿੰਘ ਬੁੱਘਾ ਤੇ ਬਾਮਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

17 ਜੂਨ 1992 ਦੇ ਦਿਨ ਪੁਲਸ ਨੇ ਦਲਬੀਰ ਸਿੰਘ ਉਰਫ਼ ਬੁੱਘਾ (ਪੁੱਤਰ ਸ਼ਿੰਦਰ ਸਿੰਘ) ਅਤੇ ਬਾਮਨ ਸਿੰਘ (ਪੁੱਤਰ ਮਹਿੰਦਰ ਸਿੰਘ), ਦੋਵੇਂ ਵਾਸੀ ਪਿੰਡ ਪੰਜਵੜ, ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਭਗਤ ਸਿੰਘ ਸਲੇਮਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

17 ਜੂਨ 1993 ਦੇ ਦਿਨ ਪੁਲਸ ਨੇ ਭਗਤ ਸਿੰਘ (ਪੁੱਤਰ ਉਤਮ ਸਿੰਘ, ਵਾਸੀ ਪਿੰਡ ਸਲੇਮਪੁਰ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

18 ਜੂਨ

1916: ਗ਼ਦਰ ਪਾਰਟੀ ਦੇ ਆਗੂਆਂ ਉੱਤਮ ਸਿੰਘ ਹੰਸ, ਈਸ਼ਰ ਸਿੰਘ ਤਲਵੰਡੀ, ਈਸ਼ਰ ਸਿੰਘ ਢੁਡੀਕੇ, ਬੀਰ ਸਿੰਘ ਬਾਹੋਵਾਲ, ਗੰਗਾ ਸਿੰਘ ਖੁਰਦਪੁਰ ਨੂੰ ਫ਼ਾਂਸੀ ਦਿੱਤੀ ਗਈ

1914-1918 ਦੀ ਗ਼ਦਰ ਲਹਿਰ ਫੇਲ੍ਹ ਹੋਣ ਮਗਰੋਂ ਗ਼ਦਰੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਲਾਹੌਰ ਕਾਂਸਪੀਰੇਸੀ ਕੇਸ (ਸਾਜ਼ਸ਼ ਕੇਸ) ਚਲਾਇਆ ਗਿਆ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ; ਕਈਆਂ ਨੂੰ ਲੰਮੀਆਂ ਕੈਦਾਂ ਕੀਤੀਆਂ ਗਈਆਂ ਅਤੇ ਕਈਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ; ਇਨ੍ਹਾਂ ਵਿਚੋਂ ਉੱਤਮ ਸਿੰਘ ਹੰਸ, ਈਸ਼ਰ ਸਿੰਘ ਤਲਵੰਡੀ, ਈਸ਼ਰ ਸਿੰਘ ਢੁਡੀਕੇ, ਬੀਰ ਸਿੰਘ ਬਾਹੋਵਾਲ, ਗੰਗਾ ਸਿੰਘ ਖੁਰਦਪੁਰ ਨੂੰ 18 ਜੂਨ 1916 ਦੇ ਦਿਨ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ ਸੀ।

1926: ਗੁਰਦੁਆਰਾ ਐਕਟ ਹੇਠ ਗੁਰਦੁਆਰਾ ਸੈਂਟਰਲ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਪਹਿਲੀਆਂ ਚੋਣਾਂ ਹੋਈਆਂ

1920-25 ਵਿਚ ਚਲੀ ਗੁਰਦੁਆਰਾ ਸੁਧਾਰ ਲਹਿਰ ਦੇ ਅਸਰ ਹੇਠ ਗੁਰਦੁਆਰਾ ਐਕਟ ਬਣਾਉਣ ਦੀ ਕਾਰਵਾਈ 25 ਨਵੰਬਰ 1924 ਨੂੰ ਸ਼ੁਰੂ ਹੋਈ ਸੀ। ਇਸ ਦਿਨ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ: ਜੋਧ ਸਿੰਘ, ਨਰਾਇਣ ਸਿੰਘ ਵਕੀਲ, ਤਾਰਾ ਸਿੰਘ ਮੋਗਾ, ਮੰਗਲ ਸਿੰਘ ਤੇ ਗੁਰਬਖ਼ਸ਼ ਸਿੰਘ ਅੰਬਾਲਾ ਦੀ ਇਕ ਕਮੇਟੀ ਬਣਾਈ ਗਈ ਜੋ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਪੱਕਲ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰ ਐਮਰਸਨ ਨਾਲ ਮਿਲ ਕੇ ਗੁਰਦੁਆਰਾ ਐਕਟ ਬਣਾਵੇ। ਇਨ੍ਹਾਂ ਨੂੰ ਮਦਦ ਲਈ ਦੋ ਕਾਨੂੰਨਦਾਨ ਕੰਵਰ ਦਲੀਪ ਸਿੰਘ ਬੈਰਿਸਟਰ ਤੇ ਮਿਸਟਰ ਬੀਜ਼ਲੇ ਦਿੱਤੇ ਗਏ ਸਨ।ਇਸ ਐਕਟ ਹੇਠ ਪਹਿਲੀ ਲਿਸਟ ਵਿਚ 241 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ 64 ਪੂਰਬੀ ਪੰਜਾਬ (ਹੁਣ ਭਾਰਤ ਹੇਠ) ਅਤੇ 177 ਪੱਛਮੀ ਪੰਜਾਬ (ਹੁਣ ਪਾਕਿਸਤਾਨ ਹੇਠ) ਦੇ ਸਨ। ਇਸ ਤੋਂ ਬਿਨਾਂ 116 ਅਖਾੜੇ ਤੇ ਡੇਰੇ ਵਗੈਰਾ ਵੀ ਦੂਜੀ ਸੂਚੀ ਵਿਚ ਸਨ; ਇਨ੍ਹਾਂ ਨੂੰ ਗੁਰਦੁਆਰੇ ਨਹੀਂ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਇਹ ਮਦ ਵੀ ਸੀ ਕਿ ਕੋਈ ਵੀ 50 ਸਿੱਖ ਕਿਸੇ ਗੁਰਦੁਆਰੇ ਨੂੰ ਇਸ ਕਮੇਟੀ ਨੂੰ ਦੇਣ ਦਾ ਮਤਾ ਪੇਸ਼ ਕਰ ਸਕਦੇ ਸਨ।ਇਸ ਐਕਟ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਸਿੱਖ ਬੀਬੀਆਂ ਨੂੰ ਵੋਟ ਦਾ ਹੱਕ ਹਾਸਿਲ ਹੋ ਗਿਆ ਸੀ। ਭਾਰਤ ਵਿਚ ਇਹ ਹੱਕ ਸਭ ਤੋਂ ਪਹਿਲਾਂ ਸਿੱਖ ਬੀਬੀਆਂ ਨੂੰ ਹੀ ਮਿਲਿਆ। ਐਕਟ ਵਿਚ ਇਹ ਵੀ ਖੁਲ੍ਹ ਸੀ ਕਿ ਇਹ ਸੈਂਟਰਲ ਬੋਰਡ ਚਾਹਵੇ ਤਾਂ ਆਪਣਾ ਕੋਈ ਵੀ ਨਾਂ ਰਖ ਸਕਦਾ ਹੈ। ਇਹ ਇਸੇ ਕਾਰਨ ਮੰਨਿਆ ਗਿਆ ਸੀ ਕਿਉਂਕਿ ਅਕਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਹੀ ਰੱਖਣਾ ਚਾਹੁੰਦੇ ਸਨ।9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ ਇਹ ਬਿਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। 28 ਜੁਲਾਈ ਨੂੰ ਗਵਰਨਰ ਵਲੋਂ ਮਨਜ਼ੂਰੀ ਦੇਣ 'ਤੇ ਇਹ ਬਿੱਲ ਐਕਟ ਬਣ ਗਿਆ। ਇਹ ਐਕਟ 1 ਨਵੰਬਰ 1925 ਤੋਂ ਲਾਗੂ ਹੋ ਗਿਆ।

1925 ਵਿਚ ਬਣੇ ਗੁਰਦੁਆਰਾ ਐਕਟ ਹੇਠ 18 ਜੂਨ 1926 ਦੇ ਦਿਨ ਸੈਂਟਰਲ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਪਹਿਲੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਮੁੱਖ ਟੱਕਰ ਬਾਬਾ ਖੜਕ ਸਿੰਘ-ਮਾਸਟਰ ਤਾਰਾ ਸਿੰਘ ਧੜੇ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਅਤੇ ਗਿ: ਸ਼ੇਰ ਸਿੰਘ ਵਿਚਕਾਰ ਹੀ ਸੀ। ਸਰਦਾਰ ਬਹਾਦਰ ਮਹਿਤਾਬ ਸਿੰਘ ਸੀਨੀਅਰ ਵਕੀਲ ਸੀ ਇਸ ਕਰ ਕੇ ਉਹ ਕਾਨੂੰਨ ਦਾ ਮਾਹਿਰ ਸੀ। ਉਸ ਨੇ ਮਾਸਟਰ ਤਾਰਾ ਸਿੰਘ, ਅਮਰ ਸਿੰਘ ਝਬਾਲ ਅਤੇ ਕੁਝ ਹੋਰਾਂ ਦੇ ਨਾਮਜ਼ਦਗੀ ਕਾਗਜ਼ ਰੱਦ ਕਰਵਾ ਦਿੱਤੇ ਅਤੇ ਕਪਤਾਨ ਰਾਮ ਸਿੰਘ ਨੂੰ ਮਨਾ ਕੇ ਉਸ ਤੋਂ ਕਾਗ਼ਜ਼ ਵਾਪਿਸ ਕਰਵਾ ਲਏ; ਜਿਸ ਨਾਲ ਮਹਿਤਾਬ ਸਿੰਘ ਆਪ ਅਤੇ ਗਿ: ਸ਼ੇਰ ਸਿੰਘ ਬਿਨਾਂ ਮੁਕਾਬਲਾ ਚੁਣੇ ਗਏ। ਇਸੇ ਤਰ੍ਹਾਂ ਮਹਿਤਾਬ ਸਿੰਘ ਨੇ ਆਪਣੇ ਧੜੇ ਦੇ ਭਗਤ ਜਸਵੰਤ ਸਿੰਘ, ਗੁਰਦਿਤ ਸਿੰਘ ਤੇ ਬਖ਼ਸ਼ੀਸ਼ ਸਿੰਘ ਭੁੰਮਦੀ ਦੇ ਵਿਰੋਧੀਆਂ ਦੇ ਕਾਗ਼ਜ਼ ਵੀ ਰੱਦ ਕਰਵਾ ਦਿੱਤੇ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ, ਪੈਸਾ, ਸਰਕਾਰੀ ਅਸਰ-ਰਸੂਖ ਵਰਤਣ ਅਤੇ ਅਕਾਲੀ ਪਾਰਟੀ ਦੇ ਆਗੂ ਜੇਲ੍ਹ ਵਿਚ ਹੋਣ ਦੇ ਬਾਵਜੂਦ ਚੋਣਾਂ ਵਿਚ ਸ: ਬ: ਮਹਿਤਾਬ ਸਿੰਘ ਧੜਾ ਚੋਣਾਂ ਨਾ ਜਿਤ ਸਕਿਆ। ਅਕਾਲੀ ਪਾਰਟੀ ਨੂੰ ਭਾਰੀ ਜਿਤ ਹਾਸਿਲ ਹੋਈ। ਅਕਾਲੀ ਪਾਰਟੀ ਦੇ 85, ਸ਼੍ਰੋਮਣੀ ਕਮੇਟੀ (ਮਹਿਤਾਬ ਸਿੰਘ - ਗਿਆਨੀ ਸ਼ੇਰ ਸਿੰਘ ਧੜਾ) ਦੇ 26 (ਚਲਾਕੀ ਨਾਲ ਬਿਨਾ ਮੁਕਾਬਲਾ ਜਿੱਤੀਆਂ ਸੀਟਾਂ ਸਣੇ), ਹੋਲੀ ਸੁਧਾਰ ਕਮੇਟੀ ਦੇ 5 ਤੇ ਅਜ਼ਾਦ 4 ਚੁਣੇ ਗਏ (ਹਾਲਾਂ ਕਿ ਇਸ ਤੋਂ ਪਹਿਲੀ ਕਮੇਟੀ ਵਿਚ ਮਹਿਤਾਬ ਸਿੰਘ - ਗਿਆਨੀ ਸ਼ੇਰ ਸਿੰਘ ਧੜਾ ਕੋਲ 121 ਵਿਚੋਂ 77 ਸੀਟਾਂ ਸਨ)। ਇਸ ਤਰ੍ਹਾਂ 120 'ਚੋਂ 85 ਜਿੱਤਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਬਾਬਾ ਖੜਕ ਸਿੰਘ-ਮਾਸਟਰ ਤਾਰਾ ਸਿੰਘ ਧੜੇ ਦਾ ਕਬਜ਼ਾ ਹੋ ਗਿਆ; ਮਗਰੋਂ ਇਸ ਧੜੇ ਦਾ ਨਾਂ 'ਅਕਾਲੀ ਪਾਰਟੀ' ਵਜੋਂ ਜਾਣਿਆ ਜਾਣ ਲਗ ਪਿਆ ਅਤੇ ਦੂਜਾ ਧੜਾ ਜਿਸ ਦੇ ਮੁਖ ਆਗੂ ਸਰਦਾਰ

ਬਹਾਦਰ ਮਹਿਤਾਬ ਸਿੰਘ ਅਤੇ ਗਿ: ਸ਼ੇਰ ਸਿੰਘ ਸਨ (ਜੋ ਇਨ੍ਹਾਂ ਚੋਣਾਂ ਤੋਂ ਪਹਿਲਾਂ 'ਸ਼੍ਰੋਮਣੀ ਕਮੇਟੀ ਧੜਾ' ਵਜੋਂ ਜਾਣਿਆ ਜਾਂਦਾ ਸੀ), ਸ਼ਰਤਾਂ ਮੰਨ ਕੇ ਰਿਹਾਈਆਂ ਲੈਣ ਕਾਰਨ ਇਹ ਧੜਾ 'ਮਿਲਵਰਤਣੀਆ ਧੜਾ' ਤੇ 'ਸ਼ਰਤਾਂ ਮੰਨੂ ਧੜਾ' ਵਜੋਂ ਮਸ਼ਹੂਰ ਹੋ ਗਿਆ। ਕਾਫ਼ੀ ਦੇਰ ਤਕ ਦੋਵੇਂ ਧੜੇ ਇਕ ਦੂਜੇ ਤੇ ਇਲਜ਼ਾਮ ਲਾਉਂਦੇ ਰਹੇ ਤੇ ਕਈ ਵਾਰ ਤਾਂ ਉਨ੍ਹਾਂ ਦੀ ਲੱਫ਼ਾਜ਼ੀ ਘਟੀਆ ਦਰਜੇ ਦੀ ਵੀ ਹੋ ਜਾਇਆ ਕਰਦੀ ਸੀ। ਖ਼ੈਰ, ਇਹ ਮਾਹੌਲ ਕਈ ਮਹੀਨੇ ਚਲਦਾ ਰਿਹਾ ਪਰ ਸ਼੍ਰੋਮਣੀ ਕਮੇਟੀ 'ਤੇ 'ਅਕਾਲੀ ਪਾਰਟੀ' ਦੇ ਕਬਜ਼ੇ ਤੋਂ ਕੁਝ ਚਿਰ ਮਗਰੋਂ ਇਸ ਇਲਜ਼ਾਮ-ਬਾਜ਼ੀ ਦੀ ਤੇਜ਼ੀ ਘਟ ਗਈ ਤੇ ਹੌਲੀ-ਹੌਲੀ ਉਨ੍ਹਾਂ ਦੀ ਸਰਗਰਮੀ ਵੀ ਘਟ ਗਈ।

1968: ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਲਈ ਆਲ-ਪਾਰਟੀਜ਼ ਕਨਵੈਨਸ਼ਨ ਹੋਈ

ਮਾਰਚ 1966 ਵਿਚ ਕਾਂਗਰਸ ਨੇ ਭਾਵੇਂ ਪੰਜਾਬੀ ਸੂਬਾ ਬਣਾਉਣਾ ਮੰਨ ਤਾਂ ਲਿਆ ਪਰ ਇੰਦਰਾ ਗਾਂਧੀ ਦੀ ਮਨਜ਼ੂਰੀ ਨਾਲ ਗੁਲਜ਼ਾਰੀ ਲਾਲ ਨੰਦਾ ਇਸ ਸੂਬੇ ਨੂੰ ਛੋਟਾ ਅਤੇ ਬੇਜਾਨ ਬਣਾਉਣ ਤੇ ਤੁਲ ਪਿਆ। 15 ਅਪ੍ਰੈਲ 1960 ਨੂੰ ਕੇਂਦਰੀ ਸਰਕਾਰ ਨੇ ਸੂਬੇ ਦੀ ਹੱਦਬੰਦੀ ਵਾਸਤੇ 1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਮੰਨ ਲਿਆ। ਯਾਦ ਰਹੇ ਕਿ ਪਹਿਲੋਂ ਜਵਾਹਰ ਲਾਲ ਨਹਿਰੂ ਨੇ ਵੀ ਇਹ ਗੱਲ ਪਾਰਲੀਮੈਂਟ ਸਾਹਵੇਂ ਮੰਨੀ ਸੀ ਕਿ 1951 ਅਤੇ 1961 ਵਿਚ ਜ਼ਬਾਨ ਬਾਰੇ ਮਰਦਮ ਸ਼ੁਮਾਰੀ (ਪੰਜਾਬੀ ਦੇ ਸਬੰਧ ਵਿਚ) ਗ਼ਲਤ ਹੋਈ ਹੈ। 'ਹਿੰਦ ਸਮਾਚਾਰ' ਅਤੇ 'ਪ੍ਰਤਾਪ' ਅਖ਼ਬਾਰਾਂ ਵਿਚ ਪੰਜਾਬੀ ਵਿਰੁੱਧ ਲਗਾਤਾਰ ਪ੍ਰਚਾਰ ਹੁੰਦਾ ਰਿਹਾ ਸੀ ਕਿ ਹਰ ਹਿੰਦੂ ਆਪਣੀ ਹਿੰਦੀ ਲਿਖਵਾਏ। ਇਸ ਦੇ ਬਾਵਜੂਦ 1961 ਦੀ ਮਰਦਮ ਸ਼ੁਮਾਰੀ ਨੂੰ ਨਵੇਂ ਪੰਜਾਬ ਦੀ ਹਦਬੰਦੀ ਦਾ ਆਧਾਰ ਮੰਨਿਆ ਗਿਆ ਅਤੇ ਪੰਜਾਬ ਦੀ ਹੱਦਬੰਦੀ ਵਾਸਤੇ ਇਕ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ। 23 ਅਪ੍ਰੈਲ 1966 ਨੂੰ ਸਰਕਾਰ ਜਸਟਿਸ ਸ਼ਾਹ, ਐਮ.ਐਮ. ਫ਼ਿਲਪ ਅਤੇ ਸੁਬਿਮਲ ਦੱਤ (ਐਸ. ਦੱਤ) 'ਤੇ ਅਧਾਰਤ ਇਕ ਪੰਜਾਬ ਬਾਊਂਡਰੀ (ਹਦਬੰਦੀ) ਕਮਿਸ਼ਨ ਬਣਾ ਦਿੱਤਾ।

ਫ਼ਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 26 ਅਪ੍ਰੈਲ 1966 ਦੀ ਮੀਟਿੰਗ ਵਿਚ 1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਪਰ ਕਮਿਸ਼ਨ ਅੱਗੇ ਆਪਣਾ ਕੇਸ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ। ਪੰਜਾਬੀ ਰਿਜਨ ਦੇ ਕਾਂਗਰਸੀ ਵਜ਼ੀਰਾਂ ਨੇ ਵੀ 1961 ਦੀ ਮਰਦਮ ਸ਼ੁਮਾਰੀ ਖ਼ਿਲਾਫ਼ ਬਿਆਨ ਦਿੱਤੇ। ਪੰਜਾਬ ਜਨਸੰਘ ਦੇ ਯੱਗ ਦੱਤ ਨੇ 1961 ਨੂੰ ਹਦਬੰਦੀ ਦਾ ਆਧਾਰ ਮੰਨਣ ਦੀ ਸਿਫ਼ਾਰਸ਼ ਕੀਤੀ। ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ 1961 ਦੀ ਮਰਦਮ ਸ਼ੁਮਾਰੀ ਦੇ ਆਧਾਰ ਦਾ ਵਿਰੋਧ ਕੀਤਾ। 15 ਮਈ 1966 ਨੂੰ ਜੈ ਪ੍ਰਕਾਸ਼ ਨਾਰਾਇਣ ਨੇ 1961 ਦੀ ਮਰਦਮ ਸ਼ੁਮਾਰੀ ਦੀ ਮੁਖ਼ਾਲਫ਼ਤ ਕੀਤੀ। ਤਕਰੀਬਨ ਹਰ ਇਕ ਪੰਜਾਬੀ ਅਤੇ ਹਰ ਇਨਸਾਫ਼-ਪਸੰਦ ਭਾਰਤੀ ਨੇ 1961 ਦੀ ਮਰਦਮ ਸ਼ੁਮਾਰੀ ਨੂੰ ਹਦਬੰਦੀ ਦਾ ਅਧਾਰ ਮੰਨਣ ਦੀ ਮੁਖ਼ਾਲਫ਼ਤ ਕੀਤੀ ਕਿਉਂਕਿ ਇਹ ਮਰਦਮ ਸ਼ੁਮਾਰੀ ਬੋਲੀ ਦੇ ਆਧਾਰ ਤੇ ਨਹੀਂ ਸਗੋਂ ਧਰਮ ਦੇ ਅਧਾਰ 'ਤੇ ਹੋਈ ਸੀ। ਪਰ ਫ਼ਿਰਕੂ ਹਿੰਦੂ ਇਸ ਗੱਲ ਨੂੰ ਸੁਣਨ ਲਈ ਤਿਆਰ ਨਹੀਂ ਸਨ। ਉਧਰ ਸਾਰੇ ਹਰਿਆਣਵੀ ਅਤੇ ਪੰਜਾਬ ਦੇ ਜਨਸੰਘੀ 1961 ਨੂੰ ਆਧਾਰ ਮੰਨਣ ਵਾਸਤੇ ਬਿਆਨ ਦੇ ਰਹੇ ਸਨ। 5 ਜੂਨ 1966 ਨੂੰ ਪੰਜਾਬ ਬਾਊਂਡਰੀ ਕਮਿਸ਼ਨ ਨੇ ਰਿਪੋਰਟ ਦਿੱਤੀ। ਬਾਊਂਡਰੀ ਕਮਿਸ਼ਨ ਦੇ 2 ਮੈਂਬਰਾਂ ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਹਿਮਾਇਤ ਕੀਤੀ ਇਕ ਮੈਂਬਰ ਐਸ. ਬਿਮਲ ਦੱਤ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਸਿਫ਼ਾਰਿਸ਼ ਕੀਤੀ। 5 ਦਸੰਬਰ 1966 ਨੂੰ ਫ਼ਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 10 ਦਿਨ ਬਾਅਦ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ। 27 ਦਸੰਬਰ ਦੇ ਦਿਨ ਸ਼ਾਮ ਦੇ ਚਾਰ ਵਜੇ ਫ਼ਤਹਿ ਸਿੰਘ ਨੇ ਸੜ ਮਰਨਾ ਸੀ।

(ਪਰ ਇਹ ਨਾ ਹੋਣਾ ਸੀ ਨਾ ਹੋਇਆ)! ਫਤਹਿ ਸਿੰਘ ਨੇ ਇੰਦਰਾ ਗਾਂਧੀ ਨੂੰ ਸਾਲਸ ਮੰਨ ਕੇ ਮਰਨ ਵਰਤ ਅਤੇ ਸੜ ਮਰਨ ਦਾ ਪ੍ਰੋਗਰਾਮ ਖ਼ਤਮ ਕਰ ਦਿੱਤਾ। ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੇ ਖੜੇ ਹੋ ਕੇ ਐਲਾਨ ਕੀਤਾ ਕਿ ਜੇ ਪ੍ਰਧਾਨ ਮੰਤਰੀ ਨੂੰ ਚੰਡੀਗੜ੍ਹ ਵਾਸਤੇ ਸਾਲਸ ਮੰਨ ਲਿਆ ਜਾਵੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣ ਜਾਵੇ ਤਾਂ ਪੰਜਾਬ ਨੂੰ ਚੰਡੀਗੜ੍ਹ ਮਿਲਣ ਦੀ ਆਸ ਹੋ ਸਕਦੀ ਹੈ। ਹੁਕਮ ਸਿੰਘ ਦੇ ਇਸ ਐਲਾਨ ਵੇਲੇ ਹਰ ਪਾਸੇ ਤੋਂ 'ਨਹੀਂ-ਨਹੀਂ' ਦੀਆਂ ਅਵਾਜ਼ਾਂ ਆਈਆਂ ਪਰ ਫਤਹਿ ਸਿੰਘ ਦੇ ਸਾਥੀਆਂ ਨੇ ਇਸ ਮੁਖ਼ਾਲਫ਼ਤ ਦੀ ਕੋਈ ਪ੍ਰਵਾਹ ਨਹੀਂ ਕੀਤੀ। ਫਤਹਿ ਸਿੰਘ ਦਾ ਮਰਨ ਵਰਤ ਰਖਣ ਸਮੇਂ ਪ੍ਰਣ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ, ਭਾਖੜਾ ਤੇ ਹੋਰ ਪ੍ਰਜੈਕਟ ਵਾਪਿਸ ਦਿੱਤੇ ਜਾਣ ਤੇ ਪੰਜਾਬੀ ਇਲਾਕੇ ਵਾਪਸ ਮਿਲਣ, ਪੰਜਾਬ ਹਰਿਆਣਾ, ਹਿਮਾਂਚਲ ਦੀਆਂ ਸਾਂਝੀਆਂ ਕੜੀਆਂ ਤੋੜੀਆਂ ਜਾਣ। ਪਰ ਹੁਕਮ ਸਿੰਘ ਦੇ ਐਲਾਨ ਵਿਚ ਇਨ੍ਹਾਂ ਵਿਚੋਂ ਕੋਈ ਵੀ ਗੱਲ ਪੂਰੀ ਨਹੀਂ ਹੁੰਦੀ ਸੀ। ਫਿਰ ਵੀ 27 ਦਸੰਬਰ 1966 ਨੂੰ ਸ਼ਾਮ ਦੇ ਸਵਾ 6 ਵਜੇ (ਸੜ ਮਰਨ ਦੇ ਐਲਾਨੇ ਸਮੇਂ ਤੋਂ ਸਵਾ ਦੋ ਘੰਟੇ ਮਗਰੋਂ) ਫਤਹਿ ਸਿੰਘ ਨੇ ਅਪਣਾ ਵਰਤ ਖੋਲ੍ਹ ਦਿੱਤਾ।

ਫ਼ਰਵਰੀ 1967 ਵਿਚ ਪੰਜਾਬ ਵਿਚ ਨਵੀਆਂ ਚੋਣਾਂ ਹੋਈਆਂ; 8 ਮਾਰਚ 1967 ਨੂੰ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਵਜ਼ਾਰਤ ਕਾਇਮ ਹੋ ਗਈ।(ਗਿੱਲ) 16 ਮੈਂਬਰਾਂ ਨੂੰ ਨਾਲ ਲੈ ਕੇ 'ਜਨਤਾ ਪਾਰਟੀ' ਬਣ ਲਈ ਅਤੇ ਫਤਹਿ ਸਿੰਘ ਤੋਂ ਬਾਗੀ ਹੋ ਗਿਆ ਅਤੇ ਇਸ ਦੇ ਨਾਲ ਹੀ ਕਾਂਗਰਸ ਨੇ ਲਛਮਣ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ।ਗਿੱਲ ਨੇ 25 ਨਵੰਬਰ 1967 ਦੇ ਦਿਨ ਹਲਫ਼ ਲੈ ਲਿਆ। ਇਸੇ ਦੌਰਾਨ 22 ਨਵੰਬਰ 1967 ਨੂੰ ਮਾਸਟਰ ਤਾਰਾ ਸਿੰਘ ਦੀ ਮੌਤ ਹੋ ਗਈ।

ਗਿੱਲ ਸਰਕਾਰ ਦੀ ਮਦਦ ਨਾਲ 29 ਅਪ੍ਰੈਲ 1968 ਨੂੰ ਅਕਾਲੀ ਦਲ (ਮਾਸਟਰ) ਨੇ ਚੰਡੀਗੜ੍ਹ ਵਾਸਤੇ ਮੋਰਚੇ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਫਤਹਿ ਸਿੰਘ ਵੱਲੋਂ ਮੰਨੀ ਹੋਈ ਇੰਦਰਾ ਗਾਂਧੀ ਦੀ ਵਿਚੋਲਗੀ ਦੀ ਮੁਖ਼ਾਲਫ਼ਤ ਵੀ ਕੀਤੀ। ਚੰਡੀਗੜ੍ਹ ਵਾਸਤੇ ਅਕਾਲੀ ਦਲ (ਮਾਸਟਰ) ਨੇ 16 ਜੂਨ 1968 ਨੂੰ ਚੰਡੀਗੜ੍ਹ ਵਿਖੇ ਇਕ ਭਾਰੀ ਜਲੂਸ ਕਢਿਆ ਜਿਸ ਵਿਚ ਲੱਖਾਂ ਆਦਮੀਆਂ ਤੇ ਔਰਤਾਂ ਨੇ ਹਿੱਸਾ ਲਿਆ। ਇਸ ਦੀ ਅਗਵਾਈ ਮਾਸਟਰ ਤਾਰਾ ਸਿੰਘ ਦੀ ਤਸਵੀਰ ਨੇ ਕੀਤੀ। ਇਸ ਜਲੂਸ ਦੀ ਖ਼ਾਸੀਅਤ ਇਹ ਸੀ ਕਿ ਅਕਾਲੀਆਂ ਨੇ ਇਹ ਜਲੂਸ 17 ਸੈਕਟਰ ਤੋਂ ਸ਼ੁਰੂ ਕਰ ਦਿੱਤਾ ਸੀ ਪਰ ਫ਼ਿਰਕੂ ਐਸ.ਐਸ.ਪੀ. ਕਾਲੀਆ ਨੇ ਟਰੱਕਾਂ ਅਤੇ ਬੱਸਾਂ ਦੇ ਚੰਡੀਗੜ੍ਹ ਆਉਣ 'ਤੇ ਰੋਕ ਲਾ ਦਿੱਤੀ ਜਿਸ ਨਾਲ ਇਹ ਜਲੂਸ ਮੋਹਾਲੀ ਬੈਰੀਅਰ ਤੋਂ ਹੀ ਸ਼ੁਰੂ ਹੋ ਗਿਆ।

18 ਜੂਨ 1968 ਨੂੰ ਚਡੀਗੜ੍ਹ ਵਿਚ ਇਕ ਆਲ ਪਾਰੀ ਕਨਵੈਨਸ਼ਨ ਹੋਈ ਜਿਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਇਸ ਵਿਚ ਲਛਮਣ ਸਿੰਘ ਗਿੱਲ, ਹਰਚਰਨ ਸਿੰਘ ਹੁਡਿਆਰਾ, ਮਹਾਰਾਜਾ ਯਾਦਵਿੰਦਰ ਪਟਿਆਲਾ, ਗਿਆਨੀ ਭੁਪਿੰਦਰ ਸਿੰਘ, ਅਮਰ ਸਿੰਘ ਦੁਸਾਂਝ, ਕਾਂਗਰਸੀ ਐਮ.ਐਲ.ਏਜ਼., ਦੋਵੇਂ ਕਮਿਊਨਿਸਟ ਪਾਰਟੀਆਂ ਵਗੈਰਾ ਸ਼ਾਮਿਲ ਹੋਏ। ਪਰ ਪੰਜਾਬ ਫਤਹਿ ਸਿੰਘ ਧੜਾ ਅਤੇ ਗਿਆਨ ਸਿੰਘ ਰਾੜੇਵਾਲਾ ਵਗੈਰਾ ਸ਼ਾਮਿਲ ਨਾ ਹੋਏ।

1984: ਸਿਮਰਨਜੀਤ ਸਿੰਘ ਮਾਨ ਨੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਡੀ.ਆਈ. ਜੀ. ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ।

ਦਰਬਾਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ ਸ. ਸਿਮਰਨਜੀਤ ਸਿੰਘ ਮਾਨ (ਉਦੋਂ ਕਮਾਂਡੈਂਟ ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫ਼ੋਰਸ- ਆਈ.ਪੀ.ਐਸ., ਬੰਬਈ, ਮਹਾਂਰਾਸ਼ਟਰ) ਨੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼

ਜ਼ਬਰਦਸਤ ਪ੍ਰੋਟੈਸਟ ਕੀਤਾ ਅਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਇਸ ਮਗਰੋਂ ਮਾਨ ਨੇ ਵਿਦੇਸ਼ਾਂ ਵਿਚੋਂ ਖਾਲਿਸਤਾਨ ਲਹਿਰ ਚਲਾਉਣ ਦੀ ਪਲਾਨ ਬਣਾਈ ਪਰ ਉਸ ਨੂੰ ਭਾਰਤ ਵਿਚੋਂ ਨਿਕਲਣ ਦੀ ਕੋਸ਼ਿਸ਼ ਵਿਚ ਨੈਪਾਲ ਦੀ ਸਰਹਦ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਜੇਲ੍ਹ ਵਿਚ ਅੰਤਾਂ ਦੇ ਤਸੀਹੇ ਦਿੱਤੇ ਗਏ। ਪਰ ਇਸ ਦੇ ਬਾਵਜੂਦ ਉਸ ਨੇ ਸੀ ਤਕ ਨਾ ਕੀਤੀ। ਉਸ 'ਤੇ ਇੰਦਰਾ ਗਾਂਧੀ ਦੇ ਕਤਲ ਦਾ ਕੇਸ ਵੀ ਦਰਜ ਕੀਤਾ ਗਿਆ। ਉਹ 1989 ਵਿਚ ਤਰਨਤਾਰਨ ਤੋਂ ਐਮ.ਪੀ. ਚੁਣਿਆ ਗਿਆ ਤਾਂ ਉਸ ਨੂੰ ਪੰਜ ਸਾਲ ਮਗਰੋਂ ਰਿਹਾ ਕੀਤਾ ਗਿਆ। ਉਸ ਮਗਰੋਂ ਵੀ ਮਾਨ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੂੰ 31 ਵਾਰ ਗ੍ਰਿਫ਼ਤਾਰ ਕਰ ਕੇ ਉਸ 'ਤੇ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮੇ ਚਲਾਏ ਗਏ ਹਨ ਪਰ ਉਹ ਹਰ ਕੇਸ ਵਿਚੋਂ ਬਰੀ ਹੋਇਆ ਹੈ। ਇਸ ਦੌਰਾਨ ਸਰਕਾਰ ਦੇ ਖ਼ੁਫ਼ੀਆ ਏਜੰਟਾਂ ਅਤੇ ਬਾਦਲ ਧੜੇ ਦੇ ਕੁਝ ਬੰਦਿਆਂ ਨੇ ਉਸ ਨੂੰ ਕਤਲ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਬਚ ਗਿਆ। ਅੱਜ ਸਿਰਫ਼ ਉਹੀ ਸਿੱਖਾਂ ਦਾ ਇਕੋ-ਇਕ ਸੰਜੀਦਾ ਸਿਆਸੀ ਆਗੂ ਮੰਨਿਆ ਜਾਂਦਾ ਹੈ।

1987: ਸਾਧੂ ਸਿੰਘ ਫੂਲੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜੂਨ 1987 ਦੇ ਦਿਨ ਪੁਲਸ ਨੇ ਸਾਧੂ ਸਿੰਘ (ਪੁੱਤਰ ਤੇਜਾ ਸਿੰਘ, ਵਾਸੀ ਪਿੰਡ ਫੂਲੇਵਾਲ, ਜ਼ਿਲ੍ਹਾ ਮੋਗਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਗੁਰਚਰਨ ਸਿੰਘ ਨਾਗੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜੂਨ 1993 ਦੇ ਦਿਨ ਪੁਲਸ ਨੇ ਗੁਰਚਰਨ (ਪੁੱਤਰ ਗੇਂਡਾ ਸਿੰਘ, ਵਾਸੀ ਪਿੰਡ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1996: ਪ੍ਰਾਈਮ ਮਨਿਸਟਰ ਐਚ.ਡੀ. ਦੇਵੇਗੌੜਾ ਨੇ ਕਿਹਾ ਭਾਰਤੀ ਫ਼ੌਜ ਦਾ 1984 ਦਾ ਦਰਬਾਰ ਸਾਹਿਬ 'ਤੇ ਐਕਸ਼ਨ 'ਮੰਦਭਾਗਾ' ਸੀ; ਪਰ ਉਸ ਨੇ ਇਸ ਦੀ ਮੁਆਫ਼ੀ ਨਹੀਂ ਮੰਗੀ।

2012: ਦਰਬਾਰ ਸਾਹਿਬ ਵਿਚ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਸਬੰਧੀ ਕੁਲਦੀਪ ਨਈਅਰ ਨੇ ਇਕ ਸਿੱਖ ਵਿਰੋਧੀ ਲੇਖ ਲਿਖਿਆ

18 ਜੂਨ 2012 ਦੇ ਦਿਨ ਕੁਲਦੀਪ ਨਈਅਰ ਨੇ ਦਰਬਾਰ ਸਾਹਿਬ ਵਿਚ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਸਬੰਧੀ ਇਕ ਫ਼ਿਰਕੂ ਸੋਚ ਵਾਲਾ ਸਿੱਖ ਵਿਰੋਧੀ ਲੇਖ ਲਿਖਿਆ ਜਿਸ ਦੇ ਖ਼ਿਲਾਫ਼ ਸਿੱਖਾਂ ਵਿਚ ਬਹੁਤ ਰੋਸ ਉਠਿਆ। ਇਸ ਸਬੰਧੀ ਰੋਜ਼ਾਨਾ ਸਪੋਕਸਮੈਨ ਨੇ 29 ਜੂਨ 2012 ਦੇ ਦਿਨ ਇਕ ਲੇਖ ਰਾਹੀਂ ਸਾਬਿਤ ਕੀਤਾ ਕਿ ਕੁਲਦੀਪ ਨਈਅਰ ਦਾ ਲੇਖ ਤੱਥਾਂ ਤੋਂ ਕੋਹਾਂ ਦੂਰ ਅਤੇ ਸਿੱਖਾਂ ਵਾਸਤੇ ਨਫ਼ਰਤ ਦਾ ਪ੍ਰਤੀਕ ਸੀ।

19 ਜੂਨ

1589 ਗੁਰੂ ਅਰਜਨ ਸਾਹਿਬ ਦਾ ਮਾਤਾ ਗੰਗਾ ਨਾਲ ਵਿਆਹ ਹੋਇਆ

ਗੁਰੂ ਅਰਜਨ ਸਾਹਿਬ ਅਜੇ ਛੋਟੇ ਹੀ ਸਨ ਕਿ ਆਪ ਦੇ ਨਾਨਾ ਗੁਰੂ ਅਮਰ ਦਾਸ ਸਾਹਿਬ ਆਪ ਦੀ ਕੁੜਮਾਈ ਮਊ (ਮੌ) ਪਿੰਡ (ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ) ਦੇ ਭਾਈ

ਕਿਸ਼ਨ ਚੰਦ ਸੂਰੀ ਦੀ ਬੇਟੀ ਰਾਮ ਦੇਈ ਨਾਲ ਹੀ ਕਰ ਗਏ ਸਨ। ਪਰ ਆਪ ਦੀ ਸ਼ਾਦੀ ਦੀ ਰਸਮ 20 ਜੂਨ 1579 ਦੇ ਦਿਨ ਪੂਰੀ ਕੀਤੀ ਗਈ ਸੀ। ਪਰ ਕਈ ਸਾਲ ਆਪਣੀ ਸਿਹਤ ਖ਼ਰਾਬ ਰਹਿਣ ਕਾਰਨ ਮਾਤਾ ਰਾਮ ਦੇਈ ਬਿਸਤਰ ਵਿਚ ਹੀ ਮਹਿਦੂਦ ਹੋ ਗਏ ਇਸ ਕਰ ਕੇ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਬਜ਼ੁਰਗ ਜਾਣ ਕੇ ਗੁਰੂ ਸਾਹਿਬ ਕੋਲ ਭੇਜਿਆ ਅਤੇ ਦੂਜਾ ਵਿਆਹ ਕਰਵਾਉਣ ਵਾਸਤੇ ਜ਼ੋਰ ਪਾਇਆ। ਪਹਿਲਾਂ ਤਾਂ ਗੁਰੂ ਸਾਹਿਬ ਨੇ ਨਾਂਹ ਕੀਤੀ ਪਰ ਬਾਬਾ ਬੁੱਢਾ ਜੀ ਦੇ ਵਾਰ-ਵਾਰ ਜ਼ੋਰ ਦੇਣ 'ਤੇ ਉਨ੍ਹਾਂ ਨੂੰ ਹਾਂ ਕਰਨੀ ਪਈ। ਆਪ ਦਾ ਦੂਜਾ ਵਿਆਹ 19 ਜੂਨ 1589 ਦੇ ਦਿਨ ਲਾਹੌਰ ਦੇ ਭਾਈ ਸੰਗਤ ਰਾਓ ਦੀ ਬੇਟੀ (ਮਾਤਾ) ਗੰਗਾ ਨਾਲ ਹੋਇਆ (ਮਾਤਾ ਗੰਗਾ ਨੇ ਰਾਮ ਦੇਈ ਦੀ ਬਹੁਤ ਸੇਵਾ ਕੀਤੀ ਪਰ ਉਹ ਠੀਕ ਨਾ ਹੋ ਸਕੇ ਤੇ ਛੇਤੀ ਹੀ ਚੜ੍ਹਾਈ ਕਰ ਗਏ)। ਇਸ ਦੀ ਪੂਰੀ ਤਫ਼ਸੀਲ ਕੇਸਰ ਸਿੰਘ ਛਿਬਰ ਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ' ਵਿਚ ਦਿੱਤੀ ਹੋਈ ਹੈ।

1590 ਗੁਰੂ ਹਰਗੋਬਿੰਦ ਸਾਹਿਬ ਦਾ ਜਨਮ ਹੋਇਆ

ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਜੀ ਦੀ ਕੁਖ ਤੋਂ ਗੁਰੂ ਅਰਜਨ ਸਾਹਿਬ ਦੇ ਘਰ 19 ਜੂਨ 1590 ਦੇ ਦਿਨ, ਪਿੰਡ ਵਡਾਲੀ, ਨੇੜੇ ਛੇਹਰਟਾ ਸਾਹਿਬ (ਅੰਮ੍ਰਿਤਸਰ), ਵਿਚ ਹੋਇਆ ਸੀ। (ਇਕ ਲੇਖਕ ਵੱਲੋਂ ਗ਼ਲਤ ਸੰਮਤ ਲਿਖਣ ਕਾਰਨ ਪਹਿਲਾਂ ਇਹ ਸਾਲ 1595 ਮੰਨਿਆ ਜਾਦਾ ਰਿਹਾ ਸੀ; ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਸਿੱਖ ਇਤਿਹਾਸ ਵਿਚ ਵੀ ਇਸ ਤਾਰੀਖ਼ ਨੂੰ ਮੰਨ ਲਿਆ ਗਿਆ ਹੈ)। ਕੀਰਤ ਭੱਟ, ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸਾਮਿਲ ਹੈ ਅਤੇ ਜਿਹੜੇ 13 ਅਪਰੈਲ 1634 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਸ਼ਹੀਦ ਹੋਏ ਸਨ, ਇਸ ਮੌਕੇ 'ਤੇ ਹਾਜ਼ਿਰ ਸਨ, ਨੇ ਗੁਰੂ ਸਾਹਿਬ ਦੇ ਜਨਮ ਦੀ ਘਟਨਾ ਨੂੰ ਆਪਣੀ ਵਹੀ ਵਿਚ ਇਨ੍ਹਾਂ ਲਫ਼ਜ਼ਾਂ ਨਾਲ ਰਿਕਾਰਡ ਕੀਤਾ ਸੀ: "*ਬਧਾਈ ਲੀ ਹਰਗੋਬਿੰਦ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ, ਦਿਹੁੰ ਇਕੀਸ ਗਿਆਂ, ਸਵਾ ਪਹਿਰ ਰੈਣ ਰਹੀ, ਮਾਤਾ ਗੰਗਾ ਜੀ ਕੇ ਉਦਰ ਥੀਂ, ਗ੍ਰਾਮ ਬਡਾਲੀ, ਪਰਗਣਾ ਗੁਰੂ ਦਾ ਚੱਕ ਮੇਂ ਏਕ ਚਮਕਾਰੀ ਬਾਲਕ ਪੈਦਾ ਹੂਆ, ਨਾਉਂ ਹਰਗੋਬਿੰਦ ਜੀ ਰਾਖਾ...।*" (ਭੱਟ ਵਹੀ ਮੁਲਤਾਨੀ ਸਿੰਧੀ)। ਇਸ ਇੰਦਰਾਜ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਜਨਮ ਬਿਕਰਮੀ ਸੰਮਤ 1747, ਜਾਨਿ 1690 ਵਿਚ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਬਾਰੇ ਇਕ ਹੋਰ ਗ਼ਲਤ ਪ੍ਰਾਪੇਗੰਡਾ ਇਹ ਵੀ ਕੀਤਾ ਜਾਂਦਾ ਹੈ ਕਿ ਆਪ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਇਆ ਸੀ। ਅਜਿਹਾ ਜਾਪਦਾ ਹੈ ਕਿ ਇਸ ਪਿੱਛੇ ਸਿੱਖ ਪੰਥ ਦੇ ਦੁਸ਼ਮਣਾਂ ਦੀ ਸਾਜ਼ਿਸ਼ ਹੈ ਜੋ ਇਕ ਤਾਂ ਗੁਰੂ ਅਰਜਨ ਸਾਹਿਬ ਨੂੰ 'ਦੀਨ' (ਕਮਜ਼ੋਰ, ਨਿਤਾਣਾ) ਤੇ ਬਾਬਾ ਬੁੱਢਾ ਨੂੰ "ਵੱਡਾ" (ਗੁਰੂ ਤੋਂ ਵਧ ਤਾਕਤ ਵਾਲਾ) ਸਾਬਿਤ ਕਰਨਾ ਚਾਹੁੰਦੇ ਸਨ। ਦੂਜਾ ਇਹ ਕਿ ਸਿੱਖੀ ਵਿਚ ਕੋਈ ਵਰ (ਜਾਂ ਸਰਾਪ) ਦੀ ਕੋਈ ਥਾਂ ਹੈ ਅਤੇ ਤੀਜਾ ਇਹ ਕਿ ਹਰ ਇਕ ਦੇ ਘਰ ਵਿਚ ਪੁੱਤਰ ਦਾ ਹੋਣਾ ਜ਼ਰੂਰੀ ਹੈ ਤੇ (ਹਿੰਦੂਆਂ ਮੁਤਾਬਿਕ) ਪੁੱਤਰ ਬਿਨਾਂ ਮਾਪਿਆਂ ਦੀ 'ਮੁਕਤੀ' ਨਹੀਂ ਹੁੰਦੀ। ਬਾਬਾ ਬੁੱਢਾ ਜੀ ਵਾਲੀ 'ਕਹਾਣੀ' ਦਾ ਪਿਛੋਕੜ ਇਹ ਜ਼ਰੂਰ ਹੈ ਕਿ ਗੁਰੂ ਅਰਜਨ ਸਾਹਿਬ ਦੀ ਸ਼ਾਦੀ 20 ਜੂਨ 1579 ਦੇ ਦਿਨ ਹੋਈ ਸੀ। ਪਰ ਕਈ ਸਾਲ ਆਪਣੀ ਸਿਹਤ ਖ਼ਰਾਬ ਰਹਿਣ ਅਤੇ ਸਦਾ ਵਾਸਤੇ ਮੰਜੀ ਨਾਲ ਜੁੜ ਜਾਣ ਕਾਰਨ ਮਾਤਾ ਰਾਮ ਦੇਈ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਸਾਹਿਬ ਕੋਲ ਭੇਜਿਆ ਤੇ ਦੂਜਾ ਵਿਆਹ ਕਰਵਾਉਣ ਵਾਸਤੇ ਮੰਨਵਾ ਲਿਆ। ਆਪ ਦਾ ਦੂਜਾ ਵਿਆਹ 19 ਜੂਨ 1589 ਦੇ ਦਿਨ ਲਾਹੌਰ ਦੇ ਭਾਈ ਸੰਗਤ ਰਾਓ ਦੀ ਬੇਟੀ (ਮਾਤਾ) ਗੰਗਾ ਨਾਲ ਹੋਇਆ। ਇਸ ਵਿਆਹ ਵਿਚੋਂ 19 ਜੂਨ 1590 ਦੇ ਦਿਨ (ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਣ ਦੀ (ਗ਼ਲਤ)

ਕਹਾਣੀ ਇਸੇ ਘਟਨਾ ਵਿਚੋਂ ਘੜੀ ਗਈ ਹੋ ਸਕਦੀ ਹੈ।ਗੁਰੂ ਸਾਹਿਬ ਨੇ ਆਪਣਾ ਬਚਪਨ (ਗੁਰੂ ਦੀ) ਵਡਾਲੀ, ਤਰਨ ਤਾਰਨ ਅਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਬਿਤਾਇਆ । ਆਪ ਕੁਝ ਚਿਰ ਲਾਹੌਰ ਵਿਚ ਵੀ ਰਹੇ। ਆਪ ਨੇ ਭਾਈ ਗੁਰਦਾਸ ਤੋਂ ਪੜ੍ਹਾਈ ਅਤੇ ਬਾਬਾ ਬੁੱਢਾ ਤੋਂ ਘੋੜਸਵਾਰੀ ਅਤੇ ਸ਼ਸਤਰ ਸਿਖਲਾਈ ਹਾਸਿਲ ਕੀਤੀ। ਇਕ ਤਵਾਰੀਖ਼ੀ ਸੋਮੇ ਮੁਤਾਬਿਕ ਆਪ 13 ਸਾਲ ਦੀ ਉਮਰ ਵਿਚ ਹੀ ਸਾਰੀਆਂ ਮਾਰਸ਼ਲ ਖੇਡਾਂ ਵਿਚ ਮਾਹਿਰ ਹੋ ਚੁਕੇ ਸਨ। ਆਪ ਦਾ ਵਿਆਹ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ (16 ਅਗਸਤ 1604) ਤੋਂ ਸਿਰਫ਼ ਪੰਜ ਦਿਨ ਬਾਅਦ, 21 ਅਗਸਤ 1604 ਦੇ ਦਿਨ ਪਿੰਡ ਡੱਲਾ (ਜ਼ਿਲ੍ਹਾ ਕਪੂਰਥਲਾ) ਦੇ ਭਾਈ ਨਾਰਾਇਣ ਦਾਸ ਜੁਲਕਾ ਅਤੇ ਮਾਤਾ ਭਾਗਭਰੀ ਦੀ ਬੇਟੀ ਦਮੋਦਰੀ ਨਾਲ ਹੋਇਆ। ਇਸ ਵੇਲੇ ਆਪ ਦੀ ਉਮਰ 14 ਸਾਲ ਦੀ ਸੀ *(ਅਤੇ ਜੇ ਆਪ ਦਾ ਜਨਮ 1590 ਦੀ ਥਾਂ 1595 ਦਾ ਮੰਨ ਲਈਏ ਤਾਂ ਆਪ ਦਾ ਵਿਆਹ 9 ਸਾਲ ਦੀ ਉਮਰ ਵਿਚ ਹੋਇਆ ਮੰਨਣਾ ਪਵੇਗਾ)।*

1665: ਗੁਰੂ ਤੇਗ਼ ਬਹਾਦਰ ਸਾਹਿਬ ਨੇ ਚੱਕ ਨਾਨਕੀ (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਦੀ ਨੀਂਹ ਰੱਖੀ

ਬਿਲਾਸਪੁਰ ਦਾ ਰਾਜਾ ਦੀਪ ਚੰਦ 26 ਅਪਰੈਲ 1665 ਦੇ ਦਿਨ ਚੜ੍ਹਾਈ ਕਰ ਗਿਆ; ਉਸ ਦੀ ਅੰਤਮ ਰਸਮ ਬਾਰ੍ਹਾਂ ਮਈ ਦੇ ਦਿਨ ਰਖੀ ਗਈ ਸੀ; ਰਾਜਾ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਨੇ ਆਪਣਾ ਵਜ਼ੀਰ ਕੀਰਤਪੁਰ ਭੇਜਿਆ ਤੇ ਗੁਰੂ ਸਾਹਿਬ ਨੂੰ ਦੀਪ ਚੰਦ ਦੀ ਅਰਦਾਸ ਕਰਨ ਵਾਸਤੇ ਬਿਲਾਸਪੁਰ ਪਹੁੰਚਣ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੌਂ ਮਈ ਦੀ ਸਵੇਰ ਨੂੰ ਬਿਲਾਸਪੁਰ ਚਲੇ ਗਏ। ਕੀਰਤਪੁਰ ਤੋਂ ਆਪ ਦੀ ਮਾਤਾ ਨਾਨਕੀ, ਮਾਤਾ ਸੁਲੱਖਣੀ, ਮਾਤਾ ਹਰੀ, ਦੀਵਾਨ ਦਰਗਹ ਮੱਲ, ਭਾਈ ਦਿਆਲ ਦਾਸ ਅਤੇ ਕਈ ਹੋਰ ਸਿੱਖ ਆਪ ਦੇ ਨਾਲ ਬਿਲਾਸਪੁਰ ਗਏ। ਰਾਜਾ ਦੀਪ ਚੰਦ ਦੀ ਅਰਦਾਸ ਮਗਰੋਂ ਜਦੋਂ 14 ਮਈ ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵਾਪਿਸ ਜਾਣ ਦੀ ਤਿਆਰੀ ਸ਼ੁਰੂ ਕੀਤੀ ਤਾਂ ਰਾਣੀ ਚੰਪਾ ਨੇ ਗੁਰੂ ਸਾਹਿਬ ਦੀ ਮਾਤਾ ਨਾਨਕੀ ਨਾਲ ਗੱਲ ਕੀਤੀ ਕਿ ਮੈਨੂੰ ਪਤਾ ਲੱਗਾ ਹੈ ਕਿ ਗੁਰੂ ਸਾਹਿਬ ਬਕਾਲਾ ਦੀ ਥਾਂ ਨਵਾਂ ਦਰਬਾਰ (ਹੈੱਡ-ਕੁਆਰਟਰਜ਼) ਬਾਂਗਰ ਦੇਸ ਦੇ ਨਗਰ ਧਮਤਾਨ ਵਿਚ ਕਾਇਮ ਕਰਨਾ ਚਾਹੁੰਦੇ ਹਨ। ਇਹ ਥਾਂ ਬਿਲਾਸਪੁਰ ਅਤੇ ਕੀਰਤਪੁਰ ਤੋਂ ਬਹੁਤ ਦੂਰ ਹੈ। ਮੇਰੀ ਅਰਜ ਹੈ ਕਿ ਗੁਰੂ ਸਾਹਿਬ ਸਾਡੀ ਰਿਆਸਤ ਤੋਂ ਦੂਰ ਨਾ ਜਾਣ। ਜੇ ਉਨ੍ਹਾਂ ਨੂੰ ਕੀਰਤਪੁਰ ਵਿਚ ਥਾਂ ਥੋੜ੍ਹੀ ਜਾਪਦੀ ਹੈ ਤਾਂ ਮੈਂ ਨਵਾਂ ਨਗਰ ਵਸਾਉਣ ਵਾਸਤੇ ਹੋਰ ਥਾਂ ਭੇਟ ਕਰ ਦੇਵਾਂਗੀ। ਮਾਤਾ ਨਾਨਕੀ ਨੇ ਰਾਣੀ ਚੰਪਾ ਦੀ ਅਰਜ਼ੋਈ ਬਾਰੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਸਿਆ। ਗੁਰੂ ਸਾਹਿਬ ਨੇ ਮਾਤਾ ਜੀ ਨੂੰ ਦੱਸਿਆ ਕਿ ਧਮਤਾਨ ਦੀਆਂ ਸੰਗਤਾਂ ਨੇ ਤਾਂ ਹੁਣ ਤਕ ਮਹਿਲ, ਧਰਮਸਾਲਾ ਤੇ ਖੂਹ ਵੀ ਤਿਆਰ ਕਰ ਦਿਤੇ ਹੋਣਗੇ। ਮਾਤਾ ਜੀ ਨੇ ਜਦ ਰਾਣੀ ਚੰਪਾ ਦੀ ਨਿਮੋਝੂਣਤਾ ਅਤੇ ਦਰਦ ਬਾਰੇ ਗੁਰੂ ਜੀ ਨੂੰ ਦਸਿਆ ਤਾਂ ਗੁਰੂ ਜੀ ਦੇ ਦਿਲ ਵਿਚ ਤਰਸ ਆਇਆ ਤੇ ਉਨ੍ਹਾਂ ਨੇ ਬਿਲਾਸਪੁਰ ਰਿਆਸਤ ਵਿਚ ਨਵਾਂ ਪਿੰਡ ਵਸਾਉਣਾ ਮਨਜ਼ੂਰ ਕਰ ਲਿਆ ਪਰ ਸ਼ਰਤ ਰੱਖੀ ਕਿ ਉਹ ਇਸ ਪਿੰਡ ਵਾਸਤੇ ਜਗਹ ਦਾਨ ਵਿਚ ਨਹੀਂ ਬਲਕਿ ਰਕਮ ਤਾਰ ਕੇ ਮੁੱਲ ਲੈਣਗੇ। ਯਕੀਨਨ ਗੁਰੂ ਤੇਗ਼ ਬਹਾਦਰ ਨੇ ਇਹ ਵੀ ਸੋਚਿਆ ਹੋਵੇਗਾ ਕਿ ਪਹਾੜਾਂ ਵਿਚ ਇਕ ਸੁਰਖਿਅਤ ਪਿੰਡ ਪੰਥ ਦੇ ਸੈਂਟਰ ਵਜੋਂ ਬਿਹਤਰ ਰਹੇਗਾ। ਗੁਰੂ ਤੇਗ਼ ਬਹਾਦਰ ਸਾਹਿਬ ਨੇ **ਹਥੌਤ** (ਜਿਥੇ ਕਦੇ ਹਾਥੀਆਂ ਦੇ ਝੁੰਡ ਫਿਰਦੇ ਹੁੰਦੇ ਸਨ) ਦੇ ਇਲਾਕੇ ਵਿਚ, ਮਾਖੋਵਾਲ ਦੀ ਥੇਹ ਦੇ ਦੁਆਲੇ, ਮੀਆਂਪੁਰ, ਲੋਂਦੀਪੁਰ ਤੇ ਸਹੋਟਾ ਪਿੰਡਾਂ ਦੇ ਵਿਚਕਾਰਲੀ ਥਾਂ ਚੁਣੀ ਅਤੇ ਇਸ ਦੀ ਰਕਮ ਬਿਲਾਸਪੁਰ ਰਿਆਸਤ ਨੂੰ ਤਾਰ ਦਿਤੀ। ਅਜੋਕੇ ਗੁਰਦੁਆਰਾ ਗੁਰੂ ਦੇ ਮਹਿਲ ਵਾਲੀ ਥਾਂ 'ਤੇ ਗੁਰੂ ਸਾਹਿਬ ਨੇ 19 ਜੂਨ 1665 ਦੇ ਦਿਨ ਇਕ ਦਰਖ਼ਤ ਦਾ ਤਣਾ (ਮੋਹੜੀ) ਭਾਈ

ਗੁਰਦਿਤਾ (ਪੋਤਾ ਬਾਬਾ ਬੁੱਢਾ ਜੀ) ਤੋਂ ਗਡਵਾ ਕੇ ਇਕ ਨਵੇਂ ਪਿੰਡ ਦੀ ਨੀਂਹ ਰੱਖੀ। ਉਨ੍ਹਾਂ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਦੇ ਨਾਂ ਤੇ 'ਚੱਕ ਨਾਨਕੀ' ਰੱਖਿਆ (ਹੁਣ ਸਰਕਾਰੀ ਕਾਗ਼ਜ਼ਾਂ ਵਿਚ ਇਸ ਦਾ ਨਾਂ ਸਿਰਫ਼ 'ਚੱਕ' ਵਜੋਂ ਹੀ ਮਿਲਦਾ ਹੈ)

1924: ਜੈਤੋ ਮੋਰਚੇ ਵਾਸਤੇ 6ਵਾਂ ਜੱਥਾ ਜੈਤੋ ਪੁੱਜਾ

ਜੈਤੋ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਸਤੇ ਪ੍ਰੇਮ ਸਿੰਘ ਕੋਕਰੀ ਦੀ ਅਗਵਾਈ ਹੇਠ ਫ਼ੀਰੋਜ਼ਪੁਰ ਦੇ ਸਿੱਖਾਂ ਦਾ 6ਵਾਂ ਸ਼ਹੀਦੀ ਜੱਥਾ 19 ਜੂਨ 1924 ਦੇ ਦਿਨ ਜੈਤੋ ਪੁੱਜਾ; ਇਸ ਵਿਚ 22 ਨੌਜਵਾਨ 12 ਤੋਂ 16 ਸਾਲ ਦੀ ਉਮਰ ਦੇ ਸਨ।

1986: ਪੰਜਾਬ ਦੀ 70000 ਏਕੜ ਜ਼ਮੀਨ ਹਰਿਆਣਾ ਨੂੰ ਦੇਣ ਵਾਸਤੇ ਸਰਕਾਰੀ ਚਾਪਲੂਸਾਂ ਨੇ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾਇਆ

ਜੁਲਾਈ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਦੀ ਇਕ ਮਦ ਇਹ ਵੀ ਸੀ ਕਿ ਚੰਡੀਗੜ੍ਹ ਪੰਜਾਬ ਨੂੰ 26 ਜਨਵਰੀ 1986 ਦੇ ਦਿਨ ਦੇ ਦਿਤਾ ਜਾਵੇਗਾ ਪਰ ਬਰਨਾਲਾ ਇਸ ਵਿਚ ਨਾਕਾਮ ਰਿਹਾ ਸੀ। ਇਸ ਮਗਰੋਂ ਪਹਿਲੀ ਜੂਨ 1986 ਦੇ ਦਿਨ ਬਰਨਾਲੇ ਨੇ ਪੰਜਾਬੀਆਂ ਨੂੰ 'ਸੱਦਾ ਦਿਤਾ' ਕਿ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੇ ਮੌਕੇ 'ਤੇ ਚੰਡੀਗੜ੍ਹ ਵਿਚ ਹੋਣ ਵਾਲੇ ਜਸ਼ਨਾਂ ਵਿਚ ਸ਼ਾਮਿਲ ਹੋਣ। ਪਰ ਕਿਉਂਕਿ ਇਹ ਰਾਜੀਵ ਗਾਂਧੀ ਦਾ ਇਕ ਡਰਾਮਾ ਹੀ ਸੀ ਇਸ ਕਰ ਕੇ ਉਸ ਨੇ ਵੈਂਕਟਰਮਈਆ ਕਮਿਸ਼ਨ ਬਣਾ ਦਿੱਤਾ; ਇਸ ਕਮਿਸ਼ਨ ਨੇ ਬਾਰ੍ਹਾਂ ਜੂਨ ਦੇ ਦਿਨ ਪੰਜਾਬ ਨੂੰ 70000 ਏਕੜ ਜ਼ਮੀਨ ਹਰਿਆਣੇ ਨੂੰ ਦੇਣ ਵਾਸਤੇ ਕਿਹਾ ਤਾਂ ਜੋ ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਦਾ ਬਹਾਨਾ ਬਣਾਇਆ ਜਾ ਸਕੇ। 19 ਜੂਨ 1986 ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਪੂਰੇ ਸਫ਼ੇ ਦਾ ਇਸ਼ਤਿਹਾਰ ਦੇ ਕੇ ਪੰਜਾਬੀ ਅਤੇ ਸਿੱਖ-ਵਿਰੋਧੀ ਲੱਬੀ ਦੇ ਚਾਪਲੂਸਾਂ ਨੇ ਇਕ ਬਿਆਨ ਦਿਤਾ ਜਿਸ ਵਿਚ ਕਿਹਾ ਗਿਆ ਸੀ ਕਿ ਵੈਂਕਟਰਮੱਈਆ ਕਮਿਸ਼ਨ ਦੀ ਗੱਲ ਮੰਨ ਕੇ ਪੰਜਾਬ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ 70000 ਏਕੜ ਜ਼ਮੀਨ ਦੇ ਦੇਵੇ। ਇਸ ਬਿਆਨ ਉੱਤੇ ਹੇਠ ਲਿਖਿਆਂ ਦੇ ਦਸਤਖ਼ਤ ਸਨ: ਮਾਨ ਸਿੰਘ (ਗ੍ਰੰਥੀ ਪਟਨਾ ਸਾਹਿਬ), ਰੀਟਾਇਰਡ ਜਸਟਿਸ ਰਣਜੀਤ ਸਿੰਘ ਨਰੂਲਾ, ਸੁਰਿੰਦਰਜੀਤ ਆਹਲੂਵਾਲੀਆ (ਦਿੱਲੀ), ਰੇਸ਼ਮ ਸਿੰਘ (ਦਾਦਰ, ਬੰਬਈ), ਕੁਲਵੰਤ ਸਿੰਘ ਕੋਹਲੀ (ਮਹਾਰਾਸ਼ਟਰਾ ਫ਼ੋਰਮ), ਐਚ.ਐਸ. ਧੂਪੀਆ (ਬਿਹਾਰ), ਰਤਨ ਸਿੰਘ (ਪਾਊਂਟਾ ਸਾਹਿਬ), ਦਾਰਾ ਸਿੰਘ (ਅੰਮ੍ਰਿਤਸਰ), ਗੁਰਚਰਨ ਸਿੰਘ (ਨਾਨਕਮੱਤਾ, ਨੈਨੀਤਾਲ), ਜੰਗਾ ਸਿੰਘ (ਕਰਨਾਟਕ), ਸੰਤੋਖ ਸਿੰਘ (ਉੜੀਸਾ), ਸੁਰਜੀਤ ਅਰੋੜਾ (ਅਹਿਮਦਾਬਾਦ), ਬਲਾਕ ਸਿੰਘ (ਸੈਂਟਰਲ ਖ਼ਾਲਸਾ ਦੀਵਾਨ ਅੰਮ੍ਰਿਤਸਰ), ਤੇ ਸੁਰਜੀਤ ਅਟਵਾਲ (ਜੱਟ ਐਸੋਸੀਏਸ਼ਨ ਦਿੱਲੀ)। ਇਨ੍ਹਾਂ ਦਾ ਇਹ ਇਸ਼ਤਿਹਾਰ ਪੰਜਾਬੀ ਤੇ ਸਿੱਖ-ਵਿਰੋਧੀ ਲੱਬੀ ਦੀ ਨੀਂਵੇਂ ਦਰਜੇ ਦੀ ਚਾਪਲੂਸੀ ਸੀ। ਹਾਲਾਂਕਿ ਰਾਜੀਵ-ਲੌਂਗੋਵਾਲ ਸਮਝੌਤਾ (ਜਿਸ ਨੂੰ ਸਿੱਖ ਪੰਥ ਨੇ ਸ਼ਰਮਨਾਕ ਹੇਠੀ ਮੰਨਿਆ ਸੀ) ਵਿਚ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਵਿਚ ਦੇਣ ਵਾਸਤੇ ਸਾਫ਼ ਲਿਖਿਆ ਹੋਇਆ ਸੀ। ਪਰ ਮਗਰੋਂ ਇਸ ਵਿਚ ਹਰਿਆਣੇ ਨੂੰ 'ਹਿੰਦੀ ਬੋਲਦੇ' ਇਲਾਕੇ ਦੇਣ ਨਾਲ ਜੋੜਨ ਵਾਸਤੇ 'ਮੈਥਿਊ ਕਮਿਸ਼ਨ' ਦਾ ਡਰਾਮਾ ਕੀਤਾ ਗਿਆ। ਪਰ ਜਦ ਇਹ ਗੱਲ ਕਾਮਯਾਬ ਨਾ ਹੋਈ ਤਾਂ ਵੈਂਕਟਰਮੱਈਆ ਕਮਿਸ਼ਨ ਬਣਾ ਕੇ ਹਰਿਆਣਾ ਨੂੰ ਉੱਥੇ ਜ਼ਮੀਨ ਦੇਣ ਦਾ ਫਕਵੰਜ ਰਚਿਆ ਗਿਆ। ਇਹ ਇਸ਼ਤਿਹਾਰ ਛਪਵਾਉਣ ਵਾਲੇ ਰਾਜੀਵ ਗਾਂਧੀ ਦੇ ਇਨ੍ਹਾਂ ਸਿੱਖਾਂ ਕੋਲੋਂ ਇਹ ਨਾ ਹੋਇਆ ਕਿ ਉਹ ਇਹ ਕਹਿਣ ਕਿ ਰਾਜੀਵ-ਲੌਂਗੋਵਾਲ ਸਮਝੌਤੇ ਹੇਠ ਪਹਿਲਾਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ ਤੇ ਫਿਰ ਦੋਹਾਂ ਸੂਬਿਆਂ ਦੇ ਵੱਖ-ਵੱਖ ਇਲਾਕਿਆਂ ਦੀ ਬੋਲੀ ਦੇ ਅਧਾਰ 'ਤੇ

ਤਬਦੀਲੀ ਕੀਤੀ ਜਾਵੇ। ਉਂਞ ਇਸ ਸਸਤੀ ਚਾਪਲੂਸੀ ਨਾਲ ਰਾਜੀਵ ਅਤੇ ਐਂਟੀ-ਸਿੱਖ ਤੇ ਐਂਟੀ-ਪੰਜਾਬ ਲਾਬੀ ਖ਼ੁਸ਼ ਤਾਂ ਭਾਵੇਂ ਹੋ ਗਈ ਹੋਵੇ ਪਰ ਇਸ ਦੀ ਕਿਸੇ ਪੰਜਾਬੀ ਨੇ ਹਿਮਾਇਤ ਨਾ ਕੀਤੀ ਸਗੋਂ ਇਨ੍ਹਾਂ ਦੇ ਇਸ ਇਸ਼ਤਿਹਾਰ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਿਆ।

1988: ਸੁਲੱਖਣ ਸਿੰਘ ਤੇ ਸੁਖਦੇਵ ਸਿੰਘ ਸੁੱਖਾ ਉਟਾਲਾ ਪੁਲਸ ਮੁਕਾਬਲਿਆਂ ਵਿਚ ਸ਼ਹੀਦ

19 ਜੂਨ 1988 ਦੇ ਦਿਨ ਪੰਜਾਬ ਪੁਲਸ ਨਾਲ ਹੋਏ ਇਕ ਅਸਲ ਮੁਕਾਬਲੇ ਵਿਚ ਸੁਲੱਖਣ ਸਿੰਘ ਤਿੰਨ ਸਿਪਾਹੀਆਂ ਨੂੰ ਮਾਰਨ ਮਗਰੋਂ ਸ਼ਹੀਦ ਹੋ ਗਿਆ। ਇਸੇ ਦਿਨ ਸੁਖਦੇਵ ਸਿੰਘ ਸੁੱਖਾ (ਵਾਸੀ ਉਟਾਲਾ, ਸਮਰਾਲਾ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਸੁੱਖਾ, ਬਲਬੀਰ ਸਿੰਘ ਬੀਰਾ, ਜੋਗਿੰਦਰ ਸਿੰਘ ਮੱਲਾ, ਬਲਬੀਰ ਸਿੰਘ ਪਾਲੀ, ਬਲਦੇਵ ਸਿੰਘ ਉਰਫ਼ ਟੇਲਰ ਮਾਸਟਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਸੁੱਖਾ, ਬਲਬੀਰ ਸਿੰਘ ਬੀਰਾ, ਜੋਗਿੰਦਰ ਸਿੰਘ ਮੱਲਾ, ਬਲਬੀਰ ਸਿੰਘ ਪਾਲੀ, ਬਲਦੇਵ ਸਿੰਘ ਉਰਫ਼ ਟੇਲਰ ਮਾਸਟਰ ਤੇ 3 ਹੋਰ ਸਿੱਖ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2014: ਸੈਂਟਰ ਵਿਚ ਵਜ਼ੀਰ ਬਣਨ ਮਗਰੋਂ ਬਾਦਲ ਦੀ ਨੂੰਹ ਹਰਸਿਮਰਤ ਕੌਰ 19 ਜੂਨ 2014 ਦੇ ਦਿਨ ਪਿੰਡ ਬੱਛੋਆਣਾ ਦੇ ਜੀਤਸਰ ਕੋਠੇ ਜਾ ਕੇ ਸਾਧ ਕਰਮ ਦਾਸ ਤੋਂ ਅਸ਼ੀਰਵਾਦ ਲਿਆ। ਬੀਬੀ ਕਿਸੇ ਗੁਰਦੁਆਰੇ ਵਿਚ ਨਹੀਂ ਗਈ।

20 ਜੂਨ

1710: ਬੰਦਾ ਸਿੰਘ ਬਹਾਦਰ ਦਾ ਵਿਆਹ ਹੋਇਆ

ਸਰਹਿੰਦ 'ਤੇ ਕਬਜ਼ਾ ਕਰਨ ਮਗਰੋਂ, ਸਿੱਖਾਂ ਦੇ ਜ਼ੋਰ ਦੇਣ 'ਤੇ, ਬੰਦਾ ਸਿੰਘ ਨੇ ਗ੍ਰਿਹਸਤ ਧਾਰਨਾ ਮਨਜ਼ੂਰ ਕਰ ਲਿਆ। ਉਸ ਦਾ ਵਿਆਹ 20 ਜੂਨ 1710 ਦੇ ਦਿਨ, ਸਰਹਿੰਦ ਵਿਚ, ਸਿਆਲਕੋਟ ਦੇ ਭਾਈ ਸ਼ਿਵ ਰਾਮ ਕਪੂਰ ਤੇ ਬੀਬੀ ਭਾਗਵੰਤੀ ਦੀ ਬੇਟੀ ਬੀਬੀ ਸਾਹਿਬ ਕੌਰ ਨਾਲ ਹੋਇਆ। (ਬੀਬੀ ਸਾਹਿਬ ਕੌਰ ਵੀਰ ਹਕੀਕਤ ਸਿੰਘ ਦੀ ਭੂਆ ਦੀ ਧੀ ਸੀ; ਮਗਰੋਂ ਇਹ ਹਕੀਕਤ ਸਿੰਘ, ਜਿਸ ਨੂੰ ਪਰਮਾ ਨੰਦ ਵਰਗੇ ਕੁਝ ਫ਼ਿਰਕੂ ਲੇਖਕ ਬੇਈਮਾਨੀ ਨਾਲ ਵੀਰ ਹਕੀਕਤ ਰਾਏ ਲਿਖਦੇ ਰਹੇ ਹਨ, 18 ਜਨਵਰੀ 1735 ਦੇ ਦਿਨ ਆਪਣੇ ਮਾਮੇ ਅਰਜਨ ਸਿੰਘ ਵਧਾਵਨ ਨਾਲ, ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ)। ਬੀਬੀ ਸਾਹਿਬ ਕੌਰ ਕਾਫ਼ੀ ਚਿਰ ਸਰਹਿੰਦ ਰਹੀ ਪਰ ਜਦੋਂ ਮੁਗ਼ਲਾਂ ਦੇ ਵੱਡੇ ਹਮਲੇ ਦੇ ਆਸਾਰ ਬਣ ਗਏ ਉਹ ਤਾਂ ਜੰਮੂ-ਕਸ਼ਮੀਰ ਦੇ ਇਕ ਪਿੰਡ ਟਾਂਡਾ ਢੋਡਾ ਵਿਚ ਚਲੀ ਗਈ ਜਿਥੇ ਉਸ ਨੇ ਰਣਜੀਤ ਸਿੰਘ ਨੂੰ ਜਨਮ ਦਿਤਾ। (ਬਾਬਾ ਬੰਦਾ ਸਿੰਘ ਦਾ ਦੂਜਾ ਵਿਆਹ 1711 ਵਿਚ ਚੰਬੇ ਦੀ ਇਕ ਰਾਜਕੁਮਾਰੀ ਸੁਸ਼ੀਲ ਕੁੰਵਰ (ਮਗਰੋਂ ਸੁਸ਼ੀਲ ਕੌਰ) ਨਾਲ ਹੋਇਆ ਸੀ, ਜਿਸ ਤੋਂ ਅਜੈ ਸਿੰਘ ਪੈਦਾ ਹਇਆ ਸੀ, ਜਿਸ ਨੂੰ ਬੰਦਾ ਸਿੰਘ ਦੇ ਨਾਲ 9 ਜੂਨ 1716 ਦੇ ਦਿਨ ਸ਼ਹੀਦ ਕਰ ਦਿਤਾ ਗਿਆ ਸੀ)।

1936: ਬਬਰ ਅਕਾਲੀਆਂ ਨੇ ਗ਼ਦਾਰ ਅਨੂਪ ਸਿੰਘ ਮਾਣੋਕੇ ਨੂੰ ਮਾਰਿਆ

ਅਨੂਪ ਸਿੰਘ ਇਕ ਸੰਜੀਦਾ ਸਿੱਖ ਸੀ; 1921 ਵਿਚ ਉਸ ਨੂੰ ਕਿਰਪਾਨ ਰੱਖਣ ਦੇ ਕੇਸ ਵਿਚ ਸਜ਼ਾ ਹੋ ਚੁਕੀ ਸੀ; ਜਦ ਬਬਰ ਅਕਾਲੀ ਜਥਾ ਬਣਿਆ ਤਾਂ ਬਾਬੂ ਸੰਤਾ ਸਿੰਘ ਰਾਹੀਂ ਇਹ ਵੀ ਇਸ ਵਿਚ ਸ਼ਾਮਿਲ ਹੋ ਗਿਆ ਪਰ ਮਗਰੋਂ ਇਕ ਔਰਤ ਦੇ ਇਸ਼ਕ ਵਿਚ ਫਸ ਕੇ ਆਪਣੇ ਚਾਚੇ ਬੋਘ ਸਿੰਘ ਦੀ ਮਦਦ ਨਾਲ ਗ਼ਦਾਰ ਬਣਨ ਵਾਸਤੇ ਤਿਆਰ ਹੋ ਗਿਆ। 1923

ਵਿਚ ਬਬੇਲੀ ਸਾਕਾ ਜਿਸ ਵਿਚ ਚਾਰ ਮੁਖ ਬਬਰ (ਕਰਮ ਸਿੰਘ ਦੌਲਤਪੁਰ, ਉਦੇ ਸਿੰਘ, ਬਿਸ਼ਨ ਸਿੰਘ ਤੇ ਮਹਿੰਦਰ ਸਿੰਘ) ਸ਼ਹੀਦ ਹੋ ਗਏ; ਜਿਸ ਨਾਲ ਬਬਰ ਲਹਰ ਇਕ ਕਿਸਮ ਦੀ ਖ਼ਤਮ ਹ ਹੋ ਗਈ) ਦੀ ਮੁਖ਼ਬਰੀ ਅਨੂਪ ਸਿੰਘ ਮਾਣਕੋ ਨੇ ਕੀਤੀ ਸੀ। 1924 ਤਕ ਭਾਵੇਂ ਸਾਰੇ ਬਬਰ ਸ਼ਹੀਦ ਜਾਂ ਗ੍ਰਿਫ਼ਤਾਰ ਹੋ ਚੁਕੇ ਸਨ ਪਰ ਫਿਰ ਵੀ ਇੱਕਾ-ਦੁੱਕਾ ਬਬਰ ਬਚੇ ਹੋਏ ਸਨ। 20 ਜੂਨ 1936 ਦੇ ਦਿਨ ਕਰਤਾਰ ਸਿੰਘ ਕਿਰਤੀ (ਚੱਕ ਬਾਗੜੀਆਂ, ਜਲੰਧਰ ਜ਼ਿਲ੍ਹਾ), ਗੁਰਦਿੱਤ ਸਿੰਘ ਕਲੇਰ (ਮੰਢਿਆਲੀ, ਜਲੰਧਰ ਜ਼ਿਲ੍ਹਾ) ਤੇ ਉਜਾਗਰ ਸਿੰਘ ਪਨਿਹਾਲੀਆਂ, ਹੁਸ਼ਿਆਰਪੁਰ ਜ਼ਿਲ੍ਹਾ) ਨੇ ਮੌਕਾ ਤਾੜ ਕੇ ਅਨੂਪ ਸਿੰਘ 'ਤੇ ਹਮਲਾ ਕਰ ਕੇ ਉਸ ਨੂੰ ਮਾਰ ਦਿੱਤਾ। ਇਸ ਕੇਸ ਵਿਚ ਕਰਤਾਰ ਸਿੰਘ ਤੇ ਗੁਰਦਿੱਤ ਸਿੰਘ ਨੂੰ ਫ਼ਾਂਸੀ ਅਤੇ ਉਜਾਗਰ ਸਿੰਘ (ਜੋ ਸਿਰਫ਼16 ਸਾਲ ਦਾ ਸੀ) ਨੂੰ ਉਮਰ ਕੈਦ ਹੋਈ ਸੀ (ਮਗਰੋਂ ਉਹ ਹਾਈ ਕੋਰਟ ਵਿਚੋਂ ਬਰੀ ਹੋ ਗਿਆ ਸੀ)।

1972: ਸਦਾਬਰਤ ਗੁਰਦੁਆਰਾ ਕਲਕੱਤਾ 'ਤੇ ਹਮਲਾ ਕਰ ਕੇ ਮੁਕਾਮੀ ਬੰਗਾਲੀਆਂ ਨੇ 20 ਸਿੱਖ ਮਾਰ ਦਿੱਤੇ

1978: ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਬਣਿਆ

ਇੰਦਰਾ ਗਾਂਧੀ ਵੱਲੋਂ ਲਾਈ ਅੰਦਰੂਨੀ ਐਮਰਜੰਸੀ ਖ਼ਤਮ ਹੋਣ ਮਗਰੋਂ ਜਨਵਰੀ 1977 ਵਿਚ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ। ਚੋਣਾਂ ਵਿਚ ਅਕਾਲੀ ਪਾਰਟੀ ਅਤੇ ਨਵੀਂ ਬਣੀ ਜਨਤਾ ਪਾਰਟੀ (ਜਿਸ ਵਿਚ ਕਾਂਗਰਸ ਤੇ ਕਮਿਊਨਿਸਟਾਂ ਨੂੰ ਛੱਡ ਕੇ ਬਾਕੀ ਪਾਰਟੀਆਂ: ਜਨਸੰਘ, ਸਾਰੀਆਂ ਸੋਸ਼ਲਿਸਟ ਪਾਰਟੀਆਂ, ਸੁਤੰਤਰ, ਰੀਪਬਲੀਕਨ ਤੇ ਹੋਰ ਸਾਰੀਆਂ ਜਥੇਬੰਦੀਆਂ ਸ਼ਾਮਿਲ ਸਨ) ਨੇ ਪੰਜਾਬ (ਤੇ ਸਾਰੇ ਉੱਤਰੀ, ਮੱਧ, ਪੂਰਬੀ ਤੇ ਪੱਛਮੀ ਭਾਰਤ) ਵਿਚ ਬੇਮਿਸਾਲ ਜਿੱਤ ਹਾਸਿਲ ਕੀਤੀ। ਮੋਰਾਰਜੀ ਦੇਸਾਈ ਪ੍ਰਾਈਮ ਮਨਿਸਟਰ ਬਣਿਆ। ਜੂਨ 1977 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਵੀ ਕਰਵਾਈਆਂ ਗਈਆਂ। ਇਨ੍ਹਾਂ ਚੋਣਾਂ ਵਿਚ 117 ਸੀਟਾਂ ਵਿਚੋਂ 58 ਅਕਾਲੀ ਦਲ, 2 ਅਕਾਲੀ ਹਿਮਾਇਤੀ, 25 ਜਨਤਾ ਪਾਰਟੀ, 8 ਸੀ. ਪੀ. ਆਈ. ਅਤੇ 7 ਸੀ. ਪੀ. ਐਮ. ਨੇ ਜਿੱਤੀਆਂ। ਕਾਂਗਰਸ ਨੂੰ ਸਿਰਫ਼ 17 ਸੀਟਾਂ ਹੀ ਮਿਲੀਆਂ। 20 ਜੂਨ 1977 ਦੇ ਦਿਨ ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਬਣਿਆ। ਭਾਵੇਂ ਅਕਾਲੀ ਪਾਰਟੀ ਇਕੱਲਿਆਂ ਸਰਕਾਰ ਬਣਾ ਸਕਦੀ ਸੀ, ਪਰ ਫਿਰ ਵੀ ਦਲ ਨੇ ਤੀਜਾ ਹਿੱਸਾ ਵਜ਼ੀਰੀਆਂ ਜਨਤਾ ਪਾਰਟੀ ਦੇ ਪੱਲੇ ਪਾਈਆਂ ਤੇ ਇਨ੍ਹਾਂ ਵਿਚੋਂ ਬਹੁਤੀਆਂ ਵਜ਼ਾਰਤਾਂ ਅਹਿਮ ਤੇ ਤਕੜੀਆਂ ਸਨ।

84: ਭਾਰਤੀ ਫ਼ੌਜ ਨੇ 125 ਗੁਰਦੁਆਰਿਆਂ ਤੋਂ ਕਬਜ਼ਾ ਛੱਡਿਆ

20 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ 125 ਗੁਰਦੁਆਰਿਆਂ ਤੋਂ ਕਬਜ਼ਾ ਛੱਡ ਦਿੱਤਾ; ਹੁਣ ਸਿਰਫ਼ ਦਰਬਾਰ ਸਾਹਿਬ ਹੀ ਉਨ੍ਹਾਂ ਦੇ ਕਬਜ਼ੇ ਵਿਚ ਰਹਿ ਗਿਆ ਸੀ।

1987: ਲਖਬੀਰ ਸਿੰਘ ਕਰਨਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੂਨ 1987 ਦੇ ਦਿਨ ਪੰਜਾਬ ਪੁਲਸ ਨੇ ਲਖਬੀਰ ਸਿੰਘ ਉਰਫ਼ ਸੰਤਾ (ਪੁੱਤਰ ਦਿਲਾਵਰ ਸਿੰਘ, ਵਾਸੀ ਕਰਨਾਨਾ, ਜਲੰਧਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਸਿਕੰਦਰ ਸਿੰਘ ਕੋਠੇ ਕੋਟਕਪੂਰਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੂਨ 1989 ਦੇ ਦਿਨ ਪੰਜਾਬ ਪੁਲਸ ਨੇ ਸਿਕੰਦਰ ਸਿੰਘ (ਵਾਸੀ ਕੋਠੇ ਕੋਟਕਪੂਰਾ ਸਿੱਖਾਂ ਵਾਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਰਵਿੰਦਰਪਾਲ ਸਿੰਘ ਮੁੱਗਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਰਵਿੰਦਰਪਾਲ ਸਿੰਘ ਮੁੱਗਾ (ਪੁੱਤਰ ਸਵਰਨ ਸਿੰਘ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਮੇਰ ਸਿੰਘ ਖਾਂਟ ਪਿੰਡ ਤੇ ਹਰੀ ਕਿਸ਼ਨ ਕਾਲੀਕੇ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਜਸਮੇਰ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਪਿੰਡ ਖਾਂਟ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਤੇ ਹਰੀ ਕਿਸ਼ਨ (ਪੁੱਤਰ ਜਗਦੇਵ ਰਾਏ, ਵਾਸੀ ਕਾਲੀਕੇ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਸਵਿੰਦਰ ਸਿੰਘ ਅਠਵਾਲ ਪਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੂਨ 1993 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਅਠਵਾਲ, ਨੇੜੇ ਫ਼ਤਹਿਪੁਰ ਦਾਹਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

21 ਜੂਨ

1661: ਗੁਰੂ ਤੇਗ ਬਹਾਦਰ ਸਾਹਿਬ ਧਰਮ ਪ੍ਰਚਾਰ ਦੇ ਦੌਰੇ ਦੌਰਾਨ ਕਾਸ਼ੀ (ਬਨਾਰਸ/ਵਾਰਾਨਸੀ) ਪੁੱਜੇ

ਜੂਨ 1656 ਵਿਚ ਕੀਰਤਪੁਰ ਤੋਂ ਚਲ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਥਾ ਮਲਕਪੁਰ ਰੰਘੜਾਂ, ਕੋਟਲਾ ਨਿਹੰਗ ਖ਼ਾਨ, ਲਖਨੌਰ, ਪੰਜੋਖੜਾ ਤੇ ਕੁਰੁਕਸ਼ੇਤਰ ਦੇ ਇਲਾਕੇ ਵਿਚ ਧਰਮ ਪਰਚਾਰ ਕਰਦਾ ਹੋਇਆ 29 ਮਾਰਚ 1657 ਨੂੰ ਹਰਦੁਆਰ ਪੁੱਜਾ। ਹਰਦੁਆਰ ਵਿਚ ਆਪ ਡੇਢ ਮਹੀਨੇ ਤੋਂ ਵਧ ਰਹੇ ਤੇ ਇਸ ਦੌਰਾਨ ਆਲੇ-ਦੁਆਲੇ ਦੇ ਇਲਾਕਿਆਂ ਵਿਚ ਵੀ ਜਾਂਦੇ ਰਹੇ। ਹਰਦੁਆਰ ਵਿਚ ਪ੍ਰਚਾਰ ਕਰਦਿਆਂ ਮਥਰਾ, ਗੜ੍ਹ ਮੁਕਤੇਸ਼ਵਰ, ਆਗਰਾ, ਮਿਰਜ਼ਾਪੁਰ ਅਤੇ ਕਾਸ਼ੀ ਦੀਆਂ ਸੰਗਤਾਂ ਆਪ ਨੂੰ ਮਿਲਣ ਵਾਸਤੇ ਆਈਆਂ। ਸੰਗਤਾਂ ਦੀ ਖਾਹਿਸ਼ ਨੂੰ ਸਾਹਵੇਂ ਰਖਦਿਆਂ ਆਪ ਇਨ੍ਹਾਂ ਇਲਾਕਿਆਂ ਵਿਚ ਵੀ ਗਏ। ਆਪ ਨੇ ਆਗਰੇ ਵਿਚ ਕਈ ਮਹੀਨੇ ਬਿਤਾਏ ਅਤੇ ਸੈਂਕੜੇ ਪਰਵਾਰਾਂ ਨੂੰ ਸਿੱਖੀ ਵਿਚ ਸ਼ਾਮਿਲ ਕੀਤਾ। ਹਰਦੁਆਰ ਅਤੇ ਪ੍ਰਯਾਗ (ਹੁਣ ਅਲਾਹਾਬਾਦ) ਦੇ ਵਿਚਕਾਰਲੇ ਇਲਾਕੇ ਵਿਚ ਕਈ ਮਹੀਨੇ ਬਿਤਾਉਣ ਮਗਰੋਂ ਆਪ ਪ੍ਰਯਾਗ ਪੁੱਜੇ। ਆਪ ਨੇ ਪ੍ਰਯਾਗ ਵਿਚ ਕਈ ਮਹੀਨੇ ਬਿਤਾਏ। ਇਸ ਵੇਲੇ ਮਾਤਾ ਗੁਜਰੀ ਵੀ ਆਪ ਦੇ ਨਾਲ ਸਨ। ਇਸ ਮਗਰੋਂ ਆਪ ਮਿਰਜ਼ਾਪੁਰ ਵੀ ਗਏ ਤੇ ਇੱਥੋਂ ਚਲ ਕੇ 21 ਜੂਨ 1661 (ਹਾੜ ਸੁਦੀ 5, ਸੰਮਤ 1718) ਦੇ ਦਿਨ ਕਾਸ਼ੀ ਪੁੱਜੇ। ਭੱਟ ਵਹੀ ਮੁਤਾਬਿਕ: "ਮਾਈ ਦਾਸ ਬਲੂ ਕਾ ਜੇਠਾ ਮਾਈ ਦਾਸ ਕਾ ਦਿਆਲ ਦਾਸ ਮਾਈ ਦਾਸ ਕਾ ਮਨੀ ਰਾਮ ਮਾਈ ਦਾਸ ਕਾ ਹਰੀ ਚੰਦ ਜੇਠਾ ਕਾ ਮਥਰਾ ਦਿਆਲ ਦਾਸ ਕਾ ਗੁਰੂ ਤੇਗ਼ ਬਹਾਦਰ ਜੀ ਬੇਟਾ ਗੁਰੂ ਹਰਗੋਬਿੰਦ ਜੀ ਮਹਲ ਛਟੇ ਕਾ ਬਨਾਰਸ ਆਏ, ਸਾਲ ਸਤਰਾਂ ਸੈ ਅਠਾਰਾਂ ਅਸਾਢ ਸੁਦੀ ਪੰਚਮੀ, ਗੈਲੋਂ ਨਾਨਕੀ ਜੀ ਆਈ ਮਾਤਾ ਗੁਰੂ ਤੇਗ਼ ਬਹਾਦਰ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਗੁਰੂ ਸੂਰਜ ਮਲ ਜੀ ਕੀ, ਭਾਈ ਕਿਰਪਾਲ ਚੰਦ ਆਇਆ ਬੇਟਾ ਲਾਲ ਚੰਦ ਜੀ ਸੁਭਿਖੀ ਕਾ, ਬਾਵਾ ਦਿਆਲ ਦਾਸ ਆਇਆ ਬੇਟਾ ਮਾਈ ਦਾਸ ਜਲਹਾਨੇ ਕਾ, ਗਵਾਲ ਦਾਸ ਆਇਆ ਬੇਟਾ ਛੁਟੇ ਮਲ ਛਿਬਰ ਕਾ, ਚਉਪਤ ਰਾਏ ਆਇਆ ਬੇਟਾ ਪੈਰੇ ਛਿਬਰ ਕਾ, ਸੰਗਤ ਆਇਆ ਬੇਟਾ ਬਿੰਨੇ ਉਪਲ ਕਾ, ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ।"

1986: ਦਹਿਸ਼ਤਗਰਦ ਹਿੰਦੂਆਂ ਵੱਲੋਂ ਅੰਮ੍ਰਿਤਸਰ, ਨਕੋਦਰ, ਅੰਬਾਲਾ, ਪਟਿਆਲਾ, ਚੰਡੀਗੜ੍ਹ ਵਿਚ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ

21 ਜੂਨ 1986 ਦੇ ਦਿਨ ਦਹਿਸ਼ਤਗਰਦ ਹਿੰਦੂਆਂ ਨੇ ਅੰਮ੍ਰਿਤਸਰ, ਨਕੋਦਰ, ਅੰਬਾਲਾ, ਪਟਿਆਲਾ, ਚੰਡੀਗੜ੍ਹ ਵਿਚ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕੀਤੇ; ਨਾਲ ਚਲ ਰਹੀ ਸੀ.ਆਰ.ਪੀ. ਐਫ਼. ਨੇ ਕੋਈ ਦਖ਼ਲ ਨਾ ਦਿੱਤਾ।

1986: ਜੋਗਿੰਦਰ ਸਿੰਘ, ਬਲਵੰਤ ਸਿੰਘ ਤੇ ਹਰਮਿੰਦਰ ਸਿੰਘ ਸ਼ੰਮੀ ਸ਼ਹੀਦ

21 ਜੂਨ 1986 ਦੇ ਦਿਨ ਪੁਲਸ ਨੇ ਜਲੰਧਰ ਜ਼ਿਲ੍ਹੇ ਵਿਚ ਸ਼ਾਹਕੋਟ ਨੇੜੇ ਪਿੰਡ ਰੁਪੇਵਾਲੀ ਵਿਚ ਜੋਗਿੰਦਰ ਸਿੰਘ ਤੇ ਬਲਵੰਤ ਸਿੰਘ ਨੂੰ ਉਨ੍ਹਾਂ ਦੇ ਘਰਾਂ 'ਤੇ ਹਮਲੇ ਕਰ ਕੇ ਸ਼ਹੀਦ ਕਰ ਦਿੱਤਾ। ਇਸੇ ਦਿਨ ਅੰਮ੍ਰਿਤਸਰ ਸ਼ਹਿਰ ਵਿਚ ਹਰਮਿੰਦਰ ਸਿੰਘ ਸ਼ੰਮੀ ਨੂੰ ਸੀ.ਆਰ.ਪੀ.ਐਫ਼. ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

1987: ਲਖਬੀਰ ਸਿੰਘ ਕਰਨਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

21 ਜੂਨ 1987 ਦੇ ਦਿਨ ਪੁਲਸ ਨੇ ਨਵਾਂਸ਼ਹਿਰ ਗੜ੍ਹਸ਼ੰਕਰ ਰੋਡ 'ਤੇ ਅਲਾਚੌਰ ਕੋਲ ਨਕਲੀ ਮੁਕਾਬਲੇ ਦੇ ਨਾਂ 'ਤੇ ਲਖਬੀਰ ਸਿੰਘ ਉਰਫ਼ ਸੰਤ ਸਿੰਘ (ਵਾਸੀ ਕਰਨਾਨਾ, ਨੇੜੇ ਬੰਗਾ, ਜ਼ਿਲ੍ਹਾ ਨਵਾਂਸ਼ਹਿਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅੱਧੀ ਰਾਤ ਵੇਲੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਰੱਦ ਕੀਤੀਆਂ

1990 ਦੇ ਅਖ਼ੀਰ ਵਿਚ ਦਿੱਲੀ ਵਿਚ ਗ਼ੈਰ-ਕਾਂਗਰਸੀ ਸਰਕਾਰ ਵਿਚ ਫੁੱਟ ਪੈ ਗਈ। ਕਾਂਗਰਸ ਦੀ ਮਦਦ ਨਾਲ ਘਟ-ਗਿਣਤੀ ਚੰਦਰ ਸ਼ੇਖਰ ਪ੍ਰਾਈਮ ਮਨਿਸਟਰ ਬਣ ਗਿਆ। ਚੰਦਰ ਸ਼ੇਖਰ ਦੀ ਸਰਕਾਰ (ਜੋ ਰਾਜੀਵ ਗਾਂਧੀ ਦੇ ਰਹਿਮ 'ਤੇ ਚਲ ਰਹੀ ਸੀ) ਨੇ ਜੂਨ 1991 ਵਿਚ ਭਾਰਤੀ ਲੋਕ ਸਭਾ ਅਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਵੇਲੇ ਚੋਣ ਕਮਿਸ਼ਨਰ ਟੀ.ਐਨ. ਸੇਸ਼ਨ ਸੀ। ਆਮ ਤੌਰ 'ਤੇ ਉਸ ਨੂੰ ਇਕ ਨਿਡਰ, ਬੇਲਾਗ ਅਤੇ ਬਾਅਸੂਲ ਅਫ਼ਸਰ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ (ਪਰ ਅਸਲ ਵਿਚ ਉਹ ਅਜਿਹਾ ਨਹੀਂ ਸੀ)। ਲੋਕ ਸਭਾ ਦੀਆਂ ਚੋਣਾਂ ਪੰਜਾਬ ਅਸੈਂਬਲੀ ਦੀਆਂ ਵੋਟਾਂ ਪੈਣ ਤੋਂ ਪਹਿਲਾਂ ਮੁਕ ਜਾਣੀਆਂ ਸਨ। ਸੇਸ਼ਨ ਪੰਜਾਬ ਵਿਚ ਚੋਣਾਂ ਕਰਵਾਉਣ ਵਾਸਤੇ ਬਜ਼ਿਦ ਜਾਪਦਾ ਸੀ। ਹਾਲਾਂਕਿ ਉਸ ਵੇਲੇ ਪੰਜਾਬ ਵਿਚ ਖਾੜਕੂ ਦਬਕਾ, ਗੋਲੀ ਦੀ ਸਿਆਸਤ, ਸਿਆਸੀ ਤੇ ਨਿਜੀ ਕਤਲਾਂ ਦੀ ਭਰਮਾਰ ਚਲ ਰਹੀ ਸੀ ਪਰ ਚੰਦਰ ਸ਼ੇਖਰ (ਕਾਇਮ-ਮੁਕਾਮ ਪ੍ਰਾਈਮ ਮਨਿਸਟਰ) ਤੇ ਸੇਸ਼ਨ, ਦੋਵੇਂ, ਪੰਜਾਬ 'ਚ ਹਰ ਹਾਲਤ ਵਿਚ ਚੋਣਾਂ ਕਰਵਾਉਣਾ ਚਾਹੁੰਦੇ ਸਨ। ਹਾਲਾਤ ਇਹ ਸਨ ਕਿ ਪੰਜਾਬ ਵਿਚ, 1989 ਵਾਂਗ, ਕਾਂਗਰਸ ਦਾ ਸਫ਼ਾਇਆ ਹੋ ਜਾਣਾ ਸੀ। ਅਕਾਲੀਆਂ ਤੇ ਖਾੜਕੂਆਂ ਨੇ 75 ਫ਼ੀ ਸਦੀ ਦੇ ਕਰੀਬ ਸੀਟਾਂ ਜਿਤ ਜਾਣੀਆਂ ਸੀ। ਇਸ ਹਾਲਤ ਨੂੰ ਸਾਹਵੇਂ ਰੱਖ ਕੇ ਕਾਂਗਰਸ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੋਇਆ ਸੀ। ਕਤਲੋ-ਗਾਰਤ ਦਾ ਮਾਹੌਲ ਏਨਾ ਖ਼ੌਫ਼ਨਾਕ ਸੀ ਕਿ ਬਹੁਤ ਸਾਰੇ ਉਮੀਦਵਾਰ ਚੋਣਾਂ ਲੜਨ ਤੋਂ ਭੱਜਣੇ ਸ਼ੁਰੂ ਹੋ ਗਏ ਸਨ। ਖ਼ੁਫ਼ੀਆ ਅਜੰਸੀਆਂ ਅਤੇ ਸਰਕਾਰੀ ਬਲੈਕ ਕੈਟਜ਼ ਵੱਲੋਂ ਦਰਜਨਾਂ ਉਮੀਦਵਾਰ ਮਾਰੇ ਜਾ ਚੁਕੇ ਸਨ ਪਰ ਬਾਦਲ-ਟੌਹੜਾ ਅਕਾਲੀ ਫੇਰ ਵੀ ਚੋਣਾਂ ਲੜਨ ਵਾਸਤੇ ਡਟੇ ਹੋਏ ਸਨ। ਸੈਂਟਰ ਸਰਕਾਰ, ਚੋਣ ਕਮਿਸ਼ਨਰ ਤੇ ਪੰਜਾਬ ਗਵਰਨਰ ਵੀ ਚੋਣਾਂ ਕਰਵਾਉਣ ਵਾਸਤੇ ਬਜ਼ਿਦ ਸਨ। ਇਸ ਮਾਹੌਲ ਵਿਚ 10 ਜੂਨ 1991 ਦੇ ਦਿਨ ਪੰਜਾਬ ਦੇ ਗਵਰਨਰ ਓ.ਪੀ. ਮਲਹੋਤਰਾ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬ 'ਚ 22 ਜੂਨ ਨੂੰ ਚੋਣਾਂ ਹਰ ਹਾਲਤ ਵਿਚ ਕਰਵਾਈਆਂ ਜਾਣਗੀਆਂ।

ਇਸੇ ਦਿਨ ਚੰਦਰ ਸ਼ੇਖਰ ਸਰਕਾਰ ਨੇ ਸੇਸ਼ਨ ਨੂੰ ਹਦਾਇਤ ਜਾਰੀ ਕੀਤੀ ਕਿ ਪੰਜਾਬ ਚੋਣਾਂ ਕਿਸੇ ਹਾਲਤ ਵਿਚ ਵੀ ਮੁਲਤਵੀ ਨਾ ਕੀਤੀਆਂ ਜਾਣ। ਪੰਜਾਬ ਚੋਣਾਂ ਨੂੰ ਯਕੀਨੀ ਬਣਾਉਣ ਵਾਸਤੇ ਸੈਂਟਰ ਸਰਕਾਰ ਨੇ 14 ਜੂਨ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਫ਼ੌਜ ਭੇਜ ਦਿੱਤੀ ਤੇ ਸੂਬੇ ਨੂੰ ਗੜਬੜ ਵਾਲਾ ਸੂਬਾ ਕਰਾਰ ਦੇ ਦਿੱਤਾ।

ਪੰਜਾਬ 'ਚ ਚੋਣਾਂ 22 ਜੂਨ ਨੂੰ ਸਵੇਰੇ 8 ਵਜੇ ਪੈਣੀਆਂ ਸ਼ੁਰੂ ਹੋਣੀਆਂ ਸਨ। ਪਰ 21 ਜੂਨ ਨੂੰ ਨਰਸਿੰਮ੍ਹਾਂ ਰਾਓ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ। 'ਇਮਾਨਦਾਰੀ ਦਾ ਦਾਅਵਾ ਕਰਨ ਵਾਲੇ' ਟੀ.ਐਨ. ਸੇਸ਼ਨ, ਚੋਣ ਕਮਿਸ਼ਨਰ, ਨੇ ਨਵੇਂ ਕਾਂਗਰਸ ਪ੍ਰਧਾਨ ਮੰਤਰੀ ਨੂੰ ਖ਼ੁਸ਼ ਕਰਨ ਵਾਸਤੇ 21-22 ਜੂਨ 1991 ਦੀ ਅੱਧੀ ਰਾਤ ਤੋਂ ਬਾਅਦ, ਤੜਕੇ ਤਿੰਨ ਵਜੇ, ਪੋਲਿੰਗ ਸ਼ੁਰੂ ਹੋਣ ਤੋਂ ਸਿਰਫ਼ ਪੰਜ ਘੰਟੇ ਪਹਿਲਾਂ, ਪੰਜਾਬ ਦੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ। ਟੀ.ਐਨ. ਸੇਸ਼ਨ ਦੀ ਹਰਕਤ ਦੇ ਖ਼ਿਲਾਫ਼ ਸਾਰੇ ਪੰਜਾਬ ਵਿਚ ਰੋਸ ਮੁਜ਼ਾਹਰੇ ਹੋਏ। ਹੋਰ ਤਾਂ ਹੋਰ ਗਵਰਨਰ ਪੰਜਾਬ ਓ.ਪੀ. ਮਲਹੋਤਰਾ ਨੇ ਵੀ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਤੇ ਗਵਰਨਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਅਗਲੇ ਤਿੰਨ ਦਿਨ ਨਰਸਿੰਮ੍ਹਾ ਰਾਓ ਅਸਤੀਫ਼ਾ ਵਾਪਿਸ ਲੈਣ ਵਾਸਤੇ ਮਲਹੋਤਰਾ ਤੇ ਜ਼ੋਰ ਪਾਉਂਦਾ ਰਿਹਾ, ਪਰ ਉਸ ਨੇ 26 ਜੂਨ ਨੂੰ ਆਖ਼ਰੀ ਵਾਰ ਅਸਤੀਫ਼ਾ ਵਾਪਿਸ ਲੈਣੋਂ ਨਾਂਹ ਕਰ ਦਿੱਤੀ। (ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਗਵਰਨਰ ਓ.ਪੀ.ਮਲ੍ਹੋਤਰਾ ਨੂੰ ਖਾੜਕੂਆਂ ਜਾਂ ਸਿੱਖਾਂ ਨਾਲ ਕੋਈ ਹਮਦਰਦੀ ਸੀ। ਉਹ ਵੀ ਦੂਜੇ ਗਵਰਨਰਾਂ ਅਰਜਨ ਸਿੰਘ ਤੇ ਸਿਧਾਰਥ ਸ਼ੰਕਰ ਰੇਅ ਵਾਂਗ ਸਿੱਖਾਂ 'ਤੇ ਜ਼ੁਲਮਾਂ ਅਤੇ ਉਨ੍ਹਾਂ ਦੇ ਕਤਲੇਆਮ ਦਾ ਬਰਾਬਰ ਦਾ ਭਾਈਵਾਲ ਸੀ)।

1990: ਮੁਖਤਿਆਰ ਸਿੰਘ ਟੁੱਟ ਗਿਲ ਨਕਲੀ ਮੁਕਾਬਲੇ ਵਿਚ ਸ਼ਹੀਦ

21 ਜੂਨ 1990 ਦੇ ਦਿਨ ਪੰਜਾਬ ਪੁਲਸ ਨੇ ਮੁਖਤਿਆਰ ਸਿੰਘ ਉਰਫ਼ ਤੂਫਾਨ ਸਿੰਘ (ਵਾਸੀ ਟੁੱਟ ਗਿਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਜੀਤ ਸਿੰਘ ਭਕਨਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

21 ਜੂਨ 1991 ਦੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ (ਪੁੱਤਰ ਬੂਟਾ ਸਿੰਘ (ਵਾਸੀ ਭਕਨਾਨਾ ਬੋਹੜ ਵਾਲਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਦੇਵ ਸਿੰਘ ਸ਼ੈਖ਼ ਦੌਲਤ, ਸਰਮੁਖ ਸਿੰਘ ਰੀਠਾ, ਬਲਵਿੰਦਰ ਸਿੰਘ ਕਾਕਾ, ਜਸਵਿੰਦਰ ਸਿੰਘ ਭੁੱਟਾ ਹਾਮਜ਼ਾ, ਬਲਬੀਰ ਸਿੰਘ ਛੇਹਰਟਾ, ਜਗਜੀਤ ਸਿੰਘ ਜਗਰਾਓਂ ਤੇ ਕੁਲਵੰਤ ਸਿੰਘ ਰਟੌਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

21 ਜੂਨ 1992 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ ਸ਼ੈਖ਼ ਦੌਲਤ, ਸਰਮੁਖ ਸਿੰਘ ਉਰਫ਼ ਰੀਠਾ, ਬਲਵਿੰਦਰ ਸਿੰਘ ਉਰਫ਼ ਕਾਕਾ, ਜਸਵਿੰਦਰ ਸਿੰਘ ਉਰਫ਼ ਭੁੱਟਾ ਹਾਮਜ਼ਾ (ਦਸੂਹਾ ਵਾਸੀ), ਬਲਬੀਰ ਸਿੰਘ ਛੇਹਰਟਾ, ਜਗਜੀਤ ਸਿੰਘ (ਪੁੱਤਰ ਜ਼ੋਰਾ ਸਿੰਘ, ਵਾਸੀ ਜਗਰਾਓਂ, ਜ਼ਿਲ੍ਹਾ ਲੁਧਿਆਣਾ), ਕੁਲਵੰਤ ਸਿੰਘ ਉਰਫ਼ ਕੰਤਾ (ਪੁਤਰ ਸੰਤੋਖ ਸਿੰਘ, ਵਾਸੀ ਰਟੌਲ) ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2009: ਮਸਤੂਆਣਾ ਵਿਚ ਦਰਬਾਰ ਸਾਹਿਬ ਦੀ ਨਕਲ ਦੀ ਈਮਾਰਤ ਉਸਾਰਨ ਦੇ ਮਸਲੇ 'ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮੀਟਿੰਗ ਹੋਈ

ਮਸਤੂਆਣਾ ਵਿਚ ਦਰਬਾਰ ਸਾਹਿਬ ਦੀ ਨਕਲ 'ਤੇ ਬਣਾਈ ਈਮਾਰਤ ਦੇ ਸਬੰਧ ਵਿਚ 21 ਜੂਨ 2009 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕ ਆਲ ਸਿੱਖ ਪਾਰਟੀਜ਼ ਮੀਟਿੰਗ ਕੀਤੀ ਗਈ; ਇਸ ਵਿਚ ਸ. ਭਾਗ ਸਿੰਘ ਅਣਖੀ, ਸ ਰਜਿੰਦਰ ਸਿੰਘ ਖਾਲਸਾ ਪੰਚਾਇਤ ਅਤੇ ਬਹੁਤ ਸਾਰੀਆਂ ਜਥੇਬੰਦੀਆਂ ਇਸ ਬਿਲਡਿੰਗ ਨੂੰ ਢਾਹੁਣ ਦੀਆਂ ਹਮਾਇਤੀ ਸਨ; ਪਰ ਸ਼੍ਰੋਮਣੀ ਕਮੇਟੀ ਅਤੇ ਪੁਜਾਰੀ ਮਸਤੂਆਣਾ ਕਮੇਟੀ ਨਾਲ ਅੰਦਰੋ-ਅੰਦਰੀਂ ਸਮਝੌਤਾ ਕਰ ਚੁਕੇ ਸਨ ਇਸ ਕਰ ਕੇ ਉਨ੍ਹਾਂ ਨੇ ਉਸ ਗੁਰਦੁਆਰੇ ਦੇ ਨਕਸ਼ੇ ਵਿਚ ਮਾਮੂਲੀ ਜਹੀਆਂ ਤਬਦੀਲੀਆਂ ਕਰਨ ਵਾਸਤੇ ਇਕ ਢਿੱਲਾ ਜਿਹਾ ਮਤਾ ਪਾਸ ਕਰ ਦਿੱਤਾ। (ਉਂਞ ਇਸ ਮਤੇ ਦੀ ਵੀ ਕਿਸੇ ਨੇ ਪਰਵਾਹ ਨਾ ਕੀਤੀ)।

22 ਜੂਨ

1713: ਸਢੌਰਾ ਵਿਚ ਸਿੱਖਾਂ ਤੇ ਮੁਗ਼ਲ ਫ਼ੌਜਾਂ ਵਿਚ ਜ਼ਬਰਦਸਤ ਲੜਾਈ ਹੋਈ

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੇ ਮਰਨ ਮਗਰੋਂ ਫ਼ਰਵਰੀ 1713 ਤਕ ਸਿੱਖ ਫ਼ੌਜਾਂ ਨੇ ਮੁੜ ਲੋਹਗੜ੍ਹ ਤੇ ਸਢੌਰਾ ਦੇ ਕਿਲ੍ਹੇ ਕਬਜ਼ੇ ਵਿਚ ਕਰ ਲਏ ਹੋਏ ਸਨ। ਮਾਰਚ 1713 ਵਿਚ ਬੰਦਾ ਸਿੰਘ ਸਢੌਰਾ ਵਿਚ ਸੀ। ਇਨ੍ਹੀਂ ਦਿਨੀਂ ਉਸ ਨੂੰ ਪਤਾ ਲਗਾ ਕਿ ਨਾਹਨ ਦਾ ਰਾਜਾ ਮੁਗ਼ਲਾਂ ਨਾਲ ਸੌਦੇਬਾਜ਼ੀ ਕਰ ਕੇ ਰਿਹਾ ਹੋਇਆ ਸੀ ਤੇ ਇਸੇ ਕਰ ਕੇ ਉਸ (ਰਾਜਾ ਨਾਹਨ) ਨੇ ਸਿੱਖਾਂ ਦੇ ਖ਼ਿਲਾਫ਼ ਮੁਹਿਮ ਵੀ ਸ਼ੁਰੂ ਕਰ ਦਿਤੀ ਹੋਈ ਸੀ। ਨਾਹਨ ਦੇ ਰਾਜੇ ਨੂੰ ਸੋਧਣ ਵਾਸਤੇ ਬੰਦਾ ਸਿੰਘ ਨੇ ਹਜ਼ਾਰਾਂ ਸਿੱਖਾਂ ਨੂੰ ਨਾਲ ਲੈ ਕੇ ਡਾਬਰ (ਲੋਹਗੜ੍ਹ) ਤੋਂ ਨਾਹਨ ਵਲ ਕੂਚ ਕਰ ਦਿਤਾ। ਜਦ ਨਾਹਨ ਦੇ ਰਾਜੇ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹ ਸ਼ਹਿਰ ਤੋਂ ਦੌੜ ਗਿਆ ਤੇ ਬੰਦਾ ਸਿੰਘ ਨੇ ਉੱਥੇ ਡੇਰਾ ਲਾ ਲਿਆ। ਉੱਥੋਂ ਦੇ ਅਮੀਰਾਂ-ਵਜ਼ੀਰਾਂ ਨੇ ਚੋਖੀ ਰਕਮ ਦੇ ਕੇ ਬੰਦਾ ਸਿੰਘ ਤੋਂ ਮੁਆਫ਼ੀ ਮੰਗੀ। ਇਸ 'ਤੇ ਇਕ ਹਫ਼ਤੇ ਮਗਰੋਂ ਬੰਦਾ ਸਿੰਘ ਲੋਹਗੜ੍ਹ ਵਾਪਿਸ ਮੁੜ ਆਇਆ। ਕੁਝ ਦਿਨ ਮਗਰੋਂ ਉਸ ਨੇ ਆਪਣੇ ਇਕ ਹਜ਼ਾਰ ਫ਼ੌਜੀ ਸਢੌਰੇ ਭੇਜ ਦਿਤੇ। ਉਧਰ ਜ਼ੈਨ-ਉਦ-ਦੀਨ ਅਹਿਮਦ ਖਾਨ ਸੂਬੇਦਾਰ ਨੇ ਇਲਾਕੇ ਨੂੰ ਸਿੱਖਾਂ ਤੋਂ ਮਹਿਫ਼ੂਜ਼ ਰਖਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਿੱਖਾਂ ਦੀ ਤਾਕਤ ਅੱਗੇ ਉਹ ਟਿਕ ਨਾ ਸਕਿਆ। ਜੂਨ ਦੇ ਆਖ਼ਰੀ ਹਫ਼ਤੇ ਅਬਦੁਸ ਸਮਦ ਖ਼ਾਨ, ਜ਼ੈਨ-ਉਦ-ਦੀਨ ਖ਼ਾਨ ਅਤੇ ਈਨਾਮ ਖ਼ਾਨ ਨੇ ਮਿਲ ਕੇ ਵੱਡੀ ਫ਼ੌਜ ਲੈ ਕੇ ਸਢੌਰੇ ਦਾ ਕਿਲ੍ਹਾ ਘੇਰ ਲਿਆ। ਉਨ੍ਹਾਂ ਨੇ ਕਿਲ੍ਹੇ ਦੇ ਦੁਆਲੇ ਖਾਈਆਂ ਪੁੱਟ ਲਈਆਂ ਅਤੇ ਮੋਰਚੇ ਗੱਡ ਲਏ।

22 ਜੂਨ 1713 ਦੇ ਦਿਨ ਜਦ ਸਿੱਖ ਫ਼ੌਜਾਂ ਕਿਲ੍ਹੇ 'ਚੋਂ ਬਾਹਰ ਆਈਆਂ ਤਾਂ ਬੜੀ ਜ਼ਬਰਦਸਤ ਲੜਾਈ ਹੋਈ। ਇਸ ਵਿਚ ਸੈਂਕੜੇ ਸਿੱਖ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਮੁਗ਼ਲ ਸਿਪਾਹੀ ਵੀ ਮਾਰੇ ਗਏ। (ਸ਼ਹੀਦ ਹੋਣ ਵਾਲੇ ਸਿੱਖਾਂ ਵਿਚ ਭਾਈ ਅਲਬੇਲ ਸਿੰਘ ਤੇ ਮੋਹਰ ਸਿੰਘ ਪੁਤਰ ਭਾਈ ਉਦੈ ਸਿੰਘ ਤੇ ਸੈਣਾ ਸਿੰਘ ਪੁਤਰ ਭਾਈ ਚਿਤਰ ਸਿੰਘ (ਤਿੰਨੇ ਪੋਤੇ ਭਾਈ ਮਨੀ ਸਿੰਘ) ਵੀ ਸ਼ਾਮਿਲ ਸਨ)। ਮੁਗ਼ਲ ਫ਼ੌਜਾਂ ਦੇ ਮੁਖੀਆਂ ਵਿਚੋਂ ਬਕਾ ਬੇਗ ਖਾਨ (ਈਨਾਮ ਖ਼ਾਨ ਦਾ ਭਰਾ) ਵੀ ਮਾਰਿਆ ਗਿਆ।

1946: ਸਿੱਖਾਂ ਨੇ ਅੰਤਰਮ ਸਰਕਾਰ ਦੇ ਬਾਈਕਾਟ ਦਾ ਫ਼ੈਸਲਾ ਕੀਤਾ

ਭਾਰਤ ਨੂੰ ਅਜ਼ਾਦੀ ਦੇਣ ਦੀ ਪਲਾਨ ਹੇਠ 16 ਜੂਨ 1946 ਨੂੰ ਕੈਬਨਟ ਮਿਸ਼ਨ ਤੇ ਵਾਇਸਰਾਏ ਨੇ ਭਾਰਤ ਵਿਚ ਅੰਤਰਮ ਸਰਕਾਰ ਬਣਾਉਣ ਦਾ ਐਲਾਨ ਕੀਤਾ। ਇਸ ਵਿਚ 6 ਕਾਂਗਰਸੀ, 5 ਮੁਸਲਮ ਲੀਗ, 1 ਸਿੱਖ, 1 ਪਾਰਸੀ ਤੇ 1 ਭਾਰਤੀ ਈਸਾਈ ਵਜ਼ੀਰ ਲੈਣ ਦਾ ਫ਼ੈਸਲਾ ਹੋਇਆ। ਸਿੱਖਾਂ ਵਿਚੋਂ ਬਲਦੇਵ ਸਿੰਘ (ਅਕਾਲੀ) ਨੂੰ ਵਜ਼ਾਰਤ ਵਿਚ ਸ਼ਾਮਿਲ ਹੋਣ ਵਾਸਤੇ ਸੱਦਾ ਦਿੱਤਾ ਗਿਆ। ਪਰ ਇਸ ਮਸਲੇ ਨੂੰ ਸਾਰੀਆਂ ਸਿੱਖ ਪਾਰਟੀਆਂ ਦੇ ਬਣੇ ਸਾਂਝੇ

'ਪੰਥਕ ਪ੍ਰਤੀਨਿਧ ਬੋਰਡ' ਦੀ 22 ਜੂਨ ਨੂੰ ਮੀਟਿੰਗ ਵਿਚ ਵਿਚਾਰਿਆ ਗਿਆਂ ਅਤੇ ਮਤਾ ਪਾਸ ਕੀਤਾ ਗਿਆ ਕਿ ਅੰਤਰਮ ਸਰਕਾਰ ਦਾ ਬਾਈਕਾਟ ਕੀਤਾ ਜਾਵੇ।

1982: ਪਟਿਆਲਾ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ

22 ਜੂਨ 1982 ਦੀ ਰਾਤ ਨੂੰ ਪਟਿਆਲੇ ਦੇ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਦੀਆਂ 15 ਦੁਕਾਨਾਂ ਸਾੜ ਦਿੱਤੀਆਂ। ਇਸ ਦੇ ਜਵਾਬ ਵਿਚ ਸਿੱਖਾਂ ਵੱਲੋਂ ਐਕਸ਼ਨ ਨੂੰ ਰੋਕਣ ਵਾਸਤੇ ਪੁਲੀਸ ਨੇ 57 ਸਿੱਖ (ਤੇ 45 ਹਿੰਦੂ ਵੀ) ਗ੍ਰਿਫ਼ਤਾਰ ਕਰ ਲਏ। ਸਿੱਖਾਂ ਉੱਤੇ ਦਫ਼ਾ 307, 332, 353, 436, 148, 149, 114, 188, ਲਾਈਆਂ ਗਈਆਂ। ਦੁਕਾਨਾਂ ਵੀ ਸਿੱਖਾਂ ਦੀਆਂ ਸੜੀਆਂ ਤੇ ਗ੍ਰਿਫ਼ਤਾਰੀਆਂ ਵੀ ਉਨ੍ਹਾਂ ਦੀਆਂ ਹੀ ਹੋਈਆਂ। ਇਹ ਸੀ ਸਿੱਖਾਂ ਨਾਲ ਇਨਸਾਫ਼; ਇਕ ਹੀ ਮੁਲਕ ਵਿਚ ਦੋ ਕਾਨੂੰਨ, ਇਕ ਸਿੱਖਾਂ ਵਾਸਤੇ ਇਕ ਹਿੰਦੂਆਂ ਵਾਸਤੇ।

1984: ਸ. ਹਰਭਜਨ ਸਿੰਘ ਦਿਓਲ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਅਸਤੀਫ਼ਾ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਸ. ਹਰਭਜਨ ਸਿੰਘ ਦਿਓਲ (ਪੁੱਤਰ ਪ੍ਰਿੰਸੀਪਲ ਇਕਬਾਲ ਸਿੰਘ) ਨੇ 22 ਜੂਨ 1984 ਦੇ ਦਿਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ।

1984: ਸੰਤਾ ਸਿੰਘ ਨਿਹੰਗ ਨੂੰ 'ਪੰਥ ਚੋਂ ਖਾਰਜ' ਕੀਤਾ ਗਿਆ

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫ਼ੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ। ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ 'ਤੇ (ਸਰਕਾਰ ਨਾਲ ਅੰਦਰੋਂ-ਅੰਦਰੀਂ ਰਲੇ ਹੋਏ) ਅਕਾਲ ਤਖ਼ਤ ਦੇ ਤੇ ਹੋਰ ਪੁਜਾਰੀਆਂ ਨੇ ਸੰਤਾ ਸਿੰਘ ਨੂੰ ਪੰਥ 'ਚੋਂ 'ਖਾਰਜ' ਕਰਨ ਦਾ ਐਲਾਨ ਕਰ ਦਿੱਤਾ (ਮਗਰੋਂ ਉਸ ਨੇ 17 ਸਾਲ ਬਾਅਦ ਦਿਖਾਵੇ ਦੀ 'ਮੁਆਫ਼ੀ' ਮੰਗ ਲਈ)।



Books with mark # are out of print

English:

- Akal Takht Sāhib (1980, 1995)
- Who Are The Sikhs? *Mini* (1991) #
- The Sikhs' Struggle for Sovereignity (1992)
- The Sikh Reference Book (1997)
- Who Are The Sikhs ? (2000, enlarged edition 2007, reprinted 2010)
- The Sikh Culture (2002)
- Anandpur Sāhib (2003)
- **Encyclopedia of Jalandhar (2004)**
- Guru Granth Sāhib, a *tract* (2004)
- **Dictionary of Sikh Philosophy** (2005)
- Nitnaym & Other Baanis (2009)
- Spiritual Manifesto of the World : Guru Granth Sāhib (2010)
- Complete Sikh History (1469-2009, in 5 volumes) forthcoming in Sep. 2010

Punjabi:

- ਸਿੱਖ ਪੰਥ ਦਾ ਮੁਕੰਮਲ ਇਤਿਹਾਸ (5 ਜਿਲਦਾਂ ਵਿਚ)
- ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ ਵਿਚ)
- ਅਕਾਲ ਤਖ਼ਤ ਸਾਹਿਬ
- ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ
- ਸ਼ਰੋਮਣੀ ਅਕਾਲੀ ਦਲ ਦਾ ਇਤਿਹਾਸ
- ਸਿੱਖ ਕੌਣ ਹਨ
- 1955 ਦਾ ਪੰਜਾਬੀ ਸੂਬਾ ਮੋਰਚਾ (400 ਤਸਵੀਰਾਂ ਸਣੇ)
- ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ
- ਅਨੰਦਪੁਰ ਸਾਹਿਬ ਦਾ ਇਤਿਹਾਸ
- ਕੀਰਤਪੁਰ ਸਾਹਿਬ ਦਾ ਇਤਿਹਾਸ
- ਗੁਰੂ ਦੇ ਸ਼ੇਰ
- ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ
- ਮਾਤਾ ਗੁਜਰੀ ਚਾਰ ਸਹਿਬਜ਼ਾਦੇ ਚਾਲ੍ਹੀ ਮੁਕਤੇ
- ਭਾਈ ਮਨੀ ਸਿੰਘ ਤੇ ਉਨ੍ਹਾਂ ਦਾ ਪਰਵਾਰ
- ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ
- ਸਿੱਖ ਤਵਾਰੀਖ਼ ਦੇ ਘੱਲੂਘਾਰੇ
- ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ
- 100 ਸਿੱਖ ਬੀਬੀਆਂ
- ਨਿਤਨੇਮ, ਜਪੁਜੀ ਸਾਹਿਬ (ਪੰਜਾਬੀ ਵਿਚ ਟੀਕਾ)
- ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ)
- ਦਮਦਮੀ ਟਕਸਾਲ
- ਦਸਮ ਗ੍ਰੰਥ (ਛਪਾਈ ਅਧੀਨ)

ਟਰੈਕਟ

- ਮੱਖਣ ਸ਼ਾਹ ਲੁਬਾਣਾ ਤੇ ਪ੍ਰਵਾਰ
- ਕਿਲ੍ਹਾ ਲੋਹਗੜ੍ਹ
- ਮਾਸਟਰ ਤਾਰਾ ਸਿੰਘ
- ਗੁਰਦੁਆਰਾ ਆਲਮਗੀਰ ਦਾ ਇਤਿਹਾਸ

Hindi:

- Emergency Ke Atiyachar (1977) #
- Anandpur Sāhib (2000) SGPC
- Sikh Sabhayachaar (2003) *Delhi SGPC*
- Sikh Kaun Hain ? (2005)

Urdu:

- Sikh Culture (2007)

Danish:

- Hvem Er Sikherne? (1994) #

Dutch:

- Wie Zinj De Sikh ? (1994) #

French:

- Qui Sont Les Sikhs ? (2001)

Spanish

- Quiénes Son Los Sikhs? (2006)

Norwegian

- Hvem Er Sikhene (2007)

Tracts

English

- Anandpur Sāhib & Keeratpur Sāhib (1998 *SGPC*

Hindi

- Anandpur Sāhib Aur Keeratpur Sāhi (1998) *SGPC*

CD ROM (English): **The Sikh Encyclopedia**

Audio CDs (Punjabi):

1. Guru Nanak Sahib (2 CDs) 2. Guru Angad Sahib to Guru Arjan Sahib
3. Guru Hargobind Sahib to Guru Harkrishan Sahib 4. Guru Tegh Bahadur Sahib
5. Guru Gobind Singh Sahib